ੴ ਸਤਿਗੁਰ ਪ੍ਰਸਾਦਿ ॥

ਆਦਿ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

# ਸ੍ਰੀ ਅਮੀਰ ਭੰਡਾਰ

## ਸੈਂਚੀ ਛੇਵੀਂ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ ॥

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥"

## ਸੰਪ੍ਰਦਾਈ ਟੀਕਾ

# ਸ੍ਰੀ ਅਮੀਰ ਭੰਡਾਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

## ਸੈਂਚੀ ਛੇਵੀਂ

*ਜਿਸ ਵਿਚ- ਤਿਲੰਗ, ਸੂਹੀ, ਬਿਲਾਵਲੁ, ਗੋਂਡ ਰਾਗੁ ਦਾ ਉਥਾਨਕਾਂ, ਸਾਖੀਆਂ ਪ੍ਰਮਾਣਾਂ ਸਹਿਤ ਵਿਸਥਾਰ ਪੂਰਬਕ ਟੀਕਾ ਦਰਜ ਹੈ।*


ਟੀਕਾਕਾਰ:

*ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ*

**ਸੰਤ ਅਮੀਰ ਸਿੰਘ ਜੀ**

ਦੇ ਪਰਮ ਸ਼ਿਸ਼

**ਕ੍ਰਿਪਾਲ ਸਿੰਘ (ਗਿਆਨੀ)**



ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

**ISBN : 81-7601-171-1**
**ISBN : 81-7601-104-5** (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1500) ਪਹਿਲੀ ਵਾਰ : ਮਾਰਚ1977
(1000) ਨੌਂਵੀਂ ਵਾਰ : ਨਵੰਬਰ 2009
(500) ਦਸਵੀਂ ਵਾਰ : ਦਸਬੰਰ 2012

ਭੇਟਾ : 350-00

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
**E-mail : csjssales@hotmail.com, csjspurchase@yahoo.com**
**Visit our Website : www.csjs.com**

ਇਸ ਦਸਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ **126-127** ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ **Computerised** ਜਾਂ **C.D. Player** ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। **Copy Right** ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**(Printed in India)**

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ॥

"ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"

# ਸੰਪ੍ਰਦਾਈ ਸਟੀਕ

## ਸੈਂਚੀ ਛੇਵੀਂ

## ਸ਼ਬਦਾਂ ਦਾ ਤਤਕਰਾ

### ਰਾਗੁ ਤਿਲੰਗ ਮਹਲਾ ੧॥


ਉਥਾਨਕਾ ੧੩
ਯਕ ਅਰਜ ਗੁਫਤਮ ੧੫
ਉਥਾਨਕਾ ੧੭
ਭਉ ਤੇਰਾ ਭਾਂਗ ੧੭
ਇਹੁ ਤਨੁ ਮਾਇਆ ੧੯
ਇਆਨੜੀਏ, ਮਾਨੜਾ ਕਾਇ ੨੦
ਉਥਾਨਕਾ ੨੩
ਜੈਸੀ ਮੈ ਆਵੈ ਖਸਮ ਕੀ ੨੪
ਆਵਨਿ ਅਠਤਰੈ ਜਾਨਿ ਸਤਾਨਵੈ
ਪਰ ਵਿਦਵਾਨਾਂ ਦੇ ਵਿਚਾਰ ੨੬


### ਮਹਲਾ ੪॥


ਸਭਿ ਆਏ ਹੁਕਮਿ ੨੯
ਨਿਤ ਨਿਹਫਲ ਕਰਮ ੨੯


### ਮਹਲਾ ੫॥


ਖਾਕ ਨੂਰ ਕਰਦੰ ੩੧
ਤੁਧੁ ਬਿਨੁ ਦੂਜਾ ੩੨
ਮਿਹਰਵਾਨੁ ਸਾਹਿਬੁ ੩੩
ਕਰਤੇ ਕੁਦਰਤੀ ਮੁਸਤਾਕੁ ੩੪
ਮੀਰਾਂ ਦਾਨਾਂ ਦਿਲ ੩੫


### ਮਹਲਾ ੧


ਜਿਨਿ ਕੀਆ ਤਿਨਿ ਦੇਖਿਆ ੩੬


### ਮਹਲਾ ੪॥


ਹਰਿ ਕੀਆ ਕਥਾ ੩੯


### ਮਹਲਾ ੯॥


ਚੇਤਨਾ ਹੈ ਤਉ ਚੇਤਿ ਲੈ ੪੪
ਜ਼ਾਗ ਲੇਹੁ ਰੇ ਮਨਾ ੪੫
ਹਰਿ ਜਸੁ ਰੇ ਮਨਾ ੪੫


### ਭਗਤ ਬਾਣੀ

### ਭਗਤ ਕਬੀਰ ਜੀ॥


ਬੇਦ ਕਤੇਬ ਇਫਤਰਾ ੪੭


### ਭਗਤ ਨਾਮਦੇਵ ਜੀ॥


ਮੈ ਅੰਧੁਲੇ ਕੀ ਟੇਕ ੫੦
ਹਲੇ ਯਾਰਾਂ ਹਲੇ ਯਾਰਾਂ ੫੨


-0-

### ਰਾਗੁ ਸੂਹੀ ਮਹਲਾ ੧॥


ਭਾਂਡਾ ਧੋਇ ਬੈਸਿ ਧੂਪੁ ੫੫
ਅੰਤਰਿ ਵਸੈ ਨ ਬਾਹਰਿ ਜਾਇ ੫੭

ਉਥਾਨਕਾ ੫੮
ਉਜਲੁ ਕੈਹਾ ਚਿਲਕਣਾ ੬੧
ਜਪ ਤਪ ਕਾ ਬੰਧੁ ਬੇੜੁਲਾ ੬੪
ਜਿਨ ਕਉ ਭਾਂਡੈ ਭਾਉ ੬੫
ਭਾਂਡਾ ਹਛਾ ਸੋਇ ੬੬
ਜੋਗੀ ਹੋਵੈ ਜੋਗਵੈ ੬੭
ਜੋਗੁ ਨ ਖਿੰਥਾ ੬੮
ਕਉਣ ਤਰਾਜੀ ਕਵਣੁ ਤੁਲਾ ੭੦

## ਮਹਲਾ ੪ ॥

ਮਨਿ ਰਾਮ ਨਾਮੁ ਆਰਾਧਿਆ ੭੨
ਹਰਿ ਹਰਿ ਨਾਮੁ ਭਜਿਓ ੭੩
ਹਰਿ ਨਾਮਾ ਹਰਿ ਰੰਙੁ ਹੈ ੭੪
ਹਰਿ ਹਰਿ ਕਰਹਿ ਨਿਤ ਕਪਟੁ ੭੫
ਗੁਰਮਤਿ ਨਗਰੀ ਖੋਜਿ ੭੬
ਹਰਿ ਕ੍ਰਿਪਾ ਕਰੇ ੭੭
ਜਿਹਵਾ ਹਰਿ ਰਸਿ ਰਹੀ ੭੮
ਨੀਚ ਜਾਤਿ ਹਰਿ ਜਪਤਿਆ ੭੯
ਤਿਨ੍ੀ ਅੰਤਰਿ ਹਰਿ ੮੨
ਜਿਥੈ ਹਰਿ ਆਰਾਧੀਐ ੮੩
ਜਿਸ ਨੋ ਹਰਿ ਸੁਪ੍ਰਸੰਨੁ ੮੫
ਤੇਰੇ ਕਵਨ ਕਵਨ ਗੁਣ ੮੬
ਤੂੰ ਕਰਤਾ ਸਭੁ ਕਿਛੁ ੮੮
ਜਿਨ ਕੈ ਅੰਤਰਿ ਵਸਿਆ ੮੯
ਕੀਤਾ ਕਰਣਾ ਸਰਬ ੯੦

## ਮਹਲਾ ੫ ॥

ਉਥਾਨਕਾ ੯੧
ਬਾਜੀਗਰ ਜੈਸੇ ਬਾਜੀ ੯੨
ਕੀਤਾ ਲੋੜਹਿ ਸੋ ਪ੍ਰਭ ੯੪
ਧਨੁ ਸੋਹਾਗਨਿ ੯੬
ਗ੍ਰਿਹ ਵਸਿ ਗੁਰਿ ਕੀਨਾ ੯੭
ਉਮਕਿਓ ਹੀਉ ਮਿਲਨ ੯੮
ਕਿਆ ਗੁਣ ਤੇਰੇ ਸਾਰਿ ੧੦੦
ਸੇਵਾ ਥੋਰੀ ਮਾਗਨੁ ੧੦੧
ਬੁਰੇ ਕਾਮ ਕਉ ੧੦੨
ਘਰ ਮਹਿ ਠਾਕੁਰੁ ੧੦੪
ਲਾਲਨੁ ਰਾਵਿਆ ਕਵਨ ੧੦੫
ਤੂੰ ਜੀਵਨੁ ਤੂੰ ਪ੍ਰਾਨ ੧੦੬
ਸਹਜ ਕਥਾ ਪ੍ਰਭ ਕੀ ੧੦੬
ਜਾ ਕੈ ਦਰਸਿ ਪਾਪ ੧੦੭
ਰਹਣੁ ਨ ਪਾਵਹਿ ਸੁਰਿ ਨਰਦੇਵਾ ੧੦੮
ਘਟ ਘਟ ਅੰਤਰਿ ੧੩੨
ਕਵਨ ਕਾਜ ਮਾਇਆ ੧੩੨
ਸਿਮਰਿ ਸਿਮਰਿ ਤਾ ਕਉ ੧੩੩
ਗੁਰ ਕੈ ਬਚਨਿ ੧੩੪
ਲੋਭਿ ਮੋਹਿ ਮਗਨ ੧੩੪
ਪੇਖਤ ਚਾਖਤ ਕਹੀਅਤ ੧੩੫
ਜੀਵਤ ਮਰੈ ਬੁਝੈ ਪ੍ਰਭੁ ੧੩੬
ਗੁਰੁ ਪਰਮੇਸਰੁ ਕਰਣੈਹਾਰੁ ੧੩੭
ਗੁਰ ਅਪੁਨੇ ਊਪਰਿ ੧੩੮
ਦਰਸਨੁ ਦੇਖਿ ਜੀਵਾ ੧੩੯
ਮੀਤੁ ਸਾਜਨੁ ਸੁਤ ਬੰਧਪ ੧੩੯
ਗੁਣ ਗੋਪਾਲ ਪ੍ਰਭ ੧੪੦
ਬੈਕੁੰਠ ਨਗਰੁ ੧੪੧
ਅਨਿਕ ਬੀਂਗ ਦਾਸ ਕੇ ੧੪੨
ਦੀਨੁ ਛਡਾਇ ਦੁਨੀ ਜੋ ੧੪੩
ਪ੍ਰਾਤਹ ਕਾਲਿ ਹਰਿ ੧੪੩
ਗੁਰ ਪੂਰੇ ਜਬ ੧੪੪
ਸੋ ਸੰਜੋਗ ਕਰਹੁ ੧੪੫
ਬਹਤੀ ਜਾਤ ਕਦੇ ੧੪੬
ਸਾਧਸੰਗਿ ਤਰੈ ਭੈ ੧੪੭
ਘਰ ਕਾ ਕਾਜੁ ਨ ੧੪੮
ਸੰਤ ਪ੍ਰਸਾਦਿ ਨਿਹਚਲੁ ੧੪੮
ਅੰਮ੍ਰਿਤ ਬਚਨ ਸਾਧ ਕੀ ੧੪੯
ਗੋਬਿਦਾ ਗੁਣ ਗਾਉ ੧੪੯
ਤਿਸੁ ਬਿਨੁ ਦੂਜਾ ੧੫੦
ਦਰਸਨ ਕਉ ਲੋਚੈ ੧੫੦
ਉਥਾਨਕਾ
ਭਾਈ ਹੇਮਾ ੧੫੧

ਭਲੀ ਸੁਹਾਵੀ ਛਾਪਰੀ ੧੫੨
ਹਰਿ ਕਾ ਸੰਤੁ ੧੫੩
ਜਿਨਿ ਮੋਹੇ ਬ੍ਰਹਮੰਡ ੧੫੪

## ਰਾਗੁ ਸੂਹੀ ਮਹਲਾ ੫

## ਪੜਤਾਲ ॥

ਪ੍ਰੀਤਿ ਪ੍ਰੀਤਿ ਗੁਰੀਆ ੧੫੫
ਰਾਸਿ ਮੰਡਲੁ ਕੀਨੋ ੧੫੬
ਤਉ ਮੈ ਆਇਆ ੧੫੭
ਸਤਿਗੁਰ ਪਾਸਿ ਬੇਨੰਤੀਆ ੧੫੮
ਤੇਰਾ ਭਾਣਾ ਤੂਹੈ ੧੫੯
ਵਿਸਰਹਿ ਨਾਹੀ ਜਿਤੁ ੧੬੦
ਕਰਮ ਧਰਮ ਪਾਖੰਡ ੧੬੧
ਜੋ ਕਿਛੁ ਕਰੈ ੧੬੨
ਮਹਾਂ ਅਗਨਿ ਤੇ ੧੬੩
ਜਬ ਕਛੁ ਨ ਸੀਓ ੧੬੪
ਭਾਗਠੜੇ ਹਰਿ ਸੰਤ ਤੁਮ੍ਹਾਰੇ ੧੬੬
ਪਾਰਬ੍ਰਹਮ ਪਰਮੇਸਰ ੧੬੭
ਤੁਧੁ ਚਿਤਿ ਆਏ ੧੬੮
ਜਿਸ ਕੇ ਸਿਰ ਊਪਰਿ ੧੬੯
ਸਗਲ ਤਿਆਗਿ ਗੁਰ ੧੭੦

## ਰਾਗੁ ਸੂਹੀ ਅਸਟਪਦੀਆ

## ਮਹਲਾ ੧ ॥

ਸਭਿ ਅਵਗਣ ਮੈ ਗੁਣੁ ੧੭੨
ਕਚਾ ਰੰਗੁ ਕਸੁੰਭ ਕਾ ੧੭੩
ਮਾਣਸ ਜਨਮੁ ਦੁਲੰਭੁ ੧੭੬
ਜਿਉ ਆਰਣਿ ਲੋਹਾ ਪਾਇ ੧੭੮
ਮਨਹੁ ਨ ਨਾਮੁ ਵਿਸਾਰਿ ੧੮੧

## ਰਾਗੁ ਸੂਹੀ ਮਹਲਾ ੩

## ਅਸਟਪਦੀਆ ॥

ਨਾਮੈ ਹੀ ਤੇ ਸਭੁ ਕਿਛੁ ੧੮੩
ਕਾਇਆ ਕਾਮਣਿ ਅਤਿ ੧੮੭
ਦੁਨੀਆ ਨ ਸਾਲਾਹਿ ੧੯੧
ਹਰਿ ਜੀ ਸੂਖਮੁ ਅਗਮੁ ਹੈ ੧੯੮

## ਰਾਗੁ ਸੂਹੀ ਅਸਟਪਦੀਆ

## ਮਹਲਾ ੪ ॥

ਕੋਈ ਆਣਿ ਮਿਲਾਵੈ ਮੇਰਾ ੨੦੦
ਅੰਦਰਿ ਸਚਾ ਨੇਹੁ ੨੦੪

## ਰਾਗੁ ਸੂਹੀ ਅਸਟਪਦੀਆ

## ਮਹਲਾ ੫ ॥

ਉਰਝਿ ਰਹਿਓ ਬਿਖਿਆ ੨੦੭
ਮਿਥਨ ਮੋਹ ਅਗਨਿ ੨੦੯
ਜਿਨ ਡਿਠਿਆ ਮਨੁ ਰਹਸੀਐ ੨੧੦
ਜੇ ਭੁਲੀ ਜੇ ਚੁਕੀ ਸਾਈਂ ੨੧੩
ਸਿਮ੍ਰਿਤਿ ਬੇਦ ਪੁਰਾਣ ੨੧੫

## ਰਾਗੁ ਸੂਹੀ ਮਹਲਾ ੧ ਕੁਚਜੀ ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ੨੧੭
ਜਾ ਤੂ ਤਾ ਮੈ ਸਭੁ ਕੋ ੨੧੯
ਜੋ ਦੀਸੈ ਗੁਰਸਿਖੜਾ ੨੨੧

## ਰਾਗੁ ਸੂਹੀ ਛੰਤ ਮਹਲਾ ੧ ॥

ਭਰਿ ਜੋਬਨਿ ਮੈ ਮਤ ੨੨੨
ਹਮ ਘਰਿ ਸਾਜਨ ਆਏ ੨੨੬
ਆਵਹੁ ਸਜਣਾ ਹਉ ਦੇਖਾ ੨੨੯
ਜਿਨਿ ਕੀਆ ਤਿਨਿ ਦੇਖਿਆ ੨੩੧
ਮੇਰਾ ਮਨੁ ਰਾਤਾ ਗੁਣ ਰਵੈ ੨੩੪

## ਰਾਗੁ ਸੂਹੀ ਛੰਤ ਮਹਲਾ ੩ ॥

ਸੁਖ ਸੋਹਿਲੜਾ ਹਰਿ ੨੪੦
ਭਗਤ ਜਨਾ ਕੀ ੨੪੨
ਸਬਦਿ ਸਚੈ ਸਚੁ ਸੋਹਿਲਾ ੨੪੫
ਜੁਗ ਚਾਰੇ ਧਨ ਜੇ ਭਵੈ ੨੪੮
ਹਰਿ ਹਰੇ ਹਰਿ ਗੁਣ ੨੫੧
ਜੇ ਲੋੜਹਿ ਵਰੁ ਬਾਲੜੀਏ ੨੫੪

ਸੋਹਿਲੜਾ ਹਰਿ ਰਾਮ ਨਾਮੁ ੨੫੬

## ਰਾਗੁ ਸੂਹੀ ਮਹਲਾ ੪ ਛੰਤ॥

ਸਤਿਗੁਰੁ ਪੁਰਖੁ ਮਿਲਾਇ ੨੫੯
ਉਥਾਨਕਾ (ਲਾਵਾਂ) ੨੬੨
ਹਰਿ ਪਹਿਲੜੀ ਲਾਵ ੨੬੩
ਗੁਰਮੁਖਿ ਹਰਿ ਗੁਣ ਗਾਏ ੨੬੯
ਆਵਹੋ ਸੰਤ ਜਨਹੁ ੨੭੦
ਗੁਰੁ ਸੰਤ ਜਨੋ ੨੭੩
ਮਾਰੇਹਿਸੁ ਵੇ ਜਨ ੨੭੫

## ਰਾਗੁ ਸੂਹੀ ਛੰਤ ਮਹਲਾ ੫॥

ਸੁਣਿ ਬਾਵਰੇ ਤੂ ਕਾਏ ੨੭੭
ਹਰਿ ਚਰਣ ਕਮਲ ਕੀ ਟੇਕ ੨੭੯
ਗੋਬਿੰਦ ਗੁਣ ਗਾਵਣ ਲਾਗੇ ੨੮੨
ਤੂ ਠਾਕੁਰੋ ਬੈਰਾਗਰੋ ੨੮੪
ਸਾਜਨੁ ਪੁਰਖੁ ਸਤਿਗੁਰੁ ਮੇਰਾ ੨੮੭
ਕਰਿ ਕਿਰਪਾ ਮੇਰੇ ਪ੍ਰੀਤਮ ੨੯੦
ਹਰਿ ਜਪੇ ਹਰਿ ਮੰਦਰੁ ੨੯੩
ਭੈ ਸਾਗਰੋ ਭੈ ਸਾਗਰੁ ੨੯੬
ਅਬਿਚਲ ਨਗਰੁ ਗੋਬਿੰਦ ੨੯੯
ਉਥਾਨਕਾ ੩੦੨
ਸੰਤਾ ਕੇ ਕਾਰਜਿ ਆਪਿ ੩੦੨
ਮਿਠ ਬੋਲੜਾ ਜੀ ੩੦੬

## ਵਾਰ ਸੂਹੀ ਮਹਲਾ ੩॥

ਸੂਹੈ ਵੇਸਿ ਦੋਹਾਗਣੀ ੩੦੯
ਸੂਹਬ ਤਾ ਸੋਹਾਗਣੀ ੩੧੦
ਸੂਹਵੀਏ ਸੂਹਾ ਸਭੁ ੩੧੨
ਸੂਹੈ ਵੇਸਿ ਕਾਮਣਿ ੩੧੩
ਸੂਹਵੀਏ ਸੂਹਾ ਵੇਸੁ ੩੧੫
ਸਤੀਆ ਏਹਿ ਨ ਆਖੀਅਨਿ ੩੧੭
ਜਿਨੀ ਚਲਣੁ ਜਾਣਿਆ ੩੨੦
ਜਿਨਾ ਭਉ ਤਿਨ੍ ਨਾਹਿ ਭਉ ੩੨੨
ਕਾਮਣਿ ਤਉ ਸੀਗਾਰੁ ਕਰਿ ੩੨੩
ਵਾਹੁ ਖਸਮ ਤੂ ਵਾਹੁ ੩੨੫
ਨਾਨਕ ਇਹੁ ਤਨੁ ਜਾਲਿ ੩੨੭
ਨਾਨਕ ਬਦਰਾ ਮਾਲ ਕਾ ੩੨੮
ਦੁਇ ਦੀਵੇ ਚਉਦਹ ੩੩੦
ਚੋਰਾ ਜਾਰਾ ਰੰਡੀਆ ੩੩੨
ਸਤਿਗੁਰ ਭੀਖਿਆ ਦੇਹਿ ਮੈ ੩੩੫
ਜਿਨੀ ਨ ਪਾਇਓ ਪ੍ਰੇਮ ਰਸੁ ੩੩੬
ਦੀਵਾ ਬਲੈ ਅੰਧੇਰਾ ਜਾਇ ੩੩੯
ਕਾਇਆ ਕੂਮਲ ਫੁਲ ੩੪੦
ਪਹਿਲ ਬਸੰਤੈ ਆਗਮਨਿ ੩੪੧
ਕਿਸ ਹੀ ਕੋਈ ਕੋਇ ੩੪੨
ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ੩੪੩

## ਰਾਗੁ ਸੂਹੀ ਭਗਤ ਬਾਣੀ

### ਭਗਤ ਕਬੀਰ ਜੀ॥

ਅਵਤਰਿ ਆਇ ਕਹਾ ੩੪੯
ਥਰਹਰ ਕੰਪੈ ਬਾਲਾ ੩੫੦
ਅਮਲੁ ਸਿਰਾਨੋ ੩੫੨
ਥਾਕੇ ਨੈਨ ਸ੍ਰਵਨ ਸੁਨਿ ੩੫੪
ਏਕੁ ਕੋਟੁ ਪੰਚ ਸਿਕਦਾਰਾ ੩੫੬

### ਭਗਤ ਰਵਿਦਾਸ ਜੀ॥

ਸਹ ਕੀ ਸਾਰ ਸੁਹਾਗਨਿ ੩੫੮
ਜੋ ਦਿਨ ਆਵਹਿ ਸੋ ਦਿਨ ਜਾਹੀ ੩੬੦
ਊਚੇ ਮੰਦਰ ਸਾਲ ਰਸੋਈ ੩੬੨

### ਸੇਖ ਫਰੀਦ ਜੀ॥

ਤਪਿ ਤਪਿ ਲੁਹਿ ਲੁਹਿ ੩੬੩
ਬੇੜਾ ਬੰਧਿ ਨ ਸਕਿਓ ੩੬੫

-o-

## ਰਾਗੁ ਬਿਲਾਵਲੁ ਮਹਲਾ ੧॥

ਤੂ ਸੁਲਤਾਨੁ ਕਹਾ ਹਉ ਮੀਆ ੩੬੮
ਮਨੁ ਮੰਦਰੁ ਤਨੁ ਵੇਸ ਕਲੰਦਰੁ ੩੭੦

ਆਪੇ ਸਬਦੁ ਆਪੇ ਨੀਸਾਨੁ ੩੭੧
ਗੁਰ ਬਚਨੀ ਮਨੁ ਸਹਜ ੩੭੩

## ਮਹਲਾ ੩ ॥

ਧ੍ਰਿਗੁ ਧ੍ਰਿਗੁ ਖਾਇਆ ੩੭੪
ਅਤੁਲੁ ਕਿਉ ਤੋਲਿਆ ਜਾਇ ੩੭੬
ਸਾਹਿਬੁ ਤੇ ਸੇਵਕੁ ੩੭੭
ਪੂਰਾ ਥਾਟੁ ਬਣਾਇਆ ਪੂਰੈ ੩੭੯
ਗੁਰਮੁਖਿ ਪ੍ਰੀਤਿ ਜਿਸ ਨੋ ੩੮੦
ਪੂਰੇ ਗੁਰ ਤੇ ਵਡਿਆਈ ਪਾਈ ੩੮੧

## ਮਹਲਾ ੪ ॥

ਉਦਮ ਮਤਿ ਪ੍ਰਭ ਅੰਤਰਜਾਮੀ ੩੮੩
ਹਮ ਮੂਰਖ ਮੁਗਧ ੩੮੪
ਹਮਰਾ ਚਿਤੁ ਲੁਭਤ ਮੋਹਿ ੩੮੫
ਆਵਹੁ ਸੰਤ ਮਿਲਹੁ ਮੇਰੇ ਭਾਈ ੩੮੬
ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ੩੮੮
ਅਨਦ ਮੂਲੁ ਧਿਆਇਓ ੩੮੯

## ਰਾਗੁ ਬਿਲਾਵਲੁ ਮਹਲਾ ੪

## ਪੜਤਾਲ ॥

ਬੋਲਹੁ ਭਈਆ ਰਾਮ ਨਾਮੁ ੩੯੦

## ਰਾਗੁ ਬਿਲਾਵਲੁ ਮਹਲਾ ੫

ਨਦਰੀ ਆਵੈ ਤਿਸੁ ਸਿਉ ਮੋਹੁ ੩੯੧
ਸਰਬ ਕਲਿਆਣ ਕੀਏ ਗੁਰਦੇਵ ੩੯੨
ਸੁਖ ਨਿਧਾਨ ਪ੍ਰੀਤਮ ੩੯੩
ਮੈ ਮਨਿ ਤੇਰੀ ਟੇਕ ੩੯੫
ਬਿਖੈ ਬਨੁ ਫੀਕਾ ੩੯੭
ਏਕ ਰੂਪ ਸਗਲੋ ਪਾਸਾਰਾ ੩੯੯
ਆਪਿ ਉਪਾਵਨ ਆਪਿ ੩੯੯
ਭੂਲੇ ਮਾਰਗੁ ਜਿਨਹਿ ੪੦੦
ਤਨੁ ਮਨੁ ਧਨੁ ਅਰਪਉ ੪੦੧
ਮਾਤ ਪਿਤਾ ਸੁਤ ਸਾਥਿ ੪੦੨
ਗੁਰੁ ਪੂਰਾ ਵਡਭਾਗੀ ੪੦੩
ਗੁਰ ਕਾ ਸਬਦੁ ੪੦੩
ਸਗਲ ਮਨੋਰਥ ਪਾਈਅਹਿ ੪੦੪
ਮੋਹਿ ਨਿਰਗੁਨ ਸਭ ਗੁਣਹ ੪੦੫
ਕਵਨੁ ਜਾਨੈ ਪ੍ਰਭ ਤੁਮ੍ਰੀ ੪੦੬
ਮਾਤ ਗਰਭ ਮਹਿ ੪੦੬
ਮਾਤ ਪਿਤਾ ਸੁਤ ਬੰਧਪ ੪੦੭
ਸ੍ਰਬ ਨਿਧਾਨ ਪੂਰਨ ੪੦੮
ਕਵਨ ਸੰਜੋਗ ਮਿਲਉ ੪੦੯
ਚਰਨ ਕਮਲ ਪ੍ਰਭ ਹਿਰਦੈ ੪੦੯
ਸਾਂਤਿ ਪਾਈ ਗੁਰਿ ੪੧੦
ਮਮਤਾ ਮੋਹ ਧ੍ਰੋਹ ਮਦਿ ੪੧੦
ਸਗਲ ਅਨੰਦੁ ਕੀਆ ੪੧੧
ਜਿਸੁ ਊਪਰਿ ਹੋਵਤ ੪੧੨
ਮਨ ਮਹਿ ਸਿੰਚਹੁ ੪੧੨
ਰੋਗੁ ਗਇਆ ਪ੍ਰਭਿ ੪੧੨
ਸਤਿਗੁਰ ਕਰਿ ਦੀਨੇ ੪੧੩
ਤਾਪ ਸੰਤਾਪ ਸਗਲੇ ਗਏ ੪੧੩
ਕਾਹੂ ਸੰਗਿ ਨ ਚਾਲਹੀ ੪੧੪
ਸਹਜ ਸਮਾਧਿ ਅਨੰਦ ੪੧੫
ਮ੍ਰਿਤ ਮੰਡਲੁ ਜਗੁ ਸਾਜਿਆ ੪੧੫
ਲੋਕਨ ਕੀਆ ਵਡਿਆਈਆ ੪੧੭
ਲਾਲ ਰੰਗੁ ਤਿਸ ਕਉ ਲਗਾ ੪੧੭
ਰਾਖਹੁ ਅਪਨੀ ਸਰਣਿ ਪ੍ਰਭ ੪੧੮
ਦੋਸੁ ਨ ਕਾਹੂ ਦੀਜੀਐ ੪੨੦
ਮਿਰਤੁ ਹਸੈ ਸਿਰ ਊਪਰੇ ੪੨੧
ਪਿੰਗੁਲ ਪਰਬਤ ਪਾਰਿ ਪਰੇ ੪੨੨
ਅੰਹਬੁਧਿ ਪਰਬਾਦ ਨੀਤ ੪੨੪
ਚਰਨ ਭਏ ਸੰਤ ਬੋਹਿਥਾ ੪੨੫
ਬਿਨੁ ਸਾਧੂ ਜੋ ਜੀਵਨਾ ੪੨੬
ਟਹਲ ਕਰਉ ਤੇਰੇ ਦਾਸ ਕੀ ੪੨੭
ਕੀਤਾ ਲੋੜਹਿ ਸੋ ਕਰਹਿ ੪੨੮
ਸਾਧਸੰਗਤਿ ਕੈ ਬਾਸਬੈ ੪੨੯
ਪਾਣੀ ਪਖਾ ਪੀਸੁ ਦਾਸ ਕੈ ੪੩੦
ਸ੍ਰਵਨੀ ਸੁਨਉ ਹਰਿ ਹਰਿ ਹਰੇ ੪੩੨

| | | | |
|---|---|---|---|
| ਅਟਲ ਬਚਨ ਸਾਧੂ ਜਨਾ | ੪੩੩ | ਆਪਣੇ ਬਾਲਕ ਆਪਿ | ੪੬੩ |
| ਮਾਟੀ ਤੇ ਜਿਨਿ ਸਾਜਿਆ | ੪੩੪ | ਮੇਰੇ ਮੋਹਨ ਸ੍ਰਵਨੀ | ੪੬੪ |
| ਏਕ ਟੇਕ ਗੋਵਿੰਦ ਕੀ | ੪੩੫ | ਪ੍ਰਭ ਜੀ ਤੂ ਮੇਰੇ ਪ੍ਰਾਨ | ੪੬੫ |
| ਮਹਾ ਤਪਤਿ ਤੇ ਭਈ ਸਾਂਤਿ | ੪੩੬ | ਸੁਨੀਅਤ ਪ੍ਰਭ ਤਉ | ੪੬੬ |
| ਸੋਈ ਮਲੀਨੁ ਦੀਨੁ ਹੀਨੁ | ੪੩੭ | ਸੰਤਨ ਕੈ ਸੁਨੀਅਤ | ੪੬੬ |
| ਜਲੁ ਢੋਵਉ ਇਹ ਸੀਸ ਕਰਿ | ੪੩੮ | ਰਾਖਿ ਲੀਏ ਅਪਨੇ | ੪੬੭ |
| ਇਹੁ ਸਾਗਰੁ ਸੋਈ ਤਰੈ | ੪੩੯ | ਤਾਪੁ ਲਾਹਿਆ ਗੁਰ | ੪੬੮ |
| ਬੰਧਨ ਕਾਟੇ ਆਪਿ ਪ੍ਰਭਿ | ੪੪੦ | ਸਤਿਗੁਰ ਸਬਦਿ | ੪੬੮ |
| ਭੈ ਤੇ ਉਪਜੈ ਭਗਤਿ ਪ੍ਰਭ | ੪੪੧ | ਬਿਨੁ ਹਰਿ ਕਾਮਿ | ੪੭੦ |
| ਤ੍ਰਿਸਨ ਬੁਝੀ ਮਮਤਾ ਗਈ | ੪੪੨ | ਹਰਿ ਹਰਿ ਨਾਮੁ ਅਪਾਰ | ੪੭੧ |
| ਹਰਿ ਭਗਤਾ ਕਾ ਆਸਰਾ | ੪੪੩ | ਗੋਬਿੰਦ ਗੋਬਿੰਦ | ੪੭੨ |
| ਬੰਧਨ ਕਾਟੈ ਸੋ ਪ੍ਰਭੂ | ੪੪੪ | ਕਿਆ ਹਮ ਜੀਅ ਜੰਤ | ੪੭੩ |
| ਕਵਨੁ ਕਵਨੁ ਨਹੀ ਪਤਰਿਆ | ੪੪੫ | ਅਗਮ ਰੂਪ ਅਬਿਨਾਸੀ | ੪੭੩ |
| ਉਦਮੁ ਕਰਤ ਆਨਦੁ ਭਇਆ | ੪੪੭ | ਸੰਤ ਸਰਣਿ ਸੰਤ | ੪੭੪ |
| ਜਿਨਿ ਤੂ ਬੰਧਿ ਕਰਿ ਛੋਡਿਆ | ੪੪੮ | ਮਨ ਕਿਆ ਕਹਤਾ | ੪੭੫ |
| ਖੋਜਤ ਖੋਜਤ ਮੈ ਫਿਰਾ | ੪੪੯ | ਨਿੰਦਕੁ ਐਸੇ ਹੀ ਝਰਿ | ੪੭੬ |
| ਜੀਆ ਜੰਤ ਸੁਪ੍ਰਸੰਨ | ੪੫੦ | ਐਸੇ ਕਾਹੇ ਭੂਲਿ ਪਰੇ | ੪੭੭ |
| ਸਿਮਰਿ ਸਿਮਰਿ ਪੂਰਨ ਪ੍ਰਭੂ | ੪੫੧ | ਮਨ ਤਨ ਰਸਨਾ | ੪੭੮ |
| ਹਰਿ ਹਰਿ ਹਰਿ ਆਰਾਧੀਐ | ੪੫੩ | ਗੁਰਿ ਪੂਰੈ ਮੇਰੀ ਰਾਖਿ | ੪੭੮ |
| ਅਵਰਿ ਉਪਾਵ ਸਭਿ ਤਿਆਗਿਆ | ੪੫੪ | ਸਦਾ ਸਦਾ ਜਪੀਐ | ੪੭੯ |
| ਕਰੁ ਧਰਿ ਮਸਤਕਿ ਥਾਪਿਆ | ੪੫੪ | ਮਨ ਤਨ ਅੰਤਰਿ | ੪੮੦ |
| ਚਰਣ ਕਮਲ ਕਾ ਆਸਰਾ | ੪੫੫ | ਧੀਰਉ ਦੇਖਿ ਤੁਮਾਰੇ | ੪੮੦ |
| ਮਨਿ ਤਨਿ ਪ੍ਰਭੁ ਆਰਾਧੀਐ | ੪੫੫ | ਅਚੁਤ ਪੂਜਾ ਜੋਗ | ੪੮੧ |
| ਜੀਅ ਜੁਗਤਿ ਵਸਿ ਪ੍ਰਭੂ ਕੈ | ੪੫੬ | ਸਿਮਰਤ ਨਾਮੁ ਕੋਟਿ | ੪੮੧ |
| ਸਿਮਰਿ ਸਿਮਰਿ ਪ੍ਰਭੁ | ੪੫੭ | ਉਥਾਨਕਾ | ੪੮੨ |
| ਦਾਸ ਤੇਰੇ ਕੀ ਬੇਨਤੀ | ੪੫੭ | ਸੁਲਹੀ ਤੇ ਨਾਰਾਇਣ | ੪੮੩ |
| ਸਰਬ ਸਿਧਿ ਹਰਿ ਗਾਈਐ | ੪੫੮ | ਪੂਰੇ ਗੁਰ ਕੀ ਪੂਰੀ | ੪੮੩ |
| ਅਰਦਾਸਿ ਸੁਣੀ ਦਾਤਾਰਿ | ੪੫੮ | ਤਾਤ ਪਾਪ ਤੇ | ੪੮੪ |
| ਮੀਤ ਹਮਾਰੇ ਸਾਜਨਾ | ੪੫੯ | ਜਿਸ ਤੇ ਉਪਜਿਆ | ੪੮੫ |
| ਗੁਰੁ ਪੂਰਾ ਆਰਾਧਿਆ | ੪੬੦ | ਦੋਵੈ ਥਾਵ ਰਖੇ | ੪੮੫ |
| ਧਰਤਿ ਸੁਹਾਵੀ ਸਫਲ | ੪੬੦ | ਦਰਸਨੁ ਦੇਖਤ | ੪੮੬ |
| ਰੋਗੁ ਮਿਟਾਇਆ | ੪੬੧ | ਤਨੁ ਧਨੁ ਜੋਬਨੁ | ੪੮੭ |
| ਮਰਿ ਮਰਿ ਜਨਮੇ | ੪੬੨ | ਆਪਨਾ ਪ੍ਰਭੁ ਆਇਆ | ੪੮੭ |
| ਤਾਤੀ ਵਾਉ ਨ ਲਗਈ | ੪੬੨ | ਗੋਬਿਦੁ ਸਿਮਰਿ ਹੋਆ | ੪੮੮ |

ਪਾਰਬ੍ਰਹਮ ਪ੍ਰਭ ਭਏ ੪੮੯
ਮੂ ਲਾਲਨ ਸਿਉ ਪ੍ਰੀਤਿ ੪੯੦
ਹਰਿ ਕੇ ਚਰਨ ੪੯੦
ਰਾਖਿ ਲੀਏ ਸਤਿਗੁਰ ੪੯੧
ਮੈ ਨਾਹੀ ਪ੍ਰਭ ੪੯੨
ਤੁਮ੍ ਸਮਰਥਾ ਕਾਰਨ ਕਰਨ ੪੯੨
ਐਸੀ ਕਿਰਪਾ ਮੋਹਿ ਕਰਹੁ ੪੯੩
ਐਸੀ ਦੀਖਿਆ ਜਨ ਸਿਉ ੪੯੪
ਜਿਉ ਭਾਵੈ ਤਿਉ ੪੯੪
ਰਾਖੁ ਸਦਾ ਪ੍ਰਭ ੪੯੫
ਅਪਨੇ ਸੇਵਕ ਕਉ ੪੯੫
ਆਗੈ ਪਾਛੈ ਕੁਸਲੁ ੪੯੬
ਬਿਨੁ ਭੈ ਭਗਤੀ ੪੯੭
ਆਪਹਿ ਮੇਲਿ ਲਏ ੪੯੭
ਜੀਵਉ ਨਾਮੁ ਸੁਨੀ ੪੯੮

## ਰਾਗੁ ਬਿਲਾਵਲੁ ਮਹਲਾ ੫

## ਪੜਤਾਲ ॥

ਮੋਹਨ ਨੀਦ ਨ ਆਵੈ ਹਾਵੈ ੪੯੯
ਮੋਰੀ ਅਹੰ ਜਾਇ ੫੦੦

## ਮਹਲਾ ੯ ॥

ਦੁਖ ਹਰਤਾ ਹਰਿ ਨਾਮੁ ੫੦੨
ਹਰਿ ਕੇ ਨਾਮ ਬਿਨਾ ੫੦੩
ਜਾ ਮੈ ਭਜਨੁ ੫੦੪

## ਬਿਲਾਵਲੁ ਅਸਟਪਦੀਆ

## ਮਹਲਾ ੧ ॥

ਨਿਕਟਿ ਵਸੈ ਦੇਖੈ ੫੦੫
ਮਨ ਕਾ ਕਹਿਆ ੫੦੭

## ਮਹਲਾ ੩ ਅਸਟਪਦੀ ॥

ਜਗੁ ਕਊਆ ਮੁਖਿ ੫੧੦

## ਬਿਲਾਵਲੁ ਮਹਲਾ ੪

## ਅਸਟਪਦੀਆ ॥

ਉਥਾਨਕਾ ੫੧੨
ਆਪੈ ਆਪੁ ਖਾਇ ੫੧੩
ਹਰਿ ਹਰਿ ਨਾਮੁ ਸੀਤਲ ੫੧੫
ਗੁਰਮੁਖਿ ਅਗਮ ਅਗੋਚਰੁ ੫੧੮
ਸਤਿਗੁਰੁ ਪਰਚੈ ਮਨਿ ਮੁੰਦ੍ਰਾ ੫੨੧
ਅੰਤਰਿ ਪਿਆਸ ਉਠੀ ੫੨੩
ਮੈ ਮਨਿ ਤਨਿ ਪ੍ਰੇਮੁ ੫੨੬

## ਰਾਗੁ ਬਿਲਾਵਲੁ ਮਹਲਾ ੫

## ਅਸਟਪਦੀ ॥

ਉਪਮਾ ਜਾਤ ਨ ਕਹੀ ੫੨੯
ਪ੍ਰਭ ਜਨਮ ਮਰਣ ੫੩੧

## ਬਿਲਾਵਲੁ ਮਹਲਾ ੧ ਥਿਤੀ

ਏਕਮ ਏਕੰਕਾਰੁ ਨਿਰਾਲਾ ੫੩੫

## ਬਿਲਾਵਲੁ ਮਹਲਾ ੩ ਵਾਰ ਸਤ

ਆਦਿਤ ਵਾਰਿ ਆਦਿ ੫੪੫
ਆਦਿ ਪੁਰਖੁ ਆਪੇ ਸ੍ਰਿਸਟਿ ੫੪੯

## ਬਿਲਾਵਲੁ ਮਹਲਾ ੧ ਛੰਤ ਦਖਣੀ

ਮੁੰਧ ਨਵੇਲੜੀਆ ਗੋਇਲਿ ੫੫੩
ਮੈ ਮਨਿ ਚਾਉ ਘਣਾ ੫੫੬

## ਛੰਤ ਬਿਲਾਵਲੁ ਮਹਲਾ ੪ ਮੰਗਲ

ਮੇਰਾ ਹਰਿ ਪ੍ਰਭੁ ਸੇਜੈ ੫੫੯
ਹਰਿ ਪ੍ਰਭੁ ਸਜਣੁ ੫੬੧

## ਬਿਲਾਵਲੁ ਮਹਲਾ ੫ ਛੰਤ

ਮੰਗਲ ਸਾਜੁ ਭਇਆ ੫੬੩
ਭਾਗ ਸੁਲਖਣਾ ਹਰਿ ਕੰਤੁ ੫੬੬
ਸਖੀ ਆਉ ਸਖੀ ੫੬੯

ਸੁੰਦਰਿ ਸਾਂਤਿ ਦਇਆਲ ੫੭੨
ਹਰਿ ਖੋਜਹੁ ਵਡਭਾਗੀਹੋ ੫੭੪

## ਬਿਲਾਵਲ ਕੀ ਵਾਰ ਮਹਲਾ ੪

ਹਰਿ ਉਤਮੁ ਹਰਿ ਪ੍ਰਭੁ ੫੭੬
ਦੂਜੈ ਭਾਇ ਬਿਲਾਵਲੁ ੫੭੮
ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ੫੭੯
ਸਤਿਗੁਰ ਤੇ ਖਾਲੀ ੫੮੧
ਧ੍ਰਿਗੁ ਏਹ ਆਸਾ ੫੮੩
ਪੂਰੈ ਭਾਗਿ ਸਤਿਗੁਰੁ ੫੮੫
ਅੰਦਰਿ ਕਪਟੁ ਸਦਾ ੫੮੬
ਇਸੁ ਜੁਗ ਮਹਿ ਭਗਤੀ ੫੮੮
ਗੁਰਮੁਖਿ ਸੰਸਾ ਮੂਲਿ ੫੯੦
ਜਗਤੁ ਜਲੰਦਾ ਰਖਿ ਲੈ ੫੯੨
ਕੋਈ ਵਾਹੇ ਕੋ ਲੁਣੈ ੫੯੪
ਜਿਨੀ ਨਾਮੁ ਵਿਸਾਰਿਆ ੫੯੫
ਅਪਣਾ ਆਪੁ ਨ ੫੯੭

## ਭਗਤ ਬਾਣੀ ਭਗਤ ਕਬੀਰ ਜੀ

ਐਸੋ ਇਹੁ ਸੰਸਾਰੁ ੬੦੦
ਬਿਦਿਆ ਨ ਪਰਉ ੬੦੩
ਗ੍ਰਿਹੁ ਤਜਿ ਬਨ ਖੰਡ ੬੦੪
ਨਿਤ ਉਠਿ ਕੋਰੀ ਗਾਗਰਿ ੬੦੬
ਕੋਊ ਹਰਿ ਸਮਾਨਿ ਨਹੀ ੬੧੧
ਰਾਖਿ ਲੇਹੁ ਹਮ ਤੇ ਬਿਗਰੀ ੬੧੨
ਦਰਮਾਦੇ ਠਾਢੇ ੬੧੩
ਡੰਡਾ ਮੁੰਦ੍ਰਾ ਖਿੰਥਾ ੬੧੫
ਇਨਿ ਮਾਇਆ ਜਗਦੀਸ ੬੧੬
ਸਰੀਰ ਸਰੋਵਰ ਭੀਤਰੇ ੬੧੭
ਜਨਮ ਮਰਨ ਕਾ ਭ੍ਰਮੁ ੬੧੮
ਚਰਨ ਕਮਲ ਜਾ ਕੈ ਰਿਦੈ ੬੨੦

## ਭਗਤ ਨਾਮਦੇਵ ਜੀ

ਸਫਲ ਜਨਮੁ ਮੋ ਕਉ ੬੨੧

## ਭਗਤ ਰਵਿਦਾਸ ਜੀ

ਦਾਰਿਦੁ ਦੇਖਿ ਸਭ ਕੋ ਹਸੈ ੬੨੨
ਜਿਹ ਕੁਲ ਸਾਧੁ ਬੈਸਨੋ ੬੨੩

## ਭਗਤ ਸਧਨਾ ਜੀ

ਉਥਾਨਕਾ ੬੨੪
ਨ੍ਰਿਪ ਕੰਨਿਆ ਕੇ ਕਾਰਨੈ ੬੨੬

-O-

## ਰਾਗੁ ਗੋਂਡ ਮਹਲਾ ੪ ॥

ਜੇ ਮਨਿ ਚਿਤਿ ਆਸ ੬੩੨
ਐਸਾ ਹਰਿ ਸੇਵੀਐ ੬੩੪
ਹਰਿ ਸਿਮਰਤ ਸਦਾ ਹੋਇ ੬੩੬
ਜਿਤਨੇ ਸਾਹ ਪਾਤਿਸਾਹ ੬੩੮
ਹਰਿ ਅੰਤਰਜਾਮੀ ੬੩੯
ਹਰਿ ਦਰਸਨ ਕਉ ੬੪੧

## ਰਾਗੁ ਗੋਂਡ ਮਹਲਾ ੫

ਸਭੁ ਕਰਤਾ ਸਭੁ ਭੁਗਤਾ ੬੪੧
ਫਾਕਿਓ ਮੀਨ ਕਪਿਕ ੬੪੨
ਜੀਅ ਪ੍ਰਾਨ ਕੀਏ ੬੪੩
ਨਾਮ ਸੰਗਿ ਕੀਨੋ ੬੪੫
ਨਿਮਾਨੇ ਕਉ ਜੋ ਦੇਤੋ ੬੪੬
ਜਾ ਕੈ ਸੰਗਿ ਇਹੁ ੬੪੭
ਗੁਰ ਕੀ ਮੂਰਤਿ ੬੪੮
ਗੁਰੂ ਗੁਰੂ ਗੁਰੁ ੬੪੯
ਗੁਰੁ ਮੇਰੀ ਪੂਜਾ ਗੁਰੁ ੬੫੧
ਰਾਮ ਰਾਮ ਸੰਗਿ ੬੫੨
ਉਲ ਕਉ ਖਸਮਿ ੬੫੩
ਕਲਿ ਕਲੇਸ ਮਿਟੇ ੬੫੪
ਗੁਰ ਕੇ ਚਰਨ ਕਮਲ ੬੫੫
ਧੂਪ ਦੀਪ ਸੇਵਾ ੬੫੭
ਕਰਿ ਕਿਰਪਾ ਸੁਖ ੬੫੮

ਹਰਿ ਹਰਿ ਨਾਮੁ ਜਪਹੁ ੬੫੯
ਭਵਸਾਗਰ ਬੋਹਿਥ ੬੬੦
ਸੰਤ ਕਾ ਲੀਆ ਧਰਤਿ ੬੬੧
ਨਾਮੁ ਨਿਰੰਜਨੁ ਨੀਰਿ ੬੬੨
ਜਾ ਕਉ ਰਾਖੈ ੬੬੪
ਅਚਰਜ ਕਥਾ ਮਹਾ ਅਨੂਪ ੬੬੫
ਸੰਤਨ ਕੈ ਬਲਿਹਾਰੈ ੬੬੭

## ਰਾਗੁ ਗੋਂਡ ਅਸਟਪਦੀਆ ਮਹਲਾ ੫

ਕਰਿ ਨਮਸਕਾਰ ਪੂਰੇ ੬੬੮

## ਭਗਤ ਬਾਣੀ

## ਭਗਤ ਕਬੀਰ ਜੀ

ਸੰਤੁ ਮਿਲੈ ਕਿਛੁ ਸੁਨੀਐ ੬੭੧
ਨਰੂ ਮਰੈ ਨਰੁ ਕਾਮਿ ੬੭੨
ਆਕਾਸਿ ਗਗਨੁ ਪਾਤਾਲਿ ੬੭੬
ਭੁਜਾ ਬਾਂਧਿ ਭਿਲਾ ਕਰਿ ੬੭੮
ਨਾ ਇਹੁ ਮਾਨਸੁ ਨਾ ਇਹੁ ੬੮੦
ਤੂਟੇ ਤਾਗੇ ਨਿਖੁਟੀ ਪਾਨਿ ੬੮੩
ਖਸਮੁ ਮਰੈ ਤਉ ਨਾਰਿ ੬੮੬
ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ੬੮੮
ਜੈਸੇ ਮੰਦਰ ਮਹਿ ਬਲਹਰ ੬੯੩
ਕੂਟਨ ਸੋਇ ਜੁ ਮਨ ਕਉ ੬੯੪
ਧੰਨੁ ਗੁਪਾਲ ਧੰਨੁ ੬੯੬

## ਭਗਤ ਨਾਮਦੇਵ ਜੀ ॥

ਅਸੁਮੇਧ ਜਗਨੇ ੭੦੦
ਨਾਦ ਭ੍ਰਮੇ ਜੈਸੇ ਮਿਰਗਾਏ ੭੦੨
ਮੋ ਕਉ ਤਾਰਿ ਲੇ ਰਾਮਾ ੭੦੩
ਮੋਹਿ ਲਾਗਤੀ ਤਾਲਾਬੇਲੀ ੭੦੪
ਹਰਿ ਹਰਿ ਕਰਤ ਮਿਟੇ ੭੦੫
ਭੈਰਉ ਭੂਤ ਸੀਤਲਾ ੭੧੧
ਆਜੁ ਨਾਮੇ ਬੀਠਲੁ ੭੧੩

## ਭਗਤ ਰਵਿਦਾਸ ਜੀ

ਮੁਕੰਦ ਮੁਕੰਦ ਜਪਹੁ ੭੧੯
ਜੇ ਓਹੁ ਅਠਸਠਿ ਤੀਰਥ ਨ੍ਹਾਵੈ ੭੨੦

ੴ ਸਤਿਗੁਰ ਪ੍ਰਸਾਦਿ ॥

"ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥"

# ਸਾਖੀਆਂ ਦਾ ਤਤਕਰਾ


ਬਾਬਾ ਗੁਰਮੁਖ ਸਿੰਘ ਜੀ ਤੇ ਗੁਰਦੁਆਰਿਆਂ ਦੀ ਕਾਰ-ਸੇਵਾ ਦਾ ਸੰਖੇਪ ਇਤਿਹਾਸ ੧੦੮
ਸ੍ਰੀ ਸੰਤੋਖ ਸਰ ੧੧੩
ਹੰਸਲੀ ਦੀ ਸੇਵਾ ੧੧੭
ਸ੍ਰੀ ਮੁਕਤਸਰ ਜੀ ਦੀ ਸੇਵਾ ੧੧੮
ਸ੍ਰੀ ਤਰਨ ਤਾਰਨ ਦੀ ਹੰਸਲੀ ੧੨੦
ਗੁਰਦਵਾਰਾ ਖਡੂਰ ਸਾਹਿਬ ਜੀ ਦੀ ਸੇਵਾ ੧੨੩
ਗੁਰਦਵਾਰਾ ਸ੍ਰੀ ਨਾਨਕਣਾ ਸਾਹਿਬ ਜੀ ਦੀ ਸੇਵਾ ੧੨੪
ਗੁਰੂ ਰਾਮਦਾਸ ਜੀ ਦੀ ਪਰਕਰਮਾ ੧੨੫
ਸੰਤ ਜੈਮਲ ਸਿੰਘ ਦੀ ਬੂਰੀ ਵਾਲੇ ੧੨੬
ਸਾਖੀ ਕਬੀਰ ਜੀ ਦੀ ੩੨੯
ਜੁਲਾਹੇ ਦੀ ਦਸਤਾਰ ਬਨਾਉਣ ਵਾਲੀ ੩੩੩
ਪੰਜਾਂ ਪਾਂਡਵਾਂ ਨੇ ਕਲਜੁਗ ਦੇ ਚਿਨ੍ਹ ਵੇਖਣੇ ੩੩੭
ਸਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ ੩੪੪
ਭਾਈ ਮਤੀ ਦਾਸ ੩੪੭
ਪ੍ਰਹਿਲਾਦ ਦਾ ਭਗਵਾਨ ਨਾਲ ਲੜਨ ਵਾਸਤੇ ਜਾਣ ਦੀ ੪੫੩
ਧਰਮਰਾਜ ਦੇ ਰਿਖੀ ਰੂਪ ਧਾਰਨ ਦੀ ੫੦੧
ਤਰਖਾਣ ਦੇ ਪੁੱਤਰ ਦੀ ੬੨੬
ਕਲ੍ਹਾ ਦਾ ਉਧਾਰ ਕਰਨਾ ੬੬੩
ਗੂਜਰੀ ਦੀ ਕਰਮਾਂ ਤੇ ੬੭੩
ਅੰਨ ਦੀ ਮਹਿਮਾ ੬੯੮
ਦੂਜੀ ਸਾਖੀ
ਸ੍ਰੀ ਗੁਰੂ ਅਰਜਨ ਦੇਵ ਜੀ ਦੀ ੬੯੮
ਪੂਤਨਾ ਦਾ ਉਧਾਰ ੭੦੭
ਛੇਵੇਂ ਗੁਰੂ ਜੀ ਨੇ ਦਾਈ ਦਾ ਉਧਾਰ ਕਰਨਾ ੭੦੮
ਗਾਇਤ੍ਰੀ ਦੀ ੭੧੩
ਵਸ਼ਿਸ਼ਟ ਜੀ ਦੀ ੭੧੪
ਪਾਰਬਤੀ ਦੀ ੭੧੬
ਸ੍ਰੀ ਰਾਮ ਚੰਦ੍ਰ ਜੀ ਦੀ ੭੧੭

# ਰਾਗੁ ਤਿਲੰਗ

[ਪੰਨਾ ੭੨੧]

## ਰਾਗੁ ਤਿਲੰਗ* ਮਹਲਾ ੧ ਘਰੁ ੧

## ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

**ਉਥਾਨਕਾ**-ਇਕ ਦਿਨ ਪਿਤਾ ਕਾਲੂ ਜੀ ਨੇ ਚਿੱਤ ਵਿਚ ਵਿਚਾਰ ਕੀਤਾ ਕਿ ਮੇਰੇ ਪੁੱਤਰ (ਨਾਨਕ) ਦੀ ਉਮਰਾ ਪੜ੍ਹਨ ਤੋਂ ਬਿਨਾਂ ਖੇਡਾਂ ਵਿਚ ਹੀ ਬੀਤ ਰਹੀ ਹੈ, ਪੜ੍ਹਾਈ ਤੋਂ ਬਿਨਾਂ ਵੱਡਾ ਹੋ ਕੇ ਇਹ ਆਪਣੀ ਗੁਜਰਾਨ ਕਿਵੇਂ ਕਰੇਗਾ, ਇਸ ਕਰਕੇ ਹੁਣੇ ਇਸ ਨੂੰ ਪੜ੍ਹਾਉਣਾ ਚਾਹੀਦਾ ਹੈ, ਵੱਡਾ ਹੋ ਕੇ ਇਹ ਪੜ੍ਹ ਨਹੀਂ ਸਕੇਗਾ। ਇਹ ਗੱਲ ਵਿਚਾਰ ਕੇ ਜਿਥੇ ਮਸੀਤ ਵਿਚ ਬਹੁਤੇ ਬੱਚੇ ਫ਼ਾਰਸੀ ਇਲਮ ਪੜ੍ਹ ਰਹੇ ਸਨ ਓਥੇ ਗੁਰੂ ਨਾਨਕ ਜੀ ਨੂੰ ਲਿਜਾ ਕੇ ਮੌਲਵੀ ਨੂੰ ਕਿਹਾ, ਮੈਂ ਆਪਣੇ ਪੁੱਤਰ ਨੂੰ ਪੜ੍ਹਾਉਣ ਲਈ ਤੇਰੇ ਪਾਸ ਲਿਆਇਆ ਹਾਂ, ਜਿਹੜਾ ਦਿਨ ਚੰਗਾ ਹੋਵੇ ਉਹ ਤੂੰ ਦੱਸ ਦੇ। ਇਹ ਗੱਲ ਸੁਣ ਕੇ ਮੌਲਵੀ ਨੇ ਕਿਹਾ-"ਕਲ੍ਹ ਦਾ ਦਿਨ ਚੰਗਾ ਹੈ ਤੁਸੀਂ ਕਲ੍ਹ ਲਿਆ ਕੇ ਬਿਠਾ ਜਾਣਾ ਤੇਰਾ ਪੁੱਤਰ ਬੜਾ ਅਕਲ ਵਾਲਾ ਹੈ ਇਹ ਛੇਤੀ ਪੜ੍ਹ ਜਾਏਗਾ।" ਇੰਝ ਸੁਣ ਕੇ ਬਾਬਾ ਕਾਲੂ ਜੀ ਵਾਪਸ ਘਰ ਆ ਗਏ, ਤੇ ਦੂਜੇ ਦਿਨ ਸਵੇਰਸਾਰ ਪੁੱਤਰ ਨੂੰ ਨਾਲ ਲੈ ਕੇ ਮਸੀਤ ਵਿਚ ਆ ਪਹੁੰਚੇ, ਕੁਝਕੁ ਮਠਿਆਈ ਅਤੇ ਇਕ ਰੁਪਈਆ ਅੱਗੇ ਰੱਖ ਕੇ ਮੁੱਲਾਂ ਦੇ ਸਪੁਰਦ ਗੁਰੂ ਨਾਨਕ ਜੀ ਨੂੰ ਕਰ ਦਿੱਤਾ। ਉਸ ਵੇਲੇ ਮੁੱਲਾਂ ਨੇ ਕਲਮ ਫੜ ਕੇ ਪਹਿਲੇ ਅਲਫ਼ ਲਿਖਿਆ ਫੇਰ ਸਾਰੀ ਸਿਹਰਫ਼ੀ (ਤੀਹ ਅੱਖਰਾਂ ਵਾਲੀ ਅਰਬੀ ਦੀ

*ਇਹ ਤਿਲੰਗ ਇਕ ਖਾਡਵ ਜਾਤੀ ਦੀ ਰਾਗਣੀ ਹੈ, ਜੋ ਸੁਧ ਸੰਕੀਰਨ ਹੈ, ਸਿਰੀਰਾਗੁ, ਕਾਨੜਾ, ਤੇ ਭੈਰੋਂ ਮਿਲਕੇ ਤਿਲੰਗੀ ਬਣਦੀ ਹੈ।

ਅੱਧੀ ਰਾਤ ਵੇਲੇ ਗਾਈ ਜਾਂਦੀ ਹੈ, ਇਸ ਦਾ ਮੌਸਮ ਬਰਖਾ ਰੁੱਤ ਹੈ।

"ਰਾਗ ਮਾਲਾ" ਵਿਚ ਇਹ ਹਿੰਡੋਲ ਦੀ ਰਾਗਣੀ ਲਿਖੀ ਹੈ।

ਯਥਾ- "ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥
ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ॥ ੧॥
ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥" (ਪੰਨਾ ੧੪੩੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਗਿਣਤੀ ਅਨੁਸਾਰ ਇਸ ਦਾ ਚੌਧਵਾਂ ਨੰਬਰ ਹੈ।

ਵਰਣ ਮਾਲਾ) ਅਜੇ ਮੁੱਲਾਂ ਦੀ ਜ਼ਬਾਨ ਪਰ ਅੱਖਰ ਹੁੰਦੇ ਸਨ ਤੇ ਮਹਾਰਾਜ ਜੀ ਪਹਿਲੇ ਹੀ ਸੁਣਾ ਦੇਂਦੇ ਸਨ। ਉਸ ਵੇਲੇ ਮੁੱਲਾਂ ਬਹੁਤ ਹੈਰਾਨ ਹੋਇਆ ਕਿ ਇਹ ਤਾਂ ਪਹਿਲੇ ਹੀ ਪੜ੍ਹਿਆ ਹੋਇਆ ਜਾਪਦਾ ਹੈ ਇਸ ਦੀ ਬੁੱਧੀ ਬਹੁਤ ਵਿਸ਼ੇਸ਼ ਹੈ,

ਇਹ ਮਨੁੱਖ ਦਾ ਕੰਮ ਨਹੀਂ, ਇਹ ਤਾਂ ਕੋਈ ਔਲੀਆ ਜਾਂ ਅਵਤਾਰ ਹੈ।

*ਯਥਾ:*–"ਮੁੱਲਾਂ ਕੇ ਕਹਿਨ ਮੰਹਿ ਦੇਰ ਕਛੁ ਲਾਗੈ ਮਾਨੋ,
ਨਾਨਕ ਕੀ ਰਸਨਾ ਮੈਂ ਦੇਰ ਹੂੰ ਨ ਪਾਈ ਹੈ।
ਭਯੋ ਬਿਸਮਾਦ ਇਹ ਪਢਯੋ ਕਹੂੰ ਆਦਿ ਮੋ ਤੇ,
ਮੋਹੂ ਸੇ ਸਬਕ ਪਢੈ ਜਾਨਯੋ ਹੂੰ ਨ ਜਾਈ ਹੈ॥ ੭॥
ਮੁਸ਼ਕਲ ਪਾਰਸੀ ਅਮਾਨ ਪਢੈ ਤਾਤਕਾਲ,
ਬਾਲਿਕ ਕੀ ਬੈਸ, ਬੁਧਿ ਬ੍ਰਿੱਧ ਹੂੰ ਕੀ ਦੇਖੀਏ।
ਜ਼ੇਰ ਤੇ ਜ਼ਬਰ ਔਰ ਮਾਯਨੇ ਕਿਤਾਬਨ ਕੇ,
ਦਫ਼ਤਰ ਲੇਖਾ ਜਮਾ ਖਰਚੁ ਬਿਸੇਖੀਏ।
ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ,
ਪਢੈਂ ਨ ਸਮਾਨ ਇਸ ਕੋਊ ਅਵਰੇਖੀਏ।
ਮਾਨੁਖ ਕੋ ਕਾਮ ਨਹਿ, ਔਲੀਆ ਔਤਾਰ ਕੋਊ,
ਲਖਿ ਸੋਂ ਅਲੱਖ, ਯਾਂ ਕੇ ਲੇਖ ਹੈਂ ਅਲੇਖੀਏ॥ ੮॥"

ਉਸ ਵੇਲੇ ਬਹੁਤ ਹੀ ਪੁਰਸ਼ ਆ ਕੇ ਗੁਰੂ ਨਾਨਕ ਜੀ ਦਾ ਦਰਸ਼ਨ ਕਰਦੇ ਹਨ ਤੇ ਇਲਮ ਦੀਆਂ ਪ੍ਰੀਖਿਆ ਲੈਂਦੇ ਹਨ, ਪਰ ਮਿੱਠੇ-ਮਿੱਠੇ ਬਚਨ ਸੁਣਕੇ ਤੇ ਉਮਰਾ ਛੋਟੀ ਵੇਖ ਕੇ ਸਭ ਅਸਚਰਜ ਹੁੰਦੇ ਹਨ, ਤੇ ਅਵਤਾਰ ਹੀ ਸਮਝਦੇ ਹਨ।

"ਹੈ ਅਵਤਾਰ ਲਖਯੋ ਬਹੁ ਲੋਕਨ, ਬ੍ਰਿੱਧ ਬਧੀ ਸ਼ਰਧਾ ਸ਼ੁੱਧ ਹੀ ਕੀ।
ਬੋਲਤਿ ਬੋਲ ਅਮੋਲ ਅਤੋਲ, ਅਡੋਲ ਮਤੀ ਅਹਰੰਨ ਬਲੀ ਕੀ॥ ੧੧॥

ਦੋਹਰਾ–"ਲਖਨ ਲਖੇ ਸਬ ਨਰ ਕਲਾ, ਫੇਰਯੋ ਬਹੁਰ ਸੁਭਾਵ।
ਭਏ ਬਾਲ ਅਨਜਾਨ ਸੇ, ਕੀਨੋ ਅਪਨ ਛਪਾਵ॥ ੧੨॥"

ਉਸ ਵੇਲੇ ਸ਼ਹਿਰ ਤੋਂ ਬਾਹਰ ਜਾ ਕੇ ਇਕ ਬ੍ਰਿੱਛ ਦੇ ਹੇਠਾਂ ਬਸਤ੍ਰ ਤਾਣਕੇ ਲੰਮੇ ਪੈ ਗਏ, ਚਾਹੇ ਕੋਈ ਭੀ ਆ ਕੇ ਬੁਲਾਉਂਦਾ ਹੈ ਪਰ ਬੋਲਦੇ ਨਹੀਂ। ਕਦੇ ਘਰ ਵਿਚ ਆ ਕੇ ਪੈ ਜਾਂਦੇ ਹਨ ਮਾਂ ਉਠਾਂਵਦੀ ਹੈ। ਪਰ ਉੱਠਦੇ ਨਹੀਂ ਚੁੱਪ ਹੀ ਰਹਿੰਦੇ ਹਨ, ਇਕ ਜਗ੍ਹਾ ਪਿਆਂ ਹੋਇਆਂ ਦੋ ਦੋ ਦਿਨ ਬੀਤ ਜਾਂਦੇ ਹਨ। ਅਜਿਹੀ ਦਸ਼ਾ ਵੇਖ ਕੇ ਲੋਕ ਆਖਦੇ ਹਨ, "ਹੈਸੀ ਬੜਾ ਅਕਲ ਵਾਲਾ ਪਰ ਪਤਾ ਨਹੀਂ ਕੀ ਕਾਰਨ ਹੈ, ਜੋ ਬਿਲਕੁਲ ਚੁਪ ਕਰ ਗਿਆ ਕਿਸੇ ਪ੍ਰੇਤ ਦਾ ਪ੍ਰਛਾਵਾਂ ਤਾਂ ਨਹੀਂ ਪੈ ਗਿਆ।" ਇਸ ਤਰ੍ਹਾਂ ਦੀ ਦਸ਼ਾ ਵੇਖ ਕੇ ਤੇ ਲੋਕਾਂ ਤੋਂ ਸੁਣ ਕੇ ਕਾਲੂ ਨੂੰ ਭੀ ਚਿੰਤਾ ਵਧ ਗਈ, ਬੜੇ ਜਤਨ ਕੀਤੇ ਪਰ ਕੁਝ ਨਾ ਬਣਿਆਂ। ਫੇਰ ਮੁੱਲਾਂ ਨੂੰ ਜਾ ਕੇ ਕਿਹਾ, "ਚੰਗੀ ਤੂੰ ਉਸ ਨੂੰ ਫ਼ਾਰਸੀ ਪੜ੍ਹਾਈ ਹੈ ਉਸ ਦੀ ਤਾਂ ਸਾਰੀ ਹੋਸ਼ ਹੀ ਉੱਡ ਗਈ ਹੈ, ਛੇਤੀ ਚੱਲ ਕੇ ਖਬਰ ਲੈ।" ਮੁੱਲਾਂ

ਨੇ ਆ ਕੇ ਕੀ ਵੇਖਿਆ ਕਿ ਚਾਦਰਾ ਉੱਪਰ ਲੈ ਕੇ ਧਰਤੀ ਪਰ ਲੇਟੇ ਹੋਏ ਹਨ। ਬੜੀ ਹੈਰਾਨਗੀ ਵਿਚ ਹੋ ਕੇ ਮੁੱਲਾਂ ਨੇ ਕਿਹਾ-

"ਜਾਇ ਕੈ ਮੁਲਾਨੇ ਨੇ ਦੁਆਇ ਕਰੀ ਬੈਸਿ ਢਿਗ, ਤੁਮ ਪਰ ਮਿਹਰ ਸੁ ਪਰਵਦਗਾਰ ਕੀ।
ਬੈਸ ਲਘੁ ਮਾਂਹਿ ਭਈ ਸੇਮੁਖੀ ਵਿਸ਼ੇਖ ਤਵ, ਗਿਰਾ ਮੁਖ ਮਾਧੁਰੀ ਸਭਿਨਿ ਹਿਤਕਾਰ ਕੀ।
ਸ਼ੁਭ ਹੈ ਸੁਭਾਉ ਭਰਜੇ ਭਾਉ ਸੋਂ ਸਭਿਨਿ ਸੰਗਿ, ਬਧੈਗੋ ਪ੍ਰਭਾਉ ਰੀਤਿ ਜਸੁ ਵਿਸਤਾਰ ਕੀ।
ਆਨਨ ਤੇ ਤੂਸਨਿ ਕੋ ਕਾਰਨ ਹੈ ਕੌਨ ਭਨੋ, ਹੇਰਿ ਤੁਮੈ ਤਾਤ ਸੁਧਿ ਤਜੀ ਘਰ ਬਾਰ ਕੀ॥ ੧੭॥

ਇਹ ਬਚਨ ਸੁਣ ਕੇ ਮਹਾਰਾਜ ਜੀ ਨਾ ਬੋਲੇ ਚੁਪ ਹੀ ਰਹੇ। ਫਿਰ ਮੁੱਲਾਂ ਨੇ ਦੀਨ ਮਨ ਹੋ ਕੇ ਕਿਹਾ, ਜਿਤਨੇ ਕੁ ਮਨੁੱਖ ਪਾਸ ਆ ਕੇ ਖਲੋਤੇ ਹਨ ਸਭ ਦੇ ਮਨ ਵਿਚ ਆਪ ਜੀ ਦੇ ਸ਼ੁਭ ਬਚਨਾਂ ਦੇ ਸੁਣਨ ਦੀ ਅਭਿਲਾਖਾ ਹੈ, "ਹੇਤ ਖੁਦਾਇ ਉਠੋ ਇਕ ਬਾਰ ਉਚਾਰਿ ਕਰੋ ਉਰ ਜੈਸੇ ਅਹੀ॥ ੧੯॥

ਉਸ ਵੇਲੇ ਮੁੱਲਾਂ ਦੇ ਦੀਨਤਾ ਵਾਲੇ ਬਚਨ ਤੇ ਖੁਦਾ ਦਾ ਨਾਮ ਸੁਣ ਕੇ ਗੁਰੂ ਜੀ ਨੇ ਨੇਤ੍ਰ ਖੋਲ੍ਹ ਕੇ ਤਿਲੰਗ ਰਾਗ ਵਿਚ ਬਚਨ ਕਹੇ।

"ਅੜਿੱਲ॥ ਮੁੱਲਾਂ ਕੇ ਸੁਨ ਬੈਨ, ਦੀਨ ਅਤਿ ਜੋ ਭਯੋ। ਬਹੁਰੋ-ਹੇਤੁ ਖੁਦਾਇ ਨਾਮ ਮੁਖ ਤੇ ਕਹਯੋ।
ਦੋਨੋਂ ਚਸ਼ਮ ਕੁਸ਼ਾਦ ਨਿਸ਼ਸਤਹਿ ਸਾਮੁਹੇ। ਹੋ ਬੋਲੇ, ਰਾਗ ਤਿਲੰਗ, ਸ਼ਬਦ ਜੋ ਦੁਖ ਦਹੇ॥ ੨੦॥

*(ਨਾਨਕ ਪ੍ਰਕਾਸ਼ ਪੂਰਬਾਰਧ, ਧਿਆ ੮)*

ਹੇ (ਕੁਤਬਦੀਨ) ਮੁੱਲਾਂ ! ਖ਼ੁਦਾ ਅੱਗੇ ਤੂੰ ਇਸ ਤਰ੍ਹਾਂ ਬੇਨਤੀ ਕਰ, ਜਿਸ ਤਰ੍ਹਾਂ ਅਸੀਂ ਤੈਨੂੰ ਕਹਿੰਦੇ ਹਾਂ:-

## ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

*ਪਦ ਅਰਥ*-ਯਕ=ਇਕ, ਅਰਜ=ਬੇਨਤੀ, ਗੁਫਤ=ਕਹਿੰਦਾ ਹਾਂ, ਮ=ਮੈਂ, ਪੇਸਿ=ਅੱਗੇ, ਤੋ=ਆਪ ਦੇ, ਦਰ=ਅੰਦਰ, ਗੋਸ=ਕੰਨ, ਕੁਨ=ਕਰ।

*ਅਰਥ*-ਹੇ ਕਰਤਾਰ ! ਮੈਂ ਆਪ ਦੇ ਅੱਗੇ ਇਕ ਬੇਨਤੀ ਕਹਿੰਦਾ ਹਾਂ, ਤੂੰ ਕੰਨ ਦੇ ਅੰਦਰ ਸੁਣਨਾ ਕਰ।

## ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥

*ਪਦ ਅਰਥ*- ਹਕਾ=ਸੱਚਾ, ਕਬੀਰ=ਵੱਡਾ, ਕਰੀਮ=ਕ੍ਰਿਪਾਲੂ, ਬੇ=ਰਹਿਤ, ਐਬ=ਪਾਪ, ਪਰਵਦਗਾਰ= ਪਾਲਣਾ ਕਰਨ ਵਾਲਾ।

ਹੇ ਕਰਤਾਰ ! ਤੂੰ ਸੱਚਾ ਹੈਂ, ਸਾਰਿਆਂ ਤੋਂ ਵੱਡਾ ਹੈਂ, ਕ੍ਰਿਪਾਲੂ ਸੁਭਾਅ ਵਾਲਾ ਹੈਂ, ਪਾਪਾਂ ਤੋਂ ਰਹਿਤ ਹੈਂ, ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ।

## ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥

*ਪਦ ਅਰਥ*-ਫਾਨੀ=ਫਨਾਹ (ਨਾਸ ਰੂਪ) ਹੈ, ਤਹਕੀਕ=ਨਿਸਚੇ ਕਰਕੇ, ਦਾਨੀ=ਜਾਨਣਾ ਕਰ।

*ਅਰਥ*-ਹੇ ਮੁੱਲਾਂ ! ਈ=ਇਸ ਦੁਨੀਆਂ ਦਾ ਮੁਕਾਮ ਫਨਾਹ (ਨਾਸ ਰੂਪ) ਹੈ, ਈ=ਇਸ ਦਿਲ ਵਿਚ ਨਿਸਚੇ ਕਰਕੇ ਜਾਣਨਾ ਕਰ। ਅੱਗੋਂ ਮੁੱਲਾਂ ਨੇ ਕਿਹਾ, ਠੀਕ ਹੈ-

## ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ਰਹਾਉ॥

*ਪਦ ਅਰਥ*-ਮਮ=ਮੇਰੇ, ਮੂਇ=ਰੋਮ (ਕੇਸ), ਗਿਰਫਤਹ=ਫੜੇ ਹੋਏ, ਹੇਚਿ=ਕੁਝ, ਨ ਦਾਨੀ=ਨਹੀਂ ਜਾਣਿਆ।

*ਅਰਥ*-ਮੇਰੇ ਸਿਰ ਦੇ ਵਾਲ ਅਜਰਾਈਲ ਨਾਮੇ ਜਮ ਨੇ ਫੜੇ ਹੋਏ ਹਨ, ਈ=ਇਸ ਆਪਣੇ ਦਿਲ ਵਿਚ ਮੈਂ ਕੁਝ ਕਰਕੇ ਭੀ ਨਹੀਂ ਜਾਣਿਆ॥ ੧॥ ਰਹਾਉ॥

ਮੁੱਲਾਂ ਨੇ ਕਿਹਾ, ਆਪ ਜੀ ਨੇ ਜੋ ਕੁਝ ਫੁਰਮਾਇਆ ਹੈ ਠੀਕ ਹੈ, ਪਰ ਇਹ ਆਪ ਜੀ ਦਾ ਪਰਵਾਰ ਬਹੁਤ ਚਿੰਤਾਤੁਰ ਹੈ; ਜਿਵੇਂ ਇਹ ਪ੍ਰਸੰਨ ਹੋਵੇ ਆਪ ਓਸੇ ਤਰ੍ਹਾਂ ਕਰੋ ਇਹ ਤੁਹਾਡੇ ਮੋਹ ਵਿਚ ਫਸੇ ਹੋਏ ਹਨ। ਜੋ ਰੀਤੀ ਆਪ ਜੀ ਨੇ ਕੀਤੀ ਹੈ ਉਹ ਇਨ੍ਹਾਂ ਨੂੰ ਚੰਗੀ ਨਹੀਂ ਲੱਗੀ।

ਇਹ ਸੁਣ ਕੇ ਗੁਰੂ ਜੀ ਨੇ ਕਿਹਾ-

## ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥

*ਪਦ ਅਰਥ*-ਜਨ=ਇਸਤ੍ਰੀ, ਪਿਸਰ=ਪੁੱਤਰ, ਪਦਰ=ਪਿਉ, ਬਿਰਾਦਰਾਂ=ਭਰਾ, ਕਸ=ਕੋਈ, ਨੇਸ=ਨਹੀਂ, ਦਸਤੰਗੀਰ=ਹੱਥ ਦੇ ਫੜਨ ਵਾਲਾ।

*ਅਰਥ*-ਇਸਤ੍ਰੀ, ਪੁੱਤਰ, ਪਿਉ ਤੇ ਭਰਾਵਾਂ ਵਿੱਚੋਂ ਕੋਈ ਭੀ ਹੱਥ ਦੇ ਫੜਨ ਵਾਲਾ ਨਹੀਂ ਹੋਵੇਗਾ।

## ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥ ੨॥

*ਪਦ ਅਰਥ*-ਆਖਿਰ=ਓੜਕ, ਬਿਅਫਤਮ=ਡਿਗੇਗਾ, ਕਸ=ਕੋਈ ਭੀ, ਦਾਰਦ=ਰੱਖਿਆ, ਚੂੰ=ਐਸੇ, ਸਵਦ (ਸਵੱਦ)=ਹੋਵੇਗਾ, ਤਕਬੀਰ=ਕੋਹਣਾ।

*ਅਰਥ*-ਜਦ ਐਸੇ ਕੋਹਣਾ ਭਾਵ ਮਰਨਾ ਹੋਵੇਗਾ ਤੇ ਅੰਤ ਨੂੰ ਜ਼ਮੀਨ ਪਰ ਡਿਗੇਗਾ ਤਦ ਕੋਈ ਭੀ ਇਸ ਦੀ ਰੱਖਿਆ ਕਰਨ ਵਾਲਾ ਨਹੀਂ ਹੋਵੇਗਾ॥ ੨॥

ਇਸ ਤਰ੍ਹਾਂ ਦੇ ਅਮੋਲਕ ਬਚਨ ਸੁਣਕੇ ਮੌਲਵੀ ਨੇ ਕਿਹਾ, ਆਪ ਜੀ ਦੀ ਉਮਰਾ ਛੋਟੀ ਹੈ ਤੇ ਦਨਾਈ ਬੜੀ ਹੈ, ਆਪ ਤਾਂ ਕੋਈ ਅਵਤਾਰ ਉਤਰੇ ਹੋ ਜੋ ਬਾਲਕ ਅਵਸਥਾ ਵਿਚ ਹੀ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ ਹੈ। ਤਾਂ ਗੁਰੂ ਜੀ ਨੇ ਕਿਹਾ-

## ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥

*ਪਦ ਅਰਥ*-ਸਬ=ਰਾਤ, ਰੋਜ=ਦਿਨ, ਗਸਤਮ=ਫਿਰਦਾ ਹਾਂ ਮੈਂ, ਦਰ=ਅੰਦਰ, ਹਵਾ=ਇੱਛਾ, ਕਰਦੇਮ=ਕਰਦਾ ਹਾਂ, ਬਦੀ=ਖੋਟੇ।

*ਅਰਥ*-ਰਾਤ ਦਿਨ ਮੈਂ ਇੱਛਾ ਦੇ ਅੰਦਰ ਫਿਰਦਾ ਹਾਂ, ਅਤੇ ਮੈਂ ਖੋਟੇ ਖਿਆਲਾਂ ਨੂੰ ਕਰਦਾ ਹਾਂ।

## ਗਾਹੇ ਨ ਨੇਕੀ ਕਾਰ ਕਰਦਮ ਮਮ ਈਂਚਿਨੀ ਅਹਵਾਲ॥ ੩॥

*ਪਦ ਅਰਥ*-ਗਾਹੇ=ਕਦੇ, ਵਾ:-ਗ੍ਰਹਿਨ, ਨੇਕੀ=ਭਲਿਆਈ, ਮਮ=ਮੇਰਾ, ਈਂਚਿਨੀ=ਇਸ ਤਰ੍ਹਾਂ ਦਾ ਜਾਣੋ, ਅਹਵਾਲ=ਹਾਲ। ਪਾਠ "ਈਂਚਿਨੀ" ਕੱਠਾ ਹੈ।

*ਅਰਥ*-ਭਲਿਆਈ ਦੀ ਕਾਰ ਕਰਨੀ ਮੈਂ ਕਦੇ ਭੀ ਗ੍ਰਹਿਨ ਨਹੀਂ ਕੀਤੀ, ਜਾਣਨਾ ਕਰੋ ਮੇਰਾ ਇਸ ਤਰ੍ਹਾਂ ਦਾ ਹਾਲ ਹੋ ਰਿਹਾ ਹੈ।

ਇਸ ਤਰ੍ਹਾਂ ਦੇ ਬਚਨ ਸੁਣ ਕੇ ਮੁੱਲਾਂ ਦੇ ਹਿਰਦੇ ਵਿਚ ਸ਼ਰਧਾ ਵਧ ਗਈ ਤੇ ਆਖਦਾ ਹੈ, ਮੇਰਾ ਸੰਸਾਰ-ਸਮੁੰਦਰ ਤੋਂ ਤਰਨਾ ਕਿਵੇਂ ਹੋਵੇ? ਗੁਰੂ ਜੀ ਨੇ ਕਿਹਾ, ਇਸ ਤਰ੍ਹਾਂ ਬੇਨਤੀ ਕਰ-

ਤਾਂ ਗੁਰੂ ਸਾਹਿਬ ਜੀ ਨੇ ਕਿਹਾ, ਤੂੰ ਖ਼ੁਦਾ ਅੱਗੇ ਇਸ ਤਰ੍ਹਾਂ ਬੇਨਤੀ ਕਰ, ਹੇ ਖ਼ੁਦਾ ਮੈਂ-

**ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥**

*ਪਦ ਅਰਥ*-ਬਦ=ਬੁਰੇ (ਖੋਟੇ), ਬਖਤ=ਭਾਗ, ਹਮ=ਭੀ, ਚੁ=ਐਸੇ, ਬੇ-ਨਜਰ=ਅੰਨ੍ਹਾਂ, ਬੇ-ਬਾਕ=ਡਰ ਤੋਂ ਰਹਿਤ।

*ਅਰਥ*-ਖੋਟਿਆਂ ਭਾਗਾਂ ਵਾਲਾ ਹਾਂ, ਪੁਨਾ ਐਸੇ ਈਰਖਾ ਬਖੀਲੀ ਦੇ ਕਰਨ ਵਾਲਾ ਹਾਂ, ਹੇ ਪ੍ਰਭੂ ! ਆਪ ਤੋਂ ਗਾਫਿਲ=ਭੁੱਲਿਆ ਹੋਇਆ ਹਾਂ, ਅੰਨ੍ਹਾਂ ਹਾਂ ਡਰ ਤੋਂ ਰਹਿਤ ਹਾਂ।

**ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥ ੪ ॥ ੧ ॥**

*ਪਦ ਅਰਥ*-ਬੁਗੋਯਦ=ਉਚਾਰਦੇ ਹਨ, ਤੁਰਾ=ਤੇਰਾ, ਚਾਕਰਾਂ=ਸੇਵਕਾਂ, ਪਾ=ਚਰਨਾਂ ਦੀ, ਖਾਕ=ਧੂੜ।

*ਅਰਥ*- ਗੁਰੂ ਜੀ ਕਥਨ ਕਰਦੇ ਹਨ, ਮੈਂ ਤੇਰਾ ਦਾਸ ਹਾਂ, ਅਤੇ ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਹਾਂ ॥ ੪ ॥ ੧ ॥*

## ਤਿਲੰਗ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ**-ਏਮਨਾਬਾਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਾਮਾਤ ਸਹਿਤ ਵੇਖਕੇ ਚਰਨਾਂ ਪਰ ਨਮਸ਼ਕਾਰ ਕਰਕੇ ਬਾਬਰ ਨੇ ਭੰਗ ਅੱਗੇ ਰੱਖ ਕੇ ਬੇਨਤੀ ਕੀਤੀ, ਜੋ ਖ਼ੁਰਾਸਾਨ ਦੀਂ ਪ੍ਰਸਿੱਧ ਬੂਟੀ ਹੈ, ਇਹ ਫਕੀਰਾਂ ਦੀ ਵਸਤੂ ਹੈ, ਆਪ ਇਸ ਨੂੰ ਅੰਗੀਕਾਰ ਕਰੋ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, ਅਸਲ ਭੰਗ ਅਸੀਂ ਪੀ ਰਹੇ ਹਾਂ, ਇਸ ਬਾਹਰਲੀ ਭੰਗ ਨਾਲ ਸਾਡਾ ਕੋਈ ਮਤਲਬ ਨਹੀਂ ਹੈ। ਤਾਂ ਬਾਬਰ ਨੇ ਕਿਹਾ, ਸਾਨੂੰ ਉਹ ਭੰਗ ਦੱਸੋ ਜਿਹੜੀ ਆਪ ਪੀਂਦੇ ਹੋ। ਤਾਂ ਗੁਰੂ ਜੀ ਨੇ ਕਿਹਾ-

**ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥**

*ਪਦ ਅਰਥ*- ਭਉ=ਡਰ, ਭਾਂਗ=ਭੰਗ, ਦੇਵਾਨਾ=ਮਸਤਾਨਾ, ਅਤੀਤੁ=ਫ਼ਕੀਰ।

*ਅਰਥ*:-ਹੇ ਪ੍ਰਭੂ ! ਜੋ ਆਪ ਜੀ ਦਾ ਡਰ ਧਾਰਨਾ ਕੀਤਾ ਹੈ ਇਹੋ ਭੰਗ ਹੈ, ਜਿਵੇਂ ਫਕੀਰ ਲੋਕ ਭੰਗ ਨੂੰ ਖਲੜੀ ਵਿਚ ਪਾ ਕੇ ਰੱਖਦੇ ਹਨ ਤਿਵੇਂ ਮੇਰਾ ਚਿੱਤ ਹੀ ਖਲੜੀ ਹੈ ਇਸ ਚਿੱਤ ਰੂਪ ਖਲੜੀ ਵਿਚ ਡਰ ਰੂਪ

---

**ਗੁਰੂ ਸਾਹਿਬ ਜੀ ਮੌਲਵੀ ਪਰ ਇਸ ਤਰ੍ਹਾਂ ਬਲਵਾਨ ਹੋਏ ਹਨ ਜਿਵੇਂ ਕਬਿੱਤ ਵਿਚ ਸਭ ਇਸ਼ਾਰੇ ਦਿੱਤੇ ਹਨ-*

*[੧]ਬਾਨ ਜਿਮ [੨]ਲੱਛ ਪਰ, [੩]ਬੀਰਭਦ੍ਰ ਦੱਛ ਪਰ; ਨਦੀ ਮਧ ਮੱਛ ਪਰ, [੪]ਦਾਸ ਜਾਲ ਪਾਨ ਹੈ।*
*ਸ਼ੇਰ ਜਿਮ [੭]ਭੱਛ ਪਰ, ਬਾਜ ਜਿਮ ਪੱਛ ਪਰ; [੫]ਚੰਡਿ ਬਿੜਾਲੱਛ ਪਰ ਕੀਨ [੬]ਦੁਤਿ ਹਾਨ ਹੈ।*
*[੭]ਰਾਮ [੮]ਛਿਤ ਪਾਲ ਪਰ, [੯]ਰਾਮ [੧੦]ਸੁਰਸਾਲ ਪਰ; [੧੧]ਰਾਮ [੧੨]ਮਘਪਾਲ ਪਰ ਜੈਸੇ ਸਾਵਧਾਨ ਹੈ।*
*[੧੩]ਸ਼ੱਕ੍ਰ ਜਿਮ [੧੪]ਕੋਹ ਪਰ [੧੫]ਚਕ੍ਰ ਹਰਿ ਦ੍ਰੋਹ ਪਰ, ਗੁਰੂ ਸਿਖ ਮੋਹ ਪਰ ਤੈਸੇ ਬਲਵਾਨ ਹੈ ॥੧॥*

*(ਨਾਨਕ ਪ੍ਰਕਾਸ਼, ਪੂਰਬਾਰਧ ਧਿਆ ੮)*

---

*੧. ਤੀਰ। ੨. ਨਿਸ਼ਾਨੇ। ੩. ਬੀਰ ਭਦ੍ਰ ਸ਼ਿਵਾਂ ਦਾ ਗਣ। ਦੱਛ ਪਰਜਾ ਰਾਜੇ ਉੱਤੇ। ੪. ਦਾਸ-ਝੀਵਰ। ੫. ਚੰਡੀ ਬਿੜਾਲਛ ਦੈਂਤ ਉੱਤੇ। ੬. ਸੋਭਾ। ੭. ਪਰਸਰਾਮ। ੮. ਰਾਜਿਆਂ ਉੱਤੇ। ੯. ਰਾਮ ਚੰਦ੍ਰ। ੧੦. ਰਾਵਨ ਉੱਤੇ। ੧੧. ਬਲਰਾਮ। ੧੨. ਮਗਧ ਦੇਸ਼ ਦਾ ਰਾਜੇ ਜਰਾਸਿੰਧ ਉੱਤੇ। ੧੩. ਇੰਦਰ। ੧੪. ਪਹਾੜਾਂ ਉੱਤੇ। ੧੫. ਵਿਸ਼ਨੂੰ ਦਾ ਸੁਦਰਸ਼ਨ ਚੱਕਰ।*

ਭੰਗ ਪਾ ਕੇ ਰੱਖੀ ਹੋਈ ਹੈ। ਇਸ ਡਰ ਰੂਪ ਭੰਗ ਨੂੰ ਪੀ ਕੇ ਮੈਂ ਅਤੀਤੁ=ਫ਼ਕੀਰ, ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਸੰਸਾਰ ਵਲੋਂ ਮਸਤਾਨਾ ਹੋ ਗਿਆ ਹਾਂ।

ਬਾਬਰ ਨੇ ਕਿਹਾ-ਫ਼ਕੀਰਾਂ ਦੇ ਹੱਥ ਵਿਚ ਕਾਸਾ=ਪਿਆਲਾ ਹੁੰਦਾ ਹੈ, ਆਪ ਜੀ ਦੇ ਹੱਥ ਵਿਚ ਕਿਹੜਾ ਪਿਆਲਾ ਹੈ? *ਗੁਰ ਉੱਤਰ-*

## ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥ ੧॥

*ਪਦ ਅਰਥ:*-ਕਰ=ਹਥ, ਕਾਸਾ=ਪਿਆਲਾ (ਖੱਪਰ)।

ਹੱਥ ਹੀ ਸਾਡਾ ਪਿਆਲਾ ਹੈ, ਹੇ ਪ੍ਰਭੂ ! ਆਪ ਜੀ ਦੇ ਦਰਸ਼ਨਾਂ ਦੀ ਸਾਨੂੰ ਭੁੱਖ ਲੱਗ ਰਹੀ ਹੈ, ਮੈਂ ਆਪ ਜੀ ਦੇ ਸਤਸੰਗ ਰੂਪ ਦਰਵਾਜ਼ੇ ਪਰ ਜਾ ਕੇ ਨਿਤਾਪ੍ਰਤੀ ਦਰਸ਼ਨ ਰੂਪ ਭਿਖਿਆ ਨੂੰ ਮੰਗਦਾ ਹਾਂ॥ ੧॥

## ਤਉ ਦਰਸਨ ਕੀ ਕਰਉ ਸਮਾਇ॥
## ਮੈ ਦਰਿ ਮਾਗਤੁ ਭੀਖਿਆ ਪਾਇ॥ ੧॥ ਰਹਾਉ॥

*ਪਦ ਅਰਥ*-ਤਉ=ਆਪ ਦੇ, ਸਮਾਇ=ਇੱਛਾ, ਵਾ-ਮਸਤੀ। ਦਰਿ=ਦਰਵਾਜ਼ੇ ਸਤਸੰਗ।

ਮੈਂ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਕਰਦਾ ਹਾਂ, ਵਾ ਦਰਸ਼ਨ ਦੀ ਮਸਤੀ ਵਿਚ ਸਮਾ ਰਹਿਣਾ ਕਰਦਾ ਹਾਂ। ਮੈਂ ਆਪ ਜੀ ਦੇ ਸਤਸੰਗ ਰੂਪ ਦਰਵਾਜ਼ੇ ਪਰ ਖੜਾ ਹੋ ਕੇ ਮੰਗਦਾ ਹਾਂ, ਆਪ ਮੈਨੂੰ ਦਰਸ਼ਨ ਦੀ ਭਿਖਿਆ ਪਾਉਣਾ ਕਰੋ॥ ੧॥ ਰਹਾਉ॥

ਪੁਨਾ ਬਾਬਰ ਨੇ ਕਿਹਾ-ਨੀਚ ਜਾਤੀ ਵਾਲੇ ਭਗਤ ਤਾਂ ਅਪਵਿੱਤ੍ਰ ਹੋਣਗੇ ਉਨ੍ਹਾਂ ਦਾ ਸੰਗ ਕਰਨ ਨਾਲ ਤ੍ਰਰਨਾ ਨਹੀਂ ਹੁੰਦਾ ਹੋਵੇਗਾ? *ਗੁਰ ਉੱਤਰ-*

## ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥

*ਪਦ ਅਰਥ*-ਕੇਸਰਿ=ਕੰਗੂ (ਕੁੰਕਮ), ਕੁਸਮ=ਫੁੱਲ, ਮਿਰਗਮੈ=ਕਸਤੂਰੀ, ਹਰਣਾ=ਮਿਰਗਾਣ। ਜਿਵੇ ਕੇਸਰ, ਫੁੱਲ, ਕਸਤੂਰੀ ਅਤੇ ਮਿਰਗਾਣ ਆਦਿਕ ਸਭ ਚੀਜ਼ਾਂ ਪਵਿੱਤ੍ਰ ਹੋਣ ਕਰਕੇ (ਚੰਡਾਲ, ਜੁਲਾਹਾ, ਛੀਂਬਾ, ਨਾਈ ਆਦਿਕ) ਸਾਰਿਆਂ ਸਰੀਰਾਂ ਕਰਕੇ ਆਪਣੇ ਇਸ਼ਟ ਦੇਵ ਉੱਤੇ ਚੜ੍ਹਨੇ ਜੋਗ ਹਨ।

ਤਿਵੇਂ ਭਗਤ ਜਾਤੀ ਕਰਕੇ ਭਾਵੇਂ ਨੀਚ ਹਨ ਪਰ ਭਗਤੀ ਦੇ ਪ੍ਰਤਾਪ ਕਰਕੇ ਸਾਰਿਆਂ ਦੇ ਤਾਰਨ ਨੂੰ ਸਮਰੱਥ ਹਨ।

## ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥ ੨॥

ਜਿਵੇਂ ਚੰਦਨ ਦਾ ਬ੍ਰਿੱਛ ਹੋਰ ਜੰਗਲ ਦੇ ਸਾਰਿਆਂ ਬ੍ਰਿੱਛਾਂ ਨੂੰ ਪਰਮਲੁ=ਚੰਦਨ ਕਰ ਦੇਂਦਾ ਹੈ,

ਤਿਵੇਂ ਭਗਤਾਂ ਦਾ ਜੋਤਿ=ਸੁਭਾਅ ਭੀ ਇਨੇਹੀ=ਇਸੇ ਤਰ੍ਹਾਂ ਦਾ ਹੈ ਜੋ ਸਾਰਿਆਂ ਜੀਵਾਂ ਨੂੰ ਮਲ, ਵਿਖੇਪ ਅਵਿੱਦਿਆ ਆਦਿਕਾਂ ਤੋਂ ਰਹਿਤ ਕਰਕੇ ਪੂਰਨ ਮਹਾਤਮਾ ਕਰ ਦਿੰਦੇ ਹਨ।

ਵਾ-ਸਾਰਿਆਂ ਨੂੰ ਪਰਮਲੁ=ਚੰਦਨ ਰੂਪ ਭਾਵ ਬ੍ਰਹਮ ਸਰੂਪ ਕਰ ਦਿੰਦੇ ਹਨ॥ ੨॥

## ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

ਜਿਵੇਂ ਘਿਉ ਕਿਸੇ ਭਾਂਡੇ ਵਿਚ ਹੋਵੇ, ਕਿਉਂਕਿ ਪਹਿਲੇ ਘਿਉ ਚੰਮ ਦੇ ਕੁੱਪਿਆਂ ਵਿਚ ਆਉਂਦਾ ਸੀ, ਚਾਹੇ ਪਟ=ਰੇਸ਼ਮ ਕੀੜਿਆਂ ਵਿੱਚੋਂ ਪੈਦਾ ਹੁੰਦਾ ਹੈ, ਜਿਵੇਂ ਇਨ੍ਹਾਂ ਦੀ ਭਾਂਡਾ=ਭੰਡੀ ਕੋਈ ਨਹੀਂ ਕਹਿੰਦਾ। ਇਸੇ ਤਰ੍ਹਾਂ ਭਗਤੀ ਦੇ ਕਰਨ ਵਾਲਾ ਪੂਰਨ ਭਗਤ ਚਾਹੇ (ਬ੍ਰਾਹਮਣ, ਖਤ੍ਰੀ, ਸੂਦ੍ਰ, ਵੈਸਜ ਆਦਿਕ) ਕਿਸੇ ਵਿਚੋਂ ਭੀ ਹੋਵੇ ਅਤੇ ਚਾਹੇ (ਚੰਡਾਲ, ਜੁਲਾਹਾ, ਚਮਿਆਰ, ਨਾਈ, ਛੀਂਬਾ ਆਦਿਕ) ਕਿਸੇ ਅਵਰਨ ਵਿੱਚੋਂ ਭੀ ਹੋਵੇ ਉਸ ਦੀ ਭੰਡੀ ਵੀ ਕੋਈ ਨਹੀਂ ਕਰਦਾ, ਕਿਉਂਕਿ ਉਸ ਦੇ ਸੰਗ ਕਰਕੇ ਸਾਰਿਆਂ ਦਾ ਤਰਨਾ ਹੁੰਦਾ ਹੈ।

*ਯਥਾ-* "ਜਾਤਿ ਅਜਾਤਿ ਜਪੈ ਜਨੁ ਕੋਇ॥ ਜੋ ਜਾਪੈ ਤਿਸ ਕੀ ਗਤਿ ਹੋਇ॥"

*(ਭੈਰਉ ਮਹਲਾ ੫, ਪੰਨਾ ੧੧੫੦)*

## ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
## ਨਾਨਕ ਤਿਨ ਦਰਿ ਭੀਖਿਆ ਪਾਇ॥ ੩॥੧॥੨॥

ਗੁਰੂ ਜੀ ਕਥਨ ਕਰਦੇ ਹਨ, ਜਿਹੜੇ ਮਹਾਤਮਾ ਨਿਉਂ ਕੇ ਤੇਰੇ ਨਾਮ ਵਿਚ ਬਿਰਤੀ ਲਗਾ ਰਹੇ ਹਨ; ਉਨ੍ਹਾਂ ਦੇ ਸਤਸੰਗ ਰੂਪ ਦਰਵਾਜੇ ਤੋਂ ਮੈਨੂੰ ਨਾਮ ਰੂਪ ਵਾ-ਦਰਸ਼ਨ ਰੂਪ ਭਿਖਿਆ ਪਾਉਣਾ ਕਰ॥ ੩॥ ੧॥ ੨॥

## ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਬੇਨਤੀ ਕੀਤੀ, ਇਸ ਜੀਵ ਰੂਪ ਇਸਤ੍ਰੀ ਨੂੰ ਪ੍ਰਭੂ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ। *ਗੁਰ ਉੱਤਰ-*

## ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥

ਹੇ ਪਿਆਰੇ ! ਇਸ ਸੂਖਮ ਤਨੁ=ਸਰੀਰ ਭਾਵ ਮਨ ਨੂੰ ਮਾਇਆ ਰੂਪੀ ਪਾਹ ਲੱਗ ਰਹੀ ਹੈ, ਤੇ ਇਸ ਜੀਵ ਨੇ ਆਪਣੇ ਮਨ ਰੂਪ ਚੋਲੇ ਨੂੰ ਲਬ ਰੂਪੀ ਰੰਗ ਵਿਚ ਰੰਗਾ ਲੀਤਾ ਹੈ।

[ਪੰਨਾ ੭੨੨]

## ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥੧॥

ਹੇ ਪਿਆਰੇ ! ਇਸ ਤਰ੍ਹਾਂ ਦਾ ਚੋਲਾ ਮੇਰੇ ਪਤੀ ਨੂੰ ਭਾਂਵਦਾ ਨਹੀਂ ਹੈ, ਇਸ ਲਈ ਇਹ ਜੀਵ ਰੂਪੀ ਇਸਤ੍ਰੀ ਅੰਤ੍ਰਮੁਖ ਬਿਰਤੀ ਕਰਨੇ ਰੂਪ ਸੇਜਾ ਉੱਤੇ ਕਿਵੇਂ ਜਾ ਸਕਦੀ ਹੈ॥ ੧॥

## ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥

ਹੇ ਮੇਹਰਵਾਨ ! ਮੈਂ ਬਲਿਹਾਰ ਜਾਂਦਾ ਹਾਂ, ਮੈਂ ਸਦਾ ਹੀ ਕੁਰਬਾਨ ਜਾਂਦਾ ਹਾਂ।

## ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥

ਮੈਂ ਉਹਨਾਂ ਦੇ ਉੱਪਰੋਂ ਕੁਰਬਾਨ ਜਾਂਦਾ ਹਾਂ, ਜੋ ਆਪ ਜੀ ਦਾ ਨਾਮ ਜਪਦੇ ਹਨ।

## ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥੧॥ ਰਹਾਉ॥

ਜੋ ਆਪ ਜੀ ਦਾ ਨਾਮ ਜਪਦੇ ਹਨ, ਮੈਂ ਉਹਨਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

## ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥

ਹੇ ਪਿਆਰੇ ! ਜੇਕਰ ਕਾਇਆ=ਸ਼ੁੱਧ ਬੁੱਧੀ ਰੰਗਣਿ=ਮੱਟੀ ਹੋ ਜਾਵੇ, ਅਤੇ ਇਸ ਵਿਚ ਨਾਮ ਭਗਤੀ ਰੂਪ ਮਜੀਠਾ ਰੰਗ ਪਾ ਦੇਈਏ।

## ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥ ੨ ॥

ਜੇਕਰ ਰੰਗਣ ਵਾਲੇ ਗੁਰੂ ਸਾਹਿਬ ਜੀ ਰੂਪ ਲਲਾਰੀ ਅੰਤਹਕਰਨ ਰੂਪ ਕੱਪੜੇ ਨੂੰ ਇਸ ਰੰਗ ਵਿਚ ਰੰਗ ਦੇਣ ਤਾਂ ਅਜਿਹਾ ਰੰਗ ਚੜ੍ਹਦਾ ਹੈ ਜੋ ਅੱਗੇ ਕਦੇ ਦੇਖਿਆ ਨਾ ਹੋਵੇ॥ ੨॥

## ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥

ਹੇ ਪਿਆਰੇ ! ਜਿਨ੍ਹਾਂ ਦੇ ਅੰਤਹਕਰਨ ਰੂਪ ਚੋਲੇ ਪਿਆਰੇ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਗਏ ਹਨ, ਕੰਤੁ=ਪਤੀ ਪਰਮਾਤਮਾ ਉਹਨਾਂ ਦੇ ਕੋਲ ਵਸਦਾ ਹੈ।

## ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਏਹੋ ਅਰਦਾਸਿ=ਬੇਨਤੀ ਹੈ, ਜੇਕਰ ਉਹਨਾਂ ਦੀ ਚਰਨ ਧੂੜ ਜੀਅ ਨੂੰ ਮਿਲ ਜਾਵੇ ਤਾਂ ਕਲਿਆਣ ਹੁੰਦੀ ਹੈ॥ ੩॥

## ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥

(੧) ਉਹ ਪ੍ਰਭੂ ਆਪ ਹੀ ਜੀਵਾਂ ਨੂੰ ਸਾਜੇ=ਉਤਪਤ ਕਰਦਾ ਹੈ, ਆਪ ਹੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਆਪ ਹੀ ਨਾਮ ਰੰਗ ਵਿਚ ਰੰਗ ਦੇਂਦਾ ਹੈ।

(੨) ਆਪ ਹੀ ਗੁਰੂ ਰੂਪ ਹੋ ਕੇ ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹਨਾਂ ਨੂੰ ਆਪ ਹੀ ਸ਼ੁਭ-ਗੁਣਾਂ ਨਾਲ ਸਾਜਦਾ ਹੈ, ਅਤੇ ਆਪ ਹੀ ਬ੍ਰਹਮ ਰੰਗ ਵਿਚ ਰੰਗ ਦੇਂਦਾ ਹੈ।

## ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥ ੪ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਹੜੀ ਜੀਵ ਰੂਪ ਇਸਤ੍ਰੀ ਪਤੀ (ਪਰਮਾਤਮਾ) ਨੂੰ ਭਾਂਵਦੀ ਹੈ, ਉਹ ਆਪ ਹੀ ਉਸ ਦੇ ਅਨੰਦ ਰਾਵੇਇ=ਭੋਗਦੀ ਹੈ।

*ਅਥਵਾ*-ਉਸ ਨੂੰ ਆਪ ਹੀ ਪਤੀ-ਪਰਮਾਤਮਾ ਆਪਣੇ ਵਿਚ ਅਭੇਦ ਕਰ ਲੈਂਦਾ ਹੈ॥ ੪॥ ੧॥ ੩॥

## ਤਿਲੰਗ ਮਃ ੧ ॥

## ਇਆਨੜੀਏ ਮਾਨੜਾ ਕਾਇ ਕਰੇਹਿ॥

## ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥

ਹੇ ਇਆਨੜੀਏ=ਅਗਿਆਤ ਜੀਵ ਰੂਪ ਇਸਤ੍ਰੀਏ ! ਤੂੰ ਕਿਸੇ ਵਾਸਤੇ ਮਾਨੜਾ=ਹੰਕਾਰ ਕਰਦੀ ਹੈਂ। ਅਨੰਦ ਰੂਪ ਹਰੀ ਆਪਣੇ ਸਰੀਰ ਘਰ ਦੇ ਅੰਦਰ ਹੀ ਹੈ, ਤੂੰ ਉਸ ਦੇ ਰੰਗੋ=ਅਨੰਦ ਨੂੰ ਕਿਉਂ ਨਹੀਂ ਭੋਗਦੀ।

## ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥

ਉਹ ਸਹੁ=ਪਤੀ ਪਰਮਾਤਮਾ ਨੇੜੇ ਤੋਂ ਨੇੜੇ ਹੈ,

ਯਥਾ- "ਸੋ ਪ੍ਰਭੁ ਨੇਰੈ ਹੂ ਤੇ ਨੇਰੈ॥" (ਦੇਵਗੰਧਾਰੀ ੫, ਪੰਨਾ ੫੩੦)

ਹੇ ਕਮਲੀ ਧਨ= ਇਸਤ੍ਰੀ! ਤੂੰ ਬਾਹਰੋਂ ਕੀ ਢੂੰਡਦੀ ਫਿਰਦੀ ਹੈਂ।

ਯਥਾ-"ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥

(ਧਨਾਸਰੀ ਮਹਲਾ ੯, ਪੰਨਾ ੬੮੪)

ਉਹ ਪਤੀ ਕਿਵੇਂ ਪ੍ਰਾਪਤ ਹੁੰਦਾ ਹੈ? ਉੱਤਰ:-

## ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥

ਬੁੱਧੀ ਰੂਪ ਨੈਣੀ=ਅੱਖਾਂ ਵਿਚ ਪ੍ਰਭੂ ਦੇ ਭੈ ਦੀਆਂ ਅਰਥਾਤ ਡਰ ਧਾਰਨੇ ਰੂਪ ਸੁਰਮੇ ਦੀਆਂ ਸਲਾਈਆਂ ਦੇਣਾ ਕਰ, ਅਤੇ ਭਾਵ=ਪ੍ਰੇਮ ਦਾ ਸ਼ਿੰਗਾਰ ਕਰ ਲੈ।

## ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥ ੧॥

(੧) ਹੇ ਸੁਹਾਗਣ (ਜਗਿਆਸੂ ਰੂਪ) ਇਸਤ੍ਰੀ ! ਤਾਂ ਹੀ ਤੂੰ ਪਤੀ (ਪਰਮੇਸ਼ਰ) ਨਾਲ ਲਾਗੀ=ਲੱਗੀ ਹੋਈ ਜਾਣੀ ਜਾਵੇਂਗੀ, ਜਾਂ ਸਹੁ=ਪਤੀ ਪਰਮਾਤਮਾ ਤੇਰੇ ਨਾਲ ਪਿਆਰ ਧਾਰਨਾ ਕਰੇ।

(੨) ਜਾਂ ਤੂੰ ਇਸ ਕੰਮ ਵਿਚ ਲੱਗ ਗਈ, ਤਾਂ ਪਤੀ ਤੇਰੇ ਨਾਲ ਪਿਆਰ ਧਾਰੇਗਾ, ਫਿਰ ਤੂੰ ਸੋਹਾਗਣਿ=ਸੋਹਾਗਵੰਤੀ ਜਾਣੀ ਜਾਏਂਗੀ॥ ੧॥

## ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥

ਜਾਂ ਇਸਤ੍ਰੀ ਪਤੀ ਨੂੰ ਨਾ ਭਾਵੇ ਤਾਂ ਇਹ ਇਆਣੀ-ਬਾਲੀ=ਅਗਿਆਤ (ਜਗਿਆਸੂ ਰੂਪ) ਇਸਤ੍ਰੀ ਕੀ ਕਰ ਸਕਦੀ ਹੈ। ਭਾਵੇਂ-

## ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥

ਕੀਰਣੇ ਆਦਿਕ ਪਲਾਹ=ਯਤਨ ਬਥੇਰੇ ਕਰਦੀ ਹੈ, ਪਰ ਉਹ ਇਸਤ੍ਰੀ ਮਹਲੁ=ਸਰੂਪ ਨੂੰ ਨਹੀਂ ਪਾਂਵਦੀ।

## ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥

ਜੇਕਰ ਸ਼ਕਾਮ ਕਰਮਾਂ ਵਿਚ ਬਹੁਤ ਹੀ ਦੌੜਨਾ ਕਰੇ, ਪਰ ਨਿਸ਼ਕਾਮ ਕਰਮਾਂ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਹੁੰਦਾ।

## ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥

ਪਦਾਰਥਾਂ ਦੇ ਖਾਣ ਦੇ ਲਬ ਵਿਚ, ਪਦਾਰਥਾਂ ਦੇ ਇਕੱਤ੍ਰ ਕਰਨ ਦੇ ਲੋਭ ਵਿਚ, ਅਤੇ ਵਿੱਦਿਆ, ਜਾਤੀ ਆਦਿਕਾਂ ਦੇ ਹੰਕਾਰ ਦੀ ਮਾਤੀ=ਮਸਤੀ ਕਰਕੇ ਮਾਇਆ ਦੇ ਵਿਚ ਸਮਾਈ ਹੋਈ ਹੈ।

## ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥ ੨॥

ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਸਹੁ=ਪਤੀ (ਪਰਮਾਤਮਾ) ਪ੍ਰਾਪਤ ਨਹੀਂ ਹੁੰਦਾ, ਕਿਉਂਕਿ (ਜਗਿਆਸੂ ਰੂਪ) ਇਸਤ੍ਰੀ ਅਗਿਆਤ ਹੋ ਰਹੀ ਹੈ॥ ੨॥

ਜਗਿਆਸੂ ਨੇ ਕਿਹਾ, "ਉਹ ਪਤੀ ਕਿਵੇਂ ਪ੍ਰਾਪਤ ਹੁੰਦਾ ਹੈ ?" ਉੱਤਰ:-

## ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥

ਜੋ (ਸੰਤਾਂ ਰੂਪ) ਸੁਹਾਗਣ ਇਸਤ੍ਰੀਆਂ ਹਨ, ਵਾਹੈ=ਉਹਨਾਂ ਕੋਲੋਂ ਜਾ ਕੇ ਪੁੱਛੋ, ਕਿ ਕਿਨੀ=ਕਿਹੜੀਆਂ ਗੱਲਾਂ ਕਰਕੇ ਸਹੁ=ਪਤੀ (ਪਰਮਾਤਮਾ) ਪ੍ਰਾਪਤ ਹੁੰਦਾ ਹੈ? ਜਾਂ ਜਗਿਆਸੂ ਨੇ ਜਾ ਕੇ ਪੁੱਛਿਆ, ਤਾਂ (ਸੁਹਾਗਣ) ਸੰਤਾਂ ਨੇ ਕਿਹਾ:-

## ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥

ਪਤੀ (ਪਰਮਾਤਮਾ) ਜੋ ਕੁਝ ਭੀ ਕਰੇ ਉਸ ਨੂੰ ਭਲਾ ਕਰਕੇ ਮੰਨੀਏ ਭਾਵ ਉਸ ਦਾ ਭਾਣਾ ਮਿੱਠਾ ਕਰਕੇ ਮੰਨੀਏ, ਆਪਣੀ ਹਿਕਮਤਿ=ਸਿਆਣਪ ਤੇ ਹੁਕਮ ਨੂੰ ਚੁਕਾਈਐ=ਦੂਰ ਕਰ ਦੇਈਏ।

## ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥

ਜਿਨ੍ਹਾਂ ਸਤਿਗੁਰਾਂ ਦੇ ਪ੍ਰੇਮ ਕਰਕੇ ਗਿਆਨ-ਪਦਾਰਥ ਪਾਈਦਾ ਹੈ, ਤਉ=ਉਹਨਾਂ ਸਤਿਗੁਰਾਂ ਦੇ ਚਰਨਾਂ ਨਾਲ ਚਿੱਤ ਬਿਰਤੀ ਨੂੰ ਲਗਾਉਣਾ ਕਰੀਏ।

## ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥

ਸਹੁ=ਪਤੀ (ਪਰਮਾਤਮਾ) ਜੋ ਕਹੇ ਓਹੀ ਕਰੀਏ ਆਪਣਾ ਤਨ ਮਨ ਓਸੇ ਨੂੰ ਅਰਪਣ ਕਰ ਦੇਈਏ, ਇਸ ਤਰ੍ਹਾਂ ਦਾ ਪਰਮਲੁ=ਚੰਦਨ ਲਗਾਉਣਾ ਕਰੀਏ।

## ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥ ੩ ॥

ਸੁਹਾਗਣ ਇਸਤ੍ਰੀਆਂ ਏਵ=ਇਸ ਤਰ੍ਹਾਂ ਕਹਿੰਦੀਆਂ ਹਨ, ਹੇ ਭੈਣੇ! (ਜਗਿਆਸੂ ਰੂਪ ਇਸਤ੍ਰੀਏ) ਇਨੀ=ਇਨ੍ਹਾਂ ਗੱਲਾਂ ਕਰਕੇ ਉਹ ਸਹੁ=ਪਤੀ (ਪਰਮਾਤਮਾ) ਪਾਈਦਾ ਹੈ॥ ੩ ॥

## ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥

ਆਪੁ=ਹੰਕਾਰ ਨੂੰ ਛੱਡ ਦੇਈਏ ਤਾਂ ਸਹੁ=ਪਤੀ (ਪਰਮਾਤਮਾ) ਪਾਈਦਾ ਹੈ, ਹੋਰ ਚਤੁਰਾਈ ਕਰਨੀ ਕੈਸੀ ਭਾਵ ਨਿਸਫਲ ਹੈ।

## ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥

ਉਹ ਪਤੀ (ਪਰਮਾਤਮਾ) ਜਿਸ ਦਿਨ ਕਿਰਪਾ ਦ੍ਰਿਸ਼ਟੀ ਕਰਕੇ ਵੇਖਦਾ ਹੈ, ਉਹ ਦਿਨ ਲੇਖੇ ਵਿਚ ਹੈ ਭਾਵ ਸਫਲ ਹੁੰਦਾ ਹੈ, ਜਿਸ ਉੱਤੇ ਉਸ ਪਤੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ ਓਸੇ (ਜਗਿਆਸੂ ਰੂਪ) ਇਸਤ੍ਰੀ ਨੇ ਨੌਂ ਨਿੱਧੀ ਪਾਈ ਹੈ। ਵਾ:-ਨੌਂ ਨਿੱਧੀ ਰੂਪ ਸੁਆਮੀ ਦੀ ਪ੍ਰਾਪਤੀ ਪਾਈ ਹੈ।

## ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥

ਜਿਹੜੀ (ਜਗਿਆਸੂ ਰੂਪ) ਇਸਤ੍ਰੀ ਆਪਣੇ ਪਤੀ (ਪਰਮਾਤਮਾ) ਨੂੰ ਪਿਆਰੀ ਲੱਗੀ ਹੈ ਓਹੀ ਸੁਹਾਗਵੰਤੀ ਹੈ, ਗੁਰੂ ਜੀ ਕਥਨ ਕਰਦੇ ਹਨ, ਓਹੀ ਸਾਰਿਆਂ ਜੀਵਾਂ ਵਿਚੋਂ ਰਾਜਾ ਦੀ ਸ਼ਰੋਮਣ ਰਾਈ=ਰਾਣੀ ਹੋਈ ਹੈ।

*ਅਥਵਾ*-ਸ਼ੁਭ ਗੁਣਾਂ ਰੂਪੀ ਭਰਾਵਾਂ ਦੇ ਸ=ਸਹਿਤ ਹੋਈ ਹੈ। *ਅਥਵਾ:-* ਸਭ ਵਿਚੋਂ ਉਹ ਰਾਈ=ਪ੍ਰਕਾਸ਼ ਰੂਪ ਹੋਈ ਹੈ।

## ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥

ਜੋ ਇਸ ਤਰ੍ਹਾਂ ਦੇ ਰੰਗਿ=ਅਨੰਦ ਵਿਚ ਰਾਤੀ=ਰੰਗੀ ਹੋਈ, ਸਹਜ=ਸ਼ਾਂਤੀ ਆਦਿਕ ਗੁਣਾਂ ਦੀ ਮਾਤੀ=ਮਸਤੀ ਵਿਚ ਰਹਿੰਦੀ ਹੈ ਉਹ ਦਿਨ ਰਾਤ ਭਾਇ=ਪ੍ਰੇਮ ਵਿਚ ਸਮਾਈ ਰਹਿੰਦੀ ਹੈ।

## ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥ ੪ ॥ ੨ ॥ ੪ ॥

ਓਹੀ (ਜਗਿਆਸੂ ਰੂਪ) ਇਸਤ੍ਰੀ ਸੁੰਦਰ ਸਰੂਪ ਵਾਲੀ ਹੈ, *ਵਾ:*-ਸੁੰਦਰ ਹੈ ਤੇ (ਸਫਾਈ ਰੂਪੀ) ਰੂਪ ਦੇ ਸ=ਸਹਿਤ ਹੈ, ਬਿਚਖਣਿ=ਚਤੁਰ ਹੈ, *ਅਥਵਾ:*-ਬਿ=ਦ੍ਵੈਤ ਦੇ ਚ=ਪੁਨਾ ਖਣਿ=ਨਾਸ ਕਰਨ ਵਾਲੀ ਹੈ। *ਅਥਵਾ*-ਬਿ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪੀ ਚਖਣਿ=ਚੱਖੂਆਂ ਵਾਲੀ ਭਾਵ ਅੱਖਾਂ ਵਾਲੀ ਹੈ, ਅਤੇ ਓਹੀ ਇਸਤ੍ਰੀ ਸਭ ਨਾਲੋਂ ਸਿਆਣੀ ਕਹੀਦੀ ਹੈ॥ ੪॥ ੨॥ ੪॥

## ਤਿਲੰਗ ਮਹਲਾ ੧॥

**ਉਥਾਨਕਾ:**-ਗਰੀਬ ਨਿਵਾਜ਼ ਚਲੇ ਜਾ ਰਹੇ ਸਨ, ਰਸਤੇ ਵਿਚ ਗੋਬਿੰਦ ਲੋਕ ਮਿਲੇ, ਸਭਨਾਂ ਨੇ ਨਮਸ਼ਕਾਰ ਕਰਕੇਂ ਬੇਨਤੀ ਕੀਤੀ, "ਉਸ ਪ੍ਰਭੂ ਦੀ ਬਣਾਵਟ ਕੈਸੀ ਹੈ? ਜਿਸ ਤਰ੍ਹਾਂ ਦਾ ਉਸ ਦਾ ਰੂਪ ਰੰਗ ਹੈ ਆਪ ਕਿਰਪਾ ਕਰਕੇ ਦੱਸੋ ?" ਗੁਰੂ ਜੀ ਨੇ ਕਿਹਾ," ਸੰਤੋ ! ਉਸ ਦਾ ਅੰਤ ਨਹੀਂ ਜਾਣਿਆ ਜਾਂਦਾ "ਕਹਿਣ ਬਿਅੰਤ, ਅੰਤ ਇਹ ਆਹੀ।" ਜਿਹੜਾ ਉਸ ਨੂੰ ਬਿਅੰਤ ਕਹਿਣਾ ਹੈ ਏਹੋ ਉਸ ਦਾ ਅੰਤ ਹੈ। ਬਾਰ੍ਹਾਂ ਮਹੀਨਿਆਂ ਦਾ ਜੋ ਸਾਲ ਹੈ ਇਹ ਤਾਂ ਦੇਵਤਿਆਂ ਦਾ ਇਕ ਰਾਤ ਦਿਨ ਹੁੰਦਾ ਹੈ, ਇਸ ਤਰ੍ਹਾਂ ਦਾ ਦੋ ਹਜ਼ਾਰ ਜੁਗ ਦੇਵਤਿਆਂ ਦਾ ਹੋ ਜਾਵੇ ਤਾਂ ਬ੍ਰਹਮਾ ਦਾ ਇਕ ਦਿਨ ਰਾਤ ਹੁੰਦਾ ਹੈ। ਇਸ ਤਰ੍ਹਾਂ ਦੇ ਸੌ ਸਾਲ ਬੀਤ ਜਾਣ ਤਾਂ ਬ੍ਰਹਮਾ ਦੀ ਉਮਰਾ ਪੂਰੀ ਹੁੰਦੀ ਹੈ।

ਏਸੇ ਤਰ੍ਹਾਂ ਬ੍ਰਹਮਾ ਦਾ ਸੌ ਸਾਲ ਹੋ ਜਾਵੇ ਤਾਂ ਵਿਸ਼ਨੂੰ ਦਾ ਰਾਤ-ਦਿਨ ਹੁੰਦਾ ਹੈ, ਏਸੇ ਤਰ੍ਹਾਂ ਵਿਸ਼ਨੂੰ ਦਾ ਸੌ ਸਾਲ ਹੋ ਜਾਵੇ ਤਾਂ ਸ਼ਿਵਾਂ ਦਾ ਰਾਤ-ਦਿਨ ਹੁੰਦਾ ਹੈ।

"ਐਸੇ ਹੋਇ ਬਰਖ ਸ਼ਤ ਜਬਹੀ। ਤਨ ਕੋ ਛੋਰਿ ਦੇਹਿ ਸ਼ਿਵ ਤਬਹੀ।
ਇਤਨੋ ਕਾਲ ਬੀਤਿਓ ਜੋਈ। ਏਕ ਨਿਮਖ ਮਾਯਾ ਕੀ ਸੋਈ॥ ੧੩॥
ਤਿਸ ਮਾਯਾ ਕੋ ਨਾਂਹੀ ਅੰਤਾ। ਤਿਹ ਪਤਿ ਕੋ, ਕੋ ਕਹਿ ਬਿਰਤੰਤਾ।" *(ਅਧਿ. ੨੬)*

ਜੇਕਰ ਮਾਇਆ ਦਾ ਅੰਤ ਨਹੀਂ ਆਉਂਦਾ ਤਾਂ ਉਸ ਦੇ ਪਤੀ (ਪਰਮਾਤਮਾ) ਦਾ ਅੰਤ ਕੋਈ ਕਿਵੇਂ ਕਹਿ ਸਕਦਾ ਹੈ। ਇਸ ਤਰ੍ਹਾਂ ਦੇ ਬਚਨ-ਬਿਲਾਸ ਦੁਆਰਾ ਪ੍ਰਭੂ ਦੀ ਬਿਅੰਤਤਾ ਦੱਸਦੇ ਹੋਏ, ਚਲਦਿਆਂ ਚਲਦਿਆਂ ਅੱਗੋਂ (ਸੈਦਪੁਰ) ਏਮਨਾਬਾਦ ਸ਼ਹਿਰ ਆ ਗਿਆ, ਸ਼ਹਿਰ ਤੋਂ ਬਾਹਰ ਵਾਰ ਇਕ ਉੱਚਾ ਅਸਥਾਨ ਵੇਖ ਕੇ ਰੋੜਾਂ ਦਾ ਚੌਤਰਾ ਬਣਵਾ ਕੇ ਗੁਰੂ ਜੀ ਉਸ ਉੱਤੇ ਬੈਠ ਗਏ ਤੇ ਚਾਰ ਚੁਫੇਰੇ ਸੰਤ ਬੈਠ ਗਏ।* ਜਦ ਸਾਰਾ ਦਿਨ ਓਥੇ ਬੈਠਿਆਂ ਬੀਤ ਗਿਆ ਕਿਸੇ ਨੇ ਆ ਕੇ ਸੇਵਾ ਨਾ ਕੀਤੀ, ਭੁੱਖ ਨਾਲ ਫ਼ਕੀਰਾਂ ਦੇ ਮੂੰਹ ਕੁਮਲਾ ਗਏ।

*ਯਥਾ*- "ਹੁਤੇ ਫ਼ਕੀਰ ਸੰਗ ਤਿਹ ਥਾਏਂ। ਭਏ ਛੁਧਾਤੁਰ ਮੁਖ ਕੁਮਲਾਏ।
ਸਗਰੋ ਦਿਵਸ ਬਿਤੀਤਾ ਜਬ ਹੀ। ਭਾਈ ਨਿਸਾ ਬੋਲੇ ਪ੍ਰਭੁ ਤਬ ਹੀ॥ ੯॥
ਹੇ ਸੰਤਹੁ ! ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚਿ ਅਸਨ ਕੋ ਖਾਵਹੁ।
ਜੋ ਬੈਠਜੋ ਦੇਵੈ ਕੋ ਨਾਂਹੀ। ਘਰ ਮਹਿੰ ਜਾਇ ਜਾਚ ਕਿ ਨ ਖਾਹੀ॥ ੧੦॥"

---

**ਹੁਣ ਤਕ ਉਸ ਅਸਥਾਨ ਦਾ ਨਾਂ ਰੋੜੀ ਸਾਹਿਬ ਕਹਿੰਦੇ ਹਨ।*

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ਤੂੰ ਭੀ ਸੰਤਾਂ ਨਾਲ ਜਾ, ਆਉਂਦਿਆਂ ਭਾਈ ਲਾਲੋ ਨੂੰ ਬੁਲਾਈ ਲਿਆਈਂ। ਜਿਸ ਵੇਲੇ ਇਕ ਪਠਾਣ ਦੇ ਘਰੋਂ ਜਾ ਕੇ ਅੰਨ ਮੰਗਿਆ ਤਾਂ ਉਹ ਸ਼ਰਾਬਾਂ ਪੀ ਕੇ ਅੰਨ੍ਹੇ ਹੋਏ ਹੋਏ ਸਨ ਉਹਨਾਂ ਨੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ, ਸੱਟਾਂ ਲੱਗਣ ਕਰਕੇ ਉਥੋਂ ਹੀ ਉਹ ਸੰਤ ਵਾਪਸ ਆ ਗਏ, ਤੇ ਭਾਈ ਮਰਦਾਨਾ ਭਾਈ ਲਾਲੋ ਨੂੰ ਬੁਲਾ ਕੇ ਲੈ ਆਇਆ। ਗੁਰੂ ਜੀ ਨੇ ਪੁੱਛਿਆ, "ਕੀ ਸਬੱਬ ਹੈ ਛੇਤੀ ਵਾਪਸ ਆ ਗਏ ਹੋ ਭੋਜਨ ਛਕ ਆਏ ਹੋ? ਤਾਂ ਸੰਤਾਂ ਨੇ ਕਿਹਾ, ਭੋਜਨ ਕੀ ਛਕਣਾ ਹੈ, ਇਨ੍ਹਾਂ ਪਠਾਣਾਂ ਨੇ ਤਾਂ ਸਾਨੂੰ ਧੱਕੇ ਮਾਰ ਕੇ ਸੱਟਾਂ ਲਗਾਈਆਂ ਹਨ। ਉਸ ਵੇਲੇ ਗੁਰੂ ਜੀ-

**"ਸੁਨਤਿ ਅਵੱਗਯਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ॥**
**ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਜੋ ਸ਼ਬਦ ਮੁਖ ਐਸਾ॥ ੨੦॥**

*(ਨਾਨਕ ਪ੍ਰਕਾਸ਼, ਉਤ੍ਰਾਰਧ ਧਿਆ ੨੭)*

ਮਹਾਂਪੁਰਸ਼ਾਂ ਦੀ ਨਿਰਾਦਰੀ ਸੁਣਕੇ ਸਹਾਰ ਨਾ ਸਕੇ, ਉਸ ਵੇਲੇ ਭਾਈ ਲਾਲੋ ਨੂੰ ਸਤਿਗੁਰੂ ਜੀ ਨੇ ਮੁਖਾਤਬ ਕਰਕੇ ਸ਼ਬਦ ਉਚਾਰਨ ਕੀਤਾ-ਜਿਸ ਵਿਚ ਭਵਿੱਖਤ ਬਚਨ ਹਨ, ਜੋ ਸੈਦਪੁਰ (ਏਮਨਾਬਾਦ) ਵਿਚ ਹਾਲਾਤ ਹੋਏ ਹਨ; ਉਹਨਾਂ ਦਾ ਜ਼ਿਕਰ ਹੈ-

## ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

ਵੇ ਲਾਲੋ=ਹੇ ਭਾਈ ਲਾਲੋ ! ਜੈਸੀ ਖਸਮ=ਪਰਮਾਤਮਾ ਦੀ ਬਾਣੀ=ਆਗਿਆ ਮੈਨੂੰ ਆ ਕੇ ਪ੍ਰਾਪਤ ਹੋਈ ਹੈ ਤੈਸੜਾ=ਤਿਸੀ ਤਰ੍ਹਾਂ ਮੈਂ ਤੈਨੂੰ ਗਿਆਨੁ=ਜਨਾਵਣਾ ਕੀਤਾ ਹੈ।

## ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਏਮਨਾਬਾਦ ਵਾਲੇ ਪਠਾਣਾਂ ਨੇ ਜੋ ਪਾਪ ਕਰਮ ਕੀਤੇ ਹਨ ਇਨ੍ਹਾਂ ਪਾਪ ਕਰਮਾਂ ਦੀ ਹੀ ਜੰਞ ਲੈ ਕੇ ਬਾਬਰ ਕਾਬਲੋਂ ਧਾਇਆ=ਦੌੜ ਕੇ ਆਵੇਗਾ, ਅਤੇ ਹੇ ਭਾਈ ਲਾਲੋ ! ਇਨ੍ਹਾਂ ਤੋਂ ਜੋਰੀ=ਜ਼ਬਰਦਸਤੀ, ਅਥਵਾ:-ਜੋਰੀ= ਇਸਤ੍ਰੀਆਂ ਦਾ ਦਾਨ ਮੰਗੇਗਾ।

## ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਸਰਮੁ=ਲੱਜਿਆ ਤੇ ਧਰਮ ਦੋਨੋਂ ਹੀ ਛਪ ਖਲੋਣਗੇ, ਹੇ ਭਾਈ ਲਾਲੋ ! ਇਥੇ ਝੂਠ ਹੀ ਪਰਧਾਨੁ=ਮੁਖੀ ਹੋਇਆ ਫਿਰੇਗਾ। ਕਿਉਂਕਿ ਇਹ ਲੋਕ ਆਪਣੀ ਜਾਣ ਬਚਾਉਣ ਲਈ ਝੂਠ ਹੀ ਬੋਲਣਗੇ। ਪਹਿਲੇ ਤਾਂ ਮੁਸਲਮਾਨਾਂ ਦੇ ਮਜ਼੍ਹਬ ਵਿਚ ਕਾਜ਼ੀ ਨਿਕਾਹ ਪੜ੍ਹਾਉਂਦੇ ਸਨ ਤੇ ਹਿੰਦੂਆਂ ਵਿਚ ਬ੍ਰਾਹਮਣ ਵਿਆਹ ਪੜ੍ਹਾਉਂਦੇ ਸਨ, ਪਰ ਹੁਣ-

## ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥

*ਸ਼ੈਤਾਨ ਨੂੰ ਬਾਈਬਲ ਤੇ ਕੁਰਾਨ ਵਿਚ ਫਰਿਸ਼ਤਾ ਲਿਖਿਆ ਹੈ, ਜੋ ਆਦਮੀ ਨੂੰ ਬਦੀ ਵਲ ਪ੍ਰੇਰਦਾ ਹੈ। ਏਸੇ ਨੇ ਆਦਮ ਨੂੰ ਧੋਖਾ ਦੇ ਕੇ ਵਿ-ਵਰਜਿਤ ਫਲ ਖਵਾਇਆ ਸੀ। ਕੁਰਾਨ ਦੇ ਅਨੁਸਾਰ- ਸ਼ੈਤਾਨ ਕੇਵਲ ਅਗਨਿ ਤਤ ਤੋਂ ਬਣਿਆ ਹੈ, ਜਿਸ ਵੇਲੇ ਖ਼ੁਦਾ ਨੇ ਆਦਮ ਨੂੰ ਮਿੱਟੀ ਤੱਤ ਤੋਂ ਰਚ ਕੇ ਫਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਸਾਰੇ ਆਦਮ ਅੱਗੇ ਸਿਜਦਾ ਕਰੋ, ਤਿਸ ਵੇਲੇ ਸਭ ਫਰਿਸ਼ਤਿਆਂ ਨੇ ਹੁਕਮ ਦੀ ਤਾਮੀਲ ਕੀਤੀ, ਪਰ ਸ਼ੈਤਾਨ ਨੇ ਆਗਿਆ ਨਾ ਮੰਨੀ। ਖ਼ੁਦਾ ਨੇ ਕਿਹਾ, "ਤੂੰ ਮੇਰਾ ਕਹਿਣਾ ਮੰਨਕੇ ਸਿਜਦਾ ਕਿਉਂ ਨਹੀਂ ਕੀਤਾ?" ਤਾਂ ਸ਼ੈਤਾਨ ਨੇ ਕਿਹਾ, "ਮੈਂ ਅਗਨਿ ਤੱਤ ਤੋਂ ਬਣਿਆ ਹਾਂ। ਆਦਮ ਮਿੱਟੀ ਤੋਂ ਬਣਿਆ ਹੈ, ਇਸ ਲਈ ਉਹ ਮੇਰੇ ਤੋਂ ਨੀਊਣ ਹੈ। 'ਉਸ ਵੇਲੇ ਖ਼ੁਦਾ ਨੇ ਇਸ ਨੂੰ ਧ੍ਰਿਕਾਰ ਕੇ ਬਹਿਸ਼ਤ ਵਿਚੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ। ਸ਼ੈਤਾਨ ਨੇ ਰੰਜ ਵਿਚ ਆ ਕੇ ਖ਼ੁਦਾ ਨੂੰ ਆਖਿਆ, "ਹੱਛਾ! ਮੇਰੇ ਨਾਲ ਤਾਂ ਇਹ ਸਲੂਕ ਹੋਇਆ ਹੈ ਪਰ ਮੈਂ ਭੀ ਆਦਮ ਦੀ ਔਲਾਦ ਨੂੰ ਤੇਰੇ ਵੱਲ ਨਹੀਂ ਆਉਣ ਦਿਆਂਗਾ, ਅਤੇ ਹੋਰ ਆਦਮੀ ਭੀ ਤੇਰੇ ਸ਼ੁਕਰ ਗੁਜ਼ਾਰ ਨਹੀਂ ਹੋਣਗੇ।"*

ਕਾਜ਼ੀਆ ਤੇ ਬ੍ਰਾਹਮਣਾ ਦੀ ਤਾਂ ਗੱਲ ਹੀ ਥਕੀ=ਰਹਿ ਗਈ ਹੈ ਭਾਵ ਵਿਆਹ ਸਮੇਂ ਇਨ੍ਹਾਂ ਨੂੰ ਕੋਈ ਨਹੀਂ ਬੁਲਾਵੇਗਾ, ਹੇ ਭਾਈ ਲਾਲੋ! ਹੁਣ ਤਾਂ ਸੈਤਾਨੁ=ਕਾਮਦੇਵ ਹੀ ਅਗਦੁ=ਨਿਕਾਹ ਪੜ੍ਹੇਗਾ। ਭਾਵ ਕਾਮਦੇਵ ਦੇ ਜ਼ੋਰ ਕਰਕੇ ਆਪ ਹੀ ਇਸਤ੍ਰੀਆਂ ਨੂੰ ਚੁਕ ਕੇ ਲੈ ਜਾਣਗੇ।

## ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥

ਜੋ ਮੁਸਲਮਾਨੀਆਂ ਪੜਦਿਆਂ ਵਿਚ ਬੈਠ ਕੇ ਕਿਤਾਬਾਂ ਪੜ੍ਹਦੀਆਂ ਹਨ, ਹੇ ਭਾਈ ਲਾਲੋ! ਉਹ ਇਸਤ੍ਰੀਆਂ ਇਸ ਕਸ਼ਟ ਵਿਚ ਯਾ ਖੁਦਾ ਕੀ ਹੋਇਆ ਹੈ ਐਸੇ ਉਚਾਰਨ ਕਰਨਗੀਆਂ। ਵਾ:- ਖੁਦਾ ਦੇ ਵਾਸਤੇ ਛੱਡ ਦਿਓ ਇਸ ਤਰ੍ਹਾਂ ਉਚਾਰਨ ਕਰਨਗੀਆਂ।

## ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥

ਸ਼ਹਿਰ ਵਿਚ ਜੋ ਹਿੰਦੂਆਂ ਦੀਆਂ ਇਸਤ੍ਰੀਆਂ ਹਿੰਦਵਾਣੀਆਂ ਹਨ, ਅਤੇ ਹੋਰ ਜੋ ਸਨਾਤੀ=ਨੀਚ ਜਾਤੀ ਵਾਲੀਆਂ ਹਨ, ਹੇ ਭਾਈ ਲਾਲੋ! ਇਹ ਭੀ ਓਸੇ ਲੇਖੇ ਲੱਗ ਜਾਣਗੀਆਂ ਭਾਵ ਮੁਸਲਮਾਨੀਆਂ ਦੇ ਸਮਾਨ ਇਨ੍ਹਾਂ ਨੂੰ ਭੀ ਕਸ਼ਟ ਹੋਵੇਗਾ।

[ਪੰਨਾ ੭੨੩]

## ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥

ਜਿਵੇਂ ਜਨੇਤ ਵੇਲੇ ਸੋਹਿਲੇ ਗਾਏ ਜਾਂਦੇ ਹਨ ਤਿਵੇਂ ਇਸ ਵੇਲੇ ਖੂਨ ਦੇ ਸੋਹਿਲੇ (ਗੀਤ) ਗਾਇ ਜਾਣਗੇ, ਭਾਵ ਘਰ-ਘਰ ਵਿਚ ਰੋਣ ਦਾ ਸ਼ਬਦ ਹੋਵੇਗਾ, ਜਿਵੇਂ ਵਿਆਹ ਵੇਲੇ ਕੁੰਗੂ=ਕੇਸਰ ਛਿਣਕਦੇ ਹਨ, ਇਸ ਤਰਫ- ਹੇ ਭਾਈ ਲਾਲੋ! ਰਤੁ=ਲਹੂ ਦਾ ਕੁੰਗੂ=ਕੇਸਰ ਪਾਇਆ ਜਾਵੇਗਾ।

ਭਾਵ ਸਭ ਦੇ ਕਪੜੇ ਲਹੂ ਨਾਲ ਭਿੱਜ ਜਾਣਗੇ॥ ੧॥

## ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਤਾਂ ਮਾਲਕ (ਪਰਮਾਤਮਾ) ਦੇ ਗੁਣ ਗਾਂਵਦੇ ਹਾਂ, ਮਾਸ ਦੀ ਪੁਰੀ ਜੋ ਇਹ ਦੇਹ ਹੈ ਇਸ ਵਿੱਚ ਬੈਠਕੇ ਅਸਾਂ ਨੇ ਇਹ ਮਸੋਲਾ=ਮਸਲਾ (ਬਚਨ) ਆਖਿਆ ਹੈ।

*ਅਥਵਾ-* ਇਸ ਪੁਰੀ ਵਿਚ ਥਾਂ-ਥਾਂ ਭਾਵ ਘਰ-ਘਰ ਵਿਚ ਮਾਸ ਦੇ ਮਸਲੇ ਭਾਵ ਬਚਨ ਅਰਥਾਤ ਮੁਰਦਿਆਂ ਦੀਆਂ ਗੱਲਾਂ ਆਖਣਗੇ।

## ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥

ਜਿਸ ਪ੍ਰਭੂ ਨੇ ਦੁਨੀਆਂ ਪੈਦਾ ਕੀਤੀ ਹੈ ਓਸੇ ਨੇ ਇਸ ਰੰਗ ਵਿਚ ਰਵਾਈ=ਮੇਲੀ ਹੈ, ਅਤੇ ਉਹ ਆਪ ਹੀ ਇਕੱਲਾ ਵੱਖਰਾ ਬੈਠਕੇ ਵੇਖ ਰਿਹਾ ਹੈ।

## ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥

ਉਹ ਸਾਹਿਬ (ਪਰਮਾਤਮਾ) ਸੱਚਾ ਹੈ, ਉਸ ਦਾ ਤਪਾਵਸੁ=ਨਿਆਉ (ਇਨਸਾਫ਼) ਭੀ ਸੱਚਾ ਹੈ।

*ਅਥਵਾ-*ਉਸ ਦਾ ਤਪਾਵਸੁ=ਰਾਜ, ਵਾ-ਹੁਕਮ ਭੀ ਸੱਚਾ ਹੈ, ਉਹ ਅੱਗੇ ਭੀ ਸੱਚੇ ਨਿਆਉਂ ਦਾ ਹੀ ਮਸਲਾ ਕਰੇਗਾ। *ਅਥਵਾ:-*ਉਹ ਸੱਚਾ ਨਿਆਉਂ ਕਰੇਗਾ ਇਹ ਮਸਲਾ ਅਸਾਂ ਨੇ ਆਖਿਆ ਹੈ।

## ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥

ਜਿਸ ਵੇਲੇ ਇਨ੍ਹਾਂ ਦਾ ਕਾਇਆਂ ਰੂਪ ਕੱਪੜਾ ਟੁਕੜੇ ਟੁਕੜੇ ਹੋਵੇਗਾ,

ਉਸ ਵੇਲੇ ਹਿੰਦੁਸਤਾਨ ਸਾਡੇ ਕਹੇ ਹੋਏ ਬਚਨਾਂ ਨੂੰ ਯਾਦ ਕਰੇਗਾ।

ਅਰਥਾਤ ਏਮਨਾਬਾਦ ਵਾਲੇ ਪਠਾਣ ਸਮੇਂ ਦੇ ਆਉਣ ਪਰ ਯਾਦ ਕਰਨਗੇ ਕਿ ਕੋਈ ਫਕੀਰ ਆਇਆ ਸੀ ਤੇ ਸਰਾਪ ਦੇ ਗਿਆ ਸੀ। ਭਾਈ ਲਾਲੋ ਨੇ ਪੁੱਛਿਆ, ਗਰੀਬ ਨਿਵਾਜ਼! ਬਾਬਰ ਦੇ ਕਦ ਆਉਣਗੇ ਤੇ ਕਦੋਂ ਜਾਣਗੇ ? ਉੱਤਰ-

## ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥

੧੫੭੮ ਬਿ: ਸੰਮਤ ਵਿਚ ਮੁਗਲ ਆਵਨਿ=ਆਉਣਗੇ ਤੇ ੧੭੯੭ ਸੰਮਤ ਵਿਚ ਚਲੇ ਜਾਣਗੇ, ਹੋਰ ਭੀ ਮਰਦ=ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਤੇ ਉਨ੍ਹਾਂ ਦਾ ਚੇਲਾ ਗੁਰੂ ਗੋਬਿੰਦ ਸਿੰਘ ਸਾਹਿਬ ਉੱਠੇਗਾ। *ਅਥਵਾ:*-ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੇ ਚੇਲਾ ਖਾਲਸਾ ਪੰਥ ਉੱਠੇਗਾ।*

---

**ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਇਸ ਸਾਰੇ ਪ੍ਰਸੰਗ ਨੂੰ ਆਪਣੀ ਕਾਵਿ ਅੰਦਰ ਇਉਂ ਵਰਣਨ ਕਰਦੇ ਹਨ:-*

*ਦੋਹਰਾ॥ ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।*

*ਪੰਦਰਹਿ ਸੈ ਪੁਨ ਆਠਤਰੈ ਆਵਨ ਤਿਨ ਕੋ ਹੋਇ॥ ੩੭॥*

*ਚੌਪਈ॥ ਸੱਤ੍ਰਾਂ ਸੈ ਸਤਾਨਵੈ ਮਾਹੀ। ਸਫਾ ਦੂਰ ਤਿਨ ਕੀ ਹੈ ਜਾਹੀ। ਦੋ ਸੈ ਬਹੁਰੋ ਬਰਖ ਉਨੀਸੰ। ਕਰਹਿੰ ਰਾਜ ਹੋਵਹਿ ਅਵਨੀਸ਼ੰ॥ ੩੮॥ ਨਰ ਅਵਤਾਰ ਹਮਾਰਾ ਹੋਇ। ਚੇਲਾ ਤਾਂਹਿ ਖਾਲਸਾ ਜੋਇ। ਦਸ ਪਤਿਸ਼ਾਹੀ ਕਰਿਹੋਂ ਜਬਹੀ। ਪੀਛੈ ਹੋਇ ਖਾਲਸਾ ਤਬਹੀ॥ ੩੯॥ ਸਨੈ ਸਨੈ ਸੋ ਲੇਵਹਿ ਛੀਨੰ। ਤਬ ਤੁਰਕਨ ਹੋਵਹਿ ਬਲ ਹੀਨੰ। ਕਰਹਿੰ ਪਰਸਪਰ ਮੇਲ ਜਿ ਸੋਊ। ਬਧੈ ਰਾਜ ਦੁਸ਼ਟਨ ਘਰ ਖੋਊ॥ ੪੦॥ ਆਪਸ ਮਹਿੰ ਜੋ ਕਰਹਿੰ ਲਰਾਈ। ਗਿਸ ਬਸਿ ਹੁਇਕੈ ਸੋ ਦੁਖ ਪਾਈ। ਨਾਨਕ ਬਾਣੀ ਸੱਚ ਵਖਾਨਹਿ। ਪ੍ਰਗਟ ਹ੍ਵੈ ਨਰ ਤਬਹੀ ਜਾਨਹਿ॥ ੪੧॥*

*(ਨਾਨਕ ਪ੍ਰਕਾਸ਼, ਉਤ੍ਰਾਰਧ ਧਿਆਇ ੨੭)*

*ਨੋਟ-ਪਾਠਕ-ਜਨਾਂ ਨੂੰ ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਇਸ ਸ਼ਬਦ ਤੇ ਸੰਮਤ ਬਾਰੇ ਵਿਦਵਾਨਾਂ ਦੇ ਵੱਖੋ-ਵੱਖ ਮੱਤ-ਭੇਦ ਹਨ, ਜਿਨ੍ਹਾਂ ਦੇ ਖਿਆਲ ਸੰਪ੍ਰਦਾ ਦੇ ਨਾਲ ਮਿਲਦੇ ਹਨ ਓਹਨਾਂ ਦੇ ਖਿਆਲਾਂ ਨੂੰ ਹੂ-ਬ-ਹੂ ਅਸੀਂ ਹੇਠਾਂ ਛਾਪ ਰਹੇ ਹਾਂ। ਨੰਬਰ ੨ ਤੇ ਜਿਨ੍ਹਾਂ ਵਿਦਵਾਨਾਂ ਦੇ ਕੁਝ ਵਿਚਾਰ ਹੋਰ ਹਨ ਜੋ ਸੰਪ੍ਰਦਾ ਤੋਂ ਵੱਖ ਹਨ ਅਸੀਂ ਨੰ: ੨ ਦੇ ਹੇਠਾਂ ਉਹਨਾਂ ਦੇ ਵਿਚਾਰਾਂ ਨੂੰ ਵੀ ਹੂ-ਬਹੂ ਛਾਪ ਰਹੇ ਹਾਂ ਤਾਂ ਕਿ ਪਾਠਕ-ਜਨ ਚੰਗੀ ਤਰ੍ਹਾਂ ਵਿਚਾਰ ਲੈਣ, ਅਸੀਂ ਇਹ ਨਹੀਂ ਕਹਿੰਦੇ ਕਿ ਓਹਨਾਂ ਦੇ ਖਿਆਲ ਗਲਤ ਹਨ ਪਰ ਜੋ ਸੀਨੇ-ਬਸੀਨੇ ਮਹਾਂਪੁਰਖਾਂ ਤੋਂ ਸੰਪ੍ਰਦਾਇਕ ਵਿਚਾਰ ਚਲੇ ਆ ਰਹੇ ਹਨ ਤੇ ਇਤਿਹਾਸ ਨਾਲ ਸਹਿਮਤ ਹਨ ਓਹਨਾਂ ਨੂੰ ਮੁੱਖ ਰੱਖਿਆ ਹੈ, ਬਾਕੀ ਵਿਚਾਰ ਖੋਜ ਵਾਸਤੇ ਹੇਠਾਂ ਤਾਪ ਦਿੱਤੇ ਹਨ ਤਾਂ ਕਿ ਕੋਈ ਇਹ ਭੀ ਨਾ ਕਹੇ ਕਿ ਖੋਜ ਨਹੀਂ ਕੀਤੀ। ਬਾਕੀ ਰਹੇ ਵਿਚਾਰ।*

***੧. ਟੀਕਾ ਫਰੀਦਕੋਟ ਦੇ ਅਨੁਸਾਰ:-***

*ਅਬ ਜੋ ਪੰਦਰਾਂ ਸੌ ਅਠਤਰਾ ਸੰਮਤੁ ਹੈ ਇਸ ਮੇਂ ਦਿਲੀ ਵਿਖੇ ਮੁਗਲ ਆਵੇਂਗੇ (ਜਾਨਿ ਸਤਾਨਵੈ) ਪੁਨਾ ਸਤਾਰਾਂ ਸੈ ਸਤਾਨਵੇਂ ਸੰਮਤ ਵਿਖੇ ਦਿਲੀ ਤੇ ਚਲੇ ਜਾਵੇਂਗੇ (ਹੋਰ ਭੀ ਉਠਸੀ ਮਰਦ ਕਾ ਚੇਲਾ) ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪੁਨਾ ਤਿਨਕਾ ਚੇਲਾ ਖਾਲਸਾ ਜੀ ਉਠੇਗਾ ਅਰਥਾਤ ਹੋਇਗਾ। ਭਾਵ ਯਹਿ ਕਿ ਸਤਾਰਾਂ ਸੈ ਸਤਾਨਵੇਂ ਮੇਂ ਬਘੇਲ ਸਿੰਘ ਜੀ ਨੇ ਦਿਲੀ ਮਾਰੀ ਮਾਨੋ ਤਬ ਤੇ ਮੁਗਲ ਗਏ ਰਕਾਬ ਗੰਜ ਗੁਰਦੁਆਰੇ ਪਰ ਮਸੀਤ ਥੀ ਸੋ ਗਿਰਾਇ ਕਰ ਸ੍ਰੀ ਗੁਰੂ ਜੀ ਕੇ ਫੂਲੋਂ ਕੀ ਗਾਗਰ ਨਿਕਾਲ ਕਰ ਪੁਨਾ ਤਹਾਂ ਹੀ ਅਸਥਾਪਨ ਕਰ ਗੁਰਦਵਾਰਾ ਬਣਾਇਆ ਜਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ*

(ਬਾਕੀ ਦੇਖੋ ਫੁਟਨੋਟ ਸਫਾ ੨੭ ਤੇ)

# ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੱਚੇ ਪ੍ਰਭੂ ਦੀ ਬਾਣੀ ਨੂੰ ਆਖਿਆ ਹੈ, ਮੈਂ ਸੱਚ ਹੀ ਸੁਣਾਵਾਂਗਾ ਕਿਉਂਕਿ ਹੁਣ ਸੱਚ ਨਾਮ ਕਹਿਣ ਦਾ, ਅਥਵਾ:-ਸੱਚ ਕਹਿਣ ਦਾ ਵੇਲਾ ਅਰਥਾਤ ਅੰਮ੍ਰਿਤ ਵੇਲਾ ਹੈ। ਜਨਮ ਸਾਖੀ ਵਿਚ ਭੀ ਲਿਖਿਆ ਹੈ ਕਿ ਇਹ ਸ਼ਬਦ ਗੁਰੂ ਜੀ ਨੇ ਅੰਮ੍ਰਿਤ ਵੇਲੇ ਉਚਾਰਿਆ ਹੈ॥ ੨॥ ੩॥ ੫॥

---

*(ਸਫਾ ੨੬ ਦੇ ਫੁਟਨੋਟ ਦੀ ਬਾਕੀ)*

*ਜੀ ਦੇ ਸਰੀਰ ਦਾ ਸਸਕਾਰ ਹੂਆ ਹੈ ਦਿਲੀ ਦੇ ਬਾਹਿਰ ਲੁਬਾਨਿਉਂ ਕੇ ਗ੍ਰਾਮ ਮੇਂ ਦੋ ਕੋਸ ਪਰ ਹੈ ਤਿਸ ਕਾ ਨਾਮ ਰਕਾਬ ਗੰਜ ਗੁਰਦਵਾਰਾ ਪ੍ਰਸਿੱਧ ਹੈ।*

*ਵਾ-ਮਰਦ ਗੁਰ ਤੇਗ ਬਹਾਦਰ ਸਾਹਿਬ ਜੀ ਚੇਲਾ ਤਿਨਕਾ ਦਸਵੇਂ ਪਾਤਿਸ਼ਾਹਿ ਸਾਹਿਬੁ ਉਠੇਗਾ।*

*(ਦੂਜੀ ਐਡੀਸ਼ਨ (ਭਾਸ਼ਾ ਵਿਭਾਗ) ਪੰਨਾ ੧੪੯੩)*

*੨. ਸ੍ਰੀ ਮਾਨ ਸੰਤ ਗਿ: ਗੁਰਬਚਨ ਸਿੰਘ ਜੀ "ਖਾਲਸਾ" ਭਿੰਡਰਾਂ ਵਾਲਿਆਂ ਦੇ ਕਥਨ ਅਨੁਸਾਰ:- ਬਿਕ੍ਰਮੀ ੧੫੭੮ ਵਿੱਚ ਬਾਬਰ ਆਵੇਗਾ ਤੇ ੧੭੯੭ ਬਿਕ੍ਰਮੀ ਵਿੱਚ ਮੁਗਲਾਂ ਦਾ ਰਾਜ ਚਲਾ ਜਾਵੇਗਾ, ਮਰਦ ਸ੍ਰੀ ਗੁਰੁ ਗੋਬਿੰਦ ਸਿੰਘ ਸਾਹਿਬ ਜੀ, ਚੇਲਾ ਖਾਲਸਾ ਉਠੇਗਾ (ਇਹ ਵਰਤਾਰਾ ਵਰਤ ਚੁੱਕਾ ਹੈ)। (ਦੇਖੋ-ਗੁਰਬਾਣੀ ਪਾਠ ਦਰਸ਼ਨ (ਸਫਾ ੪੨੬)*

*੩. ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ:-*

*"ਚੁਗਤੇ" ਮੁਗਲ ਸਮਰਕੰਦ ਵਾਲੇ ਤਹਿਮੂਰ ਦਾ (ਜਿਸ ਨੂੰ ਤਿਮਰਲਿੰਗ ਭੀ ਆਖਦੇ ਹਨ) ਪੜੋਤਾ ਬਾਬਰ ਸ਼ਾਹ ਜੋ ਪਹਿਲੇ ਸੰ: ੧੫੭੪ ਬਿ: ਵਿਚ ਆ ਕੇ ਅਟਕ ਤੱਕ ਮੁਲਕ ਫਤੇ ਕਰ ਗਿਆ, ਫੇਰ ਸੰ: ੧੫੭੬ ਬਿ: ਵਿਚ ਕਸ਼ਮੀਰ, ਜੰਮੂ, ਰਾਵੀ ਤਕ ਆਯਾ ਤਾਂ ਖਬਰ ਆਈ ਕਿ ਬਦਖਸ਼ਾ ਵਾਲਾ ਬਾਦਸ਼ਾਹ ਸਮਰਕੰਦ ਪਰ ਚੜ੍ਹ ਆਇਆ ਹੈ, ਏਹ ਸੁਣ ਕੇ ਮੁੜ ਗਿਆ। ਤੀਜੀ ਵਾਰ ਸੰ: ੧੫੭੮ ਵਿਚ ਫੇਰ ਆਯਾ ਅੱਸੂ ਵਿਚ ਏਮਨਾਬਾਦ ਕਤਲ ਕੀਤਾ ਲੁਟਿਆ ਓਦੂੰ ਪਹਿਲੇ ਏਸ ਦਾ ਨਾਮ ਸੈਦ ਪੁਰਾ ਸੀ ਜੋ ਸੰ: ੧੨੬੨ ਬਿ: ਵਿਚ ਸੈਦਖਾਨ ਪੰਜਾਬ ਦੇ ਹਾਕਮ ਨੇ ਵਸਾਯਾ ਸੀ, ਫੇਰ ਉਜੜ ਗਿਆ ਸੰ: ੧੪੪੪ ਬਿ: ਨੂੰ ਫੀਰੋਜ਼ਸ਼ਾਹ ਤੁਗਲਕ ਦੀ ਦਾਈ ਏਮਨਾ ਨੇ ਆਬਾਦ ਕਰਕੇ ਏਮਨਾਬਾਦ ਨਾਮ ਰੱਖਯਾ। ਬਾਬਰ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਦੀ ਨੂੰ ਫਤੇ ਕਰਕੇ ਮੱਘਰ ਦੇ ਮਹੀਨੇ ਦਿੱਲੀ ਦਾ ਬਾਦਸ਼ਾਹ ਬਣ ਗਿਆ, ਫੇਰ ਸੰ: ੧੫੮੭ ਵਿਚ ਪੋਹ ਦੇ ਮਹੀਨੇ ਬਾਬਰ ਦੇ ਮਰੇ ਤੋਂ ਉਸ ਦਾ ਬੇਟਾ ਹਿਮਾਯੂੰ ਤਖਤ ਉਤੇ ਬੈਠਾ, ਜਿਸ ਨੂੰ ਸੰਨ (ਸੰ:) ੧੫੯੭ ਵਿਚ ਸ਼ੇਰ ਸ਼ਾਹ ਸੂਰੀ ਪਠਾਣ ਜੋਨਪੁਰ ਵਾਲੇ ਨੇ ਸਜੰਗ ਕਰ ਹਿੰਦੁਸਤਾਨ ਵਿਚੋਂ ਕੱਢ ਦਿਤਾ ਸੀ। ਇਕ ਤਾਂ ਏਸਤਰ੍ਹਾਂ "ਆਵਨਿ ਅਠਤਰੈ ਜਾਨਿ ਸਤਾਨਵੈ" ਗੁਰੂ ਜੀ ਦਾ ਬਚਨ ਸੱਤ ਹੋਯਾ। ਪਰ ਫੇਰ ਜਦ ਗੁਰੂ ਅੰਗਦ ਸਾਹਿਬ ਦੇ ਵਰ ਕਰਕੇ ਈਰਾਨ ਵਾਲੇ ਬਾਦਸ਼ਾਹ ਦੀ ਮਦਦ ਨਾਲ ਹਿਮਾਯੂੰ ਨੇ ਸੰ: ੧੬੧੩ ਬਿ: ਵਿਚ ਮੁੜ ਦਿੱਲੀ ਦੀ ਬਾਦਸ਼ਾਹ ਮੁਹੰਮਦੀ ਸ਼ਾਹ ਅਦਲੀ ਬਾਦਸ਼ਾਹ ਪਾਸੋਂ (ਜਿਸ ਦਾ ਵਜ਼ੀਰ ਹੇਮੂੰ ਬਾਣੀਆਂ ਸੀ, ਜਿਸ ਨੇ ਆਪਣਾ ਸਿੱਕਾ ਚੰਮ ਦੇ ਰੁਪਏ ਸੋਨੇ ਦੀ ਮੇਖ ਵਾਲੇ ਚਲਾਏ ਸੇ (ਛੀਨ ਲਈ) ਏਸੇ ਬਾਦਸ਼ਾਹ ਨੇ ਰਾਂਝੇ ਨੂੰ ਖੇੜਿਆਂ ਤੋਂ ਹੀਰ ਦਿਵਾਈ ਸੀ) ਦੂਜੀ ਰੀਤ ਹਿਮਾਯੂੰ ਤੋਂ ਦਸਵੀਂ ਪੀਹੜੀ ਮੁਹੰਮਦ ਸ਼ਾਹ ਦੇ ਸਮੇਂ ਸੰ: ੧੭੯੭ ਬਿ: ਵਿਚ ਨਾਦਰ ਸ਼ਾਹ ਈਰਾਨ ਵਾਲਾ ਸਜੰਗ ਫਤੇ ਕਰ ੩੨ ਕਰੋੜ ਦਾ ਖਜ਼ਾਨਾ ਦਿੱਲੀ ਵਿੱਚੋਂ ਲੈ ਕੇ ਪ੍ਰਤੀ ਦਿਨ ਤਖਤ ਉਤੇ ਬੈਠਕੇ ਦਿੱਲੀ ਵਿਚ ਕਤਲਾਮ ਕਰ ਚਲਾ ਗਿਆ, ਤਦ ਤੋ ਮੁਗਲਾਂ ਦੀ ਬਾਦਸ਼ਾਹੀ ਜਾਂਦੀ ਰਹੀ। ਫੇਰ ਗੁਰੂ ਗੋਬਿੰਦ ਸਿੰਘ ਜੀ ਮਰਦ ਦਾ ਚੇਲਾ ਖਾਲਸਾ ਉੱਠ ਪਿਆ, ਜਮਨਾ ਤੇ ਅਟਕ ਵਿੱਚ ਸਾਰਾ ਮੁਲਕ ਸੰਭਾਲ ਲੀਤਾ, ਗੁਰੂ ਦਾ ਬਚਨ ਸੱਚਾ ਹੋਯਾ।*

*(ਤਵਾਰਿਖ ਗੁਰੂ ਖਾਲਸਾ ਹਿੱਸਾ ੧, ਸਫਾ ੬੭ ਭਾਸ਼ਾ ਵਿਭਾਗ)*

*੪. ਪ੍ਰਸਿੱਧ ਇਤਿਹਾਸਕਾਰ ਗਿਆਨੀ ਤਰਲੋਕ ਸਿੰਘ ਜੀ 'ਤੁਫਾਨ' ਆਪਣੇ ਵਾਰਤਕ ਸੂਰਜ ਪ੍ਰਤਾਪ ਭਾਵ ਨਿਰੰਕਾਰੀ ਦਰਸ਼ਨ ਦੇ ਸਫਾ ੪੩੭-੩੮ ਵਿਚ ਸ਼ਬਦ ਦਾ ਅਰਥ ਕਰਦਿਆਂ ਇਹੋ ਸੰਮਤ ੧੭੯੭ ਹੀ ਸਹੀ ਮੰਨਦੇ ਹਨ। ਉਹ ਲਿਖਦੇ ਹਨ-*

*(ਬਾਕੀ ਦੇਖੋ ਫੁਟਨੋਟ ਸਫਾ ੨੮ ਤੇ)*

(ਸਫ਼ਾ ੨੭ ਦੇ ਫੁਟਨੋਟ ਦੀ ਬਾਕੀ)

"ਜਿਨ੍ਹਾਂ ਦੇ ਆਉਣ ਦਾ ਅਸੀ ਜ਼ਿਕਰ ਕਰਦੇ ਹਾਂ, ਉਹ ਲੋਕ ਪੰਦਰਾਂ ਸੌ ਅਠੱਤਰ (੧੫੭੮) ਵਿਚ ਆਉਣਗੇ ਤੇ ੧੭੯੭ ਬਿ: ਵਿਚ ਜਾਣਗੇ। ਉਨ੍ਹਾਂ ਦੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਹੋਣਗੇ ਜੋ ਧਰਮ ਦਾ ਪ੍ਰਚਾਰ ਕਰਨਗੇ। ਇਹ ਗੱਲਾਂ ਸਚੀਆਂ ਹਨ।"

੫. ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਦੇ ਕਥਨ ਅਨੁਸਾਰ:-

'ਤਿਲੰਗ ਰਾਗ ਵਿਚ ਗੁਰੂ ਨਾਨਕ ਦੇਵ ਦਾ ਇਹ ਭਵਿਖਤ ਦਾ ਹਾਲ ਪ੍ਰਗਟ ਕਰਨ ਵਾਲਾ ਹੈ, ਜੋ ਭਾਈ ਲਾਲੋ ਪ੍ਰੇਮੀ ਨੂੰ ਸੰਬੋਧਨ ਕਰਕੇ ਉਚਾਰਿਆ ਹੈ, ਯਥਾ-ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ" ਇਸ ਦਾ ਅਰਥ ਇਹ ਹੈ ਕਿ ਇਸ ਥਾਂ ਸੈਦਪੁਰ (ਏਮਨਾਬਾਦ) ਵਿਚ ਮੁਗਲ ੧੫੭੮ ਬਿਕ੍ਰਮੀ ਨੂੰ ਆ ਕੇ ਹੰਕਾਰੀ ਪਠਾਣਾਂ ਨੂੰ ਤਬਾਹ ਕਰਨਗੇ, ਅਤੇ ਭਾਰਤ ਤੋਂ ਸੰਮਤ ੧੫੯੭ ਨੂੰ ਚਲੇ ਜਾਣਗੇ, ਪਠਾਣਾਂ ਵਿਚੋਂ ਭੀ ਇਕ ਹੋਰ ਮਰਦ ਦਾ ਚੇਲਾ ਪ੍ਰਗਟ ਹੋਵੇਗਾ।

ਬਾਬਰ ਦੇ ਹਿੰਦੁਸਤਾਨ ਉਪਰ ਪੰਜ ਹੱਲੇ ਹੋਏ ਹਨ, ਇਹ ਤੀਜਾ ਹੱਲਾ ਸੰਮਤ ੧੫੭੮ ਦਾ ਸੀ। ਜਿਸ ਵਿਚ ਸੈਦਪੁਰ ਦੇ ਅਹੰਕਾਰੀ ਪਠਾਣ ਬਾਬਰ ਨੇ ਕਤਲ ਕੀਤੇ, ਸੰਮਤ ੧੫੯੭ ਵਿਚ ਕਨੌਜ ਦੀ ਲੜਾਈ ਅੰਦਰ ਸ਼ੇਰ ਸ਼ਾਹ ਤੋਂ ਹਾਰ ਖਾ ਕੇ ਹਮਾਯੂੰ ਭਾਰਤ ਛੱਡ ਗਿਆ "ਭੀ" ਸ਼ਬਦ ਬੋਧਨ ਕਰਦਾ ਹੈ ਕਿ ਮੁਗਲਾਂ ਕਰਕੇ ਜਿੱਤੇ ਹੋਏ ਪਠਾਣ ਫੇਰ ਭੀ ਰਾਜ ਪਾਉਣਗੇ, ਜੋ ਸ਼ੇਰ ਸ਼ਾਹ ਨੇ ਦਿੱਲੀ ਦਾ ਤਖਤ ਪ੍ਰਾਪਤ ਕੀਤਾ।" (ਤੇਖੋ ਸ਼ਬਦ "ਆਵਨਿ ਅਠਤਰੈ"ਮਹਾਨ ਕੋਸ਼)

੬. ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਕਥਨ ਅਨੁਸਾਰ:-

ਅਠਤਰੈ-ਅਠੱਤਰ ਵਿਚ, ਸੰਮਤ ੧੫੭੮ ,ਵਿਚ (ਸੰਨ ੧੫੨੨) ਵਿਚ। ਨੋਟ-ਗੁਰੂ ਨਾਨਕ ਦੇਵ ਜੀ ਤੀਜੀ ਉਦਾਸੀ ਸਮੇਂ ਸੰਨ ੧੫੧੮ ਵਿਚ ਮੱਕੇ ਨੂੰ ਗਏ ਸਨ! ਉਥੋਂ ਈਰਾਨ ਦੇਸ਼ ਤੇ ਅਫਗਾਨਿਸਤਾਨ ਦੇਸ਼ ਦੇ ਰਾਜਿਆਂ ਦੇ ਨਾਲ ਮਿਲਕੇ ਬਗਦਾਦ ਤੇ ਕਾਬਲ ਦੇ ਰਸਤੇ ਵਾਪਸ ਆ ਕੇ ਏਮਨਾਬਾਦ ਸੰਨ ੧੫੨੧ ਵਿਚ ਉਸ ਵੇਲੇ ਪਹੁੰਚੇ ਸਨ, ਜਦੋ ਬਾਬਰ ਸ਼ਹਿਰ ਸਿਆਲਕੋਟ ਨੂੰ ਮਾਰ ਕੇ ਇਥੇ ਪਹੁੰਚਿਆ ਸੀ।

ਜਾਨਿ=ਜਾਂਦੇ ਹਨ, ਜਾਣਗੇ। ਸਤਾਨਵੈ-ਸੰਮਤ ੧੫੯੭ ਵਿਚ (ਸੰਨ ੧੫੪੦ ਵਿਚ) ਉਠਸੀ=ਉਠੇਗਾ। ਤਾਕਤ ਫੜੇਗਾ। ਮਰਦ ਦਾ ਚੇਲਾ=ਸੂਰਮਾ।

ਨੋਟ-ਸ਼ੇਰ ਸ਼ਾਹ ਸੂਰੀ ਨੇ ਬਾਬਰ ਦੇ ਪੁੱਤਰ ਹਮਾਯੂੰ ਨੂੰ ਹਿੰਦੁਸਤਾਨ ਵਿੱਚੋਂ ਮਾਰ ਭਜਾਇਆ ਤੇ ਆਪ ਸੰਨ ੧੫੪੦ ਵਿੱਚੋ ਦਾ ਰਾਜ ਸਾਂਭਿਆ ਸੀ। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਪੰਜਵੀਂ ਸਫ਼ਾ ੩੧੫)

੭. ਸ਼ਬਦਾਰਥ ਅਨੁਸਾਰ:-

ਮੁਗਲ ਸੰਨ ੭੮ ਵਿਚ ਆਉਣਗੇ ਅਤੇ ੯੭ ਵਿਚ ਚਲੇ ਜਾਣਗੇ, ਜਦੋਂ ਕਿ ਹੋਰ ਸੂਰਮਾ ਪੈਦਾ ਹੋਵੇਗਾ ਇਥੇ ਬਾਬਰ ਦੇ ਸੰਮਤ ੧੫੭੮ ਵਿਚ ਏਮਨਾਬਾਦ ਆਉਣਗੇ ਅਤੇ ਹਮਾਯੂੰ ਦੇ ੧੫੯੭ ਵਿਚ ਹਿੰਦ ਤੋਂ ਨੱਠ ਜਾਣ ਵਲ ਇਸ਼ਾਰਾ ਹੈ। 'ਮਰਦ ਕਾ ਚੇਲਾ' ਤੋਂ ਭਾਵ ਸ਼ੇਰ ਸ਼ਾਹ ਸੂਰੀ ਮਲੂਮ ਹੁੰਦਾ ਹੈ। ਜਿਸ ਨੇ ਮੁਗਲ ਰਾਜ ਨੂੰ ਹਿੰਦ ਵਿੱਚੋ ਕੱਢ ਕੇ ਆਪਣਾ ਰਾਜ ਕਾਇਮ ਕੀਤਾ। ਇਹ ਸੱਚੀ ਮੁਚੀ ਮਰਦ ਅਖਵਾਣ ਜੋਗਾ ਸੀ। ਕਿਉਂਕਿ ਇਸ ਨੇ ਪਹਿਲੀ ਵੇਰ ਹਿੰਦੂਆਂ ਤੇ ਮੁਸਲਮਾਨਾਂ ਲਈ ਇਕ ਸਾਂਝਾ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ। ਅਕਬਰ ਭੀ ਪਿਛੋਂ ਜਾਨੋ ਇਸੇ ਦੇ ਪੂਰਨਿਆਂ ਉਤੇ ਕੰਮ ਕਰਦਾ ਰਿਹਾ। (ਦੇਖੋ-ਸ਼ਬਦਾਰਥ ਸਫ਼ਾ ੭੨੩ ਨੰ: ੪ ਦੀ ਟਿੱਪਣ) ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਦੇ ਟਿੱਪਣ ਕਰਦਿਆਂ ਆਪਣੇ ਵਿਚਾਰ ਇਉਂ ਦਿੱਤੇ ਹਨ:-

ਜਦ ਗੁਰੂ ਜੀ ਦਾ ਸ਼ਬਦ ਪੜ੍ਹੋ ਤਾਂ ਉਸ ਤੋਂ ਸਮਝ ਸਾਫ ਪੈਂਦੀ ਹੈ ਕਿ ਇਹ ਪੇਸ਼ੀਨਗੋਈ (ਭਵਿੱਖਤ ਵਾਕ) ਹੈ, ਤੇ 'ਟੁਕੁ ਟੁਕੁ ਹੋਸੀ' 'ਸੰਭਾਲਸੀ' 'ਉਠਸੀ' ਸਭ ਕ੍ਰਿਯਾ ਭਵਿਖਤ ਦੀ ਹੋਣੀ ਦੱਸ ਰਹੀਆਂ ਹਨ, ਫੇਰ ਕਾਬਲੋਂ ਟੁਰੇਗਾ, ਇਹ ਪਤਾ ਪਹਿਲੋਂ ਦੇਂਦੇ ਹਨ। ਸੋ ਇਹ ਸ਼ਬਦ ਦੱਸਦਾ ਹੈ ਕਿ ਬਾਬਰ ਦੇ ਕਾਬਲੋਂ ਟੁਰਨ ਤੋਂ ਪਹਿਲੇ ਦੇ ਏਹ ਵਾਕ ਹਨ, ਤੇ ਕਾਬਲੋਂ ਟੁਰਕੇ ਕੋਈ ਇਕ ਦਿਨ ਵਿਚ ਨਹੀਂ ਅੱਪੜ ਸਕਦਾ। ਤਾਂ ਤੇ ਏਹ ਵਾਕ ਪਹਿਲੋਂ ਦੇ ਹਨ ਤੇ ਬਾਬਰ ਦੂਏ ਦਿਨ ਨਹੀਂ, ਪਰ ਕੁਛ ਚਿਰ ਮਗਰੋਂ ਏਮਨਾਬਾਦ ਪਹੁੰਚਾ ਹੈ, ਏਮਨਾਬਾਦ ਦਾ ਤਦੋਂ ਨਾਉਂ ਸੈਦਪੁਰ ਸੰਡਿਆਲੀ ਯਾ ਸਹਰਾਲੀ ਸੀ। ਤਵਾਰੀਖ ਖਾ: ਵਿਚ ਲਿਖਿਆ ਹੈ ਕਿ ਭਵਿੱਖਤ ਵਾਕ ਸਤਿਗੁਰੂ ਜੀ ਨੇ ਸੰਮਤ ੧੫੬੯ ਬਿ: ਨੂੰ ਉਚਾਰਿਆ ਸੀ ਤੇ ਏਮਨਾਬਾਦ ਦੀ ਕਤਲਾਮ ਸੰ: ੧੫੭੮ ਵਿਚ ਹੋਈ ਹੈ। (ਗੁਰੂ ਨਾਨਕ ਪ੍ਰਕਾਸ਼, ਉਤ੍ਰਾਰਧ ਅਧਿ: ੨੭ ਸਫ਼ਾ ੯੯੭)

## ਤਿਲੰਗ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਰਮੇਸ਼ਰ ਦੀ ਉਸਤਤੀ ਕਰਦੇ ਹੋਏ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ-

**ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥**

ਖਸਮ (ਪਰਮਾਤਮਾ) ਦੇ ਹੁਕਮ ਵਿਚ ਸਾਰੇ ਜੀਵ ਆਏ ਹਨ, ਅਤੇ ਸਾਰੇ ਜੀਵ ਉਸੇ ਦੇ ਹੁਕਮ ਵਿਚ ਵਰਤ ਰਹੇ ਹਨ।

**ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥ ੧ ॥**

ਉਹ ਸਾਹਿਬ ਪਰਮਾਤਮਾ ਸੱਚਾ ਹੈ, ਉਸ ਦਾ ਜਗਤ ਰੂਪ ਖੇਲ ਭੀ ਸੱਚਾ ਹੈ, ਉਹ ਹਰੀ ਹੀ ਸਾਰਿਆਂ ਦਾ ਧਨੀ=ਮਾਲਕ ਹੈ, *ਅਥਵਾ*-ਹਰੀ ਮਾਲਕ ਦਾ ਸਾਰਿਆਂ ਉਤੇ ਹੁਕਮ ਹੈ॥ ੧ ॥

**ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥**

ਜੋ ਹਰੀ ਮਾਲਕ ਸਾਰਿਆਂ ਉਤੇ ਹੁਕਮ ਕਰਦਾ ਹੈ ਉਸ ਸੱਚੇ ਨੂੰ ਸਲਾਹੁਦਾ ਕਰੋ।

**ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ ਰਹਾਉ ॥**

ਜਿਸ ਪ੍ਰਭੂ ਦਾ ਕੋਈ ਸ਼ਰੀਕ ਨਹੀਂ ਹੈ, ਉਸ ਦੀ ਬਰਾਬਰੀ ਦੇ ਲੇਖੇ ਵਿਚ ਮੈਂ ਕਿਸ ਨੂੰ ਗਿਣਾਂ ਕਿਉਂਕਿ ਉਸ ਵਰਗਾ ਹੋਰ ਕੋਈ ਨਹੀਂ ਹੈ॥ ਰਹਾਉ ॥

**ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥**

(੧) ਪਉਣ=ਹਵਾ, ਪਾਣੀ, ਧਰਤੀ, ਅਕਾਸ਼, ਘਰ ਤੇ ਮੰਦਰ ਆਦਿਕ ਸਭ ਦੁਨੀਆਂ ਹਰੀ ਤੋਂ ਹੀ ਬਣੀ ਹੈ।

(੨) ਪੌਣ, ਪਾਣੀ, ਧਰਤੀ, ਅਕਾਸ਼ ਆਦਿਕ ਪੰਜਾਂ ਤੱਤਾਂ ਤੋਂ ਘਰ=ਸਰੀਰ ਨੂੰ ਰਚ ਕੇ ਆਪ ਹਰੀ ਇਸ ਦੇ ਮੰਦਰ=ਅੰਦਰ ਬਣ ਰਿਹਾ ਭਾਵ ਬਿਰਾਜ ਰਿਹਾ ਹੈ।

**ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥ ੨ ॥ ੧ ॥**

ਗੁਰੂ ਜੀ ਕਥਨ ਕਰਦੇ ਹਨ, ਜਾਂ ਉਹ ਪ੍ਰਭੂ ਆਪ ਹੀ ਸਾਰੀਆਂ ਵਿਚ ਵਰਤ ਰਿਹਾ ਹੈ, ਤਾਂ ਕਹੁ ਖਾਂ ਝੂਠਾ ਕਿਸ ਨੂੰ ਗਿਨਣਾ ਕਰੀਏ।

*ਯਥਾ:*- "ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥" *(ਸੁਖਮਨੀ, ਪੰਨਾ ੨੯੪)*

**ਤਿਲੰਗ ਮਹਲਾ ੪ ॥ ਨਿਤ ਨਿਹਫ਼ਲ ਕਰਮ ਕਮਾਇ ਬਫਾਵੈ ਦੁਰਮਤੀਆ ॥**

ਦੁਰਮਤੀਆ=ਖੋਟੀ ਮਤ ਵਾਲਾ ਜੀਵ ਨਿਤਾਪ੍ਰਤੀ ਨਿਹਫਲ=ਨਿਸਫਲ ਭਾਵ ਨਿਕੰਮੇ ਕਰਮ ਕਰਦਾ ਹੋਇਆ ਬਫਾਵੈ=ਹੰਕਾਰ ਕਰਦਾ ਹੈ।

**ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥ ੧ ॥**

ਜਿਸ ਵੇਲੇ ਵਲਵੰਚ=ਠੱਗੀਆਂ ਕਰਿ=ਕਰਕੇ ਝੂਠੇ ਧਨ ਨੂੰ ਆਣੈ=ਲਿਆਉਂਦਾ ਹੈ, ਤਿਸ ਵੇਲੇ ਜਾਣਦਾ

ਹੈ ਕਿ ਜਗਤ ਨੂੰ ਮੈਂ ਜਿਤੀਆ=ਜਿੱਤ ਲਿਆ ਹੈ॥ ੧॥

## ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ॥

ਸੰਸਾਰ ਐਸਾ ਹੈ ਜਿਵੇ ਬਾਜੀਗਰ ਦੀ ਖੇਡ ਹੁੰਦੀ ਹੈ, ਪਰ ਇਹ ਜੀਵ ਇਸ ਸੰਸਾਰ ਬਾਜੀ ਵਿਚ ਲੱਗ ਕੇ ਹਰੀ ਨਾਮ ਨੂੰ ਚੇਤੇ ਨਹੀਂ ਕਰਦਾ।

## ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ॥ ਰਹਾਉ॥

ਇਹ ਸਾਰਾ ਝੂਠਾ ਸੰਸਾਰ ਇਕ ਖਿਨ ਵਿਚ ਨਾਸ ਹੋ ਜਾਣ ਵਾਲਾ ਹੈ, ਇਸ ਤਰ੍ਹਾਂ ਨਿਸਚੇ ਕਰ ਕੇ ਹੇ ਮੇਰੇ ਮਨ! ਤੂੰ ਰਾਮ ਨਾਮ ਨੂੰ ਧਿਆਉਣਾ ਕਰ॥ ਰਹਾਉ॥

## ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ॥

ਜਿਸ ਵੇਲੇ ਕੰਟਕੁ=ਦੁਖਦਾਈ ਭਿਆਨਕ ਕਾਲ ਨੇ ਇਸ ਨੂੰ ਆ ਕੇ ਗ੍ਰੱਸ ਲੈਣਾ ਹੈ, ਉਹ ਵੇਲਾ ਇਸ ਜੀਵ ਨੂੰ ਚੇਤੇ ਆਉਂਦਾ ਨਹੀਂ ਹੈ।

## ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ॥੨॥੨॥੭॥

ਗੁਰੂ ਜੀ ਕਥਨ ਕਰਦੇ ਹਨ- ਉਹ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਦੇ ਹਿਰਦੇ ਵਿਚ ਵੱਸਦਾ ਹੈ, ਉਸ ਨੂੰ ਦੁਖਦਾਈ ਕਾਲ ਤੋਂ ਛੁਡਾ ਲੈਂਦਾ ਹੈ॥ ੨॥ ੨॥

## ਤਿਲੰਗ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:-** ਕਾਬਲ ਦੀ ਸੰਗਤ ਭੇਟਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਰਹੀ ਸੀ, ਅੱਗੇ ਅਟਕ ਦਰਿਆ ਆ ਗਿਆ। ਆਲਮ ਨਾਮੇ ਮਲਾਹ ਬੈਠਾ ਸੀ, ਉਸ ਨੂੰ ਸੰਗਤ ਨੇ ਕਿਹਾ, "ਅਸੀਂ ਗੁਰੂ ਜੀ ਦੇ ਦਰਸ਼ਨਾਂ ਨੂੰ ਜਾ ਰਹੇ ਹਾਂ ਤੂੰ ਸਾਨੂੰ ਪਾਰ ਲੰਘਾ ਦੇ। ਮਲਾਹ ਨੇ ਕਿਹਾ, "ਗੁਰੂ ਜੀ ਵਾਸਤੇ ਜੋ ਅਮੋਲਕ ਚੀਜ਼ਾਂ ਲਿਜਾ ਰਹੇ ਹੋ, ਉਹ ਮੈਨੂੰ ਦੇ ਦਿਓ ਫੇਰ ਮੈਂ ਪਾਰ ਕਰਾਂਗਾ।" ਸੰਗਤ ਨੇ ਕਿਹਾ, "ਜਿਹੜੀ ਚੀਜ਼ ਅਸੀਂ ਗੁਰੂ ਜੀ ਵਾਸਤੇ ਲਿਜਾ ਰਹੇ ਹਾਂ, ਉਸ ਵਿਚੋਂ ਤਾਂ ਤੈਨੂੰ ਬਿਲਕੁਲ ਨਹੀਂ ਦੇਣਾ, ਜਿਹੜੇ ਪੈਸੇ ਤੇਰਾ ਹੱਕ ਬਣਦਾ ਹੈ ਉਹ ਤੂੰ ਮੰਗ ਲੈ।" ਮਲਾਹ ਨੇ ਇਨਕਾਰ ਕਰ ਦਿੱਤਾ, ਮੈਂ ਤੁਹਾਨੂੰ ਪਾਰ ਹੀ ਨਹੀਂ ਕਰਦਾ, ਇੰਜ ਕਹਿ ਕੇ ਮਲਾਹ ਘਰ ਨੂੰ ਤੁਰ ਪਿਆ। ਸੰਗਤ ਉਥੇ ਬੈਠ ਕੇ ਸ਼ਬਦ ਕੀਰਤਨ ਕਰਨ ਲੱਗ ਪਈ। ਜਦ ਮਲਾਹ ਘਰ ਵੱਲ ਨੂੰ ਤੁਰ ਪਿਆ ਤਾਂ ਅੱਖਾਂ ਦੀ ਜੋਤ ਬੰਦ ਹੋ ਗਈ, ਉਸੇ ਵੇਲੇ ਘਬਰਾ ਕੇ ਮੁੜ ਸੰਗਤ ਦੀ ਸ਼ਰਨ ਆ ਪਿਆ ਤੇ ਹੱਥ ਜੋੜ ਕੇ ਕਿਹਾ, "ਮੈਨੂੰ ਬਖਸ਼ ਲਓ ਮੈਂ ਬੜਾ ਭਾਰੀ ਅਪਰਾਧ ਕੀਤਾ ਹੈ।" ਸੰਗਤ ਨੇ ਕਿਹਾ, "ਅਸੀਂ ਬਖਸ਼ਣਹਾਰ ਨਹੀਂ, ਬਖਸ਼ਣਹਾਰ ਤਾਂ ਉਹ ਗੁਰੂ ਸਾਹਿਬ ਹੀ ਹਨ।" ਇਸ ਤਰ੍ਹਾਂ ਬੇਨਤੀ ਕਰਨ ਨਾਲ ਉਸ ਦੀਆਂ ਅੱਖਾਂ ਵਿਚ ਜੋਤ ਆ ਗਈ ਤੇ ਪਿਆਰ ਨਾਲ ਸਾਰੀ ਸੰਗਤ ਨੂੰ ਪਾਰ ਲਿਆ ਕੇ ਫੇਰ ਸੰਗਤ ਦੇ ਨਾਲ ਨਾਲ ਹੀ ਅੰਮ੍ਰਿਤਸਰ ਗੁਰੂ ਜੀ ਦੇ ਪਾਸ ਆ ਪਹੁੰਚਾ ਉਸ ਵੇਲੇ ਗੁਰੂ ਜੀ ਨੇ ਸਦਾ ਲਈ ਉਸ ਦੇ ਹੰਕਾਰ ਨੂੰ ਦੂਰ ਕਰਨ ਲਈ ਉਸ ਦੇ ਪ੍ਰਤੀ ਇਹ ਸ਼ਬਦ ਉਚਾਰਿਆ:-

## ਖਾਕ ਨੂਰ ਕਰਦੰ ਆਲਮ ਦੁਨੀਆਇ ॥
## ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥ ੧ ॥

(੧) ਹੇ ਆਲਮ! ਖਾਕ= ਜੜ੍ਹ ਸ੍ਰਿਸ਼ਟੀ, ਨੂਰ=ਚੇਤਨ ਸ੍ਰਿਸ਼ਟੀ, ਅਕਾਸ਼, ਜ਼ਮੀਨ, ਬ੍ਰਿਛ, ਆਬ=ਜਲ ਇਤ ਆਦਿਕ ਤਮਾਮ ਦੁਨੀਆਂ ਖ਼ੁਦਾ ਨੇ ਪੈਦਾਇਸਿ ਕਰਦੰ=ਪੈਦਾ ਕੀਤੀ ਹੈ।

(੨) ਆਲਮ=ਪ੍ਰਲੋਕ, ਦੁਨੀਆਇ=ਇਹ ਲੋਕ, ਅਕਾਸ਼, ਜ਼ਮੀਨ, ਬ੍ਰਿਛ, ਆਬ=ਜਲ, ਇਤਆਦਿਕ ਤਮਾਮ ਸ੍ਰਿਸ਼ਟੀ ਨੂਰ=ਪ੍ਰਕਾਸ਼ ਰੂਪ ਖ਼ੁਦਾ ਨੇ ਖਾਕ=ਮਾਇਆ ਦੁਆਰੇ ਪੈਦਾ ਕੀਤੀ ਹੈ।

ਵਾ- ਇਹ ਸਭ ਖਾਕ ਰੂਪ ਹੈ।

(੩) ਹੇ ਆਲਮ! ਅਕਾਸ਼, ਖਾਕ ਰੂਪ ਜ਼ਮੀਨ ਤੇ ਆਬ=ਜਲ ਇਤਆਦਿਕ ਪੰਜਾਂ ਤੱਤਾਂ ਤੋਂ ਨੂਰ=ਪ੍ਰਕਾਸ਼ ਰੂਪ ਖ਼ੁਦਾ ਨੇ ਦਰੱਖਤਾਂ ਸਹਿਤ ਇਹ ਸਾਰੀ ਦੁਨੀਆਂ ਪੈਦਾ ਕੀਤੀ ਹੈ।

## ਬੰਦੇ ਚਸਮ ਦੀਦੰ ਫਨਾਇ ॥
## ਦੁਨੰੀਆ ਮੁਰਦਾਰ ਖੁਰਦਰੀ ਗਾਫਲ ਹਵਾਇ ॥ ਰਹਾਉ ॥

ਹੇ ਬੰਦੇ ਆਲਮ! ਜੋ ਤੂੰ ਚਸਮ=ਅੱਖਾਂ ਨਾਲ ਦੀਦੰ=ਵੇਖਦਾ ਹੈਂ ਇਹ ਸਭ ਫਨਾਇ=ਨਾਸਵੰਤ ਹੈ। ਇਹ ਦੁਨੀਆਂ ਝੂਠ ਬੋਲਣ ਰੂਪ ਮੁਰਦਾਰ ਨੂੰ ਖੁਰਦਰੀ=ਖਾ ਰਹੀ ਹੈ।

*ਯਥਾ:-*"ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥" *(ਵਾਰ ਮਾਝ, ਪੰਨਾ ੧੩੯)*

ਅਤੇ ਪਦਾਰਥਾਂ ਦੀ ਹਵਾਇ=ਇੱਛਾ ਕਰਕੇ ਗਾਫਲ ਹੋ ਰਹੀ ਹੈ ॥ ਰਹਾਉ ॥

## ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥

ਇਹ ਜੀਵ ਗੈਬਾਨ=ਭੂਤਨਾ ਤੇ ਹੈਵਾਨ=ਪਸ਼ੂ ਹੋ ਰਿਹਾ ਹੈ, ਅਤੇ, (ਬੱਕਰੇ ਆਦਿਕਾਂ ਨੂੰ ਜਿਹੜਾ) ਕੁਸਤਨੀ=ਕੋਹ ਕੇ ਖਾਣਾ ਕਰਦਾ ਹੈ ਏਹੋ ਹਰਾਮ ਦਾ ਖਾਣਾ ਕਰਦਾ ਹੈ, ਤੇ ਪਰ-ਇਸਤ੍ਰੀਆਂ ਦੇ ਰਮਣ ਰੂਪ ਮੁਰਦਾਰ ਨੂੰ ਬਖੋਰਾਇ=ਖਾਣਾ ਕਰਦਾ ਹੈ।

## ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥ ੨ ॥

ਕਾਦਰੋ=ਸਮਰੱਥ ਪਰਮੇਸ਼ਰ ਦੀ ਕਬਜਾ=ਮਾਇਆ ਨੇ ਦਿਲ ਨੂੰ ਕਬਜ ਕਰ ਰੱਖਿਆ ਹੈ,

ਵਾ-ਕਬਜਾ=ਮਾਇਆ ਨੇ ਕਾਦਰੋ=ਪਰਮੇਸਰ ਵਲੋਂ ਦਿਲ ਨੂੰ ਕਬਜ ਕਰ ਰੱਖਿਆ ਭਾਵ ਰੋਕ ਛੱਡਿਆ ਹੈ। ਇਸ ਕਰਕੇ ਇਸ ਨੂੰ ਦੋਜਕ=ਨਰਕਾਂ ਦੀ ਸਜ਼ਾ ਮਿਲੇਗੀ ॥ ੨ ॥

## ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥

ਵਲੀ=ਵਲੈਤਾਂ 'ਚੋਂ ਨਿਆਮਤਿ=ਚੰਗੀਆਂ ਚੰਗੀਆਂ ਚੀਜ਼ਾਂ ਲਿਆ ਕੇ ਦੇਣ ਵਾਲਾ ਪਿਤਾ, ਬਿਰਾਦਰਾ = ਭਰਾ, ਸੋਹਣੇ ਦਰਬਾਰ, ਮਿਲਕ=ਜਗੀਰਾਂ, ਖਾਨਾਇ=ਮੰਦਰ, ਜਾਂ ਇਸਤ੍ਰੀਆਂ ਆਦਿਕ ਜੋ ਕੁਝ ਭੀ ਹੈ।

## ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥ ੩ ॥

ਜਿਸ ਵੇਲੇ ਅਜਰਾਈਲ (ਨਾਮੇ ਫਰਿਸ਼ਤੇ) ਨੇ ਭਾਵ ਜਮ ਨੇ ਤੈਨੂੰ ਬਸਤਨੀ=ਬੰਨ੍ਹ ਲਿਆ, ਤਿਸ ਵੇਲੇ ਤੂੰ

ਚਿ=ਕੀ ਕਾਰ ਕਰੇਂਗਾ, ਅਸਾਂ ਨੇ ਇਹ ਗੱਲ ਤੈਨੂੰ ਬਿਦਾਇ=ਜਣਾਈ ਹੈ, ਤੇ ਤੂੰ ਸਾਨੂੰ ਬਿਦਾਇ ਜਣਾਉਣਾ ਕਰ ਭਾਵ ਦੱਸਣਾ ਕਰ॥ ੩॥

## ਹਵਾਲ ਮਾਲੂਮੁ ਕਰਦੰ ਪਾਕ ਅਲਾਹ॥

ਪਾਕ=ਪਵਿੱਤ੍ਰ ਜੋ ਅਲਾਹ=ਅਲੱਖ ਪ੍ਰਭੂ ਹੈ, ਉਹ ਤੇਰੇ ਹਾਲ ਨੂੰ ਮਲੂਮ ਕਰ ਰਿਹਾ ਹੈ। ਇਹ ਗੱਲ ਸੁਣ ਕੇ ਆਲਮ ਨੇ ਕਿਹਾ, "ਜਮ ਤੋਂ ਕਿਵੇਂ ਛੁਟਕਾਰਾ ਹੋਵੇ ?"

## ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ॥ ੪॥ ੧॥

. ਗੁਰੂ ਜੀ ਕਥਨ ਕਰਦੇ ਹਨ, ਹੇ ਆਲਮ! ਰੱਬ ਦੇ ਜੋ ਦਰਵੇਸ਼ ਬੰਦੇ ਹਨ ਉਨ੍ਹਾਂ ਦੇ ਪੇਸਿ=ਅੱਗੇ ਅਰਦਾਸਿ=ਬੇਨਤੀ ਬੁਗੋ=ਉਚਾਰਨ ਕਰ ਤਾਂ ਤੇਰੀ ਕਲਿਆਣ ਹੋਵੇਗੀ॥ ੪॥ ੧॥

## ਤਿਲੰਗ ਘਰੁ ੨ ਮਹਲਾ ੫॥

ਗੁਰੂ ਜੀ ਇਸ ਸ਼ਬਦ ਵਿਚ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ।

## ਤੁਧੁ ਬਿਨੁ ਦੂਜਾ ਨਾਹੀ ਕੋਇ॥ ਤੂ ਕਰਤਾਰੁ ਕਰਹਿ ਸੋ ਹੋਇ॥

ਹੇ ਕਰਤਾਰ! ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਹੇ ਕਰਤਾਰ! ਜੋ ਤੂੰ ਕਰਦਾ ਹੈਂ ਓਹੀ ਕੁਝ ਹੁੰਦਾ ਹੈ।

## ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦਾ ਜਪਿ ਨਾਨਕ ਏਕ॥ ੧॥

ਤਨ ਵਿਚ ਆਪ ਜੀ ਦਾ ਜੋਰੁ=ਬਲ ਦਿੱਤਾ ਹੋਇਆ ਹੈ, ਤੇ ਮਨ ਵਿਚ ਭੀ ਤੇਰੀ ਟੇਕ=ਓਟ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਸਦਾ ਸਦਾ ਇਕ ਆਪ ਜੀ ਦੇ ਨਾਮ ਨੂੰ ਹੀ ਜਪਦਾ ਹਾਂ।

## ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ॥ ਰਹਾਉ॥

ਹੇ ਪ੍ਰਾਰਬ੍ਰਹਮ! ਤੂੰ ਸਭ ਦੇ ਉੱਪਰ ਭਾਵ ਸਾਰਿਆਂ ਤੋਂ ਸ਼ਰੋਮਣੀ ਹੈਂ, ਅਤੇ ਸਾਰਿਆਂ ਦਾ ਦਾਤਾ ਹੈਂ। ਮੈਨੂੰ ਇਸ ਲੋਕ ਵਿਚ ਤੇਰੀ ਓਟ ਹੈ ਅਤੇ ਪ੍ਰਲੋਕ ਵਿਚ ਭੀ ਆਪ ਜੀ ਦਾ ਆਧਾਰੁ=ਆਸਰਾ ਹੈ॥ ਰਹਾਉ॥

[ਪੰਨਾ ੭੨੪]

## ਹੈ ਤੂਹੈ ਤੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥

ਹੇ ਪ੍ਰਾਰਬ੍ਰਹਮ! ਤੂੰ ਹੁਣ ਵਰਤਮਾਨ ਸਮੇਂ ਵਿਚ ਹੈਂ, ਤੂੰ ਪਿੱਛੇ ਭੂਤ ਕਾਲ ਵਿਚ ਸੀ, ਅਤੇ ਤੂੰਹੀਂ ਆਉਣ ਵਾਲੇ ਭਵਿੱਖਤ ਵੇਲੇ ਭੀ ਹੋਵੇਂਗਾ। ਅਗਮ=ਮਨ, ਬਾਣੀ ਦੀ ਗੰਮਤਾ ਤੋਂ ਰਹਿਤ ਹੈਂ, ਅਗਾਧਿ=ਅਥਾਹ ਹੈਂ, ਸਾਰਿਆਂ ਤੋਂ ਉੱਚਾ ਹੈਂ, ਆਪਾਰ=ਪਾਰਾਵਾਰ ਤੋਂ ਰਹਿਤ ਹੈਂ।

## ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥
## ਗੁਰ ਪਰਸਾਦਿ ਨਾਨਕ ਗੁਣ ਗਾਹਿ॥ ੨॥

ਜੋ ਆਪ ਜੀ ਨੂੰ ਸੇਂਵਦੇ ਹਨ ਉਹਨਾਂ ਨੂੰ ਜਮਾਂ ਦਾ ਭਉ=ਡਰ ਤੇ ਜਨਮ ਮਰਨ ਦਾ ਦੁੱਖ ਨਹੀਂ ਹੁੰਦਾ। ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ! ਗੁਰਾਂ ਦੀ ਕਿਰਪਾ ਨਾਲ ਮੈਂ ਆਪ ਜੀ ਦੇ ਗੁਣ ਗਾਹਿ=ਗਾਉਂਦਾ ਹਾਂ॥ ੨॥

**ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥**

ਸਾਨੂੰ ਜੋ ਕੁਝ ਦਿੱਸ ਰਿਹਾ ਹੈ ਉਸ ਵਿਚ ਤੇਰਾ ਹੀ ਸਰੂਪ ਨਿਗਾਹ ਆ ਰਿਹਾ ਹੈ।

ਹੇ ਗੋਬਿੰਦ ! ਤੂੰ ਸ਼ੁਭ ਗੁਣਾਂ ਦਾ ਖਜ਼ਾਨਾ, ਅਤੇ ਅਨੂਪ=ਉਪਮਾ ਤੋਂ ਰਹਿਤ ਹੈਂ।

**ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥ ੩ ॥**

(੧) ਓਹ ਜਨ ਮਨ ਕਰਕੇ ਸਿਮਰਦੇ ਹਨ, ਬਾਣੀ ਕਰਕੇ ਸਿਮਰਦੇ ਹਨ, ਤਨ ਕਰਕੇ ਸਿਮਰਦੇ ਹਨ।

(੨) ਹੇ ਸਿਮਰਨੇ ਜੋਗ ਪ੍ਰਭੂ ! ਤੇਰੇ ਸਿਮਰਨ ਨੂੰ ਓਹ ਪੁਰਸ਼ ਸਿਮਰਦੇ ਹਨ।

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਕਰਮਾਂ ਵਿਚ ਸਿਮਰਨ ਕਰਨਾ ਪ੍ਰਾਪਤ ਹੁੰਦਾ ਹੈ॥ ੩ ॥

**ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥**

ਜਿਸ ਨੇ ਆਪ ਜੀ ਦੇ ਨਾਮ ਨੂੰ ਜਪਿਆ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ।

ਉਹਨਾਂ ਦੇ ਸਤਸੰਗ ਕਰਕੇ ਜੀਵ ਸੰਸਾਰ (ਸਮੁੰਦਰ) ਤੋਂ ਤਰ ਜਾਂਦਾ ਹੈ।

**ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੇਰੀ ਲੋਚਾ=ਇੱਛਾ ਪੂਰੀ ਕਰ।

ਮੈਂ ਤੇਰੇ ਪਾਸੋਂ ਸੰਤ ਜਨਾਂ ਦੀ ਚਰਨ ਧੂੜੀ ਬਾਛਉ=ਚਾਹੁੰਦਾ ਹਾਂ॥ ੪ ॥ ੨ ॥

**ਤਿਲੰਗ ਮਹਲਾ ੫ ਘਰੁ ੩ ॥ ਮਿਹਰਵਾਨੁ ਸਾਹਿਬੁ ਮਿਹਰਵਾਨੁ ॥**

ਮੇਹਰਵਾਨ ਮਾਲਕ ਮੇਹਰਵਾਨ ਹੈ।

**ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥**

ਮੇਰਾ ਮਾਲਕ ਪ੍ਰਭੂ ਮੇਹਰਵਾਨ ਹੈ। *ਅਥਵਾ*:-ਮੇਰਾ ਸਾਹਿਬ ਪਿੱਛੇ ਮੇਹਰਵਾਨ ਸੀ, ਮੇਰਾ ਸਾਹਿਬ ਹੁਣ ਮੇਹਰਵਾਨ ਹੈ, ਮੇਰਾ ਸਾਹਿਬ ਅੱਗੇ ਭੀ ਮੇਹਰਵਾਨ ਹੋਵੇਗਾ।

ਉਹ ਸਾਰਿਆਂ ਜੀਵਾਂ ਨੂੰ ਦਾਨ ਦੇਂਦਾ ਹੈ॥ ਰਹਾਉ॥

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥**

ਹੇ ਪ੍ਰਾਣੀਆਂ ! ਤੂੰ ਆਪਣੀ ਪਾਲਣਾ ਵਾਸਤੇ ਕਿਉਂ ਡੋਲਦਾ ਹੈਂ, ਉਹ ਸਿਰਜਣਹਾਰ ਵਾਹਿਗੁਰੂ ਤੈਨੂੰ ਸਾਰਿਆਂ ਦੁੱਖਾਂ ਤੋਂ ਬਚਾਈ ਰੱਖੇਗਾ।

*ਅਥਵਾ*:-ਉਹ ਸਿਰਜਣਹਾਰ ਤੇਰੀ ਰੱਖਿਆ ਆਪ ਹੀ ਕਰਨ ਵਾਲਾ ਹੈ।

**ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥**

ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ, ਓਹੀ ਤੈਨੂੰ ਆਧਾਰੁ=ਆਸਰਾ ਦੇਵੇਗਾ॥ ੧ ॥

**ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥**

ਜਿਸ ਪ੍ਰਭੂ ਨੇ ਮੇਦਨੀ=ਦੁਨੀਆਂ ਪੈਦਾ ਕੀਤੀ ਹੈ, ਓਹੀ ਸਭ ਦੀ ਸਾਰ=ਸੰਭਾਲ ਕਰਦਾ ਹੈ।

## ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥

ਉਹ ਦਿਲਾਂ ਦਾ ਮਾਲਕ ਪ੍ਰਭੂ ਸੱਚਾ ਹੈ, ਤੇ ਸਭ ਦੀ ਪਰਵਦਗਾਰੁ=ਪਾਲਣਾ ਕਰਨ ਵਾਲਾ ਸਾਰਿਆਂ ਘਟਾਂ ਘਟਾਂ ਵਿਚ ਵਸ ਰਿਹਾ ਹੈ॥ ੨ ॥

## ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

ਉਸਦੀ ਕੁਦਰਤਿ=ਸ਼ਕਤੀ ਦੀ ਕੀਮਤ ਨਹੀਂ ਜਾਣੀ ਜਾਂਦੀ, ਉਹ ਸਾਰਿਆਂ ਤੋਂ ਵੱਡਾ ਤੇ ਵੇਪਰਵਾਹ ਹੈ।

## ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥

ਹੇ ਬੰਦੇ! ਤੂੰ ਉਤਨਾ ਚਿਰ ਬੰਦਗੀ ਕਰਦਾ ਰਹੁ,

ਜਿਤਨਾ ਚਿਰ ਤੇਰੇ ਘਟ=ਸਰੀਰ ਵਿਚ ਸਾਹੁ=ਸ੍ਵਾਸ ਹਨ॥ ੩ ॥

ਪੁਨਾ-ਉਸ ਅੱਗੇ ਨਿੰਮ੍ਰਤਾ ਭਾਵ ਨਾਲ ਬੇਨਤੀ ਕਰ-

## ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥

ਹੇ ਸਿਰਜਣਹਾਰ ਪ੍ਰਭੂ ! ਤੂੰ ਸਰਬ ਕਲਾ ਸਮਰੱਥ ਹੈਂ, ਅਕਥੁ=ਕਥਨ ਤੋਂ ਰਹਿਤ ਹੈਂ,

ਅਗੋਚਰੁ=ਮਨ ਬਾਣੀ ਦੇ ਵਿਸ਼ੇ ਤੋਂ ਰਹਿਤ ਹੈਂ, ਜੀਵ ਨੂੰ ਪਿੰਡੁ=ਸਰੀਰ ਆਦਿਕ ਸਭ ਤੇਰੀ ਹੀ ਰਾਸਿ=ਪੂੰਜੀ ਦਿੱਤੀ ਹੋਈ ਹੈ।

## ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਇਹੋ ਅਰਦਾਸਿ=ਬੇਨਤੀ ਹੈ ਕਿ ਤੇਰੀ ਰਹਮ=ਕਿਰਪਾ ਨਾਲ ਮੈਂ ਸਦਾ ਸੁਖ ਪਾਇਆ ਹੈ॥ ੪॥ ੩॥

## ਤਿਲੰਗ ਮਹਲਾ ੫ ਘਰੁ ੩ ॥ ਕਰਤੇ ਕੁਦਰਤੀ ਮੁਸਤਾਕੁ ॥

ਹੇ ਸ਼ਕਤੀਆਂ ਵਾਲੇ ਕਰਤੇ ਪੁਰਖ ! ਤੇਰੀਆਂ ਕੁਦਰਤਾਂ ਨੂੰ ਵੇਖਕੇ ਮੇਰੀ ਬੁੱਧੀ ਮੁਸਤਾਕੁ=ਮੋਹਤ ਹੋ ਰਹੀ ਹੈ।

## ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥

ਲੋਕ ਪ੍ਰਲੋਕ ਵਿਚ ਇਕ ਤੂੰਹੀ ਰੱਖਿਆ ਕਰਨ ਵਾਲਾ ਹੈਂ,

ਸਾਰੀ ਖਲਕਤ ਨਾਲੋਂ ਤੂੰ ਪਾਕੁ=ਪਵਿੱਤ੍ਰ ਹੈਂ॥ ਰਹਾਉ॥

## ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥

ਤੂੰ ਇਕ ਖਿਨ ਵਿਚ ਸਾਰੇ ਸੰਸਾਰ ਦੀ ਉਤਪਤੀ, ਪਾਲਣਾ ਤੇ ਲੈਤਾ ਕਰਦਾ ਹੈਂ,

ਨਿਰਗੁਣ ਤੇ ਸਰਗੁਣ ਇਹ ਤੇਰੇ ਦੋਨੋਂ ਰੂਪ ਅਸਚਰਜ ਹਨ।

## ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥ ੧ ॥

ਤੇਰੇ ਚਲਤ=ਕੌਤਕਾਂ ਨੂੰ ਕੌਣ ਜਾਣ ਸਕਦਾ ਹੈ, ਭਾਵ ਕੋਈ ਨਹੀਂ ਜਾਣ ਸਕਦਾ। ਤੂੰਹੀ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈਂ॥ ੧ ॥

## ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥

ਹੇ ਅੱਲਾ ! ਜਹਾਨ ਵਿਚ ਜੋ ਖਲਕਤ ਹੈ, ਇਸ ਦਾ ਤੂੰ ਖੁਦਿ ਖਸਮ=ਆਪ ਮਾਲਕ ਹੈਂ, ਪੁਨਾ-ਹੇ ਖ਼ੁਦਾ ! ਤੂੰ ਮੇਹਰਵਾਨ ਹੈਂ।

## ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ॥ ੨॥

ਜਿਹੜਾ ਪੁਰਸ਼ ਦਿਨ ਰਾਤ ਆਪ ਜੀ ਨੂੰ ਅਰਾਧੇਗਾ ਉਹ ਪੁਰਸ਼ ਦੋਜਕਿ=ਨਰਕਾਂ ਵਿਚ ਕਿਉਂ ਜਾਵੇਗਾ ਭਾਵ ਨਹੀਂ ਜਾਏਗਾ॥ ੨॥

## ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ॥

ਜਿਸ ਪੁਰਸ਼ ਨੂੰ ਤੇਰਾ ਆਧਾਰੁ=ਆਸਰਾ ਹੈ, ਉਸ ਬੰਦੇ ਦਾ ਅਜਰਾਈਲ ਨਾਮੇ ਜਮ ਯਾਰ ਬਣ ਜਾਂਦਾ ਹੈ।

## ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ॥ ੩॥

ਜੋ ਪੁਰਸ਼ ਤੇਰੇ ਸੰਤ ਜਨਾਂ ਦੇ ਦੀਦਾਰੁ=ਦਰਸ਼ਨ ਨੂੰ ਵੇਖਦੇ ਹਨ, ਉਸ ਦੇ ਸਾਰੇ ਗੁਨਾਹ ਆਫੂ=ਬਖਸ਼ੇ ਜਾਂਦੇ ਹਨ॥ ੩॥

## ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥

ਦੁਨੀਆਂ ਦੇ ਸਾਰੇ ਚੀਜ=ਪਦਾਰਥ ਫਿਲਹਾਲ=ਖਿਨ ਭੰਗਰ ਭਾਵ ਮਿਥਿਆ ਹਨ, ਤੇਰਾ ਸੱਚਾ ਨਾਮ ਹੀ ਸੁਖ ਸਰੂਪ ਹੈ। *ਅਥਵਾ:-* ਸੱਚ ਤੇ ਸੁਖ ਰੂਪ ਤੇਰਾ ਨਾਮ ਹੀ ਹੈ।

*ਯਥਾ:-* "ਦਿਲ ਮਹਿ ਜਾਨਹੁ ਸਭ ਫਿਲਹਾਲਾ॥" *(ਮਾਰੂ ਸੋਲਹੇ ਮਹਲਾ ੫, ਪੰਨਾ ੧੦੮੪)*

## ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ, ਸ੍ਰੀ ਗੁਰੂ ਰਾਮਦਾਸ ਸਾਹਿਬ ਨਾਲ ਮਿਲ ਕੇ ਮੈਂ ਤੇਰੇ ਸਰੂਪ ਨੂੰ ਬੁਝ ਲਿਆ ਹੈ, ਇਸ ਲਈ ਇਕ ਆਪ ਜੀ ਦੇ ਗੁਣਾਂ ਨੂੰ ਹੀ ਸਦਾ ਗਾਉਂਦਾ ਹਾਂ॥ ੪॥ ੪॥

## ਤਿਲੰਗ ਮਹਲਾ ੫॥ ਮੀਰਾਂ ਦਾਨਾਂ ਦਿਲ ਸੋਚ॥

ਹੇ ਦਾਨਾਂ=ਅੰਤਰਜਾਮੀ ਮੀਰਾਂ=ਪਾਤਿਸ਼ਾਹ ! ਮੈਂ ਸਦਾ ਹੀ ਆਪ ਜੀ ਨੂੰ ਦਿਲ ਵਿਚ ਸੋਚ=ਵਿਚਾਰਦਾ ਰਹਿੰਦਾ ਹਾਂ।

## ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ॥ ੧॥ ਰਹਾਉ॥

ਹੇ ਪਾਤਸ਼ਾਹ ! ਤੇਰੀ ਮੁਹੱਬਤ (ਪ੍ਰੀਤੀ) ਮੇਰੇ ਮਨ ਤਨ ਵਿਚ ਵਸ ਰਹੀ ਹੈ, ਹੇ ਸੱਚੇ ਸ਼ਾਹ ! ਆਪ ਹੀ ਪ੍ਰਤੱਖ ਬੰਦੀਖਾਨੇ ਤੋਂ, *ਵਾ:-*ਸੰਸਾਰ ਰੂਪ ਬੰਦੀਖ਼ਾਨੇ ਤੋਂ ਮੋਚ=ਛੁਡਾਉਣ ਵਾਲੇ ਹੋ।

*ਵਾ:-* ਮੋਹ ਰੂਪ ਬੇੜੀ ਨੂੰ ਮੋਚ=ਕੱਟਣ ਵਾਲੇ ਹੋ॥ ੧॥ ਰਹਾਉ॥

## ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ॥

ਹੇ ਸਾਹਿਬ ! ਦੀਦਨੇ=ਅੱਖਾਂ ਨਾਲ ਜਿਹੜਾ ਤੇਰਾ ਦੀਦਾਰ=ਦਰਸ਼ਨ ਦੀਦਨੇ=ਦੇਖਣਾ ਹੈ, ਇਸ ਦਾ ਕੁਝ ਮੁੱਲ ਨਹੀਂ ਹੈ।

## ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ॥੧॥

ਹੇ ਅਤੋਲ ਪ੍ਰਭੂ ! ਤੂੰ ਪਾਕ=ਪਵਿੱਤ੍ਰ ਹੈਂ, ਸਭ ਦੀ ਪਰਵਦਗਾਰ=ਪਾਲਣਾ ਕਰਨ ਵਾਲਾ ਹੈਂ, ਖੁਦਿ=ਆਪ ਸਾਰਿਆਂ ਦਾ ਖਸਮੁ=ਮਾਲਕ ਹੈਂ ਅਤੇ ਸਭ ਤੋਂ ਵੱਡਾ ਹੈਂ॥ ੧॥

## ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ॥

(੧) ਹੇ ਦਿਲਾਵਰ=ਬਹਾਦੁਰ ਇਕ ਦਾਨ ਦੇ ਜੋ ਮੇਰਾ ਦਸਤ=ਹੱਥ ਗੀਰੀ=ਫੜ ਲੈ, ਪਿੱਛੇ ਇਕ ਤੂੰ ਸੀ, ਹੁਣ ਭੀ ਇਕ ਤੂੰਹੀ ਹੈਂ, ਅੱਗੇ ਭੀ ਇਕ ਤੂੰਹੀ ਹੋਵੇਂਗਾ।

(੨) ਹੇ ਦਿਲਾਵਰ=ਉਦਾਰ ਪ੍ਰਭੂ ਹੱਥ ਦਾ ਫੜਨਾ ਦੇਹ ਸਾਰਿਆਂ ਵਿਚ ਇਕ ਤੂੰਹੀ ਤੂੰਹੀ ਹੈਂ।

## ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥੨॥੫॥

(੧) ਹੇ ਕਰਤਾਰ ! ਕੁਦਰਤ ਦੁਆਰਾ ਤੂੰਹੀ ਖਲਕਤ ਦੇ ਕਰਨ ਵਾਲਾ ਹੈਂ, ਗੁਰੂ ਜੀ ਕਥਨ ਕਰਦੇ ਹਨ, ਸਾਨੂੰ ਇਕ ਤੇਰੀ ਟੇਕ=ਓਟ ਹੈ।

(੨) 'ਖਾਲਕ'=ਖਲਕ ਕੁਨੰਦਾ ਸਾ ਖਾਲਕਾ, ਹੇ ਖਾਲਕ ਕਰਤਾਰ ! ਤੂੰਹੀ ਕੁਦਰਤਿ=ਮਾਇਆ ਦੁਆਰੇ ਸੰਸਾਰ ਦੇ ਕਰਨ ਵਾਲਾ ਹੈਂ॥ ੨॥ ੫॥

ਕਿਸੇ ਸਿੱਖ ਨੇ ਪੁੱਛਿਆ, "ਸੰਸਾਰ ਦੀ ਉਤਪੱਤੀ, ਪਾਲਣਾ ਤੇ ਲੈਤਾ ਕੌਣ ਕਰਦਾ ਹੈ?" *ਗੁਰ ਉੱਤਰ:-*

## ਤਿਲੰਗ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

## ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥

(੧) ਜਿਸ ਪ੍ਰਭੂ ਨੇ ਸੰਸਾਰ ਨੂੰ ਪੈਦਾ ਕੀਤਾ ਹੈ, ਉਸੇ ਨੇ ਇਸ ਨੂੰ ਦੇਖਿਆ=ਪਾਲਿਆ ਹੈ, ਹੇ ਭਾਈ ! ਕੀ ਲੈਤਾ ਕਰਨ ਵਾਲਾ ਕੋਈ ਹੋਰ ਕਹੀਏ, ਅਰਥਾਤ ਨਹੀਂ, ਲੈਤਾ ਕਰਨ ਵਾਲਾ ਭੀ ਓਹੀ ਹੈ।

(੨) ਜਿਸ ਨੇ ਕੁਝ ਜਪ ਤਪ ਆਦਿਕ ਸਾਧਨਾਂ ਨੂੰ ਕੀਤਾ ਹੈ ਉਸੇ ਨੇ ਪਰਮਾਤਮਾ ਨੂੰ ਦੇਖਿਆ ਹੈਂ, ਹੇ ਭਾਈ ! ਇਹ ਗੱਲ ਕੀ ਕਹੀਏ ਕਿ ਅਨੰਦ ਕਿਸੇ ਹੋਰ ਨੂੰ ਆਇਆ ਹੈ, ਨਹੀਂ ਅਨੰਦ ਭੀ ਉਸੇ ਨੂੰ ਆਇਆ ਹੈ।

[ਪੰਨਾ ੭੨੫]

## ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥੧॥

(੧) ਜਿਸ ਪ੍ਰਭੂ ਨੇ ਸੰਸਾਰ ਰੂਪ ਵਾੜੀ=ਬਗੀਚੀ ਲਗਾਈ ਹੈ ਉਹ ਪ੍ਰਭੂ ਆਪ ਹੀ ਜੀਵਾਂ ਦੇ ਕਰਮ ਜਾਣਦਾ ਹੈ ਤੇ ਆਪ ਹੀ ਫਲ ਪ੍ਰਾਪਤ ਕਰਦਾ ਹੈ।

(੨) ਜਿਸ ਨੇ ਸ਼ੁਭ ਗੁਣਾਂ ਰੂਪੀ ਬਗੀਚੀ ਲਗਾਈ ਹੈ ਉਹ ਆਪਣੇ ਸਰੂਪ ਨੂੰ ਜਾਣ ਲੈਂਦਾ ਹੈ, ਤੇ ਇੰਞ ਨਿਸ਼ਚੇ ਕਰਦਾ ਹੈ ਕਿ ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ॥ ੧॥

## ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ ਰਹਾਉ॥

ਪਿਆਰੇ ਪ੍ਰਭੂ ਦਾ ਨਾਮ ਰਾਇਸਾ=ਉਚਾਰਨਾ ਕਰੋ, ਰਾਇਸਾ=ਉਚਾਰਨਾ ਕਰੋ।

ਵਾ:-ਮਨ ਕਰਕੇ ਪਿਆਰੇ ਪ੍ਰਭੂ ਦਾ ਨਾਮ ਉਚਾਰਨਾ ਕਰੋ, ਬਾਣੀ ਕਰਕੇ ਉਚਾਰਨਾ ਕਰੋ, ਤਨ ਕਰਕੇ ਉਚਾਰਨਾ ਕਰੋ।

*ਅਥਵਾ:*- ਰਾਇਸਾ=ਉਚਾਰਨੇ ਜੋਗ ਪਿਆਰੇ ਪ੍ਰਭੂ ਦਾ ਨਾਮ ਰਾਇਸਾ=ਉਚਾਰਨਾ ਕਰੋ।

*ਅਥਵਾ:*-ਪਿਆਰੇ ਪ੍ਰਭੂ ਦਾ ਨਾਮ ਆਪ ਰਾਇਸਾ=ਉਚਾਰਨਾ ਕਰੋ, ਤੇ ਹੋਰਨਾਂ ਪਾਸੋਂ ਕਾਰਾਇਸਾ= ਉਚਰਾਉਣਾ ਕਰਾਵੋ, ਜਿਸ ਕਰਕੇ ਸਦਾ=ਨਿਤ ਸੁਖ ਪ੍ਰਾਪਤ ਹੋਵੇਗਾ॥ ਰਹਾਉ॥

## ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥

ਰੇ=ਹੇ ਭਾਈ! ਜਿਸ ਨੇ ਰੰਗਿ=ਪ੍ਰੇਮ ਨਾਲ ਪਤੀ (ਪਰਮੇਸ਼ਰ) ਨੂੰ ਨਹੀਂ ਸਿਮਰਿਆ, ਉਹ ਪਸਚਾਤਾਪ ਕਰਦੀ ਰਹਿੰਦੀ ਹੈ।

## ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥੨॥

ਜਿਸ ਵੇਲੇ ਅਵਸਥਾ ਰੂਪੀ ਰੈਣਿ=ਰਾਤ ਵਿਹਾਣੀ=ਬਤੀਤ ਹੋ ਜਾਂਦੀ ਹੈ, ਤਿਸ ਵੇਲੇ ਹੱਥ ਪਛੋੜੈ=ਮਲਦੀ ਹੈ ਤੇ ਸਿਰ ਨੂੰ ਧੁੰਣਦੀ ਭਾਵ ਫੇਰਦੀ ਹੈ,

*ਅਥਵਾ:*-ਸਿਰ ਧੁਣੈ=ਕੁੰਬਣ ਲੱਗ ਜਾਂਦਾ ਹੈ॥ ੨॥

## ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥

(੧) ਜਿਸ ਵੇਲੇ ਸਾਰੀ ਅਵਸਥਾ ਚੂਕੈਗੀ=ਮੁਕ ਗਈ ਤਾਂ ਪਸਚਾਤਾਪ ਕਰਨ ਨਾਲ ਨਹੀਂ ਮਿਲੇਗਾ।

ਵਾ:-ਉਸ ਵੇਲੇ ਪਛੋਤਾਵਾ ਕਰਨਾ ਭੀ ਨਹੀਂ ਮਿਲੇਗਾ।

(੨) ਜਿਸ ਵੇਲੇ ਜੀਵ ਰੂਪੀ ਸਾਰੀ=ਨਰਦ ਆਪਣੇ ਦਾਅ ਤੋਂ ਚੂਕੈਗੀ=ਉਕ ਜਾਏਗੀ, ਤਾਂ ਪਛੋਤਾਵਾ ਕਰਨ ਨਾਲ ਭੀ ਪ੍ਰਭੂ ਨੂੰ ਨਹੀਂ ਮਿਲੇਗੀ।

(੩) ਜਿਸ ਵੇਲੇ ਜੀਵ ਰੂਪੀ ਨਰਦ ਸੰਸਾਰ ਤੋਂ ਚੂਕੈਗੀ=ਉੱਠ ਜਾਏਗੀ ਭਾਵ ਮਰ ਜਾਏਗੀ ਤਾਂ ਪਤੀ ਨਾਲ ਨਾ ਮਿਲਣ ਦਾ ਪਛਤਾਵਾ ਹੀ ਰਹਿ ਜਾਏਗਾ।

## ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥੩॥

ਜਦੋਂ ਮਨੁੱਖਾ ਦੇਹ ਦੀ ਵਾਰੀ ਆਵੇਗੀ ਤਾਂ ਫਿਰ ਪਿਆਰੇ ਪ੍ਰਭੂ ਦੇ ਨਾਮਾਂ ਨੂੰ ਉਚਾਰੇਂਗੀ? ਇਹ ਨਿਯਮ ਸਮਝ ਲੈ ਨਾ ਵਾਰੀ ਆਉਣੀ ਹੈ ਤੇ ਨਾ ਹੀ ਨਾਮਾਂ ਦਾ ਉਚਾਰਨ ਹੋਣਾ ਹੈ॥ ੩॥

## ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥

ਇਹ ਸੋਹਾਗਣਾਂ ਮੇਰੇ ਨਾਲੋਂ ਵਧਵੀ=ਵਧੀਕ ਗੁਣਾਂ ਵਾਲੀਆਂ ਹਨ, ਕਿਉਂਕਿ ਇਨ੍ਹਾਂ ਨੇ ਸ਼ੁਭ-ਗੁਣਾਂ ਦੇ ਸਹਾਰੇ ਪਤੀ (ਪਰਮਾਤਮਾ) ਨੂੰ ਪਾ ਲਿਆ ਹੈ।

## ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥੪॥

ਜੋ ਗੁਣ ਪਤੀ ਨੂੰ ਖੁਸ਼ ਕਰਨ ਵਾਲੇ ਹਨ ਉਹ ਸ਼ੁਭ ਗੁਣ ਮੇਰੇ ਵਿਚ ਆਉਂਦੇ ਨਹੀਂ ਹਨ, ਮੈਂ ਆਪਣਾ ਦੋਸ਼ ਕੈ ਜੀ=ਕਿਸ ਜੀਵ ਉਤੇ ਧਰੇਹੁ=ਧਰਨਾ ਕਰਾਂ॥ ੪॥

## ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥

ਜਿਨ੍ਹਾਂ (ਉੱਤਮ ਸੰਤਾਂ ਰੂਪ) ਸਖੀਆਂ ਨੇ ਪਤੀ (ਪਰਮੇਸ਼ਰ) ਦੇ ਅਨੰਦ ਨੂੰ ਮਾਣਿਆਂ ਹੈ, ਮੈਂ ਉਨ੍ਹਾਂ ਪਾਸੋਂ ਜਾ ਕੇ ਕੋਈ ਯਤਨ ਪੁੱਛਾਂਗੀ।

## ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥ ੫॥

ਉਹਨਾਂ ਦੇ ਪਾਇ=ਚਰਨੀਂ ਲੱਗਾਂਗੀ, ਬੇਨਤੀ ਕਰਾਂਗੀ ਅਤੇ ਪ੍ਰਭੂ ਦੀ ਪ੍ਰਾਪਤੀ ਦਾ ਪੰਥੁ=ਰਸਤਾ ਬਤਾਏ=ਪੁੱਛ ਲੇਉਗੀ=ਲਵਾਂਗੀ॥ ੫॥

ਜਗਿਆਸੂ ਦੇ ਪੁੱਛਣ ਪਰ ਅਗਲੀਆਂ ਤੁਕਾਂ ਵਿਚ ਗੁਰੂ ਜੀ ਉੱਤਰ ਦੇਂਦੇ ਹਨ।

## ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥

ਗੁਰੂ ਜੀ ਕਥਨ ਕਰਦੇ ਹਨ, ਪਤੀ ਪਰਮਾਤਮਾ ਦੇ ਹੁਕਮ ਨੂੰ ਪਛਾਨਣਾ ਕਰ ਅਤੇ ਭਉ=ਡਰ ਧਾਰਨੇ ਰੂਪ ਚੰਦਨ ਨੂੰ ਲਗਾਉਣਾ ਕਰ।

## ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ ੬॥

ਜਗਿਆਸੂ ਰੂਪ ਕਾਮਣਿ=ਇਸਤ੍ਰੀ ਸ਼ੁਭ-ਗੁਣਾਂ ਰੂਪੀ ਕਾਮਣ=ਟੂਣਾ (ਜਾਦੂ) ਕਰੇ,

ਵਾ:-ਗਲ ਵਿਚ ਮਣਕਾ ਪਾਉਣਾ ਕਰੇ ਤਾਂ ਪਿਆਰੇ ਪਤੀ-ਪਰਮੇਸ਼ਰ ਨੂੰ ਪਾ ਲੈਂਦੀ ਹੈ॥ ੬॥

## ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥

(੧) ਜੋ ਪੁਰਸ਼ ਦਿਲ ਕਰਕੇ ਮਿਲਿਆ ਹੈ ਓਹੀ ਪਰਮੇਸ਼ਰ ਨਾਲ ਮਿਲਕੇ ਰਹਿੰਦਾ ਹੈ, ਅਤੇ ਉਸੇ ਨੂੰ ਮਿਲਿਆ ਹੋਇਆ ਕਹੀਦਾ ਹੈ।

(੨) ਜੋ ਹਰੀ ਸਾਰਿਆਂ ਦਿਲਾਂ ਵਿਚ ਮਿਲ ਰਿਹਾ ਹੈ, ਸੋ ਉਸ ਦੇ ਨਾਮ ਨਾਲ ਜੋ ਮਿਲਿਆ ਹੈ ਓਹੀ ਅਸਲੀ ਮਿਲਿਆ ਹੋਇਆ ਕਹੀਦਾ ਹੈ।

(੩) ਜਿਨ੍ਹਾਂ ਗੁਰਾਂ ਦਾ ਦਿਲ ਪਰਮੇਸ਼ਰ ਨਾਲ ਮਿਲਿਆ ਹੋਇਆ ਹੈ, ਉਹਨਾਂ ਦੇ ਉਪਦੇਸ਼ ਨਾਲ ਜੋ ਮਿਲਿਆ ਹੈ, ਹੇ ਭਾਈ ! ਓਹੀ ਪਰਮੇਸ਼ਰ ਨਾਲ ਮਿਲਿਆ ਹੋਇਆ ਕਹੀਦਾ ਹੈ

## ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ ੭॥

ਪ੍ਰੇਮ ਤੋਂ ਬਿਨਾ, ਜੇਕਰ ਉਸ ਨੂੰ ਬਹੁਤਾ ਚਾਹੁਣਾ ਭੀ ਕਰੀਏ ਤਾਂ ਭੀ ਗੱਲ ਨਾਲ ਮੇਲ ਨਹੀਂ ਹੁੰਦਾ॥ ੭॥

## ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥

ਜਿਵੇਂ ਅੱਗ ਦੇ ਸਬੰਧ ਕਰਕੇ ਧਾਤੂ ਸੋਨੇ ਧਾਤੂ ਨਾਲ ਮਿਲਦਾ ਹੈ, ਲੋਹਾ ਧਾਤੂ ਲੋਹੇ ਧਾਤੂ ਨਾਲ ਮਿਲਦਾ ਹੈ, ਅਥਵਾ-ਧਾਤੂ=ਮਾਇਆਧਾਰੀ ਮਾਇਆਧਾਰੀ ਨੂੰ ਮਿਲਦਾ ਹੈ। ਵਾ:-ਜਿਵੇਂ ਪਿਤਾ ਦੀ ਧਾਤ ਤੋਂ ਰਚਿਆ ਹੋਇਆ ਪੁੱਤਰ ਪਿਤਾ ਦੀ ਧਾਤੂ ਪਰ ਹੀ ਭਾਵ ਓਸੇ ਅੰਸ਼ ਪਰ ਮਿਲਦਾ ਹੈ, ਤਿਵੇਂ ਲਿਵ ਲਗਾਉਣ ਵਾਲਾ ਪੁਰਸ਼ ਜਿਸ ਵਿਚ ਲਿਵ ਲਗਾਈ ਹੈ ਉਸ ਪ੍ਰਭੂ ਨੂੰ ਧਾਵੈ=ਦੌੜ ਕੇ ਮਿਲਦਾ ਹੈ।

## ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥ ੮॥

ਗੁਰਾਂ ਦੀ ਕਿਰਪਾ ਦੁਆਰੇ ਨਾਮ-ਸਿਮਰਨ ਕਰਨਾ ਜਾਣੀਏ ਤਾਂ ਕੋਈ ਅਨਭਉ=ਗਿਆਨ ਨੂੰ ਪਾਉਂਦਾ ਹੈ॥ ੮॥

## ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥

ਜਿਵੇਂ-ਪਾਨਾਂ ਦੀ ਵਾੜੀ=ਬਗੀਚੀ ਘਰ ਵਿਚ ਹੋਵੇ ਤਾਂ ਖਰੁ=ਖੋਤਾ ਉਹਨਾਂ ਦੀ ਕਦਰ ਨਹੀਂ ਜਾਣਦਾ।

ਤਿਵੇਂ-ਪਾਨਾਵਾੜੀ=ਸਤਸੰਗ,ਪਰਮੇਸ਼ਰ, ਸ਼ੁਭ-ਗੁਣ ਸਰੀਰ ਘਰ ਵਿਚ ਹੋਣ, ਤਾਂ ਖਰੁ=ਗਧਾ-ਕਾਮੀ ਜੀਵ ਉਹਨਾਂ ਦੀ ਸਾਰ=ਕਦਰ ਨਹੀਂ ਜਾਣਦਾ।

## ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥ ੯ ॥

ਜਿਵੇਂ ਸੁਗੰਧੀ ਦਾ ਰਸੀਆ ਹੋਵੇ ਤਦ ਫੁੱਲ ਨੂੰ ਪਛਾਣਦਾ ਹੈ। ਤਿਵੇਂ ਮੁਸਕ=ਸਿਧਾਂਤ ਦਾ ਰਸੀਆ=ਪ੍ਰੀਤੀ ਵਾਲਾ ਹੋਵੇ ਤਦ ਵੇਦਾਂ ਸ਼ਾਸਤ੍ਰਾਂ ਰੂਪੀ ਫੁੱਲ ਨੂੰ ਪਛਾਣਦਾ ਹੈ॥ ੯॥

## ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਅੰਮ੍ਰਿਤ ਨੂੰ ਪੀਂਦਾ ਹੈ, ਉਸ ਦੇ ਅੰਦਰੋਂ ਭ੍ਰਮੁ=ਭਰਮ ਜੋ ਭ੍ਰਮਿ= ਭਰਮਾਉਣੇ ਵਾਲਾ ਹੈ ਉਹ ਸਮਾਵੈ=ਅਭਾਵ ਹੋ ਜਾਂਦਾ ਹੈ।

## ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥੧੦॥੧॥

ਸੁਭਾਵਕ ਹੀ ਸਹਜੇ=ਸ਼ਾਂਤੀ ਆਦਿਕ ਗੁਣਾਂ ਵਿਚ ਮਿਲ ਰਵ੍ਹੇ ਤਾਂ ਅਮਰ-ਪਦ ਨੂੰ ਪਾ ਲੈਂਦਾ ਹੈ॥ ੧੦॥ ੧॥

## ਤਿਲੰਗ ਮਹਲਾ ੪ ॥ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥

ਵੇਦਾਂ ਸ਼ਾਸਤ੍ਰਾਂ ਵਿਚ ਜੋ ਹਰੀ ਦੀਆਂ ਕਥਾਵਾਂ ਹਨ, ਤੇ ਜੋ ਲੌਕਿਕ ਕਹਾਣੀਆਂ ਹਨ, ਅਥਵਾ-ਕਥਨ ਕਰਨੇ ਜੋਗ ਜੋ ਹਰੀ ਦੀਆਂ ਕਹਾਣੀਆਂ ਹਨ, ਉਹ ਗੁਰੂ-ਮਿੱਤਰ ਨੇ ਸੁਣਾਈਆਂ ਹਨ।

## ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥ ੧ ॥

ਮੈਂ ਮਨ ਕਰਕੇ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਅਤੇ ਤਨ ਕਰਕੇ ਭੀ ਮੈ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

*ਅਥਵਾ*-ਬਲਿਹਾਰ ਜਾਣੇ ਜੋਗ ਆਪਣੇ ਗੁਰ=ਪੂਜਨੀਕ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ॥ ੧॥

## ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ ਰਹਾਉ॥

(੧) ਹੇ ਮੇਰੇ ਗੁਰੂ ਦੇ ਪਿਆਰੇ ਗੁਰਸਿੱਖ ! ਤੂੰ ਮੈਨੂੰ ਆ ਕੇ ਮਿਲ, ਪਰ ਛੇਤੀ ਆ ਕੇ ਮਿਲ।

(੨) ਹੇ ਗੁਰਸਿੱਖ ! ਤੂੰ ਆ ਕੇ ਮਿਲ, ਤੁਸੀਂ ਮੇਰੇ ਗੁਰੂ ਕੇ ਪਰਮ ਪਿਆਰੇ ਹੋ।

## ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥

ਜੋ ਹਰੀ ਦੇ ਗੁਣ ਹਰੀ ਨੂੰ ਭਾਉਂਦੇ ਹਨ, ਉਹ ਗੁਣ ਅਸਾਂ ਨੇ ਗੁਰਾਂ ਪਾਸੋਂ ਪਾਏ ਹਨ।

## ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥ ੨ ॥

ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਦਾ ਭਾਣਾ ਮੰਨਿਆ ਹੈ, ਉਹਨਾਂ ਤੋਂ ਘੁਮਿ ਘੁਮਿ=ਬਲਿਹਾਰ-ਕੁਰਬਾਨ ਜਾਂਦਾ ਹਾਂ॥ ੨॥

**ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥**

ਜਿਨ੍ਹਾਂ ਨੇ ਪਿਆਰੇ ਸਤਿਗੁਰਾਂ ਦਾ ਦਰਸ਼ਨ ਵੇਖਿਆ ਹੈ, ਉਹਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ।

**ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥ ੩ ॥**

ਜਿਨ੍ਹਾਂ ਗੁਰਸਿੱਖਾਂ ਨੇ ਗੁਰਾਂ ਦੀ ਸੇਵਾ-ਟਹਿਲ ਕੀਤੀ ਹੈ, ਉਹਨਾਂ ਤੋਂ ਮੈਂ ਸਦੀਵ ਕਾਲ ਬਲਿਹਾਰ ਜਾਂਦਾ ਹਾਂ॥ ੩ ॥

**ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥**

ਹੇ ਭਾਈ ! ਹਰਿ ਹਰਿ ਦਾ ਨਾਮ ਹੀ ਤੇਰੇ ਜਨਮ ਮਰਨ ਰੂਪ ਦੁੱਖ ਦੇ ਦੂਰ ਕਰਨ ਵਾਲਾ ਹੈ।

**ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥ ੪ ॥**

ਗੁਰਾਂ ਦੀ ਸੇਵਾ ਕਰਕੇ ਜਿਸ ਨੇ ਨਾਮ ਪਾਇਆ ਹੈ, ਉਸ ਗੁਰਮੁਖ ਦਾ (ਸੰਸਾਰ-ਸਮੁੰਦ੍ਰ ਤੋਂ) ਨਿਸਤਾਰਾ= ਪਾਰ ਉਤਾਰਾ ਹੁੰਦਾ ਹੈ॥ ੪ ॥

**ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥**

ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ, ਉਹ ਪੁਰਸ਼ ਪ੍ਰਵਾਨ ਹੋਏ ਹਨ।

**ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥ ੫ ॥**

ਗੁਰੂ ਜੀ ਕਥਨ ਕਰਦੇ ਹਨ, ਮੈਂ ਉਨ੍ਹਾਂ ਦੇ ਉੱਪਰੋਂ ਮਨ ਕਰਕੇ ਸਦਾ ਵਾਰਿਆ=ਬਲਿਹਾਰ ਜਾਂਦਾ ਹਾਂ, ਬਾਣੀ ਕਰਕੇ ਸਦਾ ਕੁਰਬਾਨ ਜਾਂਦਾ ਹਾਂ, ਤਨ ਕਰਕੇ ਭੀ ਸਦਾ ਬਲਿਹਾਰ ਜਾਂਦਾ ਹਾਂ॥ ੫ ॥

**ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ॥**

ਹੇ ਪੁਰਸ਼ਾ ! ਤੇਰੀ ਕੀਤੀ ਹੋਈ ਉਸਤਤੀ ਓਹੀ ਸਫਲ ਹੈ, ਜੋ ਹਰ ਤਰ੍ਹਾਂ ਕਰਕੇ ਹਰੀ ਪ੍ਰਭੂ ਨੂੰ ਭਾ ਜਾਵੇ।

**ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ॥ ੬ ॥**

(੧) ਜੋ=ਜਿਹੜੇ ਗੁਰਮੁਖ ਪਿਆਰੇ ਹਰੀ ਨੂੰ ਸੇਵਦੇ ਹਨ, ਤਿਨ=ਉਹਨਾਂ ਨੇ ਸਾਰੇ ਫਲ ਪਾਏ ਹਨ ।

(੨) ਜੋ ਗੁਰਮੁਖ ਪਿਆਰੇ ਗੁਰਾਂ ਨੂੰ ਸੇਂਵਦੇ ਹਨ, ਉਹ ਹਰਿ ਫਲੁ=ਗਿਆਨ ਫਲ ਨੂੰ ਪਾਉਂਦੇ ਹਨ॥ ੬ ॥

**ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥**

ਜਿਨ੍ਹਾਂ ਦੀ ਹਰੀ ਨਾਲ ਪਿਰਹੜੀ=ਪ੍ਰੀਤੀ ਹੈ, ਉਹਨਾਂ ਦਾ ਜੀਅ=ਦਿਲ ਪ੍ਰਭੂ ਨਾਲ ਹੀ ਜੁੜ ਗਿਆ ਹੈ।

**ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥ ੭ ॥**

ਉਹ ਪਿਆਰੇ ਪ੍ਰਭੂ ਦੇ ਜਪ ਨੂੰ ਜਪ ਕੇ ਜੀਉਂਦੇ ਹਨ ਅਤੇ ਹਰ ਵੇਲੇ ਹਰੀ ਨਾਮ ਨੂੰ ਸੰਭਾਲਦੇ ਹਨ।

**ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ॥**

ਜਿਨ੍ਹਾਂ ਗੁਰਮੁਖਾਂ ਨੇ ਪਿਆਰਾ ਜਾਣਕੇ ਹਰੀ ਨੂੰ ਸੇਵਿਆ ਹੈ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

## ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥ ੮ ॥

ਉਹ ਆਪ ਸਾਰੇ ਪਰਵਾਰ ਸਿਉ=ਸਮੇਤ ਜਨਮ ਮਰਨ ਤੋਂ ਛੁੱਟ ਗਏ ਹਨ ਅਤੇ ਸਾਰੇ ਜਗਤ ਨੂੰ ਭੀ ਉਹਨਾਂ ਨੇ ਛਡਾ ਲਿਆ ਹੈ॥ ੮॥

## ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥

ਗੁਰਾਂ ਨੇ ਪਿਆਰੇ ਹਰੀ ਨੂੰ ਸੇਵਿਆ ਹੈ, ਇਸ ਲਈ ਗੁਰੂ ਧੰਨ ਹਨ, ਗੁਰੂ ਧੰਨ ਹਨ।

ਵਾ:-ਗੁਰੂ ਤਿੰਨਾਂ ਸਮਿਆਂ ਵਿਚ ਧੰਨ ਹਨ।

## ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥ ੯ ॥

ਗੁਰਾਂ ਨੇ ਜਿਹੜਾ ਹਰੀ ਦੀ ਪ੍ਰਾਪਤੀ ਦਾ (ਗਿਆਨ ਵੈਰਾਗ ਰੂਪੀ) ਰਸਤਾ ਦੱਸਿਆ ਹੈ, ਏਹੋ ਗੁਰਾਂ ਦਾ ਪੁੰਨਾਂ ਵਿਚੋਂ ਪੁੰਨ ਹੈ॥ ੯॥

[ਪੰਨਾ ੭੨੬]

## ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥

ਜੋ ਗੁਰਸਿੱਖ ਅਜਿਹੇ ਗੁਰੂ ਦੀ ਸੇਵਾ ਕਰਦੇ ਹਨ, ਉਹ ਪੁਰਸ਼ ਪੁੰਨ=ਪਵਿੱਤ੍ਰ ਰੂਪ ਹਨ।

## ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਉਹਨਾਂ ਤੋਂ ਸਦਾ ਸਦਾ ਹੀ ਵਾਰੀ ਘੋਲੀ ਜਾਂਦਾ ਹਾਂ ॥ ੧੦॥

## ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥

ਗੁਰਮੁਖਾਂ ਰੂਪੀ ਜੋ ਸਹੇਲੀਆਂ=ਪਿਆਰੀਆਂ ਸਖੀਆਂ ਹਨ, ਉਹ ਹਰੀ ਨੂੰ ਆਪ ਹੀ ਭਾਈਆ=ਭਾ ਗਈਆਂ ਹਨ।

## ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥ ੧੧ ॥

ਹਰੀ ਦੀ ਦਰਗਾਹ ਵਿਚ ਉਹਨਾਂ ਨੂੰ ਜਸ ਰੂਪੀ ਪੁਸ਼ਾਕ ਪਹਿਨਾਈ ਹੈ, ਭਾਵ ਇੱਜ਼ਤ ਹੋਈ ਹੈ ਅਤੇ ਹਰੀ ਨੇ ਉਹਨਾਂ ਨੂੰ ਆਪਣੇ ਗਲ ਨਾਲ ਲਗਾਇਆ, ਭਾਵ ਅਭੇਦ ਕੀਤਾ ਹੈ॥ ੧੧॥

## ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥

ਜੋ =ਜਿਹੜੇ ਗੁਰਮੁਖ ਗੁਰਾਂ ਦੁਆਰੇ ਨਾਮ ਨੂੰ ਧਿਆਂਉਂਦੇ ਹਨ, ਹੇ ਪ੍ਰਭੂ ! ਮੈਨੂੰ ਤਿਨ=ਉਹਨਾਂ ਦਾ ਦਰਸ਼ਨ ਦੇਣਾ ਕਰ।

## ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥ ੧੨ ॥

ਅਸੀਂ ਤਿਨ=ਉਹਨਾਂ ਦੇ ਚਰਨ ਪਖਾਲਦੇ=ਧੋਂਦੇ ਹਾਂ ਅਤੇ ਉਹਨਾਂ ਦੀ ਚਰਨ ਧੂੜੀ ਨੂੰ ਘੋਲ ਘੋਲ ਕੇ ਪੀਂਦੇ ਹਾਂ॥ ੧੨॥

## ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥

(੧) ਜੋ ਪ੍ਰਤੱਖ ਇਸਤ੍ਰੀਆਂ ਪਾਨ ਤੇ ਸੁਪਾਰੀ ਖਾਂਦੀਆਂ ਸਨ ਤੇ ਮੁਖ ਪਰ ਬੀੜੀਆਂ=ਬਿੰਦੀਆਂ ਲਗਾਈ

ਰੱਖਦੀਆਂ ਸਨ।

(੨) ਜੋ ਮਨੁੱਖ ਪਾਨ ਤੇ ਸੁਪਾਰੀ ਖਾਂਦੇ ਸਨ ਅਤੇ ਮੂੰਹ ਵਿਚ ਤਮਾਕੂ ਦੀਆਂ ਬੀੜੀਆਂ ਲਗਾ ਰੱਖਦੇ ਸਨ।

**ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥ ੧੩ ॥**

ਹਰਿ ਹਰਿ ਨਾਮ ਨੂੰ ਕਦੇ ਭੀ ਸਿਮਰਿਆ ਨਹੀਂ ਸੀ, ਉਹਨਾਂ ਨੂੰ ਜਮ ਨੇ ਫੜ ਕੇ ਅੱਗੇ ਨੂੰ ਤੋਰ ਲਿਆ ਹੈ॥ ੧੩ ॥

**ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥**

ਜਿਨ੍ਹਾਂ ਨੇ ਹਰੀ ਨਾਮ ਨੂੰ ਸਿਮਰਿਆ ਹੈ ਅਤੇ ਹਰੀ ਨੂੰ ਹਿਰਦੇ ਉਰਿ=ਵਿਚ ਭੀ ਧਾਰਿਆ ਹੋਇਆ ਹੈ।

**ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥ ੧੪ ॥**

(੧) ਉਹ ਜੋ ਗੁਰੂ ਦੇ ਪਿਆਰੇ ਗੁਰਸਿੱਖ ਹਨ, ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ।

(੨) ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ, ਕਿਉਂਕਿ ਉਹ ਗੁਰਸਿੱਖ ਗੁਰੂ ਜੀ ਦੇ ਪਿਆਰੇ ਹਨ॥ ੧੪ ॥

**ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥**

ਕੋਈ ਵਿਰਲਾ ਹੀ ਗੁਰਮੁਖ ਜਾਣਦਾ ਹੈ ਕਿ ਹਰੀ ਦਾ ਨਾਮ ਸੁਖਾਂ ਦਾ,

ਵਾ:-ਨਿਧੀਆਂ ਦਾ ਖ਼ਜ਼ਾਨਾ ਹੈ।

**ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥ ੧੫ ॥**

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ, ਉਹ ਰਲੀਆ=ਖੁਸ਼ੀਆਂ ਦੇ ਰੰਗਿ=ਅਨੰਦ ਨੂੰ ਮਾਣੈ=ਭੋਗਦੇ ਹਨ॥ ੧੫ ॥

**ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥**

ਸਤਿਗੁਰੂ ਹੀ ਦਾਤੇ ਕਹੇ ਜਾਂਦੇ ਹਨ, ਜੋ ਤੁਸਿ=ਪ੍ਰਸੰਨ ਹੋ ਕੇ ਸਿੱਖਾਂ ਨੂੰ ਪ੍ਰਤੱਖ ਪਸਾਓ=ਦਾਤ, ਜਾਂ ਨਾਮ ਦੀ ਦਾਤ ਦੇਣਾ ਕਰਦੇ ਹਨ।

**ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥ ੧੬ ॥**

ਹਉ=ਮੈਂ ਗੁਰੂ ਦੇ ਉੱਪਰੋਂ ਸਦਾ ਵਾਰਨੇ ਜਾਂਦਾ ਹਾਂ, ਜਿਸ ਗੁਰੂ ਨੇ ਮੈਨੂੰ ਨਾਮ ਦਿਤੜਾ=ਦਿੱਤਾ (ਬਖਸ਼ਿਆ) ਹੈ॥ ੧੬ ॥

**ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥**

ਉਹ ਗੁਰੂ ਧੰਨ ਹਨ, ਮੈਂ ਉਹਨਾਂ ਨੂੰ ਸ਼ਾਬਾਸ ਦੇਂਦਾ ਹਾਂ, ਜੋ ਹਰੀ ਦੀ ਪ੍ਰਾਪਤੀ ਦਾ ਸਨੇਹਾ=ਸੰਦੇਸ਼ ਦੇਂਦੇ ਹਨ।

*ਯਥਾ:*-"ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥
ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥ ੨੩੦ ॥"

*(ਕਬੀਰ ਪੰਨਾ ੧੩੭੬)*

## ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥੧੭॥

(੧) ਸਾਰਿਆਂ ਤੋਂ ਗੁਰੂ=ਵੱਡੀ, ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖ ਵੇਖ ਕੇ ਹਉ=ਮੈਂ ਵਿਗਸਿਆ=ਪ੍ਰਸੰਨ ਹੋਇਆ ਹਾਂ।

(੨) ਵੇਖਣੇ ਜੋਗ ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖ ਕੇ ਮੈਂ ਗੁਰੂ=ਬੜਾ ਪ੍ਰਸੰਨ ਹੋਇਆ ਹਾਂ॥ ੧੭॥

## ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥

(੧) ਗੁਰਾਂ ਦੀ ਰਸਨਾ ਸੋਭਨੀਕ ਹਰੀ ਨਾਮ ਅੰਮ੍ਰਿਤ ਨੂੰ ਬੋਲਦੀ ਹੈ।

(੨) ਗੁਰੂ ਦੀ ਰਸਨਾ ਨਾਮ-ਅੰਮ੍ਰਿਤ ਨੂੰ ਬੋਲਦੀ ਹੈ, ਅਤੇ ਹਰੀ ਨਾਮ ਕਰਕੇ ਸੋਭਾ ਵਾਲੀ ਹੋਈ ਹੈ।

## ਜਿਨ ਸੁਣਿ ਸਿਖਾ ਗੁਰੂ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥

ਜਿਨ੍ਹਾਂ (ਗੁਰਸਿੱਖਾਂ) ਨੇ ਗੁਰੂ ਦੇ ਸਿਖਾ=ਸਿਖਿਆ ਨੂੰ ਸੁਣ ਕੇ ਮੰਨਣ ਕੀਤਾ ਹੈ, ਉਹਨਾਂ ਦੀ ਸਾਰੀ ਭੁੱਖ ਪਦਾਰਥਾਂ ਦੀ ਚਲੀ ਜਾਂਦੀ ਹੈ॥ ੧੮॥

ਮਹਾਤਮਾ ਅੱਗੇ ਇਸ ਤਰ੍ਹਾਂ ਬੇਨਤੀ ਕਰੇ, ਹੇ ਸੰਤੋ!

## ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥

ਹਰੀ ਦੀ ਪ੍ਰਾਪਤੀ ਦਾ ਜੋ ਬ੍ਰਹਮ ਗਿਆਨ ਰੂਪੀ ਰਸਤਾ ਆਖੀਦਾ ਹੈ, ਕਹੁ ਖਾਂ! ਉਸ ਉੱਤੇ ਕਿਸ ਤਰ੍ਹਾਂ ਨਾਲ ਜਾਈਏ? *ਉੱਤਰ:-*

## ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥

(੧) ਹਰੀ ਦਾ ਜੋ ਹਰਿ ਹਰਿ ਨਾਮ ਹੈ ਏਹੀ ਤੇਰਾ ਖਰਚ ਹੈ, ਇਸ ਖਰਚ ਨੂੰ ਨਾਲ ਲੈ ਜਾਣਾ ਕਰ।

(੨) ਹੇ ਭਾਈ! ਹਰੀ ਦਾ ਨਾਮ ਹਰਿ=ਹਰ ਤਰ੍ਹਾਂ ਕਰਕੇ ਤੇਰਾ ਸਹਾਇਕ ਹੈ, ਇਸ ਲਈ ਹਰੀ ਨਾਮ ਰੂਪੀ ਖਰਚ ਨੂੰ ਲੈ ਕੇ ਪ੍ਰਲੋਕ ਵਿਚ ਜਾਣਾ ਕਰ॥ ੧੯॥

## ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਨਾਮ ਨੂੰ ਅਰਾਧਿਆ ਹੈ, ਉਹ ਸਾਰਿਆਂ ਤੋਂ ਵੱਡੇ ਸ਼ਾਹ ਦਾਣੇ=ਜਾਣੇ ਜਾਂਦੇ ਹਨ।

## ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ॥੨੦॥

ਹਉ=ਮੈਂ ਉਹਨਾਂ ਸਤਿਗੁਰਾਂ ਤੋਂ ਸਦਾ ਵਾਰਨੇ ਜਾਂਦਾ ਹਾਂ, ਜਿਨ੍ਹਾਂ ਗੁਰਾਂ ਦੇ ਬਚਨ ਮੇਰੇ ਹਿਰਦੇ ਵਿਚ ਸਮਾਏ ਹਨ।

*ਅਥਵਾ*-ਜਿਨ੍ਹਾਂ ਗੁਰਾਂ ਦੇ ਬਚਨਾਂ ਕਰਕੇ ਕਾਮ ਆਦਿਕ ਸਮਾਣੇ=ਅਭਾਵ ਹੋ ਗਏ ਹਨ॥ ੨੦॥

ਹੇ ਭਾਈ! ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

## ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ॥

ਪਿੱਛੇ ਤੂੰ ਮੇਰਾ ਠਾਕੁਰ ਸੀ, ਅੱਗੇ ਭੀ ਤੂੰ ਮੇਰਾ ਸਾਹਿਬ ਹੋਵੇਂਗਾ, ਹੁਣ ਭੀ ਤੂੰ ਮੇਰਾ ਮੀਰਾ=ਪਾਤਸ਼ਾਹ ਹੈਂ।

## ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥ ੨੧ ॥

ਤੇਰੀ ਬੰਦਗੀ ਹੀ ਤੁਧੁ ਭਾਵੈ=ਤੈਨੂੰ ਭਾਉਂਦੀ ਹੈ, ਅਥਵਾ-ਜੋ ਤੇਰੀ ਬੰਦਗੀ ਕਰਦਾ ਹੈ ਉਹ ਤੈਨੂੰ ਭਾਉਂਦਾ ਹੈ ਅਤੇ ਤੂੰਹੀ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਹੈਂ॥ ੨੧॥

## ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥

ਹਰੀ ਆਪ ਹੀ ਇਕ ਰੰਗੁ=ਨਿਰਗੁਣ ਸਰੂਪ ਹੋ ਰਿਹਾ ਹੈ, ਹਰੀ ਆਪ ਹੀ ਬਹੁਰੰਗੀ=ਸਰਗੁਣ ਸਰੂਪ ਹੋ ਰਿਹਾ ਹੈ।

## ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ ੨੨ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਉਸ ਹਰੀ ਨੂੰ ਭਾਉਂਦਾ ਹੈ, ਸਾਈ=ਓਹੀ ਗੱਲ ਚੰਗੀ॥ ੨੨ ॥ ੨ ॥

## ਤਿਲੰਗ ਮਹਲਾ ੯ ਕਾਫੀ ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਪ੍ਰੇਮ ਮਈ ਕਾਫੀ ਦੇ ਰੂਪ ਵਿਚ ਬਾਣੀ ਉਚਾਰ ਕੇ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ।

੧. ਕਾਫੀ=ਛੰਦ ਦੀ ਚਾਲ ਹੈ, ੨. ਕਾਫੀ=ਵੈਰਾਗ ਮਈ ਉਪਦੇਸ਼ ਦੇਂਦੇ ਹਨ।

## ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥

(੧) ਹੇ ਪ੍ਰਾਣੀ! ਜੋ ਤੇਰੇ ਵਿਚ ਕੋਈ ਚੇਤਨਾ=ਬੁੱਧੀ ਹੈ, ਤਾਂ ਰਾਤ ਦਿਨ ਵਿਚ ਵਾਹਿਗੁਰੂ ਦਾ ਚੇਤ=ਸਿਮਰਨ ਕਰ ਲੈ।

(੨) ਜੇ ਤੂੰ ਚੇਤਨਾ=ਚਿੰਤਨ ਕਰਨਾ ਹੈ ਤਾਂ ਹੇ ਪ੍ਰਾਣੀ! ਰਾਤ ਦਿਨ ਵਾਹਿਗੁਰੂ ਨਾਮ ਦਾ ਸਿਮਰਨ ਕਰ ਲੈ।

(੩) ਹੇ ਪ੍ਰਾਣੀ! ਮਾਂ ਦੇ ਪੇਟ ਵਿਚ ਜੋ ਤੂੰ ਕਰਾਰ ਕੀਤਾ ਸੀ ਉਸ ਦਾ ਚੇਤਾ ਹਈ ਤਾਂ ਰਾਤ ਦਿਨ ਵਾਹਿਗੁਰੂ ਨਾਮ ਦਾ ਸਿਮਰਨ ਕਰ ਲੈ।

## ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧ ॥ ਰਹਾਉ ॥

ਛਿਨ ਛਿਨ ਕਰਕੇ ਤੇਰੀ ਉਮਰਾ ਇਉਂ ਬਿਹਾਤੁ=ਬੀਤਦੀ ਜਾਂਦੀ ਹੈ, ਜਿਵੇਂ ਫੂਟੈ=ਟੁੱਟੇ ਹੋਏ ਘੜੇ ਵਿੱਚੋਂ ਬੂੰਦ ਬੂੰਦ ਕਰਕੇ ਪਾਣੀ ਨਿਕਲਦਾ ਜਾਂਦਾ ਹੈ॥ ੧॥ ਰਹਾਉ॥

## ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥

ਹੇ ਮੂਰਖ ਅਗਿਆਨੀ! ਤੂੰ ਹਰੀ ਦੇ ਗੁਣ ਕਿਉਂ ਨਹੀਂ ਗਾਇਨ ਕਰਦਾ।

## ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ ੧ ॥

ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲੱਗ ਕੇ ਤੈਨੇ ਆਪਣੇ ਮਰਨੇ ਨੂੰ ਨਹੀਂ ਪਛਾਣਿਆ॥ ੧॥

## ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥

ਅਜੇ ਤੱਕ ਤੇਰਾ ਕੁਝ ਵਿਗੜਿਆ ਨਹੀਂ ਹੈ, ਜੇ ਤੂੰ ਪ੍ਰਭੂ ਦੇ ਗੁਣ ਗਾ ਲਵੇਂ ਤਾਂ ਚੰਗਾ ਹੈ।

## ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪ੍ਰਭੂ ਦੇ ਭਜਨ ਕਰਕੇ ਤੂੰ ਨਿਰਭਉ ਪਦ ਨੂੰ ਪਾ ਲਵੇਂਗਾ ॥ ੨ ॥ ੧ ॥

## ਤਿਲੰਗ ਮਹਲਾ ੯ ॥

## ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥

ਰੇ ਮਨਾ=ਹੇ ਪਿਆਰੇ ਭਾਈ ! ਜਾਗ ਕੇ ਸਿਮਰਨ ਕਰ ਲੈ, ਜਾਗ ਕੇ ਸਿਮਰਨ ਕਰ ਲੈ, ਕਿਉਂ ਗਾਫਲ ਹੋ ਕੇ ਸੋਇਆ=ਸੁੱਤਾ ਪਿਆ ਹੈਂ।

## ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ ੧ ॥ ਰਹਾਉ ॥

ਜੋ ਸਰੀਰ ਨਾਲ ਪੈਦਾ ਹੋਇਆ ਹੈ, ਉਹ ਸਰੀਰ ਭੀ ਕਿਸੇ ਦਾ ਸਾਥੀ ਨਹੀਂ ਹੋਇਆ ॥ ੧ ॥ ਰਹਾਉ ॥

## ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥

ਮਾਂ, ਪਿਉ, ਸੁਤ=ਪੁੱਤਰ, ਬੰਧ ਜਨ=ਸਬੰਧੀ ਪੁਰਸ਼ ਜਿਨ੍ਹਾਂ ਨਾਲ ਤੂੰ ਹਿਤੁ=ਮੋਹ ਕੀਤਾ ਹੋਇਆ ਹੈ।

## ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥ ੧ ॥

ਜਿਸ ਵੇਲੇ ਦੇਹ ਨਾਲੋਂ ਜੀਵ ਦਾ ਸਬੰਧ ਛੁੱਟ ਗਿਆ, ਉਸੇ ਵੇਲੇ ਇਨ੍ਹਾਂ ਸਬੰਧੀਆਂ ਨੇ ਤੇਰੀ ਦੇਹ ਨੂੰ ਅੱਗ ਵਿਚ ਸੁੱਟ ਦੇਣਾ ਹੈ ॥ ੧ ॥

[ਪੰਨਾ ੭੨੭]

## ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥

ਜੀਉਂਦਿਆਂ ਤਕ ਹੀ ਸਬੰਧੀਆਂ ਦਾ ਤੇਰੇ ਨਾਲ ਵਿਹਾਰ ਹੈ, ਸਾਰੇ ਜਗਤ ਨੂੰ ਤੁਸੀਂ ਏਸੇ ਤਰ੍ਹਾਂ ਜਾਨਣਾ ਕਰੋ।

## ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥ ੨ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਤੂੰ ਹਰੀ ਦੇ ਗੁਣਾਂ ਨੂੰ ਗਾ ਲੈਣਾ ਕਰ, ਸੰਸਾਰ ਦੇ ਸਾਰੇ ਪਦਾਰਥ ਸੁਪਨੇ ਸਮਾਨਉ=ਵਾਂਗ ਮਿਥਿਆ ਹਨ ॥ ੨ ॥ ੨ ॥

## ਤਿਲੰਗ ਮਹਲਾ ੯ ॥ ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥

ਰੇ ਮਨਾ=ਹੇ ਪਿਆਰੇ ਭਾਈ ! ਤੂੰ ਹਰੀ ਜਸ ਨੂੰ ਗਾ ਲੈਣਾ ਕਰ, ਜੋ ਤੇਰਾ ਸੰਗੀ ਹੋਣਾ ਹੈ।

## ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥ ੧ ॥ ਰਹਾਉ ॥

ਮਨੁੱਖ ਜਨਮ ਦਾ ਵੇਲਾ ਬੀਤਦਾ ਜਾਂਦਾ ਹੈ, ਤੂੰ ਹੁਣੇ ਹੀ ਮੇਰਾ ਕਿਹਾ ਮਾਨਿ=ਮੰਨ ਲੈ ॥ ੧ ॥ ਰਹਾਉ ॥

## ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥

ਰਾਜ ਸੰਪਦਾ ਨਾਲ, ਰੱਥ ਆਦਿਕਾਂ ਦੀ ਸਵਾਰੀ ਨਾਲ ਤੇ ਧਨ ਨਾਲ ਜੋ ਤੂੰ ਬਹੁਤਾ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

## ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ ॥੧॥

ਜਿਸ ਵੇਲੇ ਕਾਲ ਦੀ ਫਾਹੀ ਤੇਰੇ ਗਲ ਵਿਚ ਪੈ ਗਈ, ਉਸ ਵੇਲੇ ਸਭ ਕੁਝ ਪਰਾਇਓ=ਬਿਗਾਨਾ ਹੋ ਜਾਣਾ ਹੈ॥ ੧॥

## ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥

ਹੇ ਬਾਵਰੇ=ਝੱਲੇ ਪੁਰਸ਼ਾ ! ਤੈਨੇ ਜਾਣ ਬੁੱਝਕੇ ਆਪਣਾ ਮੋਖ ਰੂਪੀ ਕੰਮ ਵਿਗਾੜ ਲਿਆ ਹੈ।

## ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥

ਪਾਪ ਕਰਮ ਕਰਦਿਆਂ ਹੋਇਆਂ ਤੈਂਨੇ ਕੁਝ ਸੁਕਚਿਓ=ਸੰਕੋਚ ਨਹੀਂ ਕੀਤਾ ਅਤੇ ਨਾ ਹੀ ਗਰਬੁ=ਹੰਕਾਰ ਨੂੰ ਦੂਰ ਕੀਤਾ ਹੈ॥ ੨॥

## ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥

(੧) ਹੇ ਭਾਈ ! ਜਿਸ ਪ੍ਰਕਾਰ ਗੁਰੂ ਨੇ ਮੈਨੂੰ ਉਪਦੇਸ਼ ਦਿੱਤਾ ਹੈ, ਉਹ ਤੂੰ ਧਿਆਨ ਦੇ ਕੇ ਸੁਣ।

(੨) ਜਿਸ ਵਿਧੀ ਨਾਲ ਗੁਰੂ ਨੇ ਓਪਦੇਸ਼ ਦਿੱਤਾ ਹੈ, ਉਹ (ਤੂੰ ਕੰਨ ਦੇ ਕੇ) ਸੁਣ।

## ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥

ਗੁਰੂ ਜੀ ਕਥਨ ਕਰਦੇ ਹਨ, ਮੈਂ ਤੈਨੂੰ ਪੁਕਾਰ ਕੇ ਕਹਿੰਦਾ ਹਾਂ ਤੂੰ ਪ੍ਰਭੂ ਦੀ ਸ਼ਰਨ ਗ੍ਰਹਿਣ ਕਰ॥ ੩॥ ੩॥

੫ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ

੨ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ

੫ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ

੧ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ

੧ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਵੱਡਾ

੩ ਸ਼ਬਦ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ

ਕੁਲ ਸ਼ਬਦ ੧੭ ਹਨ

# ਰਾਗੁ ਤਿਲੰਗ ਭਗਤ ਬਾਣੀ

## ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

## ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਬ੍ਰਾਹਮਣ ਤੇ ਕਾਜ਼ੀ ਦੋਹਾਂ ਨੇ ਕਬੀਰ ਜੀ ਪਾਸ ਆ ਕੇ ਕਿਹਾ, ਵੇਦਾਂ ਅਤੇ ਕਤੇਬਾਂ ਨੂੰ ਆਪ ਪੜ੍ਹੋ ਤਾਂ ਮੁਕਤੀ ਦੀ ਪ੍ਰਾਪਤੀ ਹੋਵੇਗੀ। *ਉੱਤਰ:-*

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥**

**ਪਹਿਲਾ ਅਰਥ-**

ਹੇ ਭਾਈ ! ਚਾਰ ਵੇਦ ਤੇ ਕਤੇਬਾਂ ਇਫਤਰਾ=ਸ਼ੀਸ਼ੇ ਵਾਂਗ ਹਨ। ਕੇਵਲ ਇਨ੍ਹਾਂ ਦੇ ਪੜ੍ਹਨ ਕਰਕੇ ਦਿਲ ਦਾ ਫਿਕਰੁ=ਸੰਸਾ ਨਹੀਂ ਜਾਂਦਾ। ਭਾਵ-ਜਿਵੇਂ ਸ਼ੀਸ਼ੇ ਵੱਲ ਮੂੰਹ ਕਰਕੇ ਵੇਖੀਏ ਤਾਂ ਉਹ ਮੂੰਹ ਦੀ ਕਾਲਖ ਜਾਂ ਥਿੰਮ ਆਦਿਕ ਦੱਸ ਦੇਂਦਾ ਹੈ, ਪਰ ਉਹ ਦੂਰ ਨਹੀਂ ਕਰ ਸਕਦਾ। ਮੂੰਹ ਦੀ ਕਾਲਖ ਦੂਰ ਤਾਂ ਮਨੁੱਖ ਨੇ ਸਾਬਣ ਪਾਣੀ ਲੈ ਕੇ ਆਪਣੇ ਉੱਦਮ ਨਾਲ ਆਪ ਕਰਨੀ ਹੈ।

ਤਿਵੇਂ ਵੇਦ ਕਤੇਬਾਂ ਕਰਮਾਂ ਦਾ ਫਲ ਦੱਸਦੀਆਂ ਹਨ ਕਿ ਅਮਕੇ ਕਰਮ ਦੇ ਕਰਨ ਨਾਲ ਇਹ ਫਲ ਮਿਲਦਾ ਹੈ, ਫਲਾਣੇ ਕਰਮ ਦੇ ਕਰਨ ਨਾਲ ਇਹ ਫਲ ਪ੍ਰਾਪਤ ਹੁੰਦਾ ਹੈ। ਪਰ ਮੁਕਤੀ ਨਹੀਂ ਕਰ ਸਕਦੀਆਂ। ਪਰੰਤੂ ਮੁਕਤੀ ਜੀਵ ਨੇ ਆਪਣੇ ਉੱਦਮ ਨਾਲ ਸਿਮਰਨ ਦੁਆਰਾ ਕਰਨੀ ਹੈ।

**ਦੂਜਾ ਅਰਥ-**

ਹੇ ਭਾਈ ! ਵੇਦਾਂ, ਕਤੇਬਾਂ ਦਾ ਪੜ੍ਹਨਾ ਉੱਨਾ ਚਿਰ ਇਫਤਰਾ=ਦਿਖਾਵੇ ਮਾਤਰ ਹੈ, ਜਿੰਨਾ ਚਿਰ ਦਿਲ ਦਾ ਸੰਸਾ ਨਹੀਂ ਜਾਂਦਾ। ਏਸੇ ਵਾਸਤੇ ਕਬੀਰ ਜੀ ਗਉੜੀ ਰਾਗ ਵਿਚ ਕਹਿ ਆਏ ਹਨ।

*ਯਥਾ:-* "ਕਹਤ ਕਬੀਰ ਭਲੇ ਅਸਵਾਰਾ॥ ਬੇਦ ਕਤੇਬ ਤੇ ਰਹਹਿ ਨਿਰਾਰਾ॥"

*(ਗਉੜੀ ਕਬੀਰ, ਪੰਨਾ ੩੨੯)*

*ਤਥਾ-* "ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥"

*(ਸੂਹੀ ਮ: ੫, ਪੰਨਾ ੭੪੭)*

**ਤੀਜਾ ਅਰਥ-**

ਹੇ ਭਾਈ ! ਵੇਦ ਕਤੇਬ ਇਸ ਜੀਵ ਦੇ ਫਸਾਉਣੇ ਨੂੰ ਇਫਤਰਾ=ਜਾਲ ਵਾਂਗ ਹਨ। ਕਿਉਂਕਿ ੮੦ ਹਜ਼ਾਰ ਸਲੋਕ ਕੇਵਲ ਕਰਮ ਕਾਂਡ ਦਾ ਕਥਨ ਕੀਤਾ ਹੈ। ਇਨ੍ਹਾਂ ਦੇ ਕਰਨ ਵਿਚ ਉਮਰਾ ਖਤਮ ਹੋ ਜਾਂਦੀ ਹੈ। ਜੀਵ

ਕਰਮ ਕਰਦਾ ਕਰਦਾ ਮਰ ਜਾਂਦਾ ਹੈ ਪਰ ਕਰਮਾ ਕਰਕੇ ਮੁਕਤੀ ਨਹੀਂ ਮਿਲਦੀ।

*ਪ੍ਰਸ਼ਨ*— ਫਿਰ ਸਾਨੂੰ ਕੀ ਕਰਤੱਬ ਕਰਨਾ ਚਾਹੀਦਾ ਹੈ? *ਉੱਤਰ:-*

**ਟੂਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥੧॥**

ਟੂਕੁ=ਥੋੜ੍ਹਾ, ਦਮੁ=ਮਾਤਰ, ਕਰਾਰੀ=ਭਰੋਸਾ, ਰੋਕਣਾ।

ਜੇਕਰ ਤੁਸੀਂ ਥੋੜ੍ਹਾ ਮਾਤ੍ਰ ਭਰੋਸਾ ਰੱਖਣਾ ਕਰੋ।

ਵਾ-ਆਪਣੇ ਚਿੱਤ ਨੂੰ ਸੰਕਲਪਾਂ ਵਲੋਂ ਰੋਕਣਾ ਕਰੋ ਤਾਂ ਪਰਮਾਤਮਾ ਨੇੜੇ ਤੋਂ ਨੇੜੇ ਹੈ।

*ਯਥਾ:-* "ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥ ੨॥"

*(ਮਾਰੂ ਮ: ੫, ਪੰਨਾ ੧੦੦੦)*

*ਤਥਾ:-* "ਕਿ ਜਾਹਰ ਜਹੂਰ ਹੈਂ॥ ਕਿ ਹਾਜਰ ਹਜੂਰ ਹੈਂ॥" *(ਜਾਪ, ਪੰਨਾ ੮)*

*ਤਥਾ:- "ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ॥"*

*(ਸੋਰਠਿ ਮਹਲਾ ੩, ਪੰਨਾ ੬੦੨)*

*ਤਥਾ:-*'ਖ਼ੁਦਾ ਹਾਜ਼ਿਰ ਬਵਦ ਦਾਯਮ, ਬਬੀਂ ਦੀਦਾਰਿ ਪਾਕਸ਼ ਰਾ॥
ਨ ਗਿਰਦਾਬੇ ਦਰੋ ਹਾਇਲ ਨ ਦਰਯਾਓ, ਨ ਸਾਹਿਲ-ਹਾ॥ ੩॥'

*(ਭਾਈ ਨੰਦ ਲਾਲ, ਗਜ਼ਲ ਨੰ: ੩)*

*ਪਦ-ਅਰਥ*-ਸ=ਉਸ ਦੇ ਪਾਕਸ਼-ਰਾ=ਪਵਿੱਤਰ ਦੀਦਾਰ ਨੂੰ ਦਾਇਮ=ਹਮੇਸ਼ਾਂ ਬਬੀਂ=ਦੇਖਣਾ ਕਰ। ਉਸ ਦੇ ਦਰੋ=ਰਾਹ ਅੰਦਰ ਨਾ ਕੋਈ ਗਿਰਦਾਬੇ=ਘੁੰਮਣ ਘੇਰੀ ਹਾਇਲ=ਪਈ ਹੋਈ ਹੈ, ਨਾ ਕੋਈ ਦਰਯਾਓ=ਨਦੀ ਹੈ ਅਤੇ ਨਾਹੀ ਕੋਈ ਸਾਹਿਲ-ਹਾ=ਕੰਢੇ ਹਨ।

ਅਰਥ-ਵਾਹਿਗੁਰੂ ਹਮੇਸ਼ਾਂ ਹਾਜ਼ਰ ਨਾਜ਼ਰ ਹੈ, ਉਸ ਦੇ ਪਵਿੱਤਰ ਦਰਸ਼ਨ ਦੇਖਣਾ ਕਰ। ਉਸ ਪ੍ਰਭੂ ਦੇ ਰਸਤੇ ਵਿਚ ਨਾ ਕੋਈ ਘੁੰਮਣਘੇਰੀ, ਨਾ ਕੋਈ ਨਦੀ ਤੇ ਨਾ ਕੰਢੇ ਹਨ।

**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥**

ਖੋਜੁ=ਲਭਣਾ ਕਰ, ਹਰ ਰੋਜ=ਹਮੇਸ਼ਾਂ, ਨਿਤਾਪ੍ਰਤੀ। ਪਰੇਸਾਨੀ=ਸ਼ਰਮਿੰਦਗੀ; ਹੇ ਪੁਰਸ਼ਾ ! ਦਿਲ ਵਿਚ ਪਰਮਾਤਮਾ ਨੂੰ ਹਮੇਸ਼ਾ ਖੋਜਣਾ ਕਰ ਤਾਂ ਸ਼ਰਮਿੰਦਗੀ ਵਿਚ ਨਹੀਂ ਫਿਰੇਂਗਾ।

**ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ ਰਹਾਉ॥**

ਦੁਨੀਆਂ ਦਾ ਜੋ ਮੇਲਾ ਹੈ ਇਹ ਸਿਹਰੁ=ਬਾਜੀਗਰ ਦੀ ਬਾਜੀ ਵਾਂਗ ਹੈ।

ਵਾ-ਜਾਦੂਗਰ ਵਤ ਹੈ। ਜਿਵੇਂ ਬਾਜੀਗਰ ਦੀ ਬਾਜੀ ਹੱਥ ਵਿਚ ਫੜੀ ਨਹੀਂ ਜਾਂਦੀ, ਕਿਉਂਕਿ ਉਹ ਹੋਰ ਦੀ ਹੋਰ ਹੁੰਦੀ ਜਾਂਦੀ ਹੈ, ਤਿਵੇਂ ਇਹ ਪਦਾਰਥ ਦਸਤ=ਹੱਥ ਵਿਚ ਗੀਰੀ=ਫੜੇ ਨਾਹਿ=ਨਹੀਂ ਜਾਂਦੇ।

**ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥**

ਦਰੋਗੁ=ਝੂਠ, ਪੜਿ ਪੜਿ=ਬੋਲ ਬੋਲ ਕੇ ਬੇ=ਬਿਨਾਂ, ਬਾਦੁ=ਝਗੜਿਆਂ ਨੂੰ, ਬਕਾਹਿ=ਬਕਦੇ।

ਕਲਜੁਗੀ ਜੀਵ ਝੂਠ ਨੂੰ ਬੋਲ ਬੋਲ ਕੇ ਪ੍ਰਸੰਨ ਹੋ ਰਹੇ ਹਨ ਅਤੇ ਪਰਮਾਤਮਾ ਦੇ ਭਜਨ ਕਰਨ ਰੂਪੀ ਖ਼ਬਰ ਤੋਂ ਬੇ=ਬਿਨਾਂ ਹੋ ਕੇ ਝਗੜਿਆਂ ਨੂੰ ਬਕਦੇ ਹਨ।

*ਯਥਾ* - "ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ॥

*(ਸਿਰੀਰਾਗੁ ਮ: ੧, ਪੰਨਾ ੬੧)*

## ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥ ੨ ॥

ਹਕੁ=ਸੱਚਾ ਵਾਹਿਗੁਰੂ, ਸਚੁ=ਨਿਸਚੇ ਕਰਕੇ, ਖਾਲਕੁ=ਅਕਾਲ ਪੁਰਖ, ਖਲਕ=ਸੰਸਾਰ, ਮਿਆਨੇ=ਵਿਚ।

ਸੱਚਾ ਅਕਾਲ ਪੁਰਖ ਨਿਸਚੇ ਕਰਕੇ ਖਲਕਤ ਦੇ ਵਿਚ ਪੂਰਨ ਹੈ, ਉਹ ਕ੍ਰਿਸ਼ਨ ਵਾਂਗ ਸਿਆਮ ਮੂਰਤੀ ਨਹੀਂ ਹੈ।

"ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ॥ ਕਿ ਬੇਗੂੰਨ ਬੇਚੂੰਨ ਚੂੰ ਬੇਨਮੂੰ॥ ੩ ॥" *(ਦਸਮ ਗ੍ਰੰਥ, ਪੰਨਾ ੧੩੮੯)*

## ਅਸਮਾਨ ਮ੍ਿਾਨੇ ਲਹੰਗ ਦਰੀਆ ਗੁਸਲ ਕਰਦ ਨ ਬੂਦ॥

ਰਿਦੇ ਅਸਮਾਨ ਦੇ ਮ੍ਿਾਨੇ=ਵਿਚ ਦਰਿਆ ਰੂਪ ਪਰਮਾਤਮਾ ਨੂੰ ਲਹੰਗ=ਲਖਕੇ (ਜਾਣਕੇ) ਗੁਸਲ= ਇਸ਼ਨਾਨ ਕਰਨਾ ਸੀ ਪਰ ਨ ਬੂਦ=ਨਾ ਹੋਇਆ। (ਸੰਪਰਦਾਈ ਅਰਥ ਤੇ ਪਾਠ ਭੀ ਏਹੀ ਹੈ।)

ਫਾਰਸੀ ਵਾਲੇ ਐਉਂ ਕਰਦੇ ਹਨ-ਗੁਸਲ ਕਰਦਨ ਬੂਦ, ਇਸ਼ਨਾਨ ਕਰਨਾ ਸੀ, ਪਰ ਨਾ ਕੀਤਾ।

## ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ॥ ੩ ॥

ਆਪਣੇ ਆਪ ਨੂੰ ਸੰਸਾਰ ਵਲੋਂ ਫਾਰਗ ਕਰਕੇ ਭਾਵ ਵੈਰਾਗ ਧਾਰ ਕੇ ਦਾਇਮ=ਹਮੇਸ਼ਾ ਮਨ ਬੁੱਧੀ ਰੂਪ ਚਸਮੇ=ਨੇਤਰਾਂ ਨੂੰ ਪਰਮੇਸ਼ਰ ਵੱਲ ਲਾਉਣਾ ਕਰ। ਜਿਧਰ ਤੱਕੀਏ ਉਹ ਪਰਮਾਤਮਾ ਓਧਰ ਹੀ ਮਉਜੂਦ= ਪਰਗਟ ਹੈ।

*ਯਥਾ*-"ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ॥"

*(ਸਿਰੀਰਾਗ ਵਾਰ, ਪੰਨਾ ੮੪)*

## ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥

ਉਹ ਅਲਾਹ-ਅਲੱਖ, ਅਕਾਲ ਪੁਰਖ ਪਾਕੰ ਪਾਕ=ਪਵਿੱਤਰ ਤੋਂ ਪਵਿੱਤਰ ਹੈ।

*ਯਥਾ*- "ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥ ੩ ॥

*(ਰਾਮਕਲੀ ਮਹਲਾ ੫, ਪੰਨਾ ੮੯੭)*

ਤਿਸ ਵਿਚ ਅਪਵਿੱਤ੍ਰ-ਪਨੇ ਰੂਪੀ ਸਕ=ਸੰਸਾ ਤਾਂ ਕਰੋ ਜੇ ਉਸ ਦੇ ਮੁਕਾਬਲੇ ਵਿਚ ਕੋਈ ਹੋਰ ਦੂਜਾ ਹੋਵੇ।

## ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ॥ ੪ ॥ ੧ ॥

**ਪਹਿਲਾ ਅਰਥ-**

ਕਬੀਰ ਜੀ ਕਥਨ ਕਰਦੇ ਹਨ, ਇਹ ਕਰਮ=ਕਰਤਬ ਯਾਨੇ ਸੰਸਾਰ ਕਰੀਮ=ਕ੍ਰਿਪਾਲੂ ਪਰਮਾਤਮਾ ਦਾ ਹੈ। ਉਹ ਆਪ ਹੀ ਉਤਪੰਨ ਕਰਦਾ ਹੈ ਤੇ ਆਪ ਹੀ ਪਾਲਣਾ ਕਰਨੀ ਜਾਣਦਾ ਹੈ, ਆਪ ਹੀ ਲੈਤਾ ਕਰਦਾ ਹੈ॥ ੪ ॥ ੧ ॥

**ਦੂਜਾ ਅਰਥ-**

ਕਰੀਮ=ਪਰਮਾਤਮਾ ਦਾ ਜਿਸ ਉੱਤੇ ਕਰਮੁ=ਅਨੁਗ੍ਰਹੁ ਹੁੰਦਾ ਹੈ, ਉਹ ਜਪ ਤਪ ਆਦਿ ਸਾਧਨਾਂ ਨੂੰ ਕਰਦਾ ਹੈ, ਸਾਧਨ ਕਰਕੇ ਫੇਰ ਸੋਇ=ਉਹ ਆਪ ਹੀ ਪਰਮਾਤਮਾ ਨੂੰ ਜਾਣ ਲੈਂਦਾ ਹੈ॥ ੪॥ ੧॥

ਕਈ ਬੀੜਾਂ ਵਿਚ ਇਥੇ-

ੴ ਸਤਿਗੁਰ ਪ੍ਰਸਾਦਿ॥ ਹੈ, ਪਰ ਆਮ ਪਰਚਲਤ ਬੀੜਾਂ ਵਿਖੇ ਨਹੀਂ ਹੈ।

## ਨਾਮਦੇਵ ਜੀ॥

**ਉਥਾਨਕਾ:-**ਭਗਤ ਨਾਮਦੇਵ ਜੀ ਅਕਾਲ ਪੁਰਖ ਦੇ ਸਨਮੁਖ ਨਿੰਮ੍ਰਤਾ ਸਹਿਤ ਪ੍ਰਾਰਥਨਾ ਕਰਦੇ ਹਨ-

## ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥

ਟੇਕ=ਆਸਰਾ, ਖੁੰਦਕਾਰਾ=ਸਤ ਵਲਾਇਤਾਂ ਰੂਪ ਸੰਸਾਰ ਦੇ ਪਾਤਿਸ਼ਾਹ।

ਹੇ ਖੁੰਦਕਾਰ=ਸਤ ਵਲਾਇਤਾਂ ਰੂਪ ਸੰਸਾਰ ਦੇ ਪਾਤਿਸ਼ਾਹ ! ਆਪ ਦਾ ਨਾਮਕ ਅੰਨ੍ਹੇ ਪੁਰਸ਼ ਦੀ ਸੋਟੀ ਵਾਂਗ ਮੇਰਾ ਆਸਰਾ ਰੂਪ ਹੈ।

*ਯਥਾ* - "ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ॥ ੨॥"

*(ਸਿਰੀ ਰਾਗੁ ਮ: ੧, ਪੰਨਾ ੫੮)*

*ਤਥਾ* - "ਗੁਰਮੁਖਿ ਨਾਨਕ ਦੇ ਵਡਿਆਈ॥ ਮੈ ਅੰਧੁਲੇ ਹਰਿ ਟੇਕ ਟਿਕਾਈ॥ ੪॥ ੧॥ ੩੯॥"

*(ਗਉੜੀ ਮ: ੪, ਪੰਨਾ ੧੬੪)*

"ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥ ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ॥ ੧॥ ਰਹਾਉ॥"

*(ਸੂਹੀ ਮ: ੧, ਪੰਨਾ ੭੫੨)*

"ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ॥ ੨॥ ੨॥ ੧੨੭॥"

*(ਬਿਲਾਵਲੁ ਮ: ੫, ਪੰਨਾ ੮੩੦)*

"ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ॥..............
ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ॥ ੨॥"

*(ਬਿਲਾਵਲੁ ਮ: ੫, ਪੰਨਾ ੮੪੭)*

*ਅਥਵਾ*-ਜਿਸ ਤਰ੍ਹਾਂ ਧੋਬੀ ਦੇ ਪਟੜੇ ਦਾ ਆਸਰਾ ਖੁੰਦਕਾਰਾ=ਕਿੱਲਾ ਹੁੰਦਾ ਹੈ, ਤਿਵੇਂ ਮੈਂ ਅੰਨ੍ਹੇ ਨੂੰ ਤੇਰੇ ਨਾਮ ਦਾ ਆਸਰਾ ਹੈ।

*ਯਥਾ* - "ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥'

*(ਆਸਾ ਪਟੀ, ਪੰਨਾ ੪੩੨)*

## ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥ ੧॥ ਰਹਾਉ॥

ਮੈਂ ਗਰੀਬ=ਨਿਰਧਨ ਕੰਗਾਲ ਹਾਂ ਅਤੇ ਮੈਂ ਮਸਕੀਨ=ਚੁਪ ਚਾਪ ਰਹਿਣ ਵਾਲਾ ਜਾ ਨਿੰਮ੍ਰਤਾਵਾਨ ਹਾਂ।

*ਅਥਵਾ*-ਮੈਂ ਗ਼ਰੀਬ ਤੇ ਮਸਕੀਨ ਹਾਂ। ਭਾਵ ਅਤਿਅੰਤ ਗ਼ਰੀਬ ਹਾਂ।

ਯਥਾ-"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥"

(ਗਉੜੀ ਮ: ੪, ਪੰਨਾ, ੧੭੧)

ਤਥਾ-"ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ॥ ੨॥ ੨॥"

(ਦੇਵਗੰਧਾਰੀ, ਪੰਨਾ ੫੨੭)

ਇਕ ਆਪ ਜੀ ਦੇ ਨਾਮ ਦਾ ਮੈਨੂੰ ਅਧਾਰਾ=ਆਸਰਾ ਹੈ।

## ਕਰੀਮਾਂ ਰਹੀਮਾਂ ਅਲਾਹ ਤੂ ਗਨੀ॥

ਕਰੀਮਾਂ=ਕ੍ਰਿਪਾਲੂ, ਰਹੀਮਾਂ=ਰਹਿਮ ਦਿਲ ਵਾਲੇ, ਅਲਾਹ=ਅਲੱਖ ਆਪ ਗਿਣੇ ਜਾਂਦੇ ਹੋ।

ਯਥਾ-"ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥ ੧॥"

(ਰਾਮਕਲੀ ਮ: ੫, ਪੰਨਾ ੮੯੬)

## ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ॥ ੧॥

ਹਾਜਰਾ=ਪ੍ਰਸਿੱਧ, ਹਜੂਰਿ=ਸੰਸਾਰ, ਦਰਿ=ਅੰਦਰ ਬਾਹਰ, ਪੇਸਿ=ਅੱਗੇ ਪਿੱਛੇ।
ਆਪ ਸੰਸਾਰ ਵਿਚ ਪ੍ਰਸਿੱਧ ਹੋ ਤੇ ਅੰਦਰ-ਬਾਹਰ ਅੱਗੇ ਪਿੱਛੇ ਆਪ ਹੀ ਮਾਨਨੀਕ ਹੋ।

ਯਥਾ-"ਸਦਾ ਹਜੂਰਿ ਦੂਰਿ ਨ ਜਾਣਹੁ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ॥"

(ਮਾਝ ਮ: ੩, ਪੰਨਾ ੧੧੬)

ਤਥਾ-"ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥ ੫॥"

(ਰਾਮਕਾਲੀ ਮ: ੩, ਪੰਨਾ ੯੦੯)

"ਸਦਾ ਹਜੂਰਿ ਜਾਣੁ ਭਗਵੰਤ॥ ਪੂਰੇ ਗੁਰ ਕਾ ਪੂਰਨ ਮੰਤ॥ ੩॥"

(ਗੋਂਡ ਮ: ੫, ਪੰਨਾ ੮੬੭)

"ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ੪॥ ੩॥"

(ਆਸਾ ਮ: ੫ , ਪੰਨਾ ੩੯੭)

## ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ॥

ਪ੍ਰਤੱਖ ਦਰਿਆ ਰੂਪ, ਵਾ ਦ੍ਰਵੀ ਭੂਤ ਆਪ ਹੋ, ਜੀਵਾਂ ਨੂੰ ਦਾਤਾਂ ਦੇ ਦਿਹੰਦ=ਦੇਣ ਵਾਲੇ ਭੀ ਆਪ ਹੋ ਅਤੇ ਆਪ ਬਿਸੀਆਰ=ਵੱਡੇ ਧਨੀ ਹੋ।

## ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ॥ ੨॥

ਪਦਾਰਥਾਂ ਦੇ ਦੇਣ ਲੈਣ ਵਾਲਾ ਇਕ ਤੂੰਹੀਂ ਹੈਂ, ਆਪ ਤੋਂ ਬਿਨਾਂ ਦਿਗਰ=ਦੂਜਾ ਹੋਰ ਕੋਈ ਨਹੀਂ।

## ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ॥

ਸਭ ਜੀਵਾਂ ਦੇ ਹਿਰਦੇ ਦੀ ਗੱਲ ਜਾਨਣ ਨੂੰ ਆਪ ਦਾਨਾਂ=ਅਕਲਵੰਦ ਹੋ ਤੇ ਬਾਹਰਲੀਆਂ ਗੱਲ

ਦੇ ਵੀ ਆਪ ਬੀਨਾਂ=ਦ੍ਰਿਸ਼ਟਾ ਭਾਵ ਵੇਖਣ ਵਾਲੇ ਹੋ, ਮੈਂ ਇਸ ਵਿਚ ਹੋਰ ਕੀ ਵਿਚਾਰ ਕਰ ਸਕਦਾ ਹਾਂ।

## ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ॥ ੩ ॥੧॥੨॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ, ਹੇ ਹਰੀ ਸੁਆਮੀ ! ਦਾਸ ਚੇ=ਦੇ ਔਗੁਣਾਂ ਨੂੰ ਤੂੰਹੀਂ ਬਖਸ਼ਣੇ ਵਾਲਾ ਹੈਂ॥ ੩ ॥ ੧ ॥ ੨ ॥

**ਉਥਾਨਕਾ:**-"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ੧ ॥"

*(ਸਾਰੰਗ ਕੀ ਵਾਰ, ਪੰਨਾ ੧੨੪੫)*

ਅਨੁਸਾਰ ਨਾਮਦੇਵ ਜੀ ਦਾ ਵਿਹਾਰ ਸੀ। ਆਪ ਜਿਥੇ ਵੀ ਜਾਂਦੇ ਸਨ, ਕਪੜੇ ਧੋਣੇ ਅਰਥਾਤ ਆਪਣੀ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ।

ਇਕ ਵੇਰ ਨਾਮਦੇਵ ਜੀ ਸਣੇ ਆਪਣੀ ਇਸਤ੍ਰੀ (ਲਾਡਲੀ) ਤੀਰਥ ਯਾਤਰਾ ਕਰਦੇ ਹੋਏ ਦੁਆਰਕਾ ਨਗਰੀ ਵਿਚ ਪਹੁੰਚੇ। ਉਥੇ ਲੋਕਾਂ ਦੇ ਕਪੜੇ ਧੋਣੇ ਸ਼ੁਰੂ ਕਰ ਦਿੱਤੇ। ਕਪੜੇ ਧੋਣ ਵਾਲੀ ਥਾਂ ਸ਼ਹਿਰ ਤੋਂ ਕਾਫੀ ਦੂਰ ਸੀ। ਭਗਤ ਜੀ ਨੂੰ ਗਿੱਲੇ ਕਪੜੇ ਚੁਕ ਕੇ ਲਿਜਾਣ ਦੀ ਬੜੀ ਤਕਲੀਫ਼ ਹੋਇਆ ਕਰੇ।

ਇਕ ਦਿਨ ਅੰਮ੍ਰਿਤ ਵੇਲੇ ਭਜਨ-ਸਿਮਰਨ ਕਰਕੇ ਆਪਣੇ ਸੁਖ ਲਈ ਪ੍ਰਭੂ ਪਾਸੋਂ ਘੋੜੀ ਦੀ ਮੰਗ ਕੀਤੀ।

ਭਗਵਾਨ ਨੇ ਵਿਚਾਰਿਆ, ਅੱਜ ਇਸ ਨੇ ਘੋੜੀ ਮੰਗੀ ਹੈ, ਕੱਲ੍ਹ ਕੁਝ ਹੋਰ ਮੰਗੇਗਾ, ਹੌਲੇ ਹੌਲੇ ਇਸ ਦਾ ਮਨ ਦੁਨਿਆਵੀ ਪਦਾਰਥਾਂ ਵਿਚ ਖੱਚਤ ਹੋ ਜਾਏਗਾ, ਇਸ ਤੇ ਇਹ ਸੰਕਲਪ ਹੀ ਦੂਰ ਕਰਨਾ ਚਾਹੀਦਾ ਹੈ। ਉਸ ਵੇਲੇ ਭਗਵਾਨ ਮੁਗਲ ਦਾ ਸੋਹਣਾ ਰੂਪ ਧਾਰ ਕੇ ਸੁੰਦਰ ਘੋੜੀ ਤੇ ਸਵਾਰ ਹੋਏ ਹੋਏ ਜਿਥੇ ਨਾਮਦੇਵ ਕਪੜੇ ਧੋਂਦਾ ਸੀ, ਉਥੇ ਆ ਪਹੁੰਚੇ ਤੇ ਘੋੜੀ ਨੇ ਉਥੇ ਇਕ ਵਿਛੇਰਾ ਦੇ ਦਿੱਤਾ।

ਭਗਵਾਨ ਨੇ ਕਿਹਾ, "ਅਰੇ ਛੀਬੇਂ! ਇਸ ਵਛੇਰੇ ਕੋ ਉਠਾਕੇ ਹਮਾਰੀ ਜਗ੍ਹਾ ਪਰ ਲੈ ਚਲ।" ਮੁਗਲ ਦਾ ਰੂਪ ਵੇਖ ਕੇ ਨਾਮਦੇਵ ਜੀ ਡਰ ਗਏ, ਕੁਝ ਉੱਤਰ ਨਾ ਦਿੱਤਾ। ਆਪਣਾ ਕੰਮ ਛਡਕੇ ਚੁਪ ਚੁਪਾਤੇ ਵਛੇਰਾ ਚੁਕ ਕੇ ਰਾਹੇ ਤੁਰ ਪਏ। ਇਕ ਤਾਂ ਸਾਰੇ ਦਿਨ ਦੇ ਥੱਕੇ ਹੋਏ ਸਨ, ਦੂਜਾ ਸਿਰ ਤੇ ਵਛੇਰਾ ਚੁਕਿਆ ਹੈ, ਇਸ ਕਰਕੇ ਨਾਮਦੇਵ ਜੀ ਹੌਲੇ ਹੌਲੇ ਤੁਰਦੇ ਪਿੱਛੇ ਰਹਿ ਗਏ। ਇਸ ਦੀ ਮਟਕ-ਮਟਕ ਚਾਲ ਨੂੰ ਵੇਖ ਕੇ ਮੁਗਲ (ਰੂਪ ਵਾਲੇ ਭਗਵਾਨ) ਨੇ ਕਿਹਾ-

## ਹਲੇ ਯਾਰਾਂ ਹਲੇ ਯਾਰਾਂ

ਹੇ ਯਾਰ! ਜਲਦੀ ਚੱਲ, ਹੇ ਯਾਰ! ਛੇਤੀ ਚੱਲ। ਇਹ ਸ਼ਬਦ ਸੁਣ ਕੇ ਨਾਮਦੇਵ ਜੀ ਨੇ ਵਿਚਾਰਿਆ ਇਤਨੀ ਮਿਠਾਸ ਭਰੀ ਪਰੇਮ-ਮਈ ਬਾਣੀ ਮੁਗਲ ਦੀ ਨਹੀਂ ਹੋ ਸਕਦੀ। ਇਹ ਤਾਂ ਭਗਵਾਨ ਨੇ ਕੋਈ ਚਰਿਤ੍ਰ ਕੀਤਾ ਹੈ। ਭਗਵਾਨ ਸਮਝ ਕੇ ਨਾਮਦੇਵ ਜੀ ਆਖਦੇ ਹਨ-

**ਖੁਸਿ ਖਬਰੀ**॥ :- ਹੇ ਭਗਵਾਨ! ਸੁਖ ਅਨੰਦ ਤਾਂ ਹੈ ?

## ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥

ਹੇ ਭਗਵਾਨ! ਮੈਂ ਤਨ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਮਨ ਕਰ ਕੇ ਵੀ ਬਲਿਹਾਰ ਕੁਰਬਾਨ ਜਾਂਦਾ ਹਾਂ।

ਭਗਵਾਨ ਨੇ ਕਿਹਾ, "ਮੈਂ ਤਾਂ ਤੈਨੂੰ ਵਿਗਾਰੀ ਫੜਿਆ ਹੈ ਤੂੰ ਮੇਰੇ ਤੇ ਕਿਉਂ ਬਲਿਹਾਰ ਕੁਰਬਾਨ ਜਾਂਦਾ ਹੈ?" *ਉੱਤਰ-*

## ਨੀਕੀ ਤੇਰੀ ਬਿਗਾਰੀ

ਆਪ ਦੀ ਵਿਗਾਰ ਫੜੀ ਹੋਈ ਵੀ ਸਭ ਤੋਂ ਨੀਕੀ=ਚੰਗੀ ਹੈ। ਕਿਉਂਕਿ ਇਸ ਬਹਾਨੇ ਆਪ ਜੀ ਨੇ ਦਰਸ਼ਨ ਤਾਂ ਦਿੱਤਾ ਹੈ। ਆਪ ਦੀ ਵਿਗਾਰ ਮੇਰੇ ਫਾਇਦੇ ਲਈ ਹੈ। ਨਾਮਦੇਵ ਨੇ ਆਖਿਆ-

***"ਸਾਂਈ ਮੇਰੇ ਚੰਗੀ ਕੀਨੀ। ਤਲੇ ਕੋ ਮਾਂਗੀ ਊਪਰ ਕੋ ਦੀਨੀ।"***

ਸਗੋਂ ਚੰਗਾ ਹੋ ਗਿਆ, ਅਗੋਂ ਵਾਸਤੇ ਮੈਂ ਕੋਈ ਇੱਛਾ ਨਹੀਂ ਕਰਾਂਗਾ।

ਭਗਵਾਨ ਨੇ ਕਿਹਾ-"ਤੂੰ ਮੈਨੂੰ ਜਾਣਦਾ ਵੀ ਹੈਂ ਕਿ ਨਹੀਂ ?"

*ਉੱਤਰ-*ਮੈਂ ਚੰਗੀ ਤਰ੍ਹਾਂ ਜਾਣਦਾ ਹਾਂ।

## ਆਲੇ ਤੇਰਾ ਨਾਉ ॥ ੧ ॥ ਰਹਾਉ ॥

ਆਲੇ ਬੇਗ ਖ਼ਾਨ ਤੁਹਾਡਾ ਨਾਂ ਹੈ। ਭਾਵ ਸਾਰੇ ਆਲੇ=ਸੰਸਾਰ ਨੂੰ ਬੇਗ=ਸ਼ੀਘਰ ਖਾਣ ਪਾਣ ਦੇ ਰਹੇ ਹੋ।

*ਅਥਵਾ-*ਤੁਹਾਡਾ ਨਾਮ ਸਭ ਤੋਂ ਆਲੇ=ਵੱਡਾ ਹੈ, ਪਰ ਆਪ ਇਹ ਕਿਰਪਾ ਕਰਕੇ ਦੱਸੋ-

**ਕੁਜਾ ਆਮਦ:**-ਕਿਥੋਂ (ਆਪ) ਆਏ ਹੋ ?

**ਕੁਜਾ ਰਫਤੀ:**-ਕਿਥੇ (ਆਪ) ਗਏ ਸੀ ?

**ਕੁਜਾ ਮੇਰਵੀ:**-ਕਿਥੇ (ਤੁਸੀਂ) ਜਾਣਾ ਹੈ ?

## ਦੁਾਰਿਕਾ ਨਗਰੀ ਰਾਸਿ ਬੁਗੋਈ ॥ ੧ ॥

ਇਹ ਦੁਆਰਕਾ ਨਗਰੀ (ਕ੍ਰਿਸ਼ਨ ਮਹਾਰਾਜ ਜੀ ਦੀ ਹੈ), (ਇਸ ਨਗਰੀ ਵਿਚ ਝੂਠ ਨਾ ਬੋਲਣਾ) ਰਾਸਿ=ਸੱਚੀ ਗੱਲ ਬੁਗੋਈ=ਕਥਨ ਕਰਨੀ।

## ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥

ਆਪ ਦੀ ਪੱਗ ਬੜੀ ਸੁੰਦਰ ਹੈ ਅਤੇ ਆਪ ਜੀ ਦੇ ਬਚਨ ਵੀ ਬੜੇ ਮਿੱਠੇ ਹਨ, ਜੋ ਮਨ ਨੂੰ ਮੋਹ ਲੈਂਦੇ ਹਨ।

*ਯਥਾ-* "ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥"

*(ਸੂਹੀ ਮਹਲਾ ੫, ਪੰਨਾ ੭੮੪)*

*ਤਥਾ-* "ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥"

*(ਮਾਝ ਮਹਲਾ ੫, ਪੰਨਾ ੯੬)*

## ਦੁਾਰਿਕਾ ਨਗਰੀ ਕਾਹੇ ਕੇ ਮਗੋਲ ॥ ੨ ॥

ਇਸ ਦੁਆਰਕਾ ਪੁਰੀ ਵਿਚ ਕਿਥੋਂ ਦੇ ਮੁਗਲ ਆ ਗਏ। (ਇਥੇ ਤਾਂ ਮੁਗਲਾਂ ਦੀ ਜਾਤ ਹੀ ਨਹੀਂ ਸੀ।)

ਭਗਵਾਨ ਨੇ ਕਿਹਾ, ਹੇ ਨਾਮੇ ! ਤੂੰ ਮੈਨੂੰ ਕਿਵੇਂ ਜਾਣਿਆਂ ਹੈ? *ਉੱਤਰ-*

## ਚੰਦੀਂ ਹਜਾਰ ਆਲਮ ਏਕਲ ਖਾਨਾਂ ॥

ਚੰਦੀਂ=ਕਿਤਨੇ, ਆਲਮ=ਸੰਸਾਰ, ਲਖਾਨਾਂ=ਜਾਨਣਾ।

ਕਿਤਨੇ ਹਜ਼ਾਰ ਜੋ ਇਹ ਸੰਸਾਰ ਹੈ, ਇਸ ਵਿਚ ਇਕ ਆਪ ਨੂੰ ਹੀ ਮੈਂ ਜਾਨਣਾ ਕੀਤਾ ਹੈ।

*ਅਥਵਾ*-ਕਿਤਨੇ ਹਜ਼ਾਰ ਜੋ ਸੰਸਾਰ ਹੈ, ਇਹ (ਏਕਲ ਖਾਨਾਂ) ਇਕ ਆਪ ਦਾ ਹੀ ਘਰ ਹੈ। (ਸੰਪਰਦਾਈ ਅਰਥ ਤੇ ਪਾਠ ਪਹਿਲਾ ਹੀ ਠੀਕ ਹੈ।)

## ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥ ੩ ॥

ਹਮ=ਭੀ। ਚਿਨੀ=ਐਸੇ।

ਹੇ ਪਾਤਿਸ਼ਾਹ ! ਆਪ ਹੀ ਸਾਵਲੇ ਰੰਗ ਵਾਲੇ (ਕ੍ਰਿਸ਼ਨ) ਹੋ।

*ਅਥਵਾ*-ਹੇ ਪਾਤਿਸ਼ਾਹ ! ਅਸਾਂ ਨੇ ਐਸੇ ਚਿਨੀ=ਜਾਣਿਆ ਹੈ ਕਿ ਭਗਤਾਂ ਦੀ ਰਖਿਆ ਵਾਸਤੇ ਤੁਸੀਂ ਆਪ ਹੀ ਸਾਵਲੇ ਰੰਗ ਵਾਲੇ ਹੁੰਦੇ ਹੋ, ਭਾਵ ਅਵਤਾਰ ਧਾਰਦੇ ਹੋ।

ਨਾਮਦੇਵ ਪਾਸੋਂ ਇਸ ਤਰ੍ਹਾਂ ਸੁਣ ਕੇ ਭਗਵਾਨ ਨੇ ਮੁਗਲ ਰੂਪ ਹਟਾ ਕੇ ਸੋਹਣੇ ਸ਼ਿਆਮ ਰੰਗ ਵਾਲੇ ਅਵਤਾਰ ਦੀ ਸ਼ਕਲ ਵਿਚ ਹੋ ਕੇ ਨਾਮਦੇਵ ਨੂੰ ਗਲ ਨਾਲ ਲਾ ਦਿਤਾ।

ਅੱਗੋਂ ਨਾਮਦੇਵ ਜੀ ਨੇ ਪ੍ਰਸੰਨ ਹੋ ਕੇ ਉਸਤਤੀ ਦੇ ਬਚਨ ਇਸ ਤਰ੍ਹਾਂ ਕਹੇ-

## ਅਸ ਪਤਿ

(ਅਸ ਨਾਂ ਘੋੜੇ ਦਾ ਹੈ ਪਰ ਏਥੇ ਸਤ ਮੁਖੀਆ ਘੋੜਾ ਲੈਣਾ)

ਸਤ ਮੁਖੀਏ ਘੋੜੇ ਦਾ ਪਤੀ ਜੋ ਸੂਰਜ ਹੈ, ਉਸ ਸੂਰਜ ਦੇ ਆਪ ਪਤੀ ਹੋ।

## ਗਜ ਪਤਿ

(ਗਜ ਨਾਂ ਹਾਥੀ ਦਾ ਹੈ ਪਰ ਏਥੇ ਐਰਾਵਤ ਹਾਥੀ ਲੈਣਾ)।

ਐਰਾਵਤ ਹਾਥੀ ਦਾ ਪਤੀ ਜੋ ਇੰਦਰ ਹੈ, ਉਸ ਇੰਦਰ ਦੇ ਭੀ ਆਪ ਪਤੀ ਹੋ।

## ਨਰਹ ਨਰਿੰਦ ॥

ਤਮਾਮ ਪੁਰਸ਼ਾਂ ਦੇ ਰਾਜੇ ਜੋ ਸ਼ੰਭੂ ਮੁਨ ਤੇ ਬ੍ਰਹਮਾ ਜੀ ਹਨ, ਉਹਨਾਂ ਦੇ ਭੀ ਆਪ ਪਤੀ ਹੋ।

## ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥ ੪ ॥ ੨ ॥ ੩ ॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ, ਹੇ ਮੇਰੇ ਸੁਆਮੀ ! ਆਪ ਸਭ ਕੇ=ਦੇ ਮੀਰ=ਪਾਤਿਸ਼ਾਹ ਅਤੇ ਮੁਕੰਦ=ਮੁਕਤੀ ਦਾਤੇ ਹੋ॥ ੪ ॥ ੨ ॥ ੩ ॥

## ਤਿਲੰਗ ਰਾਗੁ ਸਮਾਪਤੰ

ਤਿਲੰਗ ਰਾਗ ਵਿਖੇ-

੧ ਸ਼ਬਦ ਕਬੀਰ ਜੀ ਦਾ ਹੈ।

੨ ਸ਼ਬਦ ਨਾਮਦੇਵ ਜੀ ਦੇ ਹਨ।

ਕੁਲ ੩ ਸ਼ਬਦ ਹਨ।

# ਰਾਗੁ ਸੂਹੀ

(ਪੰਨਾ ੭੨੮)

## ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

## ਰਾਗੁ ਸੂਹੀ* ਮਹਲਾ ੧ ਚਉਪਦੇ ਘਰੁ ੧

**ਉਥਾਨਕਾ:**-ਇਕ ਸਿੱਖ ਨੇ ਬੇਨਤੀ ਕੀਤੀ "ਹਿਰਦੇ ਵਿਚ ਗੁਰ ਉਪਦੇਸ਼ ਕਿਉਂ ਨਹੀਂ ਠਹਿਰਦਾ ?" ਗੁਰਾਂ ਨੇ ਕਿਹਾ-"ਅੰਤਹਕਰਨ ਵਿਚ ਤਿੰਨ ਦੋਸ਼ ਹਨ:- ੧. ਮਲ, ੨. ਵਿਖੇਪ, ੩. ਅਵਰਨ; ਇਸ ਕਰਕੇ ਨਹੀਂ ਠਹਿਰਦਾ।" ਸਿੱਖ ਨੇ ਪੁੱਛਿਆ, "ਇਹ ਕਿਵੇਂ ਨਵਿਰਤ ਹੋਣ ?" ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਦੁੱਧ ਜਮਾਉਣ ਦੇ ਤਰੀਕੇ ਨੂੰ ਮੁੱਖ ਰਖਕੇ ਉਪਦੇਸ਼ ਦੇਂਦੇ ਹਨ। ਜਿਵੇਂ -ਦੁੱਧ ਜਮਾਉਣਾ ਹੋਵੇ ਤਾਂ ਪਹਿਲਾਂ ਭਾਂਡੇ ਨੂੰ ਧੂਪ ਦੀ ਵਾਸ਼ਨਾ ਦੇ ਕੇ ਫਿਰ ਦੁੱਧ ਪਾ ਕੇ ਜਮਾਈਦਾ ਹੈ। ਤਿਵੇਂ-

### ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥

ਪਹਿਲੇ ਅੰਤਹਕਰਨ ਰੂਪ ਭਾਂਡੇ ਨੂੰ ਧੋਣਾ ਕਰੋ, ਅਰਥਾਤ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੂਰ ਕਰੋ, ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੂਰ ਕਰੋ, ਬ੍ਰਹਮਗਿਆਨ ਦੁਆਰਾ ਅਵਰਨ ਦੋਸ਼ ਦੂਰ ਕਰੋ, ਅਤੇ ਸ਼ੁਭ-ਗੁਣਾਂ ਵਿਚ ਬੈਠਣਾ।

*ਅਥਵਾ:*-ਬੈਸਿ=ਸ਼ੁਭ-ਵਾਸ਼ਨਾਂ ਧਾਰਨੀਆਂ ਏਹੀ ਧੂਪ ਧੁਖਾਵੋ, ਤਾਂ ਫਿਰ ਗੁਰ-ਉਪਦੇਸ਼ ਰੂਪੀ ਦੁੱਧ ਲੈਣ ਨੂੰ ਜਾਵੋ। ਅਗਲੀ ਤੁਕ ਵਿਚ ਕਹੇ ਨੂੰ ਫਿਰ ਸਪਸ਼ਟ ਕਰਦੇ ਹਨ-

### ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥

ਗੁਰਾਂ ਨੇ ਕਰਮ=ਕਿਰਪਾ ਕਰਕੇ ਜੋ ਉਪਦੇਸ਼ ਦਿੱਤਾ ਹੈ ਏਹੋ ਦੁੱਧ ਹੈ,

*ਅਥਵਾ:*-ਗੁਰ-ਉਪਦੇਸ਼ ਦੇ ਸ੍ਰਵਨ ਕਰਨੇ ਰੂਪ ਜੋ ਕਰਮ ਹੈ, ਏਹੋ ਦੁੱਧ ਹੈ;

*ਅਥਵਾ:*-ਪਰਮੇਸ਼ਰ ਦਾ ਨਾਮ ਜਪਣ ਰੂਪ ਜੋ ਕਰਮ ਹੈ, ਏਹੀ ਦੁੱਧ ਹੈ; ਪੁਨਾ ਸੁਰਤਿ=ਗਿਆਤ ਹੋਣੀ,

---

*'ਸੂਹੀ' ਇਹ ਇਕ ਔੜਵ ਜਾਤੀ ਦੀ ਰਾਗਣੀ ਹੈ, ਦੇਸੀ ਸੰਕੀਰਨ ਹੈ। ਮਾਲਸਿਰੀ ਸ਼ੁਧ, ਬਿਭਾਸ, ਬਿਲਾਵਲੁ ਤੇ ਬਾਗੇਸਰੀ ਮਿਲਕੇ ਸੂਹੀ ਬਣਦੀ ਹੈ, ਇਹ ਮੇਘ ਰਾਗ ਦੀ ਇਸਤ੍ਰੀ ਹੈ।*

*'ਰਾਗ ਮਾਲਾ' ਵਿਚ ਭੀ ਛੇਵੇਂ ਮੇਘ ਰਾਗ ਦੀ ਇਸਤ੍ਰੀ ਲਿਖਿਆ ਹੈ।*

*ਯਥਾ:-' 'ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ॥ ੧॥"*

*ਮੌਸਮ ਬਹਾਰ ਵਿਚ ਦਿਨ ਦੇ ੧੦ ਵਜੇ ਹਰ ਰੋਜ਼ ਗਾਈ ਜਾਂਦੀ ਹੈ।*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਪੰਦ੍ਰਵਾਂ ਨੰਬਰ ਹੈ।*

ਵਾ:-ਸ੍ਰੇਸ਼ਟ ਪ੍ਰੀਤੀ ਕਰਨੇ ਰੂਪ ਸਮਾਇਣੁ ਜਾਗ ਲਗਾਵੋ; ਜਿਹੜਾ ਪਦਾਰਥਾਂ ਵਲੋਂ ਨਿਰਾਸ ਹੋਣਾ ਹੈ, ਏਹੋ ਦੁੱਧ ਦਾ ਜਮਾਉਣਾ ਕਰੋ॥ ੧॥

ਜਦ ਪ੍ਰਤੱਖ ਦੁੱਧ ਨੂੰ ਜਮਾਈਦਾ ਹੈ ਤਾਂ ਕੁਤਿਆਂ, ਬਿੱਲੀਆਂ ਤੋਂ ਰਾਖੀ ਕਰਨੀ ਪੈਂਦੀ ਹੈ। ਇਸ ਤਰਫ਼-ਲੋਭ ਰੂਪੀ ਕੁੱਤਾ ਹੈ, ਲੋਭ ਦੀ ਬਿਰਤੀ ਰੂਪ ਬਿੱਲੀ ਹੈ, ਇਨ੍ਹਾਂ ਤੋਂ ਰਖਿਆ ਕਰਨ ਵਾਸਤੇ ਹੇ ਭਾਈ!

## ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ ੧॥ ਰਹਾਉ॥

ਜਪਣਾ ਹੈ ਤਾਂ ਇਕ ਵਾਹਿਗੁਰੂ-ਨਾਮ ਨੂੰ ਜਪਣਾ ਕਰੋ।

ਵਾਹਿਗੁਰੂ ਨਾਮ-ਸਿਮਰਨ ਤੋਂ ਬਿਨਾਂ ਅਵਰਿ=ਹੋਰ ਸਾਰੇ ਕੰਮ ਨਿਰਾਫਲ=ਨਿਸਫਲ ਹਨ॥ ੧॥ ਰਹਾਉ॥

ਜਿਵੇਂ-ਪ੍ਰਤੱਖ ਦਹੀਂ ਰਿੜਕੇ ਤਾਂ ਮੱਖਣ ਨਿਕਲਦਾ ਹੈ, ਇਸ ਤਰਫ ਅੰਤ੍ਰੀਵ ਦਹੀਂ ਰਿੜਕਣ ਵਾਸਤੇ-

## ਇਹੁ ਮਨੁ ਈਟੀ+ ਹਾਥਿ ਕਰਹੁ ਫੁਨਿ ਨੇਤ੍ਰਉ++ ਨੀਦ ਨ ਆਵੈ॥

ਬੁੱਧੀ ਰੂਪ ਚਾਟੀ, ਬਿਰਤੀ ਰੂਪ ਮਧਾਣੀ ਹੈ; ਮਨ ਚਿੱਤ ਨੂੰ ਆਪਣੇ ਹਾਥਿ=ਅਧੀਨ (ਵਸੀਕਾਰ) ਕਰਨਾ ਇਹ ਈਟੀ-ਗੁੱਲੀਆਂ ਕਰੋ;

ਪੁਨਾ-ਪ੍ਰਤੱਖ ਭਜਨ-ਸਿਮਰਨ ਨਿੱਤ-ਨੇਮ ਕਰਦਿਆਂ ਹੋਇਆਂ ਅੱਖਾਂ ਵਿਚ ਨੀਂਦ ਨਾ ਆਉਣੀ,

ਅਥਵਾ:-ਮੋਹ ਰੂਪੀ, ਵਾ:-ਅਵਿੱਦਿਆ ਰੂਪੀ ਨੀਂਦ ਨਾ ਆਉਣੀ ਏਹੀ ਨੇਤ੍ਰਉ=ਨੇਤ੍ਰਾ ਕਰੋ।

## ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥ ੨॥

ਜੋ ਰਸਨਾ ਨਾਲ ਨਾਮ ਜਪਣਾ ਹੈ ਏਹੋ ਦਹੀਂ ਦਾ ਮਥੀਐ=ਰਿੜਕਣਾ ਹੈ, ਜਦ ਇਸ ਤਰ੍ਹਾਂ ਦੀ ਵਿਧੀ ਕਰੋਗੇ ਤਦ (ਮੌਤ ਤੋਂ ਰਹਿਤ ਕਰਨ ਵਾਲੇ ਗਿਆਨ ਰੂਪ) ਅੰਮ੍ਰਿਤੁ=ਮੱਖਣ ਨੂੰ ਪਾਉਗੇ,

ਵਾ:-ਆਤਮਿਕ ਅਨੰਦ ਰੂਪੀ ਅੰਮ੍ਰਿਤੁ=ਮੱਖਣ ਨੂੰ ਪਾਉਗੇ॥ ੨॥

ਅਗਲੀ ਤੁਕ ਵਿਚ ਪੂਜਾ ਦੀ ਵਿਧੀ ਦੱਸਦੇ ਹਨ-

## ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥

(ਪ੍ਰਤੱਖ-ਠਾਕੁਰ ਪੂਜਨ ਕਰਨ ਵਾਲਾ ਇਕ ਡੱਬਾ ਹੁੰਦਾ ਹੈ) ਅੰਤ੍ਰੀਵ-ਮਨ ਨੂੰ ਜਿਹੜਾ ਜਿੱਤਣਾ ਹੈ ਇਹੋ ਸੰਪਟੁ=ਡੱਬਾ ਹੈ, ਜਿਵੇਂ ਪ੍ਰਤੱਖ ਇਸ਼ਨਾਨ ਕਰਦੇ ਹਨ ਤਿਵੇਂ ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਸਰਿ=ਸਰੋਵਰ ਜੋ ਸਤਸੰਗ ਵਾ:-ਗੁਰੂ ਹਨ, ਉਸ ਵਿਚ ਇਸ਼ਨਾਨ ਕਰੇ;

ਭਾਵਨ=ਭਾਵਨਾ (ਸ਼ਰਧਾ) ਰੂਪ ਤੁਲਸੀ ਦੇ ਪਾਤੀ=ਪੱਤਿਆਂ ਕਰਕੇ ਠਾਕੁਰ ਪੂਜਨ ਕਰਕੇ ਠਾਕੁਰ ਨੂੰ ਤ੍ਰਿਪਤਿ=ਪ੍ਰਸੰਨ ਕਰੇ, ਵਾ:-ਆਪਣੇ ਮਨ ਨੂੰ ਪ੍ਰਸੰਨ ਕਰੇ।

---

*+ਨੋਟ:-ਲੱਕੜ ਦੀ ਗੁੱਲੀ ਜੋ ਪੰਜ ਕੁ ਇੰਚ ਲੰਬੀ, ਡੇਢ ਕੁ ਇੰਚ ਮਧ ਭਾਗ ਤੋਂ ਮੋਟੀ ਹੁੰਦੀ ਹੈ, ਉਸ ਨੂੰ ਈਟੀ ਆਖਦੇ ਹਨ।*

*++ਦਹੀਂ ਦੇ ਰਿੜਕਣ ਵਾਲੀ ਜੋ ਰੱਸੀ ਜਿਸ ਨੂੰ ਨੇਤ੍ਰਾ ਕਹਿੰਦੇ ਹਨ, ਉਸ ਦੇ ਦੋਹਾਂ ਸਿਰਿਆਂ ਨਾਲ ਦੋਵੇਂ ਗੁੱਲੀਆਂ ਬੱਝੀਆਂ ਰਹਿੰਦੀਆਂ ਹਨ, ਦਹੀਂ ਰਿੜਕਣ ਵੇਲੇ ਦੋਹਾਂ ਈਟੀਆਂ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਨੇਤ੍ਰਾ ਮਧਾਣੀ ਨੂੰ ਲਪੇਟ ਕੇ ਘੁਮਾਈਦਾ ਹੈ, ਜਿਸ ਤੋਂ ਮੱਖਣ ਨਿਕਲਦਾ ਹੈ।*

## ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ॥ ੩॥

ਜੇ ਪ੍ਰਾਣਾਂ ਦੇ ਅਰਪਣੇ ਰੂਪੀ ਪੂਜਾ ਕਰੇ ਤੇ ਸੇਵਕ ਬਣ ਕੇ ਸੇਵਾ ਕਰਦਾ ਰਹੇ,

*ਅਥਵਾ:*-ਜੇ ਸੇਵਕ ਬਣ ਕੇ ਪ੍ਰਾਣਾਂ ਪ੍ਰਯੰਤ ਭਾਵ ਅਖੀਰਲੇ ਸਵਾਸਾਂ ਤਕ ਸੇਵਾ ਕਰਨੇ ਰੂਪ ਪੂਜਾ ਕਰੇ ਤਾਂ ਇਸ ਵਿਧੀ ਕਰਕੇ ਸਾਹਿਬ ਦੇ ਅਨੰਦ ਨੂੰ ਰਵਤੁ ਰਹੈ=ਭੋਗਦਾ ਰਹਿੰਦਾ ਹੈ।

## ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ॥

ਕਹੇ ਹੋਏ ਪ੍ਰਸੰਗਾਂ ਨੂੰ ਜਿਹੜੇ ਪਿੱਛੇ ਕਹਿੰਦੇ ਸਨ, ਉਹ ਮਰ-ਖਪ ਗਏ ਹਨ;

ਜਿਹੜੇ ਹੁਣ ਕਹਿੰਦੇ ਹਨ, ਉਹ ਮਰ-ਖਪ ਜਾਣਗੇ।

*ਅਥਵਾ:*-ਜੋ ਪੁਰਸ਼ ਧਾਰਨਾ ਤੋਂ ਬਿਨਾਂ ਕਹਦੇ ਕਹਹਿ=ਵੇਦਾਂ ਸ਼ਾਸਤ੍ਰਾਂ ਨੂੰ ਕਥਨ ਕਰਦੇ ਹਨ, ਉਹ ਕੇਵਲ ਮਾਇਆ ਦੀ ਪ੍ਰਾਪਤੀ ਵਾਸਤੇ ਹੀ ਕਹਿ ਕਹਿ ਕੇ ਉਠ ਜਾਂਦੇ ਹਨ।

*ਅਥਵਾ:*-ਇਹ ਜੀਵ ਕਹੇ ਹੋਏ ਜੋ ਕਹਹਿ=ਕਹਿਣ (ਪ੍ਰਸੰਗ) ਹਨ ਕਹਿਣੇ ਵਾਲਾ ਹੋ ਕੇ ਉਹਨਾਂ ਦੇ ਕਹਿਣੇ ਵਿਚ ਜਾਂਦਾ ਹੈ, ਪਰ ਆਪ ਜੀ ਦੇ ਗੁਣ ਵਰਣਨ ਨਹੀਂ ਕਰ ਸਕਦਾ,

ਕਿਉਂਕਿ ਆਪ ਵਰਗਾ ਹੋਰ ਕੋਈ ਨਹੀਂ ਹੈ।

## ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥ ੪॥ ੧॥

(੧) ਗੁਰੂ ਜੀ ਜੰਪੈ=ਉਚਾਰਦੇ ਹਨ, ਮੈਂ ਭਾਵੇਂ ਦੁਨੀਆਂ ਦੇ ਖਿਆਲ ਅੰਦਰ ਭਗਤੀ ਤੋਂ ਹੀਣੁ-ਰਹਿਤ ਹਾਂ, ਪਰ ਮਨ ਕਰਕੇ ਮੈਂ ਉਸ ਸੱਚੇ ਨੂੰ ਸਲਾਹੁੰਦਾ ਹਾਂ।

(੨) ਗੁਰੂ ਜੀ ਜੰਪੈ=ਉਚਾਰਦੇ ਹਨ, ਹੇ ਭਾਈ ! ਤੁਸੀਂ ਇਸ ਤਰ੍ਹਾਂ ਕਹੋ ਕਿ ਹੇ ਪ੍ਰਭੂ ! ਹਉ=ਮੈਂ ਭਗਤੀ ਆਦਿਕ ਗੁਣਾਂ ਤੋਂ ਰਹਿਤ ਹਾਂ ਪਰ ਆਪ ਜੀ ਦਾ ਜੋ ਸੱਚਾ ਨਾਮ ਹੈ, ਉਸ ਨੂੰ ਮੈਂ ਸਲਾਹੁੰਦਾ ਹਾਂ॥ ੪॥ ੧॥

## ਸੂਹੀ ਮਹਲਾ ੧ ਘਰੁ ੨

## ੧ੴ ਸਤਿਗੁਰ ਪ੍ਰਸਾਦਿ॥

ਇਕ ਸਮੇਂ ਸਾਧੂ ਮਹਾਤਮਾ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਕਰਤਾਰਪੁਰ ਆਏ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਇਕ ਨੇ ਕਿਹਾ, "ਆਪਣੇ ਬਚਨਾਂ ਦੁਆਰੇ ਸਾਨੂੰ ਸ਼ੁਭ ਸਿਖਿਆ ਦਿਓ ਜਿਸ ਕਰ ਕੇ ਮਨ ਵਸੀਕਾਰ ਹੋਵੇ ਅਤੇ ਇਹ ਦੱਸੋ ਉਹ ਪ੍ਰਭੂ ਕਿਥੇ ਰਹਿੰਦਾ ਹੈ ?" *ਗੁਰ ਉੱਤਰ:*-

## ਅੰਤਰਿ ਵਸੈ ਨ ਬਾਹਰਿ ਜਾਇ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ॥ ੧॥

ਉਹ ਪ੍ਰਭੂ ਅੰਦਰ ਹੀ ਵੱਸ ਰਿਹਾ ਹੈ, ਉਸ ਨੂੰ ਲੱਭਣ ਵਾਸਤੇ ਤੂੰ ਬਾਹਰ ਜੰਗਲਾਂ ਵਿਚ ਨਾ ਜਾਣਾ ਕਰ। ਨਾਮ-ਅੰਮ੍ਰਿਤ ਨੂੰ ਛੱਡਕੇ ਕਿਸ ਵਾਸਤੇ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਂਦਾ ਹੈਂ।

*ਅਥਵਾ:*-ਉਹ ਕੇਹੜੀ ਵਿਧੀ ਹੈ, ਜਿਸ ਕਰਕੇ ਮਨ ਅੰਦਰ ਵੱਸਦਾ ਰਹੇ ਤੇ ਬਾਹਰ ਨਾ ਜਾਵੇ ?

*ਉੱਤਰ:*-ਨਾਮ ਜਪਣਾ ਹੀ ਵਿਧੀ ਹੈ, ਨਾਮ ਕਰਕੇ ਮਨ ਅੰਦਰ ਟਿਕਿਆ ਰਹਿੰਦਾ ਹੈ।

ਹੇ ਪੁਰਸ਼ਾ ! ਤੂੰ ਨਾਮ-ਅੰਮ੍ਰਿਤ ਨੂੰ ਛੱਡ ਕੇ ਕਿਸ ਲਈ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਂਦਾ ਹੈਂ।

*ਪ੍ਰਸ਼ਨ:*-ਤਰਨਾ ਕਿਵੇਂ ਹੁੰਦਾ ਹੈ? *ਉੱਤਰ:*-ਮਨ ਅੰਦਰ ਹੀ ਵਸਦਾ ਰਹੇ ਬਾਹਰ ਨਾ ਜਾਵੇ ਭਾਵ ਅੰਤਰ ਮੁਖ ਬਿਰਤੀ ਕਰੇ ਤਾਂ ਤਰਨਾ ਹੁੰਦਾ ਹੈ। ਉਹ ਫਿਰ ਆਤਮਿਕ ਅਨੰਦ ਰੂਪੀ ਅੰਮ੍ਰਿਤੁ ਨੂੰ ਛੱਡ ਕੇ ਕਿਸ ਵਾਸਤੇ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਨੂੰ ਖਾਂਦਾ ਹੈ ਭਾਵ ਨਹੀਂ ਖਾਂਦਾ॥ ੧ ॥

**ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥ ੧ ॥ ਰਹਾਉ ॥**

ਹੇ ਮੇਰੇ ਮਨ ! ਐਸਾ ਗਿਆਨੁ=ਜਾਣ ਕਰਕੇ ਨਾਮ ਨੂੰ ਜਪਣਾ ਕਰੋ।

ਅਤੇ ਸੱਚੇ ਪ੍ਰਭੂ ਦੇ ਚਾਕਰ=ਸੇਵਕ ਹੋ ਜਾਓ।

**ਗਿਆਨੁ ਧਿਆਨੁ ਸਭੁ ਕੋਈ ਰਵੈ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ॥ ੨ ॥**

ਗਿਆਨ ਧਿਆਨ ਦੀਆਂ ਗੱਲਾਂ ਨੂੰ ਸਭ ਕੋਈ ਰਵੈ=ਉਚਾਰਦਾ ਹੈ। ਪਰ ਧਾਰਨਾ ਤੋਂ ਬਿਨਾਂ ਸਾਰਾ ਜਗਤ ਮੋਹ ਦੇ ਬੰਧਨਾਂ ਵਿਚ ਬੱਧਾ ਹੋਣ ਕਰਕੇ ਚੁਰਾਸੀ ਲੱਖ ਜੂਨੀਆਂ ਵਿਚ ਭਵੈ=ਫਿਰਦਾ ਹੈ।

*ਅਥਵਾ:*- ਵਾਸ਼ਨਾ ਰੂਪੀ ਬਾਂਧਨਿ=ਰੱਸੀ ਨਾਲ ਬੱਧਾ ਹੋਇਆ ਸਾਰਾ ਸੰਸਾਰ ਭਵੈ=ਫਿਰ ਰਿਹਾ ਹੈ॥ ੨ ॥

**ਸੇਵਾ ਕਰੇ ਸੁ ਚਾਕਰੁ ਹੋਇ॥**

**ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ॥ ੩ ॥**

ਜੋ ਵਾਹਿਗੁਰੂ ਦੀ ਸੇਵਾ ਕਰਦਾ ਹੈ ਓਹੀ ਅਸਲ ਸੇਵਕ ਹੁੰਦਾ ਹੈ।

*ਪ੍ਰਸ਼ਨ:*-ਉਹ ਵਾਹਿਗੁਰੂ ਕਿਥੇ ਰਹਿੰਦਾ ਹੈ ? *ਗੁਰ ਉੱਤਰ:*-

ਉਹ ਵਾਹਿਗੁਰੂ ਜਲਾਂ ਵਿਚ, ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼ ਇਤਿਆਦਿਕ ਸਾਰੀਆਂ ਜਗ੍ਹਾ ਵਿਚ ਰਵਿ ਰਹਿਆ=ਪੂਰਨ ਹੋ ਰਿਹਾ ਹੈ॥ ੩ ॥

**ਹਮ ਨਹੀ ਚੰਗੇ ਬੁਰਾ ਨਹੀ ਕੋਇ॥**

**ਪ੍ਰਣਵਤਿ ਨਾਨਕੁ ਤਾਰੇ ਸੋਇ॥ ੪ ॥ ੧ ॥ ੨ ॥**

ਅਸੀਂ ਚੰਗੇ ਨਹੀਂ ਹਾਂ, ਤੇ ਸੰਸਾਰ ਵਿਚ ਹੋਰ ਕੋਈ ਬੁਰਾ ਨਹੀਂ ਹੈ। ਜਦ ਇਸ ਤਰ੍ਹਾਂ ਦਾ ਖਿਆਲ ਹੋ ਜਾਵੇ ਤਾਂ ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ, ਉਸ ਮਨੁੱਖ ਨੂੰ ਉਹ ਪ੍ਰਭੂ (ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ॥ ੪ ॥ ੧ ॥ ੨ ॥

[ਪੰਨਾ ੭੨੯]

## ਸੂਹੀ ਮਹਲਾ ੧ ਘਰੁ ੬

## ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬਗਦਾਦ ਤੋਂ ਦਸਤਗੀਰ ਦੇ ਬੇਟੇ ਨੂੰ ਨਾਲ ਲਿਜਾਕੇ ਲੱਖਾਂ ਪਤਾਲ, ਲੱਖਾਂ ਅਕਾਸ਼ ਵਿਖਾ ਕੇ ਅੱਗੇ ਨੂੰ ਤੁਰੇ, ਤਾਂ ਮਰਦਾਨੇ ਨੇ ਕਿਹਾ, "ਬੜੀ ਸੈਰ ਹੋ ਗਈ ਹੈ ਹੁਣ ਆਪਣੇ ਘਰ ਚਲੀਏ॥" ਗੁਰੂ ਜੀ ਨੇ ਕਿਹਾ, ਤੈਨੂੰ ਹਮੇਸ਼ਾ ਘਰ ਯਾਦ ਆਉਂਦਾ ਹੈ, ਜੇ ਜਾਣ ਦੀ ਇੱਛਾ ਹੈ

ਤਾਂ ਪਹੁੰਚਾ ਦੇਂਦੇ ਹਾਂ।'' ਇਹ ਗੱਲ ਸੁਣ ਕੇ ਮਰਦਾਨੇ ਨੇ ਕਿਹਾ, ''ਮੈਂ ਤਾਂ ਸੁਭਾਵਕ ਹੀ ਕਿਹਾ ਹੈ; ਜਿੰਨਾ ਚਿਰ ਆਪ ਨਹੀਂ ਜਾਓਗੇ ਮੈਂ ਭੀ ਨਹੀਂ ਜਾਵਾਂਗਾ।'' ਗੁਰੂ ਜੀ ਨੇ ਕਿਹਾ, ''ਮਰਦਾਨਿਆਂ ਤੂੰ ਤਾਂ ਸਾਡੇ ਤੋਂ ਪਹਿਲੇ ਹੀ ਚਲੇ ਜਾਣਾ ਹੈ, ਤੂੰ ਅਬਿਨਾਸੀ ਘਰ ਨੂੰ ਸੰਭਾਲ, ਤੇਰਾ ਜਨਮ ਮਰਨ ਮਿਟ ਗਿਆ ਹੈ।'' ਮਰਦਾਨੇ ਨੇ ਕਿਹਾ, ''ਮੇਰੀ ਕਿਤਨੀ ਕੁ ਉਮਰ ਰਹਿ ਗਈ ਹੈ ?'' ਗੁਰੂ ਜੀ ਨੇ ਕਿਹਾ, ''ਪੰਜ ਦਿਨ ਤੇਰੀ ਉਮਰ ਬਾਕੀ ਹੈ। ਤਿੰਨ ਘੜੀਆਂ ਦਿਨ ਰਹਿੰਦਿਆਂ ਤੇਰਾ ਸਰੀਰ ਸ਼ਾਂਤ ਹੋ ਜਾਏਗਾ।'' ਮਰਦਾਨੇ ਨੇ ਕਿਹਾ, ''ਉਸ ਵੇਲੇ ਆਪ ਮੇਰੇ ਪਾਸ ਹੋਵੋਗੇ ਕਿ ਨਹੀਂ।''

ਗੁਰੂ ਜੀ ਨੇ ਕਿਹਾ, ''ਅਸੀਂ ਤੇਰੇ ਪਾਸ ਹੀ ਹੋਵਾਂਗੇ, ਤੇਰਾ ਸਾਰਾ ਕੰਮ ਭੁਗਤਾ ਕੇ ਜਾਵਾਂਗੇ।''

*ਯਥਾ:-*'ਸੁਨਿ ਬੋਲੇ ਬੇਦੀ ਕੁਲ ਦੀਪਾ। ਹਮ ਤਬ ਤੇਰੇ ਰਹੈਂ ਸਮੀਪਾ॥ ੧੧॥
ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ। ਅਪਰ ਥਾਨ ਗਮਨੈਂ ਤਬ ਪਾਛੇ।'

ਚਾਰ ਦਿਨਾਂ ਤੋਂ ਉਪ੍ਰੰਤ ਮਰਦਾਨੇ ਨੂੰ ਸੁਪਨਾ ਆਇਆ ਕਿ ਜੋ ਇਥੇ ਧਰਤੀ ਵਿਚ ਦੱਬੇ ਜਾਂਦੇ ਹਨ, ਉਹ ਅੱਗੇ ਸਾੜੇ ਜਾਂਦੇ ਹਨ। ਨੀਂਦ ਖੁਲ੍ਹ ਜਾਣ ਤੋਂ ਬਾਅਦ ਮਰਦਾਨੇ ਨੇ ਸੁਪਨੇ ਵਾਲੀ ਗੱਲ ਦੱਸ ਕੇ ਕਿਹਾ, ''ਮੇਰਾ ਸਰੀਰ ਧਰਤੀ ਵਿਚ ਨਾ ਦਫਨਾਉਣਾ, ਅੱਗ ਵਿਚ ਸਸਕਾਰ ਕਰ ਦੇਣਾ।''

ਗੁਰੂ ਜੀ ਨੇ ਕਿਹਾ, ''ਚੰਗਾ! ਤੇਰੇ ਸਰੀਰ ਦਾ ਸਸਕਾਰ ਹੀ ਕਰਾਂਗਾ, ਪਰ ਹੁਣ ਖੁਰਮੇ ਨਗਰ ਵਿਚ ਚੱਲ ਓਥੇ ਤੇਰਾ ਖਾਣਾ ਪੀਣਾ ਰਹਿੰਦਾ ਹੈ, ਓਥੇ ਤੂੰ ਸਰੀਰ ਤਿਆਗਣਾ ਹੈ, ਓਥੇ ਹੀ ਤੇਰੀ ਸੰਤਾਨ ਰਹੇਗੀ।''

'ਧਰਨਿ ਬਿਖੈ ਦਫਨਾਵਹੁ ਨਾਂਹੀ। ਰਹਿਤ ਨਪਾਕ ਲਖਹੋ ਮਨ ਮਾਂਹੀ।
ਗੁਰੂ ਭਨਯੋ ਹਮਰੇ ਸਿਰ ਭਾਰੰ। ਨਹਿਂ ਦਫਨੈਂ ਦੇਵਹਿਂ, ਤੁਹਿ ਜਾਰੰ॥ ੧੫॥
ਤੇਰੋ ਕਹਯੋ ਕਰੈਂ ਬਿਧਿ ਨੀਕੀ। ਭਈ ਭਾਵਨੀ ਜਿਉਂ ਤੁਝ ਜੀ ਕੀ।
ਅਬੰ ਚਲਿ ਖੁਰਮੇ ਨਗਰ ਮਝਾਰਾ। ਤਹਿਂ ਤਵ ਖਾਨੋ ਰਹਯੋ ਅਹਾਰਾ॥ ੧੬॥
ਤਜਹੁ ਸਰੀਰ ਜਹਾਂ ਮਰਦਾਨੇ। ਸੰਤਤ ਤੋਰ ਰਹੈ ਤਿਹ ਥਾਨੇ।'

ਇਹ ਗੱਲ ਕਹਿ ਕੇ ਮਰਦਾਨੇ ਨੂੰ ਖੁਰਮੇ ਵਿਚ ਲੈ ਆਏ, ਬਜ਼ਾਰ ਵਿਚੰ ਲਿਆ ਕੇ ਕਿਹਾ, ''ਜੋ ਖਾਣਾ ਹੈ ਖਾ ਲੈ।'' ਉਸ ਨੇ ਬਚਨ ਮੰਨ ਕੇ ਜੋ ਕੁਝ ਛਕਣਾ ਸੀ ਛਕ ਲਿਆ। ਜਿਸ ਵੇਲੇ ਤਿੰਨ ਘੜੀਆਂ ਦਾ ਵੇਲਾ ਆ ਰਿਹਾ ਤਾਂ ਸ਼ਹਿਰ ਤੋਂ ਬਾਹਰ ਆ ਕੇ ਸੁੰਦਰ ਜਗ੍ਹਾ ਵੇਖ ਕੇ ਬੈਠ ਗਏ।

ਗੁਰੂ ਜੀ ਨੇ ਕਿਹਾ, ''ਮਰਦਾਨਿਆ ਕੀ ਖਬਰ ਹੈ ?'' ਉਸ ਨੇ ਕਿਹਾ, ''ਹੁਣ ਤਾਂ ਤਿਆਰੀ ਹੈ।'' ਉਸੀ ਵੇਲੇ ਗੁਰੂ ਜੀ ਦੇ ਚਰਨਾ ਪਰ ਮੱਥਾ ਟੇਕ ਕੇ ਮਨ ਨੂੰ ਇਸਥਿਤ ਕਰਕੇ ਅਮੋਹ ਹੋ ਗਿਆ। ਗੁਰੂ ਜੀ ਨੇ ਕਿਹਾ, ''ਮਰਦਾਨਿਆਂ ਤੈਨੂੰ ਕਿਵੇਂ ਪਤਾ ਲੱਗ ਗਿਆ ਹੈ ਕਿ ਹੁਣ ਮੇਰੀ ਤਿਆਰੀ ਹੈ ?'' ਮਰਦਾਨੇ ਨੇ ਕਿਹਾ, ''ਆਪ ਜੀ ਦੀ ਕਿਰਪਾ ਨਾਲ ਖਬਰ ਹੋ ਗਈ ਹੈ, ਕਿਉਂਕਿ ਨਾਭੀ ਵਿਚੋਂ ਪੌਣ ਦੀ ਗੰਢ ਖੁੱਲ੍ਹ ਗਈ ਹੈ।''

'ਨੌ ਅਬ ਸ੍ਵਾਸ ਆਵਨੇ ਰਹੇ। ਗਿਨ ਦੇਖਹੁ, ਮੈਂ ਕੂਰ ਨ ਕਹੇ।'

ਉਸ ਵੇਲੇ ਭਾਈ ਬਾਲੇ ਨੇ ਗਿਣੇ ਤੇ ਕਿਹਾ, ''ਗੁਰੂ ਜੀ ! ਨੌਂ ਹੀ ਸ੍ਵਾਸ ਆਏ ਹਨ; ਹੁਣ ਇਸ ਦਾ ਸਰੀਰ ਸ਼ਾਂਤ ਹੋ ਗਿਆ ਹੈ।'' ਉਸੀ ਵੇਲੇ ਲੱਕੜਾਂ ਕੱਠੀਆਂ ਕਰਵਾ ਕੇ ਚਿਖਾ ਬਣਾ ਕੇ ਮਰਦਾਨੇ ਦੇ ਸਰੀਰ ਦਾ ਸਸਕਾਰ ਕਰ ਦਿੱਤਾ।

*ਇਕ ਰਾਤ ਓਥੇ ਰਹਿ ਕੇ ਫੇਰ ਤਲਵੰਡੀ ਆ ਪਹੁੰਚੇ। ਮਰਦਾਨੇ ਦੇ ਪੁੱਤਰ ਨੂੰ ਬੁਲਾ ਕੇ ਕਿਹਾ, "ਤੇਰਾ ਪਿਤਾ ਸੁਰਗਵਾਸ ਹੋ ਗਿਆ ਹੈ, ਉਸ ਦੀ ਜਗ੍ਹਾ ਪਰ ਤੈਨੂੰ ਸਿਰੋਪਾ ਦੇ ਕੇ ਬਿਠਾਉਣਾ ਹੈ, ਇਸ ਲਈ ਤੂੰ ਸਾਡੇ ਨਾਲ ਚੱਲ।" ਗੁਰੂ ਜੀ ਦਾ ਹੁਕਮ ਮੰਨ ਕੇ ਉਹ ਤੁਰ ਪਿਆ। ਚਲਦਿਆਂ ਚਲਦਿਆਂ ਜਿਸ ਵੇਲੇ ਤਲੰਬੇ ਵਿਚ ਪਹੁੰਚੇ। ਓਥੇ ਇਕ ਸੱਜਣ ਠੱਗ ਧਰਮਸ਼ਾਲਾ ਬਣਾ ਕੇ ਬੈਠਾ ਹੋਇਆ ਸੀ, ਵੈਸ਼ਨਵ ਵਾਲਾ ਭੇਖ ਸੀ ਟਿੱਕੇ ਵਗੈਰਾ ਲਗਾਏ ਹੋਏ ਸਨ, ਪਰ ਬੜਾ ਨਿਰਦਈ ਸੀ। ਜਿਸ ਵੇਲੇ ਮਰਦਾਨੇ ਦਾ ਪੁੱਤਰ ਗੁਰੂ ਜੀ ਤੋਂ ਆਗਿਆ ਲੈ ਕੇ ਜਲ-ਪਾਣੀ ਛਕਣ ਵਾਸਤੇ ਸ਼ਹਿਰ ਵਿਚ ਵੜਿਆ, ਚਲਦਿਆਂ ਚਲਦਿਆਂ ਧਰਮਸਾਲਾ

---

*ਤਵਾਰੀਖ ਗੁਰੂ ਖਾਲਸਾ ਵਿਚ ਇੰਞ ਲਿਖਿਆ ਹੈ।-'ਮਰਦਾਨੇ ਦਾ ਚਲਾਣਾ।'

*ਕੰਧਾਰ ਤੋਂ ਹੋ ਕੇ ਗਜ਼ਨੀ ਤਕ ਸੈਲ ਕਰ ਜਦ ਕੁਰਮ ਨਦੀ ਦੇ ਕੰਢੇ ਕੁਰਮ ਸ਼ਹਿਰ ਵਿਚ ਪਹੁੰਚੇ ਤਾਂ ਮਰਦਾਨੇ ਨੂੰ ਸੂਲ ਹੋਇਆ, ਗੁਰੂ ਜੀ ਨੇ ਤਿਸ ਨੂੰ ਕਿਹਾ, ਮਰਦਾਨਿਆ! ਹੁਣ ਤੇਰਾ ਸਰੀਰ ਛੁਟੇਗਾ, ਜੋ ਤੂੰ ਕਹੇਂ ਸੋ ਕੀਤਾ ਜਾਵੇ। ਤਾਂ ਮਰਦਾਨੇ ਕਿਹਾ ਮਹਾਰਾਜ ! ਮੈਂ ਆਪ ਜੀ ਦਾ ਸੇਵਕ ਹਾਂ ਜਨਮ ਦਾ ਮੁਸਲਮਾਨ ਹਾਂ, ਪਰੰਤੂ ਕਰਮ ਦਾ ਨਹੀਂ, ਇਸ ਲਈ ਮੇਰਾ ਸਸਕਾਰ ਕਰਨਾ। ਦੂਸਰੇ ਦਿਨ ੧੩ ਮੱਘਰ ਸੰਮਤ ੧੫੯੧ ਬਿਕ੍ਰਮੀ ਨੂੰ ਭਾਈ ਮਰਦਾਨੇ ਦੀ ਦੇਹ ਛੁਟੀ, ਗੁਰੂ ਜੀ ਓਸ ਦਾ ਸਸਕਾਰ ਕਰਕੇ ਈਸਾ ਖੇਲ ਲੱਕੀ ਤੋਂ ਅੱਗੇ ਅਟਕ ਨਦੀ ਤੋਂ ਉਤਰ ਸੈਦ ਮਿਠੇ ਜਾ ਉਤਰੇ ਅਰ ਸ਼ਬਦ ਪੜ੍ਹਦੇ ਰਹੇ।*

*(ਤਵਾਰੀਖ ਗੁਰੂ ਖਾਲਸਾ, ਹਿਸਾ ਪਹਿਲਾ, ਪੰਨਾ ੨੭੩ ਭਾਸ਼ਾ ਵਿਭਾਗ ਪੰਜਾਬ)*

*ਇਕ ਪੱਛਮੀ ਦਰਿਆ ਜੋ ਸੁਫੇਦ ਕੋਹ ਤੋਂ ਨਿਕਲ ਕੇ ਅਫਗਾਨਿਸਤਾਨ ਦੀ ਹੱਦ ਲੰਘ ਕੇ ਬੰਨੂ ਦੇ ਇਲਾਕੇ ਵਹਿੰਦਾ ਹੋਇਆ ਸਿੰਧੁਨਦ ਵਿਚ ਮਿਲਦਾ ਹੈ, ਰਿਗਵੇਦ ਵਿਚ ਇਸਦਾ ਨਾਮ ਕ੍ਰਮੁ ਆਇਆ ਹੈ, ਇਸ ਦੇ ਕਿਨਾਰੇ ਤੋਂ ਜੋ ਨਗਰ ਵਸਿਆ ਹੈ ਜਨਮਸਾਖੀ ਵਿਚ ਉਸ ਦਾ ਨਾਮੁ ਖੁਰਮਾ ਲਿਖਿਆ ਹੈ।*

*ਨੋਟ: ਜਿਸ ਤਲੰਬਾ ਵਿਚ ਸੱਜਣ ਠਗ ਰਹਿੰਦਾ ਸੀ ਇਹ ਜ਼ਿਲਾ ਮੁਲਤਾਨ ਤਹਿਸੀਲ ਤੇ ਥਾਣਾ ਕਬੀਰ ਵਾਲਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ। ਪਹਿਲੇ ਤਲੰਬਾ ਦਾ ਨਾਮ ਮਖਦੂਮ ਪੁਰ ਸੀ।*

*ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸਿੱਖ "ਭਾਈ ਜੋਧ" ਕਰਨੀ ਵਾਲਾ ਸਿੱਖ ਇਸੇ ਪਿੰਡ ਵਿਚ ਹੋਇਆ ਹੈ, ਉਸ ਨੇ ਗੁਰੂ ਜੀ ਦੀ ਆਗਿਆ ਨਾਲ ਇਲਾਕੇ ਵਿਚ ਧਰਮ ਦਾ ਪ੍ਰਚਾਰ ਕੀਤਾ "ਭਾਈ ਸੋਧ" ਦੀ ਔਲਾਦ ਹੁਣ ਤਾਂ ਬਹੁਤ ਜਗ੍ਹਾ ਫੈਲੀ ਹੋਈ ਹੈ। ਭਾਈ ਜੋਧ ਨੇ ੧੯੭੦ ਸੰਮਤ ਵਿਚ ਓਥੇ ਸੁੰਦਰ ਗੁਰਦੁਆਰਾ ਬਣਵਾਇਆ ਸੀ, ਵੈਸਾਖੀ ਨੂੰ ਬੜਾ ਭਾਰੀ ਮੇਲਾ ਲਗਦਾ ਸੀ ਪਰ ਹੁਣ ਉਹ ਜਗ੍ਹਾ ਪਾਕਿਸਤਾਨ ਵਿਚ ਹੈ।*

*ਮਰਦਾਨੇ ਦੇ ਦੋਵੇਂ ਪੁੱਤਰ ਸਜਾਦਾ ਰਜਾਦਾ ਪਿਤਾ ਦੇ ਮਰਨ ਦੀ ਖ਼ਬਰ ਸੁਣ ਕੇ ਗੁਰੂ ਜੀ ਪਾਸ ਆਏ ਅਰ ਕਿਹਾ ਜੀ ਸਾਨੂੰ ਸਾਡੇ ਪਿਤਾ ਦੀ ਸਮਾਧ ਦਾ ਦਰਸ਼ਨ ਕਰਾਓ, ਗੁਰੂ ਜੀ ਨੇ ਰਜਾਦੇ ਨੂੰ ਕਰਤਾਰਪੁਰ ਰਹਿਣ ਦੀ ਆਗਯਾ ਕੀਤੀ ਅਰ ਸਜਾਦੇ ਨੂੰ ਨਾਲ ਲੈ ਕੇ ਕੁਰਮ ਸ਼ਹਿਰ ਵੱਲ ਚਲ ਪਏ। ਗੁਜਰਾਂਵਾਲੇ, ਹਾਫਜ਼ਾਬਾਦ, ਜਲਾਲਪੁਰ ਹੁੰਦੇ ਹੋਏ ਕੁਰਮ ਸ਼ਹਿਰ ਵਿਚ ਜਾ ਮਰਦਾਨੇ ਦੀ ਸਮਾਧ ਦਿਖਾਈ। ਸਜਾਦੇ ਦੀ ਸੰਤਾਨ ਹੁਣ ਤੱਕ ਓਥੇ ਹੈ ਅਰ ਪੀਰ ਸਦਾਉਂਦੀ ਹੈ।*

*(ਤਵਾਰੀਖ ਗੁਰੂ ਖਾਲਸਾ, ਹਿੱਸਾ ਪਹਿਲਾ, ਪੰਨਾ ੨੭੫, ਭਾਸ਼ਾ ਵਿਭਾਗ ਪੰਜਾਬ)*

*ਮਰਦਾਨਾ ਭਾਈ.*

*ਲੱਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ ੧੫੧੬ ਵਿਚ ਤਲਵੰਡੀ ਜਨਮਿਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋ ਕੇ "ਭਾਈ" ਪਦ ਦਾ ਅਧਿਕਾਰੀ ਹੋਇਆ, ਇਹ ਦੇਸ਼ ਦੇਸ਼ਾਂਤਰਾਂ ਵਿਚ ਜਗਤ ਗੁਰੂ ਦੀ ਸੇਵਾ ਵਿਚ ਹਾਜ਼ਿਰ ਰਹਿ ਕੇ ਕੀਰਤਨ ਕਰਦਾ ਰਿਹਾ, ਇਸ ਦਾ ਦੇਹਾਂਤ ੧੩ ਮੱਘਰ ਸੰਮਤ ੧੫੯੧ ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿਚ ਹੋਇਆ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸਸਕਾਰੀ, ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ, ਵਾਰ ਬਿਹਾਗੜਾ ਵਿਚ ਭਾਈ ਮਰਦਾਨੇ ਦੇ ਨਾਮ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸਲੋਕ ਦੇਖੀਦੇ ਹਨ, ਦੇਖੋ ਪੌੜੀ ੧੨ .*

*(ਮਹਾਨ ਕੋਸ਼ ਦੇਖੋ, ਮਰਦਾਨਾ ਭਾਈ)*

ਵਿਚ ਸੱਜਣ ਠੱਗ ਨੂੰ ਬੈਠਾ ਵੇਖ ਕੇ ਪਾਸ ਆ ਕੇ ਦੁਆ ਕੀਤੀ।

ਅਗੋਂ ਸੱਜਣ ਠੱਗ ਨੇ ਪੁਛਿਆ, "ਤੂੰ ਕਿਥੋਂ ਆਇਆ ਹੈਂ, ਤੇਰੀ ਜਾਤੀ ਕੀ ਹੈ ?"

ਤਾਂ ਉਸ ਨੇ ਕਿਹਾ, "ਤਲਵੰਡੀ 'ਚੋਂ ਆਇਆ ਹਾਂ, ਜਾਣਾ ਦੂਰ ਹੈ ਤੇ ਜਾਤੀ ਮੇਰੀ ਮਿਰਾਸੀ ਹੈ, ਭੁੱਖ ਲੱਗੀ ਹੈ ਕੁਝ ਖਾਣ ਵਾਸਤੇ ਦਿਓ।" ਸੱਜਣ ਠੱਗ ਨੇ ਕਿਹਾ, "ਤੇਰਾ ਜਜਮਾਨ ਕਿਹੜਾ ਹੈ?' ਉਸ ਨੇ ਕਿਹਾ, "ਮੇਰਾ ਜਜਮਾਨ ਤਿੰਨਾਂ ਲੋਕਾਂ ਦਾ ਪਤੀ ਹੈ।" ਇਹ ਗੱਲ ਸੁਣ ਕੇ ਸੱਜਣ ਠੱਗ ਨੇ ਆਪਣੇ ਆਦਮੀ ਨੂੰ ਬੁਲਾ ਕੇ ਕਿਹਾ, "ਇਹ ਕਿਸੇ ਵੱਡੇ ਜਜਮਾਨ ਦਾ ਮਿਰਾਸੀ ਹੈ, ਇਸ ਦੀ ਚੰਗੀ ਤਰ੍ਹਾਂ ਸੇਵਾ ਕਰੀਂ।" ਚੰਗਾ ਜੀ ! ਆਖ ਕੇ ਇਸ ਨੂੰ ਭੋਜਨ ਛਕਾਉਣ ਦੇ ਬਹਾਨੇ ਅੰਦਰ ਲੈ ਗਿਆ। ਅੰਦਰ ਜਾਂਦਿਆਂ ਹੀ ਤਿੰਨਾਂ ਆਦਮੀਆਂ ਨੇ ਫੜ ਕੇ ਇਸਦੇ ਕਪੜੇ ਲਾਹ ਲਏ ਤੇ ਮੁਸ਼ਕਾਂ ਬੰਨ੍ਹ ਕੇ ਬੜਾ ਦੁੱਖ ਦਿੱਤਾ। ਉਸ ਵੇਲੇ ਸ਼ਹਿਜ਼ਾਦੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ ਕਿ ਇਸ ਵੇਲੇ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ ਆਪ ਹੀ ਛੇਤੀ ਆ ਕੇ ਬਹੁੜੋ। ਗੁਰੂ ਜੀ ਬਾਲੇ ਸਹਿਤ ਝਟ ਓਥੇ ਆ ਪਹੁੰਚੇ, ਤੇ ਉਸ ਦੇ ਸੁੰਦਰ ਲਿਬਾਸ ਨੂੰ ਵੇਖ ਕੇ ਆਖਦੇ ਹਨ-ਸੱਜਣਾ ! "ਸਾਡਾ ਇਕ ਆਦਮੀ ਇਥੇ ਆਇਆ ਹੈ, ਉਹ ਕਿੱਥੇ ਹੈ?"

ਸੱਜਣ (ਠੱਗ) ਨੇ ਕਿਹਾ, "ਇਥੇ ਕੋਈ ਨਹੀਂ ਆਇਆ।"

ਗੁਰੂ ਜੀ ਨੇ ਕਿਹਾ, "ਤੂੰ ਝੂਠ ਬੋਲਦਾ ਹੈਂ, ਉਹ ਇਥੇ ਹੀ ਆਇਆ ਹੈ।"

ਸੱਜਣ ਨੇ ਕਿਹਾ, "ਜੇ ਇਥੇ ਆਇਆ ਸਮਝਦੇ ਹੋ ਤਾਂ ਅੰਦਰ ਜਾ ਕੇ ਵੇਖ ਲੋ।"

ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਤੂੰ ਅੰਦਰੋਂ ਸ਼ਹਿਜ਼ਾਦੇ ਨੂੰ ਲਿਆ ਕੇ ਇਸ ਦਾ ਮੂੰਹ ਕਾਲਾ ਕਰ।"

ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬਾਲਾ ਅੰਦਰ ਗਿਆ ਤਾਂ ਕੀ ਵੇਖਿਆ-ਸ਼ਹਿਜ਼ਾਦਾ ਨੰਗਾ ਹੈ ਤੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਹਨ। ਉਸ ਵੇਲੇ ਮੁਸ਼ਕਾਂ ਖੋਲ੍ਹ ਕੇ ਤੇ ਆਪਣੇ ਪਾਸੋਂ ਕਪੜਾ ਦੇ ਕੇ ਉਸ ਦੇ ਸਰੀਰ ਨੂੰ ਕੱਜ ਕੇ ਬਾਹਰ ਲਿਆਂਦਾ। ਆਉਂਦਿਆਂ ਸਾਰ ਸਹਿਜ਼ਾਦੇ ਨੇ ਗੁਰੂ ਜੀ ਦੇ ਚਰਨਾਂ ਪਰ ਮੱਥਾ ਟੇਕ ਕੇ ਆਖਿਆ, ਕਿ ਮਹਾਰਾਜ ਜੀ ! ਮੈਂ ਤਾਂ ਇਸ ਦੇ ਟਿੱਕੇ ਤੇ ਲਿਬਾਸ ਨੂੰ ਵੇਖ ਕੇ ਭੁੱਲ ਗਿਆ ਸੀ ਪਰ ਇਹ ਬੜਾ ਪਾਪੀ ਤੇ ਠੱਗ ਹੈ, ਜਿਹੜਾ ਭੀ ਇਸ ਦੇ ਪਾਸ ਆਉਂਦਾ ਹੈ, ਇਹ ਸਾਰਿਆਂ ਦੇ ਕਪੜੇ ਉਤਾਰ ਲੈਂਦਾ ਹੈ ਤੇ ਨਕਦੀ ਵਗੈਰਾ ਖੋਹ ਲੈਂਦਾ ਹੈ।

*(ਨਾਨਕ ਪ੍ਰਕਾਸ਼ ਉਤ੍ਰਾਰਧ, ਅਧਿ: ੩੫)*

ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹਜ਼ੂਰ ਨੇ ਉਸ ਦੇ ਪ੍ਰਤੀ ਇਹ ਸ਼ਬਦ ਉਚਾਰਿਆ-

## ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥

ਕੈਂਹ ਦਾ ਭਾਂਡਾ ਅਪਵਿੱਤ੍ਰ ਮੰਨਿਆ ਹੈ ਧਰਮ ਸ਼ਾਸਤ੍ਰ ਅਨੁਸਾਰ ਪੰਡਿਤ ਲੋਕ ਕੈਂਹ ਦੇ ਭਾਂਡੇ ਵਿਚ ਅੰਨ ਨਹੀਂ ਖਾਂਦੇ, ਕਿਉਂਕਿ ਜਿਉਂ ਜਿਉਂ ਉਸ ਨੂੰ ਘਸਾਈਦਾ ਹੈ ਤਿਉਂ ਤਿਉਂ ਕਾਲਖ ਨਿਕਲਦੀ ਹੈ, ਏਸੇ ਕੈਂਹ ਦੇ ਭਾਂਡੇ ਦਾ ਦ੍ਰਿਸ਼ਟਾਂਤ ਦੇ ਕੇ ਸੱਜਣ ਠੱਗ ਨੂੰ ਸਮਝਾਂਦੇ ਹਨ-

ਜਿਵੇਂ -ਕੈਹਾ=ਕਾਂਸੀ ਦਾ ਭਾਂਡਾ ਉੱਜਲਾ (ਚਿੱਟਾ) ਤੇ ਚਿਲਕਣਾ ਹੁੰਦਾ ਹੈ, ਪਰ ਘੋਟਿਆਂ ਉਸ ਵਿਚੋਂ ਕਾਲੀ ਮਸੁ=ਕਾਲਖ ਨਿਕਲਦੀ ਹੈ।

## ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥

ਜੇ ਉਸ ਨੂੰ ਸਉ=ਸੈਂਕੜੇ ਵਾਰੀ ਭੀ ਧੋਈਏ, ਤਾਂ ਧੋਤਿਆਂ ਹੋਇਆਂ ਉਸ ਦੀ ਕਾਲਖਤਾ ਰੂਪੀ

ਜੂਠ=ਅਪਵਿੱਤ੍ਰਤਾ ਨਹੀਂ ਲਹਿੰਦੀ॥ ੧॥

ਏਸੇ ਤਰ੍ਹਾਂ ਕੈਹਾ=ਕਾਂਸੀ ਦੇ ਭਾਂਡੇ ਵਾਂਗ ਹੇ 'ਸੱਜਣ ਠੱਗ' ਤੂੰ ਉਜਲਾ ਤੇ ਚਿਲਕਣਾ ਬਣਿਆ ਹੋਇਆ ਹੈਂ ਭਾਵ ਟਿੱਕੇ ਵਗੈਰਾ ਲਗਾ ਕੇ ਚੰਗੇ ਲਿਬਾਸ ਨੂੰ ਧਾਰਨ ਕੀਤਾ ਹੋਇਆ ਹੈ, ਜੇਕਰ ਤੇਰੇ ਕਰਤੱਬ ਨੂੰ ਘੋਟਿਮ=ਵਿਚਾਰੀਏ ਤਾਂ ਪਾਪਾਂ ਰੂਪੀ, ਵਾ:-ਠੱਗੀਆਂ ਰੂਪੀ ਕਾਲਤੀ ਮਸੁ=ਕਾਲਖ ਤੇਰੇ ਅੰਦਰ ਲੱਗੀ ਹੋਈ ਹੈ। ਧੋਤਿਆਂ=ਤੀਰਥਾਂ ਪਰ ਇਸ਼ਨਾਨ ਕਰਨ ਨਾਲ ਭੀ ਪਾਪਾਂ ਰੂਪੀ ਜੂਠਿ=ਅਪਵਿੱਤ੍ਰਤਾ ਉਤਰਦੀ ਨਹੀਂ, ਜੇ ਉਸ ਨੂੰ ਸਉ=ਸੈਂਕੜੇ ਵਾਰੀ ਭੀ ਧੋਣਾ ਕਰੀਏ॥ ੧॥

ਤੂੰ ਆਪਣਾ ਸੱਜਣ ਨਾਮ ਵਿਅਰਥ ਰਖਵਾਇਆ ਹੈ,

## ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥

ਮੇਰੇ ਨਾਲ ਦੇ ਅਸਲੀ ਸੱਜਣ ਓਹੀ ਹਨ, ਜੋ ਅੰਤ ਨੂੰ ਚਲਦਿਆਂ ਹੋਇਆਂ ਪ੍ਰਲੋਕ ਵਿਚ ਨਾਲ ਚੱਲਣ।

*ਪ੍ਰਸ਼ਨ:*-ਉਹ ਕਿਹੜੇ ਸੱਜਣ ਹਨ ? *ਗੁਰ ਉੱਤਰ*-ਸ਼ੁਭ ਕਰਮ ਹੀ ਅਸਲੀ ਸੱਜਣ ਹਨ ਜੋ ਪ੍ਰਲੋਕ ਵਿਚ ਜੀਵ ਦੀ ਸਹਾਇਤਾ ਕਰਦੇ ਹਨ।

## ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥

ਜਿਥੇ ਪ੍ਰਲੋਕ ਵਿਚ ਜੀਵ ਪਾਸੋਂ ਲੇਖਾ ਮੰਗਿਆ ਜਾਂਦਾ ਹੈ ਉਥੇ ਜੀਵ ਦੇ ਪਾਸ ਖੜੇ ਦਿੱਸਦੇ ਹਨ, ਭਾਵ ਜੀਵ ਦੀ ਅਜੇਹੀ ਸਹਾਇਤਾ ਕਰਦੇ ਹਨ ਜੋ ਨਰਕਾਂ ਵਿਚ ਨਹੀਂ ਜਾਣ ਦੇਂਦੇ॥ ੧॥ ਰਹਾਉ॥

## ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥

ਕੋਠੇ ਕੱਚੇ, ਮੰਡਪ=ਚੌੜੇ ਅਸਥਾਨ, ਮਾੜੀਆਂ=ਦੁਹਾਸਨੀਆਂ, ਚਹੁਹਾਸਨੀਆਂ, ਖ਼ੂਬ ਆਸੇ ਪਾਸਿਓਂ ਭਾਵ ਬਾਹਰੋਂ ਚਿਤਰੀਆਂ ਹੋਈਆਂ ਹਨ।

## ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ ੨॥

ਜੇਕਰ ਵਿਚੋਂ ਸਖਣੀਆਹਾ=ਖਾਲੀ ਹਨ ਭਾਵ ਉਹਨਾਂ ਵਿਚ ਜੇ ਭਜਨੀਕ ਸੰਤਾਂ ਦਾ ਨਿਵਾਸ ਨਹੀਂ ਹੈ ਤਾਂ ਉਹ ਢੱਠੀਆਂ ਦੇ ਸਮਾਨ ਹਨ, ਕਿਸੇ ਕੰਮ ਨਹੀਂ ਆਉਂਦੀਆਂ॥ ੨॥

ਇਸੇ ਤਰ੍ਹਾਂ ਕੋਠੇ ਵਾਂਗ ਮਧਰੇ ਪੁਰਸ਼, ਮੰਡਪ ਦੇ ਸਦਰਸ ਚੌੜੇ ਪੁਰਸ਼, ਮਾੜੀਆਂ ਦੀ ਤਰ੍ਹਾ ਲੰਬੇ ਪੁਰਸ਼ ਭਾਵੇਂ ਸਰੀਰ ਦੇ ਪਾਸੇ ਚਿਤ੍ਰਕਾਰੀ ਕੀਤੇ ਹੋਏ ਹਨ ਭਾਵ ਦੁਆਰਕਾ ਦੇ ਤਿਲਕ ਛਾਪੇ ਲਗਾਏ ਹੋਏ ਹਨ। ਜੇਕਰ ਹਿਰਦੇ ਵਿਚੋਂ ਸ਼ੁਭ-ਗੁਣਾਂ ਤੋਂ ਖਾਲੀ ਹਨ ਤਾਂ ਉਹ ਢਠੀਆਂ=ਮ੍ਰਿਤਕ (ਮੁਰਦੇ) ਦੇ ਸਮਾਨ ਹਨ ਉਹ ਕਿਸੇ ਕੰਮ ਨਹੀਂ ਆਉਂਦੇ॥ ੨॥

## ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥

ਜਿਵੇਂ ਬਗਾ=ਬਗਲੇ ਦੇ ਬਗੇ ਕਪੜੇ=ਚਿੱਟੇ ਖੰਭ ਹੁੰਦੇ ਹਨ ਤੇ ਤੀਰਥਾਂ ਵਿਚ ਵਸਦਾ ਹੈ।

## ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥ ੩॥

ਪਰ ਜੀਵਾਂ ਨੂੰ ਘੁਟ ਘੁਟ ਕੇ ਭਾਵ ਫੜ ਫੜ ਕੇ ਖਾਂਦਾ ਹੈ, ਇਸ ਲਈ ਉਹ ਬਗੇ=ਹੰਸ ਨਹੀਂ ਕਿਹਾ ਜਾਂਦਾ। ਤਿਵੇਂ:-ਹੇ ਬਗਲੇ ! (ਸੱਜਣ ਠੱਗ) ਤੈਨੇ ਚਿੱਟੇ ਕਪੜੇ ਪਾਏ ਹੋਏ ਹਨ,

*ਅਥਵਾ*:-ਬਾਹਰੋਂ ਚੰਗੇ ਕਰਮ ਕਰਦਾ ਨਿਗਾਹ ਆਉਂਦਾ ਹੈ, ਤੇ ਤੀਰਥ ਮੰਝਿ ਵਸੰਨਿ੍=ਠਾਕੁਰਦੁਆਰੇ ਵਿਚ ਵੱਸ ਰਿਹਾ ਹੈਂ। ਪਰ ਤੇਰਾ ਕਰਤੱਬ ਭੈੜਾ ਹੈ ਜਿਹੜਾ ਤੂੰ ਘੁਟ ਘੁਟ ਕੇ ਭਾਵ ਮੁਸ਼ਕਾਂ ਬੰਨ੍ਹ ਕੇ ਜੀਵਾਂ ਨੂੰ ਖਾਂਦਾ ਭਾਵ ਲੁੱਟਦਾ ਹੈਂ। ਇਸ ਕਰਕੇ ਤੂੰ ਬਗੇ=ਹੰਸ ਭਾਵ ਮਹਾਤਮਾ ਨਹੀਂ ਕਿਹਾ ਜਾਂਦਾ॥ ੩॥

## ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍॥

ਜਿਵੇਂ-ਸਿੰਮਲ ਦੇ ਰੁਖੁ=ਬ੍ਰਿਛ ਨੂੰ ਵੇਖ ਕੇ ਮੈਜਨ=ਤੋਤਾ ਭੁੱਲ ਜਾਂਦਾ ਹੈ।

## ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍॥ ੪॥

ਪਰ ਉਸ ਸਿੰਮਲ ਦੇ ਫਲ ਕਿਸੇ ਕੰਮ ਨਹੀਂ ਆਉਂਦੇ, ਜਿਸ ਵੇਲੇ ਤੋਤਾ ਆਪਣੀ ਭੁੱਖ ਮਿਟਾਉਣ ਵਾਸਤੇ ਉਸ ਫਲ ਵਿਚ ਚੁੰਜ ਮਾਰਦਾ ਹੈ, ਤਾਂ ਵਿਚੇ ਫਸ ਜਾਂਦੀ ਹੈ। ਤਿਵੇਂ ਸਿੰਮਲ ਰੁੱਖ ਵਾਂਗ ਤੇਰੇ ਸਰੀਰ ਦੇ ਮੈਂ=ਰੂਪ ਨੂੰ ਵੇਖ ਕੇ ਮੈਜਨ=ਤੋਤੇ ਵਾਂਗ ਮੈ ਜਨ=ਮੇਰਾ ਜਨ* "ਸਜਾਦਾ" ਭੁੱਲ ਗਿਆ ਹੈ ਜਿਸ ਤੇ ਤੇਰੇ ਪਾਸ ਆ ਕੇ ਬੈਠ ਗਿਆ ਹੈ। ਸੇ ਫਲ=ਉਹ ਤੇਰੇ ਗਿਆਨ ਰੂਪ ਫਲ ਕਿਸੇ ਕੰਮ ਨਹੀਂ ਆਉਂਦੇ ਤੇ ਗੁਣ=ਉਹ ਠੱਗੀਆਂ ਵਾਲੇ ਗੁਣ ਤੇਰੇ ਸਰੀਰ ਦੇ ਮੈ=ਵਿਚ ਹਨ॥ ੪॥

## ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
## ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥

ਜਿਵੇਂ-ਪ੍ਰਤੱਖ ਅੰਨ੍ਹੇ ਨੇ ਸਿਰ ਉਤੇ ਭਾਰ ਚੁੱਕਿਆ ਹੋਇਆ ਹੈ ਤੇ ਵਾਟ=ਰਸਤੇ ਵਿਚ ਡੂਗਰ=ਪਹਾੜ ਬਹੁਤ ਹਨ, ਉਸ ਵੇਲੇ ਅੱਖਾਂ ਨੂੰ ਚਾਹੁੰਦਾ ਹੈ ਪਰ ਲੈ ਨਹੀਂ ਸਕਦਾ ਤੇ ਆਖਦਾ ਹੈ ਮੈਂ ਕਿਵੇਂ ਇਨ੍ਹਾਂ ਪਰ ਚੜ੍ਹ ਕੇ ਪਾਰ ਲੰਘਾਂ ?

ਤਿਵੇਂ-ਅੰਨ੍ਹੇ ਅਗਿਆਨੀ ਪੁਰਸ਼ ਨੇ ਸਿੱਖੀ ਸੇਵਕ ਰੂਪੀ,

ਵਾ:-ਦੇਹ ਅਭਿਮਾਨਤਾ ਰੂਪੀ ਭਾਰ ਚੁੱਕਿਆ ਹੋਇਆ ਹੈ, ਤੇ ਪਰਮੇਸ਼ਰ ਪ੍ਰਾਪਤੀ ਦੇ ਰਸਤੇ ਵਿਚ ਕਾਮ ਆਦਿਕਾਂ ਰੂਪੀ ਪਹਾੜ ਬਹੁਤ ਹਨ, ਗਿਆਨ ਵੈਰਾਗ ਰੂਪੀ ਅੱਖਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਪਰ ਲੈ ਨਹੀਂ ਸਕਦਾ। ਹਉ=ਹੰਗਤਾ ਵਾਲਾ ਪੁਰਸ਼ ਉਹਨਾਂ ਪਰਬਤਾਂ ਪਰ ਚੜ੍ਹ ਕੇ ਕਿਵੇਂ ਪਾਰ ਲੰਘ ਸਕਦਾ ਹੈ ?

*ਅਥਵਾ*:-ਅੰਨ੍ਹੇ ਅਗਿਆਨੀ ਪੁਰਸ਼ ਨੇ ਪਾਪਾਂ ਰੂਪੀ ਬਹੁਤਾ ਭਾਰ ਚੁੱਕਿਆ ਹੋਇਆ ਹੈ, ਅੱਗੇ ਜਮਾਂ ਦੇ ਰਸਤੇ ਵਿਚ ਬਹੁਤ ਹੀ ਪਹਾੜ ਹਨ, ਓਥੇ ਪੁੰਨਾਂ ਰੂਪ ਅੱਖਾਂ ਚਾਹੀਦੀਆਂ ਹਨ ਪਰ ਲੈ ਨਹੀਂ ਸਕਦਾ, ਹੰਗਤਾ ਵਾਲਾ ਪੁਰਸ਼ ਕਿਵੇਂ ਚੜ੍ਹ ਕੇ ਪਾਰ ਲੰਘ ਸਕਦਾ ਹੈ ?॥ ੫॥

## ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥

ਨਾਮ ਤੋਂ ਬਿਨਾਂ ਚਾਕਰੀਆਂ ਕਰਨੀਆਂ, ਚੰਗਿਆਈਆਂ=ਚੰਗੀਆਂ ਚੰਗੀਆਂ ਗੱਲਾਂ ਕਰਨੀਆਂ ਤੇ ਹੋਰ ਬੁੱਧੀ ਦੀਆਂ ਸਿਆਣਪਾਂ ਕਿਸ ਕੰਮ ਹਨ।

## ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ੬॥ ੧॥ ੩॥

ਗੁਰੂ ਜੀ ਕਥਨ ਕਰਦੇ ਹਨ— ਹੇ ਸੱਜਣ ਠੱਗ ! ਤੂੰ ਵਾਹਿਗੁਰੂ-ਨਾਮ ਨੂੰ ਸੰਭਾਲਣਾ ਕਰ ਜਿਸ ਕਰਕੇ ਸੰਸਾਰਕ ਬੰਧਨਾਂ ਵਿਚ ਬੱਧਾ ਹੋਇਆ ਛੁਟ ਜਾਵੇਂ॥ ੬॥ ੧॥ ੩॥

---

**ਅੰਮ੍ਰਿਤਸਰੀ ਟਕਸਾਲ ਦਾ ਪਾਠ ਪਹਿਲਾ ਹੀ ਹੈ:- "ਮੈਜਨ" ਦੇਖਿ ਭੁਲੰਨਿ॥*

ਫੇਰ ਉਪਦੇਸ਼ ਦੇਂਦੇ ਹਨ-

**ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥**

ਹੇ ਸੱਜਣ ਠੱਗ ! ਤੂੰ ਜਪ ਤਪ ਦਾ ਬੇੜੁਲਾ=ਬੇੜਾ ਬੰਨ੍ਹ ਲੈ, ਜਿਸ ਕਰਕੇ ਵਹੇਲਾ=ਕਠਨ ਸੰਸਾਰ ਸਮੁੰਦਰ ਤੋਂ ਵਹੇਲਾ=ਸੀਘਰ ਹੀ, ਵਾ:-ਸੁਖੱਲਾ ਲੰਘ ਜਾਵੇਂਗਾ।

**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥ ੧ ॥**

ਨਾ ਸੰਸਾਰ ਸਰੋਵਰ ਪ੍ਰਾਪਤ ਹੋਵੇਗਾ, ਨਾ ਹੀ ਕੋਈ ਉਛਲੈ=ਦੁੱਖ ਮਾਂਝ ਦੁੱਖ ਪ੍ਰਾਪਤ ਹੋਵੇਗਾ, ਨਾ ਹੀ ਕਾਮ ਆਦਿਕਾਂ ਕਰਕੇ ਉਛਲੇਂਗਾ, ਨਾ ਸਰਵਰੁ=ਵੈਤਰਨੀ ਨਦੀ ਅਤੇ ਨਾ ਹੀ ਦਸ ਹਜ਼ਾਰ ਜੋਜਨ ਊਛਲੈ=ਅੱਗ ਦਾ ਕੁੰਡ ਦਿੱਸੇਗਾ। ਨਾ ਸੰਸਾਰ ਸਮੁੰਦਰ ਵਿਚ ਡਿੱਗੇਂਗਾ ਤੇ ਨਾ ਹੀ ਚੁਰਾਸੀ ਲੱਖ ਜੂਨ ਵਿਚ ਊਛਲੇਂਗਾ, ਜਪ ਤਪ ਦਾ ਅਜੇਹਾ ਸੁਖਦਾਈ ਪੰਥੁ=ਰਸਤਾ ਹੈ ॥ ੧ ॥

**ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥ ੧ ॥ ਰਹਾਉ ॥**

ਹੇ ਸਦ ਰੰਗ ਢੋਲਾ=ਸਦਾ ਆਨੰਦ ਰੂਪ ਪਿਆਰੇ ਪ੍ਰਭੂ ! ਤੇਰਾ ਇਕ ਨਾਮ ਹੀ ਮਜੀਠੀ ਰੰਗ ਹੈ, ਉਸ ਵਿਚ ਮੇਰਾ ਚੋਲਾ=ਅੰਤਹਕਰਨ ਰੰਗਿਆ ਗਿਆ ਹੈ ॥ ੧ ॥ ਰਹਾਉ ॥

**ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥**
**ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ੨ ॥**

ਪਿਆਰੇ ਸੱਜਣ ਪ੍ਰਭੂ ਦੀ ਤਰਫੋਂ ਜਿਨ੍ਹਾਂ ਨੇ ਚਲੇ=ਚਾਲੇ ਪਾ ਦਿੱਤੇ ਹਨ, ਭਾਵ ਜਿਹੜੇ ਹਟ ਗਏ ਹਨ।

*ਅਥਵਾ:*-ਹੇ ਪਿਆਰੇ ! ਜੋ ਸੰਸਾਰ ਵੱਲ ਚੱਲੇ ਹਨ ਉਹਨਾਂ ਦਾ ਸੱਜਣ (ਵਾਹਿਗੁਰੂ) ਨਾਲ ਕਿਵੇਂ ਮਿਲਾਪ ਹੋਵੇਗਾ ?

*ਉੱਤਰ :-* ਜੇਕਰ ਬੁੱਧੀ ਰੂਪ ਗੰਢ ਵਿਚ ਸ਼ੁਭ-ਗੁਣ ਹੋਣਗੇ ਤਾਂ ਉਹ ਵਾਹਿਗੁਰੂ ਉਸ ਨੂੰ ਆਪਣੇ ਨਾਲ ਮੇਲੇਗਾ।

*ਅਥਵਾ:-* ਜਿਸ ਪਿਆਰੇ ਸੱਜਣ ਪਰਮਾਤਮਾ ਦੀ ਤਰਫ਼ ਗੁਰਮੁਖ ਚੱਲੇ ਹਨ, ਉਹਨਾ ਨਾਲ ਕਿਵੇਂ ਮਿਲਾਪ ਹੁੰਦਾ ਹੈ?

*ਉੱਤਰ:*-ਜੇ ਬੁੱਧੀ ਰੂਪ ਗੰਠੜੀਐ=ਗੰਢ ਵਿਚ ਸ਼ੁਭ ਗੁਣ ਹੋਣਗੇ ਤਾਂ ਪਰਮਾਤਮਾ ਉਹਨਾਂ ਗੁਰਮੁਖਾਂ ਨਾਲ ਮੇਲੇਗਾ ॥ ੨ ॥

**ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥**
**ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥ ੩ ॥**

ਉਹ ਮਿਲਿਆ ਹੋਇਆ ਫਿਰ ਕਦੇ ਵਿਛੁੜਦਾ ਨਹੀਂ, ਜੇਹੜਾ ਗੁਰਾਂ ਦੁਆਰੇ ਮਿਲਿਆ ਹੁੰਦਾ ਹੈ। ਉਹ ਸੱਚੇ ਨਾਲ ਅਜੇਹਾ ਅਭੇਦ ਹੋਇਆ ਹੈ ਜੋ ਉਸ ਨੇ ਆਵਾਗਉਣੁ ਨਿਵਾਰਿਆ=ਜੰਮਣਾ ਮਰਨਾ ਨਵਿਰਤ ਕਰ ਲਿਆ ਹੈ ॥ ੩ ॥

**ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥**

ਜਿਨ੍ਹਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਨਵਿਰਤ ਕੀਤਾ ਹੈ,

ਵਾ:-ਹਉਮੈ ਨੂੰ ਮਾਰਿਆ ਹੈ ਤੇ ਸੰਕਲਪਾਂ ਨੂੰ ਨਵਿਰਤ ਕੀਤਾ ਹੈ, ਉਹਨਾਂ ਦਾ ਚੋਲਾ=ਅੰਤਹਕਰਨ ਵਾਹਿਗੁਰੂ ਨਾਲ ਸੀਤਾ ਗਿਆ ਭਾਵ ਜੁੜ ਗਿਆ ਹੈ।

**ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥ ੪ ॥**

(੧) ਗੁਰਾਂ ਦੇ ਬੋਲੇ ਹੋਏ ਜੋ ਬਚਨ ਅੰਮ੍ਰਿਤ ਰੂਪ ਹਨ, ਉਹਨਾਂ ਨੂੰ ਸਹ=ਸਹਾਰ ਕੇ ਗਿਆਨ ਫਲ ਨੂੰ ਪਾਇਆ ਹੈ।

(੨) ਗੁਰਾਂ ਦੇ ਬਚਨਾਂ ਦੁਆਰੇ ਤੇ ਸਹ=ਪਤੀ ਦੇ ਜੋ ਅੰਮ੍ਰਿਤ ਬੋਲ ਵੇਦ ਹਨ, ਉਹਨਾਂ ਨੂੰ ਸਹ=ਸਹਾਰਕੇ ਸਹ=ਪਤੀ ਦੀ ਪ੍ਰਾਪਤੀ ਰੂਪ ਫਲ ਨੂੰ ਪਾਇਆ ਹੈ॥ ੪ ॥

**ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥**

ਗੁਰੂ ਜੀ ਕਥਨ ਕਰਦੇ ਹਨ—ਹੇ ਸਖੀਓ ! ਪਤੀ (ਪਰਮਾਤਮਾ) ਮੈਨੂੰ ਚੰਗਾ ਪਿਆਰਾ ਲੱਗ ਰਿਹਾ ਹੈ।

**ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥ ੫ ॥ ੨ ॥ ੪ ॥**

ਅਸੀਂ ਸਹ=ਪਤੀ ਦੀਆਂ ਦਾਸੀਆਂ ਹਾਂ, ਉਹ ਸਾਡਾ ਸੱਚਾ ਸੁਆਮੀ ਹੈ॥ ੫ ॥ ੨ ॥ ੪ ॥

**ਸੂਹੀ ਮਹਲਾ ੧ ॥ ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥**

ਜਿਨ੍ਹਾਂ ਦੇ ਭਾਂਡੈ=ਹਿਰਦੇ ਵਿਚ ਭਾਉ=ਪ੍ਰੇਮ ਹੈ, ਉਹਨਾਂ ਨੂੰ ਸਵਾਰੇਗਾ।

**ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥**

**ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥ ੧ ॥**

ਉਹਨਾਂ ਨੂੰ ਸੁਖਾਂ ਦੀ ਪਸਾਉ=ਦਾਤ ਦੇਣੀ ਕਰੇਗਾ, ਅਤੇ ਦੁੱਖ ਦੂਰ ਕਰ ਦੇਵੇਗਾ।

ਇਸ ਗੱਲ ਵਿਚ ਮੂਲੇ=ਕਦਾਚਿਤ ਸੰਸਾ ਨਹੀਂ ਹੈ, ਉਹਨਾਂ ਨੂੰ ਸਰਪਰ=ਜ਼ਰੂਰ ਤਾਰੇਗਾ॥ ੧ ॥

**ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥**

ਜਿਨ੍ਹਾਂ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੈ, ਉਹਨਾਂ ਨੂੰ ਗੁਰੂ ਆ ਕੇ ਮਿਲਿਆ ਹੈ।

**ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥**

**ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥ ੨ ॥**

ਹਰੀ ਦਾ ਨਾਮ ਜੋ ਅੰਮ੍ਰਿਤ ਰੂਪ ਹੈ, ਉਸ ਦੀ ਪ੍ਰਾਪਤੀ ਦੀ ਦੀਖਿਆ=ਸਿੱਖਿਆ ਉਸ ਨੂੰ ਗੁਰੂ ਦੇਂਦੇ ਹਨ। ਜੋ ਸਤਿਗੁਰਾਂ ਦੇ ਭਾਇ=ਭਾਣੇ, ਪ੍ਰੇਮ ਵਿਚ ਚਲਦੇ ਹਨ, ਉਹ ਭੀਖਿਆ=ਚੁਰਾਸੀ ਲੱਖ ਜੂਨ ਵਿਚ ਨਹੀਂ ਫਿਰਦੇ॥ ੨ ॥

**ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥**

**ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥**

**ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥ ੩ ॥**

ਜਿਸ ਨੂੰ ਸ੍ਵੈ-ਸਰੂਪ ਹਜੂਰਿ=ਸਖਿਆਤ (ਪ੍ਰਗਟ) ਹੋਇਆ ਹੈ, ਉਹ ਕਿਸ ਦੂਜੇ ਅੱਗੇ ਨਿਵਦਾ ਹੈ ਭਾਵ ਨਹੀਂ ਨਿਵਦਾ।

(੧) ਪਰਮੇਸ਼ਰ ਦੇ ਦਰ ਦੇ ਦਰਵਾਣੀ=ਦ੍ਵਾਰਪਾਲ ਜਮ ਤਿਸ ਨੂੰ ਮੂਲੇ=ਕਦਾਚਿਤ ਨਹੀਂ ਪੁੱਛਦੇ।

(੨) ਪਰਮੇਸ਼ਰ ਦੇ ਦਰ ਦੇ ਜੋ ਦਰਵਾਨਚੀ ਹੋਏ ਹਨ, ਉਸ ਦੇ ਪਾਸੋਂ ਕਦਾਚਿਤ ਪੁੱਛ-ਗਿੱਛ ਨਹੀਂ ਹੁੰਦੀ।

(੩) ਨਾਹਿ=ਪਤੀ ਜੋ ਪਰਮਾਤਮਾ ਹੈ, ਸਾਰਿਆਂ ਦਾ ਮੂਲੈ=ਅਧਿਸ਼ਠਾਨ ਰੂਪ, ਉਸ ਦੇ ਦਰ ਦੇ ਦਰਵਾਨਚੀ ਜੋ ਸਾਧੂ-ਮਹਾਤਮਾ ਹਨ, ਉਨ੍ਹਾਂ ਪਾਸੋਂ ਸ਼ੁਭ ਸਿਖਿਆ ਪੁੱਛ।

ਜਿਨ੍ਹਾਂ ਉਤੇ ਮਾਲਕ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੈ, ਉਹਨਾਂ ਮਹਾਤਮਾਂ ਦੇ ਬੋਲਿ=ਬਚਨਾਂ ਕਰ ਕੇ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ॥ ੩॥

## ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥

(੧) ਉਹ ਪ੍ਰਭੂ ਐਸਾ ਸਮਰੱਥ ਹੈ ਆਪ ਹੀ ਜੀਵਾਂ ਨੂੰ ਸੰਸਾਰ ਵਿਚ ਆਣੇ=ਲਿਆਉਂਦਾ ਹੈ, ਆਪ ਹੀ ਜੀਵਾਂ ਨੂੰ ਪਰਲੋਕ ਵਿਚ ਘਲੇ=ਭੇਜਦਾ ਹੈ, ਫੇਰ ਅਜੇਹਾ ਸੁਤੰਤਰ ਹੈ ਜਿਸ ਨੂੰ ਦੂਜਾ ਕੋਈ ਮਤੈ=ਸਲਾਹ ਦੇਣ ਵਾਲਾ ਨਹੀਂ ਹੈ।

ਉਸ ਦੇ ਆਪਣੇ ਘਲੇ=ਭੇਜੇ ਹੋਏ ਜੀਵ ਸੰਸਾਰ ਵਿਚ ਆਏ ਹਨ,

(੨) ਆਪ ਹੀ ਸਤਸੰਗਤ ਵਿਚ ਘਲੇ=ਭੇਜਦਾ ਹੈ, ਆਪ ਹੀ ਆਪਣੀ ਤਰਫ਼ ਲਿਆਉਂਦਾ ਹੈ, ਜਿਸ ਦਾ ਕੋਈ ਦੂਜਾ ਮਤੈ=ਸਲਾਹਕਾਰ ਨਹੀਂ ਹੈ।

## ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥

(੧) ਉਹ ਪਰਮੇਸ਼ਰ ਸਾਰੇ ਸੰਸਾਰ ਨੂੰ ਆਪ ਪਹਿਲੇ ਉਸਾਰਦਾ ਹੈ, ਫੇਰ ਢਾਹੁੰਦਾ ਹੈ, ਫਿਰ ਸਾਜਦਾ ਹੈ ਅਤੇ ਸਭ ਦੇ ਹਾਲ ਨੂੰ ਜਾਣਦਾ ਹੈ।

*ਅਥਵਾ:*-ਢੱਠਿਆਂ ਨੂੰ ਸਾਜਦਾ ਹੈ ਤੇ ਉੱਸਰਿਆਂ ਨੂੰ ਢਾਹੁੰਦਾ ਹੈ।

(੩) ਢਾਹੁਣੇ ਉਸਾਰਨੇ ਵਾਲਾ ਜੋ ਪ੍ਰਭੂ ਹੈ, ਉਹ ਸਾਰਿਆਂ ਨੂੰ ਸਾਜਣਾ ਜਾਣਦਾ ਹੈ।

## ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥ ੪॥ ੩॥ ੫॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉਤੇ ਨਦਰੀ=ਪਰਮਾਤਮਾ ਦੀ ਕਰਮੁ=ਕਿਰਪਾ ਹੁੰਦੀ ਹੈ; ਉਸ ਨੂੰ ਨਾਮ ਦੀ ਬਖਸੀਸ=ਦਾਤ ਪ੍ਰਾਪਤ ਹੁੰਦੀ ਹੈ॥ ੪॥ ੩॥ ੫॥

[ਪੰਨਾ ੭੩੦]

## ਸੂਹੀ ਮਹਲਾ ੧॥ ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥

ਉਹ ਭਾਂਡਾ=ਅੰਤਹਕਰਨ ਹਛਾ=ਸ਼ੁੱਧ ਹੈ, ਜਿਹੜਾ ਉਸ ਪ੍ਰਭੂ ਨੂੰ ਭਾਉਂਦਾ ਹੈ।

## ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥

ਜੋ ਭਾਂਡਾ=ਅੰਤਹਕਰਨ ਅਤਿ=ਬਹੁਤਿਆਂ ਪਾਪਾਂ ਕਰਕੇ ਬੜਾ ਮਲੀਣੁ (ਗੰਦਾ) ਹੋ ਚੁੱਕਾ ਹੈ, ਗੁਰ ਸੇਵਾ ਤੋਂ ਬਿਨਾਂ ਉਹ ਭਾਂਡਾ=ਅੰਤਹਕਰਨ ਤੀਰਥਾਂ ਦੇ ਜਲ ਨਾਲ ਵੀ ਧੋਤਾ ਜਾਵੇ ਤਾਂ ਭੀ ਉਹ ਹੱਛਾ ਨ ਹੋਇਸੀ=ਸ਼ੁੱਧ ਨਹੀਂ ਹੋਵੇਗਾ।

**ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥**

(੧) ਸਾਵਧਾਨ ਹੋ ਕੇ ਗੁਰਾਂ ਦੁਆਰੇ ਸੋਝੀ=ਗਿਆਤ ਪਾਉਣਾ ਕਰੇ।

(੨) ਗੁਰਾਂ ਦੁਆਰੇ ਹੋ ਕੇ ਭਾਵ ਗੁਰੂ ਦੇ ਅਨੁਸਾਰ ਹੋ ਕੇ ਅੰਤਹਕਰਨ ਨੂੰ ਸ਼ੁੱਧ ਕਰਨ ਦੀ ਗਿਆਤ ਪਾਉਣਾ ਕਰੇ।

ਏਤੁ ਦੁਆਰੈ=ਇਸ ਦੁਆਰੇ ਭਾਵ ਗੁਰਾਂ ਦੁਆਰੇ ਧੋਵੇ ਤਾਂ ਅੰਤਹਕਰਨ ਹਛਾ=ਸ਼ੁੱਧ ਹੋਵੇਗਾ।

**ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥**

(੧) ਅੰਤਹਕਰਨ ਦੇ ਮੈਲੇ ਚੰਗੇ ਦਾ ਵਿਚਾਰ ਆਪ ਹੀ ਵਰਤਾਉਂਦਾ ਹੈ।

(੨) ਮੰਦੇ ਚੰਗੇ ਦਾ ਵਿਚਾਰ, ਉਹ ਪ੍ਰਭੂ ਆਪ ਹੀ ਵਰਤਾਉਂਦਾ ਹੈ।

**ਮਤੁ ਕੋ ਜਾਣੈ ਜਾਇ ਅਗੈ ਪਾਇਸੀ॥**

ਮਤਾਂ ਕੋਈ ਜਾਣੇ ਕਿ ਸੁਖ ਦੀ ਜਗ੍ਹਾ ਨੂੰ ਮੰਦਾ ਪੁਰਸ਼ ਭੀ ਅਗੈ=ਪ੍ਰਲੋਕ ਵਿਚ ਜਾ ਕੇ ਪਾਵੇਗਾ।

**ਜੇਹੇ ਕਰਮ ਕਮਾਇ ਤੇਹਾ ਹੋਇਸੀ॥**

ਜੇਹੋ ਜੇਹੇ ਕੋਈ ਕਰਮ ਕਰੇਗਾ ਓਹੋ ਜੇਹਾ ਉਸ ਨੂੰ ਫਲ ਹੋਵੇਗਾ।

**ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ॥**

ਹਰੀ ਦਾ ਜੋ ਨਾਮ-ਅੰਮ੍ਰਿਤ ਹੈ ਉਸ ਨੂੰ ਜੋ ਆਪ ਜਪਦਾ ਹੈ ਤੇ ਹੋਰਨਾ ਨੂੰ ਵਰਤਾਉਂਦਾ ਹੈ।

**ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥**

ਉਹ ਇੱਜ਼ਤ ਨਾਲ ਮਨੁੱਖ ਜਨਮ ਨੂੰ ਸਵਾਰ ਕੇ ਚਲਿਆ ਹੈ, ਤੇ ਉਸ ਦੇ ਮਗਰੋਂ ਭੀ ਜਸ ਰੂਪ ਵਾਜਾ ਵੱਜਦਾ ਰਹੇਗਾ।

**ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥**

ਇਹ ਮਨੁੱਖ ਵਿਚਾਰਾ ਕੀ ਹੈ, ਪ੍ਰਭੂ ਆਪ ਉਸ ਦੇ ਜਸ ਰੂਪ ਵਾਜੇ ਨੂੰ ਤਿੰਨਾਂ ਲੋਕਾਂ ਵਿਚ ਸੁਣਾਏਗਾ।

**ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ॥੧॥੪॥੬॥**

ਗੁਰੂ ਜੀ ਕਥਨ ਕਰਦੇ ਹਨ—ਉਹ ਗੁਰਮੁਖ ਆਪ ਜਨਮ ਮਰਨ ਰੂਪ ਦੁੱਖ ਤੋਂ ਰਹਿਤ ਹੋ ਕੇ ਮੁਕਤ ਰੂਪ ਹੁੰਦਾ ਹੈ ਅਤੇ ਸਾਰੀਆਂ ਕੁਲਾਂ ਨੂੰ ਭੀ ਤਾਰ ਲਏਗਾ॥ ੧॥ ੪॥ ੬॥

**ਸੂਹੀ ਮਹਲਾ ੧॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥**

ਜਿਹੜਾ ਜੋਗੀ ਹੁੰਦਾ ਹੈ, ਉਹ ਜੋਗ ਦੀ ਕਿਰਿਆ ਕਰਦਾ ਹੈ, ਜੋ ਭੋਗੀ ਹੁੰਦਾ ਹੈ ਉਹ ਪਦਾਰਥਾਂ ਦੇ ਖਾਣ ਵਿਚ ਮਸਤ ਹੁੰਦਾ ਹੈ।

**ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥੧॥**

ਜੋ ਤਪੀਆ ਹੁੰਦਾ ਹੈ ਉਹ ਤਪ ਕਰਦਾ ਹੈ, ਜੋ ਯਾਤਰੂ ਹੁੰਦਾ ਹੈ ਉਹ ਤੀਰਥਾਂ ਪਰ ਜਾ ਕੇ ਤੀਰਥਾਂ ਦੇ ਜਲ ਵਿਚ ਮਲ ਮਲ ਕੇ ਨ੍ਹਾਉਂਦਾ ਹੈ॥ ੧॥

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥੧॥ ਰਹਾਉ॥**

ਹੇ ਭਾਈ=ਪਿਆਰੇ ! ਜਿਹੜਾ ਕੋਈ ਭਾਈ=ਪ੍ਰੇਮ ਸਹਿਤ ਬਹੈ=ਬੈਠ ਕੇ ਅਲਾਇ=ਕਥਨ ਕਰਦਾ ਹੈ, ਮੈਂ ਉਸ ਦੇ ਪਾਸੋਂ ਤੇਰਾ ਹੀ ਸਦੜਾ=ਉਪਦੇਸ਼ ਸੁਣਦਾ ਹਾਂ॥ ੧॥ ਰਹਾਉ॥

**ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ॥**

ਜਿਵੇਂ ਜ਼ਿਮੀਂਦਾਰ ਜਿਹੋ ਜਿਹਾ ਬੀਜ ਬੀਜਦਾ ਹੈ ਤੈਸਾ ਹੀ ਲੁਣੇ=ਕੱਟਦਾ ਹੈ, ਤਿਵੇਂ ਜੀਵ ਜੋ ਧਰਮ ਅਧਰਮ ਖੱਟਦਾ ਹੈ, ਉਸ ਅਨੁਸਾਰ ਦੁੱਖ ਸੁੱਖ ਨੂੰ ਖਾਇ=ਭੋਗਦਾ ਹੈ।

*ਅਥਵਾ:*-ਜਿਹੋ ਜਿਹੇ ਕਰਮਾਂ ਰੂਪੀ ਬੀਜ ਨੂੰ ਬੀਜੇਗਾ ਓਹੋ ਜਿਹਾ ਵੱਢੇਗਾ, ਅਤੇ ਜੋ ਪਾਪ ਜਾਂ ਪੁੰਨ ਖੱਟੇਗਾ ਉਨ੍ਹਾਂ ਦਾ ਫਲ ਖਾਏਗਾ।

**ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥੨॥**

ਜਿਹੜਾ ਨਾਮ ਰੂਪੀ ਨੀਸਾਣੈ=ਪਰਵਾਨੇ ਦੇ ਸਣੁ=ਸਹਿਤ ਜਾਵੇਗਾ ਉਸ ਨੂੰ ਅਗੈ=ਪ੍ਰਲੋਕ ਵਿਚ ਪੁੱਛ ਨਹੀਂ ਹੋਵੇਗੀ, ਭਾਵ ਉਸ ਕੋਲੋਂ ਹਿਸਾਬ ਨਹੀਂ ਮੰਗਿਆ ਜਾਵੇਗਾ॥ ੨॥

**ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ॥**

ਜੇਹੋ ਜੇਹੀ ਕਾਰ=ਕਿਰਿਆ (ਕਿਰਤ, ਕੰਮ) ਕੋਈ ਕਰਦਾ ਹੈ, ਤੇਹੋ ਜੇਹਾ ਉਸ ਦਾ ਨਾਮ ਕਾਢੀਐ=ਕਿਹਾ ਜਾਂਦਾ ਹੈ।

**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥੩॥**

ਜਿਸ ਸੁਆਸ ਵਿਚ ਪ੍ਰਭੂ ਚੇਤੇ ਨਹੀਂ ਆਉਂਦਾ, ਉਹ ਦਮੁ=ਸੁਆਸ ਵਿਅਰਥ ਜਾਂਦਾ ਹੈ॥ ੩॥

**ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥**

ਜੇ ਕੋਈ ਸੰਤ ਵਿਕਦੇ ਨੂੰ ਲੈ ਲਵੇ ਤਾਂ ਮੈਂ ਆਪਣਾ ਇਹ ਸਰੀਰ ਬੈ=ਮੁੱਲ ਕਰਕੇ ਵੇਚੀ=ਵੇਚ ਦੇਵਾਂ ਭਾਵ ਦੇਹ ਅਭਿਮਾਨ ਤੋਂ ਰਹਿਤ ਹੋ ਕੇ ਸੇਵਾ ਕਰਾਂ, ਅਤੇ ਨਾਮ-ਪਦਾਰਥ ਨੂੰ ਲੈ ਲਵਾਂ। ਕਿਉਂਕਿ-

**ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ॥੪॥੫॥੭॥**

ਗੁਰੂ ਜੀ ਕਥਨ ਕਰਦੇ ਹਨ, ਜਿਸ ਤਨਿ=ਸਰੀਰ ਵਿਚ ਸੱਚਾ ਨਾਮ ਨਹੀਂ ਹੈ, ਉਹ ਤਨ ਕਿਸੇ ਕੰਮ ਨਹੀਂ ਆਉਂਦਾ॥ ੪॥ ੫॥ ੭॥

## ਸੂਹੀ ਮਹਲਾ ੧ ਘਰੁ ੭

## ੧ੴ ਸਤਿਗੁਰ ਪ੍ਰਸਾਦਿ॥

ਇਕ ਜੋਗੀ ਨੇ ਆ ਕੇ ਕਿਹਾ, "ਆਪ ਜੋਗ ਭੇਖ ਧਾਰਨਾ ਕਰੋ।"

ਤਾਂ ਗੁਰੂ ਜੀ ਨੇ ਕਿਹਾ, "ਗਲੀ ਜੋਗੁ ਨ ਹੋਈ॥" ਗੱਲਾਂ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥**

ਖਿੰਥਾ=ਖਫਨੀ ਪਾ ਲੈਣ ਨਾਲ ਜੋਗ ਨਹੀਂ, ਹੱਥ ਵਿਚ ਡੰਡੇ ਦੇ ਫੜ ਲੈਣ ਨਾਲ ਭੀ ਜੋਗ ਨਹੀਂ ਤੇ ਸਰੀਰ

ਉਤੇ ਭਸਮ ਚੜ੍ਹਾ ਲੈਣ ਨਾਲ ਭੀ ਜੋਗ ਨਹੀਂ ਹੈ।

**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥**

ਕੰਨਾਂ ਵਿਚ ਮੁੰਦੀ=ਮੁੰਦ੍ਰਾਂ ਦੇ ਪਾਉਣ ਨਾਲ ਵੀ ਜੋਗ ਨਹੀਂ, ਮੂੰਡਿ=ਸਿਰ ਨੂੰ ਮੁਡਾਇਐ=ਮਨਾਉਣ ਕਰਕੇ ਭੀ ਜੋਗ ਨਹੀਂ ਤੇ ਸਿੰਙੀ ਦੇ ਵਜਾਇਆਂ ਭੀ ਪੂਰਾ ਜੋਗ ਨਹੀਂ ਹੁੰਦਾ।

ਜੋਗੀ ਨੇ ਕਿਹਾ, "ਪੂਰਾ ਜੋਗ ਕਿਵੇਂ ਹੁੰਦਾ ਹੈ ?" *ਉੱਤਰ:-*

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧ ॥**

ਅੰਜਨ=ਮਾਇਆ ਦੇ ਵਿਚ ਰਹਿੰਦਿਆਂ ਹੋਇਆਂ ਨਿਰੰਜਨਿ=ਮਾਇਆ ਤੋਂ ਅਸੰਗ ਹੋ ਰਹੀਏ ਤਾਂ ਇਸ ਜੁਗਤੀ ਕਰਕੇ ਜੋਗ ਵਿਚ ਜੁੜਨਾ ਪਾਈਦਾ॥ ੧ ॥

**ਗਲੀ ਜੋਗੁ ਨ ਹੋਈ॥**

ਗੱਲਾਂ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧ ॥ ਰਹਾਉ॥**

ਇਕ ਸਮਸਰਿ=ਸਮ ਦ੍ਰਿਸ਼ਟੀ ਕਰਨੀ ਜਾਣੇ, ਤਾਂ ਉਹ ਸੱਚਾ ਜੋਗੀ ਕਿਹਾ ਜਾਂਦਾ ਹੈ॥ ੧ ॥ ਰਹਾਉ॥

**ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥**

ਸ਼ਹਿਰ ਤੋਂ ਬਾਹਰ ਜਾ ਕੇ ਮੜੀ=ਮੜ੍ਹੀਆਂ, ਮਸਾਣੀ=ਮਸਾਣਾ ਵਿਚ (ਬੈਠਣ ਨਾਲ ਭੀ) ਜੋਗ ਨਹੀਂ ਤੇ ਤਾੜੀ=ਸਮਾਧੀ ਲਗਾ ਕੇ ਬੈਠਣ ਨਾਲ ਭੀ ਜੋਗ ਨਹੀਂ ਹੈ।

**ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥**

ਦੇਸ਼ਾਂ ਪ੍ਰਦੇਸ਼ਾਂ ਵਿਚ ਫਿਰਿਆ ਭੀ ਜੋਗ ਨਹੀਂ, ਤੀਰਥਾਂ ਵਿਚ ਨ੍ਹਾਤਿਆਂ ਭੀ ਸੱਚਾ ਜੋਗ ਨਹੀਂ।

ਜੋਗੀ ਨੇ ਕਿਹਾ, "ਅਸਲ ਜੋਗ ਵਿਚ ਕਿਵੇਂ ਜੁੜਨਾ ਪਾਈਦਾ ਹੈ ?" *ਉੱਤਰ:-*

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੨ ॥**

ਅੰਜਨ=ਮਾਇਆ ਵਿਚ ਰਹਿ ਕੇ ਨਿਰੰਜਨਿ=ਮਾਇਆ ਮਲ ਤੋਂ ਨਿਰਖੇਪ ਹੋ ਰਹੀਏ ਤਾਂ ਇਸ ਜੁਗਤੀ ਕਰਕੇ (ਸੱਚੇ) ਜੋਗ ਵਿਚ ਜੁਗਤਿ=ਜੁੜਨਾ ਪਾਈਦਾ ਹੈ॥ ੨ ॥

**ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥**

ਪੂਰਾ ਸਤਿਗੁਰੂ ਭੇਟੈ=ਮਿਲ ਪਵੇ ਤਾਂ ਸੰਸਾ ਟੁੱਟ ਜਾਂਦਾ ਹੈ ਅਤੇ ਧਾਵਤੁ=ਦੌੜਦੇ ਹੋਏ ਮਨ ਨੂੰ ਵਰਜਿ=ਰੋਕ ਕੇ ਰਹਾਈਐ=ਰੱਖ ਲਈਦਾ ਹੈ।

**ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥**

ਜਦ ਹਿਰਦੇ ਘਰ ਵਿਚ ਹੀ ਪਰਚਾ=ਉਪਦੇਸ਼,

ਵਾ:-ਪ੍ਰੇਮ ਪਾਈਏ ਤੇ ਸੁਭਾਵਕ ਹੀ ਪ੍ਰਭੂ ਦੇ ਜਸ ਧੁਨਿ=ਉਚਾਰਨ ਵਿਚ ਬਿਰਤੀ ਲੱਗ ਜਾਵੇ ਤਾਂ ਨਿਝਰੁ-ਇਕ-ਰਸ ਆਤਮ-ਰਸ ਝੜਦਾ ਭਾਵ ਪ੍ਰਾਪਤ ਹੁੰਦਾ ਹੈ। ਦੋਵੇਂ ਤੁਕਾਂ ਅੰਨਵੇ ਕਰਕੇ ਅਰਥ ਕਰਨਾ:-

ਸਤਿਗੁਰਾਂ ਨੂੰ ਭੇਟੈ=ਮਿਲ ਕੇ ਅਪਾਣੇ ਘਰ=ਹਿਰਦੇ ਵਿਚ ਹੀ ਗੁਰਾਂ ਦੇ ਪਰਚਾ=ਉਪਦੇਸ਼ ਨੂੰ ਪਾਈਏ ਤੇ ਸਹਜੇ ਪ੍ਰਭੂ ਦੇ ਜਸ ਉਚਾਰਨ ਵਿਚ ਧੁਨਿ=ਬਿਰਤੀ ਲੱਗ ਜਾਵੇ, ਤੇ ਧਾਵਤੁ ਵਰਜਿ ਰਹਾਈਐ:-

ਦੌੜਦੇ ਹੋਏ ਮਨ ਨੂੰ ਰੋਕ ਰੱਖੀਏ, ਤਾਂ ਸੰਸਾ ਟੁੱਟਦਾ ਹੈ ਜਾਂ ਸੰਸਾ ਟੁੱਟਿਆ ਤਾਂ ਨਿਝਰੁ=ਇਕ ਰਸ ਬ੍ਰਹਮਾਨੰਦ ਝਰੈ=ਪ੍ਰਾਪਤ ਹੁੰਦਾ ਹੈ।

## ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੩ ॥

ਅੰਜਨ=ਮਾਇਆ ਮਾਹਿ=ਵਿਚ ਰਹਿਕੇ ਨਿਰੰਜਨਿ=ਮਾਇਆ ਤੋਂ ਅਸੰਗ ਹੋ ਰਹੀਏ, ਤਾਂ ਇਸ ਜੁਗਤੀ ਕਰਕੇ (ਸੱਚੇ) ਜੋਗ ਵਿਚ ਜੁਗਤਿ=ਜੁੜਨਾ ਪਾਈਦਾ ਹੈ॥ ੩ ॥

## ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥

ਗੁਰੂ ਜੀ ਕਥਨ ਕਰਦੇ ਹਨ, ਜੀਵਤ ਭਾ ਤੋਂ ਮਰ ਰਹਿਣਾ ਕਰੋ;

ਇਸ ਤਰ੍ਹਾਂ ਦਾ ਸੱਚਾ ਜੋਗ ਕਮਾਉਣਾ ਕਰੋ।

## ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥

ਵਜਾਏ ਤੋਂ ਬਾਝਹੁ=ਬਿਨਾਂ ਹੀ ਸਿੰਙੀ ਆਪੇ ਵੱਜਦੀ ਰਹੇ, (ਮਰਦਾਨੇ ਦੇ ਰਬਾਬ ਵਾਂਗ)।

*ਅਥਵਾ:*-ਲਗਾਏ ਤੋਂ ਬਿਨਾਂ ਹੀ ਭਾਵ ਜਤਨ ਕੀਤੇ ਤੋਂ ਬਗੈਰ ਹੀ ਸਿੰਙੀ=ਬਿਰਤੀ ਆਪੇ ਭਜਨ ਵਿਚ ਲੱਗੀ ਰਹੇ ਤਾਂ ਨਿਰਭਉ ਪਦੁ=ਆਤਮ-ਪਦ ਪ੍ਰਾਪਤ ਹੁੰਦਾ ਹੈ।

## ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪ ॥੧ ॥੮ ॥

ਅੰਜਨ=ਮਾਇਆ ਵਿਚ ਰਹਿ ਕੇ ਨਿਰੰਜਨਿ=ਮਾਇਆ ਤੋ ਨਿਰਲੇਪ ਹੋ ਰਹੀਏ, ਤਾਂ ਇਸ ਜੁਗਤੀ ਕਰਕੇ ਸੱਚੇ ਜੋਗ ਵਿਚ ਜੁੜਨਾ ਪਾਈਦਾ ਹੈ॥ ੪॥ ੧ ॥ ੮ ॥

## ਸੂਹੀ ਮਹਲਾ ੧ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

## ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥

ਹੇ ਪ੍ਰਭੂ ! ਉਹ ਤਰਾਜੀ=ਤੱਕੜੀ ਕਿਹੜੀ ਹੈ ? ਤੇਰੇ ਤੋਲਣੇ ਨੂੰ ਤੁਲਾ=ਵੱਟਾ ਕਿਹੜਾ ਹੈ?

ਅਤੇ ਕਿਹੜਾ ਸਰਾਫ ਬੁਲਾਵਾਂ ਜੋ ਆ ਕੇ ਤੋਲੇ, ਵਾ:-ਪਰਖ ਦੇਵੇ।

## ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥ ੧ ॥

ਸੱਚਾ ਗੁਰੂ ਕਿਹੜਾ ਹੈ ? ਕੈ=ਕਿਸ ਪਹਿ=ਪਾਸੋਂ ਦੀਖਿਆ=ਸਿਖਿਆ ਲਵਾਂ ? ਅਤੇ ਕੈ=ਕਿਸ ਪਹਿ= ਪਾਸੋਂ ਤੇਰਾ ਮੁੱਲ ਕਰਾਵਾਂ? ॥ ੧ ॥

[ਪੰਨਾ ੭੩੧]

## ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥

ਹੇ ਮੇਰੇ ਲਾਲ=ਪਿਆਰੇ ਵਾਹਿਗੁਰੂ ਜੀਉ ! ਤੇਰਾ ਅੰਤ ਕਿਸੇ ਤੋਂ ਨਹੀਂ ਜਾਣਿਆ ਜਾਂਦਾ। ਕਿਉਂਕਿ-

## ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
## ਤੂੰ ਆਪੇ ਸਰਬ ਸਮਾਣਾ ॥ ੧ ॥ ਰਹਾਉ ॥

ਤੂੰ ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਸਾਰਿਆਂ ਵਿਚ ਭਰਪੂਰ ਹੋ ਕੇ ਲੀਣ ਹੋ ਰਿਹਾ ਹੈਂ ਅਤੇ ਤੂੰ ਆਪੇ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈਂ॥ ੧॥ ਰਹਾਉ॥

## ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥

ਮਨ ਨੂੰ ਪਰਮੇਸ਼ਰ ਪ੍ਰਾਇਣ ਕਰਨਾ, ਵਾ:-ਨਾਮ ਦਾ ਮੰਨਣ ਕਰਨਾ ਇਹ ਤਾਰਾਜੀ=ਤੱਕੜੀ ਕਰ, ਚਿਤੁ=ਚਿਤਵਨ ਕਰਨਾ, ਵਾ:-ਚਿਤ ਵਿਚ ਸ਼ੁਭ ਸੰਕਲਪਾਂ ਦਾ ਧਾਰਨਾ ਇਹ ਤੁਲਾ=ਵੱਟਾ ਕਰ, ਤੇਰੀ=ਤਿਸ ਪ੍ਰਭੂ ਦੀ ਜੋ ਸੇਵਾ ਦਾ ਕਰਨਾ ਹੈ ਏਹੋ ਸਰਾਫ਼ ਬੁਲਾਉਣਾ ਕਰ, ਬ੍ਰਹਮਨੇਸ਼ਟੀ ਬ੍ਰਹਮ ਸਰੋਤਰੀ ਹੀ ਅਸਲ ਗੁਰੂ ਹਨ, ਉਹਨਾਂ ਪਾਸੋਂ ਸਿਖਿਆ ਲੈਣਾ ਕਰ ਅਤੇ ਉਹਨਾਂ ਪਾਸੋਂ ਹੀ ਸ਼ੁਭ-ਗੁਣਾਂ ਦਾ ਮੁੱਲ ਕਰਾਉਣਾ ਕਰ।

## ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥ ੨ ॥

ਘਟ=ਦਿਲ ਦੇ ਵਿਚ ਹੀ ਉਸ ਸਹੁ=ਪਤੀ ਨੂੰ ਤੋਲੀ=ਵਿਚਾਰਨਾ ਕਰ, ਏਹੋ ਵਿਧੀ ਹੈ ਚਿਤ ਨੂੰ ਰਹਾਵਾ=ਇਸਥਿਤ ਕਰਨ ਦੀ॥ ੨ ॥

## ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥

ਆਪ ਹੀ (ਪ੍ਰੇਮ ਰੂਪੀ) ਕੰਡਾ ਹੈ, ਆਪ ਹੀ (ਵਿਚਾਰ ਰੂਪੀ) ਤੋਲੁ=ਵੱਟਾ ਹੈ, ਆਪ ਹੀ (ਬੁੱਧੀ ਰੂਪ) ਤਰਾਜੀ=ਤੱਕੜੀ ਹੈ ਅਤੇ ਆਪ ਹੀ ਤੋਲਣ ਵਾਲਾ (ਗੁਰੂ ਰੂਪ) ਹੈ।

## ਆਪੇ ਵੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥

ਆਪ ਹੀ ਜੀਵਾਂ ਦੇ ਕਰਮਾਂ ਨੂੰ ਦੇਖਦਾ ਹੈ, ਆਪ ਹੀ ਫਲ ਦੇਣਾ ਬੁੱਝਦਾ ਹੈ, ਆਪ ਹੀ ਜੀਵ ਰੂਪ ਵਪਾਰੀ ਹੈ।

*ਅਥਵਾ:*-ਆਪ ਹੀ ਜਗਿਆਸੂ ਰੂਪ ਵਪਾਰੀ ਹੈ, ਆਪ ਹੀ ਗੁਰਾਂ ਪਾਸੋਂ ਬੂਝੈ=ਪੁੱਛਦਾ ਹੈ, ਪੁਨਾ ਆਪ ਹੀ ਆਪਣੇ ਸਰੂਪ ਨੂੰ ਵੇਖਦਾ ਹੈ॥ ੩ ॥

## ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥

ਗਿਆਨ ਵੈਰਾਗ ਰੂਪੀ ਅੱਖਾਂ ਤੋਂ ਬਿਨਾਂ ਹੋਣ ਕਰਕੇ ਇਹ ਮਨ ਅੰਨ੍ਹਾ ਹੈ, ਤੇ ਨੀਚ ਸੰਕਲਪ ਦੇ ਜਾਤਿ= ਪੈਦਾ ਕਰਨ ਵਾਲਾ ਹੈ ਅਤੇ ਸਰੂਪ ਦੇਸ਼ ਤੋਂ ਪਰੇ ਹੋਣ ਕਰਕੇ ਪਰਦੇਸੀ ਹੈ, ਖਿਨ ਵਿਚ ਆਉਂਦਾ ਹੈ ਤੇ ਤਿਲ ਸਮੇਂ ਵਿਚ ਚਲਾ ਜਾਂਦਾ ਹੈ।

## ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥ ੪ ॥ ੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਐਹੋ ਜਿਹੇ ਚੰਚਲ ਮਨ ਦੀ ਸੰਗਤ ਵਿਚ ਇਹ ਜੀਵ ਰਹਿੰਦਾ ਹੈ ਇਸ ਕਰਕੇ ਇਹ ਮੂਰਖ ਪੁਰਸ਼ ਕਿਸ ਵਜ੍ਹਾ ਕਰਕੇ ਪਰਮੇਸ਼ਰ ਨੂੰ ਪਾਵੇਗਾ॥ ੪॥ ੨॥ ੯॥

## ਰਾਗੁ ਸੂਹੀ ਮਹਲਾ ੪ ਘਰੁ ੧

## ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ-

**ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥**

ਜਿਨ੍ਹਾਂ ਨੇ ਗੁਰੂ=ਪੂਜਨੀਕ ਗੁਰਾਂ ਦੇ ਗੁਰ=ਬੜੇ ਸ਼ਬਦ ਕਰਕੇ ਮਨ ਵਿਚ ਰਾਮ ਦੇ ਨਾਮ ਨੂੰ ਆਰਾਧਿਆ ਹੈ।

**ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥ ੧ ॥**

ਉਸ ਦੇ ਮਨ ਤਨ ਦੀਆਂ ਸਭ ਇੱਛਾ ਪੂਰੀਆਂ ਹੋਈਆਂ ਹਨ ਅਤੇ ਜਮ=ਧਰਮਰਾਜ ਦੇ ਦੂਤਾਂ ਦਾ ਸਾਰਾ ਡਰ ਵੀ ਉਸ ਦੇ ਮਨ ਵਿਚੋਂ ਚੁੱਕ ਗਿਆ ਹੈ॥ ੧ ॥

**ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥**

ਹੇ ਮੇਰੇ ਮਨ=ਪਿਆਰੇ! ਹਰੀ ਦੇ ਗੁਣ ਗਾਵੋ ਅਤੇ ਰਾਮ ਨਾਮ ਨੂੰ ਜਪਣਾ ਕਰੋ।

**ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥ ੧ ॥ ਰਹਾਉ ॥**

ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਜਿਸ ਦੇ ਮਨ ਨੂੰ ਪਰਬੋਧਿਆ=ਪ੍ਰਬੋਧ (ਗਿਆਨ) ਦਿੱਤਾ ਹੈ, ਉਸ ਨੇ ਗਟ-ਗਟ ਕਰ ਕੇ ਹਰੀ ਨਾਮ-ਰਸ ਨੂੰ ਪੀਤਾ ਹੈ॥ ੧ ॥ ਰਹਾਉ ॥

**ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥**

ਸਤਿਗੁਰਾਂ ਦੀ ਸਤਸੰਗਤ ਸਭ ਤੋਂ ਉੱਤਮ ਹੈ, ਜੋ ਹਰਿ ਹਰਿ ਪ੍ਰਭੂ ਦੇ ਗੁਣਾਂ ਨੂੰ ਗਾਉਂਦੀ ਹੈ।

**ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥ ੨ ॥**

ਹੇ ਹਰੀ! ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਸਤਸੰਗਤ ਨਾਲ ਮੇਲਣਾ ਕਰੋ, ਤਾਂ ਕਿ ਮੈਂ ਉਹਨਾਂ ਗੁਰਮੁਖ ਜਨਾਂ ਦੇ ਚਰਨਾਂ ਨੂੰ ਧੋਣਾ ਕਰਾਂ॥ ੨ ॥

**ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥**

(੧) ਸਾਰਿਆਂ ਨਾਮਾਂ ਵਿਚੋਂ ਰਾਮ ਦਾ ਜੋ ਰਾਮ ਨਾਮ ਰੂਪੀ ਰਸ ਹੈ, ਗੁਰਾਂ ਦੀ ਸਿਖਿਆ ਵਿਚ ਰਸੁ=ਪ੍ਰੇਮ ਕਰਕੇ ਜੋ ਉਸ ਦੇ ਰਸਕੇ=ਰਸੀਏ ਹੋਏ ਹਨ।

(੨) ਜੋ ਰਾਮ ਸਾਰਿਆਂ ਵਿਚ ਨਾਮੁ=ਪ੍ਰਸਿੱਧ ਹੈ ਉਸ ਰਾਮ ਦੇ ਨਾਮ-ਰਸ ਨੂੰ ਲੈਣ ਵਾਸਤੇ ਜੋ ਪੁਰਸ਼ ਗੁਰ ਸਿੱਖਿਆ ਦੇ ਰਸ ਦੇ ਰਸਕੇ=ਰਸੀਏ ਹੋਏ ਹਨ।

**ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥ ੩ ॥**

ਉਸ ਨੇ ਹਰਿ ਹਰਿ ਰੂਪੀ ਅੰਮ੍ਰਿਤ-ਜਲ ਨੂੰ ਪਾਇਆ ਹੈ, ਤਿਸ ਕੇ=ਤਿਸ ਕਰ ਕੇ ਉਸ ਦੀ ਸਾਰੀ ਤਿਸ=ਤ੍ਰਿਸ਼ਨਾ ਲਹਿ ਗਈ ਹੈ॥ ੩ ॥

**ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥**

ਸਾਡੀ ਜਾਤੀ ਤੇ ਪਾਤਿ=ਪੰਗਤ, ਇੱਜ਼ਤ ਗੁਰੂ=ਪੂਜਨੀਕ ਸਤਿਗੁਰੂ ਹੀ ਹਨ, ਕਿਉਂਕਿ ਅਸਾਂ ਨੇ ਗੁਰਾਂ ਦੇ

ਅੱਗੇ ਸਿਰ ਨੂੰ ਵੇਚ ਦਿੱਤਾ ਹੈ।

**ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ॥ ੪॥ ੧॥**

ਗੁਰੂ ਜੀ ਕਥਨ ਕਰਦੇ ਹਨ, ਹੁਣ ਮੈਂ ਜਨ ਦਾ ਨਾਮ ਗੁਰੂ ਦਾ ਚੇਲਾ ਭਾਵ ਗੁਰੂ ਦਾ ਸਿੱਖ ਪੈ ਗਿਆ ਹਾਂ, ਇਸ ਕਰਕੇ ਹੇ ਗੁਰੋ ! ਮੈਂ ਦਾਸ ਦੀ ਲੱਜ (ਇੱਜ਼ਤ) ਰੱਖ ਲਵੋ॥ ੪॥ ੧॥

## ਸੂਹੀ ਮਹਲਾ ੪॥

**ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ॥**

ਪੁਰਖੋਤਮੁ=ਪੁਰਖਾਂ ਵਿਚੋਂ ਉੱਤਮ ਪੁਰਖ ਜੋ ਪਰਮਾਤਮਾ ਹੈ, ਉਸ ਦੇ ਹਰਿ ਹਰਿ ਨਾਮ ਨੂੰ ਭਜਿਓ=ਜਪਿਆ ਹੈ; ਇਸ ਕਰਕੇ ਸਾਰੇ ਦਾਲਦ=ਦਲਿਦ੍ਰ ਤੇ ਪਾਪਾਂ ਦਾ ਦਲਘਾ=ਸਮਦਾਅ (ਪੁੰਜ) ਨਾਸ ਹੋ ਗਿਆ ਹੈ।

**ਭਉ ਜਨਮ ਮਰਣਾ ਮੇਟਿਓ ਗੁਰ ਸਬਦੀ**
**ਹਰਿ ਅਸਥਿਰੁ ਸੇਵਿ ਸੁਖਿ ਸਮਘਾ॥ ੧॥**

ਗੁਰਾਂ ਦੇ ਉਪਦੇਸ਼ ਕਰਕੇ ਜਨਮ ਮਰਨ ਦਾ ਭਉ=ਡਰ ਮੇਟ ਦਿੱਤਾ ਹੈ, ਅਸਥਿਰੁ=ਅੱਚਲ ਹਰੀ ਨੂੰ ਸੇਵ ਕੇ ਸੁਖਾਂ ਵਿਚ ਜਾਂ ਸੁਖ ਸਰੂਪ ਪਰਮਾਤਮਾ ਵਿਚ ਸਮਘਾ=ਸਮਾ ਗਿਆ ਹੈ॥ ੧॥

ਵਾ:-ਸੁਖ ਸਰੂਪ ਪਰਮਾਤਮਾ ਨੂੰ ਸਮਘਾ=ਸਮਝਿਆ ਹੈ॥ ੧॥

**ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ॥**

ਹੇ ਮੇਰੇ ਮਨ ! ਅਤਿ ਪਿਰਘਾ=ਬੜੇ ਪਿਆਰ ਨਾਲ ਰਾਮ ਨਾਮ ਨੂੰ ਜਪਣਾ ਕਰ।

**ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ**
**ਸਿਰੁ ਵੇਚਿ ਲੀਓ ਮੁਲਿ ਮਹਘਾ॥ ੧॥ ਰਹਾਉ॥**

(੧) ਮੈਂ ਆਪਣਾ ਮਨ ਤਨ ਗੁਰਾਂ ਦੇ ਅੱਗੇ ਅਰਪਣ ਕਰਕੇ ਰੱਖ ਦਿੱਤਾ ਹੈ ਅਤੇ ਸਿਰ ਨੂੰ ਮਹਿੰਗੇ ਮੁੱਲ ਵੇਚ ਲਿਆ ਹੈ।

(੨) ਸਿਰ ਨੂੰ ਵੇਚ ਕੇ ਅਰਥਾਤ ਸਿਰ ਨੂੰ ਦੇ ਕੇ ਮਹਿੰਗੇ ਮੁੱਲ ਵਾਲਾ ਜੋ ਹਰੀ ਹੈ, ਉਸ ਨੂੰ ਲੈ ਲੀਤਾ ਹੈ॥ ੧॥ ਰਹਾਉ॥

**ਨਰ ਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥**

ਨਰ ਪਤਿ=ਮਨੁੱਖਾ ਦੇ ਮਾਲਕ ਬਣ ਕੇ ਰਾਜੇ ਲੋਕ ਰੰਗਾਂ ਰੰਗਾਂ ਦੇ ਰਸਾਂ ਨੂੰ, ਜਾਂ

ਕਈ ਤਰ੍ਹਾਂ ਦੇ ਰਸਾਂ ਦੇ ਰੰਗ=ਅਨੰਦ ਨੂੰ ਮਾਣਹਿ=ਭੋਗਦੇ ਹਨ, ਨਾਮ-ਸਿਮਰਨ ਤੋਂ ਬਿਨਾਂ ਹੋਣ ਕਰਕੇ ਕਲਘਾਂ=ਕਲਜੁਗ ਦਿਆਂ ਪਾਪਾਂ ਕਰਕੇ, ਕਲਘਾ=ਘਾਤ (ਨਾਸ) ਕਰਨ ਵਾਲੇ ਕਾਲ ਨੇ ਸਾਰਿਆਂ ਨੂੰ ਕਲਘਾ=ਕਲੰਕੀ ਕਰਕੇ ਫੜ ਕੇ ਲਿਜਾਣਾ ਕੀਤਾ ਹੈ।

**ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ॥ ੨॥**

ਧਰਮਰਾਜ ਨੇ ਸਿਰ ਉਤੇ ਡੰਡੁ=ਡੰਡਾ ਮਾਰਿਆ ਅਤੇ ਹੱਥ ਫਲਘਾ+ਅਘਾ=ਪਾਪਾਂ ਦਾ ਫਲ ਹੱਥ ਉੱਪਰ ਆਇਆ

ਵਾ:-ਹੱਥ ਉੱਪਰ ਫਲਘਾ ਨਾਮੇ ਸ਼ਸਤ੍ਰ ਮਾਰਿਆ ਤਾਂ ਫਿਰ ਪਸਚਾਤਾਪ ਕਰਦੇ ਹਨ॥ ੨॥

## ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ ਪ੍ਰਤਿਪਲਘਾ॥

ਹੇ ਹਰੀ ! ਰੱਖ ਲੈ ਰੱਖ ਲੈ। ਵਾ:-ਚਰਨਾਂ ਦੀ ਰਾਖੁ=ਧੂੜ ਦੇ ਕੇ ਰੱਖ ਲੈ।

ਅਥਵਾ:-ਜਿਨ੍ਹਾਂ ਨੂੰ ਰੱਖਿਆ ਹੈ ਉਨ੍ਹਾਂ ਦੁਆਰੇ ਸਾਨੂੰ ਭੀ ਰੱਖ ਲੈ। ਵਾ:-ਰਾਖ ਕਰਨ ਵਾਲੇ ਜੋ ਵਿਸ਼ੇ ਹਨ ਇਨ੍ਹਾਂ ਵਲੋਂ ਰੱਖ ਲੈ, ਅਸੀਂ ਜਨ ਆਪ ਜੀ ਦੇ ਕਿਰਮ=ਨਿੱਕੇ ਜੇਹੇ ਦਾਸ ਹਾਂ, ਹੇ ਸਰਬ ਦੀ ਪ੍ਰਤਿਪਲਘਾ= ਪ੍ਰਤਿਪਾਲਾ ਕਰਨ ਵਾਲੇ, ਅਕਾਲ ਪੁਰਖ ! ਮੈਂ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ।

## ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ॥ ੩॥

ਸੰਤਾਂ ਦਾ ਦਰਸ਼ਨ ਦਿਓ ਜੋ ਸੁਖ ਨੂੰ ਪਾਉਣਾ ਕਰਾਂ, ਹੇ ਪ੍ਰਭੂ ! ਮੈਂ ਤੁਮਘਾ=ਤੁਹਾਡਾ ਦਾਸ ਹਾਂ ਤੂੰ ਮੇਰੀ ਲੋਚ=ਇੱਛਾ ਪੂਰੀ ਕਰ॥ ੩॥

## ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ
## ਮੋ ਕਉ ਕੀਜੈ ਦਾਨੁ ਹਰਿ ਨਿਮਘਾ॥

ਹੇ ਪ੍ਰਭੂ ਸੁਆਮੀ ! ਆਪ ਵੱਡੇ ਸਮਰੱਥ ਪੁਰਖ ਹੋ, ਮੈਨੂੰ ਇਕ ਨਿਮਘਾ=ਨਿਮਖ ਵਿਚ ਜਾਂ ਨਿਮਘਾ=ਨਿਮਕ (ਲੂਣ) ਵਾਂਗ ਸੁਾਦੀਕ ਹਰੀ ਨਾਮ-ਸਿਮਰਨ ਦਾ ਦਾਨ ਦੇਣਾ ਕਰੋ।

## ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਜਨ ਨੂੰ ਨਾਮ ਮਿਲੇ ਤਾਂ ਹੀ ਸੁਖ ਪਾਵਾਂਗਾ, ਅਸੀਂ ਨਾਮ ਦੇ ਵਿਟਹੁ= ਉੱਪਰੋਂ ਸਦਾ ਘੁਮਘਾ, ਬਲਿਹਾਰ ਜਾਂਦੇ ਹਾਂ॥ ੪॥ ੨॥

## ਸੂਹੀ ਮਹਲਾ ੪॥ ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥

ਹਰ ਰੰਗਾਂ ਵਿਚੋਂ ਜੋ ਹਰਿ ਹਰਿ ਨਾਮ ਰੂਪੀ ਮਜੀਠਾ ਰੰਗ ਹੈ, ਉਸ ਵਿਚ ਆਪਣੇ ਮਨ ਰੂਪ ਕਪੜੇ ਨੂੰ ਰੰਗਣਾ ਕਰ।

## ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥ ੧॥

ਗੁਰਾਂ ਨੇ ਤੁਠੈ ਪ੍ਰਸੰਨ ਹੋ ਕੇ ਜਿਸ ਨੂੰ ਹਰੀ ਰੰਗ ਚਾੜ੍ਹਿਆ ਹੈ, ਬਹੁੜਿ ਮੁੜ ਫਿਰ ਉਸ ਦੇ ਕੰਮ ਵਿਚ ਕੋਈ ਭੰਙੁ=ਬਿਘਨ ਨਹੀਂ ਹੁੰਦਾ॥ ੧॥

[ਪੰਨਾ ੭੩੨]

## ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ॥

ਹੇ ਮੇਰੇ ਮਨ ! ਤੂੰ ਹਰੀ ਰਾਮ ਦੇ ਨਾਮ-ਸਿਮਰਨ ਵਿਚ ਰੰਙੁ ਪ੍ਰੇਮ ਕਰ।

## ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ॥ ੧॥ ਰਹਾਉ॥

ਜਿਸ ਨੂੰ ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਹਰੀ ਨਾਮ ਦਾ ਉਪਦੇਸ਼ ਦਿੱਤਾ ਹੈ, ਉਸ ਨੂੰ ਨਿਸੰਙੁ=ਨਿਸੰਕ ਹੋ ਕੇ ਹਰੀ ਰਾਜਾ ਮਿਲਿਆ ਹੈ।

*ਅਥਵਾ:*-ਉਸ ਨੂੰ ਹਰੀ ਰਾਜਾ ਮਿਲਿਆ ਹੈ ਇਸੀ ਤੇ ਉਹ ਜਨਮ ਮਰਨ ਰੂਪੀ (ਸੰਙੁ) ਸ਼ੰਕਾ ਤੋਂ (ਨਿ) ਰਹਿਤ ਹੋਏ ਹਨ॥ ੧॥ ਰਹਾਉ॥

## ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ॥

ਜੋ ਜੀਵ ਰੂਪ ਮੁੰਧ=ਇਸਤ੍ਰੀ ਮਨਮੁੱਖਤਾ ਕਰਕੇ ਇਆਣੀ=ਅਗਿਆਤ ਹੋ ਰਹੀ ਹੈ, ਉਸ ਦਾ ਮੁੜ-ਮੁੜ ਕੇ ਅੰਙੁ=ਸਰੀਰ ਵਿਚ ਆਉਣਾ ਜਾਣਾ ਬਣਿਆ ਰਹੇਗਾ।

## ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਉ ਸਹਲੰਙੁ॥

ਉਸ ਨੂੰ ਹਰੀ ਪ੍ਰਭੂ ਚਿਤ ਚੇਤੇ ਨਹੀਂ ਆਇਆ, ਜਿਸ ਦਾ ਮਨ ਦ੍ਵੈਤ ਭਾਵ ਨੂੰ ਸਹਲੰਙੁ=ਇੱਕਤ੍ਰ ਕਰ ਰਿਹਾ ਹੈ। *ਅਥਵਾ:*-ਦ੍ਵੈਤ ਭਾਵ ਦੇ ਸਹ=ਨਾਲ ਲੰਙੁ=ਲੱਗ ਰਿਹਾ ਹੈ॥ ੨॥

## ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ॥

ਹੇ ਅੰਙੁ=ਪਿਆਰੇ ਹਰੀ ! ਅਸੀਂ ਦੁਹਚਾਰੀਆ=ਬੁਰਿਆਂ ਕਰਮਾਂ ਦੇ ਕਰਨ ਵਾਲੇ ਪਾਪਾਂ ਦੀ ਮੈਲ ਨਾਲ ਭਰੇ ਹੋਏ ਹਾਂ, ਆਪ ਮੇਰਾ ਅੰਗੀ=ਪੱਖ ਕਰਕੇ ਜਨਮ ਮਰਨ ਤੋਂ ਰੱਖ ਲਵੋ।

*ਅਥਵਾ:*-ਜਿਵੇਂ ਆਪ ਭਗਤਾਂ ਦੇ ਅੰਗੀ=ਪੱਖੀ ਹੋ ਤਿਵੇਂ ਮੈਨੂੰ ਭੀ ਅੰਙੁ=ਪੱਖ ਕਰਕੇ ਰੱਖ ਲਵੋ।

*ਅਥਵਾ:*-ਹੇ ਅੰਗੀ=ਪੱਖੀ ਹਰੀ ਆਪ ਮੈਨੂੰ ਅੰਙੁ=ਸਰੀਰਾਂ ਵਲੋਂ ਰੱਖ ਲਵੋ।

## ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ॥ ੩॥

ਜਿਸ ਨੂੰ ਗੁਰਾਂ ਨੇ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਨਵਲਾਇਆ=ਇਸ਼ਨਾਨ ਕਰਾਇਆ ਹੈ, ਉਸ ਦੇ ਅੰਤਹਕਰਨ ਵਿਚੋਂ ਪੰਙੁ=ਚਿੱਕੜ ਰੂਪ ਸਾਰੇ ਕਿਲਵਿਖ=ਪਾਪ ਲਹਿ ਗਏ ਹਨ॥ ੩॥

## ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ॥

ਹੇ ਦੀਨ ਦਿਆਲ ਹਰੀ ਪ੍ਰਭੂ ! ਮੈਂ ਦੀਨ=ਗਰੀਬ ਸੇਵਕ ਨੂੰ ਸਤਸੰਗਤ ਦੇ ਸੰਙੁ=ਨਾਲ ਮੇਲਣਾ ਕਰੋ।

## ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਸਤਸੰਗਤ ਵਿਚ ਮਿਲ ਕੇ ਹਰੀ ਦੇ ਰੰਗੁ=ਪ੍ਰੇਮ,

ਵਾ:-ਅਨੰਦ ਨੂੰ ਪਾਇਆ ਹੈ, ਉਸ ਦੇ ਮਨ ਤਨ ਨੂੰ ਆਤਮ ਰੰਗ ਚੜ੍ਹ ਗਿਆ ਹੈ॥ ੪॥ ੩॥

## ਸੂਹੀ ਮਹਲਾ ੪॥

## ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥

(ਜੋ ਮਨਮੁਖ ਪੁਰਸ਼) ਮੂੰਹੋਂ ਤਾਂ ਹਰਿ ਹਰਿ ਨਾਮ ਉਚਾਰਦੇ ਹਨ, ਤੇ ਮਨ ਵਿਚ ਨਿਤ ਹੀ ਕਪਟ ਕਮਾਉਂਦੇ ਹਨ, ਉਹਨਾਂ ਦਾ ਹਿਰਦਾ ਸੁਧੁ=ਪਵਿੱਤ੍ਰ ਨਹੀਂ ਹੁੰਦਾ।

## ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥ ੧॥

ਉਹ ਸੁਖ ਵਾਸਤੇ ਭਾਵੇਂ ਰਾਤ ਦਿਨ ਬਥੇਰੇ ਕਰਮਾਂ ਨੂੰ ਕਰਦੇ ਹਨ, ਪਰ ਉਹਨਾਂ ਨੂੰ ਸੁਪਨੇ ਮਾਤ੍ਰ ਭੀ ਸੁਖ ਪ੍ਰਾਪਤ ਨਹੀਂ ਹੁੰਦਾ॥ ੧॥

**ਗਿਆਨੀ ਗੁਰ ਬਿਨੁ ਭਗਤਿ ਨ ਹੋਈ॥**

(ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਜੋ) ਗਿਆਨੀ ਗੁਰੂ (ਹਨ ਉਹਨਾਂ) ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ।

**ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥ ੧ ॥ ਰਹਾਉ ॥**

ਜੇ ਸਭ ਕੋਈ ਚਾਹੁਣ ਭੀ ਸਹੀ, ਤਾਂ ਕੋਰੇ ਕਪੜੇ ਨੂੰ ਰੰਗ ਕਦੇ ਭੀ ਨਹੀਂ ਚੜ੍ਹਦਾ, ਇਸੇ ਤਰ੍ਹਾਂ ਮਨ ਰੂਪ ਕੋਰੇ ਕਪੜੇ ਨੂੰ ਭੈ ਧਾਰਨੇ ਰੂਪੀ ਖੁੰਭ ਉਤੇ ਚਾੜ੍ਹੇ ਬਿਨਾਂ, ਕਦੇ ਗਿਆਨ ਰੂਪੀ ਰੰਗ ਨਹੀਂ ਚੜ੍ਹ ਸਕਦਾ।

**ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥**

(ਮਨਮੁਖ ਪੁਰਸ਼) ਜਪ, ਤਪ, ਸੰਜਮ ਰੱਖਣਾ, ਵਰਤ ਦੇ ਠਾਕੁਰ ਪੂਜਾ ਆਦਿਕ ਕਰਮ ਕਰਦਾ ਤਾਂ ਹੈ, ਪਰ ਉਸ ਦੇ ਅੰਦਰੋਂ ਹਉਮੈ ਰੂਪ ਰੋਗ ਨਹੀਂ ਜਾਂਦਾ।

**ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥ ੨ ॥**

ਉਹਨਾਂ ਦੇ ਹਿਰਦੇ ਵਿਚ ਹੰਕਾਰ ਰੂਪ ਵੱਡਾ ਰੋਗ ਹੈ, ਇਸ ਲਈ ਉਹ ਦ੍ਵੈਤ ਭਾਵ ਵਿਚ ਖੁਆਈ=ਭੁੱਲੇ ਹੋਏ ਹਨ॥ ੨ ॥

**ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥**

ਬਾਹਰੋਂ ਤਾਂ ਬਹੁਤੀ ਚਤੁਰਾਈ ਨਾਲ ਭੇਖ ਬਣਾਉਂਦੇ ਹਨ, ਪਰ ਮਨ ਦਸੋਂ ਦਿਸ਼ਾਂ ਵੱਲ ਧਾਵੈ=ਭੱਜਾ ਫਿਰਦਾ ਹੈ।

**ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥ ੩ ॥**

ਜੋ ਹਉਮੈ ਵਿਚ ਬਿਆਪਿਆ=ਲੱਗਾ ਹੋਇਆ ਗੁਰ ਉਪਦੇਸ਼ ਨੂੰ ਨਹੀਂ ਜਾਣਦਾ, ਉਹ ਮੁੜ-ਮੁੜ ਕੇ ਜੂਨੀਆਂ ਵਿਚ ਆਉਂਦਾ ਹੈ॥ ੩ ॥

**ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥**

ਗੁਰੂ ਜੀ ਕਥਨ ਕਰਦੇ ਹਨ, ਜਿਸ ਉਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਸਮਝਦਾ ਹੈ ਅਤੇ ਓਹੀ ਪੁਰਸ਼ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ।

**ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥ ੪ ॥ ੪ ॥**

ਗੁਰਾਂ ਦੀ ਕਿਰਪਾ ਦੁਆਰੇ ਇਕ ਨੂੰ ਸਮਝਣਾ ਕਰੇ, ਤਾਂ ਇਹ ਜੀਵ ਇਕ ਪ੍ਰਭੂ ਦੇ ਵਿਚ ਹੀ ਸਮਾ ਜਾਂਦਾ ਹੈ॥ ੪ ॥ ੪ ॥

## ਸੂਹੀ ਮਹਲਾ ੪ ਘਰੁ ੨
## ੧ੴ ਸਤਿਗੁਰ ਪ੍ਰਸਾਦਿ॥

**ਗੁਰਮਤਿ ਨਗਰੀ ਖੋਜਿ ਖੋਜਾਈ॥ ਹਰਿ ਹਰਿ ਨਾਮੁ ਪਦਾਰਥੁ ਪਾਈ॥ ੧ ॥**

ਗੁਰਾਂ ਦੀ ਮਤਿ=ਸਿਖਿਆ ਦੁਆਰੇ ਦੇਹ ਰੂਪ ਨਗਰੀ ਵਿਚ ਉਸ ਦੀ ਖੋਜ ਨੂੰ ਖੋਜਿਆ ਹੈ।

ਅਤੇ ਹਰਿ ਹਰਿ ਨਾਮ ਰੂਪ ਪਦਾਰਥ ਦੀ ਸਮਝ, ਵਾ:-ਪ੍ਰਾਪਤੀ ਪਾਈ ਹੈ॥ ੧॥

ਕਿਸੀ ਨੇ ਕਿਹਾ-"ਤੁਹਾਡੇ ਮਨ ਵਿਚ ਸ਼ਾਂਤੀ ਕਿਵੇਂ ਆਈ ਹੈ?" ਉੱਤਰ:-

**ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ॥**

ਮੇਰੇ ਮਨ ਵਿਚ ਹਰਿ ਹਰਿ ਨਾਮ ਨੇ ਸ਼ਾਂਤੀ ਵਸਾਈ ਹੈ।

**ਤਿਸਨਾ ਅਗਨਿ ਬੁਝੀ ਖਿਨ ਅੰਤਰਿ**
**ਗੁਰਿ ਮਿਲਿਐ ਸਭ ਭੁਖ ਗਵਾਈ॥ ੧॥ ਰਹਾਉ॥**

ਇਕ ਖਿਨ ਦੇ ਵਿਚ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ, ਗੁਰਾਂ ਨਾਲ ਮਿਲਦਿਆਂ ਹੀ ਸਾਰੀ ਭੁੱਖ ਗੁਆ ਦਿੱਤੀ ਹੈ॥ ੧॥ ਰਹਾਉ॥

**ਹਰਿ ਗੁਣ ਗਾਵਾ ਜੀਵਾ ਮੇਰੀ ਮਾਈ॥**
**ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ॥ ੨॥**

ਹੇ ਮੇਰੀ ਮਾਈ=ਮਾਤਾ ਰੂਪ ਸੰਤੋ ! ਮੈਂ ਹੁਣ ਹਰੀ ਦੇ ਗੁਣ ਗਾਉਂਦਾ ਹੋਇਆ ਹੀ ਜੀਉਂਦਾ ਹਾਂ। ਦਿਆਲੂ ਸਤਿਗੁਰਾਂ ਨੇ ਸ਼ੁਭ ਗੁਣ ਦੇ ਕੇ ਨਾਮ ਦੀ ਪ੍ਰੀਤੀ ਦ੍ਰਿੜ੍ਹ ਕਰਵਾਈ ਹੈ॥ ੨॥

**ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ॥**
**ਸਤਸੰਗਤਿ ਮਿਲਿ ਹਰਿ ਰਸੁ ਪਾਈ॥ ੩॥**

ਹਉ=ਮੈਂ ਹਰੀ ਪ੍ਰਭੂ ਨੂੰ ਪਿਆਰਾ ਜਾਣ ਕੇ ਉਸ ਦੇ ਢੂਢਿ=ਰਸਤੇ ਨੂੰ ਢੂਢਾਈ=ਖੋਜਦਾ ਹਾਂ।
ਸਤਸੰਗਤ ਵਿਚ ਮਿਲ ਕੇ ਹਰੀ ਰਸ ਦੀ ਪ੍ਰਾਪਤੀ ਪਾਈ ਹੈ॥ ੩॥

**ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ॥**
**ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ॥ ੪॥ ੧॥ ੫॥**

ਧੁਰ ਤੋਂ ਮੱਥੇ ਦੇ ਲਿਖੇ ਹੋਏ ਲੇਖਾਂ ਅਨੁਸਾਰ ਹਰੀ ਦੀ ਖ਼ਬਰ ਪਾਈ ਹੈ।
ਹੇ ਭਾਈ ! ਗੁਰਾਂ ਨੇ ਤੁਠਾ=ਪ੍ਰਸੰਨ ਹੋ ਕੇ ਹਰੀ ਨਾਲ ਮੇਲ ਦਿੱਤਾ ਹੈ॥ ੪॥ ੧॥ ੫॥

**ਸੂਹੀ ਮਹਲਾ ੪॥ ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ॥**

ਹਰੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਮਨ ਵਿਚ ਹਰੀ ਦਾ ਰੰਗੁ=ਪ੍ਰੇਮ ਲੱਗਦਾ ਹੈ।

**ਗੁਰਮੁਖਿ ਹਰਿ ਹਰਿ ਨਾਮਿ ਸਮਾਏ॥ ੧॥**

ਗੁਰਮੁਖ-ਜਨ ਹਰਿ ਹਰਿ ਨਾਮੀ ਵਿਚ ਸਮਾਏ ਹਨ॥ ੧॥

**ਹਰਿ ਰੰਗਿ ਰਾਤਾ ਮਨੁ ਰੰਗ ਮਾਣੇ॥**

ਜੋ ਮਨ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹੈ, ਉਹ ਆਤਮਿਕ-ਅਨੰਦ ਨੂੰ ਭੋਗਦਾ ਹੈ।

**ਸਦਾ ਅਨੰਦਿ ਰਹੈ ਦਿਨ ਰਾਤੀ**
**ਪੂਰੇ ਗੁਰ ਕੈ ਸਬਦਿ ਸਮਾਣੇ ॥੧॥ ਰਹਾਉ ॥**

ਪੂਰਿਆਂ ਗੁਰਾਂ ਦੇ ਉਪਦੇਸ਼ ਵਿਚ ਸਮਾਉਣ ਕਰਕੇ ਉਹ ਰਾਤ ਦਿਨੇ ਸਦਾ ਅਨੰਦ ਰਹਿੰਦਾ ਹੈ॥ ੧॥ ਰਹਾਉ॥

**ਹਰਿ ਰੰਗ ਕਉ ਲੋਚੈ ਸਭੁ ਕੋਈ ॥ ਗੁਰਮੁਖਿ ਰੰਗੁ ਚਲੂਲਾ ਹੋਈ ॥੨॥**

ਸਭ ਕੋਈ ਹਰੀ ਦੇ ਰੰਗ=ਅਨੰਦ ਨੂੰ ਚਾਹੁੰਦਾ ਹੈ। ਪਰ ਇਹ ਚਲੂਲਾ=ਗਾੜ੍ਹਾ ਅਨੰਦ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ॥ ੨॥

**ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥**

ਮੁਗਧੁ=ਮੂਰਖ ਪੁਰਸ਼ ਮਨਮੁੱਖਤਾ ਕਰਕੇ ਕੋਰਾ=ਪ੍ਰੇਮ ਤੋਂ ਹੀਣਾ ਹੁੰਦਾ ਹੈ।
ਜੇਕਰ ਉਹ ਸਉ=ਸੈਂਕੜੇ ਵਾਰੀ ਭੀ ਚਾਹੇ ਤਾਂ ਭੀ ਉਸ ਨੂੰ ਕੁਝ ਰੰਗ ਨਹੀਂ ਹੁੰਦਾ॥ ੩॥

[ਪੰਨਾ ੭੩੩]

**ਨਦਰਿ ਕਰੇ ਤਾ ਸਤਿਗੁਰੁ ਪਾਵੈ ॥**

ਹਰੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਸਤਿਗੁਰਾਂ ਨੂੰ ਪਾਉਂਦਾ ਹੈ, ਜੇਕਰ ਸਤਿਗੁਰੂ ਕਿਰਪਾ ਦ੍ਰਿਸ਼ਟੀ ਕਰਨ। ਤਾਂ

**ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥੪॥੨॥੬॥**

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਰਸਿ=ਪ੍ਰੇਮ ਕਰਕੇ ਹਰੀ ਦੇ ਰੰਗਿ=ਅਨੰਦ ਵਿਚ ਸਮਾਉਂਦਾ ਹੈ॥ ੪॥ ੨॥ ੬॥

**ਸੂਹੀ ਮਹਲਾ ੪ ॥**

**ਜਿਹਵਾ ਹਰਿ ਰਸਿ ਰਹੀ ਅਘਾਇ ॥ ਗੁਰਮੁਖਿ ਪੀਵੈ ਸਹਜਿ ਸਮਾਇ ॥੧॥**

ਗੁਰਮੁਖਾਂ ਦੀ ਜਿਹਵਾ (ਜੀਭ) ਹਰੀ ਨਾਮ ਰਸ ਕਰਕੇ ਅਘਾਇ=ਤ੍ਰਿਪਤ ਹੋ ਰਹੀ ਹੈ।
ਜੋ ਗੁਰਮੁਖ ਗੁਰਾਂ ਦੁਆਰੇ ਨਾਮ-ਰਸ ਪੀਂਦੇ ਹਨ ਉਹ ਸਹਜ-ਪਦ ਵਿਚ ਸਮਾਉਂਦੇ ਹਨ॥ ੧॥

**ਹਰਿ ਰਸੁ ਜਨ ਚਾਖਹੁ ਜੇ ਭਾਈ ॥**
**ਤਉ ਕਤ ਅਨਤ ਸਾਦਿ ਲੋਭਾਈ ॥੧॥ ਰਹਾਉ ॥**

ਹੇ ਭਾਈ ਜਨੋ! ਜੇਕਰ ਹਰੀ ਨਾਮ-ਰਸ ਨੂੰ ਚੱਖੋਗੇ, ਤਾਂ ਫਿਰ ਅਨਤ=ਹੋਰ ਵਿਸ਼ੇ ਰਸਾਂ ਦੇ ਸੁਆਦਾਂ ਵਿਚ ਕਿਉਂ ਲੁਭਾਇਮਾਨ ਹੋਵੋਗੇ, ਭਾਵ ਫਿਰ ਲੁਭਾਇਮਾਨ ਨਹੀਂ ਹੋਵੋਗੇ॥ ੧॥ ਰਹਾਉ॥

**ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥**

ਗੁਰ ਸਿਖਿਆ ਦੇ ਰਸ ਨੂੰ, ਵਾ:-ਗੁਰ ਸਿਖਿਆ ਦੁਆਰੇ ਰਸੁ=ਪ੍ਰੇਮ ਨੂੰ ਹਿਰਦੇ ਵਿਚ ਧਾਰਨ ਕਰ ਰੱਖੋ।
ਹਰੀ ਨਾਮ ਰਸ ਵਿਚ ਤਦਾਕਾਰ ਹੋਣ ਕਰਕੇ ਮੁਰਾਰੀ ਦਾ ਰੰਗਿ=ਅਨੰਦ ਪ੍ਰਾਪਤ ਹੋਵੇਗਾ॥ ੨॥

**ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥**
**ਹਉਮੈ ਕਰੈ ਬਹੁਤੀ ਮਿਲੈ ਸਜਾਇ॥ ੩॥**

ਮਨਮੁਖਾਂ ਪਾਸੋਂ ਹਰੀ ਨਾਮ-ਰਸ ਚਖਿਆ ਨਹੀਂ ਜਾਂਦਾ। ਉਹ ਕੇਵਲ ਹਉਮੈ=ਹੰਗਤਾ ਮਮਤਾ ਨੂੰ ਕਰਦੇ ਹਨ, ਇਸ ਕਰ ਕੇ ਉਹਨਾਂ ਨੂੰ ਬੜੀ ਭਾਰੀ ਸਜ਼ਾ ਮਿਲਦੀ ਹੈ॥ ੩॥

**ਨਦਰਿ ਕਰੇ ਤਾ ਹਰਿ ਰਸੁ ਪਾਵੈ॥**
**ਨਾਨਕ ਹਰਿ ਰਸਿ ਹਰਿ ਗੁਣ ਗਾਵੈ॥ ੪॥ ੩॥ ੭॥**

ਗੁਰੂ ਕਿਰਪਾ ਦ੍ਰਿਸ਼ਟੀ ਕਰਨ ਤਾਂ ਇਹ ਜੀਵ ਹਰੀ ਰਸ ਨੂੰ ਪਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਹਰੀ ਰਸ ਕਰਕੇ ਹੀ ਹਰੀ ਗੁਣਾਂ ਨੂੰ ਗਾਉਂਦਾ ਹੈ॥ ੪॥ ੩॥ ੭॥

## ਸੂਹੀ ਮਹਲਾ ੪ ਘਰੁ ੬
## ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਇਸ ਸ਼ਬਦ ਦੁਆਰਾ ਨਾਮ ਦੀ ਮਹਿਮਾ ਸ੍ਰਵਨ ਕਰਵਾਉਂਦੇ ਹਨ।

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥**

ਹਰੀ ਨਾਮ ਨੂੰ ਜਪਦਿਆਂ ਹੋਇਆਂ ਨੀਚ ਜਾਤ ਵਾਲਾ ਪੁਰਸ਼ ਉਤਮ ਪਦਵੀ ਨੂੰ ਪਾ ਲੈਂਦਾ ਹੈ।

*ਯਥਾ:-* "ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥" *(ਪੰਨਾ ੩੮੬)*

*ਪ੍ਰਸ਼ਨ-* ਕਿਸ ਨੇ ਉੱਤਮ ਪਦਵੀ ਨੂੰ ਪਾਇਆ ਹੈ? *ਉੱਤਰ-*

**ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ੧॥**

ਦਾਸੀ ਦੇ ਪੁੱਤਰ ਬਿਦਰ ਨੂੰ ਪੁੱਛਣਾ ਕਰੋ, ਅਰਥਾਤ ਉਸ ਦੀ ਕਥਾ ਪੜ੍ਹ ਕੇ ਦੇਖੋ, ਦੁਰਯੋਧਨ ਵਰਗੇ ਬੜੇ ਬੜੇ ਰਾਜਿਆਂ ਨੂੰ ਛੱਡ ਕੇ ਜਿਸ ਬਿਦਰ ਦੇ ਘਰ ਵਿਚ ਜਾ ਕੇ ਕ੍ਰਿਸ਼ਨ ਭਗਵਾਨ ਉਤਰਿਆ=ਠਹਿਰਿਆ ਸੀ।

*ਯਥਾ:-* "ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ੧॥ ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰਿ ਮੈ ਮਾਨਿਆ॥ ੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥ ੨॥ ੯॥ *(ਪੰਨਾ ੧੧੦੫)*

*ਤਥਾ-* "ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।

ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ॥ ੭॥"

(ਭਾਈ ਗੁਰਦਾਸ ਜੀ, ਵਾਰ ੧੦)

## ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
## ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥ ੧॥ ਰਹਾਉ॥

ਹੇ ਜਨੋ ! ਭਾਈ=ਪ੍ਰੇਮ ਪੂਰਬਕ ਅਕੱਥ ਹਰੀ ਦੀ ਕਥਾ ਸੁਨਣਾ ਕਰੋ, ਜਿਸ ਕਥਾ ਦੇ ਸੁਨਣ ਕਰਕੇ ਪ੍ਰਮਾਣ ਗਤ ਸੰਸਾ, ਪ੍ਰਮੇਯਗਤ ਸੰਸਾ ਅਤੇ ਦੁੱਖ ਭੁੱਖ ਆਦਿਕ ਸਭ ਵਿਕਾਰ ਲਹਿ ਜਾਂਦੇ ਹਨ॥ ੧॥ ਰਹਾਉ॥

## ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

ਚਮਿਆਰ ਜਾਤੀ ਦਾ ਜੋ ਰਵੀਦਾਸ ਹੈ ਉਹ ਭੀ ਪ੍ਰਭੂ ਦੀ ਉਸਤਤੀ ਕਰਦਾ ਸੀ ਅਤੇ ਹਰ ਇਕ ਨਿਮਖ ਵਿਚ ਹਰੀ ਦਾ ਜਸ ਗਾਉਂਦਾ ਸੀ।

*ਯਥਾ:-*"ਰਵੀਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥" (ਪੰਨਾ ੪੮੭)

## ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥ ੨॥

ਉਹ ਰਵਿਦਾਸ ਪਤਿਤ=ਨੀਚ ਜਾਤੀ ਤੋਂ ਉੱਤਮ ਹੋ ਗਿਆ ਤੇ ਚਾਰੇ ਵਰਨਾਂ ਦੇ ਪੁਰਸ਼ ਉਸ ਦੀ ਪਗਿ=ਚਰਨੀਂ ਆ ਕੇ ਪੈਂ ਗਏ॥ ੨॥

*ਯਥਾ:-*"ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ ੩॥ ੧॥"

.... .... .... ....

*ਤਥਾ:-*"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥ ੩॥ ੨॥"

(ਮਲਾਰ ਰਵਿਦਾਸ ਜੀ, ਪੰਨਾ ੧੨੯੩)

"ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।
ਚਹੁ ਵਰਨਾ ਉਪਦੇਸ ਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।

ਕੱਢ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ ੧੭॥"

(ਭਾਈ ਗੁਰਦਾਸ ਜੀ, ਵਾਰ ੧੦)

## ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥

ਜਿਸ ਨੂੰ ਲੋਕ ਛੀਂਬਾ ਕਹਿ ਕਰਕੇ ਬੁਲਾਇਆ ਕਰਦੇ ਸਨ, ਉਸ ਨਾਮਦੇਵ ਦੀ ਭੀ ਹਰੀ ਦੇ ਨਾਲ ਪ੍ਰੀਤੀ ਲਗ ਗਈ।

*ਯਥਾ:-*"ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥" (ਪੰਨਾ ੪੮੭)

## ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥ ੩॥

ਹਰੀ ਨੇ ਪਿੱਠ ਦੇ ਕੇ ਖੱਤ੍ਰੀਆਂ ਤੇ ਬ੍ਰਾਹਮਣਾਂ ਨੂੰ ਛੱਡ ਦਿੱਤਾ ਅਤੇ ਨਾਮਦੇਵ ਨੂੰ ਮੂੰਹ ਲਾ ਲਿਆ ਸੀ, *ਅਰਥਾਤ* ਔਂਡੇ ਸ਼ਹਿਰ ਵਿਚ ਦੇਹੁਰੇ ਦਾ ਮੂੰਹ ਫੇਰ ਕੇ ਨਾਮਦੇਵ ਵਲ ਕਰ ਦਿੱਤਾ ਸੀ॥ ੩॥

*ਯਥਾ:-* "ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥ ੪॥ ੧੩॥" (ਪੰਨਾ ੪੫੧)

*ਤਥਾ:-* "ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ ੩॥ ੨॥" (ਪੰਨਾ ੧੨੯੨)

*ਤਥਾ:-* ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ॥
ਭਗਤ ਜਨਾ ਦਾ ਕਰੇ ਕਰਾਇਆ॥ ੧੧॥" (ਭਾਈ ਗੁਰਦਾਸ ਜੀ, ਵਾਰ ੧੦)

## ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥

ਜਿੰਨੇ ਹਰੀ ਦੀ ਭਗਤੀ ਕਰਨ ਵਾਲੇ ਸੇਵਕ ਹਨ।

*ਅਥਵਾ:-*ਜਿੰਨੇ ਕੁ ਭਗਤ ਹਨ ਤੇ ਹਰੀ ਦੇ ਸੇਵਕ ਹਨ, ਤਿਨ੍ਹਾਂ ਦੇ ਮੂੰਹ ਪਰ ਅਠਾਠ ਤੀਰਥਾਂ ਦਾ ਤਿਲਕ ਕਢਾਇਆ, ਭਾਵ ਉਨ੍ਹਾਂ ਤੀਰਥਾਂ ਤੋਂ ਉਹ ਉੱਤਮ ਕਥਨ ਕੀਤੇ ਗਏ ਹਨ। ਉਨ੍ਹਾਂ ਦਾ ਦਰਸ਼ਨ ਕਰਨ ਨਾਲ ਸਭ ਤੀਰਥਾਂ ਦਾ ਮਹਾਤਮ ਪ੍ਰਾਪਤ ਹੁੰਦਾ ਹੈ।

## ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
## ਜੇ ਕ੍ਰਿਪਾ ਕਰੇ ਹਰਿ ਰਾਇ॥ ੪॥ ੧॥ ੮॥

ਗੁਰੂ ਜੀ ਕਥਨ ਕਰਦੇ ਹਨ— ਜੇਕਰ ਹਰੀ ਰਾਜਾ ਕਿਰਪਾ-ਦ੍ਰਿਸ਼ਟੀ ਕਰੇ ਤਾਂ ਮੈਂ ਜਨ ਰਾਤ ਦਿਨ ਉਨ੍ਹਾਂ ਦੇ ਚਰਨਾਂ ਦੀ ਪਰਸੇ=ਛੋਹ ਪ੍ਰਾਪਤ ਕਰਾਂਗਾ॥ ੪॥ ੧॥ ੮॥

## ਸੂਹੀ ਮਹਲਾ ੪ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪ੍ਰਿਥੀ ਚੰਦ ਨੂੰ ਸ਼ੁਭ ਸਿਖਿਆ ਦੇਂਦੇ ਹਨ।

**ਤਿਨੀ ਅੰਤਰਿ ਹਰਿ ਆਰਾਧਿਆ**
**ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥**

ਜਿਨ੍ਹਾਂ ਦੇ ਲਿਲਾਰਾ=ਮੱਥੇ ਪਰ ਧੁਰ ਤੋਂ ਸ਼ੁਭ ਲੇਖ ਲਿਖਿਆ ਹੋਇਆ ਹੈ ਉਨ੍ਹਾਂ ਨੇ ਹੀ ਹਿਰਦੇ ਅੰਦਰ ਹਰੀ ਨੂੰ ਸਿਮਰਿਆ ਹੈ।

**ਤਿਨ ਕੀ ਬਖੀਲੀ ਕੋਈ ਕਿਆ ਕਰੇ**
**ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥ ੧ ॥**

ਮੇਰਾ ਹਰੀ ਕਰਤਾਰ ਜਿਨ੍ਹਾਂ ਦਾ ਅੰਗੁ=ਪੱਖ ਕਰਦਾ ਹੈ, ਉਨ੍ਹਾਂ ਦੀ ਬਖੀਲੀ ਕਰਕੇ ਕੋਈ ਕੀ ਵਿਗਾੜ ਕਰ ਸਕਦਾ ਹੈ॥ ੧ ॥

**ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ**
**ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥ ੧ ॥ ਰਹਾਉ ॥**

ਮਨ ਮੇਰੇ=ਹੇ ਪਿਆਰੇ ! ਮਨ ਵਿਚ ਹਰਿ ਹਰਿ ਨਾਮ ਨੂੰ ਧਿਆਉਂਣਾ ਕਰ, ਧਿਆਇ ਹਰਿ=ਹਰੀ ਦਾ ਸਿਮਰਨ ਹੀ ਜਨਮਾਂ ਜਨਮਾਂ ਦੇ ਸਾਰੇ ਦੁੱਖ ਦੂਰ ਕਰਨ ਵਾਲਾ ਹੈ॥ ੧ ॥ ਰਹਾਉ ॥

**ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥**

ਹਰੀ ਨੇ ਧੁਰ ਤੋਂ ਹੀ ਭਗਤ ਜਨਾਂ ਨੂੰ ਅੰਮ੍ਰਿਤ ਰੂਪ ਭਗਤੀ ਦਾ ਭੰਡਾਰਾ ਬਖਸ਼ਿਆ ਹੈ।

**ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥ ੨ ॥**

ਜਿਹੜਾ ਮੂਰਖ ਹੋਵੇਗਾ ਓਹੀ ਉਨ੍ਹਾਂ ਦੀ ਰੀਸ ਕਰੇਗਾ, ਉਸ ਦਾ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਮੂੰਹ ਕਾਲਾ ਹੋਵੇਗਾ॥ ੨ ॥

**ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥**

ਉਹ ਭਗਤ ਹਨ ਅਤੇ ਓਹੀ ਸੇਵਕ ਹਨ, ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਲੱਗਾ ਹੈ।

**ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥ ੩ ॥**

ਉਨ੍ਹਾਂ ਦੀ ਸੇਵਾ ਕਰਕੇ ਹੀ ਹਰੀ ਪਾਈਦਾ ਹੈ ਅਤੇ ਨਿੰਦਕ ਦੇ ਸਿਰ ਉਤੇ ਪ੍ਰਤੱਖ ਸੁਆਹ,

ਵਾ:-ਲਾਹਨਤਾਂ ਰੂਪੀ ਸੁਆਹ ਪਵੇਗੀ॥ ੩ ॥

**ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥**

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਇਹ ਗੱਲ ਵਿਰਤੀ=ਵਰਤੀ ਹੈ, ਓਹੀ ਗੁਰੂ ਨਾਨਕ ਦੇਵ ਜੀ ਜਾਣਦੇ ਹਨ ਤਾਂ ਤੇ ਜਗਤ਼ ਗੁਰੂ ਜੋ ਗੁਰ ਨਾਨਕ ਦੇਵ ਜੀ ਹਨ ਉਨ੍ਹਾਂ ਤੋਂ ਪੁੱਛ ਕੇ ਗੁਰਿਆਈ ਗੱਦੀ ਦਾ ਵਿਚਾਰ ਕਰੋ। ਕਿ ਗੁਰਤਾ ਗੱਦੀ ਕਿਵੇਂ ਮਿਲਦੀ ਹੈ।

## ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ
## ਹਰਿ ਸੇਵਕ ਭਾਇ ਨਿਸਤਾਰਾ ॥ ੪ ॥ ੨ ॥ ੯ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਹਿੰਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੇ ਕੇ ਸਾਡੇ ਤਕ ਜੋ ਚਾਰ ਪੁਸ਼ਤਾਂ ਹਨ ਇਨ੍ਹਾਂ ਚਾਰ ਪੀੜ੍ਹੀਆਂ ਤਕ ਆਦਿ ਜੁਗਾਦਿ=ਸਦਾ ਸਦਾ ਈਰਖਾ ਬਖੀਲੀ ਕਰਨ ਨਾਲ ਗੁਰੂ ਪਦ ਕਿਸੇ ਨੇ ਨਹੀਂ ਪਾਇਆ। ਜਿਨ੍ਹਾਂ ਨੇ ਸੇਵਕੀ ਭਾਵ ਧਾਰਿਆ ਹੈ ਉਨ੍ਹਾਂ ਦਾ ਹਰੀ ਨੇ ਨਿਸਤਾਰਾ ਕੀਤਾ ਹੈ॥ ੪ ॥ ੨ ॥ ੯ ॥

## ਸੂਹੀ ਮਹਲਾ ੪ ॥ ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥

ਜਿਥੇ ਭੀ ਹਰੀ ਨੂੰ ਆਰਾਧੀਐ=ਯਾਦ ਕਰੀਏ ਹਰੀ ।ਮੱਤਰ ਓਥੇ ਹੀ ਸਹਾਈ ਹੁੰਦਾ ਹੈ।

## ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥ ੧ ॥

ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਮਨ ਵਿਚ ਵੱਸਦਾ ਹੈ, ਹੋਰ ਕਿਸੇ ਵਿਧੀ ਕਰਕੇ ਭੀ ਲਿਆ ਜਾਂਦਾ॥ ੧ ॥

[ਪੰਨਾ ੭੩੪]

## ਹਰਿ ਧਨੁ ਸੰਚੀਐ ਭਾਈ ॥
## ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥ ੧ ॥ ਰਹਾਉ ॥

ਹੇ ਭਾਈ ! ਹਰੀ ਨਾਮ ਧਨ ਨੂੰ ਸੰਚੀਐ=ਕੱਠਾ ਕਰੀਏ। ਜਿਹੜਾ ਹਰੀ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰ ਇਕ ਦੁੱਖ ਵੇਲੇ ਸਖਾਈ=ਮਿੱਤਰ, ਵਾ:-ਸਹਾਈ ਹੁੰਦਾ ਹੈ॥ ੧ ॥ ਰਹਾਉ॥

## ਸਤਸੰਗਤੀ ਸੰਗਿ ਹਰਿ ਧਨੁ ਖਟੀਐ
## ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥

ਸਤਸੰਗਤ ਨਾਲ ਮਿਲ ਕੇ ਹਰੀ ਨਾਮ ਧਨ ਨੂੰ ਖੱਟੀਦਾ ਹੈ, ਹੋਰ ਥੈ=ਹੋਰ ਥਾਂ ਤੋਂ ਹੋਰਤੁ ਉਪਾਇ=ਹੋਰ ਕਿਸੇ ਜਤਨ ਨਾਲ ਹਰੀ ਨਾਮ ਧਨ ਨੂੰ ਕਿਸੇ ਨੇ ਭੀ ਨਹੀਂ ਪਾਇਆ।

## ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ
## ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ ॥ ੨ ॥

ਜੋ ਹਰੀ ਨਾਮ ਰਤਨ ਦਾ ਵਪਾਰੀ ਹੈ, ਓਹੀ ਹਰੀ ਨਾਮ ਰੂਪ ਰਤਨ=ਅਮੋਲਕ ਧਨ ਨੂੰ ਵਿਹਾਝੇ= ਖਰੀਦਦਾ ਹੈ, ਜੋ ਕੱਚੇ ਧਨ ਦੇ ਵਪਾਰੀ ਹਨ ਵਾ ਕਿ=ਉਹਨਾਂ ਦੇ ਪਾਸੋਂ,

ਵਾ:-ਉਹਨਾਂ ਦੇ ਵਾਕਿ=ਬਚਨਾਂ ਨਾਲ ਹਰੀ ਨਾਮ ਧਨ ਲਿਆ ਹੀ ਨਹੀਂ ਜਾਂਦਾ॥ ੨ ॥

## ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ
## ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥

ਹਰੀ ਨਾਮ ਧਨ ਰਤਨ ਜਵੇਹਰ ਮਾਣਕਾਂ ਵਾਂਗ ਅਮੋਲਕ ਹੈ,

. ਅਥਵਾ:-ਹਰੀ ਨਾਮ ਧਨ ਕਰਕੇ ਰਤਨ=ਵੈਰਾਗ, ਜਵੇਹਰੁ=ਗਿਆਨ, ਮਾਣਕੁ=ਸ੍ਰਵਨ ਮੰਨਣ ਨਿਧਿਆਸਣ ਆਦਿਕਾਂ ਦੀ ਪ੍ਰਾਪਤੀ ਹੁੰਦੀ ਹੈ, ਇਸ ਮਨੁੱਖਾ ਜਨਮ ਰੂਪ ਅੰਮ੍ਰਿਤ ਵੇਲੇ ਰੂਪ ਵੱਤਰ ਵਿਚ

ਵਾ:-ਪ੍ਰਤੱਖ ਅੰਮ੍ਰਿਤ ਵੇਲੇ ਜਾਗਣ ਰੂਪ ਵਤ੍ਰ ਵਿਚ ਹਰੀ ਦੇ ਭਗਤਾਂ ਨੇ ਹਰਿ ਹਰਿ ਦੇ ਨਾਮ ਰੂਪ ਧਨ ਨਾਲ ਲਿਵ ਲਗਾਈ ਹੋਈ ਹੈ।

**ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ**

**ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥**

ਅੰਮ੍ਰਿਤ ਵੇਲੇ ਰੂਪ ਵੱਤ੍ਰ ਦਾ ਬੀਜਿਆ ਹੋਇਆ ਜੋ ਹਰੀ ਨਾਮ ਰੂਪ ਧਨ ਹੈ ਉਸ ਨੂੰ ਭਗਤ ਲੋਕ ਆਪ ਖਾ ਰਹੇ ਹਨ ਤੇ ਹੋਰਨਾਂ ਦੇ ਵਾਸਤੇ ਖਰਚ ਰਹੇ ਹਨ, ਪਰ ਉਹ ਹਰੀ ਨਾਮ ਰੂਪ ਧਨ ਨਿਖੁਟੈ ਨਾਹੀ=ਮੁੱਕਦਾ ਨਹੀਂ।

**ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥ ੩ ॥**

ਭਗਤਾਂ ਨੂੰ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰੀ ਨਾਮ ਧਨ ਦੀ ਹੀ ਵਡਿਆਈ ਮਿਲੀ ਹੈ॥ ੩ ॥

**ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ**

**ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ**

**ਜਮਦੂਤੈ ਕਿਸੈ ਕਾ ਗਵਾਇਆ ਨ ਜਾਈ॥**

ਹਰੀ ਨਾਮ ਧਨ ਸਦਾ ਹੀ ਨਿਰਭਉ ਹੈ, ਫਿਰ ਇਹ ਸੱਚਾ ਹਰੀ ਨਾਮ ਧਨ ਸਦਾ ਹੀ ਅਸਥਿਰੁ=ਅਚੱਲ ਰਹਿੰਦਾ ਹੈ, ਇਹ ਹਰੀ ਨਾਮ ਧਨ ਅੱਗ, ਚੋਰ ਪਾਣੀ ਤੇ ਜਮਦੂਤ ਆਦਿਕਾਂ ਵਿਚੋਂ ਕਿਸੇ ਦਾ ਗਵਾਇਆ ਹੋਇਆ ਭੀ ਨਵਿਰਤ ਨਹੀਂ ਹੋ ਜਾਂਦਾ।

**ਹਰਿ ਧਨ ਕਉ ਉਚਕਾ ਨੇੜਿ ਨ ਆਵਈ**

**ਜਮੁ ਜਾਗਾਤੀ ਡੰਡੁ ਨ ਲਗਾਈ॥ ੪ ॥**

ਹਰੀ ਨਾਮ ਧਨ ਨੂੰ ਚੁੱਕਣ ਵਾਸਤੇ ਉਚਕਾ=ਠੱਗ ਨੇੜੇ ਹੀ ਨਹੀਂ ਆਉਂਦਾ ਅਤੇ ਜਮ ਜੋ ਜਾਗਾਤੀ=ਮਸੂਲੀਆ ਹੈ, ਉਹ ਭੀ ਇਸ ਧਨ ਨੂੰ ਡੰਨ ਨਹੀਂ ਲਗਾ ਸਕਦਾ॥ ੪ ॥ ਪਾਠ "ਉਚੱਕਾ" ਕਰੋ ਜੀ

**ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ**

**ਤਿਨਾ ਇਕ ਵਿਖ ਨਾਲਿ ਨ ਜਾਈ॥**

ਸਾਕਤੀ=ਮਨਮੁਖਾਂ ਨੇ ਪਾਪ ਕਰਮਾਂ ਨੂੰ ਕਰਕੇ ਜੋ ਬਿਖਿਆ=ਵਿਸ਼ਿਆਂ ਦੀ ਉਤਪੱਤੀ ਕਰਨ ਵਾਲਾ ਬਿਖਿਆ=ਮਾਇਆ ਰੂਪ ਧਨ ਸੰਚਿਆ=ਇਕੱਠਾ ਕੀਤਾ ਹੈ, ਉਹ ਧਨ ਉਹਨਾਂ ਦੇ ਨਾਲ ਇਕ ਵਿਖ=ਕਦਮ ਭਰ ਭੀ ਨਹੀਂ ਜਾਂਦਾ।

**ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ**
**ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥੫॥**

ਜਦ ਹੱਥ ਵਿਚੋਂ ਉਹ ਧਨ ਨਿਕਲ ਗਿਆ ਤਾਂ ਇਸ ਹਲਤੈ=ਲੋਕ ਵਿਚ ਸਾਕਤ=ਮਾਇਆਧਾਰੀ ਪੁਰਸ਼ ਦੁਹੇਲੇ ਭਏ=ਦੁਖੀ ਹੋ ਗਏ, ਅੱਗੇ ਪਲਤਿ=ਪ੍ਰਲੋਕ ਵਿਚ ਭੀ ਮਨਮੁਖ ਪੁਰਸ਼ ਹਰੀ ਦੀ ਦਰਗਾਹ ਵਿਚ ਢੋਈ= ਆਸਰਾ ਵਾ:-ਢੁਕਣਾ ਨਹੀਂ ਪਾਉਂਦੇ॥ ੫॥

**ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ**
**ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥**

ਹੇ ਸੰਤੋ! ਇਸ ਹਰੀ ਨਾਮ-ਧਨ ਦਾ ਸਾਹੁ=ਮਾਲਕ ਉਹ ਹਰੀ ਆਪ ਹੀ ਹੈ, ਜਿਸ ਨੂੰ ਕਿਰਪਾ ਕਰਕੇ ਦੇਂਦਾ ਹੈ ਓਹੀ ਹਰੀ ਨਾਮ-ਧਨ ਦੀ ਖੇਪ ਨੂੰ ਲੱਦ ਕੇ ਚਲਾਉਂਦਾ ਹੈ।

**ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ**
**ਜਨ ਨਾਨਕ ਕਉ ਗੁਰਿ ਸੋਝੀ ਪਾਈ॥੬॥੩॥੧੦॥**

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਜਨ ਨੂੰ ਗੁਰਾਂ ਨੇ ਇਹ ਸੋਝੀ=ਗਿਆਤ ਪਾਈ ਹੈ ਕਿ ਇਸ ਹਰੀ ਨਾਮ-ਧਨ ਦਾ ਤੋਟਾ=ਘਾਟਾ ਕਦੇ ਨਹੀਂ ਆਉਂਦਾ॥ ੬॥ ੩॥ ੧੦॥

**ਸੂਹੀ ਮਹਲਾ ੪॥**

**ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ॥**

ਉਹ ਹਰੀ ਜਿਸ ਉਤੇ ਪ੍ਰਸੰਨ ਹੁੰਦਾ ਹੈ ਓਹੀ ਹਰੀ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ, ਉਹ ਅਸਲ ਭਗਤ ਹੈ ਅਤੇ ਉਹ ਹਰ ਜਗ੍ਹਾ ਪ੍ਰਮਾਨਿਕ ਹੁੰਦਾ ਹੈ। ਵਾ:-ਉਸੇ ਦਾ ਮਨੁੱਖਾ ਜਨਮ ਪਰਵਾਨੁ=ਸਫਲ ਹੈ।

**ਤਿਸ ਕੀ ਮਹਿਮਾ ਕਿਆ ਵਰਨੀਐ**
**ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ॥੧॥**

ਉਸ ਦੀ ਮਹਿਮਾ ਕੀ ਵਰਣਨ ਕੀਤੀ ਜਾ ਸਕਦੀ ਹੈ ਭਾਵ ਨਹੀਂ ਕਥਨ ਕੀਤੀ ਜਾ ਸਕਦੀ, ਜਿਸ ਦੇ ਹਿਰਦੇ ਵਿਚ ਹਰੀ ਭਗਵਾਨ ਪੁਰਖ ਵਸਿਆ ਹੈ॥ ੧॥

**ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ॥੧॥ਰਹਾਉ॥**

ਹੇ ਜੀਵ! ਗੋਵਿੰਦ ਦੇ ਗੁਣ ਗਾਉਣੇ ਚਾਹੀਦੇ ਹਨ, ਅਤੇ ਸਤਿਗੁਰਾਂ ਦੇ ਚਰਨਾਂ ਨਾਲ ਧਿਆਨ ਲਗਾਉਣਾ ਚਾਹੀਦਾ ਹੈ॥ ੧॥ ਰਹਾਉ॥

**ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ**
**ਜਿਸ ਤੇ ਪਾਈਐ ਪਰਮ ਨਿਧਾਨੁ॥**

ਉਹ ਸੱਚੇ ਸਤਿਗੁਰੂ ਹਨ ਅਤੇ ਸਤਿਗੁਰਾਂ ਦੀ ਉਹ ਸੇਵਾ ਕੀਤੀ ਹੋਈ ਸਫਲ ਹੈ, ਜਿਸ ਤੋਂ ਪਰਮ ਨਿਧਾਨੁ=ਮੁਕਤ ਪਦਾਰਥ ਪਾਈਦਾ ਹੈ।

**ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ**
**ਸੋ ਨਿਹਫਲ ਸਭੁ ਅਗਿਆਨੁ ॥ ੨ ॥**

ਜੋ ਸਾਕਤ=ਮਨਮੁਖ ਪੁਰਸ਼ ਦ੍ਵੈਤ ਭਾਵ ਵਿਚ ਲੱਗੇ ਹੋਏ ਅਰਥਿ=ਪਦਾਰਥਾਂ ਦੀ ਕਾਮਨਾ ਕਰਦੇ ਹਨ, ਤੇ ਵਿਸ਼ਿਆਂ ਰੂਪ ਦੁਰਗੰਧ ਨੂੰ ਸੇਂਵਦੇ ਹਨ, ਉਹਨਾਂ ਅਗਿਆਨੀਆਂ ਦੇ ਸਾਰੇ ਜਤਨ (ਉੱਦਮ) ਕਰਨੇ ਨਿਸਫਲ ਹਨ॥ ੨ ॥

**ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ**
**ਸੋ ਪਾਵੈ ਦਰਗਹ ਮਾਨੁ ॥**

ਜਿਸ ਪੁਰਸ਼ ਨੂੰ ਗੁਰਾਂ ਉਤੇ ਪਰਤੀਤਿ=ਭਰੋਸਾ ਹੁੰਦਾ ਹੈ, ਉਸ ਦਾ ਗਾਵਿਆ ਹੋਇਆ ਥਾਇ ਪਾਵੈ=ਕਬੂਲ ਪੈਂਦਾ ਹੈ, ਅਤੇ ਓਹੀ ਪੁਰਸ਼ ਦਰਗਾਹ ਵਿਚ ਮਾਨੁ=ਆਦਰ ਪਾਉਂਦਾ ਹੈ।

**ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ**
**ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ੩ ॥**

ਜੋ ਪਰਤੀਤੀ=ਸ਼ਰਧਾਂ ਤੋਂ ਬਿਨਾਂ ਕਪਟੀ ਪੁਰਸ਼ ਕੂੜੀ ਕੂੜੀ=ਝੂਠੀ ਮੂਠੀ ਅੱਖਾਂ ਮੀਟਦੇ ਹਨ, ਭਾਵ ਬਗਲ ਸਮਾਧੀ ਲਗਾਉਂਦੇ ਹਨ, ਉਹਨਾਂ ਦਾ ਝੂਠਾ ਗੁਮਾਨੁ=ਹੰਕਾਰ ਸਾਰਾ ਹੀ ਉੱਤਰ ਜਾਏਗਾ ॥ ੩ ॥

**ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥**

ਜੀਵ ਦੇ ਪਾਸ ਪਿੰਡੁ=ਸਰੀਰ ਆਦਿਕ ਜਿੰਨਾ ਕੁਝ ਦਿੱਤਾ ਹੋਇਆ ਹੈ, ਹੇ ਭਗਵਾਨ ! ਉਹ ਸਭ ਕੁਝ ਤੇਰਾ ਦਿੱਤਾ ਹੋਇਆ ਹੈ, ਤੂੰ ਅੰਤਰਜਾਮੀ ਪੁਰਖ ਹੈਂ।

**ਦਾਸਨਿ ਦਾਸੁ ਕਹੈ ਜਨੁ ਨਾਨਕੁ**
**ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥ ੪ ॥ ੪ ॥ ੧੧ ॥**

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸਾਂ ਦਾ ਦਾਸ ਹੋ ਕੇ ਕਹਿੰਦਾ ਹਾਂ ਜੈਸਾ ਤੂੰ ਕਥਨ ਕਰਾਉਂਦਾ ਹੈ ਮੈਂ ਓਹੋ ਜਿਹਾ ਹੀ ਵਖਿਆਨੁ=ਕਥਨ ਕਰਦਾ ਹੈ॥ ੪ ॥ ੪ ॥ ੧੧ ॥ .

[ਪੰਨਾ ੭੩੫]

**ਸੂਹੀ ਮਹਲਾ ੪ ਘਰੁ ੭**

**ੴ ਸਤਿਗੁਰ ਪ੍ਰਸਾਦਿ ॥**

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥**

ਹੇ ਹਰੀ ! ਆਪ ਜੀ ਦੇ ਕਿਹੜੇ ਕਿਹੜੇ ਗੁਣ ਮੈਂ ਕਹਿ ਕਹਿ ਕੇ ਗਾਵਾਂ,
ਹੇ ਸਾਹਿਬ ! ਤੂੰ ਸ਼ੁਭ-ਗੁਣਾਂ ਦਾ ਨਿਧਾਨਾ=ਖਜ਼ਾਨਾ ਹੈਂ।

## ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥ ੧ ॥

ਹੇ ਠਾਕੁਰ ! ਮੈਂ ਆਪ ਜੀ ਦੀ ਮਹਿਮਾ ਨੂੰ ਬਰਨਿ=ਕਥਨ ਨਹੀਂ ਕਰ ਸਕਦਾ,
ਹੇ ਭਗਵਾਨ ! ਤੂੰ ਭਾਗਵਾਨ ਹੈਂ ਤੇ ਸਾਰਿਆਂ ਤੋਂ ਉੱਚਾ ਹੈਂ॥ ੧ ॥

## ਮੈ ਹਰਿ ਹਰਿ ਨਾਮੁ ਧਰ ਸੋਈ॥

ਹਰਿ ਹਰਿ ਨਾਮ ਦਾ ਜੋ ਸਿਮਰਨ ਹੈ ਓਹੀ ਮੇਰਾ ਧਰ=ਆਸਰਾ ਹੈ।

## ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ॥ ੧ ॥ ਰਹਾਉ ॥

ਹੇ ਮੇਰੇ ਸਾਹਿਬ=ਮਾਲਕ ਪ੍ਰਭੂ ! ਜਿਵੇਂ ਚਾਹੋ ਤਿਵੇਂ ਰੱਖ ਲਓ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ॥ ੧ ॥ ਰਹਾਉ॥

## ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥

ਹੇ ਮੇਰੇ ਸੁਆਮੀ ! ਮੇਰਾ ਤਾਣੁ=ਬਲ (ਜ਼ੋਰ) ਤੇ ਦੀਬਾਣੁ=ਆਸਰਾ ਤੂੰ ਹੀ ਹੈਂ, ਮੈਂ ਆਪ ਜੀ ਦੇ ਅੱਗੇ ਹੀ ਅਰਦਾਸਿ=ਬੇਨਤੀ ਕਰਦਾ ਹਾਂ।

## ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ ੨ ॥

ਮੈਨੂੰ ਹੋਰ ਕੋਈ ਥਾਂ ਨਹੀਂ ਦਿੱਸਦੀ ਜਿਸ ਦੇ ਪਹਿ=ਪਾਸ ਬੇਨਤੀ ਕਰਾਂ, ਮੇਰਾ ਦੁੱਖ ਸੁਖ ਤੇਰੇ ਪਾਸ ਹੀ ਸੁਣਿਆ ਜਾਂਦਾ ਹੈ॥ ੨ ॥ ਫੇਰ ਇਹ ਤੇਰੀ ਪ੍ਰਤੱਖ ਸਮਰੱਥਤਾ ਹੈ:-

## ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ॥

ਧਰਤੀ ਵਿਚ ਪਾਣੀ ਅਤੇ ਪਾਣੀ ਵਿਚ ਧਰਤੀ ਦੇਖੀ ਜਾਂਦੀ ਹੈ, ਪੁਨਾ ਕਾਸਟ=ਕਾਠ ਭਾਵ ਲੱਕੜਾਂ ਵਿਚ ਅੱਗ ਰੱਖੀ ਹੋਈ ਹੈ।

## ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ॥ ੩ ॥

ਜੰਗਲ ਵਿਚ ਜਿਥੇ ਰਿਖੀ ਆਪ ਤਪ ਕਰਦੇ ਹਨ ਓਥੇ ਬੱਕਰੀ ਤੇ ਸ਼ੇਰ ਇਕ ਥਾਂ ਇਕੱਠੇ ਰੱਖੇ ਹੋਏ ਹਨ। ਪਰ ਆਪਸ ਵਿਚ ਇਕ ਦੂਜੇ ਨਾਲ ਕੋਈ ਵਿਰੋਧ ਨਹੀਂ ਕਰਦਾ।

ਏਸੇ ਤਰ੍ਹਾ ਬੱਕਰੀ ਰੂਪ ਧਰਤੀ ਤੇ ਸ਼ੇਰ ਰੂਪ ਜਲ ਦੋਵੇਂ ਇਕੱਠੇ ਰੱਖੇ ਹੋਏ ਹਨ ਲੇਕਿਨ ਜਲ ਧਰਤੀ ਨੂੰ ਨਾ ਗਾਲਦਾ ਹੈ ਨਾ ਡੋਬਦਾ ਹੈ, ਫੇਰ ਬੱਕਰੀ ਦੇ ਸਮਾਨ ਲੱਕੜ ਹੈ ਤੇ ਸ਼ੇਰ ਸਮਾਨ ਅੱਗ ਹੈ, ਪਰ ਅੱਗ ਆਪਣੇ ਆਪ ਲੱਕੜ ਨੂੰ ਨਹੀਂ ਸਾੜਦੀ ਇਸ ਤਰ੍ਹਾਂ ਆਪ ਜੀ ਦੀ ਸਮਰੱਥਾ ਵੇਖ ਕੇ ਮੈਂ ਆਪਣੇ ਮਨ ਨੂੰ ਸਮਝਾਉਂਦਾ ਹਾਂ, ਹੇ ਮਨ ! ਹਰੀ ਨੂੰ ਜਪ ਕੇ ਭਰਮ, ਅਤੇ ਡਰ ਨੂੰ ਦੂਰ ਕਰ ਦੇਹ॥ ੩ ॥

## ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥

ਹੇ ਸੰਤੋ ! ਤੁਸੀਂ ਭੀ ਹਰੀ ਦੀ ਵਡਿਆਈ ਨੂੰ ਵੇਖਣਾ ਕਰੋ,
ਉਹ ਹਰੀ ਨਿਮਾਣਿਆਂ ਨੂੰ ਮਾਣ ਦਿਵਾਉਂਦਾ ਹੈ।

**ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ**

**ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥੪॥੧॥੧੨॥**

ਜਿਵੇਂ ਧਰਤੀ ਨੀਵੀਂ ਹੋ ਕੇ ਸਭ ਦੇ ਪੈਰਾਂ ਹੇਠਾਂ ਰਹਿੰਦੀ ਹੈ ਫਿਰ ਧੂੜੀ ਰੂਪ ਹੋ ਕੇ ਉਹ ਸਭ ਦੇ ਸਿਰ ਉਪਰ ਆ ਜਾਂਦੀ ਹੈ, ਗੁਰੂ ਜੀ ਕਥਨ ਕਰਦੇ ਹਨ-ਤਿਵੇਂ ਸਾਧ ਜਨ ਸਭ ਤੋਂ ਨੀਵਾਂ ਹੋ ਕੇ ਰਹਿੰਦੇ ਹਨ ਏਸ ਕਰਕੇ ਪ੍ਰਭੂ ਨੇ ਸਾਰਾ ਜਗਤ ਉਹਨਾਂ ਦੇ ਚਰਨੀਂ ਲਿਆ ਪਾਇਆ ਹੈ॥ ੪॥ ੧॥ ੧੨॥

**ਸੂਹੀ ਮਹਲਾ ੪ ॥**

**ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ ਕਿਆ ਤੁਧੁ ਪਹਿ ਆਖਿ ਸੁਣਾਈਐ ॥**

ਹੇ ਕਰਤਾ ! ਤੂੰ ਆਪ ਹੀ ਸਭ ਕੁਝ ਜਾਣਦਾ ਹੈਂ, ਆਪ ਜੀ ਦੇ ਪਾਸ ਕੀ ਆਖ ਕੇ ਸੁਣਾਉਣਾ ਕਰੀਏ।

**ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਜੇਹਾ ਕੋ ਕਰੇ ਤੇਹਾ ਕੋ ਪਾਈਐ ॥੧॥**

ਜੋ ਬੁਰਾ ਭਲਾ ਕਰਮ ਹੈ ਉਹ ਸਭ ਕੁਝ ਆਪ ਜੀ ਨੂੰ ਸੁਝ ਰਿਹਾ ਹੈ, ਜੇਹੋ ਜਿਹਾ ਕੋਈ ਕਰਮ ਕਰਦਾ ਹੈ ਤੇਹੋ ਜਿਹਾ ਕੋਈ ਫਲ ਪਾ ਲੈਂਦਾ ਹੈ॥ ੧॥

**ਮੇਰੇ ਸਾਹਿਬ ਤੂੰ ਅੰਤਰ ਕੀ ਬਿਧਿ ਜਾਣਹਿ ॥**

ਹੇ ਮੇਰੇ ਸਾਹਿਬ=ਮਾਲਕ ਪ੍ਰਭੂ ! ਤੂੰ ਸਾਡੇ ਅੰਦਰ ਦੀ ਬਿਧਿ=ਹਾਲਤ ਜਾਣਦਾ ਹੈਂ।

**ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਤੁਧੁ ਭਾਵੈ ਤਿਵੈ ਬੁਲਾਵਹਿ ॥੧॥ ਰਹਾਉ ॥**

ਆਪ ਜੀ ਨੂੰ ਸਾਡਾ ਕੀਤਾ ਹੋਇਆ ਬੁਰਾ ਭਲਾ ਕਰਮ ਸਭ ਕੁਝ ਸੁਝ ਰਿਹਾ ਹੈ, ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਤੂੰ ਸਾਡੇ ਪਾਸੋਂ ਬੁਲਾਉਂਦਾ ਹੈਂ॥ ੧॥ ਰਹਾਉ॥

**ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥**

ਹੇ ਹਰੀ ! ਆਪ ਜੀ ਨੇ ਸਭ ਜੂਨੀਆਂ ਦੇ ਸਰੀਰਾਂ ਵਿਚ ਮਾਇਆ ਦਾ ਮੋਹ ਤਾਂ ਇਕੋ ਜੇਹਾ ਕੀਤਾ ਹੋਇਆ ਹੈ, ਪਰ ਇਸ ਮਨੁੱਖਾ ਦੇਹੀ ਵਿਚ ਤੁਸਾਂ ਨੇ ਆਪਣੀ ਭਗਤੀ ਕਰਵਾਈ ਹੈ।

**ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ ॥੨॥**

ਇਕਨਾਂ ਨੂੰ ਸਤਿਗੁਰਾਂ ਨਾਲ ਮੇਲ ਕੇ ਆਤਮ ਸੁਖ ਦੇਂਦਾ ਹੈਂ, ਅਤੇ ਇਕਨਾਂ ਮਨਮੁਖਾਂ ਨੂੰ ਮਾਇਆ ਦੇ ਧੰਦਿਆਂ ਵਿਚ ਪਿਟਵਾਉਂਦਾ ਹੈਂ॥ ੨॥

**ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥**

ਸਭ ਕੋਈ ਤੇਰਾ ਪੈਦਾ ਕੀਤਾ ਹੋਇਆ ਹੈ, ਤੂੰ ਸਾਰਿਆਂ ਦਾ ਕਰਨਹਾਰ ਹੈਂ,

ਹੇ ਮੇਰੇ ਕਰਤੇ ! ਤੈਂਨੇ ਹੀ ਸਾਰਿਆਂ ਦੇ ਸਿਰ ਉੱਤੇ ਲੇਖ ਲਿਖਿਆ ਹੈ।

**ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ ਭੇਖੁ ॥੩॥**

ਜੇਹੋ ਜੇਹੀ ਤੂੰ ਨਿਗਾਹ ਕਰਦਾ ਹੈਂ, ਤੇਹੋ ਜੇਹਾ ਕੋਈ ਹੋ ਜਾਂਦਾ ਹੈ, ਕੋਈ ਭੀ ਭੇਖ,

ਵਾ:-ਕੋਈ ਭੀ ਭੇਖੁ=ਸਰੀਰ,

ਵਾ:-ਕੋਈ ਭੀ ਭੇਖੁ=ਕਰਮ ਆਪ ਜੀ ਦੀ ਨਿਗਾਹ ਤੋਂ ਬਾਹਰ ਨਹੀਂ ਹੈ॥ ੩॥

**ਤੇਰੀ ਵਡਿਆਈ ਤੂੰਹੈ ਜਾਣਹਿ ਸਭ ਤੁਧਨੋ ਨਿਤ ਧਿਆਏ॥**

ਆਪ ਜੀ ਦੀ ਜੋ ਵਡਿਆਈ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਦੁਨੀਆਂ ਦੇ ਸਾਰੇ ਲੋਕ ਨਿਤਾਪ੍ਰਤੀ ਆਪ ਜੀ ਨੂੰ ਧਿਆਉਂਦੇ ਹਨ।

**ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ**
**ਜਨ ਨਾਨਕ ਸੋ ਥਾਇ ਪਾਏ॥ ੪॥ ੨॥ ੧੩॥**

ਜਿਸ ਨੂੰ ਤੂੰ ਭਾਵੈ=ਚਾਹੁੰਦਾ ਹੈਂ ਉਸ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ, ਗੁਰੂ ਜੀ ਕਥਨ ਕਰਦੇ ਹਨ- ਓਹੀ ਪੁਰਸ਼ ਆਪਣੇ ਸਰੂਪ ਥਾਂ ਨੂੰ ਪਾਉਂਦਾ ਹੈ॥ ੪॥ ੨॥ ੧੩॥

**ਸੂਹੀ ਮਹਲਾ ੪॥**

**ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ॥**

ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਮੇਰਾ ਹਰਿ ਹਰਿ ਪ੍ਰਭੂ ਵਸਿਆ ਹੈ, ਪਰਮਾਤਮਾ ਨੇ ਉਹਨਾਂ ਦੇ ਸਾਰੇ ਰੋਗ ਗਵਾਏ=ਦੂਰ ਕਰ ਦਿੱਤੇ ਹਨ।

**ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ**
**ਤਿਨ ਪਵਿਤੁ ਪਰਮ ਪਦੁ ਪਾਏ॥ ੧॥**

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ ਉਹ ਮੁਕਤ ਰੂਪ ਹੋਏ ਹਨ, ਅਤੇ ਪਵਿੱਤ੍ਰ ਪਰਮ-ਪਦ ਰੂਪ ਪਰਮਾਤਮਾ ਨੂੰ ਪਾਇਆ ਹੈ॥ ੧॥

**ਮੇਰੇ ਰਾਮ ਹਰਿ ਜਨ ਆਰੋਗ ਭਏ॥**

ਹੇ ਮੇਰੇ ਪਿਆਰੇ ਭਾਈ ! ਹਰੀ ਦੇ ਸੇਵਕ ਜਨ ਰੋਗਾਂ ਤੋਂ ਰਹਿਤ ਹੋਏ ਹਨ।

**ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ**
**ਤਿਨ ਕੇ ਹਉਮੈ ਰੋਗ ਗਏ॥ ੧॥ ਰਹਾਉ॥**

ਗੁਰਾਂ ਦੇ ਉਪਦੇਸ਼ ਦੁਆਰਾ ਜਿਨ੍ਹਾਂ ਨੇ ਮੇਰੇ ਹਰਿ ਹਰਿ ਨੂੰ ਜਪਿਆ ਹੈ, ਉਹਨਾਂ ਦੇ ਅੰਦਰੋਂ ਹਉਮੈ ਆਦਿਕ ਰੋਗ ਨਵਿਰਤ ਹੋ ਗਏ ਹਨ॥ ੧॥ ਰਹਾਉ॥

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥**

ਬ੍ਰਹਮਾ, ਵਿਸ਼ਨੂੰ, ਮਹਾਦੇਉ=ਸ਼ਿਵਜੀ ਇਹ ਭੀ ਤਿੰਨਾਂ ਗੁਣਾਂ ਕਰ ਕੇ ਰੋਗੀ ਹਨ, ਇਸ ਲਈ ਇਨ੍ਹਾਂ ਨੇ ਸਾਰੀ ਕਾਰ ਹਉਮੈਂ ਵਿਚ ਹੀ ਕਮਾਈ=ਕੀਤੀ ਹੈ।

**ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥ ੨॥**

ਜਿਸ ਪਰਮਾਤਮਾ ਨੇ ਇਹਨਾਂ ਨੂੰ ਪੈਦਾ ਕੀਤਾ ਹੈ, ਉਸ ਨੂੰ ਇਹ ਵਿਚਾਰੇ ਚੇਤਦੇ ਨਹੀਂ ਹਨ, ਉਸ ਹਰੀ

ਦੀ ਸੋਝੀ=ਗਿਆਤ ਗੁਰਮੁਖਾਂ ਨੇ ਪਾਈ ਹੈ॥ ੨॥

**ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥**

ਹੰਗਤਾ-ਮਮਤਾ ਰੂਪੀਂ ਰੋਗ ਵਿਚ ਸਾਰਾ ਜਗਤ ਬਿਆਪਿਆ=ਲੱਗ ਰਿਹਾ ਹੈ, ਜਿਨ੍ਹਾਂ ਨੂੰ ਇਹ ਰੋਗ ਹੈ, ਉਨ੍ਹਾਂ ਨੂੰ ਜਨਮ ਮਰਣ ਰੂਪ ਵੱਡਾ ਭਾਰੀ ਦੁੱਖ ਲੱਗਾ ਹੈ।

[ਪੰਨਾ ੭੩੬]

**ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥ ੩॥**

ਗੁਰਾਂ ਦੀ ਪਰਸਾਦੀ=ਕਿਰਪਾ ਕਰ ਕੇ ਕੋਈ ਵਿਰਲਾ ਹੀ ਇਸ ਰੋਗ ਤੋਂ ਛੁਟਿਆ ਹੈ, ਜੋ ਛੁੱਟਿਆ ਹੈ ਮੈਂ ਉਸ ਪੁਰਸ਼ ਤੋਂ ਬਲਿਹਾਰ ਜਾਂਦਾ ਹਾਂ॥ ੩॥

**ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ॥**

ਜਿਸ ਨੇ ਇਹ ਸ੍ਰਿਸ਼ਟੀ ਸਾਜੀ=ਬਣਾਈ ਹੈ ਓਹੀ ਹਰੀ ਇਸ ਦੇ ਭੇਦ ਨੂੰ ਜਾਣਦਾ ਹੈ, ਉਸ ਹਰੀ ਦਾ ਰੂਪ ਅਪਾਰੋ=ਪਾਰਾਵਾਰ ਤੋਂ ਰਹਿਤ ਹੋਣ ਕਰਕੇ ਬਿਅੰਤ ਹੈ।

**ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ॥ ੪॥ ੩॥ ੧੪॥**

ਗੁਰੂ ਜੀ ਕਥਨ ਕਰਦੇ ਹਨ-ਉਹ ਹਰੀ ਆਪ ਹੀ ਇਸ ਜਗਤ ਰੂਪੀ ਖੇਡ ਨੂੰ ਵੇਖ ਕੇ ਬਿਗਸੈ=ਪ੍ਰਸੰਨ ਹੁੰਦਾ ਹੈ, ਉਸ ਬ੍ਰਹਮ ਦਾ ਵਿਚਾਰ ਗੁਰਮੁਖਿ=ਗੁਰਾਂ ਦੁਆਰੇ ਹੀ ਪ੍ਰਾਪਤ ਹੁੰਦਾ ਹੈ। ਇਸ ਕਰ ਕੇ ਤੁਸੀਂ ਗੁਰਮੁਖ ਬਣ ਕੇ ਗੁਰਾਂ ਦੁਆਰੇ ਉਸ ਬ੍ਰਹਮ ਦਾ ਵਿਚਾਰ ਕਰੋ॥ ੪॥ ੩॥ ੧੪॥

## ਸੂਹੀ ਮਹਲਾ ੪॥

**ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥**

ਹੇ ਰਜਾਈ=ਪਰਮਾਤਮਾ ! ਸਾਰਾ ਕਰਣਾ=ਪ੍ਰਪੰਚ ਤੁਸਾਂ ਨੇ ਆਪ ਹੀ ਪੈਦਾ ਕੀਤਾ ਹੈ। ਵਾ:-ਜੋ ਅਸਾਂ ਨੇ ਪਿੱਛੇ ਕੀਤਾ ਹੈ ਅਤੇ ਜੋ ਅੱਗੇ ਕਰਨਾ ਹੈ ਉਹ ਸਾਰਾ ਤੇਰੀ ਰਜਾਈ=ਆਗਿਆ ਵਿਚ ਹੈ, ਆਪਣੇ ਆਪ ਜੇ ਕੁਝ ਕਰ ਸਕੀਏ ਤਾਂ ਅਸੀਂ ਕਰੀਏ, ਪਰ ਆਪ ਜੀ ਦੀ ਆਗਿਆ ਤੋਂ ਬਿਨਾਂ ਅਸੀਂ ਕੁਝ ਨਹੀਂ ਕਰ ਸਕਦੇ।

**ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧॥**

ਸਾਡਾ ਆਪਣਾ ਕੀਤਾ ਕੁਝ ਭੀ ਨਹੀਂ ਹੁੰਦਾ, ਹੇ ਹਰੀ ! ਜਿਵੇਂ ਆਪ ਜੀ ਨੂੰ ਭਾਉਂਦਾ ਤਿਵੇਂ ਰੱਖ ਲਓ॥ ੧॥

**ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥**

ਹੇ ਮੇਰੇ ਹਰਿ ਜੀਉ ! ਸਭ ਕੋਈ ਤੇਰੇ ਹੀ ਵੱਸ ਵਿਚ ਹੈ।

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ**
**ਜਿਉ ਭਾਵੈ ਤਿਵੈ ਬਖਸਿ॥ ੧॥ ਰਹਾਉ॥**

ਸਾਡੇ ਵਿਚ ਜੋਰੁ=ਬਲ ਨਹੀਂ ਹੈ ਜੇ ਅਸੀਂ ਕੁਝ ਕਰ ਸਕੀਏ,

ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਆਪ ਮੇਰੇ ਔਗੁਣਾਂ ਨੂੰ ਬਖਸ਼ ਲਓ॥ ੧॥ ਰਹਾਉ॥

**ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥**

ਜੀਅ ਪਿੰਡੁ=ਸਰੀਰ ਆਦਿਕ ਸਭ ਕੁਝ ਤੁਸਾਂ ਨੇ ਆਪ ਹੀ ਦਿੱਤਾ ਹੋਇਆ ਹੈ,
ਅਤੇ ਤੁਸਾਂ ਨੇ ਆਪੇ ਹੀ ਕੰਮਾਂ ਵਿਚ ਲਗਾਇਆ ਹੋਇਆ ਹੈ।

**ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ**
**ਜੇਹਾ ਤੁਧੁ ਧੁਰਿ ਲਿਖਿ ਪਾਇਆ॥ ੨॥**

ਜੈਸਾ ਤੂੰ ਹੁਕਮ ਕਰਦਾ ਹੈਂ ਤੈਸੇ ਹੀ ਕੋਈ ਕਰਮ ਕਮਾਉਂਦਾ ਹੈ।
ਜੈਸਾ ਤੁਸਾਂ ਨੇ ਧੁਰ ਤੋਂ ਲਿਖਿਆ ਹੈ ਤੈਸਾ ਹੀ ਹਰ ਇਕ ਨੇ ਸੁਖ ਦੁੱਖ ਪਾਇਆ ਹੈ॥ ੨॥

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ**
**ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥**

ਪੰਜਾਂ ਤੱਤਾਂ ਕਰਕੇ ਤੁਸਾਂ ਨੇ ਸਾਰੀ ਸ੍ਰਿਸ਼ਟੀ ਸਾਜਣਾ ਕੀਤੀ ਹੈ,
ਜੇ ਕਿਸੇ ਦਾ ਕੀਤਾ ਕੁਝ ਹੁੰਦਾ ਹੈ ਤਾਂ ਕੋਈ ਛੇਵਾਂ ਤੱਤ ਪੈਦਾ ਕਰੋ।

**ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ ੩॥**

ਇਕਨਾਂ ਨੂੰ ਸਤਿਗੁਰਾਂ ਨਾਲ ਮੇਲ ਕੇ ਤੂੰ ਆਪਣਾ ਸਰੂਪ ਬੁਝਾ ਦੇਂਦਾ ਹੈਂ,
ਇਕ ਮਨਮੁੱਖਤਾ ਕਰਕੇ ਜੋ ਕਰਮ ਕਰਦੇ ਹਨ ਉਹ ਦਰਗਾਹ ਵਿਚ ਸਜ਼ਾ ਪਾ ਕੇ ਰੋਂਦੇ ਹਨ॥ ੩॥

**ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥**

ਹੇ ਹਰੀ! ਆਪ ਜੀ ਦੀ ਵਡਿਆਈ ਨੂੰ ਹਉ=ਮੈਂ ਆਖ ਨਹੀਂ ਸਕਦਾ,
ਮੈਂ ਮੂਰਖਾਂ ਤੋਂ ਵੱਡਾ ਮੂਰਖ ਤੇ ਨੀਚਾਣੁ=ਨੀਚ ਖਿਆਲਾਂ ਵਾਲਾ ਹਾਂ।

**ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ**
**ਸਰਣਾਗਤਿ ਪਇਆ ਅਜਾਣੁ॥ ੪॥ ੪॥ ੧੫॥ ੨੪॥**

ਗੁਰੂ ਜੀ ਦਾ ਕਥਨ ਹੈ, ਹੇ ਮੇਰੇ ਸੁਆਮੀ ਹਰੀ! ਮੈਂ ਸੇਵਕ ਜਨ ਨੂੰ ਬਖਸ਼ ਲੈਣਾ ਕਰ, ਮੈਂ ਅਜਾਣ ਆਪ ਜੀ ਦੀ ਸ਼ਰਣ ਵਿਚ ਆ ਕੇ ਪਿਆ ਹਾਂ॥ ੪॥ ੪॥ ੧੫॥ ੨੪॥

## ਰਾਗੁ ਸੂਹੀ ਮਹਲਾ ੫ ਘਰੁ ੧

## ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਪਿਤਾ ਜੀ ਦੇ ਬਚਨਾਂ ਅਨੁਸਾਰ ਸਰੋਵਰ ਬਣਾਉਣ ਦੀ ਇੱਛਾ ਧਾਰ ਕੇ ਸੰਤੋਖ ਸਰ ਵਾਲੀ ਜਗ੍ਹਾ ਪਰ ਆ ਕੇ ਚੰਗੀ ਤਰ੍ਹਾ ਨਿਸ਼ਾਨ ਦੇਖ ਕੇ ਸਾਰੀਆਂ ਸੰਗਤਾਂ ਨੂੰ ਜ਼ਮੀਨ ਪੁੱਟਣ ਪਰ ਲਗਾ ਦਿੱਤਾ ਤੇ ਲੰਗਰ ਭੀ ਚਾਲੂ ਕਰ ਦਿੱਤੇ। ਸੰਗਤਾਂ ਵਧ ਤੋਂ ਵਧ ਉਤਸ਼ਾਹ ਨਾਲ ਸੇਵਾ ਕਰਨ

ਵਿਚ ਜੁੜ ਗਈਆਂ। ਕਈ ਮਨੁੱਖ ਕਹੀਆਂ ਲੈ ਕੇ ਮਿੱਟੀ ਪੁੱਟਦੇ ਹਨ ਅਤੇ ਕਈ ਪ੍ਰੇਮੀ ਭਰਦੇ ਹਨ ਅਤੇ ਕਈ ਟੋਕਰੀਆਂ ਉਠਾ ਉਠਾ ਕੇ ਬਾਹਰ ਸੁੱਟਦੇ ਹਨ। ਕਈ ਪ੍ਰੇਮੀਆਂ ਨੂੰ ਆਵਿਆਂ ਪਰ ਇੱਟਾਂ ਪਕਾਨ ਪਰ ਲਗਾ ਦਿਤਾ। ਪਰ ਸਾਰੇ ਸਿੱਖ ਪ੍ਰੇਮ ਨਾਲ ਸੇਵਾ ਕਰਨ ਵਿਚ ਜੁਟੇ ਹੋਏ ਹਨ। ਮਿੱਟੀ ਪੁਟਦਿਆਂ ਜਿਸ ਵੇਲੇ ਸਿੱਖਾਂ ਨੇ ਮੱਠ ਵੇਖਿਆ ਤਾਂ ਆ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ, ਸਿੱਖਾਂ ਤੋਂ ਸੁਣ ਕੇ ਗੁਰੂ ਸਾਹਿਬ ਜੀ ਆਪ ਜਾ ਕੇ ਪਾਸ ਬੈਠ ਗਏ ਤੇ ਸਿੱਖਾਂ ਨੂੰ ਸਮਝਾਇਆ ਹੌਲੀ-ਹੌਲੀ ਚੌਤਰਫੋਂ ਮਿੱਟੀ ਪੁੱਟ ਕੇ ਇਸ ਨੂੰ ਵਿਚਕਾਰ ਕਰ ਦਿਓ, ਸਿੱਖਾਂ ਨੇ ਓਸੇ ਤਰ੍ਹਾਂ ਕਰ ਦਿੱਤਾ। ਫੇਰ ਗੁਰੂ ਜੀ ਨੇ ਬੂਹਾ ਖੁਲਵਾਇਆ ਤਾਂ ਕੀ ਵੇਖਿਆ ਜੋਗੀ ਅਡੋਲ ਸਮਾਧੀ ਵਿਚ ਬੈਠਾ ਹੋਇਆ ਹੈ, ਪਰ ਉਸ ਨੂੰ ਪਤਾ ਕੁਝ ਨਹੀਂ ਹੈ। ਗੁਰੂ ਜੀ ਨੇ ਮੱਖਣ ਤੇ ਰੂੰਈ ਮੰਗਵਾ ਕੇ ਜੋਗੀ ਦੇ ਚਰਨ ਝਸਵਾਏ ਤੇ ਤਾਲੂ ਵੀ ਝਸਵਾਇਆ। ਹੌਲੀ-ਹੌਲੀ ਝਸਦਿਆਂ ਝਸਦਿਆਂ ਉਸ ਦੇ ਪ੍ਰਾਣ ਉਤਰ ਗਏ ਤੇ ਲੋਕਾਂ ਦਾ ਬਹੁਤ ਸਾਰਾ ਇਕੱਠ ਵੇਖ ਕੇ ਪੁੱਛਦਾ ਹੈ-'ਇਥੇ ਕੀ ਗੱਲ ਹੈ ਇਤਨੇ ਲੋਕ ਕਿਉਂ ਇਕੱਤ੍ਰ ਹਨ? ਇਹ ਸਮਾਂ ਕਿਹੜਾ ਹੈ?'

ਜਿਹੜੇ ਚਰਨ ਝਸ ਰਹੇ ਸਨ ਉਨ੍ਹਾਂ ਨੇ ਕਿਹਾ—"ਕਲਜੁਗ ਦਾ ਸਮਾਂ ਹੈ ਤੇ ਈਸ਼੍ਵਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਗੱਦੀ ਪਰ ਇਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਇਸਥਿਤ ਹਨ ਉਹ ਇਸ ਸਰੋਵਰ ਦੀ ਸੇਵਾ ਕਰਵਾ ਰਹੇ ਹਨ ਇਸ ਲਈ ਲੋਕ ਬਹੁਤ ਸਾਰੇ ਇਕੱਤ੍ਰ ਹਨ।"

ਜੋਗੀ ਨੇ ਕਿਹਾ-"ਉਹਨਾਂ ਦੇ ਦਰਸ਼ਨ ਮੈਨੂੰ ਭੀ ਕਰਾਓ।" ਤਾਂ ਸਿੱਖਾਂ ਨੇ ਆ ਕੇ ਬੇਨਤੀ ਕੀਤੀ ਕਿ ਜੋਗੀ ਜੀ ਆਪ ਜੀ ਦੇ ਦਰਸ਼ਨਾਂ ਨੂੰ ਚਾਹੁੰਦੇ ਹਨ, ਇਹ ਗੱਲ ਸੁਣ ਕੇ ਗੁਰੂ ਜੀ ਜੋਗੀ ਦੇ ਪਾਸ ਆ ਬੈਠੇ, ਉਸ ਵੇਲੇ ਜੋਗੀ ਨੇ ਚਰਨਾਂ ਪਰ ਮੱਥਾ ਟੇਕਿਆ ਤੇ ਆਪਣਾ ਪਿਛਲਾ ਹਾਲ ਦੱਸ ਕੇ ਪੁੱਛਿਆ:-

"ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥" *(ਪੰਨਾ ੭੩੬)*

ਇਹ ਜੋ ਪ੍ਰਪੰਚ ਦ੍ਰਿਸਟਿਓ=ਦ੍ਰਿਸਟੀ ਵਿਚ ਆ ਰਿਹਾ ਹੈ ਇਹ ਕਵਨ ਰੂਪ=ਕੀ ਰੂਪ ਹੈ?

ਪੁਨਾ-ਇਹ ਬਿਨਸਾਇਓ=ਬਿਨਸ ਕਰਕੇ ਕਤਹਿ ਗਇਓ=ਕਿਥੇ ਗਿਆ ਹੈ, ਤੇ ਉਹੁ ਕਤ ਤੇ ਆਇਓ=ਉਹ ਸੰਸਾਰ ਆਇਆ ਕਿਥੋਂ ਸੀ?

ਇਹ ਦੂਜਾ ਪ੍ਰਸ਼ਨ ਹੈ ਇਸ ਦੂਜੇ ਪ੍ਰਸ਼ਨ ਦਾ ਉੱਤਰ ਪਹਿਲੇ ਦੇਂਦੇ ਹਨ।

## ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥

ਜਿਸ ਤਰ੍ਹਾਂ ਬਾਜੀਗਰ ਜਿਸ ਵੇਲੇ ਬਾਜੀ ਨੂੰ ਪਾਉਂਦਾ ਹੈ ਭਾਵ ਖੇਡ ਨੂੰ ਖਿਲਾਰਦਾ ਹੈ। ਤਾਂ ਨਾਨਾ ਪਰਕਾਰ ਦੇ ਰੂਪ ਤੇ ਭੇਖ ਦਿਖਲਾਈ=ਦਿਖਾਉਂਦਾ ਹੈ।

## ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥ ੧ ॥

ਜਿਸ ਵੇਲੇ ਸਾਂਗੁ=ਸ੍ਵਾਂਗ ਨੂੰ ਉਤਾਰ ਕੇ ਖੇਡ ਦੇ ਪਾਸਾਰੇ ਨੂੰ ਗੁੱਥੀ ਵਿਚ ਇਕੱਠਾ ਕਰ ਲੈਂਦਾ ਹੈ। ਤਿਸ ਵੇਲੇ ਇਕੋ ਇਕ ਬਾਜੀਗਰ ਹੀ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਪਰਮੇਸ਼ਰ ਰੂਪ ਬਾਜੀਗਰ ਨੇ ਇਹ ਸੰਸਾਰ ਰੂਪ ਬਾਜੀ ਪਾਈ ਹੈ, ਇਸ ਸੰਸਾਰ ਵਿਚ ਨਾਨਾ ਤਰ੍ਹਾਂ ਦੇ ਰੂਪ ਤੇ ਭੇਖਾਂ ਨੂੰ ਦਿਖਲਾਉਂਦਾ ਹੈ।

*ਯਥਾ:*-"ਕਹਿ ਰਵਿਦਾਸ ਬਾਜੀ ਜਗੁ ਭਾਈ॥ ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ॥ ੩ ॥ ੬ ॥"

*(ਪੰਨਾ ੪੮੭)*

ਤਥਾ:-"ਬਾਜੀਗਰਿ ਇਕ ਬਾਜੀ ਪਾਈ॥ ਪੂਰੇ ਗੁਰ ਤੇ ਨਦਰੀ ਆਈ॥" (ਪੰਨਾ ੧੦੬੧)

ਜਿਸ ਵੇਲੇ ਮਾਇਆ ਦੇ ਸ੍ਵਾਂਗ ਨੂੰ ਉਤਾਰ ਕੇ ਭਾਵ ਇੱਛਾ ਬੰਦ ਕਰ ਕੇ ਇਕੋ ਹੀ ਸ਼ਬਦ ਉਚਾਰ ਕੇ ਸਾਰੇ ਸੰਸਾਰ ਪਸਾਰੇ ਨੂੰ ਥੰਮ ਲਿਆ। ਤਿਸ ਵੇਲੇ ਇਕੋ ਇਕ ਓਅੰਕਾਰ ਰਹਿ ਜਾਂਦਾ ਹੈ।

ਯਥਾ :- "ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥ ਅਪਨੇ ਰੰਗ ਰਵੈ ਅਕੇਲਾ॥ ੨ ॥" (ਪੰਨਾ ੬੫੫)

ਭਾਵ ਇਹ ਹੈ ਕਿ ਨਾਨਾ ਪ੍ਰਕਾਰ ਦਾ ਭੇਖ ਰੂਪ ਇਹ ਸੰਸਾਰ ਪਰਮੇਸ਼ਰ ਤੋਂ ਉਤਪਤ ਹੋ ਕੇ ਆਇਆ ਹੈ, ਤੇ ਬਿਨਸ ਕਰ ਕੇ ਭੀ ਓਸੇ ਪ੍ਰਭੂ ਵਿਚ ਸਮਾ ਜਾਂਦਾ ਹੈ।

## ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥
## ਕਤਹਿ ਗਇਓ ਉਹੁ ਕਤ ਤੇ ਆਇਓ ॥ ੧ ॥ ਰਹਾਉ ॥

ਇਹਨਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ।

ਇਹਨਾਂ ਦੋ ਰਹਾਉ ਦੀਆਂ ਤੁਕਾਂ ਤੋਂ ਹੀ ਪ੍ਰਸ਼ਨ ਕੀਤਾ ਗਿਆ ਹੈ॥ ੧॥ ਰਹਾਉ॥

ਪਹਿਲਾਂ ਪ੍ਰਸ਼ਨ ਸੀ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਕੀ ਰੂਪ ਹੈ?

ਹੁਣ ਇਸ ਦਾ ਉੱਤਰ ਗੁਰੂ ਜੀ ਦੇਂਦੇ ਹਨ:-

## ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥

ਜਿਵੇਂ ਜਲ ਵਿਚੋਂ ਅਨੇਕਾਂ ਹੀ ਤਰੰਗ ਉੱਠਦੇ ਹਨ ਪਰ ਉਹ ਜਲ ਰੂਪ ਹੁੰਦੇ ਹਨ, ਤਿਵੇਂ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਉਹ ਸਭ ਬ੍ਰਹਮ ਰੂਪ ਹੀ ਹੈ।

ਪੁਨਾ ਸੁਨਿਆਰੇ ਨੇ ਕੰਠੇ, ਵਾਲੇ, ਕੜੇ, ਮੁੰਦ੍ਰੀਆਂ ਆਦਿਕ ਜੋ ਬਹੁਤ ਪ੍ਰਕਾਰ ਦੇ ਗਹਿਣੇ ਬਨਾਉਣਾ ਕੀਤੇ ਹਨ ਉਹ ਸਾਰੇ ਗਹਿਣੇ ਕਨਿਕ=ਸੋਨਾ ਰੂਪ ਹੀ ਹੁੰਦੇ ਹਨ।

ਤਿਵੇਂ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਸਭ ਬ੍ਰਹਮ ਰੂਪ ਹੀ ਹੈ।

## ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥ ੨ ॥

ਜਿਵੇਂ ਬੀਜ਼ ਨੂੰ ਧਰਤੀ ਵਿਚ ਬੀਜ ਕੇ ਵੇਖੀਏ ਤਾਂ ਉਸ ਵਿਚੋਂ ਬਹੁ ਤਰ੍ਹਾਂ ਦੇ ਡਾਲੀਆਂ ਪੱਤੇ ਫੁੱਲ ਆਦਿਕ ਨਿਕਲਦੇ ਹਨ, ਪਰ ਜਦੋਂ ਫਲ ਪੱਕ ਜਾਵੇ ਤਾਂ ਇਕ ਬੀਜ ਦਾ ਹੀ ਅਕਾਰ ਵੇਖਣ ਵਿਚ ਆਉਂਦਾ ਹੈ, ਤਿਵੇਂ ਬੀਜ ਰੂਪ ਈਸ਼੍ਵਰ ਹੈ, ਸਮੂਹ ਜੀਵ ਪੱਤੇ ਫੁੱਲ ਰੂਪ ਹਨ। ਇਸ ਕਰ ਕੇ ਇਹ ਪ੍ਰਪੰਚ ਬਹੁ ਤਰ੍ਹਾਂ ਦਾ ਦਿਖਾਈ ਦੇਂਦਾ ਹੈ, ਜਿਸ ਵੇਲੇ ਫਲ ਪੱਕ ਗਿਆ ਭਾਵ ਬ੍ਰਹਮਗਿਆਨ ਦੇ ਸਹਿਤ ਹੋ ਗਿਆ ਤਾਂ ਇਕੋ ਇਕ ਓਅੰਕਾਰ ਰੂਪ ਬੀਜ਼ ਦੇਖਣ ਵਿਚ ਆਉਂਦਾ ਹੈ॥ ੨ ॥

## ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥

ਜਿਵੇਂ ਸਹਸ ਘਟਾ=ਹਜ਼ਾਰਾਂ ਘੜਿਆਂ ਵਿਚ ਇਕੋ ਅਕਾਸ਼ ਹੈ।

ਘੜਿਆਂ ਦੇ ਟੁਟ ਜਾਣ ਤੇ ਭੀ ਉਹ ਅਕਾਸ਼ ਹੀ ਪ੍ਰਕਾਸ਼ਦਾ ਹੈ।

ਤਿਵੇਂ ਹਜ਼ਾਰਾਂ ਹੀ ਅਸਥੂਲ ਸਰੀਰਾਂ ਰੂਪ ਘੜਿਆਂ ਵਿਚ ਇਕ ਸ੍ਾਖੀ-ਚੇਤਨਾ ਰੂਪ ਅਕਾਸ਼ ਹੈ। ਅਸਥੂਨ

ਸਰੀਰਾਂ ਰੂਪ ਘੜਿਆਂ ਦੇ ਟੁਟ ਜਾਣ ਤੇ ਭੀ ਉਹ ਚੇਤਨ ਹੀ ਸਾਰੇ ਪ੍ਰਕਾਸ਼ਦਾ ਹੈ ਕਿਉਂਕਿ ਉਸ ਚੇਤਨ ਦਾ ਨਾਸ ਨਹੀਂ ਹੁੰਦਾ।

*ਯਥਾ:-"ਘਘਾ ਘਟਿ ਘਟਿ ਨਿਮਸੈ ਸੋਈ॥ ਘਟ ਫੂਟੇ ਘਟਿ ਕਬਹਿ ਨ ਹੋਈ॥" (ਪੰਨਾ ੩੪੦)*

ਜੋਗੀ ਨੇ ਪ੍ਰਸ਼ਨ ਕੀਤਾ ਸੀ ਇਹ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਕੀ ਰੂਪ ਹੈ?

ਗੁਰੂ ਜੀ ਨੇ ਕਿਹਾ—"ਬ੍ਰਹਮ ਸਰੂਪ ਹੈ।"

**ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥ ੩॥**

ਭਰਮ, ਲੋਭ ਤੇ ਮੋਹ ਆਦਿਕ ਜੋ ਭੀ ਹਨ ਇਹ ਸਭ ਮਾਇਆ ਦੇ ਵਿਕਾਰ ਹਨ।

ਭਰਮ ਦੇ ਛੁਟ ਜਾਣ ਤੇ ਫਿਰ ਇਹ ਜੀਵ ਸਾਰੇ ਪ੍ਰਪੰਚ ਨੂੰ ਇਕ ਓਅੰਕਾਰ ਰੂਪ ਅਰਥਾਤ ਬ੍ਰਹਮ ਰੂਪ ਨਿਸਚੇ ਕਰਦਾ ਹੈ॥ ੩॥

**ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥**

ਉਹ ਬ੍ਰਹਮ ਅਬਿਨਾਸੀ=ਨਾਸ ਤੋਂ ਰਹਿਤ ਹੈ, ਉਸਦਾ ਨਾਸ ਨਹੀਂ ਹੁੰਦਾ। ਅਜੇਹੀ ਦ੍ਰਿਸ਼ਟੀ ਹੋਣ ਕਰਕੇ ਉਹ ਇੰਝ ਨਿਸਚੇ ਕਰਦਾ ਹੈ ਕਿ ਨਾ ਕੋਈ ਜਮਕੇ ਆਉਂਦਾ ਹੈ ਨਾ ਹੀ ਮਰ ਕੇ ਜਾਂਦਾ ਹੈ।

*ਯਥਾ:-"ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥" (ਪੰਨਾ ੨੮੧)*

**ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥੧॥**

ਗੁਰੂ ਜੀ ਕਥਨ ਕਰਦੇ ਹਨ— ਪੁਨਾ ਜੋਗੀ ਨੇ ਸਾਰਿਆਂ ਸਿੱਖਾਂ ਨੂੰ ਕਿਹਾ—"ਨਿਰਸੰਦੇਹ ਹੋ ਕੇ ਇਨ੍ਹਾਂ ਦੀ ਸੇਵਾ ਕੀਤੀ ਜਾਓ ਤੁਹਾਡੀ ਜ਼ਰੂਰ ਕਲਿਆਣ ਹੋਵੇਗੀ, ਇਨ੍ਹਾਂ ਪੂਰਿਆਂ ਗੁਰਾਂ ਨੇ ਮੇਰੇ ਅੰਦਰ ਦੀ ਹਉਮੈ ਰੂਪੀ ਮੈਲ ਧੋ ਦਿੱਤੀ ਹੈ, ਹੁਣ ਮੇਰੀ ਪਰਮਗਤੀ ਹੋ ਗਈ ਹੈ, ਭਾਵ ਮੈਨੂੰ ਕੇਵਲ ਮੁਕਤੀ ਦੀ ਪ੍ਰਾਪਤੀ ਹੋ ਗਈ ਹੈ।" ਇਤਨਾ ਕਹਿ ਕੇ ਜੋਗੀ ਜੀ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਬ੍ਰਹਮ ਵਿਚ ਲੀਨ ਹੋਏ॥ ੪॥ ੧॥

ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

**ਸੂਹੀ ਮਹਲਾ ੫॥**

**ਕੀਤਾ ਲੋੜਹਿ ਸੋ ਪ੍ਰਭ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥**

ਹੇ ਪ੍ਰਭੂ! ਜੋ ਤੂੰ ਕੀਤਾ ਚਾਹੁੰਦਾ ਹੈਂ, ਸੋ ਹੋਇ=ਓਹੀ ਕੁਝ ਹੁੰਦਾ ਹੈ।

ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਵਾਲਾ ਨਹੀਂ ਹੈ।

**ਜੋ ਜਨੁ ਸੇਵੇ ਤਿਸੁ ਪੂਰਨ ਕਾਜ॥ ਦਾਸ ਅਪੁਨੇ ਕੀ ਰਾਖਹੁ ਲਾਜ॥੧॥**

ਜੋ ਪੁਰਸ਼ ਆਪ ਜੀ ਨੂੰ ਸੇਂਵਦੇ ਹਨ, ਉਨ੍ਹਾਂ ਦੇ ਕੰਮ ਤੂੰ ਪੂਰੇ ਕਰਦਾ ਹੈਂ।

ਅਤੇ ਆਪਣੇ ਦਾਸ ਦੀ ਲੱਜਾ ਨੂੰ ਤੂੰ ਆਪ ਹੀ ਰਖਦਾ ਹੈਂ॥ ੧॥

**ਤੇਰੀ ਸਰਣਿ ਪੂਰਨ ਦਇਆਲਾ॥**

**ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ॥੧॥ ਰਹਾਉ॥**

ਹੇ ਪੂਰਨ ਦਿਆਲੂ! ਮੈਂ ਆਪ ਜੀ ਦੀ ਸ਼ਰਣ ਆਇਆ ਹਾਂ।

ਆਪ ਜੀ ਤੋਂ ਬਿਨਾਂ ਮੇਰੀ ਹੋਰ ਕੌਣ ਪ੍ਰਤਿਪਾਲਾ ਕਰੇਗਾ॥ ੧ ॥ ਰਹਾਉ॥

**ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥**

ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼, ਇਨ੍ਹਾਂ ਸਾਰਿਆਂ ਵਿਚ ਤੂੰ ਭਰਪੂਰ ਹੋ ਰਿਹਾ ਹੈਂ। ਹੇ ਪ੍ਰਭੂ ! ਤੂੰ ਸਭ ਦੇ ਨੇੜੇ ਵਸ ਰਿਹਾ ਹੈਂ, ਕਿਸੇ ਤੋਂ ਭੀ ਦੂਰ ਨਹੀਂ ਹੈਂ।

**ਲੋਕ ਪਤੀਆਰੈ ਕਛੂ ਨ ਪਾਈਐ॥ ਸਾਚਿ ਲਗੈ ਤਾ ਹਉਮੈ ਜਾਈਐ॥ ੨ ॥**

ਲੋਕਾਂ ਦੇ ਪਤਿਆਰੈ=ਇਤਬਾਰ ਬੱਝ ਜਾਣ ਨਾਲ ਕੁਝ ਨਹੀਂ ਪਾਈਦਾ।

ਜੇ ਸੱਚ ਨਾਮ ਵਿਚ ਲਗ ਜਾਈਏ ਤਾਂ ਹੰਗਤਾ-ਮਮਤਾ ਚਲੀ ਜਾਂਦੀ ਹੈ॥ ੨ ॥

[ਪੰਨਾ ੭੩੭]

**ਜਿਸ ਨੋ ਲਾਇ ਲਏ ਸੋ ਲਾਗੈ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ॥**

ਜਿਸ ਨੂੰ ਸਚ ਨਾਮ ਵਿਚ ਲਗਾ ਲੈਂਦਾ ਹੈਂ ਓਹੀ ਲਗਦਾ ਹੈ,

ਫਿਰ ਉਸ ਦੇ ਹਿਰਦੇ ਅੰਦਰ ਗਿਆਨ ਰੂਪ ਰਤਨ ਜਾਗੈ=ਪ੍ਰਗਟ ਹੁੰਦਾ ਹੈ।

**ਦੁਰਮਤਿ ਜਾਇ ਪਰਮ ਪਦੁ ਪਾਇ॥ ਗੁਰ ਪਰਸਾਦੀ ਨਾਮੁ ਧਿਆਏ॥ ੩ ॥**

ਅੰਨ੍ਹੈ :-ਗੁਰਾਂ ਦੀ ਕ੍ਰਿਪਾ ਨਾਲ ਸਤਿਨਾਮੁ ਨੂੰ ਧਿਆਉਣਾ ਕਰ।

ਤਾਂ ਦੁਰਮਤਿ ਜਾਇ=ਖੋਟੀ ਮਤ ਚਲੀ ਜਾਏਗੀ, ਤੇ ਪਰਮਪਦ ਰੂਪ ਮੁਕਤੀ ਨੂੰ ਪਾ=ਲਵੇਂਗਾ ॥ ੩ ॥

**ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥**

ਮੈਂ ਦੁਇ ਕਰ=ਦੋਨੋਂ ਹੱਥ ਜੋੜ ਕੇ ਅਰਦਾਸਿ=ਬੇਨਤੀ ਕਰਦਾ ਹਾਂ।

ਜੇ ਮੇਰੀ ਬੇਨਤੀ ਆਪ ਜੀ ਨੂੰ ਭਾ ਜਾਵੇ ਤਾਂ ਤੂੰ ਸਾਰੇ ਕੰਮ ਰਾਸ ਲਿਆਉਂਦਾ ਹੈਂ।

**ਕਰਿ ਕਿਰਪਾ ਅਪਨੀ ਭਗਤੀ ਲਾਇ॥**

**ਜਨ ਨਾਨਕ ਪ੍ਰਭੁ ਸਦਾ ਧਿਆਇ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਸੇਵਕ ਜਨ ਸਦਾ ਆਪ ਜੀ ਨੂੰ ਧਿਆਉਂਦਾ ਹਾਂ।

ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਆਪਣੀ ਭਗਤੀ ਵਿਚ ਲਗਾਉਣਾ ਕਰੋ॥ ੪ ॥ ੨ ॥

## ਸੂਹੀ ਮਹਲਾ ੫ ॥

ਹੁਣ ਗੁਰੂ ਜੀ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ, ਜਗਿਆਸੂ ਰੂਪ ਸਖੀ ਨੇ ਮਹਾਤਮਾ ਪਾਸੋਂ ਆ ਕੇ ਪੁੱਛਿਆ-"ਪ੍ਰਭੂ ਨਾਲ ਕਿਵੇਂ ਮਿਲਾਪ ਹੁੰਦਾ ਹੈ?" ਤਾਂ ਉਹਨਾਂ ਨੇ ਕਿਹਾ-

"ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥"

ਹੇ ਜਗਿਆਸੂ ਰੂਪ ਸਖੀਏ ! ਤੂੰ ਕੰਨ ਦੇ ਕੇ ਸੁਣ, ਪ੍ਰਭੂ ਨਾਲ ਮਿਲਣ ਦੀ ਏਹੋ ਨਿਸ਼ਾਨੀ ਹੈ, ਕਿ ਲੌਕਿਕ ਲੱਜਾ ਨੂੰ ਤਿਆਗ ਕੇ ਮਨ ਤਨ ਨੂੰ ਅਰਪਣਾ ਕਰ।

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥ ਮਾਨੈ ਹੁਕਮੁ ਤਜੈ ਅਭਿਮਾਨੈ॥**

ਸੁਹਾਗਣ ਧੰਨਤਾ ਦੇ ਜੋਗ ਹੈ ਜੋ ਪ੍ਰਭੂ ਨੂੰ ਪਛਾਣਦੀ ਹੈ। ਅਤੇ ਆਪਣੇ ਅਭਿਮਾਨੈ=ਹੰਕਾਰ ਨੂੰ ਤਿਆਗ ਕੇ ਪਤੀ-ਪਰਮਾਤਮਾ ਦੇ ਹੁਕਮ ਨੂੰ ਮੰਨਦੀ ਹੈ।

**ਪ੍ਰਿਅ ਸਿਉ ਰਾਤੀ ਰਲੀਆ ਮਾਨੈ॥ ੧॥**

ਉਹ ਪਤੀ-ਪਰਮਾਤਮਾ ਨਾਲ ਮਿਲ ਕੇ ਹਮੇਸ਼ਾਂ ਰਲੀਆ ਮਾਨੈ=ਖੁਸ਼ੀਆਂ ਭੋਗਦੀ ਹੈ॥ ੧॥

**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥**

ਹੇ (ਜਗਿਆਸੂ ਰੂਪ) ਸਖੀਏ! ਤੂੰ ਪ੍ਰਭੂ ਨਾਲ ਮਿਲਣ ਦੀ ਨੀਸਾਨੀ=ਸਿਖਿਆ ਸੁਣ।

**ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ੧॥ ਰਹਾਉ॥**

ਤੂੰ ਲੋਕਾਂ ਦੀ ਲਾਜ ਤਿਆਗ ਕੇ ਮਨ ਤਨ ਉਸ ਦੇ ਅੱਗੇ ਅਰਪਣ ਕਰ ਦੇਹ।

**ਸਖੀ ਸਹੇਲੀ ਕਉ ਸਮਝਾਵੈ॥ ਸੋਈ ਕਮਾਵੈ ਜੋ ਪ੍ਰਭ ਭਾਵੈ॥**

ਉੱਤਮ ਸਖੀ-ਮਹਾਤਮਾ ਸਹੇਲੀ=ਪਿਆਰੀ ਜਗਿਆਸੂ ਰੂਪ ਸਖੀ ਨੂੰ ਸਮਝਾਉਂਦੀ ਹੈ, ਕਿ ਤੂੰ ਉਹ ਕਰਮ ਕਮਾਉਣਾ ਕਰ, ਜੋ ਪ੍ਰਭੂ ਪਤੀ ਨੂੰ ਭਾਉਂਦਾ ਹੈ।

ਕਿਉਂਕਿ ਜਿਹੜੀ ਜਗਿਆਸੂ ਰੂਪ ਸਹੇਲੀ ਪਤੀ-ਪਰਮਾਤਮਾ ਦੀ ਮਰਜ਼ੀ ਅਨੁਸਾਰ ਕਰਮ ਕਰਦੀ ਹੈ।

**ਸਾ ਸੋਹਾਗਣਿ ਅੰਕਿ ਸਮਾਵੈ॥ ੨॥**

ਓਹੀ ਸੁਹਾਗਵੰਤੀ ਇਸਤ੍ਰੀ ਅੰਕਿ=ਸਰੂਪ ਵਿਚ ਸਮਾਉਂਦੀ ਹੈ॥ ੨॥

**ਗਰਬਿ ਗਹੇਲੀ ਮਹਲੁ ਨ ਪਾਵੈ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥**

ਜਿਹੜੀ ਗਰਬਿ=ਹੰਕਾਰ ਵਿਚ ਗਹੇਲੀ=ਗ੍ਰਸੀ ਹੋਈ ਹੈ, ਉਹ ਮਹਲੁ=ਸਰੂਪ ਨੂੰ ਨਹੀਂ ਪਾਉਂਦੀ। ਜਿਸ ਵੇਲੇ ਉਸਦੀ ਅਵਸਥਾ ਰੂਪੀ ਰਾਤ ਬਿਹਾਵੈ=ਬੀਤ ਜਾਂਦੀ ਹੈ ਤਾਂ ਮੁੜ-ਮੁੜ ਕੇ ਪਸਚਾਤਾਪ ਕਰਦੀ ਹੈ।

**ਕਰਮਹੀਣਿ ਮਨਮੁਖਿ ਦੁਖੁ ਪਾਵੈ॥ ੩॥**

ਸੁਭ ਕਰਮਾਂ ਤੋਂ ਹੀਣੀ ਮਨਮੁਖ ਇਸਤ੍ਰੀ ਜਨਮ ਮਰਨ ਦੇ ਦੁੱਖ ਨੂੰ ਪਾਉਂਦੀ ਹੈ॥ ੩॥

ਇਹ ਬਚਨ ਸੁਣ ਕੇ ਉੱਤਮ ਸਖੀ ਨੂੰ ਮਧਿਮ ਸਖੀ ਨੇ ਕਿਹਾ—"ਤੂੰ ਮੇਰੀ ਵਲੋਂ ਬੇਨਤੀ ਕਰ।" ਤਾਂ ਉੱਤਮ ਸਖੀ ਨੇ ਕਿਹਾ-

**ਬਿਨਉ ਕਰੀ ਜੇ ਜਾਣਾ ਦੂਰਿ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ॥**

ਬੇਨਤੀ ਤਾਂ ਕਰਾਂ ਜੇ ਕਰ ਮੈਂ ਉਸ ਨੂੰ ਦੂਰ ਜਾਣਾ।

ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੂ ਤਾਂ ਸਾਰੀਆਂ ਜਗ੍ਹਾਂ ਵਿਚ ਪੂਰਨ ਹੋ ਰਿਹਾ ਹੈ।

**ਜਨੁ ਨਾਨਕੁ ਗਾਵੈ ਦੇਖਿ ਹਦੂਰਿ॥ ੪॥ ੩॥**

ਗੁਰੂ ਜੀ ਕਥਨ ਕਰਦੇ ਹਨ-ਜੋ ਸੰਤ ਜਨਾਂ ਨਾਲ ਮਿਲ ਕੇ ਉਸ ਦੇ ਜਸ ਨੂੰ ਗਾਂਵਦੇ ਹਨ, ਉਹ ਉਸ

ਨੂੰ ਹਾਜ਼ਰਾ ਹਜ਼ੂਰ ਵੇਖਦੇ ਹਨ। ਇਸ ਲਈ ਹੇ ਸਖੀ! ਤੂੰ ਭੀ ਦਾਸੀ ਹੋ ਕੇ ਉਸ ਦੇ ਜਸ ਨੂੰ ਗਾਵਨਾ ਕਰ ਤਾਂ ਉਸ ਨੂੰ ਆਪਣੇ ਨੇੜੇ ਹੀ ਵੇਖ ਲਵੇਂਗੀ॥ ੪॥ ੩॥

## ਸੂਹੀ ਮਹਲਾ ੫॥

## ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ॥
## ਦਸ ਦਾਸੀ ਕਰਿ ਦੀਨੀ ਭਤਾਰਿ॥

ਧੰਨ ਗੁਰੂ ਹਨ ਜਿਨ੍ਹਾਂ ਨੇ ਸਰੀਰ ਘਰ, ਵਾ:-ਹਿਰਦਾ ਘਰ ਵਸੀਕਾਰ ਕਰ ਦਿੱਤਾ ਹੈ।

*ਅਥਵਾ:*-ਗੁਰਾਂ ਨੇ ਗ੍ਰਿਹੁ=ਘਰ ਵਾਲਾ ਅਰਥਾਤ ਘਰ ਦਾ ਮਾਲਕ ਪਰਮੇਸ਼ਰ ਵਸੀਕਾਰ ਕਰ ਦਿੱਤਾ ਹੈ, ਹਉ=ਮੈਂ ਘਰ ਵਾਲੇ ਪ੍ਰਭੂ ਦੀ ਨਾਰੀ ਹੋ ਗਈ ਹਾਂ। ਭਤਾਰਿ=ਪਤੀ ਪਰਮਾਤਮਾ ਨੇ ਦਸ ਇੰਦ੍ਰੀਆਂ ਮੇਰੀਆਂ ਦਾਸੀਆਂ ਕਰ ਦਿੱਤੀਆਂ ਹਨ।

## ਸਗਲ ਸਮਗ੍ਰੀ ਮੈ ਘਰ ਕੀ ਜੋੜੀ॥
## ਆਸ ਪਿਆਸੀ ਪਿਰ ਕਉ ਲੋੜੀ॥ ੧॥

ਸਰੂਪ ਘਰ ਦੀ ਪ੍ਰਾਪਤੀ ਲਈ ਮੈਂ ਜਪ ਤਪ ਆਦਿਕ ਸਾਧਨਾਂ ਰੂਪੀ ਸਾਰੀ ਸਾਮਗ੍ਰੀ ਜੋੜੀ=ਇਕੱਠੀ ਕੀਤੀ ਹੈ।

ਆਸਾ ਦੀ ਪਿਆਸੀ ਹੋ ਕੇ ਪਤੀ-ਪਰਮਾਤਮਾ ਨੂੰ ਲੋੜੀ=ਚਾਹੁੰਦੀ ਹਾਂ॥ ੧॥

## ਕਵਨ ਕਹਾ ਗੁਨ ਕੰਤ ਪਿਆਰੇ॥
## ਸੁਘੜ ਸਰੂਪ ਦਇਆਲ ਮੁਰਾਰੇ॥ ੧॥ ਰਹਾਉ॥

ਪਿਆਰੇ ਪਤੀ-ਪਰਮਾਤਮਾ ਦੇ ਕੇਹੜੇ ਕੇਹੜੇ ਗੁਣ ਕਹਾਂ?

ਉਹ ਮੁਰਾਰੀ ਪਰਮਾਤਮਾ ਸੁਘੜ=ਸਰੇਸ਼ਟ ਘਾੜਤ ਦੇ ਘੜਨ ਵਾਲਾ ਹੈ, ਸੁੰਦਰ ਸਰੂਪ ਹੈ,

ਵਾ:-ਸਤ ਚਿਤ ਅਨੰਦ ਸਰੂਪ ਹੈ, ਤੇ ਦਿਆਲੂ ਸੁਭਾਅ ਵਾਲਾ ਹੈ॥ ੧॥ ਰਹਾਉ॥

## ਸਤੁ ਸੀਗਾਰੁ ਭਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥

ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਗੁਣਾਂ ਦਾ ਧਾਰਨਾ, ਵਾ:-ਸਤ ਵਸਤੂ ਦਾ ਨਿਸਚੇ ਕਰਨਾ, ਵਾ:-ਸਚ ਦਾ ਬੋਲਣਾ ਇਹ ਸ਼ਿੰਗਾਰ ਕੀਤਾ ਹੈ,

*ਅਥਵਾ:*-(ਪੰਜ ਕਾਮ ਆਦਿਕ ਮਨ ਤੇ ਬੁੱਧੀ ਇਨ੍ਹਾਂ) ਸੱਤਾਂ ਦਾ ਰੋਕਣਾ ਇਹ ਸ਼ਿੰਗਾਰ ਕੀਤਾ ਹੈ, ਤੇ ਭਉ=ਡਰ ਰੂਪ ਅੰਜਨੁ=ਸੁਰਮਾ ਪਾਇਆ ਹੈ। ਅੰਮ੍ਰਿਤ ਰੂਪ ਨਾਮ ਦਾ ਸਿਮਰਨ ਹੀ ਮੂੰਹ ਵਿਚ ਤੰਬੋਲੁ=ਪਾਨ ਦਾ ਬੀੜਾ ਖਾਧਾ ਹੈ।

## ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥
## ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥ ੨॥

"ਕਰ ਕਰਿ ਕਰਤਾ ਕੰਗਨ ਪਹਿਰੈ" ਕਰਤਾਰ ਕਰਤਾਰ ਕਰਨਾ ਇਹ ਕੰਗਣ ਹਨ, "ਪਰਮੇਸਰੁ ਪਟੁ

ਲੇਈ॥" ਪਰਮੇਸ਼ਰ ਪਰਮੇਸ਼ਰ ਉਚਾਰਨਾ ਇਹ ਬਸਤ੍ਰ ਹਨ, ਇਸ ਤਰ੍ਹਾਂ ਦੇ ਸੋਭਨੀਕ ਗਹਿਣੇ ਬਣੇ ਹੋਏ ਹਨ। ਜਾਂ ਹਿਰਦੇ ਘਰ ਵਿਚ ਪਤੀ ਆ ਕੇ ਪ੍ਰਗਟ ਹੋ ਜਾਵੇ ਤਾਂ ਜਗਿਆਸੂ ਸਰੂਪ ਧਨ=ਇਸਤ੍ਰੀ ਸਾਰੇ ਸੁਖ ਪਾਉਂਦੀ ਹੈ। ਅਰਥਾਤ ਜਗਿਆਸੂ ਦੇ ਕੀਤੇ ਹੋਏ ਸਾਧਨ ਤਾਂ ਹੀ ਸਫਲ ਹਨ ਜੇ ਪਤੀ ਮਿਲ ਪਵੇ, ਨਹੀਂ ਤਾਂ ਸਾਰੇ ਸਾਧਨ ਨਿਸਫਲ ਹਨ।

## ਗੁਣ ਕਾਮਣ ਕਰਿ ਕੰਤੁ ਰੀਝਾਇਆ॥
## ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥

ਸ਼ੁਭ-ਗੁਣਾਂ ਦੇ ਧਾਰਨ ਕਰਨ ਰੂਪ ਕਾਮਣ=ਟੂਣਾ (ਜਾਦੂ) ਕਰ ਕੇ ਪਤੀ ਪਰਮਾਤਮਾ ਨੂੰ ਰੀਝਾਇਆ=ਪ੍ਰਸੰਨ (ਖੁਸ਼) ਕੀਤਾ ਹੈ।

ਗੁਰਾਂ ਨੇ ਭਰਮ ਦੂਰ ਕਰ ਦਿੱਤਾ ਹੈ, ਇਸ ਤਰ੍ਹਾਂ ਪਤੀ ਨੂੰ ਵਸ ਵਿਚ ਕਰ ਲੀਤਾ ਹੈ।

## ਸਭ ਤੇ ਊਚਾ ਮੰਦਰੁ ਮੇਰਾ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ॥ ੩॥

ਪ੍ਰੇਮ ਵਾ:-ਦ੍ਰਿੜ੍ਹ ਨਿਸਚਾ ਰੂਪ ਮੇਰਾ ਮੰਦਰ ਸਾਰਿਆਂ ਤੋਂ ਉੱਚਾ ਹੈ। ਅਜੇਹਾ ਮੰਦਰ ਵੇਖ ਕੇ ਹੋਰ ਸਭ ਇਸਤ੍ਰੀਆਂ ਨੂੰ ਤਿਆਗ ਕੇ ਉਹ ਪਤੀ ਮੇਰਾ ਪਿਆਰਾ ਹੋ ਗਿਆ ਹੈ॥ ੩॥

## ਪ੍ਰਗਟਿਆ ਸੂਰੁ ਜੋਤਿ ਉਜੀਆਰਾ॥ ਸੇਜ ਵਿਛਾਈ ਸਰਧ ਅਪਾਰਾ॥

ਜਿਸ ਜੋਤੀ ਦਾ ਸਾਰੇ ਉਜੀਆਰਾ=ਪ੍ਰਕਾਸ਼ ਹੋ ਰਿਹਾ ਹੈ, ਉਸ ਦਾ ਗਿਆਨ ਰੂਪ ਸੂਰਜ ਪ੍ਰਗਟਿਆ ਹੈ। ਅਪਾਰ ਪ੍ਰਭੂ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ।

*ਅਥਵਾ:* —ਜਿਸ ਵੇਲੇ ਅਪਾਰ ਸ਼ਰਧਾ ਰੂਪ ਸੇਜਾ ਵਿਛਾਈ, ਤਾਂ ਉਹ ਜੋਤੀ ਪਰਮਾਤਮਾ ਪ੍ਰਗਟ ਹੋਇਆ, ਜਿਸ ਦਾ ਸੂਰੁ ਉਜੀਆਰਾ=ਸੂਰਜ ਆਦਿਕਾਂ ਵਿਚ ਉਜਾਲਾ ਹੈ।

## ਨਵ ਰੰਗ ਲਾਲੁ ਸੇਜ ਰਾਵਣ ਆਇਆ॥

ਨਵ ਰੰਗ=ਨਵੀਨ ਅਨੰਦ ਵਾਲਾ ਲਾਲੁ=ਪਿਆਰਾ ਪਤੀ ਪਰਮਾਤਮਾ ਸੇਜਾ ਨੂੰ ਰਾਵਣ ਆਇਆ=ਮਾਣਨ ਆਇਆ ਹੈ।

## ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ- ਪਿਰ=ਪਤੀ-ਪਰਮਾਤਮਾ ਨਾਲ ਮਿਲ ਕੇ ਧਨ=ਇਸਤ੍ਰੀ ਨੇ ਅਤਿਅੰਤ ਸੁਖ ਪਾਇਆ ਹੈ। ਭਾਵ ਅਭੇਦਤਾ ਦੇ ਅਨੰਦ ਨੂੰ ਭੋਗਣਾ ਕੀਤਾ॥ ੪॥ ੪॥

## ਸੂਹੀ ਮਹਲਾ ੫॥ ਉਮਕਿਓ ਹੀਉ ਮਿਲਨ ਪ੍ਰਭ ਤਾਈ॥

ਪ੍ਰਭੂ ਨੂੰ ਮਿਲਣ ਵਾਸਤੇ ਮੇਰਾ ਹੀਉ=ਹਿਰਦਾ ਉਮਕਿਓ=ਉਛਲਿਆ ਹੈ।

ਵਾ:-ਉਤਸ਼ਾਹ ਵਾਲਾ ਹੋਇਆ ਹੈ।

## ਖੋਜਤ ਚਰਿਓ ਦੇਖਉ ਪ੍ਰਿਅ ਜਾਈ॥
## ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ॥

ਲੱਭਣ ਨੂੰ ਚੜ੍ਹਿਆ ਹਾਂ, ਕਿ ਕਿਤੇ ਜਾ ਕੇ ਪਿਆਰੇ ਪ੍ਰਭੂ ਨੂੰ ਦੇਖਾਂ।

*ਅਥਵਾ*:-ਪਿਰੀ ਦੀ ਜਾਈ=ਜਗ੍ਹਾ ਨੂੰ ਵੇਖਾਂ। ਬਹੁਤ ਲਭਿਆ ਪਰ ਨਾ ਲੱਭਾ, ਜਦ ਗੁਰੂ ਮਿਲੇ ਤਾਂ ਉਹਨਾਂ ਤੋਂ ਉਪਦੇਸ਼ ਰੂਪ ਸੁਨੇਹਾ ਸੁਣਿਆ ਤਾਂ ਪਿਆਰੇ ਪਤੀ ਵਾਸਤੇ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਸ਼ਰਧਾ ਰੂਪ ਸੇਜਾ ਵਿਛਾਈ,

ਵਾ:-ਨਿਸ਼ਕਾਮ ਕਰਮ ਕਰਕੇ ਅੰਤਹਕਰਨ ਦੀ ਸ਼ੁੱਧੀ ਰੂਪ ਸੇਜਾ ਵਿਛਾਈ।

## ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ॥ ੧ ॥

ਪਹਿਲੇ ਭਰਮ ਸਹਿਤ ਹੋਇਆ ਦੇਸਾਂ ਦੇਸਾਂਤ੍ਰਾਂ ਵਿਚ ਭ੍ਰਮਿ=ਫਿਰ ਆਇਆ ਸਾਂ, ਤਾਂ ਭੀ ਉਸ ਨੂੰ ਦ੍ਰਿਸ਼ਟੀ ਵਿਚ ਨਾ ਪਾਉਣਾ ਕੀਤਾ ਹੈ॥ ੧ ॥

## ਕਿਨ ਬਿਧਿ ਹੀਅਰੋ ਧੀਰੈ ਨਿਮਾਨੋ॥
## ਮਿਲੁ ਸਾਜਨ ਹਉ ਤੁਝੁ ਕੁਰਬਾਨੋ॥ ੧ ॥ ਰਹਾਉ ॥

ਮਿਲੇ ਤੋਂ ਬਿਨਾਂ ਮੈਂ ਨਿਮਾਣੀ ਦਾ ਹਿਰਦਾ ਕਿਸ ਵਿਧੀ ਨਾਲ ਧੀਰਜ ਨੂੰ ਪ੍ਰਾਪਤ ਹੋਵੇ।

ਹੇ ਸਜਣ ! ਤੂੰ ਮਿਲ, ਮੈਂ ਆਪ ਜੀ ਤੋਂ ਕੁਰਬਾਨ ਹੁੰਦਾ ਹਾਂ।

ਵਾ:-ਸਾਜਨ=ਮਹਾਤਮਾ ਨਾਲ ਮਿਲ ਕੇ ਮੈਂ ਆਪ ਜੀ ਤੋਂ ਕੁਰਬਾਨ ਹੁੰਦਾ ਹਾਂ॥ ੧ ॥ ਰਹਾਉ ॥

## ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥

ਧਨ=ਜਗਿਆਸੂ ਰੂਪ ਇਸਤ੍ਰੀ ਦੀ ਤੇ ਕੰਤਾ=ਪਤੀ-ਪਰਮਾਤਮਾ ਦੀ ਇਕ ਹੀ ਅੰਤਹਕਰਨ ਰੂਪ ਸੇਜਾ ਵਿਛੀ ਹੋਈ ਹੈ, ਉਹ ਸਾਖੀ ਅੰਤਹਕਰਨ ਉਪਹਿਤ ਹੈ, ਤੇ ਧਨ ਅੰਤਹਕਰਨ ਵਸ਼ਿਸ਼ਟ ਹੈ। ਬੇਨਤੀ ਕੀਤੀ— "ਜੇ ਕਰ ਇਕ ਹੀ ਅੰਤਹਕਰਨ ਰੂਪ ਸੇਜਾ ਹੈ ਤਾਂ ਫਿਰ ਪਤੀ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ?"

*ਉੱਤਰ*:-ਧਨ ਇਸਤ੍ਰੀ ਅਵਿਦਿਆ, ਵਾ:-ਮੋਹ ਰੂਪ ਨੀਂਦ ਵਿਚ ਸੁੱਤੀ ਹੋਈ ਹੈ, ਤੇ ਪਤੀ ਸਦਾ ਜਾਗਦਾ ਹੈ।

## ਪੀਓ ਮਦਰੋ ਧਨ ਮਤਵੰਤਾ॥ ਧਨ ਜਾਗੈ ਜੇ ਪਿਰੁ ਬੋਲੰਤਾ॥ ੨ ॥

ਹੰਕਾਰ ਰੂਪੀ ਮਦਰੋ=ਸ਼ਰਾਬ ਪੀ ਕੇ ਇਹ ਧਨ ਮਤਵੰਤਾ=ਮਸਤ ਹੋ ਰਹੀ ਹੈ।

*ਅਥਵਾ*—ਮਤਵੰਤਾ=ਮਸਤੀ ਦੇ ਚਾੜ੍ਹਨ ਵਾਲੀ ਜੋ ਹੰਕਾਰ ਰੂਪੀ ਸ਼ਰਾਬ ਹੈ ਉਸ ਨੂੰ ਇਸ ਧਨ ਨੇ ਪੀਤਾ ਹੋਇਆ ਹੈ। ਜੇ ਪਤੀ ਇਸ ਨੂੰ ਬੁਲਾਵੇ, ਤਾਂ ਇਹ ਧਨ (ਮੋਹ, ਹੰਕਾਰ, ਆਦਿਕਾਂ ਵਲੋਂ) ਜਾਗਦੀ ਹੈ॥ ੨ ॥

## ਭਈ ਨਿਰਾਸੀ ਬਹੁਤੁ ਦਿਨ ਲਾਗੇ॥ ਦੇਸ ਦਿਸੰਤਰ ਮੈ ਸਗਲੇ ਝਾਗੇ॥

ਜਦ ਉਡੀਕਦਿਆਂ ਉਡੀਕਦਿਆਂ ਬਹੁਤ ਦਿਨ ਲੱਗ ਗਏ।

ਵਾ:-ਸਾਧਨ ਕਰਦਿਆਂ ਕਰਦਿਆਂ ਬਹੁਤ ਦਿਨ ਲੱਗ ਗਏ ਤੇ ਪ੍ਰਾਪਤ ਨਾ ਹੋਇਆ ਤਾਂ ਮੈਂ ਨਿਰਾਸ ਹੋ ਗਈ।

ਪਤੀ ਨੂੰ ਲੱਭਣ ਵਾਸ਼ਤੇ ਸਾਧਨਾਂ ਰੂਪੀ ਦੇਸ਼ ਦਿਸੰਤਰ=ਪ੍ਰਦੇਸ਼ ਮੈਂ ਸਾਰੇ ਝਾਗੇ=ਲੰਘੇ ਹਨ।

[ਪੰਨਾ ੭੩੮]

**ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ॥**

**ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ॥ ੩॥**

ਪਗ ਪਾਗੇ=ਚਰਨ ਪਕੜੇ ਤੋਂ ਬਿਨਾਂ,

ਵਾ:-ਗੁਰਾਂ ਦੇ ਚਰਨਾਂ ਵਿਚ ਪਾਗੇ=ਰਪੇ ਤੋਂ ਬਿਨਾਂ ਇਕ ਖਿਨ ਭਰ ਵੀ ਰਹਿਣਾ ਨਹੀਂ ਪਾਉਂਦੀ। ਪ੍ਰਭੂ ਕ੍ਰਿਪਾਲੂ ਹੋਵੇ ਤਾਂ ਸੁਭਾਗੇ ਗੁਰੂ ਮਿਲਦੇ ਹਨ।

*ਅਥਵਾ:*-ਕ੍ਰਿਪਾਲੂ ਹੋ ਕੇ ਪ੍ਰਭੂ ਮਿਲ ਪਵੇ ਤਾਂ ਭਾਗਾਂ ਵਾਲੇ ਹੋਵਾਂਗੇ॥ ੩॥

**ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ॥**

**ਬੂਝੀ ਤਪਤਿ ਘਰਹਿ ਪਿਰੁ ਪਾਇਆ॥**

ਜਦ ਗੁਰਾਂ ਨੇ ਕ੍ਰਿਪਾਲੂ ਹੋ ਕੇ ਸਤਸੰਗ ਵਿਚ ਮਿਲਾਇਆ। ਤਾਂ ਸਰੀਰ ਘਰ ਦੇ ਵਿਚੋਂ ਹੀ ਪਤੀ-ਪਰਮਾਤਮਾ ਨੂੰ ਪਾ ਲਿਆ ਤੇ ਮੇਰੀ ਸਾਰੀ ਤਪਤਿ=ਜਲਨਤਾ ਬੁਝ ਗਈ।

**ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ॥**

**ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ੪॥**

ਸਾਧਨਾਂ ਰੂਪੀ ਸਾਰਾ ਸ਼ਿੰਗਾਰ ਹੁਣ ਮੇਰਾ ਸੋਭਨੀਕ ਹੋਇਆ ਹੈ।

ਗੁਰੂ ਜੀ ਕਥਨ ਕਰਦੇ ਹਨ—ਕਿਉਂਕਿ ਗੁਰੂ ਨੇ ਮੇਰਾ ਭਰਮ ਦੂਰ ਕਰ ਦਿੱਤਾ ਹੈ॥ ੪॥

**ਜਹ ਦੇਖਾ ਤਹ ਪਿਰੁ ਹੈ ਭਾਈ॥**

ਹੇ ਭਾਈ! ਹੁਣ ਮੈਂ ਜਿਥੇ ਵੇਖਦਾ ਹਾਂ ਓਥੇ ਹੀ ਪਤੀ ਮੌਜੂਦ ਹੈ।

**ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ॥ ੧॥ ਰਹਾਉ ਦੂਜਾ॥ ੫॥**

ਜਦ ਗੁਰਾਂ ਨੇ ਭਰਮ ਦਾ, ਵਾ:-ਅਗਿਆਨ ਦਾ ਕਪਾਟ=ਤਖਤਾ ਖੋਲ੍ਹ ਦਿੱਤਾ, ਤਦ ਮਨ ਠਹਰਾਈ=ਇਸਥਿਤੀ ਨੂੰ ਪ੍ਰਾਪਤ ਹੋਇਆ॥ ੧॥ ਰਹਾਉ ਦੂਜਾ॥ ੫॥

**ਸੂਹੀ ਮਹਲਾ ੫॥**

**ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਣ ਕੇ ਦਾਤਾਰੇ॥**

ਹੇ ਮੇਰੇ ਵਰਗੇ ਗੁਣਾਂ ਤੋਂ ਹੀਣੇ ਨੂੰ ਦਾਤ ਦੇਣ ਵਾਲੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦੀ ਸਾਰ ਸੰਭਾਲ ਕਰਾਂ।

**ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ॥ ੧॥**

ਬੈ-ਖਰੀਦੁ=ਮੁੱਲ ਖਰੀਦਿਆਂ ਹੋਇਆਂ ਗੁਲਾਮ ਕੀ ਚਤੁਰਾਈ ਕਰੇਗਾ, ਮੇਰਾ ਇਹ ਜੀਅ ਪਿੰਡੁ=ਸਰੀਰ, ਪ੍ਰਾਣ, ਇੰਦਰੀਏ ਆਦਿਕ ਸਭ ਕੁਝ ਥਾਰੇ=ਤੇਰਾ ਹੀ ਦਿੱਤਾ ਹੋਇਆ ਹੈ॥ ੧॥

**ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥**

ਹੇ ਲਾਲ=ਪਿਆਰੇ ਰੰਗੀਲੇ=ਅਨੰਦੀ, ਮਨ ਦੇ ਮੋਹਨੇ ਵਾਲੇ ਪ੍ਰੀਤਮ ਪ੍ਰਭੂ! ਤੇਰੇ ਦਰਸ਼ਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੧॥ ਰਹਾਉ॥

**ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥**

ਹੇ ਪ੍ਰਭੂ! ਤੂੰ ਦਾਤਾ ਹੈਂ, ਮੈਂ ਦੀਨ ਮੰਗਤਾ ਹਾਂ, ਤੁਸੀਂ ਸਦਾ ਸਦਾ=ਹਮੇਸ਼ਾਂ ਹੀ ਮੇਰੇ ਉਤੇ ਉਪਕਾਰ ਕਰਦੇ ਹੋ।

**ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥ ੨ ॥**

ਹੇ ਮੇਰੇ ਅਗਮ ਅਪਾਰ ਠਾਕੁਰ! ਉਹ ਕੁਝ ਭੀ ਨਹੀਂ ਹੈ, ਜੋ ਮੈਥੋਂ ਹੋ ਸਕਦਾ ਹੋਵੇ।

**ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥**

ਮੈਂ ਤੇਰੀ ਕਿਹੜੀ ਸੇਵਾ ਕਮਾਵਾਂ? ਕਿਹੜਾ ਜਸ ਕਹਿ ਕੇ ਆਪ ਜੀ ਨੂੰ ਰੀਝਾਵਉ=ਪ੍ਰਸੰਨ (ਖੁਸ਼) ਕਰਾਂ? ਅਤੇ ਕਿਤੁ=ਕਿਸ ਵਿਧੀ ਨਾਲ ਆਪ ਜੀ ਦਾ ਦਰਸ਼ਨ ਪਾਵਾਂ?

**ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥ ੩ ॥**

ਤੇਰੀ ਮਿਤਿ=ਮਰਯਾਦਾ ਨਹੀਂ ਪਾਈਦੀ, ਤੇਰਾ ਅੰਤ ਨਹੀਂ ਲਹੀਐ=ਜਾਣਿਆ ਜਾਂਦਾ, ਆਪ ਜੀ ਦੇ ਚਰਨਾਂ ਦੇ ਪਰਸਨ ਲਈ ਮੇਰਾ ਮਨ ਤਰਸਦਾ ਹੈ॥ ੩॥

**ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥**

ਮੈਂ ਢੀਠ ਹੋ ਕੇ ਮੰਗਦਾ ਹਾਂ ਮੇਰੀ ਝੋਲੀ ਵਿਚ ਇਹ ਦਾਨ ਪਾਵੋ,
ਮੇਰੇ ਮੂੰਹ ਪਰ ਭਾਵ ਮੱਥੇ ਪਰ ਸੰਤਾਂ ਦੀ ਚਰਨ ਧੂੜੀ ਲੱਗ ਜਾਵੇ।

**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ**
**ਪ੍ਰਭਿ ਹਾਥ ਦੇਇ ਨਿਸਤਾਰੇ ॥ ੪ ॥ ੬ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਤੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਇਸੀ ਤੇ ਪ੍ਰਭੂ ਨੇ ਹੱਥ ਦੇ ਕੇ ਤਾਰ ਲਿਆ ਹੈ॥ ੪॥ ੬॥

## ਸੂਹੀ ਮਹਲਾ ੫ ਘਰੁ ੩
## ੴ ਸਤਿਗੁਰ ਪ੍ਰਸਾਦਿ ॥

**ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥ ੧ ॥**

ਇਹ ਜੀਵ ਸੇਵਾ ਥੋੜੀ ਕਰਦਾ ਹੈ, ਤੇ ਉਸ ਦਾ ਫਲ ਬਹੁਤ ਸਾਰਾ ਮੰਗਦਾ ਹੈ। ਮਹਲੁ=ਸਰੂਪ ਨੂੰ ਪਾਉਂਦਾ ਨਹੀਂ ਹੈ ਅਤੇ ਆਪ ਨੂੰ ਪਹੁੰਚਿਆ ਹੋਇਆ ਕਹਿੰਦਾ ਹੈ ਕਿ ਮੈਂ ਬ੍ਰਹਮ ਹਾਂ॥ ੧॥

**ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥ ੧ ॥ ਰਹਾਉ ॥**

ਪ੍ਰਿਅ=ਪਤੀ-ਪਰਮਾਤਮਾ ਨੇ ਜੋ ਆਪਣੇ ਦਾਸ ਮੰਨ ਲਏ ਹਨ,

*ਅਥਵਾ:*-ਜਿਨ੍ਹਾ ਨੂੰ ਪਤੀ-ਪਰਮਾਤਮਾ ਨੇ ਮਾਣ ਦਿੱਤਾ ਹੈ ਉਹਨਾਂ ਦੀਆਂ ਰੀਸਾਂ ਕਰਦਾ ਹੈ। ਇਹ ਝੂਠੇ ਮੂਰਖ ਦੀ ਹਾਠੀਸਾ=ਹਠਤਾਈ ਹੈ। *ਅਥਵਾ:*-ਝੂਠੇ ਮੂਰਖ ਕੀ ਹਾ+ਠੀਸਾ=ਦੀਆਂ ਗੱਪਾਂ ਹਨ॥ ੧ ॥ ਰਹਾਉ॥

"ਕੂੜੇ ਮੂਰਖ ਕੀ ਹਾਠੀਸਾ॥" ਹੀ ਮੁਖ ਪਾਠ ਹੈ।

**ਭੇਖ ਦਿਖਾਵੈ ਸਚੁ ਨ ਕਮਾਵੈ॥ ਕਹਤੋ ਮਹਲੀ ਨਿਕਟਿ ਨ ਆਵੈ॥ ੨॥**

ਬਾਹਰੋਂ ਭੇਖ ਵਿਖਾਉਂਦਾ ਹੈ, ਅੰਦਰ ਸਚ-ਕਾਮ ਨੂੰ ਨਹੀਂ ਕਮਾਉਂਦਾ। ਮੂੰਹੋਂ ਮਹਲੀ=ਸਰੂਪ ਨੂੰ ਕਥਨ ਤਾਂ ਕਰਦਾ ਹੈ, ਪਰ ਸਰੂਪ ਦੇ ਨੇੜੇ ਨਹੀਂ ਆਉਂਦਾ॥ ੨॥

**ਅਤੀਤੁ ਸਦਾਏ ਮਾਇਆ ਕਾ ਮਾਤਾ॥**
**ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ॥ ੩॥**

ਬਾਹਰੋਂ ਆਪਣੇ ਆਪ ਨੂੰ ਅਤੀਤੁ=ਫਕੀਰ ਸਦਾਉਂਦਾ ਹੈ, ਅੰਦਰੋਂ ਮਾਇਆ ਦਾ ਮਤਵਾਲਾ ਹੈ।

ਮਨ ਵਿਚ ਪ੍ਰੀਤ ਨਹੀਂ ਹੈ, ਤੇ ਮੂੰਹੋਂ ਕਹਿੰਦਾ ਹੈ ਮੈਂ ਵਾਹਿਗੁਰੂ ਵਿਚ ਰਾਤਾ=ਰੰਗਿਆ ਹੋਇਆ ਹਾਂ।

**ਕਹੁ ਨਾਨਕ ਪ੍ਰਭ ਬਿਨਉ ਸੁਨੀਜੈ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ॥ ੪॥**

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਪ੍ਰਭੂ! ਆਪ ਮੇਰੀ ਬੇਨਤੀ ਸੁਣਨਾ ਕਰੋ। ਮੈਂ ਕੁਚਲ, ਕਠੋਰ, ਕਾਮੀ ਨੂੰ ਭੀ ਮੁਕਤ ਕਰ ਲਵੋ॥ ੪॥

**ਦਰਸਨ ਦੇਖੇ ਕੀ ਵਡਿਆਈ॥**

**ਤੁਮ੍ ਸੁਖਦਾਤੇ ਪੁਰਖ ਸੁਭਾਈ॥ ੧॥ ਰਹਾਉ ਦੂਜਾ॥ ੧॥ ੭॥**

ਆਪ ਜੀ ਦੇ ਦਰਸ਼ਨ ਵੇਖਣ ਦੀ ਵੱਡੀ ਵਡਿਆਈ ਹੈ।

*ਅਥਵਾ:*-ਆਪ ਜੀ ਦੇ ਦਰਸ਼ਨ ਵੇਖਣ ਦੀ ਵਡਿਆਈ=ਇੱਛਾ ਲੱਗ ਰਹੀ ਹੈ। ਕਿਉਂਕਿ ਤੁਸੀਂ ਸੁਭਾਵਕ ਹੀ ਸੁਖਦਾਤੇ ਪੁਰਖ ਹੋ।

*ਅਥਵਾ:*-ਆਪ ਸਾਰਿਆਂ ਨੂੰ ਸੁਖ ਦੇਣ ਵਾਲੇ ਹੋ, ਅਤੇ ਸੁਭਾਈ=ਸੋਭਨੀਕ ਪੁਰਖ ਹੋ॥ ੧॥ ਰਹਾਉ॥ ੧॥ ੭॥

**ਸੂਹੀ ਮਹਲਾ ੫॥**

**ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥ ੧॥**

ਇਹ ਜੀਵ ਬੁਰਿਆਂ ਕੰਮਾਂ ਦੇ ਕਰਨੇ ਨੂੰ ਉੱਠ ਕੇ ਖਲੋ ਜਾਂਦਾ, ਭਾਵ ਸਾਵਧਾਨ ਹੋ ਜਾਂਦਾ ਹੈ। ਨਾਮ ਜਪਣ ਦੇ ਵੇਲੇ ਮੰਜੇ ਉਤੇ ਪੈ ਪੈ ਕੇ,

ਵਾ:-ਪੈ=ਪੈਰਾਂ ਨੂੰ ਪੈ=ਪਸਾਰਕੇ ਸੌਂ ਰਹਿੰਦਾ ਹੈ॥ ੧॥

*ਯਥਾ:*- "ਚਿਤਵਤ ਪਾਪ ਨ ਆਲਕੁ ਆਵੈ॥" (ਪੰਨਾ ੧੧੯੩)

**ਅਉਸਰੁ ਅਪਨਾ ਬੂਝੈ ਨ ਇਆਨਾ॥**

**ਮਾਇਆ ਮੋਹ ਰੰਗਿ ਲਪਟਾਨਾ॥ ੧॥ ਰਹਾਉ॥**

ਇਆਨਾ=ਅਗਿਆਤ (ਬੇਸਮਝ) ਜੀਵ ਆਪਣੇ ਮਰਨ ਦੇ ਅਉਸਰੁ=ਸਮੇਂ ਨੂੰ ਜਾਣਦਾ ਹੀ ਨਹੀਂ। ਮਾਇਆ ਦੇ ਮੋਹ ਤੇ ਰੰਗ=ਅਨੰਦ ਵਿਚ ਫਸ ਰਿਹਾ ਹੈ।

*ਅਥਵਾ:*-ਮਾਇਆ ਦੇ ਮੋਹ ਕਰ ਕੇ ਰੰਗਾਂ-ਰੰਗਾਂ ਦੇ ਵਿਸ਼ਿਆਂ ਵਿਚ ਤਦਾਕਾਰ ਹੋ ਰਿਹਾ ਹੈ॥ ੧॥ ਰਹਾਉ॥

**ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ॥**

**ਸਾਧ ਜਨਾ ਕਾ ਦਰਸੁ ਨ ਡੀਠਾ॥ ੨॥**

ਲੋਭ ਦੀਆਂ ਲਹਿਰਾਂ ਨਾਲ ਬਿਗਸਿ=ਖੁਸ਼ ਹੋ ਕੇ ਫੁੱਲ ਕੇ ਬਹਿੰਦਾ ਹੈ।

*ਅਥਵਾ:*-ਲੋਭ ਕਰ ਕੇ ਜਦ ਮਾਇਆ ਦੀਆਂ ਲਹਰਿ=ਵਾਸ਼ਨਾਂ ਉੱਠਦੀਆਂ ਹਨ ਉਸ ਵਿਚ ਪ੍ਰਸੰਨ ਹੋ ਕੇ ਫੁੱਲ ਦੀ ਨਿਆਈਂ ਫੁੱਲ ਕੇ ਬਹਿੰਦਾ ਹੈ।

ਤੇ ਸੰਤ ਜਨਾਂ ਦਾ ਦਰਸ਼ਨ ਕਦੇ ਨਹੀਂ ਜਾ ਕੇ ਵੇਖਦਾ॥ ੨॥

**ਕਬਹੂ ਨ ਸਮਝੈ ਅਗਿਆਨੁ ਗਵਾਰਾ॥**

**ਬਹੁਰਿ ਬਹੁਰਿ ਲਪਟਿਓ ਜੰਜਾਰਾ॥ ੧॥ ਰਹਾਉ॥**

ਅਗਿਆਨ ਦੇ ਵੱਸ ਹੋ ਕੇ ਐਸਾ ਮੂਰਖ ਹੋ ਰਿਹਾ ਹੈ ਜੋ ਕਦੇ ਭੀ ਸਮਝਦਾ ਨਹੀਂ। ਬਹੁਰਿ ਬਹੁਰਿ=ਮੁੜ ਮੁੜ ਕੇ ਜੰਜਾਰਾ=ਧੰਦਿਆਂ ਵਿਚ ਲੰਪਟ ਹੋ ਰਿਹਾ ਹੈ॥ ੧॥ ਰਹਾਉ॥

**ਬਿਖੈ ਨਾਦ ਕਰਨ ਸੁਣਿ ਭੀਨਾ॥**

**ਹਰਿ ਜਸੁ ਸੁਨਤ ਆਲਸੁ ਮਨਿ ਕੀਨਾ॥ ੩॥**

ਵਿਸ਼ੇ ਸਬੰਧੀ ਨਾਦ=ਸ਼ਬਦਾਂ ਦੇ ਸੁਨਣ ਵਿਚ ਕਰਨ=ਕੰਨ ਭੀਨਾ=ਭਿੱਜ ਰਹੇ ਹਨ।

ਹਰੀ ਜਸ ਦੇ ਸੁਣਨ ਵੇਲੇ ਮਨ ਵਿਚ ਆਲਸ ਕੀਤਾ ਹੋਇਆ ਹੈ॥ ੩॥

**ਦ੍ਰਿਸਟਿ ਨਾਹੀ ਰੇ ਪੇਖਤ ਅੰਧੇ॥**

**ਛੋਡਿ ਜਾਹਿ ਝੂਠੇ ਸਭਿ ਧੰਧੇ॥ ੧॥ ਰਹਾਉ॥**

ਹੇ ਅੰਨ੍ਹੇ ਪੁਰਸ਼! ਜਿਨ੍ਹਾਂ ਪਦਾਰਥਾਂ ਨੂੰ ਤੂੰ ਵੇਖ ਰਿਹਾ ਹੈਂ, ਸਮੇਂ ਅਨੁਸਾਰ ਇਨ੍ਹਾਂ ਨੇ ਫਿਰ ਦ੍ਰਿਸਟਿ ਨਾਹੀ=ਨਿਗਾਹ ਨਹੀਂ ਆਉਣਾ। ਇਹ ਸਭ ਝੂਠੇ ਧੰਦੇ ਛੱਡ ਜਾਣੇ ਹਨ।

ਵਾ:-ਇਨ੍ਹਾਂ ਝੂਠੇ ਧੰਦਿਆਂ ਨੂੰ ਛੱਡ ਕੇ ਸਭ ਤੁਰੇ ਜਾਂਦੇ ਹਨ॥ ੧॥ ਰਹਾਉ॥

**ਕਹੁ ਨਾਨਕ ਪ੍ਰਭ ਬਖਸ ਕਰੀਜੈ॥**

**ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ॥ ੪॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ! ਬਖਸ਼ਸ਼ ਕਰੋ।

ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੰਤਾਂ ਦਾ ਸੰਗ ਕਰਨਾ ਦਿਓ॥ ੪॥

[ਪੰਨਾ ੭੩੯]

## ਤਉ ਕਿਛੁ ਪਾਈਐ ਜਉ ਹੋਈਐ ਰੇਨਾ॥

ਜੇ ਕਰ ਗੁਰਾਂ ਦੇ ਚਰਨਾਂ ਦੀ ਰੇਨਾ-ਖਾਕ ਹੋਈਏ ਤਾਂ ਕੁਝ ਪ੍ਰਾਪਤ ਹੁੰਦਾ ਹੈ।

## ਜਿਸਹਿ ਬੁਝਾਏ ਤਿਸੁ ਨਾਮੁ ਲੈਨਾ॥ ੧॥ ਰਹਾਉ॥ ੨॥ ੮॥

ਜਿਸ ਨੂੰ ਆਪ ਬੁਝਾਏ=ਸਮਝਾਉਂਦੇ ਹੋ, ਉਸ ਨੇ ਨਾਮ ਨੂੰ ਲੈਣਾ ਕੀਤਾ ਭਾਵ ਜਪਣਾ ਕੀਤਾ ਹੈ॥ ੧॥ ਰਹਾਉ॥ ੨॥ ੮॥

## ਸੂਹੀ ਮਹਲਾ ੫॥

ਨਾਮ-ਸਿਮਰਨ ਤੋਂ ਹੀਣ ਹੋ ਕੇ ਕੋਈ ਪੱਥਰ ਪੂਜਨ ਕਰ ਰਿਹਾ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ—

## ਘਰ ਮਹਿ ਠਾਕੁਰੁ ਨਦਰਿ ਨ ਆਵੈ॥ਗਲ ਮਹਿ ਪਾਹਣੁ ਲੈ ਲਟਕਾਵੈ॥੧॥

ਅੰਤਹਕਰਨ ਰੂਪ ਘਰ ਵਿਚ ਜੋ ਠਾਕੁਰੁ=ਸੁਆਮੀ ਸਾਖੀ ਚੇਤਨ ਹੈ ਉਹ ਤਾਂ ਤੈਨੂੰ ਨਦਰਿ ਨ ਆਵੈ=ਨਿਗਾਹ ਨਹੀਂ ਆਉਂਦਾ।

ਅਤੇ ਪਾਹਣੁ=ਪੱਥਰ ਦੇ ਠਾਕੁਰ ਨੂੰ ਲੈ ਕੇ ਗਲ ਵਿਚ ਲਟਕਾਈ ਫਿਰਦਾ ਹੈਂ॥ ੧॥

## ਭਰਮੇ ਭੂਲਾ ਸਾਕਤੁ ਫਿਰਤਾ॥ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ਰਹਾਉ॥

ਸਾਕਤੁ=ਮੂਰਖ ਪੁਰਸ਼ ਭਰਮ ਵਿਚ ਭੁੱਲਿਆ ਫਿਰਦਾ ਹੈ।

ਨਿਸਫਲ ਸ਼ਕਾਮ ਕਰਮਾ ਦੇ ਕਰਨੇ ਰੂਪ ਨੀਰੁ ਬਿਰੋਲੈ=ਪਾਣੀ ਨੂੰ ਰਿੜਕਦਾ ਹੈ, ਸ਼ਕਾਮ ਕਰਮਾਂ ਦੇ ਵਿਚ ਹੀ ਖਪ ਖਪ ਕੇ ਮਰਦਾ ਹੈ॥ ੧॥ ਰਹਾਉ॥

## ਜਿਸੁ ਪਾਹਣ ਕਉ ਠਾਕੁਰੁ ਕਹਤਾ॥
## ਓਹੁ ਪਾਹਣੁ ਲੈ ਉਸ ਕਉ ਡੁਬਤਾ॥ ੨॥

ਜਿਸ ਪਾਹਣ=ਪੱਥਰ ਨੂੰ ਠਾਕੁਰ ਕਹਿੰਦਾ ਹੈ।

ਉਹ ਪਾਹਣੁ=ਪੱਥਰ ਹੀ ਉਸ ਨੂੰ ਨਾਲ ਲੈ ਕੇ ਸੰਸਾਰ-ਸਮੁੰਦ੍ਰ ਵਿਚ ਡੁੱਬ ਜਾਂਦਾ ਹੈ॥ ੨॥

## ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰ ਗਿਰਾਮੀ॥ ੩॥

ਇਹ ਗੁਨਾਹ ਦਾ ਘਰ ਗੁਨਾਹੀ ਪੁਰਸ਼ ਨਿਮਕ ਹਰਾਮੀ ਹੋ ਰਿਹਾ ਹੈ। ਪਾਹਣ=ਪੱਥਰ ਦੀ ਨਾਵ=ਬੇੜੀ ਕਦੇ ਪਾਰ ਨਹੀਂ ਗਈ, ਇਸੇ ਤਰ੍ਹਾਂ ਕੁਸੰਗਤ ਰੂਪ ਪੱਥਰ ਦੀ ਬੇੜੀ ਕਦੇ ਭੀ ਗਿਰਾਮੀ=ਸਮੂੰਹ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਕਰ ਸਕਦੀ॥ ੩॥

## ਗੁਰ ਮਿਲਿ ਨਾਨਕ ਠਾਕੁਰੁ ਜਾਤਾ॥
## ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ ੪॥ ੩॥ ੯॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਪੂਰਿਆਂ ਗੁਰਾਂ ਨਾਲ ਮਿਲ ਕੇ ਉਸ ਠਾਕੁਰ ਨੂੰ ਜਾਤਾ=ਜਾਣਿਆ

ਹੈ। ਜੋ ਬਿਧਾਤਾ=ਫਲ ਬਰ ਦਾਤਾ ਪ੍ਰਭੂ, ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਆਦਿਕਾਂ ਵਿਚ ਪੂਰਨ ਹੈ॥ ੪॥ ੩॥ ੯॥

## ਸੂਹੀ ਮਹਲਾ ੫॥

ਉੱਤਮ ਮਧਮ ਸਖੀਆਂ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ।

ਮਧਮ ਸਖੀ ਉੱਤਮ ਸਖੀ ਤੋਂ ਪੁੱਛਦੀ ਹੈ—

**ਲਾਲਨੁ ਰਾਵਿਆ ਕਵਨ ਗਤੀ ਰੀ॥ ਸਖੀ ਬਤਾਵਹੁ ਮੁਝਹਿ ਮਤੀ ਰੀ॥ ੧॥**

ਰੀ=ਹੇ ਸਖੀ! ਲਾਲਨੁ=ਪਿਆਰੇ ਨੂੰ ਤੁਸਾਂ ਨੇ ਕਿਸ ਰੀਤੀ (ਮਰਯਾਦਾ) ਨੂੰ ਧਾਰ ਕੇ ਰਾਵਿਆ ਹੈ।

ਰੀ=ਹੇ ਸਖੀ! ਉਹ ਮਤੀ=ਸਿਖਿਆ, ਮੈਨੂੰ ਭੀ ਬਤਾਵਹੁ ਦੱਸਣਾ ਕਰ॥ ੧॥

ਉੱਤਮ (ਮਹਾਤਮਾ ਰੂਪ) ਸਖੀ ਨੇ ਕਿਹਾ—

**ਸੂਹਬ ਸੂਹਬ ਸੂਹਵੀ॥ ਅਪਨੇ ਪ੍ਰੀਤਮ ਕੈ ਰੰਗਿ ਰਤੀ॥ ੧॥ ਰਹਾਉ॥**

ਆਪਣੇ ਪ੍ਰੀਤਮ ਦੇ ਰੰਗਿ=ਪ੍ਰੇਮ ਵਿਚ ਰੱਤੀ ਹੋਈ ਮੈਂ ਮਨ ਕਰ ਕੇ ਸ਼ੋਭਨੀਕ, ਬਾਣੀ ਕਰ ਕੇ ਸ਼ੋਭਨੀਕ, ਸਰੀਰ ਕਰ ਕੇ ਸ਼ੋਭਨੀਕ ਹੋਈ ਹਾਂ।

*ਅਥਵਾ:*-ਚਤੁਸ਼ਟੇ ਅੰਤਹਕਰਨ ਕਰ ਕੇ ਸ਼ੋਭਨੀਕ ਹੋਈ ਹਾਂ।

ਵਾ:-ਸ਼ੋਭਨੀਕ ਆਪਣੇ ਪ੍ਰੀਤਮ ਦੇ ਰੰਗ ਵਿਚ ਰੱਤੀ ਹੋਈ, ਮੈਂ ਸ਼ੋਭਨੀਕ ਤੋਂ ਸ਼ੋਭਨੀਕ ਹੋਈ ਹਾਂ।

*ਅਥਵਾ:*-ਸ਼ੋਭਨੀਕ ਗੁਰਾਂ ਦੇ ਸ਼ੋਭਨੀਕ ਸ਼ਬਦ ਕਰ ਕੇ ਸ਼ੋਭਨੀਕ ਹੋਈ ਹਾਂ।

*ਅਥਵਾ:*-ਸ਼ੋਭਨੀਕ ਪਰਮਾਤਮਾ ਦੀ ਸੂਹਬ=ਸੋਭਾ ਕਰ ਕੇ ਸ਼ੋਭਨੀਕ ਹੋਈ ਹਾਂ।

ਮਧਮ ਸਖੀ ਕਹਿੰਦੀ ਹੈ—ਹੇ ਸੰਤੋ!

**ਪਾਵ ਮਲੋਵਉ ਸੰਗਿ ਨੈਨ ਭਤੀਰੀ॥ ਜਹਾ ਪਠਾਵਹੁ ਜਾਂਉ ਤਤੀਰੀ॥ ੨॥**

ਮੈਂ ਅੱਖਾਂ ਦੀਆਂ ਭਤੀਰੀ ਕਾਕੀਆਂ ਨਾਲ ਆਪ ਦੇ ਚਰਨਾ ਨੂੰ ਮਲੋਵਉ=ਝਸਦੀ ਹਾਂ।

ਜਹਾ=ਜਿਥੇ ਪਠਾਵਹੁ=ਭੇਜੋਗੇ, ਜਾਉ ਤਤੀ-ਰੀ=ਤਿਥੇ ਜਾਵਾਂਗੀ॥ ੨॥

**ਜਪ ਤਪ ਸੰਜਮ ਦੇਉ ਜਤੀ-ਰੀ॥**
**ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ-ਰੀ॥ ੩॥**

ਜਪ, ਤਪ, ਸੰਜਮ ਤੇ ਜਤੀ-ਰੀ=ਜਤ ਆਦਿਕ ਸਾਰੇ ਸਾਧਨ, ਮੈਂ ਆਪ ਜੀ ਨੂੰ ਦੇਂਦੀ ਹਾਂ।

ਮੈਨੂੰ ਇਕ ਨਿਮਖ ਭਰ (ਪ੍ਰਾਣਪਤੀ) ਪਰਮਾਤਮਾ ਨਾਲ ਮਿਲਾ ਦਿਓ॥ ੩॥

ਇਹ ਗੱਲ ਮਧਮ ਸਖੀ ਤੋਂ ਸੁਣ ਕੇ ਉੱਤਮ ਸਖੀ ਆਖਦੀ ਹੈ—

**ਮਾਣੁ ਤਾਣੁ ਅਹੰਬੁਧਿ ਹਤੀ-ਰੀ॥**
**ਸਾ ਨਾਨਕ ਸੋਹਾਗਵਤੀ-ਰੀ॥ ੪॥ ੪॥ ੧੦॥**

ਗੁਰੂ ਜੀ ਕਥਨ ਕਰਦੇ ਹਨ—ਹੇ ਸਖੀ! ਜਿਸ ਨੇ ਮਾਣ ਤਾਣ ਤੇ ਹੰਗਤਾ ਵਾਲੀ ਬੁੱਧੀ ਹਤੀ-ਰੀ=ਨਾਸ

ਕੀਤੀ ਹੈ, ਓਹੀ ਇਸਤਰੀ ਸੁਹਾਗਵੰਤੀ ਹੋਈ ਹੈ॥ ੪॥ ੪॥ ੧੦॥*

## ਸੂਹੀ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

**ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥ ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥ ੧ ॥**

ਹੇ ਪ੍ਰਭੂ ! ਤੂੰ ਜੀਵਨ ਦਾਤਾ ਹੈਂ, ਤੂੰਹੀਂ ਪ੍ਰਾਣਾਂ ਦਾ ਆਸਰਾ ਰੂਪ ਹੈਂ।

ਆਪ ਜੀ ਨੂੰ ਦੇਖ ਦੇਖ ਕੇ ਮਨ ਨੂੰ ਸਾਧਾਰਾ=ਧੀਰਜ ਹੋਇਆ ਹੈ।

ਅਥਵਾ:-ਮਨ ਸਹਿਤ ਆਸਰੇ ਦੇ ਹੋਇਆ ਹੈ॥ ੧॥

**ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥ ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧ ॥ ਰਹਾਉ ॥**

ਤੂੰਹੀਂ ਮੇਰਾ ਸੱਜਣ ਇਸ ਲੋਕ ਦਾ ਹੈਂ, ਤੂੰਹੀਂ ਮੇਰਾ ਪ੍ਰਲੋਕ ਦਾ ਪ੍ਰੀਤਮ ਹੈਂ। ਕਿਸੇ ਵੇਲੇ ਭੀ ਤੂੰ ਮੇਰੇ ਚਿੱਤ ਵਿਚੋਂ ਬਿਸਰਹਿ ਨ=ਭੁੱਲਦਾ ਨਹੀਂ ਹੈਂ॥ ੧॥ ਰਹਾਉ॥

**ਬੈ ਖਰੀਦੁ ਹਉ ਦਾਸਰੋ ਤੇਰਾ ॥ ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥ ੨ ॥**

ਹਉ=ਮੈਂ ਆਪ ਜੀ ਦਾ ਦਾਸ ਬੈ-ਖਰੀਦੁ=ਮੁੱਲ ਖਰੀਦਿਆ ਹੋਇਆ ਹਾਂ।

ਤੂੰ ਭਾਰੋ=ਵੱਡਾ ਠਾਕੁਰ ਸ਼ੁਭ-ਗੁਣਾਂ ਦਾ ਗਹੇਰਾ=ਸਮੁੰਦਰ ਹੈਂ॥ ੨॥

**ਕੋਟਿ ਦਾਸ ਜਾ ਕੈ ਦਰਬਾਰੇ ॥ ਨਿਮਖ ਨਿਮਖ ਵਸੈ ਤਿਨ੍ ਨਾਲੇ ॥ ੩ ॥**

ਜਿਸ (ਆਪ ਜੀ) ਦੇ ਦਰਬਾਰ ਦੇ ਕ੍ਰੋੜਾਂ ਦਾਸ ਹਨ।

ਆਪ ਨਿਮਖ ਨਿਮਖ ਕਾਲ ਵਿਚ ਉਹਨਾਂ ਦੇ ਨਾਲ ਹੀ ਵੱਸ ਰਹੇ ਹੋ॥ ੩॥

**ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥**
**ਓਤਿ ਪੋਤਿ ਨਾਨਕ ਸੰਗਿ ਬਸੇਰਾ ॥ ੪ ॥ ੫ ॥ ੧੧ ॥**

ਮੈਂ ਕੁਝ ਭੀ ਨਹੀਂ ਹਾਂ, ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ।

ਗੁਰੂ ਜੀ ਕਥਨ ਕਰਦੇ ਹਨ—ਓਤਿ ਪੋਤਿ=ਤਾਣੇ ਪੇਟੇ ਵਾਂਗ ਸਾਰਿਆਂ ਦੇ ਸੰਗ ਵਿਚ ਆਪ ਜੀ ਦਾ ਵਾਸਾ ਹੈ॥ ੪॥ ੫॥ ੧੧॥

## ਸੂਹੀ ਮਹਲਾ ੫ ॥

ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥ ੧॥

ਉਹ ਪਰਮਾਤਮਾ ਸੁਖ ਮਹਲ=ਸੁਖ ਸਰੂਪ ਹੈ, ਜਿਸ ਦੇ ਸਤਸੰਗ ਦੁਆਰੇ ਸਭ ਤੋਂ ਉੱਚੇ,

ਵਾ:-ਸ੍ਰੇਸ਼ਟ ਹਨ। ਉਹਨਾਂ ਦੁਆਰਿਆਂ ਵਿਚ ਪਿਆਰੇ ਭਗਤ ਵੱਸ ਰਹੇ ਹਨ॥ ੧॥

**ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥**
**ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥**

ਜਿਥੇ ਪ੍ਰਭੂ ਦੀ ਅਤਿਅੰਤ ਮਿੱਠੀ ਕਥਾ ਸਹਜੇ ਹੋ ਰਹੀ ਹੈ। ਉਹ ਸਤਸੰਗ ਕਿਸੇ ਵਿਰਲੇ ਅੱਖਾਂ ਨਾਲ ਵੇਖੀ

*ਨੋਟ:-ਭਤੀਰੀ, ਤਤੀਰੀ, ਪਾਠ ਇਕੱਠੇ ਹਨ, ਬਾਕੀ ਗਤੀ-ਰੀ, ਮਤੀ-ਰੀ, ਇਤਿਆਦ ਪਾਠ ਸੰਬੰਧਕ ਉਚਾਰਨ ਕਰਨੇ ਹਨ।*

ਹੈ॥ ੧ ॥ ਰਹਾਉ॥

## ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥ ੨ ॥

ਤਿਸ ਸਤਸੰਗ ਵਿਚ ਪਰਮੇਸ਼ਰ ਦੇ ਗੀਤ ਗਾਏ ਜਾਂਦੇ ਹਨ, ਨਾਦ=ਵਾਜੇ ਵੱਜਦੇ ਹਨ, ਨਾਲ ਅਖਾਰੇ=ਜੋੜ-ਮੇਲ ਹੁੰਦੇ ਹਨ।

*ਅਥਵਾ*:-ਤਿਸ ਸਤਸੰਗ ਵਿਚ ਨਾਦ ਸੰਗਾ=ਵਾਜਿਆਂ ਨਾਲ ਗੀਤ=ਸ਼ਬਦ ਗਾਉਂਦੇ ਹਨ ਤੇ ਅਖਾਰੇ=ਜੋੜ-ਮੇਲੇ ਹੁੰਦੇ ਹਨ। ਊਹਾ=ਉਸ ਅਸਥਾਨ ਪਰ ਸੰਤ ਹਰੀ ਵਿਚ ਰੰਗਾ=ਪ੍ਰੇਮ ਕਰਦੇ ਹਨ,

*ਵਾ*:-ਉਹਨਾਂ ਵਿਚ ਸੰਤ ਹਰੀ ਦਾ ਰੰਗਾ=ਆਨੰਦ ਪ੍ਰਗਟ ਕਰਦੇ ਹਨ॥ ੨ ॥

## ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥
## ਸਾਚ ਨਾਮ ਕੀ ਅੰਮ੍ਰਿਤ ਵਰਖਾ॥ ੩ ॥

ਉਥੇ ਮਰਨਾ ਜੀਉਣਾ, ਸੋਗ ਤੇ ਹਰਖ ਰੂਪ ਦੁੰਦ ਭਾਵ ਨਹੀਂ ਹੈ। ਸੱਚ ਨਾਮ ਦੀ ਅੰਮ੍ਰਿਤ ਵਰਖਾ ਹਰ ਵੇਲੇ ਹੁੰਦੀ ਰਹਿੰਦੀ ਹੈ॥ ੩ ॥

## ਗੁਹਜ ਕਥਾ ਇਹ ਗੁਰ ਤੇ ਜਾਣੀ॥
## ਨਾਨਕੁ ਬੋਲੈ ਹਰਿ ਹਰਿ ਬਾਣੀ॥ ੪ ॥ ੬ ॥ ੧੨ ॥

ਇਹ ਗੁਹਜ=ਗੁੱਝੀ ਕਥਾ ਗੁਰਾਂ ਪਾਸੋਂ ਜਾਨਣਾ ਕੀਤੀ ਹੈ, ਏਸੇ ਕਰ ਕੇ ਗੁਰੂ ਜੀ ਕਥਨ ਕਰਦੇ ਹਨ:- ਅਸੀਂ ਹਰ ਵੇਲੇ ਹਰਿ ਹਰਿ ਨਾਮ ਬਾਣੀ ਨੂੰ ਬੋਲਦੇ ਹਾਂ॥ ੪ ॥ ੬ ॥ ੧੨ ॥

## ਸੂਹੀ ਮਹਲਾ ੫ ॥

## ਜਾ ਕੈ ਦਰਸਿ ਪਾਪ ਕੋਟਿ ਉਤਾਰੇ॥ ਭੇਟਤ ਸੰਗਿ ਇਹੁ ਭਵਜਲੁ ਤਾਰੇ॥ ੧ ॥

ਜਿਨ੍ਹਾਂ ਦੇ ਦਰਸ਼ਨ ਨੇ ਕ੍ਰੋੜਾਂ ਪਾਪ ਉਤਾਰ ਦਿੱਤੇ ਭਾਵ ਦੂਰ ਕਰ ਦਿੱਤੇ ਹਨ। ਉਹਨਾਂ ਦੇ ਸੰਗ ਵਿਚ ਜੋ ਮਿਲਿਆ ਹੈ, ਉਸ ਨੂੰ ਉਹਨਾਂ ਨੇ ਇਸ ਸੰਸਾਰ-ਸਮੁੰਦਰ ਤੋਂ ਤਾਰ ਦਿੱਤਾ ਹੈ॥ ੧ ॥

## ਓਇ ਸਾਜਨ ਓਇ ਮੀਤ ਪਿਆਰੇ॥
## ਜੋ ਹਮ ਕਉ ਹਰਿ ਨਾਮੁ ਚਿਤਾਰੇ॥ ੧ ॥ ਰਹਾਉ॥

ਓਹੀ ਸੱਜਣ ਹਨ, ਓਹੀ ਪਿਆਰੇ ਮਿੱਤਰ ਹਨ। ਜੋ ਮੈਨੂੰ ਹਰੀ ਦਾ ਨਾਮ ਚੇਤੇ ਕਰਵਾਉਂਦੇ ਹਨ॥ ੧ ॥ ਰਹਾਉ॥

## ਜਾ ਕਾ ਸਬਦੁ ਸੁਨਤ ਸੁਖ ਸਾਰੇ॥ ਜਾ ਕੀ ਟਹਲ ਜਮਦੂਤ ਬਿਦਾਰੇ॥ ੨ ॥

ਜਿਨ੍ਹਾਂ ਦਾ ਸਬਦੁ=ਉਪਦੇਸ਼ ਸੁਣਦਿਆਂ ਹੀ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

ਜਿਨ੍ਹਾਂ ਦੀ ਕੀਤੀ ਹੋਈ ਸੇਵਾ ਜਮਦੂਤਾਂ ਨੂੰ ਬਿਦਾਰੇ=ਨਾਸ ਕਰਦੀ ਹੈ॥ ੨ ॥

## ਜਾ ਕੀ ਧੀਰਕ ਇਸੁ ਮਨਹਿ ਸਧਾਰੇ॥ ਜਾ ਕੈ ਸਿਮਰਣਿ ਮੁਖ ਉਜਲਾਰੇ॥ ੩ ॥

ਜਿਨ੍ਹਾਂ ਦੀ ਦਿੱਤੀ ਹੋਈ ਧੀਰਜਤਾ, ਇਸ ਮਨ ਨੂੰ ਸਧਾਰੇ=ਟਿਕਾਉਂਦੀ ਹੈ।

ਜਿਨ੍ਹਾਂ ਦੇ ਸਿਮਰਣਿ=ਯਾਦ ਕਰਨ ਨਾਲ ਮੂੰਹ ਉੱਜਲਾ ਹੁੰਦਾ ਹੈ॥ ੩॥

**ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ॥**

**ਸਰਣਿ ਨਾਨਕ ਤਿਨ੍ ਸਦ ਬਲਿਹਾਰੇ॥ ੪॥ ੭॥ ੧੩॥**

ਜੋ ਪ੍ਰਭੂ ਦੇ ਸੇਵਕ ਹਨ, ਉਹਨਾਂ ਨੂੰ ਪ੍ਰਭੂ ਨੇ ਆਪ ਸਵਾਰਿਆ ਹੈ।

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੀ ਸ਼ਰਨ ਤੋਂ ਮੈਂ ਸਦਾ ਕੁਰਬਾਨ ਜਾਂਦਾ ਹਾਂ॥ ੪॥ ੭॥ ੧੩॥

## (ਪੰਨਾ ੭੪੦)

## ਸੂਹੀ ਮਹਲਾ ੫॥

ਸੰਸਾਰ ਨੂੰ ਮਿੱਥਿਆ ਰੂਪ ਦੱਸ ਕੇ ਅਖੀਰ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ—

**ਰਹਣੁ ਨ ਪਾਵਹਿ ਸੁਰਿ ਨਰਦੇਵਾ॥**

**ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥ ੧॥**

ਸੁਰਿ=ਦੇਵਤੇ ਤੇ ਨਰਦੇਵਾ=ਬ੍ਰਾਹਮਣ,

ਵਾ:-ਰਾਜੇ ਕੋਈ ਭੀ ਸੰਸਾਰ ਵਿਚ ਰਹਿਣਾ ਨਹੀਂ ਪਾਉਂਦੇ। ਮੁਨੀ ਜਨ ਭੀ ਸੇਵਾ ਕਰ ਕੇ ਉੱਠਕੇ ਤੁਰੇ ਜਾਂਦੇ ਹਨ।

*ਅਥਵਾ:*-ਮੁਨੀ ਜਨ ਭੀ ਸੇਵਾ ਕਰ ਕੇ ਉੱਠ ਕੇ ਤੁਰੇ ਜਾਂਦੇ ਹਨ॥ ੧॥ ਜਿਵੇਂ—

### ਬਾਬਾ ਗੁਰਮੁਖ ਸਿੰਘ ਜੀ

ਇਤਿਹਾਸ-ਵੇਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ, ਭਾਰਤ ਧਰਮ ਪ੍ਰਧਾਨ ਦੇਸ਼ ਹੈ, ਜ਼ਿੰਦਗੀ ਦੇ ਹਰ ਪੱਖ ਉੱਪਰ ਧਰਮ ਦੀ ਮੋਹਰ ਲੱਗੀ ਹੈ। ਹਿੰਦੂ ਧਰਮ, ਰਿੱਖੀ-ਆਸ਼੍ਰਮਾਂ ਤੇ ਮੰਦਰਾਂ ਵਿਚ ਬੈਠ ਕੇ ਪ੍ਰਚਾਰਿਆ ਗਿਆ। ਬੁੱਧ ਧਰਮ ਦੀ ਸਿਖਿਆ ਮੱਠਾਂ ਵਿਚ ਬੈਠ ਕੇ ਦਿੱਤੀ ਗਈ। ਇਸਲਾਮ ਧਰਮ ਦਾ ਵਾਧਾ ਮਸੀਤਾਂ, ਮਕਤਬਾਂ ਤੇ ਮਦਰੱਸਿਆਂ ਵਿਚ ਬੈਠ ਕੇ ਕੀਤਾ। ਇਸਾਈ ਧਰਮ ਦੇ ਦੋ ਧੁਰੇ ਸਨ, ਚਰਚ ਅਤੇ ਮਿਸ਼ਨਰੀ ਸਕੂਲ। ਇਸ ਦੇ ਸਹਾਰੇ ਤਬਲੀਗ ਦਾ ਚੱਕਰ ਚਲਦਾ ਰਿਹਾ। ਸਾਡੇ ਰਾਜੇ ਹੀ ਅਵਤਾਰ ਹੁੰਦੇ ਰਹੇ ਹਨ ਅਤੇ ਅਵਤਾਰ ਭੀ ਰਾਜੇ ਬਣਦੇ ਰਹੇ ਹਨ। ਕੋਈ ਪਹਿਲਾਂ ਰਾਜਾ ਸੀ ਅਤੇ ਫਿਰ ਅਵਤਾਰ ਬਣਿਆ ਅਤੇ ਕੋਈ ਪਹਿਲਾਂ ਅਵਤਾਰ ਸੀ ਅਤੇ ਫਿਰ ਰਾਜਾ ਬਣਿਆ।

ਹਠੀ, ਜਪੀ ਤੇ ਤਪੀ ਸਿੱਖਾਂ ਦੀ ਤ੍ਰਬੇਣੀ ਹੈ, ਏਹੋ ਧਰਮ ਦਾ ਪਾਵਨ ਸੰਗਮ ਹੈ। ਹਠ, ਸਿਰੜ ਤੇ ਮੋਹਕਮ ਹੋਣਾ ਚਟਾਨਾਂ ਵਰਗੇ ਆਚਰਣ ਦੀਆਂ ਨਿਸ਼ਾਨੀਆਂ ਹਨ। ਹਠ ਅਤੇ ਸਿਰੜ ਦੀ ਧਰਤੀ ਵਿਚੋਂ, 'ਜਪ' ਅਤੇ 'ਤਪ' ਪੈਦਾ ਹੁੰਦਾ ਹੈ। ਹਠ ਹੀ 'ਨੇਮ' ਨੂੰ ਪੱਕਿਆਂ ਕਰਦਾ ਹੈ, ਹਠ ਹੀ 'ਤਪਦੀ ਕੰਗਰੋੜ' ਬਣਦਾ ਹੈ। ਹਠ ਤੇ ਸਿਰੜ ਤੋਂ ਬਿਨਾਂ 'ਸਿਮਰਨ' ਨਹੀਂ ਕੀਤਾ ਜਾ ਸਕਦਾ। ਗੁਰੂਆਂ ਨੇ ਆਪ ਛੋਨੇ ਵਿਚੋਂ ਡੀਲਾ ਤੇ ਨਦੀੜ ਕੱਢਿਆ ਅਤੇ ਉਸ ਦੀਆਂ ਨੁੱਚੜਦੀਆਂ ਪੰਡਾਂ ਆਪ ਚੁੱਕੀਆਂ ਅਤੇ ਸਿੱਖਾਂ ਦੇ ਸਿਰਾਂ ਤੇ ਚੁਕਾਈਆਂ। ਆਪ ਹਲ ਵਾਹੇ ਤੇ ਸਿੱਖਾਂ ਤੋਂ ਵਹਾਏ, ਆਪ ਥੜ੍ਹੇ ਬਣਾਏ ਤੇ ਸਿੱਖਾਂ ਤੋਂ ਬਣਵਾਏ। ਆਪ ਖੂਹ ਤੇ ਬਾਉਲੀਆਂ ਪੁੱਟੀਆਂ ਅਤੇ ਸਿੱਖਾਂ ਤੋਂ ਪੁਟਵਾਈਆਂ। ਆਪ ਤਲਾਬ ਖੋਦੇ ਅਤੇ ਸਿੱਖਾਂ ਤੋਂ ਖੁਦਵਾਏ। ਆਪ ਬ੍ਰਿਛਾਂ ਦੀ ਰਾਖੀ ਕੀਤੀ ਅਤੇ ਸਿੱਖਾਂ ਤੋਂ ਰਾਖੀ ਕਰਵਾਈ। ਆਪ ਭਾਂਡੇ ਮਾਂਜੇ ਅਤੇ ਸਿੱਖਾਂ ਤੋਂ ਮਜਵਾਏ। ਆਪ ਪੱਖਾ ਝੱਲਿਆ ਅਤੇ ਸਿੱਖਾਂ

ਤੋਂ ਝਲਵਾਇਆ। ਆਪ ਦਰਿਆ ਚੀਰ ਕੇ ਪਾਰ ਲੰਘੇ ਅਤੇ ਸਿੱਖਾਂ ਨੂੰ ਲੰਘਾਇਆ। ਆਪ ਦਾਣੇ ਚੱਬੇ ਅਤੇ ਸਿੱਖਾਂ ਨੂੰ ਚਬਵਾਏ। ਆਪ ਫਾਕੇ ਕੱਟੇ ਅਤੇ ਸਿੱਖਾਂ ਤੋਂ ਫਾਕੇ ਕਟਵਾਏ। ਆਪ ਧਰਮਸਾਲਾ ਬਣਾਈਆਂ ਅਤੇ ਸਿੱਖਾਂ ਤੋਂ ਉਸਰਵਾਈਆਂ। ਆਪ ਬਾਣੀ ਲਿਖੀ ਅਤੇ ਸਿੱਖਾਂ ਤੋਂ ਲਿਖਵਾਈ, ਆਪ ਕੀਰਤਨ ਕੀਤਾ ਅਤੇ ਸਿੱਖਾਂ ਤੋਂ ਕਰਵਾਇਆ। ਪਹਿਲਾਂ ਆਪ ਸ਼ਹੀਦੀ ਦੇ ਪੂਰਨੇ ਪਾਏ ਅਤੇ ਫਿਰ ਇਸ ਗਾਡੀ ਰਾਹ ਉੱਪਰ ਸਿੱਖਾਂ ਨੂੰ ਤੋਰਿਆ। ਬਾਣੀ ਦੇ ਆਪ ਅਰਥ ਕੀਤੇ ਅਤੇ ਸਿੱਖਾਂ ਤੋਂ ਕਰਵਾਏ। ਆਪ ਕੁਸ਼ਟੀਆਂ ਅਤੇ ਅਪਾਹਜਾਂ ਦੀ ਸੇਵਾ ਕੀਤੀ ਅਤੇ ਸਿੱਖਾਂ ਤੋਂ ਕਰਵਾਈ।

ਸੰਗਤ ਦੇ ਰੂਪ ਵਿਚ ਸਿੱਖ ਜੁੜਦੇ ਹਨ, ਸੰਗਤ ਦੇ ਰੂਪ ਵਿਚ ਕਥਾ ਤੇ ਕੀਰਤਨ ਸੁਣਦੇ ਹਨ। ਸੰਗਤ ਦੇ ਰੂਪ ਵਿਚ ਸੇਵਾ ਕਰਦੇ ਹਨ, ਸੰਗਤ ਦੇ ਰੂਪ ਵਿਚ ਅਰਦਾਸ ਕਰਦੇ ਹਨ ਅਤੇ ਸਾਰੀ ਅਰਦਾਸ ਵਿਚ ਚਾਰ ਵਾਰ ਸਿੱਖਾਂ ਨੂੰ ਚੇਤਾਵਨੀ ਦੇ ਕੇ ਧਿਆਨ ਧਰਨ ਲਈ (ਤਸੱਵਰ) ਕਿਹਾ ਜਾਂਦਾ ਹੈ।

੧. ਪਹਿਲੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਦਰਸ਼ਨ ਤੇ ਦੀਦਾਰੇ ਦਾ।

੨. ਦੂਜੀ ਵਾਰ, ਪੰਜਾਂ ਪਿਆਰਿਆਂ ਦਾ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਦੇਗ ਅਤੇ ਤੇਗ ਚਲਾਉਣ ਤੇ ਵੰਡ ਕੇ ਛਕਣ ਵਾਲਿਆਂ ਦਾ।

੩. ਤੀਜੀ ਵਾਰ, ਕੁਰਬਾਨੀਆਂ ਵਾਲੀਆਂ ਸਿੰਘਣੀਆਂ, ਸੀਸ ਦੇਣ, ਬੰਦ ਬੰਦ ਕਟਵਾਉਣ, ਖੋਪਰੀਆਂ ਲੁਹਾਉਣ, ਚਰਖੜੀਆਂ ਤੇ ਚੜ੍ਹਨ ਵਾਲਿਆਂ ਦਾ ਧਿਆਨ।

੪. ਚੌਥੀ ਵਾਰ, ਤਖਤਾਂ ਅਤੇ ਸਮੂੰਹ ਗੁਰਦੁਆਰਿਆਂ ਦਾ ਧਿਆਨ ਧਰ ਕੇ।

ਗੁਰੂ ਧਿਆਨ ਵਿਚੋਂ ਬਾਣੀ ਆਈ ਹੈ, ਗੁਰੂ ਧਿਆਨ ਵਿਚੋਂ ਨਿਸ਼ਾਨ ਤੇ ਗੁਰਦੁਆਰੇ ਪੈਦਾ ਹੋਏ ਹਨ, ਗੁਰੂ ਧਿਆਨ ਵਿਚੋਂ ਅੰਮ੍ਰਿਤ-ਸਰੋਵਰ ਅਤੇ ਬਾਉਲੀਆਂ ਪੈਦਾ ਹੋਈਆਂ ਹਨ।

ਸਿੱਖ ਭੀ ਆਪਣੇ ਗੁਰੂ ਨੂੰ ਸਭ ਤੋਂ ਵੱਡਾ ਮੰਨਦੇ ਹਨ। ਹਰ ਇਕ ਦਾ ਪਿਓ, ਉਸ ਲਈ ਸਭ ਤੋਂ ਵੱਡਾ ਹੁੰਦਾ ਹੈ, ਪਰ ਆਪਣੇ ਪਿਤਾ ਜੀ ਦਾ ਅਸਥਾਨ ਜੋ ਸਭ ਤੋਂ ਵੱਡਾ ਅਤੇ ਉੱਚਾ ਬਣਾਉਂਦਾ ਹੈ, ਉਹ ਪੁੱਤਰ ਆਪ ਭੀ ਵੱਡਾ ਹੁੰਦਾ ਹੈ ਅਤੇ ਉਹ ਆਪਣੇ ਪਿਤਾ ਜੀ ਨੂੰ ਵੱਡਾ ਬਣਾਉਂਦਾ ਹੈ।

ਅਕਾਲੀ ਫੂਲਾ ਸਿੰਘ ਜੀ, ਬਾਬਾ ਜਸਾ ਸਿੰਘ ਜੀ, ਸ: ਬਘੇਲ ਸਿੰਘ ਜੀ, ਭਾਈ ਮਨੀ ਸਿੰਘ ਜੀ ਨੇ ਗੁਰਦੁਆਰਿਆਂ ਦੇ ਆਦਰਸ਼ਕ ਪ੍ਰਬੰਧ ਦੀ ਪ੍ਰੰਪਰਾ ਤੋਰੀ।

ਸੰਤਾਂ, ਮਹੰਤਾਂ, ਮਹਾਂ ਪੁਰਖਾਂ ਤੇ ਗਿਆਨੀਆਂ ਦੀ ਪ੍ਰੇਰਨਾ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਤੇ ਮਿਸਲਾਂ ਦੇ ਸਰਦਾਰਾਂ ਨੇ ਗੁਰਦੁਵਾਰਿਆਂ ਨੂੰ ਆਰਥਿਕ ਤੌਰ ਉੱਪਰ ਮਜ਼ਬੂਤ ਕਰਨ ਦਾ ਸ਼ੁਭ ਕਾਰਜ ਕੀਤਾ।

ਜਿਹੜਾ ਮਹਾਨ ਕਾਰਜ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਦੁਆਰੇ ਕਾਇਮ ਕਰਨ ਤੇ ਪ੍ਰਚਲਤ ਕਰਨ ਦਾ ਉਦਾਸੀਨ ਮਹਾਤਮਾ ਨੂੰ ਸੌਂਪਿਆ ਸੀ, ਉਹਨਾਂ ਨੇ ਬੜੀ ਸਫਲਤਾ ਨਾਲ ਉਸ ਨੂੰ ਸੰਪੂਰਨ ਕੀਤਾ।

ਅਖਾੜਾ ਬ੍ਰਹਮ ਬੂਟਾ ਦੇ ਮਹਾਂਪੁਰਖਾਂ ਨੇ ਜੋ ਸੰਗਤ ਸਾਹਿਬ, ਭਾਈ ਫੇਰੂ ਸੱਚੀ ਦਾਹੜੀ ਦੀ ਸੰਪ੍ਰਦਾਇ ਵਿਚੋਂ ਸਨ; ਬਾਵਾ ਸੰਤੋਖ ਦਾਸ ਜੀ ਅਤੇ ਨਿਰਬਾਣ ਪ੍ਰੀਤਮ ਦਾਸ ਜੀ ਨੇ ਰਾਵੀ ਤੋਂ ਹੰਸਲੀ ਕੱਢਕੇ ਸਰੋਵਰ ਵਿਚ ਨਿਰਮਲ ਜਲ ਪਾਇਆ ਅਤੇ ਹੰਸਲੀ ਦੀ ਪਰੰਪਰਾ ਤੋਰੀ।

ਦੂਰ ਪਹਾੜਾਂ ਤੋਂ ਉੱਚੇ ਲੰਮੇ ਸਿਧ ਤੇ ਗਗਨ ਚੁੰਮਦੇ ਦੋ ਬ੍ਰਿੱਛ ਲਿਆ ਕੇ ਸ੍ਰੀ ਅਕਾਲ ਤਖਤ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਦੇ ਇਕ ਪਾਸੇ ਰਾਜ-ਯੋਗ ਦੇ ਨਿਸ਼ਾਨ ਝੁਲਾ ਦਿੱਤੇ ਅਤੇ ਉੱਚੇ

ਤੋਂ ਉੱਚੇ ਨਿਸ਼ਾਨ ਸਾਹਿਬ ਝੁਲਾਉਣ ਦੀ ਨੀਂਹ ਰੱਖੀ।

ਸਿੰਘ ਸਭਾ ਲਹਿਰ ਧੀਮੀ ਠੰਢੀ ਤੇ ਨਿਘਰ ਸੀ। ਅਕਾਲੀ ਲਹਿਰ ਧਾਰਮਿਕ ਤੇ ਰਾਜਨੀਤਕ, ਦੋਹਰੀ ਸੀ। ਪਹਿਲੀ ਲਹਿਰ ਦਾ ਕੰਮ ਸੀ, ਅਵਸਰ ਅਨੁਸਾਰ ਲਾਭ ਉਠਾਉਣਾ। ਦੂਜੀ ਦਾ ਕੰਮ ਸੀ, ਅੰਗਰੇਜ਼ ਦੇ ਸਹਾਇਕਾਂ ਦਾ ਲੱਕ ਤੋੜਨਾ ਅਤੇ ਆਪਣੇ ਦੇਸ਼ ਵਿਚ ਆਪਣਾ ਰਾਜ ਕਾਇਮ ਕਰਨਾ। ਇਸ ਲਹਿਰ ਨੇ ਇਕ ਵਾਰ ਸਾਰੀ ਕੌਮ ਵਿਚੋਂ ਕੂੜਾ ਕਰਕਟ ਹੂੰਝ ਕੇ ਸੁਟਾ ਦਿੱਤਾ। ਡਾਕੂਆਂ ਨੇ ਅੰਮ੍ਰਿਤ ਪਾਨ ਕੀਤਾ ਤੇ ਜਥੇਦਾਰ ਬਣ ਗਏ। ਪੀੜ੍ਹੀਆਂ ਦੇ ਵੈਰੀ ਪੱਗ-ਵੱਟ ਭਰਾ ਬਣ ਗਏ। ਕਚਹਿਰੀਆਂ ਵਿਚ ਉਲੂ ਬੋਲਣ ਲੱਗ ਪਏ। ਇਖਲਾਕੀ ਕੈਦੀਆਂ ਦੀ ਥਾਂ ਜੇਲ੍ਹਾਂ ਰਾਜਸੀ ਕੈਦੀਆਂ ਨਾਲ ਭਰ ਗਈਆਂ। ਜੇਲ੍ਹਾਂ ਖਤਮ ਹੋਣ ਤੇ ਮਿੰਟਗੁਮਰੀ ਵਿਚ ਕੰਡਿਆਲੀਆਂ ਤਾਰਾਂ ਦੀ ਤਾਰ ਲਾ ਕੇ ਨਾਮ-ਮਾਤਰ ਜੇਲ੍ਹ ਬਣਾਈ ਗਈ।

ਇਕ ਮੋਰਚਾ ਖਤਮ ਨਹੀਂ ਸੀ ਹੁੰਦਾ ਕਿ ਦੂਜਾ ਲੱਗ ਜਾਂਦਾ ਸੀ। ਦੂਜੇ ਦੇ ਨਾਲ ਤੀਜਾ ਅਤੇ ਚੌਥਾ ਸ਼ੁਰੂ ਹੋ ਜਾਂਦਾ, ਸਾਗਰ ਦੀਆਂ ਲਹਿਰਾਂ ਵਾਂਗ ਮੋਰਚਿਆਂ ਤੇ ਜਥੇ ਜਾਂਦੇ ਸਨ। ਗੋਲੀਆਂ ਚਲਦੀਆਂ, ਡਾਗਾਂ ਪੈਂਦੀਆਂ, ਉੱਪਰ ਦੀ ਘੋੜੇ ਦੁੜਾਏ ਜਾਂਦੇ, ਕਾਰਖਾਸ ਵਿਚ ਭੇਜਿਆ ਜਾਂਦਾ।

ਸਾਰੀ ਕੌਮ, ਆਪਣੇ ਪਿਤਾ ਜੀ ਦੇ ਨਾਮ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖਵਾਉਣ ਲੱਗੀ। ਆਪਣੇ ਪਿੰਡ ਦੀ ਥਾਂ ਤੇ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵਾਸੀ ਬਣ ਗਏ। ਲੰਡਨ ਤੋੜ ਸਿੰਘ, ਲੰਡਨ ਫੂਕ ਸਿੰਘ, ਅਤੇ ਅੰਗਰੇਜ਼ ਆਕੜ ਭੰਨ ਸਿੰਘ ਆਦਿਕ ਅਨੋਖੇ ਜੋਸ਼ੀਲੇ ਆਪਣੇ ਨਾਮ ਲਿਖਵਾਉਂਦੇ, ਜਿਸ ਕਰਕੇ ਕਚਹਿਰੀ ਦੀਆਂ ਕਲਮਾਂ ਰੁਕ ਗਈਆਂ। ਸਾਰੇ ਆਪਣੇ ਨਵੇਂ ਨਵੇਂ ਨਾਮ ਰੱਖ ਲੈਂਦੇ ਤਾਂ ਕਿ ਸਰਕਾਰ ਨੂੰ ਉਨ੍ਹਾਂ ਦੇ ਅੱਗੇ ਪਿੱਛੇ ਦੇ ਨਾਮ ਟਿਕਾਣੇ ਦਾ ਪਤਾ ਨਾ ਲੱਗੇ।

ਲਹਿਰਾਂ ਦੀ ਉਮਰ ਛੋਟੀ ਹੁੰਦੀ ਹੈ, ਪਰ ਉਸ ਦਾ ਇਤਿਹਾਸ ਵੱਡਾ ਹੁੰਦਾ ਹੈ। ਕੁਝ ਲਹਿਰਾਂ ਢਾਹੁਣ ਵਾਲੀਆਂ ਹੁੰਦੀਆਂ ਹਨ, ਕੁਝ ਉਸਾਰਨ ਵਾਲੀਆਂ। ਇਹ ਭੀ ਠੀਕ ਹੈ ਕਿ ਉਸਾਰਨ ਤੋਂ ਪਹਿਲਾਂ ਢਾਹੁਣ ਦੀ ਲੋੜ ਹੁੰਦੀ ਹੈ।

ਕੋਈ ਭੀ ਕੌਮ ਆਪਣੇ ਗੁਰੂਆਂ ਵੇਲੇ ਅਕਾਰ ਵਿਚ ਵੱਡੀ ਨਹੀਂ ਹੁੰਦੀ। ਮਾਪਿਆਂ ਦੇ ਪਿੱਛੋਂ ਹੀ ਬੱਚੇ ਜਵਾਨ ਹੁੰਦੇ ਹਨ, ਵਡ ਪ੍ਰਵਾਰੀਏ ਬਣਦੇ ਹਨ। ਮਿਸਲਾਂ ਦਾ ਸਮਾਂ ਸਿੱਖੀ ਦਾ ਸੁਨਹਿਰੀ ਕਾਲ ਸੀ, ਮਹਾਰਾਜਾ ਰਣਜੀਤ ਸਿੰਘ ਵੇਲੇ ਸਿੱਖਾਂ ਦੀ ਰਾਜਸੀ ਹਾਲਤ ਦਾ ਸੁਨਹਿਰੀ ਕਾਲ ਸੀ, ਪਰ ਸਿੱਖੀ ਨੂੰ ਢਾਹ ਲਗ ਚੁੱਕੀ ਸੀ। ਅਕਾਲੀ ਫੂਲ ਸਿੰਘ ਜੀ ਵਰਗੀ ਸ਼ਖਸੀਅਤ ਨੂੰ ਭੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚੋਂ ਅਨ-ਜਲ ਨਾ ਛਕਣ ਦਾ ਪ੍ਰਣ ਕਰਨਾ ਪੈਂਦਾ ਸੀ।

ਅਕਾਲੀ ਲਹਿਰ ਗੁਰਦੁਆਰਾ ਐਕਟ ਲੈ ਕੇ ਪ੍ਰਬੰਧਕ ਕੰਮਾਂ ਵਿਚ ਰੁਝ ਗਈ ਪਰ ਕਾਰ ਸੇਵਾ ਨੇ ਜਿਹੜਾ ਨਿਰੋਲ ਸੇਵਾ ਦਾ ਹੁਲਾਰਾ ਸੰਗਤਾਂ ਦੇ ਹਿਰਦੇ ਵਿਚ ਮਾਰਿਆ, ਮਹਾਂਪੁਰਖਾਂ ਨੇ ਉਸ ਨੂੰ ਹਮੇਸ਼ਾਂ ਲਈ ਕਾਬੂ ਕਰ ਲਿਆ। ਭਾਵੇਂ ਇਹ ਗੱਲ ਠੀਕ ਹੈ ਤੇ ਸਰਕਾਰ ਦੇ ਗੁਪਤ ਕਾਗਜ਼ ਭੀ ਇਹ ਪ੍ਰਗਟ ਕਰਦੇ ਹਨ, ਕਿ ਉਦੋਂ ਇਹ ਵਿਸ਼ਵਾਸ਼ ਸੀ ਕਿ ਕਾਰ ਸੇਵਾ ਦੇ ਫਲ ਕਰਕੇ ਅੰਗਰੇਜ਼ੀ ਰਾਜ ਖਤਮ ਹੋ ਜਾਵੇਗਾ। ਸੇਵਾ ਦੀ ਪ੍ਰੇਰਨਾ ਹੈ ਕਿ ਜ਼ਾਲਮ ਦਾ ਰਾਜ ਨਾ ਰਹੇ। ਇਹ ਕੰਮ ਇਤਿਹਾਸਕਾਰਾਂ ਦਾ ਹੈ ਕਿ ਉਹ ਪੜਤਾਲ ਕਰਕੇ ਵੇਖਣ ਕਿ ਕਾਰ ਸੇਵਾ ਦੇ ਸੰਪੂਰਨ ਹੋਣ ਤਕ ਅੰਗਰੇਜ਼ੀ ਰਾਜ ਦੇ ਕਿਹੜੇ ਕਿਹੜੇ ਥੰਮ੍ਹ ਹਿਲ ਗਏ ਸਨ ਅਤੇ ਜਿਸ ਉੱਪਰ ਹਰ ਸਮੇਂ ਸੂਰਜ ਚੜ੍ਹਿਆ ਰਹਿੰਦਾ ਸੀ। ਉਸ ਦੇ ਕਿਸ ਕਿਸ ਹਿੱਸੇ ਵਿਚ ਰਾਤ ਦੇ ਪ੍ਰਛਾਵੇਂ ਆ ਗਏ ਸਨ।

ਪਹਿਲੀ ਕਾਰ ਸੇਵਾ ਮਹਾਰਾਜਾ ਸ਼ੇਰ ਸਿੰਘ ਜੀ ਦੇ ਵੇਲੇ ਹੋਈ, ਜਿਸ ਵਿਚ ਰਾਜ-ਘਰਾਣੇ ਦੇ ਸਾਰੇ ਪ੍ਰਵਾਰ

ਨੇ ਸੇਵਾ ਕਰਕੇ ਆਪਣਾ ਜਨਮ ਸਫਲ ਕੀਤਾ। ਫੌਜ ਦੇ ਮੁਖੀਆਂ ਨੇ ਗਾਰ ਕੱਢਣ ਨੂੰ ਕਾਰ ਸੇਵਾ ਕਹਿ ਕੇ ਸ਼ਰਧਾ ਪ੍ਰਗਟ ਕੀਤੀ।

੧੭ ਜੂਨ ੧੯੨੩ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਪਹਿਲਾ ਟੱਕ ਲਾਇਆ। ਇਹ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦੇ ਬਾਟੇ ਇਤਿਹਾਸਕ ਯਾਦਗਾਰ ਦੇ ਤੌਰ ਤੇ ਹਰ ਜਲੌ ਸਮੇਂ ਵਿਖਾਏ ਜਾਂਦੇ ਹਨ। ਉਸ ਸਮੇਂ ਭੀ ਇਕ ਜਥੇ ਨੇ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦੇ ਬਾਟਿਆਂ ਦੀ ਵਿਰੋਧਤਾ ਕਰਕੇ ਲੋਹੇ ਦੀਆਂ ਕਹੀਆਂ ਅਤੇ ਲੋਹੇ ਦੇ ਬਾਟੇ ਲੈ ਕੇ ਪਹਿਲੇ ਹੀ ਸੇਵਾ ਦਾ ਟੱਕ ਲਾ ਦਿੱਤਾ ਸੀ।

ਬਾਬਾ ਗੁਰਮੁਖ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਭਾਈ ਕਰਮ ਸਿੰਘ ਅਰੋੜਾ ਸੀ। ਮਾਤਾ ਜੀ ਦਾ ਨਾਮ ਗੁਰਦੇਈ ਸੀ। ਆਪ ਜੀ ਦੀ ਜਨਮ ਭੂਮੀ ਦਿਆਲ ਗੜ੍ਹ ਬੂੜੀਆਂ ਕਿਲ੍ਹਾ ਰਾਣੀ ਸ਼ਾਖਾ ਸੀ। ਪੂਰਬਲੇ ਸੰਸਕਾਰਾਂ ਕਰਕੇ ਆਪ ਜੀ ਪ੍ਰਭੂ ਨਾਲ ਸੁਰਤ ਜੋੜੀ ਰਖਦੇ ਸਨ। ਮਾਤਾ ਜੀ ਦੇ ਚੰਗੇ ਪ੍ਰਭਾਵ ਕਰਕੇ ਆਪ ਜੀ ਨੇ ਸਾਰੇ ਜੀਵਨ ਵਿਚ ਇਕ ਵਾਰ ਭੀ ਝੂਠ ਨਹੀਂ ਬੋਲਿਆ।

ਆਪ ਜੀ ਨੀਂਦਰ ਨੂੰ ਸਭ ਤੋਂ ਬਲਵਾਨ ਮੰਨਦੇ ਸਨ ਅਤੇ ਇਸ ਨੂੰ ਰੋਕਣ ਲਈ ਅਤੇ ਸਾਵਧਾਨ ਰਹਿਣ ਲਈ ਆਪ ਖੂਹ ਦੀ ਮਣ ਦੇ, ਖੂਹ ਦੇ ਕੰਢੇ ਤੇ ਬੈਠ ਕੇ ਸਿਮਰਨ ਕਰਦੇ। ਜੇ ਨੀਂਦਰ ਬਹੁਤਾ ਹੀ ਤੰਗ ਕਰੇ ਤਾਂ ਆਪਣੇ ਕੇਸ ਦਰੱਖਤ ਨਾਲ ਬੰਨ੍ਹ ਕੇ ਖੜੇ ਹੋ ਕੇ ਜਾਪ ਕਰਦੇ ਸਨ।

ਜਵਾਨ ਹੋਣ ਤੇ ਆਪ ਫੌਜ ਵਿਚ ਭਰਤੀ ਹੋ ਗਏ, ਪਰ ਉਹਨਾਂ ਨੇ ਪਹਿਲਾ ਆਪਣੇ ਪ੍ਰਭੂ ਦੀ ਨੌਕਰੀ ਨੂੰ ਹੀ ਦਿੱਤੀ।

ਇਕ ਵਾਰ ਇਨ੍ਹਾਂ ਦੇ ਯੂਨਿਟ ਨੇ ਪਰੇਡ ਵਿਚ ਆਪਣੇ ਹਥਿਆਰਾਂ ਦਾ ਮੁਆਇਨਾ ਕਰਵਾਉਣਾ ਸੀ। ਆਪ ਜੀ ਸਾਰੀ ਰਾਤ ਸਿਮਰਨ ਤੇ ਗੁਰੂ ਬਾਣੀ ਨਾਲ ਆਪਣਾ ਮਨ ਅਤੇ ਆਪਣੀਆਂ ਗਿਆਨ ਇੰਦਰੀਆਂ ਮਾਂਜਦੇ ਤੇ ਲਿਸ਼ਕਾਉਂਦੇ ਰਹੇ। ਸਵੇਰ ਵੇਲੇ ਫੌਜੀ ਬਰਦੀ ਪਾ ਕੇ ਅਤੇ ਹਥਿਆਰ ਲੈ ਕੇ ਲਾਇਨ ਵਿਚ ਖੜੇ ਹੋ ਗਏ। ਅੰਗਰੇਜ਼ ਅਫਸਰ ਨੇ ਸਾਰੇ ਸਿਪਾਹੀਆਂ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਜੋਹਿਆ, ਪਰ ਜਦੋਂ ਉਹ ਆਪ ਜੀ ਪਾਸ ਆਵੇ, ਉਸ ਨੂੰ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਵੇ। ਸ਼ਕਾਇਤ ਲਾਉਣ ਤੇ ਸਾਹਬ ਫਿਰ ਇਨ੍ਹਾਂ ਵਲ ਆਇਆ ਪਰ ਬਿਨਾਂ ਇਕ ਭੀ ਸ਼ਬਦ ਦੇ ਬੋਲਣ ਤੋਂ ਉਹ ਵਾਪਸ ਚਲਿਆ ਗਿਆ।

ਬਾਬਾ ਜੀ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਕਿਹਾ—"ਮਨੁੱਖ ਦੀ ਸੇਵਾ ਔਖੀ ਹੈ ਪਰ ਫਲ ਕੌੜਾ ਹੈ। ਪ੍ਰਭੂ ਦੀ ਸੇਵਾ ਭੀ ਸੌਖੀ ਹੈ ਅਤੇ ਫਲ ਭੀ ਮਿੱਠਾ ਹੈ।"

ਆਪ ਜੀ ਪਟਿਆਲੇ ਆ ਗਏ। ਇਨ੍ਹਾਂ ਦੇ ਨਾਲ ਗੁਰਮੁਖ ਪਿਆਰੇ ਬਾਬਾ ਸਾਧੂ ਸਿੰਘ ਜੀ ਮਿਲ ਗਏ। ਪਟਿਆਲੇ ਤੋਂ ਪੰਜ ਮੀਲ ਦੀ ਦੂਰੀ ਤੇ ਇਨ੍ਹਾਂ ਨੇ ਜੰਗਲ ਵਿਚ ਬਾਰਾਂ ਸਾਲ ਦਾ ਚਲੀਹਾ ਕੱਟਿਆ। ਇਹ ਨਾ ਲੂਣ ਖਾਂਦੇ, ਨਾ ਅਚਾਰ ਦੀ ਵਰਤੋਂ ਕਰਦੇ ਅਤੇ ਨਾ ਮਿੱਠਾ ਖਾਂਦੇ। ਇਨ੍ਹਾਂ ਦਾ ਭਰੋਸਾ ਸੀ ਕਿ ਜਿਹੜੀ ਪੱਟੀ ਸਵਾਦੋਂ ਪੱਟੀ, ਸਵਾਦ ਵਾਲੀ ਮੱਛੀ ਨੂੰ ਏਡਾ ਵੱਡਾ ਸਾਗਰ ਭੀ ਨਹੀਂ ਬਚਾ ਸਕਦਾ।

ਇਸ ਤੋਂ ਪਿਛੋਂ ਇਹ ਸੰਤ ਬੀਰਮ ਦਾਸ ਜੀ ਪਾਸ ਪਿੰਡ ਧਦੋਚ ਵਿਚ ਆ ਗਏ। ਇਹ ਅਲਫ ਨੰਗੇ ਰਹਿੰਦੇ ਸਨ। ਉਹ ਕਿਸੇ ਨੂੰ ਨੇੜੇ ਨਹੀਂ ਸੀ ਢੁਕਣ ਦੇਂਦੇ ਪਰ ਜਦੋਂ ਆਪ ਜੀ ਗਏ ਤਾਂ ਉਹਨਾਂ ਨੇ ਆਪਣੇ ਗੱਲ ਨਾਲ ਲਾ ਲਿਆ। ਉਹਨਾਂ ਦੀ ਸੇਵਾ ਵਿਚ ਤਿੰਨ ਚਾਰ ਸਾਲ ਰਹੇ।

ਕੁਝ ਚਿਰ ਪਟਿਆਲੇ ਭੀ ਕਥਾ ਵਾਰਤਾ ਕਰਦੇ ਰਹੇ। ਆਪ ਜੀ ਦੇ ਅੰਦਰੋਂ ਬਾਣੀ ਦਾ ਪ੍ਰਵਾਹ ਹਰ ਸਮੇਂ

ਚਲਦਾ ਰਹਿੰਦਾ ਸੀ। ਆਪ ਜੀ ਇੱਕਲੇ ਹੀ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਸੰਪੂਰਨ ਸਮਾਪਤੀ ਕਰ ਲੈਂਦੇ ਸਨ ਤੇ ਆਖਦੇ ਸਨ, "ਜੇ ਗੁਰੂ ਜੀ ਬੈਠੇ ਰਹਿਣ, ਫਿਰ ਉਹਨਾਂ ਨੂੰ ਛੱਡ ਕੇ ਅਸੀਂ ਕਿਸ ਤਰ੍ਹਾਂ ਸੌਂ ਸਕਦੇ ਹਾਂ। ਸਾਨੂੰ ਭੀ ਉਹਨਾਂ ਦੇ ਨਾਲ ਹੀ ਜਾਗਦੇ ਰਹਿਣਾ ਚਾਹੀਦਾ ਹੈ ਆਪ ਜੀ ਆਗਿਆ ਲੈ ਕੇ ਸ੍ਰੀ ਅੰਮ੍ਰਿਤਸਰ ਆਏ ਤੇ ਇਕ ਦਿਨ ਚੌਂਕੜਾ ਮਾਰ ਕੇ ਬੈਠ ਗਏ, ਪ੍ਰਣ ਕੀਤਾ ਕਿ ਜਿੰਨ੍ਹਾਂ ਚਿਰ ਗੁਰੂ ਨਾਨਕ ਦੇਵ ਜੀ ਸਾਖ਼ਸ਼ਾਤ ਦਰਸ਼ਨ ਨਹੀਂ ਦੇਂਦੇ, ਮੂੰਹ ਨੂੰ ਅੰਨ-ਜਲ ਨਹੀਂ ਲਾਉਣਾ।

ਉਹਨਾਂ ਦੇ ਸਿਦਕ ਨੂੰ ਫਲ ਲੱਗਾ ਗੁਰੂ ਜੀ ਨੇ ਆਪਣੇ ਭਗਤ ਦੀ ਇੱਛਾ ਪੂਰੀ ਕੀਤੀ। ਉਹਨਾਂ ਨੂੰ ਪ੍ਰਸ਼ਾਦ ਦੀ ਭੀ ਬਖਸ਼ਸ਼ ਕੀਤੀ ਅਤੇ ਥਾਪੜਾ ਭੀ ਲਾਇਆ।

ਇਸ ਤੋਂ ਪਿੱਛੋਂ ਆਪ ਸਣੇ ਸੰਗਤਾਂ ਦੇ ਸ੍ਰੀ ਹਜੂਰ ਸਾਹਿਬ ਜੀ ਦੀ ਯਾਤਰਾ ਨੂੰ ਪੈਦਲ ਹੀ ਚੱਲ ਪਏ। ਰਾਹ ਵਿਚ ਗੁਰਦੁਆਰਿਆਂ ਦੀ ਸਫਾਈ ਦੀ ਸੇਵਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਕਰਦੇ ਗਏ।

ਯਾਤਰਾ ਪਿੱਛੋਂ ਫਿਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ, ਮੈਨੂੰ ਇਨ੍ਹਾਂ ਅੱਖਾਂ ਨਾਲ ਦਰਸ਼ਨ ਕਰਨ ਦਾ ਅਵਸਰ ਬਖਸ਼ੋ। ਸੇਵਕ ਦੀ ਬੇਨਤੀ ਪ੍ਰਵਾਨ ਹੋਈ ਤੇ ਦਸਮੇਸ਼ ਜੀ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਥਾਪੜਾ ਦੇ ਕੇ ਕਿਹਾ, "ਗੁਰਦਵਾਰਿਆਂ ਦੀ ਸੇਵਾ ਕਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜਨਮ ਭੀ ਸਫਲ ਕਰੋ।"

੧੯੦੩ ਨੂੰ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਏਥੇ ਆ ਕੇ ਸਿਮਰਨ ਅਤੇ ਸੇਵਾ ਵਿਚ ਜੁਟ ਪਏ। ਪਰਕਰਮਾ ਦੀ ਸੇਵਾ, ਸਰੋਵਰ ਵਿਚੋਂ ਜਾਲਾ ਕੱਢਣ ਦੀ ਸੇਵਾ, ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦੀਵਾਨ ਦੀਆਂ ਦਰੀਆਂ ਵਿਛਾਉਣ ਦੀ ਸੇਵਾ, ਰਾਤ ਨੂੰ ਹਰਿਮੰਦਰ ਜੀ ਦੇ ਇਸ਼ਨਾਨ ਕਰਨ ਤੇ ਵਿਛਾਈਆਂ ਵਿਛਾਉਣ ਤੇ ਸਜਾਉਣ ਦੀ ਪਾਵਨ ਸੇਵਾ ਸੰਭਾਲ਼ ਲਈ। ਇਨ੍ਹਾਂ ਦੇ ਨਾਲ ਹੀ ਦੋ ਢਾਈ ਸੌ ਪ੍ਰੇਮੀ ਸੀ, ਜੋ ਸਵੇਰੇ ਅਤੇ ਸ਼ਾਮ ਦੇ ਦੀਵਾਨਾਂ ਵਿਚ ਨੇਮ ਨਾਲ ਜਾਂਦੇ ਸਨ।

ਸਾਰੇ ਸੇਵਾ ਪੰਥੀ ਕੁੱਤੇ ਨੂੰ ਖਸਮ ਦਾ ਰਾਖਾ ਤੇ ਵਫਾਦਾਰ ਮੰਨਦੇ ਹਨ—"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥" (ਸਲੋਕ ਮ: ੯, ਪੰਨਾ ੧੪੨੮) ਦੇ ਅਨੁਸਾਰ ਇਹ ਭੀ ਮਿੱਥ ਹੈ ਕਿ ਕੁੱਤੇ ਦੀ ਸਵਾ ਮਣ ਭੁੱਖ ਹੁੰਦੀ ਹੈ ਪਰ ਉਹ ਸਬਰ ਅਤੇ ਸੰਤੋਖ ਵਾਲਾ ਹੁੰਦਾ ਹੈ, ਉਸ ਨੂੰ ਜਿਤਨੀ ਰੋਟੀ ਮਿਲੇ, ਉਹ ਸ਼ੁਕਰ-ਗੁਜ਼ਾਰ ਹੋ ਕੇ, ਪੂਛ ਹਿਲਾ ਹਿਲਾ ਕੇ ਮਾਲਕ ਦਾ ਮੁੜ-ਮੁੜ ਧੰਨਵਾਦ ਕਰ ਕੇ ਖਾਂਦਾ ਹੈ। ਭਾਵੇਂ ਮਾਲਕ ਦੇ ਘਰ ਉਸ ਨੂੰ ਸਾਰੀ ਉਮਰ ਭੀ ਭੁੱਖਿਆਂ ਰਹਿਣਾ ਪਵੇ, ਉਹ ਆਪਣੇ ਮਾਲਕ ਨੂੰ ਛੱਡ ਕੇ ਕਿਸੇ ਹੋਰ ਮਾਲਕ ਨੂੰ ਨਹੀਂ ਅਪਣਾਉਂਦਾ, ਭਾਵੇਂ ਉਹ ਰੋਜ਼ ਖੀਰਾਂ ਅਤੇ ਪੂੜੇ ਕਿਉਂ ਖਵਾਉਣ ਵਾਲਾ ਹੋਵੇ। ਨੀਂਦਰ ਬੜੀ ਜ਼ੋਰਦਾਰ ਹੈ ਅਤੇ ਖਾਸ ਕਰ ਕੇ ਰਾਤ ਨੂੰ ਏਸੇ ਦਾ ਰਾਜ ਹੁੰਦਾ ਹੈ ਪਰ ਕੁੱਤਾ ਸਾਰੀ ਰਾਤ ਅੱਖਾਂ ਵਿਚ ਕੱਟਦਾ ਹੈ।

ਕੁੱਤਾ ਕੁਲ-ਪਾਲ ਤੇ ਟੱਬਰ-ਪਾਲ ਨਹੀਂ ਹੁੰਦਾ। ਉਹ ਕੇਵਲ ਆਪਣੇ ਮਾਲਕ ਦਾ ਵਫਾਦਾਰ ਹੁੰਦਾ ਹੈ ਅਤੇ ਕੇਵਲ ਉਸੇ ਨਾਲ ਹੀ ਬਣਾ ਕੇ ਰੱਖਦਾ ਹੈ।

ਇਤਿਹਾਸ ਪੜ੍ਹੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਨੁੱਖ ਦੀ ਉਨਤੀ ਵਿਚ ਅਤੇ ਖਾਸ ਕਰ ਕੇ ਉਸ ਦੀ ਰੋਜ਼ੀ ਵਿਚ ਸਭ ਤੋਂ ਵੱਧ ਸਹਾਇਕ ਕੁੱਤਾ ਰਿਹਾ ਹੈ। ਖਾਸ ਕਰ ਕੇ ਕਬੀਲੇ ਦਾ ਸਭ ਤੋਂ ਵੱਡਾ ਸਹਾਰਾ ਕੁੱਤਾ ਸੀ। ਇਕ ਹੋਰ ਗੱਲ ਭੀ ਹੈ ਕਿ ਕੁੱਤਾ ਬਘਿਆੜ ਦੀ ਨਸਲ ਹੈ ਪਰ ਮਨੁੱਖ ਦੀ ਸੰਗਤ ਕਰ ਕੇ ਇਸ

ਨੇ ਆਪਣੇ ਅੰਦਰ ਲੋਹੜੇ ਦੀ ਤਬਦੀਲੀ ਲੈ ਆਂਦੀ ਹੈ। ਕੇਵਲ ਮਾਸ ਖਾਣ ਵਾਲਾ ਜਾਨਵਰ ਸੀ ਪਰ ਇਹ ਮਨੁੱਖ ਦੇ ਨਾਲ ਰਹਿ ਕੇ ਮਨੁੱਖ ਵਾਂਗ ਅਨਾਜ਼ ਖਾਣ ਵਾਲਾ ਭੀ ਬਣ ਗਿਆ ਹੈ।

ਸੋ ਜਦੋਂ ਸੇਵਾ ਪੰਥੀ ਮਹਾਤਮਾ ਕੁੱਤਿਆਂ ਨੂੰ ਰੋਟੀਆਂ ਪਾਉਂਦੇ ਹਨ ਤਾਂ ਉਹਨਾਂ ਦੇ ਸਾਹਮਣੇ ਕੁੱਤੇ ਦੀ ਸਾਰੀ ਤਾਰੀਖ ਅਤੇ ਪਰੰਪਰਾ ਹੁੰਦੀ ਹੈ ਅਤੇ ਖਾਸ ਕਰ ਕੇ ਗੁਰੂ ਬਾਣੀ ਦੀਆਂ, ਉਹ ਤੁਕਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਭਗਤਾਂ ਤੇ ਗੁਰੂਆਂ ਨੇ ਆਪਣੀ ਵਫਾ ਨੂੰ ਕੁੱਤੇ ਦੀ ਉਪਮਾ ਦਿੱਤੀ ਹੈ। ਜਿਸ ਵਿਚ ਭਗਤ ਜੀ ਕਹਿੰਦੇ ਹਨ-'ਮੈਂ ਰਾਮ ਦਾ ਕੁੱਤਾ ਹਾਂ, ਮੇਰੇ ਗਲ ਵਿਚ ਪ੍ਰਭੂ ਦੇ ਹੁਕਮ ਦੀ ਰੱਸੀ ਹੈ, ਜਿਸ ਪਾਸੇ ਉਹ ਖਿੱਚਦਾ ਹੈ, ਮੈਂ ਉਸੇ ਪਾਸੇ ਤੁਰਦਾ ਹਾਂ। ਮੈਂ ਆਪਣੀ ਮਤ ਅਨੁਸਾਰ ਨਹੀਂ, ਮਾਲਕ ਦੇ ਹੁਕਮ ਅਨੁਸਾਰ ਚਲਦਾ ਹਾਂ।

"ਕਬੀਰ ਕੂਕਰੁ ਰਾਮ ਕੋ, ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ, ਜਹ ਖਿੰਚੈ ਤਹ ਜਾਉ॥ ੭੪॥"

*(ਸਲੋਕ ਕਬੀਰ, ਪੰਨਾ ੧੩੬੮)*

ਮੈਂ ਤੇਰੇ ਦਰ ਦਾ ਕੁੱਤਾ ਹਾਂ, ਮੈਂ ਤੇਰੇ ਦਰ ਦੀ ਰਾਖੀ ਲਈ ਮੂੰਹ ਅੱਡ-ਅੱਡ ਕੇ ਭੌਂਕਦਾ ਹਾਂ।

"ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ॥ ੧॥"

*(ਰਾਮਕਲੀ ਕਬੀਰ, ਪੰਨਾ ੯੬੯)*

ਚੂੰਕਿ ਸਿੱਖ ਕੌਮ ਇਸ਼ਨਾਨੀਆਂ ਦੀ ਕੌਮ ਹੈ, ਇਸ ਕਰਕੇ ਗੁਰੂਆਂ ਨੇ ਗੁਰਦੁਆਰਿਆਂ ਦੇ ਨਾਲ ਸਰੋਵਰ ਤੇ ਬਾਉਲੀਆਂ ਟੋਬੇ ਜਾਂ ਖੂਹ ਲਵਾਏ ਸਨ। ਗੁਰਦੁਆਰੇ ਸਰੀਰ ਨੇ ਤੇ ਸੰਗਤ ਗੁਰਦੁਆਰਿਆਂ ਦੇ ਪ੍ਰਾਣ ਹਨ। ਸੰਗਤਾਂ ਲਈ ਲੰਗਰ ਦੀ ਭੀ ਲੋੜ ਹੈ। ਇਸ਼ਨਾਨ ਦੀ ਭੀ ਲੋੜ ਹੈ ਅਤੇ ਖੁਲ੍ਹੇ ਪਾਣੀ ਦੀ ਭੀ ਲੋੜ ਹੁੰਦੀ ਹੈ। ਦਿਨ ਦੂਣੀ ਤੇ ਰਾਤ ਚੌਣੀ ਤਰੱਕੀ ਕਰਦੇ ਸ਼ਹਿਰਾਂ ਵਿਚ ਗੁਰੂਆਂ ਨੇ ਇਕ ਤੋਂ ਵੱਧ ਸਰੋਵਰ ਬਣਾਏ ਅਤੇ ਟੋਬੇ ਵੱਖਰੇ ਪੁੱਟੇ। ਸ੍ਰੀ ਅੰਮ੍ਰਿਤਸਰ ਵਿਚ ਪੰਜ ਸਰੋਵਰ ਤੇ ਹੁਣ ਤਕ ਆਪਣੀ ਪੂਰੀ ਸ਼ਾਨ ਵਿਚ ਹਨ। ਕੁਝ ਪ੍ਰਸਿੱਧ ਟੋਬੇ, ਢਾਬਾਂ ਅਤੇ ਸਰੋਵਰ ਖਤਮ ਹੋ ਗਏ ਹਨ, ਕੇਵਲ ਉਹਨਾਂ ਇਲਾਕਿਆਂ ਦੇ ਨਾਮ ਉਹਨਾਂ ਦੇ ਨਾਮ ਤੇ ਹਨ, ਜਿਵੇਂ ਢਾਬ ਵਸਤੀ ਰਾਮ, ਲਛਮਣਸਰ, ਟੋਬਾ ਭਾਈ ਸਾਲ੍ਹੋ ਜੀ।

ਇਥੇ ਸੇਵਾ ਦੀ ਪੰਡ ਚੁੱਕਣ ਵਾਲਿਆਂ ਦੀ ਵਡਿਆਈ ਹੈ ਕਿ ਉਹਨਾਂ ਨੇ ਇਤਿਹਾਸਕ ਯਾਦਗਾਰਾਂ ਨੂੰ ਸਮੇਂ ਦੀ ਮਾਰ ਤੋਂ ਬਚਾਇਆ ਹੀ ਨਹੀਂ, ਸਗੋਂ ਉਸ ਨੂੰ ਦਰਸ਼ਨ ਕਰਨਯੋਗ ਭੀ ਬਣਾਇਆ ਹੈ ਅਤੇ ਉਥੇ ਫਿਰ ਸੁਰਜੀਤ ਕਰਕੇ ਫਿਰ ਨਾਮ-ਬਾਣੀ ਦੇ ਲੰਗਰ ਲਾ ਦਿੱਤੇ ਹਨ।

## ਸ੍ਰੀ ਸੰਤੋਖ ਸਰ

ਭਾਰਤ ਦੇ ਤਿੰਨ ਸ਼ਹਿਰ ਪ੍ਰਸਿੱਧ ਹਨ, ਉਦੈਪੁਰ ਝੀਲਾਂ ਦਾ ਸ਼ਹਿਰ, ਬਨਾਰਸ ਮੰਦਰਾਂ ਦਾ ਅਤੇ ਸ੍ਰੀ ਅੰਮ੍ਰਿਤਸਰ ਸਰੋਵਰਾਂ ਦਾ। ਉਹ ਗੱਲ ਪੁਰਾਣੀ ਸ਼ੀ, ਜਦੋਂ ਗੁਰੂ ਬਜ਼ਾਰ ਵਿਚਲੀ ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨਜ਼ਾਰਾ ਦਿੱਸਦਾ ਸੀ, ਜਦੋਂ ਬਾਬਾ ਅਟੱਲ ਸਾਹਿਬ ਜੀ ਦਾ ਇਲਾਕਾ ਸਮਸ਼ਾਨ ਭੂਮੀ ਸੀ। ਜਦੋਂ ਰਾਮਸਰ ਦੇ ਅਸਥਾਨ ਤੇ ਜੰਗਲ ਦੀ ਇਕਾਂਤ ਸੀ। ਜਦੋਂ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਬਾਬਾ ਅਟੱਲ ਸਾਹਿਬ ਜੀ ਦੇ ਵਿਚਕਾਰ ਸਰਾਂ ਤਕ ਗੁਰੂ ਕਾ ਬਾਗ ਸੀ।

ਅਕਾਲੀ ਲਹਿਰ ਤੋਂ ਪਹਿਲਾਂ ਵੱਖ ਵੱਖ ਪੁਜਾਰੀਆਂ ਪਾਸ ਵੱਖਰੇ ਵੱਖਰੇ ਗੁਰਦੁਆਰੇ ਸਨ ਅਤੇ ਉਹਨਾਂ ਦੀ ਚੜ੍ਹਤ ਦੇ ਉਹੋ ਮਾਲਕ ਸਨ। ਜਾਂ ਇਕ ਗੁਰਦੁਆਰੇ ਦੀ ਚੜ੍ਹਤ ਵੱਖ ਵੱਖ ਹਿੱਸੇਦਾਰ ਸਨ। ਉਹਨਾਂ ਨੇ ਸਮੇਂ ਦੀ ਵੰਡ ਕੀਤੀ ਹੋਈ ਸੀ ਅਤੇ ਜਿਹੜਾ ਡਿਊਟੀ ਤੇ ਹੁੰਦਾ ਸੀ, ਜਾਣ ਲੱਗਾ ਸਾਰੀ ਚੜ੍ਹਤ ਅਤੇ ਸਾਰਾ ਪ੍ਰਸ਼ਾਦ ਚੁਕਵਾ ਕੇ ਉਹ ਆਪਣੇ ਘਰ ਲੈ ਜਾਂਦਾ ਸੀ ਅਤੇ ਇਹ ਭੀ ਜਤਨ ਕਰਦਾ ਸੀ ਕਿ ਦਰਸ਼ਨ ਕਰਨ ਅਤੇ ਅਰਦਾਸ ਕਰਵਾਉਣ ਲਈ ਆਏ ਸ਼ਰਧਾਲੂਆਂ ਕੋਲੋਂ ਵੱਧ ਤੋਂ ਵੱਧ ਭੇਟਾ ਲਈ ਜਾਵੇ। ਕਿਉਂਕਿ ਸਾਰੀ ਆਮਦਨ ਮਹੀਨੇ ਜਾਂ ਹਫਤੇ ਪਿੱਛੋਂ ਇਕੱਠੀ ਕਰਕੇ ਵੰਡੀ ਨਹੀਂ ਸੀ ਜਾਂਦੀ, ਇਸ ਲਈ ਵਿਸ਼ੇਸ਼ ਕਰਕੇ ਪ੍ਰਬੰਧ ਕਰਨ ਜਾਂ ਸਫਾਈ ਕਰਨ ਲਈ ਕੋਈ ਰਕਮ ਸਾਂਝੇ ਖਾਤੇ ਵਿਚੋਂ ਨਹੀਂ ਸੀ ਕੱਢੀ ਜਾਂਦੀ।

ਸ੍ਰੀ ਦਰਬਾਰ ਸਾਹਿਬ ਵਿਚ ਆਉਣ ਲਈ ਹਰ ਬੁੰਗੇ ਤੋਂ ਅੰਦਰਵਾਰ ਨੂੰ ਪੌੜੀਆਂ ਉਤਰਦੀਆਂ ਸਨ, ਜਿਥੇ ਪੱਕੀਆਂ ਪੌੜੀਆਂ ਨਹੀਂ ਸਨ, ਉਥੇ ਵਾਂਸ ਦੀ ਪਉੜੀ ਲਾ ਲਈ ਜਾਂਦੀ ਸੀ, ਦਸ ਗਲੀਆਂ ਪਰਕਰਮਾ ਵਿਚ ਆ ਕੇ ਪੈਂਦੀਆਂ ਸਨ। ਪੈਰ ਧੋਣ ਦਾ ਕਿਤੇ ਭੀ ਪ੍ਰਬੰਧ ਨਹੀਂ ਸੀ। ਭੀੜੀਆਂ ਪਰਕਰਮਾਂ ਵਿਚ ਆ ਕੇ ਲੋਕ ਪਰਿਵਾਰਾਂ ਨੂੰ ਲੈ ਕੇ ਬੈਠ ਜਾਂਦੇ, ਏਥੇ ਹੀ ਛੋਲੇ ਤੇ ਕੁਲਚੇ ਵੇਚਣ ਵਾਲੇ, ਬੱਚਿਆਂ ਲਈ ਖਿਡਾਉਣੇ ਵੇਚਣ ਵਾਲੇ ਅਤੇ ਭਾਈ ਬੂਟਾ ਸਿੰਘ ਜੀ, ਭਾਈ ਪ੍ਰਤਾਪ ਸਿੰਘ ਜੀ ਆਦਿ ਕੰਘੇ, ਕੜੇ ਗੁਟਕੇ ਤੇ ਕਿਤਾਬਾਂ ਦੇ ਸਟਾਲ ਲਾ ਕੇ ਬੈਠ ਜਾਂਦੇ ਸਨ। ਜਿਹੜੇ ਪੱਤਲਾਂ, ਡੂੰਨਿਆਂ ਅਤੇ ਕਈ ਪ੍ਰਕਾਰ ਦੇ ਕੂੜਿਆਂ ਦੇ ਢੇਰ ਲੱਗ ਜਾਂਦੇ ਸਨ, ਉਹਨਾਂ ਦੀ ਸਫਾਈ ਉਹੋ ਲੋਕ ਕਰਦੇ ਸਨ, ਜੋ ਬਜ਼ਾਰਾਂ ਅਤੇ ਗਲੀਆਂ ਦੀ ਸੇਵਾ ਕਰਦੇ ਸਨ।

ਪਰਕਰਮਾ ਵਿਚ ਜੂਠ ਖਿਲਰੀ ਕਰਕੇ ਕੁੱਤੇ ਤੇ ਕਾਂ ਹੁੰਦੇ ਹੀ ਸਨ, ਇੱਲਾਂ ਭੀ ਝਪੱਟੇ ਮਾਰਦੀਆਂ ਫਿਰਦੀਆਂ ਸਨ।

ਸਾਰੇ ਹੀ ਸਰੋਵਰ ਜਿਥੇ ਭੀ ਕਿਤੇ ਸਨ ਗਾਰ ਨਾਲ ਅੱਟੇ ਪਏ ਸਨ। ਜਦੋਂ ਕਦੇ ਪਾਣੀ ਘਟ ਜਾਂਦਾ ਸੀ ਤਾਂ ਕਈ ਥਾਂਵਾਂ ਤੇ ਬਰੇਤੇ ਨਜ਼ਰ ਆਉਣ ਲੱਗ ਪੈਂਦੇ ਸਨ। ਏਨੀ ਵਧੇਰੇ ਗਾਰ ਕਰਕੇ ਪਾਣੀ ਵਿਚੋਂ ਇਕ ਖਾਸ ਕਿਸਮ ਦੀ ਹਬਕਾਰ ਆਉਂਦੀ ਸੀ।

ਕਿਸੇ ਵੇਲੇ, ਜਦੋਂ ਆਬਾਦੀ ਬੜੀ ਘੱਟ ਸੀ, ਸਾਰੇ ਸਰੋਵਰਾਂ ਵਿਚ ਨੰਗੇ ਵਹਿਣ ਆਉਂਦੇ ਸਨ ਅਤੇ ਸ਼ਹਿਰ ਦੇ ਵਸਨੀਕ ਭੀ ਅਤੇ ਪਿੰਡਾਂ ਵਾਲੇ ਭੀ ਇਸ ਗੱਲ ਦਾ ਉਚੇਚਾ ਖਿਆਲ ਰੱਖਦੇ ਸਨ ਕਿ ਸਰੋਵਰਾਂ ਵਿਚ ਜਾਣ ਵਾਲਾ ਜਲ ਨਿਰਮਲ ਅਤੇ ਪਵਿੱਤਰ ਰਹੇ। ਵਾਰੀ ਵਾਲੇ ਦਿਨ ਦਾ ਪਿੰਡਾਂ ਵਾਲਿਆਂ ਦੇ ਬਾਗਾਂ ਵਾਲਿਆਂ ਨੂੰ ਭੀ ਪਤਾ ਹੁੰਦਾ ਸੀ। ਉਹ ਲੋਕ ਧਾਰਮਿਕ ਬੰਦੇ ਸਨ, ਸੱਚਾ ਧਰਮੀ ਉਹੋ ਹੁੰਦਾ ਹੈ, ਜਿਹੜਾ ਸਾਰੇ ਧਰਮਾਂ ਦਾ ਸਤਿਕਾਰ ਕਰੇ।

ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਚ ਸਭ ਤੋਂ ਪੁਰਾਣਾ ਭੀ ਅਤੇ ਆਪਦੇ ਸਮੇਂ ਦਾ ਡੂੰਘਾ ਸਰੋਵਰ ਸੀ। ਇਸ ਦਾ ਤਾਲ ਇਕ ਖਾਸ ਪ੍ਰਕਾਰ ਦੀ ਚੀਕਣੀ ਮਿੱਟੀ ਤਕ ਡੂੰਘਾ ਸੀ ਅਤੇ ਇਹ ਭੀ ਰਵਾਇਤ ਹੈ ਕਿ ਜਦੋਂ ਅੰਮ੍ਰਿਤ ਸਰੋਵਰ ਪੁੱਟਿਆ ਗਿਆ ਤਾਂ ਇਸ ਵਿਚ ਪਾਣੀ ਨਹੀਂ ਸੀ ਠਹਿਰਦਾ, ਸਾਰਾ ਜਲ ਜੀਰ ਜਾਂਦਾ ਸੀ, ਗੁਰੂ ਜੀ ਦੇ ਹੁਕਮ ਅਨੁਸਾਰ ਸੰਤੋਖਸਰ ਦੀ ਜਦੋਂ ਪਾਵਨ ਮਿੱਟੀ ਪਾਈ ਤਾਂ ਅੰਮ੍ਰਿਤ-ਜਲ ਠਹਿਰ ਗਿਆ।

ਇਹ ਸੰਤੋਖਸਰ, ਸ਼ਹਿਰ ਦੀ ਸੰਘਣੀ ਅਬਾਦੀ ਵਿਚ ਘਿਰ ਗਿਆ। ਨਵੀਂ ਅਬਾਦੀ ਵਾਲਿਆਂ ਨੇ ਆਪਣੇ ਪਰਨਾਲੇ ਸਰੋਵਰ ਵਾਲੇ ਪਾਸੇ ਰੱਖੇ ਹੋਏ ਸਨ। ਨਿਵਾਣ ਵਾਲੇ ਘਰਾਂ ਦਾ ਭੀ ਅਤੇ ਗਲੀਆਂ ਦੇ ਵਹਿਣ ਦਾ ਸਾਰਾ ਗੰਦਾ ਪਾਣੀ ਸਰੋਵਰ ਵਿਚ ਜਾ ਕੇ ਪੈਂਦਾ ਸੀ। ਲੋਕ ਏਥੇ ਖੁਲ੍ਹੇ ਥਾਂ ਤੇ ਬੈਠ ਕੇ ਤਾਸ਼ਾਂ ਨਾਲ ਜੂਏ ਖੇਡਦੇ, ਹਜਾਮਤਾਂ ਕਰਦੇ ਅਤੇ ਗੁੱਡੀਆਂ ਉਠਾਉਂਦੇ ਅਤੇ ਹੁੱਕੇ ਅਤੇ ਹੁੱਕੀਆਂ ਲਈ ਏਥੋਂ ਪਾਣੀ ਲੈਂਦੇ। ਅੱਧੇ ਤੋਂ ਬਹੁਤਾ

ਸਰੋਵਰ ਮਲਬੇ ਨਾਲ ਪੂਰਿਆ ਗਿਆ ਸੀ ਅਤੇ ਰਾਤ ਦੇ ਹਨੇਰੇ ਵਿਚ ਜੰਗਲ-ਪਾਣੀ ਜਾਣ ਵਾਲੇ ਏਥੇ ਹੀ ਹੱਥ-ਪਾਣੀ ਕਰਦੇ ਸਨ। ਜਿਹੜੇ ਜਿਹੜੇ ਅਨਰਥ ਏਥੇ ਹੁੰਦੇ ਸਨ, ਕਿਤਨੀਆਂ ਅਤੇ ਕਿਹੜੀਆਂ ਕਿਹੜੀਆਂ ਬੇ-ਅਦਬੀਆਂ ਕੀਤੀਆਂ ਜਾਂਦੀਆਂ ਸਨ, ਮੇਰੇ ਬੁੱਧੀ ਕਲਮ ਨੂੰ ਲਿਖਣ ਨਹੀਂ ਦੇਂਦੀ।

ਮਹਾਰਾਜ ਨੇ ਅਪਾਰ ਕਿਰਪਾ ਕੀਤੀ, ਹੰਸਾਂ ਦੀਆਂ ਡਾਰਾਂ ਸ੍ਰੀ ਅੰਮ੍ਰਿਤਸਰ ਪਹੁੰਚ ਗਈਆਂ। ਉਹ ਆਪ ਜਥੇਬੰਦ ਹੋਈਆਂ, ਉਨ੍ਹਾਂ ਨੇ ਸਿੱਖਾਂ ਦੇ ਅੰਦਰ ਲੁਕੇ ਹੋਏ ਸੇਵਾ ਦੇ ਜਜ਼ਬਾਤ ਜਮਾਏ। ਬੜੀ ਉੱਚੀ ਪੱਧਰ ਦਾ ਸਮਾਨ ਖ੍ਰੀਦਿਆ, ਭੀੜ ਦੀ ਪੱਧਰ ਤੱਕ, ਸੇਵਾ ਲਈ ਨਵੀਂ ਤੋਂ ਨਵੀਂ ਤਕਨੀਕ ਪੈਦਾ ਕੀਤੀ।

ਜੇ ਸਰੋਵਰ ਵਿਚੋਂ ਬਾਹਰ ਪਾਣੀ ਕੱਢਣਾ ਹੈ ਤਾਂ ਬਾਹਰ ਦੀ ਪਾਣੀ ਦੀ ਨਾਲੀ ਤਕ ਸੌ ਸੌ, ਦੋ ਦੋ ਸੌ ਆਦਮੀ ਪਾਲਾਂ ਵਿਚ ਇਕ ਪਾਸੇ ਮੂੰਹ ਕਰਕੇ ਖੜੇ ਹੋ ਜਾਂਦੇ ਹਨ। ਇਨ੍ਹਾਂ ਲਾਈਨਾਂ ਦੀ ਕੋਈ ਗਿਣਤੀ ਨਹੀਂ। ਇਹ ਗਿਣਤੀ ਵਿਚ ਦਸ ਹੋ ਸਕਦੀਆ ਹਨ, ਇਹ ਗਿਣਤੀ ਵਿਚ ਪੰਜਾਹ ਹੋ ਸਕਦੀਆਂ ਹਨ। ਏਸੇ ਤਰ੍ਹਾਂ ਕਾਰ ਦੇ ਬਾਟੇ ਇਕ ਪਾਸੇ ਖੂਹ ਦੀਆਂ ਟਿੰਡਾਂ ਵਾਂਗ ਭਰੇ ਹੋਏ ਜਾ ਰਹੇ ਹਨ, ਦੂਜੇ ਪਾਸੇ ਖਾਲੀ ਹੋ ਕੇ ਵਾਪਸ, ਸਰੋਵਰ ਵਿਚ ਆ ਰਹੇ ਹਨ। ਏਸੇ ਤਰ੍ਹਾਂ ਸੁੱਕੀ ਮਿੱਟੀ ਬਾਹਰ ਜਾ ਰਹੀ ਹੈ। ਇਸ ਤਰ੍ਹਾਂ ਦੀਆਂ ਆਟੋਮੈਟਿਕ ਮਨੁੱਖੀ ਮਸ਼ੀਨਾਂ ਝਟ ਜੋੜ ਲਈਆਂ ਜਾਂਦੀਆਂ ਹਨ ਅਤੇ ਝੱਟ ਉਨ੍ਹਾਂ ਦੇ ਕੰਮ ਬਦਲੇ ਜਾ ਸਕਦੇ ਹਨ। ਸਿੱਖਾਂ ਦੀਆਂ ਏਹੋ ਜਿਹੀਆਂ ਸੇਵਾ ਲਈ ਸ੍ਵੈਚਾਲਕ ਮਸ਼ੀਨਾਂ ਦੀ ਕਾਢ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਕੱਢੀ।

ਇਹ ਸ੍ਵੈਚਾਲਕ ਮਨੁੱਖੀ ਮਸ਼ੀਨਾਂ ਸਿੱਖਾਂ ਦੀਆਂ ਜਪ-ਮਾਲੀਆਂ ਸਨ ਤੇ ਹਨ। ਸਿੱਖਾਂ ਦੀ ਇਹ ਸਭ ਤੋਂ ਵੱਡੀ ਸੰਗਤ ਹੈ। ਇਹੋ ਅਸਥਾਨ ਹੈ, ਜਿਥੇ ਨਾਮ ਤੋਂ ਬਿਨਾਂ ਕੋਈ ਗੱਲ ਨਹੀਂ ਕਰਦਾ। ਜਿਥੇ ਮਨ ਦੇ ਨਾਲ ਤਨ ਭੀ ਸਫਲ ਹੈ, ਜਿਥੇ ਪੈਰਾਂ ਨੂੰ ਫਲ ਲੱਗਦਾ ਹੈ, ਜਿਥੇ ਹੱਥਾਂ ਨੂੰ ਫਲ ਲੱਗਦਾ ਹੈ, ਜਿਥੇ ਜ਼ਬਾਨ ਨੂੰ ਫਲ ਲੱਗਦਾ ਹੈ, ਜਿਥੇ ਕੰਨਾਂ ਨੂੰ ਫਲ ਲੱਗਦਾ ਹੈ।

ਏਡੀ ਵੱਡੀ ਅਤੇ ਉਚ-ਪੱਧਰੀ ਮਨੁੱਖੀ ਸ੍ਵੈਚਾਲਕ ਮਸ਼ੀਨਰੀ ਲਈ ਹੋਰ ਕਈ ਵੱਡੇ ਵੱਡੇ ਪ੍ਰਬੰਧ ਕਰਨੇ ਪੈਂਦੇ ਹਨ। ਇਨ੍ਹਾਂ ਨੂੰ ਦੂਰੋਂ ਪ੍ਰੇਰਨਾ ਦੇ ਕੇ ਏਥੇ ਲਿਆਉਣਾ ਹੁੰਦਾ ਹੈ, ਫਿਰ ਸਮੇਂ ਸਿਰ ਇਨ੍ਹਾਂ ਸਭ ਨੂੰ ਘਰ ਪਹੁੰਚਾਉਣਾ ਹੁੰਦਾ ਹੈ। ਇਸ ਤਰ੍ਹਾਂ ਸਾਰੇ ਜ਼ਿਲੇ ਦੇ ਪਿੰਡਾਂ ਦੀ ਸਮੇਂ ਦੀ ਵੰਡ ਕੀਤੀ ਹੁੰਦੀ ਹੈ। ਫੌਜ ਵਾਂਗ, ਮੋਰਚਿਆਂ ਦੀ ਥੱਕੀ ਫੌਜ ਨੂੰ ਪਿੱਛੇ ਭੇਜਿਆ ਜਾਂਦਾ ਹੈ ਅਤੇ ਤਾਜ਼ਾ ਦਮ ਫੌਜ ਆ ਕੇ ਨਾਲੋ ਨਾਲ ਮੋਰਚੇ ਸੰਭਾਲੀ ਜਾਂਦੇ ਹਨ।

ਸੇਵਾ ਦੇ ਸਮੇਂ ਸਿਰ ਲਿਆਉਣ ਲਈ ਟਰੱਕ, ਗੱਡੇ ਤੇ ਟਰਾਲੀਆਂ ਚਾਹੀਦਆਂ ਹਨ। ਇਨ੍ਹਾਂ ਸਭ ਲਈ ਅਤੇ ਹੋਰ ਸੈਂਕੜੇ ਸੰਗਤਾਂ ਲਈ ਗੁਰੂ ਕੇ ਲੰਗਰ ਦਾ ਪ੍ਰਬੰਧ ਕਰਨਾ ਪੈਂਦਾ ਹੈ। ਹਜ਼ਾਰਾਂ ਸੰਗਤਾਂ ਲਈ ਭਾਰੀ ਗਿਣਤੀ ਵਿਚ ਪਾਣੀ ਦੀਆਂ ਟੂਟੀਆਂ ਲਾਉਣੀਆਂ ਪੈਂਦੀਆਂ ਹਨ। ਇਨ੍ਹਾਂ ਵਿਚੋਂ ਕੋਈ ਬੀਮਾਰ ਹੋ ਸਕਦਾ ਹੈ, ਕਿਸੇ ਨੂੰ ਸੱਟ ਪੇਟ ਲੱਗ ਸਕਦੀ ਹੈ। ਉਸ ਲਈ ਚਲੰਤ ਜੇਹਾ ਹਸਪਤਾਲ, ਡਾਲਾਰ ਤੇ ਦਵਾਈਆਂ ਦੇ ਸਟਾਕ ਦੀ ਭੀ ਲੋੜ ਹੁੰਦੀ ਹੈ।

ਸੈਂਕੜੇ ਸੋਤਾ ਭੀ ਚਾਹੀਦੀਆਂ ਹਨ। ਬੇਗਿਣਤ ਚਾਦਰਾਂ, ਦਰੀਆਂ, ਤੱਪੜਾਂ ਤੇ ਕੱਪੜੇ ਦੇ ਥਾਨਾਂ ਨਾਲ ਕੋਠੇ ਭਰੇ ਹੁੰਦੇ ਹਨ।

ਹਜ਼ਾਰਾਂ ਕਹੀਆਂ, ਹਜ਼ਾਰਾਂ ਬਾਲਟੀਆਂ, ਹਜ਼ਾਰਾਂ ਬਾਟੇ, ਹਜ਼ਾਰਾਂ ਹਥੌੜੀਆਂ, ਹਜ਼ਾਰਾਂ ਫੱਟੇ ਤੇ ਰੱਸੇ ਚਾਹੀਦੇ ਹਨ। ਹਜ਼ਾਰਾਂ ਕੌਲੀਆਂ, ਥਾਲ ਤੇ ਗਲਾਸ ਰਖਣੇ ਪੈਂਦੇ ਹਨ। ਆਦਮੀਆਂ ਦੇ ਕੱਦ ਜੇਡੇ ਕੜਾਹੇ, ਗੁੱਟਾਂ ਜੇਡੇ ਦੇਗਚੇ ਤੇ ਰਸੋਈ ਦੇ ਵਿਹੜੇ ਜੇਡੀਆਂ ਲੋਹਾਂ ਤੇ ਪਰਾਤਾਂ ਚਾਹੀਦੀਆਂ ਹੁੰਦੀਆਂ ਹਨ।

ਹਜ਼ਾਰਾਂ ਟੰਨ ਸਰੀਆ, ਹਜ਼ਾਰਾਂ ਟੰਨ ਸੀਮਿੰਟ, ਲੱਖਾਂ ਟਨ ਬੱਜਰੀ ਤੇ ਲੱਖਾਂ ਟੰਨ ਰੋੜੀ ਦੀ ਲੋੜ ਪੈਂਦੀ ਹੈ।

ਸੰਤ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਸੇਵਾ ਨੂੰ ਪ੍ਰਾਣਾਂ ਦਾ ਆਧਾਰ ਬਣਾ ਲਿਆ। ਉਹ ਦੋਵੇਂ ਇਕ ਫੌਜੀ ਛਾਉਣੀ ਸਨ। ਜਿਥੇ ਸੇਵਾ ਚਾਲੂ ਹੁੰਦੀ, ਉਥੇ ਆਟੇ, ਦਾਲ, ਚੌਲ, ਗੁੜ ਦੀਆਂ ਬੋਰੀਆਂ ਦੇ ਅੰਬਾਰ ਲੱਗ ਜਾਂਦੇ। ਮਾਇਆ ਦਾ ਦਿਨ ਰਾਤ ਹੜ੍ਹ ਵਗਦਾ। ਸੰਗਤਾਂ ਦਾ ਪ੍ਰਵਾਹ ਚਲਦਾ ਅਤੇ ਸਾਰਾ ਅਕਾਸ਼ ਗੁਰਬਾਣੀ ਦੀ ਸੁਗੰਧੀ ਨਾਲ ਇਸ ਤਰ੍ਹਾਂ ਭਰ ਜਾਂਦਾ, ਜਿਵੇਂ ਹਜ਼ਾਰਾਂ ਯੁੱਗਾਂ ਦੀ ਸੁਗੰਧਤ ਅਗਨੀ ਨਾਲ ਹਵਾ ਸੁਗੰਧਤ ਹੋ ਜਾਂਦੀ ਹੈ।

ਇਹ ਸੇਵਾ ਇਕ ਦਿਨ ਨਹੀਂ, ਇਕ ਹਫਤਾ ਨਹੀਂ, ਇਕ ਮਹੀਨਾ ਜਾਂ ਇਕ ਸਾਲ ਨਹੀਂ, ਸਗੋਂ ਸਾਰੀ ਜ਼ਿੰਦਗੀ ਚਲਦੀ ਰਹੀ।

ਇਕ ਗੱਲ ਯਾਦ ਰੱਖਣੀ, ਸੰਤ ਮਹਾਂਪੁਰਸ਼ਾਂ ਦਾ ਆਪਣਾ ਸਾਰਾ ਹਿਸਾਬ ਠੀਕ ਹੁੰਦਾ ਹੈ। ਭਾਵੇਂ ਉਹ ਆਮ ਲੋਕਾਂ ਵਾਂਗ ਆਮਦਨ ਖਰਚ ਛਾਪਦੇ ਨਹੀਂ। ਥੋੜ੍ਹੇ ਦਿਨਾਂ ਦੀ ਗੱਲ ਹੈ, ਸੰਤ ਬਾਬਾ ਖੜਕ ਸਿੰਘ ਜੀ ਨੇ ਆਪਣੇ ਸੇਵਕ ਨੂੰ ਕਿਹਾ, "ਪਈ ਅੱਜ ਕਿਤਨੇ ਦਿਨ ਹੋ ਗਏ ਹਨ, ਉਸ ਕੋਲੋਂ ਦਸ ਹਜ਼ਾਰ ਦਾ ਹਿਸਾਬ ਮੰਗੋ। ਮੈਂ, 'ਜਿਸ ਨੇ ਮੈਨੂੰ ਇਹ ਦਿੱਤੇ ਹਨ, ਉਸ ਨੂੰ ਭੀ ਅਤੇ ਜਿਸ ਗੁਰੂ ਜੀ ਦੀ ਕਿਰਪਾ ਕਰਕੇ ਮੈਨੂੰ ਉਸੇ ਨੂੰ ਵਾਪਸ ਕਰਨ ਲਈ ਦਿੱਤੇ ਹਨ,' ਦੋਹਾਂ ਨੂੰ ਪਾਈ ਪਾਈ ਦਾ ਹਿਸਾਬ ਦੇਣਾ ਹੈ। ਜੇ ਅਸੀਂ ਹਿਸਾਬ-ਕਿਤਾਬ ਠੀਕ ਨਹੀਂ ਰਖਾਂਗੇ ਤਾਂ ਸਾਡਾ ਭੀ ਉਹੋ ਹਾਲ ਹੋਵੇਗਾ, ਜੋ ਅੱਜ ਕੱਲ੍ਹ ਵੱਡੀਆਂ ਵੱਡੀਆਂ ਕਮੇਟੀਆਂ ਦਾ ਹੋ ਰਿਹਾ ਹੈ। ਉਨ੍ਹਾਂ ਨੂੰ ਕੋਈ ਭਰੋਸੇ ਨਾਲ ਇਕ ਟਕਾ ਭੀ ਦੇਣ ਨੂੰ ਤਿਆਰ ਨਹੀਂ ਪਰ ਅਸੀਂ ਕਰੋੜਾਂ ਰੁਪਏ ਹਰ ਸਾਲ ਖਰਚ ਕਰਦੇ ਹਾਂ।'

ਇਕ ਆਦਮੀ ਨੇ ਸੰਤ ਬਾਬਾ ਖੜਕ ਸਿੰਘ ਜੀ ਨੂੰ ਕਿਹਾ, "ਤੁਸੀਂ ਲੰਗਰ ਦੀ ਇਮਾਰਤ ਉੱਪਰ ਫਲਾਨੇ ਦਾ ਨਾਮ ਲਿਖ ਦਿਓ ਕਿ ਉਸ ਨੇ ਇਤਨੇ ਹਜ਼ਾਰ ਰੁਪਏ ਮੇਰੇ ਰਾਹੀਂ ਦਿੱਤੇ ਹਨ।"

ਸੰਤ ਬਾਬਾ ਖੜਕ ਸਿੰਘ ਜੀ ਕਹਿਣ ਲੱਗੇ, "ਨਾਮ ਲਿਖਾਉਣ ਦਾ ਪਹਿਲਾ ਹੱਕ ਉਸ ਦਾ ਬਣਦਾ ਹੈ, ਜਿਹੜਾ ਰੋੜੀ ਕੁਟਦਾ ਹੈ, ਟੋਕਰੀਆਂ ਢੋਂਦਾ ਹੈ, ਲੱਕੜਾਂ ਪਾੜਦਾ ਹੈ, ਪਰ ਉਹ ਕਦੇ ਇਕ ਵਾਰ ਭੀ ਆ ਕੇ ਨਹੀਂ ਆਖਦੇ ਕਿ ਉਹਨਾਂ ਦਾ ਨਾਮ ਰੱਖਿਆ ਜਾਵੇ।"

ਉਹ ਸੱਜਣ ਕਹਿਣ ਲੱਗਾ, "ਮੈਂ ਉਸ ਨਾਲ ਜ਼ਬਾਨ ਕਰ ਲਈ ਹੈ, ਮੈਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਹੈੱਡ ਗ੍ਰੰਥੀ ਹਾਂ। ਮੇਰੀ ਜ਼ਬਾਨ ਦਾ ਖਿਆਲ ਰੱਖੋ।"

ਬਾਬਾ ਖੜਕ ਸਿੰਘ ਜੀ ਬੋਲੇ, "ਇਕ ਪਾਸੇ ਤੇਰੀ ਜ਼ਬਾਨ ਹੈ, ਦੂਜੇ ਪਾਸੇ ਬਾਬਾ ਗੁਰਮੁਖ ਸਿੰਘ ਜੀ ਦੀ ਜ਼ਬਾਨ ਹੈ। ਜਿਹੜਾ ਆਦਮੀ ਸੱਤਰ ਸਾਲ ਬਾਬਾ ਗੁਰਮੁਖ ਸਿੰਘ ਜੀ ਦੇ ਹੁਕਮਾਂ ਅਨੁਸਾਰ ਚਲਦਾ ਰਿਹਾ ਹੈ, ਉਸ ਨੂੰ ਛੱਡ ਕੇ ਉਹ ਤੇਰੀ ਜ਼ਬਾਨ ਪਿੱਛੇ ਲੱਗੇਗਾ ?"

ਗੁਰੂ ਅੰਗਦ ਦੇਵ ਜੀ ਨੇ ਚਿੱਕੜ ਵਿਚੋਂ ਇਕ ਕੌਲੀ ਕੱਢ ਕੇ ਸੇਵਾ ਦੇ ਪੂਰਨੇ ਪਾ ਦਿੱਤੇ ਸਨ। ਬਾਬਾ ਗੁਰਮੁਖ ਸਿੰਘ ਜੀ ਤੇ ਬਾਬਾ ਸਾਧੂ ਸਿੰਘ ਜੀ ਨੇ ਸਾਲਾਂ ਦੀ ਮਿਹਨਤ ਨਾਲ ਸੰਤੋਖਸਰ ਦੀ ਸੇਵਾ ਆਪ ਕਰ ਅਤੇ ਸੰਗਤਾਂ ਕੋਲੋਂ ਕਰਵਾ ਕੇ, ਸੰਤੋਖਸਰ ਨੂੰ ਉਹ ਰੂਪ ਦਿੱਤਾ, ਜਿਸ ਨੂੰ ਵੇਖ ਕੇ ਦਸਮੇਸ਼ ਗੁਰੂ ਜੀ ਪ੍ਰਸੰਨ ਹੋਏ ਅਤੇ ਉਹਨਾਂ ਨੇ ਦੋਹਾਂ ਮਹਾਂਪੁਰਖਾਂ ਦੀਆਂ ਝੋਲੀਆਂ ਸੇਵਾ ਦੇ ਚਾਅ ਨਾਲ ਤੇ ਸੇਵਾ ਦੀ ਬਰਕਤ ਨਾਲ ਭਰ ਦਿੱਤੀਆਂ। ਸੰਗਤਾਂ ਦੇ ਮਨ ਵਿਚ ਨਾਮ ਬਾਣੀ ਤੇ ਸੇਵਾ ਦਾ ਅਤੁਟ, ਅਰੁਕ ਅਤੇ ਤੀਬਰ ਪ੍ਰਵਾਹ ਚਲਾ ਦਿੱਤਾ।

ਜਦੋਂ ਸੰਤੋਖਸਰ ਦੀ ਚੁਫੇਰੇ ਦੀ ਅਬਾਦੀ ਵਾਲਿਆਂ ਨੇ ਇਹ ਸਭ ਸੇਵਾ ਦੇ ਕੌਤਕ ਵੇਖੇ ਤੇ ਉਹਨਾਂ ਦੇ

ਮਨਾਂ ਤੇ ਭੀ ਬੜਾ ਪ੍ਰਭਾਵ ਪਿਆ। ਉਹਨਾਂ ਨੇ ਆਪਣੇ ਕੋਠਿਆਂ ਦੇ ਪਰਨਾਲਿਆਂ ਦਾ ਰੁਖ ਬਦਲ ਦਿੱਤਾ। ਵਹੀਣਾਂ ਨੂੰ ਦੂਜੇ ਪਾਸੇ ਕਰ ਦਿੱਤਾ ਅਤੇ ਸਣੇ ਪਰਵਾਰਾਂ ਦੇ ਆਪ ਭੀ ਸੇਵਾ ਵਿਚ ਜੁਟ ਪਏ ਅਤੇ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ।

## ਹੰਸਲੀ ਦੀ ਸੇਵਾ

ਸਿਆਣਿਆਂ ਦਾ ਕਹਿਣਾ ਹੈ, "ਜਿੰਨਾ ਚਿਰ ਖੂਹ ਵਿਚੋਂ ਮੋਈ ਹੋਈ ਬਿੱਲੀ ਨਾ ਕੱਢੀ ਜਾਵੇ, ਖੂਹ ਦੇ ਪਾਣੀ ਵਿਚੋਂ ਬੂ ਨਹੀਂ ਜਾਂਦੀ।' ਬਾਬਾ ਜੀ ਦੇ ਆਦਰਸ਼ ਲੰਮੇ, ਉੱਚੇ, ਤੇ ਵਿਸ਼ਾਲ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿੰਨਾ ਚਿਰ ਸ੍ਰੀ ਅੰਮ੍ਰਿਤਸਰ ਜੀ ਦੇ ਪੰਜਾਂ ਸਰੋਵਰਾਂ ਲਈ ਢੱਕੀ ਹੋਈ ਹੰਸਲੀ ਨਹੀਂ ਬਣਦੀ, ਸਰੋਵਰਾਂ ਦੇ ਜਲ ਦੀ ਪਾਵਨਤਾ ਕਾਇਮ ਨਹੀਂ ਰਹਿ ਸਕਦੀ। ਨਹਿਰ ਤੋਂ ਲੈ ਕੇ ਸਰੋਵਰਾਂ ਤਕ ਲਗਭਗ ਪੰਜ ਮੀਲ ਦੀ ਲੰਬਾਈ ਬਣ ਜਾਂਦੀ ਹੈ। ਇਹ ਪ੍ਰੋਜੈਕਟ ਬਹੁਤ ਵੱਡਾ ਭੀ ਸੀ ਅਤੇ ਅੱਤ ਨਵਾਂ ਭੀ ਸੀ। ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਬੜੇ ਵੱਡੇ ਇੰਜੀਨੀਅਰ ਭੀ ਸਨ। ਉਸਾਰੀ ਸਬੰਧੀ ਉਹਨਾਂ ਦੇ ਅਨੁਭਵ ਸੁਣ ਕੇ ਵੱਡੇ ਵੱਡੇ ਇੰਜੀਨੀਅਰ ਮੂੰਹ ਵਿਚ ਉਂਗਲ ਪਾਉਣ ਲੱਗ ਪੈਂਦੇ ਸਨ। ਸ਼ਹਿਰਾਂ ਅੰਦਰ ਗੰਦੀਆਂ ਨਾਲੀਆਂ ਸਨ ਪਰ ਉਹ ਨੰਗੀਆਂ ਸਨ। ਜੇ ਢੱਕੀਆਂ ਹੋਈਆਂ ਸਨ ਤਾਂ ਉਹ ਬੜੀਆਂ ਹੀ ਛੋਟੀਆਂ ਸਨ। ਉਹ ਡਾਟਦਾਰ ਸਨ, ਡਾਟਦਾਰ ਉੱਪਰ ਬੜਾ ਸਮਾਂ ਲੱਗ ਜਾਂਦਾ ਸੀ ਅਤੇ ਖਰਚ ਬੜਾ ਵਧੇਰੇ ਆਉਂਦਾ ਸੀ। ਉਸ ਦੀ ਉਮਰ ਭੀ ਨਿੱਕੀ ਰਹਿੰਦੀ ਸੀ ਅਤੇ ਉਸ ਨੂੰ ਬਣਾਉਣ ਉਪਰ ਸਮਾਂ ਭੀ ਵਧੇਰੇ ਲੱਗ ਜਾਂਦਾ ਸੀ, ਇਹ ਸਾਰੀਆਂ ਸਮੱਸਿਆਵਾਂ ਸਾਹਮਣੇ ਸਨ ਅਤੇ ਇਹ ਭੀ ਗੱਲ ਸਾਹਮਣੇ ਸੀ ਕਿ ਬੰਦ ਹੰਸਲੀ ਸਾਰੀ ਦੀ ਸਾਰੀ ਸਰੋਵਰਾਂ ਲਈ ਹੀ ਵਰਤੀ ਜਾਣੀ ਹੈ, ਚੂੰਕਿ ਇਹ ਖਾਲ ਵਾਂਗ ਸਾਂਝੀ ਨਹੀਂ ਹੈ, ਇਸ ਲਈ ਜ਼ਮੀਨ ਭੀ ਖਰੀਦਣੀ ਪੈ ਸਕਦੀ ਹੈ ਅਤੇ ਇਹ ਇਕ ਵੱਡਾ ਰਾਹ ਭੀ ਬਣ ਜਾਣਾ ਹੈ।

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਪ੍ਰੋਜੈਕਟ ਦੇ ਸਾਰੇ ਵੇਰਵੇ ਸੋਚ ਸਮਝ ਲਏ ਅਤੇ ਉਹਨਾਂ ਨੇ ਅਰਦਾਸ ਕਰਕੇ ਕੰਮ ਸ਼ੁਰੂ ਕਰ ਦਿੱਤਾ। ਵੱਡੀ ਪੱਧਰ ਉਪਰ ਸੀਮਿੰਟ ਅਤੇ ਬੱਜਰੀ ਦੇ ਵੱਡੇ ਵੱਡੇ ਫਰਮੇ ਬਣਾ ਕੇ ਢਾਲਣੇ ਸ਼ੁਰੂ ਕਰ ਦਿੱਤੇ। ਇਹ ਸਮਝੋ ਪਈ ! ਵੱਡੇ ਵੱਡੇ ਪੱਥਰਾਂ ਦੀਆਂ ਇੱਟਾਂ ਦੇ ਜਿਵੇਂ ਭੱਠੇ ਲਾ ਦਿੱਤੇ ਹੋਣ। ਇਕ ਚੌੜੀ ਸਿਲਾ ਹੇਠਾਂ, ਦੋ ਚੌੜੀਆਂ ਸਿਲਾਂ ਖੜਵੀਆਂ ਪਾਸਿਆਂ ਦੇ ਉਪਰ ਅਤੇ ਇਕ ਉਪਰ ਛੱਤ ਵਾਂਗ। ਬੱਸ, ਹੰਸਲੀ ਦਾ ਨਮੂਨਾ ਬਣ ਗਿਆ।

ਪਾਠਕ ਜਨ ! ਆਪ ਹੀ ਅਨੁਮਾਨ ਲਾਉਣ ਕਿ ਪੰਜ ਮੀਲ ਦੀ ਲੰਬਾਈ ਤਕ ਪਹਿਲਾਂ ਇਕ ਰੇੜ੍ਹਵਾਂ ਖਾਲ ਪੁੱਟਣਾ ਫਿਰ ਉਸ ਨੂੰ ਠੀਕ ਪੱਧਰ ਉਪਰ ਰੱਖਣਾ, ਫਿਰ ਚੌੜੀਆਂ ਬੱਜਰੀ ਦੀਆਂ ਚਾਰ ਸਿਲਾਂ ਜੋੜਨੀਆਂ ਕੁਝ ਫਾਸਲੇ ਤੇ ਜਾ ਕੇ ਖੁਲ੍ਹ ਜਾਣ ਵਾਲੇ ਮੰਘੋਰੇ ਰਖਣੇ ਤਾਂਕਿ ਉਹਨਾਂ ਨੂੰ ਲੋੜ ਵੇਲੇ ਖੋਲ੍ਹ ਕੇ ਸਫਾਈ ਕੀਤੀ ਜਾ ਸਕੇ। ਇਹ ਹੰਸਲੀ ਨਹੀਂ ਸਗੋਂ ਪੰਜ ਮੀਲ ਲੰਮੀ ਸੁਰੰਗ ਹੈ, ਜਿਸ ਦੇ ਹਜ਼ਾਰਾਂ ਖੁਲ੍ਹਣ ਤੇ ਬੰਦ ਹੋਣ ਵਾਲੇ ਮੂੰਹ ਹਨ। ਇਸ ਹੰਸਲੀ ਵਿਚ ਆਦਮੀ ਫਿਰ ਕੇ ਸਫਾਈ ਕਰ ਸਕਦੇ ਹਨ, ਏਥੋਂ ਇਸ ਦੇ ਕੱਦ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਸੇਵਾ ਨੂੰ ਲਗਭਗ ਪੰਜ ਸਾਲ ਦਾ ਸਮਾਂ ਲੱਗਾ। ਤੇ ਪੰਜ ਸਾਲ ਲਗਾਤਾਰ ਸੇਵਕਾਂ ਦਾ ਪ੍ਰਵਾਹ ਚਲਦਾ ਰਿਹਾ। ਰੋੜੀ ਕੁੱਟੀਂਦੀ ਰਹੀ, ਬੱਜਰੀ ਧੁਪਦੀ ਰਹੀ, ਰੇਤਾ ਪਾਣੀ ਨਾਲ ਸਾਫ ਹੁੰਦੀ ਰਹੀ, ਕਹੀਆਂ ਚਲਦੀਆਂ ਰਹੀਆਂ, ਚੂਨੇ ਲਈ ਰੋੜ ਸੜਦੇ ਰਹੇ, ਪਾਣੀ ਦੀਆਂ ਭਰੀਆਂ ਬਾਲਟੀਆਂ ਦੀਆਂ ਤੇ ਭਰੀਆਂ ਟੋਕਰੀਆਂ ਦੀਆਂ ਗੱਡੀਆਂ ਚਲਦੀਆਂ ਰਹੀਆਂ।

ਲੋਹ-ਲੰਗਰ ਤਪਦੇ ਰਹੇ, ਦੇਗਾਂ ਦੂਣ ਸਵਾਈਆਂ ਹੁੰਦੀਆਂ ਰਹੀਆਂ। ਸਤਿਨਾਮੁ-ਵਾਹਿਗੁਰੂ ਦੀਆਂ ਧੁਨੀਆਂ ਉੱਚੀਆਂ ਤੇ ਵਿਸ਼ਾਲ ਹੁੰਦੀਆਂ ਗਈਆਂ।

ਜਦੋਂ ਸੇਵਾ ਸੰਪੂਰਨ ਹੋਈ ਅਤੇ ਨਹਿਰ ਤੋਂ ਸਿੱਧਾ ਪਾਣੀ ਸਰੋਵਰਾਂ ਵਿਚ ਆ ਕੇ ਪਿਆ। ਅਤੇ ਸਰੋਵਰ ਕੰਢਿਆਂ ਤਕ ਭਰ ਗਏ ਤਾਂ ਦੋਹਾਂ ਸੰਤਾਂ ਦੇ ਨੇਤਰਾਂ ਵਿਚ ਸ਼ੁਕਰਾਨੇ ਦਾ ਜਲ ਆ ਗਿਆ। ਉਧਰ ਪੰਜੇ ਸਰੋਵਰ ਭਰੇ ਹੋਏ ਸਨ। ਇਧਰ ਦੋਹਾਂ ਸੰਤਾਂ ਦੇ ਚਾਰ ਨੈਣ ਤੇ ਇਕ ਮਨ, ਪੰਜ ਮਨੁੱਖੀ ਸਰੋਵਰ ਧੰਨਵਾਦ ਦੇ ਅੱਥਰੂਆਂ ਨਾਲ ਭਰੇ ਹੋਏ ਸਨ। ਸੰਗਤਾਂ ਦੇ ਚਾਅ ਦਾ ਤਾਂ ਕੋਈ ਹੱਦ-ਬੰਨਾ ਨਹੀਂ ਸੀ ਰਹਿ ਗਿਆ।

## ਸ੍ਰੀ ਮੁਕਤਸਰ ਜੀ ਦੀ ਸੇਵਾ

ਅਰਦਾਸ ਵਿਚ ਅਸੀਂ ਗੁਰੂਆਂ ਪਿੱਛੋਂ ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਚਾਲੀ ਮੁਕਤਿਆਂ ਦਾ ਨਾਮ ਲੈਂਦੇ ਹਾਂ। ਮੁਕਤਸਰ ਹੀ ਗੁਰੂ ਜੀ ਨੇ ਟੁਟੀ ਗੰਢੀ ਸੀ, ਏਥੇ ਹੀ ਬੇਦਾਵਾ ਪਾੜਿਆ ਸੀ ਤੇ ਇਹੋ ਅਸਥਾਨ ਸੀ, ਜਿਥੇ ਸਿੱਖਾਂ ਨੂੰ ਪੰਜ ਹਜ਼ਾਰੀ ਅਤੇ ਦਸ ਹਜ਼ਾਰੀ ਦੇ ਦਰਜੇ ਦਿੱਤੇ ਗਏ ਸਨ। ਇਨ੍ਹਾਂ ਖਾਮੋਸ਼ ਸੇਵਕਾਂ ਨੇ ਬਿਨਾਂ ਦੱਸਣ ਤੋਂ, ਗੁਰੂ ਜੀ ਅੱਗੇ ਰੱਖਿਆ ਦੀ ਪੰਗਤ ਬਣਾ ਦਿੱਤੀ ਸੀ ਅਤੇ ਬਿਨਾਂ ਭਾਈ ਮਹਾਂ ਸਿੰਘ ਜੀ ਤੋਂ ਸਾਰੇ ਸ਼ਹੀਦੀਆਂ ਪਾ ਚੁੱਕੇ ਸਨ।

ਝਬਾਲ ਪਿੰਡ ਦੀ ਮਾਈ ਭਾਗੋ ਗੁਰੂ ਅਰਜਨ ਦੇਵ ਜੀ ਦੇ ਸਿੱਖ ਭਾਈ ਲੰਗਰ ਤੇ ਭਾਈ ਪੈਰੋਸ਼ਾਹ ਦੀ ਸੰਤਾਨ ਵਿਚੋਂ ਸੀ।

ਜਦੋਂ ਬੇਦਾਵਾ ਲਿਖ ਕੇ ਸਿੰਘ ਆਏ ਤਾਂ ਇਸ ਨੇ ਮਰਦਾਵੇਂ ਕੱਪੜੇ ਪਹਿਨ ਲਏ। ਮੁਕਤਸਰ ਦੇ ਮੈਦਾਨ ਵਿਚ ਲੜਦੀ ਹੋਈ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਰਾਜ਼ੀ ਹੋਣ ਤੇ ਇਹ ਅਖੀਰ ਤਕ ਗੁਰੂ ਜੀ ਦੇ ਨਾਲ ਸ੍ਰੀ ਅਬਚਲ ਨਗਰ ਰਹੀ ਅਤੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਆਪ ਬਿਦਰ ਚਲੀ ਗਈ ਅਤੇ ਉਥੇ ਹੀ ਇਸ ਨੇ ਚਲਾਣਾ ਕੀਤਾ। ਮਾਈ ਭਾਗੋ ਜੀ ਦੇ ਬਰਛੇ ਦਾ ਫਲ ਹੁਣ ਤਕ ਦਸਮੇਸ਼ ਜੀ ਦੇ ਸ਼ਸਤਰਾਂ ਦੇ ਨਾਲ ਰੱਖਿਆ ਹੋਇਆ ਹੈ।

ਏਥੇ ਜਿਥੇ ਗੁਰੂ ਜੀ ਬਿਰਾਜੇ ਸਨ ਵੱਡਾ ਦਰਬਾਰ ਹੈ, ਜਿਥੇ ਬੈਠ ਕੇ ਤੀਰ ਚਲਾਉਂਦੇ ਰਹੇ, ਟਿੱਬੀ ਸਾਹਿਬ ਹੈ, ਜਿਥੇ ਫੌਜ ਦਾ ਕੈਂਪ ਸੀ, ਤੰਬੂ ਸਾਹਿਬ ਹੈ। ਜਿਥੇ ਗੁਰੂ ਜੀ ਨੇ ਚਾਲੀ ਮੁਕਤਿਆਂ ਦਾ ਆਪਣੇ ਹੱਥੀਂ ਸਸਕਾਰ ਕੀਤਾ, ਸ਼ਹੀਦ ਗੰਜ ਹੈ। ਖਿਦਰਾਣੇ ਦੀ ਢਾਬ, ਜਿਸ ਉਪਰ ਕਬਜ਼ਾ ਕਰਕੇ ਗੁਰੂ ਜੀ ਨੇ ਸੂਬਾ ਸਰਹਿੰਦ ਦੇ ਵਜ਼ੀਰ ਖਾਂ ਦੇ ਤੇ ਉਸ ਦੀ ਫੌਜ ਦੇ ਦੰਦ ਖੱਟੇ ਕੀਤੇ ਸਨ, ਸ੍ਰੀ ਮੁਕਤਸਰ ਹੈ। ਇਹ ਨਾਮ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਰੱਖਿਆ ਸੀ।

ਏਡੇ ਮਹਾਨ ਅਸਥਾਨਾਂ ਦੀ ਸੇਵਾ ਦਾ ਕੰਮ ਬੜਾ ਹੀ ਢਿੱਲਾ ਮੱਠਾ ਸੀ।

ਜਦੋਂ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਏਥੇ ਪਹੁੰਚੇ ਤਾਂ ਉਹਨਾਂ ਦੇ ਸਣੇ ਸਾਰੇ ਸੇਵਕਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ।

ਪਰਕਰਮਾ ਵਿਚ ਬਜ਼ਾਰਾਂ ਵਾਲੇ ਸੇਵਾਦਾਰ ਹੀ ਝਾੜੂ ਫੇਰਦੇ ਸਨ। ਮੁਸਲਮਾਨਾਂ ਨੇ ਪਰਕਰਮਾ ਵਿਚ ਹੀ ਮੰਜੇ ਡਾਹੇ ਹੋਏ ਸਨ ਅਤੇ ਉਹ, ਉਥੇ ਹੀ ਬੈਠ ਕੇ ਹੁੱਕੇ ਪੀਂਦੇ ਸਨ ਅਤੇ ਸਰੋਵਰ ਵਿਚੋਂ ਪਾਣੀ ਭਰਦੇ ਸਨ। ਰੇੜ੍ਹੂ ਪਰਕਰਮਾ ਵਿਚ ਦੀ ਆਉਂਦੇ ਜਾਂਦੇ ਸਨ।

ਬਾਬਾ ਜੀ ਨੇ ਪਹਿਲਾ ਕੰਮ ਇਹ ਕੀਤਾ ਕਿ ਪਰਕਰਮਾ ਵਿਚ ਜੋੜੇ ਲਿਆਉਣੇ ਬੰਦ ਕਰ ਦਿੱਤੇ। ਹੋਰ

ਨਿੱਕੇ ਮੋਟੇ ਸਾਰੇ ਰਾਹ ਬੰਦ ਕਰ ਦਿੱਤੇ, ਕੇਵਲ ਚਾਰ ਰਸਤੇ ਹੀ ਅੰਦਰ ਆਉਣ ਦੇ ਰਹਿਣ ਦਿੱਤੇ। ਇਹਨਾਂ ਰਾਹਾਂ ਦੇ ਸਿਰ ਉਪਰ ਚੁਬੱਚੇ ਬਣਾ ਦਿੱਤੇ। ਜਿਨ੍ਹਾਂ ਵਿਚ ਨਿਰਮਲ ਪਾਣੀ ਪਾਇਆ ਜਾਣ ਲੱਗਾ ਅਤੇ ਮੈਲਾ ਪਾਣੀ ਕੱਢ ਦਿੱਤਾ ਜਾਂਦਾ।

ਸਰੋਵਰ ਵਿਚੋਂ, ਪੰਪਾਂ ਰਾਹੀਂ ਅਤੇ ਬਾਲਟੀਆਂ ਰਾਹੀਂ ਦਿਨ ਰਾਤ ਪਾਣੀ ਕੱਢਿਆ ਜਾਣ ਲੱਗਾ। ਜਦੋਂ ਇਕ ਪਾਸਿਓਂ ਸਾਰਾ ਪਾਣੀ ਕੱਢਿਆ ਗਿਆ ਤਾਂ ਪੌੜ ਨੰਗੇ ਕਰਨ ਪਿਛੋਂ ਪੌੜਾਂ ਦੀ ਸੇਵਾ ਅਰੰਭ ਕਰ ਦਿਤੀ। ਏਸੇ ਤਰ੍ਹਾਂ ਫਿਰ ਦੂਜੇ ਪਾਸੇ ਦੀਆਂ ਪੌੜੀਆਂ ਨੰਗੀਆਂ ਕਰਵਾਈਆਂ ਅਤੇ ਉਹਨਾਂ ਦੀ ਸੇਵਾ ਕੀਤੀ।

ਇਸ ਤੋਂ ਪਿਛੋਂ ਇਸ ਵੱਡੇ ਸਰੋਵਰ ਦੀ ਵੱਡੀ ਅਤੇ ਸਾਰੀ ਪਰਕਰਮਾ ਵਿਚ ਸੰਗਮਰਮਰ ਲਵਾਇਆ। ਲੱਖਾਂ ਰੁਪਏ ਦਾ ਠੇਕਾ ਦੇ ਕੇ ਇਹ ਸਾਰਾ ਕੰਮ ਸੰਪੂਰਨ ਕਰਵਾਇਆ।

ਇਸ ਤੋਂ ਪਿਛੋਂ ਹੰਸਲੀ ਦੇ ਕੰਮ ਵਿਚ ਸੰਗਤਾਂ ਦਿਨ ਰਾਤ ਜੁੱਟ ਪਈਆਂ। ਨਹਿਰ ਤੋਂ ਲੈ ਕੇ ਸਰੋਵਰ ਤਕ ਹੰਸਲੀ ਸੰਪੂਰਨ ਹੋਣ ਤੇ ਨਿਰਮਲ ਪਾਣੀ ਨਾਲ ਸਰੋਵਰ ਕੰਢਿਆਂ ਤਕ ਭਰ ਗਿਆ ਅਤੇ ਸਰੋਵਰ ਉਪਰ ਪਾਣੀ ਦੀਆਂ ਲਹਿਰਾਂ ਇਸ ਤਰ੍ਹਾਂ ਇਕ ਦੂਜੇ ਪਿੱਛੇ ਕਾਹਲੀ ਕਾਹਲੀ ਜਾਣ ਲਗ ਪਈਆਂ, ਜਿਵੇਂ ਵਜ਼ੀਰ ਖਾਂ ਨਾਲ ਲੜਨ ਵੇਲੇ ਚਾਲੀ ਮੁਕਤੇ ਅੱਗੇ ਵਧ ਵਧ ਕੇ ਹਮਲੇ ਕਰਦੇ ਰਹੇ ਸਨ ਅਤੇ ਸ਼ਹੀਦ ਹੁੰਦੇ ਰਹੇ ਸਨ। ਆਪਣੀ ਇਤਿਹਾਸਕ ਸ਼ਾਨ ਅ. ਸਾਰ ਮੁਕਤਸਰ ਤਿਆਰ ਹੋ ਗਿਆ।

ਇਸ ਤੋਂ ਪਿਛੋਂ ਗੁਰਦੁਆਰਾ ਤੰਬੂ ਸਾਹਿਬ ਵਿਚ ਸੰਪੂਰਨ ਸੰਗਮਰਮਰ ਦੀ ਸੇਵਾ ਕਰਵਾਈ। ਇਹ ਓਹੋ ਪਾਵਨ ਅਸਥਾਨ ਸੀ, ਜਿਥੇ ਸਿਰ ਨੂੰ ਤਲੀ ਤੇ ਰੱਖਣ ਵਾਲੇ ਸਿੰਘਾਂ ਨੇ ਛਾਉਣੀ ਪਾਈ ਸੀ।

ਇਹ ਸੇਵਾ ਕਿਤਨੀ ਵੱਡੀ ਸੀ, ਇਸ ਦਾ ਅਨੁਮਾਨ ਲਾਉਣਾ ਬੜਾ ਔਖਾ ਹੈ। ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਮੁਕਤਸਰ ਤੱਕ ਸੰਗਤਾਂ ਦਾ ਤਾਂਤਾ ਬੱਧਾ ਰਹਿੰਦਾ ਸੀ।

ਅੰਮ੍ਰਿਤਸਰ ਵਿਚੋਂ ਵੱਡੀਆਂ ਵੱਡੀਆਂ ਉਗਰਾਹੀਆਂ ਹੁੰਦੀਆਂ, ਲੰਗਰ ਤਿਆਰ ਹੁੰਦੇ, ਸਮਾਨ ਦੇ ਟਰੱਕ ਲੱਦੇ ਜਾਂਦੇ ਅਤੇ ਸ੍ਰੀ ਮੁਕਤਸਰ ਹੁਕਮ ਅਨੁਸਾਰ ਪਹੁੰਚਦੇ ਰਹੇ।

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਕੇਵਲ ਦੀਵਾਨ ਲਾ ਕੇ ਪ੍ਰਚਾਰ ਕਰਨ ਤੇ ਭਰੋਸਾ ਨਹੀਂ ਸੀ ਰੱਖਦੇ। ਉਹ ਕਹਿੰਦੇ ਸਨ, "ਸਿੱਖੀ ਦਾ ਬੀਜ ਸੇਵਾ ਨਾਲ ਬੀਜਿਆ ਜਾਂਦਾ ਹੈ, ਹੱਥੀਂ ਸੇਵਾ ਕਰਨ ਤੋਂ ਬਿਨਾਂ ਨਾਮ ਦਾ ਵਾਸਾ ਹਿਰਦੇ ਵਿਚ ਨਹੀਂ।"

ਇਕ ਵਾਰ ਬਾਬਾ ਖੜਕ ਸਿੰਘ ਜੀ ਨੇ ਕਿਹਾ ਸੀ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪ ਕੇ ਸਿੱਖਾਂ ਨੂੰ ਬਚਾਅ ਲਿਆ ਹੈ। ਗੁਰੂ ਗ੍ਰੰਥ ਸਾਹਿਬ ਇਕ ਹੈ, ਉਹ ਅਸਥਾਨ-ਭੇਦ ਨਾਲ ਨਿੱਕਾ ਵੱਡਾ ਨਹੀਂ ਬਣ ਜਾਂਦਾ। ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦਾ ਅਰਥ ਹੈ, ਸਾਨੂੰ ਇਹ ਪ੍ਰਵਾਨ ਹੈ। ਅਸੀਂ ਇਸ ਉੱਪਰ ਅਮਲ ਕਰਾਂਗੇ। ਜੋ ਮੱਥਾ ਟੇਕਦਾ ਹੈ ਪਰ ਗੁਰੂ ਜੀ ਦੇ ਪੂਰਨਿਆਂ ਉਪਰ ਚਲਦਾ ਨਹੀਂ, ਉਹ ਪਾਖੰਡੀ ਹੈ।"

ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਉਮਰ ਕਰਕੇ ਭੀ ਅਤੇ ਸਾਕ ਕਰਕੇ ਭੀ ਵੱਡੇ ਸਨ ਪਰ ਜਦੋਂ ਉਹ ਗੁਰੂ ਚਰਨਾਂ ਵਿਚ ਆ ਗਏ, ਉਹ ਕੇਵਲ ਸਿੱਖ ਰਹਿ ਗਏ। ਪੰਜ ਕੋਹ ਦੀ ਦੂਰੀ ਤੋਂ, ਗਾਗਰ ਚੁੱਕ ਕੇ ਲਿਆਉਂਦੇ ਅਤੇ ਪਹਿਰ ਰਾਤ ਰਹਿੰਦੀ, ਗੁਰੂ ਨੂੰ ਆ ਕੇ ਇਸ਼ਨਾਨ ਕਰਵਾਉਂਦੇ ਅਤੇ ਇਸ ਤਰ੍ਹਾਂ ਬਾਰਾਂ ਸਾਲ ਲਗਾਤਾਰ ਸੇਵਾ ਕਰਦੇ ਰਹੇ। ਇਸ ਸੇਵਾ ਨੂੰ ਫਲ ਲੱਗਾ ਤੇ ਉਹਨਾਂ ਵਿਚ ਉਹੋ ਗੁਰੂ ਨਾਨਕ ਆ ਗਿਆ

ਜਿਹੜਾ ਪਹਿਲਾਂ ਗੁਰੂ ਅੰਗਦ ਦੇਵ ਵਿਚ ਆਇਆ ਸੀ।

ਭਾਈ ਜੇਠਾ ਯਤੀਮ ਸੀ, ਉਸ ਨੂੰ ਉਸ ਦੀ ਮਾਸੀ ਨੇ ਆਪਣੇ ਪਾਸ ਬੁਲਾ ਲਿਆ ਸੀ ਕਿ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰ ਲਵੇਗਾ। ਜਦੋਂ ਉਸ ਯਤੀਮ ਨੇ ਸਿਰ ਉਪਰ ਟੋਕਰੀ ਚੁਕ ਲਈ ਗੁਰੂ ਨੇ ਆਪਣੀ ਪਿਆਰੀ ਪੁੱਤਰੀ ਦੇ ਕੇ ਉਸ ਨੂੰ ਆਪਣਾ ਜਵਾਈ ਬਣਾ ਲਿਆ। ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਦਸ਼ਾਹੀ ਭੀ ਦਿੱਤੀ ਅਤੇ ਬਾਕੀ ਰਹਿੰਦੀ ਉਮਰ ਭੀ ਦੇ ਦਿੱਤੀ।

ਗੁਰੂ ਆਪਣੇ ਸੇਵਕ ਨੂੰ ਸਭ ਕੁਝ ਸੌਂਪ ਦੇਂਦਾ ਹੈ, ਸੇਵਕ ਨੂੰ ਗੁਰੂ ਬਣਾ ਕੇ, ਮੱਥਾ ਟੇਕ ਕੇ ਆਪ ਸੇਵਕ ਬਣ ਜਾਂਦਾ ਹੈ।

ਇਕ ਵਾਰ ਬਾਬਾ ਖੜਕ ਸਿੰਘ ਜੀ ਨੇ ਕਿਹਾ ਸੀ, "ਥਾਪੜਾ ਲੈਣ ਵਾਲਾ ਬਚਿੱਤਰ ਸਿੰਘ ਸੀ ਜਿਸ ਨੇ ਖੂਨੀ ਹਾਥੀ ਦੇ ਮੱਥੇ ਉੱਪਰ ਸੱਤ ਲੋਹੇ ਦੇ ਤਵੇ ਨਾਗਣੀ ਦੇ ਭਰਪੂਰ ਵਾਰ ਨਾਲ ਵਿੰਨ੍ਹਦਿਆਂ ਹੋਇਆਂ ਹਾਥੀ ਦਾ ਮੱਥਾ ਪਾੜ ਦਿੱਤਾ ਸੀ ਅਤੇ ਥਾਪੜਾ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਸਨ, ਜਿਹੜੇ ਸਰਬੰਸਦਾਨੀ ਸਨ। ਪਹਿਲਾਂ ਕੋਈ ਮਾਈ ਦਾ ਲਾਲ ਬਚਿੱਤਰ ਸਿੰਘ ਬਣੇ ਤੇ ਫਿਰ ਕੋਈ ਅੰਮ੍ਰਿਤ ਦਾ ਦਾਤਾ ਅਤੇ ਚਿੜੀਆਂ ਤੋਂ ਬਾਜ ਬਣਾਉਣ ਵਾਲਾ ਹੀ ਥਾਪੜਾ ਦੇਣ ਆਵੇ।"

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਲਗਾਤਾਰ ਦਸ ਸਾਲ ਮਾਲਵੇ ਵਿਚ ਸੇਵਾ ਤੇ ਸਿਮਰਨ ਦਾ ਪ੍ਰਵਾਹ ਚਲਾਉਂਦੇ ਰਹੇ।

ਸੰਤ ਦਰਸ਼ਨ ਸਿੰਘ ਜੀ ਨੇ ਕਿਹਾ ਸੀ, "ਬਾਬਿਆਂ ਨੇ ਜਿਹੜੇ ਹੰਸਲੀਆਂ ਦੇ ਫਰਮੇ ਬੱਧੇ ਹਨ, ਉਹ ਅਟੁੱਟ ਹਨ, ਉਹਨਾਂ ਤੇ ਤੇਸੀ ਮਾਰੀਏ ਤਾਂ ਉਸ ਵਿਚੋਂ ਚੰਗਿਆੜੇ ਨਿਕਲਦੇ ਹਨ। ਜਿਹੜਾ ਮਸਾਲਾ ਬਾਬੇ ਵਰਤਦੇ ਸਨ, ਉਹਨਾਂ ਵਿਚ ਬਾਬਿਆਂ ਦੀ ਇਕ ਆਪਣੀ ਸ਼ਕਤੀ ਅਤੇ ਬਰਕਤ ਸੀ ਅਤੇ ਉਸ ਮਸਾਲੇ ਦਾ ਕਣਕਣ ਮਾਨੋ ਸਤਿਨਾਮੁ ਅਤੇ ਵਾਹਿਗੁਰੂ ਦੇ ਸਿਮਰਨ ਦੇ ਭੱਠੇ ਵਿਚੋਂ ਪੱਕ ਕੇ ਬਾਹਰ ਨਿਕਲਦਾ ਸੀ, ਉਹਨਾਂ ਦਾ ਆਵਾ ਪੱਕਾ ਸੀ, ਉਹਨਾਂ ਦੀ ਹਮੇਸ਼ਾ ਪ੍ਰਵਾਨ-ਅਰਦਾਸੀ। ਨਿਰਵਿਘਨ ਸੰਪੂਰਨਤਾ ਸੀ, ਉਹ ਵਰ ਸਰਾਪ ਤੋਂ ਉਪਰ ਸਨ, ਜਿਹੜਾ ਵਰ ਸਰਾਪ ਵਿਚ ਵਰਤਦਾ ਹੈ, ਉਹ ਅਨਕੂਲਤਾ ਅਤੇ ਪ੍ਰਤੀਕੂਲਤਾ ਵਿਚ ਵਰਤਦਾ ਹੈ, ਰਾਗ ਦਵੈਖ ਵਿਚ ਰਹਿੰਦਾ ਹੈ। ਦੁੱਖ ਅਤੇ ਸੁੱਖ ਵਿਚ ਉਸ ਨੂੰ ਰਹਿਣਾ ਹੀ ਪੈਂਦਾ ਹੈ।"

## ਸ੍ਰੀ ਤਰਨਤਾਰਨ ਦੀ ਹੰਸਲੀ

ਸ਼ਰੋਮਣੀ ਕਮੇਟੀ ਸੰਬੰਧੀ ਜਾਣਕਾਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਸ ਵੇਲੇ ਸ਼ਰੋਮਣੀ ਕਮੇਟੀ ਪਾਸ ਗੁਰਦੁਆਰਾ ਕਮੇਟੀਆਂ ਦਾ ਕਵੇਲ ਦਸਵੰਧ ਹੀ ਜਮ੍ਹਾਂ ਹੁੰਦਾ ਸੀ, ਸ਼ਰੋਮਣੀ ਕਮੇਟੀ ਸੈਂਕੜੇ ਮੁਕੱਦਮਿਆਂ ਵਿਚ ਘਿਰ ਗਈ ਸੀ। ਮੁਕੱਦਮਿਆਂ, ਕਰਕੇ ਸ਼ਰੋਮਣੀ ਕਮੇਟੀ ਨੂੰ ਆਪਣਾ ਦਫਤਰ ਭੀ ਲਾਹੌਰ ਵਿਚ ਲੈ ਜਾਣਾ ਪੈ ਗਿਆ ਸੀ। ਕੁਝ ਵੱਡੀਆਂ ਲੋਕਲ ਕਮੇਟੀਆਂ ਨੇ ਸ਼ਰੋਮਣੀ ਕਮੇਟੀ ਨੂੰ ਆਪਣਾ ਦਸਵੰਧ ਦੇਣਾ ਭੀ ਬੰਦ ਕਰ ਦਿੱਤਾ ਸੀ, ਇਸ ਤਰ੍ਹਾ ਸ਼ਰੋਮਣੀ ਕਮੇਟੀ ਆਰਥਿਕ ਤੌਰ ਉਪਰ ਬਹੁਤ ਕਮਜ਼ੋਰ ਹੋ ਗਈ ਸੀ। ਉਸ ਕੋਲ ਤੇ ਚੰਗੀ ਤਰ੍ਹਾ ਮੁਕੱਦਮੇ ਲੜਨ ਜੋਗੇ ਪੈਸੇ ਹੀ ਨਹੀਂ ਸੀ ਰਹਿ ਗਏ ਅਤੇ ਏਸੇ ਕਰਕੇ ਕਈ ਮੁਕੱਦਮੇ ਹਾਰਨੇ ਭੀ ਪਏ ਅਤੇ ਏਸੇ ਕਰਕੇ ਅਖੀਰ ਨੂੰ ਲਾਹੌਰ ਦਾ ਦਫਤਰ ਛਡ ਕੇ ਸ੍ਰੀ ਅੰਮ੍ਰਿਤਸਰ ਆਉਣਾ ਪਿਆ।

ਬੇਸ਼ਕ ਗੁਰਦੁਆਰੇ ਸ਼ਰੋਮਣੀ ਕਮੇਟੀ ਪਾਸ ਆ ਗਏ ਸਨ ਪਰ ਪੁਜਾਰੀਆਂ ਦੀ ਸਦੀਆਂ ਭਰ ਦੀ ਜਿਹੜੀ ਸੇਵਾ ਸੰਭਾਲ ਵਲੋਂ ਉੱਕੀ ਬੇਪ੍ਰਵਾਹੀ ਸੀ, ਉਸ ਕਰਕੇ ਲਗਭਗ ਸਾਰੇ ਗੁਰਦੁਆਰਿਆਂ ਦੀ ਸਾਰੀ ਸੇਵਾ ਦੀ ਲੋੜ

ਸੀ। ਉਸ ਵੇਲੇ ਮਰਦ ਅਗੰਮੜੇ ਦੇ ਭੇਜੇ ਗਏ ਮਹਾਂਪੁਰਖ, ਬਾਬਾ ਸ਼ਾਮ ਸਿੰਘ ਜੀ, ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ, ਮਾਨੋ ਸੇਵਾ ਦੀ ਇਹ ਤ੍ਰਿਬੇਣੀ ਸਨ। ਸੇਵਾ-ਸਿਮਰਨ ਅਤੇ ਸੰਗਤ ਦਾ ਸੰਗਮ ਸੀ।

ਇਹ ਗੁਰੂਆਂ ਦੀਆਂ ਬੈਂਕਾਂ ਸਨ, ਇਹ ਗੁਰੂ ਜੀ ਦੇ ਨਾਮ ਤੇ ਦਿਨ ਰਾਤ ਹੁੰਡੀਆਂ ਲਿਖਦੇ ਸਨ ਅਤੇ ਗੁਰੂ ਜੀ ਪਾਸ ਆ ਕੇ ਤਾਰਦੇ ਸਨ। ਗੁਰੂ ਆਪਣੇ ਬੰਦਿਆਂ ਰਾਹੀਂ ਲੱਖਾਂ ਰੁਪਏ ਬੁੱਕਲਾਂ ਵਿਚੋਂ ਕੱਢ ਕੇ ਅਛੋਪਲੇ ਇਨ੍ਹਾਂ ਦੀਆਂ ਬੋਰੀਆਂ ਦੇ ਵਿਛਾਉਣਿਆਂ ਹੇਠਾਂ ਰੱਖ ਦੇਂਦੇ ਸਨ। ਹੱਥ ਬਾਬਿਆਂ ਦੇ ਹੁੰਦੇ ਸਨ, ਖਜ਼ਾਨੇ ਗੁਰੂ ਜੀ ਦੇ ਹੁੰਦੇ ਸਨ। ਜਿੰਨਾ ਕੋਈ ਸੇਵਾ ਦੇ ਨਾਲ ਸਿਮਰਨ ਚਲਾਉਣ ਵਾਲਾ ਵਧ ਖਰਚਦਾ ਹੈ, ਉਤਨਾ ਹੀ ਗੁਰੂ ਵੱਧ ਦੇਂਦੇ ਹੈ। ਜਿਥੇ ਰਾਤ ਨੂੰ ਸੰਗਤਾਂ ਨੂੰ ਖਵਾ ਕੇ ਭਾਂਡੇ ਮੂਧੇ ਮਾਰੇ ਜਾਂਦੇ ਹਨ, ਘਿਓ ਵਾਲੀਆਂ ਖੀਰਾਂ ਕੇਵਲ ਉਥੇ ਹੀ ਰਿੱਝਦੀਆਂ ਹਨ, ਜਿਥੇ ਨੇਕ ਬੀਬੀਆਂ ਦਿਨ ਰਾਤ ਇਕ ਕਰਕੇ ਸੇਵਾ ਤੇ ਸਿਮਰਨ ਵਿਚ ਜੁਟਦੀਆਂ ਹਨ, ਉਥੇ ਹੀ ਸੰਘਣੀਆਂ ਛਾਵਾਂ ਵਾਲੇ ਬ੍ਰਿਛ ਪ੍ਰਵਾਨ ਚੜ੍ਹਦੇ ਹਨ।

ਇਹ ਬਾਬੇ ਸਧਾਰਨ ਬਾਬੇ ਨਹੀਂ, ਇਹ ਸੇਵਾ ਤੇ ਸਿਮਰਨ ਦੀਆਂ ਸਰਕਾਰਾਂ ਹਨ। ਇਨ੍ਹਾਂ ਦਾ ਆਪਣਾ ਸੇਵਾ ਤੇ ਸਿਮਰਨ ਦਾ ਰਾਜ ਹੈ। ਇਨ੍ਹਾਂ ਦਾ ਆਪਣਾ ਸਿੱਕਾ ਚਲਦਾ ਹੈ। ਇਨ੍ਹਾਂ ਦੀਆਂ ਆਪਣੀਆਂ ਅਣਥੱਕ ਫੌਜਾਂ ਹਨ। ਇਨ੍ਹਾਂ ਦੇ ਸਿਰ ਉਪਰ ਸਾਦੇ ਦਸਤਾਰੇ ਤੇ ਇੰਨੂ ਹਨ, ਇਨ੍ਹਾਂ ਦੇ ਗਲੀਂ ਕੇਵਲ ਖੱਦਰ ਦੀਆਂ ਫਤੂਹੀਆਂ ਹਨ। ਇਨ੍ਹਾਂ ਦੇ ਚਰਨ ਵਿਆਈਆਂ ਨਾਲ ਫਟੇ ਪਏ ਹਨ। ਇਨ੍ਹਾਂ ਦੀਆਂ ਉਂਗਲਾਂ ਵਿਚ ਗੰਢਾਂ ਪਈਆਂ ਹਨ। ਨਿਰ ਤਪ ਦੇਹੀ ਦਾ ਦੁਖ ਹੈ ਪਰ ਸੇਵਾ ਦਾ ਤਪ ਸੰਸਾਰ ਦੀ ਭਲਿਆਈ ਦਾ ਤਪ ਹੈ। ਨਿਰਾ ਸਿਮਰਨ, ਸਿਮਰਨ ਹੈ, ਨਿਰੀ ਧੁਨੀ ਹੈ ਪਰ ਸੇਵਾ ਨਾਲ ਸਿਮਰਨ, ਸੰਗੀਤ ਹੋ ਨਿਬੜਦਾ ਹੈ।

ਬਾਬਾ ਖੜਕ ਸਿੰਘ ਜੀ ਨੇ ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਜੀ ਵਲ ਦੋਵੇਂ ਹੱਥ ਜੋੜ ਕੇ ਤੇ ਨਮਸ਼ਕਾਰ ਕਰਕੇ ਕਿਹਾ ਸੀ, "ਮੇਰੇ ਮੰਗਣ ਲਈ ਕੇਵਲ ਇਕੋ ਘਰ ਹੈ। ਇਸ ਘਰ ਦੇ ਦਾਤੇ ਨੂੰ ਦਾਤਾਂ ਵੰਡਣ ਦਾ ਚਾਅ ਹੈ। ਇਸ ਦੁਕਾਨ ਵਿਚ ਆਪਣਾ ਕੁਝ ਭੀ ਨਹੀਂ ਹੈ, ਸਭ ਕੁਝ ਤੇਰਾ ਹੈ, ਤੇਰਾ ਹੈ, ਤੇਰਾ ਹੀ ਤੈਨੂੰ ਦੇਣਾ ਹੈ। ਆਪਣਾ ਕੁਝ ਭੀ ਨਹੀਂ ਹੈ। ਜੋ ਸਾਡੇ ਪਾਸ ਹੈ, ਇਹ ਆਇਆ ਹੀ ਦੇਣ ਲਈ ਹੈ।"

ਬਾਬਾ ਜੀ ਨੇ ਕਿਹਾ, "ਸੇਵਾ ਗਿਣਤੀਆਂ ਵਿਚ ਨਹੀਂ ਚਲ ਸਕਦੀ। ਜਿਥੇ ਬਹੁਤੀਆਂ ਰਸੀਦਾਂ ਕੱਟੀਆਂ ਜਾਂਦੀਆਂ ਹਨ, ਉਥੇ ਹੀ ਬਹੁਤੇ ਅਤੇ ਵੱਡੇ ਗਬਨ ਹੁੰਦੇ ਹਨ। ਗੁਰੂ ਜੀ ਨੇ ਅਕਬਰ ਦੀ ਜਾਗੀਰ ਲੰਗਰ ਲਈ ਪ੍ਰਵਾਨ ਨਹੀਂ ਸੀ ਕੀਤੀ। ਉਨ੍ਹਾਂ ਨੇ 'ਸੰਗਤ ਦੀ' ਜਾਗੀਰ ਲੰਗਰ ਦੇ ਨਾਮ ਲਵਾਈ ਸੀ। ਸੋ ਇਹ ਗੱਲ ਜੁਗੋ ਜੁਗ ਤੁਰੀ ਜਾਵੇਗੀ, ਕੋਈ ਕਾਨੂੰਨਾਂ ਵਿਚ ਬੱਝੀ ਕਮੇਟੀ ਮਹਾਨ ਸੇਵਾ ਨਹੀਂ ਕਰਵਾ ਸਕਦੀ। ਸੇਵਾ ਦੀ ਵਾਰਸ ਸੰਗਤ ਹੈ, ਸੇਵਾ ਦੇ ਵਾਰਸ ਸ਼ਰਧਾਲੂ ਹਨ, ਸੇਵਾ ਦੇ ਵਾਰਸ ਨਿਸ਼ਕਾਮ ਸੇਵਕ ਹਨ।"

ਇਕ ਖਾਸ ਗੱਲ, ਜਿਸ ਦੀ ਮਹਾਨਤਾ ਆਮ ਆਦਮੀ ਅਨੁਭਵ ਨਹੀਂ ਕਰ ਸਕਦੇ ਸਿਮਰਨ ਦੀ ਪਹਿਲੀ ਪੌੜੀ ਹੈ, ਉਚੀ, ਮਿੱਠੀ ਅਤੇ ਪਿਆਰ ਵਿਚ ਆ ਕੇ ਕੱਢੀ ਸੁਰ ਨਾਲ ਨਾਮ ਜਪਣਾ, ਬੈਖਰੀ ਬਾਣੀ ਨਾਲ ਬਾਣੀ ਪੜ੍ਹਨੀ, ਨਾਮ ਜਪਣਾ ਬੜਾ ਲਾਭਦਾਇਕ ਹੁੰਦਾ ਹੈ। ਇਸ ਤਰ੍ਹਾ ਬਾਣੀ ਤੇ ਨਾਮ ਦੀ ਹਿਰਦੇ ਵਿਚ ਜੜ੍ਹ ਲਗ ਜਾਂਦੀ ਹੈ। ਬੈਖਰੀ ਬਾਣੀ ਪਿੱਛੋਂ ਆਪਣੇ ਆਪ ਨਾਮ ਅਤੇ ਬਾਣੀ ਕੰਠ ਵਿਚ ਪਹੁੰਚ ਜਾਂਦੀ ਹੈ। ਹੋਰ ਅਭਿਆਸ ਪਿੱਛੋਂ ਨਾਮ ਹਿਰਦੇ ਵਿਚ ਵੱਸ ਜਾਂਦਾ ਹੈ। ਇਸ ਤਰ੍ਹਾਂ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਸੰਗਤਾਂ ਪਾਸੋਂ ਸੇਵਾ ਦੇ ਨਾਲ-ਨਾਲ ਨਾਮ ਦਾ ਅਭਿਆਸ ਭੀ ਕਰਵਾਈ ਜਾਂਦੇ ਸਨ। ਇਸ ਢੰਗ ਨਾਲ ਉਨ੍ਹਾਂ ਨੇ ਬੜੀ ਉੱਚੀ ਕਰਨੀ ਵਾਲੇ ਨਾਮ ਅਭਿਆਸੀ ਮਹਾਂਪੁਰਖ ਪੈਦਾ ਕਰ ਦਿੱਤੇ। ਆਪਣੀ ਨਾਮ ਬਾਣੀ ਦੀ ਕਮਾਈ ਨਾਲ ਜੋਤਾਂ ਜਗਾ ਦਿੱਤੀਆਂ, ਸ਼ਖਸੀਅਤਾਂ ਬਣਾ ਦਿੱਤੀਆਂ ਤਾਂਕਿ ਸੇਵਕ ਭਾਰਤ ਭਰ ਵਿਚ ਫੈਲ ਜਾਣ ਤੇ ਕੋਈ

ਇਤਿਹਾਸਕ ਅਸਥਾਨ ਐਸਾ ਨਾ ਰਹਿ ਜਾਵੇ, ਜਿਥੇ ਸ਼ਾਨਦਾਰ ਗੁਰਦੁਆਰਾ ਨਾ ਬਣ ਜਾਵੇ। ਕੇਵਲ ਗੁਰਦੁਆਰੇ ਨਹੀਂ, ਉਨ੍ਹਾਂ ਨੂੰ ਪੱਕੀਆਂ ਅਤੇ ਸ਼ਾਨਦਾਰ ਸੜਕਾਂ ਨਾਲ ਜੋੜਿਆ ਜਾਵੇ। ਕੇਵਲ ਸੜਕਾਂ ਹੀ ਨਹੀਂ, ਨਹਿਰਾਂ, ਸੂਇਆਂ ਤੇ ਦਰਿਆਵਾਂ ਉਪਰ ਭੀ ਪੁਲ ਬਣਾ ਕੇ ਗੁਰਦੁਆਰਿਆਂ ਨੂੰ ਨੇੜੇ ਕੀਤਾ ਜਾਵੇ। ਸਰਕਾਰ ਦੇ ਕਾਨੂੰਨਾਂ ਤੋਂ ਬਿਨਾਂ ਜ਼ਮੀਨ ਦੀਆਂ ਮੂੰਹੋਂ ਮੰਗੀਆਂ ਕੀਮਤਾਂ ਦੇ ਕੇ ਜਾਂ ਪ੍ਰੇਰਨਾ ਦੇ ਕੇ ਲੋਕਾਂ ਕੋਲਾਂ ਮੀਲਾਂ ਤਕ ਜ਼ਮੀਨ ਸੜਕਾਂ ਲਈ ਲੈ ਲੈਣੀਆਂ ਇਕ ਕਰਾਮਾਤ ਵਰਗੀ ਗੱਲ ਹੈ। ਗੁਰਦੁਆਰਿਆਂ ਦੇ ਨਾਲ ਲਗਦੇ ਸੈਂਕੜਿਆਂ ਦੀ ਗਿਣਤੀ ਵਿਚ ਘਰਾਂ ਜਾਂ ਬੁੰਗਿਆਂ ਨੂੰ ਖ਼੍ਰੀਦਣਾ ਜਾਂ ਮਕਾਨਾਂ ਵਾਲਿਆਂ ਨੂੰ ਪਹਿਲਾਂ ਨਵੇਂ ਮਕਾਨ ਬਣਾ ਕੇ ਦੇਣਾ, ਉਨ੍ਹਾਂ ਵਿਚ ਵੱਸਣ ਪਿਛੋਂ ਉਨ੍ਹਾਂ ਦੇ ਮਕਾਨ ਢਾਹ ਕੇ, ਉਥੇ ਸ਼ਾਨਦਾਰ ਗੁਰਦੁਆਰੇ ਬਣਾ ਦੇਣੇ, ਇਹੋ ਜਿਹੀਆਂ ਅਣਹੋਣੀਆਂ ਨੂੰ ਹੋਣੀਆਂ ਕਰ ਦੇਣਾ ਕੁਝ ਅਰਥ ਰੱਖਦਾ ਹੈ।

ਜਦੋਂ ਅਸੀਂ ਪੌੜ ਨੰਗੇ ਕਰਕੇ ਵਾਕ ਲਿਖ ਜਾਂਦੇ ਹਾਂ, ਤਾਂ ਸਾਰੇ ਪਾਠਕ ਪੂਰੀ ਗੱਲ ਨਹੀਂ ਸਮਝ ਸਕਦੇ। ਸਾਰੇ ਸਰੋਵਰ, ਜਿਥੇ ਜਿਥੇ ਸੇਵਾ ਹੁੰਦੀ ਸੀ, ਵਹਿਣਾਂ ਰਾਹੀਂ ਆਈ ਮਿੱਟੀ ਨਾਲ ਅੱਟੇ ਪਏ ਸਨ। ਪੌੜੀਆਂ ਦੀ ਕਾਫੀ ਗਿਣਤੀ ਪਾਣੀ ਅਤੇ ਕਾਰ ਨਾਲ ਭਰੀ ਹੁੰਦੀ ਹੈ। ਪਹਿਲਾਂ ਪਾਣੀ ਕੱਢ ਕੇ ਪਾਣੀ ਵਾਲੀਆਂ ਪੌੜੀਆਂ ਨੂੰ ਨੰਗਿਆਂ ਕਰਨਾ ਹੁੰਦਾ ਹੈ, ਫਿਰ ਟੋਕਰੀਆਂ ਦੇ ਨਾਲ ਕਾਰ ਕੱਢ ਕੇ, ਕਾਰ ਨਾਲ ਦੱਬੀਆਂ ਪੌੜੀਆਂ ਨੂੰ ਨੰਗਿਆਂ ਕਰਨਾ ਹੁੰਦਾ ਹੈ। ਇਸ ਤੋਂ ਪਿਛੋਂ ਫਿਰ ਨਵੇਂ ਸਿਰੇ ਤੋਂ, ਮੁੱਢੋਂ-ਸੁੱਢੋਂ ਪੌੜੀਆਂ ਬਣਾਉਣੀਆਂ ਹੁੰਦੀਆਂ ਹਨ।

ਸੋ ਬਾਬਿਆਂ ਨੇ ਮੀਲਾਂ ਲੰਮੀ ਹੰਸਲੀ ਦੀ ਸੇਵਾ ਸ਼ੁਰੂ ਕਰਵਾ ਦਿਤੀ। ਬਾਹਰ ਪੈਲੀਆਂ ਵਿਚ ਤੰਬੂ ਲਗ ਗਏ। ਫਰਮੇ ਬਣਨ ਲਗ ਪਏ। ਬਣੇ ਹੋਏ ਫਰਮਿਆਂ ਨੂੰ ਪਾਣੀ ਵਿਚ ਡੁਬੋ ਡੁਬੋ ਕੇ ਰੱਖਿਆ ਜਾਂਦਾ ਤਾਂਕਿ ਉਹ ਕੁਦਰਤੀ ਬਣੀਆਂ ਪੱਥਰਾਂ ਦੀਆਂ ਸਿਲਾਂ ਤੋਂ ਭੀ ਮਜ਼ਬੂਤ ਹੋ ਜਾਣ। ਕੁਦਰਤੀ ਸਿਲਾਂ ਵਿਚਲਾ ਮਸਾਲਾ ਤੋਲ ਮਿਣ ਕੇ ਨਹੀਂ ਬਣਾਇਆ ਹੁੰਦਾ। ਪਰ ਜਿਹੜੇ ਫਰਮੇ ਬਾਬੇ ਬਣਵਾਉਂਦੇ ਸਨ, ਉਨ੍ਹਾਂ ਦੀ ਗਿਣਤੀ ਮਿਣਤੀ ਠੀਕ ਹੁੰਦੀ ਸੀ, ਉਨ੍ਹਾਂ ਦੇ ਮਸਾਲੇ ਸੋਧੇ ਹੋਏ ਤੇ ਸਾਫ ਹੁੰਦੇ ਸਨ। ਸੇਵਾ ਕਰਨ ਵਾਲੇ ਬੱਜਰੀ, ਰੇਤਾ ਤੇ ਰੋੜੀ ਨੂੰ ਇਸ ਤਰ੍ਹਾਂ ਪਾਣੀ ਵਿਚ ਧੋਂਦੇ ਸਨ, ਜਿਸ ਤਰ੍ਹਾ ਕੋਈ ਆਪਣੇ ਬਜ਼ੁਰਗ ਨੂੰ ਇਸ਼ਨਾਨ ਕਰਵਾ ਰਿਹਾ ਹੁੰਦਾ ਹੈ।

ਕਿਸਾਨਾਂ ਦੇ ਵਾਢੀਆਂ ਦੇ ਦਿਨ ਆਏ, ਕਿਸਾਨਾਂ ਦੇ ਗਹਾਈਆਂ ਦੇ ਮਹੀਨੇ ਆਏ, ਕਿਸਾਨਾਂ ਦੇ ਬਿਜਾਈ ਦੇ ਮਹੀਨੇ ਆਏ, ਇਤਨੇ ਰੁਝੇਵੇਂ ਦੇ ਮਹੀਨੇ ਆਉਂਦੇ ਰਹੇ ਪਰ ਸੇਵਾ ਦੇ ਪ੍ਰਵਾਹ ਵਿਚ ਕੋਈ ਫਰਕ ਨਹੀਂ ਸੀ ਪੈਂਦਾ। ਕਿਸਾਨਾਂ ਵਿਚ, ਇਨ੍ਹਾਂ ਸਮਿਆਂ ਦੇ ਰੁਝੇਵੇਂ ਦੀ ਇਕ ਗੱਲ ਬੜੀ ਪ੍ਰਸਿੱਧ ਹੈ, ਕਹਿੰਦੇ ਹਨ, ਸੱਤ ਪੁੱਤਰਾਂ ਦੀ ਮਾਂ ਮਰ ਗਈ, ਉਨ੍ਹਾਂ ਸਭ ਨੇ ਸਲਾਹ ਕਰਕੇ ਆਪਣੀ ਮਾਂ ਦੀ ਲਾਸ਼ ਨੂੰ ਭੜੋਲੇ ਵਿਚ ਬੰਦ ਕਰ ਦਿੱਤਾ ਅਤੇ ਜਦੋਂ ਬਿਜਾਈ ਦਾ ਕੰਮ ਖਤਮ ਹੋ ਗਿਆ ਤਾਂ ਪਿਛੋਂ ਉਸ ਦਾ ਸਸਕਾਰ ਕੀਤਾ।

ਇਸ ਤੋਂ ਪਤਾ ਲਗਦਾ ਹੈ ਕਿ ਬਾਬਿਆਂ ਨੇ ਇਨ੍ਹਾਂ ਲੋਕਾਂ ਦੇ ਮਨ ਵਿਚ ਸੇਵਾ ਦੀ ਕਿਤਨੀ ਮਹਾਨਤਾ ਦਾ ਪ੍ਰਭਾਵ ਪੈਦਾ ਕੀਤਾ ਹੋਇਆ ਹੈ।

ਜਦੋਂ ਬਾਬਿਆਂ ਦਾ ਸੇਵਾ ਕਰਨ ਦਾ ਸੁਨੇਹਾ ਪਹੁੰਚਦਾ ਹੈ ਤਾਂ ਹਾਲੀ ਹਲ ਛੱਡ ਦੇਂਦੇ ਹਨ। ਰਾਖੇ ਗੋਪੀਆਂ ਰੱਖ ਦੇਂਦੇ ਹਨ। ਗੋਡੇ ਗੋਡੀ ਛੱਡ ਦੇਂਦੇ ਹਨ। ਵਾਗੀ ਵੱਗ ਵਾਪਸ ਲੈ ਆਉਂਦੇ ਹਨ। ਕੋਠਾ ਉਸਾਰ ਰਹੇ ਫਸਤਾ ਪਾਉਣਾ ਬੰਦ ਕਰ ਦੇਂਦੇ ਹਨ। ਕੇਰੇ ਵਾਲੇ ਕੇਰਾ ਅਤੇ ਪੋਰ ਵਾਲੇ ਪੋਰਾ ਛੱਡ ਦੇਂਦੇ ਹਨ। ਵਾਢੇ ਵਾਢੀਆਂ ਦੀ ਪ੍ਰਵਾਹ ਨਹੀਂ ਕਰਦੇ। ਵਿਆਹ ਸ਼ਾਦੀਆਂ ਲਈ ਤਿਆਰ ਹੋਏ ਤੇ ਘੋੜੀਆਂ ਤੇ ਚੜ੍ਹੇ ਲੋਕ ਘੋੜੀਆਂ ਬੰਨ੍ਹ ਕੇ ਕਾਠੀਆਂ, ਤਾਹਰੂ ਅਤੇ ਲਗਾਮਾਂ ਲਾਹ ਕੇ ਤੁਰ ਪੈਂਦੇ ਹਨ।

ਇਸ ਤਰ੍ਹਾਂ ਸਾਲਾਂ-ਬੱਧੀ ਸ੍ਰੀ ਤਰ੍ਨ ਤਾਰਨ ਸਾਹਿਬ ਜੀ ਹੰਸਲੀ ਦੀ ਸੇਵਾ ਚਲਦੀ ਰਹੀ, ਪੌੜ ਨੰਗੇ ਕਰਕੇ ਪੌੜਾਂ ਦੀ ਸੇਵਾ ਚਲਦੀ ਰਹੀ।

ਸ੍ਰੀ ਤਰਨ ਤਾਰਨ ਮਹੀਨੇ ਪਿੱਛੋਂ ਮੱਸਿਆ ਲਗਦੀ ਹੈ, ਇਹ ਮੱਸਿਆ ਬਹੁਤੇ ਲੋਕਾਂ ਨੇ ਸੁਖੀਆਂ ਹੁੰਦੀਆਂ ਹਨ, ਕਿਸੇ ਨੇ ਬਿਮਾਰਾਂ ਕਰਕੇ, ਕਿਸੇ ਨੇ ਪੁੱਤਰ ਦੀ ਮੰਗ ਕਰਕੇ, ਕਿਸੇ ਨੇ ਪੁੱਤਰ ਦੇ ਵਿਆਹ ਕਰਕੇ, ਕਿਸੇ ਨੇ ਮੁਕੱਦਮੇ ਕਰਕੇ ਤੇ ਕਿਸੇ ਉਟਕ ਗਈ ਮੱਝ ਕਰਕੇ। ਸ੍ਰੀ ਤਰਨ ਤਾਰਨ ਦੇ ਦੁਕਾਨਦਾਰ ਇਕ ਮੱਸਿਆ ਤੇ ਮਹੀਨੇ ਦੀ ਕਮਾਈ ਕਰ ਲੈਂਦੇ ਹਨ, ਪਰ ਹੰਸਲੀ ਦੀ ਸੇਵਾ ਵੇਲੇ ਸਾਲਾਂ-ਬਧੀ ਸੇਵਾ ਦੀ ਰੋਜ਼ ਮੱਸਿਆ ਲਗਦੀ ਰਹੀ। ਇਹ ਮੱਸਿਆ ਨਿਸ਼ਕਾਮੀਆਂ ਦੀ ਹੁੰਦੀ ਸੀ, ਇਹ ਮੱਸਿਆ ਨਾਮ-ਅਭਿਆਸੀਆਂ ਦੀ ਸੀ, ਇਹ ਮੱਸਿਆ ਸੇਵਾ ਤੇ ਸੰਗਤ ਦੀ ਸੀ, ਇਹ ਮੱਸਿਆ ਜੀਵਨ ਉਸਾਰਨ ਦੀ ਸੀ, ਲੋਕ ਪ੍ਰਲੋਕ ਸਵਾਰਨ ਦੀ ਸੀ।

ਬਾਹਰ ਖੇਤਾਂ ਵਿਚ ਹੀ ਤੰਬੂ ਲਗਦੇ, ਜਦੋਂ ਉਤਨੇ ਹਿੱਸੇ ਦੀ ਹੰਸਲੀ ਬਣ ਜਾਂਦੀ ਤਾਂ ਉਥੋਂ ਸੇਵਾ ਦੀ ਛਾਉਣੀ ਉਠ ਖੜੋਂਦੀ ਅਤੇ ਉਸੇ ਤਰ੍ਹਾਂ ਅੱਗੇ ਜਾ ਕੇ ਲੱਗ ਜਾਂਦੀ, ਜਿਵੇਂ ਸੜਕ ਬਣਾਉਣ ਵੇਲੇ ਠੇਕੇਦਾਰ ਲਾਉਂਦੇ ਹਨ।

ਸਤਿਗੁਰੂ ਜੀ ਨੇ ਜਿਹੜਾ ਆਪਣੀਆਂ ਸੰਗਤਾਂ ਰਾਹੀਂ ਸੇਵਾ ਦਾ ਅਖੰਡ ਯੱਗ ਆਰੰਭ ਕੀਤਾ ਸੀ, ਉਹ ਸੰਪੂਰਨ ਹੋ ਗਿਆ, ਨਵੀਂ ਬਣੀ ਹੰਸਲੀ ਰਾਹੀਂ ਨਹਿਰ ਦਾ ਪਾਣੀ ਮੀਲਾਂ ਤੋਂ ਰਿੜ੍ਹ ਕੇ ਪਹਿਲੀ ਵਾਰ ਵਿਸ਼ਾਲ ਸਰੋਵਰ ਵਿਚ ਪਿਆ। ਝੀਲ ਵਰਗਾ ਵਿਸ਼ਾਲ ਸਰੋਵਰ ਅੰਮ੍ਰਿਤ ਜਲ ਨਾਲ ਭਰ ਗਿਆ। ਨਿਰਮਲ ਸਰੋਵਰ ਵਿਚ ਬੁੰਗਿਆਂ ਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਪ੍ਰਛਾਵੇਂ ਝੂਮ ਝੂਮ ਕੇ ਇਸ਼ਨਾਨ ਕਰਨ ਲਗੇ ਅਤੇ ਚੰਦ ਚਾਨਣੀ ਵਿਚ ਸਮਾਧੀਆਂ ਪੱਕੀਆਂ ਕਰਨ ਵਿਚ ਨਾਮ-ਅਭਿਆਸੀਆਂ ਦੀ ਸਹਾਇਤਾ ਕਰਨ ਲੱਗ ਪਏ।

## ਗੁਰਦੁਆਰਾ ਖਡੂਰ ਸਾਹਿਬ ਜੀ ਦੀ ਸੇਵਾ

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ, ਵਾਕ ਦਾ ਨਿਸ਼ਾਨਾ, ਠੀਕ ਟਿਕਾਣੇ ਤੇ ਮਾਰਦੇ ਸਨ। ਬਾਬਾ ਜੀ ਨੇ ਕਿਹਾ, "ਇਹ ਠੀਕ ਨਹੀਂ ਕਿ ਲੋਕ ਪੁੱਤਰ ਵਲ ਜਾਣ ਅਤੇ ਪਿਤਾ ਰਾਹ ਵਿਚ ਬੈਠਾ ਉਡੀਕਦਾ ਰਹੇ। ਗੁਰੂ-ਗੱਦੀ ਕਰਕੇ ਗੁਰੂ ਅੰਗਦ ਦੇਵ ਜੀ ਪਿਤਾ ਜੀ ਹਨ ਅਤੇ ਗੁਰੂ ਅਮਰਦਾਸ ਜੀ ਪੁੱਤਰ ਹਨ, ਸੰਗਤਾਂ ਬਾਉਲੀ ਸਾਹਿਬ ਜੀ ਦੇ ਇਸ਼ਨਾਨ ਕਰਨ ਲਈ ਦੂਰ ਦੂਰ ਤੋਂ ਆਉਂਦੀਆਂ ਹਨ, ਪਰ ਰਾਹ ਨਾ ਹੋਣ ਕਰਕੇ ਸ੍ਰੀ ਖਡੂਰ ਸਾਹਿਬ ਜੀ ਦੇ ਦਰਸ਼ਨ ਨਹੀਂ ਕਰਦੀਆਂ। ਜਿਸ ਖੱਡੀ ਵਿਚ ਸਣੇ ਭਰੀ ਗਾਗਰ ਦੇ ਡਿੱਗਣ ਕਰਕੇ ਗੁਰ-ਗੱਦੀ ਮਿਲੀ ਹੈ, ਏਡੇ ਮਹਾਨ ਅਸਥਾਨ ਦੀ ਏਡੀ ਨਿੱਕੀ ਯਾਦਗਾਰ ਠੀਕ ਨਹੀਂ ਹੈ।"

ਇਸ ਤੋਂ ਪਹਿਲਾਂ ਭੀ ਬਾਬਾ ਜੀ ਨੇ ਮੀਲਾਂ ਲੰਬੀਆਂ ਹੰਸਲੀਆਂ ਲਈ, ਜ਼ਮੀਨਾਂ ਲਈਆਂ ਸਨ। ਹੁਣ ਮੀਲਾਂ ਲੰਮੀ ਸੜਕ ਦੀ ਲੋੜ ਸੀ, ਜੋ ਮੁਖ ਸੜਕ ਵਿਚੋਂ ਨਿਕਲ ਕੇ ਸਾਰੇ ਗੁਰਦੁਆਰਿਆਂ ਨਾਲ ਜੋੜੇ ਅਤੇ ਫਿਰ ਸੜਕ ਤੇ ਪਹੁੰਚੇ।

ਬਾਬਿਆਂ ਦੇ ਹੁਕਮ ਦੀ ਸਭ ਕਿਸਾਨਾਂ ਨੇ ਪਾਲਣਾ ਕੀਤੀ। ਬੀਜੀਆਂ ਫਸਲਾਂ ਛੱਡ ਦਿੱਤੀਆਂ। ਸੜਕ ਲਈ ਛੱਡੀ ਜ਼ਮੀਨ ਤੇ ਮਿੱਟੀ ਪਾਉਣ ਦੀ ਭੀ ਸੇਵਾ ਮੰਗੀ ਅਤੇ ਕੀਤੀ। ਮੀਲਾਂ ਲੰਬੀ ਸੜਕ ਨੂੰ ਲੁੱਕ ਵਾਲੀ ਪੱਕੀ ਸੜਕ ਬਣਾ ਕੇ, ਸੰਗਤਾਂ ਦੇ ਗੋਂਦਵਾਲ ਨੂੰ ਜਾਣ ਵਾਲੇ ਪ੍ਰਵਾਹ ਲਈ ਰਾਹ ਵਿਚ ਸ੍ਰੀ ਖਡੂਰ ਸਾਹਿਬ ਜੀ ਦੀ ਠੋਕਰ ਬਣਾ ਕੇ, ਪ੍ਰੇਰਨਾ ਦਾ ਇਕ ਹੋਰ ਸੋਮਾ ਨਾਲ ਜੋੜ ਦਿੱਤਾ। ਲਗਾਤਾਰ ਸਾਲਾਂ ਬੱਧੀ ਸੇਵਾ ਕਰਕੇ ਇਹ ਕਾਰਜ ਨਿਰਵਿਘਨ ਸਮਾਪਤ ਕੀਤਾ।

ਇਸ ਸਭ ਤੋਂ ਵੱਡੇ ਪ੍ਰੋਜੈਕਟ ਦੀ ਸੇਵਾ ਕਰਦਿਆਂ ਬਾਬਾ ਖੜਕ ਸਿੰਘ ਜੀ ਨੂੰ ਸੇਵਾ ਕਰਾਉਣ ਤੇ ਕਰਨ ਦਾ ਬਲ ਬਖਸ਼ਿਆ। ਤੇ ਬਾਬਾ ਜੀ ਨੇ ਪਹਿਲੀ ਸੇਵਾ ਜਾਮਾ ਰਾਇ ਦੇ ਨੇੜੇ, ਡੇਰਾ ਸਾਹਿਬ ਜੀ ਦੀ ਕਰਵਾਈ।

ਗੁਰਦੁਆਰਾ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦਾ ਦੇਹੁਰਾ ਹੈ। ਏਥੇ ਗੁਰੂ ਅਮਰਦਾਸ ਜੀ ਬਾਰਾਂ ਸਾਲ ਸੇਵਾ ਕਰਦੇ ਰਹੇ। ਏਥੇ ਗੁਰੂ ਨਾਨਕ ਦੇਵ ਜੀ ਨੇ ਭੀ ਚਰਨ ਪਾਏ ਸਨ। ਜਿਸ ਕਿੱਲੇ ਦੀ ਠੋਕਰ ਖਾ ਕੇ ਗੁਰੂ ਜੀ ਡਿੱਗ ਪਏ ਸਨ, ਉਹੋ ਕਿੱਲਾ ਸਮਾਂ ਪਾ ਕੇ ਕਰੀਰ ਬਣ ਗਿਆ ਸੀ।

ਤਪਿਆਨਾ ਸਾਹਿਬ ਆਬਾਦੀ ਤੋਂ ਇਕ ਫਰਲਾਂਗ ਦੀ ਦੂਰੀ ਉਪਰ ਹੈ, ਜਿਥੇ ਗੁਰੂ ਅੰਗਦ ਦੇਵ ਜੀ ਨੇ ਕਈ ਸਾਲ ਬੜਾ ਉਗਰ ਤਪ ਕੀਤਾ ਸੀ, ਇਸ ਦੇ ਨਾਲ ਸਰੋਵਰ ਹੈ, ਇਸ ਦੇ ਕੰਢੇ ਦੇ ਲਾਗੇ ਹੀ ਭਾਈ ਬਾਲਾ ਜੀ ਦੀ ਸਮਾਧ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ ਸੀ ਅਤੇ ਨਾਲ ਅਖਾੜਾ, ਜਿਥੇ ਗੁਰੂ ਅੰਗਦ ਦੇਵ ਜੀ ਪਿੰਡ ਦੇ ਮੁੰਡਿਆਂ ਦੀਆਂ ਖੇਡਾਂ ਵੇਖਿਆ ਕਰਦੇ ਸਨ ਅਤੇ ਇਨਾਮ ਦੇ ਕੇ ਉਹਨਾਂ ਦਾ ਉਤਸ਼ਾਹ ਵਧਾਇਆ ਕਰਦੇ ਸਨ।

ਇਨ੍ਹਾਂ ਸਾਰੇ ਗੁਰਦੁਆਰਿਆਂ ਦੀ ਰੀਝਾਂ ਨਾਲ ਸੇਵਾ ਕਰਵਾਈ ਅਤੇ ਉਤਨੇ ਹੀ ਸ਼ਾਨਦਾਰ ਬਣਾਏ, ਜਿੰਨਾ ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸੀ।

ਸਰੋਵਰ ਬਣਾਏ, ਪਰਕਰਮਾਂ ਬਣਾਈਆਂ, ਉਹਨਾਂ ਵਿਚ ਸੰਗਮਰਮਰ ਲਗਵਾਇਆ। ਗੁੰਬਦਾਂ ਦੀ ਸੇਵਾ ਕਰਵਾਈ।

ਇਸ ਸੇਵਾ ਦੇ ਯੱਗ ਵਿਚ, ਦੂਰੋਂ ਨੇੜਿਓਂ ਲੱਖਾਂ ਦੀ ਗਿਣਤੀ ਵਿਚ ਆਈਆਂ ਸੰਗਤਾਂ ਨੇ ਤਨ, ਮਨ ਅਤੇ ਧਨ ਨਾਲ ਹਿੱਸਾ ਪਾਇਆ। ਸੇਵਾ ਅਤੇ ਸਿਮਰਨ ਦਾ ਕਈ ਸਾਲ ਤਕ ਯੱਗ ਲੱਗਾ ਰਿਹਾ। ਬਾਬਾ ਜੀ ਨੇ ਸਾਰੇ ਇਲਾਕੇ ਦੀ ਧਾਰਮਿਕ ਤੌਰ ਉਪਰ ਕਾਇਆ ਕਲਪ ਕਰ ਦਿੱਤੀ।

## ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ ਦੀ ਸੇਵਾ

ਸ੍ਰੀ ਨਨਕਾਣਾ ਸਾਹਿਬ ਜੀ ਵਿਚ ਸਤਿਗੁਰੂ ਜੀ ਦੇ ਅਨੇਕਾਂ ਗੁਰਦੁਆਰੇ ਹਨ। ਇਨ੍ਹਾਂ ਅਸਥਾਨਾਂ ਨਾਲ ਅਠਾਰਾਂ ਹਜ਼ਾਰ ਏਕੜ ਜ਼ਮੀਨ ਹੈ ਅਤੇ ਨੌਂ ਹਜ਼ਾਰ ਅੱਠ ਸੌ ਬਾਨਵੇਂ ਰੁਪਏ ਜਾਗੀਰ ਸੀ। ਇਸ ਤੋਂ ਬਿਨਾਂ ਲਗਭਗ ਪੰਜਾਹ ਹਜ਼ਾਰ ਸਾਲ ਦੀ ਚੜ੍ਹਾਵੇ ਦੀ ਆਮਦਨੀ ਸੀ, ਇਤਨਾ ਕੁਝ ਹੁੰਦਿਆਂ ਭੀ ਗੁਰਦੁਆਰਿਆਂ ਦੀ ਸੇਵਾ ਤੇ ਨਾ ਦੇ ਬਰਾਬਰ ਖਰਚ ਹੋ ਰਿਹਾ ਸੀ।

ਆਪਣੇ ਸਮੇਂ ਕੇਵਲ ਰਾਇ ਬੁਲਾਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਤਲਾਬ ਬਣਵਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੀ ਜਨਮ ਅਸਥਾਨ ਅਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ੁਮੇਵਾਰੀ ਸੌਂਪੀ ਸੀ ਤੇ ਨਿਭੀ ਭੀ ਸੀ। ਜਿਤਨਾ ਚਿਰ ਗੁਰੂ ਪਿਆਰ ਲਈ ਅੰਦਰ ਹੜ ਨਾ ਵਗ ਰਿਹਾ ਹੋਵੇ, ਸੇਵਾ ਨਹੀਂ ਹੋ ਸਕਦੀ। ਸੱਚ ਪੁੱਛੋ ਤਾਂ ਗੁਰੂ ਜੀ ਨੂੰ ਕੋਈ ਕਿਤਨਾ ਪਿਆਰ ਕਰਦਾ ਹੈ ? ਇਸ ਨੂੰ ਕੇਵਲ ਸੇਵਾ ਦੇ ਮਾਪ ਨਾਲ ਮਿਣਿਆ ਜਾ ਸਕਦਾ ਹੈ ਕਿ ਕੋਈ ਕਿਤਨੀ ਸੇਵਾ ਕਰਦਾ ਹੈ। ਸੇਵਾ ਅੰਦਰਲੇ ਪਿਆਰ ਦਾ ਬਾਹਰਲਾ ਨਿਸ਼ਾਨ ਹੈ। ਜਿਨ੍ਹਾਂ ਨੇ ਮਨ ਨਹੀਂ ਮਾਰਿਆ, ਉਹ ਸੇਵਾ ਨਹੀਂ ਕਰ ਸਕਦੇ। ਮਨ, ਸੇਵਾ ਕਰਨ ਤੋਂ ਬਿਨਾਂ ਮਰ ਹੀ ਨਹੀਂ ਸਕਦਾ। ਸੇਵਾ ਨਾਲ ਮਨ ਮਰਦਾ ਨਹੀਂ, ਟਿਕਦਾ ਹੈ, ਸੁਕਦਾ ਨਹੀਂ ਹਰਿਆ ਹੁੰਦਾ ਹੈ। ਸੇਵਾ ਨਾਲ ਮਨ ਦਾ ਘੋੜਾ ਸੁਧਾਇਆ ਜਾਂਦਾ ਹੈ, ਇਸ ਦੇ ਵਿਚੋਂ ਸ਼ਾਨਦਾਰ ਸੁਹਜ-ਸਵਾਦ ਦੀਆਂ ਚਾਲਾਂ ਕੱਢੀਆਂ ਜਾਂਦੀਆਂ ਹਨ। ਬਾਬਾ ਜੀ ਪ੍ਰੋਗਰਾਮ ਬਣਾ ਕੇ ਸ੍ਰੀ ਨਨਕਾਣਾ ਸਾਹਿਬ ਜੀ ਗਏ ਅਤੇ ਸੰਗਤਾਂ ਨੂੰ ਸੇਵਾ

ਵਿਚ ਲਾ ਦਿੱਤਾ। ਸਾਲਾਂ ਬੱਧੀ ਸੇਵਾ ਕਰਦੇ ਤੇ ਕਰਵਾਉਂਦੇ ਰਹੇ, ਨਾਮ ਜਪਦੇ ਅਤੇ ਜਪਵਾਉਂਦੇ ਰਹੇ। ਜਨਮ ਅਸਥਾਨ ਕਿਆਰ ਸਾਹਿਬ ਦੀ ਅਤੇ ਗੁਰਦੁਆਰਾ ਬਾਲ ਲੀਲ੍ਹਾ ਦੀ ਸੇਵਾ ਸੰਪੂਰਨ ਕੀਤੀ ਅਤੇ ਸੰਬੰਧਤ ਰਸਤੇ ਠੀਕ ਕਰਵਾਏ।

## ਗੁਰੂ ਰਾਮਦਾਸ ਜੀ ਦੀ ਪਰਕਰਮਾ

ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨਾਮ ਬਾਣੀ ਦੇ ਰਸੀਏ ਸਨ। ਉਹਨਾਂ ਦੇ ਸਾਥੀ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਸਨ। ਇਨ੍ਹਾਂ ਨੇ ਆਪਣੇ ਸਮੇਂ ਗੁਰਦੁਆਰਿਆਂ ਵਿਚ ਕਈ ਮਰਯਾਦਾਂ ਬੜੀ ਸਖਤੀ ਨਾਲ ਚਲਾਈਆਂ। ਪਾਠ ਤੇ ਕੀਰਤਨ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਹਮਣੇ ਆਂਙਣ ਵਿਚ ਕੋਈ ਬੱਚਾ ਇਧਰ ਉਧਰ ਭੱਜ ਨੱਠ ਨਹੀਂ ਸੀ ਸਕਦਾ। ਸ਼ਾਮ ਨੂੰ ਨੌਜਵਾਨ ਪ੍ਰਕਰਮਾ ਵਿਚ ਟੋਲੀਆ ਬਣਾ ਕੇ ਅਵਾਰਾਗਰਦਾਂ ਵਾਂਗ ਘੁੰਮ ਨਹੀਂ ਸੀ ਸਕਦੇ। ਦਰਸ਼ਨੀ ਡਿਉੜੀ ਦੇ ਅੰਦਰ ਜਾਣ ਪਿਛੋਂ ਕੋਈ ਆਦਮੀ ਕਿਸੇ ਥਾਂ ਤੇ ਖੜਾ ਹੋ ਕੇ ਵਾਧੂ ਗੱਲਾਂ ਨਹੀ ਸੀ ਕਰ ਸਕਦਾ।

ਰਹਰਾਸਿ ਵੇਲੇ ਬਾਹਰਲੀ ਪ੍ਰਕਰਮਾ ਵਿਚ ਬੈਠ ਕੇ ਟੋਲੀਆਂ ਇਧਰ ਉਧਰ ਦੀਆਂ ਖੱਚਾਂ ਨਹੀ ਸੀ ਮਾਰ ਸਕਦੀਆਂ। ਰਹਰਾਸਿ ਵੇਲੇ ਅੰਦਰ ਬਾਹਰ, ਸਭ ਥਾਈਂ ਚੌਕੜੀ ਮਾਰਕੇ ਰਹਰਾਸਿ ਸੁਣਨ ਦੀ ਨਵੀ ਪਿਰਤ ਤੋਰੀ ਸੀ।

ਪ੍ਰਕਰਮਾਂ ਚੌੜੀ ਕਰਨ ਅਤੇ ਨਵੇਂ ਬੁੰਗੇ ਬਣਾਉਣ ਦੀ ਸਕੀਮ ਤਿਆਰ ਕੀਤੀ ਅਤੇ ਇਹ ਭੀ ਸੋਚਿਆ ਗਿਆ ਕਿ ਇਸ਼ਨਾਨ ਪਿਛੋਂ ਜੋ ਕੱਛੇ ਤੌਲੀਏ ਨਿਚੋੜੇ ਜਾਂਦੇ ਹਨ ਜਾਂ ਮੀਂਹ ਪੈਣ ਤੇ ਜਿਹੜਾ ਸਾਰੀ ਪ੍ਰਕਰਮਾ ਦਾ ਜਲ ਸਰੋਵਰ ਵਿਚ ਪੈਂਦਾ ਹੈ ਅਤੇ ਬੇਅਦਬੀ ਹੁੰਦੀ ਹੈ, ਇਹ ਪਾਣੀ ਬਾਹਰ ਕੱਢ ਦਿੱਤਾ ਜਾਵੇ।

ਭਾਵੇਂ ਚੰਗੇ ਚੰਗੇ ਅਤੇ ਸਿਆਣੇ ਬੰਦਿਆਂ ਨੇ ਭੀ ਇਸ ਸਕੀਮ ਦੀ ਵਿਰੋਧਤਾ ਕੀਤੀ ਅਤੇ ਝੰਡੇ ਬੁੰਗੇ ਦੇ ਅਰਦਾਸ ਦੇ ਸ਼ਬਦਾਂ ਨੂੰ ਹੋਰਸ ਰੰਗ ਵਿਚ ਪੇਸ਼ ਕੀਤਾ ਪਰ ਇਹ ਡਟੇ ਰਹੇ ਅਤੇ ਜਦੋਂ ਇਸ ਸੇਵਾ ਦਾ ਬੇੜਾ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੇ ਚੁਕ ਲਿਆ ਤਾਂ ਝੂਠ ਦੇ ਧਾਰਮਿਕ ਛਲ ਦੇ ਪਹਾੜ ਧੂਏਂ ਦੇ ਬੱਦਲਾਂ ਵਾਂਗ ਉਡ ਗਏ। ਸੰਗਤਾਂ ਦਿਨ ਰਾਤ ਸਿਮਰਨ ਤੇ ਸੇਵਾ ਵਿਚ ਜੁੱਟ ਪਈਆਂ ਧੜਾ-ਧੜ ਬੁੰਗੇ ਖ੍ਰੀਦੇ ਜਾਣ ਲਗੇ, ਸਿਰ ਉੱਪਰ ਟੋਕਰੀਆਂ ਅਤੇ ਮੂੰਹ ਵਿਚ "ਆਪ ਸਹਾਈ ਹੋਆ ਸਚੇ ਦਾ ਸਚਾ ਢੋਆ॥" ਹਥੌੜੀਆਂ ਨਾਲ ਰੋੜੀ ਕੁੱਟੀ ਜਾਣ ਲੱਗੀ ਅਤੇ ਮੂੰਹੋਂ, "ਆਪ ਸਹਾਈ ਹੋਆ ਸਚੇ ਦਾ ਸਚਾ ਢੋਆ॥" ਦੀ ਧੁੰਨੀ ਗੂੰਜਣ ਲੱਗੀ।

ਇਹ ਸੇਵਾ ਸਿਖਰਾਂ ਵਲ ਜਾ ਰਹੀ ਸੀ ਕਿ ਪ੍ਰਭੂ ਨੇ ਆਪਣੇ ਸੇਵਾ ਦੇ ਅਵਤਾਰ ਨੂੰ ਆਪਣੇ ਚਰਨਾਂ ਵਿਚ ਸੰਮਤ ੨੦੦੪, ਮੱਘਰ ਦੀ ੧੫ ਨੂੰ ਪ੍ਰਕਰਮਾ ਵਿੱਚੋਂ, ਅੰਮ੍ਰਿਤ ਵੇਲੇ ੪ ਵਜੇ ਸੱਦ ਲਿਆ ਜਾਂ ਇਹ ਸਮਝੋ ਉਨ੍ਹਾਂ ਨੇ ਆਪਣੇ ਆਤਮਿਕ ਸਰੂਪ ਨੂੰ ਸੇਵਾ ਕਰਨ ਵਾਲੇ ਮਹਾਂਪੁਰਖਾਂ ਵਿਚ ਸਿੰਚਾਰ ਦਿੱਤਾ ਅਤੇ ਸੇਵਾ ਕਰਨ ਵਾਲੇ ਮਹਾਂਪੁਰਖ ਸਾਰੇ ਪੰਜਾਬ ਵਿਚ ਫੈਲ ਗਏ।

ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੇ ਰੋਜ਼ਾਨਾ 'ਵਰਤਮਾਨ' ਨੇ ਆਪਣੇ ਐਡੀਟੋਰੀਅਲ ਵਿਚ ਲਿਖਿਆ ਕਿ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿੱਛੋਂ ਪਹਿਲੀ ਵਾਰ ਬਾਬਾ ਗੁਰਮੁਖ ਸਿੰਘ ਜੀ ਨੇ ਸੇਵਾ ਦਾ ਰਾਜ ਕਾਇਮ ਕੀਤਾ ਹੈ, ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ, ਦਿਨ ਦੂਣਾ ਅਤੇ ਰਾਤ ਚੌਗੁਣਾ ਹੁੰਦਾ ਜਾਵੇਗਾ, ਕਿਉਂਕਿ ਉਨ੍ਹਾਂ ਨੂੰ ਬਾਣੀ ਨਾਲ ਬੜਾ ਪ੍ਰੇਮ ਸੀ, ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਹੋਰ ਨੂੰ ਮੱਥਾ ਟੇਕਣ

ਦੇ ਵਿਰੁਧ ਸਨ। ਆਪ ਉਹ ਰੋਜ਼ ਦੇ ਬਾਰਾਂ ਬਾਰਾਂ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੇ ਰਹੇ ਸਨ ਅਤੇ ਜਿਹੜਾ ਪ੍ਰਸ਼ਾਦ ਤਿਆਰ ਕਰਦਾ, ਉਸ ਲਈ ਸੁਖਮਨੀ ਸਾਹਿਬ ਜੀ ਦੇ ਦੋ ਪਾਠ ਕਰਨੇ ਸ਼ਰਤ ਸੀ। ਆਪ ਉਨ੍ਹਾਂ ਨੇ ਸ਼ਹੀਦ ਬੁੰਗਾ ਵਾਲੀ ਗਲੀ ਵਿਚ, ਲਾਇਲਪੁਰ ਦੀ ਧਰਮਸਾਲਾ ਵਿਚ ਹਮੇਸ਼ਾ ਲਈ ਸ੍ਰੀ ਅਖੰਡ ਪਾਠ ਚਾਲੂ ਕਰ ਰਖਿਆ ਸੀ, ਜਿਹੜਾ ਹੁਣ ਤਕ ਧਰਮਸਾਲਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਵਿਚ ਚਾਲੂ ਹੈ। ਬਾਬਾ ਖੜਕ ਸਿੰਘ ਜੀ, ਜੋ ਇਸ ਵੇਲੇ ਬਾਬਾ ਸ਼ਾਮ ਸਿੰਘ ਜੀ ਦੀਆਂ ਚਾਲੂ ਕੀਤੀਆਂ ਪਰੰਪਰਾਂ ਤੇ ਆਪ ਚੱਲ ਅਤੇ ਸੰਗਤਾਂ ਨੂੰ ਚਲਾ ਰਹੇ ਹਨ, ਜਿਨ੍ਹਾਂ ਨੂੰ ਬਾਬਾ ਝੰਡਾ ਸਿੰਘ ਜੀ ਤੋਂ ਪਿੱਛੋਂ ਸਾਰੇ ਭੇਖਾਂ ਨੇ ਦਸਤਾਰਾਂ ਦੇ ਕੇ ਸਨਮਾਨਤ ਕੀਤਾ ਸੀ ਅਤੇ ਜਿਹੜੇ ਸ਼ਾਮ ਸਿੰਘ ਜੀ, ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਦੇ ਅਤੇ ਬਾਬਾ ਝੰਡਾ ਸਿੰਘ ਜੀ ਦੇ ਵਾਰਸ ਹਨ।

ਬਾਬਾ ਜੀ ਦੇ ਜੋਤੀ ਜੋਤ ਸਮਾਉਣ ਤੇ ੧੩੧ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ੨੫੦ ਬੋਰੀਆਂ ਆਟੇ ਦੀਆਂ ਲੰਗਰ ਵਿਚ ਪੱਕੀਆਂ।

## ਸੰਤ ਜੈਮਲ ਸਿੰਘ ਜੀ ਭੂਰੀ ਵਾਲੇ

ਆਪ ਜੀ ਦੇ ਪਿਤਾ ਜੀ ਦਾ ਨਾਮ ਸ: ਸ਼ੇਰ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਸਤ ਭਰਾਈ ਸੀ। ਇਹਨਾਂ ਦੇ ਪਿੰਡ ਦਾ ਨਾਮ ਗਾਹ, ਤਹਿਸੀਲ ਚਕਵਾਲ, ਜ਼ਿਲਾ ਜੇਹਲਮ ਸੀ।

ਇਹਨਾਂ ਦੇ ਪੂਰਬਲੇ ਸੰਸਕਾਰ ਬੜੇ ਚੰਗੇ ਸਨ, ਇਹਨਾਂ ਦੀ ਸ਼ੁਰੂ ਤੋਂ ਰੁਚੀ ਤਿਆਗੀਆਂ ਅਤੇ ਦੂਜਿਆਂ ਨੂੰ ਸੁਖ ਦੇਣ ਵਾਲੀ ਸੀ।

ਇਨ੍ਹਾਂ ਦੇ ਪਿੰਡ ਵਿਚ ਸੰਤ ਗੋਪਾਲ ਸਿੰਘ ਜੀ ਨਿਰਮਲੇ ਸਨ। ਉਹ ਬੜੇ ਵਿਦਵਾਨ ਤੇ ਤਿਆਗੀ ਸਨ। ਉਹਨਾਂ ਦੀ ਸੰਗਤ ਨੇ ਪੱਕਾ ਰੰਗ ਚਾੜ੍ਹ ਦਿੱਤਾ ਅਤੇ ਇਹ ਜੈਰਾਮ ਤੋਂ ਸੰਤ ਜੈਮਲ ਸਿੰਘ ਜੀ ਬਣ ਗਏ।

ਬਹੁਤੀ ਵਾਰ ਇਹ ਰਾਤ ਨੂੰ ਭੀ ਘਰ ਨਾ ਜਾਂਦੇ ਅਤੇ ਡੇਰੇ ਲਾਗਲੇ ਪੱਕੇ ਥੜ੍ਹੇ ਤੇ ਹੀ ਭਜਨ-ਸਿਮਰਨ ਕਰਦੇ ਕਰਦੇ, ਉਥੇ ਹੀ ਅਰਾਮ ਕਰ ਲੈਂਦੇ।

ਇਨ੍ਹਾਂ ਉਪਰ ਫਰੀਦ ਜੀ ਦੇ ਇਕ ਸਲੋਕ ਦਾ ਬੜਾ ਅਸਰ ਸੀ।

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥ (ਪੰਨਾ ੧੩੮੨)

ਕਬਰ ਬੰਦੇ ਨੂੰ ਅਵਾਜ਼ਾਂ ਮਾਰਦੀ ਹੈ ਕਿ ਤੂੰ ਕਿਉਂ ਆਪਣਾ ਅਸਲੀ ਘਰ ਛੱਡ ਕੇ ਮਾਰਿਆ ਮਾਰਿਆ ਫਿਰਦਾ ਏਂ। ਦੁਨੀਆਂ ਵਿਚ ਤਾਂ ਤੂੰ ਚਾਰ ਦਿਨ ਹੀ ਰਹਿਣਾ ਹੈ ਤੇ ਮੇਰੇ ਵਿਚ ਰਹਿ ਕੇ ਤੂੰ ਯੁਗ ਗੁਜ਼ਾਰਨੇ ਹਨ। ਇਹ ਕੇਡੀ ਦੁੱਖ ਵਾਲੀ ਗੱਲ ਹੈ ਕਿ ਤੈਨੂੰ ਆਪਣੇ ਹੀ ਘਰ ਤੋਂ ਡਰ ਲਗਦਾ ਹੈ। ਆ ਜਾ, ਕਿਉਂਕਿ ਤੈਨੂੰ ਹਰ ਹਾਲਤ ਵਿਚ ਮੇਰੇ ਕੋਲ ਹੀ ਆਉਣਾ ਪੈਂਦਾ ਹੈ।

ਆਪ ਜੀ ਕਬਰਾਂ ਜਾਂ ਸ਼ਮਸ਼ਾਨ ਭੂਮੀ ਵਿਚ ਜਾਂਦੇ ਰਹਿੰਦੇ ਸੀ। ਇਸ ਤਰ੍ਹਾਂ ਵੈਰਾਗ ਤੀਬਰ ਤੇ ਦ੍ਰਿੜ੍ਹ ਹੁੰਦਾ ਸੀ।

ਸਰੀਰ ਇਨ੍ਹਾਂ ਦਾ ਬੜਾ ਚੰਗਾ ਸੀ ਅਤੇ ਕਰੜੀ ਮਿਹਨਤ ਨਾਲ ਇਨ੍ਹਾਂ ਇਸ ਨੂੰ ਹੋਰ ਭੀ ਤਕੜਾ ਬਣਾ ਲਿਆ ਸੀ।

ਆਪਣੇ ਪਿੰਡੋਂ ਨਿਕਲ ਕੇ ਇਹ ਪਿਸ਼ਾਵਰ ਚਲੇ ਗਏ। ਉਥੇ ਮਜ਼ਦੂਰੀ ਕਰਨ ਲੱਗ ਪਏ। ਇਹ ਇਕ ਫੇਰੇ

ਦੇ ਦੋ ਪੈਸੇ ਲੈਂਦੇ ਸਨ। ਭਾਵੇਂ ਕਿਤਨਾ ਭਾਰ ਹੋਵੇ ਅਤੇ ਕਿਤਨੀ ਦੂਰ ਜਾਣਾ ਪਵੇ। ਇਕ ਪੈਸੇ ਦੀ ਇਹ ਰੋਟੀ ਸਵੇਰੇ ਖਾ ਲੈਂਦੇ ਅਤੇ ਇਕ ਦੀ ਸ਼ਾਮ ਨੂੰ। ਬਾਕੀ ਦਿਆਂ ਪੈਸਿਆਂ ਦੀਆਂ ਰੋਟੀਆਂ ਲੈ ਕੇ ਲੋੜਵੰਦਾਂ ਵਿਚ ਵੰਡ ਦੇਂਦੇ।

ਜਿਉਂ ਜਿਉਂ ਲੋਕਾਂ ਨੂੰ ਇਨ੍ਹਾਂ ਦੇ ਤਿਆਗੀ ਸੁਭਾਵ ਦਾ ਪਤਾ ਲੱਗਦਾ ਗਿਆ, ਉਹ ਇਹਨਾਂ ਪਾਸੋਂ ਮਜ਼ਦੂਰੀ ਦਾ ਕੰਮ ਨਾ ਕਰਵਾਉਂਦੇ। ਇਸ ਤਰ੍ਹਾਂ ਇਨ੍ਹਾਂ ਦਾ ਗੁਣ ਭੀ, ਇਨ੍ਹਾਂ ਲਈ ਔਗਣ ਹੋ ਗਿਆ। ਇਹ ਬੇਕਾਰ ਹੋ ਗਏ।

ਫਿਰ ਇਨ੍ਹਾਂ ਨੇ ਧੜਵਈ ਦਾ ਕੰਮ ਸ਼ੁਰੂ ਕਰ ਦਿੱਤਾ ਇਨ੍ਹਾਂ ਦਾ ਤੋਲ ਪੂਰਾ ਸੀ, ਇਸ ਕਰਕੇ ਇਸ ਕੰਮ ਵਿਚ ਬੜਾ ਵਾਧਾ ਹੋ ਗਿਆ ਪਰ ਇਹ ਸਾਰੀ ਆਈ ਮਾਇਆ ਲੋੜਵੰਦਾਂ ਵਿਚ ਵੰਡ ਦੇਂਦੇ।

ਇਕ ਵਾਰ ਇੰਨਸਪੈਕਟਰ ਆਇਆ ਅਤੇ ਉਸ ਨੇ ਇਨ੍ਹਾਂ ਨੂੰ ਪੁੱਛਿਆਂ- ਇਸ ਵਿਚ ਕਿਤਨੀ ਮਿਲਾਵਟ ਹੈ। ਇਨ੍ਹਾਂ ਨੇ ਨਿਧੜਕ ਹੋ ਕੇ ਕਹਿ ਦਿੱਤਾ ਕਿ ਚਾਰ ਆਨੇ ਮਿਲਾਵਟ ਹੈ। ਉਹ ਸੁਣ ਕੇ ਹੱਸ ਪਿਆ ਅਤੇ ਇਨ੍ਹਾਂ ਦਾ ਜ਼ੀਰਾ ਪਾਸ ਕਰ ਦਿੱਤਾ ਪਰ ਦੂਜਿਆਂ ਸਾਰਿਆਂ ਨੂੰ ਜੁਰਮਾਨਾ ਕਰ ਦਿੱਤਾ। ਇਹ ਅਖੀਰਲੀ ਚੋਟ ਸੀ, ਇਹ ਚੋਟ ਨੇ ਸ: ਜੈਮਲ ਸਿੰਘ ਨੂੰ ਘਾਇਲ ਕਰ ਦਿੱਤਾ। ਇਹ ਜੋ ਆਪਣੇ ਮਨ ਨੂੰ ਕਹਿਣ ਲਗੇ-ਕੀ ਤੂੰ ਸੰਸਾਰ ਵਿਚ ਆ ਕੇ ਮਿੱਟੀ ਤੋਲਣੀ ਹੈ ? ਅਤੇ ਪੈਸੇ ਜ਼ੀਰੇ ਤੋਲਣ ਦੇ ਲੈਣੇ ਹਨ। ਜਿਥੇ ਇੰਨਸਪੈਕਟਰ ਮਿਲਾਵਟ ਪਾਸ ਕਰਦੇ ਹਨ, ਉਹਨਾਂ ਦਾ ਤਾਂ ਲੋਕ-ਪ੍ਰਲੋਕ ਬਰਬਾਦ ਹੋਣਾ ਹੈ, ਜਿਨ੍ਹਾਂ ਮਿੱਟੀ ਦੇਣੀ ਹੈ ਤੇ ਜ਼ੀਰੇ ਦੇ ਪੈਸੇ ਲੈਣੇ ਹਨ, ਉਹਨਾਂ ਦੀ ਤਾਂ ਜਮੀਰ ਦੀ ਅਵਾਜ਼ ਮਰਨੀ ਹੈ ਪਰ ਤੂੰ ਕਿਉਂ ਕੋਲਿਆਂ ਦੀ ਦਲਾਲੀ ਵਿੱਚੋਂ ਆਪਣਾ ਮੂੰਹ ਕਾਲਾ ਕਰ ਰਿਹਾ ਏਂ।

ਇਨ੍ਹਾਂ ਦੇ ਕੋਲ ਉਸ ਵੇਲੇ ਇਕ ਭੂਰਾ ਸੀ। ਇਨ੍ਹਾਂ ਆਪਣੇ ਸਾਰੇ ਕਪੜੇ ਉਤਾਰ ਦਿੱਤੇ ਅਤੇ ਭੂਰੇ ਨੂੰ ਅੱਧ ਵਿੱਚੋਂ ਪਾੜ ਕੇ ਗਲਮਾ ਬਣਾ ਲਿਆ ਅਤੇ ਗਲ ਵਿਚ ਕਫਨੀ ਪਾ ਲਈ।

ਰਾਤੀਂ ਜਦੋਂ ਸਿਮਰਨ ਕਰਨ ਲਈ ਬੈਠੇ ਤਾਂ ਇਨ੍ਹਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ। ਜਿਵੇਂ ਅੰਦਰੋਂ ਆਵਾਜ਼ਾਂ ਆ ਰਹੀਆਂ ਅਤੇ ਫਿਰ ਇਹ ਅਵਾਜ਼ਾਂ ਬਾਹਰੋਂ ਭੀ ਆਉਣ ਲੱਗ ਪਈਆਂ- ''ਸ੍ਰੀ ਅੰਮ੍ਰਿਤਸਰ ਚਲੋ! ਸ੍ਰੀ ਅੰਮ੍ਰਿਤਸਰ ਚਲੋ !!'' ਇਹ ਉਥੋਂ ਸਿੱਧੇ ਸ੍ਰੀ ਅੰਮ੍ਰਿਤਸਰ ਆ ਗਏ।

ਏਥੇ ਆ ਕੇ ਇਨ੍ਹਾਂ ਵੇਖਿਆ ਕਿ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਦਿਨ-ਰਾਤ ਨਾਮ-ਬਾਦੀ ਦਾ ਪ੍ਰਵਾਹ ਚੱਲ ਰਿਹਾ ਹੈ। ਡੇਰਿਆਂ ਵਿਚ ਸਾਧੂ ਪੜ੍ਹ ਰਹੇ ਹਨ। ਮੋਖ ਭੋਗ ਦੇ ਲੰਗਰ ਲੱਗੇ ਹੋਏ ਹਨ। ਇਹ ਸਭ ਕੁਝ ਵੇਖ ਕੇ ਇਨ੍ਹਾਂ ਦਾ ਮਨ ਖਿੜ ਗਿਆ। ਸਰੋਵਰ ਦੇ ਕੰਢੇ ਬੈਠ ਕੇ ਸਿਮਰਨ ਵਿਚ ਇਨ੍ਹਾਂ ਦੀਆਂ ਰਾਤਾਂ ਬੀਤਣ ਲੱਗ ਪਈਆਂ।

ਜਦੋਂ ਇਨ੍ਹਾਂ ਵੇਖਿਆਂ ਕਿ ਸ੍ਰੀ ਦੁਖਭੰਜਨੀ ਬੇਰੀ ਲਾਗੇ, ਸਰੋਵਰ ਵਿਚ ਬਹੁਤੇ ਲੋਕ ਇਸ਼ਨਾਨ ਕਰਦੇ ਹਨ ਇਸ਼ਨਾਨ ਪਿੱਛੋਂ, ਉਥੇ ਹੀ ਕੱਛੇ ਅਤੇ ਤੌਲੀਏ ਨਿਚੋੜ ਦੇਂਦੇ ਹਨ ਅਤੇ ਉਹ ਪਾਣੀ ਫਿਰ ਸਰੋਵਰ ਵਿਚ ਜਾ ਪੈਂਦਾ ਹੈ।

ਆਪ ਜੀ ਨੇ ਦੋ ਬੋਰੀਆਂ ਲੈ ਲਈਆਂ ਅਤੇ ਇਕ ਝਾੜੂ ਅਤੇ ਇਕ ਬਾਲਟੀ। ਝਾੜੂ ਨਾਲ ਪਾਣੀ ਇਕੱਠਾ ਕਰਕੇ ਬਾਲਟੀ ਵਿਚ ਪਾ ਲੈਂਦੇ ਅਤੇ ਫਿਰ ਬੋਰੀ ਵਾਲੇ ਟਾਟ ਨਾਲ ਅਸਥਾਨ ਨੂੰ ਖੁਸ਼ਕ ਕਰ ਲੈਂਦੇ। ਟਾਟ ਨੂੰ ਬਾਲਟੀ ਵਿਚ ਨਿਚੋੜ ਲੈਂਦੇ। ਇਸ ਤਰ੍ਹਾਂ ਆਪ ਸੰਗਤਾਂ ਦੇ ਇਸ਼ਨਾਨ ਕਰਨ ਤੋਂ ਪਹਿਲਾਂ ਆਪ ਤਿਆਰ ਹੋ ਜਾਂਦੇ ਅਤੇ ਫਿਰ ਜਿੰਨਾ ਚਿਰ ਸੰਗਤਾਂ ਇਸ਼ਨਾਨ ਕਰੀ ਜਾਂਦੀਆਂ ਅਤੇ ਜਿਹੜੀ ਸੇਵਾ ਹੁੰਦੀ ਨਾਲੋ ਨਾਲ ਕਰੀ ਜਾਂਦੇ।

ਫਿਰ ਇਨ੍ਹਾਂ ਨੇ ਵੇਖਿਆਂ ਕਿ ਹਰਿ ਕੀ ਪੌੜੀ ਤੋਂ ਚੂੰਕਿ ਸਾਰੀਆਂ ਸੰਗਤਾਂ ਅੰਮ੍ਰਿਤ ਲੈਂਦੀਆਂ ਅਤੇ ਡੁਲ੍ਹਦੀਆਂ ਡੁਲ੍ਹਦੀਆਂ ਚੂਲੀਆਂ ਨਾਲ ਫਰਸ਼ ਗਿੱਲਾ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਫਰਸ਼ ਭੀ ਮੈਲਾ ਹੁੰਦਾ ਹੈ, ਪਾਣੀ ਫਿਰ ਹਰਿ ਕੀ ਪੌੜੀ ਵਿਚ ਜਾ ਪੈਂਦਾ ਹੈ ਅਤੇ ਗਿੱਲੇ ਫਰਸ਼ ਕਰਕੇ ਕਈ ਤਿਲਕ ਭੀ ਪੈਂਦੇ ਹਨ। ਫਿਰ ਇਨ੍ਹਾਂ ਨੇ ਹਰਿ ਕੀ ਪੌੜੀ ਵਿਚ ਲਗਦੇ ਫਰਸ਼ ਨੂੰ ਉਚੇਚਾ ਸਾਫ ਕਰਨਾ ਸ਼ੁਰੂ ਕਰ ਦਿੱਤਾ।

ਉਸ ਵੇਲੇ ਸ: ਸੋਹਣ ਸਿੰਘ ਜੀ ਖਡੂਰ ਸਾਹਿਬ ਵਾਲੇ ਸਕੱਤ੍ਰ ਸਨ। ਉਹਨਾਂ ਨੇ ਸੰਤ ਭੂਰੀ ਵਾਲਿਆਂ ਨੂੰ ਆਪਣਾ ਸਮਾਨ ਸੰਭਾਲਣ ਲਈ ਅਤੇ ਅਰਾਮ ਕਰਨ ਲਈ ਕੋਈ ਕਮਰਾ ਲੈ ਲੈਣ ਲਈ ਕਿਹਾ। ਸੰਤ ਭੂਰੀ ਵਾਲਿਆਂ ਨੇ ਕੇਵਲ ਇਕ ਨਿੱਕੀ ਜੇਹੀ ਕੋਠੜੀ ਲਈ, ਇਸ ਦਾ ਦਰਵਾਜ਼ਾ ਪਰਕਰਮਾ ਵਿਚ ਸੀ ਅਤੇ ਜਿਹੜੀ ਮੰਜੀ ਸਾਹਿਬ ਜੀ ਵਾਲੇ ਪਾਸੇ ਛਬੀਲ ਹੈ, ਇਸ ਦੇ ਨੇੜੇ ਸੀ।

ਜਦੋਂ ਸੰਤ ਭੂਰੀ ਵਾਲਿਆਂ ਵੇਖਿਆ ਕਿ ਬਹੁਤੇ ਸਾਧੂ ਸਵੇਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੱਧੀਆਂ ਸੈਂਚੀਆ ਲੈ ਕੇ ਡੇਰਾ ਸਤੋਵਾਲਾ, ਗਿਆਨੀ ਅਮੀਰ ਸਿੰਘ ਜੀ ਪਾਸ ਸੰਥਾ ਲੈਣ ਲਈ ਜਾ ਰਹੇ ਹਨ ਅਤੇ ਉਹਨਾਂ ਇਹ ਭੀ ਵੇਖਿਆ ਕਿ ਮਹੰਤ ਉੱਤਮ ਸਿੰਘ ਜੀ ਅਤੇ ਗਿਆਨੀ ਅਮੀਰ ਸਿੰਘ ਜੀ ਰੋਜ਼ਾਨਾ ਆ ਕੇ ਸਤਿਗੁਰੂ ਜੀ ਦੀਆਂ ਹਾਜ਼ਰੀਆਂ ਭਰਦੇ ਹਨ ਅਤੇ ਡੰਡਉਤ ਕਰਨ ਵੇਲੇ ਲੀਨ ਹੋ ਜਾਂਦੇ ਹਨ ਤਾਂ ਉਹ ਏਧਰ ਇਸ ਤਰ੍ਹਾਂ ਖਿੱਚੇ ਗਏ, ਜਿਸ ਤਰ੍ਹਾਂ ਜੁੰਬਕ ਵਲ ਲੋਹਾ।

ਗਿਆਨੀ ਅਮੀਰ ਸਿੰਘ ਜੀ ਨੇ ਜਦੋਂ ਇਨ੍ਹਾਂ ਨੂੰ ਵੇਖਿਆ ਕਿ ਇਹ ਕਿਸ ਤ੍ਰਾਂ ਭਰ ਸਰਦੀ ਵਿਚ, ਜਦੋਂ ਕੋਈ ਬੁੱਕਲ ਵਿੱਚੋਂ ਹੱਥ ਬਾਹਰ ਨਹੀਂ ਕੱਢ ਸਕਦਾ, ਫਰਸ਼ ਸਾਫ ਕਰਦੇ ਤੇ ਪਾਣੀ ਨਾਲ ਭਰਪੂਰ ਬੋਰੀ ਦੇ ਟਾਟ ਬਾਲਟੀ ਵਿਚ ਪ੍ਰੇਮ ਤੇ ਸ਼ਰਧਾ ਨਾਲ ਨਿਚੋੜਦੇ ਹਨ ਤਾਂ ਉਹਨਾਂ ਨੂੰ ਇਹ ਬਹੁਤ ਹੀ ਚੰਗੇ ਲੱਗਣ ਲੱਗ ਪਏ।

ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਹੜੇ ਗੁਰੂ ਨੂੰ ਹਾਜ਼ਰ ਨਾਜ਼ਰ ਨਹੀਂ ਅਨੁਭਵ ਕਰ ਸਕਦੇ, ਉਹ ਇਸ ਤਰ੍ਹਾਂ ਔਖੀ ਘਾਲਣਾ ਨਹੀਂ ਘਾਲ ਸਕਦੇ।

ਸੰਤ ਭੂਰੀ ਵਾਲੇ ਬਿਨਾਂ ਨਾਗਾ ਗਿਆਨੀ ਅਮੀਰ ਸਿੰਘ ਜੀ ਪਾਸ ਜਾ ਕੇ ਸੰਥਾ ਸੁਣਨ ਲੱਗ ਪਏ। ਦੋ ਸਾਲ ਤੇ ਮੈਂ ਆਪ ਉਹਨਾਂ ਨੂੰ ਵੇਖਿਆ ਹੈ। ਉਹ ਕਦੇ ਭੀ ਲੇਟ ਨਹੀਂ ਸੀ ਹੁੰਦੇ। ਮੈਂ ਉਹਨਾਂ ਨੂੰ ਇਕ ਵਾਰ ਭੀ ਕਦੇ ਕੋਈ ਪ੍ਰਸ਼ਨ ਕਰਦਿਆਂ ਨਹੀਂ ਸੁਣਿਆ। ਮੈਂ ਇਸ ਸਮੇਂ ਇਕ ਵਾਰ ਭੀ ਉਹਨਾਂ ਨੂੰ ਸੰਥਾਂ ਦੇ ਸਮੇਂ ਕਿਸੇ ਨਾਲ ਗੱਲ ਕਰਦਿਆਂ ਨਹੀਂ ਡਿੱਠਾ। ਇਕ ਵਾਰ ਭੀ ਅੱਖ ਭਰ ਕੇ ਕਿਸੇ ਵੱਲ ਤੱਕਦਿਆਂ ਨਹੀਂ ਡਿੱਠਾ।

ਉਹ ਮੋਨੀ ਨਹੀਂ ਸਨ, ਪਰ ਉਹ ਬੋਲਦੇ ਨਹੀਂ ਸਨ। ਉਹ ਰੱਜ ਕੇ ਸੰਤੋਖੀ ਸਨ। ਉਹ ਵਾਦ-ਵਿਵਾਦ ਤੋਂ ਕੋਹਾਂ ਦੂਰ ਨੱਸਦੇ ਸਨ। ਉਹਨਾਂ ਦੀ ਗੁਰੂ ਰਾਮਦਾਸ ਜੀ ਤੋਂ ਤੇ ਗਿਆਨੀ ਅਮੀਰ ਸਿੰਘ ਜੀ ਤੋਂ ਬਿਨਾਂ ਕਿਸੇ ਨਾਲ ਸੰਗਤ ਨਹੀਂ ਸੀ। ਉਹ ਕੇਵਲ ਪਰਕਰਮਾ ਵਿਚ ਤੇ ਕੇਵਲ ਪਰਕਰਮਾ ਵਿਚ ਹੀ ਰਹਿੰਦੇ ਸਨ। ਉਹ ਭੰਡਾਰਿਆਂ ਵਿਚ ਨਹੀਂ ਸੀ ਜਾਂਦੇ। ਉਹ ਪ੍ਰਸ਼ਾਦ ਛਕਣ ਲਈ ਲੋਕਾਂ ਦੇ ਘਰਾਂ ਵਿਚ ਵਾਹ ਲਗਦੀ ਨਹੀਂ ਸੀ ਜਾਂਦੇ।

ਸ੍ਰੀ ਅੰਮ੍ਰਿਤਸਰ ਵਾਸੀਆਂ ਦੀਆਂ ਸੂਝ ਦੀਆਂ ਬੜੀਆਂ ਅੱਖਾਂ ਹਨ। ਭਾਰਤ ਵਿਚ ਜਿਤਨੇ ਭੀ ਵੱਡੇ ਵੱਡੇ ਸ਼ਹਿਰ ਹਨ, ਉਹਨਾਂ ਵਿਚ ਹਜ਼ਾਰਾਂ ਆਦਮੀ ਰਾਤ ਨੂੰ ਭੁੱਖੇ ਸੌਂਦੇ ਹਨ ਪਰ ਇਹ ਬਰਕਤ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਹੈ ਕਿ ਏਥੇ ਬੰਦੇ ਤਾਂ ਇਕ ਪਾਸੇ ਰਹੇ ਕੋਈ ਕੁੱਤਾ, ਕੋਈ ਪੰਛੀ ਅਤੇ ਕੋਈ ਪਸ਼ੂ ਭੀ ਭੁੱਖਾ ਨਹੀਂ ਰਹਿੰਦਾ। ਲੋਕੀਂ ਦਰਸ਼ਨਾਂ ਲਈ ਜਦੋਂ ਆਉਂਦੇ ਹਨ, ਉਹਨਾਂ ਦੇ ਹੱਥ ਵਿਚ ਕਿਸੇ ਨੂੰ ਦੇਣ ਲਈ ਕੁਝ ਮਾਇਆ ਭੀ ਹੁੰਦੀ ਹੈ। ਕਿਸੇ ਕੋਲ ਕੁਝ ਕਿਸੇ ਨੂੰ ਖਾਣ ਨੂੰ ਦੇਣ ਲਈ ਭੀ ਹੁੰਦਾ ਹੈ।

ਇਕ ਗੁਰੂ ਰਾਮਦਾਸ ਜੀ ਦਾ ਲੰਗਰ ਹੈ, ਜੋ ਸਮੇਂ ਸਿਰ ਨਗਾਰਾ ਵੱਜ ਕੇ ਖੁਲ੍ਹਦਾ ਹੈ ਪਰ ਸਮੇਂ ਸਿਰ ਬੰਦ ਭੀ ਹੋ ਜਾਂਦਾ ਹੈ ਪਰ ਬਾਬੇ ਅਟੱਲ ਜੀ ਦਾ ਲੰਗਰ ਚਲਦਾ ਰਹਿੰਦਾ ਹੈ, ਇਸ ਦੀਆਂ ਦੇਗਾਂ ਚੜ੍ਹੀਆਂ ਹੀ ਰਹਿੰਦੀਆਂ ਹਨ। ਤਾਈਏਂ ਤਾਂ ਲੋਕ ਕਹਿੰਦੇ ਹਨ, "ਬਾਬਾ ਅਟੱਲ, ਪੱਕੀਆਂ ਪਕਾਈਆਂ ਘੱਲ।" ਏਥੇ ਬਾਬਾ ਸ਼ਾਮ ਸਿੰਘ ਜੀ ਲੰਗਰ ਚਲਾਉਣ ਵਾਲੇ ਹਨ, ਏਥੇ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਲੰਗਰ ਚਲਾਉਣ ਵਾਲੇ ਹਨ।

ਏਥੇ ਲੰਗਰ ਚਲਾਉਣ ਦੀ ਘਾਸੀ ਪਈ ਹੋਈ ਹੈ, ਏਥੋਂ ਦੇ ਲੋਕ ਮੰਨਦੇ ਹਨ ਕਿ ਦਾਣਾ ਪਾਣੀ ਗੁਰੂ ਕਾ ਹੈ ਤੇ ਟਹਿਲ ਪਾਣੀ ਹੀ ਸਿੱਖਾਂ ਦੀ ਹੈ।

ਸੰਤ ਭੂਰੀ ਵਾਲਿਆ ਦੀ ਸੇਵਾ ਨੇ ਪ੍ਰੇਰਨਾ ਦਿੱਤੀ। ਇਨ੍ਹਾ ਦੇ ਸਾਥੀਆਂ ਵਿਚ ਵਾਧਾ ਹੁੰਦਾ ਗਿਆ। ਬਾਲਟੀਆਂ ਦੀ ਗਿਣਤੀ ਵਧਦੀ ਗਈ। ਝਾੜੂਆਂ ਦੇ ਢੇਰ ਲਗਦੇ ਗਏ। ਬੋਰੀਆਂ ਦੇ ਟਾਟ ਵਧਦੇ ਗਏ। ਪਰਕਰਮਾ ਦੇ ਸੰਗਮਰਮਰਾਂ ਦੇ ਮੂੰਹ ਧੋਤੇ ਤੇ ਪੂੰਝੇ ਜਾਣ ਲੱਗ ਪਏ। ਸੇਵਾ ਦੇ ਨਾਲ ਬਾਹਵਾਂ ਵਧੀਆ, ਬਾਹਵਾਂ ਦੇ ਨਾਲ ਸਮਾਨ ਵਧਦਾ ਗਿਆ। ਸਮਾਨ ਦੇ ਨਾਲ ਥਾਂ ਦੀ ਲੋੜ ਵਧਦੀ ਗਈ ਅਤੇ ਅਖੀਰ ਇਹ ਸਾਰੀਆਂ ਲੋੜਾਂ ਤਪੋਬਨ ਦੇ ਆਸ਼੍ਰਮ ਨੇ ਪੂਰੀਆਂ ਕੀਤੀਆਂ।

ਸੰਤ ਭੂਰੀ ਵਾਲਿਆਂ ਦੀ ਅੱਖ ਨੇ ਭਾਈ ਗੁਰਦਿਆਲ ਸਿੰਘ ਜੀ ਨੂੰ ਪਛਾਣ ਲਿਆ ਅਤੇ ਭਾਈ ਗੁਰਦਿਆਲ ਸਿੰਘ ਜੀ ਦੇ ਹਿਰਦੇ ਨੇ ਸੰਤ ਭੂਰੀ ਵਾਲਿਆਂ ਨੂੰ ਪਛਾਣ ਲਿਆ ਅਤੇ ਇਹ ਦੋਵੇਂ ਨਿਰਮਲ ਅਖਾੜੇ ਦੀ ਪਰੰਪਰਾ ਅਨੁਸਾਰ ਗੁਰੂ ਚੇਲੇ ਦੀ ਅਟੁਟ ਗੰਢ ਨਾਲ ਬੱਝ ਗਏ।

ਜੈਸਾ ਨਿੱਗਰ ਸਰੀਰ ਸੰਤ ਭੂਰੀ ਵਾਲਿਆਂ ਦਾ ਸੀ, ਉਹੋ ਜੇਹਾ ਸਰੀਰ ਭਾਈ ਗੁਰਦਿਆਲ ਸਿੰਘ ਜੀ ਦਾ ਹੈ। ਜਿਸ ਤਰ੍ਹਾਂ ਉਹਨਾਂ ਦਾ ਮਨ ਅਣਥੱਕ ਅਤੇ ਅਣਅੱਕ ਸੀ, ਉਸੇ ਤਰ੍ਹਾਂ ਇਨ੍ਹਾਂ ਦਾ ਮਨ ਭੀ ਅਣਥੱਕ ਅਤੇ ਅਣਅੱਕ ਹੈ। ਜਿਵੇਂ ਉਹਨਾਂ ਦਾ ਸੇਵਾ ਦਾ ਚਾਅ ਅਮੁੱਕ ਸੀ, ਇਨ੍ਹਾਂ ਦਾ ਭੀ ਚਾਅ ਅਮੁੱਕ ਹੈ।

ਚਾਲੀ ਸਾਲ ਦੀ ਸੰਗਤ ਨੇ ਸੰਤ ਗੁਰਦਿਆਲ ਸਿੰਘ ਨੂੰ ਸੇਵਾ ਦੇ ਰੰਗ ਵਿਚ ਸੰਪੂਰਨ ਰੰਗ ਦਿੱਤਾ। ਜਿਹੜੀ ਸੰਤ ਸੱਜਣ, ਪੱਕਿਆਂ ਦੀ ਸਾਂਝ ਸੀ, ਗਿਆਨੀ ਅਮੀਰ ਸਿੰਘ ਜੀ ਤੋਂ ਪਿੱਛੋਂ ਭੀ ਉਹ ਉਸੇ ਤਰ੍ਹਾਂ ਬਣੀ ਰਹੀ ਅਤੇ ਸੰਤ ਭੂਰੀ ਵਾਲੇ ਡੇਰਾ ਸਤੋਵਾਲੀ ਗਲੀ ਦਾ ਉਸੇ ਤਰ੍ਹਾਂ ਸਤਿਕਾਰ ਕਰਦੇ ਰਹੇ। ਗਿਆਨੀ ਕ੍ਰਿਪਾਲ ਸਿੰਘ ਜੀ ਦਾ ਉਸੇ ਤਰ੍ਹਾਂ ਸਤਿਕਾਰ ਕਰਦੇ ਰਹੇ, ਜਿਵੇਂ ਗਿਆਨੀ ਅਮੀਰ ਸਿੰਘ ਜੀ ਦਾ ਕਰਦੇ ਸਨ।

ਜਦੋਂ ਭਾਈ ਮੰਝ ਸਾਹਿਬ ਜੀ ਦੀ ਯਾਦਗਾਰ ਬਣ ਰਹੀ ਸੀ ਤਾਂ ਸੰਤ ਭੂਰੀ ਵਾਲੇ ਆਪ ਏਥੇ ਆਉਂਦੇ ਤੇ ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਸਣੇ ਸਾਰੀ ਸੰਗਤ ਲੈ ਕੇ ਆਉਣ ਦੀ ਆਗਿਆ ਕਰਦੇ। ਗਿਆਨੀ ਕ੍ਰਿਪਾਲ ਸਿੰਘ ਜੀ ਹੁਕਮ ਨੂੰ ਸਿਰ ਮੱਥੇ ਤੇ ਮੰਨ ਕੇ ਆਪ ਖੜੇ ਹੋ ਕੇ ਸੰਗਤਾਂ ਨੂੰ ਟਰੱਕਾਂ ਵਿਚ ਬਿਠਾਉਂਦੇ ਅਤੇ ਉਥੇ ਆਪ ਸਣੇ ਸਾਰੀ ਸੰਗਤ ਦੇ ਸ਼ਾਮ ਦੇ ਚਾਰ ਪੰਜ ਵਜੇ ਤਕ ਰੋੜੀ ਕੁੱਟਣ ਦੀ ਸੇਵਾ ਕਰਦੇ ਰਹਿੰਦੇ।

ਜਿਹੜੀ ਅੱਜ ਕੱਲ੍ਹ ਮਹਾਨ ਸੇਵਾ ਬਾਬਾ ਦੀਪ ਸਿੰਘ ਜੀ ਦੀ ਚਲ ਰਹੀ ਹੈ, ਇਸ ਸੇਵਾ ਦਾ ਟੱਕ ਗਿਆਨੀ ਕ੍ਰਿਪਾਲ ਸਿੰਘ ਜੀ ਮਹੰਤ ਡੇਰਾ ਸਤੋਵਾਲਾ ਬਜ਼ਾਰ ਤੋਂ ਆਪ ਜੀ ਨੇ ਲਵਾਇਆ ਹੈ।

ਸੰਤ ਭੂਰੀ ਵਾਲਿਆਂ ਨੇ ਆਪ ਆ ਕੇ ਕਿਹਾ, "ਗਿਆਨੀ ਸਾਹਿਬ ਜੀ ! ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਬਾਬਾ ਦੀਪ ਸਿੰਘ ਜੀ ਦੀ ਜੀਵਨ ਭਰ ਗੁਰੂ ਬਾਣੀ ਲਿਖਣ ਤੇ ਪ੍ਰਚਾਰਨ ਦੀ ਸੇਵਾ ਕਰਕੇ ਅਤੇ ਅੰਤ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਾਵਨਤਾ ਕਾਇਮ ਰਖਣ ਲਈ ਸ਼ਹੀਦੀ ਪਾਉਣ ਕਰਕੇ ਸੰਗਤਾਂ ਉਹਨਾਂ ਦੇ ਹੁਕਮਾਂ ਕਰਕੇ ਕਿਤਨੀ ਭਾਰੀ ਗਿਣਤੀ ਵਿਚ ਜਾ ਕੇ ਪਾਠ ਕਰਦੀਆਂ ਹਨ ਅਤੇ ਦੋਹੀਂ ਦੋਹੀਂ ਹੱਥੀਂ ਮੂੰਹੋਂ

ਮੰਗੀਆਂ ਬਰਕਤਾਂ ਲੈ ਕੇ ਆਉਂਦੀਆਂ ਹਨ। ਬਾਬਾ ਦੀਪ ਸਿੰਘ ਜੀ ਨੇ ਜਿਸ ਤਰ੍ਹਾਂ ਕੀਤੇ ਪ੍ਰਣ ਨੂੰ ਨਿਭਾਇਆ ਸੀ, ਉਸੇ ਤਰ੍ਹਾਂ ਸੰਗਤਾਂ ਜਿਹੜੇ ਪ੍ਰਣ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੇ ਨਾਮ-ਬਾਣੀ ਪੜ੍ਹਨ ਦੇ ਕਰਕੇ ਆਉਂਦੀਆਂ ਹਨ, ਉਸ ਨੂੰ ਬਿਨਾਂ ਨਾਗੇ ਤੋਂ ਤੋੜ ਨਿਭਾਉਂਦੀਆਂ ਹਨ। ਤੁਸੀਂ ਗੁਰੂ ਬਾਣੀ ਦੀ ਸ੍ਰੀ ਦਸ਼ਮੇਸ਼ ਜੀ ਦੀ ਚਲਾਈ ਹੋਈ ਟਕਸਾਲੀ ਅਰਥਾਂ ਦੀ ਪਰੰਪਰਾਂ ਨੂੰ ਉਸੇ ਤਰ੍ਹਾਂ ਚਲਾਈ ਜਾ ਰਹੇ ਹੋ, ਜਿਵੇਂ ਗਿਆਨੀ ਅਮੀਰ ਸਿੰਘ ਜੀ ਸੱਠ ਸਾਲ ਸੰਥਾ ਦੇ ਸੰਪੂਰਨ ਭੋਗ ਪਾ ਕੇ ਚਲਾਉਂਦੇ ਰਹੇ ਸਨ। ਮੈਂ ਭੀ ਉਹਨਾਂ ਪਾਸੋਂ ਕੁਝ ਸਾਲ ਸੰਥਾ ਸੁਣਦਾ ਰਿਹਾ ਹਾਂ, ਉਹਨਾਂ ਦੇ ਨਾਲ ਜਾ ਕੇ ਵਿਛਾਈ ਦੀਆਂ ਚਾਦਰਾਂ ਧੋਂਦਾ ਰਿਹਾ ਹਾਂ।

ਬਾਬਾ ਖੜਕ ਸਿੰਘ ਜੀ ਨੇ ਇਕ ਵਾਰ ਕਿਹਾ ਸੀ-''ਮੈਨੂੰ ਸੇਵਾ ਪੰਥੀਆਂ ਉੱਪਰ ਬੜੀਆ ਉਮੀਦਾ ਸਨ ਪਰ ਹੁਣ ਸੇਵਾ ਪੰਥੀਆਂ ਦੇ ਐਸੇ ਭੀ ਡੇਰੇ ਹਨ, ਜਿਹੜੇ ਸੰਗਤਾਂ ਨੂੰ ਪਾਣੀ ਤਕ ਨਹੀਂ ਪੁੱਛਦੇ ਜਾਂ ਨਿਜੀ ਜਾਇਦਾਦ ਵਧਾਈ ਜਾਂਦੇ ਹਨ। ਮੈਂ ਗਿਆਨੀ ਕ੍ਰਿਪਾਲ ਸਿੰਘ ਤੇ ਬੜਾ ਖੁਸ਼ ਹਾਂ, ਉਹ ਗੁਰੂ ਜੀ ਦੀ ਪਾਵਨ ਬਾਣੀ ਵਿਦਿਆਂ ਵੰਡ ਰਹੇ ਹਨ।''

ਸੰਤ ਭੂਰੀ ਵਾਲੇ ਚਾਰ ਚਾਰ ਵਾਰ ਇਸ਼ਨਾਨ ਕਰਦੇ ਸਨ। ਇਸ ਇਸ਼ਨਾਨ ਦਾ ਕਾਰਨ ਇਹ ਸੀ ਕਿ ਉਹ ਪੂਰੇ ਤਾਣ ਨਾਲ ਸੇਵਾ ਕਰਦੇ ਸਨ ਅਤੇ ਪੈਰਾਂ ਤੋਂ ਲੈ ਕੇ ਸਿਰ ਤਕ ਪਸੀਨੇ ਨਾਲ ਭਰ ਜਾਂਦੇ ਸਨ। ਸੇਵਾ ਤੋਂ ਵਿਹਲੇ ਹੋ ਕੇ ਇਸ਼ਨਾਨ ਕਰਦੇ ਸਨ ਤਾਂਕਿ ਜਦੋਂ ਦੂਜੀ ਵਾਰ ਸੇਵਾ ਸ਼ੁਰੂ ਕਰਨ ਤਾਂ ਇਸ਼ਨਾਨ ਕਰਕੇ ਸਵੱਛ ਹੋਏ ਹੋਣ। ਪਾਵਨਤਾ ਦਾ ਸੇਵਾ ਨਾਲ ਡੂੰਘਾ ਸਾਕ ਹੈ।

ਸੰਤ ਭੂਰੀ ਵਾਲਿਆਂ ਦੀ ਸੇਵਾ ਕਰੜੇ ਤਪ ਦੀ ਘਾਲਣਾ ਵਰਗੀ ਸੀ, ਉਹ ਕਈ ਵਾਰ ਬਹੱਤਰ ਬਹੱਤਰ ਘੰਟੇ ਸੇਵਾ ਵਿਚ ਲੱਗੇ ਰਹਿੰਦੇ ਸਨ। ਕਈ ਸਮੇਂ ਐਸੇ ਭੀ ਆਏ ਜਦੋਂ ਉਨਾਂ ਨੇ ਛਿਆਨਵੇਂ ਘੰਟੇ ਸੇਵਾ ਦਾ ਪਹਿਰਾ ਦਿੱਤਾ। ਉਹਨਾਂ ਪਾਸ ਲੋਹੇ ਦਾ ਸਰੀਰ ਸੀ

ਉਹਨਾਂ ਦੀ ਖੁਰਾਕ ਬੜੀ ਜ਼ਬਰਦਸਤ ਸੀ। ਉਹ ਆਮ ਕਰਕੇ ਮੱਕੀ ਅਤੇ ਛੋਲਿਆਂ ਦੀ ਰੋਟੀ ਖਾਂਦੇ ਸਨ ਅਤੇ ਦਾਣੇ ਚੱਬਦੇ ਸਨ। ਵੇਖਣ ਨੂੰ ਇਹ ਖੁਰਾਕ ਬੜੀ ਸਾਦਾ ਜਹੀ ਅਤੇ ਥੋੜੀ ਜੇਹੀ ਲਗਦੀ ਹੈ ਪਰ ਜਾਣਕਾਰ ਜਾਣਦੇ ਹਨ ਕਿ ਮਕਈ ਅਤੇ ਛੋਲਿਆਂ ਵਿਚ ਕਿਤਨੀ ਸ਼ਕਤੀ ਹੈ। ਗੁਰੂ ਅਮਰਦਾਸ ਜੀ, ਜੋ ਬਿਰਧ ਅਵਸਥਾ ਵਿਚ ਭੀ ਪੰਜ ਮੀਲ ਤੋਂ ਗਾਗਰ ਚੁੱਕ ਕੇ ਲਿਆਉਂਦੇ ਸਨ, ਉਹ ਭੀ ਛੋਲੇ ਤੇ ਓਗਰਾ ਖਾਂਦੇ ਸਨ। ਉਹ ਉਸ ਵੇਲੇ ਭੀ ਛੋਲੇ ਚੱਬਦੇ ਸਨ, ਜਦੋਂ ਲੰਗਰ ਵਿਚ ਘਿਓ ਵਾਲੀਆਂ ਖੀਰਾਂ ਬਣਦੀਆਂ ਸਨ ਅਤੇ ਅਕਬਰ ਬਾਦਸ਼ਾਹ ਵਰਗੇ ੨੨ ਪਿੰਡਾਂ ਦੀਆ ਜਾਗੀਰਾਂ ਦੇਣ ਲਈ ਆਉਂਦੇ ਸਨ।

ਸੰਤ ਭੂਰੀ ਵਾਲਿਆਂ ਦੀ ਕਠਨ ਹੱਥੀ ਸੇਵਾ ਕਰਕੇ ਅਤੇ ਸਰੀਰ ਨੂੰ ਸੇਵਾ ਵਿਚ ਕੁੱਟ ਕੁੱਟ ਕੇ ਹੰਢਾਉਣ ਕਰਕੇ, ਸਾਰੀ ਉਮਰ ਥੜ੍ਹੇ ਅਤੇ ਤਖਤਪੋਸ਼ ਉੱਪਰ ਸੌਣ ਕਰ ਕੇ ਲੱਕ ਤੀਰ ਵਰਗਾ ਸਿੱਧਾ ਸੀ।

ਸਰੀਰ ਦਾ ਭੋਗ ਕਰਕੇ ਉਹਨਾਂ ਦਾ ਗੁੱਟ ਅਤੇ ਮੋਢਾ (ਤਿਲਕ ਜਾਣ ਕਰ ਕੇ) ਉੱਤਰ ਗਿਆ। ਅਖੀਰਲੀ ਸੇਵਾ ਪੰਜਾਬ ਦੇ ਪ੍ਰਸਿੱਧ ਡਾਕਟਰ ਹਰਚਰਨ ਸਿੰਘ ਨੂੰ ਮਿਲੀ ਅਤੇ ਅਖੀਰ ੨੯-੧੦-੭੬ ਨੂੰ ਸ਼ੁਕਰਵਾਰ ਦੀ ਰਾਤ ਨੂੰ ਸਵਾ ਸੱਤ ਵਜੇ ਜੋਤੀ ਜੋਤ ਸਮਾ ਗਏ। ੩੦-੧੦-੭੬ ਨੂੰ ਉਹਨਾ ਦੇ ਪੰਜ ਭੂਤਕ ਸਰੀਰ ਦਾ ਤਪੋ-ਬਨ ਵਿਚ ਹੀ ਸਸਕਾਰ ਕੀਤਾ ਤੇ ੧੪-੧੧-੭੬ ਨੂੰ ਐਤਵਾਰ ੧੨ ਵਜੇ ਉਹਨਾਂ ਦੇ ਸ਼ਿਸ਼ ਸੰਤ ਗੁਰਦਿਆਲ ਸਿੰਘ ਨੂੰ ਭੇਖ ਦੇ ਪ੍ਰਤੀਨਿੱਧਾ ਵੱਲੋਂ ਦਸਤਾਬੰਦੀ ਕਰਕੇ ਸੰਤ ਭੂਰੀ ਵਾਲਿਆਂ ਦਾ ਉਤਰਾਧਿਕਾਰੀ ਥਾਪਿਆ ਅਤੇ ਭੇਖ ਦੇ ਸਾਰੇ ਮਹੰਤਾਂ ਵੱਲੋਂ ਦਸਤਾਰਬੰਦੀ ਕਰਕੇ ਸੰਤ ਭੂਰੀ ਵਾਲਿਆਂ ਦਾ ਉਤਰਧਿਕਾਰੀ ਥਾਪਿਆ ਅਤੇ ਭੇਖ ਦੇ ਸਾਰੇ ਮਹੰਤਾਂ ਵੱਲੋਂ ਦਸਤਾਰਾਂ ਭੇਟਾ ਕੀਤੀਆਂ ਗਈਆਂ।

ਹੇਠ ਲਿਖਆਂ ਕੁਝ ਮਹਾਨ ਸੇਵਾ ਉਹਨਾਂ ਦੇ ਰਾਹੀਂ ਸੰਗਤਾਂ ਨੇ ਕੀਤੀਆਂ ਜੋ ਇਤਿਹਾਸ ਕਰ ਕੇ ਅਮਰ ਰਹਿਣਗੀਆਂ।

੧. ਦਮਦਮਾ ਸਾਹਿਬ, ਖਡੂਰ ਸਾਹਿਬ।

੨. ਫਤਹਿਗੜ੍ਹ ਸਾਹਿਬ ਜੀ।

੩. ਸ੍ਰੀ ਤਰਨ ਤਾਰਨ ਜੀ ਦੇ ਸਰੋਵਰ ਦੀ ਪ੍ਰਕਰਮਾ ਵਿਚ ਸੰਗਮਰਮਰ ਲਵਾਉਣ ਦੀ ਸੇਵਾ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸੱਜੇ ਪਾਸੇ ਦੀ ਬਾਹੀ ਦੀ ਸਾਰੀ ਸੇਵਾ, ਸਣੇ ਸਾਰੇ ਬੁੰਗੇ ਖ੍ਰੀਦਣ ਦੀ ਸੇਵਾ ਦੇ। ਇਸ ਉਪਰ ਅਨਗਿਣਤ ਮਾਇਆ ਖਰਚ ਹੋਈ।

੪. ਭਾਈ ਮੰਝ ਜੀ ਦਾ ਖੂਹ।

੫. ਡੇਹਰਾ ਬਾਬਾ ਨਾਨਕ ਜੀ।

੬. ਨਾਨਕਸਰ (ਵੇਰਕਾ)।

੭. ਗੁਰਦਵਾਰਾ ਥੜ੍ਹਾ ਸਾਹਿਬ।

੮. ਸ਼ਹੀਦ ਬੁੰਗਾ (ਪ੍ਰਕਰਮਾ ਵਿਚ)।

੯. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਨੇੜੇ ਦਰਵਾਜ਼ਾ ਚਾਟੀਵਿੰਡ।

੧੦. ਤਪੋਬਨ ਜੋ ਸ੍ਰੀ ਤਰਨ ਤਾਰਨ ਦੀ ਸੜਕ ਉਪਰ ਹੈ ਤੇ ਜਿਥੇ ਵਿਰਕਤ ਮਹਾਤਮਾ ਦੀਆਂ ਸਰੀਰਕ ਲੋੜਾਂ ਲਈ ਸਾਰੇ ਪ੍ਰਬੰਧ ਹਨ ਤਾਂਕਿ ਉਹ ਨਿਸਚਿੰਤ ਹੋ ਕੇ ਤਪੋਬਨ ਵਿਚ ਕਠਨ ਤੱਪ ਦੀਆਂ ਅਤੇ ਸਿਮਰਨ ਦੀਆਂ ਘਾਲਾਂ ਘਾਲ ਸਕਣ। *(ਨਰਿੰਦਰ ਸਿੰਘ 'ਸੋਚ' ਸਾਬਕਾ ਐਡੀਟਰ ਗੁਰ-ਸੰਦੇਸ਼)*

## ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਉਹ ਜੀਉਂਦੇ ਦੇਖੇ ਹਨ।

## ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥ ੧ ॥ ਰਹਾਉ ॥

ਉਹਨਾਂ ਨੇ ਸਤਸੰਗ ਕਰਕੇ ਪ੍ਰਭੂ ਦਾ ਦਰਸ਼ਨ ਪਾਇਆ ਹੈ॥ ੧ ॥ ਰਹਾਉ॥

## ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥ ੨ ॥

ਬਾਦਸ਼ਾਹ, ਸਾਹ=ਸ਼ਾਹੂਕਾਰ, ਤੇ ਵਪਾਰੀ ਨੇ ਭੀ ਮਰ ਜਾਣਾ ਹੈ।

ਜੋ ਕੁਝ ਦਿੱਸ ਰਿਹਾ ਹੈ ਉਸ ਨੂੰ ਕਾਲ ਨੇ ਖਰਨਾ=ਲੈ ਜਾਣਾ ਹੈ॥ ੨ ॥

## ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥ ੩ ॥

(੧) ਝੂਠੇ ਸਬੰਧੀਆਂ ਦੇ ਮੋਹ ਦੀ ਲਪਟਿ=ਵਾਸ਼ਨਾ ਵਿਚ ਲੰਪਟ ਹੋ ਰਿਹਾ ਹੈ।

(੨) ਮੋਹ ਵਿਚ ਲੰਪਟ ਹੋ ਕੇ ਝੂਠਿਆਂ ਪਦਾਰਥਾਂ ਵਿਚ ਲੰਪਟ ਹੋ ਰਿਹਾ ਹੈ।

ਜਦ ਇਹਨਾਂ ਨੂੰ ਛੱਡ ਕੇ ਤੁਰਦਾ ਹੈ ਤਾਂ ਫਿਰ ਪਛੁਤਾਉਂਦਾ ਹੈ॥ ੩ ॥

ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥
ਨਾਮੁ ਤੇਰਾ ਜਪੀ ਦਿਨੁ ਰਾਤਿ ॥ ੪ ॥ ੮ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ ! ਮੈਨੂੰ ਏਹੋ ਦਾਤ ਦੇਣਾ ਕਰੋ। ਜੋ ਦਿਨ-ਰਾਤ ਆਪ ਜੀ ਦਾ ਨਾਮ ਜਪਦਾ ਰਹਾਂ॥ ੪ ॥ ੮ ॥ ੧੪ ॥

## ਸੂਹੀ ਮਹਲਾ ੫ ॥

ਆਪਣਾ ਨਿਸ਼ਚਾ ਪ੍ਰਗਟ ਕਰਦੇ ਹੋਏ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਘਟ ਘਟ ਅੰਤਰਿ ਤੁਮਹਿ ਬਸਾਰੇ ॥ ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥

ਹੇ ਪ੍ਰਭੂ ! ਤੁਸੀਂ ਆਪ ਹੀ ਘਟਾਂ ਘਟਾਂ ਦੇ ਅੰਦਰ ਬਸਾਰੇ=ਵੱਸ ਰਹੇ ਹੋ। ਪਰਪੰਚ ਰੂਪ ਸਾਰੀ ਸਮੱਗਰੀ ਤੁਹਾਡੇ ਸੂਤਿ=ਹੁਕਮ ਵਿਚ ਹੈ, ਜਾਂ ਸੱਤਾ ਰੂਪੀ ਸੂਤ ਵਿਚ, ਜਾਂ ਪ੍ਰਾਣਾਂ ਰੂਪੀ ਸੂਤ੍ਰ ਵਿਚ ਪਰੋਤੀ ਹੋਈ ਹੈ॥ ੧ ॥

ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥ ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ ॥ ੧ ॥ ਰਹਾਉ ॥

ਤੂੰ ਸਾਡਾ ਪ੍ਰੀਤਮ ਹੈਂ, ਤੂੰਹੀਂ ਪ੍ਰਾਣਾਂ ਦਾ ਅਧਾਰੇ=ਆਸਰਾ ਰੂਪੀ ਹੈਂ। ਆਪ ਜੀ ਨੂੰ ਵੇਖ-ਵੇਖ ਕੇ ਮੇਰਾ ਮਨ ਬਿਗਸਾਰੇ=ਖ਼ੁਸ਼ ਹੁੰਦਾ ਹੈ॥ ੧ ॥ ਰਹਾਉ ॥

ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥ ਓਟ ਗਹੀ ਅਬ ਸਾਧ ਸੰਗਾਰੇ ॥੨॥

ਭਰਮ ਦੇ ਭਰਮਾਏ ਹੋਏ ਅਨੇਕ ਜੂਨੀਆਂ ਵਿਚ ਭਉਂਦੇ ਭਉਂਦੇ ਹਾਰੇ=ਥੱਕ ਗਏ ਹਾਂ। ਹੁਣ ਸਤਸੰਗ ਵਿਚ ਆ ਕੇ ਸੰਤਾਂ ਦੀ ਓਟ=ਪਨਾਹ (ਸ਼ਰਨ) ਗਹੀ=ਫੜੀ ਹੈ॥ ੨ ॥

ਅਗਮ ਅਗੋਚਰੁ ਅਲਖ ਅਪਾਰੇ ॥
ਨਾਨਕੁ ਸਿਮਰੈ ਦਿਨੁ ਰੈਨਾਰੇ ॥ ੩ ॥ ੯ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਅਲੱਖ ਅਪਾਰ ਪ੍ਰਭੂ ! ਮੈਂ ਦਿਨ-ਰਾਤ ਆਪ ਜੀ ਦਾ ਸਿਮਰਨ ਕਰਦਾ ਹਾਂ॥ ੩ ॥ ੯ ॥ ੧੫ ॥

## ਸੂਹੀ ਮਹਲਾ ੫ ॥

ਕਵਨ ਕਾਜ ਮਾਇਆ ਵਡਿਆਈ ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥

ਹੇ ਭਾਈ ! ਮਾਇਆ ਦੀ ਵਡਿਆਈ ਕਿਸ ਕੰਮ ਹੈ। ਜਿਸ ਦੇ ਬਿਨਸਤ=ਨਾਸ ਹੁੰਦਿਆ ਕੋਈ ਬਾਰ=ਦੇਰ ਨਹੀਂ ਲੱਗਦੀ॥ ੧ ॥

ਇਹੁ ਸੁਪਨਾ ਸੋਵਤ ਨਹੀ ਜਾਨੈ ॥
ਅਚੇਤ ਬਿਵਸਥਾ ਮਹਿ ਲਪਟਾਨੈ ॥ ੧ ॥ ਰਹਾਉ ॥

(੧) ਇਹ ਸੰਸਾਰ ਸੁਪਨਾਂ ਹੈ, ਪਰ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ (ਜੀਵ) ਨਹੀਂ ਸਮਝਦਾ।

(੨) ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਜੀਵ ਇਹੁ=ਇਨ੍ਹਾਂ ਪਦਾਰਥਾਂ ਨੂੰ ਸੁਪਨੇ ਤੁਲ ਨਹੀਂ ਜਾਣਦਾ। ਅਚੇਤ ਬਿਵਸਥਾ=ਅਗਿਆਤ ਦਸ਼ਾ ਵਿਚ ਹੀ ਲੰਪਟ ਹੋ ਰਿਹਾ ਹੈ।

*ਅਥਵਾ:*-ਅਚੇਤ=ਮੂਰਖਤਾ ਦੀ ਬਿਵਸਥਾ=ਹਾਲਤ ਕਰਕੇ ਸੰਸਾਰ ਵਿਚ ਹੀ ਫਸ ਰਿਹਾ ਹੈ॥ ੧ ॥ ਰਹਾਉ ॥

**ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥ ੨ ॥**

ਗਾਵਾਰਾ=ਮੂਰਖ ਪੁਰਸ਼ ਮਹਾ ਮੋਹਿ=ਬੜੇ ਅਗਿਆਨਤ ਵਿਚ ਮੋਹਿਆ ਹੋਇਆ ਹੈ, ਵੇਖਦਿਆਂ ਵੇਖਦਿਆਂ ਉਠ ਕੇ ਸਿਧਾਰਾ=ਤੁਰਿਆ ਜਾਂਦਾ ਹੈ॥ ੨ ॥

**ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥ ੩ ॥**

ਉਸ ਪ੍ਰਭੂ ਦਾ ਸਤਸੰਗ, ਹਰੀਮੰਦਰ, ਸੱਚ-ਖੰਡ, ਤੇ ਸਰੂਪ ਰੂਪੀ ਦਰਬਾਰ ਉੱਚਿਆਂ ਤੋਂ ਉੱਚਾ ਹੈ। ਕਈ ਜੀਵਾਂ ਨੂੰ ਉਪਾਰਾ=ਪੈਦਾ ਕਰਦਾ ਹੈ ਤੇ ਕਈ ਜੀਵਾਂ ਨੂੰ ਬਿਨਾਹਿ=ਨਾਸ ਕਰਦਾ ਹੈ।। ੩।।

**ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥ ੪ ॥ ੧੦ ॥ ੧੬ ॥**

ਉਸ ਵਰਗਾ ਦੂਜਾ ਨਾ ਕੋਈ ਪਿੱਛੇ ਸੀ, ਨਾ ਹੁਣ ਹੋਇਆ ਹੈ, ਨਾ ਅੱਗੇ ਹੋਵੇਗਾ।

ਗੁਰੂ ਜੀ ਕਥਨ ਕਰਦੇ ਹਨ-ਐਸਾ ਜੋ ਇਕ ਅਦੁਤੀ ਬ੍ਰਹਮ ਹੈ, ਉਸ ਇਕ ਪ੍ਰਭ ਨੂੰ ਹੀ ਜਪਦੇ ਰਹੋ॥ ੪ ॥ ੧੦ ॥ ੧੬ ॥

## ਸੂਹੀ ਮਹਲਾ ੫ ॥

**ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥ ੧ ॥**

ਤਾ ਕਉ=ਤਿਸ ਆਪ ਜੀ ਦੇ ਨਾਮਾਂ ਨੂੰ ਸਿਮਰ-ਸਿਮਰ ਕੇ ਮੈਂ ਜੀਉਂਦਾ ਹਾਂ।

(੧) ਆਪ ਜੀ ਦੇ ਚਰਨ-ਕਮਲਾਂ ਨੂੰ ਧੋ-ਧੋ ਪੀਂਦਾ ਹਾਂ।

(੨) ਜੋ ਰਾਗ ਦ੍ਵੈਸ਼ ਰੂਪੀ ਮੈਲ ਨੂੰ ਧੋਣ ਵਾਲੇ ਹਨ, ਉਹਨਾਂ ਦੇ ਚਰਨਾਂ ਨੂੰ ਧੋ ਕੇ ਮੈਂ ਪੀਂਦਾ ਹਾਂ॥ ੧ ॥

**ਸੋ ਹਰਿ ਮੇਰਾ ਅੰਤਰਜਾਮੀ ॥ ਭਗਤ ਜਨਾ ਕੈ ਸੰਗਿ ਸੁਆਮੀ ॥ ੧ ॥ ਰਹਾਉ ॥**

(੧) ਉਹ ਮੇਰਾ ਹਰੀ ਅੰਤਰਜਾਮੀ ਹੈ ਜੋ ਸੁਆਮੀ ਭਗਤ ਜਨਾਂ ਦੇ ਅੰਗ ਸੰਗ ਰਹਿੰਦਾ ਹੈ।

(੨) ਜੋ ਭਗਤ ਜਨਾਂ ਦੇ ਨਾਲ ਰਹਿਣ ਵਾਲਾ ਤੇ ਅੰਤਰਜਾਮੀ ਹੈ, ਉਹ ਹਰੀ ਮੇਰਾ ਸੁਆਮੀ ਹੈ॥ ੧ ॥ ਰਹਾਉ ॥

**ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥ ਆਠ ਪਹਰ ਤੇਰੇ ਗੁਣ ਗਾਵਾ ॥ ੨ ॥**

ਨਾਮ-ਅੰਮ੍ਰਿਤ ਨੂੰ ਸੁਣ ਸੁਣ ਕੇ ਵਾ:-ਸੁਣਿ=ਕੰਨਾਂ ਦੁਆਰੇ ਸੁਣ ਕੇ ਧਿਆਉਂਦਾ ਹਾਂ। ਅਤੇ ਅੱਠੇ ਪਹਰ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ॥ ੨ ॥

**ਪੇਖਿ ਪੇਖਿ ਲੀਲਾ ਮਨਿ ਆਨੰਦਾ ॥ ਗੁਣ ਅਪਾਰ ਪ੍ਰਭ ਪਰਮਾਨੰਦਾ ॥ ੩ ॥**

ਆਪ ਜੀ ਦੀ ਲੀਲ੍ਹਾ ਨੂੰ ਵੇਖ ਵੇਖ ਕੇ ਮਨ ਵਿਚ ਅਨੰਦ ਹੁੰਦਾ ਹਾਂ।

ਹੇ ਪਰਮ ਅਨੰਦ ਸਰੂਪ ਪ੍ਰਭੂ ! ਆਪ ਜੀ ਦੇ ਗੁਣ ਅਪਾਰ=ਬਿਅੰਤ ਹਨ॥ ੩ ॥

## ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥
## ਸਦਾ ਸਦਾ ਨਾਨਕ ਹਰਿ ਜਾਪੈ ॥ ੪ ॥ ੧੧ ॥ ੧੭ ॥

ਜਾ ਕੈ=ਜਿਸ ਆਪ ਜੀ ਦੇ ਨਾਮ-ਸਿਮਰਨ ਕਰਕੇ ਕੁਝ ਡਰ ਨਹੀਂ ਲੱਗਦਾ।

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਸਦਾ ਸਦਾ ਆਪ ਜੀ ਨੂੰ ਜਪਦਾ ਹਾਂ ॥ ੪ ॥ ੧੧ ॥ ੧੭ ॥

## ਸੂਹੀ ਮਹਲਾ ੫ ॥

## ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥ ੧ ॥

(੧) ਗੁਰੂ ਦੇ ਬਚਨਾਂ ਦਾ ਹਿਰਦੇ ਵਿਚ ਧਿਆਨ ਧਾਰਦਾ ਹਾਂ।

(੨) ਗੁਰਾਂ ਦੇ ਬਚਨਾਂ ਦੁਆਰੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਧਾਰਦਾ ਹਾਂ,
ਤੇ ਰਸਨਾ ਨਾਲ ਬਨਵਾਰੀ ਪ੍ਰਭੂ ਦੇ ਜਾਪ ਨੂੰ ਜਪਦਾ ਹਾਂ ॥ ੧ ॥

## ਸਫਲਾ ਮੂਰਤਿ ਦਰਸਨ ਬਲਿਹਾਰੀ ॥
## ਚਰਣ ਕਮਲ ਮਨ ਪ੍ਰਾਣ ਅਧਾਰੀ ॥ ੧ ॥ ਰਹਾਉ ॥

ਸਫਲ ਮੂਰਤਿ=ਸਫਲ ਸਰੂਪ ਪ੍ਰਭੂ ਦੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ।

੧. ਪ੍ਰਭੂ ਦੇ ਚਰਨ ਕਮਲ ਹੀ ਮਨ ਤੇ ਪ੍ਰਾਣਾਂ ਦਾ ਆਸਰਾ ਹਨ।

੨. ਮਨ=ਮੇਰੇ ਪ੍ਰਾਣਾਂ ਦਾ ਅਧਾਰੀ=ਆਸਰਾ ਹਨ ॥ ੧ ॥ ਰਹਾਉ ॥

## ਸਾਧਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥ ੨ ॥

ਸੰਤਾਂ ਦਾ ਸੰਗ ਹੀ ਜਨਮ ਮਰਨ ਦੇ ਨਵਿਰਤ ਕਰਨ ਵਾਲਾ ਹੈ।

੧. ਉਥੋਂ ਜੋ ਅੰਮ੍ਰਿਤ ਰੂਪੀ ਕਥਾ ਸੁਣੀ ਹੈ ਏਹੋ ਮੇਰੇ ਕਰਨ=ਕੰਨਾਂ ਦਾ ਅਧਾਰੀ=ਆਸਰਾ ਹੈ।

੨. ਕਰਨ=ਕੰਨਾਂ ਦੁਆਰੇ ਅੰਮ੍ਰਿਤ ਕਥਾ ਸੁਣਨ ਕਰਕੇ ਅਧਾਰੀ=ਆਸਰਾ ਪ੍ਰਾਪਤ ਹੋਇਆ ਹੈ ॥ ੨ ॥

## ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥ ੩ ॥

ਕਾਮ, ਕ੍ਰੋਧ, ਲੋਭ ਅਤੇ ਮੋਹ ਨੂੰ ਤਜਾਰੀ=ਤਿਆਗ ਦਿੱਤਾ ਹੈ। ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰਨਾ, ਨਾਮ ਜਪਣਾ, ਦਾਨ ਦੇਣਾ ਇਤਿਆਦਿਕ ਸੁਚਾਰੀ=ਸੁੱਚੇ ਕਰਤੱਬਾਂ ਨੂੰ ਦ੍ਰਿੜ੍ਹ ਕੀਤਾ ਹੈ ॥ ੩ ॥

## ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥ ੪ ॥ ੧੨ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਏਹੋ ਤਤੁ=ਸਿਧਾਂਤ ਵਿਚਾਰਿਆ ਹੈ। ਕਿ-ਰਾਮ ਨਾਮ ਦੇ ਜਪ ਕਰਕੇ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋਣਾ ਹੈ ॥ ੪ ॥ ੧੨ ॥ ੧੮ ॥

## ਸੂਹੀ ਮਹਲਾ ੫ ॥

## ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ ॥ ੧ ॥

੧. ਮੈਂ ਅਪਰਾਧੀ, ਪਦਾਰਥਾਂ ਦੇ ਲੋਭ ਵਿਚ ਤੇ ਸਬੰਧੀਆਂ ਦੇ ਮੋਹ ਵਿਚ ਮਗਨ=ਮਸਤ ਹਾਂ।

੨. ਮੈਂ ਲੋਭ, ਮੋਹ ਤੇ ਅਪਰਾਧਾਂ ਵਿਚ ਮਸਤ ਹਾਂ। ਸਭ ਦੇ ਪੈਦਾ ਕਰਨ ਵਾਲਾ ਜੋ ਪ੍ਰਭੂ ਹੈ, ਉਸ ਦੀ ਸੇਵਾ ਨਹੀਂ ਕੀਤੀ ॥ ੧ ॥

[ਪੰਨਾ ੭੪੧]

## ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥
## ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥ ੧ ॥ ਰਹਾਉ ॥

ਹੇ ਪ੍ਰਭੂ ! ਆਪ ਜੀ ਦੇ ਨਾਮ ਪਤਿਤ ਪਾਵਨ=ਪਾਪੀਆਂ ਦੇ ਪਵਿੱਤਰ ਕਰਨ ਵਾਲੇ ਹਨ। ਮੈਂ ਨਿਰਗੁਨੀਆਰੇ=ਗੁਣਾਂ ਤੋਂ ਹੀਣੇ ਨੂੰ ਨਾਮ ਦੇ ਕੇ ਜਨਮ ਮਰਣ ਵਲੋਂ ਰੱਖ ਲਵੋ॥ ੧ ॥ ਰਹਾਉ॥

## ਤੂੰ ਦਾਤਾ ਪ੍ਰਭ ਅੰਤਰਜਾਮੀ ॥ ਕਾਚੀ ਦੇਹ ਮਾਨੁਖ ਅਭਿਮਾਨੀ ॥ ੨ ॥

ਹੇ ਪ੍ਰਭੂ ਅੰਤਰਜਾਮੀ ! ਤੂੰ ਸਾਰਿਆਂ ਦਾ ਦਾਤਾ ਹੈਂ। ਇਹ ਕੱਚੀ ਮਨੁੱਖ ਦੇਹ ਵਿਚ ਰਹਿ ਕੇ ਇਸ ਦਾ ਅਭਿਮਾਨੀ=ਹੰਕਾਰੀ ਹੋ ਰਿਹਾ ਹੈ॥ ੨ ॥

## ਸੁਆਦ ਬਾਦ ਈਰਖ ਮਦ ਮਾਇਆ ॥

ਪਦਾਰਥਾਂ ਦਾ ਸੁਆਦ, ਬਾਦ=ਝਗੜੇ, ਈਰਖਾ ਕਰਨੀ, ਅਤੇ ਮਾਇਆ ਦਾ ਜੋ ਮਦ=ਹੰਕਾਰ ਹੈ।

## ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥ ੩ ॥

ਇਨ੍ਹਾਂ (ਪਦਾਰਥਾਂ) ਦੇ ਸੰਗਿ=ਵਿਚ ਲੱਗ ਕੇ ਰਤਨ=ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ॥ ੩ ॥

## ਦੂਖ ਭੰਜਨ ਜਗਜੀਵਨ ਹਰਿ ਰਾਇਆ ॥

ਹੇ ਦੁੱਖਾਂ ਦੇ ਨਾਸ ਕਰਨ ਵਾਲੇ ! ਹੇ ਜਗਤ ਦੇ ਜੀਵਨ ਰੂਪ ਹਰੀ ਰਾਜੇ !

## ਸਗਲ ਤਿਆਗਿ ਨਾਨਕੁ ਸਰਣਾਇਆ ॥ ੪ ॥ ੧੩ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸਾਰਿਆਂ ਨੂੰ ਤਿਆਗ ਕੇ ਇਕ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੪ ॥ ੧੩ ॥ ੧੯ ॥

## ਸੂਹੀ ਮਹਲਾ ੫ ॥ ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥

੧. ਹੇ ਅੰਨ੍ਹੇ ! ਰੂਪ ਨੂੰ ਵੇਖਦਾ ਹੈਂ, ਰਸਾਂ ਨੂੰ ਚਾਖਤ=ਚੱਖਦਾ ਹੈਂ, ਬੁਰੇ ਸ਼ਬਦ ਕਹਿੰਦਾ ਹੈਂ, ਸੰਸਾਰਕ ਗੱਲਾਂ ਸੁਣਦਾ ਹੈਂ, ਪਰ ਪਰਮੇਸ਼ਰ ਨਾਮ ਨੂੰ ਨਹੀਂ ਸੁਣਦਾ। ੨. ਚਾਖਤ=ਚੱਖੂਆਂ ਕਰਕੇ ਭਾਵ ਅੱਖਾਂ ਕਰਕੇ ਸੰਸਾਰ ਨੂੰ ਵੇਖਦਾ ਹੈਂ, ਪਰਮੇਸ਼ਰ ਵਲੋਂ ਅੰਨ੍ਹਾਂ ਕਿਹਾ ਜਾਂਦਾ ਹੈਂ, ਸੰਸਾਰਕ ਗੱਲਾਂ ਸੁਣਦਾ ਹੈਂ ਤੇ ਪਰਮੇਸ਼ਰ ਦੇ ਜਸ ਨੂੰ ਨਹੀਂ ਸੁਣਦਾ। ੩. ਸੰਸਾਰ ਨੂੰ ਵੇਖਦਾ ਹੈਂ ਤੇ ਪਰਮੇਸ਼ਰ ਵਲੋਂ ਅੰਨ੍ਹਾਂ ਕਿਹਾ ਜਾਂਦਾ ਹੈਂ, ਦੁਨੀਆਂ ਦੇ ਰਸ ਚੱਖਦਾ ਹੈਂ ਤੇ ਪਰਮੇਸ਼ਰ ਜਸ ਉਚਾਰਨ ਵਲੋਂ ਗੁੰਗਾ ਹੈਂ, ਦੁਸ਼ਟਾਂ ਦੀਆਂ ਗੱਲਾ ਸੁਣਦਾ ਹੈਂ ਤੇ ਸੰਤਾਂ ਪਾਸ ਬੈਠਕੇ ਹਰੀ ਜਸ ਨੂੰ ਨਹੀਂ ਸੁਣਦਾ।

## ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥ ੧ ॥

ਨਿਕਟਿ=ਨੇੜੇ ਅੰਤਹਕਰਨ ਦੇ ਵਿਚ ਜੋ ਆਤਮ=ਵਸਤੂ ਹੈ, ਉਸ ਨੂੰ ਤੂੰ ਦੂਰ ਜਾਣਦਾ ਹੈਂ।

ਹੇ ਪਾਪੀ ਪੁਰਸ਼ਾ ! ਤੂੰ ਪਾਪ ਕਰਮਾਂ ਨੂੰ ਕਮਾਉਂਦਾ ਹੈਂ।

ਵਾ:-ਪਾਪ ਕਰਮ ਹੀ ਤੇਰੇ ਕੰਮ ਆਉਣੇ ਹਨ॥ ੧॥

## ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥

ਹੇ ਪ੍ਰਾਣੀ ! ਉਹ ਕੁਝ ਕਰ, ਜਿਸ ਕਰਕੇ ਜਮਾਂ ਤੋਂ ਛੁੱਟ ਜਾਵੇਂ।

## ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥ ੧ ॥ ਰਹਾਉ॥

(੧) ਹਰਿ ਹਰਿ ਨਾਮ ਰੂਪ ਅੰਮ੍ਰਿਤ-ਬਾਣੀ ਨੂੰ ਜਪਣਾ ਕਰ।

(੨) ਗੁਰਾਂ ਦੇ ਉਪਦੇਸ਼ ਰੂਪ ਅੰਮ੍ਰਿਤ-ਬਾਣੀ ਦੁਆਰੇ ਹਰਿ ਹਰਿ ਨਾਮ ਨੂੰ ਜਪਣਾ ਕਰ॥ ੧॥ ਰਹਾਉ॥

## ਘੋਰ ਮਹਲ ਸਦਾ ਰੰਗਿ ਰਾਤਾ॥ ਸੰਗਿ ਤੁਮ੍ਾਰੈ ਕਛੂ ਨ ਜਾਤਾ॥ ੨॥

ਘੋਰ=ਘੋੜੇ ਅਤੇ ਮਹਲ ਮੰਦਰਾਂ ਦੇ ਰੰਗਿ ਅਨੰਦ ਵਿਚ ਤੂੰ ਸਦਾ ਰਾਤਾ=ਲੱਗਾ ਰਹਿੰਦਾ ਹੈਂ। ਇਨ੍ਹਾਂ ਵਿੱਚੋਂ ਕੁਝ ਵੀ ਤੇਰੇ ਨਾਲ ਨਹੀਂ ਜਾਤਾ=ਜਾਣਾ॥ ੨॥

## ਰਖਹਿ ਪੋਚਾਰਿ ਮਾਟੀ ਕਾ ਭਾਂਡਾ॥ ਅਤਿ ਕੁਚੀਲ ਮਿਲੈ ਜਮ ਡਾਂਡਾ॥ ੩॥

ਜਿਵੇਂ ਮਿੱਟੀ ਦਾ ਭਾਂਡਾ ਕੱਚਾ ਹੁੰਦਾ ਹੈ ਤੇ ਠੋਕਰ ਲੱਗਣ ਨਾਲ ਟੁੱਟ ਜਾਂਦਾ ਹੈ, ਤਿਵੇਂ ਪੰਜਾਂ ਤੱਤਾਂ ਰੂਪੀ ਮਿੱਟੀ ਦਾ ਭਾਂਡਾ ਜੋ ਸਰੀਰ ਹੈ ਇਹ ਕੱਚਾ ਹੈ, ਬੁਖਾਰ ਦੇ ਚੜ੍ਹਨੇ ਰੂਪ ਠੋਕਰ ਦੇ ਲੱਗਿਆਂ ਟੁੱਟ ਜਾਂਦਾ ਹੈ, ਇਸ ਨੂੰ ਤੂੰ ਪੋਚਾਰਿ=ਪੋਚ-ਪੋਚ ਕੇ ਰੱਖਦਾ ਹੈਂ ਭਾਵ ਸਾਫ ਸੁਥਰਾ ਕਰ ਕੇ ਰੱਖਦਾ ਹੈਂ। ਫੇਰ ਇਹ ਗੰਦਾ ਹੋਣ ਕਰ ਕੇ ਅਤਿ ਕੁਚੀਲ=ਬੜਾ ਅਪਵਿੱਤ੍ਰ ਹੈ ਇਸ ਦੇ ਪਿਆਰ ਵਾਲੇ ਨੂੰ ਜਮਾਂ ਦਾ ਡੰਡਾ ਮਿਲਦਾ ਹੈ॥ ੩॥

## ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ ਮਹਾ ਗਰਤ ਮਹਿ ਨਿਘਰਤ ਜਾਤਾ॥ ੪॥

ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿਕਾਂ ਵਿਚ ਤੂੰ ਬਾਧਾ=ਬੰਨ੍ਹਿਆਂ ਹੋਇਆ ਹੈਂ। ਅਤੇ ਸੰਸਾਰ ਰੂਪ ਮਹਾ=ਬੜੇ (ਡੂੰਘੇ) ਗਰਤ ਹੋਏ ਵਿਚ ਨਿਘਰਦਾ ਜਾਂਦਾ ਹੈ॥ ੪॥

## ਨਾਨਕ ਕੀ ਅਰਦਾਸਿ ਸੁਣੀਜੈ॥
## ਡੂਬਤ ਪਾਹਨ ਪ੍ਰਭ ਮੇਰੇ ਲੀਜੈ॥ ੫॥ ੧੪॥ ੨੦॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਅੱਗੇ ਬੇਨਤੀ ਕਰ ਤਾਂ ਤੇਰਾ ਉਧਾਰ ਹੋਵੇਗਾ, ਹੇ ਮੇਰੇ ਪ੍ਰਭੂ ! ਮੇਰੀ ਅਰਦਾਸਿ=ਬੇਨਤੀ ਸੁਣਨਾ ਕਰ। ਮੈਂ ਪਾਹਨ=ਪੱਥਰ ਵਾਂਗ ਡੁੱਬ ਰਿਹਾ ਹਾਂ, ਆਪ ਮੈਨੂੰ ਕੱਢ ਲੈਣਾ ਕਰੋ॥ ੫॥ ੧੪॥ ੨੦॥

## ਸੂਹੀ ਮਹਲਾ ੫॥

## ਜੀਵਤ ਮਰੈ ਬੁਝੈ ਪ੍ਰਭੁ ਸੋਇ॥ ਤਿਸੁ ਜਨ ਕਰਮਿ ਪਰਾਪਤਿ ਹੋਇ॥ ੧॥

(੧) ਜੋ ਪੁਰਸ ਜੀਵਤ ਭਾ ਤੋਂ ਮਰਦਾ ਹੈ, ਉਸ ਜਨ ਨੂੰ ਪ੍ਰਭੂ ਦਾ ਕਰਮਿ=ਅਨਿਗ੍ਰਹੁ ਪ੍ਰਾਪਤ ਹੁੰਦਾ ਹੈ ਪੁਨਾ ਉਹੀ ਉਸ ਪ੍ਰਭੂ ਨੂੰ ਬੁਝੈ-ਜਾਣ ਲੈਂਦਾ ਹੈ।

(੨) ਜੀਵਤ ਭਾਵ ਤੋਂ ਮਰੇ ਤਾਂ ਉਸ ਪ੍ਰਭੂ ਨੂੰ ਬੁੱਝ ਲੈਂਦਾ ਹੈ। ਪਰ ਜੀਵਤ ਭਾਵ ਤੋਂ ਮਰਨਾ ਉਸ ਜਨ

ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਕਰਮ ਚੰਗੇ ਹੋਣ।

(੩) ਉਸ ਜਨ ਦੀ ਕਰਮਿ=ਕਿਰਪਾ ਕਰਕੇ ਅੱਗੋਂ ਹੋਰਨਾਂ ਨੂੰ ਪ੍ਰਭੂ ਦੀ ਪ੍ਰਾਪਤੀ ਹੈ॥ ੧॥

**ਸੁਣਿ ਸਾਜਨ ਇਉ ਦੁਤਰੁ ਤਰੀਐ॥**
**ਮਿਲਿ ਸਾਧੂ ਹਰਿ ਨਾਮੁ ਉਚਰੀਐ॥ ੧॥ ਰਹਾਉ॥**

ਹੇ ਮਿੱਤਰ ! ਸੁਣ, ਸੰਤਾਂ ਨਾਲ ਮਿਲਕੇ ਤੂੰ ਹਰੀ ਨਾਮ ਨੂੰ ਉਚਾਰਨਾ ਕਰ, ਤਾਂ ਇਉ=ਇਸ ਤਰ੍ਹਾਂ ਦੁਤਰੁ=ਕਠਨ ਸੰਸਾਰ-ਸਮੁੰਦਰ ਤੋਂ ਤਰਨਾਂ ਹੁੰਦਾ ਹੈ॥ ੧॥ ਰਹਾਉ॥

**ਏਕ ਬਿਨਾ ਦੂਜਾ ਨਹੀ ਜਾਨੈ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ॥ ੨॥**

ਜੋ ਜਗਿਆਸੂ ਇਕ ਪ੍ਰਭੂ ਤੋਂ ਬਿਨਾਂ ਹੋਰ ਦੂਜੇ ਨੂੰ ਨਹੀਂ ਜਾਣਦਾ। ਅਤੇ ਸਭ ਘਟਾਂ-ਘਟਾਂ ਦੇ ਅੰਦਰ ਪਾਰਬ੍ਰਹਮ ਨੂੰ ਹੀ ਪਛਾਣਦਾ ਹੈ॥ ੨॥

**ਜੋ ਕਿਛੁ ਕਰੈ ਸੋਈ ਭਲ ਮਾਨੈ॥ ਆਦਿ ਅੰਤ ਕੀ ਕੀਮਤਿ ਜਾਨੈ॥ ੩॥**

ਜੋ ਕੁਝ ਪ੍ਰਭੂ ਕਰਦਾ ਹੈ ਉਸ ਨੂੰ ਭਲਾ ਕਰ ਕੇ ਮੰਨਦਾ ਹੈ। ਤੇ ਆਦਿ ਤੋਂ ਅੰਤ ਤਕ ਇਕ ਸਾਰ ਰਹਿਣ ਵਾਲੇ ਪਰਮਾਤਮਾ ਦੀ ਕੀਮਤਿ=ਵਡਿਆਈ ਕਰਨੀ ਜਾਣਦਾ ਹੈ।

**ਕਹੁ ਨਾਨਕ ਤਿਸੁ ਜਨ ਬਲਿਹਾਰੀ॥**
**ਜਾ ਕੈ ਹਿਰਦੈ ਵਸਹਿ ਮੁਰਾਰੀ॥ ੪॥ ੧੫॥ ੨੧॥**

ਗੁਰੂ ਜੀ ਕਥਨ ਕਰਦੇ ਹਨ—ਉਸ ਜਨ ਤੋਂ ਮੈਂ ਕੁਰਬਾਨ ਜਾਂਦਾ ਹਾਂ। ਜਿਸ ਦੇ ਹਿਰਦੇ ਵਿਚ ਪਰਮਾਤਮਾ ਆਪ ਵਸਦਾ ਭਾਵ ਸਾਖਿਆਤਕਾਰ ਹੁੰਦਾ ਹੈ॥ ੪॥ ੧੫॥ ੨੧॥

**ਸੂਹੀ ਮਹਲਾ ੫॥**

**ਗੁਰੁ ਪਰਮੇਸਰੁ ਕਰਣੈਹਾਰੁ॥ ਸਗਲ ਸ੍ਰਿਸਟਿ ਕਉ ਦੇ ਆਧਾਰੁ॥ ੧॥**

ਹੇ ਭਾਈ ! ਗੁਰੂ ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਲੇ ਹਨ। ਅਤੇ ਸਾਰੀ ਸ੍ਰਿਸ਼ਟੀ ਨੂੰ ਆਧਾਰੁ=ਆਸਰਾ ਦੇਂਦੇ ਹਨ॥ ੧॥

**ਗੁਰ ਕੇ ਚਰਣ ਕਮਲ ਮਨ ਧਿਆਇ॥**
**ਦੂਖੁ ਦਰਦੁ ਇਸੁ ਤਨ ਤੇ ਜਾਇ॥ ੧॥ ਰਹਾਉ॥**

ਗੁਰਾਂ ਦੇ ਚਰਨ-ਕਮਲਾਂ ਨੂੰ ਮਨ ਵਿਚ ਧਿਆਉਣਾ ਕਰ।

(੧) ਤਾਂ ਇਸ ਸਰੀਰ ਵਿੱਚੋਂ ਸਾਰਾ ਦੁੱਖ ਦਰਦ ਮਿਟ ਜਾਏਗਾ।

(੨) ਦੁਖ ਜਨਜ ਦਰਦ ਦੂਰ ਹੋ ਜਾਏਗਾ।

(੩) ਜਨਮ-ਮਰਣ ਦਾ ਦੁੱਖ ਤੇ ਈਰਖਾ ਦਾ ਦਰਦ ਇਸ ਤਨ ਵਿੱਚੋਂ ਮਿਟ ਜਾਏਗਾ॥ ੧॥ ਰਹਾਉ॥

**ਭਵਜਲਿ ਡੂਬਤ ਸਤਿਗੁਰੁ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥ ੨॥**

ਸੰਸਾਰ-ਸਮੁੰਦਰ ਵਿਚ ਡੁੱਬਦੇ ਜੀਵ ਨੂੰ ਸਤਿਗੁਰੂ ਹੀ ਕੱਢ ਦੇਂਦੇ ਹਨ। ਜਨਮਾਂ ਜਨਮਾਂ ਦਾ ਟੁਟਾ=ਵਿਛੁੜਿਆ ਹੋਇਆ ਜੋ ਜੀਵ ਹੈ, ਉਸ ਨੂੰ ਪ੍ਰਭੂ ਨਾਲ ਗਾਢੈ=ਮਿਲਾ ਦੇਂਦੇ ਹਨ॥ ੨॥

**ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥ ਸੂਖ ਸਹਜ ਮਨਿ ਆਵੈ ਸਾਂਤਿ॥ ੩॥**

ਇਸ ਲਈ ਦਿਨ ਰਾਤ ਗੁਰਾਂ ਦੀ ਸੇਵਾ ਕਰੋ। ਤਾਂ ਸਹਜ ਸੁਖ=ਅਚੁੱਤ ਸੁਖ ਦੀ ਪ੍ਰਾਪਤੀ ਹੋ ਕੇ ਮਨ ਵਿਚ ਸ਼ਾਂਤੀ ਆਵੇਗੀ॥ ੩॥

**ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥**

ਸਤਿਗੁਰਾਂ ਦੇ ਚਰਨਾਂ ਦੀ ਰੇਣੁ=ਧੂੜ ਨੂੰ ਕੋਈ ਵਡਭਾਗੀ ਪੁਰਸ਼ ਹੀ ਪਾਉਂਦਾ ਹੈ।

**ਨਾਨਕ ਗੁਰ ਕਉ ਸਦ ਬਲਿ ਜਾਵੈ॥ ੪॥ ੧੬॥ ੨੨॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੧੬॥ ੨੨॥

**ਸੂਹੀ ਮਹਲਾ ੫॥**

**ਗੁਰ ਅਪੁਨੇ ਊਪਰਿ ਬਲਿ ਜਾਈਐ॥**

**ਆਠ ਪਹਰ ਹਰਿ ਹਰਿ ਜਸੁ ਗਾਈਐ॥ ੧॥**

ਅਸੀਂ ਆਪਣੇ ਗੁਰੂ ਉੱਤੋਂ ਕੁਰਬਾਨ ਜਾਂਦੇ ਹਾਂ। ਅੱਠੇ ਪਹਿਰ ਹਰਿ ਹਰਿ ਦੇ ਜਸ ਨੂੰ ਗਾਉਂਦੇ ਹਾਂ॥ ੧॥

**ਸਿਮਰਉ ਸੋ ਪ੍ਰਭੁ ਅਪਨਾ ਸੁਆਮੀ॥**

**ਸਗਲ ਘਟਾ ਕਾ ਅੰਤਰਜਾਮੀ॥ ੧॥ ਰਹਾਉ॥**

ਉਸ ਆਪਣੇ ਪ੍ਰਭੂ ਸੁਆਮੀ ਨੂੰ ਸਿਮਰਦੇ ਹਾਂ। ਜੋ ਸਾਰਿਆਂ ਘਟਾਂ ਦਾ ਅੰਤਰਜਾਮੀ ਹੈ॥ ੧॥

**ਚਰਣ ਕਮਲ ਸਿਉ ਲਾਗੀ ਪ੍ਰੀਤਿ॥ ਸਾਚੀ ਪੂਰਨ ਨਿਰਮਲ ਰੀਤਿ॥ ੨॥**

ਗੁਰੂ ਦੇ ਚਰਨ-ਕਮਲਾਂ ਨਾਲ ਜਿਹੜੀ ਪ੍ਰੀਤੀ ਲੱਗੀ ਹੈ।

ਏਹੋ ਪੂਰਨ ਪਵਿੱਤ੍ਰ ਤੇ ਸੱਚੀ ਰੀਤਿ=ਮਰਯਾਦਾ ਹੈ॥ ੨॥

**ਸੰਤ ਪ੍ਰਸਾਦਿ ਵਸੈ ਮਨ ਮਾਹੀ॥ ਜਨਮ ਜਨਮ ਕੇ ਕਿਲਵਿਖ ਜਾਹੀ॥ ੩॥**

ਸੰਤਾਂ ਦੀ ਕਿਰਪਾ ਨਾਲ ਮਨ ਵਿਚ ਵੱਸ ਜਾਂਦਾ ਹੈ। ਜਿਸ ਕਰਕੇ ਜਨਮਾਂ ਜਨਮਾਂ ਦੇ ਕਿਲਵਿਖ=ਪਾਪ ਚਲੇ ਜਾਂਦੇ ਹਨ॥ ੩॥

**ਕਰਿ ਕਿਰਪਾ ਪ੍ਰਭ ਦੀਨ ਦਇਆਲਾ॥**

**ਨਾਨਕੁ ਮਾਗੈ ਸੰਤ ਰਵਾਲਾ॥ ੪॥ ੧੭॥ ੨੩॥**

ਗੁਰੂ ਜੀ ਕਥਨ ਕਰਦੇ ਹਨ-ਹੇ ਦੀਨ ਦਿਆਲ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰ।

ਮੈਂ ਸੰਤਾਂ ਦੇ ਚਰਨ-ਕਮਲਾਂ ਦੀ ਰਵਾਲਾ=ਧੂੜ ਮੰਗਦਾ ਹਾਂ॥ ੪॥ ੧੭॥ ੨੩॥

[ਪੰਨਾ ੭੪੨]

**ਸੂਹੀ ਮਹਲਾ ੫ ॥**

**ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥**

ਹੇ ਗੁਰ=ਪੂਜਨੀਕ ਪ੍ਰਭੂ ! ਮੈਂ ਤੇਰਾ ਦਰਸ਼ਨ ਵੇਖ ਕੇ ਹੀ ਜੀਵਾ=ਜੀਊਂਦਾ ਹਾਂ।

ਕਿਉਂਕਿ ਹੇ ਪ੍ਰਭੂ ! ਤੇਰੇ ਦਰਸ਼ਨ ਕਰਕੇ ਹੀ ਮੇਰਾ ਸਾਰਾ ਕਰਮ ਪੂਰਨ ਹੋਇ=ਸਫਲ ਹੋਵੇਗਾ ॥ ੯ ॥

**ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥ ੧ ॥ ਰਹਾਉ ॥**

ਹੇ ਮੇਰੇ ਪ੍ਰਭੂ ! ਮੇਰੀ ਇਹ ਬੇਨਤੀ ਸੁਣੋ। ਮੈਨੂੰ ਆਪਣੇ ਚੇਰੇ=ਦਾਸ ਜਾਣ ਕੇ ਨਾਮ ਦਾ ਸਿਮਰਨ ਬਖਸ਼ ਦੇਣਾ ਕਰੋ ॥ ੧ ॥ ਰਹਾਉ ॥

**ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥ ੨ ॥**

ਹੇ ਪ੍ਰਭੂ ਦਾਤੇ ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈ। ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਆਪ ਜੀ ਨੂੰ ਜਾਤੇ=ਜਾਣਿਆ ਹੈ ॥ ੨ ॥

**ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥ ੩ ॥**

ਹੇ ਮੇਰੇ ਮਿੱਤਰ ਪ੍ਰਭੂ ! ਬੇਨਤੀ ਸੁਣੋ। ਆਪ ਜੀ ਦੇ ਚਰਨ-ਕਮਲ ਮੇਰੇ ਚਿੱਤ ਵਿਚ ਵਸਦੇ ਰਹਿਣ ॥ ੩ ॥

**ਨਾਨਕੁ ਏਕ ਕਰੈ ਅਰਦਾਸਿ ॥**

**ਵਿਸਰੁ ਨਾਹੀ ਪੂਰਨ ਗੁਣਤਾਸਿ ॥ ੪ ॥ ੧੮ ॥ ੨੪ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਇਕ ਬੇਨਤੀ ਕਰਦਾ ਹਾਂ।

ਹੇ ਪੂਰਨ ਸ਼ੁਭ-ਗੁਣਾਂ ਦੇ ਖ਼ਜ਼ਾਨੇ ਪ੍ਰਭੂ ! ਆਪ ਮੈਨੂੰ ਕਦੇ ਭੀ ਨਾ ਭੁੱਲੋ ॥ ੪ ॥ ੧੮ ॥ ੨੪ ॥

**ਸੂਹੀ ਮਹਲਾ ੫ ॥ ਮੀਤੁ ਸਾਜਨੁ ਸੁਤ ਬੰਧਪ ਭਾਈ ॥**

ਮਿੱਤਰ, ਸੱਜਣ, ਸੁਤ=ਪੁੱਤਰ, ਬੰਧਪ=ਸਬੰਧੀ, ਭਾਈ=ਭਰਾ।

ਅਰਥ-ਮੇਰਾ ਮਿੱਤਰ, ਸੱਜਣ, ਪੁੱਤਰ, ਸਬੰਧੀ, ਭਰਾ ਇਕ ਹਰੀ ਹੀ ਹੈ।

**ਜਤ ਕਤ ਪੇਖਉ ਹਰਿ ਸੰਗਿ ਸਹਾਈ ॥ ੧ ॥**

ਜਿਥੇ ਕਿਥੇ ਵਖਦਾ ਹਾਂ ਉਥੇ ਹੀ ਮੇਰੇ ਨਾਲ ਅੰਗ-ਸੰਗ ਹੋ ਕੇ ਸਹਾਇਤਾ ਕਰਦਾ ਹੈ ॥ ੧ ॥

**ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥**

ਮੇਰੀ ਜਤਿ=ਜ਼ਾਤੀ, ਮੇਰੀ ਪਤਿ=ਪੰਗਤੀ ਵਾ: ਪਤਿ ਆਬਰੋ ਅਤੇ ਧਨ ਭੀ ਹਰੀ ਨਾਮ ਹੀ ਹੈ।

**ਸੂਖ ਸਹਜ ਆਨੰਦ ਬਿਸਰਾਮ ॥ ੧ ॥ ਰਹਾਉ ॥**

ਜਿਸ ਨਾਮ ਕਰਕੇ ਮੇਰੀ ਸਹਜ=ਅਚੁੱਤ ਸੁਖ ਦੇ ਅਨੰਦ ਵਿਚ ਬਿਸਰਾਮ=ਇਸਥਿਤੀ ਹੋਈ ਹੈ ॥ ੧ ॥ ਰਹਾਉ ॥

**ਪਾਰਬ੍ਰਹਮੁ ਜਪਿ ਪਹਿਰਿ ਸਨਾਹ॥ ਕੋਟਿ ਆਵਧ ਤਿਸੁ ਬੇਧਤ ਨਾਹਿ॥੨॥**

ਜੋ ਪਾਰਬ੍ਰਹਮ ਨੂੰ ਜਪਿਆ ਹੈ ਏਹੋ ਹੀ ਅਸਾਂ ਨੇ ਸਨਾਹ=ਸੰਜੋਅ ਪਹਿਰੀ ਹੈ। ਪ੍ਰਤੱਖ ਕ੍ਰੋੜਾਂ ਆਵਧ=ਸ਼ਸਤ੍ਰ ਵਾ:-ਖੋਟੇ ਬਚਨਾਂ ਰੂਪੀ ਸ਼ਸਤ੍ਰ, ਉਸ ਸੰਜੋਅ ਨੂੰ ਨਹੀਂ ਤੋੜ ਸਕਦੇ।

**ਹਰਿ ਚਰਣ ਸਰਣ ਗੜ ਕੋਟ ਹਮਾਰੈ॥**

ਜੋ ਹਰੀ ਦੇ ਚਰਨਾਂ ਦੀ ਸ਼ਰਨ, ਵਾ:-ਓਟ ਗ੍ਰਹਿਣ ਕੀਤੀ ਹੈ,
ਏਹੋ ਸਾਡੇ ਕੋਟ=ਕ੍ਰੋੜਾਂ ਗੜ=ਕਿਲ੍ਹੇ ਹਨ, ਵਾ:-ਏਹੋ ਸਾਡੇ ਕਿਲ੍ਹੇ ਦਾ ਕੋਟ ਹੈ।

**ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ॥੩॥**

ਕੰਟਕੁ=ਦੇਖ ਦੇਣ ਵਾਲਾ ਜਨਮ ਕਾਲ ਉਸ ਗੜ੍ਹ ਨੂੰ ਤੋੜ ਨਹੀਂ ਸਕਦਾ॥ ੩॥

**ਨਾਨਕ ਦਾਸ ਸਦਾ ਬਲਿਹਾਰੀ॥**

**ਸੇਵਕ ਸੰਤ ਰਾਜਾ ਰਾਮ ਮੁਰਾਰੀ॥੪॥੧੯॥੨੫॥**

ਗੁਰੂ ਜੀ ਕਥਨ ਕਰਦੇ ਹਨ-ਰਾਜਾ ਰਾਮ ਮੁਰਾਰੀ ਦੇ ਸੇਵਕ ਜੋ ਹਨ।
ਮੈਂ ਦਾਸ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੧੯॥ ੧੫॥

**ਸੂਹੀ ਮਹਲਾ ੫॥**

ਉੱਤਮ ਸਖੀ, ਮਧਿਮ ਸਖੀ ਨੂੰ ਸਮਝਾਉਂਦੀ ਹੈ ਕਿ ਤੂੰ-

**ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ॥**

ਪ੍ਰਭੂ ਗੋਪਾਲ ਦੇ ਗੁਣਾਂ ਨੂੰ ਨਿਤਾ-ਪ੍ਰਤੀ ਗਾਉਣਾ ਕਰ। ਤਾਂ-

**ਅਨਦ ਬਿਨੋਦ ਮੰਗਲ ਸੁਖ ਤਾਹਾ॥੧॥**

ਅਨੰਦਦਾਇਕ ਬਿਨੋਦਿ=ਕੌਤਕਾਂ ਦੇ ਕਰਨ ਵਾਲਾ ਜੋ ਮੰਗਲ ਸਰੂਪ ਪਰਮਾਤਮਾ ਹੈ, ਉਸ ਦਾ ਸੁਖ ਪ੍ਰਾਪਤ ਹੋਵੇਗਾ॥ ੧॥

**ਚਲੁ ਸਖੀਏ ਪ੍ਰਭੁ ਰਾਵਣ ਜਾਹਾ॥**

**ਸਾਧ ਜਨਾ ਕੀ ਚਰਣੀ ਪਾਹਾ॥੧॥ ਰਹਾਉ॥**

ਹੇ ਸਖੀਏ ! ਚਲ, ਪ੍ਰਭੂ ਨੂੰ ਰਾਵੰਣ ਵਾਸਤੇ ਜਾਈਏ ਭਾਵ ਸਿਮਰਨ ਕਰਨ ਚਲੀਏ।
ਜਾ ਕੇ ਸੰਤ ਜਨਾਂ ਦੀ ਚਰਨੀਂ ਪੈ ਜਾਈਏ॥ ੧॥ ਰਹਾਉ॥

**ਕਰਿ ਬੇਨਤੀ ਜਨ ਧੂਰਿ ਬਾਛਾਹਾ॥**

**ਜਨਮ ਜਨਮ ਕੇ ਕਿਲਵਿਖ ਲਾਹਾਂ॥੨॥**

ਸੰਤਾਂ ਅੱਗੇ ਬੇਨਤੀ ਕਰਕੇ ਚਰਨ ਧੂੜੀ ਬਾਛਾਹਾ=ਮੰਗੀਏ, ਵਾ:-ਚਾਹੀਏ। ਤੇ ਜਨਮਾਂ ਜਨਮਾਂ ਦੇ ਕਿਲਵਿਖ ਲਾਹਾਂ=ਪਾਪਾਂ ਨੂੰ ਲਾਹੀਏ॥ ੨॥

**ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥**

ਮਨ, ਤਨ, ਪ੍ਰਾਣ ਅਤੇ ਜੀਵਨ ਨੂੰ ਅਰਪਣ ਭਾਵ ਭੇਟਾ ਕਰ ਦੇਈਏ।

**ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥ ੩ ॥**

ਹਰੀ ਨੂੰ ਸਿਮਰ-ਸਿਮਰ ਕੇ ਮਾਨ ਅਤੇ ਮੋਹ ਨੂੰ ਕੱਟ ਲਈਏ॥ ੩॥

**ਦੀਨ ਦਇਆਲ ਕਰਹੁ ਉਤਸਾਹਾ ॥**

ਦੀਨ ਦਿਆਲ ਪਰਮਾਤਮਾ ਦੀ ਪ੍ਰਾਪਤੀ ਦਾ ਉਤਸ਼ਾਹ ਮਨ ਵਿਚ ਧਾਰਨਾ ਕਰ। ਤੇ-

**ਨਾਨਕ ਦਾਸ ਹਰਿ ਸਰਣਿ ਸਮਾਹਾ ॥ ੪ ॥ ੨੦ ॥ ੨੬ ॥**

ਗੁਰੂ ਜੀ ਕਥਨ ਕਰਦੇ ਹਨ-ਹਰੀ ਦੇ ਦਾਸਾਂ ਦੀ ਸ਼ਰਨ ਵਿਚ ਸਮਾਉਣਾ ਕਰ॥ ੪॥ ੨੦॥ ੨੬॥

**ਸੂਹੀ ਮਹਲਾ ੫ ॥ ਬੈਕੁੰਠ ਨਗਰੁ ਜਹਾ ਸੰਤ ਵਾਸਾ ॥**

ਜਿਥੇ ਸੰਤ ਜਨ ਨਿਵਾਸ ਕਰਦੇ ਹਨ ਓਹੀ ਬੈਕੁੰਠ ਨਗਰ ਹੈ।

*ਯਥਾ:-*"ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਇ॥ ੧॥"

*(ਸਾਰਗ, ਪੰਨਾ ੧੨੦੮)*

*ਪ੍ਰਸ਼ਨ*-ਕਿਹੜੇ ਸੰਤ ? *ਉੱਤਰ:-*

**ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ ੧ ॥**

ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ-ਕਮਲਾਂ ਦਾ ਨਿਵਾਸ ਹੈ॥ ੧॥

**ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥**

੧. ਮਨੋਂ ਤਨੋਂ ਹੋ ਕੇ ਨਾਮ ਨੂੰ ਸੁਣ ਤਾਂ ਤੈਨੂੰ ਸੁਖ ਦਿਖਲਾਵਉ=ਦਿਖਾਵਾਂ।

੨. ਹੇ ਮਨ ! ਸੁਣ, ਤੈਨੂੰ ਤਨ=ਸਰੀਰ ਦੇ ਸੁਖ ਦਾ ਸਾਧਨ ਵਿਖਾਉਂਦਾ ਹਾਂ।

**ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥ ੧ ॥ ਰਹਾਉ ॥**

੧. ਹਰੀ ਨਾਮ ਰੂਪ ਅਨੇਕਾਂ ਬਿੰਜਨ=ਖਾਣਿਆਂ ਦਾ ਤੈਨੂੰ ਭੋਗ ਭੁਗਾਉਂਦਾ ਹਾਂ।

੨. ਹਰੀ ਦਾ ਨਾਮ ਹੀ ਅਨੇਕ ਪ੍ਰਕਾਰ ਦੇ ਬਿੰਜਨ=ਸਲੂਣਿਆਂ ਦਾ ਭੋਗ=ਭੋਜਨ ਤੈਨੂੰ ਭੁੰਚਾਵਉ=ਛਕਾਉਂਦਾ ਹਾਂ॥ ੧॥ ਰਹਾਉ॥

**ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥ ੨ ॥**

ਨਾਮ=ਅੰਮ੍ਰਿਤ ਨੂੰ ਮਨ ਵਿਚ ਭੁੰਚੁ=ਛਕ ਲੈ। ਤਾ ਕੇ=ਉਸ ਦਾ ਸੁਆਦ ਅਸਚਰਜ ਹੈ,

ਜੋ ਬਰਨੇ=ਕਥਨ ਨਹੀਂ ਕੀਤਾ ਜਾਂਦਾ ॥ ੨॥

**ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥ ੩ ॥**

ਅੰਨਵੇਂ-ਜਿਸ ਪੁਰਸ਼ ਨੇ ਪਾਰਬ੍ਰਹਮ ਦੀ ਸ਼ਰਨ ਤਾਕੀ=ਤੱਕੀ ਹੈ, ਉਸ ਦਾ ਲੋਭ ਮਰ ਗਿਆ ਹੈ।

ਤ੍ਰਿਸ਼ਨਾ ਅੱਗ ਬੁਝ ਗਈ ਹੈ ਅਤੇ ਮੰਦ ਬੁਧੀ ਥਾਕੀ=ਥੱਕ ਗਈ ਹੈ॥ ੩॥

**ਜਨਮ ਜਨਮ ਕੇ ਭੈ ਮੋਹ ਨਿਵਾਰੇ॥**

**ਨਾਨਕ ਦਾਸ ਪ੍ਰਭ ਕਿਰਪਾ ਧਾਰੇ॥ ੪॥ ੨੧॥ ੨੭॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾਸ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ।

ਉਸ ਦੇ ਅੰਦਰੋਂ ਜਨਮਾਂ ਜਨਮਾਂ ਦੇ ਭੈ=ਡਰ ਅਤੇ ਮੋਹ ਆਦਿਕ ਨਵਿਰਤ ਕਰ ਦਿੱਤੇ ਹਨ॥ ੪॥ ੨੧॥ ੨੭॥

**ਸੂਹੀ ਮਹਲਾ ੫॥ ਅਨਿਕ ਬੀਂਗ ਦਾਸ ਕੇ ਪਰਹਰਿਆ॥**

ਹੇ ਪ੍ਰਭੂ ! ਮੈਂ ਦਾਸ ਦੇ ਅਨੇਕਾਂ ਬੀਂਗ=ਟੇਢਪਣੇ (ਕੁਟਲਪਣੇ) ਪਰਹਰਿਆ=ਦੂਰ ਕਰ ਦਿੱਤੇ ਹਨ।

**ਕਰਿ ਕਿਰਪਾ ਪ੍ਰਭਿ ਅਪਨਾ ਕਰਿਆ॥ ੧॥**

ਹੇ ਪ੍ਰਭੂ ! ਤੁਸਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣਾ (ਦਾਸ) ਕਰ ਲਿਆ ਹੈ॥ ੧॥

**ਤੁਮਹਿ ਛਡਾਇ ਲੀਓ ਜਨੁ ਅਪਨਾ॥**

ਤੁਸਾਂ ਨੇ ਮੈਨੂੰ ਆਪਣਾ ਦਾਸ ਜਾਣ ਕੇ ਛਡਾ ਲਿਆ ਹੈ।

**ਉਰਝਿ ਪਰਿਓ ਜਾਲੁ ਜਗੁ ਸੁਪਨਾ॥ ੧॥ ਰਹਾਉ ॥**

ਸੁਪਨੇ ਵਾਂਗ ਮਿਥਿਆ ਜੋ ਜਗਤ ਹੈ। ਇਸ ਦੇ ਮੋਹ ਰੂਪੀ ਜਾਲ ਵਿਚ ਫਸਿਆ ਪਿਆ ਸਾਂ॥ ੧॥ ਰਹਾਉ॥

**ਪਰਬਤ ਦੋਖ ਮਹਾ ਬਿਕਰਾਲਾ॥ ਖਿਨ ਮਹਿ ਦੂਰਿ ਕੀਏ ਦਇਆਲਾ॥ ੨॥**

ਮੇਰੇ ਹਿਰਦੇ ਵਿਚ ਜੋ ਬੜੇ ਭਿਆਨਕ ਦੋਸ਼ਾਂ ਰੂਪ ਪਰਬਤ=ਪਹਾੜ ਸਨ।

ਹੇ ਦਿਆਲੂ ! ਉਹ ਤੁਸਾਂ ਨੇ ਇਕ ਖਿਨ ਵਿਚ ਦੂਰ ਕਰ ਦਿੱਤੇ ਹਨ॥ ੨॥

**ਸੋਗ ਰੋਗ ਬਿਪਤਿ ਅਤਿ ਭਾਰੀ॥ ਦੂਰਿ ਭਈ ਜਪਿ ਨਾਮੁ ਮੁਰਾਰੀ॥ ੩॥**

ਹੇ ਮੁਰਾਰੀ ! ਆਪ ਜੀ ਦੇ ਨਾਮ ਜਪਣ ਕਰਕੇ ਸੋਗ ਰੋਗ ਦੇ ਸਹਿਤ ਅਤਿਅੰਤ ਭਾਰੀ ਬਿਪਤਾ ਦੂਰਿ ਭਈ=ਦੂਰ ਹੋ ਗਈ ਹੈ॥ ੩॥

[ਪੰਨਾ ੭੪੩]

**ਦ੍ਰਿਸਟਿ ਧਾਰਿ ਲੀਨੋ ਲੜਿ ਲਾਇ॥**

**ਹਰਿ ਚਰਣ ਗਹੇ ਨਾਨਕ ਸਰਣਾਇ॥ ੪॥ ੨੨॥ ੨੮॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਤੇਰੀ ਸ਼ਰਨ ਵਿਚ ਆ ਕੇ ਤੇਰੇ ਚਰਣ ਗਹੇ=ਫੜੇ ਹਨ। (ਏਸ ਕਰਕੇ ਤੁਸਾਂ ਨੇ) ਕਿਰਪਾ ਦ੍ਰਿਸ਼ਟੀ ਧਾਰਕੇ ਆਪਣੇ ਲੜਿ=ਪੱਲੇ ਨਾਲ ਲਗਾ ਲੀਤਾ ਹੈ॥ ੪॥ ੨੨॥ ੨੮॥

## ਸੂਹੀ ਮਹਲਾ ੫ ॥

## ਦੀਨੁ ਛਡਾਇ ਦੁਨੀ ਜੋ ਲਾਏ ॥ ਦੁਹੀ ਸਰਾਈ ਖੁਨਾਮੀ ਕਹਾਏ ॥ ੧ ॥

(੧) ਜੋ ਪੁਰਸ਼ ਦੀਨੁ=ਧਰਮ ਵਲੋਂ ਹਟਾ ਕੇ ਦੂਜੇ ਨੂੰ ਦੁਨੀਆਂ ਵਲ, ਵਾ:-ਮਾਇਆ ਵਲ ਲਗਾਉਂਦਾ ਹੈ। ਉਹ ਪੁਰਸ਼ ਦੁਹੀ=ਸਰਾਈ=ਦੋਹਾਂ ਲੋਕਾਂ ਵਿਚ ਖੁਨਾਮੀ=ਗੁਨਾਹੀ (ਅਪਰਾਧੀ) ਕਹਾਉਂਦਾ ਹੈ।

(੨) ਅਦ੍ਰਿਸ਼ਟਾਂ ਨੇ ਭਾਵ ਮੰਦ ਕਰਮਾਂ ਨੇ ਜੋ ਪੁਰਸ਼ ਧਰਮ ਵਲੋਂ ਹਟਾ ਕੇ ਦੁਨੀ=ਮਾਇਆ ਵਲ ਲਗਾਏ ਹਨ, ਉਹ ਦੋਹਾਂ ਲੋਕਾਂ ਵਿਚ ਖੁਨਾਮੀ=ਅਪਰਾਧੀ ਕਹਾਉਂਦੇ ਹਨ ॥ ੧ ॥

## ਜੋ ਤਿਸੁ ਭਾਵੈ ਸੋ ਪਰਵਾਣੁ ॥ ਆਪਣੀ ਕੁਦਰਤਿ ਆਪੇ ਜਾਣੁ ॥ ੧ ॥ ਰਹਾਉ ॥

ਜੋ ਉਸ ਪ੍ਰਭੂ ਨੂੰ ਭਾਵੈ=ਭਾਉਂਦਾ ਹੈ ਓਹੀ ਪ੍ਰਵਾਨ ਹੈ। ਆਪਣੀ ਕੁਦਰਤਿ=ਸ਼ਕਤੀ (ਤਾਕਤ) ਨੂੰ ਉਹ ਆਪੇ ਜਾਣਦਾ ਹੈ ॥ ੧ ॥ ਰਹਾਉ ॥

## ਸਚਾ ਧਰਮੁ ਪੁੰਨੁ ਭਲਾ ਕਰਾਏ ॥ ਦੀਨ ਕੈ ਤੋਸੈ ਦੁਨੀ ਨ ਜਾਏ ॥ ੨ ॥

ਸੱਚਾ ਪ੍ਰਭੂ ਜਿਸ ਦੇ ਪਾਸੋਂ ਸੱਚਾ ਧਰਮ, ਦਾਨ ਪੁੰਨ ਤੇ ਭਲਾ=ਚੰਗਾ ਕਰਮ ਕਰਵਾਉਂਦਾ ਹੈ, ਅਤੇ ਜੋ ਦੀਨ=ਧਰਮ ਦੇ ਨਮਿੱਤ ਮਾਇਆ ਨੂੰ ਤੋਸੇ=ਖਰਚਦਾ ਹੈ, ਉਸ ਦੀ "ਦੁਨੀ ਨ ਜਾਏ"=ਮਾਇਆ ਨਿਸਫਲ ਨਹੀਂ ਜਾਂਦੀ ॥ ੨ ॥

## ਸਰਬ ਨਿਰੰਤਰਿ ਏਕੋ ਜਾਗੈ ॥ ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥ ੩ ॥

ਸਾਰਿਆਂ ਦੇ ਵਿਚ ਨਿਰੰਤਰਿ=ਇਕ ਰਸ ਉਹ ਇਕ ਪ੍ਰਭੂ ਹੀ ਜਾਗੈ=ਪ੍ਰਗਟ ਹੈ। ਜਿਧਰ ਜਿਧਰ ਕਿਸੇ ਨੂੰ ਉਸ ਨੇ ਲਗਾਇਆ ਹੈ, ਸਭ ਕੋਈ ਉਧਰ ਉਧਰ ਹੀ ਲੱਗ ਰਿਹਾ ਹੈ ॥ ੩ ॥

## ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥

ਹੇ ਮਨ ਕਰ ਕੇ ਅਗਮ, ਇੰਦ੍ਰੀਆਂ ਕਰ ਕੇ ਅਗੋਚਰ ਪ੍ਰਭੂ ! ਤੂੰ ਹੀ ਮੇਰਾ ਮਾਲਕ ਹੈਂ।

## ਨਾਨਕੁ ਬੋਲੈ ਬੋਲਾਇਆ ਤੇਰਾ ॥ ੪ ॥ ੨੩ ॥ ੨੯ ॥

(੧) ਗੁਰੂ ਜੀ ਕਥਨ ਕਰਦੇ ਹਨ-ਮੈਂ (ਨਾਨਕ) ਤੇਰਾ ਬੁਲਾਇਆ ਹੋਇਆ ਹੀ ਬੋਲਦਾ ਹਾਂ।

(੨) ਮੇਰਾ ਸੱਚਾ ਸਾਹਿਬ ਪ੍ਰਭੂ, ਮਨ ਕਰ ਕੇ ਅਗਮ, ਇੰਦ੍ਰੀਆਂ ਕਰ ਕੇ ਅਗੋਚਰ ਹੈ।

ਗੁਰੂ ਜੀ ਕਥਨ ਕਰਦੇ ਹਨ-ਤੇਰਾ=ਤਿਸਦਾ ਬੁਲਾਇਆ ਹੋਇਆ ਮੈਂ ਬੋਲਦਾ ਹਾਂ ॥ ੪ ॥ ੨੩ ॥ ੨੯ ॥

## ਸੂਹੀ ਮਹਲਾ ੫ ॥

## ਪ੍ਰਾਤਹ ਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥ ੧ ॥

(ਜੋ ਗੁਰਮੁਖ) ਪ੍ਰਾਤਹ ਕਾਲਿ=ਅੰਮ੍ਰਿਤ ਵੇਲੇ ਉੱਠ ਕੇ ਹਰੀ ਨਾਮ ਨੂੰ ਉਚਾਰਦੇ ਭਾਵ ਜਪਦੇ ਹਨ। ਉਹਨਾਂ ਨੇ ਈਤ ਊਤ=ਲੋਕ-ਪ੍ਰਲੋਕ ਦੀ ਆਪਣੀ ਓਟ ਸਵਾਰ ਲਈ ਹੈ ॥ ੧ ॥

**ਸਦਾ ਸਦਾ ਜਪੀਐ ਹਰਿ ਨਾਮ ॥ ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥**

ਸਦਾ ਸਦਾ=ਹਮੇਸ਼ਾ ਰਾਤ ਦਿਨੇ ਹਰੀ ਨਾਮ ਨੂੰ ਜਪਣਾ ਕਰੀਏ। ਤਾਂ ਮਨ ਦੇ ਸਾਰੇ ਕਾਮ=ਕੰਮ (ਸੰਕਲਪ) ਪੂਰੇ ਹੋ ਜਾਂਦੇ ਹਨ॥ ੧॥ ਰਹਾਉ॥

**ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥**

ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੂ ਨੂੰ ਰਾਤ ਦਿਨੇ ਗਾਉਣਾ ਕਰ।

**ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥ ੨ ॥**

(੧) ਤਾਂ ਮਰਤ=ਮਾਤ ਲੋਕ ਵਿਚ ਜੀਉਂਦਿਆਂ ਹੀ ''ਨਿਹਚਲੁ ਥਾਉ''=ਅਚੱਲ ਸਰੂਪ ਨੂੰ ਪਾ ਲਵੇਂਗਾ।

(੨) ਜੀਵਤ ਭਾ ਤੋਂ ਮਰਨਾ ਕਰ ਤਾਂ ਅਚੱਲ ਸਰੂਪ ਨੂੰ ਪਾ ਲਵੇਂਗਾ॥ ੨॥

**ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥**

**ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥ ੩ ॥**

ਸੋ ਸਾਹੁ=ਉਹ ਪਾਤਿਸ਼ਾਹ ਪਰਮੇਸ਼ਰ ਦੀ ਸੇਵਾ ਕਰ, ਜਿਸ ਦੇ ਖਜ਼ਾਨੇ ਵਿਚ ਤੋਟ ਨਹੀਂ ਆਉਂਦੀ। ਫਿਰ ਤੇਰੀ ਉਮਰ ਆਪ ਖਾਂਦਿਆਂ, ਸਬੰਧੀਆਂ ਨੂੰ ਖਰਚਦਿਆਂ ਹੋਇਆਂ ਸੁਖ-ਅਨੰਦ ਵਿਚ ਵਿਹਾਵੈ=ਬਤੀਤ ਹੋਵੇਗੀ॥ ੩॥

**ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥**

ਉਸ ਪੁਰਸ਼ ਨੇ ਸਤਸੰਗਤ ਕਰ ਕੇ (ਜਗਜੀਵਨ ਪੁਰਖੁ) ਪਰਮਾਤਮਾ ਨੂੰ ਪਾ ਲਿਆ ਹੈ।

**ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥ ੪ ॥ ੨੪ ॥ ੩੦ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰੂ ਦੀ ਕਿਰਪਾ ਨਾਲ ਨਾਮ ਨੂੰ ਧਿਆਇਆ ਹੈ।

ਅਥਵਾ:-ਸਤਸੰਗਤ ਵਿਚ ਬੈਠ ਕੇ ਗੁਰਾਂ ਦੀ ਕਿਰਪਾ ਨਾਲ ਜਿਸ ਨੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਨੇ (ਜਗਜੀਵਨ ਪੁਰਖੁ) ਪਰਮਾਤਮਾ ਨੂੰ ਪਾ ਲਿਆ ਹੈ॥ ੪॥ ੨੪॥ ੩੦॥

**ਸੂਹੀ ਮਹਲਾ ੫ ॥ ਗੁਰ ਪੂਰੇ ਜਬ ਭਏ ਦਇਆਲ ॥**

ਜਿਸ ਵੇਲੇ ਪੂਰੇ ਗੁਰੂ ਸਾਹਿਬ ਜੀ ਦਿਆਲੂ ਹੋਏ।

**ਦੁਖ ਬਿਨਸੇ ਪੂਰਨ ਭਈ ਘਾਲ ॥ ੧ ॥**

ਤਾਂ ਦੁੱਖ ਸਾਰੇ ਬਿਨਸੇ=ਨਾਸ ਹੋ ਗਏ ਅਤੇ ਘਾਲ=ਕਮਾਈ (ਜਪ, ਤਪ ਆਦਿ ਸਾਧਨਾਂ ਦੀ) ਪੂਰਨ=ਸਫਲ ਹੋ ਗਈ॥ ੧॥

**ਪੇਖਿ ਪੇਖਿ ਜੀਵਾ ਦਰਸੁ ਤੁਮ੍ਹਾਰਾ ॥ ਚਰਣ ਕਮਲ ਜਾਈ ਬਲਿਹਾਰਾ ॥**

ਹੇ ਪ੍ਰਭੂ ! ਆਪ ਜੀ ਦੇ ਦਰਸ਼ਨ ਨੂੰ ਵੇਖ ਵੇਖ ਕੇ ਜੀਉਂਦਾ ਹਾਂ।

ਆਪ ਜੀ ਦੇ ਚਰਨ-ਕਮਲਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

**ਤੁਝ ਬਿਨੁ ਠਾਕੁਰ ਕਵਨੁ ਹਮਾਰਾ॥ ੧॥ ਰਹਾਉ॥**

ਹੇ ਠਾਕੁਰ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੌਣ ਆਸਰਾ ਹੈ॥ ੧॥ ਰਹਾਉ॥

**ਸਾਧਸੰਗਤਿ ਸਿਉ ਪ੍ਰੀਤਿ ਬਣਿ ਆਈ॥**

ਜਿਹੜੀ ਹੁਣ ਮੇਰੀ ਸਾਧਸੰਗਤਿ ਨਾਲ ਪ੍ਰੀਤੀ ਕਰਨੀ ਬਣ ਆਈ ਹੈ।

**ਪੂਰਬ ਕਰਮਿ ਲਿਖਤ ਧੁਰਿ ਪਾਈ॥ ੨॥**

ਇਹ ਪੂਰਬਿ=ਪਿਛਲੇ ਕਰਮਾਂ ਦੀ ਲਿਖਤ ਧੁਰ ਤੋਂ ਪਾਈ ਹੈ।

**ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ॥**

ਜਿਸ ਪ੍ਰਭੂ ਦਾ ਅਸਚਰਜ ਪ੍ਰਤਾਪ ਹੈ ਉਸ ਦੇ ਹਰਿ ਹਰਿ ਨਾਮ ਨੂੰ ਜਪਣ ਕਰ ਕੇ ਜੀਵ ਦਾ ਆਪਣਾ ਅਸਚਰਜ ਪ੍ਰਤਾਪ ਹੋ ਜਾਂਦਾ ਹੈ।

**ਜਾਲਿ ਨ ਸਾਕਹਿ ਤੀਨੇ ਤਾਪ॥ ੩॥**

ਹੁਣ ਆਧ, ਬਿਆਧ ਤੇ ਉਪਾਧ ਰੂਪ ਤਿੰਨੇ ਤਾਪ ਜਾਲਿ=ਸਾੜ ਨਹੀਂ ਸਕਦੇ॥ ੩॥

**ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ॥**

ਹੇ ਹਰੀ ! ਇਕ ਨਿਮਖ ਮਾਤ੍ਰ ਸਮਾਂ ਭੀ ਆਪ ਜੀ ਦੇ ਚਰਨ ਮੈਨੂੰ ਨਾ ਬਿਸਰਹਿ=ਭੁੱਲਣ।

**ਨਾਨਕੁ ਮਾਗੈ ਦਾਨੁ ਪਿਆਰੇ॥ ੪॥ ੨੫॥ ੩੧॥**

ਗੁਰੂ ਜੀ ਕਥਨ ਕਰਦੇ ਹਨ-ਹੇ ਪਿਆਰੇ ਪ੍ਰਭੂ ! ਮੈਂ ਆਪ ਜੀ ਤੋਂ ਏਹੋ ਦਾਨ ਮੰਗਦਾ ਹਾਂ॥ ੪॥ ੨੫॥ ੩੧॥

**ਸੂਹੀ ਮਹਲਾ ੫॥ ਸੇ ਸੰਜੋਗ ਕਰਹੁ ਮੇਰੇ ਪਿਆਰੇ॥**

ਹੇ ਮੇਰੇ ਪਿਆਰੇ ਪ੍ਰਭੂ ! ਸੇ=ਉਹਨਾਂ ਸੰਤਾਂ ਨਾਲ ਮੇਰਾ ਸੰਜੋਗ=ਮੇਲ ਕਰ ਦਿਓ।

**ਜਿਤੁ ਰਸਨਾ ਹਰਿ ਨਾਮੁ ਉਚਾਰੇ॥ ੧॥**

ਜਿਨ੍ਹਾਂ ਨਾਲ ਮਿਲ ਕੇ ਜਿਹਵਾ ਹਰੀ ਨਾਮ ਨੂੰ ਉਚਾਰਦੀ ਰਹੇ॥ ੧॥

**ਸੁਣਿ ਬੇਨਤੀ ਪ੍ਰਭ ਦੀਨ ਦਇਆਲਾ॥**

ਹੇ ਦੀਨ ਦਿਆਲ ਪ੍ਰਭੂ ! ਮੇਰੀ ਬੇਨਤੀ ਸੁਣ।

**ਸਾਧ ਗਾਵਹਿ ਗੁਣ ਸਦਾ ਰਸਾਲਾ॥ ੧॥ ਰਹਾਉ॥**

ਜੋ ਸੰਤ ਤੇਰੇ ਰਸਾਲਾ=ਸੁੰਦਰ ਗੁਣਾਂ ਨੂੰ ਸਦਾ ਗਾਉਂਦੇ ਹਨ, ਉਹਨਾਂ ਦੀ ਸੰਗਤ ਦਿਓ॥ ੧॥ ਰਹਾਉ॥

**ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥**

ਹੇ ਪ੍ਰਭੂ ! ਤੇਰਾ ਸਿਮਰਨ ਹੀ ਜੀਵਨ ਰੂਪੀ ਹੈ।

## ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥ ੨ ॥

ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਉਸ ਦੇ ਨੇਰਾ=ਨੇੜੇ ਵਸਦਾ ਹੈਂ ॥ ੨ ॥

## ਜਨ ਕੀ ਭੂਖ ਤੇਰਾ ਨਾਮੁ ਆਹਾਰੁ ॥ ਤੂੰ ਦਾਤਾ ਪ੍ਰਭ ਦੇਵਣਹਾਰੁ ॥ ੩ ॥

(੧) ਤੇਰਾ ਨਾਮ ਰੂਪ ਜੋ ਆਹਾਰੁ=ਭੋਜਨ ਹੈ, ਸੰਤ ਜਨਾਂ ਨੂੰ ਉਸ ਦੀ ਭੁੱਖ ਲੱਗ ਰਹੀ ਹੈ।

(੨) ਦਾਸ ਦੀ ਭੁੱਖ ਦੂਰ ਕਰਨ ਵਾਲਾ ਤੇਰਾ ਨਾਮ ਰੂਪ ਭੋਜਨ ਹੈ। ਹੇ ਦੇਵਣਹਾਰ ਪ੍ਰਭੂ ! ਤੂੰਹੀਂ ਨਾਮ ਦਾ ਦਾਤਾ ਹੈਂ ॥ ੩ ॥

## ਰਾਮ ਰਮਤ ਸੰਤਨ ਸੁਖੁ ਮਾਨਾ ॥
## ਨਾਨਕ ਦੇਵਨਹਾਰ ਸੁਜਾਨਾ ॥ ੪ ॥ ੨੯ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਸੰਤਾਂ ਨੇ ਰਾਮ ਨਾਮ ਉਚਾਰਨ ਵਿਚ ਸੁਖ ਮੰਨਿਆ ਹੈ।

ਉਹਨਾਂ ਨੇ ਤੈਨੂੰ ਹੀ ਦਾਤਾਂ ਦੇ ਦੇਣ ਵਾਲਾ ਸਭ ਤੋਂ ਸੁਜਾਨਾ=ਚਤੁਰ ਮੰਨਿਆ ਹੈ ॥ ੪ ॥ ੨੯ ॥ ੩੨ ॥

## ਸੂਹੀ ਮਹਲਾ ੫ ॥ ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥

ਹੇ ਭਾਈ ! ਤੇਰੀ ਉਮਰ, ਵਾ:-ਬਿਰਤੀ ਸੰਸਾਰ-ਸਮੁੰਦਰ ਵਿਚ ਵਿਅਰਥ ਬਹਤੀ=ਰੁੜ੍ਹਦੀ ਜਾਂਦੀ ਹੈ, ਉਸ ਪਾਸੇ ਤੂੰ ਕਦੇ ਨਿਗਾਹ ਹੀ ਨਹੀਂ ਧਾਰਤ=ਕਰਦਾ।

## ਮਿਥਿਆ ਮੋਹ ਬੰਧਹਿ ਨਿਤ ਪਾਰਚ ॥ ੧ ॥

ਮਿਥਿਆ=ਝੂਠੇ ਪਦਾਰਥਾਂ ਦੇ ਮੋਹ ਕਰ ਕੇ ਨਿਤਾਪ੍ਰਤੀ ਸੰਸਾਰਕ ਪਰਚਿਆਂ ਨੂੰ ਬੰਨ੍ਹਦਾ ਹੈਂ।,

## ਮਾਧਵੇ ਭਜੁ ਦਿਨ ਨਿਤ ਰੈਣੀ ॥

ਹੇ ਭਾਈ ! ਜੇ ਤਰਨਾ ਹੈ, ਤਾਂ ਨਿਤਾਪ੍ਰਤੀ ਰਾਤ ਦਿਨ ਮਾਧਵੇ=ਮਾਇਆ ਪਤੀ (ਪਰਮਾਤਮਾ) ਨੂੰ ਭਜੁ=ਯਾਦ ਕਰ।

## ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥ ੧ ॥ ਰਹਾਉ ॥

ਹਰੀ ਦੀ ਸ਼ਰਨ ਵਿਚ ਪੈ ਕੇ ਆਪਣੇ ਅਮੋਲਕ ਜਨਮ-ਪਦਾਰਥ ਨੂੰ ਜਿੱਤ ਲੈ ॥ ੧ ॥ ਰਹਾਉ ॥

## ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥ ੨ ॥

ਤੂੰ ਦੋਨੋਂ ਹੱਥ ਝਾੜ ਕੇ ਭਾਵ ਨਫਿਕਰ ਹੋ ਕੇ ਵਿਕਾਰ ਰੂਪ ਪਾਪ ਕਰਮਾਂ ਨੂੰ ਕਰਦਾ ਹੈਂ। (ਇਸ ਕਰ ਕੇ ਜਮਦੂਤ ਤੇਰੇ ਪਰ ਦੋਨੋਂ ਹੱਥ ਝਾੜਨਗੇ ਭਾਵ ਦੋਹਾਂ ਨਾਲ ਤੈਨੂੰ ਕੁੱਟਣਗੇ ਇਸ ਲਈ ਤੂੰ ਆਪਣੇ ਮਨ ਬੁੱਧੀ ਰੂਪ ਦੋਵੇਂ ਹੱਥ ਵਿਕਾਰਾਂ ਵਲੋਂ ਝਾੜ ਦੇ।) ਰਤਨੁ=ਅਮੋਲਕ ਰਾਮ ਨਾਮ ਨੂੰ ਹਿਰਦੇ ਵਿਚ ਤਿਲ ਮਾਤਰ ਵੀ ਧਾਰਦਾ ਨਹੀਂ ॥ ੨ ॥

## ਭਰਣ ਪੋਖਣ ਸੰਗਿ ਅਉਧ ਬਿਹਾਣੀ ॥
## ਜੈ ਜਗਦੀਸ ਕੀ ਗਤਿ ਨਹੀ ਜਾਣੀ ॥ ੩ ॥

ਸਰੀਰ ਦੇ ਭਰਣ ਪੋਖਣ=ਪਾਲਣ ਪੋਸਣ ਵਿਚ, ਵਾ:-ਭਰਕੇ ਪੁਸ਼ਟੀ ਕਰਨ ਵਿਚ ਤੇਰੀ ਅਉਧ=ਉਮਰ

ਬਿਹਾਣੀ=ਬੀਤ ਗਈ ਹੈ। ਜਿਸ ਜਗਦੀਸ਼ ਦੀ ਸਾਰੇ ਜੈ ਹੋ ਰਹੀ ਹੈ, ਵਾ:-ਜਿਸ ਨੇ ਤੇਰੀ ਜੈ ਕਰਨੀ ਹੈ, ਉਸ ਜਗਦੀਸ਼ ਦੀ ਗਤਿ=ਰੀਤੀ ਤੂੰ ਨਹੀਂ ਜਾਣੀ॥ ੩॥

ਜੇ ਤਰਨ ਦੀ ਇੱਛਾ ਹੈ ਤਾਂ ਉਸ ਅੱਗੇ ਬੇਨਤੀ ਕਰ-

[ਪੰਨਾ ੭੪੪]

**ਸਰਣਿ ਸਮਰਥ ਅਗੋਚਰ ਸੁਆਮੀ॥**

ਹੇ ਅਗੋਚਰ ਸੁਆਮੀ ! ਤੂੰ ਸ਼ਰਨ ਆਇਆਂ ਦੀ ਰੱਖਿਆਂ ਕਰਨ ਨੂੰ ਸਮਰੱਥ ਹੈਂ।

**ਉਧਰੁ ਨਾਨਕ ਪ੍ਰਭ ਅੰਤਰਜਾਮੀ॥ ੪॥ ੨੭॥ ੩੩॥**

ਹੇ ਅੰਤਰਜਾਮੀ ਪ੍ਰਭੂ ! ਤੂੰ ਸਾਨੂੰ (ਸੰਸਾਰ-ਸਮੁੰਦਰ ਤੋਂ) ਉਧਰੁ=ਤਾਰਨਾ ਕਰ॥ ੪॥ ੨੭॥ ੩੩॥

**ਸੂਹੀ ਮਹਲਾ ੫॥ ਸਾਧਸੰਗਿ ਤਰੈ ਭੈ ਸਾਗਰੁ॥**

**ਹਰਿ ਹਰਿ ਨਾਮੁ ਸਿਮਰਿ ਰਤਨਾਗਰੁ॥ ੧॥**

ਅੰਨਵੇਂ ਅਰਥ:-ਸੰਤਾਂ ਦੇ ਸੰਗ ਨਾਲ ਮਿਲ ਕੇ ਰਤਨਾਗਰੁ=ਸ਼ੁਭ-ਗੁਣਾਂ ਰੂਪ ਰਤਨਾਂ ਦੀ ਖਾਣ ਜੋ ਹਰਿ ਹਰਿ ਦਾ ਨਾਮ ਹੈ, ਉਸ ਨਾਮ ਨੂੰ ਸਿਮਰਦੇ ਹਨ, ਉਹ ਭੈਦਾਇਕ (ਸੰਸਾਰ) ਸਮੁੰਦਰ ਤੋਂ ਤਰ ਗਏ ਹਨ॥ ੧॥

**ਸਿਮਰਿ ਸਿਮਰਿ ਜੀਵਾ ਨਾਰਾਇਣ॥**

(੧) ਮੈਂ ਭੀ ਨਾਰਾਇਣ ਦੇ ਸਿਮਰਨ ਨੂੰ ਸਿਮਰ ਕੇ ਜੀਉਂਦਾ ਹਾਂ।

(੨) ਨਾਰਾਇਣ ਨੂੰ ਸਿਮਰ-ਸਿਮਰ ਕੇ ਜੀਉਂਦਾ ਹਾਂ।

**ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ॥੧॥ਰਹਾਉ॥**

ਪੂਰਿਆਂ ਗੁਰਾਂ ਨਾਲ ਮਿਲਣ ਕਰ ਕੇ ਜਨਮ ਮਰਨ ਦੇ ਦੁੱਖ, ਸਰੀਰਕ ਰੋਗ ਤੇ ਸੋਗ=ਚਿੰਤਾ ਆਦਿਕ ਸਭ ਬਿਨਸੇ=ਨਾਸ ਹੋ ਗਏ ਹਨ ਅਤੇ ਪਾਪ ਕਰਮਾਂ ਨੂੰ ਭੀ ਤਜਾਇਣ=ਤਿਆਗ ਦਿੱਤਾ ਹੈ॥ ੧॥ ਰਹਾਉ॥

**ਜੀਵਨ ਪਦਵੀ ਹਰਿ ਕਾ ਨਾਉ॥ ਮਨੁ ਤਨੁ ਨਿਰਮਲੁ ਸਾਚੁ ਸੁਆਉ॥ ੨॥**

ਹਰੀ ਦਾ ਨਾਮ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ। ਸੱਚ ਨਾਮ ਦੇ ਸੁਆਉ=ਲਾਭ,

ਵਾ:-ਪ੍ਰਯੋਜਨ ਕਰ ਕੇ ਹੀ ਮਨ ਤਨ ਨਿਰਮਲ ਹੁੰਦਾ ਹੈ॥ ੨॥

**ਆਠ ਪਹਰ ਪਾਰਬ੍ਰਹਮੁ ਧਿਆਈਐ॥ਪੂਰਬਿ ਲਿਖਤੁ ਹੋਇ ਤਾ ਪਾਈਐ॥੩॥**

ਪੂਰਬਲੀ ਲਿਖਤ ਚੰਗੀ ਲਿਖੀ ਹੋਈ ਹੋਵੇ ਤਾਂ ਹੀ ਅੱਠੇ ਪਹਿਰ ਪਾਰਬ੍ਰਹਮ ਦਾ ਧਿਆਉਣਾ ਪਾਈਦਾ ਹੈ॥ ੩॥

**ਸਰਣਿ ਪਏ ਜਪਿ ਦੀਨ ਦਇਆਲਾ॥**

**ਨਾਨਕੁ ਜਾਚੈ ਸੰਤ ਰਵਾਲਾ॥ ੪॥ ੨੮॥ ੩੪॥**

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਦੇ ਹੋਏ ਦੀਨ ਦਿਆਲ ਪ੍ਰਭੂ ਦੀ ਸ਼ਰਨ ਪਏ ਹਾਂ।

ਅਤੇ ਸੰਤਾਂ ਦੀ ਚਰਨ-ਧੂੜੀ ਜਾਚੈ=ਮੰਗਦੇ ਹਾਂ। ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਜੋ ਦੀਨ ਦਿਆਲ ਨੂੰ ਜਪਦੇ ਹਨ । ਉਹਨਾਂ ਸੰਤਾਂ ਦੀ ਸ਼ਰਨ ਵਿਚ ਪੈ ਕੇ ਚਰਨ-ਧੂੜੀ ਮੰਗਦੇ ਹਾਂ॥ ੪॥ ੨੮॥ ੩੪॥

## ਸੂਹੀ ਮਹਲਾ ੫ ॥

## ਘਰ ਕਾ ਕਾਜੁ ਨ ਜਾਣੀ ਰੂੜਾ ॥ ਝੂਠੈ ਧੰਧੈ ਰਚਿਓ ਮੂੜਾ ॥ ੧ ॥

ਹੇ ਹਰੀ ! ਇਹ ਰੂੜਾ=ਅਪਾਵਨ ਜੀਵ, ਰੂੜਾ=ਸੁੰਦਰ ਸਰੂਪ ਰੂਪੀ ਘਰ ਦੀ ਪ੍ਰਾਪਤੀ ਦਾ ਕਾਰਜ ਤਾਂ ਜਾਣਦਾ ਨਹੀਂ ਹੈ। ਅਤੇ ਇਹ ਮੂਰਖ ਜੀਵ ਝੂਠੇ ਧੰਦਿਆਂ ਵਿਚ ਰਚਿਓ=ਤਦਾਕਾਰ ਭਾਵ ਲੱਗਾ ਹੋਇਆ ਹੈ॥ ੧॥

## ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥

ਜਿਸ ਪਾਸੇ ਤੂੰ ਲਾਉਂਦਾ ਹੈਂ, ਇਸ ਨੇ ਉਧਰ-ਉਧਰ ਹੀ ਲੱਗਣਾ ਹੈ।

## ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥ ੧ ॥ ਰਹਾਉ ॥

ਜਦ ਤੂੰ ਦੇਵੇਂਗਾ, ਤਦੋਂ ਹੀ ਇਸ ਨੇ ਤੇਰਾ ਨਾਮ ਜਪਣਾ ਹੈ॥ ੧॥ ਰਹਾਉ॥

## ਹਰਿ ਕੇ ਦਾਸ ਹਰਿ ਸੇਤੀ ਰਾਤੇ ॥ ਰਾਮ ਰਸਾਇਣਿ ਅਨਦਿਨੁ ਮਾਤੇ ॥ ੨ ॥

ਹਰੀ ਦੇ ਦਾਸ ਹਰੀ ਦੇ ਨਾਲ ਰੱਤੇ ਹੋਏ ਹਨ। ਕਿਉਂਕਿ ਉਹ ਅਨਦਿਨੁ=ਰਾਤ ਦਿਨ ਰਸਾਇਣਿ=ਰਸਾਂ ਦਾ ਘਰ ਜੋ ਰਾਮ ਹੈ, ਉਹ ਵਿਚ ਮਾਤੇ=ਮਸਤ ਰਹਿੰਦੇ ਹਨ॥ ੨॥

## ਬਾਹ ਪਕਰਿ ਪ੍ਰਭਿ ਆਪੇ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥ ੩ ॥

ਪ੍ਰਭੂ ਨੇ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਆਪ ਹੀ (ਸੰਸਾਰ-ਸਮੁੰਦਰ ਵਿੱਚੋਂ) ਕੱਢ ਲਿਆ ਹੈ। ਅਤੇ ਜਨਮਾਂ ਜਨਮਾਂ ਦੇ ਟੂਟੇ=ਵਿਛੁੜੇ ਹੋਏ ਜੀਵ ਨੂੰ ਆਪਣੇ ਨਾਲ ਗਾਢੇ=ਮਿਲਾ ਲਿਆ ਹੈ॥ ੩॥

## ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥

## ਨਾਨਕ ਦਾਸ ਹਰਿ ਸਰਣਿ ਦੁਆਰੇ ॥ ੪ ॥ ੨੯ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਸੁਆਮੀ ! ਕਿਰਪਾ ਦ੍ਰਿਸ਼ਟੀ ਕਰ ਕੇ ਤਾਰ ਲੈ।

ਹੇ ਹਰੀ ! ਮੈਂ ਦਾਸ ਆਪ ਜੀ ਦੇ ਦੁਆਰੇ ਦੀ ਸ਼ਰਨ ਹਾਂ॥ ੪॥ ੨੯॥ ੩੫॥

## ਸੂਹੀ ਮਹਲਾ ੫ ॥ ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥

(੧) ਸੰਤਾਂ ਦੀ ਕਿਰਪਾ ਨਾਲ ਘਰ ਬੈਠਿਆਂ ਹੀ ਨਿਸਚਲ-ਤਾਈ ਨੂੰ ਪਾਇਆ ਹੈ।

(੨) ਜਦ ਤੋਂ ਸੰਤਾਂ ਦੀ ਕਿਰਪਾ ਨਾਲ ਨਿਹਚਲੁ=ਅਚੱਲ ਘਰੁ=ਸਰੂਪ ਨੂੰ ਪਾ ਲਿਆ ਹੈ।

## ਸਰਬ ਸੂਖ ਫਿਰਿ ਨਹੀ ਡੋੁਲਾਇਆ ॥ ੧ ॥

ਤਦ ਤੋਂ ਸਾਰੇ ਸੁਖ ਪ੍ਰਾਪਤ ਹੋਏ ਹਨ, ਅਤੇ ਮੁੜ ਕੇ ਮਨ ਡੋਲਿਆਂ ਨਹੀਂ ਹੈ॥ ੧॥

## ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹੇ ॥

ਗੁਰਾਂ ਨੂੰ ਧਿਆ ਕੇ ਚਰਨ=ਪੂਜਨੀਕ, ਵਾ: ਵੇਦ ਪ੍ਰਤਿਪਾਦਜ ਹਰੀ ਨੂੰ ਮਨ ਵਿਚ ਜਾਣਿਆ ਹੈ।

ਅਥਵਾ:-ਗੁਰੂ ਦੇ ਚਰਨਾਂ ਦਾ ਧਿਆਇ=ਧਿਆਨ, ਤੇ ਹਰੀ ਸਿਮਰਨ ਕਰਨਾ ਮਨ ਵਿਚ ਚੀਨੇ=ਜਾਣਿਆ ਹੈ।

**ਤਾ ਤੇ ਕਰਤੈ ਅਸਥਿਰੁ ਕੀਨ੍ੇ ॥ ੧ ॥ ਰਹਾਉ ॥**

ਤਾ ਤੇ=ਤਿਸ ਕਰ ਕੇ ਕਰਤੇ ਪੁਰਖ ਨੇ ਮੇਰੇ ਮਨ ਨੂੰ ਅਸਥਿਰੁ=ਅਚੱਲ ਕਰ ਦਿੱਤਾ ਹੈ॥ ੧ ॥ ਰਹਾਉ ॥

**ਗੁਣ ਗਾਵਤ ਅਚੁਤ ਅਬਿਨਾਸੀ ॥ ਤਾ ਤੇ ਕਾਟੀ ਜਮ ਕੀ ਫਾਸੀ ॥ ੨ ॥**

ਅਚੁਤ=ਅਗਿੜ ਅਬਿਨਾਸੀ ਦੇ ਗੁਣ ਗਾਉਂਦੇ ਹਾਂ। ਤਿਸ ਕਰ ਕੇ ਫਾਹੀ ਕੱਟੀ ਗਈ॥ ੨ ॥

**ਕਰਿ ਕਿਰਪਾ ਲੀਨੇ ਲੜਿ ਲਾਏ ॥**

**ਸਦਾ ਅਨਦੁ ਨਾਨਕ ਗੁਣ ਗਾਏ ॥ ੩ ॥ ੩੦ ॥ ੩੬ ॥**

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਸਾਨੂੰ ਆਪਣੇ ਨਾਮ ਰੂਪ ਪੱਲੇ ਨਾਲ ਲਾ ਲਿਆ ਹੈ। ਇਸ ਕਰ ਕੇ ਅਸੀਂ ਨਾਨਕ=ਪ੍ਰਭੂ ਦੇ ਗੁਣ ਗਾਉਂਦੇ ਹੋਏ ਸਦਾ ਅਨੰਦ ਰਹਿੰਦੇ ਹਾਂ॥ ੩ ॥ ੩੦ ॥ ੩੬ ॥

**ਸੂਹੀ ਮਹਲਾ ੫ ॥ ਅੰਮ੍ਰਿਤ ਬਚਨ ਸਾਧ ਕੀ ਬਾਣੀ ॥**

ਹੇ ਭਾਈ ! ਸੰਤਾਂ ਦੀ ਜੋ ਬਾਣੀ ਮੂੰਹ ਵਿੱਚੋਂ ਨਿਕਲੀ ਹੈ, ਉਹ ਬਚਨ ਅੰਮ੍ਰਿਤ ਵਾਂਗ ਮਿੱਠੇ ਹਨ।

**ਜੋ ਜੋ ਜਪੈ ਤਿਸ ਕੀ ਗਤਿ ਹੋਵੈ**

**ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥ ੧ ॥ ਰਹਾਉ ॥**

ਜ਼ਾਤੀ ਕੁਜ਼ਾਤੀ ਦਾ ਕੋਈ ਨਿਯਮ ਨਹੀਂ, ਚਾਹੇ ਉੱਚੀ ਜ਼ਾਤ ਵਾਲਾ ਹੈ ਚਾਹੇ ਨੀਚ ਜ਼ਾਤੀ ਵਾਲਾ ਹੈ, ਜੋ ਜੋ ਪੁਰਸ਼ ਭੀ ਉਸ ਬਾਣੀ ਨੂੰ ਜਪਦਾ ਹੈ ਉਸ ਦੀ ਮੁਕਤੀ ਹੁੰਦੀ ਹੈ, ਇਸ ਕਰ ਕੇ ਤੂੰ ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਰਸਨਾ ਨਾਲ ਬਖਾਨੀ=ਕਥਨ ਕਰਦਾ ਰਹੁ॥ ੧ ॥ ਰਹਾਉ ॥

**ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥ ੧ ॥**

ਉਸ ਦੇ ਕਲਜੁਗ ਦੇ ਸਮੇਂ ਦੇ ਸਾਰੇ ਕਲੇਸਾ=ਦੁੱਖ ਮਿਟ ਗਏ ਹਨ। ਜਿਸ ਦੇ ਮਨ ਵਿਚ ਇਕ ਨਾਮ ਦਾ ਪਰਵੇਸਾ=ਵਾਸਾ ਹੋਇਆ ਹੈ॥ ੧ ॥

**ਸਾਧੂ ਧੂਰਿ ਮੁਖਿ ਮਸਤਕਿ ਲਾਈ ॥**

(੧) ਜਿਨ੍ਹਾਂ ਨੇ ਮੂੰਹ ਅਤੇ ਮੱਥੇ ਪਰ ਸੰਤਾਂ ਦੀ ਚਰਨ-ਧੂੜ ਲਾਈ ਹੈ।

(੨) ਜਿਨ੍ਹਾਂ ਨੇ ਮੁਖੀ ਸੰਤਾਂ ਦੀ ਧੂੜ ਆਪਣੇ ਮੱਥੇ ਪਰ ਲਗਾਈ ਹੈ।

**ਨਾਨਕ ਉਧਰੇ ਹਰਿ ਗੁਰ ਸਰਣਾਈ ॥ ੨ ॥ ੩੧ ॥ ੩੭ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਆ ਕੇ (ਸੰਸਾਰ-ਸਮੁੰਦਰ ਤੋਂ) ਉਧਰੇ=ਤਰ ਗਏ ਹਨ॥ ੨ ॥ ੩੧ ॥ ੩੭ ॥

**ਸੂਹੀ ਮਹਲਾ ੫ ਘਰੁ ੩ ॥ ਗੋਬਿੰਦਾ ਗੁਣ ਗਾਉ ਦਇਆਲਾ ॥**

ਹੇ ਗੋਬਿੰਦਾ=ਵੇਦਾਂ ਕਰਕੇ ਜਾਨਣੇ ਜੋਗ ਦਿਆਲੂ ਸੁਭਾਅ ਵਾਲੇ ! ਮੈਂ ਆਪ ਜੀ ਦੇ ਗੁਣ ਗਾਉਂਦਾ ਹਾਂ।

## ਦਰਸਨੁ ਦੇਹੁ ਪੂਰਨ ਕਿਰਪਾਲਾ ॥ ਰਹਾਉ ॥

ਹੇ ਪੂਰਨ ਕਿਰਪਾਲੂ ! ਆਪ ਆਪਣਾ ਦਰਸ਼ਨ ਦੇਣਾ ਕਰੋ ॥ ਰਹਾਉ ॥

## ਕਰਿ ਕਿਰਪਾ ਤੁਮ ਹੀ ਪ੍ਰਤਿਪਾਲਾ ॥ ਜੀਉ ਪਿੰਡੁ ਸਭੁ ਤੁਮਰਾ ਮਾਲਾ ॥ ੧ ॥

ਕਿਰਪਾ ਦ੍ਰਿਸ਼ਟੀ ਕਰ ਕੇ ਤੁਸਾਂ ਨੇ ਹੀ ਸਾਨੂੰ, ਵਾ:-ਹਰ ਇਕ ਨੂੰ ਪਾਲਿਆ ਹੈ।

ਜੀਅ ਪਿੰਡੁ=ਸਰੀਰ ਤੇ ਸਾਰਾ ਮਾਲ ਤੁਹਾਡਾ ਹੀ ਦਿੱਤਾ ਹੋਇਆ ਹੈ ॥ ੧ ॥

## ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥
## ਨਾਨਕੁ ਜਾਚੈ ਸੰਤ ਰਵਾਲਾ ॥ ੨ ॥ ੩੨ ॥ ੩੮ ॥

(੧) ਨਾਮ-ਅੰਮ੍ਰਿਤ ਦਾ ਜਪ ਹੀ ਇਸ ਜੀਵ ਦੇ ਨਾਲ ਸਹਾਇਕ ਬਣ ਕੇ ਚਲਦਾ ਹੈ।

(੨) ਜਪਦਿਆਂ ਜਪਦਿਆਂ ਜਿਨ੍ਹਾਂ ਦੇ ਅੰਦਰ ਨਾਮ-ਅੰਮ੍ਰਿਤ ਦਾ ਨਾਲਾ=ਪ੍ਰਵਾਹ ਚਲ ਪਿਆ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਉਹਨਾਂ ਸੰਤਾਂ ਦੀ ਚਰਨਾ-ਧੂੜੀ ਜਾਚੈ=ਮੰਗਦਾ ਹਾਂ ॥ ੨ ॥ ੩੨ ॥ ੩੮ ॥

## ਸੂਹੀ ਮਹਲਾ ੫ ॥

## ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਆਪੇ ਥੰਮੈ ਸਚਾ ਸੋਈ ॥ ੧ ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਉਹ ਸੱਚਾ ਆਪ ਹੀ ਸੱਤਾ ਸਫੁਰਤੀ ਦੇ ਕੇ ਸਾਰਿਆਂ ਨੂੰ ਥੰਮੈ=ਥੰਮਦਾ ਹੈ ॥ ੧ ॥

## ਹਰਿ ਹਰਿ ਨਾਮੁ ਮੇਰਾ ਆਧਾਰੁ ॥
## ਕਰਣ ਕਾਰਣ ਸਮਰਥੁ ਅਪਾਰੁ ॥ ੧ ॥ ਰਹਾਉ ॥

ਉਸ ਪ੍ਰਭੂ ਦਾ ਹਰਿ ਹਰਿ ਨਾਮ ਹੀ ਮੇਰਾ ਆਸਰਾ ਰੂਪ ਹੈ। ਉਹ ਅਪਾਰ ਪ੍ਰਭੂ ਸਾਰਿਆਂ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ ॥ ੧ ॥ ਰਹਾਉ ॥

## ਸਭ ਰੋਗ ਮਿਟਾਵੇ ਨਵਾ ਨਿਰੋਆ ॥ ਨਾਨਕ ਰਖਾ ਆਪੇ ਹੋਆ ॥ ੨ ॥ ੩੩ ॥ ੩੯ ॥

ਅੰਨਵੇ:-ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਉਹ ਆਪ ਪ੍ਰਭੂ ਰਾਖਾ ਹੋਇਆ ਹੈ, ਉਸ ਦੇ ਉਸ ਨੇ ਸਾਰੇ ਰੋਗ ਦੂਰ ਕਰ ਦਿੱਤੇ ਹਨ ਅਤੇ ਉਹ ਨਵਾਂ ਨਿਰੋਗ ਹੋ ਗਿਆ ਹੈ!

ਵਾ:-ਨਵਾ=ਨਵੀਨ ਪਰਮਾਤਮਾ ਨੂੰ ਪਾ ਕੇ ਨਿਰੋਆ=ਨਿਰੋਗ ਹੋ ਗਿਆ ਹੈ ॥ ੨ ॥ ੩੩ ॥ ੩੯ ॥

[ਪੰਨਾ੭੪੫]

## ਸੂਹੀ ਮਹਲਾ ੫ ॥

## ਦਰਸਨ ਕਉ ਲੋਚੈ ਸਭੁ ਕੋਈ ॥ ਪੂਰੈ ਭਾਗਿ ਪਰਾਪਤਿ ਹੋਈ ॥ ੧ ॥ ਰਹਾਉ ॥

ਉਸ ਪ੍ਰਭੂ ਦੇ ਦਰਸ਼ਨ ਨੂੰ ਸਭ ਕੋਈ ਲੋਚੈ=ਚਾਹੁੰਦਾ ਹੈ।

ਜਿਸ ਪ੍ਰਭੂ ਦੀ ਪ੍ਰਾਪਤੀ ਪੂਰਿਆਂ ਭਾਗਾਂ ਵਾਲੇ ਨੂੰ ਹੁੰਦੀ ਹੈ ॥ ੧ ॥ ਰਹਾਉ ॥

ਜਗਿਆਸੂ ਨੇ ਪ੍ਰਸ਼ਨ ਕੀਤਾ-

**ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ ਮਹਾ ਮੋਹਨੀ ਦੂਤਾ ਲਾਈ ॥੧॥**

ਸਿਆਮ ਸੁੰਦਰ=ਪਰਮਾਤਮਾ ਨੂੰ ਤਿਆਗ ਕੇ ਜੀਵ ਨੂੰ ਅਵਿਦਿਆ ਰੂਪ ਨੀਂਦ ਕਿਉਂ ਆ ਗਈ?

*ਉੱਤਰ:*-ਮਹਾ ਮੋਹਨੀ=ਵੱਡੀ ਮੋਹ ਲੈਣ ਵਾਲੀ ਮਾਇਆ ਨੇ ਕਾਮ ਆਦਿਕ ਦੂਤਾਂ ਦੀ ਪੰਗਤੀ ਲਾ ਦਿੱਤੀ ਹੈ॥ ੧॥

**ਪ੍ਰੇਮ ਬਿਛੋਹਾ ਕਰਤ ਕਸਾਈ ॥ ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥**

(੧) ਫਿਰ ਉਹ ਕਸਾਈ ਕਾਮ ਆਦਿਕ ਦੂਤ ਪ੍ਰਭੂ ਦੇ ਪ੍ਰੇਮ ਦਾ ਵਿਛੋੜਾ ਕਰ ਦਿੰਦੇ ਹਨ।

(੨) ਕਸਾਈ=ਕਸਾਇਣ ਮਾਇਆ ਪ੍ਰੇਮ ਦਾ ਵਿਛੋੜਾ ਕਰ ਦਿੰਦੀ ਹੈ, ਇਸ ਕਰਕੇ ਜੀਵ ਦੇ ਅੰਦਰ ਮਾਇਆ ਦੀ ਹੀ ਕਸਾਈ=ਕਸ ਭਾਵ ਖਿੱਚ ਆਈ ਹੋਈ ਹੈ। ਉਸ ਕਰਕੇ ਜੀਵ ਨਿਰਦਈ ਹੋ ਗਏ ਹਨ, ਤਿਸ ਮਾਇਆ ਨੇ ਦਇਆ ਨਹੀਂ ਪਾਈ। *ਅਥਵਾ:*-ਕਾਮ ਆਦਿਕ ਜੰਤ ਨਿਰਦਈ ਹਨ, ਉਨ੍ਹਾਂ ਵਿਚ ਪ੍ਰਭੂ ਨੇ ਦਇਆ ਨਹੀਂ ਪਾਈ, ਇਸ ਕਰਕੇ ਉਹ ਕਿਸੀ ਪਰ ਦਇਆ ਨਹੀਂ ਕਰਦੇ।

**ਅਨਿਕ ਜਨਮ ਬੀਤੀਅਨ ਭਰਮਾਈ ॥ ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥**

(੧) ਇਸ ਲਈ ਅਨੇਕਾਂ ਜਨਮ ਭੌਂਦਿਆਂ ਹੀ ਬੀਤ ਗਏ ਹਨ। ਕਿਉਂਕਿ ਨਾ ਤਰੇ ਜਾਣ ਵਾਲੀ ਦੁਤਰ ਮਾਈ=ਕਠਨ ਮਾਇਆ ਜੀਵ ਨੂੰ ਸਰੂਪ ਘਰ ਵਿਚ ਵਸਣ ਨਹੀਂ ਦੇਂਦੀ॥ ੩॥

(੨) ਅਨ=ਦ੍ਵੈਤ ਵਿਚ ਭਰਮਾਉਣ ਵਾਲੇ ਜੋ ਕਾਮ ਆਦਿਕ ਦੂਤ ਹਨ, ਉਨ੍ਹਾਂ ਕਰਕੇ ਅਨੇਕਾਂ ਜਨਮ ਬੀਤ ਗਏ ਹਨ। ਮਾਈ=ਹੇ ਭਾਈ ! ਦੁਸ਼ਤਰ=ਦੁਤਰ (ਕਠਨ) ਕਾਮ ਆਦਿਕ ਸਰੂਪ-ਘਰ ਵਿਚ ਵਸਣ ਨਹੀਂ ਦਿੰਦੇ॥ ੩॥

**ਦਿਨੁ ਰੈਨਿ ਅਪਨਾ ਕੀਆ ਪਾਈ ॥ ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥੪॥**

ਦਿਨ ਰਾਤ ਜੀਵ ਆਪਣੇ ਕੀਤੇ ਕਰਮਾਂ ਦਾ ਫਲ ਪਾਉਂਦੇ ਹਨ।

ਜਦ ਕਿ ਆਪਣੇ ਕਰਮ ਹੀ ਭੁਆਂਦੇ ਹਨ ਤਾਂ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ॥ ੪॥

**ਸੁਣਿ ਸਾਜਨ ਸੰਤ ਜਨ ਭਾਈ ॥**

ਹੇ ਸੱਜਣ ਸੰਤ ਜਨੋਂ ! ਤੁਸੀਂ ਸੁਣੋ, ਹੇ ਭਾਈ=ਗ੍ਰਿਹਸਤੀਓ ! ਤੁਸੀਂ ਭੀ ਸੁਣੋ।

ਵਾ:-ਹੇ ਜਨੋਂ ! ਸੱਜਣ ਸੰਤਾਂ ਦੁਆਰੇ ਤੁਸੀਂ ਭਾਈ=ਪ੍ਰੇਮ ਨਾਲ ਸੁਣੋ।

**ਚਰਣ ਸਰਣ ਨਾਨਕ ਗਤਿ ਪਾਈ ॥੫॥੩੪॥੪੦॥**

ਪੂਰਿਆਂ ਗੁਰਾਂ ਦੀ ਚਰਨ-ਸ਼ਰਨ ਗ੍ਰਹਿਣ ਕਰਕੇ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੫॥ ੩੪॥ ੪੦॥

## ਰਾਗੁ ਸੂਹੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ:**-ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਤਰਨ ਤਾਰਨ ਤੋਂ ਤੁਰੇ, ਤਾਂ ਰਾਹ ਵਿਚ ਭਿਆਨਕ ਝੱਖੜ ਚਲ ਪਿਆ। ਕੋਲ ਇਕ ਪਠਾਣਾਂ ਦਾ ਪਿੰਡ ਸੀ। ਗੁਰੂ ਜੀ ਨੇ ਬਿਸਰਾਮ ਕਰਨ ਵਾਸਤੇ ਸਿੱਖਾਂ ਨੂੰ ਭੇਜ ਕੇ ਪੁੱਛ ਭੇਜਿਆ-''ਜੇਕਰ ਰਹਿਣ ਵਾਸਤੇ ਕੋਈ ਅਸਥਾਨ

ਹੋਵੇ ਤਾਂ ਅਸੀਂ ਇਥੇ ਕੁਝ ਸਮਾਂ ਰਹਿ ਪਈਏ।"

ਗੁਰੂ ਜੀ ਦੇ ਹੁਕਮ ਨਾਲ ਜਦ ਸਿੱਖਾਂ ਨੇ ਆ ਕੇ ਪਠਾਣਾਂ ਤੋਂ ਪੁੱਛਿਆ ਤਾਂ ਉਹ ਸ਼ਰਾਬ ਦੀ ਮਸਤੀ ਵਿਚ ਮਸਤ ਹੋ ਕੇ ਵੇਸ਼ਵਾ ਤੋਂ ਮੁਜ਼ਰਾ ਕਰਵਾ ਰਹੇ ਸਨ, ਸ਼ਰਾਬ ਦੀ ਮਸਤੀ ਵਿਚ ਮਸਤ ਹੋਇਆਂ ਨੇ ਆਖਿਆ- "ਇਥੇ ਗੁਰੂ ਜੀ ਦੇ ਠਹਿਰਨ ਲਈ ਕੋਈ ਜਗ੍ਹਾ ਨਹੀਂ ਹੈ।"

ਸਿੱਖਾਂ ਨੇ ਓਸੇ ਤਰ੍ਹਾਂ ਆ ਕੇ ਸੁਣਾ ਦਿੱਤਾ ਕਿ ਇਥੋਂ ਦੇ ਵਸਨੀਕ ਮੁਸਲਮਾਨ ਖਾਨ ਆਖਦੇ ਹਨ-"ਗੁਰੂ ਜੀ ਦੇ ਬਿਸ੍ਰਾਮ ਲਈ ਕੋਈ ਜਗ੍ਹਾ ਨਹੀਂ ਹੈ।"

ਇਹ ਗੱਲ ਸੁਣ ਕੇ ਗੁਰੂ ਜੀ ਅੱਗੇ ਚੱਲ ਪਏ ਤੇ ਇਕ ਟੁੱਟੀ ਹੋਈ ਛੰਨ ਦੇਖ ਕੇ ਠਹਿਰ ਗਏ ਜਿਸ ਵਿਚ ਭਾਈ 'ਹੇਮਾ ਭਗਤ' ਗੁਰੂ ਜੀ ਨੂੰ ਅਰਾਧ ਰਿਹਾ ਸੀ।

ਇਸ ਦਾ ਵਿਉਹਾਰ ਇਸ ਤਰ੍ਹਾਂ ਦਾ ਸੀ ਜਦ ਵਾਢੀਆਂ ਹੋ ਚੁੱਕਦੀਆਂ ਸਨ ਤਾਂ ਖੇਤਾਂ ਵਿਚ ਜਾ ਕੇ ਕੁਝ ਰਹੇ ਹੋਏ ਦਾਣੇ ਚੁਗ-ਚੁਗ ਕੇ ਕੱਠੇ ਕਰ ਰੱਖਦਾ ਸੀ ਤੇ ਆਪਣੇ ਹੱਥਾਂ ਨਾਲ ਚੱਕੀ ਵਿਚ ਪੀਹ ਕੇ ਰੋਜ਼ ਦੇ ਤਿੰਨ ਪਰਸ਼ਾਦੇ ਪਕਾਉਂਦਾ, ਇਕ ਪਰਸ਼ਾਦਾ ਆਪ ਖਾਂਦਾ, ਦੋ ਪਰਸ਼ਾਦੇ ਆਏ ਗਏ ਅਭਿਆਗਤਾਂ ਲਈ ਰੱਖ ਛੱਡਦਾ ਸੀ, ਜਿਸ ਦਿਨ ਕੋਈ ਨਾ ਆਵੇ ਤਾਂ ਰਾਤ ਨੂੰ ਆਪ ਖਾ ਲੈਂਦਾ ਸੀ।

ਜਿਸ ਵੇਲੇ ਗੁਰੂ ਜੀ ਇਸ ਦੀ ਛੰਨ ਕੋਲ ਆ ਕੇ ਖੜੇ ਹੋਏ, ਤਾਂ ਇਹ ਦਰਸ਼ਨ ਕਰ ਕੇ ਗਦ-ਗਦ ਹੋ ਗਿਆ ਜਿਹੜੀ ਟੁੱਟੀ ਹੋਈ ਮੰਜੀ ਅੰਦਰ ਪਈ ਸੀ ਓਸੇ ਪਰ ਬਿਠਾ ਕੇ ਮੱਥਾ ਟੇਕਿਆ ਤੇ ਦੋਵੇਂ ਪਰਸ਼ਾਦੇ ਅੱਗੇ ਰਖ ਕੇ ਬੇਨਤੀ ਕੀਤੀ-"ਆਪ ਛਕੋ।" ਗੁਰੂ ਜੀ ਨੇ ਦੋਵੇਂ ਪਰਸ਼ਾਦੇ ਛਕ ਕੇ ਕਿਹਾ-"ਤ੍ਰੇਹ ਲੱਗੀ ਹੈ, ਪਾਣੀ ਲਿਆ।" ਭਾਈ ਹੇਮੇ ਨੇ ਕਿਹਾ, "ਪਾਣੀ ਦੂਰ ਹੈ, ਹੁਕਮ ਕਰੋ ਤਾਂ ਲੈ ਆਉਂਦਾ ਹਾਂ।"

ਗੁਰੂ ਜੀ ਨੇ ਕਿਹਾ, "ਪਾਣੀ ਇਥੇ ਹੀ ਹੈ, ਚਲ ਤੈਨੂੰ ਵਿਖਾਈਏ।" ਨਾਲ ਲਿਜਾ ਕੇ ਸੁੱਕੇ ਛੱਪੜ ਵਿਚ ਇਕ ਅੱਠ ਨੁੱਕਰੀ ਢੀਮ ਪਈ ਸੀ। ਗੁਰੂ ਜੀ ਨੇ ਕਿਹਾ-'ਇਸ ਨੂੰ ਚੁੱਕ।' ਜਾਂ ਉਸ ਨੇ ਚੁੱਕੀ ਤਾਂ ਓਸੇ ਵੇਲੇ ਇਤਨਾ ਪਾਣੀ ਨਿਕਲਿਆ ਜਿਸ ਨਾਲ ਸਾਰਾ ਛੱਪੜ ਭਰ ਗਿਆ।

ਉਸ ਵੇਲੇ ਗੁਰੂ ਜੀ ਨੇ ਵਰ ਦਿੱਤਾ-'ਇਹ ਪਾਣੀ ਸੁੱਕੇਗਾ ਨਹੀਂ। ਅੱਠ ਗੁਣਾਂ ਭਰਿਆ ਹੀ ਰਹੇਗਾ ਅਤੇ ਜਿਹੜੀ ਮਾਈ ਇਥੇ ਆ ਕੇ ਇਸ਼ਨਾਨ ਕਰੇਗੀ ਉਸ ਨੂੰ ਅਠਰਾਂ ਦੀ ਬਿਮਾਰੀ ਨਹੀਂ ਰਹੇਗੀ।' ਫੇਰ ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਹੇਮੇ ਦੇ ਪ੍ਰਤੀ ਸ਼ਬਦ ਉਚਾਰ ਕੇ ਸ਼ੁਭ ਸਿੱਖਿਆ ਦਿੱਤੀ।

## ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥

ਉਹ ਛੱਪਰੀ ਚੰਗੀ ਤੇ ਸੋਹਣੀ ਹੈ। ਜਾ ਮਹਿ=ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ।

*ਯਥਾ:-* "ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿ ਕੀਰਤਨਹ॥" *(ਗਾਥਾ, ਪੰਨਾ ੧੩੬੦)*

## ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ ਰਹਾਉ ॥

ਉਹ ਪੱਕੇ ਧਉਲਹਰ=ਮੰਦਰ ਕਿਸੇ ਭੀ ਕੰਮ ਨਹੀਂ ਹਨ, ਜਿਨ੍ਹਾਂ ਮੰਦਰਾਂ ਵਿਚ ਵੱਸਣ ਨਾਲ ਹਰੀ ਬਿਸਰਾਏ=ਭੁੱਲ ਜਾਂਦਾ ਹੈ॥ ੧॥ ਰਹਾਉ ॥

## ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ॥

ਉਸ ਗਰੀਬੀ ਵਿਚ ਅਨੰਦ ਹੈ, ਜਿਸ ਵਿਚ ਸੰਤਾਂ ਦੇ ਸੰਗ ਕਰ ਕੇ ਪ੍ਰਭੂ ਚੇਤੇ ਆਉਂਦਾ ਹੈ।

## ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥ ੧ ॥

ਇਹ ਬਡ-ਪਨਾ=ਵਡਾਪਨ ਜਲਿ ਜਾਉ=ਸੜ ਬਲ ਜਾਵੇ, ਜਿਸ ਵਡਿਆਈ ਕਰ ਕੇ ਮਾਇਆ ਵਿਚ ਲਪਟਾਏ=ਫਸ ਜਾਂਦਾ ਹੈ॥ ੧॥

## ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥

ਉਸ ਪੀਸਨੁ=ਚੱਕੀ ਨੂੰ ਪੀਹਣ ਕਰ ਕੇ ਅਤੇ ਕਾਮਰੀ=ਕੰਬਲੀ ਦੇ ਓਢਿ=ਓਢਨ ਕਰ ਕੇ (ਪਹਿਰਨ ਕਰਕੇ) ਸੁਖ ਹੈ, ਜਿਸ ਵਿਚ ਮਨ ਨੂੰ ਸੰਤੋਖਾਏ=ਸੰਤੋਖ ਆਵੇ।

## ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥ ੨ ॥

ਅਜਿਹਾ ਰਾਜ ਕਿਸੇ ਭੀ ਕੰਮ ਦਾ ਨਹੀਂ, ਜਿਸ ਵਿਚ ਤ੍ਰਿਪਤੀ ਨਹੀਂ ਹੈ॥ ੨॥

## ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥

ਚਾਹੇ ਇਕ ਪ੍ਰਭੂ ਦੇ ਪ੍ਰੇਮ ਵਿਚ ਨੰਗਾ ਭੀ ਫਿਰਦਾ ਹੈ, ਪਰ ਉਹ ਸ਼ੋਭਾ ਪਾਉਂਦਾ ਹੈ।

## ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥ ੩ ॥

ਉਹ ਸੂਤੀ ਕਪੜੇ ਤੇ ਪਟ ਦੇ ਬਸਤਰ ਵਿਅਰਥ ਹਨ, ਜਿਨ੍ਹਾਂ ਵਿਚ ਰਚਿ=ਮਿਲ ਕੇ ਇਸ ਦੇ ਅੰਦਰ ਲੋਭ ਆਦਿਕ ਵਿਕਾਰ ਆ ਜਾਂਦੇ ਹਨ।

## ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥

ਹੇ ਪ੍ਰਭੂ ! ਸਭ ਕੁਝ ਤੇਰੇ ਹੱਥ ਵਿਚ ਹੈ, ਤੂੰ ਆਪ ਹੀ ਕਰਦਾ ਤੇ ਕਰਾਉਂਦਾ ਹੈਂ।

## ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥ ੪ ॥ ੧ ॥ ੪੧ ॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਇਹ ਦਾਨ ਪਾਓ, ਕਿ ਅੰਦਰ ਸੁਾਸ ਜਾਂਦਿਆਂ ਬਾਹਰ ਸਵਾਸ ਆਉਂਦਿਆ ਆਪ ਜੀ ਨੂੰ ਹੀ ਸਿਮਰਦਾ ਰਹਾਂ॥ ੪॥ ੧॥ ੪੧॥

## ਸੂਹੀ ਮਹਲਾ ੫ ॥ ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ॥

(੧) ਹਰੀ ਦਾ ਜੋ ਸੰਤ ਹੈ ਏਹੀ ਮੇਰੇ ਪ੍ਰਾਣਾਂ ਦਾ ਧਨ ਰੂਪ ਭਾਵ ਆਸਰਾ ਹੈ।

(੨) ਹਰੀ ਦਾ ਨਾਮ ਜਿਸ ਸੰਤ ਦਾ ਪ੍ਰਾਣ ਤੇ ਧਨ ਹੈ, ਮੈਂ ਉਸ ਦਾ ਪਨਿਹਾਰਾ=ਪਾਣੀ ਭਰਨ ਵਾਲਾ (ਸੇਵਕ) ਹਾਂ।

## ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ ॥ ੧ ॥ ਰਹਾਉ ॥

ਭਾਈ=ਭਰਾ, ਮੀਤ=ਮਿੱਤਰ, ਸੁਤ=ਪੁੱਤਰ, ਸਗਲ=ਸਾਰਿਆਂ ਸਬੰਧੀਆਂ ਨਾਲੋਂ ਭੀ ਉਹ ਮੈਨੂੰ ਪਿਆਰਾ ਹੈ। ਬਲਕਿ ਆਪਣੇ ਜੀਵਣ ਨਾਲੋਂ ਭੀ ਪਿਆਰਾ ਹੈ॥ ੧॥ ਰਹਾਉ ॥

## ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥

(੧) ਕੇਸਾਂ ਦਾ ਬੀਜਨਾ=ਪੱਖਾ ਬਣਾ ਕਰ ਕੇ ਸੰਤਾਂ ਦੇ ਚਉਰੁ=ਚੌਤਰਫ (ਚੌਹੀਂ ਪਾਸੀਂ) ਢੁਲਾਉਂਦਾ ਹਾਂ।

(੨) ਕੇਸਾਂ ਦਾ ਪੱਖਾ ਕਰਦਾ ਹਾਂ, ਤੇ ਸੰਤਾਂ ਨੂੰ ਪ੍ਰਤੱਖ ਚੌਰ ਝੁਲਾਉਂਦਾ ਹਾਂ।

(੩) ਕੇਸਾ=ਧਰਮ ਦਾ ਉਪਦੇਸ਼ ਕਰਨ ਵਾਲੇ ਜੋ ਸੰਤ ਹਨ, ਉਹਨਾਂ ਨੂੰ ਪ੍ਰਤੱਖ ਬੀਜਨਾ=ਪੱਖਾ ਤੇ ਚੌਰ ਝੁਲਾਉਂਦਾ ਹਾਂ।

## ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥੧॥

ਆਪਣੇ ਸਿਰ ਨੂੰ ਸੰਤਾਂ ਦੇ ਚਰਨਾਂ ਹੇਠ ਨਿਹਾਰਉ=ਨਿਵਾਉਂਦਾ ਹਾਂ।

*ਅਥਵਾ:*-ਸਿਰ ਨੂੰ ਚਰਨਾਂ ਹੇਠ ਦੇਂਦਾ ਹਾਂ ਤੇ ਅੱਖਾਂ ਨਾਲ ਸੰਤਾਂ ਦੇ ਦਰਸ਼ਨ ਨੂੰ ਨਿਹਾਰਊ=ਵੇਖਦਾ ਹਾਂ ਅਤੇ ਮੂੰਹ ਉੱਤੇ ਸੰਤਾਂ ਦੀ ਚਰਨ-ਧੂੜੀ ਲਾਉਂਦਾ ਹਾਂ॥ ੧॥

## ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ॥

ਦੀਨ=ਗਰੀਬ ਦੀ ਨਿਆਈਂ ਬਣਕੇ ਬਹੁਤ ਹੀ ਮਿਸਟ=ਮਿੱਠਿਆਂ ਬਚਨਾਂ ਨਾਲ ਬੇਨਤੀ ਕਰਦਾ ਹਾਂ।

## ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ॥੨॥

ਜ਼ਾਤੀ, ਵਿਦਿਆ, ਧਨ ਆਦਿਕਾ ਦਾ ਅਭਿਮਾਨੁ=ਹੰਕਾਰ ਤਿਆਗ ਕੇ ਉਹਨਾਂ ਦੀ ਚਰਨ ਸ਼ਰਨ ਵਿਚ ਪੈਂਦਾ ਹਾਂ, ਜਿਨ੍ਹਾਂ ਨੇ ਸ਼ੁਭ-ਗੁਣਾਂ ਦੀ ਨਿਧੀ ਹਰੀ ਦੀ ਪ੍ਰਾਪਤੀ ਪਾਈ ਹੈ॥ ੨॥

## ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ॥

ਸੰਤ ਜਨਾਂ ਦਾ ਦਰਸਾਰੁ=ਦਰਸ਼ਨ ਪੁਨਹ ਪੁਨਹ=ਮੁੜ-ਮੁੜ ਕੇ ਅਵਲੋਕਨ=ਵੇਖਣਾ ਕਰਦਾ ਹਾਂ।

## ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ॥੩॥

ਸੰਤਾਂ ਦੇ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਮਨ ਵਿਚ ਸਿੰਚਉ=ਧਾਰਨ ਕਰਦਾ ਹਾਂ। ਅਤੇ ਵਾਰੰ-ਵਾਰ ਸੰਤਾਂ ਨੂੰ ਬੰਦਉ=ਬੰਦਨਾ ਕਰਦਾ ਹਾਂ॥ ੩॥

## ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ॥

ਚਿਤਵਨੇ ਵਾਲਾ ਹੋ ਕੇ ਮਨ ਵਿਚ ਆਸ ਕਰਦਾ ਹਾਂ, ਅਤੇ ਸੰਤ ਜਨਾਂ ਦਾ ਸੰਗ ਕਰਨਾ ਮੰਗਦਾ ਹਾਂ।

## ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ॥੪॥੨॥੪੨॥

ਹੇ ਪ੍ਰਭੂ ! ਦਇਆ ਦ੍ਰਿਸ਼ਟੀ ਕਰ ਕੇ ਮੈਂ ਨਾਨਕ ਨੂੰ ਆਪਣਾ ਦਾਸ ਜਾਣ ਕੇ ਆਪਣੀ ਚਰਨੀਂ ਲਗਾ ਲਓ॥ ੪॥ ੨॥ ੪੨॥

## ਸੂਹੀ ਮਹਲਾ ੫॥ ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ॥

ਪ੍ਰਭੂ ਦੇ ਸਨਮੁਖ ਬੇਨਤੀ ਕਰੋ:-ਹੇ ਪ੍ਰਭੂ ! ਜਿਸ ਮਾਇਆ ਨੇ ਖੰਡਾਂ ਬ੍ਰਹਿਮੰਡਾਂ ਦੇ ਜੀਵਾਂ ਨੂੰ ਮੋਹਤ ਕੀਤਾ ਹੈ, ਉਸੀ ਮਾਇਆ ਵਿਚ ਮੈਂ ਪਾਉ=ਪੈ ਰਿਹਾ ਹਾਂ।

## ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ॥੧॥ ਰਹਾਉ॥

(੧) ਮੈਂ ਵਿਸ਼ਈ ਜੀਵ ਨੂੰ ਇਸ ਮਾਇਆ ਤੋਂ ਰੱਖ ਲੈਣਾ ਕਰੋ ਅਤੇ ਆਪਣਾ ਨਾਮ ਦਾਨ ਦੇਣਾ ਕਰੋ।

(੨) ਆਪਣਾ ਨਾਮ ਦਾਨ ਦੇ ਕੇ, ਮੈਂ ਵਿਸ਼ਈ ਜੀਵ ਨੂੰ ਇਸ ਮਾਇਆ ਤੋਂ ਰੱਖ ਲੈਣਾ ਕਰੋ॥ ੧॥ ਰਹਾਉ॥

**ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥**

ਜਿਸ ਤੇਰੀ ਮਾਇਆ ਤੋਂ ਕੋਈ ਭੀ ਸੁਖੀ ਨਹੀਂ ਹੈ, ਤਿਸ ਮਾਇਆ ਦੇ ਪਿੱਛੇ ਮੈਂ ਜਾਂਦਾ ਹਾਂ।

**ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥**

ਜੋ (ਮਾਇਆ) ਸਾਰਿਆਂ ਨੂੰ ਛੱਡੀ ਜਾਂਦੀ ਹੈ, ਮੈਂ ਫਿਰਿ ਫਿਰਿ=ਵਾਰੰ-ਵਾਰ (ਮੁੜ-ਮੁੜ ਕੇ) ਉਸ ਵਿਚ ਲਪਟਾਉ=ਫਸ ਰਿਹਾ ਹਾਂ॥ ੧ ॥

**ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥**

ਹੇ ਕਰੁਣਾ ਪਤੇ ! ਕਿਰਪਾ ਦ੍ਰਿਸ਼ਟੀ ਕਰ, ਜੋ ਹਰ ਵੇਲੇ ਹੇ ਹਰੀ ! ਤੇਰੇ ਹੀ ਗੁਣ ਗਾਉਣਾ ਕਰਾਂ।

**ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥ ੨ ॥ ੩ ॥ ੪੩ ॥**

ਹੇ ਪ੍ਰਭੂ ! ਮੈਂ ਨਾਨਕ ਦੀ ਏਹੋ ਬੇਨਤੀ ਹੈ ਕਿ ਅੱਠੇ ਪਹਿਰ ਸਤਸੰਗਤ ਵਿਚ ਹੀ ਸਮਾਉ ਮਿਲਿਆ ਰਹਾਂ॥ ੨ ॥ ੩ ॥ ੪੩ ॥

[ਪੰਨਾ ੭੪੬]

## ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ

ਜਗਿਆਸੂ ਨੇ ਪ੍ਰਸ਼ਨ ਕੀਤਾ-ਪ੍ਰੀਤੀਆਂ ਵਿਚੋਂ ਵੱਡੀ ਪ੍ਰੀਤੀ ਕਿਹੜੀ ਹੈ? ਉਤਰ :-

**ੴ ਸਤਿਗੁਰ ਪ੍ਰਸਾਦਿ ॥ ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥**

(੧) ਲਾਲਨਾ=ਪਿਆਰੇ ਮੋਹਨ ਪਰਮਾਤਮਾ ਵਿਚ ਜੋ ਪ੍ਰੀਤੀ ਕਰਨੀ ਹੈ ਏਹੋ ਸਭ ਤੋਂ ਗੁਰੀਆ=ਵੱਡੀ ਪ੍ਰੀਤੀ ਹੈ।

(੨) ਪ੍ਰੀਤੀਆਂ ਵਿੱਚੋਂ ਮੇਰੇ ਅੰਦਰ ਲਾਲਨਾ=ਪਿਆਰੇ ਮੋਹਨ ਪਰਮਾਤਮਾ ਦੀ ਗੁਰੀਆ=ਭਾਰੀ ਪ੍ਰੀਤੀ ਲੱਗ ਰਹੀ ਹੈ। ਇਸ ਕਰਕੇ-

**ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ॥ ਰਹਾਉ ॥**

ਹੇ ਮਨ ! ਤੂੰ ਇਕ ਗੋਬਿੰਦ ਨੂੰ ਜਪਣਾ ਕਰ, ਕਿਉਂਕਿ ਹੋਰ ਕੋਈ ਕਰਮ ਲੇਖੇ ਵਿਚ ਨਹੀਂ ਪੈਂਦਾ, ਸੰਤਾਂ ਦੀ ਚਰਨੀਂ ਲੱਗ ਕੇ, ਮਨ ਵਿੱਚੋਂ ਦੁਬਿਧਾ ਦੀ ਕੁਰੀਆ=ਡੰਡੀ ਛੱਡ ਦੇ॥ ੧ ॥ ਰਹਾਉ ॥

**ਨਿਰਗੁਨ ਹਰੀਆ ॥ ਸਰਗੁਨ ਧਰੀਆ ॥ ਅਨਿਕ ਕੋਠਰੀਆ ॥**

ਨਿਰਗੁਨ ਹਰੀ ਨੇ ਹੀ ਸਰਗੁਨ ਸਰੂਪ ਧਾਰਨਾ ਕੀਤਾ ਹੈ।

ਉਸ ਨੇ ਆਪ ਹੀ ਅਨੇਕਾਂ ਕੋਠਰੀਆਂ=ਦੇਹਾਂ।

**ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥**

ਚੋਹਾਂ ਖਾਣੀਆਂ ਦੀਆਂ ਵੱਖੋ ਵੱਖ ਕਿਸਮ ਦੀਆਂ ਕਰੀਆ=ਕੀਤੀਆਂ ਹਨ।

ਦੇਹ ਦੇ ਵਿਚ ਹੀ ਮਨ ਨੂੰ ਕੋਟਵਰੀਆ=ਕੋਟਵਾਲ ਕੀਤਾ ਹੈ ਭਾਵ ਮੁਖੀ ਬਣਾਇਆ ਹੈ।

**ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥**

**ਨਹ ਮਰੀਆ ਨਹ ਜਰੀਆ ॥ ੧ ॥**

ਪਿਰੀਆ=ਪਿਆਰੇ ਪ੍ਰਭੂ ਦਾ ਇਹ ਮਨੁੱਖਾ ਦੇਹ ਆਪਣਾ ਮੰਦਰ ਹੈ।

ਓਸੇ ਮਨੁੱਖਾ ਦੇਹ ਰੂਪ ਮੰਦਰ ਵਿਚ ਹੀ ਅਨੰਦ ਲੈਣਾ ਕਰਦਾ ਹੈ।

ਨਾ ਉਹ ਮਰਦਾ ਹੈ, ਨਾ ਅੱਗ ਵਿਚ ਜਰੀਆ=ਸੜਦਾ ਹੈ। *ਅਥਵਾ:*-ਨਾ ਜਰੀਆ=ਬੁੱਢਾ ਹੁੰਦਾ ਹੈ।

**ਕਿਰਤਨਿ ਜੁਰੀਆ ॥ ਬਹੁ ਬਿਧਿ ਫਿਰੀਆ ॥**

**ਪਰ ਕਉ ਹਿਰੀਆ ॥ ਬਿਖਨਾ ਘਿਰੀਆ ॥**

ਕਿਰਤਨਿ=ਕੀਤੇ ਹੋਏ ਕਰਮਾਂ ਵਿਚ ਜੁਰੀਆ=ਜੁੜਕੇ ਜੀਵ ਰੂਪ ਹੋ ਕੇ।

ਬਹੁਤ ਤਰ੍ਹਾਂ ਦੀਆਂ ਜੂਨੀਆਂ ਵਿਚ ਫਿਰੀਆ=ਫਿਰਦਾ ਹੈ।

ਬਿਖਨਾ=ਵਿਸ਼ਿਆਂ ਦਾ, ਵਾ:-ਮਾਇਆ ਦਾ ਘਿਰਿਆ ਹੋਇਆ ਪਰਾਏ ਧਨ ਨੂੰ ਹਿਰੀਆ=ਚੁਰਾਉਂਦਾ ਹੈ।

*ਅਥਵਾ:*-ਪਰਮੇਸ਼ਰ ਨੂੰ ਛੱਡ ਕੇ ਪਰਾਏ ਦੇਵੀ ਦੇਵਤਿਆਂ ਵਲ ਹਿਰੀਆ=ਵੇਖਦਾ ਹੈ।

**ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥**

ਜੋ ਹੁਣ ਸੰਤਾਂ ਦੇ ਸੰਗ ਵਿਚ ਪਿਆ ਹੈ। ਉਹ ਹਰੀ ਦੇ ਦਰਬਾਰ ਵਿਚ ਖਰੀਆ=ਖਰਾ ਭਾਵੇਂ ਸਚਿਆਰ ਹੁੰਦਾ ਹੈ। ਤੇ-

**ਦਰਸਨੁ ਕਰੀਆ ॥ ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥ ੨ ॥ ੧ ॥ ੪੪ ॥**

ਪ੍ਰਭੂ ਦੇ ਦਰਸ਼ਨ ਨੂੰ ਕਰਦਾ ਹੈ। ਗੁਰ=ਪੂਜਨੀਕ ਨਾਨਕ=ਪਰਮਾਤਮਾ ਨਾਲ ਮਿਲ ਜਾਂਦਾ ਹੈ। ਮੁੜ ਕੇ ਉਹ ਚੁਰਾਸੀ ਦੇ ਚੱਕਰ ਵਿਚ ਨਹੀਂ ਫਿਰਦਾ। *ਅਥਵਾ:*-ਗੁਰੂ ਜੀ ਕਥਨ ਕਰਦੇ ਹਨ-ਜੋ ਸਾਧੂ ਹਰੀ ਦੇ ਦੁਆਰੇ ਪਰ ਖੜੇ ਹਨ, ਅਬ=ਹੁਣ ਵਿਚਾਰ ਦੁਆਰਾ ਉਨ੍ਹਾਂ ਸੰਤਾਂ ਦੇ ਸਤਸੰਗ ਵਿਚ ਪਰੀਆ=ਪੈ ਕੇ ਜੋ ਗੁਰਾਂ ਨਾਲ ਮਿਰੀਆ=ਮਿਲਿਆ ਹੈ, ਉਸ ਨੇ ਹਰੀ ਦਾ ਦਰਸ਼ਨ ਕੀਤਾ ਹੈ ਜਿਸ ਨੇ ਦਰਸ਼ਨ ਕੀਤਾ ਹੈ ਉਹ ਮੁੜ ਕੇ ਜੂਨੀਆਂ ਵਿਚ ਨਹੀਂ ਭੌਂਦਾ॥ ੨ ॥ ੧ ॥ ੪੪ ॥

**ਸੂਹੀ ਮਹਲਾ ੫ ॥**

**ਰਾਸਿ ਮੰਡਲੁ ਕੀਨੋ ਆਖਾਰਾ ॥ ਸਗਲੋ ਸਾਜਿ ਰਖਿਓ ਪਾਸਾਰਾ ॥ ੧ ॥ ਰਹਾਉ ॥**

ਹੇ ਪ੍ਰਭੂ ! ਆਪ ਨੇ ਹੀ ਰਾਸ ਮੰਡਲ ਵਾਂਗ ਇਹ (ਸੰਸਾਰ) ਅਖਾੜਾ ਰਚਨਾ ਕੀਤਾ ਹੈ।

ਸਾਰਾ ਪਸਾਰਾ ਸਾਜਕੇ ਫਿਰ ਆਪ ਨੇ ਹੀ ਇਸ ਦੀ ਰੱਖਿਆ ਕੀਤੀ ਹੈ॥ ੧ ॥ ਰਹਾਉ ॥

**ਬਹੁ ਬਿਧਿ ਰੂਪ ਰੰਗ ਆਪਾਰਾ ॥ ਪੇਖੈ ਖੁਸੀ ਭੋਗਨ ਹੀ ਹਾਰਾ ॥**

ਬਹੁਤ ਤਰ੍ਹਾਂ ਦੇ ਰੂਪ ਤੇ ਆਪਾਰਾ=ਬਿਅੰਤ ਹੀ ਪ੍ਰਕਾਰ ਦੇ ਰੰਗਾਂ ਨੂੰ ਪੇਖੈ=ਵੇਖਕੇ ਹੇ ਭੋਗਨਹਾਰ ਪ੍ਰਭੂ ! ਤੂੰ ਆਪ ਹੀ ਖ਼ੁਸ਼ੀ ਦੇ ਸਹਿਤ ਹੋ ਰਿਹਾ ਹੈਂ।

**ਸਭਿ ਰਸ ਲੈਤ ਬਸਤ ਨਿਰਾਰਾ ॥ ੧ ॥**

ਸਾਰਿਆਂ ਰਸਾਂ ਨੂੰ ਲੈਂਦਾ ਹੋਇਆ ਫਿਰ ਤੂੰ ਸਭ ਤੋਂ ਅਲੱਗ ਵਸ ਰਿਹਾ ਹੈਂ॥ ੧॥

**ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥**

ਨਾ ਆਪ ਜੀ ਦਾ ਕੋਈ ਬਰਨ ਹੈ, ਨਾ ਚਿਹਨ ਹੈ, ਨਾ ਹੀ ਮੂੰਹ ਪਰ ਮਾਸਾਰਾ=ਦਾੜ੍ਹਾ ਹੈ।

*ਅਥਵਾ:*-ਨਾਂ ਮੂੰਹ ਹੈ, ਨਾ ਹੀ ਮਾਸਾਰਾ=ਮਾਸ ਭਾਵ ਸਰੀਰ ਹੈ।

**ਕਹਨੁ ਨ ਜਾਈ ਖੇਲੁ ਤੁਹਾਰਾ ॥ ਨਾਨਕ ਰੇਣ ਸੰਤ ਚਰਨਾਰਾ ॥੨ ॥੨ ॥੪੫ ॥**

ਆਪ ਜੀ ਦਾ ਖੇਲੁ=ਕੌਤਕ ਕੁਝ ਕਿਹਾ ਨਹੀਂ ਜਾਂਦਾ।

ਗੁਰੂ ਜੀ ਕਥਨ ਕਰਦੇ ਹਨ-ਮੈਂ ਤੇਰੇ ਸੰਤਾਂ ਦੀ ਚਰਨ-ਧੂੜੀ ਹਾਂ॥ ੨॥ ੨॥ ੪੫॥

**ਸੂਹੀ ਮਹਲਾ ੫ ॥**

**ਤਉ ਮੈ ਆਇਆ ਸਰਨੀ ਆਇਆ ॥ ਭਰੋਸੈ ਆਇਆ ॥ ਕਿਰਪਾ ਆਇਆ ॥**

ਅੰਨਵੇਂ ਅਰਥ:-ਹੇ ਪਰਮੇਸ਼ਰ ਜਾਂ ਤੂੰ ਕਿਰਪਾ ਕਰਨ ਵਿਚ ਆਇਆ ਤਾਂ ਮੈਂ ਗੁਰਾਂ ਦੀ ਸ਼ਰਨ ਵਿਚ ਆਇਆ, ਜਾਂ ਸ਼ਰਨ ਵਿਚ ਆਇਆ ਤਾਂ ਹੀ ਭਰੋਸੇ ਵਿਚ ਆਇਆ ਹਾਂ।

**ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧ ॥ ਰਹਾਉ ॥**

ਹੇ ਸੁਆਮੀ ! ਜਿਵੇਂ ਭਾਉਂਦਾ ਹੈ ਤਿਵੇਂ ਆਪ ਮੈਨੂੰ ਰੱਖ ਲਓ,

ਮੈਨੂੰ ਆਪ ਜੀ ਦੇ ਰਾਹ ਉੱਤੇ ਗੁਰਾਂ ਨੇ ਪਠਾਇਆ=ਭੇਜਿਆ ਹੈ॥ ੧॥ ਰਹਾਉ॥

**ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥ ੧ ॥**

ਜੋ ਮਾਇਆ ਤਰਨੀ ਮਹਾ ਦੁਤਰੁ=ਬੜੀ ਦੁਸ਼ਤਰ ਭਾਵ ਔਖੀ ਹੈ। ਇਹ ਇਸ ਤਰ੍ਹਾਂ ਆਉਣ ਜਾਣ ਵਾਲੀ ਹੈ। ਜਿਵੇਂ ਪਵਨੁ=ਹਵਾ ਦਾ ਝੁਲਾਇਆ=ਬੁੱਲਾ ਆਉਂਦਾ ਤੇ ਚਲਾ ਜਾਂਦਾ ਹੈ। *ਅਥਵਾ:*-ਵੱਡੀ ਕਠਨ ਮਾਇਆ ਇਸ ਤਰ੍ਹਾਂ ਡੁਲਾਉਂਦੀ ਹੈ। ਜਿਵੇਂ ਹਵਾ ਦਾ ਬੁੱਲਾ ਦੀਵੇ ਨੂੰ ਡੁਲਾ ਦੇਂਦਾ ਹੈ॥ ੧॥

**ਸੁਨਿ ਸੁਨਿ ਹੀ ਡਰਾਇਆ ॥ ਕਰਰੋ ਧ੍ਰਮਰਾਇਆ ॥ ੨ ॥**

ਇਹ ਗੱਲ ਸੁਣ ਸੁਣ ਕੇ ਹੀ ਡਰ ਲੱਗਦਾ ਹੈ ਕਿ ਧਰਮਰਾਜ ਬੜਾ ਕਰੜਾ (ਕਠੋਰ, ਸਖ਼ਤ) ਹੈ।

*ਅਥਵਾ:*-ਕਰੜੇ ਸੁਭਾਵ ਵਾਲਾ ਜੋ ਧਰਮਰਾਜਾ ਹੈ, ਉਸ ਨੂੰ ਸੁਣ ਸੁਣ ਕੇ ਹੀ=ਹਿਰਦਾ ਡਰਦਾ ਹੈ॥ ੨॥

**ਗ੍ਰਿਹ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥ ੩ ॥**

ਗ੍ਰਹਿਸਤ ਅੰਨ੍ਹਾਂ ਕੂਪਾਇਆ=ਖੂਹ ਹੈ। ਸੰਸਾਰ ਪਾਵਕੁ=ਅੱਗ ਦਾ ਸਗਰਾਇਆ=ਸਾਗਰ (ਸਮੁੰਦਰ) ਹੈ॥ ੩॥

**ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥**

**ਅਬ ਮੈ ਪੂਰਾ ਪਾਇਆ ॥ ੪ ॥ ੩ ॥ ੪੬ ॥**

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਓਟ ਫੜ ਕੇ ਹਰੀ ਨਾਮ ਨੂੰ ਸਿਮਰਿਆ ਹੈ।

ਇਸ ਕਰਕੇ ਹੁਣ ਮੈਂ ਪੂਰਾ ਗਿਆਨ, ਵਾ:-ਪੂਰਾ ਪ੍ਰਭੂ ਪਾ ਲਿਆ ਹੈ॥ ੪॥ ੩॥ ੪੬॥

## ਰਾਗੁ ਸੂਹੀ ਮਹਲਾ ੫ ਘਰੁ ੬

## ੧ਓ ਸਤਿਗੁਰ ਪ੍ਰਸਾਦਿ॥

ਇਸ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

**ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥**

ਹੇ ਪ੍ਰਭੋ ! ਸਤਿਗੁਰਾਂ ਪਾਸ ਮੇਰੀ ਏਹੋ ਬੇਨਤੀ ਹੈ ਕਿ ਮੈਨੂੰ ਨਾਮ ਦਾ ਹੀ ਆਧਾਰਾ=ਆਸਾਰਾ ਮਿਲੇ।

**ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥ ੧॥**

ਹੇ ਪ੍ਰਭੂ ! ਤੂੰ ਸੱਚਾ ਪਾਤਸ਼ਾਹ ਹੈਂ, ਜਿਸ ਉੱਤੇ ਤੂੰ ਪ੍ਰਸੰਨ ਹੋਇਆ ਹੈਂ, ਉਸ ਦਾ ਸੰਸਾਰਕ ਤਾਪ ਨਿਵਿਰਤ ਹੋ ਗਿਆ ਹੈ॥ ੧॥

**ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥ ੧॥ ਰਹਾਉ॥**

ਹੇ ਸੱਚੇ ਸਿਰਜਨਹਾਰ ਪ੍ਰਭੂ! ਭਗਤਾਂ ਦੀ ਟੇਕ ਤੂੰਹੀਂ ਹੈਂ ਅਤੇ ਸੰਤਾਂ ਦੀ ਓਟ ਭੀ ਤੂੰਹੀਂ ਹੈਂ॥ ੧॥ ਰਹਾਉ॥

**ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥**

ਆਪ ਜੀ ਦੀ ਸ਼ੁਭ-ਗੁਣਾਂ ਰੂਪ ਸਮੱਗ੍ਰੀ ਸੱਚੀ ਹੈ। ਆਪ ਜੀ ਦਾ ਸਤਸੰਗ ਦਰਬਾਰ ਭੀ ਸੱਚਾ ਹੈ।

**ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥ ੨॥**

ਮਹਾਤਮਾਂ ਦੇ ਅੰਤਹਕਰਨ, ਵਾ:-ਵੇਦਾਂ, ਸ਼ਾਸਤ੍ਰਾਂ ਰੂਪ ਆਪ ਦੇ ਖਜ਼ਾਨੇ ਸੱਚੇ ਹਨ, ਆਪ ਜੀ ਦਾ ਸੰਸਾਰ ਪਸਾਰਾ ਭੀ ਸੱਚਾ ਹੈ ॥ ੨॥

**ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ॥**

ਸੱਤ ਚਿੱਤ ਅਨੰਦ ਇਹ ਆਪ ਜੀ ਦਾ ਸੁੰਦਰ ਸਰੂਪ ਅਗੰਮ ਹੈ,
ਅਤੇ ਆਪ ਜੀ ਦਾ ਦਰਸ਼ਨ ਭੀ ਅਨੂਪੁ=ਉਪਮਾ ਤੋਂ ਰਹਿਤ ਹੈ।

[ਪੰਨਾ ੭੪੭]

**ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ॥ ੩॥**

ਮੈਂ ਤੇਰਿਆਂ ਉਨ੍ਹਾਂ ਸੇਵਕਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੂੰ ਹਰੀ ਨਾਮ ਪਿਆਰਾ ਲੱਗਾ ਹੈ॥ ੩॥

**ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥**

ਹੇ ਅਗਮ ਅਪਾਰ ਪ੍ਰਭੂ ! ਜਾਂ ਆਪ ਜੀ ਨੂੰ ਪਾਇਆ ਤਾਂ ਮੇਰੀਆਂ ਸਭੇ=ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆ ਹਨ।

**ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰ॥੪॥੧॥੪੭॥**

ਹੇ ਪਾਰਬ੍ਰਹਮ ! ਤੂੰ ਆਪ ਹੀ ਗੁਰੂ ਨਾਨਕ ਰੂਪ ਹੋ ਕੇ ਮੈਨੂੰ ਮਿਲਿਆ ਹੈਂ

ਮੈਂ ਆਪ ਜੀ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ॥ ੪॥ ੧॥ ੪੭॥

## ਰਾਗੁ ਸੂਹੀ ਮਹਲਾ ੫ ਘਰੁ ੭

## ੧ਓ ਸਤਿਗੁਰ ਪ੍ਰਸਾਦਿ॥

**ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ॥**

ਜਿਸ ਉੱਤੇ ਤੂੰ ਦਿਆਲੂ ਹੁੰਦਾ ਹੈਂ, ਤੇਰਾ ਜੋ ਭਾਣਾ=ਹੁਕਮ ਹੈ, ਉਸ ਨੂੰ ਆਪ ਹੀ ਮਨਵਾਉਂਦਾ ਹੈਂ।

**ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ॥ ੧॥**

ਭਗਤੀ ਕੀਤੀ ਹੋਈ ਸਾਈ=ਓਹੀ ਸਫਲ ਹੈ ਜੋ ਆਪ ਜੀ ਨੂੰ ਭਾਉਂਦੀ ਹੈ, ਸਾਰਿਆਂ ਜੀਵਾਂ ਦੀ ਤੂੰ ਹੀ ਪ੍ਰਤਿਪਾਲਾ ਕਰਨ ਵਾਲਾ ਹੈਂ॥ ੧॥

**ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਾਰੀ॥**

ਹੇ ਮੇਰੇ ਰਾਮਰਾਇ ! ਸੰਤਾਂ ਨੂੰ ਆਪ ਜੀ ਦੀ ਟੇਕ=ਓਟ ਹੈ।

**ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ॥ ੧॥ ਰਹਾਉ॥**

ਜੋ ਆਪ ਜੀ ਨੂੰ ਭਾਉਂਦਾ ਹੈ ਸੰਤਾਂ ਨੂੰ ਓਹੀ ਪ੍ਰਵਾਨ ਹੈ, ਸੰਤਾਂ ਦੇ ਮਨ ਤਨ ਵਿਚ ਤੂੰ ਹੀ ਅਧਾਰੀ=ਆਸਰਾ ਰੂਪ ਹੈਂ॥ ੧॥ ਰਹਾਉ॥

**ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ ਮਨਸਾ ਪੂਰਣਹਾਰਾ॥**

ਹੇ ਕਿਰਪਾ ਨਿਧੀ ! ਤੂੰ ਦਿਆਲੂ ਤੇ ਕ੍ਰਿਪਾਲ ਹੈਂ।

*ਅਥਵਾ*:-ਤੂੰ ਪਿੱਛੇ ਵੀ ਦਿਆਲੂ ਸੀ, ਹੁਣ ਭੀ ਕ੍ਰਿਪਾਲੂ ਹੈਂ, ਅੱਗੇ ਵੀ ਕਿਰਪਾ ਨਿਧੀ ਹੋਵੇਂਗਾ, ਤੂੰ ਸਾਰਿਆਂ ਦੀ ਮਨਸਾ=ਇੱਛਾ ਪੂਰੀ ਕਰਨ ਵਾਲਾ ਹੈਂ।

**ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ॥ ੨॥**

ਹੇ ਪ੍ਰਾਣ ਪਤੀ (ਪਰਮਾਤਮਾ)! ਭਗਤ ਤੈਨੂੰ ਪ੍ਰੀਤਮ=ਪਿਆਰੇ ਹਨ, ਅਤੇ ਤੂੰ ਸਾਰਿਆਂ ਭਗਤਾਂ ਦਾ ਪਿਆਰਾ ਹੈਂ॥ ੨॥

**ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ॥**

ਤੂੰ ਅਥਾਹ ਹੈਂ, ਅਪਾਰੁ=ਪਾਰਾਵਾਰ ਤੋਂ ਰਹਿਤ ਹੈਂ, ਫਿਰ ਤੂੰ ਵੱਡਾ ਉਚਾ ਹੈਂ, ਤੇਰੀ ਭਾਤੇ=ਤਰ੍ਹਾਂ ਦਾ ਅਵਰੁ=ਹੋਰ ਕੋਈ ਨਹੀਂ ਹੈ।

**ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ॥ ੩॥**

ਹੇ ਸੁਖਦਾਤੇ ਸੁਆਮੀ ! ਸਾਡੀ ਏਹੋ ਅਰਦਾਸਿ=ਬੇਨਤੀ ਹੈ, ਆਪ ਮੈਨੂੰ ਕਦੇ ਭੀ ਨਾ ਵਿਸਰੁ=ਭੁੱਲੋ॥ ੩॥

**ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ॥**

ਹੇ ਸੁਆਮੀ ! ਜੇਕਰ ਆਪ ਜੀ ਨੂੰ ਭਾ ਜਾਵਾਂ ਤਾਂ ਦਿਨ-ਰਾਤ ਅੰਦਰ ਸੁਆਸ ਜਾਂਦਿਆਂ ਬਾਹਰ ਸੁਆਸ

ਆਉਂਦਿਆਂ ਆਪ ਜੀ ਦੇ ਹੀ ਗੁਣ ਗਾਉਂਦਾ ਰਹਾਂ।

## ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥ ੪ ॥ ੧ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੁਖ ਰੂਪ ਤੇਰਾ ਨਾਮ ਮੰਗਦਾ ਹਾਂ, ਪਰ ਹੇ ਸਾਹਿਬ ! ਜਦ ਆਪ ਤੁਠੈ=ਪ੍ਰਸੰਨ ਹੋਵੋਗੇ ਤਾਂ ਹੀ ਇਹ ਨਾਮ-ਦਾਨ ਪਾਵਾਂਗਾ॥ ੪ ॥ ੧ ॥ ੪੮ ॥

## ਸੂਹੀ ਮਹਲਾ ੫ ॥ ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ ॥

ਜਗਿਆਸੂ ਬੇਨਤੀ ਕਰਦਾ ਹੈ-ਸੋ ਥਾਨੁ ਤੇਰਾ ਕੇਹਾ=ਉਹ ਆਪ ਜੀ ਦਾ ਕਿਹੜਾ ਅਸਥਾਨ ਹੈ ਜਿਥੇ ਬੈਠਣ ਕਰ ਕੇ ਤੂੰ ਕਦੇ ਭੀ ਭੁੱਲਦਾ ਨਹੀਂ ਹੈਂ ?

## ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ ॥ ੧ ॥

ਜਿਥੇ ਪਹੁੰਚ ਕੇ ਅੱਠੇ ਪਹਿਰ ਤੈਨੂੰ ਧਿਆਉਣਾ ਕਰਾਂ, ਤਾਂ ਕਿ-

ਮੇਰਾ ਦੇਹਾ=ਸਰੀਰ ਨਿਰਮਲ ਹੋ ਜਾਵੇ॥ ੧ ॥

## ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥

ਹੇ ਮੇਰੇ ਰਾਮ ! ਹਉ=ਮੈਂ ਉਹ ਅਸਥਾਨ ਢੂੰਢਣ ਆਇਆ ਹਾਂ।

## ਖੋਜਤ ਖੋਜਤ ਭਇਆ ਸਾਧਸੰਗੁ ਤਿਨ੍ ਸਰਣਾਈ ਪਾਇਆ ॥ ੧ ॥ ਰਹਾਉ ॥

ਢੂੰਢਦਿਆਂ ਢੂੰਢਦਿਆਂ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ, ਉਹਨਾਂ ਦੀ ਸ਼ਰਨੀ ਆ ਕੇ ਇਹ ਗਿਆਨ ਪਾਇਆ ਹੈ॥ ੧ ॥ ਰਹਾਉ ॥ ਕਿ-

## ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥

ਵੇਦਾਂ ਨੂੰ ਪੜ੍ਹਦੇ ਪੜ੍ਹਦੇ ਸਭ ਬ੍ਰਹਮੇ ਹਾਰ ਗਏ ਹਨ,

ਉਹਨਾਂ ਨੇ ਇਕ ਤਿਲ ਮਾਤਰ ਭੀ ਉਸ ਪ੍ਰਭੂ ਦੀ ਕੀਮਤ ਨਹੀਂ ਪਾਈ।

## ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥ ੨ ॥

ਸਾਧਿਕ=ਸਾਧਨਾਂ ਦੇ ਕਰਨ ਵਾਲੇ, ਤੇ ਚੁਰਾਸੀ ਸਿੱਧ ਸਭ ਵਿਰਲਾਪ ਕਰਦੇ ਫਿਰਦੇ ਹਨ, ਕਿਉਂਕਿ ਉਹ ਭੀ ਮਾਇਆ ਦੇ ਮੋਹੇ ਹੋਏ ਹਨ॥ ੨ ॥

## ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥

(ਚਵੀ ਅਵਤਾਰਾਂ ਵਿੱਚੋਂ) ਦਸ ਅਵਤਾਰ (ਸ੍ਰੀ ਰਾਮਚੰਦ੍ਰ, ਕ੍ਰਿਸ਼ਨ, ਨਰਸਿੰਘ) ਆਦਿਕ ਰਾਜਾ ਰੂਪ ਹੋ ਕੇ ਵਰਤ ਰਹੇ ਹਨ।

*ਯਥਾ:-* "ਦੋ ਬਨ ਚਰ ਦੋ ਬਾਰ ਚਰ, ਚਾਰ ਬਿਪ੍ਰ ਦੁਇ ਭੂਪ।
ਇਨ ਦਸਹਨ ਕੋ ਬੰਦ ਕੈ ਤੁਲਸੀ ਤਰ ਭਵ ਸਿੰਧ।"

ਦੋ ਬਨ=ਜੰਗਲ ਵਿਚ ਚਰ=ਫਿਰਨ ਵਾਲੇ ਵਰਾਹ=ਸੂਰ ਤੇ ਨਰਸਿੰਘ ਅਵਤਾਰ, ਦੋ ਬਾਰ ਚਰ=ਜਲ ਵਿਚ ਰਹਿਣ ਵਾਲੇ ਮੱਛ ਤੇ ਕੱਛ ਅਵਤਾਰ। ਚਾਰ ਬਿਪ੍ਰ=ਬ੍ਰਾਹਮਾਣ ਜ਼ਾਤੀ ਵਿੱਚੋਂ ਹੋਏ-

੧. ਬੋਧਾ ਅਵਤਾਰ, ੨. ਪਰਸਰਾਮ, ੩. ਨਿਹਕਲੰਕ, ੪. ਬਾਵਨ ਅਵਤਾਰ।

ਦੁਇ ਭੂਪ=ਦੋ ਰਾਜਾ ਰੂਪ ਹੋਏ-ਸ੍ਰੀ ਰਾਮਚੰਦ੍ਰ ਜੀ ਤੇ ਕ੍ਰਿਸ਼ਨ ਜੀ।

ਪਰ ਇਨ੍ਹਾਂ ਦਸਾਂ ਅਵਤਾਰਾਂ ਨੇ ਭੀ ਉਸ ਦਾ ਅੰਤ ਨਹੀਂ ਪਾਇਆ।

*ਅਥਵਾ:*-ਚਵੀ ਅਵਤਾਰਾਂ ਵਿੱਚੋਂ ਦਸ ਅਵਤਾਰ ਸ੍ਰੇਸ਼ਟ ਹੋਏ ਹਨ! ਅਤੇ ਪ੍ਰਿਥੂ ਆਦਿਕ, ਰਾਜੇ ਅੰਸਾ ਅਵਤਾਰ ਰੂਪ ਹੋ ਕੇ ਵਰਤ ਰਹੇ ਹਨ, ਅਵਧੂਤ ਜੋ ਸ਼ਿਵਜੀ ਹਨ।

*ਅਥਵਾ:*-ਸ਼ਿਵ ਜੀ ਤੇ ਅਉਧੂਤਾ=ਦੱਤਾਤ੍ਰੇ-

## ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ ੩ ॥

(੧) ਇਹ ਸਭ ਬਿਭੂਤੀਆਂ ਲਗਾ ਕੇ ਥੱਕ ਗਏ ਹਨ, ਪਰ ਤਿਨ੍ਹਾਂ ਵਿੱਚੋਂ ਕਿਸੀ ਨੇ ਭੀ ਤੇਰਾ=ਤਿਸ ਪਰਮਾਤਮਾ ਦਾ ਅੰਤ ਨਹੀਂ ਪਾਇਆ।

(੨) ਉਹਨਾਂ ਨੇ ਭੀ ਆਪ ਜੀ ਦਾ ਅੰਤ ਨਹੀਂ ਪਾਇਆ, ਸਭ ਬਿਭੂਤੀਆਂ ਨੂੰ ਲਗਾ ਕੇ ਥੱਕ ਗਏ ਹਨ॥ ੩ ॥

## ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥

ਜਦ ਹਰੀ ਦੇ ਸੰਤਾਂ ਨੇ ਨਾਮ-ਸਿਮਰਨ ਵਿਚ ਰਸ=ਪ੍ਰੇਮ ਕਰਕੇ ਪ੍ਰਭੂ ਦੇ ਮੰਗਲ ਰੂਪ ਜਸ ਨੂੰ ਗਾਇਆ ਤਾਂ ਸਹਜ ਸੂਖ=ਅਚੁਤ ਸੁਖ ਦੇ ਅਨੰਦ ਨੂੰ ਮਾਣਿਆਂ।

## ਸਫਲ ਦਰਸਨੁ ਭੇਟਿਓ ਗੁਰ ਨਾਨਕ
## ਤਾ ਮਨਿ ਤਨਿ ਹਰਿ ਹਰਿ ਧਿਆਇਆ ॥ ੪ ॥ ੨ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਿਆਂ ਗੁਰਾਂ ਦਾ ਸਫਲ ਦਰਸ਼ਨ ਮਿਲਿਆ ਤਾਂ ਹੀ ਮੈਂ ਮਨ ਤਨ ਵਿਚ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ॥ ੪॥ ੨॥ ੪੯॥

## ਸੂਹੀ ਮਹਲਾ ੫ ॥ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

ਜੋ ਪਖੰਡ ਵਾਲੇ ਭਾਵ ਦਿਖਾਵੇ ਰੂਪ ਕਰਮ ਧਰਮ ਦਿਸਦੇ ਹਨ, ਉਹਨਾਂ ਕਰਮਾਂ ਧਰਮਾਂ ਨੂੰ ਪ੍ਰਲੋਕ ਰਸਤੇ ਵਿਚ ਜਮ ਜਾਗਾਤੀ=ਮਸੂਲੀਆ ਹੀ ਲੁੱਟ ਲੈਂਦਾ ਹੈ।

## ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥ ੧ ॥

ਇਸ ਲਈ ਹੇ ਭਾਈ ! ਕਰਤੇ ਪੁਰਖ ਪਰਮਾਤਮਾ ਦਾ ਨਿਰਬਾਣ=ਇਕ ਰਸ ਕੀਰਤਨ ਗਾਉਣਾ ਕਰੋ, ਜਿਸ ਦੇ ਨਿਮਖ ਮਾਤ੍ਰ ਸਿਮਰਨ ਕਰਨ ਨਾਲ ਜਮ ਦੇ ਦੁੱਖਾਂ ਤੋਂ ਛੁੱਟ ਜਾਈਦਾ ਹੈ।

## ਸੰਤਹੁ ਸਾਗਰੁ ਪਾਰਿ ਉਤਰੀਐ ॥

ਸੰਤਹੁ=ਸੰਤਾਂ ਦੁਆਰੇ ਸੰਸਾਰ-ਸਮੁੰਦਰ ਤੋਂ ਪਾਰ ਉਤਰਨਾ ਕਰੀਏ।

## ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ ੧ ॥ ਰਹਾਉ ॥

ਜਿਹੜਾ ਕੋਈ ਸੰਤਾਂ ਦਾ ਬਚਨ ਕਮਾਵੇਗਾ, ਉਹ ਗੁਰਾਂ ਦੀ ਕਿਰਪਾ ਨਾਲ ਤਰ ਜਾਏਗਾ॥ ੧ ॥ ਰਹਾਉ ॥

## ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥

ਭਾਵੇਂ ਕ੍ਰੋੜਾਂ ਤੀਰਥਾਂ ਪਰ ਜਾ ਕੇ ਮਜਨ=ਪਰਬਾਂ ਦੇ ਇਸ਼ਨਾਨ ਭੀ ਕਰ ਲਵੇ, ਤਾਂ ਭੀ ਇਸ ਕਲਜੁਗ ਵਿਚ ਇਹ ਜੀਵ ਪਾਪਾਂ ਰੂਪੀ, ਵਾ:-ਅਭਿਮਾਨਤਾ ਰੂਪੀ ਮੈਲ ਨਾਲ ਭਰਿਆ ਜਾਂਦਾ ਹੈ।

## ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ ੨ ॥

ਸਾਧ ਸੰਗਤ ਵਿਚ ਜਾ ਕੇ ਜੋ ਹਰੀ ਗੁਣਾਂ ਨੂੰ ਗਾਉਂਦਾ ਹੈ,
ਉਹ ਆਪਣੇ ਮਨ ਨੂੰ ਨਿਰਮਲ ਕਰ ਲੈਂਦਾ ਹੈ॥ ੨ ॥

## ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥

ਚਾਰ ਵੇਦ, ਕਤੇਬ, ਸਤਾਈ ਸਿੰਮ੍ਰਤੀਆਂ, ਛੇ ਸ਼ਾਸਤ੍ਰ ਆਦਿਕ ਜੋ ਸਾਰੇ ਗ੍ਰੰਥ ਹਨ,
ਇਨ੍ਹਾਂ ਦੇ ਪੜ੍ਹਿਆਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ।

## ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ ੩ ॥

ਜੋ ਗੁਰਮੁਖ ਗੁਰਾਂ ਦੁਆਰੇ ਇਕ ਅ-ਖਰੁ=ਨਾਸ ਤੋਂ ਰਹਿਤ ਪਰਮਾਤਮਾ ਨੂੰ ਜਾਪੈ=ਜਾਣਦਾ ਹੈ, ਉਸ ਦੀ ਪਵਿੱਤ੍ਰ ਸੋਈ=ਸ਼ੋਭਾ ਹੁੰਦੀ ਹੈ॥ ੩ ॥

## ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ, ਇਨ੍ਹਾਂ ਚੌਹਾਂ ਵਰਨਾਂ ਨੂੰ ਸਾਡਾ ਸਾਂਝਾ ਉਪਦੇਸ਼ ਹੈ।

## ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
## ਘਟਿ ਘਟਿ ਨਾਨਕ ਮਾਝਾ॥ ੪ ॥ ੩ ॥ ੫੦ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਗੁਰਮੁਖਿ=ਗੁਰਾਂ ਦੁਆਰੇ ਸਾਰਿਆਂ ਘਟਾਂ ਘਟਾਂ ਮਾਝਾ=ਵਿਚ ਵਿਆਪਕ ਜਾਣ ਕੇ, ਇਸ ਕਲਜੁਗ ਮਹਿ=ਵਿਚ ਹਰੀ ਨਾਮ ਜਪਦਾ ਹੈ, ਉਹ ਪੁਰਸ਼ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ॥ ੪ ॥ ੩ ॥ ੫੦ ॥

[ਪੰਨਾ ੭੪੮]

## ਸੂਹੀ ਮਹਲਾ ੫ ॥

## ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥

ਸੰਤ ਜੋ ਕੁਝ ਭੀ ਕਰਦੇ ਹਨ, ਪ੍ਰਭੂ ਓਹੀ ਮੰਨ ਲੈਂਦਾ ਹੈ, ਕਿਉਂਕਿ ਉਹ ਸੰਤ ਰਾਮ ਨਾਮ ਦੇ ਰੰਗ ਵਿਚ ਰੱਤੇ ਹੋਏ ਹਨ।

## ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ॥ ੧ ॥

ਜਿਨ੍ਹਾਂ ਨੇ ਪ੍ਰਭੂ ਦੇ ਚਰਨ ਪਰਾਤੇ=ਫੜੇ ਹਨ, ਵਾ:-ਪ੍ਰਭੂ ਦੇ ਚਰਨਾਂ ਦਾ ਧਿਆਨ ਕਰਨਾ ਪਰਾਤੇ=ਪਛਾਣਿਆ ਹੈ, ਉਹਨਾਂ ਦੀ ਸ਼ੋਭਾ ਸਾਰੀਆਂ ਜਗ੍ਹਾਂ ਪਰ ਹੁੰਦੀ ਹੈ॥ ੧ ॥

## ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥

ਹੇ ਮੇਰੇ ਭਾਈ ! ਹਰੀ ਦੇ ਸੰਤਾਂ ਜੇਡਾ ਕੋਈ ਭੀ ਨਹੀਂ ਹੈ।

## ਭਗਤਾ ਬਣਿ ਆਈ ਪ੍ਰਭ ਅਪਨੇ ਸਿਉ
## ਜਲਿ ਥਲਿ ਮਹੀਅਲਿ ਸੋਈ॥ ੧ ॥ ਰਹਾਉ ॥

ਭਗਤਾਂ ਦੀ ਆਪਣੇ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ,

ਪੁਨਾ ਭਗਤਾਂ ਨੇ ਇਹ ਨਿਸਚੇ ਕੀਤਾ ਹੈ ਕਿ ਉਹ ਪ੍ਰਭੂ ਜਲਾਂ ਵਿਚ, ਥਲਾਂ ਵਿਚ, ਮਹੀ-ਪ੍ਰਿਥਵੀ ਤੇ ਅਲਿ=ਅਕਾਸ਼ ਵਿਚ ਪੂਰਨ ਹੈ॥ ੧॥ ਰਹਾਉ॥

## ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥

ਕਰੋੜਾਂ ਅਪਰਾਧੀ ਸੰਤਾਂ ਦਾ ਸੰਗ ਕਰ ਕੇ ਤਰ ਗਏ ਹਨ, ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ ।

## ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਣਿ ਮਿਲਾਵੈ॥੨ ॥

ਜਿਹੜਾ ਜੀਵ ਜਨਮਾਂ ਜਨਮਾਂ ਦਾ ਵਿਛੁੜਿਆ ਹੁੰਦਾ ਹੈ, ਉਸ ਨੂੰ ਆਣਿ=ਲਿਆ ਕੇ ਹਰੀ ਨਾਲ ਮਿਲਾ ਦੇਂਦੇ ਹਨ॥ ੨॥

## ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥

ਜਿਹੜਾ ਕੋਈ ਸੰਤਾਂ ਦੀ ਸ਼ਰਨ ਵਿਚ ਆਉਂਦਾ ਹੈ, ਸੰਤ ਉਸ ਦੇ ਅੰਦਰੋਂ ਮਾਇਆ ਦਾ ਮੋਹ, ਪੰਜ ਪਰਕਾਰ ਦਾ ਭਰਮ ਅਤੇ ਜਮਾਂ ਦਾ ਡਰ ਕੱਟ ਦੇਂਦੇ ਹਨ।

## ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥ ੩ ॥

ਜਿਸ ਤਰ੍ਹਾਂ ਦਾ ਕੋਈ ਸੰਕਲਪ ਕਰ ਕੇ ਅਰਾਧਦਾ ਹੈ, ਓਹੀ ਫਲ ਸੰਤਾਂ ਪਾਸੋਂ ਪਾ ਲੈਂਦਾ ਹੈ॥ ੩॥

## ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥

ਉਹਨਾਂ ਸੰਤ ਜਨਾਂ ਦੀ ਮਹਿਮਾ ਮੈਂ ਕਿੰਨੀ ਕੁ ਕਥਨ ਕਰਾਂ, ਜੋ ਆਪਣੇ ਪ੍ਰਭੂ ਨੂੰ ਭਾ ਗਏ ਹਨ।

## ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥੪ ॥੪ ॥੫੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਉਹ ਸਭ ਦੀ ਕਾਨ ਕਨੌਡ ਤੋਂ ਰਹਿਤ ਹੋ ਗਏ ਹਨ, ਭਾਵ ਉਹ ਬੇ-ਮੁਥਾਜ (ਬੇਮੁਹਤਾਜ) ਹੋ ਗਏ ਹਨ॥ ੪॥ ੪॥ ੫੧॥

## ਸੂਹੀ ਮਹਲਾ ੫ ॥

ਪਹਿਲੇ ਰਹਾਉ ਦੀ ਤੁਕ ਦਾ ਅਰਥ ਕਰਨਾ:-"ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ॥"

## ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ॥

ਹੇ ਮੇਰੇ ਰਾਮ ! ਜੋ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਪਏ ਹਨ, ਉਹਨਾਂ ਨੂੰ ਤੁਸਾਂ ਨੇ ਬੜੀ ਡਰਾਉਣੀ ਅੱਗ ਤੋਂ। ਵਾ:-ਮਹਾਂ ਅਗਨ ਰੂਪ ਸੰਸਾਰ ਤੋਂ ਹੱਥ ਦੇ ਕੇ ਰੱਖ ਲਿਆ ਹੈ।

**ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ॥ ੧॥**

ਮੇਰੇ ਹਿਰਦੇ ਅੰਦਰ ਆਪ ਜੀ ਦਾ ਹੀ ਮਾਣ ਤਾਣ ਹੈ,

ਹੋਰ ਦੂਜੀ ਸਭ ਆਸਾ ਚੁਕਾਈ=ਦੂਰ ਕਰ ਦਿੱਤੀ ਹੈ॥ ੧॥

**ਮੇਰੇ ਰਾਮਰਾਇ ਤੁਧੁ ਚਿਤਿ ਆਇਐ ਉਬਰੇ॥**

ਹੇ ਮੇਰੇ ਰਾਮ ਰਾਜੇ ! ਆਪ ਜੀ ਦੇ ਚੇਤੇ ਆਇਆਂ ਹੀ ਅਸਾਂ ਸੰਸਾਰ ਤੋਂ ਬੱਚ ਗਏ ਹਾਂ।

**ਤੇਰੀ ਟੇਕ ਭਰਵਾਸਾ ਤੁਮ੍ਰਰਾ ਜਪਿ ਨਾਮੁ ਤਮ੍ਹਾਰਾ ਉਧਰੇ ॥੧॥ ਰਹਾਉ॥**

ਆਪ ਜੀ ਦੀ ਟੇਕ=ਓਟ ਹੈ, ਆਪ ਜੀ ਦਾ ਭਰੋਸਾ ਹੈ, ਆਪ ਜੀ ਦਾ ਨਾਮ ਜਪਕੇ ਹੀ ਅਸੀਂ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਾਂ॥ ੧॥ ਰਹਾਉ॥

**ਅੰਧ ਕੂਪ ਤੇ ਕਾਢਿ ਲੀਏ ਤੁਮ੍ਹ ਆਪਿ ਭਏ ਕਿਰਪਾਲਾ॥**

ਤੁਸਾਂ ਨੇ ਆਪ ਹੀ ਕਿਰਪਾਲੂ ਹੋ ਕੇ ਅੰਨ੍ਹੇ ਖੂਹੇ ਸੰਸਾਰ ਤੋਂ ਕੱਢ ਲਿਆ ਹੈ।

**ਸਾਰਿ ਸਮ੍ਹਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ॥ ੨॥**

ਤੁਸਾਂ ਨੇ ਸਾਰ ਸੰਭਾਲ ਕੇ ਸਾਰੇ ਸੁਖ ਦਿੱਤੇ ਹਨ, ਅਤੇ ਆਪ ਹੀ ਪਾਲਣਾ ਕਰਦੇ ਹੋ॥ ੨॥

**ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ॥**

ਹੇ ਪਰਮੇਸ਼ਰ ! ਤੁਸਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰ ਕੇ ਮੋਹ ਦੇ ਬੰਧਨ ਕੱਟ ਕੇ ਜਮਾਂ ਤੋਂ ਛਡਾ ਲਿਆ ਹੈ

**ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥ ੩॥**

ਹੇ ਪ੍ਰਭੂ ! ਤੁਸਾਂ ਨੇ ਆਪਣੀ ਭਗਤੀ ਆਪ ਹੀ ਕਰਵਾਈ ਹੈ, ਅਤੇ ਆਪ ਹੀ ਆਪਣਿਆਂ ਸੇਵਕਾਂ ਨੂੰ ਸੇਵਾ ਕਰਨ ਵਿਚ ਲਗਾਇਆ ਹੈ॥ ੩॥

**ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ॥**

ਭਰਮ ਦੂਰ ਹੋ ਗਿਆ ਹੈ, ਭੈ=ਡਰ ਤੇ ਮੋਹ ਨਾਸ ਹੋ ਗਿਆ ਹੈ ਅਤੇ ਸਾਰਾ ਵਿਸੂਰਾ=ਝੋਰਾ ਭੀ ਮਿਟ ਗਿਆ ਹੈ।

**ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ॥ ੪॥ ੫॥ ੫੨॥**

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਦਾਤੇ ਪ੍ਰਭੂ ! ਆਪ ਜੀ ਨੇ ਦਇਆ ਦ੍ਰਿਸ਼ਟੀ ਕੀਤੀ ਹੈ, ਇਸ ਕਰਕੇ ਪੂਰਾ ਸਤਿਗੁਰੂ ਮਿਲ ਪਿਆ ਹੈ॥ ੪॥ ੫॥ ੫੨॥

**ਸੂਹੀ ਮਹਲਾ ੫॥**

**ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥**

ਜਿਸ ਵੇਲੇ ਮਾਂ ਦੇ ਗਰਭ ਵਿਚ ਇਹ ਜੀਵ ਕੁਝ ਵੀ ਕਰਨ ਜੋਗਾ ਨਹੀਂ ਸੀ, ਤਿਸ ਵੇਲੇ ਆਪਣੇ ਬਚਾਉ

ਲਈ ਕਿਆ ਕਰਤਾ=ਕੀ ਕਰਦਾ ਸੀ, ਜਦ ਮਾਂ ਦੇ ਗਰਭ ਤੋਂ ਬਾਹਰ ਆਇਆ ਤਦ ਇਹ ਕਿਹੜਾ ਕਰਮ ਕਰਦਾ ਸੀ, ਅਰਥਾਤ ਕੁਝ ਭੀ ਨਹੀਂ ਕਰਦਾ ਸੀ। ਉਹ ਪਰਮੇਸ਼ਰ ਹੀ ਖਾਣ ਪਾਣ ਦੇਂਦਾ ਸੀ।

**ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥੧॥**

ਉਹ ਪ੍ਰਭੂ ਆਪਣੇ ਖੇਲ ਨੂੰ ਆਪ ਹੀ ਕਰਕੇ ਵੇਖਦਾ ਹੈ, ਜਿਸ ਠਾਕੁਰ ਨੇ ਇਸ ਰਚਨੁ=ਸੰਸਾਰ ਨੂੰ ਰਚਾਇਆ=ਪੈਦਾ ਕੀਤਾ ਹੈ॥ ੧ ॥

**ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ॥**

ਹੇ ਮੇਰੇ ਰਾਮ ਰਾਜੇ ! ਮੇਰੇ ਪਾਸੋਂ ਤਾਂ ਕੁਝ ਭੀ ਨਹੀਂ ਹੁੰਦਾ।

**ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ॥ ੧ ॥ ਰਹਾਉ ॥**

ਤੂੰ ਆਪ ਹੀ ਬ੍ਰਹਮਾ ਆਦਿਕਾਂ ਨੂੰ ਕਰਦਾ ਹੈਂ ਅਤੇ ਉਨ੍ਹਾਂ ਤੋਂ ਫਿਰ ਆਪ ਹੀ ਜਗਤ ਨੂੰ ਕਰਾਉਂਦਾ ਹੈਂ। ਤੂੰ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈਂ, ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈਂ ਫੇਰ ਆਪ ਹੀ ਫਲ ਦੇਣਾ ਕਰਦਾ ਹੈਂ, ਸੋ ਤੂੰ ਆਪ ਹੀ ਨਿਰੰਤਰਿ=ਇਕ-ਰਸ ਸਾਰਿਆਂ ਦੇ ਅੰਦਰ ਵਿਆਪਕ ਹੈਂ॥ ੧ ॥ ਰਹਾਉ ॥

**ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ॥**

ਕਰਮਾਂ ਦੀ ਗਿਣਤੀ ਗਿਣਿਆਂ ਇਹ ਜੀਵ ਕਦੇ ਭੀ ਨਹੀਂ ਛੁਟ ਸਕਦਾ,

ਜਿਸ ਦੇਹ ਦਾ ਹੰਕਾਰ ਕਰਦਾ ਹੈ ਇਹ ਦੇਹ ਕੱਚੀ ਹੈ ਅਤੇ ਬੁੱਧੀ ਵੀ ਇਆਣੀ=ਅਗਿਆਤ ਹੈ।

**ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ॥ ੨ ॥**

ਹੇ ਕਰਣਹਾਰ ਪ੍ਰਭੂ ! ਆਪ ਕਿਰਪਾ ਦ੍ਰਿਸ਼ਟੀ ਕਰੋ, ਆਪ ਜੀ ਦੀ ਬਖਸ਼ਿਸ਼ ਨਿਰਾਲੀ ਹੈ॥ ੨ ॥

**ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ॥**

ਇਹ ਜੀਆ ਜੰਤ ਸਭ ਆਪ ਜੀ ਦੇ ਪੈਦਾ ਕੀਤੇ ਹੋਏ ਹਨ,

ਘਟ ਘਟ ਵਿਚ ਸਾਰੇ ਆਪ ਜੀ ਨੂੰ ਹੀ ਧਿਆ ਰਹੇ ਹਨ।

**ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ॥ ੩ ॥**

ਤੇਰੀ ਗਤ ਦੀ ਜੋ ਮਿਤਿ=ਮਰਯਾਦਾ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ,

ਸਾਥੋਂ ਤਾਂ ਤੇਰੀ ਕੁਦਰਤਿ=ਮਾਇਆ ਦੀ, ਵਾ:-ਸ਼ਕਤੀ ਦੀ ਕੀਮਤ ਨਹੀਂ ਪੈਂਦੀ ॥ ੩ ॥

**ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥**

ਮੈਂ ਨਿਰਗੁਣੁ=ਸ਼ੁਭ-ਗੁਣਾਂ ਤੋਂ ਰਹਿਤ, ਮੁਗਧੁ=ਮੂਰਖ, ਅਜਾਣੁ=ਬੇਸਮਝ ਤੇ ਅਗਿਆਨੀ ਹਾਂ ਅਤੇ ਨਾ ਹੀ ਮੈਂ ਚੰਗੇ ਕਰਮ-ਧਰਮ ਕਰਨੇ ਜਾਣਦਾ ਹਾਂ।

**ਦਇਆ ਕਰਹੁ ਨਾਨਕੁ ਗੁਣ ਗਾਵੈ**

**ਮਿਠਾ ਲਗੈ ਤੇਰਾ ਭਾਣਾ॥ ੪ ॥ ੬ ॥ ੫੩ ॥**

ਗੁਰੂ ਜੀ ਕਥਨ ਕਰਦੇ ਹਨ-ਅਜੇਹੀ ਦਇਆ ਕਰੋ ਜਿਸ ਤੇ ਆਪ ਜੀ ਦੇ ਗੁਣ ਗਾਵਾਂ

ਅਤੇ ਆਪ ਜੀ ਦਾ ਭਾਣਾ ਮਿੱਠਾ ਲਗੇ॥ ੪॥ ੬॥ ੫੩॥

**ਸੂਹੀ ਮਹਲਾ ੫॥**

**[ਪੰਨਾ ੭੪੯] ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ॥**

ਹੇ ਹਰੀ ! ਆਪ ਜੀ ਦੇ ਸੰਤ ਭਾਗਠੜੇ=ਧਨਾਢ (ਸ਼ਾਹੂਕਾਰ) ਹਨ,

ਵਾ:-ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਹਿਰਦੇ-ਘਰ ਵਿਚ ਹਰੀ ਨਾਮ ਰੂਪ ਧਨ ਹੈ।

**ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥੧॥**

ਇਹ=ਇਸ ਸੰਸਾਰ ਵਿਚ ਆਏ ਹੋਏ ਓਹੀ ਪਰਵਾਣੁ=ਸਫਲ ਗਿਣੇ ਗਏ ਹਨ,

ਅਤੇ ਉਨ੍ਹਾਂ ਦੇ ਸਾਰੇ ਕੰਮ ਕੀਤੇ ਹੋਏ ਸਫਲ ਹਨ॥ ੧॥

**ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥**

ਹੇ ਮੇਰੇ ਰਾਮ ! ਮੈਂ ਹਰੀ ਦੇ ਸੰਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ।

**ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ॥**

ਆਪਣੇ ਕੇਸਾਂ ਦਾ ਚੌਰ ਬਣਾ ਕੇ ਢੁਲਾਉਂਦਾ ਹਾਂ, ਅਤੇ ਉਹਨਾਂ ਦੀ ਚਰਨ-ਧੂੜੀ ਮੱਥੇ ਉਤੇ ਲਾਉਂਦਾ ਹਾਂ।

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**

ਜਨਮ ਤੇ ਮਰਨ ਇਨ੍ਹਾਂ ਦੋਹਾਂ ਵਿਚ ਨਹੀਂ ਹਨ, ਉਹ ਸੰਤ ਜਨ ਕੇਵਲ ਪਰ-ਉਪਕਾਰ ਕਰਨ ਵਾਸਤੇ ਜਗਤ ਵਿਚ ਆਏ ਹਨ।

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥**

ਜੀਆਂ ਨੂੰ ਉਪਦੇਸ਼ ਦਾਨ ਦੇ ਕੇ, ਵਾ:-ਜੀਵਨ ਦਾਨ ਦੇ ਕੇ ਪ੍ਰਭੂ ਦੀ ਭਗਤੀ ਵਿਚ ਲਾਉਂਦੇ ਹਨ ਅਤੇ ਹਰੀ ਨਾਲ ਮਿਲਾ ਲੈਂਦੇ ਹਨ॥ ੨॥

**ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥**

ਉਹਨਾਂ ਦਾ ਅਮਰੁ=ਹੁਕਮ ਸੱਚਾ ਹੈ, ਉਹਨਾਂ ਦੀ ਪਾਤਿਸ਼ਾਹੀ ਭੀ ਸੱਚੀ ਹੈ, ਕਿਉਂਕਿ ਉਹ ਸੱਚੇ ਪ੍ਰਭੂ ਦੇ ਨਾਲ ਹੀ ਰਾਤੇ=ਮਿਲੇ ਹੋਏ ਹਨ।

**ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥੩॥**

ਉਹਨਾਂ ਨੂੰ ਸੱਚਾ ਆਤਮ ਸੁਖ ਪ੍ਰਾਪਤ ਹੋਇਆ ਹੈ, ਇਸ ਕਰ ਕੇ ਜਗਤ ਵਿਚ ਉਹਨਾਂ ਦੀ ਸੱਚੀ ਵਡਿਆਈ ਹੋ ਰਹੀ ਹੈ, ਕਿਉਂਕਿ ਜਿਸ ਦੇ ਉਹ ਪੈਦਾ ਕੀਤੇ ਹੋਏ ਸਨ ਉਹਨਾਂ ਨੇ ਉਸ ਨੂੰ ਜਾਤੇ=ਜਾਣ ਲਿਆ ਹੈ।

*ਅਥਵਾ:*-ਜਿਸ ਪਰਮਾਤਮਾ ਦੇ ਉਹ ਦਾਸ ਸਨ, ਉਸੇ ਪਰਮਾਤਮਾ ਨੇ ਉਹਨਾਂ ਸੰਤਾਂ ਦੇ ਗੁਣ ਜਾਤੇ=ਜਾਣ ਲਏ ਹਨ॥ ੩॥ ਮੈਨੂੰ ਭੀ ਬਲ ਬਖਸ਼ੋ ਕਿ-

**ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥**

ਸੰਤਾਂ ਨੂੰ ਪੱਖਾ ਝੱਲਾਂ, ਉਹਨਾਂ ਵਾਸਤੇ ਪਾਣੀ ਢੋਵਾਂ ਅਤੇ ਹਰੀ ਦੇ ਸੰਤ ਜਨਾਂ ਪਾਸ ਜਾ ਕੇ ਪੀਸਣੁ=ਚੱਕੀ ਵਿਚ ਦਾਣਿਆਂ ਦੇ ਪੀਹਣ ਦੀ ਸੇਵਾ ਕਮਾਉਣਾ ਕਰਾਂ।

**ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥ ੭ ॥ ੫੪ ॥**

ਹੇ ਪ੍ਰਭੂ ! ਆਪ ਜੀ ਦੇ ਪਾਸ ਮੈਂ ਨਾਨਕ ਦੀ ਏਹੋ ਬੇਨਤੀ ਹੈ ਕਿ ਮੈਂ ਹਰ ਵੇਲੇ ਤੇਰੇ ਸੰਤ ਜਨਾਂ ਦਾ ਦਰਸ਼ਨ ਕਰਦਾ ਰਹਾਂ ॥ ੪ ॥ ੭ ॥ ੫੪ ॥

**ਸੂਹੀ ਮਹਲਾ ੫ ॥ ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ ॥**

ਹੇ ਪਾਰਬ੍ਰਹਮ ਪਰਮੇਸ਼ਰ ਸਤਿ=ਤ੍ਰੈ ਕਾਲ ਅਬਾਧ, ਗੁਰ=ਚੇਤਨ ਸਰੂਪ ਤੂੰ ਆਪ ਹੀ ਸਭ ਕੁਝ ਕਰਨ ਵਾਲਾ ਹੈਂ।

**ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ ॥ ੧ ॥**

ਮੈਂ ਸੇਵਕ ਤੇਰੀ ਚਰਨ-ਧੂੜ ਮੰਗਦਾ ਹਾਂ, ਅਤੇ ਤੇਰੇ ਦਰਸ਼ਨ ਤੋਂ ਕੁਰਬਾਨ ਜਾਦਾ ਹਾਂ ॥ ੧ ॥

**ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥**

ਹੇ ਮੇਰੇ ਰਾਮਰਾਜੇ ! ਜਿਵੇਂ ਜਿਵੇਂ ਆਪ ਰੱਖਦੇ ਹੋ, ਤਿਵੇਂ ਅਸੀਂ ਰਹਿੰਦੇ ਹਾਂ।

**ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥ ੧ ॥ ਰਹਾਉ ॥**

ਆਪ ਜੀ ਨੂੰ ਭਾਵੇ ਤਾਂ ਹੀ ਨਾਮ ਜਪਵਾਉਂਦੇ ਹੋ, ਆਪ ਜੀ ਦਾ ਦਿੱਤਾ ਹੋਇਆ ਹੀ ਸੁਖ ਲਈਦਾ ਹੈ ॥ ੧ ॥ ਰਹਾਉ ॥

**ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥**

ਆਪ ਜੀ ਦੀ ਸੇਵਾ ਦੇ ਵਿਚ ਹੀ ਮੁਕਤੀ ਦੀ ਯੁਗਤੀ ਤੇ ਭੁਗਤੀ ਦੀ ਯੁਗਤੀ ਹੈ, ਪਰ ਜਿਸ ਪਾਸੋਂ ਤੁਸੀਂ ਆਪ ਕਰਵਾਉਂਦੇ ਹੋ ਓਹੀ ਪੁਰਸ਼ ਸੇਵਾ ਕਰਦਾ ਹੈ।

**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ ੨ ॥**

ਜਿਥੇ ਆਪ ਜੀ ਦਾ ਕੀਰਤਨ ਹੁੰਦਾ ਹੈ ਓਹੀ ਬੈਕੁੰਠ ਧਾਮ ਹੈ,

ਹੇ ਪ੍ਰਭੂ ! ਤੂੰ ਆਪ ਹੀ ਗੁਰਮੁਖ ਜਗਿਆਸੂਆਂ ਅੰਦਰ ਸ਼ਰਧਾ ਲਾਇਹਿ=ਲਾਉਂਦਾ ਹੈਂ ॥ ੨ ॥

**ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥**

ਹੇ ਸਿਮਰਨੇ ਜੋਗ ! ਤੇਰੇ ਨਾਮ ਨੂੰ ਸਿਮਰ-ਸਿਮਰ ਕੇ ਜੀਉਂਦਾ ਹਾਂ ਅਤੇ ਤਨ ਮਨ ਕਰਕੇ ਮੈਂ ਨਿਹਾਲਾ=ਦੁੱਖਾਂ ਤੋਂ ਰਹਿਤ ਹੋਇਆ ਹਾਂ।

**ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥ ੩ ॥**

ਹੇ ਮੇਰੇ ਦੀਨ ਦਿਆਲ ਸਤਿਗੁਰੂ ! ਆਪ ਜੀ ਦੇ ਚਰਨ-ਕਮਲ ਮੈਂ ਧੋ-ਧੋ ਕੇ ਪੀਂਦਾ ਹਾਂ ॥ ੩ ॥

**ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥**

ਉਸ ਵੇਲੇ ਦੀ ਸ਼ੋਭਨੀਕ ਘੜੀ ਤੋਂ ਮੈ ਕੁਰਬਾਨ ਜਾਂਦਾ ਹਾਂ, ਜਿਸ ਵੇਲੇ ਆਪ ਜੀ ਦੇ ਦਰਵਾਜ਼ੇ ਪਰ ਆਇਆ ਸਾਂ।

**ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥੪॥੮॥੫੫॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜਿਸ ਵੇਲੇ ਆਪ ਮੈਂ ਦਾਸ ਉਤੇ ਕ੍ਰਿਪਾਲੂ ਹੋਏ ਤਾਂ ਹੀ ਮੈਂ ਪੂਰਿਆਂ ਸਤਿਗੁਰਾਂ ਨੂੰ ਪਾਇਆ ॥ ੪॥ ੮॥ ੫੫॥

## ਸੂਹੀ ਮਹਲਾ ੫ ॥

ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

**ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥**

ਹੇ ਸਾਹਿਬ ! ਆਪ ਜੀ ਦੇ ਚੇਤੇ ਆਉਣ ਨਾਲ ਬੜਾ ਅਨੰਦ ਹੁੰਦਾ ਹੈ, ਜਿਸ ਨੂੰ ਆਪ ਭੁੱਲ ਜਾਂਦੇ ਹੋ, ਉਹ ਮਰ ਜਾਂਦਾ ਹੈ, ਵਾ:-ਉਹ ਮਰਦਾ ਜੰਮਦਾ ਹੈ।

**ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੧॥**

ਹੇ ਕਰਤੇ ਪੁਰਖ ! ਜਿਸ ਉਤੇ ਆਪ ਦਿਆਲੂ ਹੁੰਦੇ ਹੋ, ਉਹ ਸਦਾ ਆਪ ਜੀ ਨੂੰ ਧਿਆਉਂਦਾ ਹੈ॥ ੧॥

**ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥**

ਹੇ ਮੇਰੇ ਸਾਹਿਬ ! ਮੈਂ ਨਿਮਾਣੀ ਦਾ ਤੂੰ ਮਾਣ ਰੂਪ ਹੈਂ।

**ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ਰਹਾਉ॥**

ਹੇ ਆਪਣੇ ਪ੍ਰਭੂ ! ਮੈਂ ਆਪ ਜੀ ਦੇ ਅੱਗੇ ਏਹੋ ਅਰਦਾਸਿ=ਬੇਨਤੀ ਕਰਦਾ ਹਾਂ, ਕਿ ਆਪ ਜੀ ਦੀ ਨਾਮ-ਬਾਣੀ ਹੀ ਸੁਣ-ਸੁਣ ਕੇ ਜੀਉਂਦੀ ਰਹਾਂ॥ ੧॥ ਰਹਾਉ॥

**ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥**

ਤੇਰਿਆਂ ਦਾਸਾਂ ਦੀ ਚਰਨ ਧੂੜੀ ਹੋ ਜਾਵਾਂ ਅਤੇ ਆਪ ਜੀ ਦੇ ਦਰਸ਼ਨ ਤੋਂ ਬਲਿਹਾਰ ਜਾਣਾ ਕਰਾਂ।

**ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥**

(੧) ਆਪ ਜੀ ਦੇ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਹਿਰਦੇ ਦੇ ਉਰਿ=ਵਿਚ ਧਾਰਦੀ ਹਾਂ, ਆਪ ਜੀ ਦੀ ਕਿਰਪਾ ਨਾਲ ਹੀ ਆਪ ਦਾ ਸੰਗ ਕਰਨਾ ਪਾਉਂਦੀ ਹਾਂ।

(੨) ਸੰਤਾਂ ਦੇ ਅੰਮ੍ਰਿਤ ਰੂਪ ਬਚਨਾਂ ਨੂੰ ਹਿਰਦੇ ਵਿਚ ਧਾਰਦੀ ਹਾਂ, ਕਿਉਂਕਿ ਆਪ ਜੀ ਦੀ ਕਿਰਪਾ ਨਾਲ ਹੀ ਸੰਤਾਂ ਦਾ ਸੰਗ ਕਰਨਾ ਪਾਉਂਦੀ ਹਾਂ॥ ੨॥

**ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥**

ਮੈਂ ਆਪਣੇ ਅੰਦਰ ਦੀ ਗਤਿ=ਹਾਲਤ ਆਪ ਜੀ ਦੇ ਪਾਸ ਸਾਰੀ=ਪ੍ਰਗਟ ਕੀਤੀ ਹੈ, ਕਿਉਂਕਿ ਆਪ ਜੀ ਜੇਡਾ ਵੱਡਾ ਹੋਰ ਕੋਈ ਨਹੀਂ।

## ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ॥ ੩॥

ਜਿਸ ਨੂੰ ਆਪ ਲਾਇ=ਲਗਾ ਲੈਹਿ=ਲੈਂਦੇ ਹੋ ਓਹੀ ਭਗਤੀ ਵਿਚ ਲਾਗੈ=ਲੱਗਦਾ ਹੈ, ਅਤੇ ਓਹੀ ਆਪ ਜੀ ਦਾ ਅਸਲ ਭਗਤ ਹੈ॥ ੩॥

## ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥

ਮੈਂ ਦੋ ਕਰ=ਹੱਥ ਜੋੜ ਕੇ ਇਕ ਦਾਨ ਮੰਗਦਾ ਹਾਂ,

ਪਰ ਹੇ ਸਾਹਿਬ ! ਆਪ ਜੀ ਦੇ ਤੁਠੇ=ਪ੍ਰਸੰਨ ਹੋਣ ਤੇ ਹੀ ਪਾਵਾਂਗਾ।

ਕਿਹੜਾ ਦਾਨ ਮੰਗਦੇ ਹਨ ਉਹ ਦੱਸਦੇ ਹਨ-

## ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥ ੪॥ ੯॥ ੫੬॥

ਮੈਂ ਨਾਨਕ ਸਵਾਸ-ਸਵਾਸ ਆਪ ਜੀ ਦੇ ਨਾਮ ਨੂੰ ਆਰਾਧਦਾ ਰਹਾਂ,

ਅਤੇ ਅੱਠੇ ਪਹਿਰ ਆਪ ਜੀ ਦੇ ਗੁਣ ਗਾਉਂਦਾ ਰਹਾਂ॥ ੪॥ ੯॥ ੫੬॥

## ਸੂਹੀ ਮਹਲਾ ੫॥

## ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥

ਹੇ ਸੁਆਮੀ ਪਰਮਾਤਮਾ ! ਜਿਸ ਦੇ ਸਿਰ ਉਤੇ ਤੂੰ ਰਖਵਾਲਾ ਹੈਂ, ਉਹ ਪੁਰਸ਼ ਕਿਸ ਤਰ੍ਹਾਂ ਦੁੱਖ ਪਾ ਸਕਦਾ ਹੈ ? ਭਾਵ ਨਹੀਂ ਦੁੱਖ ਪਾ ਸਕਦਾ।

## ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥ ੧॥

ਜੋ ਮਾਇਆ ਦੇ ਮਦ ਵਿਚ ਮਸਤ ਹੈ ? ਅਤੇ ਜਿਸ ਨੂੰ ਮਰਨਾ ਭੀ ਚੇਤੇ ਨਹੀਂ ਆਉਂਦਾ, ਉਹ ਤਾਂ ਸ਼ੁਭ-ਬਚਨ ਬੋਲ ਨਹੀਂ ਜਾਣਦਾ, ਵਾ:-ਨਾਮ ਬੋਲਣਾ ਨਹੀਂ ਜਾਣਦਾ॥ ੧॥

## ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥

ਹੇ ਮੇਰੇ ਰਾਮ ਰਾਜੇ ! ਤੂੰ ਸੰਤਾਂ ਦਾ ਰਾਖਾ ਹੈਂ, ਸੰਤ ਤੇਰੇ ਆਸਰੇ ਹਨ।

## ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ॥

ਤੇਰੇ ਸੇਵਕ ਨੂੰ ਕਿਸੇ ਦਾ ਕੁਝ ਡਰ ਨਹੀਂ ਹੈ, ਅਤੇ ਉਸ ਸੇਵਕ ਦੇ ਨੇਰੇ=ਨੇੜੇ ਜਮ ਭੀ ਨਹੀਂ ਆ ਸਕਦਾ॥ ੧॥ ਰਹਾਉ॥

[ਪੰਨਾ ੭੫੦]

## ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥

ਹੇ ਸੁਆਮੀ ਪਰਮਾਤਮਾ ! ਜੋ ਤੇਰੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ,

ਉਹਨਾਂ ਦਾ ਜਨਮ ਮਰਨ ਰੂਪ ਦੁੱਖ ਨਾਸ ਹੋ ਗਿਆ ਹੈ।

## ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥ ੨॥

ਤੇਰੀ ਬਖ਼ਸ਼ਿਸ਼ ਨੂੰ ਕੋਈ ਮੇਟ ਹੀ ਨਹੀਂ ਸਕਦਾ, ਪਰ ਆਪ ਜੀ ਦੀ ਬਖ਼ਸ਼ਿਸ਼ ਉਸ ਨੂੰ ਪ੍ਰਾਪਤ ਹੋਈ ਹੈ ਜਿਸ ਨੂੰ ਸਤਿਗੁਰਾਂ ਦਾ ਦਿੱਤਾ ਹੋਇਆ ਧੀਰਜ ਪ੍ਰਾਪਤ ਹੋਇਆ ਹੈ॥ ੨॥

## ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ॥

ਜੋ ਤਨ ਕਰਕੇ ਨਾਮ ਨੂੰ ਧਿਆਉਂਦੇ ਹਨ ਤੇ ਮਨ ਕਰਕੇ ਅੱਠੇ ਪਹਿਰ ਨਾਮ ਨੂੰ ਆਰਾਧਦੇ ਹਨ, ਉਹ ਸੁਖ ਦੀ ਪ੍ਰਾਪਤੀ ਰੂਪ ਫਲ ਨੂੰ ਪਾਉਂਦੇ ਹਨ।

## ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩ ॥

ਜੋ ਤੇਰੀ ਸ਼ਰਲ ਵਿਚ ਪਏ ਹਨ ਉਹਨਾਂ ਨੇ ਆਪ ਜੀ ਦੇ ਭਰੋਸੇ ਨਾਲ ਪੰਜ (ਕਾਮ, ਕ੍ਰੋਧ ਆਦਿਕ) ਦੁਸ਼ਟ ਸਾਧ ਲਏ ਹਨ ਭਾਵ ਆਪਣੇ ਵੱਸ ਵਿਚ ਕਰ ਲਏ ਹਨ॥ ੩॥

## ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥

ਨਾ ਗਿਆਨ, ਨਾ ਧਿਆਨ, ਨਾ ਹੀ ਕੁਝ ਚੰਗੇ ਕਰਮ ਕਰਨੇ ਜਾਣਦਾ ਹਾਂ, ਅਤੇ ਤੇਰੀ ਸਾਰ ਭੀ ਨਹੀਂ ਜਾਣਦਾ ਹਾਂ।

*ਯਥਾ:-* "ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥
ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥ ੧॥"

*(ਜੈਤਸਰੀ ਮਹਲਾ ੫, ਪੰਨਾ ੭੦੨)*

ਇਕ ਏਹੋ ਗੱਲ ਜਾਣਦਾ ਹਾਂ, ਕਿ-

## ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥੪॥੧੦॥੫੭॥

ਸਾਰਿਆਂ ਤੋਂ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਚੌਥੇ ਸਰੂਪ ਵਿਚ ਹੋ ਕੇ ਮੇਰੀ ਕਲ -ਇੱਜ਼ਤ ਰੱਖ ਲਈ ਹੈ॥ ੪॥ ੧੦॥ ੫੭॥

## ਸੂਹੀ ਮਹਲਾ ੫ ॥

ਗੁਰੂ ਤੇ ਪਰਮੇਸ਼ਰ ਨੂੰ ਇਕ ਸਰੂਪ ਜਾਣ ਕੇ ਬੇਨਤੀ ਕਰਦੇ ਹਨ—

## ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ॥

(ਕੁਟੰਬ ਦੇ) ਸਭ ਜੀਵਾਂ ਨੂੰ ਤਿਆਗ ਕੇ ਭਾਵ ਸਾਰੇ ਪ੍ਰਵਾਰ ਦਾ ਮੋਹ ਛੱਡ ਕੇ ਗੁਰਾਂ ਦੀ ਸ਼ਰਨ ਵਿਚ ਆਇਆ ਹਾਂ, ਹੇ ਰਖਣ ਵਾਲੇ ਪ੍ਰਭੂ ! ਆਪ ਮੈਨੂੰ (ਸੰਸਾਰ ਤੋਂ) ਰੱਖ ਲਓ।

## ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ॥ ੧ ॥

ਜਿਸ ਤਰਫ ਆਪ ਲਗਾਉਂਦੇ ਹੋ, ਓਸੇ ਤਰਫ ਅਸੀ ਲੱਗ ਰਹੇ ਹਾਂ, ਇਹ ਵਿਚਾਰੇ ਜੀਵ ਆਪਣੇ ਆਪ ਕੀ ਕਰ ਸਕਦੇ ਹਨ॥ ੧॥

## ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ॥

ਹੇ ਮੇਰੇ ਰਾਮ ਜੀ ! ਤੂੰ ਅੰਤਰਜਾਮੀ ਪ੍ਰਭੂ ਹੈਂ,

ਵਾ:-ਤੂੰ ਸਰਬ ਕਲਾਂ ਕਰਕੇ ਪ੍ਰਭ=ਸਮਰੱਥ ਹੈਂ ਅਤੇ ਅੰਤਰਜਾਮੀ ਹੈਂ।

**ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ ॥੧॥ਰਹਾਉ॥**

ਹੇ ਦਿਆਲੂ ਗੁਰਦੇਵ ! ਅਜੇਹੀ ਕਿਰਪਾ ਕਰ, ਜਿਸ ਕਰਕੇ ਸੁਆਮੀ=ਪਰਮੇਸ਼ਰ ਦੇ ਗੁਣ ਨਿਤਾਪ੍ਰਤੀ ਗਾਉਣਾ ਕਰਾਂ॥ ੧ ॥ ਰਹਾਉ॥

**ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ॥**

ਹੇ ਪ੍ਰਭੂ ! ਤੁਹਾਨੂੰ ਆਪਣਾ ਸੁਆਮੀ ਸਮਝ ਕੇ ਅੱਠੇ ਪਹਿਰ ਧਿਆਉਣਾ ਕਰੀਏ, ਅਤੇ ਗੁਰਾਂ ਦੀ ਕਿਰਪਾ ਨਾਲ ਭੈਦਾਇਕ ਸੰਸਾਰ ਤੋਂ ਤਰ ਜਾਈਏ॥

**ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ॥ ੨ ॥**

ਆਪੁ=ਆਪਾ ਭਾਵ ਹੰਕਾਰ ਨੂੰ ਤਿਆਗ ਕੇ ਸਾਰਿਆਂ ਦੀ ਚਰਨ-ਧੂੜ ਹੋ ਜਾਈਏ,
ਇਸ ਤਰ੍ਹਾਂ ਜੀਵਤ ਭਾ ਤੋਂ ਮਰ ਜਾਈਏ॥ ੨॥

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ॥**

ਜਗਤ ਦੇ ਵਿਚ ਉਸ ਦਾ ਮਨੁੱਖਾ ਜਨਮ ਸਫ਼ਲ ਹੈ, ਜੋ ਸਤਸੰਗਤ ਵਿਚ ਜਾ ਕੇ ਵਾਹਿਗੁਰੂ-ਵਾਹਿਗੁਰੂ ਨਾਮ ਜਪਦਾ ਹੈ।

**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ॥ ੩ ॥**

ਉਸ ਦੇ ਸਾਰੇ ਸੰਕਲਪ ਪੂਰੇ ਹੋਏ ਹਨ, ਜਿਸ ਉਤੇ ਪ੍ਰਭੂ ਆਪ ਹੀ ਦਇਆ-ਦ੍ਰਿਸ਼ਟੀ ਕਰਦਾ ਹੈ॥ ੩॥

**ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ॥**

ਹੇ ਪ੍ਰਭੂ ਸੁਆਮੀ ! ਤੂੰ ਪਿੱਛੇ ਦੀਨ ਦਿਆਲ ਸੀ, ਹੁਣ ਭੀ ਕ੍ਰਿਪਾਲੂ ਹੈਂ, ਅੱਗੇ ਭੀ ਦਿਆਲੂ ਹੋਵੇਂਗਾ; ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।

**ਕਰਿ ਕਿਰਪਾ ਅਪਨਾ ਨਾਮੁ ਦੀਜੈ**
**ਨਾਨਕ ਸਾਧ ਰਵਾਲਾ॥ ੪ ॥ ੧੧ ॥ ੫੮ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰਕੇ ਆਪਣਾ ਨਾਮ ਦਾਨ ਅਤੇ ਸੰਤਾਂ ਦੇ ਦੀ ਰਵਾਲਾ=ਧੂੜ ਦੇਣਾ ਕਰ॥ ੪॥ ੧੧॥ ੫੮॥*

ਅਗਲਾ ਸ਼ਬਦ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਉਚਾਰਦੇ ਹਨ।

ਜਗਿਆਸੂ ਆਪਣੀ ਬਿਵਸਥਾ ਸੁਣਾਉਂਦਾ ਹੈ:-

---

*ਨੋਟ- ੯ ਸ਼ਬਦ ਪਹਿਲੇ ਗੁਰੂ ਜੀ ਦੇ ਹਨ।
੧੫ ਸ਼ਬਦ ਚਉਥੇ ਗੁਰੂ ਜੀ ਦੇ ਹਨ।
੫੮ ਸ਼ਬਦ ਪੰਜਵੇਂ ਗੁਰੂ ਜੀ ਦੇ ਹਨ।
-----------
ਜੋੜ ੮੨ ਇਸਤੇ ਇਥੇ ਵੱਡਾ ਜੋੜ ੮੨ ਠੀਕ ਹੈ।

## ਰਾਗ ਸੂਹੀ ਅਸਟਪਦੀਆ ਮਹਲਾ ੧ ਘਰੁ ੧

## ੧ੴ ਸਤਿਗੁਰ ਪ੍ਰਸਾਦਿ॥ ਸਭਿ ਅਵਗਣ ਮੈ ਗੁਣੁ ਨਹੀ ਕੋਈ॥

ਹੇ ਸੰਤੋ ! ਮੇਰੇ ਵਿਚ ਸਾਰੇ ਔਗੁਣ ਹਨ, ਗੁਣ ਤਾਂ ਕੋਈ ਭੀ ਨਹੀਂ ਹੈ।

## ਕਿਉ ਕਰਿ ਕੰਤ ਮਿਲਾਵਾ ਹੋਈ॥੧॥

ਪਰਮੇਸ਼ਰ-ਪਤੀ ਨਾਲ ਮੇਰਾ ਮਿਲਾਪ ਕਿਸ ਤਰ੍ਹਾਂ ਹੋਵੇਗਾ॥ ੧॥

## ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥੧॥ ਰਹਾਉ॥

ਨਾ ਮੇਰਾ ਸਫਾਈ ਰੂਪੀ ਰੂਪ ਹੈ, ਸੁਰਤੀ ਸਿੰਮ੍ਰਿਤੀ ਰੂਪ ਬੰਕੇ=ਸੁੰਦਰ ਨੈਣ ਭੀ ਨਹੀਂ ਹਨ।

ਨਾ ਹੀ ਸੰਤਾਂ ਵਾਲੀ ਅਚੁੱਤ ਕੁਲ ਹੈ, ਨਾ ਹੀ ਕੋਈ ਜਪ-ਤਪ (ਆਦਿਕ ਸਾਧਨਾਂ ਦੇ) ਕਰਨ ਦਾ ਢੰਗੁ=ਸਬੱਬ ਹੈ, ਨਾ ਹੀ ਮਿੱਠੇ ਬਚਨਾਂ ਦੇ ਬੋਲਣ ਦਾ ਵਲ ਹੈ॥ ੧॥ ਰਹਾਉ॥

ਇਹ ਬਚਨ ਸੁਣ ਕੇ ਅੱਗੋਂ ਮਹਾਤਮਾ ਉੱਤਰ ਦੇਂਦੇ ਹਨ-

## ਸਹਜਿ ਸੀਗਾਰ ਕਾਮਣਿ ਕਰਿ ਆਵੈ॥ ਤਾ ਸੋਹਾਗਣਿ ਜਾ ਕੰਤੈ ਭਾਵੈ॥੨॥

ਜੇਕਰ (ਜਗਿਆਸੂ ਰੂਪ) ਕਾਮਣਿ=ਇਸਤ੍ਰੀ ਸਹਜਿ=ਸ਼ਾਂਤੀ ਰੂਪ ਸ਼ਿੰਗਾਰ ਦੇ ਕਰਨ ਵਿਚ ਆਵੇ, ਤਾਂ ਇਹ ਪਤੀ (ਪਰਮਾਤਮਾ) ਨੂੰ ਭਾਉਂਦੀ ਹੈ ਜਾਂ ਪਤੀ ਨੂੰ ਭਾ ਜਾਵੇ ਤਾਂ ਸੁਹਾਗਣ ਹੁੰਦੀ ਹੈ॥ ੨॥

## ਨਾ ਤਿਸੁ ਰੂਪੁ ਨ ਰੇਖਿਆ ਕਾਈ॥ਅੰਤਿ ਨ ਸਾਹਿਬੁ ਸਿਮਰਿਆ ਜਾਈ॥੩॥

ਜੇ ਜਗਿਆਸੂ ! ਉਸ ਸਾਹਿਬ ਦਾ ਕੋਈ ਰੂਪ ਨਹੀਂ ਹੈ, ਨਾ ਹੀ ਕੋਈ ਕੱਛ ਮੱਛ ਆਦਿਕ ਰੇਖਾ ਹੈ। ਅੰਤ ਦੇ ਵੇਲੇ ਉਸ ਸਾਹਿਬ ਨੂੰ ਸਿਮਰਿਆ ਨਹੀਂ ਜਾਣਾ।

ਉਸ ਦੇ ਸਿਮਰਨ ਦਾ ਵੇਲਾ ਹੁਣੇ ਹੀ ਹੈ॥ ੩॥

ਪਹਿਲੇ ਇਸ ਤਰ੍ਹਾਂ ਬੇਨਤੀ ਕਰ-

## ਸੁਰਤਿ ਮਤਿ ਨਾਹੀ ਚਤੁਰਾਈ॥ ਕਰਿ ਕਿਰਪਾ ਪ੍ਰਭ ਲਾਵਹੁ ਪਾਈ॥੪॥

ਸੁਰਤਿ=ਵੇਦਾਂ ਦੀਆਂ ਜੋ ਸੁਰਤੀਆਂ ਹਨ ਉਹਨਾਂ ਦੇ ਮਤਿ=ਸਿਧਾਂਤ ਗ੍ਰਹਿਣ ਕਰਨ ਵਾਲੀ ਚਤੁਰਾਈ ਮੇਰੇ ਵਿਚ ਨਹੀਂ ਹੈ।

(੨) ਨਾ ਸੁਰਤਿ=ਗਿਆਤ ਹੈ, ਵਾ:-ਨਾ ਹੀ ਸੁ-ਰਤਿ=ਸ੍ਰੇਸ਼ਟ ਪ੍ਰੀਤੀ ਹੈ,

ਨਾ ਹੀ ਮਤਿ=ਬੁੱਧੀ ਦੀ ਚਤੁਰਾਈ ਹੈ।

(੩) ਮੇਰੇ ਵਿਚ ਸੁਰਤਿ=ਸਮਝ ਵਾਲੀ ਬੁੱਧੀ ਤੇ ਚਤੁਰਾਈ ਨਹੀਂ ਹੈ।

ਹੇ ਪ੍ਰਭੂ ! ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਪਾਈ=ਚਰਨੀਂ ਲਾ ਲਵੋ॥ ੪॥

## ਖਰੀ ਸਿਆਣੀ ਕੰਤ ਨ ਭਾਣੀ॥ ਮਾਇਆ ਲਾਗੀ ਭਰਮਿ ਭੁਲਾਣੀ॥੫॥

ਭਾਵੇਂ ਮੈਂ ਵਿਉਹਾਰਾਂ ਵਿਚ ਖਰੀ=ਚੰਗੀ ਸਿਆਣੀ ਹਾਂ, ਪਰ ਮਾਇਆ ਦੇ ਲੱਗਣ ਕਰਕੇ ਭਰਮ ਵਿਚ ਭੁੱਲੀ ਫਿਰਦੀ ਹਾਂ, ਇਸ ਕਰਕੇ ਹੇ ਪਤੀ ! ਮੈਂ ਤੈਨੂੰ ਨਹੀਂ ਭਾਣੀ=ਭਾਉਂਦੀ।

ਅਗਲੀ ਤੁਕ ਵਿਚ ਫੇਰ ਮਹਾਤਮਾ ਜਗਿਆਸੂ ਨੂੰ ਸਮਝਾਉਂਦੇ ਹਨ-

## ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥

ਹੰਗਤਾ-ਮਮਤਾ ਨਵਿਰਤ ਹੋ ਜਾਵੇ ਤਾਂ ਇਸ ਦੀ ਪਰਮੇਸ਼ਰ-ਪਤੀ ਵਿਚ ਸਮਾਈ ਹੁੰਦੀ ਹੈ।
ਤਾਂ ਹੀ ਇਹ ਜਗਿਆਸੂ ਰੂਪ ਇਸਤ੍ਰੀ ਨਿੱਧੀ ਰੂਪ ਪਿਆਰੇ ਪਤੀ ਨੂੰ ਪਾਉਂਦੀ ਹੈ॥ ੬॥

## ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥

ਹੇ ਜਗਿਆਸੂ ! ਉਸ ਦੀ ਪ੍ਰਾਪਤੀ ਵਾਸਤੇ ਤੂੰ ਇੰਜ ਬੇਨਤੀ ਕਰ-
ਹੇ ਪ੍ਰਭੂ ! ਅਨੇਕਾਂ ਜਨਮ ਆਪ ਜੀ ਤੋਂ ਵਿਛੁੜ ਕੇ ਵਿਛੋੜੇ ਦਾ ਦੁੱਖ ਪਾਇਆ ਹੈ।

## ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥

ਹੇ ਪ੍ਰੀਤਮ ਪ੍ਰਭੂ ਰਾਜੇ ! ਹੁਣ ਮੇਰੇ ਮਨ ਰੂਪੀ ਕਰੁ=ਹੱਥ ਨੂੰ ਫੜ ਲੈਣਾ ਕਰੋ।
ਵਾ:-ਫੜ ਕੇ ਆਪਣੇ ਨਾਲ ਮਿਲਾ ਲੈਣਾ ਕਰੋ॥ ੭॥

## ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥ ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥

ਗੁਰੂ ਜੀ ਭਣਤਿ=ਕਥਨ ਕਰਦੇ ਹਨ, ਸਹੁ=ਪਤੀ ਪਰਮਾਤਮਾ ਭੀ=ਪਿੱਛੇ ਸੀ, ਹੁਣ ਹੈ, ਅੱਗੇ ਹੋਸੀ=ਹੋਵੇਗਾ, ਪਰ ਪਿਆਰਾ ਪ੍ਰਭੂ ਜਿਸ ਨੂੰ ਚਾਹੁੰਦਾ ਹੈ ਉਸ ਨੂੰ ਰਾਵੇਸੀ=ਰਾਂਵਦਾ ਹੈ॥ ੮॥ ੧॥

[ਪੰਨਾ ੭੫੧]

## ਸੂਹੀ ਮਹਲਾ ੧ ਘਰੁ ੬

## ੧ੴ ਸਤਿਗੁਰ ਪ੍ਰਸਾਦਿ ॥ ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥

ਹੇ ਭਾਈ ! ਜਿਵੇਂ ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਚਾਰ ਦਿਨ ਸੁਹਾਵਣਾ ਹੁੰਦਾ ਹੈ ਥੋੜ੍ਹੇ ਚਿਰ ਪਿੱਛੋਂ ਉਸ ਦਾ ਸੁਹੱਪਣ ਨਾਸ ਹੋ ਜਾਂਦਾ ਹੈ, ਤਿਵੇਂ ਪਦਾਰਥਾਂ ਦਾ, *ਅਥਵਾ:*-ਵਿਸ਼ਿਆਂ ਦਾ ਅਨੰਦ ਥੋੜ੍ਹਾ ਸਮਾਂ ਹੀ ਹੁੰਦਾ ਹੈ, ਚਾਰ ਦਿਨ ਤੋਂ ਬਾਅਦ ਅਰਥਾਤ ਕੁਝ ਸਮੇਂ ਤੋਂ ਬਾਅਦ ਇਹ ਅਨੰਦ ਅਭਾਵ ਹੋ ਜਾਂਦਾ ਹੈ।

## ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥

ਜੋ ਨਾਮ ਤੋਂ ਬਿਨਾਂ ਭਰਮ ਵਿਚ ਭੁੱਲੀ ਹੋਈ ਹੈ, ਉਸ ਕੂੜਿਆਰ ਇਸਤ੍ਰੀ ਨੂੰ (ਕਾਮ ਆਦਿਕ) ਠੱਗਾਂ ਨੇ ਮੁਠੀ=ਲੁੱਟ ਲਿਆ ਹੈ।

## ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥

ਸੱਚੇ ਪ੍ਰਭੂ ਨਾਲ ਰਤਿਆ=ਤਦਾਕਾਰ ਹੋਣ ਕਰਕੇ ਫਿਰ ਇਸ ਦਾ ਦੂਜੀ ਵਾਰ ਜਨਮ ਨਹੀਂ ਹੁੰਦਾ॥ ੧॥

## ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ ॥

ਜੋ ਰੰਗੁ=ਪ੍ਰੇਮ ਨੂੰ ਲਗਾ ਕੇ ਪ੍ਰਭੂ ਵਿਚ ਰਤੇ ਗਏ ਹਨ, ਉਨ੍ਹਾਂ ਰੰਗਿਆਂ ਹੋਇਆਂ ਦੇ ਨਾਲ ਕੀ ਕਰੇ?
*ਉੱਤਰ:*-ਉਨ੍ਹਾਂ ਦੇ ਨਾਲ ਆਪਣੇ ਆਪ ਨੂੰ ਰੰਗਣਾ ਕਰੇ।

ਅਥਵਾ:-ਹੇ ਪ੍ਰਭੂ ! ਜੋ ਪ੍ਰੇਮ ਨੂੰ ਲਗਾ ਕੇ ਆਪ ਜੀ ਨਾਲ ਰੰਗੇ ਹਨ, ਉਨ੍ਹਾਂ ਰੰਗਿਆਂ ਹੋਇਆਂ ਦਾ ਕੀ ਰੰਗਣਾ ਹੈ, ਤੂੰ ਸਾਨੂੰ ਰੰਗਣਾ ਕਰ।

**ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥ ੧ ॥ ਰਹਾਉ ॥**

ਹੇ ਭਾਈ ! ਰੰਗਣੇ ਵਾਲੇ ਗੁਰਾਂ ਨੂੰ ਸੇਵਨਾ ਕਰ, ਅਤੇ ਸੱਚੇ ਪ੍ਰਭੂ ਨਾਲ ਚਿਤ ਬਿਰਤੀ ਨੂੰ ਲਗਾਉਣਾ ਕਰ ॥ ੧ ॥ ਰਹਾਉ ॥

**ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ ॥**

ਪ੍ਰਤੱਖ ਧਨ, ਵਾ:-ਨਾਮ-ਧਨ ਦੀ ਪ੍ਰਾਪਤੀ ਵਾਸਤੇ ਜੇਕਰ ਕੋਈ ਚੌਹਾਂ ਕੁੰਡਾ=ਦਿਸ਼ਾਂ ਭੀ ਫਿਰਦਾ ਰਹੇ ਤਾਂ ਭੀ ਭਾਗਾਂ ਤੋਂ ਬਿਨਾਂ ਪ੍ਰਤੱਖ ਧਨ ਜਾਂ ਨਾਮ-ਧਨ ਨਹੀਂ ਮਿਲਦਾ।

**ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥**

ਜਿਹੜੇ ਔਗੁਣਾਂ ਕਰਕੇ ਮੁਠੀ=ਠੱਗੀ ਹੋਈ ਬੁੱਧੀ ਵਾਲੇ ਪੁਰਸ਼ ਫਿਰਦੇ ਹਨ।

ਉਹ ਬਧਿਕ=ਹਿੰਸਕ ਹਨ, ਇਸੇ ਕਰਕੇ ਉਹ ਸਰੂਪ ਥਾਂ ਨੂੰ ਨਹੀਂ ਪਾਉਂਦੇ।

**ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥ ੨ ॥**

ਜੋ ਮਨ ਕਰਕੇ ਸਬਦਿ ਮਾਹਿ=ਗੁਰ ਉਪਦੇਸ਼ ਵਿਚ ਰਤੇ=ਰੰਗੇ ਗਏ ਹਨ, ਉਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਉਹ ਵਿਕਾਰਾਂ ਤੋਂ ਉਬਰੇ=ਬਚ ਗਏ ਹਨ॥ ੨ ॥

ਪਖੰਡ ਦੀ ਨਖੇਧੀ ਕਰਦੇ ਹਨ:-

**ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥**

ਜਿਨ੍ਹਾ ਦੇ ਕਪੜੇ ਬਾਹਰੋਂ ਚਿੱਟੇ ਹਨ, ਅਤੇ ਚਿਤ=ਦਿਲ ਪਾਪਾਂ ਨਾਲ ਮੈਲੇ ਤੇ ਕਠੋਰ ਹਨ, ਜੀਵ ਹਿੰਸਿਆਂ ਕਰਦੇ ਹੋਏ ਤਰਸ ਨਹੀਂ ਕਰਦੇ।

**ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥**

(੧) ਉਨ੍ਹਾਂ ਦੇ ਮੂੰਹੋਂ ਕਦੇ ਨਾਮ ਨਹੀਂ ਨਿਕਲਦਾ, ਉਹ ਚੋਰ ਦੂਜੇ ਕੰਮਾਂ ਵਿਚ ਫਸੇ ਹੋਏ ਹਨ।

(੨) ਦੂਜੈ=ਦ੍ਵੈਤ ਭਾਵ ਵਿਚ ਵਿਆਪੇ=ਲੱਗਣ ਕਰਕੇ ਉਹ ਚੋਰ ਹਨ।

(੩) ਦੂਜੇ ਚੋਰ ਜੋ (ਕਾਮ ਆਦਿਕ) ਹਨ, ਉਹ ਉਨ੍ਹਾਂ ਨੂੰ ਵਿਆਪੇ=ਲੱਗ ਰਹੇ ਹਨ।

**ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥ ੩ ॥**

ਜੋ ਪੁਰਸ਼ ਆਪਣੇ ਮੂਲੁ=ਮੁੱਢ (ਰੂਪ ਪਰਮਾਤਮਾ) ਨੂੰ ਨਹੀਂ ਬੁੱਝਦੇ।

ਉਹ (ਗਊ ਮੱਝ ਆਦਿਕ) ਪਸ਼ੂ ਹਨ, ਤੇ ਖਰ ਆਦਿਕ ਢੋਰ ਹਨ॥ ੩ ॥

**ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥**

ਇਹ ਮਨ ਨਿਤਾਪ੍ਰਤੀ (ਹਰ ਰੋਜ਼) ਖੁਸ਼ੀਆਂ ਕਰਦਾ ਹੈ, ਅਤੇ ਨਿਤਾਪ੍ਰਤੀ ਅਖੈ ਸੁਖ ਮੰਗਦਾ ਹੈ।

## ਕਰਤਾ ਚਿਤਿ ਨ ਆਵਈ ਫਿਰਿ ਫਿਰਿ ਲਗਹਿ ਦੁਖ ਜੀਉ॥

ਜਿਸ ਕਰਤੇ ਨੇ ਸੁਖ ਦੇਣੇ ਹਨ ਉਹ ਕਰਤਾ ਪੁਰਖ ਕਦੇ ਚੇਤੇ ਨਹੀਂ ਆਉਂਦਾ।

ਇਸ ਕਰਕੇ ਮੁੜ-ਮੁੜ ਕੇ ਦੁੱਖ ਆ ਕੇ ਲੱਗਦੇ ਹਨ।

## ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ॥੪॥

ਕਰਮਾਂ ਅਨੁਸਾਰ ਸੁਖ ਦੁਖ ਦੀ ਪ੍ਰਾਪਤੀ ਦਾ ਦਾਤਾ ਪ੍ਰਭੂ ਜਿਸ ਦੇ ਮਨ ਵਿਚ ਵੱਸਦਾ ਹੈ।

*ਅਥਵਾ:*-ਸੁਖਾਂ ਦੀ ਪ੍ਰਾਪਤੀ ਦਾ ਦਾਤਾ, ਤੇ ਦੁੱਖਾਂ ਦੀ ਨਵਿਰਤੀ ਦਾ ਦਾਤਾ ਪ੍ਰਭੂ ਜਿਸ ਦੇ ਮਨ ਵਿਚ ਵੱਸਦਾ ਹੈ ਉਸ ਦੇ ਤਨਿ=ਸਰੀਰ ਵਿਚ ਕਿਸ ਗੱਲ ਦੀ ਭੁੱਖ ਰਹਿੰਦੀ ਹੈ, ਅਰਥਾਤ ਫੇਰ ਕਿਸੇ ਪਦਾਰਥ ਦੀ ਭੁੱਖ ਨਹੀਂ ਰਹਿੰਦੀ॥ ੪॥

## ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ॥

ਜੋ ਪੁਰਸ਼ ਬਾਕੀ ਵਾਲਾ ਹੈ ਭਾਵ ਜਿਸ ਦੇ ਪਾਸ ਪਾਪਾਂ ਰੂਪੀ ਬਾਕੀ ਪਈ ਹੋਈ ਹੈ,

ਉਸ ਨੂੰ ਧਰਮਰਾਜਾ ਤਲਬੀਐ=ਤਲਬ ਕਰਦਾ ਹੈ ਭਾਵ ਬੁਲਾਉਂਦਾ ਹੈ,

*ਯਥਾ:*-"ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥" *(ਪੰਨਾ ੯੫੩)*

ਅਤੇ ਜੰਦਾਰੁ=ਜ਼ਿੰਦ ਦਾ ਅਰੀ ਜਮ ਉਸ ਦੇ ਸਿਰ ਉਤੇ ਜੰਦਾਰੁ=ਡੰਡੇ ਮਾਰਦਾ ਹੈ।

## ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ॥

ਮੰਗੇ ਦੇ ਅਨੁਸਾਰ ਲੇਖਾ ਦੇਣਾ ਹੀ ਪੈਣਾ ਹੈ, ਜ਼ੁਲਮ ਨਹੀਂ ਕਰਦਾ,

ਵਿਚਾਰ ਕਰਿ=ਕਰਕੇ ਪੁਛੈ=ਪੁੱਛਦਾ ਹੈ।

## ਸਚੇ ਕੀ ਲਿਵ ਉਬਰੈ ਬਖਸੇ ਬਖਸਣਹਾਰੁ ਜੀਉ ॥੫॥

ਜਿਨ੍ਹਾਂ ਨੇ ਸੱਚੇ ਪ੍ਰਭੂ ਵਿਚ ਆਪਣੀ ਲਿਵ ਲਗਾਉਣਾ ਕੀ=ਕੀਤੀ ਹੈ, ਉਹ ਜਮਾਂ ਦੀ ਮਾਰ ਤੋਂ ਉਬਰੈ=ਬਚ ਗਏ ਹਨ, ਬਖ਼ਸ਼ਣਹਾਰ ਪ੍ਰਭੂ ਨੇ ਉਨ੍ਹਾਂ ਦੇ ਸਾਰੇ ਪਾਪ ਬਖ਼ਸ਼ ਦਿੱਤੇ ਹਨ॥ ੫॥

## ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ॥

(੧) ਪਰਮੇਸ਼ਰ ਤੋਂ ਬਿਨਾਂ ਅਨ ਕੋ=ਹੋਰ ਕਿਸ ਨੂੰ ਮਿੱਤਰ ਕਰਨਾ ਹੈ ਕਿਉਂਕਿ ਸਭ ਕੋਈ ਮਰ ਕੇ ਮਿੱਟੀ ਵਿਚ ਰਲ ਜਾਂਦਾ ਹੈ।

(੨) ਪਰਮੇਸ਼ਰ ਤੋਂ ਬਿਨਾਂ ਜਿਹੜਾ ਹੋਰ ਕਿਸੇ ਨੂੰ ਮਿੱਤਰ ਕਰਨਾ ਹੈ, ਇਹ ਠੀਕ ਨਹੀਂ ਹੈ ਕਿਉਂਕਿ ਹੋਰ ਸਭ ਮਰ ਕੇ ਮਿੱਟੀ ਵਿਚ ਰਲ ਜਾਂਦੇ ਹਨ।

## ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ॥

ਜਿਸ ਨੇ ਦੁਨੀਆਂ ਦੇ ਬਹੁਤੇ ਰੰਗਾਂ ਨੂੰ ਵੇਖ ਕੇ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ,

ਉਹ ਵਾਰ-ਵਾਰ ਭੁੱਲ-ਭੁੱਲ ਕੇ ਆਵੈ ਜਾਇ=ਜੰਮਦਾ ਮਰਦਾ ਹੈ।

## ਨਦਰਿ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ ॥ ੬ ॥

ਪ੍ਰਭੂ ਦੀ ਨਦਰਿ=ਕਿਰਪਾ-ਦ੍ਰਿਸ਼ਟੀ ਨਾਲ ਹੀ ਛੁਟਕਾਰਾ ਹੁੰਦਾ ਹੈ,

ਨਦਰੀ=ਪਰਮਾਤਮਾ ਕਿਰਪਾ-ਦ੍ਰਿਸ਼ਟੀ ਕਰਕੇ ਹੀ ਸਤਸੰਗਤ ਦੇ ਮੇਲ ਵਿਚ ਮਿਲਾਉਂਦਾ ਹੈ॥ ੬ ॥

## ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥

ਹੇ ਪ੍ਰਭੂ ਤੋਂ ਗਾਫਲ=ਭੁੱਲੇ ਹੋਏ, ਸਰੂਪ ਗਿਆਨ ਤੋਂ ਹੀਣੇ ਪੁਰਸ਼ਾਂ ਗੁਰੂਆਂ ਤੋਂ ਬਿਨਾਂ ਹੋਰ ਕਿਤੋਂ ਗਿਆਨ ਨੂੰ ਨਾ ਲੱਭ।

## ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥

ਖਿੰਚੋਤਾਣਿ=ਖਿੱਚੋ-ਖਿੱਚੀ ਕਰਨ ਨਾਲ ਵਿਗੁਚੀਐ=ਖਰਾਬ ਹੋਈਦਾ ਹੈ, ਬੁਰੇ ਕਰਮਾਂ ਦੇ ਲਿਖਣ ਵਾਲੇ ਚਿਤ੍ਰ ਗੁਪਤ ਤੇਰੇ ਨਾਲ ਹੀ ਹਨ।

*ਅਥਵਾ:*-ਬੁਰਾ ਭਲਾ ਜੋ ਭੀ ਕਰਮ ਹੈ, ਉਹ ਦੋਵੇਂ ਤੇਰੇ ਨਾਲ ਰਹਿੰਦੇ ਹਨ।

## ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥ ੭ ॥

ਸਬਦੈ=ਬ੍ਰਹਮ ਦੇ ਡਰ ਵਿਚ ਤਦਾਕਾਰ ਹੋਏ ਤੋਂ ਬਿਨਾਂ, ਜਮ ਕਾਲ ਨੇ ਸਾਰੀ ਦੁਨੀਆਂ ਜੋਹੀ=ਦੇਖੀ ਹੋਈ ਹੈ॥ ੭ ॥

## ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਆਧਾਰੁ ਜੀਉ ॥

ਜਿਸ ਕਾਰਨ ਰੂਪ ਪਰਮਾਤਮਾ ਨੇ (ਮਹਿਤੱਤ, ਤ੍ਰਿਧਾਹੰਕਾਰ ਆਦਿਕ) ਕਾਰਨਾਂ ਕਰਕੇ ਪ੍ਰਪੰਚ ਨੂੰ ਉਤਪੰਨ ਕੀਤਾ ਹੈ, ਓਹੀ ਪਰਮਾਤਮਾ ਸਾਰਿਆਂ ਨੂੰ ਆਧਾਰੁ=ਆਸਰਾ ਦੇਂਦਾ ਹੈ।

## ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥

ਜੋ ਦਾਤਾਰ ਪ੍ਰਭੂ ਸਦਾ ਸਦਾ ਦਾਤਾਂ ਦੇ ਦੇਣ ਵਾਲਾ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਉਂਣਾ ਹੈ ਭਾਵ ਨਹੀਂ ਭੁਲਾਉਣਾ ਚਾਹੀਦਾ।

## ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ ॥ ੮ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਿਧਾਰਾ ਆਧਾਰੁ=ਨਿਆਸਰਿਆਂ ਦਾ ਆਸਰਾ ਹੈ, ਉਸ ਪ੍ਰਭੂ ਦਾ ਨਾਮ ਮੈਨੂੰ ਨਾ ਭੁੱਲੇ॥ ੮ ॥ ੨ ॥

## ਸੂਹੀ ਮਹਲਾ ੧ ਕਾਫੀ ਘਰੁ ੧੦

## ੴ ਸਤਿਗੁਰ ਪ੍ਰਸਾਦਿ ॥ ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥

ਮਨੁੱਖ ਜਨਮ ਪ੍ਰਾਪਤ ਹੋਣਾ ਬਹੁਤ ਦੁਲੰਭੁ=ਦੁਰਲੱਭ (ਕਠਨ, ਔਖਾ) ਹੈ, ਗੁਰਮੁਖਾਂ ਨੇ ਇਸ ਦੁਰਲੱਭ ਮਨੁੱਖਾ ਜਨਮ ਨੂੰ ਪਾਇਆ ਹੈ।

*ਯਥਾ:*-"ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ ੧.॥" *(ਕਬੀਰ ਜੀ, ਪੰਨਾ ੧੧੫੯)*

*ਅਥਵਾ:*-ਗੁਰਮੁਖਾਂ ਨੇ ਗੁਰਾਂ ਦੁਆਰੇ ਇਸ ਦੁਰਲੱਭ ਮਨੁੱਖਾ ਜਨਮ ਵਿਚ ਅਮੋਲਕ ਨਾਮ-ਪਦਾਰਥ ਪਾਇਆ ਹੈ। ਅਥਵਾ:-ਇਸ ਦੁਰਲੱਭ ਮਨੁੱਖਾ ਜਨਮ ਨੂੰ ਪਾਇਆ=ਸਫਲ ਕੀਤਾ ਹੈ।

**ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ ੧ ॥**

ਜੇ ਸਤਿਗੁਰਾਂ ਨੂੰ ਭਾ ਜਾਵੇ ਤਾਂ ਮਨ ਤਨ ਨੂੰ ਚੁਲੰਭੁ=ਗੂੜ੍ਹਾ ਰੰਗ ਹੋ ਜਾਂਦਾ ਹੈ॥ ੧ ॥

**ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥**

ਜਿਨ੍ਹਾਂ ਨੇ ਸੱਚ-ਨਾਮ ਰੂਪ ਵਖਰੁ=ਸੌਦਾ ਲੀਤਾ ਹੈ, ਉਹ ਆਪਣੇ ਜਨਮ ਨੂੰ ਸਵਾਰ ਕੇ ਚਲੇ ਹਨ। ਅਤੇ ਓਹੀ ਗੁਰਮੁਖ-

**ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥ ੧ ॥ ਰਹਾਉ ॥**

ਸਤਿਗੁਰਾਂ ਦੇ ਸਬਦਿ=ਉਪਦੇਸ਼ ਨਾਲ ਪ੍ਰਭੂ ਦੇ ਭੈ=ਡਰ ਨੂੰ ਧਾਰ ਕੇ ਪਰਮੇਸ਼ਰ ਦੇ ਦਰਬਾਰ ਵਿਚ ਪਤਿ ਪਾਏ=ਇੱਜ਼ਤ ਪਾਉਂਦੇ ਹਨ॥ ੧ ॥ ਰਹਾਉ ॥

**ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥**

ਜਿਸ ਪੁਰਸ਼ ਨੇ ਮਨ ਅਤੇ ਤਨ ਕਰਕੇ ਸੱਚ ਨੂੰ ਸਲਾਹਿਆ ਹੈ, ਉਹ ਸੱਚੇ ਦੇ ਮਨ ਵਿਚ ਭਾ ਗਿਆ ਹੈ।

**ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥ ੨ ॥**

ਜਿਸ ਨੇ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਪੂਰਾ ਗੁਰੂ ਪਾਇਆ ਹੈ, ਤੇ ਉਹਨਾਂ ਦੇ ਮਨੁ=ਮੰਤ੍ਰ ਨੂੰ ਮੰਨਿਆ ਹੈ, ਉਹ ਲਾਲਿ ਰਤਾ=ਪਿਆਰੇ ਵਾਹਿਗੁਰੂ ਨਾਲ ਮਿਲ ਗਿਆ ਹੈ।

*ਅਥਵਾ:*-ਮਨੁ ਮਾਨਿਆ ਗੁਰੁ=ਜਿਸ ਦਾ ਗੁਰੂ ਉਤੇ ਮਨ ਮੰਨਿਆ ਗਿਆ ਹੈ, ਉਸ ਨੇ ਪੂਰਾ ਗਿਆਨ ਪਾਇਆ ਹੈ, ਗਿਆਨ ਦੀ ਸ਼ਕਤੀ ਨਾਲ ਉਹ ਫਿਰ ਲਾਲਿ=ਪਿਆਰੇ ਪ੍ਰਭੂ ਵਿਚ ਰਤਾ=ਰੰਗਿਆ ਗਿਆ ਹੈ॥ ੨ ॥

[ਪੰਨਾ ੭੫੨]

**ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥**

ਭਾਵੇਂ ਤੂੰ ਮੇਰੇ ਅੰਦਰ ਵੱਸ ਰਿਹਾ ਹੈਂ, ਪਰ ਮੈਂ ਆਪ ਜੀ ਦੇ ਗੁਣਾਂ ਨੂੰ ਸੰਭਾਲ ਕੇ ਜੀਉਂਦਾ ਹਾਂ।

**ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥ ੩ ॥**

(੧) ਤੂੰ ਮੇਰੇ ਮਨ ਵਿਚ ਵੱਸਦਾ ਹੈਂ, ਇਹ ਗੱਲ ਜਾਣਨ ਵਾਲਾ ਪੁਰਸ਼ ਆਤਮ-ਰਸ ਵਿਚ ਰਸ ਜਾਂਦਾ ਹੈ।

(੨) ਜੇ ਤੂੰ ਮਨ ਦੇ ਵਿਚ ਵਸਹਿ=ਸਖਿਆਤਕਾਰ ਹੋ ਜਾਵੇਂ ਤਾਂ ਸੁਭਾਵਕ ਹੀ ਮਨ ਰਸਿ=ਆਤਮ-ਰਸ ਵਿਚ ਰਸੈ=ਰਸਦਾ ਹੈ॥ ੩ ॥

**ਮੂਰਖ ਮਨ ਸਮਝਾਇ ਆਖਉ ਕੇਤੜਾ ॥**

ਇਸ ਮੂਰਖ ਮਨ ਨੂੰ ਕਿੰਨਾ ਕੁ ਆਖ ਕੇ ਸਮਝਾਉਣਾ ਕਰਾਂ, ਇਹ ਨਹੀਂ ਸਮਝਦਾ।

## ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ ੪ ॥

ਗੁਰਮੁਖਾਂ ਨੇ ਹਰੀ ਦੇ ਗੁਣ ਗਾ ਕੇ ਮਨ ਨੂੰ ਆਤਮ-ਰੰਗ ਵਿਚ ਰੰਗੇਤੜਾ=ਰੰਗਣਾ ਕੀਤਾ ਹੈ॥ ੪॥

## ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥

ਹੇ ਮਨ ! ਤੂੰ ਨਿਤਾਪ੍ਰਤੀ ਆਪਣੇ ਪ੍ਰੀਤਮੁ=ਪਰਮਾਤਮਾ ਨੂੰ ਹਿਰਦੇ ਵਿਚ ਸੰਭਾਲਣਾ ਕਰ।

## ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥ ੫ ॥

ਜੇ ਸ਼ੁਭ-ਗੁਣਾਂ ਨੂੰ ਨਾਲ ਲੈ ਕੇ ਇਥੋਂ ਚਲੇਂਗਾ, ਤਾਂ ਫਿਰ ਦੁੱਖਾਂ ਕਰਕੇ ਸੰਤਾਪਣਾ=ਦੁਖੀ ਨਹੀਂ ਹੋਵੇਂਗਾ॥ ੫॥

## ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥

(੧) ਮਨਮੁਖ ਭਰਮ ਵਿਚ ਭੁੱਲਿਆ ਫਿਰਦਾ ਹੈ, ਉਸ ਨੂੰ ਨਾਮ ਨਾਲ ਰੰਗੁ=ਪ੍ਰੇਮ ਨਹੀਂ ਹੈ।

(੨) ਜੋ ਮਨਮੁਖ ਭਰਮ ਵਿਚ ਭੁੱਲਿਆ ਫਿਰਦਾ ਹੈ, ਉਸ ਨੂੰ ਜੀਉਣ ਦਾ ਰੰਗੁ=ਅਨੰਦ ਨਹੀਂ ਹੈ।

## ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥ ੬ ॥

ਉਸ ਦੇ ਮਨ ਤਨ ਵਿਚ ਪ੍ਰਭੂ ਦੀ ਪ੍ਰੀਤੀ ਦਾ ਭੰਗੁ=ਵਿਘਨ ਹੈ, ਇਸ ਕਰਕੇ ਉਹ ਵਿਡਾਣਾ=ਦੁਖੀ ਹੋਕੇ ਮਰਦਾ ਹੈ। ਵਾ:-ਜਿਸ ਵੇਲੇ ਮਰਦਾ ਹੈ ਤਾਂ ਵਿਡਾਣਾ=ਪਰਾਇਆਂ (ਜਮਾਂ) ਦਾ ਹੁੰਦਾ ਹੈ॥ ੬॥

## ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥

ਜੋ ਪੁਰਸ਼ ਗੁਰਾਂ ਦੀ ਦੱਸੀ ਹੋਈ ਸੇਵਾ ਰੂਪ ਕਾਰ ਨੂੰ ਕਮਾਉਂਦਾ ਹੈ,

ਉਸ ਨੇ ਸਰੀਰ ਘਰ ਵਿਚ ਲਾਭਾ=ਲਾਭ ਨੂੰ ਆਣਿਆ=ਲਿਆਂਦਾ ਹੈ। ਅਤੇ-

## ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥ ੭ ॥

ਗੁਰਾਂ ਦੀ ਸਬਦਿ ਬਾਣੀ=ਉਪਦੇਸ਼ ਬਾਣੀ ਦੁਆਰਾ ਉਸ ਨੇ ਨਿਰਬੰਧ ਪ੍ਰਭੂ ਨੂੰ ਪਛਾਣ ਲਿਆ ਹੈ।

## ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਇਕ ਬੇਨਤੀ ਹੈ, ਜੇ ਆਪ ਜੀ ਨੂੰ ਭਾ ਜਾਵੇ। ਤਾਂ-

## ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ ੮ ॥ ੧ ॥ ੩ ॥

ਮੈਨੂੰ ਨਾਮ-ਸਿਮਰਨ ਵਿਚ ਨਿਵਾਸ ਦਿਓ, ਜਿਸ ਕਰਕੇ ਹਰ ਵੇਲੇ ਹੇ ਹਰੀ ! ਤੇਰੇ ਹੀ ਗੁਣ ਗਾਉਂਦਾ ਰਹਾਂ॥ ੮॥ ੧॥ ੩॥

## ਸੂਹੀ ਮਹਲਾ ੧ ॥ ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥

ਜਿਵੇਂ ਲੁਹਾਰ ਆਰਣਿ=ਭੱਠੀ ਵਿਚ ਲੋਹੇ ਨੂੰ ਪਾ ਕੇ (ਤਪਾਉਂਦਾ ਹੈ, ਫਿਰ ਉਸ ਨੂੰ) ਭੰਨ-ਭੰਨ ਕੇ ਕੁੱਟ-ਕੁੱਟ ਕੇ ਘੜਾਈਐ=ਘੜਦਾ ਹੈ।

## ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥ ੧ ॥

ਤਿਵੇਂ ਜਮ ਰੂਪੀ ਲੁਹਾਰ ਸਾਕਤ ਪੁਰਸ਼ਾਂ ਨੂੰ ਜੂਨੀਆਂ ਵਿਚ ਪਾ ਕੇ ਸਜ਼ਾ ਦੇਂਦਾ ਹੈ, ਤੇ ਜੀਵ ਕਰਮਾਂ ਦਾ

ਭਵਾਈਐਂ=ਭਵਾਇਆ ਹੋਇਆ ਜੂਨੀਆਂ ਵਿਚ ਭਵੈ=ਫਿਰਦਾ ਹੈ॥ ੧॥

## ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥

ਬੂਝੇ=ਸਮਝ ਤੋਂ ਬਿਨਾਂ, ਸਭ ਦੁੱਖ ਹੀ ਦੁੱਖ ਦਾ ਕਮਾਉਣਾ ਕਰਦਾ ਹੈ।

## ਹਉਮੈ ਆਵੈ ਜਾਇ ਭਰਮਿ ਭੁਲਾਵਣਾ॥ ੧ ॥ ਰਹਾਉ॥

ਜਿਸ ਨੇ ਭਰਮ ਵਿਚ ਆਪਣੇ ਮਨ ਨੂੰ ਭੁਲਾਉਣਾ ਕੀਤਾ ਹੈ, ਉਹ ਹਉਮੈ ਕਰਕੇ ਜੰਮਦਾ ਤੇ ਮਰਦਾ ਹੈ।

## ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ॥

ਹਰੀ-ਨਾਮ ਦੇ ਧਿਆਉਣ ਵਾਲੇ ਜੋ ਗੁਰਮੁਖ ਹਨ, ਤੂੰ ਉਹਨਾਂ ਦੀ ਰੱਖਿਆ ਕਰਨ ਵਾਲਾ ਹੈਂ।

## ਮੇਲਹਿ ਤੁਝਹਿ* ਰਜਾਇ ਸਬਦੁ ਕਮਾਈਐ॥ ੨॥

ਆਪ ਜੀ ਨੇ ਰਜਾਇ=ਆਗਿਆ ਕਰਕੇ ਜੋ ਗੁਰਾਂ ਨਾਲ ਮੇਲੇ ਹਨ, ਉਹ ਸ਼ਬਦ ਦੀ ਕਮਾਈਐ=ਕਮਾਈ ਕਰਦੇ ਹਨ॥ ੨॥

## ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ॥

ਹੇ ਪ੍ਰਭੂ ! ਤੂੰ ਆਪ ਹੀ ਕਰਿ ਕਰਿ=ਰਚ-ਰਚ ਕੇ ਸਭ ਨੂੰ ਵੇਖ ਰਿਹਾ ਹੈਂ, ਜੋ ਤੂੰ ਦੇਂਦਾ ਹੈਂ, ਉਹ ਪਾਈਐ=ਪਾਈਦਾ ਹੈ।

## ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ॥ ੩॥

(੧) ਹੇ ਪ੍ਰਭੂ ! ਤੂੰ ਆਪ ਹੀ ਆਪਣੀ ਬੀਨਾਈਐ=ਨਿਗਾਹ ਦੇ ਦਰਿ=ਅੰਦਰ ਜੀਵਾਂ ਦੀ ਥਾਪਿ=ਉਤਪੱਤੀ, ਦੇਖਹਿ=ਪਾਲਣਾ, ਉਥਾਪਿ=ਲੈਤਾ ਕਰਦਾ ਹੈਂ।

(੨) ਜਿਨ੍ਹਾਂ ਦੇ ਪਾਸ ਦਰਿਬੀ ਨਾਈਐ=ਨਾਮ ਰੂਪੀ ਧਨ ਹੈ, ਅਤੇ ਜੋ ਦਰਬੀ=ਕੜਛੀ ਦੀ ਨਾਈਐ=ਨਿਆਈਂ ਅਸੰਗ (ਨਿਰਲੇਪ) ਰਹਿੰਦੇ ਹਨ।

ਯਥਾ:-"ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਞੀਆ॥" *(ਵਾਰ ਗੂਜਰੀ, ਪੰਨਾ ੫੨੧)*

ਪੁਨਾ ਸ਼ੁਭ-ਗੁਣਾਂ ਨੂੰ ਥਾਪਦੇ ਹਨ ਅਤੇ ਅਸ਼ੁਭ-ਗੁਣਾਂ ਨੂੰ ਉਥਾਪਿ=ਪੁੱਟ ਦੇਂਦੇ ਹਨ ਉਹ ਤੂ ਦੇਖਹਿ=ਤੇਰੇ ਸਰੂਪ ਨੂੰ ਦੇਖਦੇ ਹਨ॥ ੩॥

ਨੋਟ-ਪਾਠ-"ਤੂ ਦੇਖਹਿ ਥਾਪਿ ਉਥਾਪਿ, ਦਰਿ ਬੀਨਾਈਐ॥" ਹੀ ਕਰਨਾ ਜੀ !

## ਦੇਹੀ ਹੋਵਗਿ ਖਾਕੁ ਪਵਣੁ ਉਡਾਈਐ॥

(੧) ਪਵਣੁ ਉਡਾਈਐ=ਸੁਆਸਾਂ ਦੇ ਉੱਡ ਜਾਣ ਤੇ ਇਸ ਦੇਹ ਨੇ ਖ਼ਾਕ ਹੋ ਜਾਣਾ ਹੈ।

(੨) ਇਸ ਪੰਚ ਭੂਤਕ ਸਰੀਰ ਨੇ ਖਾਕੁ=ਸੁਆਹ ਹੋ ਜਾਣਾ ਹੈ ਤੇ ਲਿੰਗ (ਸੂਖਮ) ਸਰੀਰ ਨੇ ਭੀ ਪ੍ਰਾਣਾਂ ਉਤੇ ਚੜ੍ਹ ਕੇ ਉਡ ਜਾਣਾ ਹੈ।

## ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ॥ ੪॥

---

*ਪਾਠਾਂਤ੍ਰ-"ਮੇਲਹਿ ਤੁਝੈ ਰਜਾਇ॥" ਭੀ ਹੈ।*

ਇਨ੍ਹਾਂ ਘਰਾਂ ਵਿਚ ਫਿਰ ਤੂੰ ਕਿਥੇ ਅਉੜਾਕੁ=ਘਰ ਕਰੇਂਗਾ,

*ਅਥਵਾ:*-ਇਨ੍ਹਾਂ ਘਰਾਂ ਨੂੰ ਅਉ=ਵਿਸ਼ੇਸ ਕਰਕੇ ਫਿਰ ਤੂੰ ਕਿਥੇ ਤਾਕੁ=ਤੱਕੇਂਗਾ,

ਵਾ:-ਇਨ੍ਹਾਂ ਘਰਾਂ ਵਿਚ ਫਿਰ ਤੂੰ ਕਿਥੋਂ ਆਉਤਾਕੁ=ਰਿਹਾਇਸ਼ ਕਰੇਂਗਾ। ਜਿਨ੍ਹਾਂ ਦੇ ਮੋਹ ਕਰਕੇ ਤੂ ਮਹਲੁ=ਸਰੂਪ ਨਹੀਂ ਪਾਉਂਦਾ॥ ੪॥

## ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ॥

ਅੰਧੁ ਘੋਰੁ=ਭਿਆਨਕ (ਡਰਾਉਣੇ) ਹਨੇਰੇ ਵਿਚ ਘਰ ਲੁੱਟਿਆ ਜਾਵੇ ਤਾਂ ਅਫਸੋਸ ਨਹੀਂ, ਜੇਕਰ ਦਿਨ ਦੀਵੀਂ ਘਰ ਲੁੱਟਿਆ ਜਾਵੇ ਤਾਂ ਅਫਸੋਸ ਲੱਗਦਾ ਹੈ।

ਏਸੇ ਤਰ੍ਹਾਂ ਹੇ ਅੰਧ ਘੋਰੁ=ਮਹਾਂ ਮੂਰਖ ਪੁਰਸ਼ਾ ! ਤੂੰ ਦਿਹੁ ਦੀਵੀ=ਪ੍ਰਗਟ ਹੀ।

ਵਾ:-ਦਿਨ ਦੀਵੀ ਮਨੁੱਖ ਜਨਮ ਨੂੰ ਪਾ ਕੇ। ਅਥਵਾ:-ਗੁਰੂ ਦਾ ਸਿੱਖ ਹੋ ਕੇ।

*ਅਥਵਾ:*-ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ਸੁਣ ਕੇ ਆਪਣੇ ਘਬੁ=ਘਰ ਨੂੰ ਮੁਹਾਈਐ=ਲੁਟਾ ਰਿਹਾ ਹੈਂ, ਇਸ ਕਰਕੇ ਤੇਰੇ ਪਰ ਅਫਸੋਸ ਹੈ।

## ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ॥ ੫॥

ਗਰਬਿ=ਹੰਕਾਰੀ ਦੇ ਘਰ ਨੂੰ ਹੰਕਾਰ ਰੂਪੀ ਚੋਰ ਮੁਸੈ=ਲੁੱਟੀ ਜਾ ਰਿਹਾ ਹੈ, ਇਹ ਕਿਸ ਨੂੰ ਰੋ ਕੇ ਸੁਣਾਏਗਾ, ਕਿਉਂਕਿ ਹੰਕਾਰ ਕਰਕੇ ਸਾਰੇ ਕਰਮ ਧਰਮ ਨਾਸ ਹੋ ਜਾਂਦੇ ਹਨ॥ ੫॥

## ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ॥

ਉਹਨਾਂ ਗੁਰਮੁਖਾਂ ਨੂੰ ਚੋਰ ਨਹੀਂ ਲੱਗਦੇ, ਜੋ ਹਰੀ ਨਾਮ ਚਿੰਤਨ ਕਰਨੇ ਰੂਪ ਜਾਗ੍ਰਤ ਵਿਚ ਜਾਗਦੇ ਹਨ।

## ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ॥ ੬॥

ਗੁਰ-ਉਪਦੇਸ਼ ਰੂਪੀ ਜਲ ਨੇ ਤ੍ਰਿਸ਼ਨਾ ਰੂਪ ਅੱਗ ਬੁਝਾ ਦਿੱਤੀ ਹੈ।

ਇਸ ਲਈ ਜੋਤਿ=ਜੋਤੀ (ਪਰਮਾਤਮਾ) ਦਾ ਦੀਪਾਈਐ=ਪ੍ਰਕਾਸ਼ ਹੋ ਗਿਆ ਹੈ॥ ੬॥

## ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ॥

ਗੁਰਾਂ ਨੇ ਇਹ ਸੁਰਤ ਸਮਝਾਈ ਹੈ ਕਿ ਹਰੀ ਦਾ ਨਾਮ ਲਾਲ ਤੇ ਰਤਨ ਵਾਂਗ ਅਮੋਲਕ ਹੈ।

## ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ॥ ੭॥

ਜਿਹੜੇ ਗੁਰ ਸਿਖਿਆ ਨੂੰ ਪਾਉਂਦੇ ਹਨ, ਉਹ ਸਦਾ ਨਿਹ+ਕਾਮੁ=ਕਾਮਨਾ ਤੋਂ ਰਹਿਤ ਹੋ ਕੇ ਰਹਿੰਦੇ ਹਨ।

## ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ॥

ਉਹ ਰਾਤ ਦਿਨੇ ਹਰੀ ਨਾਮ ਨੂੰ ਆਪਣੇ ਮਨ ਵਿਚ ਵਸਾਉਂਦੇ ਹਨ।

## ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ॥ ੮॥ ੨॥ ੪॥

ਗੁਰੂ ਜੀ ਕਥਨ ਕਰਦੇ ਹਨ-ਜਿਹੜੇ ਸਤਸੰਗ ਦੇ ਮੇਲ ਵਿਚ ਮਿਲਾਏ ਹਨ,

ਉਹ ਤੁਧੁ ਭਾਈਐ=ਤਿਸ ਪਰਮੇਸ਼ਰ ਨੂੰ ਭਾ ਗਏ ਹਨ॥ ੮॥ ੨॥ ੪॥

## ਸੂਹੀ ਮਹਲਾ ੧ ॥ ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥

ਹੇ ਹਰੀ ! ਮੈਂ ਮਨ ਵਿੱਚੋਂ ਨਾਮ ਨੂੰ ਨਹੀਂ ਭੁਲਾਇਆ, ਦਿਨ ਰਾਤ ਨਾਮ ਨੂੰ ਧਿਆਉਣਾ ਕੀਤਾ ਹੈ।

## ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥ ੧ ॥

ਜਿਵੇਂ ਆਪ ਕਿਰਪਾ-ਦ੍ਰਿਸ਼ਟੀ ਧਾਰ ਕੇ ਰੱਖਦੇ ਹੋ, ਮੈਂ ਤਿਸੇ ਤਰ੍ਹਾਂ ਦੇ ਰਹਿਣ ਵਿਚ ਹੀ ਸੁਖ ਪਾਇਆ ਹੈ॥ ੧ ॥

## ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥

ਮੈਂ ਅੰਧੁਲੇ=ਅੰਨ੍ਹੇ ਵਾਸਤੇ ਹਰੀ ਦਾ ਨਾਮ ਹੀ ਟੋਹਣੀ=ਟੋਹਣ ਵਾਲੀ ਲਕੁਟੀ=ਲੱਕੜੀ (ਸੋਟੀ) ਹੈ।

*ਯਥਾ:-*"ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥ ੧ ॥" *(ਨਾਮਦੇਵ, ਪੰਨਾ ੭੨੭)*

## ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥

ਸਾਹਿਬ=ਮਾਲਕ ਪ੍ਰਭੂ ਦੀ ਓਟ ਵਿਚ ਰਹਿੰਦਾ ਹਾਂ, ਇਸ ਕਰਕੇ ਮੋਹਣੀ ਮਾਇਆ ਮੈਨੂੰ ਨਹੀਂ ਮੋਹੇਗੀ ॥ ੧ ॥ ਰਹਾਉ ॥

## ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥

ਜਿਥੇ ਵੇਖਦਾ ਹਾਂ ਉਥੇ (ਪਰਮੇਸ਼ਰ) ਮੇਰੇ ਨਾਲ ਹੈ, ਪਰ ਗੁਰਾਂ ਨੇ ਮੈਨੂੰ ਵਿਖਾਇਆ ਹੈ।

## ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥ ੨ ॥

ਪਹਿਲੇ ਮੈਂ ਬਾਹਰ ਜੰਗਲਾਂ ਵਿਚ ਤੇ ਤੀਰਥਾਂ ਪਰ ਭਾਲਿ=ਢੂੰਡਦਾ ਸਾਂ, ਪਰ ਹੁਣ ਗੁਰ-ਸ਼ਬਦ ਦੀ ਪ੍ਰਾਪਤੀ ਹੋਣ ਕਰਕੇ ਅੰਤਰਿ-ਅੰਤਹਕਰਨ ਦੇ ਵਿੱਚੋਂ ਹੀ ਨਿਹਾਲਿਆ=ਦੇਖ ਲਿਆ ਹੈ॥ ੨ ॥

## ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥

(੧) ਜਿਸ ਨੇ ਨਿਰੰਜਨ ਦਾ ਨਾਮ ਦਿੱਤਾ ਹੈ, ਉਸ ਸਤਿਗੁਰੂ ਨੂੰ ਭਾਇ=ਪ੍ਰੇਮ ਨਾਲ ਸੇਂਵਦਾ ਹਾਂ।

(੨) ਸਤਿਗੁਰਾਂ ਨੂੰ ਪ੍ਰੇਮ ਨਾਲ ਸੇਂਵਦਾ ਹਾਂ ਅਤੇ ਨਿਰੰਜਨ ਦੇ ਨਾਮ ਨੂੰ ਜਪਦਾ ਹਾਂ।

## ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥ ੩ ॥

ਹੇ ਰਜਾਇ=ਆਗਿਆ ਦੇ ਕਰਨ ਵਾਲੇ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ,

ਤਿਵੇਂ ਹੀ ਮੇਰਾ ਭਰਮ ਤੇ ਭਉ=ਡਰ ਭੰਜਨਾ=ਨਾਸ ਕਰ ਦਿਓ॥ ੩ ॥

## ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥

ਜੀਵ ਨੂੰ ਜੰਮਦਿਆਂ ਨਾਲ ਹੀ ਮਰਨ ਦਾ ਦੁੱਖ ਆ ਕੈ=ਕਰਕੇ ਲੱਗ ਜਾਂਦਾ ਹੈ।

## ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥ ੪ ॥

ਹਰੀ ਦੇ ਗੁਣ ਗਾਉਣ ਕੈ=ਕਰਕੇ ਹੀ ਜਨਮ ਮਰਨ ਪਰਵਾਣੁ=ਸਫਲ ਹੁੰਦਾ ਹੈ॥ ੪ ॥

## ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ॥

ਜਿਥੇ ਹਉ=ਹੰਕਾਰ ਨਹੀਂ ਉਥੇ ਤੂੰ ਪ੍ਰਾਪਤ ਹੁੰਦਾ ਹੈਂ, ਇਹ ਨਿਯਮ,
*ਅਥਵਾ*:-ਸਾਧਨ ਤੈਂਨੇ ਆਪ ਹੀ ਸਾਜਿਆ=ਬਣਾਇਆ ਹੈ।

## ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ॥ ੫ ॥

ਤੂੰ ਆਪ ਹੀ ਸੰਸਾਰ ਨੂੰ ਥਾਪਿ=ਉਤਪੱਤ ਤੇ ਉਥਾਪਿ=ਲੈਤਾ ਕਰਦਾ ਹੈਂ,
ਤੁਸਾਂ ਨੇ ਗੁਰ ਸ਼ਬਦ ਦੀ ਕਮਾਈ ਕਰਨ ਵਾਲਿਆਂ ਨੂੰ ਵਡਿਆਇਆ ਹੈ।

[ਪੰਨਾ ੭੫੩]

## ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ॥

ਜਿਸ ਵੇਲੇ ਦੇਹ ਭਸਮ ਵਿਚ ਰੁਲ ਜਾਂਦੀ ਹੈ, ਫਿਰ ਨਹੀਂ ਜਾਪੀ=ਜਾਣਿਆਂ ਜਾਂਦਾ ਕਿ ਜੀਵ ਕਿਥੇ ਗਿਆ ਹੈ।

## ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ॥ ੬ ॥

ਤੂੰ ਆਪ ਹੀ ਅਕਾਸ਼ ਵਾਂਗ ਸਾਰੇ ਸਮਾ ਰਿਹਾ ਹੈਂ, ਸੋ ਤੂੰ ਆਪ ਹੀ ਵਿਸਮਾਦੁ=ਅਸਚਰਜ ਰੂਪ ਹੋ ਰਿਹਾ ਹੈਂ॥ ੬ ॥

## ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ॥

ਹੇ ਪ੍ਰਭੂ ! ਤੂੰ ਦੂਰ ਨਹੀਂ ਹੈਂ, ਤੂੰ ਸਭ ਨੂੰ ਜਾਣਦਾ ਹੈਂ, ਵਾ:-ਤੂੰ ਸਭ ਕੁਝ ਜਾਣਦਾ ਹੈਂ।

## ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ॥ ੭ ॥

(੧) ਗੁਰਮੁਖਿ ਆਪ ਜੀ ਨੂੰ ਹਾਜ਼ਰਾ ਹਜ਼ੂਰ ਦੇਖਦੇ ਹਨ, ਗੁਰਮੁਖਾਂ ਦੇ ਅੰਦਰ ਭੀ ਤੂੰ ਪ੍ਰਗਟ ਹੈਂ।

(੨) ਗੁਰਮੁਖਾਂ ਨੇ ਬਾਹਰ ਭੀ ਤੈਨੂੰ ਆਪਣੇ ਹਦੂਰਿ=ਪਾਸ ਵੇਖਿਆ ਹੈ, ਗੁਰਮੁਖਾਂ ਨੇ ਹਿਰਦੇ ਅੰਦਰ ਭੀ ਤੈਨੂੰ ਸਖਿਆਤ ਦੇਖਿਆ ਹੈ॥ ੭॥

## ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ॥

ਹੇ ਪ੍ਰਭੂ ! ਮੇਰਾ ਨਾਮ ਵਿਚ ਨਿਵਾਸ ਕਰ ਦਿਉ ਜਿਸ ਕਰਕੇ ਹਿਰਦੇ ਅੰਦਰ ਸ਼ਾਂਤੀ ਹੋ ਜਾਵੇ।

## ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ॥ ੮ ॥ ੩ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ, ਕਿਉਂਕਿ ਦਾਸ ਨੂੰ ਸਤਿਗੁਰਾਂ ਨੇ ਏਹੋ ਮਤਿ=ਸਿਖਿਆ ਦਿੱਤੀ ਹੈ॥ ੮॥ ੩॥ ੫॥

## ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ
## ੧ੴ ਸਤਿਗੁਰ ਪ੍ਰਸਾਦਿ॥

ਹੁਣ ਨਾਮ ਨਾਮੀ ਦੀ ਅਭੇਦਤਾ ਕਥਨ ਕਰਦੇ ਹਨ-

## ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥

ਸੰਸਾਰ ਵਿਚ ਜੋ ਕੁਝ ਭੀ ਦਿੱਸ ਰਿਹਾ ਹੈ, ਉਹ ਸਭ ਕੁਝ ਨਾਮੀ ਪਰਮਾਤਮਾ ਤੋਂ ਉਤਪੰਨ ਹੋਇਆ ਹੈ।

*ਅਥਵਾ:*-ਨਾਮ ਜਪਣ ਤੋਂ ਹੀ ਸਭ ਕੁਝ ਸ਼ੁਭ ਗੁਣਾਂ ਦਾ ਸਮਦਾਅ ਪੈਦਾ ਹੋਇਆ ਹੈ, ਪਰ ਉਹ ਨਾਮ ਸਤਿਗੁਰਾਂ ਤੋਂ ਬਿਨਾਂ ਜਾਣਿਆਂ ਨਹੀਂ ਜਾਂਦਾ।

## ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ॥

ਗੁਰਾਂ ਦੇ ਉਪਦੇਸ਼ ਦਾ ਰਸੁ=ਸਵਾਦ ਮਹਾ=ਬੜਾ ਮਿੱਠਾ ਹੈ, ਪਰ ਚੱਖੇ ਤੋਂ ਬਿਨਾਂ ਭਾਵ ਧਾਰੇ ਤੋਂ ਬਿਨਾਂ ਉਹ ਸਵਾਦ(ਅਨੰਦ) ਜਾਣਿਆ ਨਹੀਂ ਜਾਂਦਾ।

## ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ॥

ਜਿਸ ਨੇ ਕਉਡੀ=ਮਾਇਆ ਦੇ ਬਦਲੈ=ਵੱਟੇ ਸੱਟੇ ਮਨੁੱਖਾ ਜਨਮ ਨਿਸਫਲ ਗੁਆ ਦਿੱਤਾ ਹੈ, ਉਹ ਆਪਣੇ ਸਰੂਪ ਨੂੰ ਨਹੀ ਪਛਾਣਦਾ।

## ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ॥ ੧ ॥

ਜਾਂ ਗੁਰਮੁਖ ਹੋ ਕੇ ਮੁਖੀ ਗੁਰਾਂ ਦੇ ਸਨਮੁਖ ਖੜ੍ਹਾ ਹੋਵੇ ਤਾਂ ਇਕ ਪ੍ਰਭੂ ਨੂੰ ਜਾਣਦਾ ਹੈ, ਉਸ ਨੂੰ ਫਿਰ ਹਉਮੈ=ਮੈਂ ਮੇਰੀ ਦਾ ਦੁੱਖ ਨਹੀਂ ਦੁਖਾਵੇਗਾ॥ ੧ ॥

## ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ॥

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੇਰੀ ਲਿਵ ਸੱਚੇ ਪ੍ਰਭੂ ਨਾਲ ਲਗਾਈ ਹੈ।

## ਸਬਦੁ ਚੀਨਿ੍ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ॥ ੧ ॥ ਰਹਾਉ ॥

ਗੁਰ ਉਪਦੇਸ਼ ਨੂੰ ਚੀਨਿ੍=ਜਾਣਿਆ ਤਾਂ ਆਤਮੁ=ਆਪਣੇ ਸਰੂਪ ਦਾ ਪ੍ਰਕਾਸ਼ ਹੋਇਆ,

ਤਾਂ ਸਹਜੇ=ਸੁਭਾਵਕ ਹੀ ਪਰਮੇਸ਼ਰ ਵਿਚ ਸਮਾ ਰਹਿੰਦਾ ਹੈ॥ ੧ ॥ ਰਹਾਉ॥

## ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ॥

ਕਿਸੇ ਵੇਲੇ ਗੁਰਮੁਖ ਰਾਗ ਵਿਚ ਪ੍ਰਭੂ ਦੇ ਗੁਣ ਗਾਉਂਦੇ ਹਨ, ਕਿਸੇ ਵੇਲੇ ਗੁਰਮੁਖ ਸ਼ਾਸਤ੍ਰ ਨੂੰ ਲੈ ਕੇ ਪ੍ਰਭੂ ਦਾ ਸਿਧਾਂਤ ਬੁੱਝਦੇ ਹਨ, ਕਿਸੇ ਵੇਲੇ ਗੁਰਮੁਖ ਗੁਰ-ਸ਼ਬਦ ਦਾ,

ਵਾ:-ਬ੍ਰਹਮ ਦਾ ਵਿਚਾਰ ਕਰਦੇ ਹਨ।

*ਯਥਾ:*- "ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥" *(ਜਪੁਜੀ, ਪੰਨਾ ੨)*

(੧) ਜੋ ਮੁਖ ਗੁਰੂ ਸਾਹਿਬ ਜੀ ਨਾਮਾਂ ਨੂੰ ਗਾਉਂਦੇ ਹਨ, ਉਹਨਾਂ ਤੋਂ ਗੁਰਮੁਖ ਜਗਿਆਸੂ ਬੂਝੈ=ਬੁੱਝੇ ਤਾਂ ਗੁਰ=ਚੇਤਨ ਸਾਰਿਆਂ ਦਾ ਮੁਖਿ=ਅਸਿਸਠਾਨ ਰੂਪ ਸਬਦੁ=ਬ੍ਰਹਮ ਦਾ ਬਿਚਾਰੇ=ਵਿਚਾਰ ਕਰਦਾ ਹੈ। ਭਾਵ-ਪ੍ਰਾਪਤ ਕਰਦਾ ਹੈ।

## ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ॥

ਜੀਅ ਤੇ ਪਿੰਡੁ=ਸਰੀਰ ਆਦਿਕ ਸਭ ਕੁਝ ਗੁਰਾਂ ਤੋਂ ਉਪਜੈ=ਉਧਰਦੇ ਹਨ,

ਭਾਵ-ਸਫਲ ਹੁੰਦੇ ਹਨ, ਮੁਖ ਗੁਰੂ ਹੀ ਸਿੱਖ ਦੇ ਸਾਰੇ ਕੰਮ ਸਵਾਰਦੇ ਹਨ।

**ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥**

ਅੰਨ੍ਹਾ ਮਨਮੁਖ ਅੰਧੁ=ਮੰਦ ਕਰਮਾਂ ਨੂੰ ਕਮਾਉਂਦਾ ਹੈ, ਅਤੇ ਸੰਸਾਰ ਵਿਚ ਵਿਸ਼ਿਆਂ ਰੂਪੀ ਜ਼ਹਿਰ ਨੂੰ ਖੱਟਦਾ ਹੈ। ਭਾਵ-ਪ੍ਰਾਪਤ ਕਰਦਾ ਹੈ।

**ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥**

ਅਤਿ ਪਿਆਰੇ-ਬੜੇ ਪਿਆਰ ਵਾਲੇ ਜੋ ਗੁਰੂ ਹਨ ਉਹਨਾਂ ਤੋਂ ਬਿਨਾਂ ਹੋ ਕੇ ਮਾਇਆ ਦੇ ਮੋਹ ਵਿਚ ਲੱਗ ਕੇ ਸਦਾ ਹੀ ਦੁੱਖ ਨੂੰ ਪਾਉਂਦਾ ਹੈ॥ ੨॥

**ਸੋਈ ਸੇਵਕੁ ਜੋ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ॥**

ਓਹੀ ਸੱਚਾ ਸੇਵਕ ਹੈ ਜਿਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ ਅਤੇ ਸਤਿਗੁਰਾਂ ਦੇ ਭਾਏ=ਭਾਣੇ ਵਿਚ ਚਲਦਾ ਹੈ, ਵਾ:-ਸਤਿਗੁਰਾਂ ਦੇ ਭਾਏ=ਅਨੁਸਾਰ ਚਲਦਾ ਹੈ।

**ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ॥**

ਜੋ ਸਬਦੁ=ਬ੍ਰਹਮ ਸੱਚਾ ਹੈ, ਤੇ ਜਿਸ ਦੀ ਸਿਫਤ ਭੀ ਸੱਚੀ ਹੈ, ਉਸ ਦਾ ਸੱਚਾ ਨਾਮ ਮਨ ਵਿਚ ਵਸਾਉਣਾ ਕਰੇ।

**ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ॥**

ਗੁਰਮੁਖ-ਜਨ ਸੱਚੀ ਨਾਮ-ਬਾਣੀ ਨੂੰ ਆਖਦੇ ਹਨ, ਇਸ ਕਰਕੇ ਉਹਨਾਂ ਦੇ ਹਿਰਦੇ ਵਿਚੋਂ ਹੰਗਤਾ-ਮਮਤਾ ਚਲੀ ਜਾਂਦੀ ਹੈ।

**ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ॥ ੩ ॥**

(੧) ਉਹ ਪ੍ਰਭੂ ਆਪ ਦਾਤਾ ਹੈ, ਉਸ ਦਾ ਕਰਮੁ=ਕਰਤੱਵ ਭੀ ਸੱਚਾ ਹੈ, ਇਸ ਗੱਲ ਨੂੰ ਉਹ ਜਾਣਦਾ ਹੈ ਜਿਸ ਨੂੰ ਗੁਰੂ ਸੱਚਾ ਉਪਦੇਸ਼ ਸੁਣਾਉਂਦੇ ਹਨ।

(੨) ਸੱਚਾ ਦਾਤਾ ਪਰਮੇਸ਼ਰ ਆਪ ਜਿਸ ਉਤੇ ਕਰਮੁ=ਅਨਿਗ੍ਰਹੁ ਕਰਦਾ ਹੈ, ਉਸ ਨੂੰ ਗੁਰਾਂ ਦਾ ਸੱਚਾ ਸ਼ਬਦ ਸੁਣਾਉਂਦਾ ਹੈ॥ ੩॥

**ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥**

ਗੁਰਮੁਖ ਗੁਰ ਸੇਵਾ ਦੀ ਕਮਾਈ ਘਾਲੇ=ਕਰਦੇ ਹਨ, ਗੁਰਮੁਖ ਹੀ ਨਾਮ-ਧਨ ਖੱਟਦੇ ਹਨ, ਗੁਰਮੁਖ ਹੀ ਹੋਰਨਾਂ ਨੂੰ ਨਾਮ ਜਪਵਾਉਂਦੇ ਹਨ।

**ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥**

ਗੁਰਾਂ ਦੇ ਉਪਦੇਸ਼ ਵਿਚ ਸਹਜੇ ਸੁਭਾਏ=ਸ੍ਰੇਸ਼ਟ ਪ੍ਰੇਮ ਕਰਕੇ ਸੱਚੇ ਰੰਗ ਵਿਚ ਰਾਤਾ=ਮਿਲਿਆ ਹੋਇਆ ਗੁਰਮੁਖ ਸਦਾ ਹੀ ਸੰਸਾਰ ਤੋਂ ਅਲਿਪਤੁ=ਅਲਪ (ਅਸੰਗ) ਰਹਿੰਦਾ ਹੈ।

**ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥**

ਮਨਮੁਖ ਪੁਰਸ਼ ਸਦਾ ਹੀ ਝੂਠ ਬੋਲਦਾ ਹੈ, ਵਿਹੁ ਨੂੰ ਬੀਜ ਕੇ ਵਿਹੁ ਫਲ ਖਾਂਦੇ ਹਨ, ਅਰਥਾਤ ਮੰਦ ਕਰਮ ਕਰਕੇ ਦੁਖੀ ਹੁੰਦੇ ਹਨ। ਵਾ:-ਵਿਸ਼ਿਆਂ ਰੂਪੀ ਬੀਜ ਨੂੰ ਬੀਜ ਕੇ ਜ਼ਹਿਰ ਫਲ ਨੂੰ ਹੀ ਖਾਂਦੇ ਹਨ।

## ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥ ੪ ॥

ਤ੍ਰਿਸ਼ਨਾ ਦੀ ਅੱਗ ਨਾਲ ਦਾਧਾ=ਸੜੇ ਹੋਏ ਮਨਮੁਖ ਨੂੰ ਜਿਸ ਵੇਲੇ ਜਮਕਾਲ ਨੇ ਸੰਗਲਾਂ ਨਾਲ ਬੰਨ੍ਹ ਲਿਆ, ਤਾਂ ਦੱਸੋ ਗੁਰਾਂ ਤੋਂ ਬਿਨਾਂ ਉਸ ਨੂੰ ਕੌਣ ਛੁਡਾ ਸਕਦਾ ਹੈ ? ॥ ੪ ॥

## ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥

(੧) ਸਚਾ ਤੀਰਥੁ=ਪਵਿੱਤਰ ਤੀਰਥ ਸਤਸੰਗ ਹੈ, (ਸਤੰ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ-ਗੁਣਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ) ਜਿਤੁ ਸਰਿ=ਜਿਸ ਸਤਸੰਗ ਸਰੋਵਰ ਵਿਚ ਇਸ਼ਨਾਨ ਕਰਨਾ ਉਹ ਪ੍ਰਭੂ ਆਪ ਹੀ ਗੁਰਮੁਖਾਂ ਨੂੰ ਬੁਝਾਏ=ਸਮਝਾਉਂਦਾ ਹੈ।

(੨) ਜਿਸ ਸਤਸੰਗ=ਸਰੋਵਰ ਵਿਚ ਇਸ਼ਨਾਨ ਕਰਨ ਕਰਕੇ ਉਹ ਪਰਮੇਸ਼ਰ ਗੁਰਮੁਖਾਂ ਨੂੰ ਗੁਰਾਂ ਦੁਆਰੇ ਆਪਿ ਬੁਝਾਏ=ਆਪਣਾ ਆਪ ਸਮਝਾ ਦੇਂਦਾ ਹੈ।

## ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੇ ਮਲੁ ਜਾਏ ॥

ਅਠਸਠਿ=ਅਠਾਠ (੬੮) ਤੀਰਥ ਜੋ ਮੁਖ ਹਨ, ਉਹ ਗੁਰਾਂ ਨੇ ਆਪਦੇ ਸ਼ਬਦ ਵਿਚ ਸਿੱਖਾ ਨੂੰ ਦਿਖਾਏ ਹਨ, ਉਸ ਸ਼ਬਦ ਰੂਪ ਤੀਰਥ ਵਿਚ ਇਸ਼ਨਾਨ ਕਰਨ ਨਾਲ ਸਾਰੇ ਮਲੁ=ਪਾਪ ਦੂਰ ਚਲੇ ਜਾਂਦੇ ਹਨ।

*ਯਥਾ:-* "ਸੁਣਿਐ ਅਠਸਠਿ ਕਾ ਇਸਨਾਨੁ ॥" *(ਜਪੁਜੀ, ਪੰਨਾ ੩)*

*ਤਥਾ:-* 'ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰ ਚੜ੍ਹਿਓ ਕੈਲਾਸ਼ ਰਹਿਓ।
ਜੈਸੇ ਲਾਖਬਾਰ ਕੁਰਛੇਤਰ ਮੈਂ, ਅਸਮੇਘ ਜਗ ਅਭੰਗ ਠਇਓ।
ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੈਂ ਤਨ ਦਾਹ ਦਇਓ।
ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।

*(ਭਾਈ ਗੁਰਦਾਸ ਜੀ, ਕਬਿਤ-ਸ੍ਵੈਯੇ)*

## ਸਚਾ ਸਬਦੁ ਸਾਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥

ਉਹ ਸਬਦੁ=ਬ੍ਰਹਮ ਪਿੱਛੇ ਸੱਚਾ ਸੀ, ਹੁਣ ਭੀ ਸੱਚਾ ਤੇ ਨਿਰਮਲ ਹੈ,
ਨਾ ਉਸ ਨੂੰ ਮੈਲ ਲਗਦੀ ਹੈ ਨਾ ਹੀ ਉਹ ਹੋਰਨਾਂ ਨੂੰ ਮੈਲ ਲਗਾਉਂਦਾ ਹੈ।

## ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥ ੫ ॥

ਉਸ ਦੀ ਸਿਫਤ ਸੱਚੀ ਹੈ, ਉਸ ਦੀ ਸ਼ਲਾਘਾ ਭੀ ਸੱਚੀ ਹੈ, ਉਹ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ ॥ ੫ ॥

ਸਿਫਤ ਮੁਸਲਮਾਨ ਕਰਦੇ ਹਨ, ਸ਼ਲਾਘਾ ਹਿੰਦੂ ਕਰਦੇ ਹਨ:-

*ਯਥਾ:-* "ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥ *(ਵਾਰ ਆਸਾ, ਪੰਨਾ ੪੬੫)*

**ਦੂਜਾ ਅਰਥ:**-ਸਚਾ ਸਬਦੁ ਸਾਚਾ ਹੈ ਨਿਰਮਲ ਨਾ ਮਲੁ ਲਗੈ ਨ ਲਾਇ॥

ਸਚਿਆਂ ਗੁਰਾਂ ਦਾ ਸਬਦੁ=ਉਪਦੇਸ਼ ਸੱਚਾ ਤੇ ਨਿਰਮਲ ਹੈ,

ਉਸ ਨੂੰ ਨਾ ਮੈਲ ਲੱਗਦੀ ਹੈ ਨਾ ਹੀ ਉਹ ਸਿੱਖ ਨੂੰ ਮੈਲ ਲੱਗਣ ਦੇਂਦਾ ਹੈ।

***ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ ੫॥*** *(ਪੰਨਾ ੭੫੩)*

ਜੋ ਸਚੀ ਸਿਫਤਿ=ਸ਼ੋਭਾ ਤੇ ਸਚੀ ਸਾਲਾਹ=ਵਡਿਆਈ ਹੈ,

ਉਹ ਪੂਰਿਆਂ ਗੁਰਾਂ ਤੋਂ ਪਾਈ ਜਾਂਦੀ ਹੈ॥ ੫॥

## ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ॥

ਤਨ ਮਨ ਆਦਿਕ ਸਭ ਕੁਝ ਉਸ ਹਰੀ ਦਾ ਹੈ, ਪਰ ਦੁਰਮਤਿ=ਖੋਟੀ ਬੁੱਧੀ ਕਰਕੇ ਉਸ ਦਾ ਕਿਹਾ ਨਹੀਂ ਜਾਦਾ।

## ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ॥

ਜੋ ਗੁਰਾਂ ਦਾ ਹੁਕਮ ਹੋਵੇ ਉਸ ਨੂੰ ਸੱਚਾ ਕਰਕੇ ਮੰਨ ਲਵੇ, ਤਾਂ ਹਿਰਦੇ ਵਿਚੋਂ ਹਉਮੈ ਦੇ ਚਲੇ ਜਾਣ ਕਰਕੇ ਮਨ ਸ਼ੁੱਧ ਹੁੰਦਾ ਹੈ।

## ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ॥

ਗੁਰਾਂ ਦੀ ਕਹੀ ਹੋਈ ਸਾਖੀ=ਸਿਖਿਆ ਸਹਜੇ ਚਾਖੀ=ਸੁਭਾਵਕ ਹੀ ਛਕ ਲਈ ਜਾਏ ਭਾਵ ਸ਼ਾਂਤੀ ਨਾਲ ਧਾਰਨ ਕੀਤੀ ਜਾਏ ਤਾਂ ਤ੍ਰਿਸ਼ਨਾ ਰੂਪ ਅੱਗ ਬੁਝ ਜਾਂਦੀ ਹੈ।

## ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ॥ ੬॥

ਜੋ ਜਗਿਆਸੂ ਗੁਰਾਂ ਦੇ ਉਪਦੇਸ਼ ਵਿਚ ਰਾਤਾ=ਤਦਾਕਾਰ ਹੋ ਕੇ ਸਹਜੇ ਮਾਤਾ=ਗਿਆਨ ਵਿਚ ਮਸਤ ਹੋਇਆ ਹੈ, ਉਹ ਸੁਭਾਵਕ ਹੀ ਪਰਮੇਸ਼ਰ ਵਿਚ ਸਮਾ ਰਿਹਾ ਹੈ॥ ੬॥

## ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ॥

ਜੋ ਪਿਆਰਿਆਂ ਗੁਰਾਂ ਵਿਚ ਭਾਇ=ਪ੍ਰੇਮ ਕਰਦਾ ਹੈ, ਉਹ ਹਰੀ ਦਾ ਨਾਮ ਸੱਚਾ ਕਰਕੇ ਜਾਣਦਾ ਹੈ।

[ਪੰਨਾ ੭੫੪]

## ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ॥

ਜੋ ਸੱਚ ਨਾਮ ਦੇ ਪਿਆਰੇ ਹਨ, ਉਨ੍ਹਾਂ ਨੇ ਸੱਚੀ ਵਡਿਆਈ ਗੁਰਾਂ ਤੋਂ ਪਾਈ ਹੈ।

## ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ॥

ਇਕ ਸੱਚਾ ਪ੍ਰਭੂ ਭਾਵੇਂ ਸਾਰਿਆਂ ਵਿਚ ਵਰਤ ਰਿਹਾ ਹੈ, ਪਰ ਕੋਈ ਵਿਰਲਾ ਹੀ ਉਸ ਦੀ ਵਿਚਾਰ ਕਰਦਾ ਹੈ।

## ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥ ੭॥

(੧) ਜਾਂ ਗੁਰੂ ਨਾਮ ਬਖਸ਼ੇ ਤਾਂ ਸੱਚੀ ਭਗਤੀ ਨਾਲ ਸਵਾਰੇ ਹੋਏ ਪੁਰਸ਼ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

(੨) ਸੱਚੀ ਭਗਤੀ ਕਰਕੇ ਜਾਂ (ਮਨ ਬੁੱਧ ਆਦਿਕ ਸਭ) ਇੰਦ੍ਰੀਏ ਸਵਾਰ ਲਏ ਤਾਂ ਪ੍ਰਭੂ ਨੇ ਔਗੁਣ ਬਖਸ਼ ਕੇ ਆਪਣੇ ਨਾਲ ਮੇਲ ਲੀਤਾ॥ ੭॥

## ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥

ਪਿੱਛੇ ਵੀ ਸੱਚਾ ਸਾਰਿਆਂ ਵਿਚ ਵਰਤਦਾ ਸੀ, ਹੁਣ ਭੀ ਸੱਚਾ ਸਾਰਿਆਂ ਵਿਚ ਵਰਤ ਰਿਹਾ ਹੈ,
ਅੱਗੇ ਭੀ ਸੱਚਾ ਸਾਰਿਆਂ ਵਿਚ ਵਰਤੇਗਾ, ਪਰ ਕੋਈ ਗੁਰਮੁਖ ਹੀ ਇਸ ਭੇਦ ਨੂੰ ਜਾਣਦਾ ਹੈ।

## ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ॥

ਜਿਸ ਦੇ ਹੁਕਮ ਵਿਚ ਜੰਮਣਾ ਮਰਨਾ ਵਰਤ ਰਿਹਾ ਹੈ, ਗੁਰਮੁਖਾਂ ਨੇ ਆਪਣੇ ਆਪ ਨੂੰ ਉਸ ਦਾ ਰੂਪ ਪਛਾਣਿਆ ਹੈ।

## ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ॥

ਪ੍ਰਭੂ ਦੇ ਨਾਮ ਨੂੰ ਧਿਆਵੇ ਤਾਂ ਇਹ ਸਤਿਗੁਰਾਂ ਨੂੰ ਭਾਉਂਦਾ ਹੈ, ਫਿਰ ਜੋ ਇੱਛਾ ਕਰਦਾ ਹੈ ਓਹੀ ਫਲ ਪਾਉਂਦਾ ਹੈ।

## ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਸਭ ਕੁਝ ਸਫਲ ਹੁੰਦਾ ਹੈ, ਜਿਹੜਾ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਉਂਦਾ ਹੈ॥ ੮॥ ੧॥

## ਸੂਹੀ ਮਹਲਾ ੩॥

## ਕਾਇਆ ਕਾਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ॥

ਉਹ ਕਾਇਆ=ਦੇਹ, ਵਾ:-ਬੁੱਧੀ ਰੂਪ ਇਸਤ੍ਰੀ ਅਤਿ ਸੁਆਲਿਓ=ਵੱਡੀ ਸੁੰਦਰ ਹੈ,
ਵਾ:-ਸਲਾਹੁਣੇ ਜੋਗ ਹੈ। ਜਿਸ ਦੇ ਨਾਲ ਪਤੀ (ਪਰਮਾਤਮਾ) ਵੱਸਦਾ ਹੈ।

## ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ॥

ਸੱਚੇ ਪਿਰੀ ਦੇ ਮਿਲਾਪ ਨਾਲ ਉਹ ਸਦਾ ਸੁਹਾਗਵੰਤੀ ਹੈ, ਪਰ ਸੱਚਾ ਪਿਰੀ ਤਾ ਮਿਲਦਾ ਹੈ ਜਾਂ ਗੁਰਾਂ ਦਾ ਗੁਰ-ਉਪਦੇਸ਼ ਸੰਭਾਲਣਾ ਕਰੇ।

## ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ॥ ੧॥

ਜੋ ਹਰੀ ਦੀ ਭਗਤੀ ਦੇ ਰੰਗ ਵਿਚ ਸਦਾ ਰਾਤਾ=ਮਿਲਿਆ ਰਹਿੰਦਾ ਹੈ,
ਉਸ ਦੇ ਹਿਰਦੇ ਵਿਚੋਂ ਹੰਗਤਾ-ਮਮਤਾ ਜਾਲੇ=ਸੜ ਜਾਂਦੀ ਹੈ॥ ੧॥

## ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥੧॥ਰਹਾਉ॥

ਪੂਰਿਆਂ ਗੁਰਾਂ ਦੀ ਬਾਣੀ ਵਾਹੁ ਵਾਹੁ=ਧੰਨ ਧੰਨ ਹੈ। ਜੋ ਪੂਰਿਆਂ ਗੁਰਾਂ ਤੋਂ ਪੈਦਾ ਹੋਈ ਹੈ, ਤੇ ਸੱਚ ਸਰੂਪ

ਵਿਚ ਸਮਾ ਗਈ ਹੈ॥ ੧॥ ਰਹਾਉ॥

**ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥**

੧. ਖੰਡ, ਮੰਡਲ ਅਤੇ ਪਾਤਾਲ ਆਦਿਕ ਸਭ ਕੁਝ ਦੇਹ ਦੇ ਅੰਦਰ ਹੀ ਵੱਸ ਰਿਹਾ ਹੈ।

੨. ਕਾਇਆ ਦੇ ਅੰਦਰ ਸਭ ਕੁਝ ਵੱਸ ਰਿਹਾ ਹੈ, ਖੰਡ=ਨੌ ਜੋੜ ਮੁਖ-ਮੁਖ, ਮੰਡਲ=ਕਮਰ ਅਸਥਾਨ, ਵਾ:-ਅੰਤਹਕਰਨ, ਪਾਤਾਲਾ=ਪੈਰ।

੩. ਸਭ ਕੁਝ ਵਸਤੂਆਂ ਦਾ ਮਾਲਕ ਜੋ ਪਰਮੇਸ਼ਰ ਹੈ, ਉਹ ਇਸ ਕਾਇਆਂ ਦੇ ਅੰਦਰ ਵਸ ਰਿਹਾ ਹੈ, ਖੰਡਾਂ, ਮੰਡਲਾਂ ਤੇ ਪਤਾਲਾਂ ਵਿਚ ਭੀ ਵਸ ਰਿਹਾ ਹੈ।

**ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥**

ਜੋ ਸਾਰਿਆਂ ਜੀਆਂ ਦੀ ਪ੍ਰਤਿਪਾਲਾ ਕਰਦਾ ਹੈ ਉਹ ਜਗਜੀਵਨ ਦਾਤਾ ਭੀ ਇਸ ਕਾਇਆਂ ਦੇ ਅੰਦਰ ਵੱਸ ਰਿਹਾ ਹੈ।

**ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਾਲਾ॥ ੨॥**

ਉਹ ਕਾਇਆਂ, ਵਾ:-ਬੁੱਧੀ ਰੂਪ ਕਾਂਮਣਿ=ਇਸਤ੍ਰੀ ਸਦਾ ਹੀ ਸੁਹੇਲੀ=ਸੁਖੀ ਹੈ,
ਜਿਸ ਨੇ ਗੁਰਮੁਖਿ=ਗੁਰਾਂ ਦੁਆਰੇ ਨਾਮ ਨੂੰ ਸੰਭਾਲਿਆ ਹੈ॥ ੨॥

**ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥**

ਉਹ ਅਲੱਖ ਸਰੂਪ (ਪਰਮਾਤਮਾ) ਇਸ ਕਾਇਆਂ ਦੇ ਅੰਦਰ ਆਪ ਹੀ ਵੱਸ ਰਿਹਾ ਹੈ, ਜੋ ਗੁਰਾਂ ਤੋਂ ਬਿਨਾਂ ਲਖਿਆ=ਜਾਣਿਆ ਨਹੀਂ ਜਾਂਦਾ।

**ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥**

ਮਨਮੁਖ ਮੂਰਖ ਇਸ ਭੇਦ ਨੂੰ ਸਮਝਦਾ ਨਹੀਂ ਹੈ ਤੇ ਪ੍ਰਭੂ ਨੂੰ ਢੂੰਡਣ ਵਾਸਤੇ ਬਾਹਰ ਜੰਗਲਾਂ ਵਿਚ ਵਾ:-ਤੀਰਥਾਂ ਉੱਪਰ ਜਾਂਦਾ ਹੈ।

**ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ॥ ੩॥**

ਉਹਨਾਂ ਸਤਿਗੁਰਾਂ ਨੂੰ ਸੇਵੇ ਤਾਂ ਸਦਾ ਸੁਖ ਪਾਉਂਦਾ ਹੈ, ਜਿਨ੍ਹਾਂ ਸਤਿਗੁਰਾਂ ਨੇ ਅਲੱਖ ਪ੍ਰਭੂ ਲਖਾਈ=ਜਣਾ ਦਿੱਤਾ ਹੈ॥ ੩॥

**ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥**

ਕਾਇਆਂ ਦੇ ਅੰਦਰ ਹੀ ਰਤਨ=ਅਮੋਲਕ ਨਾਮ ਪਦਾਰਥ ਹੈ,
ਵਾ:-ਰਤਨ=ਵੈਰਾਗ ਆਦਿਕ ਪਦਾਰਥ ਹਨ, ਅਤੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ।

**ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥**

ਨੌਂ ਖੰਡਾਂ ਦੀ ਪ੍ਰਿਥਵੀ ਦਾ ਮਾਲਕ ਪਰਮੇਸ਼ਰ ਇਸ ਕਾਇਆਂ ਦੇ ਅੰਦਰ ਹੈ।
ਅਥਵਾ:-ਨਉ ਖੰਡ=ਨੌਂ ਹਿੱਸਿਆਂ ਵਾਲੀ ਨੌਧਾ ਭਗਤੀ ਇਸ ਕਾਇਆਂ ਦੇ ਅੰਦਰ ਹੈ।

ਅਥਵਾ:-ਨਉ ਖੰਡ=ਨੌਂ ਜੋੜ, ਪ੍ਰਿਥਮੀ=ਬੁੱਧੀ, ਹਾਟ=ਹਿਰਦਾ, ਪਟਣ=ਸਰੀਰ, ਵਾ:-ਅੰਤਹਕਰਨ, ਬਾਜਾਰਾ=ਇੰਦ੍ਰੀਏ ਇਤਿਆਦਿਕ ਸਭ ਕੁਝ ਇਸ ਕਾਇਆਂ ਦੇ ਅੰਦਰ ਹੈ।

**ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥ ੪॥**

ਗੁਰ ਸ਼ਬਦ ਦੇ ਵਿਚਾਰ ਦੁਆਰਾ ਹੀ ਇਸ ਕਾਇਆ ਦੇ ਅੰਦਰ ਨੌ ਨਿਧੀ ਰੂਪ ਨਾਮ ਪਾਈਦਾ ਹੈ॥ ੪॥

**ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ॥**

ਉਹ ਪ੍ਰਭੂ ਆਪ ਹੀ ਤੋਲਣ ਵਾਲਾ ਹੋ ਕੇ ਇਸ ਕਾਇਆਂ ਦੇ ਅੰਦਰ ਤੋਲ ਨੂੰ ਤੁਲਾਉਂਦਾ ਹੈ। ਅਰਥਾਤ ਇਸ ਕਾਇਆਂ ਦੇ ਅੰਦਰ ਤੋਲਿ ਤੁਲਾਵੈ=ਵਿਚਾਰ ਵਿਚਰਾਉਂਦਾ ਹੈ, ਅਤੇ ਆਪ ਹੀ ਤੋਲਣਹਾਰਾ=ਵਿਚਾਰ ਦੇ ਕਰਨ ਵਾਲਾ ਹੈ।

**ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥**

ਇਸ ਮਨ ਦੇ ਵਿਚ ਹੀ ਰਤਨੁ=ਵੈਰਾਗ, ਜਵਾਹਰ=ਗਿਆਨ, ਮਾਣਕੁ=ਸ੍ਰਵਨ, ਮੰਨਣ, ਨਿਧਿਆਸਨ ਹੈ, ਉਹਨਾਂ ਗੁਣਾਂ ਦਾ ਮੁੱਲ ਅਫਾਰਾ=ਅਸਹਿ ਭਾਵ ਬਿਅੰਤ ਹੈ। ਪ੍ਰਤੱਖ ਰੁਪਈਆਂ ਨਾਲ ਮੁੱਲ ਨਹੀਂ ਪੈਂਦਾ।

**ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥ ੫॥**

ਕਿਸੇ ਭੀ ਮੋਲਿ=ਮੁੱਲ ਨਾਲ ਨਾਮ ਨਹੀਂ ਪਾਇਆ ਜਾਂਦਾ, ਗੁਰ-ਉਪਦੇਸ਼ ਦੀ ਵਿਚਾਰ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ।॥ ੫॥

**ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥**

ਜੋ ਗੁਰਮੁਖ ਹੁੰਦਾ ਹੈ ਓਹੀ ਉਸ ਨੂੰ ਕਾਇਆ=ਦੇਈ ਵਿਚੋਂ ਖੋਜੈ=ਖੋਜਦਾ ਹੈ, ਹੋਰ ਸਾਰੀ (ਦੁਨੀਆਂ) ਭਰਮ ਵਿਚ ਭੁੱਲੀ ਹੋਈ ਹੈ।

**ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ॥**

ਜਿਸ ਨੂੰ ਪਰਮੇਸ਼ਰ ਵਿਚਾਰ ਦੇਂਦਾ ਹੈ ਓਹੀ ਪੁਰਸ਼ ਪਾਉਂਦਾ ਹੈ, ਹੋਰ ਆਪਣੇ ਆਪ ਕੋਈ ਕੀ ਚਤੁਰਾਈ ਕਰ ਸਕਦਾ ਹੈ।

**ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ॥ ੬॥**

ਕਾਇਆਂ ਦੇ ਅੰਦਰ ਹੀ ਭਉ=ਭਰ ਤੇ ਭਾਉ=ਪ੍ਰੇਮ ਵੱਸ ਰਿਹਾ ਹੈ, ਪਰ ਗੁਰਾਂ ਦੀ ਕਿਰਪਾ ਨਾਲ ਪਾਈਦਾ॥ ੬॥

**ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥**

ਕਾਇਆਂ ਦੇ ਅੰਦਰ ਹੀ ਬ੍ਰਹਮਾ, ਵਿਸ਼ਨੂੰ ਤੇ ਮਹੇਸਾ=ਸ਼ਿਵ ਜੀ ਹਨ, ਜਿਤੁ=ਜਿਨ੍ਹਾਂ ਦੇਵਤਿਆਂ ਕਰਕੇ ਸਾਰੇ ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਹੁੰਦੀ ਹੈ।

ਅਥਵਾ:-ਕਾਇਆਂ ਦੇ ਅੰਦਰ ਹੀ ਬ੍ਰਹਮਾ, ਵਿਸ਼ਨੂੰ, ਮਹੇਸਾ-'ਰਜੋ, ਸਤੋ, ਤਮੋ' ਤਿੰਨੇ ਗੁਣ ਹਨ, ਜਿਨ੍ਹਾਂ

ਤਿੰਨਾਂ ਗੁਣਾਂ ਤੋਂ ਸਾਰੇ ਸੰਸਾਰ ਦੀ ਉਤਪਤੀ ਹੈ।

*ਅਥਵਾ-* "ਬ੍ਰਹਮੁ ਪਾਤੀ ਬਿਨੁ ਡਾਰੀ ਫੂਲ ਸੰਕਰ ਦੇਉ॥"

ਇਸ ਸਿਧਾਂਤ ਅਨੁਸਾਰ (ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ) ਤਿੰਨੇ ਦੇਵਤੇ ਕਾਇਆਂ ਦੇ ਅੰਦਰ ਹਨ।★

**ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ॥**

ਜੋ ਆਵਾ ਗਉਣੁ=ਆਉਣ ਜਾਣ ਵਾਲਾ ਸੰਸਾਰ ਪਸਾਰਾ ਹੈ, ਸੱਚੇ ਨੇ ਇਹ ਇਕ ਆਪਣਾ ਹੀ ਖੇਲ ਬਣਾਇਆ ਹੈ।

*ਅਥਵਾ:-*ਸਚੇ ਨੇ ਜੋ ਆਪਣਾ ਸੰਸਾਰ ਖੇਲ ਬਣਾਇਆ ਹੈ, ਇਸ ਪਸਾਰੇ ਨੂੰ ਵੀ ਆਵਾਗੌਣ ਹੀ ਕੀਤਾ ਹੈ।

**ਪੂਰੈ ਸਤਿਗੁਰਿ ਆਪਿ ਵਿਖਾਇਆ ਸਚਿ ਨਾਮਿ ਨਿਸਤਾਰਾ॥੭॥**

ਪੂਰਿਆਂ ਸਤਿਗੁਰਾਂ ਨੇ ਕਿਰਪਾ ਕਰਕੇ ਜਿਸ ਨੂੰ ਆਪ ਸੱਚਾ ਨਾਮੀ ਪਰਮਾਤਮਾ ਵਿਖਾਇਆ ਹੈ, ਉਸ ਦਾ ਨਿਸਤਾਰਾ ਹੋਇਆ ਹੈ॥ ੭॥

**ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥**

ਜੋ ਸਤਿਗੁਰਾਂ ਨੂੰ ਸੇਂਵਦੀ ਹੈ ਸਚੇ ਪ੍ਰਭੂ ਨੇ ਆਪ "ਸਾ ਕਾਇਆ ਸਵਾਰੀ" ਉਹ ਦੇਹ ਸਵਾਰਨਾ ਕੀਤਾ ਹੈ।

**ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥**

ਨਾਮ-ਸਿਮਰਨ ਕੀਤੇ ਤੋਂ ਬਿਨਾਂ ਦਰਗਾਹ ਵਿਚ ਢੋਈ=ਜਗ੍ਹਾ ਨਹੀਂ ਮਿਲਦੀ, ਤਾਂ ਹੀ ਇਸ ਨੂੰ ਜਮੁ ਖੁਆਰੀ=ਖਰਾਬ ਕਰਦਾ ਹੈ।

**ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ॥੮॥੨॥**

ਗੁਰੂ ਜੀ ਕਥਨ ਕਰਦੇ ਹਨ--ਜਿਸ ਉਤੇ ਹਰੀ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਉਹ ਸੱਚ-ਨਾਮ ਨੂੰ ਜਪਕੇ ਸੱਚੀ ਵਡਿਆਈ ਨੂੰ ਪਾਉਂਦਾ ਹੈ॥ ੮॥ ੨॥

[ਪੰਨਾ ੭੫੫]

## ਰਾਗੁ ਸੂਹੀ ਮਹਲਾ ੩ ਘਰੁ ੧੦

## ੴ ਸਤਿਗੁਰ ਪ੍ਰਸਾਦਿ॥

ਇਕ ਮਨੁੱਖ ਸੋਹਣੇ ਮਕਾਨਾਂ ਨੂੰ, ਚੰਗੀਆਂ ਦੁਕਾਨਾਂ ਨੂੰ ਤੇ ਚੰਗਿਆਂ ਪਦਾਰਥਾਂ ਨੂੰ ਵੇਖ ਕੇ ਇਸ ਦੁਨੀਆਂ

---

*★"ਸਰਬ ਸੁਕਰ ਬ੍ਰਹਮਾ ਅਹੈ, ਬਿਸਨ ਪਲਦ ਪ੍ਰਕਾਸ਼।*
*ਈਸਰ ਅਸਤ ਸੰਘਾਤ ਹੈ, ਤਾਂ ਤੇ ਮਤ ਭਖ ਮਾਸ।" (ਸਾਰੁਕਤਾਵਲੀ, ਅਧਿ:੭)*

*ਅਰਥ:-ਸਾਰਿਆਂ ਵਿਚ ਜੋ ਸੁਕਰ=ਬੀਰਜ ਅੰਸ ਹੈ, ਇਹ ਬ੍ਰਹਮਾ ਰੂਪ। ਸਾਰਿਆਂ ਵਿਚ ਜੋ ਪਲਦ=ਮਾਸ ਦਾ ਪ੍ਰਕਾਸ਼ ਹੈ, ਇਹ ਵਿਸ਼ਨੂੰ ਰੂਪ ਹੈ। ਅਸਤ ਸੰਘਾਤ=ਹੱਡੀਆਂ ਦਾ ਜੋ ਸਮੁਦਾਅ ਹੈ ਇਹ ਸ਼ਿਵ ਰੂਪ ਹੈ।*

*ਇਸ ਕਰਕੇ ਕਾਇਆਂ ਦੇ ਅੰਦਰ ਹੀ 'ਾ, ਵਿਸ਼ਨੂੰ ਤੇ ਸ਼ਿਵ ਜੀ' ਤਿੰਨੇ ਦੇਵਤੇ ਹਨ।*

ਦੀ ਸ਼ਲਾਘਾ ਕਰ ਰਿਹਾ ਸੀ, ਦੂਜਾ ਮਨੁੱਖ ਸੁਰਗ ਤੇ ਸ਼ਿਵ ਆਦਿਕ ਲੋਕਾਂ ਦੇ ਸੁਖ ਸੁਣ ਕੇ ਉਹਨਾਂ ਦੀ ਸ਼ਲਾਘਾ ਕਰ ਰਿਹਾ ਸੀ। ਉਹਨਾਂ ਤੋਂ ਸੁਣ ਕੇ ਗੁਰੂ ਜੀ ਸਮਝਾਉਂਦੇ ਹਨ-

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥**

ਹੇ ਭਾਈ ! ਇਸ ਦੁਨੀਆਂ ਨੂੰ ਨਾ ਸਲਾਹੁਣਾ ਕਰ ਜੋ ਮਰ ਕੇ ਵੰਞਸੀ=ਚਲੇ ਜਾਣ ਵਾਲੀ ਹੈ।

*ਯਥਾ:-* "ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰੁ॥ ੩॥" *(ਸਿਰੀ ਰਾਗੁ ਮ: ੧, ਪੰਨਾ ੬੪)*

**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥ ੧॥**

ਸੁਰਗ ਲੋਕ, ਇੰਦਰ ਲੋਕ, ਸ਼ਿਵ ਲੋਕ, ਬ੍ਰਹਮ ਲੋਕ ਇਤਆਦਿਕ ਉਪਰਲੇ ਲੋਕਾਂ ਨੂੰ ਭੀ,
ਵਾ:-ਪ੍ਰਲੋਕ ਨੂੰ ਭੀ ਨਾ ਸਲਾਹੁਣਾ ਕਰ ਜੋ ਮਰ ਕੇ ਖ਼ਾਕ ਰੂਪ ਥੀਈ=ਹੋ ਜਾਣ ਵਾਲੇ ਹਨ॥ ੧॥

*ਯਥਾ:-* "ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥ ੨॥"
*(ਗਉੜੀ ਮ: ੫, ਪੰਨਾ ੨੩੭)*

**ਵਾਹੁ ਮੇਰੇ ਸਾਹਿਬਾ ਵਾਹੁ॥**

**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ॥ ੧॥ ਰਹਾਉ॥**

ਹੇ ਭਾਈ ! ਗੁਰਮੁਖ ਆਪਣੇ ਮਾਲਕ ਦੀ ਸ਼ਲਾਘਾ ਸਦਾ ਹੀ ਇਸ ਤਰ੍ਹਾਂ ਕਰਦੇ ਹਨ, ਕਿ- ਹੇ ਮੇਰੇ ਸਾਹਿਬਾ ਤੂੰ ਧੰਨ ਹੈਂ। ਫਿਰ ਤੂੰ ਸੱਚਾ ਅਤੇ ਬੇ-ਪਰਵਾਹ ਹੈਂ॥ ੧॥ ਰਹਾਉ॥

**ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ॥**

ਮਨਮੁਖ ਤਾਂ ਦੁਨੀਆਂ ਦੀ ਦੋਸਤੀ ਵਿਚ ਹੀ ਦਝਿ ਮਰੰਨਿ=ਸੜ ਮਰਦੇ ਹਨ।

**ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ॥ ੨॥**

ਸੰਗਲਾਂ ਨਾਲ ਬਧੇ=ਬੰਨ੍ਹੇ ਹੋਏ ਜਮਪੁਰੀ ਵਿਚ ਮਾਰ ਖਾਂਦੇ ਹਨ, ਮੁੜ ਕੇ ਮਨੁੱਖ ਜਨਮ ਦੀ ਪ੍ਰਾਪਤੀ ਦਾ ਵੇਲਾ ਨਹੀਂ ਲੈ ਸਕਦੇ। ਵਾ:-ਨਾਮ ਜਪਣ ਦਾ ਵੇਲਾ ਨਹੀਂ ਲੈ ਸਕਦੇ॥ ੨॥

**ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥**

ਸੱਚੇ ਗੁਰਾਂ ਦੇ ਉਪਦੇਸ਼ ਵਿਚ ਲੱਗਣ ਕਰਕੇ ਗੁਰਮੁਖਾਂ ਦਾ ਮਨੁੱਖ ਜਨਮ ਸਕਾਰਥਾ=ਸਫ਼ਲਾ ਹੈ।

**ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ॥ ੩॥**

ਆਤਮਾ ਤੇ ਰਾਮ ਦੋਹਾਂ ਦੇ ਅਭੇਦ ਰੂਪ ਦਾ ਪ੍ਰਗਾਸਿਆ=ਗਿਆਨ ਹੋਣ ਕਰਕੇ ਸੁਭਾਵਕ ਹੀ ਸੁਖੀ ਰਹਿੰਦੇ ਹਨ।

*ਯਥਾ:-* "ਆਤਮ ਮਹਿ ਰਾਮੁ ਰਾਮ ਮਹਿ ਆਤਮੁ, ਚੀਨਸਿ ਗੁਰ ਬੀਚਾਰਾ॥" *(ਭੈਰਉ, ਪੰਨਾ ੧੧੫੩)*

**ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ॥**

ਮਨਮੁਖਾਂ ਨੇ ਗੁਰਾਂ ਦਾ ਉਪਦੇਸ਼ ਭੁਲਾ ਦਿੱਤਾ ਹੈ, ਅਤੇ ਦ੍ਵੈਤ ਭਾ ਵਿਚ ਲੱਗੇ ਹੋਏ ਹਨ।

**ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ ੪ ॥**

ਉਹਨਾਂ ਦੇ ਅੰਦਰੋਂ ਤ੍ਰਿਸ਼ਨਾ ਰੂਪੀ ਭੁੱਖ ਨਹੀਂ ਉਤਰਦੀ, ਤੇ ਰਾਤ ਦਿਨ ਸੜਦੇ ਫਿਰਦੇ ਹਨ॥ ੪॥

**ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥**

ਬੁਰਿਆਂ ਨਾਲ ਪ੍ਰੀਤੀ ਕਰਦੇ, ਅਤੇ ਸੰਤਾਂ ਨਾਲ ਵੈਰ ਕਰਦੇ ਹਨ।

**ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥**

ਉਹ ਆਪ ਤਾਂ ਕੁਟੰਬ ਪਰਵਾਰ ਸਮੇਤ ਨਰਕਾਂ ਵਿਚ ਡੁੱਬੇ ਹੋਏ ਹਨ, ਅਤੇ ਆਪਣੇ ਸਾਰੇ ਕੁਲ=ਖਾਨਦਾਨ ਨੂੰ ਭੀ ਡੋਬ ਲੈਂਦੇ ਹਨ॥ ੫॥

**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**

ਨਿੰਦਿਆਂ ਕਰਨੀ ਕਿਸੇ ਦੀ ਭੀ ਚੰਗੀ ਨਹੀਂ, ਪਰ ਮਨਮੁਖ ਮੂਰਖ ਕਰਦੇ ਰਹਿੰਦੇ ਹਨ।

**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥**

ਉਹਨਾਂ ਨਿੰਦਕਾਂ ਦੇ ਇਸ ਸੰਸਾਰ ਵਿਚ ਮੂੰਹ ਕਾਲੇ ਹੁੰਦੇ ਹਨ, ਅਤੇ ਅੱਗੇ ਜਾ ਕੇ ਘੋਰਿ=ਕੁੰਭੀ ਨਰਕ ਵਿਚ ਪੈਂਦੇ ਹਨ॥ ੬॥

**ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥**

ਹੇ ਮਨ ! ਜਿਸ ਤਰ੍ਹਾਂ ਦੀ ਸੇਵਾ ਕਰੇਂਗਾ ਉਸੇ ਤਰ੍ਹਾਂ ਦਾ ਰੂਪ ਹੋ ਜਾਏਂਗਾ।

*ਅਥਵਾ*:-ਜੈਸਾ ਸੇਵਹਿ=ਜਿਸ ਤਰ੍ਹਾਂ ਦੀ ਸੇਵਾ ਕਰੇ, ਏ ਮਨ ਤੈਸਾ ਹੋਵਹਿ=ਇਸ ਮਨ ਨੂੰ ਤੈਸਾ ਹੀ ਫਲ ਹੁੰਦਾ ਹੈ। ਇਸ ਲਈ ਓਹੋ ਜੇਹੇ ਕਰਮ ਕਮਾਉਣਾ ਕਰ, ਜਿਸ ਕਰਕੇ ਇਥੇ ਭੀ ਚੰਗਾ ਫਲ ਹੋਵੇ ਤੇ ਦਰਗਾਹ ਵਿਚ ਵੀ ਸੁਖ ਹੋਵੇ।

**ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ ੭ ॥**

ਆਪਣਾ ਬੀਜਿਆ ਆਪੇ ਹੀ ਖਾਣਾ ਹੈ, ਇਸ ਲਈ ਹੋਰ ਕੁਝ ਕਿਹਾ ਨਹੀਂ ਜਾਂਦਾ॥ ੭॥

**ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥**

ਮਹਾਂਪੁਰਸ਼ਾਂ ਦਾ ਬੋਲਣਾ=ਉਪਦੇਸ਼ ਕਿਤੈ=ਕਿਸੇ ਪਰਥਾਇ=ਸਬੱਬ (ਬਹਾਨੇ) ਨਾਲ ਹੀ ਹੁੰਦਾ ਹੈ।

**ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥ ੮ ॥**

ਉਹ ਮਹਾਂਪੁਰਸ਼ ਨਾਮ-ਅੰਮ੍ਰਿਤ ਨਾਲ ਪੂਰਨ ਭਰੇ ਹੋਏ ਹਨ, ਉਹਨਾਂ ਦੇ ਅੰਦਰ ਤਿਲ ਮਾਤ੍ਰ ਵੀ ਤਮਾਇ=ਤਮਾ (ਖਾਹਿਸ਼) ਨਹੀਂ ਹੈ। ਵਾ:-ਅਗਿਆਨ ਰੂਪ ਹਨੇਰਾ ਨਹੀਂ ਹੈ॥ ੮॥

**ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥**

ਫਿਰ ਉਹ ਪਰਉਪਕਾਰ ਰੂਪ ਗੁਣ ਦੇ ਕਰਨ ਵਾਲੇ ਹਨ ਤੇ ਸ਼ੁਭ-ਗੁਣਾਂ ਨੂੰ ਸੰਘਰੈ=ਇਕੱਠਾ ਕਰਦੇ ਹਨ, ਅਤੇ ਹੋਰਨਾਂ ਨੂੰ ਭੀ ਏਹੋ ਉਪਦੇਸ਼ ਦੇਂਦੇ ਹਨ।

## ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥ ੯ ॥

ਜਿਹੜੇ ਉਹਨਾਂ ਦੇ ਨਾਲ ਮਿਲ ਰਹੇ ਹਨ, ਉਹ ਵਡਭਾਗੀ ਪੁਰਸ਼ ਰਾਤ ਦਿਨ ਨਾਮ ਨੂੰ ਲੈਂਦੇ ਹਨ। ਭਾਵ ਉਹਨਾਂ ਸਤ ਪੁਰਖਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦੀ ਸ਼ਿਮਰਨ-ਭਗਤੀ ਵਿਚ ਹਰ ਸਮੇਂ ਲੀਨ ਰਹਿੰਦੇ ਹਨ। ਪ੍ਰਭੂ ਦੀ ਯਾਦ ਉਹਨਾਂ ਦੇ ਜੀਵਨ ਦਾ ਅਧਾਰ ਬਣ ਜਾਂਦੀ ਹੈ।

## ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥

ਜਿਸ ਪ੍ਰਭੂ ਨੇ ਮੇਦਨੀ=ਸ੍ਰਿਸ਼ਟੀ ਉਤਪੰਨ ਕੀਤੀ ਹੈ, ਓਹੀ ਸਾਰਿਆਂ ਨੂੰ ਰਿਜਕੁ=ਖਾਣ ਪਾਣ ਸੰਬਾਹਿ ਦੇਸੀ=ਪਹੁੰਚਾ ਦੇਂਦਾ ਹੈ।

## ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥ ੧੦ ॥

ਉਹ ਇਕੋ ਦਾਤਾ ਹੈ, ਅਤੇ ਸੱਚਾ ਵਾਹਿਗੁਰੂ ਆਪ ਹੀ ਸਭ ਦਾ ਧਣੀ=ਮਾਲਕ ਹੈ ॥ ੧੦ ॥

*ਯਥਾ:-* "ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥" *(ਜਪੁਜੀ, ਪੰਨਾ ੨)*

## ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥

ਉਹ ਸੱਚਾ ਵਾਹਿਗੁਰੂ ਤੇਰੇ ਨਾਲ ਵੱਸ ਰਿਹਾ ਹੈ ਗੁਰਮੁਖ ਹੋ ਕੇ ਗੁਰਾਂ ਦੁਆਰੇ ਨਦਰਿ ਨਿਹਾਲਿ= ਅੱਖੀਂ ਵੇਖ ਲੈ।

## ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥ ੧੧ ॥

ਉਸ ਪ੍ਰਭੂ ਨੂੰ ਸਦਾ ਸੰਭਾਲਣਾ ਕਰ, ਉਹ ਆਪ ਹੀ ਔਗੁਣਾਂ ਨੂੰ ਬਖਸ਼ ਕੇ ਮੇਲ ਲੈਂਦਾ ਹੈ ॥ ੧੧ ॥

## ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥

ਮੇਰਾ ਮਨ ਪਾਪਾਂ ਕਰਕੇ ਮੈਲਾ ਹੈ, ਸੱਚਾ ਪ੍ਰਭੂ ਨਿਰਮਲ ਹੈ, ਕਿਸ ਤਰ੍ਹਾਂ ਉਸ ਨਾਲ ਮਿਲਿਆ ਜਾਏਗਾ?

*ਉੱਤਰ:-*

## ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥ ੧੨ ॥

ਜਦ ਪ੍ਰਭੂ ਗੁਰਾਂ ਨਾਲ ਮੇਲੇ ਤੇ ਗੁਰਾਂ ਦੇ ਸ਼ਬਦ ਦੁਆਰਾ ਹਉਮੈ ਨੂੰ ਜਲਾਇ=ਸਾੜਨਾ ਕਰੇ, ਤਾਂ ਇਹ ਜੀਵ ਪ੍ਰਭੂ ਨਾਲ ਮਿਲਿਆ ਰਹਿੰਦਾ ਹੈ ॥ ੧੨ ॥

## ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥

ਉਹ ਸਚਾ ਸਹੁ=ਪਤੀ-ਪਰਮਾਤਮਾ ਭੁੱਲ ਜਾਵੇ ਤਾਂ ਸੰਸਾਰ ਵਿਚ ਇਸ ਦੇ ਜੀਉਣੇ ਨੂੰ ਧ੍ਰਿਕਾਰ ਹੈ।

## ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥ ੧੩ ॥

ਗੁਰਮਤੀ=ਗੁਰ-ਸਿਖਿਆ ਦੀ ਵੀਚਾਰ ਕਰੇ ਤਾਂ ਨਦਰਿ=ਨਦਰੀ ਪਰਮਾਤਮਾ ਭੁੱਲਦਾ ਨਹੀਂ ਹੈ ॥ ੧੩ ॥

## ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥

ਸਤਿਗੁਰੂ ਕਿਰਪਾ ਕਰਕੇ ਮੇਲਣ ਤਾਂ ਹੀ ਮਿਲਿਆ ਰਹਿੰਦਾ ਹੈ, ਅਤੇ ਸੱਚ ਨਾਮ ਨੂੰ ਹਿਰਦੇ ਵਿਚ ਧਾਰੀ ਰੱਖਦਾ ਹੈ।

## ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ॥੧੪॥

ਪਿਆਰਿਆਂ ਗੁਰਾਂ ਦੇ ਹੇਤਿ=ਪ੍ਰੇਮ ਕਰਕੇ ਜੋ ਪ੍ਰਭੂ ਨਾਲ ਮਿਲਿਆ ਹੋਇਆ ਹੈ, ਉਹ ਫਿਰ ਕਦੇ ਨਹੀਂ ਵਿਛੜਦਾ॥ ੧੪॥

## ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥

ਜੋ ਇਸਤ੍ਰੀ ਗੁਰਾਂ ਦੇ ਸ਼ਬਦ ਦੀ ਵਿਚਾਰ ਕਰਕੇ ਆਪਣੇ ਪਤੀ-ਪਰਮਾਤਮਾ ਨੂੰ ਸਲਾਹੁੰਦੀ ਹੈ। ਉਸ ਨੇ-

## ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ॥੧੫॥

ਪ੍ਰੀਤਮ ਪ੍ਰਭੂ ਨਾਲ ਮਿਲ ਕੇ ਸੁਖ ਪਾਇਆ ਹੈ, ਅਤੇ ਓਹੀ ਜਗਿਆਸੂ ਰੂਪ ਇਸਤ੍ਰੀ ਸ਼ੋਭਾ ਵਾਲੀ ਹੈ॥ ੧੫॥

## ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥

ਮਨਮੁਖਾਂ ਦਾ ਮਨ ਪ੍ਰੇਮ ਵਿਚ ਭਿੱਜਦਾ ਨਹੀਂ ਹੈ, ਕਿਉਂਕਿ ਪਾਪਾਂ ਕਰਕੇ ਅਤਿ=ਬੜੇ ਮੈਲੇ ਹਨ, ਤੇ ਪੱਥਰ ਵਾਂਗੂੰ ਚਿਤ ਕਠੋਰ ਹੈ, ਉਨ੍ਹਾਂ ਦਾ ਚਾਹੇ ਕਿਤਨਾ ਭਲਾ ਕਰੋ ਉਹ ਅੱਗੋਂ ਬੁਰਿਆਈ ਹੀ ਕਰਦੇ ਹਨ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

## ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥੧੬॥

ਜਿਵੇਂ ਸੱਪ ਨੂੰ ਕਿਤਨਾ ਹੀ ਦੁੱਧ ਪਿਆਈਏ, ਪਰ ਉਸ ਦੇ ਅੰਦਰੋਂ ਨਿਕੋਰ=ਨਿਖਾਲਸ,
ਵਾ:-ਨਿਰੀ ਜ਼ਹਿਰ ਹੀ ਨਿਕਲਦੀ ਹੈ।

(੧) "ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।" *(ਭਾ:ਗੁਰਦਾਸ, ਵਾਰ ੩੫, ਪੌੜੀ ੧)*

(੨) "ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।" *(ਭਾ:ਗੁਰਦਾਸ, ਵਾਰ ੬.ਪੌ:੨੦)*

(੩) "ਸਪੈ ਦੁਧੁ ਪਿਆਲੀਐ ਵਿਸੁ ਉਗਾਲੈ ਪਾਸਿ ਖੜੋਆ।" *(ਵਾਰ ੩੭. ਪੌ: ੨੦)*

## ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ॥

ਜਾਂ ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ ਤਾਂ ਕਿਸ ਨੂੰ ਆਖੀਏ,
ਉਹ ਪ੍ਰਭੂ ਆਪ ਹੀ ਗੁਨਾਹਾਂ ਦੇ ਬਖ਼ਸ਼ਣ ਵਾਲਾ ਹੈ।

## ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥੧੭॥

ਗੁਰਾਂ ਦੇ ਉਪਦੇਸ਼ ਨਾਲ ਅੰਤਹਕਰਨ ਦੀ ਹਉਮੈ ਰੂਪੀ ਮੈਲ ਲਹਿ ਜਾਵੇ, ਤਾਂ ਸਚ ਦਾ ਸ਼ਿੰਗਾਰ ਬਣਦਾ ਹੈ।

ਅਥਵਾ:-ਤਾਂ ਇਸ ਦਾ ਸ਼ਿੰਗਾਰ ਬਣਿਆ ਹੋਇਆ ਸਚੁ=ਸਫ਼ਲਾ ਹੁੰਦਾ ਹੈ॥ ੧੭॥

[ਪੰਨਾ ੭੫੬]

## ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ॥

ਉਹ ਪਰਮੇਸ਼ਰ ਆਪ ਹੀ ਸਚਾ ਸਾਹੁ=ਗੁਰੂ ਰੂਪ ਹੈ, ਤੇ ਨਾਮ ਰੂਪ ਸੌਦਾ ਖਰੀਦਣ ਵਾਲੇ ਸੱਚੇ

ਵਣਜਾਰੇ=ਜਗਿਆਸੂ ਰੂਪ ਹਨ, ਓਥੇ ਸਤਿਸੰਗ ਵਿਚ ਝੂਠੇ ਪੁਰਸ਼ ਨਹੀਂ ਟਿਕਦੇ।

**ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥**

ਕਿਉਂਕਿ ਉਹਨਾਂ ਨੂੰ ਸੱਚ ਬੋਲਨਾ, ਸੱਚ-ਨਾਮ ਜਪਣਾ ਚੰਗਾ ਨਹੀਂ ਲੱਗਦਾ,
ਇਸ ਲਈ ਉਹ ਕੂੜੇ=ਝੂਠੇ ਦੁੱਖਾਂ ਵਿਚ ਹੀ ਪਚੰਨਿ=ਸੜਦੇ ਹਨ॥ ੧੮॥

**ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥**

ਜੀਵ ਹੰਗਤਾ-ਮਮਤਾ ਦੀ ਮੈਲ ਨਾਲ ਮੈਲਾ ਹੋਇਆ ਜਗਤ ਵਿਚ ਫਿਰਦਾ ਹੈ,
ਏਸੇ ਕਰਕੇ ਵਾਰੰਵਾਰ ਜੰਮਦਾ ਮਰਦਾ ਹੈ।

**ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥**

ਮੱਥੇ ਪਰ ਲੇਖਾਂ ਦੇ ਪਏ ਅਨੁਸਾਰ ਕਿਰਤਿ=ਕਰਮਾਂ ਦਾ ਕਮਾਉਣਾ ਕਰਦਾ ਹੈ, ਫਲ ਭੋਗੇ ਬਿਨਾਂ ਕਰਮਾਂ ਦੀ ਗਤੀ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੧੯॥

**ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥**

ਸੰਤਾਂ ਦੀ ਸਤਸੰਗਤ ਵਿਚ ਮਿਲਿਆ ਰਹੇ ਤਾਂ ਇਸ ਦਾ ਸੱਚ ਵਿਚ ਪਿਆਰ ਲੱਗਦਾ ਹੈ।

**ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥**

ਸੱਚ ਨੂੰ ਸਲਾਹੁਣਾ ਕਰੇ, ਸੱਚ ਦਾ ਮੰਨਣ ਕਰੇ, ਤਾਂ ਸੱਚੇ ਦਰਬਾਰ ਅੰਦਰ ਸਚਿਆਰ ਹੁੰਦਾ ਹੈ॥ ੨੦॥

**ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥**

ਪੂਰਿਆਂ ਗੁਰਾਂ ਦੀ ਏਹੋ ਪੂਰੀ ਮਤਿ=ਸਿਖਿਆ ਹੈ, ਕਿ ਦਿਨ ਰਾਤ ਨਾਮ ਨੂੰ ਧਿਆਉਂਦਾ ਰਹੁ , ਤੇ-

**ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥**

ਹਉਮੈ ਤੇ ਮੇਰ ਤੇਰ ਦਾ ਜੋ ਵੱਡਾ ਰੋਗ ਹੈ, ਇਸ ਨੂੰ ਹਿਰਦੇ ਵਿਚੋਂ ਠਾਕਿ ਰਹਾਇ=ਰੋਕੀ ਰੱਖ॥ ੨੧॥

**ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥**

ਆਪਣੇ ਗੁਰੂ ਨੂੰ ਸਲਾਹੁਣਾ ਕਰ, ਅਤੇ ਝੁਕ-ਝੁਕ ਕੇ ਪਾਇ=ਚਰਨੀਂ ਲੱਗਣਾ ਕਰ।

**ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥੨੨॥**

ਆਪਣਾ ਤਨ ਮਨ ਉਹਨਾਂ ਅੱਗੇ ਸਉਪੀ=ਭੇਟਾ ਧਰ ਦੇ,
ਵਾ:-ਤਨ ਵੀ ਸੌਂਪ ਦੇ ਮਨ ਨੂੰ ਭੀ ਅੱਗੇ ਘਰ ਦੇ, ਤੇ ਹਿਰਦੇ ਵਿੱਚੋਂ ਆਪਾ ਭਾ ਹੰਕਾਰ ਨੂੰ ਗੁਆ ਦੇ॥ ੨੨॥

**ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥**

ਖਿੰਚੋਤਾਣਿ=ਖਿੱਚਾ ਖਿੱਚੀ ਕਰਨ ਨਾਲ ਵਿਗੁਚੀਐ=ਖ਼ਰਾਬ ਹੋਈਦਾ ਹੈ, ਇਸ ਲਈ ਇਕ ਪ੍ਰਭੂ ਦੇ ਨਾਲ ਹੀ ਚਿਤ ਬਿਰਤੀ ਨੂੰ ਲਗਾਉਣਾ ਕਰ।

**ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥**

ਜਾਂ ਤੂੰ ਹਉਮੈ ਤੇ ਮੇਰ ਤੇਰ ਨੂੰ ਛੱਡੇਂਗਾ, ਤਾਂ ਹੀ ਸੱਚੇ-ਸਰੂਪ ਵਿਚ ਅਭੇਦ ਹੋ ਰਹੇਂਗਾ ॥ ੨੩ ॥

## ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥

ਹੇ ਭਾਇਰਾ=ਭਾਈਓ ! ਜੋ ਪੁਰਸ਼ ਸਤਿਗੁਰਾਂ ਨੂੰ ਮਿਲੇ ਹਨ ਸਿ=ਉਹ ਸੱਚੇ ਗੁਰੂ ਦੇ ਸ਼ਬਦ ਵਿਚ ਲੱਗੇ ਹਨ।

ਅਥਵਾ:-ਸਤਿਗੁਰਾਂ ਨਾਲ ਮਿਲ ਕੇ ਜਿਹੜੇ ਭਾਇਰਾ=ਪ੍ਰੇਮ ਪੂਰਬਕ ਸੱਚੇ ਸਬਦਿ=ਬ੍ਰਹਮ ਵਿਚ ਲੱਗੇ ਹਨ, ਸਿ ਭਾਇਰਾ=ਉਹ ਪ੍ਰਭੂ ਨੂੰ ਭਾ ਗਏ ਹਨ।

## ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥ ੨੪ ॥

ਜੋ ਸੱਚ ਵਿਚ ਮਿਲੇ ਹਨ ਉਹ ਨਹੀਂ ਵਿਛੜਦੇ, ਉਹ ਸੱਚੇ ਦਰਬਾਰ ਵਿਚ ਸ਼ੋਭਨੀਕ,

ਵਾ:-ਸੁਰਖਰੂ ਦਿੱਸਦੇ ਹਨ ॥ ੨੪ ॥

## ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥

ਉਹ ਸਾਡੇ ਭਰਾ ਹਨ, ਉਹ ਸਾਡੇ ਸੱਜਣ ਹਨ, ਜੋ ਸੱਚੇ ਨੂੰ ਸੇਵੰਨਿ=ਜਪਦੇ ਹਨ। ਤੇ-

## ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨ੍ਹਿ ॥ ੨੫ ॥

ਬੁੱਧੀ ਰੂਪ ਪਲਰਨਿ=ਪੱਲੇ ਵਿਚੋਂ ਔਗੁਣਾਂ ਨੂੰ ਪਲ੍ਰਹਨਿ=ਖਾਲੀ ਜਾਣ ਕੇ ਵਿਕਣਿ=ਤਿਆਗਦੇ ਹਨ, ਅਤੇ ਸ਼ੁਭ-ਗੁਣਾਂ ਦੀ ਸਾਝ=ਭਾਈ-ਵਾਲੀ ਕਰਦੇ ਹਨ ॥ ੨੫ ॥

## ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥

ਸ਼ੁਭ-ਗੁਣਾਂ ਦੀ ਸਾਝ=ਭਾਈਵਾਲੀ, ਕਰਕੇ ਅਤੇ ਸੱਚੀ ਭਗਤੀ ਕਰਨ ਕਰਕੇ ਸੁਖ ਪੈਦਾ ਹੁੰਦਾ ਹੈ।

## ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥ ੨੬ ॥

ਜੋ ਗੁਰ-ਸ਼ਬਦ ਨਾਲ ਪਿਆਰ ਕਰਕੇ ਸੱਚ-ਨਾਮ ਨੂੰ ਵਣੰਜਹਿ=ਖਰੀਦਦੇ ਹਨ, ਉਹ ਆਪਣੇ ਮਨੁੱਖ ਜਨਮ ਦਾ ਲਾਹਾ=ਲਾਭ ਲਏਨਿ=ਲੈਂਦੇ ਹਨ ॥ ੨੬ ॥

## ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥

ਪਾਪ ਕਰਮਾਂ ਨੂੰ ਕਰ-ਕਰਕੇ ਸੋਇਨਾ=ਸੋਨਾ ਤੇ ਰੁਪਾ=ਚਾਂਦੀ ਸੰਚੀਐ=ਇਕੱਠਾ ਕਰੀਦਾ ਹੈ, ਪਰ ਜਗਤ ਤੋਂ ਚਲਦਿਆਂ ਹੋਇਆਂ ਇਹ ਪਦਾਰਥ ਨਾਲ ਨਹੀਂ ਚਲਦੇ।

## ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥ ੨੭ ॥

ਨਾਮ ਤੋਂ ਬਿਨਾਂ ਕੁਝ ਭੀ ਨਾਲ ਨਹੀਂ ਚਲਦਾ, ਜਮਕਾਲ ਨੇ ਸਾਰੀ ਦੁਨੀਆਂ ਮੁਠੀ=ਠੱਗ ਲਈ ਹੈ ॥ ੨੭ ॥

## ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥

ਮਨ ਕਾ ਤੋਸਾ=ਜੀਵ ਦਾ ਖਰਚਾ ਤਾਂ ਹਰੀ ਨਾਮ ਹੈ, ਇਸ ਨੂੰ ਹਿਰਦੇ ਵਿਚ ਸੰਭਾਲ ਕੇ ਰੱਖੋ।

## ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥ ੨੮ ॥

ਇਹ ਅਖੁਟ ਖਰਚ ਹੈ, ਜੇਕਰ ਗੁਰਮੁਖਿ=ਗੁਰਾਂ ਦੁਆਰੇ ਲਵੋਂਗੇ ਤਾਂ ਤੁਹਾਡੇ ਨਾਲ ਨਿਬਹੈ= ਨਿਭੇਗਾ॥ ੨੮॥

## ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ॥

ਏ ਮਨ=ਹੇ ਜੀਵ! ਤੂੰ ਆਪਣੇ ਮੂਲਹੁ=ਮੁੱਢ ਤੋਂ ਭਾਵ ਪ੍ਰਮੇਸ਼ਰ ਤੋਂ ਭੁਲਿਆ ਹੋਇਆ ਹੈਂ ਇਸ ਕਰਕੇ ਤੂੰ ਇੱਜ਼ਤ ਗੁਆ ਕੇ ਜਾਏਂਗਾ।

## ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ॥ ੨੯॥

ਇਹ ਸਾਰਾ ਸੰਸਾਰ ਤਾਂ ਮੋਹ ਕਰਕੇ ਦ੍ਵੈਤ ਭਾਵ ਵਿਚ ਵਿਆਪਿਆ=ਲੱਗਾ ਹੋਇਆ ਹੈ, (ਤੂੰ ਇਸ ਦੇ ਮਗਰ ਨਾ ਲੱਗ,) ਤੂੰ ਸਿਖਿਆ ਲੈ ਕੇ ਸੱਚ-ਨਾਮ ਨੂੰ ਧਿਆਉਂਨਾ ਕਰ॥ ੨੯॥

## ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ॥

ਇੰਝ ਮਿਥ ਕਰਕੇ ਹਰੀ ਦੀ ਕੀਮਤ ਨਹੀਂ ਪੈਂਦੀ ਅਤੇ ਨਾ ਹੀ ਹਰੀ ਦਾ ਸੰਪੂਰਨ ਜਸ ਲਿਖਿਆ ਜਾਂਦਾ ਹੈ।

*ਯਥਾ:-* "ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੪॥ ੨॥"

*(ਸਿਰੀਰਾਗੁ ਮ:੧, ਪੰਨਾ ੧੫)*

*ਤਥਾ:-* "ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥ ੮੧॥ *(ਕਬੀਰ, ਪੰਨਾ ੧੩੬੮)*

## ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ॥ ੩੦॥

ਤੂੰ ਆਪਣੇ ਮਨ ਤਨ ਨੂੰ ਗੁਰਾਂ ਦੇ ਉਪਦੇਸ਼ ਵਿਚ ਰਪੈ=ਤਦਾਕਾਰ ਕਰ, ਤਾਂ ਤੂੰ ਹਰੀ ਨਾਲ ਅਭੇਦ ਹੋ ਰਹੇਂਗਾ॥ ੩੦॥

## ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ॥

ਉਹ ਮੇਰਾ ਸਹੁ=ਪਤੀ ਰੰਗੁਲਾ=ਅਨੰਦ ਵਾਲਾ ਹੈ, ਵਾ:-ਰੰਗਣ ਵਾਲਾ ਹੈ?
ਜੋ ਸ਼ਰਨ ਵਿਚ ਆਉਂਦੇ ਹਨ, ਉਹਨਾਂ ਨੂੰ ਸੁਤੇ-ਸਿਧ ਰੰਗ ਦੇਂਦਾ ਹੈ।

## ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ॥ ੩੧॥

(ਜਗਿਆਸੂ ਰੂਪ) ਇਸਤ੍ਰੀ ਨੂੰ (ਭਗਤੀ) ਰੰਗ, (ਬ੍ਰਹਮ ਗਿਆਨ ਰੂਪ ਰੰਗ) ਤਾਂ ਹੀ ਚੜ੍ਹਦਾ ਹੈ, ਜਾਂ ਇਹ ਪਿਰੀ ਦੇ ਅੰਕਿ=ਸਰੂਪ ਵਿਚ ਸਮਾਵੇ॥ ੩੧॥

## ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ॥

ਜੋ ਪੂਰਿਆਂ ਸਤਿਗੁਰਾਂ ਦੀ ਸੇਵੰਨਿ=ਸੇਵਾ ਕਰਦੇ ਹਨ, ਉਹ ਚਿਰਾਂ ਦੇ ਵਿਛੁੰਨੇ=ਵਿਛੜੇ ਹੋਏ ਭੀ ਮਿਲ ਜਾਂਦੇ ਹਨ।

## ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ॥ ੩੨॥

ਨੌਂ ਨਿੱਧੀਆਂ ਦਾ ਦਾਤਾ ਨਾਮ ਅੰਦਰ ਹੀ ਹੈ, ਆਪ ਖਾਂਦਿਆਂ ਹੋਰਨਾਂ ਨੂੰ ਖਰਚਦਿਆਂ ਨਿਖੁਟਈ=ਮੁੱਕਦਾ ਨਹੀਂ, ਇਸ ਕਰਕੇ ਗੁਰਮੁਖ ਸਹਿਜੇ ਹਰੀ ਦੇ ਗੁਣਾਂ ਨੂੰ ਰਵੰਨਿ=ਉਚਾਰਦੇ ਹਨ॥ ੩੨॥

## ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ॥

ਨਾ ਉਹ ਜੰਮਦੇ ਹਨ, ਨਾ ਮਰਦੇ ਹਨ ਅਤੇ ਨਾ ਉਹ ਜਮਾਂ ਦਾ ਦੁੱਖ ਸਹੰਨਿ=ਸਹਾਰਦੇ ਹਨ।

## ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ॥ ੩੩॥

ਜਿਨ੍ਹਾਂ ਨੂੰ ਗੁਰਾਂ ਨੇ ਰੱਖ ਲਿਆ ਹੈ, ਉਹ (ਸੰਸਾਰ-ਸਮੁੰਦਰ ਤੋਂ) ਤਰ ਗਏ ਹਨ ਅਤੇ ਹਰੀ ਨਾਲ ਮਿਲਕੇ ਕੇਲ=ਖੁਸ਼ੀਆਂ ਕਰਦੇ ਹਨ॥ ੩੩॥

## ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ॥

(੧) ਜਿਹੜੇ ਪੁਰਸ਼ ਸੱਜਣ=ਪਰਮਾਤਮਾ ਨਾਲ ਮਿਲੇ ਹਨ, ਉਹ ਵਿਛੜਦੇ ਨਹੀਂ ਹਨ, ਉਹ ਰਾਤ ਦਿਨ ਉਸ ਨਾਲ ਮਿਲੇ ਰਹਿੰਦੇ ਹਨ।

(੨) ਜਿਹੜੇ ਰਾਤ ਦਿਨ ਨਾਮ-ਸਿਮਰਨ ਨਾਲ ਮਿਲੇ ਰਹਿੰਦੇ ਹਨ, ਉਹ ਸੱਜਣ ਪਰਮਾਤਮਾ ਨਾਲ ਮਿਲੇ ਹੋਏ ਫੇਰ ਕਦੇ ਨਹੀਂ ਵਿਛੜਦੇ।

## ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ॥ ੩੪॥੧॥੩॥

ਗੁਰੂ ਜੀ ਕਥਨ ਕਰਦੇ ਹਨ-ਜੋ ਸੱਚ ਨੂੰ ਲੱਭ ਲੈਂਦੇ ਹਨ ਉਹ ਇਸ ਕਲਜੁਗ ਵਿਚ ਵਿਰਲੇ ਜਾਣੀਦੇ ਹਨ। ਭਾਵ-ਜੋ ਮਨੁੱਖ ਇਸ ਸੰਸਾਰ ਵਿਚ ਮਨੁੱਖਾ ਜਨਮ ਲੈ ਕੇ ਓਸ ਪ੍ਰਭੂ ਦੀ ਸੁਰਤ ਵਿਚ ਲੀਨ ਹੁੰਦੇ ਹਨ ਉਸ ਦਾ ਸਿਮਰਨ ਕਰਦੇ ਹਨ ਉਹ ਕੋਈ ਗਿਣਤੀ ਵਿਚ ਬਹੁਤੇ ਨਹੀਂ, ਉਹ ਵਿਰਲੇ ਹੀ ਪੁਰਸ਼ ਹਨ। ਸਾਹਿਬਾਂ ਦਾ ਫੁਰਮਾਨ ਹੈ-

"ਹੈਨਿ ਵਿਰਲੈ ਨਾਹੀ ਘਣੇ ਫੈਲ ਫਕੜੁ ਸੰਸਾਰੁ॥" *(ਪੰਨਾ ੧੪੧੮)*

## ਸੂਹੀ ਮਹਲਾ ੩॥

## ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥

ਜਗਿਆਸੂ ਨੇ ਆ ਕੇ ਬੇਨਤੀ ਕੀਤੀ-ਹਰਿ ਜੀ=ਪਰਮਾਤਮਾ ਬਹੁਤ ਸੂਖਮ ਹੈ ਇਸ ਕਰਕੇ ਉਸ ਦਾ ਪਾਉਣਾ ਅਗਮੁ=ਕਠਨ ਹੈ, ਆਪ ਦੱਸੋ ਉਸਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ? *ਉੱਤਰ:-*

## ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥ ੧॥

ਗੁਰਾਂ ਦੇ ਉਪਦੇਸ਼ ਕਰਕੇ ਭਰਮ ਨੂੰ ਕੱਟ ਦੇਈਏ, ਤਾਂ ਉਹ ਅਚਿੰਤੁ=ਅਚਾਨਕ ਹੀ ਮਨ ਵਿਚ ਆ ਵੱਸਦਾ ਹੈ॥ ੧॥

## ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥

ਜੋ ਗੁਰਮੁਖ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਜਪਦੇ ਹਨ। ਅਤੇ-

**ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥ ੧ ॥ ਰਹਾਉ ॥**

ਮਨ ਵਿਚ ਭੀ ਸਦਾ ਹਰਿ ਦੇ ਗੁਣਾਂ ਨੂੰ ਰਵੰਨਿ=ਉਚਾਰਦੇ ਹਨ, ਹਉ=ਮੈਂ ਉਹਨਾਂ (ਗੁਰਮੁਖਾਂ) ਤੋਂ ਸਦਾ ਬਲਿਹਾਰ ਜਾਂਦਾ ਹਾਂ ॥ ੧ ॥ ਰਹਾਉ ॥

**ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ੍ ॥**

ਗੁਰੂ ਸਾਹਿਬ ਜੀ ਮਾਨ-ਸਰੋਵਰ ਦੇ ਸਰਵਰੁ=ਸਦਰਸ ਹਨ।

(੧) ਸਰੋਵਰਾਂ ਵਿੱਚੋਂ ਗੁਰੂ ਸਾਹਿਬ ਜੀ ਮਾਨ-ਸਰੋਵਰ ਹਨ।

(੨) ਸਰਵਰੁ=ਸੰਸਾਰ ਵਿਚ ਇਕ ਗੁਰੂ ਹੀ ਮਾਨ-ਸਰੋਵਰ ਹਨ, ਵੱਡਿਆਂ ਭਾਗਾਂ ਵਾਲੇ ਪੁਰਸ਼ ਉਸ ਗੁਰੂ ਰੂਪ ਮਾਨ-ਸਰੋਵਰ ਨੂੰ ਲਹੰਨਿ੍=ਪ੍ਰਾਪਤ ਕਰਦੇ ਹਨ।

[ਪੰਨਾ ੭੫੭]

**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ ੨ ॥**

ਜਿਨ੍ਹਾਂ ਨੇ ਸੇਵਕ ਹੋ ਕੇ ਗੁਰਾਂ ਦੁਆਰੇ ਕੁਝ ਢੂੰਡਿਆ ਹੈ, ਉਹ ਗੁਰਮੁਖ ਜੀਵਾਂ ਰੂਪੀ ਹੰਸ ਨਾਮ ਰੂਪ ਮੋਤੀਆਂ ਦੀ ਚੋਗ ਨੂੰ ਲੱਭ ਲੈਂਦੇ ਹਨ ॥ ੨ ॥

**ਨਾਮੁ ਧਿਆਇਨਿ੍ ਰੰਗ ਸਿਉ ਗੁਰਮੁਖਿ ਨਾਮਿ ਲਗੰਨਿ੍ ॥**

ਜੋ ਰੰਗ ਸਿਉ=ਪ੍ਰੇਮ ਨਾਲ ਨਾਮ ਨੂੰ ਧਿਆਉਂਦੇ ਹਨ, ਉਹ ਗੁਰਮੁਖ ਗੁਰਾਂ ਦੁਆਰੇ ਨਾਮੀ ਦੇ ਨਾਮ ਵਿਚ ਹੀ ਲੱਗੇ ਰਹਿੰਦੇ ਹਨ ਅਰਥਾਤ ਹਰ ਦਮ ਉਸ ਵਾਹਿਗੁਰੂ ਦਾ ਸਿਮਰਨ ਕਰਦੇ ਰਹਿੰਦੇ ਹਨ।

**ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨਿ੍ ॥ ੩ ॥**

ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ ਪੂਰਬਲੇ ਜਨਮ ਦਾ ਕੁਝ ਚੰਗਾ ਲੇਖ ਲਿਖਿਆ ਹੁੰਦਾ ਹੈ, ਉਹ ਗੁਰਾਂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲੈਂਦੇ ਹਨ ॥ ੩ ॥

**ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥**

ਜਿਸ ਵਡਭਾਗੀ ਨੇ ਘਰੁ=ਅੰਤਹਕਰਨ ਨੂੰ ਖੋਜਿਆ ਹੈ, ਉਸ ਨੇ ਨਾਮ ਰੂਪ ਖ਼ਜ਼ਾਨਾ ਪਾਇਆ ਹੈ।

**ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥ ੪ ॥**

ਜਿਸ ਵੇਲੇ ਪੂਰਿਆਂ ਗੁਰਾਂ ਨੇ ਦਿਖਾਇਆ ਤਾਂ ਮੈਂ ਆਤਮ=ਆਪਣੇ ਆਪ ਨੂੰ ਰਾਮ ਪ੍ਰਭੂ ਦਾ ਸਰੂਪ ਪਛਾਣ ਲਿਆ ਭਾਵ ਆਤਮਾ ਤੇ ਪਰਮਾਤਮਾ ਦੋਹਾਂ ਨੂੰ ਅਭੇਦ ਰੂਪ ਨਿਸਚੇ ਕਰ ਲਿਆ ॥ ੪ ॥

**ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥**

ਸਾਰਿਆਂ ਦਾ ਆਸਰਾ ਇਕ ਪ੍ਰਭੂ ਹੈ, ਹੋਰ ਦੂਜਾ ਨਹੀਂ ਹੈ।

**ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥ ੫ ॥**

ਗੁਰੂ ਦੀ ਕਿਰਪਾ ਨਾਲ ਮਨਿ ਵਸੈ=ਮਨ ਵਸੀਕਾਰ ਹੋ ਜਾਵੇ, ਵਾ:-ਜਿਸ ਦੇ ਮਨ ਵਿਚ ਨਾਮ ਵੱਸਦਾ ਹੈ, ਉਸ ਦੇ ਅੰਤਹਕਰਨ ਵਿਚ ਪ੍ਰਭੂ ਪਰਗਟ ਹੁੰਦਾ ਹੈ ॥ ੫ ॥

**ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥**

ਬ੍ਰਹਮ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ, ਕਿਉਂਕਿ ਬ੍ਰਹਮ ਸਭ ਥਾਵਾਂ ਪਰ ਵਸ ਰਿਹਾ ਹੈ।

**ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥੬॥**

ਗੁਰ ਸ਼ਬਦ ਵਿਚ, ਵਾ;-ਸਬਦਿ=ਬ੍ਰਹਮ ਵਿਚ ਲਿਵ ਲਗਾ ਕੇ ਵੇਖੋ, ਤਾਂ ਫਿਰ ਮੰਦਾ=ਬੁਰਾ ਕਿਸ ਨੂੰ ਆਖਣਾ ਹੈ, ਫਿਰ ਤਾਂ ਸਾਰੇ ਬ੍ਰਹਮ ਹੀ ਵਿਆਪਕ ਹੈ॥ ੬॥

**ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥**

ਜਿਚਰੁ=ਜਿੰਨਾ ਚਿਰ ਦੁਹੁ ਮਾਹਿ=ਦ੍ਵੈਤ ਵਿਚ ਹੈ, ਤਿਚਰੁ=ਓਨਾ ਚਿਰ ਹੀ ਬੁਰਾ ਭਲਾ=ਮੰਦਾ ਚੰਗਾ ਆਖਦਾ ਹੈ।

**ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥੭॥**

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਇਕ ਨੂੰ ਬੁੱਝਿਆ ਹੈ, ਉਹ ਇਕ ਦੇ ਵਿਚ ਹੀ ਸਮਾ ਗਏ ਹਨ॥ ੭॥

**ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ॥**

ਅਸਲ ਸੇਵਾ ਉਹ ਹੈ ਜੋ ਪ੍ਰਭੂ ਨੂੰ ਭਾ ਜਾਵੇ, ਅਤੇ ਓਹੀ ਸੇਵਾ ਫਲਦਾਇਕ ਹੈ, ਜਿਸ ਸੇਵਾ ਨੂੰ ਪ੍ਰਭੂ ਥਾਂ ਪਾ ਲਵੇ।

**ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ॥੮॥੨॥੪॥੯॥**

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨਾਂ ਨੇ ਗੁਰੂ ਦੇ ਚਰਨਾਂ ਨਾਲ ਚਿਤ ਨੂੰ ਲਗਾ ਕੇ ਹਰੀ ਨੂੰ ਅਰਾਧਿਆ ਹੈ॥ ੮॥ ੨॥ ੪॥ ੯॥

## ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

## ੧ੴ ਸਤਿਗੁਰ ਪ੍ਰਸਾਦਿ॥

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥**

ਵਾਹਿਗੁਰੂ ਦਾ ਪਿਆਰਾ ਤੇ ਮੇਰਾ ਪ੍ਰੀਤਮ ਜੋ ਗੁਰੂ ਹੈ, ਐਸਾ ਕੋਈ ਹੈ ਜਿਹੜਾ ਆਣਿ=ਆ ਕੇ ਉਸ ਨਾਲ ਮੈਨੂੰ ਮਿਲਾਵੇ ਤਾਂ ਹਉ=ਮੈਂ ਉਸ ਪਾਸ ਆਪਣੇ ਆਪ ਨੂੰ ਵੇਚ ਦਿਆਂਗਾ, ਅਰਥਾਤ ਉਸ ਦੇ ਬਚਨਾਂ ਅਨੁਸਾਰ ਚੱਲਣਾ ਕਰਾਂਗਾ॥ ੧॥

*ਪ੍ਰਸ਼ਨ*-ਤੂੰ ਕਿਸ ਵਾਸਤੇ ਆਪਣੇ ਆਪ ਨੂੰ ਵੇਚਦਾ ਹੈਂ? *ਉੱਤਰ:-*

**ਦਰਸਨੁ ਹਰਿ ਦੇਖਣ ਕੈ ਤਾਈ॥**

ਹਰੀ ਦੇ ਦਰਸ਼ਨ ਵੇਖਣ ਤਾਈ=ਵਾਸਤੇ (ਮੈਂ ਆਪਣੇ ਆਪ ਨੂੰ ਵੇਚਦਾ ਹਾਂ)।

**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥**

ਹੇ ਹਰੀ ! ਜੇ ਤੂੰ ਕਿਰਪਾ-ਦ੍ਰਿਸ਼ਟੀ ਕਰੇਂ ਤਾਂ ਮੈਨੂੰ ਸਤਿਗੁਰਾਂ ਨਾਲ ਹੀ ਮੇਲਣਾ ਕਰ,

ਜਿਸ ਤੇ ਮੈਂ ਹਰਿ ਹਰਿ ਨਾਮ ਨੂੰ ਧਿਆਉਂਦਾ ਰਹਾਂ॥ ੧॥ ਰਹਾਉ॥

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥**

ਜੇ ਕਰਮਾਂ ਅਨੁਸਾਰ ਸੁਖ ਦੇਵੇਂਗਾ ਤਾਂ ਭੀ ਆਪ ਜੀ ਨੂੰ ਸਿਮਰਾਂਗਾ,

ਜੇ ਕਰਮਾਂ ਅਨੁਸਾਰ ਦੁੱਖ ਦਿਉਗੇ ਤਾਂ ਭੀ ਆਪ ਜੀ ਨੂੰ ਧਿਆਵਾਂਗਾ॥ ੨॥

**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥**

ਜੇ ਕਰਮਾਂ ਅਨੁਸਾਰ ਭੁੱਖ ਦੇਵੇਂਗਾ ਤਾਂ ਇਸੇ ਵਿਚ ਹੀ ਰਾਜਾ=ਰੱਜਾ ਰਹਾਂਗਾ, ਅਤੇ ਦੁੱਖ ਵਿਚ ਹੀ ਸੁਖ ਮਨਾਵਾਂਗਾ॥ ੩॥

**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥**

(੧) ਤਨ ਮਨ ਨੂੰ ਕੱਟ ਕੱਟ ਕੇ ਸਭ ਕੁਝ ਅਰਪਣ ਕਰ ਦਿਆਂਗਾ, ਤੇ ਆਪ ਜੀ ਦੇ ਹੁਕਮ ਅਨੁਸਾਰ ਪ੍ਰਤੱਖ ਅੱਗ ਵਿਚ ਆਪਣੇ ਆਪ ਨੂੰ ਸਾੜ ਦਿਆਂਗਾ।

(੨) ਤਨ ਨਾਲੋਂ ਮਨ ਨੂੰ ਕੱਟ ਕੇ ਅਤੇ ਸਾਰਿਆਂ ਨਾਲੋਂ ਸਰੀਰ ਨੂੰ ਕੱਟ ਕੇ ਅਰਪੀ=ਅਰਪਨ (ਭੇਟਾ) ਕਰ ਦਿਆਂਗਾ ਅਤੇ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਆਪੁ=ਆਪਾ ਭਾ ਹੰਕਾਰ ਨੂੰ ਜਲਾਈ=ਸਾੜ ਦਿਆਂਗਾ॥ ੪॥

**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥**

ਫਿਰ ਮੈਂ ਆਪ ਜੀ ਦੀ ਸਤਸੰਗਤ ਵਿਚ ਜਾ ਕੇ ਪੱਖਾ ਝੱਲਾਂਗਾ, ਪਾਣੀ ਢੋਵਾਂਗਾ, ਜੋ ਤੂੰ ਦੇਵੇਂਗਾ ਓਹੀ ਖਾਵਾਂਗਾ, ਵਾ:-ਜੋ ਸੰਤ ਦੇਣਗੇ ਓਹੀ ਖਾਵਾਂਗਾ॥ ੫॥

**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥**

ਹੇ ਹਰੀ ! ਮੈਂ ਗਰੀਬ ਤੇਰੇ ਦੁਆਰੇ ਤੇ ਢਹਿ ਪਿਆ ਹਾਂ, ਮੈਨੂੰ ਆਪਣੇ ਨਾਲ ਮੇਲ ਲਉ, ਇਸ ਵਿਚ ਤੇਰੀ ਵਡਿਆਈ ਹੈ। ਵਾ:-ਮੈਂ ਆਪ ਜੀ ਦੀ ਵਡਿਆਈ ਕਰਾਂਗਾ॥ ੬॥

**ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥ ੭॥**

ਸਾਰੀ ਧਰਤੀ ਫਿਰ ਕੇ ਗੁਰਾਂ ਪਾਸੋਂ ਇਹ ਮਤ=ਸਿਖਿਆ ਪਾਈ ਹੈ, ਅਰਥਾਤ ਗੁਰਾਂ ਤੋਂ ਇਤਨੀ ਸ਼ਰਧਾ ਪ੍ਰਾਪਤ ਹੋਈ ਹੈ, ਜਿਸ ਸ਼ਰਧਾ ਕਰਕੇ ਮੈਂ ਪ੍ਰਤੱਖ ਅੱਖਾਂ ਕੱਢ ਕੇ ਆਪ ਜੀ ਦੇ ਚਰਨਾਂ ਹੇਠ ਰੱਖਦਾ ਹਾਂ।

ਅਥਵਾ:-ਇਕ-ਰਸ ਧਿਆਨ ਲਗਾਈ ਰਖਦਾ ਹਾਂ॥ ੭॥

**ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ॥ ੮॥**

ਜੇ ਤੂੰ ਆਪਣੇ ਆਪ ਮੈਨੂੰ ਬਿਠਾਵੇਂ, ਤਾਂ ਭੀ ਆਪ ਨੂੰ ਅਰਾਧਾਂਗਾ ਜੇ ਮਾਰ ਕੇ ਆਪਣੇ ਪਾਸੋਂ ਬਾਹਰ ਕੱਢ ਦਿਉ ਤਾਂ ਭੀ ਆਪ ਜੀ ਨੂੰ ਧਿਆਵਾਂਗਾ॥ ੮॥

**ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ॥ ੯॥**

ਜੇਕਰ ਦੁਨੀਆ ਦੇ ਲੋਕ ਮੇਰੀ ਸਲਾਹੇ=ਸ਼ਲਾਘਾ (ਵਡਿਆਈ) ਕਰਨਗੇ ਤਾਂ ਭੀ ਮੈਂ ਤੇਰੀ ਉਪਮਾ ਕਰਾਂਗਾ। ਜੇਕਰ ਦੁਨੀਆਂ ਦੇ ਲੋਕ ਮੇਰੀ ਨਿੰਦਿਆ ਕਰਨਗੇ ਤਾਂ ਭੀ ਮੈਂ ਆਪ ਜੀ ਨੂੰ ਛੱਡ ਨਹੀਂ ਜਾਵਾਂਗਾ॥ ੯॥

**ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥**

ਜੇਕਰ ਤੇਰੇ ਵਲ ਮੇਰਾ ਮਨ ਲੱਗਾ ਰਹੇ, ਤਾਂ ਕੋਈ ਭਾਵੇਂ ਕੁਝ ਪਿਆ ਆਖੇ, ਪਰਵਾਹ ਨਹੀਂ, ਪਰ ਆਪ ਜੀ ਦੇ ਭੁੱਲ ਜਾਣੇ ਕਰਕੇ ਮੇਰਾ ਮਰ ਜਾਣਾ ਹੁੰਦਾ ਹੈ॥ ੧੦॥

**ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥**

ਗੁਰਾਂ ਦੇ ਉੱਪਰੋਂ ਮੈਂ ਵਾਰਿ ਵਾਰਿ=ਬਲਿਹਾਰ ਕੁਰਬਾਨ ਜਾਂਦਾ ਹਾਂ, ਅਤੇ ਸੰਤ=ਸ਼ਾਂਤ ਆਤਮਾ ਗੁਰੂ ਦੇ ਪੈ=ਚਰਨੀ ਪੈ ਕੇ ਮਨਾਉਂਦਾ ਹਾਂ, ਵਾ:-ਪੂਜਦਾ ਹਾਂ॥ ੧੧॥

**ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥**

ਹੇ ਹਰੀ ! ਤਉ=ਆਪ ਜੀ ਦੇ ਦਰਸ਼ਨਾਂ ਵਾਸਤੇ ਮੈਂ ਨਾਨਕ ਵਿਚਾਰਾ ਦੇਵਾਨਾ=ਮਸਤਾਨਾ ਹੋ ਗਿਆ ਹਾਂ॥ ੧੨॥

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥**

ਝੱਖੜ ਝੁਲਦਾ ਹੋਵੇ, ਮੀਂਹ ਵੱਸਦਾ ਹੋਵੇ, ਤਾਂ ਭੀ ਮੈਂ ਇਨ੍ਹਾਂ ਨੂੰ ਝਾਗੀ=ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵਾਂਗਾ॥ ੧੩॥

*ਯਥਾ:-* "ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ੨੫॥" *(ਸੇਖ ਫਰੀਦ, ਪੰਨਾ ੧੩੭੯)*

ਅੰਤ੍ਰੀਵ-ਲੋਭ ਰੂਪੀ ਝੱਖੜ ਝੁਲਦਾ ਹੋਵੇ ਤੇ ਪਦਾਰਥਾਂ ਰੂਪੀ ਮੀਂਹ ਵੀ ਵਸਦਾ ਹੋਵੇ ਤਾਂ ਭੀ ਮੈਂ ਇਨ੍ਹਾਂ ਨੂੰ ਝਾਗੀ=ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵਾਂਗਾ।

*ਅਥਵਾ* -ਹਰ ਇਕ ਸਿੱਖ ਨੂੰ ਚਾਹੀਦਾ ਹੈ ਇਨ੍ਹਾਂ ਨੂੰ ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵੇ।

**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥**

ਸਾਗਰੁ=ਸਹਿਤ ਗਰਲਤਾ ਭਾਵ ਵਿਹੁ (ਜ਼ਹਿਰ) ਦੇ ਸਹਿਤ ਹੋਣ ਕਰਕੇ ਚਾਹੇ ਸਮੁੰਦਰ ਬਹੁਤਾ ਖਾਰਾ ਭੀ ਹੋਵੇ, ਅਥਵਾ:-ਸੰਸਾਰ-ਸਮੁੰਦਰ ਦੁੱਖਾਂ ਰੂਪੀ।

ਵਾ:-ਵਿਸ਼ਿਆਂ ਰੂਪੀ ਜ਼ਹਿਰ ਦੇ ਸਹਿਤ ਭੀ ਹੋਵੇ ਅਤੇ ਬਹੁਤਾ ਖਾਰਾ ਭੀ ਹੋਵੇ ਭਾਵ ਦੁੱਖ ਮਾਝ ਹੋਰ ਅਨੇਕਾਂ ਦੁੱਖ ਭੀ ਪ੍ਰਾਪਤ ਹੋਣ ਤਾਂ ਗੁਰੂ ਦਾ ਸਿੱਖ ਉਸ ਨੂੰ ਲੰਘ ਕੇ ਭੀ ਗੁਰੂ ਦੇ ਪਾਸ ਜਾਵੇ॥ ੧੪॥

**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥**

ਜਿਵੇਂ ਪ੍ਰਾਣੀ=ਪ੍ਰਾਣਧਾਰੀ ਪੁਰਸ਼ ਜਲ ਤੋਂ ਬਿਨਾਂ ਮਰ ਜਾਂਦਾ ਹੈ, ਤਿਵੇਂ ਸਿੱਖ ਗੁਰੂ ਤੋਂ ਬਿਨਾਂ ਮਰ ਜਾਂਦਾ ਹੈ॥ ੧੫॥

**ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥**

ਜਿਵੇਂ ਜਲ ਦੇ ਵਰਸਣ ਕਰਕੇ ਭਾਵ ਮੀਂਹ ਦੇ ਪੈਣ ਨਾਲ ਧਰਤੀ ਸ਼ੋਭਾ ਨੂੰ ਭਾਵ ਸੁੰਦਰਤਾ ਨੂੰ ਪ੍ਰਾਪਤ

---

**ਜਿਹੜੀ ਹਵਾ ਮਿੱਟੀ ਘੱਟੇ ਨੂੰ ਉਡਾਉਂਦੀ ਹੈ ਤੇ ਬ੍ਰਿਛਾਂ ਨੂੰ ਤੋੜਦੀ ਜਾਂਦੀ ਹੈ, ਉਸ ਨੂੰ ਝੱਖੜ ਕਹਿੰਦੇ ਹਨ।*

ਕਰਦੀ ਹੈ, ਤਿਵੇਂ ਸਿੱਖ ਆਪਣੇ ਗੁਰੂ ਨੂੰ ਮਿਲ ਕੇ ਬਿਗਸਾਈ=ਪ੍ਰਸੰਨ ਹੁੰਦਾ ਹੈ॥ ੧੬॥

[ਪੰਨਾ ੭੫੮]

**ਸੇਵਕ ਕਾ ਹੋਇ ਸੇਵਕੁ ਵਰਤਾਕਰਿ ਕਰਿ ਬਿਨਉ ਬੁਲਾਈ॥੧੭॥**

ਹੇ ਪ੍ਰਭੂ ! ਇਹ ਕਿਰਪਾ ਕਰ ਮੈਂ ਗੁਰੂ ਦੇ ਸੇਵਕ ਦਾ ਸੇਵਕ ਹੋ ਕੇ ਵਰਤਾ=ਚੱਲਾਂ ਅਤੇ ਬਿਨਉ=ਬੇਨਤੀ ਦੇ ਸ਼ਬਦ ਉਚਾਰਨ ਕਰ ਕਰ ਕੇ ਬੁਲਾਵਾਂ॥ ੧੭॥

**ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥੧੮॥**

ਹੇ ਹਰੀ ! ਆਪ ਜੀ ਦੇ ਪਾਸ ਮੈਂ ਨਾਨਕ ਦੀ ਏਹੋ ਬੇਨਤੀ ਹੈ, ਮੈਂ ਪੂਰਨ ਗੁਰਾਂ ਨਾਲ ਮਿਲ ਕੇ ਗੁਰ=ਭਾਰੀ ਆਤਮ-ਸੁਖ ਪਾਉਣਾ ਕਰਾਂ॥ ੧੮॥

**ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥੧੯॥**

ਹੇ ਪ੍ਰਭੂ ! ਤੂੰ ਆਪ ਹੀ ਗੁਰੂ ਰੂਪ ਹੈਂ, ਤੂੰ ਆਪ ਹੀ ਚੇਲਾ ਜਗਿਆਸੂ ਰੂਪੀ ਹੈਂ, ਮੈਂ ਗੁਰੂ ਨੂੰ ਵਿਚੁ=ਵਿਚੋਲਾ ਦੇ=ਦੇ ਕੇ ਆਪ ਨੂੰ ਧਿਆਉਂਦਾ ਹਾਂ॥ ੯॥

**ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥੨੦॥**

ਜੋ ਆਪ ਜੀ ਨੂੰ ਸੇਂਵਦੇ ਹਨ ਉਹਨਾਂ ਉਤੇ ਤੂੰ ਪ੍ਰਸੰਨ ਹੁੰਦਾ ਹੈਂ, *ਅਥਵਾ:*-ਉਹ ਤੇਰਾ ਸਰੂਪ ਹੁੰਦੇ ਹਨ, ਤੁਸਾਂ ਨੇ ਆਪਣਿਆਂ ਸੇਵਕਾਂ ਦੀ ਆਪ ਹੀ ਪੈਜ ਰਖਾਈ=ਇੱਜ਼ਤ ਰੱਖੀ ਹੈ॥ ੨੦॥

**ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥੨੧॥**

ਹੇ ਹਰੀ ! ਤੇਰੇ ਸੰਤ ਭਗਤੀ ਦੇ ਭੰਡਾਰੇ ਭਰੇ ਹੋਏ ਹਨ, ਜਿਸ ਨੂੰ ਭਾਵੈ=ਚਾਹੁੰਦਾ ਹੈਂ, ਉਸ ਨੂੰ ਤੂੰ ਸੰਤਾਂ ਪਾਸੋਂ ਦੇਵਾਈ=ਦਿਵਾਉਂਦਾ ਹੈਂ॥ ੨੧॥

**ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ॥੨੨॥**

ਜਿਸ ਨੂੰ ਤੂੰ ਦੇਂਦਾ ਹੈਂ ਓਹੀ ਪੁਰਸ਼ ਪਾਉਂਦਾ ਹੈ, ਹੋਰ ਸਭ ਤਰ੍ਹਾਂ ਦੀ ਚਤੁਰਾਈ ਨਿਸਫਲ ਹੈ॥ ੨੨॥

**ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥੨੩॥**

ਆਪਣੇ ਗੁਰੂ ਨੂੰ ਮਨ, ਬਾਣੀ, ਸਰੀਰ ਦੁਆਰਾ ਸਿਮਰ-ਸਿਮਰ ਕੇ ਮੋਹ ਦੀ ਨੀਂਦ ਵਿਚ ਸੁੱਤੇ ਹੋਏ ਮਨ ਨੂੰ ਗਿਆਨ ਜਾਗ੍ਰਤ ਵਿਚ ਜਗਾਉਂਦਾ ਹਾਂ॥ ੨੩॥

**ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ॥੨੪॥**

ਵਿਚਾਰਾ ਨਾਨਕ ਇਕ ਏਹੋ ਦਾਨ ਮੰਗਦਾ ਹੈ, ਹੇ ਹਰੀ ! ਮੈਨੂੰ ਆਪਣੇ ਦਾਸਾਂ ਦਾ ਦਾਸ ਕਰ ਲੈ ॥ ੨੪॥

**ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥**

(ਕਿਸੇ ਕੰਮ ਦੇ ਵਿਗੜ ਜਾਣ ਕਰਕੇ) ਜੇ ਗੁਰੂ ਝਿੜਕੇ=ਝਿੜਕਾ ਦੇਣ ਭਾਵ ਤਾੜਨ ਤਾਂ (ਉਨ੍ਹਾਂ ਦਾ ਬਚਨ) ਮੈਨੂੰ ਮੀਠਾ=ਪਿਆਰਾ ਲੱਗੇ, ਜੇਕਰ ਉਸ ਗੁਨਾਹ ਨੂੰ ਗੁਰੂ ਜੀ ਬਖ਼ਸ਼ ਦੇਣ ਤਾਂ ਗੁਰਾਂ ਦੀ ਇਹ ਆਪਣੀ

ਵਡਿਆਈ ਹੈ॥ ੨੫॥

**ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥ ੨੬॥**

ਜੋ ਭੀ ਗੁਰਮੁਖ ਬੋਲਦੇ ਹਨ, ਸੋ ਉਨ੍ਹਾਂ ਦਾ ਬੋਲਣਾ ਪਰਮੇਸ਼ਰ ਥਾਂ ਪਾਉਂਦਾ ਹੈ ਭਾਵ ਸਫਲ ਕਰਦਾ ਹੈ, ਮਨਮੁਖਾਂ ਦਾ ਬੋਲਿਆ ਕੁਝ ਥਾਂ ਨਹੀਂ ਪਾਉਂਦਾ ਭਾਵ ਸਫਲ ਨਹੀਂ ਕਰਦਾ॥ ੨੬॥

**ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥ ੨੭॥**

(੧) ਭਾਵੇਂ ਪਾਲਾ ਸਮਾਨ ਠੰਡ ਹੋਵੇ, ਭਾਵੇਂ ਕੱਕਰ ਪੈਂਦਾ ਹੋਵੇ ਬਹੁਤੀ ਠੰਡ ਹੋਵੇ, ਭਾਵੇਂ ਵਰਫ=ਗੜੇ ਵਸਦੇ ਹੋਣ ਤਾਂ ਭੀ ਗੁਰੂ ਦਾ ਸਿੱਖ ਗੁਰੂ ਦੇ ਦੇਖਣ=ਦਰਸ਼ਨ ਕਰਨ ਜਾਂਦਾ ਹੈ।

(੨) ਪਾਲਾ=ਪਾਪ, ਕਕਰੁ=ਕਠੋਰਤਾ, ਵਰਫ=ਜੜ੍ਹਤਾ ਇਤਿਆਦਿਕ ਅਸ਼ੁਭ ਗੁਣ ਭੀ ਹੋਣ ਤਾਂ ਭੀ ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨ ਕਰਨ ਜਾਂਦਾ ਹੈ।॥ ੨੭॥

**ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥ ੨੮॥**

ਸਾਰਾ ਦਿਨ ਤੇ ਸਾਰੀ ਰਾਤ ਮੈਂ ਆਪਣੇ ਗੁਰੂ ਦਾ ਦੇਖਉ=ਦਰਸ਼ਨ ਕਰਦਾ ਹਾਂ, ਤੇ ਆਪਣੀਆਂ ਅੱਖਾਂ ਵਿਚ ਗੁਰਾਂ ਦੇ ਚਰਨਾਂ ਨੂੰ ਧਾਰਦਾ ਹਾਂ।

**ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥ ੨੯॥**

ਗੁਰੂ ਨੂੰ ਪ੍ਰਸੰਨ ਕਰਨ ਵਾਸਤੇ ਮੈਂ ਅਨੇਕਾਂ ਉਪਾਵ=ਜਤਨ ਕਰਦਾ ਹਾਂ, ਪਰ ਜਿਹੜਾ ਜਤਨ ਗੁਰੂ ਨੂੰ ਭਾਉਂਦਾ ਹੈ ਓਹੀ ਥਾਂ ਪਾਉਂਦਾ ਹੈ ਭਾਵ ਸਫ਼ਲ ਕਰਦਾ ਹੈ।॥ ੨੯॥

**ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥ ੩੦॥**

ਹੇ ਮੇਰੇ ਸਾਈ=ਮਾਲਕ ਪ੍ਰਭੂ ! ਮੇਰੇ ਉਤੇ ਅਜੇਹੀ ਕਿਰਪਾ-ਦ੍ਰਿਸ਼ਟੀ ਕਰੋ, ਜੋ ਮੈਂ ਰਾਤ ਦਿਨ ਗੁਰੂ ਦੇ ਚਰਨਾਂ ਦੀ ਅਰਾਧਣਾ ਕਰਦਾ ਰਹਾਂ॥ ੩੦॥

**ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥ ੩੧॥**

ਮੈਂ ਨਾਨਕ ਦਾ ਇਹ ਪ੍ਰਾਣ ਹੀ ਗੁਰੂ ਹੈ, ਅਥਵਾ:-ਮੈਂ ਨਾਨਕ ਦਾ ਜੋ ਪਿੰਡ ਤੇ ਜੀਵ ਹੈ ਇਹ ਸਭ ਗੁਰੂ ਦਾ ਹੀ ਹੈ, ਮੈਂ ਗੁਰੂ ਨੂੰ ਮਿਲ ਕੇ ਤ੍ਰਿਪਤ ਹੋ ਕੇ ਰੱਜ ਗਿਆ ਹਾਂ॥ ੩੧॥

**ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨॥ ੧॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦਾ ਪ੍ਰਭੂ ਹਰ ਥਾਂ ਪੂਰਨ ਹੋ ਰਿਹਾ ਹੈ, ਜਤ ਕਤ=ਜਿੱਥੇ ਕਿੱਥੇ ਵੇਖਦਾ ਹਾਂ, ਤਤ=ਓਥੇ ਹੀ ਗੋਸਾਈ=ਪਰਮਾਤਮਾ ਹੈ॥ ੩੨॥ ੧॥

## ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦

**ੴ ਸਤਿਗੁਰ ਪ੍ਰਸਾਦਿ॥ ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ॥**

ਆਪਣੇ ਪ੍ਰੀਤਮ=ਗੁਰਾਂ ਨੇ ਮੇਰੇ ਹਿਰਦੇ ਅੰਦਰ ਸੱਚਾ ਨੇਹੁ=ਪ੍ਰੇਮ ਲਗਾਇਆ ਹੈ।

**ਤਨੁ ਮਨੁ ਹੋਇ ਨਿਹਾਲੁ ਜਾ ਗੁਰ ਦੇਖਾ ਸਾਮ੍ਹਣੇ॥ ੧॥**

ਜਦ ਮੈਂ ਗੁਰਾਂ ਨੂੰ ਆਪਣੇ ਸਾਹਮਣੇ ਵੇਖਦਾ ਹਾਂ ਤਾਂ ਤਨ ਮਨ ਨਿਹਾਲੁ=ਕ੍ਰਿਤ ਕ੍ਰਿਤ ਹੋ ਜਾਂਦਾ ਹੈ, ਵਾ:-ਨਿਹਾਲੁ=ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ॥ ੧॥

**ਮੈ ਹਰਿ ਹਰਿ ਨਾਮੁ ਵਿਸਾਹੁ॥**

ਮੈਂਨੇ ਹਰਿ ਹਰਿ ਨਾਮ ਨੂੰ ਵਿਸਾਹੁ=ਖਰੀਦਿਆ ਹੈ।

**ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ॥ ੧॥ ਰਹਾਉ॥**

ਅਗਮ ਅਥਾਹ ਜੋ ਪਰਮਾਤਮਾ ਹੈ, ਉਸ ਦਾ ਨਾਮ-ਅੰਮ੍ਰਿਤ ਮੈਂ ਪੂਰਿਆਂ ਗੁਰਾਂ ਤੋਂ ਪਾਇਆ ਹੈ॥ ੧॥ ਰਹਾਉ॥

**ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ॥**

ਹਉ=ਮੈਂ ਸਤਿਗੁਰਾਂ ਨੂੰ ਦੇਖ ਕੇ ਵਿਗਸੀਆ=ਪ੍ਰਸੰਨ ਹੋਇਆ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਮੇਰਾ ਹਰੀ ਨਾਮ ਨਾਲ ਪਿਆਰ ਲੱਗਾ ਹੈ। ਅਤੇ-

**ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ॥ ੨॥**

ਮੁਕਤੀ ਦਾ ਦਰਵਾਜ਼ਾ ਗਿਆਨ ਪਾਇਆ ਹੈ, ਜਿਸ ਗਿਆਨ ਕਰਕੇ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਨਾਲ ਮੇਲ ਲੀਤਾ ਹੈ॥ ੨॥

**ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥**

ਨਾਮ-ਸਿਮਰਨ ਦਾ ਬਿਰਹੀ=ਪ੍ਰੇਮੀ ਸਤਿਗੁਰੂ ਜੇਕਰ ਮਿਲ ਜਾਵੇ ਤਾਂ ਮੈਂ ਉਸ ਨੂੰ ਆਪਣਾ ਤਨ ਮਨ ਭੇਟਾ ਕਰ ਦਿਆਂਗਾ।

**ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ॥ ੩॥**

ਜੇਕਰ ਪੂਰਬਲਾ ਕਰਮ ਚੰਗਾ ਲਿਖਿਆ ਹੋਵੇਗਾ, ਤਾਂ ਨਾਮ-ਅੰਮ੍ਰਿਤ ਸਹਿਜੇ ਹੀ ਪੀ ਲਵਾਂਗਾ॥ ੩॥

**ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ॥**

ਜੋ ਸੁੱਤਿਆਂ ਪਿਆਂ ਗੁਰੂ ਨੂੰ ਸਲਾਹੁੰਦਾ ਹੈ, ਅਤੇ ਉੱਠਦਿਆਂ ਭੀ ਧੰਨ ਗੁਰੂ ਧੰਨ ਗੁਰੂ ਉਚਾਰਦਾ ਹੈ।

**ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ॥ ੪॥**

ਜੇ ਕੋਈ ਅਜੇਹਾ ਗੁਰਮੁਖ ਮੈਨੂੰ ਮਿਲ ਜਾਵੇ, ਤਾਂ ਹਉ=ਮੈਂ ਉਸ ਦੇ ਚਰਨ ਧੋਵਾਂਗਾ॥ ੪॥

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ-

**ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ॥**

ਕੋਈ ਅਜੇਹਾ ਸੱਜਣ ਲੋੜਿ ਲਹੁ=ਚਾਹ ਲਓ, ਵਾ:-ਲੱਭ ਲਵੋ, ਜਿਹੜਾ ਮੈਂ ਪ੍ਰੀਤਮ ਦੇ ਨਾਲ ਮਿਲਾ ਦੇਵੇ। ਉੱਤਰ:-ਅਸਲੀ ਸੱਜਣ ਗੁਰੂ ਹੀ ਹਨ-

**ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ॥ ੫॥**

ਸਤਿਗੁਰਾਂ ਨਾਲ ਮਿਲਣ ਕਰਕੇ ਹਰੀ ਪਾਇਆ ਜਾਂਦਾ ਹੈ, ਇਹ ਨਿਯਮ ਹੈ ਸਤਿਗੁਰਾਂ ਦੀ ਕਿਰਪਾ ਨਾਲ

ਹੀ ਹਰੀ ਸੁਤੇ-ਸਿਧ ਮਿਲਿਆ ਹੈ॥ ੫॥

[ਪੰਨਾ ੭੫੯]

## ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥

ਸਤਿਗੁਰ ਦੇਵ ਜੀ ਸ਼ੁਭ-ਗੁਣ ਤੇ ਨਾਮ ਦਾ ਸਾਗਰੁ=ਸਮੁੰਦਰ ਹੈ, ਮੈਨੂੰ ਉਸ ਗੁਰੂ ਦੇ ਦੇਖਣ ਦਾ ਚਾਉ=ਉਤਸ਼ਾਹ ਲੱਗ ਰਿਹਾ ਹੈ।

## ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ॥ ੬॥

ਹਉ=ਮੈਂ ਉਸ ਤੋਂ ਬਿਨਾਂ ਇਕ ਘੜੀ ਭਰ ਭੀ ਨਹੀਂ ਜੀਉਂਦਾ, ਗੁਰਾਂ ਦੇ ਦੇਖੇ ਤੋਂ ਬਿਨਾਂ ਮਰ ਜਾਂਦਾ ਹਾਂ॥ ੬॥

## ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਹੋਰ ਕਿਸੇ ਉਪਾਇ=ਜਤਨ ਕਰਕੇ ਜੀਉਂਦੀ ਨਹੀਂ ਰਹਿ ਸਕਦੀ।

## ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥ ੭॥

ਤਿਵੇਂ ਹਰੀ-ਨਾਮ ਤੋਂ ਬਿਨਾਂ ਸੰਤ ਜੀਉਂਦੇ ਨਹੀਂ ਰਹਿ ਸਕਦੇ, ਹਰੀ-ਨਾਮ ਤੋਂ ਬਿਨਾਂ ਮਰ ਜਾਂਦੇ ਹਨ॥ ੭॥

## ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥

ਮੇਰੀ ਸਤਿਗੁਰਾਂ ਦੇ ਨਾਲ ਪਿਰਹੜੀ=ਪ੍ਰੀਤੀ ਹੈ, ਮਾਉ=ਹੇ ਭਾਈ ! ਗੁਰਾਂ ਤੋਂ ਬਿਨਾਂ ਮੈਂ ਕਿਵੇਂ ਜੀਵਾਂਗਾ।

## ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ ੮॥

ਮੈਨੂੰ ਗੁਰਬਾਣੀ ਦਾ ਆਧਾਰੁ=ਆਸਰਾ ਹੈ, ਇਸ ਕਰਕੇ ਗੁਰਬਾਣੀ ਦੇ ਪੜ੍ਹਨ ਸੁਣਨ ਵਿਚ ਹੀ ਲੱਗਾ ਰਹਿੰਦਾ ਹਾਂ॥ ੮॥

## ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ॥

ਮਾਇ=ਹੇ ਭਾਈ ! ਹਰਿ ਹਰਿ ਨਾਮ ਰਤਨਾਂ ਵਾਂਗ ਅਮੋਲਕ ਹੈ,

ਜੇ ਗੁਰੂ ਤੁਠਾ=ਪ੍ਰਸੰਨ ਹੋਣ ਤਾਂ ਅਮੋਲਕ ਨਾਮ-ਧਨ ਦੇਂਦੇ ਹਨ।

## ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ॥ ੯॥

ਮੈਨੂੰ ਸੱਚੇ ਨਾਮ ਦੀ ਧਰ=ਓਟ ਹੈ, ਇਸ ਲਈ ਹਰੀ ਨਾਮੀ ਦੇ ਨਾਮ ਵਿਚ ਲਿਵ ਲਾਈ ਰਹਿੰਦਾ ਹਾਂ॥ ੯॥

## ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥

ਗਿਆਨ ਦੀ ਪ੍ਰਾਪਤੀ ਕਰਾਉਣ ਵਾਲਾ ਗੁਰਾਂ ਪਾਸ ਰੂਪ ਪਦਾਰਥ ਹੈ, ਇਸ ਕਰਕੇ ਗੁਰੂ ਜੀ ਹਰੀ ਨਾਮ ਨੂੰ ਦ੍ਰਿੜ੍ਹ ਕਰਵਾ ਦੇਂਦੇ ਹਨ।

**ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥**

ਜਿਸ ਨੂੰ ਪ੍ਰਾਪਤ ਹੋਣਾ ਲਿਖਿਆ ਹੈ ਓਹੀ ਲਹੈ=ਲੈਂਦਾ ਹੈ, ਅਤੇ ਓਹੀ ਗੁਰਾਂ ਦੀ ਚਰਨੀਂ ਆ ਕੇ ਲੱਗਦਾ ਹੈ॥ ੧੦॥

**ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥**

ਪ੍ਰਭੂ ਦੇ ਪ੍ਰੇਮ ਦੀ ਕਹਾਣੀ ਅਕੱਥ ਹੈ, ਜਿਹੜਾ ਕੋ=ਕੋਈ ਪ੍ਰੀਤਮੁ=ਪਿਆਰਾ ਆ ਕੇ ਆਖੇਗਾ।

**ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥੧੧॥**

ਮੈਂ ਉਸ ਨੂੰ ਆਪਣਾ ਮਨ ਦੇਵਾਂਗਾ, ਅਤੇ ਝੁਕ-ਝੁਕ ਕੇ ਉਸ ਦੀ ਚਰਨੀਂ ਲੱਗਾਂਗਾ॥ ੧੧॥

**ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ॥**

ਹੇ ਕਰਤੇ ਪੁਰਖ ਸੁਜਾਣ ! ਇਕ ਤੂੰਹੀ ਮੇਰਾ ਸੱਜਣ ਹੈਂ।

**ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ॥੧੨॥**

ਮਿੱਤਰ ਸਤਿਗੁਰਾਂ ਨੇ ਮੈਨੂੰ ਤੇਰੇ ਨਾਲ ਮਿਲਾਇਆ ਹੈ, ਹੇ ਸਦਾ=ਨਿਤ ਰੂਪ ਪਰਮਾਤਮਾ ! ਮੈਨੂੰ ਸਦਾ ਤੇਰਾ ਹੀ ਤਾਣੁ=ਬਲ ਹੈ॥ ੧੨॥

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥**

ਮੇਰਾ ਸਤਿਗੁਰੂ ਸਦਾ ਹੀ ਸਦਾ=ਨਿਤ ਰੂਪ ਹੈ, ਨਾ ਜੰਮਦਾ ਹੈ, ਨਾ ਮਰਦਾ ਹੈ।

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥**

(੧) ਉਹ ਮੇਰਾ ਗੁਰੂ ਅਬਿਨਾਸੀ ਪੁਰਖ ਹੈ, ਜਿਸ ਗੁਰੂ ਦਾ ਜਸ ਸਾਰਿਆਂ ਵਿਚ ਸਮਾ ਰਿਹਾ ਹੈ।

(੨) ਮੇਰਾ ਗੁਰੂ ਉਸ ਅਬਿਨਾਸੀ ਪੁਰਖ ਦਾ ਰੂਪ ਹੈ, ਜੋ ਸਾਰਿਆਂ ਵਿਚ ਸਮਾ ਰਿਹਾ ਹੈ॥ ੧੩॥

**ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ॥**

ਰਾਸਿ=ਸੱਚੀ ਸ਼ਰਧਾ ਰੂਪੀ ਸਾਬਤ ਪੂੰਜੀ ਕਰਕੇ ਰਾਮ ਨਾਮ ਰੂਪੀ ਧਨ ਨੂੰ ਸੰਚਿਆ=ਇਕੱਠਾ ਕੀਤਾ ਹੈ।

**ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ॥੧੪॥੧॥੨॥੧੧॥**

ਗੁਰੂ ਜੀ ਕਥਨ ਕਰਦੇ ਹਨ-ਪੂਰੇ ਗੁਰੂ ਧੰਨਤਾਯੋਗ ਹਨ, ਜਿਨ੍ਹਾਂ ਦੀ ਕਿਰਪਾ ਨਾਲ ਮੈਂ ਦਰਗਾਹ ਵਿਚ ਮਾਨੀਕ ਹੋਇਆ ਹਾਂ॥ ੧੪॥ ੧॥ ੨॥ ੧੧॥

**ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧**

**ੴ ਸਤਿਗੁਰ ਪ੍ਰਸਾਦਿ॥ ਉਰਝਿ ਰਹਿਓ ਬਿਖਿਆ ਕੈ ਸੰਗਾ॥**

ਜੀਵ ਦੀ ਦਸ਼ਾ ਕਹਿੰਦੇ ਹਨ:-ਇਹ ਜੀਵ ਵਿਸ਼ਿਆਂ ਦੇ ਨਾਲ ਉਲਝ (ਫਸ) ਰਿਹਾ ਹੈ।

**ਮਨਹਿ ਬਿਆਪਤ ਅਨਿਕ ਤਰੰਗਾ॥੧॥**

ਇਸ ਦੇ ਮਨ ਵਿਚ ਅਨੇਕਾਂ ਤਰੰਗਾਂ=ਸੰਕਲਪ ਬਿਆਪਤ=ਲੱਗ, ਭਾਵ ਉਠ ਰਹੇ ਹਨ॥ ੧॥

## ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥ ੧ ॥ ਰਹਾਉ ॥

ਹੇ ਮੇਰੇ ਮਨ ! ਅਗਮ ਅਗੋਚਰ ਪੂਰਨ ਪਰਮੇਸ਼ਰ ਨੂੰ ਇਨ੍ਹਾਂ ਸੰਕਲਪਾਂ ਵਿਚ ਫਸ ਕੇ ਕਤ ਪਾਈਐ=ਕਿਸ ਤਰ੍ਹਾਂ ਪਾਏਂਗਾ। ਅਰਥਾਤ ਨਹੀਂ ਪਾਏਂਗਾ॥ ੧॥ ਰਹਾਉ॥

## ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥ ੨ ॥

ਇਹ ਜੀਵ ਮੋਹ ਦੀ ਮਸਤੀ ਵਿਚ ਬਿਆਪੇ=ਲੱਗ ਰਿਹਾ ਹੈ।

ਅਤਿ=ਬਹੁਤੀ ਤ੍ਰਿਸ਼ਨਾ ਦੇ ਹੋਣ ਕਰਕੇ ਮਨ ਕਦੇ ਧ੍ਰਾਪੇ=ਰੱਜਦਾ ਨਹੀਂ ਹੈ॥ ੨॥

## ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥ ੩ ॥

ਇਸ ਸਰੀਰ ਵਿਚ ਕ੍ਰੋਧ ਰੂਪੀ ਚੰਡਾਰਾ=ਚੰਡਾਲ ਬਸਇ=ਵੱਸ ਰਿਹਾ ਹੈ,

ਮਹਾ ਗੁਬਾਰਾ=ਬੜੇ ਹਨੇਰੇ ਦੇ ਹੋਣ ਕਰਕੇ ਇਸ ਅਗਿਆਨਿ=ਅਗਿਆਨੀ ਜੀਵ ਨੂੰ ਕੁਝ ਭਲਾ ਬੁਰਾ ਸੁਝਦਾ ਨਹੀਂ ਹੈ॥ ੩॥

## ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥ ੪ ॥

ਭਰਮ ਦੇ ਬਿਆਪਤ=ਲੱਗਣ ਕਰਕੇ ਪੰਜਾਂ ਕੋਸ਼ਾਂ ਰੂਪੀ ਕਿਵਾਰਾ=ਤਖ਼ਤੇ ਜੜੇ ਹੋਏ ਹਨ। ਇਸ ਲਈ ਪ੍ਰਭੂ ਦੇ ਦਰਬਾਰ ਵਿਚ ਜਾਣਾ ਨਹੀਂ ਪਾਉਂਦਾ ॥ ੪॥

## ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥ ੫ ॥

ਇਸ ਪ੍ਰਾਣੀ ਦੇ ਪਰਾਨਾ=ਪ੍ਰਾਣ ਆਸਾ ਤੇ ਅੰਦੇਸਾ=ਸੰਸਿਆਂ ਵਿਚ ਬੰਧਿ=ਬੰਨ੍ਹੇ ਹੋਏ ਹਨ। ਇਸ ਲਈ ਮਹਲੁ=ਸਰੂਪ ਨੂੰ ਨਹੀਂ ਪਾਉਂਦਾ, ਬਿ-ਗਾਨਾ=ਦ੍ਵੈਤ ਦੇ ਗਾਇਣ ਕਰਨ ਵਿਚ, ਵਾ:-ਬੇ-ਗਿਆਤ ਹੋਇਆ ਫਿਰਦਾ ਹੈ, ਵਾ:-ਬਿਗਾਨਾ=ਪਰਾਇਆ ਭਾਵ ਜਮਾਂ ਦਾ ਹੋਇਆ ਫਿਰਦਾ ਹੈ॥ ੫॥

## ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥

ਪਰਮੇਸ਼ਰ ਨੇ ਕਰਮਾਂ ਅਨੁਸਾਰ ਇਸ ਨੂੰ ਸਾਰਿਆਂ ਬਿਆਧਿ=ਰੋਗਾਂ ਦੇ ਵਸੀਕਾਰ ਕਰ ਦਿੱਤਾ ਹੈ।

## ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥ ੬ ॥

ਪਦਾਰਥਾਂ ਰੂਪੀ ਜਲ ਦੀ ਨਾ ਪ੍ਰਾਪਤੀ ਹੋਣ ਕਰਕੇ ਪਿਆਸ ਨਾਲ ਇਸ ਤਰ੍ਹਾਂ ਦੁਖੀ ਹੋਇਆ ਫਿਰਦਾ ਹੈ, ਜਿਵੇਂ ਜਲ ਤੋਂ ਬਿਨਾਂ ਮੱਛੀ ਦੁਖੀ ਹੁੰਦੀ ਹੈ॥ ੬॥

## ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥ ੭ ॥

ਮੇਰੀ ਬੁੱਧੀ ਦੀ ਕੁਝ ਸਿਆਨਪ ਨਹੀਂ ਹੈ, ਨਾ ਹੀ ਕੁਝ ਬਾਣੀ ਦੀ ਉਕਤਿ=ਯੁਕਤੀ ਹੈ।

ਹੇ ਪ੍ਰਭੂ ਠਾਕੁਰ ! ਮੈਨੂੰ ਇਕ ਤੇਰੀ ਹੀ ਆਸਾ ਹੈ॥ ੭॥

## ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥ ੮ ॥

ਮੈਂ ਸੰਤਾਂ ਪਾਸ ਬੇਨਤੀ ਕਰਦਾ ਹਾਂ, ਕਿ ਹੇ ਸੰਤੋ ! ਮੇਰੀ ਇਕ ਏਹੋ ਅਰਦਾਸ ਹੈ ਕਿ ਮੈਨੂੰ ਨਾਨਕ=ਪਰਮਾਤਮਾ ਨਾਲ ਮੇਲ ਲਵੋ।

**ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥**

**ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥**

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਕਿਰਪਾਲੂ ਹੋਣ ਤੇ ਮੈਂ ਸਤਸੰਗ ਨੂੰ ਪਾਇਆ ਹੈ। ਸਤਸੰਗ ਦੀ ਕਿਰਪਾ ਨਾਲ ਪੂਰਾ ਗਿਆਨ ਪਾਇਆ ਹੈ, ਇਸ ਕਰਕੇ ਮੇਰਾ ਮਨ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਹੋ ਗਿਆ ਹੈ॥ ੧॥ ਰਹਾਉ ਦੂਜਾ ॥ ੧॥

[ਪੰਨਾ ੭੬੦]

## ਰਾਗੁ ਸੂਹੀ ਮਹਲਾ ੫ ਘਰੁ ੩

## ੧ਓ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

**ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥**

ਮਿਥਿਆ ਪਦਾਰਥਾਂ ਦਾ ਮੋਹ ਤ੍ਰਿਸ਼ਨਾ ਰੂਪ ਅੱਗ, ਅਤੇ ਸੋਕ=ਚਿੰਤਾ ਦਾ ਸਾਗਰ=ਸਮੁੰਦਰ ਜੋ ਸੰਸਾਰ ਹੈ। ਹੇ ਨਾਗਰ=ਚਤੁਰ ਹਰੀ ! ਇਸ ਸੰਸਾਰ ਤੋਂ ਉਧਰਿ=ਤਾਰ ਲੈ ॥ ੧॥

**ਚਰਣ ਕਮਲ ਸਰਣਾਇ ਨਰਾਇਣ ॥ਦੀਨਾ ਨਾਥ ਭਗਤ ਪਰਾਇਣ ॥੧ ॥ ਰਹਾਉ ॥**

ਹੇ ਨਰਾਇਣ ! ਮੈ ਆਪ ਜੀ ਦੇ ਚਰਨਾਂ-ਕਮਲਾਂ ਦੀ ਸ਼ਰਨ ਵਿਚ ਆਇਆ ਹਾਂ।

ਹੇ ਦੀਨਾ ਦੇ ਨਾਥ ! ਆਪ ਭਗਤਾਂ ਦੇ ਪਰਾਇਣ=ਆਸਰਾ ਰੂਪ ਹੋ॥ ੧॥ ਰਹਾਉ॥

**ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥ ੨ ॥**

ਹੇ ਅਨਾਥ=ਯਤੀਮਾਂ ਦੇ ਨਾਥ=ਸੁਆਮੀ (ਮਾਲਕ)! ਆਪ ਹੀ ਭਗਤਾਂ ਦੇ ਡਰ ਨੂੰ ਮੇਟਨ=ਦੂਰ ਕਰਨ ਵਾਲੇ ਹੋ।

ਆਪ ਜੀ ਦੀ ਸਤਸੰਗਤ ਵਿਚ ਨਾਮ ਜਪਣ ਨਾਲ ਜਮਦੂਤ ਨਹੀਂ ਭੇਟਨ=ਮਿਲਦੇ॥ ੨॥

**ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ ੩ ॥**

ਹੇ ਜੀਵਨ ਰੂਪ ਦਿਆਲੂ! ਆਪ ਜੀ ਦੇ ਅਨੂਪੰ ਗੁਣਾਂ ਦੇ ਰਵਣ=ਉਚਾਰਨ ਨਾਲ ਜਮਾਂ ਦਾ ਜਾਲਾ=ਫਾਹ ਕੱਟਿਆ ਜਾਂਦਾ ਹੈ॥ ੩॥

**ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ ੪ ॥**

ਜੋ ਪੁਰਸ਼ ਰਸਨਾ ਨਾਲ ਨਿਤਾਪ੍ਰਤੀ ਅੰਮ੍ਰਿਤ ਰੂਪ ਨਾਮ ਨੂੰ ਜਾਪਦਾ ਹੈ।

ਉਸ ਨੂੰ ਰੋਗ ਰੂਪ ਮਾਇਆ ਨਹੀਂ ਬਿਆਪੈ=ਲੱਗਦੀ ॥ ੪॥

**ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ ੫ ॥**

ਜਿਸ ਨੇ ਗੋਬਿੰਦ ਨੂੰ ਜਪਿਆ ਹੈ, ਉਸ ਨੇ ਆਪਣੇ ਸਾਰੇ ਸੰਗੀ ਤਾਰ ਲਏ ਹਨ।

(ਕਾਮ ਕਰੋਧ ਆਦਿਕ) ਪੰਜ ਬਟਵਾਰੇ=ਠੱਗ ਉਸ ਨੂੰ ਨਹੀਂ ਪੋਹਤ=ਪੋਂਹਦੇ॥ ੫॥

**ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥ ੬ ॥**

ਮਨ, ਬਾਣੀ, ਸਰੀਰ ਕਰਕੇ ਜੋ ਇਕ ਪ੍ਰਭੂ ਨੂੰ ਧਿਆਉਂਦਾ ਹੈ।

ਓਹੀ ਪੁਰਸ਼ ਸਾਰਿਆਂ ਫਲਾਂ ਨੂੰ ਪਾਏ=ਪਾਉਂਦਾ ਹੈ॥ ੬॥

**ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥ ੭ ॥**

ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਧਾਰਕੇ ਜਿਸ ਨੂੰ ਆਪਣਾ ਦਾਸ ਕਰ ਲਿਆ ਹੈ।

ਉਸ ਨੂੰ ਕੇਵਲ ਨਾਮ ਤੇ ਭਗਤੀ ਦਾ ਰਸ ਦਿੱਤਾ ਹੈ॥ ੭॥

ਗੁਰੂ ਜੀ ਕਥਨ ਕਰਦੇ ਹਨ-ਉਸ ਨੇ ਇੰਜ ਨਿਸਚੇ ਕਰ ਲਿਆ ਹੈ ਕਿ-

**ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥ ੮ ॥ ੧ ॥ ੨ ॥**

ਉਹ ਪ੍ਰਭੂ (ਆਦਿ, ਮਧ, ਅੰਤ) ਤਿੰਨਾਂ ਸਮਿਆਂ ਵਿਚ ਪੂਰਨ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੮॥ ੧॥ ੨॥

## ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯

## ੧ੴ ਸਤਿਗੁਰ ਪ੍ਰਸਾਦਿ ॥

**ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥**

ਜਿਨ੍ਹਾਂ ਸੰਤਾਂ ਦਾ ਡਿਠਿਆਂ=ਦਰਸ਼ਨ ਕੀਤਿਆਂ ਮਨ ਨੂੰ ਰਹਸੀਐ=ਅਨੰਦ ਪ੍ਰਾਪਤ ਹੁੰਦਾ ਹੈ, ਉਹਨਾਂ ਦਾ ਸੰਗ ਕਿਵੇਂ ਪਾਈਦਾ ਹੈ?

**ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥**

ਉਹ ਸੱਜਣ ਸੰਤ ਹੀ ਮਨ ਦੇ ਮਿੱਤਰ ਹਨ, ਜਿਨ੍ਹਾਂ ਨੇ ਪ੍ਰਭੂ ਸਿਉ=ਨਾਲ ਰੰਗੁ=ਪ੍ਰੇਮ ਲਾਇਆ ਹੈ,

ਵਾ:-ਸਾਡਾ ਲਗਾਇਆ ਹੈ।

**ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥ ੧ ॥**

ਉਹਨਾਂ ਸੰਤਾਂ ਨਾਲੋਂ ਕਦੇ ਪ੍ਰੀਤੀ ਨਾ ਟੁੱਟੇ ਤਾਂ ਫਿਰ ਕਦੇ ਭੀ ਭੰਗੁ=ਬਿਘਨ ਨਹੀਂ ਹੁੰਦਾ ॥ ੧॥

**ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥**

ਹੇ ਪਾਰਬ੍ਰਹਮ ਪ੍ਰਭ । ਅਜੇਹੀ ਦਇਆ ਕਰ, ਜੋ ਨਿਤਾਪ੍ਰਤੀ ਮੈਂ ਤੇਰੇ ਗੁਣ ਗਾਉਣਾ ਕਰਾਂ।

**ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥ ੧ ॥ ਰਹਾਉ ॥**

ਹੇ ਸੱਜਣ ਸੰਤੋ ! ਆ ਕੇ ਮਿਲਣਾ ਕਰੋ, ਮਨ ਦਾ ਮਿੱਤਰ ਜੋ ਪ੍ਰਭੂ ਹੈ, ਉਸ ਦਾ ਨਾਮ ਜਪਣਾ ਕਰੀਏ॥ ੧॥ ਰਹਾਉ॥

**ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥**

(੧) ਇਹ ਅੰਨ੍ਹਾ ਜੀਵ ਅਜੇਹਾ ਮਾਇਆ ਵਿਚ ਮੋਹਿਆ ਹੋਇਆ ਹੈ, ਜੋ ਦੇਖਦਾ ਸੁਣਦਾਂ ਹੋਇਆ ਭੀ ਕੁਝ ਨਹੀਂ ਜਾਣਦਾ।

(੨) ਉਹ ਪਰਮੇਸ਼ਰ ਇਸ ਨੂੰ ਦੇਖ ਰਿਹਾ ਹੈ, ਤੇ ਇਸ ਦੀਆਂ ਗੱਲਾਂ ਸੁਣ ਰਿਹਾ ਹੈ, ਪਰ ਜੀਵ ਉਸਨੂੰ ਜਾਣਦਾ ਨਹੀਂ ਹੈ।

(੩) ਜੀਵ ਆਪ ਦੇਖ ਰਿਹਾ ਹੈ ਕਿ ਸਭ ਮਰਦੇ ਜਾਂਦੇ ਹਨ, ਸੁਣਦਾ ਭੀ ਹੈ ਕਿ ਵੱਡੇ ਵਡੇਰੇ ਸਭ ਮਰ ਗਏ ਹਨ, ਫਿਰ੍ ਭੀ ਇਹ ਨਹੀਂ ਜਾਣਦਾ।

(੪) ਨਾ ਗੁਰਾਂ ਦਾ ਦਰਸ਼ਨ ਵੇਖਦਾ ਹੈ, ਨਾ ਹੀ ਨਾਮ ਸੁਣਦਾ ਹੈ, ਨਾ ਹੀ ਪਰਮੇਸ਼ਰ ਨੂੰ ਜਾਣਦਾ ਹੈ, ਮਾਇਆ ਵਿਚ ਮੋਹਿਆ ਹੋਇਆ ਹੋਣ ਕਰਕੇ ਅੰਨ੍ਹਾ ਹੋ ਰਿਹਾ ਹੈ।

## ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥

ਇਹ ਕੱਚੀ ਦੇਹ ਨਾਸ ਹੋ ਜਾਣ ਵਾਲੀ ਹੈ, ਜੀਵ ਐਂਵੇਂ ਝੂਠਿਆਂ ਧੰਦਿਆਂ ਨੂੰ ਕਮਾਉਂਦਾ ਹੈ।

*ਅਥਵਾ:*-ਧੰਦਿਆਂ ਵਿਚ ਲੱਗ ਕੇ ਝੂਠ ਨੂੰ ਕਮਾਉਂਦਾ ਹੈ।

## ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥ ੨ ॥

ਜੋ ਪੁਰਸ਼ ਪੂਰਿਆ ਗੁਰਾਂ ਨਾਲ ਸਨਬੰਧੁ=ਮਿਲ ਕੇ ਨਾਮ ਧਿਆਉਂਦੇ ਹਨ ਉਹ ਮਨੁੱਖਾ ਦੇਹ ਰੂਪ ਬਾਜ਼ੀ ਨੂੰ ਜਿਣਿ=ਜਿੱਤ ਕੇ ਚਲੇ=ਚਲਦੇ ਹਨ॥ ੨ ॥

## ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥

ਪ੍ਰਭੂ ਦੇ ਹੁਕਮ ਅੰਦਰ ਹੀ ਇਹ ਜੀਵ ਕਲਜੁਗ ਵਿਚ ਆਇਆ ਹੈ ਅਤੇ ਹੁਕਮ ਦੇ ਸੰਜੋਗ ਵਿਚ ਹੀ ਇਸ ਸੰਸਾਰ ਤੋਂ ਚਲਣੁ=ਚਲਦਾ ਹੈ।

## ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥

ਪ੍ਰਭੂ ਦੇ ਹੁਕਮ ਅੰਦਰ ਹੀ ਸਾਰਾ ਸੰਸਾਰ ਪ੍ਰਪੰਚ ਪਸਰਿਆ=ਫੈਲ ਰਿਹਾ ਹੈ,

ਪ੍ਰਭੂ ਦੇ ਹੁਕਮ ਅੰਦਰ ਹੀ ਇਹ ਜੀਵ ਰਸਾਂ ਨੂੰ ਭੋਗਣਾ ਕਰਦਾ ਹੈ।

## ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ ੩ ॥

ਜਿਸ ਪੁਰਸ਼ ਨੂੰ ਕਰਤਾ ਪੁਰਖ ਵਿਸਰੈ=ਭੁੱਲ ਜਾਂਦਾ ਹੈ,

ਉਸੇ ਨੂੰ ਵਿਛੋੜਾ ਅਤੇ ਸੋਗੁ=ਚਿੰਤਾ ਹੁੰਦੀ ਹੈ॥ ੩ ॥

## ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥

ਜੋ ਪੁਰਸ਼ ਆਪਣੇ ਪ੍ਰਭੂ ਨੂੰ ਭਾ ਗਿਆ ਹੈ, ਉਹ ਪ੍ਰਲੋਕ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨ ਕੇ ਜਾਂਦਾ ਹੈ।

## ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥

ਜੋ ਪੁਰਸ਼ ਇਕ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ, ਉਸ (ਪੁਰਸ਼) ਨੂੰ ਐਥੈ=ਇਸ ਲੋਕ ਵਿਚ ਸੁਖ ਹੁੰਦਾ ਹੈ ਅਤੇ ਪ੍ਰਲੋਕ ਵਿਚ ਉਸ ਦਾ ਮੂੰਹ ਉਜਲਾ ਹੁੰਦਾ ਹੈ।

**ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥ ੪ ॥**

ਜਿਸ ਨੇ ਆਪਣੇ ਗੁਰੂ ਨੂੰ ਸਤ=ਨਿਸਚੇ ਅਤੇ ਭਾਇ=ਪ੍ਰੇਮ ਨਾਲ ਸੇਵਿਆ ਹੈ,

*ਅਥਵਾ*:-ਸਤ ਭਾਇ=ਸੈਂਕੜੇ ਪ੍ਰਕਾਰ ਨਾਲ ਗੁਰੂ ਨੂੰ ਸੇਵਿਆ ਹੈ, ਉਹ ਸਤ-ਭਾਇ=ਪਰਮੇਸ਼ਰ ਦਾ ਸਰੂਪ ਹੋਏ ਹਨ, ਏਸੇ ਕਰਕੇ ਉਸ ਨੂੰ ਪਾਰਬ੍ਰਹਮ ਨੇ ਆਦਰ ਦਿੱਤਾ ਹੈ।॥ ੪ ॥

**ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥**

ਜੋ ਪ੍ਰਭੂ ਸਭ ਜਗ੍ਹਾਂ ਪਰ ਤੇ ਥਨੰਤਰਿ=ਥਨੰਤਰੀ ਜੀਵਾਂ ਦੇ ਘਟ ਘਟ ਵਿਚ ਰਵਿ=ਪੂਰਨ ਹੋ ਰਿਹਾ ਹੈ, ਅਤੇ ਜੋ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ।

**ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥**

ਇਕ ਨਾਮ ਰੂਪੀ ਧਨ ਮਾਲ ਦਾ ਸੱਚਾ ਖ਼ਜ਼ਾਨਾ ਉਸ ਨੇ ਸੰਚਿਆ=ਇਕੱਠਾ ਕੀਤਾ ਹੈ।

**ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥ ੫ ॥**

ਜਾਂ ਉਹ ਪ੍ਰਭੂ ਆਪ ਦਿਆਲੂ ਹੋਵੇ ਤਾਂ ਫਿਰ ਕਦੇ ਭੀ ਮਨ ਵਿੱਚੋਂ ਭੁੱਲਦਾ ਨਹੀਂ ਹੈ।

[ਪੰਨਾ ੭੬੧]

**ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥**

ਉਹ ਪੁਰਸ਼ ਆਵਣੁ ਜਾਣਾ ਜਨਮ ਮਰਨ ਤੋਂ ਰਹਿਤ ਹੋ ਗਏ ਹਨ, ਜਿਨ੍ਹਾਂ ਦੇ ਮਨ ਵਿਚ ਨਿਰੰਕਾਰ ਵਸਿਆ ਹੈ।

**ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥**

ਜੋ ਸਾਰਿਆਂ ਤੋਂ ਉੱਚਾ, ਅਤੇ ਅਗਮ-ਸ਼ਾਸਤ੍ਰਾਂ ਕਰਕੇ ਅਪਾਰ ਹੈ, ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾਂਦਾ।

**ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥ ੬ ॥**

ਜਿਸ ਨੂੰ ਆਪਣਾ ਪ੍ਰਭੂ ਵਿਸਰੈ=ਭੁੱਲ ਜਾਂਦਾ ਹੈ, ਉਹ ਲੱਖਾਂ ਵਾਰੀ ਸੰਸਾਰ ਵਿਚ ਜੰਮਦਾ ਮਰਦਾ ਰਹਿੰਦਾ ਹੈ॥ ੬ ॥

**ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥**

ਉਹਨਾਂ ਪ੍ਰੀਤਮਾਂ ਦਾ ਵਾਹਿਗੁਰੂ ਨਾਲ ਸੱਚਾ ਨੇਹੁ=ਪ੍ਰੇਮ ਹੈ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਆਪ ਆ ਕੇ ਵੁਠਾ=ਵੱਸਿਆ ਹੈ।

**ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥**

(੧) ਉਹਨਾਂ ਦੇ ਨਾਲ ਵੱਸਣ ਕਰਕੇ ਸ਼ੁਭ-ਗੁਣਾਂ ਦੀ ਭਾਈਵਾਲੀ ਹੁੰਦੀ ਹੈ ਜੋ ਅੱਠੇ ਪਹਿਰ ਪ੍ਰਭੂ ਦੇ ਜਾਪ ਨੂੰ ਜਪਦੇ ਹਨ।

(੨) ਜੋ ਗੁਣਾਂ ਦੇ ਸਾਂਝੀ ਹੋ ਕੇ ਅੱਠੇ ਪਹਿਰ ਜਾਪ ਕਰਦੇ ਹਨ, ਪ੍ਰਭੂ ਉਹਨਾਂ ਦੇ ਸੰਗ ਹੀ ਵੱਸਦਾ ਹੈ।

**ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥**

ਜੋ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ, ਉਹਨਾ ਦੇ ਸਾਰੇ ਸੰਤਾਪ ਨਾਸ ਹੋ ਗਏ ਹਨ॥ ੭॥

**ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥**

(੧) ਪਿੱਛੇ ਭੀ ਤੂੰ ਕਰਤਾ ਸੀ, ਹੁਣ ਭੀ ਤੂੰ ਸਭ ਦੇ ਕਰਨ ਵਾਲਾ ਹੈਂ, ਤੂੰਹੀ ਇਕ ਰੂਪ ਹੈਂ, ਤੂੰਹੀ ਅਨੇਕ ਰੂਪ ਹੈਂ।

(੨) ਹੇ ਕਰਤਾ ਪੁਰਖ ! ਤੂੰਹੀ ਜਗਤ ਦੇ ਕਰਨ ਵਾਲਾ ਹੈਂ, ਤੂੰ ਇਕ ਰੂਪ ਹੈਂ, ਤੂੰਹੀ ਅਨੇਕ ਰੂਪ ਹੈਂ।

**ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥**

ਤੂੰਹੀ ਸਰਬ ਕਲਾ ਸਮਰੱਥ ਹੈਂ, ਤੂੰਹੀ ਸਰਬ ਰੂਪ ਹੈਂ, ਤੂੰਹੀ ਬੁੱਧੀ ਰੂਪ ਹੈਂ, ਤੂੰਹੀ ਬਿਬੇਕ ਰੂਪ ਹੈਂ,
*ਅਥਵਾ:*-ਤੂੰਹੀ ਬੁੱਧੀ ਵਿਚ ਬਿਬੇਕ=ਵਿਚਾਰ ਦੇ ਦੇਣ ਵਾਲਾ ਹੈਂ।

**ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਸਦਾ ਹੀ ਤੇਰਾ ਨਾਮ ਜਪਦਾ ਹਾਂ,
ਕਿਉਂਕਿ ਤੂੰਹੀ ਭਗਤ ਜਨਾਂ ਦੀ ਟੇਕ=ਓਟ ਰੂਪ ਹੈਂ॥ ੮॥ ੧॥ ੩॥

## ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

## ੧ੴ ਸਤਿਗੁਰ ਪ੍ਰਸਾਦਿ ॥

**ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ ॥**

ਹੇ ਸਾਈਂ ! ਜੇ ਭੁੱਲੀ ਹਾਂ ਤਨ ਕਰਕੇ, ਜੇ ਚੁੱਕੀ ਹਾਂ ਮਨ ਕਰਕੇ,
*ਅਥਵਾ:*-ਹੇ ਸਾਂਈ ! ਜੇ ਮੈਂ ਭਰਮ ਵਿਚ ਭੁੱਲ ਗਈ ਹਾਂ, ਅਤੇ ਰਾਹੋਂ ਚੁਕੀ=ਖੁੰਝ ਗਈ ਹਾਂ।
*ਅਥਵਾ:*-ਹੇ ਸਾਂਈ ! ਜੇ ਮੈਂ ਸਿਮਰਨ ਤੋਂ ਭੁੱਲ ਗਈ ਹਾਂ, ਅਤੇ ਸੇਵਾ ਤੋਂ ਚੁਕ ਗਈ ਹਾਂ,
ਤਦ ਭੀ ਮੈਂ ਤਹਿੰਜੀ=ਆਪ ਜੀ ਦੀ ਦਾਸੀ ਕਾਢੀਆ=ਕਹਾਉਂਦੀ ਹਾਂ।

**ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥**

ਜਿਨ੍ਹਾਂ ਦਾ ਦੂਜਾਣੇ=ਦ੍ਵੈਤ ਭਾਵ ਨਾਲ ਨੇਹੁ=ਪ੍ਰੇਮ ਲੱਗਾ ਹੈ,
ਉਹ ਤੈਥੋਂ ਵਾਢੀਆ=ਵਿਛੜੀਆਂ ਹੋਈਆਂ ਝੁਰ-ਝੁਰ ਕੇ ਮਰਦੀਆਂ ਹਨ॥ ੧॥

**ਹਉ ਨਾ ਛੋਡਉ ਕੰਤ ਪਾਸਰਾ ॥**

ਹੇ ਕੰਤ=ਪਤੀ-ਪਰਮਾਤਮਾ ! ਹਉ=ਮੈਂ ਆਪ ਜੀ ਦਾ ਪਾਸਰਾ=ਅਸਥਾਨ,
*ਵਾ:*-ਪਾਸਾ ਛੱਡਦੀ ਨਹੀਂ ਹਾਂ।

**ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥੧॥ ਰਹਾਉ ॥**

ਤੂੰ ਸਦਾ ਰੰਗੀਲਾ=ਅਨੰਦ ਵਾਲਾ ਹੈਂ, ਲਾਲ ਵਾਂਗ ਬੇ-ਕੀਮਤਾ ਹੈਂ, ਤੇ ਮੇਰਾ ਪਿਆਰਾ ਹੈਂ। ਏਹੁ=ਇਸ

ਸਰੀਰ ਦਾ ਆਸਰਾ ਮਹਿੰਜਾ=ਮੇਰੀ ਤੂੰਹੀਂ ਹੈਂ॥ ੧॥ ਰਹਾਉ॥

## ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥

ਇਸ ਲੋਕ ਦਾ ਸੱਜਣ ਮੇਰਾ ਤੂੰ ਹੈਂ, ਪ੍ਰਲੋਕ ਦਾ ਸੈਣੁ=ਸਾਥੀ ਭੀ ਮੇਰਾ ਤੂੰ ਹੈਂ, ਆਪ ਜੀ ਦੇ ਉਪਰ ਮੈਂ ਬਹੁਤ ਹੀ ਮਾਣ ਕਰਦੀ ਹਾਂ ਕਿ ਆਪ ਮੇਰੇ ਹੋ।

## ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥ ੨॥

ਜਾਂ ਤੂੰ ਅੰਦਰ ਪ੍ਰਾਪਤ ਹੋਇਆ ਤਾਂ ਹੀ ਸੁਖ ਹੋਇਆ, ਮੈਂ ਨਿਮਾਣੀ ਦਾ ਤੂੰਹੀ ਮਾਣ ਰੂਪ ਹੈਂ॥ ੨॥

## ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥

ਹੇ ਕਿਰਪਾ ਦੇ ਨਿਧਾਨ=ਖ਼ਜ਼ਾਨੇ ਪ੍ਰਭੂ ! ਜੇ ਤੂੰ ਮੇਰੇ ਉਤੇ ਪ੍ਰਸੰਨ ਹੋਇਆ ਹੈਂ, ਤਾਂ ਮੈਨੂੰ ਹੋਰ ਕੋਈ ਦੂਜਾ ਨਾ ਵੇਖਾਲੀਂ।

## ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥ ੩॥

ਮੈਨੂੰ ਏਹੋ ਦਾਤੜੀ=ਦਾਤ ਪਾਈਂ ਜੋ ਨਿਤਾਪ੍ਰਤੀ ਹਿਰਦੇ ਵਿਚ ਆਪ ਜੀ ਨੂੰ ਸੰਭਾਲੀ ਰੱਖਾ ॥ ੩॥

## ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ॥

ਮੈਂ ਪਾਵ=ਪੈਰਾਂ ਨਾਲ ਤਉ=ਤੇਰੇ ਪੰਧ=ਰਾਹ ਉਤੇ ਜੁਲਾਈ=ਚੱਲਾਂ, ਅੱਖਾਂ ਮੇਰੀਆਂ ਨੂੰ ਤੂੰ ਆਪਣਾ ਦਰਸ਼ਨ ਵਿਖਾਉਣਾ ਕਰ।

## ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ॥ ੪॥

ਸ੍ਰਵਣੀ=ਕੰਨਾਂ ਨਾਲ ਮੈਂ ਆਪ ਜੀ ਦੀਆਂ ਕਹਾਣੀਆਂ ਸੁਣਾਂ, ਪਰ ਕਹਾਣੀਆਂ ਤਾਂ ਹੀ ਸੁਣ ਸਕਦਾ ਹਾਂ ਜੇਕਰ ਗੁਰੂ ਕਿਰਪਾਲੂ ਹੋ ਜਾਣ॥ ੪॥

## ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥

ਹੇ ਪਿਰੀਏ=ਪਤੀ ਪਰਮਾਤਮਾ ਕਿੰਨੇ ਲੱਖਾਂ ਕਰੋੜਾਂ ਰੁਪਏ,

ਵਾ:-ਪਦਾਰਥ ਤੇਰੇ ਰੋਮ ਦੇ ਬਰਾਬਰ ਨਹੀਂ ਪੁੱਜ ਸਕਦੇ।

*ਯਥਾ:-* "ਦੀਨੋ ਦੁਨੀਆ ਦਰਿ ਕਮੰਦਿ ਆਂ ਪਰੀ ਰੁਖ਼ ਸਾਰਿ ਮਾ।

ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ॥ ੧॥" *(ਭਾ: ਨੰਦ ਲਾਲ, ਗਜ਼ਲ ੨)*

## ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ॥ ੫॥

ਤੂੰ ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈਂ, ਮੈਂ ਤੇਰੇ ਗੁਣ ਕਹਿ ਨਹੀਂ ਸਕਾ=ਸਕਦੀ ॥ ੫॥

*ਯਥਾ:-* "ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ ਸਾਹੁ॥"

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥ ੨੨॥" *(ਮ:੫, ਪੰਨਾ ੧੪੨੬)*

## ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ॥

ਆਪ ਜੀ ਦੀਆਂ ਮਹਾਤਮਾਂ ਰੂਪ ਸਖੀਆਂ ਬਿਅੰਤ ਹਨ, ਪਰ ਮੰਞਹੁ=ਮੇਰੇ ਨਾਲੋਂ ਉਹ ਸਾਰੀਆਂ ਵਧ ਗੁਣਾਂ

ਵਾਲੀਆਂ ਹਨ।

**ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥ ੬ ॥**

ਇਕ ਮੈਂ ਭੋਰੀ=ਭੋਲੀ ਪਰ ਭੋਰੀ=ਰੰਚਕ ਮਾਤ੍ਰ ਕਿਰਪਾ-ਦ੍ਰਿਸ਼ਟੀ ਨਾਲ ਦੇਖੋ, ਜਿਸ ਕਰਕੇ ਗਿਆਨ ਰੂਪੀ ਭੋਰੀ=ਭੋਰ (ਦਿਨ) ਚੜ੍ਹ ਜਾਵੇ ਤੇ ਆਪਣਾ ਦਰਸ਼ਨ ਦਿਉ ਤਾਂਕਿ ਮੈਂ ਭੀ ਰੰਗੁ=ਆਨੰਦ ਮਾਣੀਆ=ਭੋਗਣਾ ਕਰਾਂ ॥ ੬ ॥

**ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥**

ਜੈ ਡਿਠੇ=ਜਿਸ ਦੇ ਦਰਸ਼ਨ ਕੀਤਿਆਂ ਮਨ ਨੂੰ ਧੀਰਜ ਹੁੰਦਾ ਹੈ, ਅਤੇ ਕਿਲਵਿਖ=ਪਾਪ ਦੂਰ ਵੰਞਨ੍ਹਿ=ਚਲੇ ਜਾਂਦੇ ਹਨ।

**ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥ ੭ ॥**

ਹੇ ਮਾਉ=ਭਾਈ ! ਉਹ ਪ੍ਰਭੂ ਮੈਨੂੰ ਕਿਵੇਂ ਭੁੱਲ ਸਕਦਾ ਹੈ, ਜੋ ਸਾਰੇ ਭਰਪੂਰ ਹੋ ਰਿਹਾ ਹੈ ॥ ੭ ॥

**ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥**

ਜਿਸ ਵੇਲੇ ਮੈਂ ਨਿਮਾਣੀ ਹੋ ਕੇ ਚਰਨਾਂ ਤੇ ਡਿਗ ਪਈ, ਤਾਂ ਸੁਤੇ-ਸਿਧ ਆਕੇ ਮਿਲ ਪਿਆ।

**ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥ ੮ ॥ ੧ ॥ ੪ ॥**

ਗੁਰੂ ਜੀ ਕਥਨ ਕਰਦੇ ਹਨ-ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਉਸ ਨੂੰ ਪਾਇਆ ਹੈ, ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ॥ ੮ ॥ ੧ ॥ ੪ ॥

**ਸੂਹੀ ਮਹਲਾ ੫ ॥ ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥**

ਸਤਾਈ ਸਿੰਮ੍ਰਿਤੀਆਂ, ਚਾਰ ਵੇਦ, ਅਠਾਰਾਂ ਪੁਰਾਣ ਅਤੇ ਹੋਰ ਸਭ ਧਾਰਮਕ ਪੋਥੀਆਂ=ਪੁਸਤਕਾਂ (ਗ੍ਰੰਥ) ਏਹੋ ਗੱਲ ਪੁਕਾਰਦੀਆਂ ਹਨ ਭਾਵ ਕਹਿੰਦੀਆਂ ਹਨ। ਕਿ-

**ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥**

(੧) ਵਾਹਿਗੁਰੂ-ਨਾਮ ਤੋਂ ਬਿਨਾਂ ਸਭ ਕੁਝ ਝੂਠਾ ਹੈ, ਤੇ ਹੋਰ ਗੱਲਾਂ ਕਰਨੀਆਂ ਭੀ ਤੁੱਛ ਹਨ।

(੨) ਨਾਮ ਤੋਂ ਬਿਨਾਂ ਸਾਰੀਆਂ ਗੱਲਾਂ ਝੂਠੀਆਂ ਤੇ ਹੋਛੀਆ=ਥੋਥੀਆਂ ਹਨ ॥ ੧ ॥

**ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥**

ਅਪਾਰ ਪ੍ਰਭੂ ਦਾ ਨਾਮ ਰੁਪ ਨਿਧਾਨੁ=ਖ਼ਜ਼ਾਨਾ ਭਗਤਾਂ ਦੇ ਮਨ ਵਿਚ ਵਸੈ=ਵੱਸ ਰਿਹਾ ਹੈ।

**ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ ॥**

ਸਾਧੂਆਂ ਦੇ ਸੰਗ ਕਰਕੇ ਜਨਮ ਮਰਨ ਦਾ ਦੁੱਖ ਅਤੇ ਮੋਹ ਦਾ ਦੁੱਖ ਨਸੈ=ਨਸ ਜਾਂਦਾ ਹੈ॥ ੧ ॥ ਰਹਾਉ ॥

**ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥**

ਮੋਹ ਵਾਲਿਆਂ ਨੇ, ਬਾਦਿ=ਝਗੜਾ ਕਰਨ ਵਾਲਿਆਂ ਨੇ ਅਤੇ ਹੰਕਾਰੀਆਂ ਨੇ ਸਰਪਰ=ਜ਼ਰੂਰ ਹੀ

ਰੁੰਨਿਆ=ਰੋਣਾ ਹੈ।

## ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥ ੨ ॥

ਨਾਮ ਤੋਂ ਵਿਛੜੇ ਹੋਏ ਪੁਰਸ਼ ਮੂਲਿ=ਕਦਾਚਿਤ ਸੁਖ ਨਹੀਂ ਪਾਉਂਦੇ ॥ ੨ ॥

## ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥

(੧) ਮੇਰੀ ਮਾਇਆ, ਮੇਰੀ ਭੂਮੀ, ਅਜੇਹੀ ਬਿਰਤੀ ਧਾਰ ਕੇ ਬੰਧਨਾਂ ਵਿਚ ਬੱਧਾ ਹੋਇਆ ਹੈ।

(੨) ਜਿਸ ਨੇ ਮੇਰੀ ਮੇਰੀ ਧਾਰੀ ਹੈ, ਉਸ ਨੂੰ ਜਮਾਂ ਨੇ ਆਪਣੇ ਬੰਧਨਾਂ ਵਿਚ ਬੰਨ੍ਹ ਲਿਆ ਹੈ।

## ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ ੩ ॥

ਇਹ ਜੀਵ ਮਾਇਆਵੀ ਧੰਦਿਆਂ ਕਰਕੇ ਕਦੇ ਨਰਕਾਂ ਵਿਚ, ਕਦੇ ਸੁਰਗਾਂ ਵਿਚ ਅਵਤਾਰ= ਉਤਰਦਾ ਹੈ।

## ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥

ਵੇਦਾ ਨੂੰ ਸੋਧ ਕੇ, ਸ਼ਾਸਤ੍ਰਾਂ ਨੂੰ ਸੋਧ ਕੇ, ਪੁਰਾਣਾਂ ਨੂੰ ਸੋਧ ਕੇ ਇਹ ਤਤੁ=ਸਿਧਾਂਤ ਵਿਚਾਰਿਆ ਹੈ। ਕਿ-

## ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥ ੪ ॥

ਨਾਮ-ਸਿਮਰਨ ਤੋਂ ਬਿਨਾਂ ਕਿਸੇ ਨੂੰ ਭੀ ਸੁਖ ਦੀ ਪ੍ਰਾਪਤੀ ਨਹੀਂ ਹੈ, ਜੋ ਨਾਮ ਤੋਂ ਬਿਨਾ ਹੈ ਉਹ ਸਰਪਰ=ਜ਼ਰੂਰ ਮਨੁੱਖ ਜਨਮ ਨੂੰ ਹਾਰ ਜਾਂਦਾ ਹੈ। ॥ ੪ ॥

[ਪੰਨਾ ੭੬੨]

## ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥

ਉਹ ਮਰ ਕੇ ਅਨੇਕਾਂ ਵਾਰੀ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ।

## ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ ੫ ॥

(੧) ਬੂਝੇ=ਗਿਆਨ ਤੋਂ ਬਿਨਾਂ ਸਾਰੇ ਕਰਮ ਵਾਦਿ=ਵਿਅਰਥ ਹਨ ਤੇ ਕਰਮਾਂ ਦੇ ਕਰਨ ਵਾਲੇ ਪੁਰਸ਼ ਜੂਨੀਆਂ ਵਿਚ ਭਰਮਤੇ=ਭੌਂਦੇ ਹਨ।

(੨) ਗੁਰਾਂ ਪਾਸੋਂ ਸ਼ੁਭ ਸਿਖਿਆ ਤੇ ਨਾਮ-ਉਪਦੇਸ਼ ਬੁੱਝੇ ਤੋਂ ਬਿਨਾਂ ਸਾਰੇ ਪੁਰਸ਼ ਵਾਦਿ=ਝਗੜਿਆਂ ਵਿਚ ਫਸ ਕੇ ਅੰਤ ਨੂੰ ਜੂਨੀਆਂ ਵਿਚ ਫਿਰਦੇ ਹਨ॥ ੫ ॥

## ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥

ਜਿਨ੍ਹਾਂ ਉੱਪਰ ਪਰਮਾਤਮਾ ਦਿਆਲੂ ਹੋਇਆ ਹੈ।

ਉਹਨਾਂ ਨੂੰ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ। ਅਤੇ-

## ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ ॥ ੬ ॥

ਤਿਨੀ=ਉਹਨਾਂ ਜਨੀ=ਗੁਰਮੁਖ ਜਨਾਂ ਨੇ ਹਰੀ ਦਾ ਨਾਮ-ਅੰਮ੍ਰਿਤ ਜਪ ਲਿਆ ਹੈ॥ ੬ ॥

**ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥**

**ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥੭॥**

ਅਨੰਤ ਰੂਪ ਦੇ ਤਾਈਂ ਬਹੁਤ ਹੀ ਪੁਰਸ਼ ਅਸੰਖਾਂ ਨਾਲ ਮਿਲ ਕੇ ਕਰੋੜਾਂ ਜਤਨ ਕਰਕੇ ਖੋਜਦੇ ਹਨ। ਪਰ ਜਿਸ ਨੂੰ ਆਪ ਸਮਝਾਉਂਦਾ ਹੈ ਉਸ ਦੇ ਉਹ ਪ੍ਰਭੂ ਨਜ਼ਦੀਕ ਹੁੰਦਾ ਹੈ॥ ੭॥

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**

ਹੇ ਦਾਤਾਰ ਪ੍ਰਭੂ ! ਤੂੰ ਮੈਨੂੰ ਭੁੱਲ ਨਾ, ਆਪਣਾ ਨਾਮ-ਦਾਨ ਦੇਣਾ ਕਰੋ।

**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨॥੫॥੧੬॥**

ਮੈਂ ਨਾਨਕ ਨੂੰ ਏਹੋ ਚਾਉ ਹੈ, ਕਿ ਦਿਨ ਰਾਤ ਮੈਂ ਤੇਰੇ ਹੀ ਗੁਣ ਗਾਉਂਦਾ ਰਹਾਂ॥ ੮॥ ੨॥ ੫॥ ੧੬॥

## ਰਾਗੁ ਸੂਹੀ ਮਹਲਾ ੧ ਕੁਚਜੀ

## ੧ੴ ਸਤਿਗੁਰ ਪ੍ਰਸਾਦਿ ॥

ਗੁਰੂ ਸਾਹਿਬ ਜੀ 'ਉੱਤਮ, ਮਧਿਮ ਤੇ ਕਨਿਸ਼ਟ' ਤਿੰਨਾਂ ਸਖੀਆਂ ਦੀ ਬਿਵਸਥਾ ਸ੍ਰਵਣ ਕਰਾਉਂਦੇ ਹਨ ਕਨਿਸ਼ਟ ਦਾ ਨਾਂ ਕੁਚੱਜੀ ਹੈ, ਮਧਿਮ ਦਾ ਨਾਂ ਸੁਚੱਜੀ, ਉਤਮ ਦਾ ਨਾਂ ਗੁਣਵੰਤੀ ਹੈ।

ਪਹਿਲੇ ਕਨਿਸ਼ਟ ਭਾਵ ਕੁਚੱਜੀ ਦੀ ਬਿਵਸਥਾ ਸੁਣਾਉਂਦੇ ਹਨ।

**ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥**

ਮੰਞੁ=ਮੈਂ ਕੁਚਜੀ=ਖੋਟਿਆਂ ਕਰਤੱਬਾਂ ਦੇ ਕਰਨ ਵਾਲੀ ਹਾਂ, ਮੇਰੇ ਵਿਚ ਇਤਨੇ ਦੋਸ਼ ਹਨ ਜੋ ਅੰਮਾਵਣਿ=ਮਿਉਂਦੇ ਨਹੀਂ ਹਨ, ਫਿਰ ਮੈਂ ਸਹੁ=ਪਤੀ ਦੇ ਅਨੰਦ ਨੂੰ ਰਾਵਣਿ=ਮਾਣਨ ਵਾਸਤੇ ਕਿਵੇਂ ਜਾਵਾਂ?

**ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥**

(ਮਹਾਤਮਾਂ ਰੂਪ) ਸਖੀਆਂ ਪਤੀ ਦੇ ਚਰਨਾਂ ਵਿਚ ਇਕ ਦੂਜੀ ਤੋਂ ਇਕ ਚੜ੍ਹਦੀਆਂ ਕਲਾਂ ਵਿਚ ਹਨ, ਓਥੇ ਮੇਰੇ ਨਾਮ ਨੂੰ ਭਲਾ ਕੌਣ ਜਾਣਦਾ ਹੈ?

**ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥**

ਜਿਨ੍ਹਾਂ (ਮਹਾਤਮਾਂ ਰੂਪ) ਸਖੀਆਂ ਨੇ ਪਤੀ ਦੇ ਨਾਮ ਨੂੰ ਵਾ:-ਆਨੰਦ ਨੂੰ ਰਾਵਿਆ ਹੈ, ਉਹ (ਮਹਾਤਮਾ ਰੂਪ) ਸਖੀਆ ਅੰਬ ਦੀ ਛਾਂ ਵਾਂਗ ਸੀਤਲ ਸੁਭਾਅ ਵਾਲੀਆਂ ਹਨ।

**ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥**

ਉਹ ਸ਼ੁਭ-ਗੁਣ ਮੰਞ=ਮੇਰੇ ਵਿਚ ਆਉਂਦੇ ਨਹੀਂ ਹਨ, ਮੈਂ ਆਪਣੇ ਜੀ ਦਾ ਦੋਸ਼ ਕਿਸ ਜੀਵ ਉਤੇ ਧਰੇਉ=ਧਾਰਨਾ ਕਰਾਂ।

**ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥**

ਤੇਰੇ ਕਿਹੜੇ ਕਿਹੜੇ ਗੁਣਾਂ ਨੂੰ ਵਿਥਰਾ=ਵਿਸਤੀਰਨ ਕਰਾਂ, ਅਤੇ ਹਉ=ਮੈਂ ਤੇਰਾ ਕਿਹੜਾ ਕਿਹੜਾ ਨਾਮ

ਘਿਨਾ=ਲੈਣਾ ਕਰਾਂ।

## ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥

ਮੈਂ ਆਪ ਜੀ ਦੇ ਇਕ ਹੀ ਟੋਲਿ=ਪਰ-ਉਪਕਾਰ ਨੂੰ ਨਹੀਂ ਪਹੁੰਚ ਸਕਦੀ।

*ਅਥਵਾ*:-ਆਪ ਜੀ ਨੇ ਮੈਨੂੰ ਬਿਅੰਤ ਪਦਾਰਥ ਦਿੱਤੇ ਹੋਏ ਹਨ ਪਰ ਮੈਂ ਇਕ ਪਦਾਰਥ ਨੂੰ ਭੀ ਨਹੀਂ ਪਹੁੰਚ ਸਕਦੀ, ਮੈਂ ਤੇਰੇ ਉਤੋਂ ਸਦਾ ਕੁਰਬਾਨ ਜਾਂਦੀ ਹਾਂ।

*ਯਥਾ*:- "ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥"

*(ਸੁਖਮਨੀ, ਪੰਨਾ ੨੬੯)*

*ਤਥਾ*:- "ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥"

*(ਧਨਾਸਰੀ ਮ: ੧, ਪੰਨਾ ੬੬੧)*

*"ਜਿਨਿ ਦੀਆ ਤੁਧੁ ਪਵਨੁ ਅਮੋਲਾ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥*
*ਜਿਨਿ ਦੀਆ ਤੁਧੁ ਪਾਵਕੁ ਬਲਨਾ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ॥ ੩॥*
*ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ॥ ਅੰਤਰਿ ਥਾਨ ਠਹਰਾਵਨ ਕਉ ਕੀਏ॥*
*ਬਸੁਧਾ ਦੀਓ ਬਰਤਨਿ ਬਲਨਾ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ॥ ੪॥"*

*(ਰਾਮਕਲੀ ਮ: ੫, ਪੰਨਾ ੯੧੩)*

## ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥

ਸੁਇਨਾ=ਸੋਨਾ (ਸੋਨੇ ਦੇ ਗਹਿਣੇ, ਸੋਨੇ ਦੀਆਂ ਮੋਹਰਾਂ) ਰੁਪਾ=ਚਾਂਦੀ, ਤੇ ਚਾਂਦੀ ਦੇ ਭਾਂਡੇ, ਮੋਤੀ ਅਤੇ ਮਾਣਿਕ ਆਦਿਕ ਜੋ ਪਦਾਰਥ ਰੰਗੁਲਾ=ਅਨੰਦ ਦੇਣ ਵਾਲੇ ਹਨ।

## ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥

ਉਹ ਸਭ ਵਸਤੂ=ਚੀਜ਼ਾਂ ਸਹਿ=ਪਤੀ-ਪਰਮਾਤਮਾ ਨੇ ਮੈਨੂੰ ਦਿੱਤੀਆਂ ਹਨ ਅਤੇ ਮੈਂ ਉਹਨਾਂ ਚੀਜ਼ਾਂ ਸਿਉ=ਨਾਲ ਹੀ ਚਿਤ ਲਗਾਇਆ ਹੈ।

## ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥

ਮਿੱਟੀ ਤੇ ਪੱਥਰਾਂ ਸੰਦੜੇ=ਦੇ ਨਾਲ ਜੋ ਮੰਦਰ ਰਾਸਿ=ਬਣਾ ਕੇ ਤਿਆਰ ਕੀਤੇ ਹੋਏ ਹਨ।

## ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥

ਹਉ=ਮੈਂ ਇਹਨਾਂ ਟੋਲੀ=ਪਦਾਰਥਾਂ ਵਿਚ ਭੁੱਲ ਗਈ ਹਾਂ ਅਤੇ ਉਸ ਪਤੀ-ਪਰਮਾਤਮਾ ਦੇ ਪਾਸ (ਕੋਲ) ਕਦੇ ਭੀ ਬੈਠੀ ਨਹੀਂ ਹਾਂ।

## ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥

ਅੰਬਰਿ=ਅਕਾਸ਼ ਵਿਚ ਕੂੰਜਾਂ ਕੁਰਲੀਆ=ਬੋਲ ਚੁੱਕੀਆਂ ਹਨ ਅਤੇ ਬਗ=ਬਗਲੇ ਆ ਬੈਠੇ ਹਨ। ਏਸੇ ਤਰ੍ਹਾਂ ਅੰਬਰਿ=ਸਿਰ ਤੋਂ ਕੂੰਜਾ=ਕਾਲੇ ਕੇਸ ਕੁਰਲੀਆ=ਕੁਰਲ ਗਏ ਭਾਵ ਚਲੇ ਗਏ ਹਨ ਤੇ ਬਗ=ਚਿੱਟੇ ਕੇਸ

ਆ ਬਹਿਠੇ=ਬੈਠੇ ਹਨ।

(੨) ਹਿਰਦੇ-ਅਕਾਸ਼ ਵਿਚ ਕੂੰਜਾ=ਵਾਸ਼ਨਾ ਕੁਰਲੀਆ=ਬੋਲਦੀਆਂ ਹਨ ਅਤੇ ਬਗ=ਬਗਲੇ ਕਾਮ ਆਦਿਕ ਭੀ ਆ ਕੇ ਬਹਿਠੇ=ਬੈਠ ਗਏ ਹਨ।

**ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥**

ਜਿਸ ਵੇਲੇ (ਜੀਵ ਰੂਪ) ਸਾਧਨ=ਇਸਤ੍ਰੀ (ਪ੍ਰਲੋਕ ਰੂਪ) ਸਾਹੁਰੇ ਘਰ ਵਿਚ ਚਲੀ=ਜਾਵੇਗੀ ਤਾਂ ਅੱਗੇ ਜਾ ਕੇ ਕੀ ਮੂੰਹ ਦੇਸੀ=ਦੇਵੇਗੀ ?

**ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥**

ਪ੍ਰਤੱਖ ਨੀਂਦ ਵਿਚ ਸੁੱਤੀ-ਸੁੱਤੀ ਨੂੰ ਝਾਲੁ=ਚਿੱਟਾ ਦਿਨ ਥੀਆ=ਹੋ ਗਿਆ ਹੈ।

*ਅਥਵਾ:*-ਮੋਹ ਤੇ ਅਗਿਆਨ ਦੀ ਨੀਂਦ ਵਿਚ ਸੁੱਤੀ-ਸੁੱਤੀ ਨੂੰ ਕਾਲ ਰੂਪੀ ਝਾਲੁ=ਦਿਨ ਚੜ੍ਹ ਗਿਆ ਹੈ ਤੇ ਪਰਮੇਸ਼ਰ ਦੀ ਭਗਤੀ ਰੂਪ ਵਾਟ=ਰਸਤੇ ਪਰ ਤੁਰਨਾ ਭੁੱਲ ਗਿਆ ਹੈ।

*ਵਾ:*-ਪਦਾਰਥਾਂ ਦੀ ਆਸਾ ਕਰਕੇ ਭਗਤੀ ਰੂਪੀ ਵਾਟੁ=ਰਸਤਾ ਭੁੱਲ ਗਈ ਹੈ।

**ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥**

ਤਿਸ ਪਤੀ-ਪਰਮਾਤਮਾ ਨਾਲੋਂ ਮੁਤੀਅਸੁ=ਛੁੱਟੜ ਹੋ ਗਈ ਹਾਂ ਅਤੇ ਦੁੱਖਾਂ ਨੂੰ ਧਰੀਆਸੁ=ਧਾਰਨ ਕਰਦੀ ਹਾਂ ਭਾਵ ਦੁੱਖ ਭੋਗ ਰਹੀ ਹਾਂ।

**ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਸੁਆਮੀ ਜੀ ! ਤੇਰੇ ਵਿਚ ਗੁਣ ਹਨ, ਮੇਰੇ ਵਿਚ ਸਾਰੇ ਔਗੁਣ ਹਨ, ਪਰ ਮੇਰੀ ਇਕ ਅਰਦਾਸਿ=ਬੇਨਤੀ ਹੈ।

**ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥ ੧ ॥**

ਸਾਰੀਆਂ ਸੁਹਾਗਣਾਂ ਆਪ ਜੀ ਵਿਚ ਰਤੀਆਂ ਹਨ, ਮੈਂ ਦੁਹਾਗਣ ਨੂੰ ਭੀ ਕਿਸੀ ਪ੍ਰਕਾਰ ਆਪਣੇ ਵਿਚ ਰਾਤਿ=ਤਦਾਕਾਰ ਕਰ ਲਵੋ।

*ਅਥਵਾ:*-ਸੁਹਾਗਣ ਇਸਤ੍ਰੀ ਦੀਆਂ (ਬਾਲਕ, ਜੋਬਨ, ਬ੍ਰਿਧ ਆਦਿਕ) ਸਭ ਰਾਤਾਂ ਸਫਲ ਹਨ, ਮੈਂ ਦੁਹਾਗਣ ਦੀ ਭੀ ਕੋਈ ਅਵੱਸਥਾ ਰੂਪੀ ਰਾਤ ਸਫਲ ਕਰ ਦਿਉ ॥ ੧ ॥

**ਸੂਹੀ ਮਹਲਾ ੧ ਸੁਚਜੀ ॥ ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥**

ਸੁਚਜੀ=ਸਰੇਸ਼ਟ ਕਰਤੱਬਾਂ ਦੇ ਕਰਨ ਵਾਲੀ ਮਧਿਮ (ਜਗਿਆਸੂ ਰੂਪ) ਇਸਤ੍ਰੀ ਆਖਦੀ ਹੈ:-

ਹੇ ਸਾਹਿਬ ! ਜਾਂ ਤੂੰ ਪ੍ਰਾਪਤ ਹੋਵੇਂ ਤਾਂ ਸਾਰੇ ਪਦਾਰਥ ਮੈਨੂੰ ਪ੍ਰਾਪਤ ਹੁੰਦੇ ਹਨ।

*ਅਥਵਾ:*-ਜਾਂ ਤੂੰ ਮੇਰਾ ਰਾਖਾ ਹੈਂ ਤਾਂ ਸਭ ਕੋਈ ਮੇਰਾ ਹਿਤਕਾਰੀ ਹੈ।

*ਅਥਵਾ:*-ਜਾਂ ਤੂੰ ਮੇਰਾ ਹੈਂ ਤਾਂ ਸਭ ਕੋਈ ਮੈਨੂੰ ਆਪਣਾ ਜਾਣਦਾ ਹੈ, ਤੂੰ ਹੀ ਮੇਰਾ ਸਾਹਿਬ ਹੈਂ, ਤੂੰ ਹੀ ਮੇਰੀ ਪੂੰਜੀ ਹੈਂ,

*ਵਾ:*-ਤੂੰਹੀ ਮੈਨੂੰ ਸ਼ਰਧਾ ਅਤੇ ਸ਼ੁਭ ਗੁਣਾਂ ਰੂਪੀ ਪੂੰਜੀ ਦੇ ਦੇਣ ਵਾਲਾ ਹੈਂ।

## ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥

ਹਿਰਦੇ ਅੰਦਰ ਆਪ ਜੀ ਦੇ ਸਖਿਆਤ ਹੋਣ ਕਰਕੇ ਮੈਂ ਸੁਖੀ ਵਸਦਾ ਹਾਂ, ਤੂੰ ਹੀ ਸੰਸਾਰ ਦੇ ਅੰਦਰ ਸਾਬਾਸਿ=ਧੰਨਤਾ-ਯੋਗ ਦੇ ਦੇਣ ਵਾਲਾ ਹੈਂ।

## ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥

ਆਪ ਜੀ ਦੇ ਭਾਣੇ ਵਿਚ ਹੀ ਰਾਜ ਤਖ਼ਤ ਦੀਆਂ ਵਡਿਆਈਆਂ ਮਿਲਦੀਆਂ ਹਨ ਤੇ ਆਪ ਜੀ ਦੇ ਭਾਣੇ ਵਿਚ ਹੀ ਉਦਾਸਿ=ਸਾਧੂ ਹੋ ਕੇ ਭਿਖਿਆ ਮੰਗਦਾ ਹੈ।

*ਅਥਵਾ:*-ਭਾਣੇ ਵਿਚ ਹੀ ਸਰੂਪ ਤਖ਼ਤ ਦੀਆਂ ਵਡਿਆਈਆਂ ਮਿਲਦੀਆਂ ਹਨ ਅਤੇ ਭਾਣੇ ਵਿਚ ਹੀ ਉਦਾਸੀਨ ਹੋ ਕੇ ਜੂਨੀਆਂ ਰੂਪ ਭਿਖਿਆ ਵਿਚ ਫਿਰਦਾ ਹੈ।

ਭਾਵ-ਹੇ ਵਾਹਿਗੁਰੂ ! ਇਹ ਮਨੁੱਖ ਆਪ ਜੀ ਦੇ ਹੁਕਮ ਵਿਚ ਨਾਮ-ਅਭਿਆਸ ਕਰਕੇ ਤੇਰੇ ਸਰੂਪ ਵਿਚ ਲੀਨ ਹੋ ਜਾਂਦਾ ਹੈ। ਜਨਮ ਮਰਨ ਦੇ ਗੇੜ ਤੋਂ ਬੱਚ ਜਾਂਦਾ ਹੈ। ਤੇਰੇ ਭਾਣੇ (ਹੁਕਮ) ਵਿਚ ਹੀ ਮਨੁੱਖ ਨਾਮ ਤੋਂ ਬੇ-ਮੁਖ ਹੋ ਕੇ ਚੁਰਾਸੀ ਦੇ ਚੱਕਰ ਵਿਚ ਪੈ ਜਾਂਦਾ ਤੇ ਖ਼ੂਹ ਦੀਆਂ ਟਿੰਡਾਂ ਵਾਂਗ ਆਉਂਦਾ ਤੇ ਜਾਂਦਾ ਹੈ, ਇਹ ਸਭ ਕੁਝ ਤੇਰੇ ਹੁਕਮ ਵਿਚ ਹੀ ਹੁੰਦਾ ਹੈ।

## ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥

ਆਪ ਜੀ ਦੇ ਹੁਕਮ ਵਿਚ ਹੀ ਥਲ=ਸੁੱਕੀ ਧਰਤੀ ਸਿਰਿ=ਉੱਤੇ ਸਰੁ ਵਹੈ=ਨਦੀਆਂ ਚਲ ਪੈਂਦੀਆਂ ਹਨ ਅਤੇ ਅਕਾਸ਼ ਵਿਚ ਕੌਲ-ਫੁੱਲ ਫੁਲੈ=ਖਿੜ ਜਾਂਦੇ ਹਨ।

*ਯਥਾ:*- ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥" *(ਭੈਰਉ ਮ: ੫, ਪੰਨਾ ੧੧੪੧)*

ਵਸ਼ਿਸ਼ਟ ਪੁਰਾਣ ਵਿਚ ਲਿਖਿਆ ਹੈ-'ਜਿੱਥੇ ਅਕਾਸ਼ ਵਿਚ ਕੁਟੀਆ ਬਣਾ ਕੇ ਵਸ਼ਿਸ਼ਟ ਜੀ ਬੈਠੇ ਹੋਏ ਹਨ ਉਹਨਾਂ ਦੀ ਕੁਟੀਆ ਦੇ ਆਲੇ-ਦੁਆਲੇ ਕੌਲ-ਫੁੱਲ ਖਿੜੇ ਹੋਏ ਹਨ।'

**ਅਥਵਾ:**-ਥਲਾਂ ਦੀ ਨਿਆਈਂ ਖ਼ੁਸ਼ਕ ਅੰਤਹਕਰਨ ਵਿਚ ਪ੍ਰੇਮ ਰੂਪ ਨਦੀਆਂ ਦੇ ਪ੍ਰਵਾਹ ਚਲ ਪੈਂਦੇ ਹਨ। ਅਤੇ ਹਿਰਦੇ ਰੂਪ ਅਕਾਸ਼ ਵਿਚ ਸ਼ੁਭ-ਗੁਣਾਂ ਰੂਪੀ ਕੌਲ-ਫੁਲੈ =ਖਿੜ ਜਾਂਦੇ ਹਨ।

## ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥

ਆਪ ਜੀ ਦੇ ਭਾਣੇ ਵਿਚ ਹੀ ਸੰਸਾਰ-ਸਮੁੰਦਰ ਤੋਂ ਲੰਘ ਜਾਂਦਾ ਹੈ ਅਤੇ ਆਪ ਜੀ ਦੇ ਭਾਣੇ ਵਿਚ ਹੀ ਪਾਪਾਂ ਨਾਲ ਭਰ ਕੇ ਸੰਸਾਰ-ਸਮੁੰਦਰ ਦੇ ਮੰਝਿ=ਵਿਚ ਡੁੱਬ ਜਾਂਦਾ ਹੈ।

## ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥

ਭਾਣੈ=ਹੁਕਮ ਦੇ ਵਿਚ ਹੀ ਉਹ ਰੰਗੁਲਾ=ਅਨੰਦ ਵਾਲਾ ਜੋ ਪਤੀ-ਪਰਮੇਸ਼ਰ ਹੈ,
ਉਸ ਗੁਣਤਾਸਿ=ਗੁਣਾਂ ਦੇ ਖ਼ਜ਼ਾਨੇ ਦੀ ਸਿਫ਼ਤੋ ਸ਼ਲਾਘਾ ਵਿਚ ਰਤਾ=ਤਦਾਕਾਰ ਹੁੰਦਾ ਹੈ।

## ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥

ਹੁਕਮ ਦੇ ਵਿਚ ਹੀ ਭੀਹਾਵਲਾ=ਭਿਆਨਕ ਡਰ ਦੇ ਦੇਣ ਵਾਲਾ ਸਹੁ=ਪਤੀ (ਜਮ) ਲੈਣ ਵਾਸਤੇ ਆਉਂਦਾ ਹੈ, ਏਸੇ ਕਰਕੇ ਮੈਂ ਆਉਣ ਜਾਣ ਵਿਚ ਮੁਈਆਸਿ=ਮਰ ਰਹੀ ਹਾਂ।

**ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥**

ਹੇ ਪਤੀ (ਪਰਮਾਤਮਾ!) ਤੂੰ ਅਗਮ ਤੇ ਅਤੋਲ ਹੈਂ,

ਮੈਂ ਤੇਰੇ ਗੁਣਾਂ ਨੂੰ ਕਹਿ ਕਹਿ ਕੇ ਤੇਰੇ ਦਰ 'ਤੇ ਢਹਿ=ਡਿੱਗ ਪਈ ਹਾਂ।

**ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥**

ਮੈਨੂੰ ਕੇਵਲ ਇਕ ਆਪ ਜੀ ਦੇ ਦਰਸ਼ਨ ਦੀ ਭੁੱਖ ਤੇ ਤ੍ਰੇਹ ਹੈ,

ਇਸ ਤੋਂ ਇਲਾਵਾ ਮੰਗਾਂ ਕੀ ? ਕਹਾਂ ਕੀ ਤੇ ਸੁਣਾਂ ਕੀ ?

**ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਏਹੋ ਸੱਚੀ ਬੇਨਤੀ ਹੈ, ਕਿ-

ਹਰ ਇਕ ਨੇ ਗੁਰਾਂ ਦੇ ਉਪਦੇਸ਼ ਕਰਕੇ ਹੀ ਸਹੁ=ਪਤੀ (ਪਰਮਾਤਮਾ) ਨੂੰ ਪਾਇਆ ਹੈ॥ ੨ ॥

[ਪੰਨਾ ੭੬੩]

## ਸੂਹੀ ਮਹਲਾ ੫ ਗੁਣਵੰਤੀ ॥

ਸ਼ੁਭ-ਗੁਣਾਂ ਵਾਲੀ ਉੱਤਮ ਸਖੀ ਕਥਨ ਕਰਦੀ ਹੈ-

**ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥**

(ਗੁਰੂ ਸਾਹਿਬ ਜੀ ਦੀ ਸਿਖਿਆ ਦੇ ਲੈਣ ਵਾਲਾ) ਜੋ ਗੁਰਸਿੱਖ ਨਿਗ੍ਹਾ ਆਉਂਦਾ ਹੈ, ਮੈਂ ਉਸ ਦੇ ਨਿਉਂ-ਨਿਉਂ ਕੇ ਚਰਨੀਂ ਲੱਗਦੀ ਹਾਂ।

**ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥**

ਉਸ ਅੱਗੇ ਮੈਂ ਆਪਣੇ ਜੀਅ=ਦਿਲ ਦੀ ਸਾਰੀ ਬਿਰਥਾ=ਹਾਲਤ ਆਖਦੀ ਹਾਂ, ਕਿ ਸੱਜਣ ਜੋ ਗੁਰੂ ਹਨ, ਉਹਨਾਂ ਨਾਲ ਮੈਨੂੰ ਮਿਲਾ ਦੇ।

**ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥**

**ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥**

ਮੈਨੂੰ ਉਹ ਉਪਦੇਸ਼ ਦੱਸੋ, ਜਿਸ ਉਪਦੇਸ਼ ਨੂੰ ਸੁਣ ਕੇ, ਮੇਰਾ ਮਨ ਅਨਤ=ਹੋਰ ਕਿਸੀ ਤਰਫ ਨਾ ਜਾਵੇ।

ਇਹ ਮਨ ਮੈਂ ਤੈਨੂੰ ਦੇ ਦੇਵਾਂਗਾ, ਤੂੰ ਕਿਰਪਾ ਕਰਕੇ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਰਾਹ ਬਤਾਇੰ=ਦੱਸ ਦੇ।

**ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥**

**ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥**

ਮੈਂ ਦੂਰੋਂ ਚੱਲ ਕੇ (ਭਾਵ ਜੂਨੀਆਂ ਨੂੰ ਭੋਗਦਾ ਹੋਇਆ) ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਮੈਂ ਇਕ ਆਪ ਜੀ ਦੀ ਹੀ ਸ਼ਰਨ ਤੱਕੀ ਹੈ। ਮੈਂ ਆਪਣੇ ਚਿੱਤ ਵਿਚ ਏਹੋ ਆਸਾ ਰੱਖੀ ਹੈ ਕਿ ਆਪ ਹੀ ਮੇਰਾ

ਉਧਾਰ ਕਰੋਗੇ, ਇਸ ਕਰਕੇ ਮੇਰਾ ਸਾਰਾ ਦੁੱਖ ਗਵਾਇ=ਦੂਰ ਕਰੋ।

ਇਹ ਗੱਲ ਸੁਣ ਅੱਗੋਂ ਗੁਰਸਿੱਖ ਨੇ ਕਿਹਾ:-

**ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥**
**ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥**

ਹੇ ਭਾਈ ! ਇਸ ਰਾਹੇ ਤੁਰ ਚਲੇਂ, ਪ੍ਰਸ਼ਨ-"ਕਿਹੜੇ ਰਾਹ ?" ਉੱਤਰ-ਜੋ ਗੁਰੂ ਕਹਿਣ ਉਸੇ ਕਾਰ ਨੂੰ ਕਮਾਉਣਾ ਕਰ ਅਤੇ ਮਨ ਦੀ ਮਤਿ ਨੂੰ ਤਿਆਗ ਦੇਵੇਂ, ਪੁਨਾ ਦੂਜਾ ਭਾਉ=ਦ੍ਵੈਤ ਭਾ ਨੂੰ ਭੀ ਵਿਸਾਰ ਦੇਵੇਂ।

**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥**
**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

ਇਸ ਤਰ੍ਹਾਂ ਨਾਲ ਤੂੰ ਹਰੀ ਦੇ ਦਰਸ਼ਨ ਨੂੰ ਪਾਵੇਂਗਾ ਤੇ ਤੈਨੂੰ ਪ੍ਰਤੱਖ ਤੱਤੀ ਵਾਉ=ਹਵਾ।

ਵਾ:-ਦੁੱਖ ਰੂਪੀ ਤੱਤੀ ਹਵਾ, ਵਾ:-ਪਰ-ਇਸਤ੍ਰੀ ਰੂਪੀ, ਵਾ:-ਮਾਇਆ ਰੂਪੀ ਤੱਤੀ ਹਵਾ ਨਹੀਂ ਲੱਗੇਗੀ। ਵਾ:-ਨਰਕ ਰੂਪੀ ਤੱਤੀ ਹਵਾ ਨਹੀਂ ਲੱਗੇਗੀ। ਮੈਂ ਆਪਣੇ ਆਪ ਬੋਲਣਾ ਕੁਝ ਨਹੀਂ ਜਾਣਦਾ, ਮੈਂ ਇਹ ਜੋ ਕੁਛ ਕਿਹਾ ਹੈ, ਸਭ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਕਿਹਾ ਹੈ।

**ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥**
**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥**

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਨੇ ਕਿਰਪਾ ਵਾ:-ਉਪਦੇਸ਼ ਰੂਪ ਪਸਾਉ=ਦਾਨ ਦੇਣਾ ਕੀਤਾ ਤਾਂ ਹਰੀ ਦੀ ਭਗਤੀ ਰੂਪੀ ਖ਼ਜ਼ਾਨਾ ਬਖਸ਼ਿਆ। ਫਿਰ ਮੈਨੂੰ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਕੋਈ ਨਾ ਰਹੀ, ਮੈਂ ਇਸ ਲੋਕ ਦੇ ਪਦਾਰਥਾਂ ਤੋਂ ਵੀ ਰੱਜ ਗਿਆ, ਪ੍ਰਲੋਕ ਦੇ ਪਦਾਰਥਾਂ ਤੋਂ ਵੀ ਤ੍ਰਿਪਤ, ਸੁਰਗ ਲੋਕ ਦੇ ਪਦਾਰਥਾਂ ਤੋਂ ਵੀ ਅਘਾਇ=ਰੱਜ ਗਿਆ।

**ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ੩ ॥**

ਜੋ ਗੁਰੂ ਦਾ ਸਿੱਖ ਦਿੱਸਦਾ ਹੈ, ਮੈਂ ਝੁਕ-ਝੁਕ ਕੇ ਉਸ ਦੇ ਚਰਨੀਂ ਲੱਗਦੀ ਹਾਂ॥ ੩ ॥

## ਰਾਗੁ ਸੂਹੀ ਛੰਤ ਮਹਲਾ ੧ ਘਰੁ ੧

## ੴ ਸਤਿਗੁਰ ਪ੍ਰਸਾਦਿ ॥

**ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥**

ਹੇ ਭਾਈ ! ਇਹ ਜੀਵ ਰੂਪ ਇਸਤ੍ਰੀ ਮਾਤ-ਲੋਕ ਰੂਪੀ ਪੇਈਅੜੈ ਘਰਿ ਪਾਹੁਣੀ=ਪੇਕੇ ਘਰ ਵਿਚ ਪ੍ਰਾਹੁਣੀ ਵਾਂਗ ਹੈ, ਪਰ ਜੋਬਨ ਅਵਸਥਾ ਜਿਹੜੀ ਆ ਕੇ ਭਰੀ ਹੈ ਏਹੀ ਇਕ ਮੈ=ਸ਼ਰਾਬ ਹੈ, ਇਸ ਵਿਚ ਇਹ ਮਤ=ਮਸਤ ਹੋ ਰਹੀ ਹੈ।

ਪ੍ਰਸ਼ਨ:-ਇਹ ਤਰੇ ਕਿਵੇਂ ?

ਉੱਤਰ:-ਇਸ ਤਰ੍ਹਾਂ ਬੇਨਤੀ ਕਰੇ-ਹੇ ਰਾਮ ! ਮੈਂ ਤੇਰੇ ਤੋਂ (ਬਲਿ) ਬਲਿਹਾਰ ਜਾਂਦਾ ਹਾਂ।

**ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥**

ਚਿਤ ਵਿਚ ਔਗੁਣਾਂ ਦੇ ਧਾਰਨ ਕਰ ਕੇ ਜੀਵ ਰੂਪ ਇਸਤਰੀ ਮੈਲੀ ਹੋ ਰਹੀ ਹੈ, ਗੁਰਾਂ ਤੋਂ ਬਿਨਾਂ ਰਾਮ ਜੋ ਬਲਿਹਾਰ ਜਾਣੇ ਜੋਗ ਹੈ ਉਸ ਦੀ ਪ੍ਰਾਪਤੀ ਦੇ ਗੁਣ ਹਿਰਦੇ ਵਿਚ ਸਮਾਉਂਦੇ ਨਹੀਂ ਹਨ।

**ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥**

ਇਸ ਜੀਵ ਰੂਪ ਇਸਤਰੀ ਨੇ ਸ਼ੁਭ-ਗੁਣਾਂ ਦੀ ਸੰਭਾਲ ਕਰਨੀ ਨਾ ਜਾਣੀ, ਭਰਮ ਦੇ ਵਿਚ ਭੁੱਲੀ ਹੋਈ ਨੇ ਪ੍ਰਤੱਖ ਜੋਬਨ, ਵਾ:-ਸ਼ੌਕ ਅਵੱਸਥਾ ਰੂਪੀ ਜੋਬਨ ਨੂੰ ਬਾਦਿ=ਵਿਅਰਥ ਗੁਆ ਲਿਆ ਹੈ।

**ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥**

ਪਰਮੇਸ਼ਰ-ਪਤੀ ਹੈ ਤਾਂ ਸਰੀਰ-ਘਰ ਦੇ ਦਰੁ=ਅੰਦਰ, ਪਰ ਉਸ ਦਾ ਦਰਸ਼ਨ ਕਰਨਾ ਨਹੀਂ ਜਾਣਿਆ, ਕਿਉਂਕਿ ਪਰਮੇਸ਼ਰ-ਪਤੀ ਦਾ ਇਸ ਨੂੰ ਸਹਜੁ ਨ ਭਾਇਆ=ਗਿਆਨ ਜੋ ਚੰਗਾ ਨਾ ਲੱਗਾ।

**ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥**

ਪੂਰਨ ਸਤਿਗੁਰਾਂ ਤੋਂ ਪੁੱਛ ਕੇ ਪਤੀ-ਪਰਮੇਸ਼ਰ ਦੇ ਪ੍ਰਾਪਤੀ ਰੂਪ ਸ੍ਰੇਸ਼ਟ ਰਸਤੇ ਵਿਚ ਨਾ ਚੱਲੀ, ਅਤੇ (ਅਵਿਦਿਆ ਦੀ) ਨੀਂਦ ਵਿਚ ਸੁਤਿਆਂ ਹੀ (ਅਵਸਥਾ ਰੂਪੀ) ਰੈਣੀ=ਰਾਤ੍ਰੀ ਵਿਹਾਣੀ=ਬੀਤ ਗਈ।

**ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵ ਰੂਪ ਇਸਤਰੀ ਬਾਲਤਣਿ=ਬਾਲਕ ਅਵਸਥਾ ਤੋਂ ਹੀ ਰਾਡੇਪ=ਰੰਡੀ (ਭਾਵ ਅਨੀਸੁਰਵਾਦੀ) ਹੋ ਗਈ, ਇਸ ਤਰ੍ਹਾਂ ਆਖਦੀ ਹੈ ਕਿ ਪਰਮੇਸ਼ਰ ਕੋਈ ਨਹੀਂ ਹੈ ਪਰਮੇਸ਼ਰ-ਪਤੀ ਦੀ ਪ੍ਰਾਪਤੀ ਤੋਂ ਬਿਨਾਂ ਇਹ ਜੀਵ ਰੂਪ ਇਸਤਰੀ ਕੁਮਲਾ ਗਈ॥ ੧॥

ਇਸ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਬੇਨਤੀਆਂ ਕਰੇ-

**ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥**

ਹੇ ਬਾਬਾ=ਗੁਰੋ ! ਮੈਨੂੰ ਹਰੀ ਰੂਪ ਪਤੀ ਦੀ ਪ੍ਰਾਪਤੀ ਕਰ ਦਿਓ, ਕਿਉਂਕਿ ਮੈਨੂੰ ਹਰੀ ਰੂਪ ਪਤੀ ਭਾਉਂਦਾ ਹੈ, ਰਾਮ ਜੋ ਬਲਿਹਾਰ ਜਾਣੇ ਜੋਗ ਹੈ, ਉਸ ਦੀ ਇੱਛਾ ਲਗ ਰਹੀ ਹੈ।

**ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥**

ਜੋ ਹਰੀ ਚਾਰੇ ਜੁਗਾਂ ਵਿਚ ਰਵ ਰਿਹਾ ਹੈ, ਅਤੇ ਤਿੰਨੇ ਭਵਨ ਜਿਸ ਦੀ ਬਾਣੀ=ਬਨਾਵਟ ਹਨ, ਤਿਸ ਰਾਮ ਦੇ ਉਪਰੋਂ ਮੈਂ ਬਲਿਹਾਰ ਜਾਂਦੀ ਹਾਂ।

**ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥**

ਤਿੰਨਾਂ ਭਵਨਾਂ ਵਿਚ ਸੁਹਾਗਣ ਇਸਤ੍ਰੀਆਂ ਹੀ ਆਪਣੇ ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਂਵਦੀਆਂ ਹਨ, ਅਤੇ ਔਗੁਣਾਂ ਵਾਲੀਆਂ ਇਸਤ੍ਰੀਆਂ ਉਸ ਤੋਂ ਦੂਰ ਰਹਿੰਦੀਆਂ ਹਨ।

**ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥**

ਸੁਹਾਗਣ ਇਸਤ੍ਰੀ ਜਿਹੋ ਜੇਹੀ ਆਸਾ ਕਰਦੀ ਹੈ, ਉਹ ਸੁਆਮੀ ਪਰਮੇਸ਼ਰ ਤੈਸੀ ਹੀ ਮਨਸਾ=ਵਾਸ਼ਨਾ

ਪੂਰੀ ਕਰਦਾ ਹੈ। ਉਹ ਸੁਆਮੀ ਕੈਸਾ ਹੈ? ਕਿ ਭਰਪੂਰ ਹੋ ਕੇ ਸਾਰੇ ਪੂਰਨ ਹੋ ਰਿਹਾ ਹੈ।

ਵਾ:-ਜੇਹੋ ਜੇਹੀ ਆਸਾ ਕਰਦੀ ਹੈ, ਤੈਸੀ ਮਨਸਾ (ਪੂਰਿ) ਪੂਰੀ ਕਰਦਾ ਹੈ, (ਰਹਿਆ ਭਰਪੂਰੇ) ਜੋ ਸਾਰੇ ਭਰਪੂਰ ਹੋ ਰਿਹਾ ਹੈ।

*ਅਥਵਾ:*-ਜੀਵ ਰੂਪ ਇਸਤ੍ਰੀ ਜੇਹੋ ਜੇਹੀ ਆਸਾ ਕਰਦੀ ਹੈ, ਤੈਸੇ ਹੀ ਇਸ ਦੀ ਮਨਸਾ=ਦਸ਼ਾ ਹੁੰਦੀ ਹੈ।

## ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ॥

ਜੋ ਹਰੀ ਦੀ ਇਸਤ੍ਰੀ ਹੈ ਉਹ ਸਭ ਤਰ੍ਹਾਂ ਕਰ ਕੇ ਸੁਹਾਗਣਿ ਰਹਿੰਦੀ ਹੈ, ਨਾ ਉਹ ਰਾਂਡ=ਰੰਡੀ (ਅਨੀਸੁਰਵਾਦੀ) ਹੁੰਦੀ ਹੈ, ਨਾ ਹੀ ਉਸ ਦੇ ਮੈਲੇ ਵੇਸ ਹੁੰਦੇ ਹਨ, ਭਾਵ ਉਸ ਉੱਤੇ ਕਾਮ ਆਦਿਕ ਵੈਰੀ ਜ਼ੋਰ ਨਹੀਂ ਪਾਉਂਦੇ।

## ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੁਗਾਂ ਜੁਗਾਂ ਵਿਚ ਜਿਵੇਂ ਪ੍ਰੀਤਮ=ਪਿਆਰੇ ਸੰਤਾਂ ਨੂੰ ਉਹ ਪਰਮੇਸ਼ਰ ਭਾਉਂਦਾ ਹੈ, ਤਿਵੇਂ ਮੈਨੂੰ ਭੀ ਸੱਚਾ ਵਰੁ-ਪਤੀ-ਵਾਹਿਗੁਰੂ ਭਾਉਂਦਾ ਹੈ॥ ੨ ॥

## ਬਾਬਾ ਲਗਨੁ ਗਣਾਇ ਹੰਭੀ ਵੰਞਾ ਸਾਹੁਰੈ ਬਲਿ ਰਾਮ ਜੀਉ॥

(ਜਗਿਆਸੀ ਗੁਰਾਂ ਨੂੰ ਕਹਿੰਦਾ ਹੈ)- ਹੇ ਬਾਬਾ=ਗੁਰੋ ! ਜਿਹੜੀ ਲਿਵ ਲਗਾਉਣੀ ਹੈ ਏਹੋ ਇਕ ਲਗਨ ਗਿਣਾਵੋ*, ਤਾਂ ਸਾਹੁਰੇ=ਪ੍ਰਲੋਕ ਅਰਥਾਤ ਲੋਕਾਂ ਤੋਂ ਪਰੇ ਜੋ ਰਾਮ ਹੈ, ਬਲਿਹਾਰ ਜਾਣੇ ਜੋਗ ਤਿਸ ਵਿਚ ਹੰਭੀ=ਮੈਂ ਭੀ ਵੰਞਾ=ਜਾਣਾ ਕਰੋ।

## ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ॥

ਰਜਾਈ=ਪਰਮਾਤਮਾ ਦਾ ਜੋ ਹੁਕਮ ਮੰਨਣਾ ਹੈ ਏਹੋ ਸਾਹਾ ਸੁਧਾਉਣਾ ਕਰੋ, **ਜੋ ਹੁਕਮ ਪ੍ਰਭੂ ਕਰਦਾ ਹੈ, ਉਹ ਐਵੇਂ ਨਹੀਂ ਟਲਦਾ, ਇਸ ਤੇ ਮੈਂ ਰਾਮ ਤੋਂ ਬਲਿਹਾਰ ਜਾਂਦੀ ਹਾਂ।

## ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ॥

ਜੀਵਾਂ ਦੇ ਮੱਥੇ ਪਰ ਜੋ ਕਰਤੇ ਵਾਹਿਗੁਰੂ ਨੇ ਕਿਰਤੁ=ਕਰਮ (ਲੇਖ) ਲਿਖਿਆ ਹੈ, ਉਸ ਦੇ ਅਨੁਸਾਰ ਫਲ ਪਿਆ ਭੋਗੇ ਤੋਂ ਬਿਨਾਂ ਉਸ ਨੂੰ ਕੋਈ ਹਟਾ ਨਹੀਂ ਸਕਦਾ।

## ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ॥

ਨਰਹ=ਨਿਯੰਤਾ ਜੋ ਨਿਹਕੇਵਲੁ=ਸ਼ੁੱਧ ਪਰਮਾਤ੍ਮਾ ਹੈ ਉਸ ਦੇ ਨਾਮ ਜਪਣ ਵਾਲੇ ਜੋ ਮਹਾਤਮਾ ਹਨ ਏਹੀ ਜਾਞੀ ਹੈ, ਵਾ:-ਉਸ ਦੇ ਨਾਮ ਹੀ ਜਾਞੀ ਹਨ, ਉਹ ਹਰੀ ਕੈਸਾ ਹੈ? ਕਿ ਤਿੰਨਾਂ ਲੋਕਾਂ ਵਿਚ ਰਵਿ=ਪਰੀਪੂਰਨ ਹੋ ਰਿਹਾ ਹੈ। ਪ੍ਰਤੱਖ ਦ੍ਰਿਸ਼ਟਾਂਤ ਸੁਣੋ, ਜਿਸ ਵੇਲੇ-

## ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ॥

ਬਾਲੀ=ਲੜਕੀ ਦਾ ਬਾਲੈ ਹੇਤੇ=ਲੜਕੇ ਭਾਵ ਲਾੜੇ ਨਾਲ ਜਦ ਪ੍ਰੇਮ ਹੁੰਦਾ ਹੈ ਅਰਥਾਤ ਵਿਆਹ ਹੁੰਦਾ

---

*ਨੋਟ :-ਮੇਖ ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁਲਾ, ਆਦਿਕ ਰਾਸ਼ੀਆਂ ਕਾ ਜੋ ਉਦੇ ਹੋਣਾ ਹੈ ਏਸੇ ਨੂੰ ਲਗਨ ਕਹਿੰਦੇ ਹਨ।

**ਸਾਹਾ=(ਸੁ+ਆਹ) ਚੰਗਾ ਦਿਨ ਹਿੰਦੂ ਮੱਤ ਅਨੁਸਾਰ ਗ੍ਰਹਿ ਆਦਿਕਾਂ ਦੀ ਗਿਣਤੀ ਕਰਕੇ ਵਿਆਹ ਲਈ ਜੋ ਦਿਨ ਮੁਕੱਰਰ ਕੀਤਾ ਜਾਵੇ, ਉਸ ਨੂੰ ਸਾਹਾ ਕਹਿੰਦੇ ਹਨ। ਯਥਾ-"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ (ਸੋਹਿਲਾ, ਪੰਨਾ ੧੨)

ਹੈ ਤਾਂ ਮਾਤਾ ਨਿਰਾਸ ਹੋਈ ਵਿਛੜ ਕੇ ਰੋਂਦੀ ਹੈ। ਇਸੀ ਪ੍ਰਕਾਰ ਜਦ ਜਗਿਆਸੂ ਰੂਪ ਲੜਕੀ ਦਾ ਜਿਸ ਵੇਲੇ ਬਾਲੈ=(ਬਾਲਾਨ ਬਾਲ) ਪਰਮਾਤਮਾ ਨਾਲ ਪ੍ਰੇਮ ਹੁੰਦਾ ਹੈ, ਤਾਂ ਮਾਇਆ ਨਿਰਾਸ ਹੋਈ ਵਿਛੜ ਕੇ ਰੋਂਦੀ ਹੈ ਕਿ ਇਹ ਮੇਰੇ ਪਾਸੋਂ ਬਚ ਗਈ ਹੈ।

## ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਉਪਦੇਸ਼ ਦੁਆਰਾ ਗੁਰਾਂ ਦੇ ਚਰਨਾਂ ਦਾ ਧਿਆਨ ਕਰਕੇ ਪ੍ਰਭੂ ਨੂੰ ਚੇਤੇ ਕਰੇ ਤਾਂ ਮਹਲੀ=ਜਗਿਆਸੂ ਨੂੰ ਸਰੂਪ ਸੁਖ ਪ੍ਰਾਪਤ ਹੁੰਦਾ ਹੈ॥ ੩॥

ਜਿਵੇਂ ਸਿਆਣੇ ਮਾਤਾ ਪਿਤਾ ਲੜਕੀ ਦਾ ਵਿਆਹ ਦੂਰ ਕਰਦੇ ਹਨ, ਕਿਉਂਕਿ ਸਾਹੁਰੇ ਘਰੋਂ ਲੜ ਕੇ ਪੇਕੇ ਘਰ ਨਾ ਆ ਬੈਠੇ। ਏਸੇ ਤਰ੍ਹਾਂ-

[ਪੰਨਾ ੭੬੪]

## ਬਾਬੁਲਿ ਦਿਤੜੀ ਦੂਰਿ ਨ ਆਵੈ ਘਰਿ ਪੇਈਐ ਬਲਿ ਰਾਮ ਜੀਉ ॥

ਬਾਬੁਲਿ=ਜੋ ਗੁਰੂ ਸਾਹਿਬ ਜੀ ਹਨ, ਓਹਨਾਂ ਨੇ ਸਭ ਤੋਂ ਦੂਰ ਜੋ ਪਰਮਾਤਮਾ ਹੈ, ਉਸ ਦੇ ਨਾਲ ਜਗਿਆਸੂ ਰੂਪ ਲੜਕੀ ਵਿਆਹ ਦਿੱਤੀ ਜੋ ਕਿ ਫਿਰ ਮਾਤ-ਲੋਕ ਰੂਪੀ ਪੇਕੇ ਘਰ ਵਿਚ ਨਾ ਆਵੇ, ਮੈਂ ਰਾਮ ਤੋਂ ਬਲਿਹਾਰ ਜਾਂਦੀ ਹਾਂ।

*ਯਥਾ:-* "ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ੩॥ *(ਸੋਹਿਲਾ, ਪੰਨਾ ੧੨)*

## ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥

ਪਿਰਿ=ਪਰਮਾਤਮਾ ਨੂੰ ਆਪਣੇ ਹਦੂਰਿ=ਪਾਸ ਵੇਖ ਕੇ ਤੇ ਉਸ ਨੂੰ ਰਾਵਕੇ ਰਹਸੀ=ਅਨੰਦ ਹੁੰਦੀ ਹੈ, ਘਰਿ ਸੋਹੀਐ=ਘਰ ਦੇ ਸੁਹਾਵਣੇ ਕਰਨ ਵਾਲਾ ਜੋ ਰਾਮ-ਪਤੀ ਹੈ, ਉਸ ਰਾਮ ਤੋਂ ਮੈਂ ਬਲਿਹਾਰ ਜਾਂਦੀ ਹਾਂ।

## ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥

ਸੱਚੇ ਪਿਰੀ ਪਰਮਾਤਮਾ ਨੇ ਜੋ ਜਗਿਆਸੂ ਰੂਪੀ ਇਸਤ੍ਰੀ ਲੋੜੀ=ਚਾਹੀ, ਓਹੀ ਪ੍ਰੀਤਮ=ਗੁਰਾਂ ਨਾਲ ਜੋੜੀ, ਜੋ ਗੁਰਾਂ ਨਾਲ ਜੋੜੀ, ਓਸੇ ਦੀ ਮਤਿ=ਅਕਲ ਪੂਰਨ ਹੋਈ ਹੈ ਅਤੇ ਓਹੀ ਪਰਧਾਨੇ=ਮੁਖੀ ਹੋਈ ਹੈ।

## ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥

ਸੁਹੇਲਾ ਥਾਨਿ ਜੋ ਸਤਸੰਗ ਹੈ ਉਸ ਨਾਲ ਜਦ ਸ੍ਰੇਸ਼ਟ ਕਰਮਾਂ ਦੇ ਸੰਜੋਗਾਂ ਕਰਕੇ ਮਿਲਾਪ ਹੋਇਆ ਤਾਂ ਗੁਰਾਂ ਦੇ ਗਿਆਨਾਂ ਦੁਆਰਾ ਗੁਣਾਂ ਵਾਲੀ ਹੋਈ।

## ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥

ਸਤ ਸੰਤੋਖ ਦੇ ਸਹਿਤ ਬੁੱਧੀ ਰੂਪ ਪੱਲੇ ਵਿਚ ਸਦਾ ਸੱਚ-ਨਾਮ ਨੂੰ ਧਾਰੇ, ਕਿਉਂਕਿ ਸੱਚ ਨੂੰ ਬੋਲੇ ਤਾਂ ਹੀ ਪਤੀ ਨੂੰ ਭਾਉਂਦੀ ਹੈ।

## ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਜੀਵ ਰੂਪੀ ਇਸਤਰੀ ਗੁਰ-ਸਿਖਿਆ ਦੁਆਰੇ ਅੰਕਿ=ਸਰੂਪ ਵਿਚ ਸਮਾਈ

ਹੈ, ਉਹ ਪਤੀ ਤੋਂ ਵਿਛੁੜੇ ਫਿਰ ਦੁੱਖ ਨਹੀਂ ਪਾਉਂਦੀ ॥ ੪॥ ੧॥

## ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

## ੧ੴ ਸਤਿਗੁਰ ਪ੍ਰਸਾਦਿ॥

## ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥

ਅਸੀਂ ਸਜਣਾਂ ਦੇ ਘਰ ਵਿਚ ਆਏ, ਵਾ:-ਸਾਜਨ=ਮਹਾਤਮਾਂ ਸਾਡੇ ਘਰ ਵਿਚ ਆਏ, ਤਾਂ ਸੱਚੇ ਨਾਮ ਦੇ ਮੇਲ ਨਾਲ ਮਿਲਾਇਆ। ਜਾਂ ਸੱਚੇ ਨਾਮ ਦੇ ਮੇਲ ਵਿਚ ਮਿਲਾਇਆ ਤਾਂ ਸਾਡੇ ਘਰ ਵਿਚ ਸਾਜਨ=ਸ਼ੁਭ-ਗੁਣ ਆਏ। ਜੋ ਸ਼ੁਭ ਗੁਣ ਸਚੇ ਦੇ ਮੇਲ ਨਾਲ ਮਿਲਾਉਣ ਵਾਲੇ ਹਨ। ਤਾਂ ਸਾਡੇ ਘਰ ਵਿਚ ਸਾਜਨ=ਪਰਮਾਤਮਾ ਆਇਆ, ਜਿਸ ਸੱਚੇ ਪਰਮਾਤਮਾ ਨੇ ਪੰਜਾਂ ਤੱਤਾਂ ਦੇ ਮੇਲ ਵਿਚ ਜਗਤ ਨੂੰ ਮਿਲਾਇਆ ਹੈ, ਤਾਂ ਐਸੇ ਨਿਸਚੇ ਕੀਤਾ ਕਿ ਹਮ=ਤਮਾਮ ਦੇ ਘਰ ਵਿਚ ਸਜਣ ਪਰਮਾਤਮਾ ਆ ਰਿਹਾ ਹੈ।

ਅਥਵਾ:-ਸਾਡੇ ਘਰ ਵਿਚ ਸੱਜਣ ਮਹਾਤਮਾਂ ਆਏ, ਜੋ ਸਚੇ ਦੇ ਮੇਲ ਨਾਲ ਮਿਲਾਉਣ ਵਾਲੇ ਹਨ।

## ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥

ਹਰਿ ਮਨਿ ਭਾਏ=ਸ਼ਰੋਮਣ ਹਰੀ ਨੂੰ ਭਾਏ ਤੇ (ਪੰਚ ਮਿਲੇ) ਸ੍ਰੇਸ਼ਟ ਮਹਾਤਮਾਂ ਨਾਲ ਮਿਲੇ ਤਾਂ ਉਹਨਾਂ ਨੇ ਸਹਜਿ ਮਿਲਾਏ=ਗਿਆਨ ਨਾਲ ਮਿਲਾਇਆ, ਜਾਂ ਗਿਆਨ ਨਾਲ ਮਿਲਾਇਆ ਤਾਂ ਆਤਮ ਸੁਖ ਨੂੰ ਪਾਇਆ।

## ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥

ਜਿਸ ਵਸਤੂ ਦੇ ਨਾਲ ਮਨ ਨੂੰ ਲਗਾਇਆ, ਓਹੀ ਆਤਮ-ਵਸਤੂ ਪ੍ਰਾਪਤ ਹੋਈ।

## ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥

ਮੰਦਰ=ਅੰਦਰੋਂ ਸ਼ੋਭਨੀਕ ਘਰ ਜੋ ਸਤਿਸੰਗ ਹੈ ਜਦ ਉਸ ਨਾਲ ਰਾਤ ਦਿਨੇ ਮਿਲਾਪ ਹੋਇਆ ਤੇ ਗੁਰਾਂ ਦੇ ਮਨੁ ਮਾਨਿਆ=ਮੰਤ੍ਰ ਨੂੰ ਮੰਨਿਆ ਤਾਂ ਅੰਦਰੋਂ ਘਰ ਅੰਤਹਕਰਨ ਸ਼ੋਭਨੀਕ ਹੋਇਆ, ਜਾਂ ਅੰਤਹਕਰਨ ਸ਼ੋਭਨੀਕ ਹੋਇਆ ਤਾਂ ਅਵਿਦਿਆ ਰੂਪੀ ਅਨ=ਰਾਤ ਤੋਂ ਗਿਆਨ ਰੂਪੀ ਦਿਨ ਚੜ੍ਹ ਗਿਆ ਜਾਂ ਗਿਆਨ ਦਿਨ ਚੜ੍ਹਿਆ ਤਾਂ ਪਰਮੇਸ਼ਰ ਨਾਲ ਮੇਲ ਹੋ ਗਿਆ, ਜਾਂ ਮੇਲ ਹੋਇਆ ਤਾਂ ਉਸ ਉਤੇ ਮਨ ਮੰਨਿਆ ਗਿਆ ਤੇ ਸਭ ਘਰਾਂ ਦੇ ਅੰਦਰ ਉਸ ਸ਼ੋਭਨੀਕ ਪਰਮੇਸ਼ਰ ਨੂੰ ਨਿਸਚੇ ਕੀਤਾ।

**ਦੂਜਾ ਅਰਥ:**-ਰਾਤ ਦਿਨੇ ਸਤਿਸੰਗ ਨਾਲ ਮੇਲ ਹੋਇਆ ਤੇ ਗੁਰਾਂ ਦੇ ਮੰਤਰ ਨੂੰ ਮੰਨਿਆ ਤਾਂ ਪ੍ਰਤੱਖ ਕਰ ਕੱਚੇ ਤੇ ਮੰਦਰ ਪੱਕੇ ਸ਼ੋਭਨੀਕ ਹੋਏ।

## ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥ ੧॥

ਜਿਸ ਵੇਲੇ ਅਸੀਂ ਸਾਜਨ=ਮਹਾਤਮਾਂ ਦੇ ਘਰ ਵਿਚ ਆਏ ਤਾਂ ਪੰਚ=ਸ੍ਰੇਸ਼ਟ ਸਤਿਨਾਮੁ ਵਾਹਿਗੁਰੂ ਦੇ ਸਬਦ ਧੁਨਿ=ਉਚਾਰਨੇ ਰੂਪੀ ਅਨਹਦ=ਇਕ-ਰਸ ਵਾਜੇ ਵੱਜੇ। ਤਾਂ ਸਾਡੇ ਅੰਤਹਕਰਨ ਰੂਪੀ ਘਰ ਵਿਚ ਸਾਜਨ=ਸ਼ੁਭ ਗੁਣ ਆਏ, ਜਾਂ ਸ਼ੁਭ ਗੁਣ ਆਇ ਤਾਂ ('ਸ਼ੁਧੋ ਹੰ ਬੁੱਧੋ ਹੰ ਨਿਰਵਿਕਾਰੋ ਹੰ' ਰੂਪ) ਪੰਜ ਸ਼ਬਦਾਂ ਦੀ

ਧੁਨੀ ਇਕ-ਰਸ ਵਜ ਆਈ, ਜਾਂ ਸ਼ਬਦਾਂ ਦੀ ਧੁਨੀ ਵੱਜੀ ਤਾਂ ਸਾਡੇ ਘਰ ਵਿਚ ਸਾਜਨ=ਪਰਮਾਤਮਾ ਆ ਗਿਆ॥ ੧ ॥

## ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ॥

ਹੇ ਪਿਆਰੇ ਮਿੱਤਰੋ ! ਆਵੋ, ਵਾ:-ਹੇ ਪਿਆਰੇ ਦੇ ਮਿੱਤਰੋ ! ਆਵੋ, ਮਹਾਤਮਾ ਰੂਪ ਨਾਰੇ=ਨਾਰੀਆਂ ਨਾਲ ਮਿਲ ਕੇ ਪਰਮੇਸ਼ਰ ਦੇ ਮੰਗਲਾਂ ਨੂੰ ਗਾਵੋ, ਵਾ ਮੰਗਲਾਂ ਦਾ ਨਾਰੇ=ਨਾਲਾ ਪ੍ਰਵਾਹ ਜੋ ਪਰਮੇਸ਼ਰ ਹੈ, ਉਸ ਦੇ ਜਸ ਨੂੰ ਗਾਵੋ, ਜਦ ਗਾਵੋਗੇ ਤਾਂ ਨਾ+ਰੇ=ਰੇ ਸ਼ਬਦ ਨਹੀਂ ਹੋਵੇਗਾ।

*ਯਥਾ:-* " ਰੇ ਰੇ ਦਰਗਹ ਕਹੈ ਨ ਕੋਊ ॥" *(ਪੰਨਾ ੨੫੨)*

*ਅਥਵਾ:-*ਕੋਈ ਅੜੇਗਾ ਨਹੀਂ।

## ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ॥

ਸਚ ਸਰੂਪ ਪਰਮੇਸ਼ਰ ਦੇ ਮੰਗਲ ਨੂੰ ਗਾਵੋ, ਤਾਂ ਪ੍ਰਭੂ ਨੂੰ ਭਾ ਜਾਵੋਗੇ, ਤਾਂ ਹੀਂ ਚਾਰੇ ਜੁਗਾਂ ਵਿਚ ਸੋਹਿਲੜਾ=ਅਨੰਦ ਹੋਵੇਗਾ।

## ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ॥

ਸੁਹਾਇਆ ਥਾਨ-ਜੋ ਆਪਨਾ ਘਰ ਸਤਿਸੰਗ ਹੈ ਉਸ ਵਿਚ ਜਦ ਆਇਆ ਤਾਂ ਗੁਰ-ਉਪਦੇਸ਼ ਦੁਆਰਾ ਮੋਖਸ਼ ਰੂਪੀ ਕਾਰਜ=ਕੰਮ ਨੂੰ ਸਵਾਰਨਾ ਕੀਤਾ।

ਅਥਵਾ ਚੱਕ੍ਰਕਾ:-ਸੁਹਾਇਆ ਥਾਨ-ਜੋ ਆਪਨਾ ਘਰ ਸਤਿਸੰਗ ਹੈ ਉਸ ਵਿਚ ਜਦ ਆਇਆ ਤਾਂ ਗੁਰ-ਉਪਦੇਸ਼ ਦੇ ਗ੍ਰਹਿਣ ਕਰਨੇ ਰੂਪੀ ਕਾਰਜ ਨੂੰ ਸਵਾਰਨਾ ਕੀਤਾ। ਜਾਂ ਉਪਦੇਸ਼ ਰੂਪੀ ਕਾਰਜ ਨੂੰ ਸਵਾਰਿਆ ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਅੰਤਰ-ਮੁੱਖਤਾ ਹੈ, ਉਸ ਵਿਚ ਆਇਆ ਤਾਂ ਇਹ ਨਿਸਚੇ ਕੀਤਾ ਕਿ ਸਬਦਿ=ਬ੍ਰਹਮ ਨੇ ਹੀ ਸਾਰੇ ਕਾਰਜ ਸਵਾਰੇ ਹਨ ਜਾਂ ਇਹ ਨਿਸਚੇ ਕੀਤਾ ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਸਰੂਪ ਹੈ ਉਸ ਵਿਚ ਆਇਆ ਤਾਂ ਬ੍ਰਹਮ ਦੀ ਪ੍ਰਾਪਤੀ ਰੂਪ ਕਾਰਜ ਨੂੰ ਸਵਾਰਿਆ, ਅਰਥਾਤ ਆਪਣੇ ਸਰੂਪ ਨੂੰ ਬ੍ਰਹਮ ਰੂਪ ਹੀ ਨਿਸਚੇ ਕੀਤਾ। ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਸੰਸਾਰ ਹੈ ਉਸ ਵਿਚ ਪਰਮੇਸ਼ਰ ਨੂੰ ਆਇਆ ਨਿਸਚੇ ਕੀਤਾ ਅਤੇ ਸ਼ਬਦ ਦੁਆਰਾ ਹੋਰਨਾਂ ਦੇ ਕਾਰਜ=ਕੰਮਾਂ ਨੂੰ ਸਵਾਰਨਾ ਕੀਤਾ।

## ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥

ਮਹਾਂ ਰਸ=ਅਨੰਦਦਾਇਕ ਜੋ ਗਿਆਨ ਹੈ ਏਹੀ ਅੰਜਨੁ=ਸੁਰਮਾਂ ਗੁਰਾਂ ਨੇ ਬੁੱਧੀ ਰੂਪ ਅੱਖਾਂ ਵਿਚ ਪਾਇਆ, ਤਾਂ ਤਿੰਨਾਂ ਭਵਨਾ ਨੂੰ ਮਿਥਿਆ ਰੂਪ, ਵਾ:-ਬ੍ਰਹਮ ਰੂਪ ਦਿਖਾਇਆ।

## ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ॥ ੨ ॥

ਹੇ ਸਖੀ ! ਇਸ ਤਰ੍ਹਾਂ ਨਾਲ ਸਾਡੇ ਘਰ ਵਿਚ ਸਾਜਨੁ=ਪਰਮਾਤਮਾ ਆਇਆ ਹੈ, ਤੁਸੀਂ ਭੀ ਮਿਲ ਕੇ ਰਸਿ=ਪ੍ਰੇਮ ਪੂਰਬਕ ਮੰਗਲਾਂ ਨੂੰ ਗਾਵੋ॥ ੨ ॥

## ਮਨੁ ਤਨੁ ਅੰਮ੍ਰਿਤਿ ਭਿੰਨਾ॥ ਅੰਤਰਿ ਪ੍ਰੇਮੁ ਰਤੰਨਾ॥

ਅੰਨਵੇ:-ਜਿਸ ਵੇਲੇ ਹਿਰਦੇ ਅੰਦਰ ਪ੍ਰੇਮ ਤੇ ਰਤੰਨਾ=ਵੈਰਾਗ ਹੋਇਆ, ਤਾਂ ਮਨ ਤਨ ਨਾਮ ਅੰਮ੍ਰਿਤ ਵਿਚ

ਭਿੰਨਾ=ਭਿੱਜ ਗਿਆ।

## ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ॥

ਮੇਰੇ ਹਿਰਦੇ ਅੰਦਰ ਰਤਨੁ=ਵੈਰਾਗ ਪਦਾਰਥ ਦੇ ਹੋਣ ਕਰ ਕੇ ਪਰਮ ਤਤੁ=ਸਿਧਾਂਤ ਨੂੰ ਵੀਚਾਰਨਾ ਕੀਤਾ ਹੈ।

## ਜੰਤ ਭੇਖ ਤੂੰ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ॥

ਸਾਰੇ ਜੰਤ ਭੇਖੀ ਹਨ, ਇਕ ਤੂੰ ਹੀ ਸਹਿਤ ਫਲਾਂ ਦੇ ਦਾਤਾ ਹੈਂ, ਸਿਰਜ ਸਿਰਜ ਕੇ, ਵਾ ਸਿਰ ਬਸਿਰ ਜਿਥੇ ਕੋਈ ਹੈ ਓਥੇ ਹੀ ਰਿਜ਼ਕ ਦੇ ਦੇਣ ਵਾਲਾ ਹੈਂ।

## ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥

ਹੇ ਗਿਆਨੀ ! ਤੂੰ ਗਿਆਨੀਆਂ ਨਾਲ ਮਿਲ ਕੇ ਅੰਤਰਜਾਮੀ ਪਰਮਾਤਮਾ ਨੂੰ ਜਾਣ। ਜੇ ਅੰਤਰਜਾਮੀ ਨੂੰ ਜਾਣੇਗਾ ਤਾਂ ਤੂੰ ਗਿਆਨੀ ਹੋ ਜਾਏਂਗਾ, ਸਭ ਕਾਰਨ ਕਾਰਜਾਂ ਨੂੰ ਉਸ ਨੇ ਆਪ ਹੀ ਕੀਤਾ ਹੈ।

## ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ॥ ੩ ॥

ਹੇ ਸਖੀਓ ! ਸੁਨਣਾ ਕਰੋ, ਜਿਸ ਵੇਲੇ ਮਨੁ ਮੋਹਨਿ=ਪਰਮਾਤਮਾ ਨੇ ਮਹਾਤਮਾਂ ਰੂਪੀ ਮੋਹਨੀ=ਇਸਤ੍ਰੀਆਂ ਦੇ ਮਨ ਨੂੰ ਮੋਹਿਆ ਤਾਂ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਿਚ ਤਨ ਮਨ ਭਿੱਜ ਗਿਆ॥ ੩ ॥

## ਆਤਮ ਰਾਮੁ ਸੰਸਾਰਾ॥ ਸਾਚਾ ਖੇਲੁ ਤੁਮ੍ਾਰਾ॥

*ਅੰਨਵੇ:*-ਹੇ ਸੱਚੇ ਆਤਮਰਾਮ ਵਾਹਿਗੁਰੂ ਨੂੰ ਇਹ ਸਾਰਾ ਸੰਸਾਰ ਤੁਮਾਰਾ=ਤੁਹਾਡਾ ਆਪਣਾ ਹੀ ਖੇਲ ਹੈ।

*ਅਥਵਾ:*-ਹੇ ਆਤਮਰਾਮ ਪਰਮਾਤਮਾ ਇਹ ਤੁਹਾਡਾ ਸੰਸਾਰ ਖੇਲ ਸੱਚਾ ਹੈ।

## ਸਚੁ ਖੇਲੁ ਤੁਮ੍ਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ॥

ਹੇ ਅਗਮ ਅਪਾਰ ਪਰਮਾਤਮਾ ! ਇਹ ਤੁਹਾਡਾ ਖੇਲ ਸੱਚਾ ਹੈ, ਆਪ ਤੋਂ ਬਿਨਾਂ ਇਸ ਗੱਲ ਨੂੰ ਕੌਣ ਸਮਝਾ ਸਕਦਾ ਹੈ।

## ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ॥

ਸਿਧ ਵੀ ਕਿਤਨੇ ਹਨ, ਸਾਧਿਕ=ਸਾਧਨਾਂ ਦੇ ਕਰਨ ਵਾਲੇ ਜਗਿਆਸੂ ਅਤੇ ਸਿਆਣੇ ਭੀ ਕਿਤਨੇ ਹੀ ਹਨ, ਪਰ ਤੁਹਾਡੇ ਬਿਨਾਂ ਕੌਣ ਕੋਈ ਕਹਿ ਕਹਾ ਸਕਦਾ ਹੈ।

## ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ॥

ਜਿਨ੍ਹਾਂ ਪੁਰਸ਼ਾ ਦਾ ਮਨ ਗੁਰਾਂ ਨੇ ਟਿਕਾਣੇ ਰੱਖਿਆ ਹੈ ਭਾਵ ਇਕਾਗਰ ਕੀਤਾ ਹੈ, ਉਨ੍ਹਾਂ ਦੇ ਕਾਲੁ ਬਿਕਾਲੁ=ਮਰਨਾ ਜੰਮਣਾ ਦੋਵੇਂ ਦੇਵਾਨੇ=ਝੱਲੇ ਹੋ ਗਏ ਹਨ ਅਰਥਾਤ ਨਵਿਰਤ ਹੋ ਗਏ ਹਨ।

## ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ॥ ੪ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਔਗੁਣਾਂ ਨੂੰ ਸਾੜਿਆ ਹੈ, ਉਨ੍ਹਾਂ ਨੇ ਗੁਣਾਂ ਦੇ ਸੰਗਮਿ=ਸਬੰਧ ਕਰਕੇ ਪ੍ਰਭੂ ਨੂੰ ਪਾਉਣਾ ਕੀਤਾ ਹੈ॥ ੪॥ ੧॥ ੨॥

## ਰਾਗੁ ਸੂਹੀ ਮਹਲਾ ੧ ਘਰੁ ੩

## ੧ਓ ਸਤਿਗੁਰ ਪ੍ਰਸਾਦਿ ॥

**ਆਵਹੁ* ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥**

ਹੇ ਸਜਣ ਪਰਮਾਤਮਾ ! ਆਪ ਆਵੋ, ਮੈਂ ਤੇਰਾ ਦਰਸ਼ਨ ਦੇਖਣਾ ਕਰਾਂ। ਆਪਣੇ ਸਰੀਰ-ਘਰ ਵਿਚ ਮੈਂ ਖੜੀ ਹੋ ਕੇ ਅਰਥਾਤ ਸਮਾਹਤ ਚਿਤ ਹੋ ਕੇ ਤੇਰਾ ਰਾਹ ਤਕਾ=ਤੱਕ ਰਹੀ ਹਾਂ, ਹੇ ਰਾਮ ! ਮੇਰੇ ਮਨ ਵਿਚ ਤੇਰੇ ਦਰਸ਼ਨ ਦਾ ਘਣਾ ਉਤਸ਼ਾਹ ਲੱਗ ਰਿਹਾ ਹੈ। *ਪਾਠਾਂਤ੍ਰ-"ਆਵਹੋ' ਭੀ ਹੈ।

**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥**
**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥**

ਮੇਰੇ ਮਨ ਵਿਚ ਘਣਾ ਉਤਸ਼ਾਹ ਹੋ ਰਿਹਾ ਹੈ, ਹੇ ਮੇਰੇ ਪ੍ਰਭੂ ! ਆਪ ਸੁਨਣਾ ਕਰੋ, ਮੈਨੂੰ ਤਾਂ ਤੇਰਾ ਹੀ ਭਰੋਸਾ ਹੈ। ਆਪ ਜੀ ਦੇ ਦਰਸ਼ਨ ਨੂੰ ਦੇਖਕੇ ਮੈਂ ਨਿਹਕੇਵਲ=ਸ਼ੁੱਧ ਹੋਈ ਹਾਂ ਅਤੇ ਜਨਮ ਮਰਨ ਦਾ ਦੁੱਖ ਨਾਸ ਹੋ ਗਿਆ ਹੈ।

[ਪੰਨਾ ੭੬੪]

**ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥**
**ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥ ੧ ॥**

ਸਾਰੀਆਂ ਜੋਤੀਆਂ ਵਿਚ ਸੋ ਇਕ ਤੈਨੂੰ ਹੀ ਜਾਤਾ=ਜਾਣਿਆ ਹੇ? ਜਿਨ੍ਹਾਂ ਨੂੰ ਤੂੰ ਮਿਲਿਆ ਹੈਂ (ਭਾਇ) ਪ੍ਰੇਮ ਕਰਕੇ ਹੀ ਸੁਭਾਵਕ ਮਿਲਿਆ ਹੈਂ। ਗੁਰੂ ਜੀ ਕਥਨ ਕਰਦੇ ਹਨ-ਸਾਜਨ=ਪਰਮੇਸ਼ਰ ਤੋਂ ਬਲਿਹਾਰ ਜਾਈਏ, ਸਤਿਸੰਗ ਘਰ ਵਿਚ ਆਏ ਤਾਂ ਸਚ-ਨਾਮ ਨਾਲ ਮਿਲੇ।

*ਅਥਵਾ:*-ਅੰਤਰਮੁੱਖਤਾ ਰੂਪੀ ਘਰ ਵਿਚ ਆਏ ਤਾਂ ਜੋ ਸੱਚਾ ਸਾਰੇ ਮਿਲ ਰਿਹਾ ਹੈ, ਉਸ ਦੇ ਸਰੂਪ ਘਰ ਵਿਚ ਆਏ॥ ੧ ॥

**ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥**

ਜਿਸ ਵੇਲੇ ਅੰਤਹਕਰਨ ਰੂਪੀ ਘਰ ਵਿਚ ਸਾਜਨਾ=ਪਰਮਾਤਮਾ ਆਇਅੜੇ=ਆਏ ਭਾਵ ਸਖਿਆਤਕਾਰ ਹੋਏ ਤਾਂ ਜਗਿਆਸੂ ਰੂਪੀ ਧਨ=ਇਸਤ੍ਰੀ ਖਰੀ ਸਰਸੀ=ਅਧਿਕ ਆਨੰਦ ਵਾਲੀ ਹੋਈ।

*ਅਥਵਾ:*-ਚੱਕ੍ਰਕਾ-ਜਿਸ ਵੇਲੇ ਸੱਜਣ ਮਹਾਤਮਾਂ ਦੇ ਘਰ ਸਤਿਸੰਗ ਵਿਚ ਆਏ, ਵਾ:- ਸੱਜਣ ਮਹਾਤਮਾਂ ਮੇਰੇ ਘਰ ਵਿਚ ਚਲ ਕੇ ਆਏ, ਤਾਂ ਧਨ ਖਰੀ ਸਰਸੀ=ਚੰਗੀ ਸਹਿਤ ਪ੍ਰੇਮ ਦੇ ਹੋਈ, ਜਾਂ ਪ੍ਰੇਮ ਦੇ ਸਹਿਤ ਹੋਈ ਤਾਂ ਘਰ ਵਿਚ ਸੱਜਣ=ਸ਼ੁੱਭ-ਗੁਣ ਆਏ, ਜਾਂ ਸ਼ੁਭ-ਗੁਣ ਆਏ, ਤਾਂ ਧਨ ਖਰੀ ਸਰਸੀ=ਅਧਿਕ ਤਾਤਪਰਜ ਦੇ ਸਹਿਤ ਹੋਈ, ਤੇ ਸੱਜਣ ਪਰਮਾਤਮਾ ਘਰ ਵਿਚ ਆ ਕੇ ਪ੍ਰਾਪਤ ਹੋਏ, ਤਾਂ ਧਨ ਖਰੀ ਸਰਸੀ=ਅਧਿਕ ਆਨੰਦ ਦੇ ਸਹਿਤ ਹੋਈ।

## ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨੂੰ ਮੋਹਿਆ ਤਾਂ ਠਾਕੁਰ ਰਾਮ ਨੂੰ ਦੇਖ ਕੇ ਰਹੰਸੀ=ਆਨੰਦ ਹੋਈ।

## ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ॥

ਜਾਂ ਸ਼ੁਭ-ਗੁਣਾਂ ਦੇ ਨਾਲ ਰਹੰਸੀ=ਰਹੀ; ਤਾਂ ਖਰੀ ਸਰਸੀ=ਅਧਿਕ ਆਨੰਦ ਦੇ ਸਹਿਤ ਹੋਈ ਤਾਂ ਹੀ ਰੰਗਿ ਰਾਤੈ=ਪਰਮਾਤਮਾ ਦੇ ਅਨੰਦ ਨੂੰ ਰਾਵੀ=ਮਾਣਨਾ ਕੀਤਾ।

## ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥

ਔਗੁਣਾਂ ਦੇ ਮਾਰਨੇ ਕਰ ਕੇ ਗੁਣੀ=ਪਰਮਾਤਮਾ ਘਰ ਵਿਚ ਆ ਕੇ ਛਾਇਆ=ਇਸਥਿਤ ਹੋਇਆ, ਜੋ ਪੂਰਨ ਪੁਰਖ ਪਰਮਾਤਮਾ ਬਿਧਾਤੈ=ਫਲਬਰ ਦਾਤਾ ਹੈ।

## ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ॥

ਪੰਚਾਇਣਿ=ਪੰਚ ਆਇਣਿ=ਪੰਜ ਸਤ ਸੰਤੋਖ ਵਾ:-ਪੰਚ=ਸ੍ਰੇਸ਼ਟਤਾਈ ਵਾ:-ਪੰਚ=ਪਰਮਾਤਮਾ ਦਾ ਆਇਣਿ=ਘਰ ਜੋ ਸਤਿਸੰਗ ਹੈ, ਕਾਮ ਆਦਿਕ ਚੋਰਾਂ ਦੇ ਮਾਰਨ ਵਾਲਾ ਤੇ ਵੀਚਾਰ ਪੂਰਬਕ ਅਦਲੁ ਕਰੇ=ਨਿਆਂ ਦੇ ਕਰਨ ਵਾਲਾ, ਤਿਸ ਸਤਿਸੰਗ ਵਿਚ ਜਦ ਵਸੀ ਤਾਂ ਵਿਚਾਰ ਪੂਰਬਕ ਮੇਰੇ ਕਾਮ ਆਦਿਕ ਚੋਰ ਮਾਰ ਦਿੱਤੇ, ਤਾਂ ਫਿਰ ਪੰਚਾਇਣਿ ਵਸੀ=ਪੰਜ ਸਤ ਸੰਤੋਖ ਆਦਿਕਾਂ ਵਿਚ ਵਸੀ, ਜਾਂ ਸਤ ਸੰਤੋਖ ਆਦਿਕਾਂ ਵਿਚ ਵਸੀ ਤਾਂ ਵਿਚਾਰ ਕੇ ਅਦਲੁ ਕਰੇ=ਨਿਆਂ ਦੇ ਕਰਨ ਵਾਲਾ ਜੋ ਪੰਚਾਇਣਿ=ਪਰਮਾਤਮਾ ਹੈ, ਉਸ ਵਿਚ ਵਸੀ ਜਾਂ ਉਸ ਵਿਚ ਵਸੀ ਤਾਂ ਜਮਦੂਤਾਂ ਰੂਪੀ ਤਸਕਰ=ਚੋਰਾਂ ਨੂੰ ਮਾਰਿ=ਮਾਰ ਦਿੱਤਾ।

## ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਜਪਣ ਕਰ ਕੇ ਨਿਸਤਾਰਾ ਹੁੰਦਾ ਹੈ, ਇਸ ਲਈ ਹੇ ਪਿਆਰੇ ! ਤੂੰ ਗੁਰ-ਸਿਖਿਆ ਵਿਚ ਮਿਲਣਾ ਕਰ ॥ ੨॥

## ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ॥

ਜਦ ਤਿਸ ਬਾਲੜੀਏ=ਇਸਤ੍ਰੀ ਨੇ ਪਰਮੇਸ਼ਰ ਵਰੁ=ਪਤੀ ਨੂੰ ਪਾਇਆ, ਤਾਂ ਰਾਮ ਨੇ ਇਸ ਲੋਕ ਦੀ ਆਸਾ ਤੇ ਪ੍ਰਲੋਕ ਦੀ ਮਨਸਾ ਪੂਰੀ ਕਰ ਦਿੱਤੀ।

## ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ॥

ਜੋ ਗੁਰ ਉਪਦੇਸ਼ ਵਿਚ ਰਲੀ ਹੈ ਉਸ ਨੇ ਪਿਰੀ ਪਰਮਾਤਮਾ ਨੂੰ ਰਾਵਿਆ ਹੈ, ਅਤੇ ਐਸੇ ਨਿਸਚੇ ਕੀਤਾ ਹੈ ਕਿ ਉਹ ਪਰਮਾਤਮਾ ਸਾਰੇ ਰਵਿ=ਪਰੀਪੂਰਨ ਹੋ ਰਿਹਾ ਹੈ ਦੂਰ ਨਹੀਂ ਹੈ।

## ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ॥
## ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ॥

ਪ੍ਰਭੂ ਦੂਰ ਨਹੀਂ ਹੋ ਰਿਹਾ, ਘਟਾਂ ਘਟਾਂ ਵਿਚ ਸ਼ੋਭ ਰਿਹਾ ਹੈ, ਸਾਰੀਆਂ ਉਸੇ ਦੀਆਂ ਨਾਰੀਆਂ ਹਨ। ਆਪ ਹੀ ਰਸਾਂ ਦੇ ਉਤਪੰਨ ਕਰਨ ਵਾਲਾ ਹੈ, ਆਪ ਹੀ ਰਸਾਂ ਦੇ ਰਾਵੇ=ਭੋਗਣ ਵਾਲਾ, ਜਿਵੇਂ ਉਸ ਦੀ

ਵਡਿਆਈ=ਇੱਛਾ ਹੁੰਦੀ ਹੈ।

**ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ॥**
**ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ॥੩**

ਜੋ ਸੱਚਾ ਅਮਰ=ਮਰਨ ਤੋਂ ਰਹਿਤ, ਅਡੋਲੁ=ਡੋਲਣ ਤੋਂ ਰਹਿਤ, ਅਮੋਲੁ=ਅਮੋਲਕ ਹੈ ਅਤੇ ਅਪਾਰਾ=ਬਿਅੰਤ ਗੁਣਾਂ ਵਾਲਾ ਹੈ, ਉਹ ਪੂਰਿਆਂ ਗੁਰਾਂ ਦੁਆਰੇ ਪਾਈਦਾ ਹੈ। ਨਾਨਕ=ਗੁਰੂ ਜੀ ਕਥਨ ਕਰਦੇ ਹਨ-ਉਹ ਪਰਮੇਸ਼ਰ ਆਪ ਹੀ ਜੋਗੀ=ਮਹਾਤਮਾਂ ਦਾ ਸੰਜੋਗੀ ਹੈ, ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਉਸ ਵਿਚ ਲਿਵ ਨੂੰ ਲਗਾਉਂਦਾ ਹੈ॥ ੩॥

**ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ॥**
**ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ॥**

ਜੋ ਰਾਮ ਤਿੰਨਾਂ ਲੋਕਾਂ ਦੇ ਸਿਰ ਦਾ ਤਾਜ ਛੱਤਰ ਹੈ, ਉਸ ਪਿਰੀ ਦੀ ਭਗਤੀ, ਬੈਕੁੰਠ ਧਾਮ, ਸਤਸੰਗਤ, ਮਨੁੱਖਾ ਦੇਹ ਰੂਪੀ ਮਾੜਤੀਐ=ਮਾੜੀ (ਅਟਾਰੀ) ਸਭ ਤੋਂ ਉੱਚੀ ਹੈ। ਉਸ ਦੇ ਗੁਣਾਂ ਨੂੰ ਦੇਖ ਕੇ ਮੈਂ ਅਸਚਰਜ ਹੋਈ ਹਾਂ, ਉਹ ਰਾਮ ਸਬਦ=ਬ੍ਰਹਮ ਅਨਹਦ=ਇਕ-ਰਸ ਸਾਰੇ ਅ+ਗਾਜਾ=ਵਿਸ਼ੇਸ਼ ਕਰ ਕੇ ਪ੍ਰਗਟ ਹੋ ਰਿਹਾ ਹੈ।

**ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ॥**
**ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ॥**

ਗੁਰ-ਉਪਦੇਸ਼ ਦੇ ਵਿਚਾਰਨੇ ਰੂਪੀ ਕਰਨੀ ਸਾਰੀ=ਸ੍ਰੇਸ਼ਟ ਹੈ, ਏਸੇ ਕਰ ਕੇ ਰਾਮ ਨਾਮ ਰੂਪੀ ਨੀਸਾਣੋ=ਪਰਵਾਨਾ ਮਿਲਦਾ ਹੈ। ਨਾਮ ਤੋਂ ਬਿਨਾਂ ਖੋਟਿਆਂ ਨੂੰ ਠਾਹਰ=ਜਗ੍ਹਾ ਨਹੀਂ ਮਿਲਦੀ, ਨਾਮ ਰੂਪ ਰਤਨ ਕਰ ਕੇ ਹੀ ਪ੍ਰਮਾਣੀਕ ਹੋਈਦਾ ਹੈ।

**ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ॥**
**ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ॥੪॥੧॥੩॥**

ਜਿਨ੍ਹਾਂ ਦੇ ਪਾਸ ਪੂਰਾ ਨਾਮ ਵਾ:-ਉਪਦੇਸ਼ ਰੂਪ ਪਰਵਾਨਾ ਹੈ, ਉਹਨਾਂ ਦੀ ਪਤਿਸ਼ਟਾ ਅਤੇ ਮਤਿ=ਅਕਲ ਪੂਰੀ ਹੈ, ਨਾ ਉਹ ਆਉਂਦਾ ਹੈ, ਨਾ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਗੁਰਾਂ ਦੁਆਰੇ ਆਪਣੇ ਸਰੂਪ ਨੂੰ ਪਛਾਣਦਾ ਹੈ ਉਹ ਪ੍ਰਭੂ ਅਬਿਨਾਸ਼ੀ ਜੈਸੇ=ਵਰਗੇ ਹੋਏ ਹਨ।

*ਅਥਵਾ:*-ਉਹ ਪ੍ਰਭੂ ਵਾਂਗ ਅਵਿਨਾਸੀ=ਨਾਸ ਤੋਂ ਰਹਿਤ ਹੋਏ ਹਨ॥ ੪॥ ੧॥ ੩॥

**ੴ ਸਤਿਗੁਰ ਪ੍ਰਸਾਦਿ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪॥**
**ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥**

ਜਿਸ ਪਰਮੇਸ਼ਰ ਨੇ ਜਗਤ ਨੂੰ ਉਤਪੰਨ ਕੀਤਾ ਹੈ, ਉਸੇ (ਪ੍ਰਭੂ) ਨੇ ਦੇਖਿਆ=ਪਾਲਿਆ ਹੈ, ਅਤੇ ਜਗਤ ਨੂੰ ਧੰਦਿਆਂ ਵਿਚ ਲਗਾਇਆ ਹੈ।

## ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥

ਉਸ ਦੇ ਨਾਮ-ਦਾਨ ਕਰ ਕੇ ਘਰ ਵਿਚ ਚਾਨਣਾ=ਪ੍ਰੋਖ ਗਿਆਨ ਹੁੰਦਾ ਹੈ ਅਤੇ ਉਸ ਦੀ ਕਿਰਪਾ ਕਰ ਕੇ ਹੀ ਤਨ ਵਿਚ ਅਪ੍ਰੋਖ ਗਿਆਨ ਰੂਪੀ ਚੰਦਰਮਾ ਪ੍ਰਕਾਸ਼ਣੇ ਵਿਚ ਆਇਆ ਹੈ★।

ਅਥਵਾ:-ਉਸ ਦੇ ਨਾਮ-ਦਾਨ ਕਰ ਕੇ ਹੀ ਘਟ ਵਿਚ ਸਤੋ ਗੁਣ, ਵਾ:-ਵੈਰਾਗ ਰੂਪੀ ਚੰਦ੍ਰਮਾ ਦੀਪਾਇਆ=ਪ੍ਰਕਾਸ਼ਿਆ ਤਾਂ ਘਟ ਵਿਚ ਚਾਨਣਾ=ਅਪ੍ਰੋਖ ਗਿਆਨ ਹੋਇਆ।

## ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
## ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥

ਹਰੀ ਦੇ ਨਾਮ-ਦਾਨ ਕਰ ਕੇ ਜਦ ਸਤੋ ਗੁਣ, ਵੈਰਾਗ, ਅਪ੍ਰੋਖ ਗਿਆਨ ਰੂਪੀ ਚੰਦ੍ਰਮਾ ਪ੍ਰਕਾਸ਼ਿਆ ਤਾਂ ਦੁਖਦਾਈ ਅਗਿਆਨ ਰੂਪੀ ਹਨੇਰਾ ਉੱਠ ਗਿਆ। ਸ਼ੁਭ-ਗੁਣਾਂ ਰੂਪੀ ਜੰਞ ਲਾੜੇ=ਪਤੀ-ਪਰਮੇਸ਼ਰ ਦੇ ਨਾਲ ਸ਼ੋਭ ਰਹੀ ਹੈ, ਸ੍ਰੇਸ਼ਟ ਜਗਿਆਸੂ ਰੂਪ ਮੋਹਣੀਐ=ਇਸਤ੍ਰੀਆਂ ਨੇ ਪਰਖ ਨੇ ਉਸ ਪਤੀ-ਪਰਮੇਸ਼ਰ ਨੂੰ ਪਰਾਪਤ ਕੀਤਾ ਹੈ।

## ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
## ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ੧ ॥

ਇਸ ਤਰ੍ਹਾਂ ਸ਼ੋਭਾ ਦੇ ਨਾਲ ਵਿਆਹ ਹੋਇਆ, ਪੰਚ=ਸ੍ਰੇਸ਼ਟ ਸਤਿਗੁਰਾਂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਆ ਕੇ ਪ੍ਰਾਪਤ ਹੋਇਆ। ਜਿਸ ਪਰਮੇਸ਼ਰ ਨੇ ਜਗਤ ਨੂੰ ਉਤਪੰਨ ਕੀਤਾ ਹੈ, ਉਸ ਨੇ ਦੇਖਿਆ=ਪਾਲਿਆ ਅਤੇ ਸਾਰੇ ਜਗਤ ਨੂੰ ਧੰਦਿਆਂ ਵਿਚ ਲਗਾਇਆ ॥ ੧ ॥

---

*★ਕਿਉਂਕਿ ਪ੍ਰੋਖ-ਅਪ੍ਰੋਖ ਭੇਦ ਕਰਕੇ ਬ੍ਰਹਮ-ਗਿਆਨ ਦੋ ਪ੍ਰਕਾਰ ਦਾ ਹੈ, ਸੱਤ, ਚਿੱਤ, ਅਨੰਦ ਰੂਪ ਬ੍ਰਹਮ ਹੈ, ਇਸ ਤਰ੍ਹਾਂ ਜੋ ਜਾਨਣਾ, ਉਹ ਪ੍ਰੋਖ ਬ੍ਰਹਮ-ਗਿਆਨ ਹੈ। ਪ੍ਰਸ਼ਨ-'ਪ੍ਰੋਖ ਬ੍ਰਹਮ ਗਿਆਨ ਕਿਵੇਂ ਹੁੰਦਾ ਹੈ?' ਉੱਤਰ -ਸਤਿਗੁਰਾਂ ਦੇ ਅਤੇ ਸ਼ਾਸਤਰਾਂ ਦੇ ਬਚਨਾਂ ਵਿਚ ਵਿਸ਼ਵਾਸ ਰਖਣ ਨਾਲ ਪ੍ਰੋਖ ਬ੍ਰਹਮ ਗਿਆਨ ਹੁੰਦਾ ਹੈ। ਪ੍ਰਸ਼ਨ-ਪ੍ਰੋਖ ਬ੍ਰਹਮ ਗਿਆਨ ਕਰ ਕੇ ਕੀ ਫਲ ਪਰਾਪਤ ਹੁੰਦਾ ਹੈ?'. ਉੱਤਰ-'ਅਸੱਤ੍ਵਾ ਪਾਦਕ ਅਵਰਨ ਦੀ ਨਵਿਰਤੀ ਹੁੰਦੀ ਹੈ।*

*ਅਗਿਆਨ ਦੀਆਂ ਦੋ ਸ਼ਕਤੀਆਂ ਹਨ- ੧. ਅਵਰਨ, ੨. ਵਿਖੇਪ। ਅੱਗੋਂ ਅਵਰਨ ਦੀਆਂ ਦੋ ਸ਼ਕਤੀਆਂ ਹਨ ਇਕ ਅਸੱਤ੍ਵਾ ਪਾਦਕ। ਦੂਜੀ ਅਭਾਨਾ ਪਾਦਕ। ਇਨ੍ਹਾਂ ਦੋਹਾਂ ਦੀ ਨਵਿਰਤੀ ਵਾਸਤੇ ਦੋ ਪਰਕਾਰ ਦਾ ਬ੍ਰਹਮ ਗਿਆਨ ਕਿਹਾ ਹੈ-ਪ੍ਰੋਖ ਅਪ੍ਰੋਖ ਭੇਦ ਕਰ ਕੇ।*

*ਵਸਤੂ ਨਹੀਂ ਹੈ ਐਸੀ ਪਰਤੀਤ ਕਰਾਉਣ ਵਾਲੀ ਜੋ ਸ਼ਕਤੀ ਹੈ ਉਸ ਨੂੰ ਅਸੱਤ੍ਵਾ ਪਾਦਕ ਕਹਿੰਦੇ ਹਨ। ਕਿ ਪਰਮਾਤਮਾ ਹੈ ਹੀ ਨਹੀਂ। ਪ੍ਰਸ਼ਨ-'ਅਪ੍ਰੋਖ ਬ੍ਰਹਮ ਗਿਆਨ ਕਿਸ ਨੂੰ ਕਹਿੰਦੇ ਹਨ?' ਉੱਤਰ-ਸੱਤ, ਚਿੱਤ ਅਨੰਦ ਰੂਪ ਬ੍ਰਹਮ ਮੈਂ ਹੂੰ ਐਸਾ ਜੋ ਜਾਨਣਾ ਹੈ ਉਸ ਨੂੰ ਅਪ੍ਰੋਖ ਬ੍ਰਹਮ ਗਿਆਨ ਕਹਿੰਦੇ ਹਨ।*

*ਪ੍ਰਸ਼ਨ-'ਅਪ੍ਰੋਖ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ?'*

*ਉੱਤਰ-ਗੁਰੂ ਮੁਖ ਤੋਂ ਤੱਤ੍ਵਮਸੀ ਆਦਿਕ ਮਹਾਂ ਵਾਕ ਦੇ ਸੁਣਨ ਨਾਲ ਅਪ੍ਰੋਖ ਬ੍ਰਹਮ ਗਿਆਨ ਹੁੰਦਾ ਹੈ।*

*ਪ੍ਰਸ਼ਨ-'ਅਪ੍ਰੋਖ ਗਿਆਨ ਦਾ ਫਲ ਕੀ ਹੈ?'*

*ਉੱਤਰ-ਅਭਾਨਾ ਪਾਦਕ (ਵਸਤੂ ਦੀ ਪ੍ਰਤੀਤੀ ਨਾ ਹੋਣੀ) ਅਵਰਨ ਅਤੇ ਵਿਸ਼ੇਸ਼ ਰੂਪ ਕਾਰਜ ਸਹਿਤ ਅਵਿਦਿਆ ਦੀ ਨਵਿਰਤੀ ਹੀ ਅਪ੍ਰੋਖ ਬ੍ਰਹਮ ਗਿਆਨ ਦਾ ਫਲ ਹੈ।*

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥**

**ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥**

ਉਹਨਾਂ ਸੱਜਣ ਮਹਾਤਮਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਮਿੱਤਰਾਂ ਦੀ ਅਵਰੀਤਾ=ਹੋਰ ਹੀ ਰੀਤੀ ਹੈ। ਲੋਕ ਤਾਂ ਮਾਇਆ ਨੂੰ ਗ੍ਰਹਿਣ ਕਰਦੇ ਹਨ, ਤੇ ਸੰਤ ਜਨ ਤਿਆਗਦੇ ਹਨ। ਇਹ ਸਰੀਰ ਜਿਨ੍ਹਾਂ ਮਹਾਤਮਾਂ ਦੀ ਸੇਵਾ-ਟਹਲ ਕਰਨ ਨਾਲ ਗਾਡਿਆ=ਮਿਲਿਆ ਹੋਇਆ ਹੈ, ਉਹਨਾਂ ਨੂੰ ਮਨ ਦਿੱਤਾ ਤੇ ਉਪਦੇਸ਼ ਲੀਤਾ।

**ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ॥**

**ਜਿਨ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥**

ਜਿਨ੍ਹਾਂ ਦੇ ਨਾਲ ਮਨ ਦਿੱਤਾ ਤੇ ਨਾਮ ਦਾ ਉਪਦੇਸ਼ ਲੀਤਾ ਹੈ।

*ਅਥਵਾ*:-ਜਿਨ੍ਹਾਂ ਦਾ ਦਿੱਤਾ ਹੋਇਆ ਮਾਨ ਲਿਆ ਹੈ, ਉਹ ਸੱਜਣ ਮਹਾਤਮਾਂ ਕਿਵੇਂ ਭੁੱਲ ਸਕਦੇ ਹਨ? ਜਿਨ੍ਹਾਂ ਸੰਤਾਂ ਦੀ ਦਿਸਿ=ਤਰਫ਼ ਆਉਣ ਕਰ ਕੇ ਬਿਅੰਤ ਰਲੀਆ ਹੋਹਿ=ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਐਸੇ ਸੰਤਾਂ ਨੂੰ ਆਪਣੇ ਜੀਅ ਦੇ ਨਾਲ ਫੜ ਰਹਿਣਾ ਕਰੇ ਭਾਵ ਉਨ੍ਹਾਂ ਦੇ ਚਰਨਾਂ ਦਾ ਧਿਆਨ ਰੱਖੇ।

**ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥**

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥ ੨ ॥**

ਜਿਨ੍ਹਾਂ ਸੰਤਾਂ ਵਿਚ ਸਾਰੇ ਸ਼ੁਭ-ਗੁਣ ਹੀ ਹਨ, ਔਗੁਣ ਕੋਈ ਭੀ ਨਹੀਂ, ਨਿਤਾਪ੍ਰਤੀ ਗੁਣ ਹੀ ਗੁਣ ਹੁੰਦੇ ਹਨ। ਐਸੇ ਸੱਜਣ ਮਹਾਤਮਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਮਿੱਤਰਾਂ ਦੀ ਹੋਰ ਹੀ ਰੀਤੀ ਹੈ॥ ੨ ॥

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥**

ਜੇਕਰ ਕਿਸੇ ਸੱਜਣ ਮਹਾਤਮਾਂ ਦਾ ਅੰਤਹਕਰਨ ਸ਼ੁਭ-ਗੁਣਾਂ ਦਾ ਵਾਸੁਲਾ=ਡੱਬਾ ਹੋਵੇ, ਤਾਂ ਉਸ ਵਿੱਚੋਂ ਸ਼ੁਭ ਕੱਢ ਕੇ ਭਗਤੀ ਰੂਪ ਵਾਸੁ=ਸੁਗੰਧੀ ਲੈਣਾ ਕਰੀਏ।

**ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥**

[ਪੰਨਾ ੭੬੬]

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥**

ਜੇਕਰ ਸਾਜਨਾ=ਮਹਾਤਮਾਂ ਵਿਚ ਸ਼ੁਭ-ਗੁਣ ਹੋਣ, ਤਾਂ ਉਨ੍ਹਾਂ ਨਾਲ ਮਿਲਕੇ ਸਾਝ=ਭਾਈਵਾਲੀ ਕਰੀਏ। ਸ਼ੁਭ-ਗੁਣਾਂ ਦੀ ਸਾਝ=ਭਾਈਵਾਲੀ ਕਰੀਏ, ਤੇ ਔਗੁਣਾਂ ਨੂੰ ਛੱਡ ਕੇ ਪਰਮੇਸ਼ਰ ਦੀ ਤਰਫ਼ ਚੱਲੀਏ।

**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥**

**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥**

ਪ੍ਰੇਮ ਰੂਪੀ ਪਟੰਬਰ ਨੂੰ ਪਹਿਰ ਕੇ ਸ਼ੁਭ ਗੁਣਾਂ ਦੇ ਅਡੰਬਰ ਨੂੰ ਬਨਾਉਣਾ ਕਰੀਏ, ਸ਼ੁਭ ਗੁਣਾਂ ਦੇ ਅਡੰਬਰ ਨੂੰ ਬਣਾਕੇ ਗਿਆਨ ਰੂਪ ਪਟੰਬਰ ਨੂੰ ਪਹਿਰੇ, ਅਤੇ ਆਪਣੇ ਪਿੜੁ=ਸਰੂਪ ਨੂੰ ਮੱਲਣਾ ਕਰੀਏ। ਜਿਥੇ ਭੀ ਜਾ

ਕੇ ਬੈਠੀਏ ਓਥੇ ਭਲਾ ਬਚਨ ਹੀ ਕਥਨ ਕਰੀਏ, ਤੇ ਵਾਸ਼ਨਾ, ਵਾ:-ਪੰਜਾ ਕੋਸ਼ਾ ਰੂਪੀ ਬੂਰ ਨੂੰ ਝੋਲਿ=ਹਟਾਕੇ,

*ਅਥਵਾ:*-ਝੋਲਿ=ਵਿਚਾਰ ਕੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਪੀਣਾ ਕਰੀਏ।

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ੩ ॥**

ਜੇਕਰ ਮਹਾਤਮਾਂ ਦਾ ਅੰਤਹਕਰਨ ਸ਼ੁਭ-ਗੁਣਾਂ ਦਾ ਵਾਸੁਲਾ=ਡੱਬਾ ਹੋਵੇ, ਤਾਂ ਉਸ ਵਿੱਚੋਂ ਸ਼ੁਭ-ਗੁਣ ਕੱਢ ਕੇ ਭਗਤੀ ਰੂਪ ਸੁਗੰਧੀ ਲੈਣਾ ਕਰੀਏ॥ ੩॥

**ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥**
**ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ॥**

ਉਹ ਪਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਹੋਰ ਕਿਸਨੂੰ ਆਖੀਏ ਜੋ ਕੁਛ ਕਰ ਦੇਵੇ, ਕਿਉਂਕਿ ਹੋਰ ਕੋਈ ਕੁਝ ਕਰਨੇ ਨੂੰ ਸਮਰੱਥ ਨਹੀਂ ਹੈ। ਹੋਰ ਕਿਸੇ ਨੂੰ ਆਖਣ ਵਾਸਤੇ ਤਾਂ ਜਾਈਏ, ਜੇਕਰ ਉਹ ਪਰਮੇਸ਼ਰ ਭੁੱਲਾ ਹੋਇਆ ਹੋਵੇ।

**ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥**
**ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ॥**

ਜੇਕਰ ਭੁੱਲਾ ਹੋਇਆ ਹੋਵੇ, ਤਾਂ ਜਾ ਕੇ ਕਹੀਏ ਭੀ ਸਹੀ, ਉਹ ਕਰਤਾ ਵਾਹਿਗੁਰੂ ਆਪ ਕਿਵੇਂ ਭੁਲ ਸਕਦਾ ਹੈ? ਪ੍ਰਤੱਖ ਜੇ ਕਿਸੇ ਨੂੰ ਸੁਣਾਈਏ ਕਿ ਮੇਰੇ ਕਪੜੇ ਪਾਟੇ ਹੋਏ ਹਨ ਤਾਂ ਉਹ ਦੇਂਦਾ ਹੈ, ਜਾਂ ਕਿਸੇ ਨੂੰ ਦਿਖਾਈਏ ਤਾਂ ਉਹ ਦੇਂਦਾ ਹੈ ਜਾਂ ਆਪਣੇ ਮੂੰਹੋਂ ਕਹੀਏ ਕਿ ਮੈਂ ਬੜਾ ਗ਼ਰੀਬ ਹਾਂ ਮੈਨੂੰ ਕੁਝ ਮਿਲਣਾ ਚਾਹੀਦਾ ਹੈ, ਤਦ ਉਹ ਦੇਂਦਾ ਹੈ। ਲੇਕਿਨ ਉਹ ਪ੍ਰਮੇਸ਼ਰ ਐਸਾ ਦਿਆਲੂ ਹੈ, ਕਿ ਸੁਣੇ ਦੇਖੇ ਅਤੇ ਕਹੇ ਤੋਂ ਬਿਨਾਂ ਹੀ ਅਣ-ਮੰਗਿਆ ਦਾਨ ਦੇਂਦਾ ਹੈ। ਵਾ:-ਜਿਨ੍ਹਾਂ ਨੂੰ ਦਾਨ ਦੇਂਦਾ ਹੈ ਉਨ੍ਹਾਂ ਫਿਰ ਅਣ-ਮੰਗ ਕਰ ਦੇਂਦਾ ਹੈ ਭਾਵ ਫਿਰ ਮੰਗਣ ਜੋਗਾ ਨਹੀਂ ਰੱਖਦਾ। ਵਾ:-ਅਣਮੰਗ ਜੋ ਮਹਾਤਮਾਂ ਹਨ ਉਨ੍ਹਾਂ ਨੂੰ ਭੀ ਓਹੀ ਦਾਨ ਦੇਂਦਾ ਹੈ।

ਵਾ:-ਅਣ-ਮੰਗਿਆ ਦਾਨ ਜੋ ਦੁੱਖ ਹੈ ਜਿਸਨੂੰ ਕੋਈ ਨਹੀਂ ਮੰਗਦਾ, ਦੁੱਖ ਦਾ ਦਾਨ ਭੀ ਓਹੀ ਦੇਂਦਾ ਹੈ।

*ਅਥਵਾ:*-ਜੋ ਦਾਨ ਮੰਗਿਆ ਹੋਇਆਂ ਕੋਈ ਨਾ ਦੇਵੇ, 'ਧਾਮ, ਬਾਮ, ਸਰੂਪ', (ਘਰ, ਇਸਤ੍ਰੀ, ਆਪਣਾ ਸੁੰਦਰ ਸਰੂਪ) ਉਸ ਨੂੰ ਭੀ ਓਹੀ ਦੇਂਦਾ ਹੈ।

**ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ॥**
**ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥ ੪ ॥ ੧ ॥ ੪ ॥**

ਓਹੀ ਦਾਤਾ ਦਾਨ ਦੇਂਦਾ ਹੈ, ਜੋ ਜਗਤ ਕਾ ਫਲਬਰ ਦਾਤਾ ਹੈ, ਨਾਨਕਾ=ਗੁਰੂ ਜੀ ਕਥਨ ਕਰਦੇ ਹਨ-ਉਹ ਪਰਮਾਤਮਾ ਸੱਚਾ ਹੈ। ਉਹ ਪਰਮੇਸ਼ਰ ਆਪ ਹੀ ਸਭ ਕਰਦਾ ਹੈ ਹੋਰ ਕਿਸ ਨੂੰ ਆਖੀਏ ਜੋ ਕੁਝ ਕਰ ਦੇਵੇ ਕਿਉਂਕਿ ਹੋਰ ਕੋਈ ਭੀ ਕਰਨੇ ਨੂੰ ਸਮੱਰਥ ਨਹੀਂ ਹੈ॥ ੪॥ ੧॥ ੪॥

**ਸੂਹੀ ਮਹਲਾ ੧॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥**
**ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥**

ਮੇਰਾ ਮਨ ਪ੍ਰੇਮ ਵਿਚ ਰਤਾ ਹੋਇਆ ਪਰਮੇਸ਼ਰ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ, ਅਤੇ ਮੇਰੇ ਮਨ ਵਿਚ

ਵੀ ਓਹੀ ਪਰਮੇਸ਼ਰ ਭਾਉਂਦਾ ਹੈ। ਸਚ ਦੀ ਪ੍ਰਾਪਤੀ ਕਰਾਉਣ ਵਾਲੀ ਜੋ ਗੁਰਾਂ ਦੀ ਸਿਖਿਆ ਰੂਪ ਪਉੜੀ ਹੈ, ਉਸ ਕਰਕੇ ਸੱਚਾ ਸੁਖ ਪ੍ਰਾਪਤ ਹੁੰਦਾ ਹੈ।

**ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥**

**ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥**

ਜੇਕਰ ਜੀਵ ਨੂੰ ਸਚ-ਨਾਮ ਜਪਣਾ ਭਾ ਜਾਵੇ ਤਾਂ ਸਹਜੇ ਹੀ ਸੁਖ ਆ ਕੇ ਪ੍ਰਾਪਤ ਹੁੰਦਾ ਹੈ, ਸਚ-ਸਰੂਪ ਦੀ ਪ੍ਰਾਪਤੀ ਵਾਲੀ ਜੋ ਗੁਰਸਿਖਿਆ ਹੈ ਉਹ ਫਲ ਦਿੱਤੇ ਵਗੈਰ ਕਿਵੇਂ ਹਟ ਸਕਦੀ ਹੈ? ਉਹ ਪਰਮਾਤਮਾ ਆਪ ਅਛੱਲ ਹੈ, ਮਜਨੁ ਇਸਨਾਨੁ=ਪਰਬਾਂ ਦੇ ਇਸ਼ਨਾਨ, ਦਾਨ ਅਤੇ ਸ਼ਾਸਤ੍ਰ-ਗਿਆਨ (ਚੰਗਾ ਗਿਆਨ, ਚੰਗੀ ਫਿਲਾਸਫੀ) ਇਨ੍ਹਾਂ ਕਰਕੇ ਉਹ ਪਰਮੇਸ਼ਰ ਕਿਵੇਂ ਛਲਿਆ ਜਾ ਸਕਦਾ ਹੈ?

**ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥**

**ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥ ੧ ॥**

ਜਿਸ ਵੇਲੇ ਪਰਪੰਚ=ਛਲਵਲ ਕਰਨਾ, ਪਦਾਰਥਾਂ ਦਾ ਮੋਹ, ਵਿਸ਼ੇ ਵਿਕਾਰ ਇਹ ਸਾਰੇ ਥੱਕ ਗਏ, ਤਾਂ ਕੂੜੁ=ਝੂਠ ਤੇ ਕਪਟ ਇਹ ਦੋਨੋਂ ਭੀ ਨਾ ਰਹੇ। ਮੇਰਾ ਮਨ ਰੱਤਾ ਹੋਇਆ ਪਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ, ਅਤੇ ਮੇਰੇ ਮਨ ਵਿਚ ਭੀ ਓਹੀ ਪਰਮੇਸ਼ਰ ਭਾਉਂਦਾ ਹੈ॥ ੧॥

**ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥**

**ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥**

ਉਸ ਸਾਹਿਬ ਨੂੰ ਸਲਾਹੁਣਾ ਕਰੀਏ, ਜਿਸ ਨੇ ਕਾਰਨ ਕਾਰਜ ਸਭਨਾਂ ਨੂੰ ਪੈਦਾ ਕੀਤਾ ਹੈ। ਮੈਲੇ ਮਨ ਵਾਲਿਆਂ ਨੂੰ ਰਾਗ-ਦ੍ਵੈਸ਼ ਰੂਪ ਮੈਲ ਲੱਗ ਰਹੀ ਹੈ, ਪਰ ਕਿਸੀ ਵਿਰਲੇ ਗੁਰਮੁਖ ਨੇ ਹੀ ਨਾਮ ਅੰਮ੍ਰਿਤ ਪੀਤਾ ਹੈ।

**ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥**

**ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ॥**

ਜਿਸ ਪੁਰਸ਼ ਨੇ ਇਹ ਮਨ ਗੁਰਾਂ ਨੂੰ ਅਰਪਣ ਕਰ ਦਿੱਤਾ ਹੈ, ਉਸ ਨੇ ਮਥਿ=ਵਿਚਾਰ ਕੇ ਨਾਮ-ਅੰਮ੍ਰਿਤ ਪੀਤਾ ਹੈ, ਅਤੇ ਗੁਰਾਂ ਦੇ ਪਾਸੋਂ ਹੀ ਆਤਮਿਕ ਆਨੰਦ ਦਾ ਮੁੱਲ ਕਰਾਇਆ ਹੈ। ਉਸ ਨੇ ਆਪਣੇ ਪ੍ਰਭੂ ਨੂੰ ਸਹਜੇ ਹੀ ਪਛਾਣਿਆ ਹੈ, ਜਦ ਇਹ ਮਨ ਸੱਚੇ ਵਾਹਿਗੁਰੂ ਵਿਚ ਲਗਾਇਆ।

**ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ॥**

**ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ॥ ੨ ॥**

ਜੇ ਤਿਸਨੂੰ ਭਾਵਾ=ਚਾਹਵਾਂ ਤਾਂ ਉਸ ਮਹਾਤਮਾਂ ਨਾਲ ਮਿਲਕੇ ਗੁਣ ਗਾਇਣ ਕਰਾਂ, ਅਤੇ ਐਸੇ ਬੇਨਤੀ ਕਰਾਂ ਕਿ ਪਰਾਇਆ ਹੋਇਆ ਜੋ ਪਰਮੇਸ਼ਰ ਹੈ ਉਹ ਕਿਵੇਂ ਮਿਲੇ? ਉੱਤਰ:-

ਹੇ ਭਾਈ ! ਉਸ ਸਾਹਿਬ ਨੂੰ ਸਲਾਹੁਣਾ ਕਰ, ਜਿਸ ਨੇ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ॥ ੨॥

## ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ॥

ਜਿਸ ਵੇਲੇ ਪਰਮੇਸ਼ਰ ਆਇ ਗਇਆ=ਆ ਕੇ ਪ੍ਰਾਪਤ ਹੋ ਗਿਆ, ਤਾਂ ਕੀ ਨਾ ਆਇਓ=ਕਿਹੜਾ ਪਦਾਰਥ ਆ ਕੇ ਪ੍ਰਾਪਤ ਨ ਹੋਇਆ, ਅਰਥਾਤ ਸਭ ਕੁਝ ਆ ਗਿਆ, ਉਹ ਪਰਮੇਸ਼ਰ ਇਕ ਵਾਰ ਜਦ ਆ ਕੇ ਮਿਲ ਗਿਆ ਤਾਂ ਕਿਉ ਜਾਤਾ=ਜਿਵੇਂ ਜਾਂਦਾ ਹੈ, ਭਾਵ ਫਿਰ ਨਹੀਂ ਜਾਂਦਾ।

*ਯਥਾ:-* "ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥"

*(ਗਉੜੀ ਮ:੫, ਪੰਨਾ ੨੪੯)*

**ਦੂਜਾ ਅਰਥ:-**ਇਹ ਜੀਵ ਜਿਸ ਵੇਲੇ ਪਰਮੇਸ਼ਰ ਦੀ ਤਰਫ ਭਾਵ ਸਤਿਸੰਗ ਵਿਚ ਆ ਗਿਆ, ਤਾਂ ਕੀ=ਕਿਹੜਾ ਪਦਾਰਥ ਆ ਕੇ ਪ੍ਰਾਪਤ ਨਾ ਹੋਇਆ, ਭਾਵ ਸਾਰੇ ਪਦਾਰਥ ਆ ਗਏ, ਉਹ ਫੇਰ ਕਿਵੇਂ (ਆਵੈ ਜਾਤਾ) ਜੰਮਦਾ ਮਰਦਾ ਹੈ ਅਰਥਾਤ ਨਾ ਜੰਮਦਾ ਹੈ, ਨਾ ਮਰਦਾ ਹੈ।

**ਤੀਜਾ ਅਰਥ:-** ਜਿਸ ਵੇਲੇ ਆਇਆ ਗਿਆਨ ਤੇ ਗਇਆ ਅਗਿਆਨ ਤਾਂ 'ਕੀ ਨ ਆਇਓ'=ਕਿਹੜਾ ਸਾਧਨ ਨਾ ਹੋ ਆਇਆ, ਭਾਵ ਸਭ ਸਾਧਨ ਹੋ ਗਏ, ਆਇਆ ਹੋਇਆ ਗਿਆਨ ਜਾਵੇ ਕਿਉ? ਤੇ ਗਿਆ ਹੋਇਆ ਅਗਿਆਨ ਆਵੇ ਕਿਉਂ? ਅਰਥਾਤ ਫਿਰ ਨਹੀਂ ਆਉਂਦਾ।

## ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ॥

ਜਦ ਪ੍ਰੀਤਮ=ਪਰਮਾਤਮਾ ਨਾਲ ਮਨ ਮੰਨਿਆ ਗਿਆ ਤਾਂ ਹਰੀ ਦੇ ਸੇਤੀ=ਨਾਲ ਰਾਤਾ=ਮਿਲ ਗਿਆ।

## ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ॥
## ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ॥

ਉਸ ਸਾਹਿਬ ਦੇ ਰੰਗ ਵਿਚ ਰੱਤਾ ਹੋਇਆ ਸੱਚ ਦੀਆਂ ਗੱਲਾਂ ਕਰਦਾ ਹੈ, ਜਿਸ ਨੇ ਰਕਤ ਬਿੰਦ ਰੂਪ ਬਿੰਬ=ਜਲ ਦਾ ਕੋਟੁ=ਕਿਲ੍ਹਾ (ਇਹ ਸਰੀਰ) ਉਸਾਰਿਆ=ਬਣਾਉਣਾ ਕੀਤਾ ਹੈ। ਉਹ ਪਰਮੇਸ਼ਰ ਪੰਚ ਭੂ=ਪੰਜਾਂ ਤੱਤਾਂ ਦਾ ਆਪ ਹੀ ਨਾਇਕੋ=ਸੁਆਮੀ ਹੈ ਅਤੇ ਆਪ ਹੀ ਸਭ ਦੇ ਸਿਰੰਦਾ=ਸਿਰਜਨੇ ਵਾਲਾ ਹੈ, ਜਿਸ ਨੇ (ਸਚ ਕਾ ਪਿੰਡੁ) ਸਤਸੰਗ, ਵਾ:-ਇਹ ਸੰਸਾਰ ਸਵਾਰਨਾ ਕੀਤਾ ਹੈ।

ਵਾ:-ਜਿਸ ਸੱਚੇ ਨੇ ਪਿੰਡੁ=ਸਰੀਰ ਦਾ ਸਵਾਰਨਾ ਕੀਤਾ ਹੈ।

## ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ॥
## ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥ ੩ ॥

ਹੇ ਪਿਆਰੇ ਵਾਹਿਗੁਰੂ ! ਤੂੰ ਮੇਰੀ ਬੇਨਤੀ ਸੁਣ, ਮੈਂ ਔਗੁਣਤਾਈ ਦਾ ਘਰ ਹਾਂ, ਪਰ ਜੋ ਤੈਨੂੰ ਭਾਉਂਦਾ ਹੈ ਉਹੀ ਸੱਚਾ ਹੈ। ਉਸ ਦਾ ਆਉਣਾ ਜਾਣਾ ਨਹੀਂ ਹੁੰਦਾ, ਜਿਸ ਨੂੰ ਗੁਰਾਂ ਦੀ ਸੱਚੀ ਸਿਖਿਆ ਪਰਾਪਤ ਹੋਈ ਹੈ॥ ੩ ॥

## ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥

ਗੁਰਾਂ ਦੁਆਰੇ ਬੁੱਧੀ ਰੂਪ ਅੱਖਾਂ ਵਿਚ ਉਹੋ ਜੇਹਾ ਗਿਆਨ ਰੂਪੀ ਅੰਜਨੁ=ਸੁਰਮਾ ਅੰਜੀਐ=ਪਾਈਏ ਜਿਹੋ ਜਿਹਾ ਪਿਰੀ ਨੂੰ ਭਾ ਜਾਵੇ। ਜੋ ਪਰਮਾਤਮਾ ਅੰਦਰ ਦੀ ਗੱਲ ਨੂੰ ਸਮਝਦਾ ਹੈ, ਤੇ ਬਾਹਰਦੀ ਗੱਲ ਨੂੰ ਭੀ

ਸੂਝੈ=ਜਾਣਦਾ ਹੈ, ਉਸ ਪਰਮੇਸ਼ਰ ਨੂੰ ਜਾਣੀਏ, ਪਰ ਜਾਣਦਾ ਤਦ ਹੈ ਜੇ ਆਪ ਪਰਮੇਸ਼ਰ ਜਣਾਵੇ।

**ਦੂਜਾ ਅਰਥ:-** ਜੇਕਰ ਆਪ ਪਰਮੇਸ਼ਰ ਜਣਾਵੇ, ਤਾਂ ਇਹ ਜੀਵ ਗੁਰਾਂ ਦੇ ਉਪਦੇਸ਼ ਨੂੰ ਸਮਝ ਕੇ ਨਾਮ ਜਪਣ ਦੀ ਸੂਝੈ=ਗਿਆਤ ਵਾਲਾ ਹੋ ਕੇ ਪਰਮੇਸ਼ਰ ਨੂੰ ਜਾਣਦਾ ਹੈ।

**ਤੀਜਾ ਅਰਥ:-** ਜੇਕਰ ਆਪ ਪਰਮੇਸ਼ਰ ਜਣਾਵੇ, ਤਾਂ ਸਮਝੈ-ਨਿਸ਼ਕਾਮ ਕਰਮਾਂ ਨੂੰ, ਸੂਝੈ-ਉਪਾਸ਼ਨਾ ਨੂੰ, ਜਾਣੀਐ=ਗਿਆਨ ਨੂੰ।

**ਚੌਥਾ ਅਰਥ:-** ਸਮਝੈ-ਸ੍ਰਵਨ ਨੂੰ, ਸੂਝੈ-ਮੰਨਣ ਨੂੰ, ਜਾਣੀਐ-ਨਿਧਿਆਸਣ ਨੂੰ। ਅਥਵਾ:-ਸਮਝੈ=ਤ੍ਵੰ ਪਦ ਨੂੰ, ਸੂਝੈ=ਤਤ ਪਦ ਨੂੰ, ਜਾਣੀਐ=ਜਾਣਦਾ ਹੈ ਦੋਨਾਂ ਦੀ ਅਭੇਦਤਾ ਨੂੰ ਕਿ ਤ੍ਵੰ ਤਤ, ਤਤ ਤ੍ਵੰ।

## ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ ॥

ਆਪੇ ਜਣਾਉਂਦਾ ਹੈ, ਆਪੇ ਰਾਹੇ ਪਾਉਂਦਾ ਹੈ, ਅਤੇ ਆਪ ਹੀ ਆਪਣੇ ਵਲ ਮਨ ਨੂੰ ਲਾ ਲੈਂਦਾ ਹੈ।

## ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥

ਚੰਗੇ ਮੰਦੇ ਕਰਮ ਭੀ ਆਪੇ ਕਰਾਉਂਦਾ ਹੈ, ਉਸ ਅਭੇਦ ਰੂਪ ਪਰਮਾਤਮਾ ਦੀ ਕੀਮਤ ਨੂੰ ਕੌਣ ਜਾਣ ਸਕਦਾ ਹੈ।

## ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
## ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥ ੪ ॥

ਇਸ ਤਰ੍ਹਾਂ ਬੇਨਤੀ ਕਰੇ, ਹੇ ਵਾਹਿਗੁਰੂ ! ਮੈਂ ਕੋਈ ਮੰਤਰ ਤੰਤਰ ਵਗੈਰਾ ਨਹੀਂ ਜਾਣਦਾ ਅਤੇ ਨਾ ਹੀ ਕੋਈ ਪਖੰਡ ਕਰਨਾ ਜਾਣਦਾ ਹਾਂ, ਜਿਨ੍ਹਾਂ ਦੇ ਹਿਰਦੇ ਵਿਚ ਰਾਮ ਹੈ ਉਹਨਾਂ ਸੰਤਾਂ ਉੱਤੇ ਮੇਰਾ ਮਨ ਮੰਨਿਆ ਗਿਆ ਹੈ। ਜਿਨ੍ਹਾਂ ਗੁਰ-ਸ਼ਬਦੀਆਂ ਨੇ ਸੱਚ ਨੂੰ ਜਾਣਿਆ ਹੈ, ਉਹਨਾਂ ਦੇ ਪਾਸੋਂ ਨਾਮ ਰੂਪੀ ਅੰਜਨੁ ਸੂਝੈ=ਸੁਰਮਾ ਪ੍ਰਾਪਤ ਹੁੰਦਾ ਹੈ॥ ੪ ॥

## ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥
## ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥

ਜਦ ਸੰਤ ਸੱਜਣ ਆਪਣੇ ਸਹਾਈ ਹੋ ਜਾਣ, ਤਦ ਮੁਕਤੀ ਦੀ ਪ੍ਰਾਪਤੀ ਵਾਸਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪੀ ਪਰਾਏ ਘਰ ਵਿਚ ਕਿਸ ਲਈ ਜਾਣਾ ਹੈ, ਭਾਵ ਕੋਈ ਲੋੜ ਨਹੀਂ ਜਾਣ ਦੀ। ਸੱਜਣ ਜੋ ਸੰਤ ਹਨ ਉਹ ਮਨ ਦੇ ਵਿਚ ਹੀ ਸੱਚ ਦੇ ਨਾਲ ਰਤੇ ਹੋਏ ਹਨ।

## ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥
## ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥

ਇਸੇ ਕਰ ਕੇ ਸੱਜਣ ਜੋ ਸੰਤ ਹਨ ਉਹ ਪਰਮੇਸ਼ਰ ਨੂੰ ਮਨ ਦੇ ਵਿਚ ਹੀ ਜਾਣ ਕੇ ਰਲੀਆ=ਖੁਸ਼ੀਆਂ ਕਰਦੇ ਹਨ, ਇਸੀ ਤੇ ਉਹਨਾਂ ਦਾ ਕਰਮ ਧਰਮ ਸਬਾਇਆ=ਸਾਰਾ ਸਫਲ ਹੈ। ੬੮ ਤੀਰਥਾਂ ਪਰ ਇਸ਼ਨਾਨ ਕਰਨੇ ਦਾ ਪੁੰਨ ਅਤੇ ਠਾਕੁਰ ਪੂਜਾ ਦਾ ਫਲ, ਸਭ ਉਸ ਨੂੰ ਪ੍ਰਾਪਤ ਹੋ ਗਿਆ ਹੈ, ਜਿਸ ਦੇ ਮਨ ਵਿਚ ਸੱਚੇ ਦਾ ਨਾਮ ਭਾ ਗਿਆ ਹੈ।

[ਪੰਨਾ ੭੬੭]

## ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ॥

ਜੋ ਪਰਮਾਤਮਾ ਆਪ ਸ੍ਰਿਸ਼ਟੀ ਨੂੰ ਸਾਜਦਾ ਹੈ ਆਪ ਹੀ ਮਰਯਾਦਾ ਵਿਚ ਥਾਪਦਾ ਹੈ ਫਿਰ ਆਪ ਹੀ ਵੇਖੈ=ਪਾਲਦਾ ਹੈ, ਉਸ ਪਰਮੇਸ਼ਰ ਦਾ ਭਾਣਾ ਮੰਨਣਾ ਸੰਤਾਂ ਨੂੰ ਭਾਇਆ ਹੈ।

## ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ॥ ੫॥

ਉਹ ਸਾਜਨ=ਮਹਾਤਮਾ ਬ੍ਰਹਮਗਿਆਨ ਰੂਪੀ ਰੰਗ ਵਿਚ ਰੰਗੇ ਹੋਏ ਹਨ,
ਜਿਨ੍ਹਾਂ ਨੇ ਲਾਲੁ=ਪਿਆਰੇ ਪ੍ਰਭੂ ਨਾਲ ਰੰਗੁ=ਪ੍ਰੇਮ ਬਣਾਇਆ ਹੋਇਆ ਹੈ।

## ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥

ਜੇਕਰ ਅੰਨ੍ਹਾਂ ਅਗਿਆਨੀ ਪੁਰਸ਼ ਲੋਕਾਂ ਦਾ ਆਗੂ=ਗੁਰੂ ਹੋ ਜਾਵੇ ਤਾਂ ਸਿੱਖ ਪਰਮੇਸ਼ਰ ਦੀ ਪ੍ਰਾਪਤੀ ਦੇ ਪਾਧਰੁ=ਰਸਤੇ ਨੂੰ ਕਿਵੇਂ ਜਾਣੇਗਾ?

## ਆਪਿ ਮੁਸੈ ਮਤਿ ਹੋਛੀਐ ਕਿਉ ਰਹੁ ਪਛਾਣੈ॥

ਜੋ ਹੋਛੀਐ=ਤੁਛ ਮਤਿ=ਅਕਲ ਕਰਕੇ ਆਪ ਕਾਮ ਆਦਿਕਾਂ ਤੋਂ ਮੁਸੈ=ਲੁੱਟਿਆ ਗਿਆ ਹੈ, ਉਸ ਦੇ ਪਿੱਛੇ ਲੱਗਣ ਵਾਲਾ ਸਿੱਖ ਪ੍ਰਭੂ ਦੇ ਰਾਹ ਨੂੰ ਕਿਵੇਂ ਪਛਾਣੇਗਾ?

## ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥

ਮਹਲੁ=ਸਰੂਪ ਨੂੰ ਪਾਉਣ ਵਾਸਤੇ ਸ਼ੁਭ ਰਸਤੇ ਉੱਤੇ ਕਿਵੇਂ ਜਾਵੇਗਾ, ਕਿਉਂਕਿ ਅੰਨ੍ਹੇ ਪੁਰਸ਼ ਦੀ ਮਤਿ=ਸਿਖਿਆ, ਵਾ:-ਬੁੱਧੀ ਅੰਨ੍ਹੀ ਹੈ।

## ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥

ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਹੋਰ ਕੁਝ ਮੁਕਤੀ ਦਾ ਸਾਧਨ ਨਹੀਂ ਸੁਝਦਾ, ਅੰਨ੍ਹੇ ਅਗਿਆਨੀ ਦੀ ਬੁੱਧੀ ਧੰਦਿਆਂ ਵਿਚ ਬੂਡੌ=ਡੁੱਬ ਰਹੀ ਹੈ।

## ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥

ਜਿਸ ਨੂੰ ਸਤਸੰਗ ਕਰਨ ਦਾ ਚਾਉ=ਉਤਸ਼ਾਹ ਪੈਦਾ ਹੁੰਦਾ ਹੈ, ਤੇ ਮਨ ਵਿਚ ਗੁਰਾਂ ਦਾ ਉਪਦੇਸ਼ ਵਸਦਾ ਹੈ, ਉਸ ਨੂੰ ਦਿਨ ਰਾਤ ਗਿਆਨ ਦਾ ਚਾਨਣ ਹੁੰਦਾ ਹੈ।

## ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥ ੬॥

ਹੇ ਪੁਰਸ਼ਾ ! ਤੂੰ ਹੱਥ ਜੋੜ ਕੇ ਗੁਰੂ ਪਾਸ ਬੇਨਤੀ ਕਰ, ਕਿਉਂਕਿ ਗੁਰੂ ਹੀ ਪਰਮਾਤਮਾ ਦੀ ਪ੍ਰਾਪਤੀ ਦੇ ਪਾਧਰੁ ਰਾਹੁ=ਖੁਲ੍ਹੇ ਰਸਤੇ ਨੂੰ ਦੱਸਦੇ ਹਨ॥ ੬॥

## ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

ਜੇਕਰ ਮਨ ਪਰਦੇਸੀ ਦੀ ਤਰ੍ਹਾਂ ਵੈਰਾਗਵਾਨ ਹੋ ਜਾਵੇ, ਤਾਂ ਸਾਰਾ ਦੇਸ਼ ਹੀ ਪਰਾਇਆ ਨਿਸਚੇ ਕਰਦਾ ਹੈ ਕਿ ਇਹ ਪ੍ਰਭੂ ਦਾ ਹੈ।

## ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ॥

ਕਿਸ ਦੇ ਪਾਸ ਮੈਂ ਆਪਣੇ ਦੁੱਖਾਂ ਦੀ ਗੰਠੜੀ=ਗੰਢ ਖੋਲ੍ਹਾਂ ਭਾਵ ਮੈਂ ਆਪਣਾ ਦੁੱਖ ਕਿਸ ਨੂੰ ਸੁਣਾਵਾਂ, ਕਿਉਂਕਿ ਸਾਰਾ ਸੰਸਾਰ ਹੀ ਦੁੱਖਾਂ ਵਿਚ ਭਰਿਆ ਹੋਇਆ ਹੈ।

## ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥

ਸਾਰਾ ਸੰਸਾਰ ਤਾਂ ਦੁੱਖਾਂ ਵਿਚ ਭਰ ਆਇਆ ਹੈ, ਮੇਰਿਆਂ ਦੁੱਖਾਂ ਦੀ ਨਵਿਰਤੀ ਦੀ ਵਿਧੀ ਨੂੰ ਪਰਮੇਸ਼ਰ ਤੋਂ ਬਿਨਾਂ ਕੌਣ ਜਾਣਦਾ ਹੈ?

*ਅਥਵਾ:*-ਪਰਮੇਸ਼ਰ ਨਾਲ ਮੇਰੀਆ=ਮੇਲਣ ਦੀ ਵਿਧੀ ਨੂੰ ਕੌਣ ਜਾਣਦਾ ਹੈ?

## ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥

ਜੰਮਨ ਮਰਨ ਕਰ ਕੇ ਚੰਗੇ ਡਰਾਉਣੇ ਹੋ ਰਹੇ ਹਨ, ਚਉਰਾਸੀ ਲੱਖ ਜੂਨੀਆਂ ਦੇ ਫੇਰਿਆਂ ਦੀ ਤੋਟਿ=ਥੁੜ ਨਹੀਂ ਆਉਂਦੀ।

## ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥

ਜਿਨ੍ਹਾਂ ਨੂੰ ਗੁਰਾਂ ਨੇ ਆਪਣਾ ਉਪਦੇਸ਼ ਨਹੀਂ ਸੁਣਾਇਆ, ਉਹ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਊਣੇ ਝੂਣੇ=ਨਿਮੋ-ਝੂਣੇ ਹੋ ਰਹੇ ਹਨ।

## ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ੭॥

ਜੇਕਰ ਮਨ ਪਰਦੇਸੀ ਦੀ ਤਰ੍ਹਾਂ ਵੈਰਾਗਵਾਨ ਹੋ ਜਾਵੇ, ਤਾਂ ਜਾਣੇਗਾ ਕਿ ਸਾਰਾ ਦੇਸ਼ ਹੀ ਪਰਾਇਆ ਹੈ॥ ੭॥

## ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥

ਗੁਰਾਂ ਦੁਆਰੇ ਮਹਲੀ=(ਜਗਿਆਸੂ ਰੂਪ) ਇਸਤਰੀ ਆਪਣੇ (ਸਰੀਰ) ਘਰ ਵਿਚ ਉਸ ਭਰਪੂਰ ਪਤੀ-ਪਰਮੇਸ਼ਰ ਨੂੰ ਲੀਣ ਹੋਇਆ ਨਿਸਚੇ ਕਰੇ।

## ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥

ਜੀਵ ਸੇਵਕ ਬਣ ਕੇ ਤਾਂ ਸੇਵਾ ਕਰਦਾ ਹੈ, ਜੋ ਸੱਚੇ ਗੁਰਾਂ ਦੇ ਸ਼ਬਦ ਵਿਚ ਪਤੀਣਾ=ਭਰੋਸਾ ਕਰੇ।

## ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥

ਗੁਰਾਂ ਦੇ ਉਪਦੇਸ਼ ਵਿਚ ਪਤੀਜੈ=ਭਰੋਸਾ ਕਰੇ, ਤਾਂ ਅੰਕੁ=ਹਿਰਦਾ ਭਿੱਜਦਾ ਹੈ, ਅਤੇ ਉਸ ਮਹਲੁ= ਪਰਮਾਤਮਾ ਨੂੰ ਸਾਰਿਆਂ ਮਹਲਾ=ਸਰੀਰਾਂ ਦੇ ਅੰਦਰ ਨਿਸਚੇ ਕਰਦਾ ਹੈ।

## ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥

ਉਹ ਕਰਤਾ ਪੁਰਖ ਆਪ ਹੀ ਸਭ ਕੁਝ ਕਰਦਾ ਹੈ,

ਅਤੇ ਉਹ ਪ੍ਰਭੂ ਆਪ ਹੀ ਨਿਰੰਤਰੇ=ਇਕਰਸ ਸਭ ਦੇ ਅੰਤਿ=ਅੰਦਰ ਹੈ।

## ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥

ਜਾਂ ਗੁਰ ਉਪਦੇਸ਼ ਨਾਲ ਮਿਲਾਪ ਹੋਇਆ ਤੇ ਅਨਹਦ=ਇਕ ਰਸ ਨਾਮਾ ਰੂਪੀ ਬੀਣਾ=ਵਾਜੇ ਵੱਜ ਆਏ

ਤਾਂ ਸੁਹੇਲਾ=ਸੋਭਨੀਕ, ਵਾ:-ਸੁਖੀ ਹੋਇਆ।

**ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥ ੮॥**

ਗੁਰਾਂ ਦੁਆਰੇ ਮਹਲੀ=ਜਗਿਆਸੂ ਨੇ ਆਪਣੇ (ਸਰੀਰ) ਘਰ ਵਿਚ ਉਸ ਭਰਿਪੁਰਿ=ਪੂਰਨ ਪਤੀ-ਪਰਮੇਸ਼ਰ ਨੂੰ ਲੀਨ ਹੋਇਆ ਨਿਸਚੇ ਕੀਤਾ॥ ੮॥

**ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥**

ਪੈਦਾ ਕੀਤਾ ਹੋਇਆ ਜੋ ਜੀਵ ਹੈ ਉਸ ਨੂੰ ਕੀ ਸਲਾਹੁਣਾ ਹੈ, ਜੋ ਪੈਦਾ ਕਰ ਕੇ ਸਾਰਿਆਂ ਨੂੰ ਵੇਖਦਾ ਹੈ ਉਸ ਨੂੰ ਸਲਾਹੁਣਾ ਚਾਹੀਦਾ ਹੈ।

**ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ॥**

ਜੇ ਕੋਈ ਅੰਤ ਲੈਣਾ ਚਾਹੇ ਤਾਂ ਉਸ ਦੀ ਕੀਮਤ ਨਹੀਂ ਪੈਂਦੀ।

**ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥**

ਪ੍ਰਾਪਤੀ ਰੂਪ ਕੀਮਤ ਨੂੰ ਉਹ ਪਾਉਂਦਾ ਹੈ ਜਿਸ ਨੂੰ ਆਪ ਜਣਾਉਂਦਾ ਹੈ,
ਉਹ ਕਰਤਾ ਪੁਰਖ ਆਪ ਅਭੁੱਲ ਹੈ ਕਦੇ ਭੀ ਭੁੱਲਦਾ ਨਹੀਂ ਹੈ।

**ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥**

ਅਮੋਲਕ ਗੁਰਾਂ ਦੇ ਸ਼ਬਦ ਗ੍ਰਹਿਣ ਕਰਨ ਨਾਲ ਤਿਸ ਪਰਮੇਸ਼ਰ ਨੂੰ ਭਾ ਜਾਵੇ,
ਤਾਂ ਦੁਨੀਆਂ ਦੇ ਸਾਰੇ ਲੋਕ ਇਸ ਦੇ ਜੈ ਜੈ ਕਾਰ ਕਰਹਿ=ਕਰਦੇ ਹਨ।

**ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥**

ਤੁਸੀਂ ਇਸ ਤਰ੍ਹਾਂ ਬੇਨਤੀ ਕਰੋ, ਕਿ-ਹੇ ਭਾਈ ! ਮੈਂ ਸ਼ੁਭ ਗੁਣਾਂ ਤੋਂ ਹੀਣਉ=ਹੀਣਾ (ਰਹਿਤ) ਹਾਂ ਅਤੇ ਨੀਚ ਜ਼ਾਤੀ ਵਾਲਾ ਹਾਂ, ਪਰ ਸੱਚ ਨੂੰ ਨਹੀਂ ਛਡਦਾ ਹਾਂ।

**ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥ ੯॥ ੨॥ ੫॥**

ਗੁਰੂ ਜੀ ਕਥਨ ਰਕਦੇ ਹਨ-ਜਿਸ ਪ੍ਰਭੂ ਨੇ ਜਗਤ ਨੂੰ ਬਣਾ ਕੇ ਫੇਰ ਦੇਖਿਆ ਹੈ,
ਵਾ:-ਪਾਲਿਆ ਹੈ, ਓਹੀ ਪ੍ਰਭੂ ਸਭਨਾਂ ਨੂੰ ਮਤਿ=ਅਕਲ ਦੇਂਦਾ ਹੈ॥ ੯॥ ੨॥ ੫॥

**ਰਾਗੁ ਸੂਹੀ ਛੰਤ ਮਹਲਾ ੩ ਘਰੁ ੨**

**ੴ ਸਤਿਗੁਰ ਪ੍ਰਸਾਦਿ॥**

**ਸੁਖ ਸੋਹਿਲੜਾ ਹਰਿ ਧਿਆਵਹੁ॥ ਗੁਰਮੁਖਿ ਹਰਿ ਫਲੁ ਪਾਵਹੁ॥**

ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਵੋ, ਤੇ ਹਰੀ ਦੀ ਪ੍ਰਾਪਤੀ ਰੂਪ ਫਲ ਨੂੰ ਪਾਵੋ ਤਾਂ ਸੁਖ ਅਤੇ ਸੋਹਿਲੜਾ=ਜਸ, ਵਾ:-ਅਨੰਦ ਹੋਵੇਗਾ।

**ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥**

ਗੁਰਾਂ ਦੁਆਰੇ ਹਰੀ ਨਾਮ ਨੂੰ ਸਿਮਰੋ ਤਾਂ ਇਹ ਫਲ ਪਾਓਗੇ ਕਿ ਜਨਮਾਂ ਜਨਮਾਂਤਰਾਂ ਦੇ ਦੁੱਖ ਨਿਵਿਰਤ ਹੋ ਜਾਣਗੇ।

**ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥**

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੇਰੇ ਸਾਰੇ ਕੰਮ ਸਵਾਰੇ ਹਨ।

**ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿਜਨ ਪਾਵਹੁ ॥**

ਹੇ ਹਰੀ ਜਨੋ ! ਹਰੀ ਨਾਮ ਦਾ ਜਾਪ ਜਪੋ, ਤਾਂ ਹਰੀ ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇਗਾ ਅਤੇ ਸੁਖ ਫਲ ਨੂੰ ਪਾਓਗੇ।

**ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਜਨੋ ! ਸੁਣੋ ਸੁਖ ਸਰੂਪ ਹਰੀ ਨਾਮ ਨੂੰ ਧਿਆਵੋ ਤਾਂ ਸੁਖ ਤੇ ਸੋਹਿਲੜਾ=ਅਨੰਦ ਹੋਵੇਗਾ ॥ ੧ ॥

**ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥**

ਜੋ ਹਰੀ ਦੇ ਗੁਣਾਂ ਨੂੰ ਸੁਣ ਕੇ ਪ੍ਰੇਮ ਵਿਚ ਭੀਨੇ=ਭਿੱਜੇ ਹਨ, ਉਹ ਸਹਜੇ ਹੀ ਸੁਭਾਏ=ਸ਼ੋਭਾ ਵਾਲੇ ਹੋਏ ਹਨ। ਅਤੇ ਗੁਰਾਂ ਦੀ ਸਿਖਿਆ ਲੈ ਕੇ ਉਨ੍ਹਾਂ ਨੇ ਸਹਜੇ ਹੀ ਸਤਿਨਾਮੁ ਨੂੰ ਧਿਆਇਆ ਹੈ।

**ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥**

ਜਿਨ੍ਹਾਂ ਨੂੰ ਧੁਰ ਤੋਂ ਚੰਗਾ ਲੇਖ ਲਿਖਿਆ ਹੋਇਆ ਹੈ ਉਨ੍ਹਾਂ ਨੂੰ ਪੂਰਾ ਗੁਰੂ ਮਿਲਿਆ ਹੈ ਅਤੇ ਉਨ੍ਹਾਂ ਦਾ ਜਨਮ ਮਰਨ ਰੂਪ ਡਰ ਭਾਗਾ=ਦੌੜ ਗਿਆ ਹੈ।

**ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥**

ਜਿਸ ਨੇ ਹਿਰਦੇ ਅੰਦਰੋਂ ਦੂਜੀ=ਦ੍ਵੈਤ ਵਾਲੀ ਦੁਰਮਤਿ=ਖੋਟੀ ਬੁੱਧੀ ਨਾਸ਼ ਕੀਤੀ ਹੈ, ਓਹੀ ਜਨੁ=ਪੁਰਸ਼ ਹਰੀ ਦੀ ਲਿਵ ਵਿਚ ਲੱਗਾ ਹੈ।

[ਪੰਨਾ ੭੬੮]

**ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥**

ਜਿਨ੍ਹਾਂ ਨੂੰ ਮੇਰੇ ਸੁਆਮੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਨੇ ਰਾਤ ਦਿਨ ਹਰੀ ਦੇ ਗੁਣ ਗਾਏ ਹਨ।

**ਸੁਣਿ ਮਨ ਭੀਨੇ ਸਹਜਿ ਸੁਭਾਏ ॥ ੨ ॥**

ਹਰੀ ਦੇ ਗੁਣ ਸੁਣ ਕੇ ਮਨ ਆਦਿਕ ਚਤੁਸ਼ਟੇ ਅੰਤਹਕਰਨ ਸੁਤੇ ਸਿਧ ਪ੍ਰੇਮ ਵਿਚ ਭਿੱਜ ਗਏ ਹਨ ॥ ੨ ॥

**ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥**

ਇਸ ਕਲਜੁਗ ਵਿਚ ਰਾਮ ਨਾਮ ਜਪਣ ਕਰ ਕੇ ਹੀ ਸੰਸਾਰ ਤੋਂ ਨਿਸਤਾਰਾ ਹੁੰਦਾ ਹੈ।

ਗੁਰਾਂ ਦੀ ਕਿਰਪਾ ਤੋਂ ਹੀ ਸਬਦੁ=ਬ੍ਰਹਮ ਦਾ ਵੀਚਾਰ ਉਪਜੈ=ਪੈਦਾ ਹੁੰਦਾ ਹੈ।

**ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ॥**

ਗੁਰ-ਉਪਦੇਸ਼ ਦੀ ਵੀਚਾਰ ਤੋਂ ਰਾਮ ਦਾ ਨਾਮ ਪਿਆਰਾ ਲੱਗਦਾ ਹੈ, ਜਿਸ ਪਰ ਕਿਰਪਾ ਕਰਦਾ ਹੈ, ਉਹ ਗੁਰਾਂ ਦਾ ਉਪਦੇਸ਼ ਪਾਉਂਦਾ ਹੈ।

**ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ॥**

ਜੋ ਸਹਿਜੇ-ਸਹਿਜੇ ਦਿਨ ਰਾਤ ਗੁਣਾਂ ਨੂੰ ਗਾਉਂਦਾ ਹੈ, ਉਹ ਸਾਰਿਆਂ ਕਿਲਵਿਖ=ਪਾਪਾਂ ਨੂੰ ਗੁਆ ਲੈਂਦਾ ਹੈ।

**ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ॥**

ਹੇ ਹਰੀ ! ਸਭ ਕੋਈ ਤੇਰਾ ਦਾਸ ਹੈ, ਤੂੰ ਸਾਰਿਆਂ ਦਾ ਮਾਲਕ ਹੈਂ, ਹਉ ਤੇਰਾ=ਮੈਂ ਤੇਰਾ ਸੇਵਕ ਹਾਂ ਤੂੰ ਮੇਰਾ ਠਾਕੁਰ ਹੈਂ।

**ਜੁਗ ਮਹਿ ਰਾਮ ਨਾਮੁ ਨਿਸਤਾਰਾ॥ ੩**

ਇਸ ਕਲਜੁਗ ਵਿਚ ਰਾਮ ਨਾਮ ਜਪਣ ਕਰ ਕੇ ਹੀ ਸੰਸਾਰ ਤੋਂ ਨਿਸਤਾਰਾ ਹੁੰਦਾ ਹੈ॥ ੩॥

**ਸਾਜਨ ਆਇ ਵੁਠੇ ਘਰ ਮਾਹੀ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ॥**

ਜੋ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ ਉਹਨਾਂ ਦੇ ਹਿਰਦੇ-ਘਰ ਵਿਚ ਸੱਜਣ ਪਰਮਾਤਮਾ ਜੀ ਆ ਕੇ ਵੱਸੇ ਹਨ, ਇਸ ਲਈ ਉਹ ਤ੍ਰਿਪਤ ਹੋ ਕੇ ਅਘਾਹੀ=ਰੱਜ ਗਏ ਹਨ।

**ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ॥**

ਜੋ ਹਰੀ ਦੇ ਗੁਣਾਂ ਨੂੰ ਗਾ ਕੇ ਸਦਾ ਤ੍ਰਿਪਤ ਹੋਏ ਹਨ, ਉਹਨਾਂ ਨੂੰ ਫਿਰ ਆ ਕੇ ਭੁੱਖ ਨਹੀਂ ਲੱਗਦੀ।

**ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ॥**

ਉਸ ਹਰੀ ਦੇ ਸੇਵਕ ਜਨ ਦੀ ਦਸੋਂ ਦਿਸ਼ਾਂ ਵਿਚ ਪੂਜਾ ਹੋਵੈ=ਹੁੰਦੀ ਹੈ, ਜੋ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

**ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ॥**

ਗੁਰੂ ਜੀ ਕਥਨ ਕਰਦੇ ਹਨ-ਹਰੀ ਆਪ ਹੀ ਮੇਲਦਾ ਤੇ ਵਿਛੋੜਦਾ ਹੈ, ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

**ਸਾਜਨ ਆਇ ਵੁਠੇ ਘਰ ਮਾਹੀ॥ ੪॥ ੧॥**

ਗੁਰਮੁਖਾਂ ਦੇ ਹਿਰਦੇ-ਘਰ ਵਿਚ ਸੱਜਣ ਪਰਮਾਤਮਾ ਜੀ ਆ ਕੇ ਵੁਠੇ=ਵੱਸੇ ਹਨ॥ ੪॥ ੧॥

**ੴ ਸਤਿਗੁਰ ਪ੍ਰਸਾਦਿ॥ ਰਾਗੁ ਸੂਹੀ ਮਹਲਾ ੩ ਘਰੁ ੩॥**

**ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ॥**

ਭਗਤ ਜਨਾਂ ਦੀ ਪੈਜ ਹਰਿ ਜੀਉ ਆਪ ਰਾਖੈ=ਰੱਖਦਾ ਹੈ।

ਪਰ ਹੇ ਰਾਮ=ਭਾਈ ! ਜੁਗਾਂ ਜੁਗਾਂ ਵਿਚ ਭਗਤਾਂ ਦੀ ਪੈਜ ਰੱਖਦਾ ਆਇਆ ਹੈ।

**ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ॥**

ਅਸਲ ਭਗਤ ਉਹ ਹੈ ਜੋ ਗੁਰਮੁਖਿ=ਗੁਰਾਂ ਦੁਆਰੇ ਰਾਮ ਦੀ ਭਗਤੀ ਵਿਚ ਇਸਥਿਤ ਹੁੰਦਾ ਹੈ, ਅਤੇ ਗੁਰ-ਉਪਦੇਸ਼ ਦੁਆਰਾ ਹਉਮੈ ਨੂੰ ਜਲਾਇਆ=ਸਾੜਿਆ ਹੈ।

**ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ॥**

(੧) ਜਿਸ ਗੁਰੂ ਦੀ ਬਾਣੀ ਸੱਚੀ ਹੈ ਉਸ ਗੁਰੂ ਦੇ ਉਪਦੇਸ਼ ਦੁਆਰਾ ਜਿਸ ਨੇ ਹਉਮੈ ਨੂੰ ਸਾੜਿਆ ਹੈ ਉਹ ਮੇਰੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

(੨) ਜਿਸ ਨੇ ਸ਼ਬਦ ਦੁਆਰਾ ਹਉਮੈ ਨੂੰ ਸਾੜਿਆ ਹੈ, ਉਹ ਮੇਰੇ ਉਸ ਹਰੀ ਪ੍ਰਭੂ ਨੂੰ ਭਾ ਗਿਆ ਹੈ, ਜਿਸ ਹਰੀ ਦੀ ਵੇਦ ਬਾਣੀ, ਵਾ:-ਨਾਮ-ਬਾਣੀ ਸੱਚੀ ਹੈ।

**ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ॥**

ਗੁਰਮੁਖ-ਜਨ ਦਿਨ ਰਾਤ ਸੱਚੀ ਭਗਤੀ ਕਰਦੇ ਹਨ ਜਿਸ ਭਗਤੀ ਦੀ ਮਹਿਮਾ ਗੁਰਮੁਖਿ=ਮੁਖੀ ਗੁਰਾਂ ਨੇ ਅਤੇ ਵੇਦਾਂ ਸ਼ਾਸਤਰਾਂ ਨੇ ਆਖ ਕੇ ਕਥਨ ਕੀਤੀ ਹੈ।

**ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ॥**

ਉਹਨਾਂ ਭਗਤਾਂ ਦੀ ਚਾਲ ਸੱਚੀ ਤੇ ਵੱਡੀ ਨਿਰਮਲ ਹੈ, ਕਿਉਂਕਿ ਉਹਨਾਂ ਦੇ ਮਨ ਵਿਚ ਸੱਚਾ ਨਾਮ ਭਾਇਆ ਹੈ।

**ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਸੱਚੇ ਦਰਬਾਰ ਅੰਦਰ ਸ਼ੋਭਾ ਪਾਉਂਦੇ ਹਨ, ਜਿਨੀ=ਜਿਨ੍ਹਾਂ ਨੇ ਸੱਚ ਹੀ ਸੱਚ ਨੂੰ ਕਮਾਇਆ ਹੈ॥ ੧ ॥

**ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ॥**

ਭਗਤਾਂ ਦੀ ਜ਼ਾਤੀ ਤੇ ਪਤਿ=ਪਤਿਸ਼ਟਾ (ਇੱਜ਼ਤ) ਹਰੀ ਹੀ ਹੈ, ਕਿਉਂਕਿ ਭਗਤ-ਜਨ ਹਰੀ ਦੇ ਨਾਮ ਵਿਚ ਸਮਾਣੇ=ਸਮਾਏ ਹੋਏ ਹਨ।

**ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ॥**

ਜਿਨ੍ਹਾਂ ਭਗਤਾਂ ਨੇ ਰਾਮ ਨਾਮ ਨੂੰ ਜਪ ਕੇ ਗੁਣ ਤੇ ਔਗੁਣਾਂ ਨੂੰ ਪਛਾਣ ਲਿਆ ਹੈ,
ਉਹ ਹਰੀ ਦੀ ਭਗਤੀ ਕਰਦੇ ਹਨ ਅਤੇ ਹਿਰਦੇ ਵਿੱਚੋਂ ਹੰਕਾਰ ਨੂੰ ਗਵਾ ਦੇਂਦੇ ਹਨ।

**ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ॥**

ਜੋ ਸ਼ੁਭ-ਗੁਣ ਤੇ ਔਗੁਣਾਂ ਦੀ ਪਛਾਣ ਕਰ ਕੇ ਹਰੀ ਨਾਮ ਨੂੰ ਕਥਨ ਕਰਦੇ ਹਨ, ਉਹਨਾਂ ਨੂੰ ਭੈ ਦੇ ਸਹਿਤ ਪ੍ਰਭੂ ਦੀ ਪ੍ਰੇਮਾ ਭਗਤੀ ਮੀਠੀ=ਪਿਆਰੀ ਲੱਗੀ ਹੈ।

**ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ॥**

ਅਨਦਿਨੁ=ਇਕ-ਰਸ ਦਿਨ ਰਾਤ ਭਗਤੀ ਕਰਦੇ ਰਹਿੰਦੇ ਹਨ
ਅਤੇ ਘਰ ਦੇ ਵਿਚ ਹੀ ਬੈਰਾਗੀ=ਤਿਆਗੀ (ਸਾਧੂ) ਹੋ ਕੇ ਰਹਿੰਦੇ ਹਨ।

**ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ॥**

ਜੋ ਭਗਤੀ ਵਿਚ ਰਤੇ ਹੋਏ ਹਨ, ਉਹਨਾਂ ਦਾ ਮਨ ਸਦਾ ਨਿਰਮਲ ਹੈ,
ਇਸ ਲਈ ਉਹ ਹਰਿ ਜੀ ਨੂੰ ਸਦੀਵ ਕਾਲ ਆਪਣੇ ਨਾਲ ਵੇਖਦੇ ਹਨ।

**ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਾਲੇ॥ ੨॥**

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਹਰੀ ਦੇ ਦਰਬਾਰ ਵਿਚ ਸੱਚੇ ਹਨ,
ਜੋ ਰਾਤ ਦਿਨ ਪ੍ਰਭੂ ਦੇ ਨਾਮ ਨੂੰ ਸੰਭਾਲਦੇ ਹਨ॥ ੨॥

**ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥**

ਸਤਿਗੁਰਾਂ ਦੇ ਉਪਦੇਸ਼ ਲਏ ਤੋਂ ਬਿਨਾਂ ਮਨਮੁਖ-ਲੋਕ ਭਗਤੀ ਕਰਦੇ ਹਨ,
ਪਰ ਸਤਿਗੁਰਾਂ ਤੋਂ ਬਿਨਾਂ ਰਾਮ ਦੀ ਭਗਤੀ ਕੀਤੀ ਹੋਈ ਪ੍ਰਵਾਨ ਨਹੀਂ ਹੁੰਦੀ।

**ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥**

ਮਾਇਆ ਦੇ ਹਉਮੈ ਰੂਪੀ ਰੋਗ ਵਿਚ ਵਿਆਪੇ=ਲੱਗੇ ਹੋਏ ਹਨ,
ਰਾਮ ਨਾਮ ਤੋਂ ਬਿਨਾਂ ਉਹਨਾਂ ਨੂੰ ਜਨਮ ਮਰਨ ਦਾ ਦੁੱਖ ਹੁੰਦਾ ਰਹਿੰਦਾ ਹੈ।

**ਮਰਿ ਜਨਮਹਿ ਦੁਖੁ ਹੋਈ**
**ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ॥**

ਜਨਮ ਮਰਨ ਦਾ ਦੁੱਖ ਹੁੰਦਾ ਹੈ, ਦ੍ਵੈਤ ਭਾਵ ਨੇ ਸਾਰੀ ਪਰਜਾ ਵਿਗੋਈ=ਖ਼ਰਾਬ ਕਰ ਦਿੱਤੀ ਹੈ,
ਗੁਰੂ ਤੋਂ ਬਿਨਾਂ ਕਿਸੇ ਨੇ ਤਤੁ=ਸਿਧਾਂਤ ਨੂੰ ਨਹੀਂ ਜਾਣਿਆ।

**ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ॥**

ਪ੍ਰਭੂ ਦੀ ਭਗਤੀ ਤੋਂ ਬਿਨਾਂ ਸਾਰਾ ਸੰਸਾਰ ਭਰਮਿਆ=ਭਟਕ ਰਿਹਾ ਹੈ
'ਤੇ ਅੰਤ ਨੂੰ ਪਛਤਾਉਂਦਾ ਹੀ ਚਲਾ ਗਿਆ ਹੈ।

[ਪੰਨਾ ੭੬੯]

**ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥**

ਕ੍ਰੋੜਾਂ ਮਧੇ=ਵਿੱਚੋਂ ਕਿਸੇ ਵਿਰਲੇ ਨੇ ਹੀ ਉਸ ਸੱਚੇ ਹਰੀ ਦੇ ਨਾਮਾਂ ਨੂੰ ਪਛਾਣਿਆ ਹੈ।

## ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਦੇ ਨਾਮ ਜਪਣ ਕਰਕੇ ਹੀ ਵਡਿਆਈ ਮਿਲਦੀ ਹੈ, ਦੂਜੇ ਪੁਰਸ਼ਾਂ ਨੇ ਦ੍ਵੈਤ ਭਾਅ ਵਿਚ ਲੱਗ ਕੇ ਆਪਣੀ ਪਤਿ=ਇੱਜ਼ਤ ਖੋਹ ਲਈ ਹੈ॥ ੩॥

## ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ॥

(੧) ਭਗਤਾਂ ਦੇ ਅੰਤਹਕਰਨ ਰੂਪ ਘਰ ਵਿਚ ਏਹੋ ਸੱਚਾ ਕੰਮ ਹੈ, ਜੋ ਸਦਾ ਹੀ ਹਰੀ ਰਾਮ ਦੇ ਗੁਣਾਂ ਨੂੰ ਵਖਾਣੇ=ਕਥਨ ਕਰਦੇ ਹਨ।

(੨) ਭਗਤਾਂ ਦੇ ਘਰ ਵਿਚ ਪ੍ਰਭੂ ਦੇ ਨਾਲ ਵਿਆਹ ਦਾ ਸੱਚਾ ਕਾਰਜ ਹੈ, ਇਸ ਕਰਕੇ ਹਰੀ ਰਾਮ ਦੇ ਗੁਣਾਂ ਨੂੰ ਸਦਾ ਹੀ ਕਥਨ ਕਰਦੇ ਹਨ।

## ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ॥

ਵਾਹਿਗੁਰੂ ਨੇ ਆਪ ਹੀ ਭਗਤਾਂ ਨੂੰ ਭਗਤੀ ਰੂਪ ਖ਼ਜ਼ਾਨਾ ਦਿੱਤਾ ਹੈ, ਇਸ ਕਰਕੇ ਭਗਤ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਰਾਮ ਵਿਚ ਸਮਾਏ ਹਨ।

## ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ॥

ਭਗਤਾ ਨੇ ਗੁਰਾਂ ਪਾਸੋਂ ਸਚ-ਨਾਮ ਰੂਪੀ ਖ਼ਜ਼ਾਨਾ ਪਾਇਆ ਹੈ, ਇਸ ਤੇ ਉਹ ਹਰੀ ਦੇ ਮਨ ਨੂੰ ਭਾਣੇ=ਚੰਗੇ ਲੱਗੇ ਹਨ ਤੇ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਹਰੀ ਵਿਚ ਸਮਾਏ ਹਨ।

## ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ॥

ਨਾਮ ਰੂਪ ਖ਼ਜ਼ਾਨਾ ਸਦਾ ਅਖੁਟ ਹੈ, ਕਦੇ ਭੀ ਨਹੀ ਮੁਕਦਾ, ਹਰੀ ਨੇ ਸੁਤੇ-ਸਿਧ ਭਗਤਾਂ ਨੂੰ ਦਿੱਤਾ ਹੈ।

## ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ॥

ਹਰੀ ਦੇ ਭਗਤ-ਜਨ ਉੱਚੇ ਹਨ ਪਰ ਸਦਾ ਹੀ ਸਭ ਤੋਂ ਉੱਚੇ ਹਨ, ਵਾ:-ਸਭ ਤੋਂ ਉੱਚੇ ਜੋ ਬ੍ਰਹਮਾ ਆਦਿਕ ਹਨ ਉਨ੍ਹਾਂ ਤੋਂ ਭੀ ਉੱਚੇ ਹਨ, ਗੁਰਾਂ ਦੇ ਉਪਦੇਸ਼ ਕਰਕੇ ਉਨ੍ਹਾਂ ਦਾ ਅੰਤਹਕਰਨ ਸ਼ੋਭਨੀਕ ਹੋਇਆ ਹੈ। ਵਾ:-ਉਹ ਆਪ ਸੁਹਾਇਆ=ਸ਼ੋਭਾ ਵਾਲੇ ਹੋਏ ਹਨ।

## ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ॥ ੪ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨੇ ਬਖ਼ਸ਼ ਕੇ ਆਪਣੇ ਨਾਲ ਮਿਲਾ ਲਿਆ ਹੈ,
ਇਸ ਕਰਕੇ ਉਨ੍ਹਾਂ ਨੇ ਜੁਗਾਂ ਜੁਗਾਂ ਵਿਚ ਸ਼ੋਭਾ ਨੂੰ ਪਾਇਆ ਹੈ॥ ੪॥ ੧॥ ੨॥

## ਸੂਹੀ ਮਹਲਾ ੩ ॥

## ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥

ਜਿਥੇ ਸੱਚੇ ਰਾਮ ਦੀ ਪ੍ਰਾਪਤੀ ਦਾ ਵਿਚਾਰ ਹੁੰਦਾ ਹੈ, ਹੇ ਭਾਈ! ਤੂੰ ਓਥੇ ਜਾ ਸੱਚੇ ਸ਼ਬਦ ਦੁਆਰਾ ਪ੍ਰਭੂ ਦਾ ਸੱਚਾ ਸੋਹਿਲਾ=ਜਸ ਉਚਾਰਨਾ ਕਰ।

## ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥

ਜਿਸ ਨੇ ਸਤਸੰਗ ਵਿਚ ਜਾ ਕੇ ਸੱਚੇ ਰਾਮ ਦਾ ਜਸ ਹਿਰਦੇ ਵਿਚ ਧਾਰ ਰਖਿਆ ਹੈ,
ਉਸ ਨੇ ਹਉਮੈ ਅਤੇ ਸਾਰਿਆਂ ਕਿਲਵਿਖਾਂ ਨੂੰ ਕੱਟ ਦਿੱਤਾ ਹੈ।

## ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ॥

ਜਿਨ੍ਹਾਂ ਨੇ ਸੱਚ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ ਉਨ੍ਹਾਂ ਨੂੰ ਪ੍ਰਭੂ ਨੇ ਇਸ ਸੰਸਾਰ ਤੋਂ ਤਾਰ ਲਿਆ ਹੈ, ਇਹ ਜਨਮ ਬੀਤ ਗਿਆ ਤਾਂ ਫਿਰ ਸੰਸਾਰ-ਸਮੁੰਦਰ ਤੋਂ ਤਰਨਾ ਨਹੀਂ ਹੋਵੇਗਾ।

## ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ॥

ਉਹ ਸਤਿਗੁਰੂ ਸੱਚਾ ਹੈ, ਉਸ ਦੀ ਬਾਣੀ ਭੀ ਸੱਚੀ ਹੈ,
ਜਿਸ ਗੁਰੂ ਨੇ ਸਾਨੂੰ ਉਹ ਸੱਚਾ ਪ੍ਰਭੂ ਦਿਖਾਇਆ ਹੈ।

## ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ॥

ਜੋ ਸੱਚੇ ਪ੍ਰਭੂ ਦੇ ਜਸ-ਰੂਪ ਗੁਣਾਂ ਨੂੰ ਗਾਉਂਦਾ ਹੈ ਉਹ ਸਚੁ ਵਿਚ ਸਮਾਉਂਦਾ ਹੈ,
ਕਿਉਂਕਿ ਉਹ ਸਾਰਿਆਂ ਨੂੰ ਸੱਚ-ਸਰੂਪ ਹੀ ਦੇਖਦਾ ਹੈ।
*ਅਥਵਾ:*-ਉਹ ਸਭ ਵਿਚ ਸੱਚੇ ਵਾਹਿਗੁਰੂ ਨੂੰ ਹੀ ਦੇਖਦਾ ਹੈ।

## ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸਾਹਿਬੁ=ਮਾਲਕ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਉਸ ਸੱਚ ਨੂੰ ਜਪਿਆਂ ਹੀ ਨਿਸਤਾਰਾ ਹੋਣਾ ਹੈ॥ ੧ ॥

## ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥

ਸੱਚਿਆਂ ਸਤਿਗੁਰਾਂ ਨੇ ਹੀ ਸੱਚ-ਸਰੂਪ ਪਰਮਾਤਮਾ ਬੁਝਾਇਆ ਹੈ,
ਉਹ ਸੱਚਾ ਰਾਮ ਹੀ ਪਤ-ਆਬਰੋ ਦੇ ਰੱਖਣ ਵਾਲਾ ਹੈ।

## ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥

ਜੋ ਨਾਮ ਜਪਦਾ ਹੈ ਉਸ ਦਾ ਭੋਜਨ ਖਾਧਾ ਸਚਾ=ਸਫਲ ਹੈ, ਉਸ ਦਾ ਭਾਉ=ਪ੍ਰੇਮ ਭੀ ਸਚਾ=ਸਫਲ ਹੈ, ਸੱਚੇ ਰਾਮ ਦੇ ਨਾਮ ਜਪਣ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

## ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥

ਸੱਚੇ ਨਾਮੀ ਦੇ ਨਾਮ ਜਪਣ ਕਰਕੇ ਜਿਨ੍ਹਾਂ ਨੂੰ ਸੁਖ ਹੋਇਆ ਹੈ, ਉਨ੍ਹਾਂ ਵਿੱਚੋ ਕੋਈ ਮਰਦਾ ਨਹੀਂ ਹੈ ਅਤੇ ਨਾ ਹੀ ਗਰਭ ਜੂਨੀ ਵਿਚ ਵਾਸਾ ਪਾਉਂਦਾ ਹੈ।

## ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥

ਜਿਸ ਨੇ ਸੱਚ ਨਾਮ ਨੂੰ ਪਰਗਾਸਾ=ਉਚਾਰਿਆ ਹੈ,

*ਅਥਵਾ:*-ਸੱਚ ਨਾਮ ਕਰਕੇ ਪਰਗਾਸਾ=ਗਿਆਨ ਹੋਇਆ ਹੈ, ਜੋਤੀ ਪਰਮਾਤਮਾ ਨੇ ਆਪਣੇ ਵਿਚ ਉਸ ਦੀ ਜੋਤ ਮਿਲਾ ਲਈ ਹੇ, ਏਸੇ ਕਰਕੇ ਉਸ ਦੀ ਸੱਚ ਵਿਚ ਸਮਾਈ=ਅਭੇਦਤਾ ਹੋਈ ਹੈ।

**ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥**

ਅਨਦਿਨੁ=ਰਾਤ ਦਿਨ ਸੱਚ ਨੂੰ ਧਿਆਉਂਦਿਆਂ-ਧਿਆਉਂਦਿਆਂ ਜਿਨ੍ਹਾਂ ਨੇ ਸੱਚ ਨੂੰ ਜਾਤਾ=ਜਾਣ ਲਿਆ ਹੈ, ਉਹ ਸੱਚੇ ਦਾ ਸਰੂਪ ਹੋਏ ਹਨ।

**ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਹਿਰਦੇ ਵਿਚ ਸੱਚ-ਨਾਮ ਵੱਸਿਆ ਹੈ ਉਹ ਵਿਛੋੜੇ ਦਾ ਦੁੱਖ ਨਹੀਂ ਪਾਉਂਦੇ।

*ਅਥਵਾ:*-ਉਹ ਪ੍ਰਭੂ ਤੋਂ ਵਿਛੜ ਕੇ ਦੁੱਖ ਨਹੀਂ ਪਾਉਂਦੇ॥ ੨॥

**ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ॥**

ਜੋ ਗੁਰਾਂ ਦੀ ਸੱਚੀ ਉਪਦੇਸ਼-ਬਾਣੀ ਕਰਕੇ ਸੱਚੇ ਦੇ ਗੁਣਾਂ ਨੂੰ ਗਾਉਂਦੇ ਹਨ,
ਰਾਮ ਦੀ ਕਿਰਪਾ ਨਾਲ ਉਨ੍ਹਾਂ ਦੇ ਘਰ ਵਿਚ ਸੋਹਿਲਾ=ਅਨੰਦ ਹੁੰਦਾ ਹੈ।

**ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ॥**

ਨਿਰਮਲ ਪ੍ਰਭੂ ਦੀ ਪ੍ਰਾਪਤੀ ਕਰਨ ਵਾਲੇ ਸੱਚੇ ਗੁਣਾਂ ਕਰਕੇ ਉਨ੍ਹਾਂ ਦਾ ਤਨ ਮਨ ਸਾਚਾ=ਸਫਲ ਹੋਇਆ ਹੈ, ਅਤੇ ਉਨ੍ਹਾਂ ਦੇ ਹਿਰਦੇ ਵਿਚ ਉਹ ਰਾਮ ਸੱਚਾ ਪ੍ਰਭੂ ਪੁਰਖ ਵੱਸ ਰਿਹਾ ਹੈ।

**ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ॥**

(੧) ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੇ ਸੱਚਾ ਪ੍ਰਭੂ ਵਰਤ ਰਿਹਾ ਹੈ, ਇਸ ਕਰਕੇ ਸੱਚ ਨੂੰ ਬੋਲਦੇ ਹਨ, ਸੱਚਾ ਵਾਹਿਗੁਰੂ ਜੋ ਕਰਦਾ ਹੈ ਓਹੀ ਕੁਝ ਹੁੰਦਾ ਹੈ।

(੨) ਉਹ ਸਾਰਿਆਂ ਨਾਲ ਸੱਚਾ ਵਰਤਾਰਾ ਕਰਦੇ ਹਨ, ਸੱਚ ਨੂੰ ਹੀ ਬੋਲਦੇ ਹਨ, ਉਹ ਜੋ ਮੂੰਹੋਂ ਬੋਲਣਾ ਕਰਦੇ ਹਨ ਉਹ ਸੱਚ ਹੀ ਹੁੰਦਾ ਜਾਂਦਾ ਹੈ।

**ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥**

ਜਿੱਥੇ ਦੇਖਿਆ ਹੈ ਤਿੱਥੇ ਸੱਚ ਨੂੰ ਹੀ ਪਸਰਿਆ ਦੇਖਿਆ ਹੈ,
ਉਸ ਤੋਂ ਬਿਨਾਂ ਅਵਰੁ=ਹੋਰ ਕੋਈ ਦੂਜਾ ਨਹੀਂ ਹੈ।

**ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ॥**

ਇਹ ਜੀਵ ਸੱਚ ਤੋਂ ਉਪਜੈ=ਪੈਦਾ ਹੋਏ ਹਨ, ਅੰਤ ਨੂੰ ਸੱਚ ਵਿਚ ਹੀ ਸਮਾਉਂਦੇ ਹਨ,
ਜਿਨ੍ਹਾਂ ਦੇ ਅੰਦਰ ਦੂਜਾ=ਦ੍ਵੈਤ-ਭਾਵ ਹੁੰਦਾ ਹੈ, ਉਹ ਜੰਮਦੇ ਮਰਦੇ ਹਨ।

**ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ॥੩॥**

ਗੁਰੂ ਜੀ ਕਥਨ ਕਰਦੇ ਹਨ-ਉਹ ਕਰਤਾ ਪੁਰਖ ਸਭ ਕੁਝ ਆਪ ਹੀ ਕਰਦਾ ਹੈ

ਅਤੇ ਉਹ ਆਪ ਹੀ ਹੋਰਨਾਂ ਪਾਸੋਂ ਕਰਾਉਂਦਾ ਹੈ॥ ੩॥

**ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ॥**

ਹੇ ਰਾਮ=ਭਾਈ ! ਜੋ ਸੱਚ ਹੀ ਸੱਚ ਨੂੰ ਵਖਾਣੇ=ਕਥਨ ਕਰਦੇ ਹਨ,
ਉਹ ਸੱਚੇ ਭਗਤ ਦਰਬਾਰ ਵਿਚ ਸੋਹਹਿ=ਸ਼ੋਭਾ ਪਾਉਂਦੇ ਹਨ।

**ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ॥**

ਜਿਨ੍ਹਾਂ ਦੇ ਅੰਦਰ ਸੱਚੀ ਰਾਮ ਨਾਮ ਬਾਣੀ ਹੈ, ਉਹ ਆਪਣੇ ਸੱਚੇ ਸਰੂਪ ਨੂੰ ਪਛਾਣ ਲੈਂਦੇ ਹਨ।

**ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥**

ਜ਼ਾਂ ਆਪਣੇ ਸਰੂਪ ਨੂੰ ਪਛਾਨਣ ਤਾਂ ਹੀ ਸੱਚ ਨੂੰ ਜਾਣਦੇ ਹਨ,
ਪਰ ਸੱਚੇ ਗੁਰੂ ਤੋਂ ਆਪਣੇ ਸਰੂਪ ਦੇ ਪਛਾਨਣ ਦੀ ਸੋਝੀ=ਗਿਆਤ ਹੁੰਦੀ ਹੈ।

**ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ॥**

ਜਿਸ ਗੁਰੂ ਦਾ ਸਬਦੁ=ਉਪਦੇਸ਼ ਸੱਚਾ ਹੈ ਤੇ ਸ਼ੋਭਾ ਵੀ ਸੱਚੀ ਹੈ, ਉਸ ਸੱਚੇ ਗੁਰੂ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

**ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥**

ਜੋ ਸੱਚ-ਨਾਮ ਵਿਚ ਰਤੇ=ਲੀਨ ਹੋਏ ਹਨ ਉਹ ਭਗਤ ਇਕ ਪ੍ਰਭੂ ਦੇ ਰੰਗੀ=ਅਨੰਦ ਵਾਲੇ ਹਨ,
ਉਹਨਾਂ ਨੂੰ ਹੋਰ ਕੋਈ ਦੂਜਾ ਰੰਗੁ=ਅਨੰਦ ਨਹੀਂ ਭਾਉਂਦਾ।

**ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥੪॥੨॥੩॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੋਇਆ ਹੈ, ਉਸ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ॥ ੪॥ ੨॥ ੩॥

## ਸੂਹੀ ਮਹਲਾ ੩॥

**ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ॥**

ਜੇਕਰ ਇਹ ਜੀਵ ਰੂਪ ਇਸਤ੍ਰੀ ਚਾਰੇ ਜੁਗਾਂ ਵਿਚ ਭੀ ਭਵੈ=ਫਿਰਦੀ ਰਹੇ, ਤਾਂ ਭੀ ਸਤਿਗੁਰਾਂ ਤੋਂ ਬਿਨਾਂ ਰਾਮ-ਪਤੀ ਦੀ ਪ੍ਰਾਪਤੀ ਨਹੀਂ ਹੁੰਦੀ।

**ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ॥**

ਹਰੀ ਦਾ ਰਾਜੁ=ਪ੍ਰਕਾਸ਼, ਵਾ:-ਹੁਕਮ ਸਦਾ ਨਿਸਚਲ ਹੈ,
ਉਸ ਰਾਮ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ ਹੈ।

[ਪੰਨਾ ੭੭੦]

**ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ॥**

ਉਸ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ ਹੈ, ਉਹ ਸੱਚਾ ਸਦੀਵ ਕਾਲ ਰਹਿੰਦਾ ਹੈ, ਗੁਰਮੁਖਾਂ ਨੇ ਗੁਰਾਂ

ਦੁਆਰੇ ਉਸ ਇਕ ਨੂੰ ਜਾਣਿਆ=ਜਾਣ ਲਿਆ ਹੈ।

**ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥**

ਉਸ ਜਗਿਆਸੂ ਰੂਪ ਧਨ=ਇਸਤ੍ਰੀ ਦਾ ਪਤੀ-ਪਰਮਾਤਮਾ ਨਾਲ ਮਿਲਾਪ ਹੋਇਆ ਹੇ, ਜਿਸ ਦਾ ਗੁਰ-ਸਿਖਿਆ ਉਤੇ ਮਨ ਮੰਨਿਆ ਗਿਆ ਹੈ।

**ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥**

ਪੂਰਾ ਸਤਿਗੁਰੂ ਮਿਲਿਆ ਤਾਂ ਹੀ ਹਰੀ ਨਾਮ-ਸਿਮਰਨ ਕਰਨਾ ਪਾਇਆ,
ਹਰੀ ਨਾਮ-ਸਿਮਰਨ ਤੋਂ ਬਿਨਾਂ ਕਿਸੇ ਦੀ ਭੀ ਮੁਕਤੀ ਨਹੀਂ ਹੋਈ।

**ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਮਨ ਵਿਚ ਨਾਮ ਜਪਣਾ ਮੰਨਿਆਂ ਹੈ, ਉਹ (ਜੀਵ ਰੂਪ) ਇਸਤਰੀ ਕੰਤੈ ਰਾਵੇ=ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਵੇ=ਮਾਣਦੀ ਹੈ ਅਤੇ ਓਸੇ ਨੂੰ ਸੁਖ ਦੀ ਪਰਾਪਤੀ ਹੁੰਦੀ ਹੈ ॥ ੧ ॥

**ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥**

ਹੇ ਧਨ ਬਾਲੜੀਏ=ਅਗਿਆਤ ਇਸਤਰੀਏ ! ਸਤਿਗੁਰਾਂ ਨੂੰ ਸੇਵਨਾ ਕਰ, ਤਦ ਉਸ ਹਰੀ ਰਾਮ ਰੂਪ ਵਰੁ=ਪਤੀ ਨੂੰ ਪਾਵੇਂਗੀ।

**ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥**

ਸਦਾ ਹੀ ਸੁਹਾਗਵੰਤੀ ਹੋਵੇਂਗੀ, ਰਾਮ ਦੀ ਕਿਰਪਾ ਕਰਕੇ ਫਿਰ ਤੇਰਾ ਵੇਸੁ=ਲਿਬਾਸ ਕਦੇ ਮੈਲਾ ਨਹੀਂ ਹੋਵੇਗਾ। ਭਾਵ ਖੋਟਿਆਂ ਕਰਮਾਂ ਦੇ ਕਰਨ ਵਾਲੀ ਨਹੀਂ ਹੋਵੇਂਗੀ।

**ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥**

ਫਿਰ ਤੇਰਾ ਵੇਸ ਮੈਲਾ ਨਹੀਂ ਹੋਵੇਗਾ, ਜਿਹੜੀ ਕੋਈ ਗੁਰਮੁਖਿ=ਗੁਰਾਂ ਦੁਆਰੇ ਨਾਮ-ਸਿਮਰਨ ਨੂੰ ਬੁਝਦੀ ਹੈ ਉਸ ਨੇ ਹੰਗਤਾ ਮਮਤਾ ਨੂੰ ਮਾਰ ਕੇ ਸਰੂਪ ਨੂੰ ਪਛਾਣਿਆ ਹੈ।

**ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥**

ਜੋ ਗੁਰ ਉਪਦੇਸ਼ ਵਿਚ ਸਮਾ ਕੇ 'ਕਰਣੀ ਕਾਰ ਕਮਾਵੈ'=ਭਗਤੀ ਰੂਪ ਕਾਰ ਕਮਾਉਂਦੀ ਹੈ ਉਸ ਨੇ ਹਿਰਦੇ ਵਿਚੋਂ ਹੀ ਇਕ ਪ੍ਰਭੂ ਨੂੰ ਜਾਣ ਲਿਆ ਹੈ।

**ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥**

ਜੋ ਗੁਰਾਂ ਦੁਆਰੇ ਆਪਣੇ ਪ੍ਰਭੂ ਦੇ ਨਾਮ ਨੂੰ ਦਿਨ ਰਾਤ ਰਾਵੇ=ਉਚਾਰਦੀ (ਜਪਦੀ) ਹੈ, ਉਸ ਦੀ ਸੱਚੀ ਸ਼ੋਭਾ ਹੁੰਦੀ ਹੈ।

*ਯਥਾ:-"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥"* *(ਬਾਰਹ ਮਾਹ, ਪੰਨਾ ੧੩੬)*

**ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਜੋ (ਜਗਿਆਸੂ ਰੂਪ) ਇਸਤਰੀ ਆਪਣੇ ਪਤੀ ਨੂੰ ਰਾਵੇ=ਉਚਾਰਦੀ ਭਾਵ-

ਉਸ ਦਾ ਨਾਮ ਜਪਦੀ ਹੈ, (ਉਹ ਇਸ ਤਰ੍ਹਾਂ ਨਿਸਚੇ ਕਰਦੀ ਹੈ ਕਿ) ਉਹ ਪ੍ਰਭੂ ਸਾਰਿਆਂ ਵਿਚ ਰਵਿ ਰਹਿਆ= ਭਰਪੂਰ ਹੋ ਰਿਹਾ ਹੈ॥ ੨॥

**ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ॥**

ਜੋ ਧਨ ਬਾਲੜੀਏ=ਅਗਿਆਤ (ਬੇ-ਸਮਝ) ਇਸਤਰੀ ਗੁਰਾਂ ਦੀ (ਦੱਸੀ ਹੋਈ) ਕਾਰ (ਨੂੰ) ਕਰਦੀ ਹੈ, ਉਸ ਨੂੰ ਰਾਮ ਰੂਪ ਗੁਰੂ ਸਾਹਿਬ ਜੀ (ਹਰੀ ਰੂਪ) ਵਰੁ=ਪਤੀ ਨਾਲ ਮਿਲਾ ਦੇਂਦੇ ਹਨ।

**ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ॥**

ਉਹ (ਜਗਿਆਸੂ ਰੂਪ) ਇਸਤਰੀ ਹਰੀ ਦੇ ਰੰਗਿ=ਪ੍ਰੇਮ। ਵਾ:-ਅਨੰਦ ਵਿਚ ਰਤੀ=ਮਿਲੀ ਰਹਿੰਦੀ ਹੈ, ਅਤੇ ਪ੍ਰੀਤਮ=ਪਿਆਰੇ ਪ੍ਰਭੂ ਨਾਲ ਮਿਲ ਕੇ ਸੁਖ ਪਾਉਂਦੀ ਹੈ।

**ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ॥**

ਪ੍ਰੀਤਮ ਨਾਲ ਮਿਲ ਕੇ ਸੁਖ ਨੂੰ ਪਾਉਂਦੀ ਹੈ ਅਤੇ ਉਸ ਸੱਚ ਵਿਚ ਸਮਾ ਜਾਦੀ ਹੈ ਜੋ ਸੱਚਾ ਸਭ ਜਗ੍ਹਾ ਤੇ ਵਰਤ ਰਿਹਾ ਹੈ।

**ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ॥**

ਜੋ ਇਸਤਰੀ ਦਿਨ ਰਾਤ ਸੱਚਾ ਸ਼ਿੰਗਾਰ ਕਰਦੀ ਹੈ, ਉਸ ਦੀ ਸੱਚ ਵਿਚ ਸਮਾਈ ਹੁੰਦੀ ਹੈ।

**ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ॥**

ਸੁਖਦਾਤੇ ਹਰੀ ਨੂੰ ਜਿਸ ਨੇ ਗੁਰ ਉਪਦੇਸ਼ ਕਰਕੇ ਪਛਾਣਿਆ ਹੈ, ਉਸ ਕਾਮਣਿ=ਇਸਤਰੀ ਨੂੰ ਪਤੀ (ਪਰਮਾਤਮਾ) ਨੇ ਗਲ ਨਾਲ ਲਾ ਲਿਆ ਹੈ।

**ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ॥ ੩॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਮਹਲੀ=(ਜਗਿਆਸੂ ਰੂਪ) ਇਸਤਰੀ ਨੇ ਗੁਰ-ਸਿਖਿਆ ਕਰਕੇ ਮਹਲੁ=ਸਰੂਪ ਨੂੰ ਪਛਾਣਿਆ ਹੈ, ਉਸ ਨੇ ਹਰੀ ਨੂੰ ਪਾਇਆ ਹੈ।॥ ੩॥

**ਸਾਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ॥**

ਮੇਰੇ ਰਾਮ ਪ੍ਰਭੂ ਨੇ ਜੋ ਇਸਤਰੀ ਆਪਣੇ ਨਾਲ ਮਿਲਾਈ ਹੈ, ਉਹ ਬਾਲੀ=ਅਗਿਆਤ ਸਾਧਨ ਇਸਤਰੀ ਧੁਰ ਤੋਂ ਭਜਨ-ਸਿਮਰਨ ਵਿਚ ਮੇਲੀ ਹੋਈ ਸੀ, ਭਾਵ ਉਹ ਪਹਿਲੇ ਹੀ ਭਗਤੀ ਕਰਦੀ ਆਈ ਸੀ।

**ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ॥**

ਗੁਰ=ਸਿਖਿਆ ਕਰਕੇ ਹਿਰਦੇ ਵਿਚ ਇਹ ਚਾਨਣ ਹੋਇਆ ਹੈ ਕਿ ਪ੍ਰਭੂ ਰਾਮ ਸਾਰੀਆਂ ਜਗ੍ਹਾਂ ਪਰ ਰਵਿ=ਭਰਪੂਰ ਹੋ ਰਿਹਾ ਹੈ।

**ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ॥**

ਪ੍ਰਭੂ ਸਾਰੀਆਂ ਜਗ੍ਹਾਂ ਪਰ ਰਵ ਰਹਿਆ ਹੈ, ਪੂਰਬਲੇ ਲਿਖੇ ਅਨੁਸਾਰ ਜਿਸ ਨੇ ਗੁਰਾਂ ਨੂੰ ਪਾਇਆ ਹੈ ਓਸੇ ਨੇ ਮਨ ਵਿਚ ਗੁਰ-ਸਿਖਿਆ ਵਸਾਈ ਹੈ।

**ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ॥**

ਜਿਸ ਨੇ ਸੱਚ (ਆਦਿਕ ਸ਼ੁਭ ਗੁਣਾਂ) ਦਾ ਸ਼ਿੰਗਾਰ ਬਣਾਇਆ ਹੈ, ਉਹ (ਜੀਵ ਰੂਪ) ਇਸਤਰੀ ਮੇਰੇ ਪ੍ਰਭੂ ਨੂੰ ਭਾਣੀ=ਚੰਗੀ ਲੱਗੀ ਹੈ, ਉਸੇ ਦੀ ਅੰਤਹਕਰਨ ਰੂਪੀ ਸੇਜਾ ਸੁਖਾਲੀ=ਸੁਖਦਾਈ ਹੋਈ ਹੈ।

**ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ॥**

ਉਹ (ਜੀਵ ਰੂਪ) ਇਸਤਰੀ ਨਿਰਮਲ ਹੈ, ਜਿਹੜੀ ਗੁਰ-ਸਿਖਿਆ ਦੁਆਰੇ ਹੰਗਤਾ-ਮਮਤਾ ਰੂਪੀ ਮੈਲ ਨੂੰ ਖੋਹ ਕੇ ਸੱਚ-ਸਰੂਪ ਵਿਚ ਸਮਾਈ ਹੈ।

**ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ॥੪॥੩॥੪॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਨਾਮ ਰੂਪ ਨੌਂ ਨਿੱਧੀ ਪਾਈ ਹੈ,

ਉਹ ਇਸਤਰੀ ਪਤੀ (ਕਰਤੇ ਪੁਰਖ) ਨੇ ਆਪਣੇ ਨਾਲ ਮਿਲਾ ਲਈ ਹੈ॥ ੪॥ ੩॥ ੪॥

**ਸੂਹੀ ਮਹਲਾ ੩॥**

**ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ॥**

ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ ਉਸ ਦੇ ਗੁਣ ਗਾਉਣਾ ਕਰੋ, ਉਹ ਹਰੀ ਰਾਮ ਗੁਰਮੁਖੇ=ਗੁਰਾਂ ਦੁਆਰੇ ਪਾਇਆ ਜਾਂਦਾ ਹੈ।

**ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ॥**

ਅਨਦਿਨੋ=ਰਾਤ ਦਿਨ ਗੁਰ ਉਪਦੇਸ਼ ਨੂੰ ਰਵਹੁ=ਉਚਾਰੋ, ਤਾਂ ਅਨਹਦ=ਇਕ-ਰਸ ਰਾਮ ਸਬਦ=ਬ੍ਰਹਮ ਵਜਾਏ=ਪ੍ਰਗਟ ਹੁੰਦਾ ਹੈ।

**ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ॥**

ਜਿਨ੍ਹਾਂ ਨੇ ਅਨਹਦ=ਇਕ-ਰਸ ਗੁਰ-ਉਪਦੇਸ਼ ਨੂੰ ਵਜਾਏ=ਉਚਾਰਿਆ ਹੈ, ਉਹਨਾਂ ਦੇ ਹਿਰਦੇ ਘਰ ਵਿਚ ਹਰਿ ਜੀਉ ਪ੍ਰਗਟ ਹੋ ਆਏ ਹਨ, ਜਿਸ ਵਾਸਤੇ ਹੇ (ਜਗਿਆਸੂ ਰੂਪ) ਨਾਰੀਓ ! ਤੁਸੀਂ ਹਰੀ ਦੇ ਗੁਣ ਗਾਉਣਾ ਕਰੋ।

**ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ॥**

ਜੋ ਰਾਤ ਦਿਨ ਗੁਰਾਂ ਦੀ ਆਗੈ=ਆਗਿਆ ਵਿਚ ਭਗਤੀ ਕਰਦੀ ਹੈ,

ਉਹ (ਜਗਿਆਸੂ ਰੂਪ) ਇਸਤਰੀ ਪਤੀ-ਪਰਮਾਤਮਾ ਨੂੰ ਪਿਆਰੀ ਹੁੰਦੀ ਹੈ।

**ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ॥**

ਜਿਸ ਦੇ ਹਿਰਦੇ ਅੰਦਰ ਗੁਰਾਂ ਦਾ ਉਪਦੇਸ਼ ਵੱਸਿਆ ਹੈ,

ਉਹ ਪੁਰਸ਼ ਸਬਦਿ=ਸੰਸਾਰ ਵਿਚ ਸ਼ੋਭਾ ਵਾਲੇ ਹਨ।

**ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ॥੧॥**

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੇ ਘਰ ਸਦਾ ਹੀ ਸੋਹਿਲਾ=ਅਨੰਦ ਹੈ,

ਹਰੀ ਕਿਰਪਾ ਕਰਕੇ ਜਿਨ੍ਹਾਂ ਦੇ ਘਰ ਵਿਚ ਆਉਂਦਾ ਹੈ॥ ੧॥

**ਭਗਤਾ ਮਨਿ ਆਨੰਦੁ ਭਇਆ ਹਰਿ ਨਾਮਿ ਰਹੇ ਲਿਵ ਲਾਏ ਰਾਮ॥**

ਉਹਨਾਂ ਭਗਤਾਂ ਦੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ,
ਜੋ ਭਗਤ ਹਰੀ ਨਾਮ ਵਿਚ ਲਿਵ ਲਾ ਰਹੇ ਹਨ।

**ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ॥**

ਉਹਨਾਂ ਗੁਰਮੁਖਾਂ ਦਾ ਮਨ ਨਿਰਮਲ ਹੋਇਆ ਹੈ ਜਿਨ੍ਹਾਂ ਨੇ ਨਿਰਮਲ ਹਰੀ ਰਾਮ ਦੇ ਗੁਣ ਗਾਏ ਹਨ।

**ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ ਹਰਿ ਕੀ ਅੰਮ੍ਰਿਤ ਬਾਣੀ॥**

ਨਿਰਮਲ ਹਰੀ ਦੇ ਗੁਣ ਗਾਏ ਹਨ, ਨਾਮ ਨੂੰ ਮਨ ਵਿਚ ਵਸਾਇਆ ਹੈ, ਅਤੇ ਅੰਮ੍ਰਿਤ ਰੂਪ ਹਰੀ ਦੀ ਬਾਣੀ ਪੜ੍ਹੀ ਹੈ, ਵਾ:-ਕੰਨਾਂ ਦੁਆਰੇ ਅੰਮ੍ਰਿਤ ਰੂਪ ਹਰੀ ਦੀ ਬਾਣੀ ਸੁਣੀ ਹੈ।

**ਜਿਨ੍ ਮਨਿ ਵਸਿਆ ਸੇਈ ਜਨ ਨਿਸਤਰੇ ਘਟਿ ਘਟਿ ਸਬਦਿ ਸਮਾਣੀ॥**

ਜਿਨ੍ਹਾਂ ਦੇ ਮਨ ਵਿਚ ਇਹ ਵਿਚਾਰ ਵੱਸਿਆ ਹੈ ਕਿ ਸਾਰਿਆਂ ਘਟਾਂ ਘਟਾਂ ਵਿਚ ਸਬਦਿ ਸਮਾਣੀ= ਬ੍ਰਹਮ ਦੀ ਸੱਤਾ ਸਮਾਈ ਹੋਈ ਹੈ, ਓਹੀ ਪੁਰਸ਼ ਤਰ ਗਏ ਹਨ।

[ਪੰਨਾ ੭੭੧]

**ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ॥**

ਜਿਹੜੇ ਗੁਰਮੁਖ ਆਪਣੇ ਆਪ ਨੂੰ ਗੁਰ-ਉਪਦੇਸ਼ ਦੇ ਮੇਲ ਵਿਚ ਮਿਲਾ ਕੇ ਤੇਰੇ=ਤਿਸ ਪ੍ਰਭੂ ਦੇ ਗੁਣ ਗਾਉਂਦੇ ਹਨ ਉਹ ਸਹਿਜ ਪਦ ਵਿਚ ਸਮਾ ਜਾਂਦੇ ਹਨ।

**ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ॥੨॥**

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦਾ ਮਨੁੱਖਾ ਜਨਮ ਸਫਲ ਹੈ,
ਜਿਨ੍ਹਾਂ ਨੂੰ ਸਤਿਗੁਰਾਂ ਨੇ ਹਰੀ ਦੇ ਰਸਤੇ ਵਿਚ ਪਾਇਆ ਹੈ॥ ੨॥

**ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ॥**

ਜਿਨ੍ਹਾਂ ਦਾ ਸੰਤਾਂ ਦੀ ਸਤਸੰਗਤ ਨਾਲ ਮੇਲ ਹੋਇਆ ਹੈ, ਉਹ ਹਰਿ ਹਰਿ ਰਾਮ ਦੇ ਨਾਮ-ਸਿਮਰਨ ਵਿਚ ਸਮਾਏ ਹਨ।

**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ॥**

ਗੁਰਾਂ ਦੇ ਉਪਦੇਸ਼ ਕਰਕੇ ਜੋ ਹਰੀ ਰਾਮ ਦੇ ਨਾਮ-ਸਿਮਰਨ ਵਿਚ ਲਿਵ ਲਗਾਉਂਦੇ ਹਨ, ਉਹ ਸਦਾ ਜੀਵਨ-ਮੁਕਤ ਹੋਏ ਹਨ।

**ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ॥**

ਗੁਰਾਂ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾ ਕੇ ਜੋ ਹਰੀ ਦੇ ਨਾਮ-ਸਿਮਰਨ ਵਿਚ ਚਿੱਤ ਨੂੰ ਲਗਾਉਂਦੇ ਹਨ, ਉਹਨਾਂ ਦਾ ਮਨ ਹਰੀ ਨਾਲ ਰੰਗਿਆ ਗਿਆ ਹੈ।

**ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮਾਲੇ॥**

ਜਿਨ੍ਹਾਂ ਨੇ ਮੋਹ ਨੂੰ ਚੁਕਾਇਆ=ਦੂਰ ਕੀਤਾ ਹੈ ਤੇ ਰਾਤ ਦਿਨ ਨਾਮ ਨੂੰ ਸੰਭਾਲਿਆ ਹੈ, ਉਹਨਾਂ ਨੇ ਸੁਖਦਾਤਾ ਜੋ ਪ੍ਰਭੂ ਹੈ ਉਸ ਨੂੰ ਪਾਇਆ ਹੈ।

**ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ॥**

ਉਹ ਗੁਰ-ਉਪਦੇਸ਼ ਵਿਚ ਰੱਤਾ ਹੋਇਆ ਸਹਿਜੇ ਹੀ ਮਸਤ ਰਹਿੰਦਾ ਹੈ, ਤੇ ਨਾਮ ਨੂੰ ਮਨ ਵਿਚ ਵਸਾਈ ਰੱਖਦਾ ਹੈ।

**ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ॥ ੩॥**

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੇ ਘਰ ਵਿਚ ਸਦਾ ਹੀ ਸੋਹਿਲਾ=ਅਨੰਦ ਹੈ, ਜਿਹੜੇ ਸਤਿਗੁਰਾਂ ਦੀ ਸੇਵਾ ਵਿੱਚ ਸਮਾਏ ਹੋਏ ਹਨ॥ ੩॥

**ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ॥**

ਸਤਿਗੁਰਾਂ ਤੋਂ ਬਿਨਾਂ ਜੀਵ ਨੂੰ ਭਰਮ ਨੇ ਭੁਲਾਇਆ ਹੋਇਆ ਹੈ,

ਇਸ ਲਈ ਇਸ ਨੇ ਹਰੀ ਰਾਮ ਦਾ ਮਹਲੁ=ਸਰੂਪ ਨਹੀਂ ਪਾਇਆ।

**ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ॥**

ਜਿਨ੍ਹਾਂ ਇਕਨਾਂ ਨੂੰ ਮੁਖ ਗੁਰਾਂ ਦੇ ਮੇਲ ਵਿਚ ਮਿਲਾਇਆ ਹੈ, ਰਾਮ ਨੇ ਉਹਨਾਂ ਦੇ ਸਾਰੇ ਦੁੱਖ ਗਵਾਇਆ=ਦੂਰ ਕਰ ਦਿੱਤੇ ਹਨ। ਭਾਵ-ਨਾਮ ਦਾ ਅਭਿਆਸ ਕਰਨ ਕਰਕੇ ਉਹਨਾਂ ਦੇ ਸਰੀਰਕ, ਮਾਨਸਕ ਅਤੇ ਦੈਵਗ ਸਾਡੇ ਦੁੱਖ, ਦਰਿਦ੍ਰ ਖ਼ਤਮ ਹੋ ਗਏ ਹਨ।

**ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ ਸਦਾ ਗਾਵਹਿ ਰੰਗਿ ਰਾਤੇ॥**

ਉਹਨਾਂ ਦੇ ਦੁੱਖਾਂ ਨੂੰ ਗੁਆ ਦਿੱਤਾ ਹੈ, ਜਾਂ ਉਹਨਾਂ ਦਾ ਕੀਤਾ ਹੋਇਆ ਸ਼ੁਭ ਕਰਮ ਹਰੀ ਦੇ ਮਨ ਵਿਚ ਭਾਅ ਗਿਆ, ਤਾਂ ਉਹ ਰੰਗ=ਪ੍ਰੇਮ ਵਿਚ ਰਾਤੇ=ਰੰਗੇ ਹੋਏ ਸਦਾ ਹੀ ਹਰੀ ਦੇ ਗੁਣ ਗਾਉਂਦੇ ਹਨ।

**ਹਰਿ ਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦ ਹੀ ਜਾਤੇ॥**

ਹਰੀ ਦੇ ਭਗਤ ਜਨ ਸਦਾ ਹੀ ਨਿਰਮਲ ਹਨ ਅਤੇ ਜੁਗਾਂ ਜੁਗਾਂ ਵਿਚ ਸਦਾ ਹੀ ਪਰਗਟ ਜਾਤੇ=ਜਾਣੇ ਜਾਂਦੇ ਹਨ।

**ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ॥**

ਜੋ ਸੱਚੀ ਭਗਤੀ ਕਰਦੇ ਹਨ ਉਹ ਦਰਬਾਰ ਵਿਚ ਜਾਪਹਿ=ਜਾਣੇ ਜਾਂਦੇ ਹਨ ਅਤੇ ਉਹਨਾਂ ਦੇ ਹਿਰਦੇ-ਘਰ ਅੰਦਰ ਸੱਚਾ ਪ੍ਰਭੂ ਪ੍ਰਗਟ ਹੋਇਆ ਹੈ।

**ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ॥੪॥੪॥੫॥**

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਨੂੰ ਸੱਚਾ ਸੋਹਿਲਾ=ਅਨੰਦ ਪ੍ਰਾਪਤ ਹੈ, ਸਚੁ=ਨਿਸਚੇ ਕਰਕੇ ਉਹਨਾਂ ਦੀ ਬਾਣੀ ਭੀ ਸੱਚੀ ਹੈ, ਅਤੇ ਉਹਨਾਂ ਦੇ ਉਪਦੇਸ਼ ਨੂੰ ਸੁਣਦਿਆਂ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੪॥ ੪॥ ੫॥

## ਸੂਹੀ ਮਹਲਾ ੩ ॥

## ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥

ਹੇ (ਜਗਿਆਸੂ ਰੂਪ) ਇਸਤ੍ਰੀਏ ! ਜੇ ਤੂੰ (ਪਰਮੇਸ਼ਰ) ਪੱਤੀ ਨੂੰ ਮਿਲਣਾ ਚਾਹੁੰਦੀ ਹੈਂ ਤਾਂ ਰਾਮ ਰੂਪ ਗੁਰਾਂ ਦੇ ਚਰਨਾਂ ਨਾਲ ਚਿਤ ਨੂੰ ਲਗਾਉਣਾ ਕਰ।

## ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥

ਫਿਰ ਤੂੰ ਸਦਾ ਲਈ ਸੋਹਾਗਵੰਤੀ ਹੋਵੇਂਗੀ, ਉਹ ਹਰਿ ਜੀਉ ਰਾਮ ਨਾ ਮਰਦਾ ਹੈ ਨਾ ਜੰਮਦਾ ਹੈ।

## ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥

ਉਹ ਹਰਿ ਜੀਉ ਨਾ ਮਰਦਾ ਹੈ, ਨਾ ਜੰਮਦਾ ਹੈ, ਜੋ ਗੁਰਾਂ ਦੇ ਉਪਦੇਸ਼ ਵਿਚ ਸਹਿਜੇ ਹੀ ਸੁਭਾਏ-ਸ੍ਰੇਸ਼ਟ ਪ੍ਰੇਮ ਕਰਦੀ ਹੈ, ਸਾ=ਓਹੀ ਧਨ=ਇਸਤ੍ਰੀ ਪਤੀ ਨੂੰ ਪਿਆਰੀ ਲੱਗਦੀ ਹੈ।

## ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥

ਗੁਰਾਂ ਦੇ ਉਪਦੇਸ਼ ਕਰਕੇ ਜੋ ਸਾਧਨਾ ਨਾਲ ਸ਼ਿੰਗਾਰੀ ਗਈ ਹੈ, ਉਸ ਦਾ ਸੰਜਮਿ=ਇੰਦਰੀਆਂ ਦਾ ਰੋਕਣਾ ਸੱਚਾ ਹੈ ਤੇ ਮਨ ਵੀ ਸਦਾ ਨਿਰਮਲ ਹੈ।

## ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥

(ਉਸ ਦਾ ਇਹ ਨਿਸਚਾ ਹੈ ਕਿ-) ਮੇਰਾ ਪ੍ਰਭੂ ਸੱਚਾ ਹੈ, ਪਰ ਸਦਾ ਹੀ ਸੱਚਾ ਹੈ, ਜਿਸ ਨੇ ਆਪਣੇ ਤੋਂ ਆਪ ਹੀ ਜਗਤ ਨੂੰ ਪੈਦਾ ਕੀਤਾ ਹੈ।

## ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਉਹ ਇਸਤਰੀ ਸਦਾ ਹੀ ਆਪਣੇ ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਵੇ=ਭੋਗਦੀ (ਮਾਣਦੀ) ਹੈ, ਜਿਸ ਨੇ ਗੁਰੂ ਦੇ ਚਰਨਾਂ ਨਾਲ ਚਿਤ ਲਗਾਇਆ ਹੈ॥ ੧ ॥

## ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥

ਜਿਸ ਬਾਲੜੀਏ=ਅਗਿਆਤ (ਬੇ-ਸਮਝ ਜਗਿਆਸੂ ਰੂਪ) ਇਸਤਰੀ ਨੇ ਪਰਮੇਸ਼ਰ-ਪਤੀ ਨੂੰ ਪਾਇਆ ਹੈ, ਉਹ ਰਾਤ ਦਿਨ ਸਹਿਜੇ ਰਾਮ ਵਿਚ ਮਾਤੀ=ਮਸਤ ਰਹਿੰਦੀ ਹੈ।

## ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥

ਗੁਰਾਂ ਦੀ ਸਿਖਿਆ ਕਰਕੇ ਉਸ ਦੇ ਮਨ ਵਿਚ ਅਨੰਦ ਹੋਇਆ ਹੈ ਤੇ ਰਾਮ ਦੀ ਕਿਰਪਾ ਕਰਕੇ ਉਸ ਤਨਿ=ਸਰੀਰ ਵਿਚ ਰਾਤੀ=ਰੱਤੀ ਭਰ ਵੀ ਪਾਪਾਂ ਰੂਪੀ ਮੈਲ ਨਹੀਂ ਹੈ।

## ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥

ਉਸ ਦੇ ਤਨ ਵਿਚ ਰਾਤੀ=ਰੱਤੀ ਭਰ ਵੀ ਮੈਲ ਨਹੀਂ ਹੈ ਤੇ ਹਰੀ ਪ੍ਰਭ ਦੇ ਰੰਗ ਵਿਚ ਰਾਤੀ=ਮਿਲੀ ਰਹਿੰਦੀ ਹੈ, ਇਸ ਲਈ ਉਸ ਨੂੰ ਮੇਰਾ ਪ੍ਰਭੂ ਆਪਣੇ ਮੇਲ ਨਾਲ ਮਿਲਾ ਲੈਂਦਾ ਹੈ।

## ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ॥

ਉਹ ਹਿਰਦੇ ਵਿੱਚੋਂ ਆਪੁ=(ਆਪਾ ਭਾਵ) ਹੰਕਾਰ ਗੁਆ ਕੇ ਰਾਤ ਦਿਨ ਆਪਣੇ ਹਰੀ ਪ੍ਰਭੂ ਦੇ ਅਨੰਦ ਨੂੰ ਰਾਵੇ=ਭੋਗਦੀ (ਮਾਣਦੀ) ਹੈ।

## ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ॥

ਜਿਸ ਨੇ ਗੁਰ-ਸਿਖਿਆ ਨੂੰ ਪਾਇਆ ਹੈ ਉਸ ਦਾ ਸਹਜਿ=ਗਿਆਨ ਨਾਲ ਮਿਲਾਪ ਹੋਇਆ ਹੈ, ਗਿਆਨ ਕਰਕੇ ਉਹ ਫਿਰ ਆਪਣੇ ਪ੍ਰੀਤਮ ਨਾਲ ਰਾਤੀ=ਮਿਲੀ ਰਹਿੰਦੀ ਹੈ।

## ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਨਾਮ ਦੀ ਵਡਿਆਈ ਮਿਲੀ ਹੈ,
ਉਹ ਨਾਮ ਦੇ ਰੰਗ ਵਿਚ ਰਤੀ ਹੋਈ ਪ੍ਰਭੂ ਦੇ ਅਨੰਦ ਨੂੰ ਰਾਵੇ=ਭੋਗਦੀ ਹੈ॥ ੨॥

## ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ॥

ਜੋ ਰੰਗਿ ਰਾਤੜੀਏ=ਪ੍ਰੇਮ ਵਿਚ ਰੱਤੀ ਹੋਈ ਪਤੀ ਦੇ ਨਾਮਾਂ ਨੂੰ ਰਾਵੇ=ਉਚਾਰਦੀ ਹੈ, ਉਸ ਨੇ ਰਾਮ-ਪਤੀ ਦਾ ਮਹਲੁ=ਸਰੂਪ ਪਾਇਆ ਹੈ।

## ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ॥

ਸੋ ਸਹੋ=ਉਹ ਪਤੀ-ਪਰਮਾਤਮਾ ਬੜਾ ਨਿਰਮਲ ਤੇ ਦਾਤਾ ਹੈ, ਮਿਲਦਾ ਉਸ ਨੂੰ ਹੈ ਜਿਸ ਨੇ ਹਿਰਦੇ ਵਿਚੋਂ ਆਪੁ=(ਆਪਾ ਭਾਵ) ਹੰਕਾਰ ਗਵਾਇਆ ਹੈ।

## ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ॥

ਜਾਂ ਹਿਰਦੇ ਵਿਚੋਂ ਮੋਹ ਨੂੰ ਚੁਕਾਇਆ=ਦੂਰ ਕੀਤਾ ਤੇ ਇਸ ਦਾ ਕੀਤਾ ਹੋਇਆ ਕਰਤੱਬ ਹਰੀ ਨੂੰ ਭਾਅ ਗਿਆ, ਤਾਂ ਇਹ ਕਾਮਣਿ=ਇਸਤਰੀ ਹਰੀ ਦੇ ਮਨ ਵਿਚ ਭਾਣੀ=ਭਾਅ ਗਈ।

## ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ॥

ਰਾਤ ਦਿਨ ਨਿਤਾਪ੍ਰਤੀ ਸੱਚੇ ਦੇ ਗੁਣ ਗਾਉਂਦੀ ਹੈ ਤੇ ਅਕੱਥ ਪ੍ਰਭੂ ਦੀ ਕਹਾਣੀ ਨੂੰ ਕਥਨ ਕਰਦੀ ਰਹਿੰਦੀ ਹੈ।

## ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ॥

ਚਾਰੇ ਜੁਗਾ ਵਿਚ ਇਕ ਸੱਚਾ ਵਾਹਿਗੁਰੂ ਵਰਤ ਰਿਹਾ ਹੈ,
ਪਰ ਗੁਰਾਂ ਤੋਂ ਬਿਨਾਂ ਉਸ ਨੂੰ ਕਿਸੇ ਨੇ ਭੀ ਨਹੀਂ ਪਾਇਆ।

## ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਦੇ ਨਾਲ ਚਿਤ ਨੂੰ ਜੋੜਿਆ ਹੈ ਉਹ ਰੰਗਿ ਰਾਤੀ=ਪ੍ਰੇਮ ਦੀ ਰਤੀ ਹੋਈ ਸੁਆਮੀ ਦੇ ਰੰਗਿ ਰਵੈ=ਅਨੰਦ ਨੂੰ ਭੋਗਦੀ ਹੈ॥ ੩॥

[ਪੰਨਾ ੭੭੨]

## ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥

ਜਿਸ ਨੂੰ ਪਿਆਰੇ ਸੱਜਣ ਰਾਮ ਜੀ ਮਿਲੇ ਹਨ, ਉਸ (ਜਗਿਆਸੂ ਰੂਪ) ਇਸਤਰੀ ਦੇ ਮਨ ਵਿਚ ਸੋਹਿਲੜਾ=ਅਨੰਦ ਹੈ।

## ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥

ਗੁਰਾਂ ਦੀ ਸਿਖਿਆ ਨਾਲ ਮਨ ਨਿਰਮਲੁ=ਸ਼ੁੱਧ ਹੋਇਆ ਹੈ, ਅਤੇ ਗੁਰਮਤੀਆਂ ਨੇ ਹਰੀ ਰਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

## ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥

ਹਰਿ ਨੂੰ ਉਰਿ=ਹਿਰਦੇ ਵਿਚ ਧਾਰਨ ਕਰ ਰੱਖਿਆ ਹੈ, ਜਿਨ੍ਹਾਂ ਗੁਰਮਤੀਆਂ ਨੇ ਹਰੀ ਨੂੰ ਜਾਤਾ=ਜਾਣਿਆ ਹੈ, ਉਨ੍ਹਾਂ ਨੇ ਆਪਣਾ ਮੋਖਸ਼ ਰੂਪੀ ਕਾਰਜ ਸਵਾਰ ਲਿਆ ਹੈ।

## ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥

ਜਿਸ ਪ੍ਰੀਤਮ ਨੇ ਮੇਰੇ ਮਨ ਨੂੰ ਮੋਹ ਲਿਆ ਹੈ, ਉਸ ਕਰਮ ਬਿਧਾਤੇ ਫਲਬਰ ਦਾਤੇ ਪ੍ਰਭੂ ਨੂੰ ਪਾ ਲਿਆ ਹੈ।

## ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥

ਸਤਿਗੁਰਾਂ ਦੀ ਸੇਵਾ ਕਰਕੇ ਹਰੀ ਮੁਰਾਰੀ ਮਨ ਵਿਚ ਆ ਵੱਸਿਆ ਹੈ,

ਇਸ ਕਰਕੇ ਸਦਾ ਸੁਖੁ=ਨਿਤ ਸੁਖ ਪਾਇਆ ਹੈ।

## ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥ ੪ ॥ ੫ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਉਪਦੇਸ਼ ਨੇ ਜਿਸ ਵੇਲੇ (ਮਨ, ਬੁਧ ਆਦਿਕ) ਚਾਰੇ ਅੰਤਹਕਰਨ ਸਵਾਰ ਦਿੱਤੇ ਤਾਂ ਗੁਰਿ=ਚੇਤਨ ਪਰਮਾਤਮਾ ਨੇ ਆਪਣੇ ਨਾਲ ਮੇਲ ਲੈਣਾ ਕੀਤਾ ॥ ੪ ॥ ੫ ॥ ੬ ॥

## ਸੂਹੀ ਮਹਲਾ ੩ ॥

## ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ ॥

ਹਰੀ ਦੇ ਰਾਮ ਨਾਮ ਜਪਣ ਕਰਕੇ ਸੋਹਿਲੜਾ=ਅਨੰਦ ਪ੍ਰਾਪਤ ਹੁੰਦਾ ਹੈ,

ਇਸ ਕਰਕੇ ਗੁਰ-ਸ਼ਬਦੀਏ ਰਾਮ ਨਾਮ ਦਾ ਹੀ ਵਿਚਾਰ ਕਰਦੇ ਰਹਿੰਦੇ ਹਨ।

## ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ ॥

ਹੇ ਰਾਮ=ਭਾਈ ! ਜਿਨ੍ਹਾਂ ਨੂੰ ਰਾਮ ਨਾਮ ਪਿਆਰੇ ਲੱਗੇ ਹਨ, ਉਹਨਾਂ ਗੁਰਮੁਖਾਂ ਦਾ ਮਨ ਤਨ ਹਰੀ ਨਾਮ ਵਿਚ ਹੀ ਭਿੱਜਾ ਰਹਿੰਦਾ ਹੈ।

## ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥

ਜੋ ਰਾਮ ਨਾਮ ਦੇ ਪਿਆਰੇ ਗੁਰਮਖਿ ਮੂੰਹੋਂ ਰਾਮ ਨਾਮ ਦੀ ਬਾਣੀ ਬੋਲਦੇ ਹਨ, ਉਹ ਆਪਣੀਆਂ ਸਾਰੀਆਂ

ਕੁਲਾਂ ਨੂੰ ਤਾਰ ਦੇਂਦੇ ਹਨ।

**ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ॥**

ਉਹਨਾਂ ਨੇ ਅੰਤਹਕਰਨ ਰੂਪੀ ਘਰ ਵਿਚ ਅਨਹਦ=ਹਦ ਤੋਂ ਰਹਿਤ ਜੋ ਪ੍ਰਭੂ ਹੈ, ਉਸ ਦੀ ਸੁਰਤ ਸਮਾਉਣ ਕਰਕੇ ਆਤਮ-ਸੁਖ ਪਾਇਆ ਹੈ, ਇਸ ਕਰਕੇ ਉਹ ਜਨਮ ਮਰਨ ਵਲੋਂ ਰਹਿ ਗਏ ਹਨ।

**ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ਨਾਨਕ ਕਿਰਪਾ ਧਾਰੇ॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉਤੇ ਹਰੀ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਨੂੰ ਧਾਰਿਆ ਹੈ, ਉਹਨਾਂ ਨੇ ਇਕ ਹਰਿ ਹਰਿ ਨੂੰ ਪਾਇਆ ਹੈ।

**ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ॥ ੧ ॥**

ਹਰੀ ਦੇ ਰਾਮ ਨਾਮ ਜਪਣ ਕਰਕੇ ਸੋਹਿਲੜਾ=ਅਨੰਦ ਪ੍ਰਾਪਤ ਹੁੰਦਾ ਹੈ, ਇਸ ਕਰਕੇ ਗੁਰ-ਸ਼ਬਦੀਏ ਰਾਮ ਨਾਮ ਦਾ ਵੀਚਾਰ ਕਰਦੇ ਰਹਿੰਦੇ ਹਨ॥ ੧ ॥

**ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ॥**

(ਜਗਿਆਸੂ ਰੂਪ ਇਸਤਰੀ ਕਹਿੰਦੀ ਹੈ:-) ਹੇ ਸੰਤੋ ! ਮੈਂ ਔਗੁਣਾਂ ਕਰਕੇ ਨੀਵੀਂ ਹਾਂ ਭਾਵ ਛੋਟੀ ਹਾਂ ਤੇ ਪ੍ਰਭੂ ਪਰਮਾਤਮਾ ਗੁਣਾਂ ਕਰਕੇ ਅਤਿ=ਅਤਿਅੰਤ ਉਚਾ ਹੈ, ਉਸ ਰਾਮ ਨਾਲ ਕਿਸ ਤਰ੍ਹਾਂ ਕਰਕੇ ਮਿਲਿਆ ਜਾਵੇ?

*ਉੱਤਰ:-*

**ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ॥**

ਹਰੀ ਰਾਮ ਦੇ ਸ਼ਬਦ ਕਰਕੇ ਸੁਭਾਏਮਾਨ ਜੋ ਗੁਰੂ ਸਾਹਿਬ ਜੀ ਹਨ, ਜਦ ਉਹਨਾਂ ਗੁਰਾਂ ਨੇ ਬਹੁਤ ਹੀ ਕਿਰਪਾ-ਦ੍ਰਿਸ਼ਟੀ ਧਾਰਨਾ ਕੀਤੀ ਤਾਂ ਹਰੀ ਨੇ ਆਪਣੇ ਨਾਲ ਮੇਲ ਲੈਣਾ ਕੀਤਾ।

**ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ॥**

ਸ਼ੋਭਨੀਕ ਗੁਰ-ਸ਼ਬਦ ਵਿਚ ਮਿਲ ਕੇ ਜਿਸ ਨੇ ਆਪੁ=(ਆਪਾ ਭਾਵ) ਹੰਕਾਰ ਗਵਾਇਆ ਹੈ, ਉਹ ਰੰਗ=ਪ੍ਰੇਮ ਨਾਲ ਰੰਗੁ=ਪਿਆਰੇ ਪ੍ਰਭੂ ਨਾਲ ਮਿਲ ਕੇ ਰਲੀਆ ਮਾਣੇ=ਖੁਸ਼ੀਆਂ ਨੂੰ ਮਾਣੇ=(ਮਾਣਦੀ) ਭੋਗਦੀ ਹੈ।

**ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ॥**

ਹਰਿ ਹਰਿ ਨਾਮ ਵਿਚ ਸਮਾਉਣ ਰੂਪ ਕਰਤੱਬ ਜਾਂ ਪ੍ਰਭੂ ਨੂੰ ਭਾਅ ਗਿਆ ਤਾਂ ਇਸ ਦੀ ਅੰਤਹਕਰਨ ਰੂਪ ਸੇਜਾ ਸੁਖਾਲੀ=ਸੁਖਦਾਈ ਹੋ ਗਈ।

**ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ॥**

ਗੁਰੂ ਜੀ ਕਥਨ ਕਰਦੇ ਹਨ-ਜਿਹੜੀ ਸਤਿਗੁਰੂ ਦੇ ਭਾਣੇ ਵਿਚ ਚਲਦੀ ਹੈ, ਉਹ ਵੱਡਿਆਂ ਭਾਗਾਂ ਵਾਲੀ ਸੁਹਾਗਣ ਇਸਤਰੀ ਹੈ।

**ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ॥ ੨ ॥**

(ਜਗਿਆਸੂ ਰੂਪ ਇਸਤਰੀ ਕਹਿੰਦੀ ਹੈ) ਮੈਂ ਨੀਵੀਂ ਹਾਂ, ਪ੍ਰਭੂ ਬਹੁਤ ਉੱਚਾ ਹੈ, ਉਸ ਰਾਮ ਨੂੰ ਕਿਵੇਂ

ਮਿਲਿਆ ਜਾਵੇ? ॥ ੨ ॥

**ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥**

ਸਾਰਿਆਂ ਘਟਾਂ ਘਟਾਂ ਵਿਚ ਇਕ ਰਾਮ ਪੂਰਨ ਹੈ, ਫਿਰ ਇਕ ਰਾਮ ਹੀ ਸਾਰਿਆਂ ਦਾ ਭਤਾਰੋ=ਪਤੀ ਬਣ ਕੇ ਸਭ ਦੀ ਪਾਲਨਾ ਕਰਦਾ ਹੈ।

**ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ ॥**

ਇਕਨਾਂ ਮਨਮੁਖਾਂ ਤੋਂ ਪ੍ਰਭੂ ਦੂਰ ਵੱਸਦਾ ਹੈ,

ਇਕਨਾਂ ਗੁਰਮੁਖਾਂ ਦੇ ਮਨ ਦਾ ਉਹ ਰਾਮ ਆਧਾਰੋ=ਆਸਾਰਾ ਹੈ।

**ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥**

ਜਿਨ੍ਹਾਂ ਵਡਭਾਗੀਆਂ ਨੇ ਗੁਰੂ ਪਾਇਆ ਹੈ, ਉਹਨਾਂ ਇਕਨਾਂ ਦੇ ਮਨ ਦਾ ਆਧਾਰੋ=ਆਸਰਾ ਸਿਰਜਣਹਾਰ ਪ੍ਰਭੂ ਹੀ ਹੈ।

**ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥**

ਹਰੇਕ ਘਟਾਂ ਘਟਾਂ ਵਿਚ ਇਕ ਹਰੀ ਪ੍ਰਭੂ ਸੁਆਮੀ ਹੈ, ਪਰ ਉਸ ਅਲੱਖ ਸਰੂਪ ਪਰਮਾਤਮਾ ਨੂੰ ਮੁਖੀ ਗੁਰਾਂ ਨੇ ਜਣਾਇਆ ਹੈ।

**ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥**

ਗੁਰੂ ਜੀ ਕਥਨ ਕਰਦੇ ਹਨ-ਬ੍ਰਹਮ ਦੀ ਵਿਚਾਰ ਪਰ ਜਿਸ ਦਾ ਮਨ ਮੰਨਿਆ ਗਿਆ ਹੈ, ਉਸ ਨੂੰ ਸਹਿਜੇ ਹੀ ਅਨੰਦ ਪ੍ਰਾਪਤ ਹੋਇਆ ਹੈ।

**ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ ੩ ॥**

ਸਾਰਿਆਂ ਘਟਾਂ ਘਟਾਂ ਵਿਚ ਇਕ ਰਾਮ ਪੂਰਨ ਹੈ, ਫਿਰ ਇਕ ਰਾਮ ਪਤੀ ਬੱਣ ਕੇ ਸਾਰਿਆ ਦੀ ਪਾਲਣਾ ਕਰਦਾ ਹੈ ॥ ੩ ॥

**ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥**

ਜੋ ਸਤਿਗੁਰੂ ਸਭ ਪਦਾਰਥਾਂ ਦੇ ਦਾਤੇ ਹਨ, ਵਾ:-ਨਾਮ ਦੇ ਭੀ ਦਾਤੇ ਹਨ ਉਹਨਾਂ ਗੁਰਾਂ ਨੂੰ ਜਿਹੜਾ ਸੇਂਵਦਾ ਹੈ, ਉਹ ਹਰਿ ਹਰਿ ਰਾਮ ਨਾਮੀ ਵਿਚ ਅਭੇਦ ਹੁੰਦਾ ਹੈ।

**ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥**

ਹੇ ਹਰੀ ਰਾਮ ! ਮੈਨੂੰ ਪੂਰਿਆਂ ਗੁਰਾਂ ਦੀ ਚਰਨ-ਧੂੜੀ ਦੇਣਾ ਕਰੋ,

ਜਿਸ ਚਰਨ-ਧੂੜੀ ਨੇ ਹਮ=ਤਮਾਮ ਪਾਪੀਆਂ ਨੂੰ ਮੁਕਤ ਕਰਾਇਆ ਹੈ।

**ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥**

ਜਿਨ੍ਹਾਂ ਨੇ ਆਪਾ ਭਾਅ ਹੰਕਾਰ ਨੂੰ ਗੁਆ ਕੇ ਨਿਜ ਘਰਿ=ਸਰੂਪ ਘਰ ਵਿਚ ਵਾਸਾ ਪਾਇਆ ਹੈ, ਉਹਨਾਂ ਨੇ ਬਿਅੰਤ ਪਾਪੀ ਮੁਕਤ ਕਰਾਏ ਹਨ।

## ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥

(੧) ਜਿਸ ਦੀ ਬੁੱਧੀ ਵਿਚ ਬਿਬੇਕ=ਵਿਚਾਰ ਹੈ ਉਸ ਦੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬੀਤਦੀ ਹੈ ਤੇ ਗੁਰਮਤੀਆਂ ਨੂੰ ਨਾਮੀ ਪਰਮਾਤਮਾ ਦਾ ਪ੍ਰਕਾਸ਼ ਹੋਇਆ ਹੈ।

(੨) ਗੁਰਾਂ ਦੀ ਸਿਖਿਆ ਕਰਕੇ ਜਿਸ ਨੂੰ ਨਾਮੀ ਦੇ ਨਾਮ ਦਾ ਪ੍ਰਕਾਸ਼ ਹੋਇਆ ਹੈ ਉਸ ਬਿਬੇਕ ਬੁਧੀ ਵਾਲੇ ਦੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬੀਤਦੀ ਹੈ।

## ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਹਰੀ ਜੋ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਉਸ ਦਾ ਨਾਮ ਮਿੱਠਾ ਲਗ ਆਇਆ ਹੇ, ਉਹਨਾਂ ਨੂੰ ਦਿਨ ਰਾਤ ਅਨੰਦ ਪ੍ਰਾਪਤ ਹੋਇਆ ਹੈ।

## ਗੁਰੁ ਸੇਵਨਿ ਸਤਿਗੁਰੁ ਦਾਤਾ
## ਹਰਿ ਹਰਿ ਨਾਮਿ ਸਮਾਏ ॥ ੪ ॥ ੬ ॥ ੭ ॥ ੫ ॥ ੭ ॥ ੧੨ ॥

(੧) ਸਭ ਪਦਾਰਥਾਂ ਦੇ ਦਾਤਾ ਜੋ ਸਤਿਗੁਰੂ ਹਨ ਉਹਨਾਂ ਗੁਰਾਂ ਨੂੰ ਜੋ ਸੇਂਵਦਾ ਹੈ, ਉਹ ਹਰਿ ਹਰਿ ਨਾਮੀ ਵਿੱਚ ਸਮਾਏ=ਅਭੇਦ ਹੁੰਦਾ ਹੈ।

(੨) ਗੁਰੁ=ਪੂਜਨੀਕ ਨਾਮ ਦੇ ਦਾਤੇ ਸਤਿਗੁਰਾਂ ਨੂੰ ਜੋ ਸੇਂਵਦਾ ਹੈ, ਉਹ ਹਰਿ ਹਰਿ ਨਾਮੀ ਵਿਚ ਅਭੇਦ ਹੁੰਦਾ ਹੈ ॥ ੪ ॥ ੬ ॥ ੭ ॥ ੫ ॥ ੭ ॥ ੧੨ ॥

[ਪੰਨਾ ੭੭੩]

## ਰਾਗੁ ਸੂਹੀ ਮਹਲਾ ੪ ਛੰਤ ਘਰੁ ੧
## ੧ੴ ਸਤਿਗੁਰ ਪ੍ਰਸਾਦਿ ॥

## ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਰਾਮ ! ਕਿਰਪਾ ਕਰਕੇ ਸਤਿਗੁਰ ਪੁਰਖਾਂ ਨਾਲ ਮਿਲਾਉਣਾ ਕਰ, ਤਾਂਕਿ ਮੈਂ ਔਗੁਣਾਂ ਨੂੰ ਵਿਕਣਾ=ਤਿਆਗਾਂ ਤੇ ਸ਼ੁਭ-ਗੁਣਾਂ ਨੂੰ ਰਵਾ=ਉਚਾਰਨਾ ਕਰਾਂ।

## ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਰਾਮ ! ਇਹ ਕਿਰਪਾ ਕਰ, ਜੋ ਹਰਿ ਹਰਿ ਨਾਮ ਨੂੰ ਧਿਆਵਾਂ,
ਤੇ ਗੁਰਬਾਣੀ ਨੂੰ ਨਿਤ ਨਿਤ=ਨਿਤਾਪ੍ਰਤੀ ਚਵਾ=ਉਚਾਰਨਾ ਕਰਾਂ।

## ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥

ਜਿਨ੍ਹਾਂ ਨੂੰ ਗੁਰਬਾਣੀ ਸਦਾ ਮਿੱਠੀ ਲੱਗੀ ਹੈ, ਉਨ੍ਹਾਂ ਨੇ ਵਿਕਾਰ ਰੂਪ ਪਾਪਾਂ ਨੂੰ,
*ਅਥਵਾ:-* ਉਨ੍ਹਾਂ ਨੇ ਪਾਪਾਂ ਨੂੰ ਤੇ ਵਿਕਾਰਾਂ ਨੂੰ ਨਾਸ ਕਰ ਦਿੱਤਾ ਹੈ।

## ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥

ਉਨ੍ਹਾਂ ਦਾ ਹਉਮੈ ਰੂਪੀ ਰੋਗ ਨਵਿਰਤ ਹੋ ਗਿਆ ਹੈ, ਤੇ ਜਮਾਂ ਦਾ ਡਰ ਨੱਸ ਗਿਆ ਹੈ ਅਤੇ ਸਹਿਜੇ ਹੀ

ਸਹਿਜ ਪਦ ਵਿਚ ਮਿਲਾਪ ਹੋ ਗਿਆ ਹੈ।

**ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥**

ਉਨ੍ਹਾਂ ਦੀ ਕਾਇਆ=ਬੁੱਧੀ ਰੂਪ ਸੇਜਾ ਗੁਰ-ਉਪਦੇਸ਼ ਕਰਕੇ ਸੁਖ ਵਾਲੀ ਹੋਈ ਹੈ,

ਤੇ ਬ੍ਰਹਮ-ਗਿਆਨ ਦੁਆਰਾ ਤਤਿ=ਸਿਧਾਂਤ ਰੂਪ ਪਰਮਾਤਮਾ ਦੇ ਅਨੰਦ ਨੂੰ ਭੋਗੋ=ਭੋਗਣਾ ਕੀਤਾ ਹੈ।

**ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਧੁਰ ਰੂਪ ਪਰਮਾਤਮਾ ਨਾਲ ਸੰਜੋਗ ਹੋਇਆ ਹੈ

ਉਹ ਰਾਤ ਦਿਨ ਨਿਤਾਪ੍ਰਤੀ ਸੁਖ ਸਹਿਤ ਰਲੀਆ=ਖੁਸ਼ੀਆਂ ਨੂੰ ਭੋਗਦੀ ਹੈ ॥ ੧ ॥

ਜਿਸ ਤਰ੍ਹਾਂ ਪ੍ਰਤੱਖ ਕੁੜਮਾਂ ਵਲੋਂ ਕੁੜਮਾਈ ਦਾ ਆਉਣਾ ਹੁੰਦਾ ਹੈ ਤੇ ਲੜਕੇ ਦੇ ਮੂੰਹ ਨਾਲ (ਮੇਵਾ ਗੁੜ ਆਦਿਕ) ਕੋਈ ਚੀਜ਼ ਛੁਹਾਈ ਜਾਂਦੀ ਹੈ, ਏਸੇ ਤਰ੍ਹਾਂ-

**ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥**

ਗੁਰਾਂ ਨੇ ਜਿਹੜਾ ਸਤ ਸੰਤੋਖ ਵਿਚ ਪ੍ਰੇਮ ਕਰਵਾ ਦਿੱਤਾ ਹੈ,

*ਅਥਵਾ:*-ਸਤ ਸੰਤੋਖ ਦੇ ਸਹਿਤ ਪਰਮੇਸ਼ਰ ਵਿਚ ਜਿਹੜਾ ਭਾਉ=ਪ੍ਰੇਮ ਕਰਵਾ ਦਿੱਤਾ ਹੈ, ਏਹੋ ਕੁੜਮਾਂ ਵਲੋਂ ਕੁੜਮਾਈ ਦਾ ਆਉਣਾ ਹੋਇਆ ਹੈ।

(ਜਗਿਆਸੂ ਰੂਪ ਲੜਕੀ ਦੇ ਪਿਤਾ ਗੁਰੂ ਜੀ ਹਨ, ਇਸ ਕਰਕੇ ਗੁਰੂ ਹੀ ਕੁੜਮ ਹਨ)

ਜਿਵੇਂ-ਵਿਆਹ ਤੋਂ ਕੁਝ ਦਿਨ ਪਹਿਲੇ ਲੜਕੀਆਂ ਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ, ਤਿਵੇਂ-

**ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥**

ਸੰਤ ਜਨਾਂ ਨਾਲ ਮੇਲ ਕਰਕੇ ਬਲਿਹਾਰ ਜਾਣੇ ਯੋਗ ਰਾਮ ਦੀ ਪ੍ਰਾਪਤੀ ਕਰਨ ਵਾਲੀ ਜੋ ਗੁਰਬਾਣੀ ਗਾਉਣਾ ਕੀਤੀ ਹੈ, ਏਹੋ ਸੁਹਾਗ ਦੇ ਗੀਤ ਗਾਏ ਹਨ।

**ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥**

ਗੁਰਾਂ ਦੀ ਬਾਣੀ ਗਾਇਨ ਕੀਤੀ ਤਾਂ ਹੀ ਕੇਵਲ ਮੁਕਤੀ ਪਾਈ,

ਅਤੇ ਸ਼ੋਭਨੀਕ ਪੰਚ-ਸ੍ਰੇਸ਼ਟ ਪਰਮਾਤਮਾ ਮਿਲ ਪਿਆ ਹੈ।

**ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥**

ਕ੍ਰੋਧ=ਗੁੱਸਾ ਚਲਾ ਗਿਆ ਹੈ, ਤਨ ਵਿੱਚੋਂ ਮਮਤਾ ਨਾਸ ਹੋ ਗਈ ਹੈ,

ਪਖੰਡ ਅਤੇ ਭਰਮ ਨੂੰ ਭੀ ਗਵਾ ਦਿੱਤਾ ਹੈ।

**ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥**

ਹਉਮੈ ਦੀ ਪੀੜਾ ਚਲੀ ਗਈ ਹੈ, ਆਤਮ-ਸੁਖ ਪਾਇਆ ਹੈ ਅਤੇ ਸਰੀਰ ਆਰੋਗ ਹੋ ਗਿਆ ਹੈ।

**ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਕਰਕੇ ਸ਼ੁਭ-ਗੁਣਾਂ ਦੇ ਗਹੀਰਾ=ਸਮੁੰਦਰ ਰੂਪ ਬ੍ਰਹਮ ਨੂੰ

ਪਛਾਤਾ=ਪਛਾਣ ਲਿਆ ਹੈ॥ ੨॥

**ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥**

ਰਾਮ ਜੋ ਬਲਿਹਾਰ ਜਾਣੇ ਯੋਗ ਹੈ ਮਨਮੁਖ-ਇਸਤਰੀ ਉਸ ਤੋਂ ਵਿਛੜ ਕੇ ਦੂਰ ਚੁਰਾਸੀ ਲੱਖ ਜੂਨੀਆਂ ਵਿਚ ਚਲੀ ਗਈ ਹੈ, ਮਹਲੁ=ਸਰੂਪ ਨੂੰ ਨਹੀਂ ਪਾਉਂਦੀ, ਕਿਉਂਕਿ ਕਾਮ ਕ੍ਰੋਧ ਰੂਪ ਅੱਗ ਵਿਚ,

ਵਾ:-ਤ੍ਰਿਸ਼ਨਾ ਰੂਪ ਅੱਗ ਵਿਚ ਬਲਿ ਗਈ=ਸੜ ਗਈ ਹੈ।

**ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥**

ਉਸ ਦੇ ਅੰਦਰ ਝੂਠਿਆਂ ਪਦਾਰਥਾਂ ਦੀ ਮਮਤਾ ਹੈ ਤੇ ਕੂੜੁ ਵਿਹਾਝੇ=ਝੂਠ ਨੂੰ ਵਿਹਾਝੇ=ਖਰੀਦਦੀ ਹੈ, ਇਸ ਲਈ ਝੂਠ ਨੇ ਇਸ ਨੂੰ ਮਾਰ ਲੀਤਾ ਹੈ, ਮੈਂ ਤਾਂ ਰਾਮ ਤੋਂ ਬਲਿਹਾਰ ਜਾਂਦਾ ਹਾਂ।

**ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥**

ਝੂਠ ਤੇ ਕਪਟ ਨੂੰ ਕਮਾਉਂਦੀ ਹੋਈ ਵੱਡਾ ਦੁਖ ਪਾਉਂਦੀ ਹੈ, ਸਤਿਗੁਰਾਂ ਨੂੰ ਮਿਲੇ ਤੋਂ ਬਿਨਾ ਪ੍ਰਭੂ ਦੀ ਪ੍ਰਾਪਤੀ ਦਾ ਮਗੁ=ਰਸਤਾ ਕਿਸੇ ਨੇ ਨਹੀਂ ਪਾਇਆ।

**ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥**

ਇਹ ਗਾਵਾਰੀ=ਮੂਰਖ-ਇਸਤ੍ਰੀ ਸੰਸਾਰ-ਉਜਾੜ ਦੇ ਰਸਤੇ ਵਿਚ ਭੁੱਲੀ ਫਿਰਦੀ ਹੈ, ਅਤੇ ਖਿਨੁ ਖਿਨੁ=ਥੋੜ੍ਹੇ ਥੋੜ੍ਹੇ ਸਮੇਂ ਵਿਚ ਧੱਕੇ ਨੂੰ ਖਾਂਦੀ ਹੈ।

**ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ॥**

ਪ੍ਰਭੂ ਦਾਤਾ ਆਪ ਕਿਰਪਾ ਦ੍ਰਿਸ਼ਟੀ ਕਰੇ, ਤਾਂ ਸਤਿਗੁਰ ਪੁਰਖਾਂ ਨਾਲ ਮਿਲਾਉਂਦਾ ਹੈ।

**ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ॥ ੩॥**

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰ ਪੁਰਖਾਂ ਨੇ ਸਹਜਿ ਸੁਭਾਏ=ਸੁਤੇ-ਸਿਧ ਹੀ ਜਨਮਾਂ ਜਨਮਾਂ ਦੇ ਵਿਛੜੇ ਹੋਏ ਪੁਰਸ਼ ਪ੍ਰਭੂ ਨਾਲ ਮੇਲਣਾ ਕੀਤੇ ਹਨ॥ ੩॥

**ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥**

ਬਲਿਹਾਰ ਜਾਣੇ ਯੋਗ ਜੋ ਰਾਮ ਹੈ, ਉਸ ਪਰਮਾਤਮਾ ਵਿਚ ਜਿਹੜੀ ਲਿਵ ਲੱਗੀ ਹੈ ਏਹੋ ਲਗਨ ਗਿਣਿਆ ਆਇਆ ਹੈ, ਇਸ ਲਈ ਜਗਿਆਸੂ ਰੂਪ ਧਨ=ਇਸਤਰੀ ਦੇ ਹਿਰਦੇ ਵਿਚ ਓਮਾਹੀਆ=ਉਤਸ਼ਾਹ ਪੈਦਾ ਹੋਇਆ ਹੈ।

**ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ॥**

ਪੰਡਿਤ* ਜੋ ਗੁਰੂ ਸਾਹਿਬ ਜੀ ਹਨ, ਤਿੰਨਾਂ ਗੁਣਾਂ ਤੋਂ ਰਹਿਤ ਪਾਧੇ+ ਪਧਤੀ ਦੇ ਦੱਸਦ ਵਾਲੇ ਉਹਨਾਂ

---

*ਯਥਾ:-"ਸੋ ਪੰਡਿਤੁ ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥ (ਮਲਾਰ ਮ: ੩, ਪੰਨਾ ੧੨੬੧)

+"ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥" (ਦਖਣੀ ਓਅੰਕਾਰ, ਪੰਨਾ ੯੩੮)

ਨੇ ਆਣਿ=ਆ ਕੇ ਵੇਦ ਰੂਪ ਪਤੀ=ਪੱਤ੍ਰਕਾ ਬਹਿ=ਬੈਠ ਕੇ ਵਾਚਾਈਆ=ਵਾਚੀ ਹੈ।

## ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥

ਜਬ=ਜਿਸ ਵੇਲੇ ਵੇਦ ਰੂਪ=ਪਤੀ=ਪੱਤ੍ਰਕਾ ਵਾਚੀ ਤੇ ਸੁਣ ਲਿਆ ਕਿ ਹੁਣ ਸੱਜਣ ਪਰਮਾਤਮਾ ਜੀ ਅੰਤਹਕਰਨ ਰੂਪੀ ਘਰ ਆ ਕੇ ਸਖਿਆਤਕਾਰ ਹੋਣਗੇ ਤਾਂ ਮਨ ਵਿਚ ਅਨੰਦ ਦੀ ਵਧਾਈ ਵੱਜੀ।

## ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥

ਗੁਣੀਆਂ, ਗਿਆਨੀਆਂ ਨੇ ਬੈਠ ਕੇ ਮਤਾ ਪਕਾਇਆ=ਸਲਾਹ ਕੀਤੀ ਕਿ ਇਹ ਪੂਰਨ ਅਧਿਕਾਰੀ ਹੈ, ਇਸ ਜਗਿਆਸੂ ਰੂਪ ਇਸਤਰੀ ਦਾ ਪਰਮੇਸ਼ਰ-ਪਤੀ ਨਾਲ ਵਿਆਹ ਕਰ ਦੇਣਾ ਚਾਹੀਦਾ ਹੈ, ਉਸੀ ਵੇਲੇ ਤਤ ਬੋਧਕ ਮਹਾਂ ਵਾਕ ਬਚਨ ਵੁਚਾਰਨੇ ਰੂਪ ਫੇਰੇ ਦਿਵਾ ਦਿੱਤੇ। ਤੇ-

## ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ॥

ਅਗਮ ਅਗੋਚਰ ਅਕਾਲ ਪੁਰਖ ਰੂਪ ਵਰੁ=ਪਤੀ ਨੂੰ ਪਾ ਲਿਆ ਜੋ ਸਦਾ ਹੀ ਨਵੀਨ ਤੇ ਬਾਲ ਸਖਾਈ ਹੈ। *ਅਥਵਾ*:-ਬਾਲ=ਬਾਲਾਨ ਬਲ-ਵੱਡਿਆਂ ਤੋਂ ਵੱਡਾ ਹੈ ਤੇ ਸਖਾਈ=ਮਿੱਤ੍ਰਤਾ ਦੇ ਕਰਨ ਵਾਲਾ ਹੈ।

## ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ॥੪॥੧॥

ਗੁਰੂ ਜੀ ਕਥਨ ਕਰਦੇ ਹਨ-ਜਦ ਇਕ ਵਾਰ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਨਾਲ ਮੇਲਦਾ ਹੈ ਤਾਂ ਫਿਰ ਉਸ ਨਾਲੋਂ ਕਦੇ ਵਿਛੜ ਨਹੀਂ ਜਾਂਦਾ॥ ੪॥ ੧॥

## ਸੂਹੀ ਮਹਲਾ ੪॥

**ਉਥਾਨਕਾ**:-ਇਕ ਵਾਰ ਦੀ ਗੱਲ ਹੈ ਕਿ ਗ਼ਰੀਬ ਪ੍ਰੇਮੀ ਦੇ ਘਰ ਜਿਸ ਵੇਲੇ ਲੜਕੀ ਵਰ ਦੇ ਯੋਗ (ਵਿਆਹੁਣ ਵਾਲੀ) ਹੋ ਗਈ ਤਾਂ ਉਸ ਨੂੰ ਚਿੰਤਾ ਲੱਗ ਗਈ ਤੇ ਲੜਕੇ ਦੀ ਦੇਖ-ਭਾਲ ਕਰਨੀ ਸ਼ੁਰੂ ਕਰ ਦਿੱਤੀ। ਪ੍ਰਭੂ ਦੀ ਪ੍ਰੇਰਨਾ ਅਨੁਸਾਰ ਥੋੜ੍ਹੇ ਦਿਨਾਂ ਦੇ ਵਿਚ ਹੀ ਉਸ ਨੂੰ ਲੜਕੇ ਦੀ ਦੱਸ ਪੈ ਗਈ ਤੇ ਉਸ ਦੇ ਮਾਪਿਆਂ ਨਾਲ ਮਿਲ ਕੇ ਇਸ ਨੇ ਸਾਰੀ ਗੱਲ ਪੱਕੀ ਕਰ ਲਈ। ਪਹਿਲੇ ਸ਼ਗਨ ਦੇ ਕੇ ਫੇਰ ਵਿਆਹ ਦਾ ਦਿਨ ਮੁਕੱਰਰ ਕਰ ਲਿਆ। ਜਿਸ ਵੇਲੇ ਵਿਆਹ ਦੇ ਦਿਨ ਥੋੜ੍ਹੇ ਰਹਿ ਗਏ ਤਾਂ ਇਸ ਨੇ ਪੰਡਿਤ ਜੀ ਨੂੰ ਘਰ ਸੱਦ ਕੇ ਕਿਹਾ-"ਮੇਰੀ ਲੜਕੀ ਦਾ ਵਿਆਹ ਹੈ, ਆਪ ਜੀ ਨੇ ਵਿੱਧੀ ਅਨੁਸਾਰ ਸਾਰਾ ਕੰਮ ਸੋਹਣੇ ਢੰਗ ਨਾਲ ਪੂਰਾ ਕਰ ਦੇਣਾ।" ਇਹ ਗੱਲ ਸੁਣ ਕੇ ਪੰਡਿਤ ਜੀ ਨੇ ਕਿਹਾ-"ਕੰਮ ਸਾਰਾ ਸੋਹਣੇ ਢੰਗ ਨਾਲ ਕਰਾਂਗਾ ਪਰ ਰੁਪਏ ਪੰਜਾਹ ਲਵਾਂਗਾ।" ਉਸ ਨੇ ਹੱਥ ਜੋੜ ਕੇ ਕਿਹਾ-" ਮੈਂ ਗ਼ਰੀਬ ਹਾਂ ਇਤਨੇ ਰੁਪਏ ਨਹੀਂ ਦੇ ਸਕਦਾ, ਹੱਛਾ ਤੁਸੀਂ ਪੰਜੀ ਰੁਪਏ ਲੈ ਲੈਣੇ।" ਬਹੁਤ ਕਹਿਣ ਦੇ ਬਾਵਜੂਦ ਭੀ ਪੰਡਿਤ ਜੀ ਨਾ ਮੰਨੇ ਉਸ ਨੂੰ ਨਿਰਾਸ ਕਰਕੇ ਤੁਰ ਆਏ। ਇਸ ਨੇ ਫਿਰ ਬਹੁਤਿਆਂ ਨਾਲ ਸਲਾਹ ਕੀਤੀ ਕਿ 'ਮੈਂ ਗਰੀਬ ਆਦਮੀ ਹਾਂ ਲੜਕੀ ਦਾ ਵਿਆਹ ਭੀ ਜ਼ਰੂਰ ਕਰਨਾ ਹੈ, ਥੋੜ੍ਹੇ ਰੁਪਈਆਂ ਵਿਚ ਜੇ ਕੋਈ ਕਰਵਾ ਦੇਵੇ ਤਾਂ ਬਹੁਤ ਚੰਗਾ ਹੈ।' ਇਸ ਦੀ ਇਹ ਗੱਲ ਸੁਣ ਕੇ ਇਕ ਸਿੱਖ ਨੇ ਕਿਹਾ-"ਤੂੰ ਗੁਰੂ ਦੇ ਚੱਕ ਗੁਰੂ ਜੀ ਪਾਸ ਜਾ ਕੇ ਬੇਨਤੀ ਕਰ ਉਹ ਤੇਰਾ ਕਾਰਜ ਰੁਪਈਆਂ ਤੋਂ ਬਗੈਰ ਹੀ ਪੂਰਾ ਕਰ ਦੇਣਗੇ।" ਸਿੱਖ ਤੋਂ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਉਸੀ ਵੇਲੇ ਗੁਰੂ ਦੇ ਚੱਕ ਗੁਰੂ ਜੀ ਪਾਸ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਆਖਦਾ ਹੈ-"ਗ਼ਰੀਬ ਨਿਵਾਜ਼ ਜੀਓ ! ਗ਼ਰੀਬ ਤੇ ਤਰਸ ਕਰੋ, ਮੈਂ ਤੁਹਾਡੀਆਂ ਸਿਫ਼ਤਾਂ ਸੁਣ ਕੇ ਆਇਆ ਹਾਂ, ਆਪ ਦਾਸ ਦਾ ਕਾਰਜ ਪੂਰਾ ਕਰ ਦਿਉ।" ਗੁਰੂ ਜੀ ਨੇ ਪੁੱਛਿਆ-"ਕੀ ਕੰਮ

ਹੈ?'' ਤਾਂ ਉਸ ਨੇ ਸਾਰੀ ਗੱਲ ਸੁਣਾਈ ਕਿ 'ਲੜਕੀ ਦਾ ਵਿਆਹ ਕਰਨਾ ਹੈ' ਮੈਂ ਪੰਡਿਤ ਜੀ ਨੂੰ ਸੱਦ ਕੇ ਕਿਹਾ ਸੀ ਤੇ ਉਸ ਨੇ ਪੰਜਾਹ ਰੁਪਏ ਮੰਗੇ ਸਨ, ਮੈਂ ਕਿਹਾ-ਗਰੀਬ ਤੇ ਤਰਸ ਕਰੋ ਪੰਜਾਹ ਨਹੀਂ ਦੇ ਸਕਦਾ ਪੰਝੀ ਦੇ ਦਿਆਂਗਾ ਪਰ ਉਹ ਇਨਕਾਰ ਕਰ ਗਿਆ ਹੈ, ਮੈਂ ਬਹੁਤ ਡਾਵੇਂਡੋਲ ਹੋ ਕੇ ਆਪ ਜੀ ਪਾਸ ਆਇਆ ਹਾਂ ਆਪ ਕਿਰਪਾ ਕਰੋ।'

ਗੁਰੂ ਜੀ ਨੇ ਕਿਹਾ-''ਇਥੇ ਕੋਈ ਇਨਕਾਰ ਨਹੀਂ, ਜਿਸ ਵੇਲੇ ਭੀ ਤੁਸੀਂ ਸਾਰੇ ਮੁੰਡਾ ਕੁੜੀ ਲੈ ਆਉਗੇ ਅਸੀਂ ਵਿਆਹ ਕਰ ਦਿਆਂਗੇ।'' ਇਹ ਬਚਨ ਸੁਣ ਕੇ ਬੜਾ ਖੁਸ਼ ਹੋ ਕੇ ਘਰ ਚਲਾ ਗਿਆ। ਪਹਿਲੇ ਆਪਣੇ ਪ੍ਰਵਾਰ ਨਾਲ ਸਲਾਹ ਕੀਤੀ, ਫੇਰ ਮੁੰਡੇ ਦੇ ਮਾਪਿਆਂ ਨਾਲ ਪੱਕੀ ਸਲਾਹ ਕਰ ਲਈ ਕਿ 'ਗੁਰੂ ਦੇ ਚੱਕ ਜਾ ਕੇ ਵਿਆਹ ਕਰਨਾ ਹੈ।'

ਜਿਹੜਾ ਵਿਆਹ ਵਾਲਾ ਦਿਨ ਮੁਕੱਰਰ ਕੀਤਾ ਹੋਇਆ ਸੀ, ਉਸ ਦਿਨ ਸਾਰੇ ਇਕੱਠੇ ਹੋ ਕੇ ਗੁਰੂ ਦੇ ਚੱਕ ਗੁਰੂ ਜੀ ਦੇ ਪਾਸ ਪਹੁੰਚ ਕੇ ਬੇਨਤੀ ਕੀਤੀ-''ਗਰੀਬ ਨਿਵਾਜ਼ ਜੀਓ ! ਮੁੰਡਾ ਕੁੜੀ ਆ ਗਏ ਹਨ, ਆਪ ਇਨ੍ਹਾਂ ਦਾ ਵਿਆਹ ਕਰ ਦਿਓ।''

ਗੁਰੂ ਜੀ ਨੇ ਉਹਨਾਂ ਨੂੰ ਆਪਣੇ ਪਾਸ ਬਿਠਾ ਲਿਆ, ਉਸ ਵੇਲੇ ਇਕ ਅਧਿਕਾਰੀ ਜਗਿਆਸੂ (ਪਰਮੇਸ਼ਰ ਪ੍ਰਾਪਤੀ ਦੀ ਇੱਛਾ ਵਾਲਾ) ਬੈਠਾ ਹੋਇਆ ਸੀ, ਉਸ ਨੂੰ ਗੁਰੂ ਸਾਹਿਬ ਜੀ ਸਿਖਿਆ ਦੇਣ ਲੱਗੇ ਸਨ ਤਾਂ ਗੁਰੂ ਜੀ ਨੇ ਕਿਹਾ-''ਤੁਹਾਡਾ ਦੋਹਾਂ ਦਾ ਕੰਮ ਇਕੱਠਾ ਹੀ ਕਰ ਦੇਂਦੇ ਹਾਂ।'' ਉਸ ਵੇਲੇ ਗੁਰੂ ਜੀ ਨੇ ਇਹ ਲਾਵਾਂ ਉਚਾਰ ਕੇ ਪ੍ਰਤੱਖ ਮੁੰਡੇ ਕੁੜੀ ਦਾ ਵਿਆਹ ਅਤੇ ਅੰਤ੍ਰੀਵ ਜਗਿਆਸੂ ਰੂਪ ਲੜਕੀ ਦਾ ਪਰਮੇਸ਼ਰ ਪਤੀ ਨਾਲ ਵਿਆਹ ਕਰ ਦਿੱਤਾ। ਲਾਵ ਦੇ ਚਾਰ ਅਰਥ ਹਨ-

੧. ਪਰਕਰਮਾ, ੨. ਸਿਖਿਆ, ੩. ਭੂਮਿਕਾ, ੪. ਲਗਨ।

## ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ, ਉਸ ਹਰੀ ਰੂਪ ਪਤੀ ਦੀ ਪ੍ਰਾਪਤੀ ਦੀ ਪਹਿਲੜੀ ਲਾਵ=ਪਹਿਲੀ ਪਰਕਰਮਾ, ਪਹਿਲੀ ਸਿਖਿਆ, ਪਹਿਲੀ ਭੂਮਿਕਾ ਜੋ ਪਰਵਿਰਤੀ ਕਰਮ 'ਸ਼ੁਭ ਇੱਛਾ' ਹੈ, ਉਹ ਗੁਰਾਂ ਨੇ ਦ੍ਰਿੜ੍ਹਾਉਣਾ ਕੀਤਾ ਹੈ।

*ਯਥਾ:-* ਦੋਹਰਾ ॥''ਬਿਖਿਆ ਬਿਖੈ ਭਈ ਦੂੈਖਤਾ ਗੁਰ ਤੀਰਥ ਅਨੁਰਾਗੁ।

ਤਾਂ ਤੇ ਸੁਭ ਇੱਛਾ ਕਹੀ ਕਥਾ ਸ੍ਰਵਨ ਮਨ ਲਗ ॥ ੯ ॥''. *(ਵਿਚਾਰ ਮਾਲਾ ਅਧਿ:੩)*

*ਤਥਾ:-*''ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥'' *(ਪੰਨਾ ੯੩੨)*

ਇਹ ਨਿਸਚੇ ਕਰਕੇ ਵਿਸ਼ਿਆਂ ਤਰਫੋਂ ਗਿਲਾਨੀ (ਨਫਰਤ) ਕਰਨੀ ਗੁਰੂ ਸੇਵਾ ਤੇ ਤੀਰਥ ਯਾਤਰਾ ਵਿਚ ਪ੍ਰੇਮ ਕਰਨਾ ਕਿਉਂਕਿ ਗੁਰੂ ਸੇਵਾ ਤੇ ਵਿਧੀ ਸਹਿਤ ਤੀਰਥ ਯਾਤਰਾ ਕਰਨੀ ਮਨ ਦੀ ਸ਼ੁੱਧੀ ਦਾ ਕਾਰਨ ਹਨ, ਤੇ ਪ੍ਰਭੂ ਦੀ ਕਥਾ ਸਭ ਤੋਂ ਉੱਤਮ ਹੈ।

*ਯਥਾ:-* ''ਨਿਰਗੁਣ ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ *(ਪੰਨਾ ੧੬੪)*

*ਤਥਾ:-* ''ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ ॥ ੧ ॥ ਰਹਾਉ ॥

ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ ॥ ੧ ॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ॥ ੨ ॥ ੪ ॥ ੧੩੩ ॥"

(ਪੰਨਾ ੪੦੪)

ਪ੍ਰਭੂ ਦੀ ਕਥਾ ਸੁਨਣ ਵਿਚ ਮਨ ਦਾ ਲਗਾਉਣਾ ਇਨ੍ਹਾਂ ਸਭਨਾਂ ਨੂੰ ਸ਼ੁਭ ਇੱਛਾ ਕਿਹਾ ਹੈ, ਏਸੇ ਦਾ ਨਾਮ ਪ੍ਰਵਿਰਤੀ ਕਰਮ ਹੈ।

## ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥

ਬ੍ਰਹਮਾ ਜਿਸ ਦਾ ਗ੍ਰੰਥੀ ਹੈ ਐਸੀ ਜੋ ਵੇਦ ਬਾਣੀ ਹੈ ਉਸ ਦੁਆਰੇ ਧਰਮ ਨੂੰ ਦ੍ਰਿੜ ਕਰੋ, ਪਾਪਾਂ ਨੂੰ ਤਜਾਇਆ=ਤਿਆਗਣਾ ਕਰੋ ਤੇ ਰਾਮ ਤੋਂ ਬਲਿਹਾਰ ਜਾਣਾ ਕਰੋ।

## ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥

ਸ੍ਰੈ ਧਰਮ* ਨੂੰ ਦ੍ਰਿੜ੍ਹ ਕਰੋ, ਕਿਉਂਕਿ:-

"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥" (ਪੰਨਾ ੬੨੨)

ਅਤੇ ਹਰੀ ਨਾਮ ਨੂੰ ਧਿਆਉਣਾ ਕਰੋ ਜਿਸ ਨਾਮ ਨੂੰ ਵੇਦਾਂ, ਸ਼ਾਸਤਰਾਂ ਤੇ ਸਿੰਮ੍ਰਿਤੀਆਂ ਨੇ ਦ੍ਰਿੜ੍ਹ ਕਰਵਾਇਆ ਹੈ।

*ਯਥਾ:-* "ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥" (ਪੰਨਾ ੭੬੧)

## ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥

ਗੁਰੁ=ਪੂਜਨੀਕ ਪੂਰਿਆਂ ਸਤਿਗੁਰਾਂ ਨੂੰ ਅਰਾਧਣਾ ਕਰੋ,

*ਅਥਵਾ:* ਸਤਿਗੁਰਾਂ ਦੁਆਰੇ ਗੁਰੁ ਪੂਰਾ=ਪੂਜਨੀਕ ਪੂਰੇ ਪਰਮੇਸ਼ਰ ਨੂੰ ਅਰਾਧਣਾ ਕਰੋ, ਜਿਨ੍ਹਾਂ ਨੇ ਅਰਾਧਿਆ ਹੈ, ਉਨ੍ਹਾਂ ਨੇ ਚੌਹਾਂ ਕਿਲਵਿਖਾਂ** ਨੂੰ ਤੇ ਬਿਅੰਤ ਪਾਪਾਂ ਨੂੰ ਗੁਆ ਦਿੱਤਾ ਹੈ।

## ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥

ਉਸ ਵਡਭਾਗੀ ਪੁਰਸ਼ ਨੂੰ ਸਹਜੇ ਅਨੰਦ ਪ੍ਰਾਪਤ ਹੋਇਆ ਹੈ,
ਜਿਸ ਦੇ ਮਨ ਵਿਚ ਹਰਿ ਹਰਿ ਦਾ ਨਾਮ ਮਿੱਠਾ ਲਗ ਆਇਆ ਹੈ।

---

**ਧਰਮ ਦੇ ਦਸ ਚਿੰਨ੍ਹ ਕਹੇ ਹਨ,*
*ਯਥਾ:-"ਖਿਮਾ, ਅਹਿੰਸਾ, ਦਯਾ, ਮ੍ਰਿਦੁ: ਸਤ ਬਚਨ, ਤਪਦਾਨ।*
*ਸੀਲ, ਸੋਚ, ਤ੍ਰਿਸ਼ਨਾ ਬਿਨਾ: ਧਰਮ ਲਿੰਗ ਦਸ ਜਾਨ॥ ੧੦ ॥"........*
*ਧਰਮ ਤੋਂ ਬਿਨਾ ਜੀਵ ਦਾ ਜੀਉਣਾ ਨਿਸਫਲ ਹੈ,*
*ਯਥਾ:-"ਇੰਦ ਬਿਨਾ ਜਿਉਂ ਮੰਦ ਨਿਸ, ਮੰਦ ਕੰਜ ਬਿਨਾਂ ਤਾਲ।*
*ਜੀਵ ਮੰਦ ਤਿਉ ਧਰਮ ਬਿਨ, ਤਾਂ ਤੇ ਧਰਮ ਨ ਟਾਲ॥ ੧੪ ॥"* *(ਸਾਰੁਕਤਾਵਲੀ ਅਧਿ:੧)*
***ਯਥਾ:-"ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ॥"* *(ਪੰਨਾ ੭੦)*
*ਤਥਾ:-"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥"* *(ਪੰਨਾ ੧੪੧੩)*

## ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਵਿਆਹ ਰੂਪ ਕਾਰਜ ਦੇ ਆਰੰਭ ਵਿਚ 'ਸੁਭਇੱਛਾ' ਰੂਪ ਪਹਿਲੀ ਲਾਵ=ਪਰਕਰਮਾ, ਸਿਖਿਆ, ਭੂਮਿਕਾ ਨੂੰ ਰਚਾਉਣਾ ਕੀਤਾ ਹੈ॥ ੧॥

[ਪੰਨਾ ੭੭੪]

## ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ ਉਸ ਹਰੀ ਪਤੀ ਦੀ ਪ੍ਰਾਪਤੀ ਦੀ ਦੂਜੜੀ ਲਾਵ=ਦੂਜੀ ਪਰਕਰਮਾ ਸਿਖਿਆ, ਭੂਮਿਕਾ ਜੋ ਸੁਭ ਵਿਚਾਰ ਹੈ, ਸਤਿਗੁਰ ਪੁਰਖਾਂ ਨੇ ਉਸ ਨਾਲ ਮਿਲਾਉਣਾ ਕੀਤਾ ਹੈ।

*ਯਥਾ:-* "ਦੂਜੀ ਕਹੀ ਸੁ ਵਿਚਾਰਨਾਂ ਉਪਜਜੋ ਤੱਤ ਬਿਚਾਰ।
ਏਕੰਤ ਹ੍ਵੈ ਸੋਧੰਨ ਲਗਜੋ ਕੋ ਹੰ ਕੋ ਸੰਸਾਰ॥ ੧੩॥" *(ਵਿਚਾਰ ਮਾਲਾ ਬਿਸ੍ਰਾਮ ੩)*

ਸੁਭ ਵਿਚਾਰ ਦੁਆਰਾ ਇਕਾਂਤ ਜਗ੍ਹਾ ਪਰ ਬੈਠ ਕੇ ਇਸ ਗੱਲ ਨੂੰ ਵਿਚਾਰਨ ਲੱਗ ਪਿਆ, ਹੰ=ਮੈਂ ਕੌਣ ਹਾਂ? ਤੇ ਸੰਸਾਰ ਕੀ ਹੈ?

ਵਿਚਾਰ ਕੇ ਇਹ ਨਿਸਚੇ ਕੀਤਾ, ਮੈਂ ਕੁਝ ਚੀਜ਼ ਨਹੀਂ ਹਾਂ ਕਿਉਂਕਿ ਇਹ ਸਰੀਰ ਮੈਲੇ ਪਾਣੀ ਦਾ ਬੁਦ-ਬੁਦਾ ਹੈ।

*ਯਥਾ:-* "ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥" *(ਪੰਨਾ ੩੩੬)*

*ਤਥਾ:-* "ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥" *(ਪੰਨਾ ੬੩)*

"ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥" *(ਪੰਨਾ ੭੦੬)*

ਅਤੇ ਸੰਸਾਰ ਭੀ ਧੂੰਏ ਦੇ ਪਹਾੜ ਵਾਂਗ ਨਾਸਵੰਤ ਹੈ।

*ਯਥਾ:-* "ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥" *(ਪੰਨਾ ੧੧੮੬)*

## ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਰਾਮ ਦੇ ਭੈ=ਡਰ ਧਾਰਨ ਕਰਕੇ ਮਨ ਨਿਰਖੌਫ ਹੁੰਦਾ ਹੈ, ਗੁਰਮੁਖਾਂ ਨੇ ਰਾਮ ਦੇ ਡਰ ਨੂੰ ਧਾਰ ਕੇ ਹਉਮੈ ਦੀ ਮੈਲ ਨੂੰ ਗੁਆ ਦੇਣਾ ਕੀਤਾ ਹੈ।

## ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥

ਨਿਰਮਲ ਪਰਮਾਤਮਾ ਦੇ ਭਉ=ਡਰ ਨੂੰ ਪਾ ਕੇ ਜਿਸ ਨੇ ਹਰੀ ਗੁਣਾਂ ਨੂੰ ਗਾਇਣ ਕੀਤਾ ਹੈ, ਉਸ ਨੇ ਹਰੀ ਰਾਮ ਨੂੰ ਹਾਜ਼ਰਾ ਹਜ਼ੂਰ ਦੇਖਿਆ ਹੈ।

## ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਹਰੀ ਰਾਮ ਨੇ ਆਤਮ=ਆਪਣੇ ਆਪ ਤੋਂ ਇਹ ਸੰਸਾਰ ਪਸਾਰਾ ਪਸਾਰਿਆ ਹੈ,

ਪੁਨਾ-ਉਹ ਸੁਆਮੀ ਸਾਰਿਆਂ ਵਿਚ ਭਰਪੂਰੇ=ਪੂਰਨ ਹੋ ਰਿਹਾ ਹੈ।

## ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥

ਸਰੀਰ ਦੇ, ਅਥਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਜੋ ਇਕ ਹਰੀ ਪ੍ਰਭੂ ਹੈ, ਉਸ ਹਰੀ ਦੇ ਸੰਤ ਜਨਾਂ ਨਾਲ ਮਿਲ ਕੇ ਅਸਾਂ ਨੇ ਉਸ ਦੇ ਜੰਗਲ ਗਾਏ ਹਨ, ਤੁਸੀਂ ਗਾਉਣਾ ਕਰੋ।

## ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥ ੨॥

ਗੁਰੂ ਜੀ ਕਥਨ ਕਰਦੇ ਹਨ—ਪਰਮੇਸ਼ਰ-ਪਤੀ ਦੀ ਪ੍ਰਾਪਤੀ ਵਾਸਤੇ 'ਸੁਵਿਚਾਰਨਾ' ਸ਼ੁਭ ਵਿਚਾਰ ਕਰਨੇ ਰੂਪ ਦੂਜੀ ਲਾਵ=ਪਰਕਰਮਾ, ਵਾ:-ਸਿਖਿਆ, ਵਾ:-ਭੂਮਿਕਾ ਚਲਾਉਣਾ ਕੀਤੀ ਹੈ, ਤੇ ਅਨਹਦ=ਇਕ-ਰਸ ਨਾਮਾਂ ਰੂਪੀ ਸ਼ਬਦ ਵਜਾਏ=ਉਚਾਰਨਾ ਕੀਤੇ।

ਅਤੇ ਪ੍ਰਤੱਖ ਵਿਆਹ ਵਾਲਿਆਂ ਨੇ ਪ੍ਰਤੱਖ ਇਕ-ਰਸ ਵਾਜੇ ਵਜਵਾਏ॥ ੨॥

## ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ ਉਸ ਹਰੀ ਪਤੀ ਦੀ ਪ੍ਰਾਪਤੀ ਵਾਸਤੇ ਤੀਜੜੀ ਲਾਵ=ਤੀਜੀ ਪਰਕਰਮਾ, ਵਾ:-ਤੀਜੀ ਸਿਖਿਆ, ਵਾ:-ਭੂਮਿਕਾ 'ਤਨੂਮਾਨਸਾ' ਹੈ,

*ਯਥਾ:-* 'ਤਨੂਮਾਨਸਾ ਸੁ ਤੀਸਰੀ ਮਨ ਕੋ ਪ੍ਰਤ ਆਹਾਰ।

ਥਿਰ ਹ੍ਵੈ ਸੁਧ ਸਰੂਪ ਕੀ ਰਾਖੈ ਨਿਤ ਸੰਭਾਰ॥ ੨੨॥ *(ਵਿਚਾਰ ਮਾਲਾ ਬਿਸ੍ਰਾਮ ੩)*

(ਮਨ ਨੂੰ ਪ੍ਰਤ ਆਹਾਰ=ਰੋਕਣਾ, ਰੋਕ ਕੇ ਫਿਰ ਸੂਖਮ ਕਰਨਾ ਇਸੀ ਦਾ ਨਾਮ ਤਨੂਮਾਨਸਾ ਹੈ) ਏਸੇ ਕਰਕੇ ਬੈਰਾਗੀਆਂ ਦੀ ਨਿਆਈਂ ਮਨ ਵਿਚ ਚਾਉ=ਉਤਸ਼ਾਹ ਹੋਇਆ ਹੈ।

## ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥

ਹੇ ਭਾਈ ! ਹਰੀ ਦੇ ਸੰਤ ਜਨਾਂ ਨਾਲ ਤੂੰ ਆਪਣੇ ਆਪ ਨੂੰ ਮੇਲ,

ਜਿਨ੍ਹਾਂ ਵਡਭਾਗੀ ਸੰਤਾਂ ਨੇ ਬਲਿਹਾਰ ਜਾਣੇ ਯੋਗ ਹਰੀ ਰਾਮ ਨੂੰ ਪਾਇਆ ਹੈ।

## ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥

ਜਿਨ੍ਹਾਂ ਸੰਤਾਂ ਨੇ ਨਿਰਮਲ ਹਰੀ ਨੂੰ ਪਾਇਆ ਹੈ ਤੇ ਹਰੀ ਗੁਣਾਂ ਨੂੰ ਗਾਇਣ ਕੀਤਾ ਹੈ ਅਤੇ ਮੂੰਹੋਂ ਹਰੀ ਨਾਮ ਬਾਣੀ ਬੋਲੀ ਹੈ। ਇਸ ਤਰ੍ਹਾਂ ਦੇ-

## ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥

ਸੰਤ ਜਨਾਂ ਦਾ ਸੰਗ ਵਡਭਾਗੀ ਪੁਰਸ਼ਾਂ ਨੇ ਪਾਇਆ ਹੈ,

ਇਸ ਕਰਕੇ ਤੁਸੀਂ ਭੀ ਸੰਤਾਂ ਨਾਲ ਮਿਲ ਕੇ ਅਕੱਥ ਹਰੀ ਦੀ ਕਹਾਣੀ ਨੂੰ ਕਥਨ ਕਰੋ।

## ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥

ਹਰੀ ਨਾਮ ਦੇ ਜਪਣੇ ਕਰਕੇ ਹਿਰਦੇ ਵਿਚ ਹਰਿ ਹਰਿ ਦੀ ਧੁਨ ਉਪਜੀ ਹੈ ਭਾਵ ਬ੍ਰਹਮਾ ਕਾਰ ਬਿਰਤੀ ਹੋਈ ਹੇ, ਇਸ ਲਈ ਮੱਥੇ ਦੇ ਭਾਗਾਂ ਅਨੁਸਾਰ ਹਰੀ ਨਾਮ ਨੂੰ ਜਪਣਾ ਕਰੀਏ।

## ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥ ੩॥

ਗੁਰੂ ਜੀ ਕਥਨ ਕਰਦੇ ਹਨ—ਹਰੀ-ਪਤੀ ਦੀ ਪ੍ਰਾਪਤੀ ਵਾਸਤੇ 'ਤਨੂਮਾਨਸਾ' ਰੂਪ ਤੀਜੀ ਲਾਵੈ=ਤੀਜੀ

ਪਰਕਰਮਾ, ਵਾ:-ਤੀਜੀ ਸਿਖਿਆ, ਵਾ:-ਤੀਜੀ ਭੂਮਿਕਾ ਉਚਾਰਨਾ ਕੀਤੀ ਹੈ, ਜਿਸ ਕਰਕੇ ਮਨ ਵਿਚ ਬੈਰਾਗ ਉਪਜੈ=ਪੈਦਾ ਹੋਇਆ ਹੈ॥ ੩॥

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥**

ਹਰੀ-ਪਤੀ ਦੀ ਪ੍ਰਾਪਤੀ ਵਾਸਤੇ ਚਉਥੜੀ ਲਾਵ=ਚੌਥੀ ਪਰਕਰਮਾ, ਵਾ:-ਚੌਥੀ ਸਿਖਿਆ, ਵਾ:-ਚੌਥੀ ਭੂਮਿਕਾ ਸੱਤ੍ਵਾਪਤ ਹੈ ਅਰਥਾਤ ਤੁਰੀਆ ਪਦ ਹੈ।

*ਯਥਾ:-* "ਚਤੁਰਥ ਸਤ੍ਵਾਪਤਿ ਯਿਹ ਅਨਭਵ ਉਦੈ ਅਭੰਗ।

ਆਤਮ ਜਗ ਦਰਸਿਓ ਭਲੇ ਜਿਉ ਮਧ ਸਿੰਧੁ ਤਰੰਗ॥ ੧੩॥ *(ਵਿਚਾਰਮਾਲਾ ਬਿ:੩)*

ਇਸ ਕਰਕੇ ਮਨ ਵਿਚ ਪ੍ਰਭੂ ਦਾ ਸਹਜੁ ਭਇਆ=ਗਿਆਨ ਹੋਇਆ ਹੈ,

ਉਸ ਗਿਆਨ ਕਰਕੇ ਹੀ ਬਲਿਹਾਰ ਜਾਣੇ ਯੋਗ ਹਰੀ ਰਾਮ ਨੂੰ ਪਾਇਆ ਹੈ।

**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥**

ਜਿਸ ਵੇਲੇ ਮੁਖੀ ਗੁਰਾਂ ਨੇ ਬਲਿਹਾਰ ਜਾਣੇ ਯੋਗ ਰਾਮ ਹਰੀ ਦਾ ਨਾਮ ਮਨ ਤਨ ਵਿਚ ਮਿੱਠਾ ਲਗਾਇਆ ਤਾਂ ਸੁਭਾਵਕ ਹੀ ਹਰੀ ਆ ਕੇ ਮਿਲ ਪਿਆ।

**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥**

ਜਿਸ ਨੂੰ ਹਰੀ ਨਾਮ ਮਿੱਠਾ ਲਗ ਆਇਆ ਹੈ ਤੇ ਰਾਤ ਦਿਨ ਹਰੀ ਵਿਚ ਬਿਰਤੀ ਜੋੜੀ ਹੈ, ਉਹ ਜਗਿਆਸੂ ਮੇਰੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥**

ਉਸ ਨੇ ਸੁਆਮੀ ਦੀ ਪ੍ਰਾਪਤੀ ਰੂਪ ਮਨ-ਇੱਛਤ ਫਲ ਪਾ ਲਿਆ ਹੈ ਅਤੇ ਹਰੀ ਨਾਮੀ ਦੀ ਪਰਾਪਤੀ ਹੋਣ ਕਰਕੇ ਅਨੰਦ ਦੀ ਵਧਾਈ ਵੱਜੀ ਹੈ।

**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥**

ਜਿਸ ਵੇਲੇ ਗੁਰਾਂ ਨੇ ਹਰੀ ਪ੍ਰਭੂ ਠਾਕੁਰ ਦੀ ਪ੍ਰਾਪਤੀ ਦਾ ਕਾਜੁ=ਢੰਗ (ਵਿਅਹ) ਰਚਾਇਆ ਤਾਂ ਜਗਿਆਸੂ ਰੂਪ ਇਸਤਰੀ ਹਿਰਦੇ ਵਿਚ ਨਾਮੀ ਦੇ ਨਾਮ ਨੂੰ ਜਪ ਕੇ ਵਿਗਾਸੀ=ਅਨੰਦ ਹੋਈ।

**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥੨॥**

ਗੁਰੂ ਜੀ ਕਥਨ ਕਰਦੇ ਹਨ-ਚਉਥੀ ਲਾਵੈ=ਚੌਥੀ ਪਰਕਰਮਾ,

ਵਾ:-ਚੌਥੀ ਸਿਖਿਆ ਜੋ ਚੌਥੀ ਭੂਮਿਕਾ (ਤੁਰੀਆ ਪਦ) ਹੈ, ਉਸ ਵਿਚ ਹਰੀ ਪ੍ਰਭੂ ਅਬਿਨਾਸੀ ਨੂੰ ਪਾਇਆ ਹੈ॥ ੪॥ ੨॥

ਇਸ ਤਰ੍ਹਾਂ ਚਾਰ ਲਾਵਾਂ ਉਚਾਰ ਕੇ ਗੁਰੂ ਜੀ ਨੇ ਪ੍ਰਤੱਖ ਮੁੰਡੇ ਕੁੜੀ ਦਾ ਵਿਆਹ ਕਰਕੇ ਤੇ ਪ੍ਰਸ਼ਾਦ ਦੇ ਕੇ ਉਹਨਾਂ ਸਾਰਿਆਂ ਨੂੰ ਤੋਰ ਦਿੱਤਾ।

ਅਤੇ ਜਗਿਆਸੂ ਰੂਪ ਲੜਕੀ ਦਾ ਪਰਮੇਸ਼ਰ-ਪਤੀ ਨਾਲ ਵਿਆਹ ਕਰਕੇ ਅਰਥਾਤ ਪ੍ਰਭੂ ਦੀ ਪ੍ਰਾਪਤੀ ਕਰਕੇ ਉਸ ਨੂੰ ਭੀ ਭੇਜ ਦਿੱਤਾ।

## ੧ਓ ਸਤਿਗੁਰ ਪ੍ਰਸਾਦਿ॥

## ਰਾਗੁ ਸੂਹੀ ਛੰਤ ਮਹਲਾ ੪ ਘਰੁ ੨॥

**ਗੁਰਮੁਖਿ ਹਰਿ ਗੁਣ ਗਾਏ॥ ਹਿਰਦੈ ਰਸਨ ਰਸਾਏ॥**

ਗੁਰਮੁਖ ਜਨ ਰਸਨਾ ਆਦਿਕ ਇੰਦ੍ਰੀਆਂ ਨੂੰ ਰਸਾ ਕੇ ਹਰੀ ਗੁਣਾਂ ਨੂੰ ਗਾਉਂਦੇ ਹਨ ਅਤੇ ਹਿਰਦੇ ਵਿਚ ਹਰੀ ਦੇ ਗੁਣਾਂ ਨੂੰ ਵਸਾਉਂਦੇ ਹਨ।

**ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ॥**

ਰਸਨਾ ਆਦਿਕ ਇੰਦ੍ਰੀਏ ਹਰੀ ਵਿਚ ਰਸਾਉਣਾ ਕਰਕੇ ਮੇਰੇ ਪ੍ਰਭੂ ਨੂੰ ਭਾਅ ਗਏ ਹਨ, ਇਸ ਕਰ ਕੇ ਸਹਜਿ ਸੁਭਾਏ=ਸੁਤੇ-ਸਿਧ ਉਹਨਾਂ ਨੂੰ ਹਰੀ ਆ ਮਿਲਿਆ ਹੈ।

**ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ॥**

ਜਿਨ੍ਹਾਂ ਨੂੰ ਹਰੀ ਮਿਲਿਆ ਹੈ, ਉਹ ਰਾਤ ਦਿਨ ਖਾਣ ਪਾਣ ਆਦਿਕ ਭੋਗ=ਪਦਾਰਥ ਨੂੰ ਭੋਗਦੇ ਹੋਏ ਭੀ ਸਬਦਿ=ਬ੍ਰਹਮ ਵਿਚ ਲਿਵ ਲਗਾਈ ਰਹਿੰਦੇ ਹਨ, ਇਸ ਲਈ ਸੁਖੀ ਸੌਂਦੇ ਹਨ।

ਵਾ:-ਆਤਮ ਸੁਖ ਵਿਚ ਸੋਵੈ=ਇਸਥਿਤ ਹੁੰਦੇ ਹਨ।

**ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ॥**

ਵੱਡਿਆਂ ਭਾਗਾਂ ਨਾਲ ਪੂਰਾ ਗੁਰੂ ਪਾਈਏ ਤਾਂ ਰਾਤ ਦਿਨ ਨਾਮ ਧਿਆਉਂਦੇ ਰਹੀਦਾ ਹੈ।

**ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ॥ ੧॥**

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੂੰ ਸੁਭਾਵਕ ਹੀ ਸਹਜਿ=ਗਿਆਨ ਕਰਕੇ ਜਗਜੀਵਨੁ=ਪਰਮਾਤਮਾ ਮਿਲਿਆ ਹੈ ਉਹ ਸੁੰਨਿ=ਅਫੁਰ ਬ੍ਰਹਮ ਵਿਚ ਸਮਾਏ ਹਨ॥ ੧॥

**ਸੰਗਤਿ ਸੰਤ ਮਿਲਾਏ॥ ਹਰਿ ਸਰਿ ਨਿਰਮਲਿ ਨਾਏ॥**

ਪਰਮੇਸ਼ਰ ਨੇ ਕਿਰਪਾ ਕਰਕੇ, ਜੋ ਪੁਰਸ਼ ਸੰਤਾਂ ਦੀ ਸੰਗਤ ਵਿਚ ਮਿਲਾਏ ਹਨ।
ਉਹ ਸਤਸੰਗ-ਸਰੋਵਰ ਦੇ ਹਰੀ ਨਾਮ ਰੂਪ ਨਿਰਮਲ ਜਲ ਵਿਚ ਇਸ਼ਨਾਨ ਕਰਦੇ ਹਨ।

**ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ॥**

ਜੋ ਪੁਰਸ਼ ਨਾਮ ਰੂਪ ਨਿਰਮਲ ਜਲ ਵਚ ਇਸ਼ਨਾਨ ਕਰਦੇ ਹਨ, ਉਹ ਪਾਪਾਂ ਰੂਪੀ ਮੈਲ ਨੂੰ ਗਵਾਏ=ਦੂਰ ਕਰਦੇ ਹਨ ਤੇ ਉਹਨਾਂ ਦੇ ਸੂਖਮ ਸਥੂਲ ਦੋਵੇਂ ਸਰੀਰ ਪਵਿੱਤ੍ਰ ਹੋ ਗਏ ਹਨ।

**ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ॥**

ਦੁਰਮਤਿ=ਖੋਟੀ ਬੁੱਧੀ ਰੂਪ ਮੈਲ ਲਹਿ ਗਈ ਹੈ, ਭਰਮ ਦੂਰ ਹੋ ਗਿਆ,
ਅਤੇ ਹਉਮੈ ਦੀ ਪੀਰਾ=ਪੀੜ ਭੀ ਬਿਨਠੀ=ਨਾਸ ਹੋ ਗਈ ਹੈ।

## ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥

ਜਿਸ ਵੇਲੇ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਨਾਲ ਸਤਸੰਗਤ ਪਾਈ ਤਾਂ ਆਪਣੇ ਸਰੂਪ-ਘਰ ਵਿਚ ਵਾਸਾ=ਨਿਵਾਸ ਹੋ ਗਿਆ।

## ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਰਸਨਾ ਆਦਿਕ ਇੰਦ੍ਰੀਏ ਰਸਾ ਕੇ ਹਰੀ ਨਾਮ ਨੂੰ ਪ੍ਰਗਾਸਾ= ਉਚਾਰਿਆ ਹੈ, ਉਹਨਾ ਨੂੰ ਮੰਗਲ ਹੀ ਮੰਗਲ ਹਨ॥ ੨ ॥

[ਪੰਨਾ ੭੭੫]

## ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥

ਜਿਨ੍ਹਾਂ ਦੇ ਅੰਤਰਿ=ਅੰਤਹਕਰਨ ਵਿਚ ਵਿਚਾਰ ਰੂਪ ਰਤਨ ਹੈ, ਅਥਵਾ:-ਰਤਨੁ=ਵੈਰਾਗ ਤੇ ਸ਼ੁਭ ਵਿਚਾਰ ਹੈ, ਉਹ ਗੁਰਮੁਖ ਹੀ ਵਾਹਿਗੁਰੂ ਨਾਮ ਦੇ ਪਿਆਰੇ ਹਨ।

## ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥

ਜੋ ਹਰੀ ਨਾਮ ਦੇ ਪਿਆਰੇ ਹਨ, ਉਹਨਾਂ ਦਾ ਅਗਿਆਨ ਰੂਪ ਹਨੇਰਾ ਪ੍ਰਭੂ ਨੇ ਮਿਟਾ ਦਿੱਤਾ ਹੈ ਅਤੇ ਸਬਦਿ=ਸੰਸਾਰ-ਸਮੁੰਦਰ ਤੋਂ ਤਾਰ ਲਿਆ ਹੈ।

## ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥

ਜਿਸ ਵੇਲੇ ਪ੍ਰਚੰਡੁ=ਤੀਸ਼ਨ ਗਿਆਨ ਰੂਪ ਦੀਵਾ ਬਲਿਆ ਤਾਂ ਘਟ ਵਿਚ ਚਾਨਣ ਹੋਇਆ ਤਾਂ ਪ੍ਰਤੱਖ ਘਰ ਤੇ ਮੰਦਰ ਸ਼ੋਭਨੀਕ ਹੋ ਗਏ। ਅਥਵਾ:-ਘਰ=ਸਰੀਰ ਤੇ ਮੰਦਰ=ਅੰਤਹਕਰਨ ਸ਼ੋਭਨੀਕ ਹੋ ਗਿਆ।

## ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥

ਜਿਸ ਨੇ ਤਨ ਮਨ ਆਦਿਕ ਅਰਪਣੇ ਰੂਪ ਸ਼ਿੰਗਾਰ ਬਣਾਏ ਹਨ।

ਉਹ ਸੱਚੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

## ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਕੰਮ ਪ੍ਰਭੂ ਕਹੇ ਓਹੀ ਕੰਮ ਪਰੁ=ਭਲੀ ਪ੍ਰਕਾਰ ਕਰੀਏ, ਤਾਂ ਇਹ ਜੀਵ ਅੰਕਿ=ਸਰੂਪ ਵਿਚ ਸਮਾਇਆ=ਅਭੇਦ ਹੁੰਦਾ ਹੈ॥ ੩ ॥

## ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥

ਹਰੀ ਪ੍ਰਭੂ ਨੇ ਕਿਰਪਾ ਕਰਕੇ ਆਪ ਹੀ ਕਾਜੁ=ਵਿਆਹ ਰਚਾਇਆ ਹੈ।

ਗੁਰਮੁਖਿ=ਗੁਰੂ ਦੁਆਰੇ ਆਪ ਹੀ ਜਗਿਆਸੂ ਰੂਪ ਲੜਕੀ ਨੂੰ ਵਿਆਹੁਣ ਆਇਆ ਹੈ।

## ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥

ਆਪ ਹੀ ਗੁਰਾਂ ਦੁਆਰੇ ਵਿਆਹੁਣ ਆਇਆ ਹੈ, ਜਿਸ ਨੇ ਹਰੀ-ਪਤੀ ਨੂੰ ਪਾਇਆ ਹੈ।

ਸਾ ਧਨ=ਓਹੀ (ਜਗਿਆਸੂ ਰੂਪ) ਇਸਤ੍ਰੀ ਪਤੀ (ਪਰਮਾਤਮਾ) ਨੂੰ ਪਿਆਰੀ ਲੱਗੀ ਹੈ।

**ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥**

ਜਿਸ ਨੇ ਸੰਤ ਜਨਾਂ ਨਾਲ ਮਿਲ ਕੇ ਮੰਗਲ ਰੂਪ ਗੁਣ ਗਾਏ ਹਨ, ਹਰਿ ਜੀਉ ਨੇ ਆਪ ਉਸ ਦੀ ਬੁੱਧੀ ਸਵਾਰੀ ਹੈ, *ਅਥਵਾ*:-ਉਸ ਦੀ ਪੈਜ ਸਵਾਰੀ ਹੈ।

**ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥**

ਸੁਰਿ=ਦੇਵਤੇ, ਨਰ=ਮਨੁੱਖ, (ਸ਼ਿਵਾਂ ਦੇ) ਗਣ, (ਹਾਹਾ ਹੂਹੂ) ਗੰਧਰਬ ਇਹ ਸਾਰੇ ਕੱਠੇ ਹੋ ਕੇ ਆਏ, ਏਹੋ ਇਕ ਅਪੂਰਬ=ਅਸਚਰਜ ਜੰਞ ਬਣ ਕੇ ਆਈ ਹੈ।

**ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ॥੪॥੧॥੩॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਸੱਚਾ (ਪ੍ਰਭੂ ਪਰਮਾਤਮਾ) ਪਤੀ ਪਾਇਆ ਹੈ,
ਜੋ ਨਾ ਕਦੇ ਮਰਦਾ ਹੈ, ਅਤੇ ਨਾ ਹੀ ਛੱਡ ਕੇ ਜਾਂਦਾ ਹੈ॥ ੪॥ ੧॥ ੩॥

**ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ੧ੴ ਸਤਿਗੁਰ ਪ੍ਰਸਾਦਿ॥**

**ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ॥**

ਹੇ ਸੰਤ ਜਨੋ! ਆਓ ਅਸੀਂ ਆਪਸ ਵਿਚ ਰਲ ਕੇ ਰਾਮ ਗੋਬਿੰਦ ਦੇ ਗੁਣ ਗਾਉਣਾ ਕਰੀਏ।

**ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ॥**

ਉਨ੍ਹਾਂ ਗੁਰਮੁਖਾਂ ਨਾਲ ਮਿਲ ਰਹਿਣਾ ਕਰੀਏ, ਜਿਨ੍ਹਾਂ ਦੇ ਘਰ ਵਿਚ ਰਾਮ ਦੀ ਪ੍ਰਾਪਤੀ ਕਰਾਉਣ ਵਾਲੇ ਘਨੇਰੇ=ਬਹੁਤ ਸ਼ਬਦ ਵੱਜ ਰਹੇ ਹਨ, ਭਾਵ ਕੀਰਤਨ ਹੋ ਰਿਹਾ ਹੈ।

**ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ॥**

ਹੇ ਹਰੀ ਪ੍ਰਭੂ! ਤੇਰੀ ਪ੍ਰਾਪਤੀ ਦੇ ਘਨੇਰੇ=ਬਹੁਤ ਸ਼ਬਦ ਪੜ੍ਹ ਰਹੇ ਹਨ,
ਹੇ ਕਰਤਾ ਪੁਰਖ! ਤੂੰ ਸਾਰੀਆਂ ਥਾਈ=ਜਗ੍ਹਾਂ ਪਰ ਪੂਰਨ ਹੈਂ।

**ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ॥**

ਜਿਸ ਨੇ ਸੱਚੇ ਗੁਰ ਉਪਦੇਸ਼ ਵਿਚ, ਵਾ:-ਬ੍ਰਹਮ ਵਿਚ ਲਿਵ ਲਗਾਈ ਹੈ,
ਉਹ ਅਹਿਨਿਸਿ=ਦਿਨ ਰਾਤ ਨਾਮ ਜਪਦਾ ਰਹਿੰਦਾ ਹੈ ਤੇ ਸਦਾ ਹੀ ਪ੍ਰਭੂ ਦੀ ਸ਼ਲਾਘਾ ਕਰਦਾ ਰਹਿੰਦਾ ਹੈ।

**ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ॥**

ਉਹ ਪੁਰਸ਼ ਸਹਿਜੇ ਰਾਤੰ ਦਿਨ ਰੰਗਿ=ਅਨੰਦ ਵਿਚ ਰੱਤਾ ਰਹਿੰਦਾ ਹੈ,
ਜਿਸ ਨੇ ਹਿਰਦੇ ਵਿਚ ਰਾਮ ਨਾਮ ਜਪਣ ਰੂਪ ਪੂਜਾ ਕੀਤੀ ਹੈ।

**ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ॥੧॥**

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਇਕ ਨੂੰ ਪਛਾਣਿਆ ਹੈ,

ਅਵਰੁ=ਹੋਰ ਕਿਸੇ ਦੂਜੇ ਨੂੰ ਨਹੀਂ ਜਾਣਿਆ॥ ੧॥

**ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ॥**

ਉਹ ਰਾਮ ਪ੍ਰਭੂ ਅੰਤਰਜਾਮੀ ਸਾਰਿਆਂ ਵਿਚ ਰਵਿ ਰਹਿਆ=ਮਿਲ ਰਿਹਾ ਹੈ।

**ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ॥**

ਜਿਹੜਾ ਗੁਰ ਉਪਦੇਸ਼ ਨੂੰ ਰਵੈ=ਉਚਾਰਦਾ ਹੈ ਉਹ ਇੰਜ ਨਿਸਚੇ ਕਰਦਾ ਹੈ ਕਿ ਮੇਰਾ ਰਾਮ ਪ੍ਰਭੂ ਸੁਆਮੀ ਸਾਰਿਆਂ ਵਿਚ ਪਰੀਪੂਰਨ ਹੋ ਰਿਹਾ ਹੈ।

**ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ॥**

ਜੋ ਮੇਰਾ ਪ੍ਰਭੂ ਸੁਆਮੀ ਅੰਤਰਜਾਮੀ ਹੈ, ਉਹ ਘਟਾਂ ਘਟਾਂ ਵਿਚ ਵਿਆਪਕ ਹੈ।

**ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ॥**

ਗੁਰਾਂ ਦੀ ਸਿਖਿਆ ਦੁਆਰੇ ਜਦ ਇਹ ਸਚੁ=ਨਿਸਚਾ ਪਾਈਏ, ਕਿ ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ ਤਾਂ ਸਹਿਜ-ਪਦ ਵਿਚ ਸਮਾਈਦਾ ਹੈ।

**ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ॥**

ਸਹਿਜੇ ਸਹਿਜੇ ਗੁਣਾਂ ਨੂੰ ਗਾਉਣਾ ਕਰ, ਜੇ ਤੂੰ ਪ੍ਰਭੂ ਨੂੰ ਭਾਅ ਜਾਵੇਂਗਾ

ਤਾਂ ਉਹ ਪ੍ਰਭੂ ਆਪ ਹੀ ਆਪਣੇ ਨਾਲ ਮਿਲਾ ਲਏਗਾ।

**ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ॥ ੨॥**

ਗੁਰੂ ਜੀ ਕਥਨ ਕਰਦੇ ਹਨ—ਗੁਰ-ਸ਼ਬਦ ਦੁਆਰਾ ਦਿਨ ਰਾਤ ਨਾਮ ਨੂੰ ਧਿਆਵੇ ਤਾਂ ਉਹ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ॥ ੨॥

**ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥**

ਇਸ ਜਗਤ ਤੋਂ ਤਰਨਾ ਦੁਤਰੁ=ਕਠਨ ਭਾਵ ਔਖਾ ਹੈ,

ਮਨਮੁਖ ਪੁਰਸ਼ ਨੇ ਇਸ ਤੋਂ ਪਾਰ ਹੋਣ ਦੀ ਜੁਗਤੀ ਨਹੀਂ ਪਾਈ।

**ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥**

ਕਿਉਂਕਿ ਮਨਮੁਖ ਦੇ ਹਿਰਦੇ ਅੰਦਰ ਹਉਮੈ=ਹੰਗਤਾ ਮਮਤਾ, ਕਾਮ, ਕ੍ਰੋਧ ਅਤੇ ਸੰਸਾਰਕ ਚਤੁਰਾਈ ਵੱਸ ਰਹੀ।

**ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ॥**

ਜਿਸ ਦੇ ਅੰਦਰ ਸੰਸਾਰਕ ਚਤੁਰਾਈ ਹੈ, ਉਸ ਨੇ ਸਰੂਪ ਥਾਂ ਨਹੀਂ ਪਾਈ

ਅਤੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਬਿਰਥਾ=ਵਿਅਰਥ ਗਵਾ ਲਿਆ ਹੈ।

**ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ॥**

ਉਹ ਜਮ ਰਸਤੇ ਵਿਚ ਗਿਆ ਹੋਇਆ ਦੁੱਖ ਪਾਉਂਦਾ ਹੈ, ਤੇ ਜਮਾਂ ਦੀਆਂ ਖਾਂਦਾ ਹੈ, ਅੰਤ ਸਮੇਂ

ਪਛਤਾਉਂਦਾ ਹੀ ਚਲਾ ਗਿਆ ਹੈ।

## ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥

ਪ੍ਰਭੂ ਨਾਮ ਤੋਂ ਬਿਨਾਂ ਭਰਾ, ਪੁੱਤਰ ਤੇ ਭਰਾ ਦੇ ਪੁੱਤਰ ਭਤੀਜੇ ਆਦਿਕ ਪਰਵਾਰ ਵਿਚੋਂ ਕੋਈ ਭੀ ਬੇਲੀ ਨਹੀਂ ਹੁੰਦਾ।

## ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜੋ ਭੀ ਮਾਇਆ ਦੇ ਮੋਹ ਦਾ ਪਸਾਰਾ ਹੈ,

ਇਹ ਆਗੈ=ਪ੍ਰਲੋਕ ਵਿਚ ਨਾਲ ਨਹੀਂ ਜਾਂਦਾ॥ ੩ ॥

## ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ॥

ਹਉ=ਮੈਂ ਆਪਣੇ ਸਤਿਗੁਰੂ ਦਾਤਿਆਂ ਤੋਂ ਪੁੱਛਦਾ ਹਾਂ ਕਿ ਹੇ ਰਾਮ ਰੂਪ ਗੁਰੋ ! ਇਸ ਦੁਤਰੁ=ਕਠਨ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਤਰੀਦਾ ਹੈ? ਉੱਤਰ:-

## ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ॥

ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਣਾ ਕਰੋ,

*ਅਥਵਾ:*-ਸਤਿਗੁਰਾਂ ਦੇ ਕਹੇ ਅਨੁਸਾਰ ਭਾਇ=ਪ੍ਰੇਮ ਦੇ ਰਾਹ ਉਤੇ ਚਲਣਾ ਕਰੋ, ਜੀਵਤ ਭਾਅ ਤੋਂ ਮਰ ਜਾਓ, ਇਵ=ਇਸ ਤਰ੍ਹਾਂ ਕਰਕੇ ਕਠਨ ਸੰਸਾਰ-ਸਮੁੰਦਰ ਤੋਂ ਤਰੀਦਾ ਹੈ।

## ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ॥

ਜੀਵਤ ਭਾਅ ਤੋਂ ਮਰੀਏ ਤਾਂ ਸੰਸਾਰ-ਸਮੁੰਦਰ ਤੋਂ ਤਰੀਦਾ ਹੈ,

ਗੁਰਮੁਖ-ਜਨ ਨਾਮ ਜਪ ਕੇ ਨਾਮੀ ਵਿਚ ਸਮਾਵੈ=ਅਭੇਦ ਹੁੰਦੇ ਹਨ।

## ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ॥

ਜਿਸ ਵਡਭਾਗੀ ਪੁਰਸ਼ ਨੇ ਪੂਰਾ ਪੁਰਖੁ=ਪੂਰਾ ਗੁਰੂ ਪਾਇਆ ਹੈ,

ਉਹ ਸੱਚੇ ਨਾਮੀ ਦੇ ਨਾਮ ਵਿਚ ਬਿਰਤੀ ਲਗਾਉਂਦਾ ਹੈ।

[ਪੰਨਾ ੭੭੬]

## ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ॥

ਜਾਂ ਗੁਰਾਂ ਦੇ ਮਨੁ=ਮੰਤਰ ਨੂੰ ਮੰਨਿਆ ਤੇ ਰਾਮ ਨਾਮ ਦੀ ਵਡਿਆਈ ਕੀਤੀ ਤਾਂ ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਗਈ।

## ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ
## ਜੋਤੀ ਜੋਤਿ ਮਿਲਾਈ॥ ੪ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਆਪਣੇ ਮਨ ਨੂੰ ਗੁਰ-ਉਪਦੇਸ਼ ਵਿਚ ਮਿਲਾਇਆ ਹੈ ਓਸੇ ਨੇ ਪ੍ਰਭੂ ਨੂੰ ਪਾਇਆ ਹੈ ਅਤੇ ਜੋਤੀ ਪਰਮਾਤਮਾ ਨੇ ਉਸ ਦੀ ਜੋਤ ਅੰਤ ਨੂੰ ਆਪਣੇ ਵਿਚ ਮਿਲਾ ਲਈ ਹੈ॥ ੪ ॥ ੧ ॥ ੪ ॥

## ਸੂਹੀ ਮਹਲਾ ੪ ਘਰੁ ੫

## ੧ੳ ਸਤਿਗੁਰ ਪ੍ਰਸਾਦਿ॥

**ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ॥**

ਹੇ ਸੰਤ ਜਨੋ! ਮੈਨੂੰ ਪਿਆਰਾ ਗੁਰੂ ਮਿਲਿਆ ਹੈ,

ਇਸ ਕਰਕੇ ਮੇਰੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਆਸੇ=ਹੈ।

**ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ॥**

ਹਉ=ਮੈਂ ਆਪਣੇ ਮਨ ਅਤੇ ਤਨ ਨੂੰ ਉਨ੍ਹਾਂ ਸਤਿਗੁਰਾਂ ਅੱਗੇ ਭੇਟਾ ਕਰ ਦੇਂਦਾ ਹਾਂ,

ਜੋ ਗੁਰੂ ਮੈਨੂੰ ਸ਼ੁਭ-ਗੁਣਾਂ ਦੇ ਤਾਸੇ=ਖ਼ਜ਼ਾਨੇ ਪ੍ਰਭੂ ਨਾਲ ਮੇਲਣਗੇ।

**ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ॥**

ਵੱਡੇ ਪੁਰਖ ਹੋਣ ਕਰਕੇ ਗੁਰੂ ਸਾਹਿਬ ਜੀ ਧਨੁ ਧੰਨੁ=ਧੰਨਤਾ ਯੋਗ ਹਨ, ਜੋ ਮੈਨੂੰ ਸਾਬਾਸੇ=ਧੰਨਤਾ ਯੋਗ ਹਰੀ ਦੀ ਪ੍ਰਾਪਤੀ ਦਾ ਰਸਤਾ ਦੱਸਦੇ ਹਨ।

*ਅਥਵਾ:*-ਜਿਨ੍ਹਾਂ ਨੇ ਮੈਨੂੰ ਹਰੀ ਦੀ ਸਾਬਾਸੇ=ਵਡਿਆਈ ਕਰਨੀ ਦੱਸੀ ਹੈ।

**ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ॥੧॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਵਡਭਾਗੀ ਪੁਰਸ਼ ਨੇ ਨਾਮੀ ਦੇ ਨਾਮ ਨੂੰ ਜਪ ਕੇ ਹਰੀ ਨੂੰ ਪਾਇਆ ਹੈ, ਉਹ ਹਮੇਸ਼ਾ ਵਿਗਾਸੇ=ਪ੍ਰਸੰਨ ਰਹਿੰਦਾ ਹੈ॥ ੧॥

**ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ॥**

ਮੈਨੂੰ ਪਿਆਰਾ ਗੁਰੂ ਸੱਜਣ ਮਿਲਿਆ ਹੈ, ਪੰਥਾਂ ਵਿਚੋਂ ਮੈਂਨੇ ਹਰੀ ਦਾ ਮਾਰਗੁ=ਰਾਹ ਗੁਰਾਂ ਤੋਂ ਦਸਾਹ=ਪੁੱਛਿਆ ਹੈ।

*ਅਥਵਾ:*-ਗੁਰਾਂ ਨੇ ਮੈਨੂੰ ਹਰੀ ਦਾ ਮਾਰਗੁ ਪੰਥੁ=ਖੁਲ੍ਹਾ ਰਸਤਾ ਦਸਾਹਾ=ਦੱਸਿਆ ਹੈ।

**ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ॥**

ਹੇ ਚਿਰ ਕਾਲ ਦੇ ਵਿਛੜੇ ਹੋਏ ਪ੍ਰਭੂ ! ਆਪ ਮੇਰੇ ਘਰ ਵਿਚ ਆ ਕੇ ਸਖਿਆਤਕਾਰ ਹੋਵੋ ਗੁਰਾਂ ਦੇ ਸ਼ਬਦ ਦੁਆਰਾ ਹੇ ਪ੍ਰਭੂ ਨਾਹਾ=ਸੁਆਮੀ ! ਮੈਨੂੰ ਮਿਲਣਾ ਕਰੋ।

**ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ॥**

ਹਉ=ਮੈਂ ਆਪ ਜੀ ਤੋਂ ਬਾਝਹੁ=ਬਿਨਾਂ ਖਰੀ ਉਡੀਣੀਆ=ਚੰਗੀ ਉਦਾਸੀਨ ਹੋ ਰਹੀ ਹਾਂ।

*ਅਥਵਾ:*-ਦੁਖੀ ਹੋ ਰਹੀ ਹਾਂ। *ਵਾ:*-ਨਿਮੋ-ਝੂਣੀ ਹੋ ਰਹੀ ਹਾਂ।

ਅਤੇ ਜਿਵੇਂ ਪਾਣੀ ਤੋਂ ਬਿਨਾਂ ਮੀਨੁ=ਮੱਛੀ ਮਰਾਹਾ=ਮਰਦੀ ਹੈ, ਤਿਵੇਂ ਮੈਂ ਮਰ ਰਹੀ ਹਾਂ।

**ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ॥੨॥**

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀਆਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ ਅਤੇ ਵਡਭਾਗੀ ਜਨਾਂ

ਨੂੰ ਹੀ ਨਾਮੀ ਦਾ ਸਮਾਹਾ=ਸਮਾਹੜਾ (ਅਨੰਦ) ਪ੍ਰਾਪਤ ਹੋਇਆ ਹੈ॥ ੨॥

## ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥

ਮਨਮੁਖ ਦਾ ਮਨ ਭਰਮ ਦਾ ਭੁਲਾਇਆ ਹੋਇਆ ਹੋਣ ਕਰਕੇ ਚਲਿ=ਭੰਬੀਰੀ ਵਾਂਗ ਚਲਿ=ਚੰਚਲ ਹੋ ਕੇ ਦਸੋਂ ਦਿਸ਼ਾਂ ਵਿਚ ਭਰਮਿਆ=ਭਟਕਦਾ ਫਿਰਦਾ ਹੈ।

## ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥

ਨਿਤ ਹੀ ਮਨ ਵਿਚ ਆਸਾ ਨੂੰ ਚਿਤਵਦਾ ਹੈ ਅਤੇ ਮਨ ਵਿਚ ਤ੍ਰਿਸ਼ਨਾ ਰੂਪੀ ਭੁੱਖ ਨੂੰ ਲਗਾਇਆ ਹੋਇਆ ਹੈ।

## ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ॥

ਅਨਤਾ=ਬਿਅੰਤ ਧਨ ਧਰਿ=ਧਰਤੀ ਵਿਚ ਦੱਬਿਆ ਹੋਇਆ ਹੈ ਅਤੇ ਫਿਰ ਭੀ ਬਿਖੁ=ਜ਼ਹਿਰ ਰੂਪ ਧਨ ਨੂੰ ਢੂੰਡਣ (ਲੱਭਣ) ਜਾਂਦਾ ਹੈ।

## ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਨਾਮ ਨੂੰ ਸਿਮਰਨ ਕਰ ਲੈ, ਕਿਉਂਕਿ ਨਾਮ ਤੋਂ ਬਿਨਾਂ ਇਹ ਜੀਵ ਪਚਿ ਪਚਿ=ਸੜ ਸੜ ਕੇ, ਵਾ:-ਕੁੜ ਕੁੜ ਕੇ ਮਰਦਾ ਹੈ॥ ੩॥

## ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ॥

ਜਿਸ ਵੇਲੇ ਸੁੰਦਰ ਗੁਰਾਂ ਦੀ ਪ੍ਰੇਮ ਬਾਣੀ ਦੁਆਰੇ ਮਨ ਰੂਪੀ ਹਰਨ ਨੂੰ ਮਾਰਨਾ ਕੀਤਾ ਤਾਂ ਹਰੀ ਮੋਹਨ ਨੂੰ ਪਾ ਲੈਣਾ ਕੀਤਾ।

## ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ॥

ਉਸ ਵੇਲੇ ਮੇਰੇ ਹਿਰਦੇ ਵਿਚੋਂ ਬੁੱਧੀ ਦੀ ਸੁਧਿ=ਸੁਧ-ਹੋਸ਼ ਹੀ ਭੁੱਲ ਗਈ ਅਤੇ ਮਨ ਨੇ ਆਸਾ ਤੇ ਚਿੰਤਾ ਨੂੰ ਭੁਲਾ ਦਿੱਤਾ।

*ਯਥਾ:-* "ਦਰਸਨ ਦੇਖਤ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।"

## ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ॥

ਮੇਰੇ ਹਿਰਦੇ ਅੰਦਰ ਪ੍ਰੇਮ ਦੀ ਵੇਦਨ=ਪੀੜਾ ਲਗ ਰਹੀ ਸੀ ਗੁਰੂ ਨੂੰ ਵੇਖਦਿਆਂ ਹੀ ਮਨ ਨੂੰ ਧੀਰਜ ਆ ਗਿਆ ਹੈ, ਵਾ:-ਮਨ ਸਹਿਤ ਆਸਰੇ ਦੇ ਹੋ ਗਿਆ ਹੈ।

## ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ॥ ੪॥ ੧॥ ੫॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਦਾਸ ਨੂੰ ਆ ਕੇ ਮਿਲ ਤਾਂ ਹੀ ਮੈਂ ਵਡਭਾਗੀ ਹੋਵਾਂਗਾ, ਮੈਂ (ਸੇਵਕ ਜਨ) ਖਿਨੁ ਖਿਨੁ=ਥੋੜ੍ਹੇ ਥੋੜ੍ਹੇ ਸਮੇਂ ਵਿਚ ਆਪ ਜੀ ਤੋਂ ਵਾਰਨੇ ਜਾਂਦਾ ਹਾਂ॥ ੪॥ ੧॥ ੫॥

## ਸੂਹੀ ਛੰਤ ਮਹਲਾ ੪ ॥

## ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥

ਵੇ ਜਨ=ਹੇ ਜਨੋ ! ਉਸ ਬਿਖਿਆ=ਮਾਇਆ ਦੀ ਹਉਮੈ ਨੂੰ ਮਾਰ ਦਿਉ। ਜਿਸ ਨੇ ਹਰੀ ਪ੍ਰਭੂ ਨਾਲ ਮਿਲਣ ਨਹੀਂ ਦਿੱਤਾ।

## ਦੇਹ ਕੰਚਨ ਵੇ ਵੰਨੀਆ, ਇਨਿ ਹਉਮੈ ਮਾਰਿ ਵਿਗੁਤੀਆ ॥

ਵੇ=ਹੇ ਭਾਈ ! ਇਹ ਮਨੁੱਖਾ ਦੇਹ ਕੰਚਨ ਵੰਨੀਆ=ਸੋਨੇ ਦੇ ਰੰਗ ਵਾਂਗ ਸੀ; ਪਰ ਇਸ ਮਾਇਆ ਦੀ ਹਉਮੈ ਨੇ ਮਾਰ ਕੇ ਵਿਗੁਤੀਆ=ਖ਼ਰਾਬ ਕਰ ਦਿੱਤੀ ਹੈ।

## ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥

ਵੇ=ਹੇ ਭਾਈ ! ਮਾਇਆ ਦਾ ਮੋਹ ਸਭ ਕਾਲਖ ਰੂਪ ਹੈ, ਮਨਮੁਖ ਮੂਰਖ ਨੇ ਆਪਣੀ ਬੁੱਧੀ ਇਨਿ=ਇਸ ਮਾਇਆ ਦੇ ਸ-ਜੁਤੀਆ=ਨਾਲ ਜੋੜਨਾ ਕੀਤੀ ਹੈ।

*ਅਥਵਾ:*-ਇਸ ਮਾਇਆ ਦੇ ਸ-ਜੁਤੀਆ=ਸੰਯੁਕਤ ਕੀਤੀ ਹੈ।

*ਅਥਵਾ:*-ਇਸ ਮਾਇਆ ਕਰਕੇ ਮੂਰਖ ਮਨਮੁਖ ਸ-ਜੁਤੀਆ=ਜੁੱਤੀਆ ਦੇ ਸਹਿਤ ਹੁੰਦਾ ਹੈ, ਭਾਵ ਜੁੱਤੀਆਂ ਦੀ ਮਾਰ ਖਾਂਦਾ ਹੈ।

## ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਸ਼ਬਦ ਕਰਕੇ ਜਿਨ੍ਹਾਂ ਪੁਰਸ਼ਾਂ ਦੀ ਹਉਮੈ ਛੁਟ ਗਈ ਹੈ, ਉਹ ਗੁਰਮੁਖ ਹੀ ਇਸ ਮਾਇਆ ਤੋਂ ਉਬਰੇ=ਬਚੇ ਹਨ ॥ ੧ ॥

## ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ॥

ਵੇ ਜਨ=ਹੇ ਪੁਰਸ਼ੋ ! ਇਸ ਮਨ ਨੂੰ ਆਪਣੇ ਵੱਸ ਵਿਚ ਆਣਿਹੁ=ਲਿਆਉਣਾ ਕਰੋ, ਕਿਉਂਕਿ ਇਹ ਮਨ ਬਾਸੇ=ਬਾਜ਼ ਵਾਂਗ ਨਿਤ ਹੀ ਭਾਉਂਦਾ ਫਿਰਦਾ ਹੈ।

## ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥

ਵੇ=ਹੇ ਭਾਈ ! ਨਿਤਾਪ੍ਰਤੀ ਆਸਾ ਹੀ ਆਸਾ ਕਰਦਿਆਂ ਹੋਇਆਂ, ਵਾ-ਆਸਾ ਵਾਲਿਆਂ ਦੀ ਆਸਾ ਕਰਦਿਆਂ ਹੋਇਆਂ ਅਵਸਥਾ ਰੂਪੀ ਰਾਤ ਦੁੱਖਾਂ ਵਿਚ ਹੀ ਵਿਹਾਣੀਆ=ਬਤੀਤ ਹੋ ਰਹੀ ਹੈ।

## ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ ॥

ਵੇ=ਹੇ ਸੰਤ ਜਨੋ ! ਜਿਸ ਨੇ ਪੂਰਾ ਗੁਰੂ ਪਾਇਆ ਹੈ ਤੇ ਹਰੀ ਨਾਮ ਨੂੰ ਚਉਦਿਆ=ਉਚਾਰਿਆ ਹੈ, ਉਸ ਦੇ ਮਨ ਦੀ ਆਸਾ ਪੂਰੀ ਹੋਈ ਹੈ।

## ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤ ਸੁਖਿ ਸਉਦਿਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇੰਜ ਬੇਨਤੀ ਕਰੋ ਕਿ ਹੇ ਪ੍ਰਭੂ ! ਮੈਂ ਜਨ ਨੂੰ ਸ਼ੁਭ-ਮਤੀ ਦੇਣਾ ਕਰੋ, ਜਿਸ ਕਰਕੇ ਆਸਾ ਨੂੰ ਛੱਡ ਕੇ ਨਿਤ ਹੀ ਸੁਖਾਂ ਵਿਚ ਸਉਦਿਆ=ਇਸਥਿਤ ਹੋਵਾਂ।

ਅਥਵਾ:-ਹੇ ਪ੍ਰਭੂ ! ਦਾਸ ਨੂੰ ਉਨ੍ਹਾਂ ਸੰਤਾਂ ਦੀ ਸਿਖਿਆ ਦੇਣਾ ਕਰੋ ਜੋ ਆਸਾ ਨੂੰ ਛੱਡ ਕੇ ਨਿਤ ਹੀ ਸੁਖਾਂ ਵਿਚ ਸੌਂਦੇ ਹਨ॥ ੨॥

**ਸਾਧਨ ਆਸਾ ਚਿਤਿ ਕਰੇ ਰਾਮ ਰਾਜਿਆ ਹਰਿ ਪ੍ਰਭ ਸੇਜੜੀਐ ਆਈ॥**

ਹੇ ਰਾਮ ਰਾਜਿਆ=ਭਾਈ ! (ਜਗਿਆਸੂ ਰੂਪ) ਸਾਧਨ=ਇਸਤ੍ਰੀ ਚਿਤ ਵਿਚ ਏਹੋ ਆਸਾ ਕਰਦੀ ਹੈ ਕਿ ਹਰੀ ਪ੍ਰਭੂ ਮੇਰੀ ਅੰਤਹਕਰਨ ਰੂਪ ਸੇਜਾ ਉਪਰ ਆ ਜਾਵੇ।

**ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ ਕਰਿ ਕਿਰਪਾ ਲੇਹੁ ਮਿਲਾਈ॥**

ਹੇ ਰਾਮ ਰਾਜਿਆ=ਭਾਈ ! ਜੋ ਮੇਰਾ ਠਾਕੁਰ ਪ੍ਰਭੂ ਅਗਮ ਹੈ ਤੇ ਦਿਆਲੂ ਸੁਭਾਅ ਵਾਲਾ ਹੈ,
ਉਸ ਪਾਸ ਮੇਰੀ ਬੇਨਤੀ ਹੈ ਕਿ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਮਿਲਾ ਲਵੇ।

[ਪੰਨਾ ੭੭੭]

**ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ ਹਰਿ ਸਰਧਾ ਸੇਜ ਵਿਛਾਈ॥**

ਹੇ ਰਾਮ ਰਾਜਿਆ=ਭਾਈ ! ਮੇਰੇ ਮਨ ਤਨ ਵਿਚ ਪ੍ਰਭੂ ਦੇ ਮਿਲਾਪ ਦੀ ਚਾਹ ਲਗ ਰਹੀ ਹੈ,
ਏਸੇ ਕਰਕੇ ਮੈਂਨੇ ਗੁਰਮੁਖੇ=ਗੁਰਾਂ ਦੁਆਰੇ ਹਰੀ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ।

**ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ ਮਿਲਿਆ ਸਹਜਿ ਸੁਭਾਈ ॥੩॥**

ਗੁਰੂ ਜੀ ਕਥਨ ਕਰਦੇ ਹਨ-ਹੇ ਰਾਮ ਰਾਜਿਆ=ਭਾਈ ! ਜਿਸ ਵੇਲੇ ਮੈਂ ਇਸਤ੍ਰੀ ਪਤੀ (ਹਰੀ ਪ੍ਰਭੂ ) ਨੂੰ ਭਾਅ ਗਈ, ਤਾਂ (ਹਰੀ) ਸੁਤੇ-ਸਿਧ ਆ ਕੇ ਮਿਲ ਪਿਆ॥ ੩॥

**ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ॥**

ਹੇ ਰਾਮ ਰਾਜਿਆ=ਭਾਈ ! ਮੇਰੀ ਤੇ ਹਰੀ ਦੀ ਇਕ ਹੀ ਅੰਤਹਕਰਨ ਰੂਪ ਸੇਜਾ ਹੈ,
ਜੀਵ ਅੰਤਹਕਰਨ ਵਸ਼ਿਸ਼ਟ ਹੈ ਤੇ ਸਾਖੀ ਚੇਤਨ ਅੰਤਹਕਰਨ ਉਪਹਿਤ ਹੈ।
ਪਰ ਇਹ ਭੇਦ ਗੁਰੂ ਦੱਸ ਦੇਣ ਤਾਂ ਹਰੀ ਮਿਲਦਾ ਹੈ।

**ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ ਗੁਰੁ ਮੇਲੇ ਕਿਰਪਾ ਕਰੇਈ॥**

ਹੇ ਰਾਮ ਰਾਜਿਆ=ਭਾਈ ! ਮੇਰੇ ਮਨ ਤਨ ਵਿਚ ਪ੍ਰੇਮ ਤੇ ਵੈਰਾਗ ਬਹੁਤ ਹੋ ਰਿਹਾ ਹੈ,
ਪਰ ਗੁਰੂ ਹੀ ਕਿਰਪਾ ਕਰਕੇ ਉਸ ਹਰੀ ਨਾਲ ਮੇਲਦੇ ਹਨ।

**ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ ਜੀਉ ਸਤਿਗੁਰ ਆਗੈ ਦੇਈ॥**

ਹੇ ਰਾਮ ਰਾਜਿਆ=ਭਾਈ ! ਹਉ=ਮੈਂ ਵਿਟਹੁ ਉੱਪਰੋਂ ਵਾਰੀ ਘੋਲੀ ਜਾਂਦਾ ਹਾਂ ਅਤੇ ਸਤਿਗੁਰਾਂ ਅੱਗੇ ਜੀਉ ਭੇਟਾ ਦੇਈ=ਦੇਂਦਾ ਹਾਂ!

**ਗੁਰੁ ਤੁਠਾ ਜੀਉ ਰਾਮ ਰਾਜਿਆ ਜਨ ਨਾਨਕ ਹਰਿ ਮੇਲੇਈ ॥ ੪ ॥ ੨ ॥ ੬ ॥੧੮ ॥**

ਹੇ ਰਾਮ ਰਾਜਿਆ=ਭਾਈ ! ਜਿਸ ਵੇਲੇ ਗੁਰੂ ਤੁਠਾ=ਪ੍ਰਸੰਨ ਹੁੰਦੇ ਹਨ, ਤਾਂ ਹਰੀ ਨਾਲ ਮੇਲ ਦੇਂਦੇ ਹਨ॥ ੪॥ ੨॥ ੬॥ ੧੮॥

## ਰਾਗੁ ਸੂਹੀ ਛੰਤ ਮਹਲਾ ੫ ਘਰੁ ੧

## ੧ੴ ਸਤਿਗੁਰ ਪ੍ਰਸਾਦਿ॥ ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ॥

ਹੇ ਪਾਗ਼ਲਾ ! ਸੁਣ, ਤੂੰ ਇਹਨਾਂ ਪਦਾਰਥਾਂ ਨੂੰ ਵੇਖ ਕੇ ਕਿਉਂ ਭੁੱਲ ਗਿਆ ਹੈਂ।

## ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ॥

ਹੇ ਬਾਵਰੇ=ਸ਼ੁਦਾਈਆ ! ਸੁਣ, ਕਸੁੰਭੇ ਦੇ ਰੰਗ ਵਾਂਗ ਜੋ ਮਿਥਿਆ ਪਦਾਰਥ ਹਨ, ਇਹਨਾਂ ਵਿਚ ਤੂੰ ਕੂੜਾ=ਝੂਠਾ ਹੀ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

## ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ॥

ਜਿਨ੍ਹਾਂ ਕੂੜੀਆਂ ਮੁੰਡਿਆਂ ਨੂੰ ਵੇਖ ਕੇ ਤੂੰ ਭੁੱਲ ਰਿਹਾ ਹੈਂ, ਜਿਸ ਝੂਠੀ ਦੁਨੀਆਂ ਨੂੰ ਵੇਖ ਕੇ ਤੂੰ ਭੁੱਲ ਰਿਹਾ ਹੈਂ, ਇਸ ਦਾ ਅਢੁ=ਕੌਡੀ ਮੁੱਲ ਭੀ ਨਹੀਂ ਲਹੈ=ਲਏਂਗਾ ਤੇ ਗੋਬਿੰਦ ਦਾ ਨਾਮ ਮਜੀਠੇ ਰੰਗ ਵਾਂਗ ਪੱਕਾ ਤੇ ਸੱਚਾ ਹੈ।

## ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ॥

ਜੇਕਰ ਤੂੰ ਗੁਰਾਂ ਦਾ ਲਾਲਾ ਥੀਵਹਿ=ਦਾਸ ਹੋ ਕੇ, ਗੁਰਾਂ ਦੇ ਮਿੱਠੇ ਸ਼ਬਦ ਨੂੰ ਚੀਨਿ੍=ਜਾਣੇ ਤਾਂ ਅਤਿਅੰਤ ਗੁਲਾਲਾ=ਗਾੜ੍ਹਾ ਰੰਗ ਚੜ੍ਹੇਗਾ।

## ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ॥

ਜਿਸ ਤੇ ਤੂੰ ਮਿਥਿਆ ਪਦਾਰਥਾਂ ਦੇ ਮੋਹ ਵਿਚ ਮਸਤ ਥੀ ਰਹਿਆ-ਹੋ ਰਿਹਾ ਹੈਂ,

ਇਸੀ ਤੇ ਤੂੰ ਝੂਠ ਦੇ ਨਾਲ ਹੀ ਲਪਟਾਨਾ=ਫਸ ਰਿਹਾ ਹੈਂ।

## ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ॥੧॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰ, ਹੇ ਕਿਰਪਾ ਨਿਧੀ ਪਰਮਾਤਮਾ ! ਮੈਂ ਦੀਨ ਮਨ ਹੋ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਜਿਵੇਂ ਆਪ ਭਗਤਾਂ ਦੀ ਲਾਜ ਰੱਖਦੇ ਹੋ, ਤਿਵੇਂ ਆਪ ਮੇਰੀ ਲਾਜ ਰੱਖ ਲਓ॥ ੧॥

## ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ॥

ਹੇ ਬਾਵਰੇ=ਝੱਲੇ ਪੁਰਸ਼ਾ ! ਸੁਣ, ਪ੍ਰਾਣਾਂ ਦਾ ਆਸਰਾ ਰੂਪ ਸੁਆਮੀ ਜੋ ਠਾਕੁਰ ਹੈ, ਉਸ ਨੂੰ ਸੇਵਨਾ ਕਰ।

## ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ॥

ਹੇ ਪਾਗ਼ਲਾ ! ਸੁਣ, ਜੋ ਭੀ ਜਗਤ ਵਿਚ ਆਇਆ ਹੈ ਉਸ ਨੇ ਇਥੋਂ ਤੁਰ ਜਾਣਾ ਹੈ।

## ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤਸੰਗਿ ਮਿਲਿ ਰਹੀਐ॥

ਹੇ ਪਰਦੇਸੀ ਜੀਵ ! ਸੁਣ, ਜਿਨ੍ਹਾਂ ਨੂੰ ਤੂੰ ਨਿਸਚਲ ਮੰਨੀ ਬੈਠਾ ਹੈਂ, ਨਿਸਚੇ ਕਰਕੇ ਇਨ੍ਹਾਂ ਹਭ ਵੈਸੀ=ਸਭਨਾਂ ਨੇ ਚਲਿਆ ਜਾਣਾ ਹੈ, ਇਸ ਲਈ ਤੈਨੂੰ ਸੰਤਾਂ ਦੀ ਸੰਗਤ ਵਿਚ ਮਿਲ ਕੇ ਰਹਿਣਾ ਚਾਹੀਦਾ ਹੈ।

## ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ॥

ਹੇ ਵੈਰਾਗਵਾਨ ਪੁਰਸ਼ਾ ! ਸੁਣ, ਭਾਗਾਂ ਨਾਲ ਹਰੀ ਪ੍ਰਾਪਤ ਹੁੰਦਾ ਹੈ,
ਇਸ ਕਰਕੇ ਪ੍ਰਭੂ ਦੇ ਚਰਨਾਂ ਨੂੰ ਫੜ ਰਹਿਣਾ ਚਾਹੀਦਾ ਹੈ। ਅਤੇ-

## ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ॥

ਇਹ ਮਨ ਗੁਰਾਂ ਨੂੰ ਅਰਪਣ ਕਰ ਦਿਓ, ਸ਼ੰਸ਼ਾ ਨਾ ਕਰੋ ਤੇ ਧਨ ਆਦਿਕਾਂ ਦਾ ਜੋ ਬਹੁਤਾ ਮਾਣ ਹੈ, ਉਸਨੂੰ ਗੁਰਾਂ ਦੁਆਰੇ ਤਿਆਗ ਦਿਓ।

## ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਐਸੇ ਬੇਨਤੀ ਕਰੋ, ਦੀਨਾਂ ਨੂੰ ਤੇ ਭਗਤਾਂ ਨੂੰ ਭਵ=ਸੰਸਾਰ ਤੋਂ ਤਾਰਨ ਵਾਲੇ ਹੇ ਪ੍ਰਭੂ ! ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣਾਂ ਨੂੰ ਆਖ ਕੇ ਕਥਨ ਕਰਾਂ॥ ੨ ॥

## ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ॥

ਹੇ ਝੱਲਿਆ ਪੁਰਸ਼ਾ ! ਸੁਣ, ਝੂਠਿਆਂ ਪਦਾਰਥਾਂ ਦਾ ਮਾਣ ਕਿਉਂ ਕਰਦਾ ਹੈਂ?

## ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ॥

ਹੇ ਕਮਲਿਆ ! ਸੁਣ, ਹੰਕਾਰੀ ਪੁਰਸ਼ ਦਾ ਸਾਰਾ ਗੁਮਾਨ ਚਲਿਆ ਜਾਣਾ ਹੈ।

*ਅਥਵਾ:*-ਧਨ ਦਾ ਗਰਬੁ=ਹੰਕਾਰ ਤੇ ਵਿਦਿਆ ਅਤੇ ਜਾਤੀ ਦਾ ਗੁਮਾਨੋ=ਅਭਿਮਾਨ ਭੀ ਸਭ ਚਲਿਆ ਜਾਣਾ ਹੈ।

## ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ॥

ਨਿਹਚਲੁ=ਨਿਸਚੇ ਕਰਕੇ ਹਭ=ਸਭ ਨੇ ਚਲੇ ਜਾਣਾ ਹੈ, ਇਸ ਕਰਕੇ ਇਨ੍ਹਾਂ ਸਭਨਾਂ ਨੂੰ ਮਿਥਿਆ ਕਰਕੇ ਮੰਨ, ਵਾ:-ਪਦਾਰਥਾਂ ਦਾ ਮਾਣ ਕਰਨਾ ਮਿਥਿਆ ਹੈ, ਪ੍ਰਭੂ ਦੇ ਸੰਤਾਂ ਦਾ ਦਾਸ ਹੋ ਜਾ।

## ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ॥

ਜੇਕਰ ਕਰਮਾਂ ਵਿਚ ਲਿਖਿਆ ਹੋਇਆ ਹੋਵੇ, ਤਾਂ ਜੀਵਤ ਭਾਅ ਤੋਂ ਮਰ ਕੇ ਹੀ ਸੰਸਾਰ-ਸਮੁੰਦਰ ਤੋਂ ਤਰ ਸਕਦਾ ਹੈ।

## ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ॥

ਗੁਰਾਂ ਨੂੰ ਸੇਵਨਾ ਕਰੋ ਤੇ ਨਾਮ-ਅੰਮ੍ਰਿਤ ਨੂੰ ਪੀਣਾ ਕਰੋ, ਜਿਸ ਨੂੰ ਪਰਮੇਸ਼ਰ ਧਿਆਨ ਵਿਚ ਲਗਾਉਂਦਾ ਹੈ, ਓਹੀ ਸੁਤੇ ਧਿਆਨ ਵਿਚ ਲਗਦਾ ਹੈ।

## ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਹਰੀ ਦੇ ਦੁਆਰੇ ਸਤਸੰਗ ਦੀ ਸ਼ਰਨ ਵਿਚ ਪਿਆਰਾ ਹਾਂ ਤੇ ਮਨ, ਬਾਣੀ, ਸਰੀਰ ਕਰਕੇ ਸਦਾ ਉਸ ਤੋਂ ਕੁਰਬਾਨ ਜਾਂਦਾ ਹਾਂ॥ ੩ ॥

## ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥

ਹੇ ਬਾਵਰੇ=ਸ਼ੁਦਾਈਆ ! ਸੁਣ, ਮਤੁ=ਮਤਾਂ ਜਾਣੀ ਜੋ ਮੈਂ ਪ੍ਰਭੂ ਨੂੰ ਪਾ ਲਿਆ ਹੈ।

## ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥

ਹੇ ਝੱਲਿਆ ! ਸੁਣ, ਜਿਨ੍ਹਾਂ ਨੇ ਪ੍ਰਭੂ ਨੂੰ ਧਿਆਇਆ ਹੈ, ਉਹਨਾਂ ਦੇ ਚਰਨਾਂ ਦੀ ਧੂੜ ਹੋ ਜਾ।

## ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥

ਜਿਨ੍ਹਾਂ ਨੇ ਪ੍ਰਭੂ ਨੂੰ ਧਿਆਇਆ ਹੈ ਉਹਨਾਂ ਨੇ ਸੁਖ ਪਾਇਆ ਹੈ, ਪਰ ਉਹਨਾਂ ਦਾ ਦਰਸ਼ਨ ਵੱਡਿਆਂ ਭਾਗਾਂ ਨਾਲ ਪਾਈਦਾ ਹੈ।

## ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥

ਨਿਮਾਣਾ ਹੋ ਤੇ ਸੰਤਾਂ ਤੋਂ ਸਦਾ ਕੁਰਬਾਨ ਜਾਣਾ ਕਰ ਤੇ ਆਪਾ ਭਾਅ ਹੰਕਾਰ ਸਾਰਾ ਮਿਟਾ ਦੇਣਾ ਕਰ।

## ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ॥

ਉਹ ਪੁਰਸ਼ ਸੁਧਾ=ਨਿਰਾ ਧੰਨਤਾ ਯੋਗ ਭਾਗਾਂ ਵਾਲਾ ਹੈ।

*ਅਥਵਾ:*-ਉਹ ਧੰਨਤਾ ਯੋਗ ਭਾਗਾਂ ਵਾਲਾ ਹੈ ਤੇ ਸੁਧਾ=ਅਮਰ ਹੈ ਜਿਸ ਨੇ ਪ੍ਰਭੂ ਨੂੰ ਲਧਾ=ਲੱਭ ਲਿਆ ਹੈ, ਅਸਾਂ ਨੇ ਉਸ ਦੇ ਪਾਸ ਆਪਣਾ ਆਪ ਵੇਚ ਦਿੱਤਾ ਹੈ।

## ਨਾਨਕ ਦੀਨ ਸਰਣਿ ਸੁਖਸਾਗਰ ਰਾਖੁ ਲਾਜ ਅਪਨਾਇਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਸਾਗਰ=ਪ੍ਰਭੂ ! ਮੈਂ ਦੀਨ ਮਨ ਹੋ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਆਪਣਾ ਦਾਸ ਜਾਣ ਕੇ ਮੇਰੀ ਲਾਜ ਰੱਖਣਾ ਕਰੋ॥ ੪ ॥ ੧ ॥

## ਸੂਹੀ ਮਹਲਾ ੫ ॥

## ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਰਾਮ ਦੇ ਸਰੂਪ ਸਤਿਗੁਰਾਂ ਨੇ ਤੁਸਿ ਕੈ=ਪ੍ਰਸੰਨ ਹੋ ਕੇ ਹਰੀ ਦੇ ਚਰਨ-ਕਮਲਾਂ ਦੀ ਟੇਕ=ਓਟ ਫੜਾ ਦਿੱਤੀ ਹੈ।

## ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥

ਹਰੀ ਦੇ ਭੰਡਾਰੇ ਸੰਤਾਂ ਦੇ ਅੰਤਹਕਰਨ, ਵਾ:-ਵੇਦ ਸ਼ਾਸਤ੍ਰ ਨਾਮ-ਅੰਮ੍ਰਿਤ ਨਾਲ ਭਰੇ ਹੋਏ ਹਨ ਅਤੇ ਬਲਿਹਾਰ ਜਾਣੇ ਯਗ ਜੋ ਰਾਮ ਹੈ, ਉਸ ਦੇ ਘਰ ਵਿਚ ਹੋਰ ਭੀ ਸਭ ਕੁਝ ਪਦਾਰਥ ਹੈ।

[ਪੰਨਾ ੭੭੮]

## ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥

ਮੇਰਾ ਬਾਬੁਲੁ=ਪਿਤਾ ਪਰਮੇਸ਼ਰ ਵੱਡੀ ਤਾਕਤ ਵਾਲਾ ਹੈ,

ਉਹ ਪ੍ਰਭੂ ਆਪ ਹੀ ਸਭ ਕਾਰਨਾਂ ਦੇ ਕਰਨ ਹਾਰਾ=ਵਾਲਾ ਹੈ।

**ਜਿਸੁ ਸਿਮਰਤ ਦੂਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥**

ਜਿਸ ਦੇ ਸਿਮਰਨ ਕਰਕੇ ਕੋਈ ਦੁੱਖ ਨਹੀਂ ਲਗਦਾ, ਅਤੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ।

**ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ॥**

ਉਹ ਆਦਿ ਜੁਗਾਦਿ=ਸਦਾ ਸਦਾ ਭਗਤਾਂ ਦਾ ਰਾਖਾ ਹੈ, ਮੈਂ ਉਸ ਦੀ ਉਸਤਤੀ ਕਰ ਕਰਕੇ ਜੀਉਂਦਾ ਹਾਂ॥

**ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਨਾਮ ਦਾ ਰਸ ਮਹਾ=ਬੜਾ ਮਿੱਠਾ ਹੈ ਮੈਂ ਰਾਤ ਦਿਨ ਉਸ ਨੂੰ ਮਨ ਤਨ ਕਰਕੇ ਪੀਂਦਾ ਹਾਂ॥ ੧ ॥

**ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥**

ਹੇ ਬਲਿਹਾਰ ਜਾਣੇ ਯੋਗ ਹਰੀ ਰਾਮ ! ਜਿਸ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ,
ਉਸ ਦਾ ਤੇਰੇ ਨਾਲੋਂ ਫਿਰ ਵਿਛੋੜਾ ਕਿਉ=ਕਿਵੇਂ ਥੀਵਈ=ਹੋਵੇਗਾ।

**ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥**

ਹੇ ਬਲਿਹਾਰ ਜਾਣੇ ਯੋਗ ਰਾਮ ! ਜਿਸ ਨੂੰ ਤੇਰੀ ਟੇਕ=ਓਟ ਹੈ, ਉਹ ਹਮੇਸ਼ਾ ਹੀ ਜੀਉਂਦਾ ਰਹਿੰਦਾ ਹੈ।

**ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ॥**

ਹੇ ਸੱਚੇ ਸਿਰਜਣਹਾਰ ਪ੍ਰਭੂ ! ਤੇਰੀ ਓਟ ਤੈਥੋਂ ਤੋਂ ਹੀ ਪਾਈ ਜਾਂਦੀ ਹੈ।

**ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ॥**

ਜਿਸ ਆਪ ਜੀ ਤੋਂ ਕੋਈ ਭੀ ਖਾਲੀ ਨਹੀਂ ਜਾਂਦਾ, ਤੂੰ ਮੇਰਾ ਐਸਾ ਸਮਰੱਥ ਪ੍ਰਭੂ ਹੈਂ।

**ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ॥**

ਸੰਤ ਜਨਾਂ ਨਾਲ ਮਿਲ ਕੇ ਮੈਂਨੇ ਆਪ ਜੀ ਦਾ ਮੰਗਲ ਰੂਪ ਜਸ ਗਾਇਆ ਹੈ
ਅਤੇ ਦਿਨ ਰਾਤ ਆਪ ਜੀ ਦੀ ਆਸਾ ਲੱਗ ਰਹੀ ਹੈ।

**ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੇ ਮਿਲਣ ਕਰਕੇ ਆਪ ਜੀ ਦਾ ਸਫਲ ਦਰਸ਼ਨ ਮਿਲ ਗਿਆ ਹੈ, ਮੈਂ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨ ॥

**ਸੰਮਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ॥**

ਬਲਿਹਾਰ ਜਾਣੇ ਯੋਗ ਰਾਮ ਦੇ ਸੱਚੇ ਥਾਨੁ=ਸਤਸੰਗ ਨੂੰ ਸੰਭਾਲਿਆ ਤਾਂ ਸਮਾਨਤੇ ਮਾਨੁ=ਆਦਰ ਅਤੇ ਵਿਸ਼ੇਸ਼ ਕਰਕੇ ਮਹਤੁ=ਮਰਾਤਬਾ (ਅਉਦਾ) ਪਾਇਆ।

**ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ॥**

ਦਿਆਲੂ ਸਤਿਗੁਰੂ ਮਿਲਿਆ ਤਾਂ ਬਲਿਹਾਰ ਜਾਣੇ ਯੋਗ ਰਾਮ ਅਬਿਨਾਸੀ ਦੇ ਗੁਣਾਂ ਨੂੰ ਗਾਉਣਾ ਕੀਤਾ।

**ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥**

ਪ੍ਰਾਣਾਂ ਦਾ ਪ੍ਰੀਤਮ ਜੋ ਸੁਆਮੀ ਹੈ, ਉਸ ਗੋਬਿੰਦ ਦੇ ਗੁਣਾਂ ਨੂੰ ਨਿਤਾਪ੍ਰਤੀ ਮੈਂ ਗਾਉਂਦਾ ਹਾਂ, ਤੁਸੀਂ ਗਾਉਣਾ ਕਰੋ।

**ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥**

ਜਿਸ ਵੇਲੇ ਚੰਗੇ ਦਿਨ ਆਏ ਤਾਂ ਫੜ ਕੇ ਗਲ ਨਾਲ ਲਗਾ ਲੀਤਾ ਤਾਂ ਅਸੀਂ ਅੰਤਰਜਾਮੀ ਪ੍ਰਭੂ ਨਾਲ ਮਿਲ ਗਏ।

**ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥**

ਸਤ ਸੰਤੋਖ ਦੇ ਸਹਿਤ ਇਕ-ਰਸ ਰੁਣਝੁਣਕਾਰ ਸੰਗਿਆ ਦੇ ਵਾਜੇ ਵੱਜ ਆਏ।

**ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ ੩ ॥**

(੧) ਗੁਰੂ ਜੀ ਕਥਨ ਕਰਦੇ ਹਨ-ਕਰਨਹਾਰ ਪ੍ਰਭੂ ਪੁਰਖ ਦੇ ਜਸ ਨੂੰ ਸੁਣ ਕੇ ਸਾਰੇ ਡਰ ਨਾਸ ਹੋ ਗਏ ਹਨ। (੨) ਉਹਨਾਂ ਵਾਜਿਆਂ ਦੀ ਧੁਨ ਸੁਣਨ ਨਾਲ ਸਾਰੇ ਡਰ ਨਾਸ ਹੋ ਗਏ ਅਤੇ ਪ੍ਰਭੂ ਪੁਰਖ ਨੂੰ ਸਭ ਗੱਲਾਂ ਦੇ ਕਰਨ ਨਾਲ ਨਿਸਚੇ ਕੀਤਾ ॥ ੩ ॥

**ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥**

ਜਿਸ ਵੇਲੇ ਤਤ ਗਿਆਨੁ=ਯਥਾਰਥ ਸਰੂਪ ਦਾ ਗਿਆਨ ਪੈਦਾ ਹੋਇਆ ਤਾਂ ਸਾਹੁਰੈ ਪੇਈਐ=ਲੋਕ-ਪ੍ਰਲੋਕ ਵਿਚ ਬਲਿਹਾਰ ਜਾਣੇ ਯੋਗ ਇਕ ਰਾਮ ਹਰੀ ਨੂੰ ਵਿਆਪਕ ਦੇਖਿਆ।

**ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥**

ਜਿਸ ਵੇਲੇ ਬ੍ਰਹਮ ਰੂਪ ਹੋ ਕੇ ਬ੍ਰਹਮ ਨਾਲ ਮਿਲਿਆ ਤਾਂ ਬਲਿਹਾਰ ਜਾਣੇ ਯੋਗ ਰਾਮ ਤੋਂ ਕੋਈ ਵੀ ਇਸਨੂੰ ਵੱਖਰਾ ਨਹੀਂ ਕਰ ਸਕਦਾ।

**ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥**

ਜਿਸ ਦਾ ਦੇਖਣਾ ਬਿਸਮੁ=ਅਸਚਰਜ ਹੈ, ਜਿਸ ਦਾ ਸੁਣਨਾ ਭੀ ਅਸਚਰਜ ਹੈ,

ਉਹ ਅਸਚਰਜ ਰੂਪ ਪਰਮਾਤਮਾ ਨਿਗਾਹ ਆਇਆ।

**ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥**

ਉਹ ਸੁਆਮੀ ਜਲਾਂ ਵਿਚ, ਥਲਾਂ ਵਿਚ, ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈ ਅਤੇ ਸਭ ਘਟਾਂ-ਘਟਾਂ ਵਿਚ ਭੀ ਸਮਾ ਰਿਹਾ ਹੈ।

**ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥**

ਜਿਸ ਬ੍ਰਹਮ ਦੇ ਅਗਿਆਨ ਤੋਂ ਇਹ ਉਪਜਿਆ ਹੈ ਭਾਵ ਜੀਵ ਰੂਪ ਕਰਕੇ ਮੰਨਿਆ ਗਿਆ ਹੈ, ਉਸੀ ਬ੍ਰਹਮ ਦੇ ਗਿਆਨ ਕਰਕੇ ਉਸ ਦੇ ਵਿਚ ਜਾ ਕੇ ਸਮਾ ਗਿਆ, ਉਸ ਦੀ ਕੁਝ ਕੀਮਤ ਕਹੀ ਨਹੀਂ ਜਾਂਦੀ।

**ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਚਲਤ=ਕੌਤਕ ਜਾਣੇ ਨਹੀਂ ਜਾਂਦੇ, ਅਸੀਂ ਉਸੇ ਨੂੰ ਧਿਆਉਂਦੇ ਹਾਂ। ਤੁਸੀਂ ਉਸ ਨੂੰ ਧਿਆਉਣਾ ਕਰੋ॥ ੪॥ ੨॥

## ਰਾਗੁ ਸੂਹੀ ਛੰਤ ਮਹਲਾ ੫ ਘਰੁ ੨

## ੧ਓ ਸਤਿਗੁਰ ਪ੍ਰਸਾਦਿ ॥

ਬੇਨਤੀ ਕੀਤੀ-'ਆਪ ਕਿਸ ਕੰਮ ਵਿਚ ਲੱਗੇ ਹੋਏ ਹੋ?' *ਉੱਤਰ:-*

**ਗੋਬਿੰਦ ਗੁਣ ਗਾਵਣ ਲਾਗੇ ॥ ਹਰਿ ਰੰਗਿ ਅਨਦਿਨੁ ਜਾਗੇ ॥**

ਗੋਬਿੰਦ ਦੇ ਗੁਣ ਗਾਉਣ ਲੱਗੇ ਹਾਂ ਤੇ ਰਾਤ ਦਿਨ ਹਰੀ ਦੇ ਰੰਗਿ=ਪ੍ਰੇਮ ਵਿਚ ਜਾਗਦੇ ਹਾਂ।

**ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥**

ਵਾਹਿਗੁਰੂ ਦੇ ਪਿਆਰੇ ਸੰਤ ਮਿਲੇ ਹਨ ਇਸ ਕਰਕੇ ਹਰੀ ਦੇ ਰੰਗ ਵਿਚ ਜਾਗੇ ਹਾਂ ਤੇ ਪਾਪ ਸਾਰੇ ਭਾਗੇ=ਭੱਜ ਗਏ ਹਨ।

**ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥**

ਗੁਰੂ ਦੇ ਚਰਨਾਂ ਨਾਲ ਲੱਗਣ ਕਰਕੇ ਭਰਮ ਭੱਜ ਗਏ ਹਨ ਤੇ ਸਾਰਿਆਂ ਕੰਮਾਂ ਨੂੰ ਸਵਾਰ ਲਿਆ ਹੈ।

**ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ ॥**

ਕੰਨਾਂ ਨਾਲ ਗੁਰਬਾਣੀ ਸੁਣ ਕੇ ਇਹ ਗੱਲ ਸਹਿਜੇ ਜਾਣੀ ਹੈ ਕਿ ਹਰੀ ਨਾਮ ਦਾ ਜਪਣਾ ਵੱਡਿਆਂ ਭਾਗਾਂ ਕਰਕੇ ਹੁੰਦਾ ਹੈ।

*ਅਥਵਾ:-*ਕੰਨਾਂ ਨਾਲ ਗੁਰਬਾਣੀ ਸੁਣ ਕੇ ਵੱਡਿਆਂ ਭਾਗਾਂ ਕਰਕੇ ਹਰੀ ਨਾਮ ਨੂੰ ਜਪਿਆ ਤਾਂ ਸਹਿਜ ਅਵਸਥਾ ਭਾਵ ਗਿਆਨ ਅਵਸਥਾ ਜਾਨਣਾ ਕੀਤੀ।

**ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ ॥ ੧ ॥**

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਅਸਾਂ ਨੇ ਸੁਆਮੀ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਦੀ ਆਗੈ= ਆਗਿਆ ਵਿਚ ਰਹਿ ਕੇ ਆਪਣਾ ਜੀਅ, ਪਿੰਡੁ=ਸਰੀਰ ਪ੍ਰਭੂ ਦੇ ਆਗੈ=ਅੱਗੇ ਅਰਪਣ ਕਰ ਦਿੱਤਾ ਹੈ॥ ੧॥

**ਅਨਹਤ ਸਬਦੁ ਸੁਹਾਵਾ ॥ ਸਚੁ ਮੰਗਲੁ ਹਰਿ ਜਸੁ ਗਾਵਾ ॥**

ਉਹ ਸਬਦੁ=ਬ੍ਰਹਮ ਅਨਹਤ=ਨਾਸ ਤੋਂ ਰਹਿਤ ਹੈ ਅਤੇ ਅਨਹਤ=ਇਕ-ਰਸ ਸ਼ੋਭਾ ਵਾਲਾ ਹੈ।

ਮੰਗਲਾਂ ਦੇ ਕਰਨ ਵਾਲੇ ਹਰੀ ਦੇ ਸੱਚੇ ਜਸ ਨੂੰ ਮੈਂ ਗਾਉਂਦਾ ਹਾਂ।

**ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥**

ਹਰਿ ਹਰਿ ਦੇ ਗੁਣ ਗਾਉਣ ਕਰਕੇ ਦੁੱਖ ਨਾਸ ਹੋ ਗਏ ਹਨ ਅਤੇ ਮਨ ਵਿਚ ਘਣਾ=ਬਹੁਤਾ ਅਨੰਦ ਪੈਦਾ ਹੋਇਆ ਹੈ।

**ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ॥**

ਜਾਂ ਪ੍ਰਭੂ ਦਾ ਨਾਮ ਮੂੰਹੋਂ ਉਚਾਰਿਆ ਤੇ ਦਰਸ਼ਨ ਨੂੰ ਵੇਖਿਆ ਤਾਂ ਮਨ ਤਨ ਨਿਰਮਲ ਹੋ ਗਿਆ।

[ਪੰਨਾ ੭੭੯]

**ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ॥**

ਸੰਤਾਂ ਦੀ ਰੇਣ=ਧੂੜ ਹੋ ਕੇ ਪ੍ਰਭੂ ਨੂੰ ਆਰਾਧੀਏ ਤਾਂ ਆਪਣੇ ਪ੍ਰਭੂ ਨੂੰ ਭਾਵਾਂਗੇ।

**ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ! ਦਇਆ-ਦ੍ਰਿਸ਼ਟੀ ਧਾਰਨਾ ਕਰੋ ਤਾਂ ਮੈਂ ਸਦਾ ਹੀ ਤੇਰੇ ਗੁਣ ਗਾਵਾਂਗਾ॥ ੨ ॥

**ਗੁਰ ਮਿਲਿ ਸਾਗਰੁ ਤਰਿਆ॥ ਹਰਿ ਚਰਣ ਜਪਤ ਨਿਸਤਰਿਆ॥**

ਗੁਰੂ ਨੂੰ ਮਿਲ ਕੇ ਸੰਸਾਰ-ਸਮੁੰਦਰ ਤੋਂ ਤਰਿਆ ਹਾਂ ਅਤੇ ਹਰੀ ਦੇ ਚਰਨਾਂ ਨੂੰ ਜਪ ਕੇ ਤਰਿਆ ਹਾਂ।

*ਅਥਵਾ:*-ਜੋ ਭੀ ਸੰਸਾਰ-ਸਮੁੰਦਰ ਤੋਂ ਤਰਿਆ ਹੈ, ਉਹ ਗੁਰਾਂ ਨਾਲ ਮਿਲ ਕੇ ਤਰਿਆ ਹੈ। ਜਾਂ ਹਰੀ ਦੇ ਚਰਨਾਂ ਨੂੰ ਜਪ ਕੇ ਭਾਵ ਧਿਆਨ ਧਾਰ ਕੇ ਤਰਿਆ ਹੈ।

**ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ॥**

ਹਰੀ ਦੇ ਚਰਨਾਂ ਦਾ ਧਿਆਨ ਧਾਰ ਕੇ ਹੀ ਸਾਰੇ ਫਲ ਪਾਏ ਹਨ, ਅਤੇ ਆਉਣਾ ਜਾਣਾ, ਜੰਮਣਾ ਮਰਨਾ ਮਿਟ ਗਿਆ ਹੈ।

**ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ॥**

ਭਾਇ ਭਗਤਿ=ਪ੍ਰੇਮਾ ਭਗਤੀ ਕਰਕੇ ਸੁਭਾਵਕ ਹੀ ਹਰੀ ਨੂੰ ਜਪਿਆ ਹੈ ਅਤੇ ਆਪਣੇ ਪ੍ਰਭੂ ਨੂੰ ਭਾਅ ਗਿਆ ਹਾਂ।

**ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ॥**

ਇਕ ਅਲੱਖ ਅਪਾਰ ਪੂਰਨ ਨੂੰ ਜਪਿਆ ਹੈ, ਤੇ ਇਹ ਨਿਸਚੇ ਕੀਤਾ ਹੈ ਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

**ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ॥ ੩ ॥**

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨੇ ਕਿਰਪਾ ਕਰਕੇ ਭਰਮ ਨਾਸ ਕਰ ਦਿੱਤਾ ਹੈ,
ਹੁਣ ਜਿਥੇ ਦੇਖਦਾ ਹਾਂ ਉਥੇ ਉਹ ਪ੍ਰਭੂ ਹੀ ਦਿੱਸਦਾ ਹੈ॥ ੩ ॥

**ਪਤਿਤ ਪਾਵਨ ਹਰਿ ਨਾਮਾ॥ ਪੂਰਨ ਸੰਤ ਜਨਾ ਕੇ ਕਾਮਾ॥**

ਜਿਸ ਹਰੀ ਦਾ ਨਾਮ ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ।
ਓਹੀ ਹਰੀ ਸੰਤ ਜਨਾਂ ਦੇ ਕੰਮ ਪੂਰਨ ਕਰਦਾ ਹੈ।

**ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥**

ਜਿਸ ਨੇ ਸੰਤੁ=ਸ਼ਾਂਤ ਆਤਮਾ ਗੁਰਾਂ ਨੂੰ ਪਾਇਆ ਹੈ ਤੇ ਪ੍ਰਭੂ ਨੂੰ ਧਿਆਉਣਾ ਕੀਤਾ ਹੈ ਉਸ ਦੀਆਂ ਸਭ ਇਛਾ ਇਛਾਵਾਂ=ਪੂਰਨ ਹੋ ਗਈਆਂ ਹਨ।

**ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥**

ਜਿਸ ਵੇਲੇ ਸਰਸੇ=ਪ੍ਰੇਮ ਦੇ ਸਹਿਤ ਹੋਏ ਤਾਂ ਹਉਮੈ ਰੂਪੀ ਤਾਪ, ਵਾ:-ਹਉਮੈ ਤੇ ਤਿੰਨੇ ਤਾਪ ਬਿਨਸ ਗਏ ਤਾਂ ਚਿਰ ਦੇ ਵਿਛੜੇ ਹੋਏ ਪ੍ਰਭੂ ਨੂੰ ਮਿਲ ਪਏ ਤੇ ਸਦਾ ਹੀ ਸਰਸੇ=ਅਨੰਦ ਹੋਏ।

**ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥**

ਜਿਸ ਦੇ ਮਨ ਵਿਚੋਂ ਉਹ ਪ੍ਰਭੂ ਕਦੇ ਭੁਲਦਾ ਨਹੀਂ ਹੈ, ਉਸ ਦੇ ਮਨ ਵਿਚ ਸ਼ਾਂਤੀ ਆਈ ਹੈ ਤੇ ਅਨੰਦ ਦੀ ਵਧਾਈ ਵੱਜੀ ਹੈ।

**ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪॥੧॥੩॥**

ਗੁਰੂ ਕਥਨ ਕਰਦੇ ਹਨ—ਸਤਿਗੁਰਾਂ ਨੇ ਇਹ ਮੰਤ੍ਰ ਦ੍ਰਿੜ੍ਹ ਕਰਵਾਇਆ ਹੈ,
ਹੇ ਪੁਰਸ਼ਾ! ਤੂੰ ਜਗਤ ਦੇ ਮਾਲਕ ਨੂੰ ਸਦਾ ਭਜੁ=ਯਾਦ ਕਰ॥ ੪॥ ੧॥ ੩॥

## ਰਾਗੁ ਸੂਹੀ ਛੰਤ ਮਹਲਾ ੫ ਘਰੁ ੩

## ੧ਓ ਸਤਿਗੁਰ ਪ੍ਰਸਾਦਿ ॥

**ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥**

ਹੇ ਠਾਕੁਰ ! ਤੂੰ ਬੈਰਾਗਰੋ=ਹੀਰਿਆਂ ਦੀ ਖਾਣ ਹੈਂ, *ਅਥਵਾ:*-ਹੀਰਿਆਂ ਵਾਂਗ ਅਮੋਲਕ ਹੈਂ,
ਹੇ ਰਾਮ ! ਮੇਰੇ ਜੇਹੀਆਂ ਆਪ ਜੀ ਦੀਆਂ ਘਣ ਚੇਰੀ=ਬਹੁਤੀਆਂ ਦਾਸੀਆਂ ਹਨ।

**ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥**

ਹੇ ਰਾਮ ! ਆਪ ਸਾਗਰੋ=ਸਮੁੰਦਰ ਹੋ, ਅਤੇ ਰਤਨਾਗਰੋ=ਰਤਨਾਂ ਦੀ ਖਾਣ ਹੋ,
ਵਾ:-ਸ਼ੁਭ-ਗੁਣ ਰੂਪ ਰਤਨਾਂ ਦੀ ਖਾਣ ਹੋ।
*ਅਥਵਾ:*-ਆਪ ਆਗਰੋ=ਸ੍ਰੇਸ਼ਟ ਰਤਨਾਂ ਦੇ ਸਮੁੰਦਰ ਹੋ, ਹਉ=ਮੈਂ ਤੇਰੀ ਸਾਰ ਨਹੀਂ ਜਾਣਦੀ ਹਾਂ।

**ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥**

ਮੈਂ ਤੇਰੀ ਸਾਰ ਨਹੀਂ ਜਾਣਦੀ ਹਾਂ, ਤੂੰ ਵੱਡਾ ਦਾਣਾ=ਦਨਾਹ ਹੈਂ,
ਹੇ ਸਾਂਈ ਤੂੰ ਮੇਰੇ ਉਤੇ ਅਮਿਤ ਮੇਹਰ ਕਰ।

**ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥**

ਕਿਰਪਾ ਦ੍ਰਿਸ਼ਟੀ ਕਰਕੇ ਉਹ ਅਕਲ ਦਿਓ, ਜਿਸ ਕਰਕੇ ਅੱਠੇ ਪਹਿਰ ਆਪ ਜੀ ਨੂੰ ਧਿਆਉਂਦਾ ਰਹਾਂ।

## ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥

ਹੇ ਜੀਵ ! ਗਰਬੁ=ਹੰਕਾਰ ਨਾ ਕਰ, ਸਾਰਿਆਂ ਦੀ ਵਾ:-ਸੰਤਾਂ ਦੀ ਚਰਨ-ਧੂੜ ਹੋਣਾ ਕਰ ਤਾਂ ਤੇਰੀ ਗਤਿ=ਗਤੀ (ਮੁਕਤੀ) ਹੋਵੇਗੀ।

*ਅਥਵਾ:*-ਹੰਕਾਰ ਨਾ ਕਰਾਂ ਤੇ ਚਰਨ-ਧੂੜ ਹੋ ਜਾਵਾਂ ਤਾਂ ਜੀਵ ਨੂੰ ਤੇਰੀ ਗਤਿ=ਪ੍ਰਾਪਤੀ ਹੋਵੇਗੀ।

## ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ॥੧॥

ਮੈਂ ਨਾਨਕ ਦਾ ਤੂੰਹੀ ਠਾਕੁਰ ਹੈਂ ਅਤੇ ਸਾਰਿਆਂ ਤੋਂ ਉੱਚਾ ਹੈਂ,

ਹੇ ਰਾਮ ! ਮੇਰੇ ਜੇਹੀਆਂ ਆਪ ਜੀ ਦੀਆਂ ਬਹੁਤੀਆਂ ਦਾਸੀਆਂ ਹਨ॥ ੧॥

## ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ॥

ਆਪ ਗਉਹਰ=ਮੋਤੀ ਵਾਂਗ ਸ਼ੁੱਧ ਹੋ, ਅਤਿ=ਬੜੇ ਗਹਿਰ=ਡੂੰਘੇ ਤੇ ਗੰਭੀਰਾ=ਨਿਰਮਲ ਹੋ, ਹੇ ਰਾਮ! ਆਪ ਪਤੀ ਹੋ, ਮੈਂ ਆਪ ਜੀ ਦੀ ਬਹੁਰੀਆ=ਇਸਤ੍ਰੀ ਹਾਂ।

## ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ॥

ਆਪ ਵੱਡੇ ਹੋ, ਵੱਡਿਆਂ ਨਾਲੋਂ ਭੀ ਵੱਡੇ ਉੱਚੇ ਹੋ,

*ਅਥਵਾ:*-ਜੀਵਾਂ ਤੋਂ ਵੱਡੇ ਰਾਜੇ, ਰਾਜਿਆਂ ਤੋਂ ਵੱਡੇ ਦੇਵਤੇ, ਦੇਵਤਿਆਂ ਤੋਂ ਵੱਡੇ ਇੰਦਰ ਤੇ ਬ੍ਰਹਸਪਤੀ ਆਦਿਕ ਆਪ ਇਨ੍ਹਾਂ ਤੋਂ ਭੀ ਉੱਚੇ ਹੋ,

ਹੇ ਰਾਮ ! ਮੈਂ ਇਤਨੀਕ=ਇੰਨੀ ਕੁ ਭਾਵ ਛੋਟੀ ਜੇਹੀ ਆਪ ਜੀ ਦੀ ਲਹੁਰੀਆ=ਦਾਸੀ ਹਾਂ।

## ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ॥

ਹਉ=ਮੈਂ ਕੁਝ ਭੀ ਨਹੀਂ ਹਾਂ, ਇਕੋ ਤੂੰਹੀ ਹੈਂ, ਤੁਸੀਂ ਆਪੇ ਆਪ ਸੁਜਾਨਾ=ਚਤੁਰ ਹੋ।

*ਅਥਵਾ:*- ਹੇ ਸੁਜਾਨਾ=ਚਤਰ ਪ੍ਰਭੂ ! ਪਿੱਛੇ ਇਕ ਆਪ ਸੀ, ਹੁਣ ਭੀ ਆਪ ਹੋ, ਅੱਗੇ ਭੀ ਆਪ ਹੋਵੋਗੇ।

## ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ॥

ਹੇ ਪ੍ਰਭੂ ! ਤੇਰੀ ਨਿਮਖ ਮਾਤ੍ਰ 'ਅੰਮ੍ਰਿਤ ਦ੍ਰਿਸਟਿ'=ਕਿਰਪਾ ਦ੍ਰਿਸ਼ਟੀ ਹੋਣ ਕਰਕੇ ਮੇਰਾ ਜੀਉਣਾ ਹੁੰਦਾ ਹੈ ਅਤੇ ਸਾਰਿਆਂ ਰਸਾਂ ਦੇ ਰੰਗ=ਆਨੰਦ ਦਾ ਮਾਨਣਾ ਹੁੰਦਾ ਹੈ।

## ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ॥

ਆਪ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰ ਕੇ ਮੈਂ ਦਾਸਾਂ ਦੀ ਦਾਸੀ ਹੋਈ ਹਾਂ, ਇਸ ਲਈ ਮਨ ਵੀ ਮਉਲੈ=ਖਿੜ ਪਿਆ ਹੈ ਅਤੇ ਤਨ ਵੀ ਸ਼ੁਭ-ਗੁਣਾਂ ਨਾਲ ਹਰਿਆ ਹੋ ਗਿਆ ਹੈ।

## ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ॥੨॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ ! ਤੂੰ ਸਾਰਿਆਂ ਵਿਚ ਸਮਾਇਆ ਹੋਇਆ ਹੈਂ ਅਤੇ ਜੋ ਕੁਝ ਭੀ ਕਰਦਾ ਹੈ ਤੂੰ ਆਪਣੀ ਭਵਨ=ਮਰਜ਼ੀ ਨਾਲ ਕਰਦਾ ਹੈਂ॥ ੨॥

## ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ॥

ਹੇ ਰਾਮ! ਮਨ ਕਰਕੇ ਆਪ ਜੀ ਦੇ ਉੱਪਰ ਮੇਰਾ ਬਹੁਤ ਸਾਰਾ ਮਾਣ ਹੈ ਅਤੇ ਤਨ ਕਰਕੇ ਭੀ ਮੇਰਾ ਤੂੰਹੀ ਤਾਣਾ=ਬਲ ਰੂਪ ਹੈਂ।

## ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ॥

ਵਿਹਾਰਕ ਸੁਰਤਿ=ਗਿਆਤ, ਆਤਮ ਵਿਸ਼ੈਣੀ ਮਤਿ=ਬੁੱਧੀ ਤੇ ਸ਼ਾਸਤਰਕ ਚਤੁਰਾਈ,

*ਅਥਵਾ*-ਸੁਰਤੀਆਂ ਦੇ ਮਤ ਦੀ ਚਤੁਰਾਈ ਸਭ ਤੇਰੀ ਦਿੱਤੀ ਹੋਈ ਹੈ।

ਹੇ ਰਾਮ! ਤੂੰ ਜਣਾਵੇਂ ਤਾਂ ਕੋਈ ਜਾਣਦਾ ਹੈ।

## ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ॥

(੧) ਜਿਸ ਉਤੇ ਆਪ ਕਿਰਪਾ-ਦ੍ਰਿਸ਼ਟੀ ਸਿਰੰਦੇ=ਕਰਦੇ ਹੋ, ਓਹੀ ਆਪ ਜੀ ਨੂੰ ਜਾਣਦਾ ਹੈ, ਓਹੀ ਆਪ ਜੀ ਨੂੰ ਪਛਾਣਦਾ ਹੈ।

(੨) ਸੋਈ ਸੋਈ ਜਾਣੈ=ਗਿਆਤ ਪੂਰਬਕ ਆਪ ਜੀ ਨੂੰ ਪਛਾਣਦਾ ਹੈ।

*ਅਥਵਾ*-ਓਹੀ ਗੁਰ-ਉਪਦੇਸ਼ ਨੂੰ ਜਾਣਦਾ ਹੈ, ਓਹੀ ਨਾਮ ਨੂੰ ਸੁਖ ਰੂਪ ਪਛਾਣਦਾ ਹੈ।

## ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ॥

ਮਨਮੁਖ ਇਸਤਰੀ ਬਹੁਤਿਆਂ ਰਸਤਿਆਂ ਵਿਚ ਭੁੱਲੀ ਫਿਰਦੀ ਹੈ

ਅਤੇ ਮਾਇਆ ਦੇ ਫੰਧਿਆਂ ਵਿਚ ਫਸੀ ਹੋਈ ਹੈ।

## ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ॥

ਹੇ ਠਾਕੁਰ! ਜੋ ਆਪ ਜੀ ਨੂੰ ਭਾਈ ਹੈ ਓਹੀ ਸ਼ੁਭ-ਗੁਣਾਂ ਵਾਲੀ ਹੈ ਅਤੇ ਓਸੇ ਨੇ ਸਾਰਿਆਂ ਅਨੰਦਾਂ ਨੂੰ ਮਾਣਾ=ਭੋਗਿਆ ਹੈ।

## ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ! ਮੈਂ ਨਾਨਕ ਦੀ ਤੂੰਹੀ ਧਰ=ਓਟ ਹੈਂ

ਅਤੇ ਮੈਂ ਨਾਨਕ ਦਾ ਮਾਣ ਭੀ ਤੂੰਹੀ ਹੈਂ॥ ੩॥

## ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ॥

ਮੈਂ ਵਾਰਨੇ ਜਾਂਦਾ ਹਾਂ, ਘੋਲੀ ਵੰਞਾ=ਕੁਰਬਾਨ ਜਾਂਦਾ ਹਾਂ,

ਹੇ ਰਾਮ ! ਤੂੰ ਸੁਮੇਰ ਪਰਬਤ ਵਾਂਗ ਮੇਰਾ ਓਲ੍ਹਾ=ਆਸਰਾ ਰੂਪ ਹੈਂ।

## ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥

(੧) ਹੇ ਲੱਖ ਸਰੂਪ ਪਰਮਾਤਮਾ ! ਆਪ ਜੀ ਨੂੰ ਲਖ=ਜਾਣ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ,

(੨) ਹੇ ਲੱਖ ਸਰੂਪ ਪ੍ਰਭੂ ! ਆਪ ਜੀ ਦੇ ਉਪਕਾਰ ਨੂੰ ਲਖ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ

ਜਾਂਦਾ ਹਾਂ,

(੩) ਮਨ, ਬਾਣੀ, ਸਰੀਰ ਕਰਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਹੇ ਰਾਮ ! ਜਿਸ ਆਪ ਜੀ ਨੇ ਮੇਰੇ ਅੰਦਰੋਂ ਭਰਮ ਦਾ ਪੜਦਾ ਖੋਲ੍ਹ ਦਿੱਤਾ ਹੈ।

[ਪੰਨਾ ੭੮੦]

## ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥

ਹੇ ਠਾਕੁਰ ! ਜਿਸ ਵੇਲੇ ਆਪ ਜੀ ਨਾਲ ਮੇਰਾ ਮਨ ਮੰਨਿਆ ਗਿਆ ਤੇ ਵਿਸ਼ੇ ਵਿਕਾਰ ਤਿਆਗ ਦਿੱਤੇ ਤਾਂ ਅਗਿਆਨਤਾ ਦੇ ਸਾਰੇ ਹਨੇਰੇ ਮਿੱਟ ਗਏ।

## ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥

ਹੇ ਪ੍ਰਭੂ ਜੀ ! ਜਿਸ ਵੇਲੇ ਆਪ ਜੀ ਨੂੰ ਭਾਅ ਗਈ ਤਾਂ ਜਮਾਂ ਦੀ ਕਾਨ ਕਨੌਡ ਤੋਂ ਰਹਿਤ ਹੋ ਗਈ ਤਾਂ ਹੀ ਪ੍ਰਮਾਣੀਕ ਮਨੁੱਖਾ ਜਨਮ ਸਫਲ ਹੋ ਗਿਆ।

## ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥

ਭਾਰੇ ਤੋਲ ਵਾਲਾ ਅਰਥਾਤ ਦੇਸ਼, ਕਾਲ (ਸਮਾ), ਵਸਤੂ ਤੋਂ ਰਹਿਤ ਜੋ ਪਰਮਾਤਮਾ ਹੈ, ਉਸ ਨੂੰ ਪਾ ਕੇ ਮੈਂ ਅਮੋਲਕ ਹੋ ਗਈ ਹਾਂ, ਮੁਕਤੀ ਵਿਚ ਜੁਗਤਿ=ਜੁੜਨ ਦਾ ਦਰਵਾਜ਼ਾ ਖੁਲ੍ਹ ਗਿਆ ਹੈ।

*ਅਥਵਾ:*-ਮੁਕਤੀ ਦਾ ਦਰੁ=ਦਰਵਾਜ਼ਾ-ਗਿਆਨ ਗੁਰਾਂ ਨੇ ਜੁਗਤੀ ਨਾਲ ਖੋਲ੍ਹ ਦਿੱਤਾ ਹੈ।

## ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥ ੪ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਿਰਖੌਫ ਹੋ ਗਈ ਹਾਂ, ਹੁਣ ਜਨਮ ਮਰਨ ਦਾ ਡਰ ਨਹੀਂ ਰਿਹਾ, ਕਿਉਂਕਿ ਉਹ ਪ੍ਰਭੂ ਮੇਰਾ ਓਲ੍ਹਾ=ਆਸਰਾ ਹੋ ਗਿਆ ਹੈ॥ ੪॥ ੧॥ ੪॥

## ਸੂਹੀ ਮਹਲਾ ੫ ॥

## ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥

ਸਤਿਗੁਰੂ ਪੁਰਖ ਮੇਰਾ ਪੂਰਾ ਸੱਜਣ ਹੈ, ਰਾਮ=ਹੇ ਭਾਈ ! ਉਸ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਿਆ।

## ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥

ਹੇ ਰਾਮ=ਭਾਈ ! ਮਾਂ, ਪਿਉ, ਭਰਾ, ਪੁੱਤਰ, ਸਬੰਧੀ, ਜੀਅ ਅਤੇ ਪ੍ਰਾਣ ਇਤਿਆਦਿਕ ਸਾਰੇ ਰੂਪਾਂ ਵਿਚ ਮੇਰੇ ਮਨ ਵਿਚ ਸਤਿਗੁਰੂ ਹੀ ਭਾਏ ਹਨ।

## ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥

ਜੀਅ ਪਿੰਡੁ=ਸਰੀਰ ਪ੍ਰਾਣ ਆਦਿਕ ਸਭ ਕੁਝ ਉਸ ਦਾ ਦਿੱਤਾ ਹੋਇਆ ਹੈ ਅਤੇ ਉਹ ਪ੍ਰਭੂ ਸਾਰਿਆਂ ਗੁਣਾਂ ਵਿਚ ਭਰਪੂਰ ਹੈ।

## ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥

ਉਹ ਮੇਰਾ ਪ੍ਰਭੂ ਅੰਤਰਜਾਮੀ ਹੈ ਅਤੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ।

**ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ॥**

ਉਸ ਦੀ ਸ਼ਰਨ ਵਿਚੋਂ ਮੈਂ ਸਾਰੇ ਸੁਖ ਪਾਏ ਹਨ ਅਤੇ ਸਾਰੇ ਸੰਬੰਧੀ ਭੀ ਕਲਿਆਣਾ=ਸੁਖੀ ਹੋਏ ਹਨ।

**ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ॥੧॥**

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਤੋਂ ਪਿੱਛੇ ਮੈਂ ਸਦਾ ਸਦਾ ਬਲਿਹਾਰ ਜਾਂਦਾ ਸੀ, ਹੁਣ ਵੀ ਸਦਾ ਕੁਰਬਾਨ ਜਾਂਦਾ ਹਾਂ॥ ੧॥

**ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ॥**

ਹੇ ਰਾਮ=ਭਾਈ ! ਅਜੇਹਾ ਗੁਰੂ ਵੱਡਿਆਂ ਭਾਗਾਂ ਨਾਲ ਪਾਈਦਾ ਹੈ, ਜਿਸ ਗੁਰੂ ਦੇ ਮਿਲਿਆਂ ਰਾਮ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ।

**ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥**

ਹਰੀ ਰਾਮ ਦੇ ਸੰਤਾਂ ਦੀ ਚਰਨ-ਧੂੜੀ ਵਿਚ ਨਿਤ ਨਾਪੈ=ਇਸ਼ਨਾਨ ਕਰਨ ਨਾਲ ਜਨਮਾਂ-ਜਨਮਾਂ ਦੇ ਕੀਤੇ ਹੋਏ ਕਿਲਵਿਖ=ਪਾਪ ਉਤਰ ਜਾਂਦੇ ਹਨ।

**ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ॥**

ਹਰੀ ਦੇ ਸੰਤਾਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰਨ ਨਾਲ ਤੇ ਪ੍ਰਭੂ ਦੇ ਧਿਆਉਣ ਕਰਕੇ ਮੁੜ ਕੇ ਜੂਨੀਆਂ ਵਿਚ ਨਹੀਂ ਆਈਦਾ।

**ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ॥**

ਗੁਰਾਂ ਦੇ ਚਰਨਾਂ ਨਾਲ ਲਗਣੇ ਕਰਕੇ ਭਰਮ ਤੇ ਡਰ ਦੌੜ ਜਾਂਦਾ ਹੈ ਅਤੇ ਮਨ-ਇੱਛਤ ਫਲ ਨੂੰ ਪਾਈਦਾ ਹੈ।

**ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ॥**

ਜਿਸ ਪੁਰਸ਼ ਨੇ ਹਰੀ ਦੇ ਗੁਣ ਸਦਾ ਗਾਏ ਹਨ ਤੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਨੂੰ ਫਿਰ ਸੋਗ ਅਤੇ ਸੰਤਾਪ ਨਹੀਂ ਹੁੰਦਾ।

**ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ॥੨॥**

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਸਭ ਜੀਵਾਂ ਦਾ ਦਾਤਾ ਹੈ, ਜਿਸ ਦਾ ਪਰਤਾਪ ਸਾਰੇ ਪੂਰਾ ਹੈ॥ ੨॥

**ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ॥**

ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ, ਹਰਿ=ਤਮਾਮ ਗੁਣਾਂ ਦੀ ਨਿਧੀ ਰੂਪ ਉਹ ਹਰੀ ਰਾਮ ਸੰਤਾਂ ਦੇ ਉਪਦੇਸ਼ ਕਰਕੇ ਵੱਸ ਵਿਚ ਆਉਂਦਾ ਹੈ।

*ਅਥਵਾ:*-ਉਹ ਹਰੀ ਰਾਮ ਸੰਤਾਂ ਦੇ ਵੱਸ ਵਿਚ ਆਉਂਦਾ ਹੈ।

**ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ॥**

ਹੇ ਰਾਮ=ਭਾਈ ! ਜੋ ਪੁਰਸ਼ ਸੰਤਾਂ ਦੀ ਚਰਨੀਂ ਪੈ ਕੇ ਗੁਰ ਸੇਵਾ ਵਿਚ ਲੱਗੇ ਹਨ, ਉਨ੍ਹਾਂ ਨੇ ਪਰਮ ਪਦਵੀ

ਨੂੰ ਪਾਉਣਾ ਕੀਤਾ ਹੈ।

**ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ॥**

ਜਿਨ੍ਹਾਂ ਨੇ ਆਪਾ ਭਾਵ ਹੰਕਾਰ ਨੂੰ ਮਿਟਾ ਕੇ ਪਰਮ ਪਦਵੀ ਨੂੰ ਪਾਇਆ ਹੈ,
ਉਨ੍ਹਾਂ ਉਤੇ ਹਰੀ ਪੂਰਨ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ।

**ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ॥**

ਇਕ ਹਰੀ ਮੁਰਾਰੀ ਦੇ ਮਿਲਣ ਕਰਕੇ ਮਨੁੱਖਾ ਜਨਮ ਸਫਲ ਹੋ ਗਿਆ ਹੈ ਅਤੇ ਜਮਾਂ ਦਾ ਭਉ=ਡਰ ਭਾਗਾ=ਭੱਜ ਗਿਆ ਹੈ।

**ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ॥**

ਜਿਸ ਦਾ ਦਾਸ ਸੀ, ਉਸ ਨੇ ਆਪਣੇ ਨਾਲ ਮੇਲ ਲੀਤਾ ਹੈ ਤੇ ਅੰਤ ਨੂੰ ਜੋਤੀ ਪਰਮਾਤਮਾ ਦੀ ਜੋਤ ਵਿਚ ਸਮਾ ਗਿਆ।

**ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ॥ ੩ ॥**

ਗੁਰੂ ਜੀ ਕਥਨ ਕਰ ਕੇ ਹਨ-ਸਤਿਗੁਰਾਂ ਨਾਲ ਮਿਲ ਕੇ ਨਿਰੰਜਨ ਦੇ ਨਾਮ ਨੂੰ ਜਪਣਾ ਕਰੀਏ, ਜਿਸ ਨੇ ਗੁਰਾਂ ਨਾਲ ਮਿਲ ਕੇ ਨਾਮ ਜਪਿਆ ਹੈ, ਉਸ ਨੇ ਸੁਖ ਪਾਇਆ ਹੈ॥ ੩ ॥

**ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ॥**

ਹੇ ਹਰੀ ਦੇ ਪ੍ਰੇਮੀ ਜਨੋ! ਨਿਤ ਹੀ ਹਰੀ ਦੇ ਮੰਗਲ ਰੂਪ ਜਸ ਨੂੰ ਗਾਉਣਾ ਕਰੋ, ਜੋ ਗਾਉਂਦੇ ਹਨ, ਰਾਮ ਨੇ ਉਨ੍ਹਾਂ ਦੀ ਸਾਰੀ ਇੱਛਾ ਪੁੰਨੀ=ਪੂਰੀ ਕੀਤੀ ਹੈ।

**ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ॥**

ਜੋ ਪੁਰਸ਼ ਆਪਣੇ ਸੁਆਮੀ ਦੇ ਰੰਗਿ ਸੇਤੀ=ਪ੍ਰੇਮ ਨਾਲ ਰਤੇ ਗਏ ਹਨ, ਰਾਮ=ਹੇ ਭਾਈ ! ਉਹ ਮਰ ਕੇ ਆਉਂਦੇ ਜਾਂਦੇ ਨਹੀਂ ਹਨ।

**ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ॥**

ਜਦ ਨਾਮ ਨੂੰ ਧਿਆਉਣਾ ਕੀਤਾ ਤਾਂ ਅਬਿਨਾਸ਼ੀ ਪ੍ਰਭੂ ਨੂੰ ਪਾਇਆ ਅਤੇ ਮਨ ਦੇ ਸਾਰੇ ਸੰਕਲਪ ਪੂਰੇ ਹੋ ਗਏ।

**ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ॥**

ਗੁਰੂ ਦੇ ਚਰਨਾਂ ਵਿਚ ਮਨ ਨੂੰ ਲਗਾਉਣ ਕਰਕੇ ਸ਼ਾਂਤੀ ਤੇ ਸਹਜ=ਗਿਆਨ ਨੂੰ ਪਾ ਕੇ ਘਨੇਰੇ=ਬੜੇ ਅਨੰਦ ਹੋਏ ਹਾਂ। ਤੇ ਇਸ ਤਰ੍ਹਾਂ ਨਿਸਚੇ ਕੀਤਾ-

**ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ॥**

ਉਹ ਅਬਿਨਾਸ਼ੀ ਪਰਮਾਤਮਾ ਘਟਾਂ-ਘਟਾਂ ਵਿਚ ਪੂਰਨ ਹੋ ਰਿਹਾ ਹੈ ਅਤੇ ਥਾਨਾ ਅੰਦਰ ਥਾਨਾਂ ਵਿਚ ਭੀ ਓਹੀ ਪ੍ਰਭੂ ਹੈ।

## ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੇ ਚਰਨਾਂ ਨਾਲ ਜਿਸ ਨੇ ਮਨ ਨੂੰ ਲਗਾਇਆ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਗਏ ਹਨ॥ ੪॥ ੨॥ ੫॥

## ਸੂਹੀ ਮਹਲਾ ੫ ॥

## ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ॥

ਹੇ ਪ੍ਰੀਤਮ ਸੁਆਮੀ ! ਮੇਰੇ ਉਤੇ ਅਜੇਹੀ ਕਿਰਪਾ ਕਰ, ਜੋ ਮੇਰੀਆਂ ਅੱਖਾਂ ਹੇ ਰਾਮ ! ਤੇਰਾ ਹੀ ਦਰਸ਼ਨ ਵੇਖਣ, ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਨਜ਼ਰ ਨਾ ਆਵੇ।

## ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥

ਹੇ ਮੇਰੇ ਪਿਆਰੇ ਹਰੀ ! ਮੇਰੇ ਮੂੰਹ ਵਿਚ ਲੱਖ ਜੀਭ ਦੇਹੁ, ਤਾਂਕਿ ਮੇਰਾ ਮੂੰਹ ਹੇ ਰਾਮ ਤੇਰਾ ਹੀ ਅਰਾਧਣ ਕਰੇ।

## ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ॥

ਹੇ ਹਰੀ ! ਆਪ ਜੀ ਦੇ ਅਰਾਧਣ ਕਰਕੇ ਜਮ ਰਸਤਾ ਸਾਧਿਆ ਜਾਂਦਾ ਹੈ ਅਤੇ ਨਾ ਹੀ ਕੋਈ ਦੁੱਖ ਵਿਆਪੈ=ਲਗਦਾ ਹੈ।

## ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ॥

ਹੇ ਸੁਆਮੀ ! ਜਲਾਂ ਵਿਚ, ਥਲਾਂ ਵਿਚ, ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈਂ, ਮੈਂ ਹੁਣ ਜਿਥੇ ਦੇਖਦਾ ਹਾਂ ਉਥੇ ਸੋ ਤੂੰਹੀਂ ਹੈਂ।

## ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ॥

ਹੇ ਪ੍ਰਭੂ ! ਜਿਸ ਵੇਲੇ ਆਪ ਜੀ ਨੂੰ 'ਨੇਰ ਹੂ ਤੇ ਨੇਰਾ'=ਨੇੜਿਆਂ ਤੋਂ ਨੇੜੇ ਦੇਖਿਆ ਤਾਂ ਭਰਮ, ਮੋਹ ਅਤੇ ਵਿਸ਼ੇ ਵਿਕਾਰ ਆਦਿਕ ਸਭ ਨੱਸ ਗਏ।

## ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੇ ਉਤੇ ਇਹੋ ਕਿਰਪਾ ਕਰ, ਜੋ ਨੇਤ੍ਰ=ਅੱਖਾਂ ਹਰ ਪਾਸੇ ਤੇਰਾ ਹੀ ਦਰਸ਼ਨ ਵੇਖਣ ॥ ੧॥

[ਪੰਨਾ ੭੮੧]

## ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥

ਹੇ ਪ੍ਰੀਤਮ ਪ੍ਰਭੂ ! ਕ੍ਰੋੜਾਂ ਕਰਨ=ਕੰਨ ਮੈਨੂੰ ਦੇਣਾ ਕਰੋ,

ਤਾਂਕਿ ਉਨ੍ਹਾਂ ਕੰਨਾਂ ਨਾਲ ਹੇ ਹਰੀ ਰਾਮ ਅਬਿਨਾਸ਼ੀ ! ਆਪ ਜੀ ਦੇ ਗੁਣ ਸੁਣਦੇ ਰਹੀਏ।

## ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥

ਹੇ ਰਾਮ ! ਆਪ ਜੀ ਦੇ ਗੁਣਾਂ ਨੂੰ ਸੁਣ-ਸੁਣ ਕੇ ਮੇਰਾ ਇਹ ਮਨ ਨਿਰਮਲ ਹੋਵੇਗਾ

ਅਤੇ ਕਾਲ ਦੀ ਫਾਹੀ ਕੱਟੀ ਜਾਏਗੀ।

**ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥**

ਜਮਾਂ ਦੀ ਫਾਹੀ ਕੱਟੀ ਜਾਏਗੀ, ਹੇ ਅਬਿਨਾਸ਼ੀ ! ਤੇਰਾ ਸਿਮਰਨ ਕੀਤਿਆਂ ਸਾਰੇ ਮੰਗਲ ਤੇ ਸੁਗਿਆਨਾ=ਸ੍ਰੇਸ਼ਟ ਗਿਆਨ ਪ੍ਰਾਪਤ ਹੁੰਦਾ ਹੈ।

**ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥**

ਹੇ ਹਰਿ ਹਰਿ ! ਆਪ ਜੀ ਦੇ ਨਾਮ ਜਪ ਨੂੰ ਜਪਦਿਆਂ-ਜਪਦਿਆਂ, ਦਿਨ ਰਾਤ ਸਹਿਜ-ਪਦ ਧਿਆਨ ਲੱਗ ਜਾਂਦਾ ਹੈ।

**ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥**

ਹੇ ਪ੍ਰਭੂ ! ਆਪ ਜੀ ਦੇ ਚਿਤਾਰੇ=ਸਿਮਰਨ ਨੇ ਇਕ ਤਾਂ ਮਨ ਦੀ ਖੋਟੀ ਮਤਿ=ਅਕਲ ਨਾਸ ਕਰ ਦਿੱਤੀ ਹੈ, ਦੂਜਾ ਸਾਰੇ ਕਲਮਲ=ਪਾਪ ਅਤੇ ਦੁੱਖ ਜਾਰੇ=ਸਾੜ ਦਿੱਤੇ ਹਨ।

**ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਅਬਿਨਾਸ਼ੀ ਪ੍ਰਭੂ ! ਐਸੀ ਕਿਰਪਾ ਕਰੋ, ਜੋ ਹਰ ਵੇਲੇ ਆਪ ਜੀ ਦੇ ਹੀ ਗੁਣ ਸੁਣਦੇ ਰਹੀਏ॥ ੨ ॥

**ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥**

ਹੇ ਰਾਮ ! ਮੇਰੇ ਕ੍ਰੋੜਾਂ ਹਸਤ=ਹੱਥ ਹੋਣ ਜਿਨ੍ਹਾਂ ਨਾਲ ਮੈਂ ਤੇਰੀ ਸੇਵਾ-ਟਹਿਲ ਕਰਾਂ ਅਤੇ ਹੇ ਪ੍ਰਭੂ ! ਚਰਨ ਤੇਰੇ ਰਸਤੇ ਵਿਚ ਤੁਰਨ। ਵਾ:- ਚਰਨਾਂ ਨਾਲ ਮੈਂ ਤੇਰੇ ਰਸਤੇ ਵਿਚ ਤੁਰਾਂ

**ਭਵਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥**

ਹੇ ਹਰੀ ! ਆਪ ਜੀ ਦੀ ਜੋ ਸੇਵਾ ਹੈ, ਏਹੋ ਭਵਸਾਗਰ=ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਲਾ ਨਾਵ=ਬੇੜਾ ਹੈ, ਜਿਹੜਾ ਕੋਈ ਇਸ ਉਤੇ ਚੜ੍ਹਦਾ ਹੈ, ਹੇ ਰਾਮ ! ਉਸ ਨੂੰ ਤੂੰ ਤਾਰਦਾ ਹੈਂ।

**ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥**

ਹੇ ਹਰਿ ਹਰਿ ! ਜਿਸ ਨੇ ਤੇਰੇ ਨਾਮਾਂ ਨੂੰ ਸਿਮਰਿਆ ਹੈ ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ, ਉਸ ਦੇ ਸਾਰੇ ਮਨੋਰਥ=ਮਨ ਦੇ ਸੰਕਲਪ ਪੂਰੇ ਹੋਏ ਹਨ।

**ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥**

ਬੜੇ-ਬੜੇ ਦੁੱਖ ਰੂਪ ਵਿਕਾਰ ਨਵਿਰਤ ਹੋ ਗਏ ਹਨ, ਸੁਖ ਪੈਦਾ ਹੋ ਗਏ ਹਨ ਅਤੇ ਅਨਹਦ=ਇਕ-ਰਸ ਜਸ ਰੂਪੀ ਤੂਰੇ=ਵਾਜੇ ਵੱਜ ਆਏ ਹਨ।

**ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥**

ਸਾਰੇ ਮਨ-ਇੱਛਤ ਫਲ ਪਾ ਲੀਤੇ ਹਨ, ਹੇ ਕੁਦਰਤੀ ! ਤੇਰੀ ਕੀਮਤ ਅਪਾਰਗਿ=ਅਪਾਰ (ਬਿਅੰਤ ) ਹੈ।

## ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰ, ਜੋ ਮੇਰਾ ਮਨ ਸਦਾ ਹੀ ਤੇਰੇ ਰਸਤੇ ਉਤੇ ਤੁਰਦਾ ਰਹੇ॥ ੩ ॥

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਭਗਵਾਨ ਨੇ ਕਿਹਾ-"ਜਿਸ ਵਰ ਦੀ ਲੋੜ ਹੈ ਉਹ ਵਰ ਮੰਗ ਲੈ; ਜੇ ਵਡਿਆਈ ਕਰਾਉਣ ਦੀ ਇੱਛਾ ਹੈ ਤਾਂ ਵਡਿਆਈ ਦੇਂਦਾ ਹਾਂ, ਜੇ ਧਨ ਲੈਣ ਦੀ ਇੱਛਾ ਹੈ ਤਾਂ ਧਨ ਮੰਗ ਲੈ।" ਇਹ ਗੱਲਾਂ ਸੁਣ ਕੇ ਜਗਿਆਸੂ ਨੇ ਕਿਹਾ- "ਮੈਨੂੰ ਤੁਹਾਡੇ ਚਰਨਾਂ ਦੀ ਲੋੜ ਹੈ, ਹੋਰ ਕਿਸੇ ਪਦਾਰਥ ਦੀ ਇੱਛਾ ਨਹੀਂ ਹੈ।"

## ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥

ਹੇ ਰਾਮ ! ਮੇਰੇ ਲਈ ਵਰ ਭੀ ਏਹੀ ਹੈ, ਵਡਿਆਈ ਭੀ ਏਹੋ ਹੈ, ਧਨ ਭੀ ਏਹੋ ਹੈ, ਏਸੇ ਕਰਕੇ ਮੈਂ ਵੱਡਿਆਂ ਭਾਗਾਂ ਵਾਲਾ ਹੋਇਆ ਹਾਂ।

## ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ ॥

ਰੰਗੁ=ਅਨੰਦ ਭੀ ਏਹੋ ਹੈ, ਰਸਾਂ ਦਾ ਭੋਗਣਾ ਭੀ ਏਹੋ ਹੈ,

ਹੇ ਹਰੀ ਰਾਮ ! ਜਿਹੜਾ ਆਪ ਜੀ ਦੇ ਪਵਿੱਤ੍ਰ ਚਰਨਾਂ ਵਿਚ ਮੇਰਾ ਮਨ ਲੱਗ ਗਿਆ ਹੈ।

## ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥

ਹੇ ਗੋਪਾਲ ! ਸਾਰਿਆਂ ਕਾਰਨਾਂ ਦੇ ਕਰਨੇ ਨੂੰ ਪ੍ਰਭ=ਸਮਰਥ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਮੇਰਾ ਮਨ ਲੱਗਾ ਹੈ।

## ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥

ਹੇ ਦੀਨ ਦਿਆਲ ਠਾਕੁਰ ! ਮੇਰੇ ਪਾਸ ਜੋ ਕੁਝ ਭੀ ਹੈ ਸਭ ਕੁਝ ਤੇਰਾ ਦਿੱਤਾ ਹੋਇਆ ਹੈ।

ਅਤੇ ਤੂੰ ਹੀ ਮੇਰਾ ਪ੍ਰਭੁ=ਮਾਲਕ ਹੈਂ। ਵਾ:-ਰੱਖਜਕ ਹੈਂ ।

## ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥

ਹੇ ਸੁਖਾਂ ਦੇ ਸਮੁੰਦਰ ਪ੍ਰੀਤਮ=ਪਰਮਾਤਮਾ ! ਸੰਤਾਂ ਦੀ ਸੰਗਤ ਕਰਕੇ ਮੈਂ ਨਿਰਗੁਣ=ਗੁਣ ਹੀਣੇ ਦਾ ਮਨ ਆਪ ਜੀ ਦੇ ਸਿਮਰਨ ਵਿਚ ਜਾਗ ਪਿਆ ਹੈ।

## ਕਹੁ ਨਾਨਕ ਪ੍ਰਭਿ ਕਿਰਪਾ ਕੀਨੀ ਚਰਣ ਕਮਲ ਮਨੁ ਲਾਗਾ ॥ ੪ ॥ ੩ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਆਪ ਜੀ ਨੇ ਆਪੇ ਹੀ ਕਿਰਪਾ ਕੀਤੀ ਹੈ ਜੋ ਆਪ ਜੀ ਦੇ ਚਰਨ-ਕਮਲਾਂ ਨਾਲ ਮੇਰਾ ਮਨ ਲੱਗ ਗਿਆ ਹੈ॥ ੪ ॥ ੩ ॥ ੬ ॥

## ਸੂਹੀ ਮਹਲ ੫ ॥

ਜਿਸ ਵੇਲੇ ਹਰਿਮੰਦਰ ਬਣਾ ਚੁਕੇ ਤਾਂ ਸਿੱਖਾਂ ਨੇ ਬੇਨਤੀ ਕੀਤੀ-"ਇਹ ਹਰਿਮੰਦਰ ਸਾਹਿਬ ਆਪ ਜੀ ਨੇ ਕਿਉਂ ਬਣਾਇਆ ਹੈ, ਇਸ ਦਾ ਮੁਖ ਕਾਰਨ ਕੀ ਹੈ ?" ਉੱਤਰ-

**ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥**

ਹਰੀ ਨਾਮ ਜਪਣ ਵਾਸਤੇ ਇਹ ਹਰਿਮੰਦਰ ਬਣਾਇਆ ਹੈ, ਇਸ ਹਰਿਮੰਦਰ ਵਿਚ ਬੈਠ ਕੇ ਸੰਤ ਤੇ ਭਗਤ ਰਾਮ ਦੇ ਗੁਣ ਗਾਉਣਗੇ।

*ਅਥਵਾ:-* ਹਰੀ ਨਾਮ ਜਪਣ ਵਾਸਤੇ ਸਤਸੰਗਤ ਰੂਪ ਹਰਿਮੰਦਰ ਬਣਾਇਆ ਹੈ, ਇਸ ਵਿਚ ਸੰਤ ਤੇ ਭਗਤ ਰਾਮ ਦੇ ਗੁਣ ਗਾਉਂਦੇ ਹਨ।

**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥**

ਇਸ ਹਰਿਮੰਦਰ ਸਾਹਿਬ ਵਿਚ ਆਪਣੇ ਰਾਮ ਪ੍ਰਭੂ ਸੁਆਮੀ ਦੇ ਸਿਮਰਨ ਨੂੰ ਸਿਮਰ ਕੇ ਸਾਰਿਆਂ ਪਾਪਾਂ ਨੂੰ ਤਜਾਵਹਿ=ਤਿਆਗਣਗੇ ਭਾਵ ਦੂਰ ਕਰ ਲੈਣਗੇ।

**ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥**

(੧) ਪ੍ਰਭੂ ਦੀ ਉੱਤਮ ਬਾਣੀ ਸੁਣ ਕੇ ਅਤੇ ਹਰੀ ਗੁਣਾਂ ਨੂੰ ਗਾ ਕੇ ਸੰਤਾਂ ਭਗਤਾਂ ਨੇ ਪਰਮ ਪਦ ਪਾਇਆ ਹੈ।

(੨) ਪ੍ਰਭੂ ਦੀ ਉੱਤਮ ਵੇਦ ਬਾਣੀ ਦੁਆਰੇ ਸੰਤਾਂ ਭਗਤਾਂ ਨੇ ਹਰੀ ਗੁਣਾਂ ਨੂੰ ਗਾ ਕੇ ਪਰਮ ਪਦੁ=ਆਤਮ-ਪਦ ਪਾਇਆ ਹੈ।

**ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ॥**

ਸਹਜ=ਸ਼ਾਂਤ ਸਰੂਪ ਪ੍ਰਭੂ ਦੀ ਕਥਾ ਜੋ ਅਤਿ=ਬੜੀ ਮਿੱਠੀ ਹੈ, ਓਹੀ ਅਕਥ ਕਹਾਣੀ ਅਕੱਥ ਕਥਾ ਸੰਤਾਂ ਭਗਤਾਂ ਨੇ ਇਥੇ ਬੈਠ ਕੇ ਕਥਨ ਕੀਤੀ ਹੈ ਤੇ ਅੱਗੇ ਕਥਨ ਕਰਨਗੇ।

**ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ॥**

ਉਹ ਸੰਜੋਗ ਤੇ ਮਹੂਰਤ ਚੰਗਾ ਸੀ, ਉਹ ਪਲ ਭੀ ਸੱਚਾ ਸੀ ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਬਚਲ ਨੀਂਹ ਰੱਖੀ ਗਈ ਹੈ।

*ਅਥਵਾ:-*ਉਹ ਸੰਜੋਗ ਤੇ ਮਹੂਰਤ ਚੰਗਾ ਸੀ, ਉਹ ਪਲ ਭੀ ਸੱਚਾ ਸੀ ਜਿਸ ਵੇਲੇ ਬ੍ਰਹਮ ਰੂਪ ਕਿਲ੍ਹਾ ਦੇ ਉਸਾਰਨ ਲਈ ਸ਼ਰਧਾ ਰੂਪ ਅਬਚਲ ਨੀਂਹ ਰੱਖੀ ਗਈ।

**ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪ੍ਰਭੂ ਦਿਆਲੂ ਹੋਏ ਤਾਂ ਸਾਰੀਆਂ ਸ਼ਕਤੀਆਂ ਬਣ ਆਈਆਂ ॥੧॥

**ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ॥**

ਅਨੰਦਦਾਇਕ ਵਾਜੇ ਨਿਤਾਪ੍ਰਤੀ ਵੱਜ ਰਹੇ ਹਨ।

ਅਤੇ ਰਾਮ ਪਾਰਬ੍ਰਹਮ ਮਨ ਵਿਚ ਵੂਠਾ=ਵੱਸ ਗਿਆ ਹੈ।

**ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ॥**

ਗੁਰਮੁਖਾਂ ਦੀ ਸਾਰੀ ਕਰਨੀ ਸੱਚੀ ਹੈ, ਰਾਮ ਨਾਮ ਜਪਣ ਕਰਕੇ ਪੰਜ ਪਰਕਾਰ ਦਾ ਭਰਮ ਜਮਾਂ ਦਾ ਡਰ

ਅਤੇ ਝੂਠ ਬੋਲਣ ਦਾ ਸੁਭਾਵ=ਨਾਸ ਹੋ ਗਿਆ ਹੈ।

**ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥**

(੧) ਇਕ-ਰਸ ਨਾਮ ਬਾਣੀ ਗੁਰਮੁਖਾਂ ਨੇ ਕਥਨ ਕੀਤੀ ਹੈ, ਉਹਨਾਂ ਦੁਆਰੇ ਪਰਮੇਸ਼ਰ ਦੇ ਜਸ ਨੂੰ ਸੁਣ-ਸੁਣ ਕੇ ਮੇਰਾ ਤਨ ਸ਼ੁਭ-ਗੁਣਾਂ ਕਰਕੇ ਹਰਿਆ ਹੋਇਆ ਹੈ।

(੨) ਇਸ ਹਰਿਮੰਦਰ ਸਾਹਿਬ ਵਿਚ ਗੁਰਮੁਖ ਲੋਕ ਇਕ-ਰਸ ਮੁਖੀ ਗੁਰਾਂ ਦੀ ਬਾਣੀ ਨੂੰ ਕਥਨ ਕਰਨਗੇ, ਜਿਸ ਜਸ ਰੂਪ ਬਾਣੀ ਨੂੰ ਸੁਣ ਕੇ ਸੁਣਨ ਵਾਲਿਆਂ ਦਾ ਮਨ ਤਨ ਹਰਿਆ ਹੋਵੇਗਾ।

**ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ॥**

ਉਸ ਨੂੰ ਇਹ ਸਾਰੇ ਸੁਖ ਬਣ ਆਏ ਹਨ, ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਬਣਾਉਣਾ ਕੀਤਾ ਹੈ।

**ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ॥**

ਉਸ ਦੇ ਘਰ ਵਿਚ ਨੌਂ ਨਿੱਧੀਆਂ ਦੇ ਭੰਡਾਰੇ ਭਰੇ ਹੋਏ ਹਨ,
ਜਿਸ ਦਾ ਰਾਮ ਨਾਮ ਵਿਚ ਰੰਗੁ=ਪ੍ਰੇਮ ਲੱਗਾ ਹੈ।

**ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ॥੨॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਭਾਗ ਪੂਰਨ ਹਨ ਉਸ ਜਨ ਨੂੰ ਪ੍ਰਭੂ ਪਰਮਾਤਮਾ ਕਦੇ ਭੁੱਲਦਾ ਨਹੀਂ ਹੈ॥ ੨॥

**ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ॥**

ਛਤਰ-ਪਤੀ ਪਰਮਾਤਮਾ ਨੇ ਆਪ ਹੀ ਹਰਿਮੰਦਰ ਸਾਹਿਬ ਨੂੰ ਛਾਇਆ=ਬਣਾਇਆ ਹੈ,

*ਅਥਵਾ:-* ਛਤਰ-ਪਤੀ ਪਰਮਾਤਮਾ ਨੇ ਆਪ ਹੀ ਸ਼ਾਂਤੀ ਰੂਪ ਛਾਇਆ ਕੀਤੀ ਹੈ, ਰਾਮ ਨੇ ਸਾਰੀ ਤਪਤਿ=ਤਪਸ਼ ਦੂਰ ਕਰ ਦਿੱਤੀ ਹੈ।

**ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ॥**

(੧) ਦੁੱਖਾਂ ਪਾਪਾਂ ਦਾ ਡੇਰਾ ਹੀ ਢਹਿ ਗਿਆ ਹੈ, ਰਾਮ ਨਾਮ ਦੇ ਜਪਣ ਕਰਕੇ ਸਾਰਾ ਕਾਰਜ ਰਾਸ ਆ ਗਿਆ ਹੈ।

(੨) ਦੁੱਖਾਂ ਪਾਪਾਂ ਦਾ ਡੇਰਾ=ਅਗਿਆਨ ਢਹਿ ਗਿਆ ਹੈ, ਰਾਮ ਦੀ ਪ੍ਰਾਪਤੀ ਰੂਪ ਕਾਰਜ ਰਾਸ ਆ ਗਿਆ ਹੈ।

[ਪੰਨਾ ੭੮੨]

**ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨ ਫਲਿਆ॥**

ਹਰੀ ਪ੍ਰਭੂ ਦਾ ਫੁਰਮਾਇਆ ਹੋਇਆ ਹੁਕਮ ਮੰਨਿਆ ਤਾਂ ਅਵਿਦਿਆ ਰੂਪ ਬਲਾ,
ਵਾ:-ਵਿਘਨਾਂ ਰੂਪੀ ਬਲਾ ਦੂਰ ਹੋ ਗਈ, ਸੱਚੇ ਧਰਮ ਤੇ ਪੁੰਨਾਂ ਦਾ ਫਲ ਫਲੀਭੂਤ ਹੋਇਆ ਹੈ।

**ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ॥**

ਸੁੱਤਿਆਂ, ਬੈਠਿਆਂ ਤੇ ਖਲੋਤਿਆਂ ਉਸ ਆਪਣੇ ਪ੍ਰਭੂ ਨੂੰ ਸਦਾ ਧਿਆਉਂਦੇ ਹਾਂ ਤੇ ਤੁਸੀਂ ਧਿਆਉਣਾ ਕਰੋ।

**ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ॥**

ਸ਼ੁਭ ਗੁਣਾਂ ਦਾ ਖਜ਼ਾਨਾ ਅਤੇ ਸੁਖਾਂ ਦਾ ਸਮੁੰਦਰ ਜੋ ਸੁਆਮੀ ਹੈ, ਉਹ ਜਲਾਂ, ਥਲਾਂ ਅਤੇ ਮਹੀ=ਧਰਤੀ, ਅਲਿ=ਅਕਾਸ਼ ਵਿਚ ਪੂਰਨ ਹੈ।

**ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ॥ ੩ ॥**

ਮੈਂ (ਜਨ ਨੇ) ਉਸ ਪ੍ਰਭੂ ਦੀ ਸ਼ਰਨ ਲਈ ਹੈ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਰੱਖਜਕ ਨਹੀਂ ਹੈ॥ ੩॥

**ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥**

ਮੇਰਾ ਘਰੁ=ਗੁਰੂ ਕੇ ਮਹਲ* ਸ਼ੋਭਨੀਕ ਬਣਿਆ ਹੈ, ਬਨੁ=ਗੁਰੂ ਕਾ ਬਾਗ, ਤਾਲੁ=ਅੰਮ੍ਰਿਤ ਸਰੋਵਰ ਇਹ ਸ਼ੋਭਨੀਕ ਬਣਿਆ ਹੈ।

*ਅਥਵਾ:-* ਮੇਰਾ ਘਰੁ=ਸਰੀਰ ਸਫ਼ਲਾ ਬਣਿਆ ਹੈ। ਬਨੁ= ਸ਼ੁਭ-ਗੁਣਾਂ ਰੂਪ ਬਗੀਚਾ। ਤਾਲੁ=ਹਿਰਦਾ ਭਾਵ ਅੰਤਹਕਰਨ ਪ੍ਰੇਮ ਸਹਿਤ ਸੋਹਣਾ ਬਣਿਆ ਹੈ। ਜਿਸ ਵੇਲੇ ਹਰੀ ਪ੍ਰਭੂ ਰਾਜਾ ਰਾਮ ਦੇ ਚਰਨ ਪਰਸਣਾ ਕੀਤੇ।

**ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ॥**

ਹਰੀ ਰਾਮ ਦੇ ਮੰਗਲਦਾਇਕ ਗੁਣਾਂ ਦੇ ਗਾਉਣੇ ਕਰਕੇ ਮੇਰਾ ਮਨ ਸ਼ੋਭਨੀਕ ਹੋਇਆ ਹੈ ਅਤੇ ਸ਼ੁਭ-ਗੁਣਾਂ ਰੂਪੀ ਮਿੱਤਰ ਸੱਜਣ ਸਰਸੇ=ਅਧਿਕ ਹੋਏ ਹਨ।

**ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ॥**

ਗੁਣਾਂ ਨੂੰ ਗਾ ਕੇ ਸੱਚੇ ਪ੍ਰਭੂ ਨੂੰ ਧਿਆ ਕੇ ਸਾਰੀਆਂ ਇਛਾਵਾਂ ਪਾਈਆ=ਪੂਰਨ ਕੀਤੀਆਂ ਹਨ।

**ਗੁਰ ਚਰਣ ਲਾਗੇ ਸਦਾ ਜਾਗੇ, ਮਨਿ ਵਜੀਆ ਵਾਧਾਈਆ॥**

ਗੁਰਾਂ ਦੀ ਚਰਨੀਂ ਲੱਗ ਕੇ ਸਦਾ ਗਿਆਨ ਜਾਗ੍ਰਤ ਵਿਚ ਜਾਗੇ ਤਾਂ ਮਨ ਵਿਚ ਅਨੰਦ ਦੀਆਂ ਵਧਾਈਆਂ ਵੱਜੀਆਂ।

**ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ॥**

ਸੁਖਾਂ ਵਿਚ ਗਮਨ ਕਰਾਉਣ ਵਾਲੇ ਸੁਆਮੀ ਨੇ ਜਦ ਕਿਰਪਾ-ਦ੍ਰਿਸ਼ਟੀ ਕੀਤੀ ਤਾਂ ਉਸ ਕਿਰਪਾ ਨੇ ਮੇਰਾ ਲੋਕ-ਪ੍ਰਲੋਕ ਸਵਾਰ ਦਿੱਤਾ।

---

** ੩੦੦ ਸਾਲਾ ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਬੜੀ ਧੂਮ-ਧਾਮ ਨਾਲ ੭ ਦਸੰਬਰ ੧੯੭੫ ਨੂੰ ਮਨਾਇਆ ਗਿਆ ਸੀ। ਅਨੰਦਪੁਰ ਸਾਹਿਬ ਤੋਂ ਦਿੱਲੀ ਤਕ ਤੇ ਬਾਬਾ ਬੁੱਢਾ ਜੀ ਦੀ ਬੀੜ ਤੋਂ ਗੁਰੂ ਕੇ ਮਹਿਲਾਂ ਤਕ ਇਸ ਸਾਲ ਵਿਚ ਭੀ ੩੦੧ਵਾਂ ਸ਼ਹੀਦੀ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਬਾਬੇ ਬਕਾਲੇ ਤੋਂ ਨਿਕਲ ਕੇ ਗੁਰੂ ਕੇ ਮਹਿਲਾਂ ਤਕ ਮਨਾਇਆ ਗਿਆ ੨੬-੧੧-੧੯੭੬ ਨੂੰ।*

**ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥**

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਨਾਮ ਨਿਤਾਪ੍ਰਤੀ ਜਪੀਏ, ਜਿਸਨੇ ਆਪਣੀ ਸ਼ਕਤੀ ਨਾਲ ਪਾਣੀ ਦੇ ਬੁਦ-ਬੁਦੇ ਤੋਂ ਪਿੰਡੁ=ਸਰੀਰ ਧਾਰ ਕੇ ਵਿਚ ਜੀਵ ਨੂੰ ਟਿਕਾਇਆ ਹੈ॥ ੪॥ ੪॥ ੭॥ ਯਥਾ:-

*'ਵਾਰੀ ਤੇ ਬਲਿਹਾਰੀ ਨਿਤ ਜਾਈਏ ਉਸ ਦੀ ਸ਼ਾਨ ਉਤੋਂ, ਜਿਸ ਦੀਆਂ ਕੁਦਰਤਾਂ ਬਣਾਇਆ ਤੁਛ ਬੰਦਾ ਹੈ।'*
*ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ, ਕੀਤੀ ਸੁ ਸਫਾਈ ਸੋਹਣਾ ਫੇਰ ਫੇਰ ਰੰਦਾ ਹੈ।*
*ਉਤੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ, ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।*
*ਬੰਦਾ ਓਹਦਾ ਹੋ ਕੇ ਕਰੇ ਬੰਦਗੀ ਤਾਂ ਬੰਦਾ ਚੰਗਾ, ਬੰਦਗੀ ਤੋਂ ਬਿਨਾਂ ਬੰਦਾ ਗੰਦੇ ਤੋਂ ਭੀ ਗੰਦਾ ਹੈ।*

## ਸੂਹੀ ਮਹਲਾ ੫ ॥

**ਉਥਾਨਕਾ:-** ਇਹ ਸੰਸਾਰ ਸਾਗਰ ਕੈਸਾ ਹੈ ? ਪੁਨਾ-ਇਸ ਤੋਂ ਜੀਵ ਤਰ ਕਿਵੇਂ ਸਕਦਾ ਹੈ ?

*ਉੱਤਰ:-*

**ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥**

ਜਿਵੇਂ ਪ੍ਰਤੱਖ ਸਾਗਰ ਭੈਦਾਇਕ ਹੁੰਦਾ ਹੈ ਪ੍ਰਤੱਖ ਸਾਰਗ ਭੈ ਦਾਇਕ ਹੁੰਦਾ ਹੈ, (ਇਹ ਬੀਪਸਾ ਅਲੰਕਾਰ ਦੀ ਰੀਤੀ ਹੈ) ਤਿਵੇਂ ਸੰਸਾਰ-ਸਾਗਰ ਭੈਦਾਇਕ ਹੈ, ਸੰਸਾਰ-ਸਮੁੰਦਰ ਭੈਦਾਇਕ ਹੈ।

*ਅਥਵਾ:*-ਜਿਵੇ-ਪ੍ਰਤੱਖ ਸਾਗਰੋ=ਸਮੁੰਦਰ ਅਸਗਾਹ ਹੋਣ ਕਰਕੇ ਭੈਦਾਇਕ ਹੈ। ਤਿਵੇਂ-ਸੰਸਾਰ ਸਮੁੰਦਰ ਵੀ ਭੈਦਾਇਕ ਹੈ। ਤਿਵੇਂ-ਸੰਸਾਰ ਸਮੁੰਦਰ ਵੀ ਭੈਦਾਇਕ ਹੈ।

*ਅਥਵਾ:*-ਭੈਦਾਇਕ ਸੰਸਾਰ-ਸਮੁੰਦਰ ਵਿਸ਼ਿਆ ਰੂਪੀ ਗਰਲਤਾ ਯਾਨੇ ਵਿਹੁ ਦੇ ਸਾ=ਸਹਿਤ ਭੈ=ਹੈ। ਇਸ ਤੋਂ ਉਹ ਪੁਰਸ਼ ਤਰਿਆ ਹੈ, ਜਿਸ ਨੇ ਹਰਿ ਹਰਿ ਰਾਮ ਦੇ ਨਾਮ ਨੂੰ ਧਿਆਉਣਾ ਕੀਤਾ ਹੈ।

**ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥**

ਸਤਿਗੁਰਾਂ ਨਾਲ ਮਿਲ ਕੇ ਬੋਹਿਥੜਾ=ਜਹਾਜ਼ ਰੂਪ ਹਰੀ ਦੇ ਚਰਨ ਅਰਾਧਨਾ ਕਰ ਤਾਂ ਰਾਮ ਤੈਨੂੰ ਸੰਸਾਰ-ਸਾਗਰ ਤੋਂ ਪਾਰ ਲਘਾਏ=ਕਰੇਗਾ।

**ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥**

ਗੁਰ-ਸ਼ਬਦ ਦੁਆਰੇ ਤਰਨਾ ਕਰੀਏ ਤਾਂ ਬਹੁੜਿ=ਫਿਰ ਜੰਮਦਾ ਮਰਦਾ ਨਹੀਂ ਅਤੇ ਆਉਣਾ ਜਾਣਾ ਦੂਰ ਹੋ ਜਾਂਦਾ ਹੈ।

**ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥**

ਜੋ ਕੁਝ ਵਾਹਿਗੁਰੂ ਕਰੈ=ਕਰਦਾ ਹੈ ਉਸ ਨੂੰ ਚੰਗਾ ਕਰਕੇ ਮੰਨੋ-ਤਾਂ ਇਹ ਮਨ ਸਹਜ ਪਦ ਵਿਚ ਸਮਾਉਂਦਾ ਹੈ।

**ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥**

ਸੁਖ ਸਾਗਰ=ਪਰਮਾਤਮਾ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਉਣ ਕਰਕੇ ਨਾ ਦੁੱਖ, ਨਾ ਭੁੱਖ, ਨਾ ਕੋਈ ਰੋਗ ਬਿਆਪੈ=ਲੱਗਦਾ ਹੈ।

## ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥੧॥

ਰੰਗ ਰਾਤਾ ਜੋ ਹਰੀ ਹੈ ਉਸ ਦੇ ਨਾਮਾਂ ਨੂੰ ਸਿਮਰ-ਸਿਮਰ ਕੇ ਮੈਂ ਰੰਗਿ=ਅਨੰਦ ਵਿਚ ਰੱਤਾ ਹਾਂ ਅਤੇ ਮਨ ਦੀ ਚਿੰਤਾ ਨੂੰ ਮਿਟਾਉਣਾ ਕੀਤਾ ਹੈ। ਤੂੰ ਭੀ ਹਰੀ ਦੇ ਸਿਮਰਨ ਨੂੰ ਸਿਮਰ ਕੇ ਮਨ ਦੀ ਚਿੰਤਾ ਮਿਟਾਉਣਾ ਕਰ ॥ ੧ ॥

## ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥

ਜਿਸ ਵੇਲੇ ਸੰਤ ਜਨਾਂ ਨੇ ਹਰੀ ਰਾਮ ਦਾ ਸਤਿਨਾਮੁ ਮੰਤ੍ਰ ਦ੍ਰਿੜ੍ਹ ਕਰਵਾਇਆ, ਤਾਂ ਉਸ ਮੰਤ੍ਰ ਨੇ ਹਰੀ ਸੱਜਣ ਨੂੰ ਵਸਗਤਿ=ਅਧੀਨ ਕਰ ਦਿਤਾ।

## ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥

ਤਿਸ ਵੇਲੇ ਆਪਣਾ ਮਨ ਰਾ ਮ ਦੇ ਅੱਗੇ ਧਰ ਦਿੱਤਾ ਅਤੇ ਹੋਰ ਸਾਰੇ ਪਦਾਰਥ ਵੀ ਠਾਕੁਰ ਦੇ ਅੱਗੇ ਅਰਪਣ ਕਰ ਦਿੱਤੇ। (੨) ਜਿਨ੍ਹਾਂ ਨੇ ਆਪਣਾ ਮਨ ਪ੍ਰਭੂ ਅੱਗੇ ਧਰਿਆ ਹੈ, ਰਾਮ ਠਾਕੁਰ ਨੇ ਉਨ੍ਹਾਂ ਨੂੰ ਆਪਣਾ ਸਰਬੰਸ ਦੇ ਦਿੱਤਾ ਹੈ।

## ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥

ਤਦ ਹਰੀ ਨੇ ਮੈਨੂੰ ਆਪਣੀ ਦਾਸੀ ਕਰ ਲਿਆ-ਮੇਰੀ ਸਾਰੀ ਉਦਾਸਤਾਈ ਮਿਟ ਗਈ, ਹਰੀ ਦੇ ਮੰਦਰਿ=ਅੰਦਰ, ਵਾ:-ਮੰਦਰਿ=ਅਧਿਸ਼ਠਾਨ ਰੂਪ ਹਰੀ ਵਿਚ ਇਸਥਿਤੀ ਪਾਈ।

## ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥

ਅਨੰਦਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲੇ ਸੱਚੇ ਪ੍ਰਭੂ ਨੂੰ ਸਿਮਰਨਾ ਕਰੋ,

ਜੋ ਪ੍ਰਾਪਤ ਹੋ ਕੇ ਫਿਰ ਕਦੇ ਵਿਛੜ ਨਹੀਂ ਜਾਂਦਾ ।

## ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨ੍ਹੇ ॥

ਉਹ ਵੱਡਿਆਂ ਭਾਗਾਂ ਵਾਲੀ ਹੈ, ਉਹ ਸਦਾ ਸੁਹਾਗਣ ਹੈ, ਜਿਸ ਨੇ ਰਾਮ ਨਾਮ ਦੇ ਗੁਣ ਚੀਨ੍ਹੇ=ਜਾਣੇ ਹਨ।

## ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਰੰਗ ਰਾਤੇ=ਪਰਮੇਸ਼ਰ ਨੂੰ ਉਹ ਪੁਰਸ਼ ਰਵਹਿ=ਉਚਾਰਦੇ ਹਨ, ਜੋ ਪ੍ਰੇਮ ਰੂਪ ਮਹਾਰਸ ਵਿਚ ਭੀਨੇ=ਭਿੱਜੇ ਹਨ॥ ੨ ॥

## ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥

ਹੇ ਸਖੀਏ ! ਰਾਮ ਨਾਮ ਦੇ ਜਪਣੇ ਕਰਕੇ—ਸਦਾ ਹੀ ਸਾਡੇ ਘਰ ਵਿਚ ਅਨੰਦਦਾਇਕ ਬਿਨੋਦ=ਕੌਤਕ ਅਤੇ ਮੰਗਲ ਪ੍ਰਾਪਤ ਹੋਏ ਹਨ।

## ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥

ਆਪਣੇ ਪ੍ਰਭੂ ਨੇ ਜੋ ਇਸਤ੍ਰੀ ਆਪ (ਜਪ ਤਪ ਆਦਿਕ) ਸ਼ਿੰਗਾਰਾਂ ਨਾਲ ਸ਼ਿੰਗਾਰੀ ਹੈ, ਉਹ ਇਸਤ੍ਰੀ ਰਾਮ ਦੀ ਕਿਰਪਾ ਕਰਕੇ ਸ਼ੋਭਾ ਵਾਲੀ ਹੋਈ ਹੈ।

## ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ॥

ਜਦ ਸਹਜ ਸੁਭਾਏ=ਸੁਤੇ-ਸਿਧ ਪਰਮਾਤਮਾ ਕਿਰਪਾਲੂ ਹੋਇ ਤਦ ਆਪਣੇ ਸੇਵਕ ਦੇ ਗੁਣ ਔਗੁਣਾਂ ਨੂੰ ਨਾ ਬਿਚਾਰਿਆ।

## ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ॥

ਜਿਸ ਨੇ ਰਾਮ ਨਾਮ ਨੂੰ ਹਿਰਦੇ ਵਿਚ ਧਾਰਿਆ ਹੈ ਉਸ ਆਪਣੇ ਸੇਵਕ ਜਨ ਨੂੰ ਪਰਮੇਸ਼ਰ ਨੇ ਆਪਣੇ ਗਲ ਨਾਲ ਲਗਾ ਲੀਤਾ।

## ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ॥

ਸਾਰੀ ਦੁਨੀਆਂ ਮਾਨ, ਮੋਹ, ਮਦ=ਹੰਕਾਰ ਆਦਿਕ ਵਿਕਾਰਾਂ ਵਿਚ ਬਿਆਪੀ=ਲਗ ਰਹੀ ਤੇ ਸਾਡੇ ਅੰਦਰੋਂ (ਮੰਦ ਆਦਿਕ ਵਿਕਾਰ) ਵਾਹਿਗੁਰੂ ਨੇ ਕਿਰਪਾ ਕਰਕੇ ਆਪੇ ਨਵਿਰਤ ਕਰ ਦਿੱਤੇ ਹਨ।

## ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ॥ ੩ ॥

ਗੁਰੂ ਜੀ ਕਥਨ ਕਰਦੇ ਹਨ- ਭੈਦਾਦਿਕ ਸੰਸਾਰ-ਸਾਗਰ ਤੋਂ ਮੈਂ ਤਰਨਾ ਕੀਤਾ ਹੈ ਤੇ ਸਾਡੇ ਸਾਰੇ ਕਾਰਜ ਪੂਰਨ ਹੋਏ ਹਨ॥ ੩ ॥

## ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥

ਹੇ ਸਖੀਓ ! ਗੋਪਾਲ ਦੇ ਗੁਣ ਨਿਤਾਪ੍ਰਤੀ ਗਾਉਣਾ ਕਰੋ, ਜਿਨ੍ਹਾਂ ਨੇ ਗੁਣ ਗਾਏ ਹਨ, ਉਹਨਾਂ ਨੇ ਰਾਮ ਪਾਸੋਂ ਮਨੋਰਥ=ਮਨ ਦੇ ਸੰਕਲਪ ਅਨੁਸਾਰ ਸਾਰੇ ਪਦਾਰਥ ਪਾਏ ਹਨ।

## ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ॥

ਅੰਨਵੈ-ਸੰਤਾਂ ਨਾਲ ਮਿਲ ਕੇ ਜਿਸ ਨੇ ਇਕ ਓਅੰਕਾਰ ਰਾਮ ਦੇ ਨਾਮ ਧਿਆਏ ਹਨ, ਉਸ ਦਾ ਮਨੁੱਖਾ ਜਨਮ ਸਫਲ ਹੋਇਆ ਹੈ।

## ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਿਲ ਛਾਇਆ॥

ਹੇ ਭਾਈ ! ਉਸ ਇਕ ਪ੍ਰਭੂ ਨੂੰ ਜਪ, ਜੋ ਅਨੇਕਾਂ ਵਿਚ ਪੂਰਨ ਹੈ ਅਤੇ ਸਾਰਿਆਂ ਮੰਡਲਾਂ ਵਿਚ ਜਿਸ ਦਾ ਜਸ ਛਾਇਆ ਹੋਇਆ ਹੈ।

## ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥

ਇਹ ਸੰਸਾਰ ਪਸਾਰਾ ਬ੍ਰਹਮ ਰੂਪ ਹੈ, ਕਿਉਂਕਿ ਬ੍ਰਹਮ ਹੀ ਸਾਰੇ ਪਸਰ ਰਿਹਾ ਹੈ, ਗੁਰਮੁਖਾਂ ਨੂੰ ਸਾਰੇ ਬ੍ਰਹਮ ਹੀ ਨਿਗਾਹ ਆਇਆ ਹੈ।

*ਅਥਵਾ:*-ਇਹ ਸੰਸਾਰ ਪਸਾਰਾ ਬ੍ਰਹਮ ਦਾ ਰਚਿਆ ਹੋਇਆ ਹੈ ਤੇ ਬ੍ਰਹਮ ਹੀ ਸਾਰੇ ਪਸਰ ਰਿਹਾ ਹੈ, ਇਸ ਤੇ ਸਾਰੇ ਬ੍ਰਹਮ ਹੀ ਨਿਗਾਹ ਆਇਆ ਹੈ।

## ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ॥

ਜਲਾਂ, ਥਲਾਂ ਵਿਚ ਪੂਰਨ ਹੈ, ਮਹੀ=ਧਰਤੀ ਤੇ ਅਲਿ=ਆਕਾਸ਼ ਵਿਚ ਭੀ ਪੂਰਨ ਹੈ।

ਅਥਵਾ:-ਉਹ ਪੂਰਨ=ਪ੍ਰਮੇਸ਼ਰ ਜਲਾਂ, ਥਲਾਂ ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈ, ਉਸ ਤੋਂ ਬਿਨਾਂ ਹੋਰ ਕੋਈ ਜਾਏ=ਜਗ੍ਹਾ ਨਹੀਂ ਹੈ।

**ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥ ੪ ॥ ੫ ॥ ੮ ॥**

ਉਸ ਦੇ ਦਰਸ਼ਨ ਨੂੰ ਵੇਖ ਕੇ ਅਸੀਂ ਬਿਗਸੇ=ਅਨੰਦ ਹੋਏ ਹਾਂ ਅਤੇ ਪ੍ਰਮੇਸ਼ਰ ਨੇ ਆਪਣੇ ਨਾਲ ਸਾਨੂੰ ਮਿਲਾ ਲੀਤਾ ਹੈ॥ ੪ ॥ ੫ ॥ ੮ ॥

[ਪੰਨਾ ੭੮੩]

## ਸੂਹੀ ਮਹਲਾ ੫ ॥

**ਉਥਾਨਕਾ:-** ਸ੍ਰੀ ਅੰਮ੍ਰਿਤ ਸਰੋਵਰ ਦੀ ਅਤੇ ਸਤਸੰਗ ਨਗਰ ਦੀ ਮਹਿਮਾ ਸੁਣਾਉਂਦੇ ਹਨ।

**ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥**

ਗੋਬਿੰਦ ਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਰਚਿਆ ਹੋਇਆ ਇਹ ਅੰਮ੍ਰਿਤਸਰ ਅਬਚਲ ਨਗਰ ਹੈ, ਇਥੋਂ ਦੇ ਵਸਨੀਕਾਂ ਨੇ ਨਾਮ ਜਪ ਕੇ ਸੁਖ ਪਾਇਆ ਹੈ।

ਵਾ:-ਗੁਰੂ=ਪੂਜਨੀਕ ਗੋਬਿੰਦ ਦਾ ਸਤਸੰਗ ਰੂਪ ਨਗਰ ਅਬਚਲ ਹੈ। ਇਸ ਵਿਚ ਬੈਠ ਕੇ ਪ੍ਰਮਾਤਮਾ ਦੇ ਨਾਮ ਨੂੰ ਜਪਦਿਆਂ-ਜਪਦਿਆਂ ਸਭ ਨੇ ਸੁਖ ਪਾਇਆ ਹੈ।

*ਅਥਵਾ:*-ਭਵਿੱਖਤ ਬਚਨ ਕਿਹਾ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਬਿਚਲ ਨਗਰੁ=ਸ੍ਰੀ ਹਜ਼ੂਰ ਸਾਹਿਬ ਹੋਵੇਗਾ।

**ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥**

ਜੋ ਮਨ ਵਿਚ ਇੱਛਾ ਕਰਦੇ ਸੀ ਓਹੀ ਫਲ ਪਾਏ ਹਨ, ਇਹ ਅੰਮ੍ਰਿਤਸਰ ਨਗਰ, ਵਾ:-ਸਤਸੰਗ ਰੂਪ ਨਗਰ ਰਾਮ ਕਰਤੇ ਨੇ ਆਪ ਵਸਾਇਆ ਹੈ।

**ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥**

ਕਰਤੇ ਪੁਰਖ ਨੇ ਇਹ ਨਗਰ ਆਪ ਵਸਾਇਆ ਹੈ, ਇਸ ਕਰਕੇ ਸਾਰੇ ਸੁਖਾਂ ਨੂੰ ਪਾਇਆ ਹੈ, ਇਸ ਨਗਰ ਨੂੰ ਦੇਖ ਕੇ ਪੁੱਤਰ, ਭਾਈ ਅਤੇ ਸਿੱਖ ਸਭ ਖੁਸ਼ ਹੋਏ ਹਨ।

ਵਾ:- ਸਤਸੰਗ ਰੂਪ ਨਗਰ ਨੂੰ ਭੀ ਕਰਤੇ ਪੁਰਖ ਨੇ ਆਪ ਵਸਾਇਆ ਹੈ। ਸਤਸੰਗੀ ਪੁਰਸ਼ ਨੇ ਸਭ ਸੁਖਾਂ ਨੂੰ ਪਾਇਆ ਹੈ, ਪੁਤ ਪਵਿੱਤਰ=ਆਤਮਾ ਭਾਈ=ਪ੍ਰੇਮੀ ਜੋ ਸਿੱਖ ਹਨ, ਉਹ ਸਭ ਅਨੰਦ ਹੋਏ ਹਨ।

**ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥**

ਪੂਰਨ ਪਰਮੇਸ਼ਰ ਦੇ ਗੁਣਾਂ ਨੂੰ ਜੋ ਗਾਉਂਦਾ ਹੈ, ਉਸ ਦਾ ਕਾਰਜ ਰਾਸੇ=ਪੂਰਨ ਹੋ ਆਇਆ।

**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥**

ਇਸ ਅੰਮ੍ਰਿਤਸਰ ਨਗਰ ਦਾ, ਵਾ:-ਸਤਸੰਗ ਨਗਰ ਦਾ ਪ੍ਰਭੁ ਪਰਮੇਸ਼ਰ ਆਪ ਸੁਆਮੀ ਹੈ ਅਤੇ ਆਪ ਹੀ ਰਖਾ=ਰਾਖਾ ਹੈ, ਆਪ ਹੀ ਪਿਤਾ ਰੂਪ ਹੋ ਕੇ ਪਾਲਦਾ ਹੈ, ਆਪ ਹੀ ਮਾਤਾ ਰੂਪ ਹੋ ਕੇ ਵਿਸ਼ੇ-ਅਗਨੀ ਤੋਂ ਰੱਖਦਾ ਹੈ।

**ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥**

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਹਨਾਂ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ, ਜਿਸ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਥਾਨ ਸੁਭਾਇਮਾਨ ਕੀਤਾ ਹੈ ॥੧॥

**ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥**

ਘਰ ਇਕ ਛੱਤੇ, ਮੰਦਰ ਬਹੁ ਛੱਤੇ ਵਾ:-ਘਰ ਕੱਚੇ, ਮੰਦਰ ਪੱਕੇ, ਹਟਨਾਲੇ=ਬਜ਼ਾਰ ਸਾਰੇ ਸ਼ੋਭਨੀਕ ਹਨ ਜਿਸ ਵਿਚ ਰਾਮ ਦੇ ਨਾਮ ਦਾ ਨਿਵਾਸ ਹੈ।

*ਅਥਵਾ:*-ਘਰ ਗੁਰੂ ਕੇ ਮਹਲ, ਮੰਦਰ=ਸ੍ਰੀ ਹਰਿ ਮੰਦਰ ਸਾਹਿਬ, ਹਟਨਾਲੇ=ਗੁਰੂ ਕਾ ਬਜ਼ਾਰ,

ਵਾ:-ਬੱਤੀ ਹੱਟਾਂ ਇਹ ਸਭ ਸ਼ੋਭਨੀਕ ਹਨ।

*ਅਥਵਾ:*-ਘਰ=ਸਰੀਰ, ਮੰਦਰ=ਅੰਤਹਕਰਨ ਹਟਨਾਲੇ=ਬਜ਼ਾਰ ਇੰਦਰੀਆਂ ਰੂਪੀ ਸਭ ਸ਼ੋਭਨੀਕ ਹਨ ਜਿਸ ਵਿਚ ਰਾਮ ਨਾਮ ਦਾ ਨਿਵਾਸ ਹੈ।

**ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥**

ਇਸ ਨਗਰ ਵਿਚ ਨਿਵਾਸ ਕਰਨ ਵਾਲੇ ਸੰਤ ਭਗਤ ਹਰੀ ਨਾਮ ਨੂੰ ਅਰਾਧਦੇ ਹਨ, ਰਾਮ ਨਾਮ ਕਰਕੇ ਉਹਨਾਂ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

**ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ॥**

ਪ੍ਰਭੂ ਅਬਿਨਾਸੀ ਦੇ ਹਰਿ ਹਰਿ ਨਾਮ ਧਿਆਉਣ ਕਰਕੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

**ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ॥**

ਇਹ ਅੰਮ੍ਰਿਤਸਰ ਨਗਰੀ ਸਭ ਸਮੱਗਰੀਆਂ ਕਰਕੇ ਪੂਰਨ ਹੋਈ ਹੈ, ਜੋ ਇਸ ਵਿਚ ਆ ਕੇ ਵੱਸਦਾ ਹੈ ਉਹ ਮਨ-ਇੱਛਤ ਫਲ ਪਾਉਂਦਾ ਹੈ।

ਵਾ:-ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸਭ ਸਮੱਗਰੀਆਂ ਪੂਰਨ ਪ੍ਰਾਪਤ ਹੋਈਆਂ ਹਨ।

*ਅਥਵਾ:*-ਸਤਸੰਗ ਰੂਪ ਨਗਰ ਵਿਚ ਵੱਸਣ ਕਰਕੇ ਜਗਿਆਸੂ ਦੀ (ਜਪ, ਤਪ ਰੂਪੀ) ਸਾਰੀ ਸਮੱਗ੍ਰੀ ਪੂਰਨ ਹੋਈ ਹੈ, ਸਤਸੰਗ ਦੇ ਪ੍ਰਤਾਪ ਕਰਕੇ ਜਗਿਆਸੂ ਨੇ ਮਨ-ਇੱਛਕ ਫਲ ਪਾਏ ਹਨ।

**ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ॥**

ਜੋ ਸੰਤ ਸੱਜਣ ਸੁਖ ਪੂਰਬਕ ਰਲੀਆਂ=ਖੁਸ਼ੀਆਂ ਨੂੰ ਭੋਗਦੇ ਹਨ, ਦੁਖ ਜਨ ਦਰਦ ਅਤੇ ਭਰਮ ਦੀ ਪੰਕਤੀ ਨੱਸ ਗਈ ਹੈ।

**ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ॥ ੨॥**

ਪੂਰਿਆਂ ਸਤਿਗੁਰਾਂ ਨੇ ਸ਼ਬਦ ਦੇ ਕੇ ਸਾਰੇ ਕੰਮ ਸਵਾਰੇ ਹਨ, ਵਾ:- ਮਨ ਆਦਿਕ ਸਵਾਰਨਾ ਕੀਤੇ ਹਨ ਇਸ ਤੇ ਮੈਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨॥

**ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ॥**

ਖਸਮ ਦੀ ਦਿੱਤੀ ਹੋਈ ਦਾਤ ਪੂਰਨ ਪ੍ਰਾਪਤ ਹੋਈ ਹੈ। ਰਾਮ ਦੀ ਕਿਰਪਾ ਨਾਲ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ।

**ਪ੍ਰਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ॥**

ਪਾਰਬ੍ਰਹਮ ਨੇ ਬੜਾ ਖਸਮਾਨਾ=ਪੱਖ ਕੀਤਾ ਹੈ, ਜਿਸ ਰਾਮ ਦੀ ਵਡਿਆਈ ਸਭ ਤੋਂ ਵੱਡੀ ਹੈ।

**ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ॥**

ਆਦਿ ਜੁਗਾਦਿ=ਸਦਾ ਸਦਾ ਜੋ ਭਗਤਾਂ ਦਾ ਰੱਖਜਕ ਹੈ, ਉਹ ਪ੍ਰਭੂ ਦਿਆਲੂ ਹੋਇਆ ਹੈ।

**ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ॥**

ਅੰਮ੍ਰਿਤਸਰ ਨਗਰ ਵਿਚ, ਵਾ:-ਸਤਸੰਗ-ਨਗਰ ਵਿਚ ਜਿਤਨੇ ਕੁ ਸੂਖਮ, ਅਸਥੂਲ ਜੀਆ-ਜੰਤ ਹਨ ਸਭ ਸੁਖ ਪੂਰਬਕ ਵਸਾਏ ਹਨ, ਪੁਨਾ ਉਹ ਪ੍ਰਭੂ ਆਪ ਹੀ ਸਾਰਿਆਂ ਦੀ ਪ੍ਰਤਿਪਾਲਾ=ਪਾਲਣਾ ਕਰਦਾ ਹੈ।

**ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ॥**

ਦਸੋਂ ਦਿਸ਼ਾਂ ਵਿਚ ਸੁਆਮੀ ਦਾ ਜਸ ਪੂਰਨ ਹੋ ਰਿਹਾ ਹੈ, ਉਸ ਦੀ ਕੀਮਤ ਕਹੀ ਨਹੀਂ ਜਾਂਦੀ।

**ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥**

ਗੁਰੂ ਜੀ ਕਹਿੰਦੇ ਹਨ-ਉਹਨਾਂ ਸਤਿਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਅਬਚਲ ਨੀਂਹ ਰੱਖੀ ਹੈ। ਵਾ:-ਸਤਸੰਗ ਰੂਪ ਨਗਰ ਦੀ ਅਬਚਲ ਨੀਂਹ ਰੱਖੀ ਹੈ।

ਵਾ: ਸੋਢਬੰਸ ਦੀ, ਵਾ:-ਗੁਰਿਆਈ-ਗੱਦੀ ਦੀ,

*ਅਥਵਾ:-* ਸਰੂਪ ਦੀ ਅਬਚਲ ਨੀਂਹ ਰੱਖੀ ਹੈ

*ਅਥਵਾ:-*ਬ੍ਰਹਮ ਰੂਪ ਕਿਲ੍ਹੇ ਦੀ ਸ਼ਰਧਾ ਰੂਪ ਅਬਚਲ ਨੀਂਹ ਰਖਾਈ=ਰੱਖੀ ਹੈ॥ ੩॥

**ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ॥**

ਇਸ ਹਰਿਮੰਦਰ, ਵਾ:-ਸਤਸੰਗ ਵਿਚ ਪੂਰਨ ਪਰਮੇਸ਼ਰ ਦਾ ਗਿਆਨ ਧਿਆਨ ਹੁੰਦਾ ਰਹੇਗਾ, ਹਰਿ ਹਰਿ ਰਾਮ ਦੀ ਕਥਾ ਨਿਤਾਪ੍ਰਤੀ ਸੁਣੀਂਦੀ ਰਹੇਗੀ।

**ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ॥**

ਅਨਹਦ=ਇਕ-ਰਸ ਚੋਜ=ਕੌਤਕਾਂ ਦੇ ਕਰਨ ਵਾਲਾ ਜੋ ਪਰਮੇਸ਼ਰ ਹੈ, ਭਗਤਾਂ ਦੇ ਭਵ=ਜਨਮ ਮਰਨ ਨੂੰ ਭੰਜਨ=ਨਾਸ ਕਰਨ ਵਾਲਾ, ਉਸ ਰਾਮ ਦੇ ਇਕ-ਰਸ ਵਾਜਿਆਂ ਦੀ ਧੁਨੀਐ=ਧੁਨ (ਅਵਾਜ਼) ਹੁੰਦੀ ਰਹੇਗੀ।

**ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ॥**

ਅਨਹਦ=ਇਕ-ਰਸ ਵਾਜਿਆਂ ਦੇ ਝੁਣਕਾਰ ਹੁੰਦੇ ਰਹਿਣਗੇ, ਤਤ ਨੂੰ ਵਿਚਾਰਦੇ ਰਹਿਣਗੇ, ਵਾ:-ਤਤ ਨੂੰ ਵਿਚਾਰਨ ਵਾਲੇ ਜੋ ਸੰਤ ਹਨ ਉਹਨਾਂ ਸੰਤਾਂ ਦੀ ਨਿਤ ਗੋਸਟਿ=ਚਰਚਾ ਹੁੰਦੀ ਰਹੇਗੀ।

**ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ॥**

ਹਰੀ ਨਾਮ ਨੂੰ ਅਰਾਧਣਗੇ ਰਾਗ ਦ੍ਵੈਸ਼, ਵਾ:-ਪਾਪਾਂ ਰੂਪੀ ਸਾਰੀ ਮੈਲ ਨੂੰ ਕੱਟਣਗੇ ਅਤੇ ਸਾਰੇ ਕਿਲਵਿਖਾਂ ਨੂੰ ਖੋਹਣਗੇ।

ਭਾਵ:-"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ (ਸਲੋਕ ਮਹਲਾ ੩, ਪੰਨਾ ੧੪੧੩)

ਇਹਨਾਂ ਚੌਹਾਂ ਕਿਲਵਿਖਾਂ ਨੂੰ ਨਾਸ ਕਰਨਗੇ।

## ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ॥

ਤਿਸ ਹਰਿਮੰਦਰ, ਵਾ:-ਸਤਸੰਗ ਵਿਚ ਰਹਿਣ ਕਰਕੇ ਜੰਮਣਾ ਮਰਨਾ ਅਤੇ ਆਉਣਾ ਜਾਣਾ ਨਹੀਂ ਹੋਵੇਗਾ, ਫਿਰ ਜੂਨੀਆਂ ਵਿਚ ਭੀ ਨਹੀਂ ਪਾਏ ਜਾਣਗੇ।

## ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥੪॥੬॥੯॥

ਗੁਰੂ ਜੀ ਕਥਨ ਕਰਦੇ ਹਨ-ਮੈਂਨੇ ਗੁਰਾਂ ਦੁਆਰੇ ਪਰਮੇਸ਼ਰ ਪਾਇਆ ਹੈ, ਜਿਸ ਗੁਰੂ ਦੀ ਕਿਰਪਾ ਨਾਲ ਸਭ ਇੱਛਾ ਪੂਰੀ ਹੋਈ ਹੈ॥ ੪॥ ੬॥ ੯॥

## ਸੂਹੀ ਮਹਲਾ ੫॥

**ਉਥਾਨਕਾ:-** ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦੀ ਸੇਵਾ ਸਿੱਖਾਂ ਪਾਸੋਂ ਕਰਵਾ ਰਹੇ ਸਨ। ਜਦ ਖੋਦਦਿਆਂ ਖੋਦਦਿਆਂ ਹਰਿ ਕੀ ਪੌੜੀ ਵਾਲੀ ਜਗ੍ਹਾ ਉੱਪਰ ਪਹੁੰਚੇ ਉਹ ਜ਼ਮੀਨ ਕਰੜੀ ਹੋਣ ਕਰਕੇ ਉਥੋਂ ਦੀ ਮਿੱਟੀ ਪੁੱਟੀ ਨਾ ਜਾਵੇ, ਗੈਂਤੀਆਂ ਮਾਰ ਮਾਰ ਕੇ ਸਿੱਖ ਥੱਕ ਗਏ। ਗੁਰੂ ਸਾਹਿਬਾਂ ਪਾਸ ਆ ਕੇ ਬੇਨਤੀ ਕੀਤੀ-ਕਿ 'ਫਲਾਣੀ ਜਗ੍ਹਾ ਪੁੱਟੀ ਨਹੀਂ ਜਾਂਦੀ।' ਗੁਰੂ ਸਾਹਿਬਾਂ ਨੇ ਕਿਹਾ-"ਹੁਣ ਰਹਿਣ ਦਿਓ ਕੱਲ੍ਹ ਨੂੰ ਦੀਵਾਨ ਦੀ ਸਮਾਪਤੀ ਤੋਂ ਬਾਅਦ ਸੇਵਾ ਕਰਨੀ।" ਦੂਜੇ ਦਿਨ ਸਵੇਰੇ ਅਜੇ ਦਿਵਾਨ ਸਜਿਆ ਹੋਇਆ ਸੀ ਗੁਰੂ ਸਾਹਿਬ ਜੀ ਲਾਚੀ ਬੇਰ ਹੇਠ ਬੈਠੇ ਸਿੱਖ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ, ਏਧਰ ਵਿਸ਼ਨੂੰ ਭਗਵਾਨ ਜੀ ਨੇ ਆਪਣਾ ਹੀ ਕੰਮ ਸਮਝ ਕੇ ਸਭ ਦੇਵਤਿਆਂ ਨੂੰ ਨਾਲ ਲੈ ਕੇ ਸਿੱਖਾਂ ਦੇ ਰੂਪ ਵਿਚ ਆ ਕੇ ਸੇਵਾ ਅਰੰਭ ਦਿੱਤੀ। ਵਿਸ਼ਨੂੰ ਜੀ ਨੇ ਗੈਂਤੀ ਨਾਲ ਹਰਿ ਕੀ ਪਉੜੀ ਵਾਲੀ ਜਗ੍ਹਾ ਆਪ ਪੁੱਟੀ, ਸ਼ਿਵਾਂ ਨੇ ਟੋਕਰੀਆਂ ਭਰੀਆਂ ਤੇ ਬ੍ਰਹਮਾ ਜੀ ਸਭ ਦੇਵਤਿਆਂ ਸਹਿਤ ਚੁਕ ਚੁਕ ਕੇ ਬਾਹਰ ਸੁੱਟਦੇ ਗਏ ਤੇ ਨਾਲ ਸਤਿਨਾਮੁ-ਵਾਹਿਗੁਰੂ ਦੀ ਧੁਨ ਉਚਾਰਦੇ ਜਾਂਦੇ ਹਨ।

ਸਤਿਨਾਮੁ ਦੀ ਧੁਨ ਸੁਣ ਕੇ ਗੁਰੂ ਜੀ ਨੇ ਸਿੱਖਾਂ ਨੂੰ ਭੇਜਿਆ ਕਿ ਜਾ ਕੇ ਪਤਾ ਲਿਆਓ ਕਿਥੋਂ ਦੀ ਸੰਗਤ ਆ ਕੇ ਸੇਵਾ ਕਰ ਰਹੀ ਹੈ। ਸਿੱਖਾਂ ਨੇ ਬਹੁਤ ਸਾਰਿਆਂ ਤੋਂ ਪੁੱਛਿਆ, ਪਰ ਕਿਸੇ ਨੇ ਕੁਝ ਨਾ ਦੱਸਿਆ। ਆਖਿਰ ਉਹਨਾਂ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ-"ਉਹ ਤਾਂ ਸੇਵਾ ਵਿਚ ਤੇ ਸਤਿਨਾਮੁ ਸਿਮਰਨ ਵਿਚ ਮਸਤ ਹਨ, ਬੜਾ ਪੁੱਛਿਆ ਪਰ ਉਹ ਤਾਂ ਬੋਲਦੇ ਹੀ ਨਹੀਂ ਹਨ।" ਉਸ ਵੇਲੇ ਗੁਰੂ ਜੀ ਨੇ ਅੰਤਰ-ਧਿਆਨ ਹੋ ਕੇ ਵੇਖਿਆ ਕਿ ਇਹ ਤਾਂ ਵਿਸ਼ਨੂੰ ਭਗਵਾਨ ਜੀ ਆਪ ਹੀ ਸਭ ਦੇਵਤਿਆਂ ਨੂੰ ਨਾਲ ਲਿਆ ਕੇ ਸੇਵਾ ਕਰ ਰਹੇ ਹਨ। ਉਸ ਵੇਲੇ ਸੰਗਤ ਨੂੰ ਦੱਸਣ ਵਾਸਤੇ ਕਿ ਇਹ ਕੰਮ ਕਿਸ ਨੇ ਪੂਰਾ ਕੀਤਾ ਹੈ ਅਤੇ ਉਸ ਪਰੀ-ਪੂਰਨ ਵਾਹਿਗੁਰੂ ਦੇ ਧੰਨਵਾਦ (ਸ਼ੁਕਰਾਨੇ) ਵਿਚ ਇਹ ਸ਼ਬਦ ਉਚਾਰਨ ਕੀਤਾ-

## ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥

ਸੰਤਾਂ=ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਕਾਰਜ ਕਰਨ ਵਿਚ ਹਰੀ ਆਪ ਆ ਕੇ ਖਲੋਤਾ ਹੈ। ਹਰਿ ਕੀ ਪੌੜੀ ਦੇ ਕੜ ਤੋੜਨੇ ਦਾ ਜੋ ਕੰਮ ਹੈ, ਵਾ:-ਤਲਾ ਵਿਚੋਂ ਕਾਰ ਕੱਢਣ ਦਾ ਜੋ ਕੰਮ ਹੈ ਉਸ ਦੇ ਕਰਾਉਣੇ ਨੂੰ ਰਾਮ ਆਪ ਦੇਵਤਿਆਂ ਨੂੰ ਨਾਲ ਲੈ ਕੇ ਆਇਆ ਹੈ।

## ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਚਾਰੋਂ ਤਰਫ਼ ਅੰਮ੍ਰਿਤਸਰ ਦੀ ਧਰਤੀ ਸ਼ੋਭਨੀਕ ਹੋਈ ਹੈ, ਸ੍ਰੀ ਹਰਿਮੰਦਰ ਸਾਹਿਬ ਜੀ ਦਾ ਤਲਾ ਵੀ ਸ਼ੋਭਨੀਕ

ਹੋਇਆ ਹੈ, ਰਾਮ ਦੀ ਕਿਰਪਾ ਨਾਲ ਇਸ ਤਲਾਵ ਵਿਚ ਜਲ ਅੰਮ੍ਰਿਤ ਰੂਪ ਹੋ ਕੇ ਛਾਇਆ=ਇਸਥਿਤ ਹੋਇਆ ਹੈ।

## ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਇਸ ਤਲਾਵ ਵਿਚ ਜਲ ਅੰਮ੍ਰਿਤ ਰੂਪ ਹੋ ਕੇ ਇਸਥਿਤ ਹੋਇਆ, ਪੂਰਨ ਪਰਮੇਸ਼ਰ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪੂਰਨ ਹੀ ਸਾਜ ਕਰਾਇਆ ਹੈ ਤੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ।

## ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥

ਸ੍ਰੀ ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਪੂਰੀ ਤਿਆਰੀ ਹੋਣ ਕਰਕੇ ਸਾਰੇ ਸੰਸਾਰ ਵਿਚ ਜੈ ਜੈ ਕਾਰ ਹੋ ਰਿਹਾ ਹੈ ਅਤੇ ਸਾਰੇ ਵਿਸੂਰੇ=ਝੋਰੇ ਲਹਿ ਗਏ ਹਨ।

## ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥

ਸਾਰਿਆਂ ਵਿਚ ਪੂਰਨ ਜੋ ਅਕਾਲ ਪੁਰਖ ਹੈ ਅਬਿਨਾਸੀ=ਨਾਸ ਤੋਂ ਰਹਿਤ ਤੇ ਅਚੁਤ=ਅਗਿੜ, ਜਿਸ ਦੇ ਜਸ ਨੂੰ ਚਾਰੇ ਵੇਦਾਂ ਅਤੇ ਪੁਰਾਣਾਂ ਨੇ ਗਾਇਆ ਹੈ।

## ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥

ਉਸ ਪਰਮੇਸ਼ਰ ਨੇ ਆਪਣਾ ਬਿਰਦੁ-ਧਰਮ ਜਾਣ ਕੇ ਰੱਖਿਆ ਕੀਤੀ ਹੈ, ਅਸਾਂ ਨੇ ਉਸ ਦੇ ਨਾਮ ਨੂੰ ਧਿਆਉਣਾ ਕੀਤਾ ਹੈ॥ ੧ ॥

**ਦੂਜਾ ਅਰਥ:**-ਸੰਤਾਂ ਦੇ ਕਾਰਜ ਵਿਚ ਹਰੀ ਆਪ ਖਲੋਤਾ ਹੈ, ਸੰਤਾਂ ਦੇ ਸਾਧਨਾ ਰੂਪੀ ਕੰਮ ਕਰਨ ਵਿਚ ਹਰੀ ਰਾਮ ਆਪ ਆਉਂਦਾ ਹੈ। ਸਤਸੰਗ ਰੂਪ ਧਰਤੀ, ਵਾ:-ਸੰਤਾਂ ਦੀ ਬੁੱਧੀ ਰੂਪ ਧਰਤੀ ਸ਼ੋਭਨੀਕ ਹੈ, ਤਾਲ=ਹਿਰਦਾ ਸ਼ੋਭਨੀਕ ਹੈ। ਸੰਤਾਂ ਦੇ ਹਿਰਦੇ-ਤਾਲ ਵਿਚ ਰਾਮ ਦਾ ਨਾਮ ਰੂਪ ਅੰਮ੍ਰਿਤ ਜਲ ਇਸਥਿਤ ਹੋ ਰਿਹਾ ਹੈ। ਸੰਤਾਂ ਦੇ ਹਿਰਦੇ ਵਿਚ ਨਾਮ-ਅੰਮ੍ਰਿਤ ਜਲ ਇਸਥਿਤ ਹੋ ਰਿਹਾ ਹੈ, ਸਾਧਨਾਂ ਦਾ ਸਾਜ ਪੂਰਨ ਕਰਾਇਆ ਹੈ ਤੇ ਮਨ ਦੇ ਸਾਰੇ ਮਨੋਰਥ=ਸੰਕਲਪ ਪੂਰੇ ਹੋ ਗਏ ਹਨ। ਸਾਰਿਆਂ ਵਿਚ ਪੂਰਨ ਪੁਰਖ ਜੋ ਅਬਿਨਾਸੀ ਅਚੁਤ=ਅਗਿੜ ਹੈ, ਜਿਸ ਦਾ ਜਸ ਵੇਦਾਂ, ਪੁਰਾਣਾਂ ਨੇ ਗਾਇਆ ਹੈ। ਉਸ ਪਰਮੇਸ਼ਰ ਨੇ ਆਪਣਾ ਬਿਰਦ ਰੱਖਦਿਆਂ ਹੋਇਆਂ ਸੰਤਾਂ ਦੀ ਸਹਾਇਤਾ ਕੀਤੀ ਹੈ, ਜਿਨ੍ਹਾਂ ਸੰਤਾਂ ਨੇ ਉਸ ਦੇ ਨਾਮ ਨੂੰ ਧਿਆਇਆ ਹੈ॥ ੧ ॥

## ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥

ਨੌਂ ਨਿੱਧੀਆਂ, ਸਿੱਧੀਆਂ, ਰਿੱਧੀਆਂ ਆਦਿਕ ਬਿਅੰਤ ਪਦਾਰਥ ਰਾਮ ਕਰਤੇ ਨੇ ਦਿੱਤੇ ਹਨ, ਜਿਸ ਕਰਕੇ ਹੁਣ ਕਾਈ=ਕਿਸੇ ਵਸਤੂ ਦਾ ਤੋਟਿ=ਘਾਟਾ ਨਹੀਂ ਆਉਂਦਾ।

## ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥

ਆਪ ਖਾਂਦਿਆਂ, ਸਬੰਧੀਆਂ ਵਾਸਤੇ ਖਰਚਦਿਆਂ, ਬਿਲਛਤ=ਆਮ ਖਾਸ ਨੂੰ ਦੇਂਦਿਆਂ ਹੋਇਆਂ ਅਸਾਂ ਨੇ ਸੁਖ ਪਾਇਆ ਹੈ, ਕਰਤੇ ਰਾਮ ਦੀ ਦਾਤ ਸਵਾਈ=ਅਧਿਕ (ਬਹੁਤੀ) ਹੀ ਹੁੰਦੀ ਗਈ ਹੈ।

[ਪੰਨਾ ੭੮੪]

## ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥

ਉਸ ਦੀ ਦਾਤ ਸਵਾਈ=ਅਧਿਕ ਹੈ, ਨਿਖੁਟਿ=ਮੁੱਕ ਨਹੀਂ ਜਾਂਦੀ, ਅੰਤਰਜਾਮੀ ਪਰਮਾਤਮਾ ਨੇ ਸੰਕਲਪ

ਹੀ ਐਸਾ ਪਾਇਆ ਹੈ।

## ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ॥

ਜੋ ਕ੍ਰੋੜਾਂ ਵਿਘਨ ਸਨ ਉਹ ਸਾਰੇ ਉਠ ਕੇ ਨੱਸ ਗਏ ਹਨ, ਵਾ:-ਕ੍ਰੋੜਾਂ ਵਿਘਨਾਂ ਦੇ ਪਾਉਣ ਵਾਲੇ ਜੋ ਵਿਸ਼ੇ ਸਨ ਉਹ ਸਾਰੇ ਉੱਠ ਕੇ ਨੱਸ ਗਏ ਹਨ, ਹੁਣ ਕੋਈ ਦੁੱਖ ਨੇੜੇ ਨਹੀਂ ਆਉਂਦਾ ਹੈ।

## ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ॥

ਸੁਤੇ ਸਿਧ ਸ਼ਾਂਤੀ ਪੂਰਬਕ ਘਨੇਰੇ=ਬਹੁਤੇਂ ਅਨੰਦ ਪ੍ਰਾਪਤ ਹੋਏ ਹਨ, ਪਦਾਰਥਾਂ ਦੀ ਸਾਰੀ ਭੁੱਖ ਬਿਨਸੀ=ਖ਼ਤਮ ਹੋ ਗਈ ਹੈ।

## ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ॥੨॥

ਗੁਰੂ ਜੀ ਕਥਨ ਕਰਦੇ ਹਨ-ਉਸ ਸੁਆਮੀ ਦੇ ਗੁਣ ਅਸੀਂ ਗਾਉਂਦੇ ਹਾਂ, ਜਿਸ ਦੀ ਵਡਿਆਈ ਅਸਚਰਜ ਰੂਪ ਹੈ॥ ੨॥

## ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥

ਜਿਸ ਪਰਮਾਤਮਾ ਦਾ ਇਹ ਕਾਰਜੁ=ਕੰਮ ਸੀ, ਉਸੇ ਰਾਮ ਨੇ ਆਪ ਆ ਕੇ ਪੂਰਨ ਕੀਤਾ ਹੈ। ਇਹ ਮਨੁੱਖ ਵਿਚਾਰਾ ਕੀ ਹੈ, ਜੋ ਕੋਈ ਕਾਰਜ ਪੂਰਾ ਕਰ ਸਕੇ।

## ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ॥

ਅੰਮ੍ਰਿਤਸਰ ਅਥਵਾ ਸਤਸੰਗ ਵਿਚ ਹਰੀ ਦੇ ਗੁਣ ਗਾਉਂਦੇ ਹੋਏ ਭਗਤ ਸ਼ੋਭਦੇ ਹਨ ਅਤੇ ਰਾਮ ਦੇ ਜੈਕਾਰਿਆਂ ਨੂੰ ਸਦਾ ਉਚਾਰਨ ਕਰਦੇ ਹਨ।

## ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ॥

ਗੋਬਿੰਦ ਦੇ ਗੁਣ ਗਾਉਣ ਕਰਕੇ ਭਗਤਾਂ ਨੂੰ ਅਨੰਦ ਉਤਪੰਨ ਹੁੰਦਾ ਹੈ ਅਤੇ ਸਾਧ ਸੰਗਤ ਨਾਲ ਭਗਤਾਂ ਦੀ ਪ੍ਰੀਤੀ ਬਣੀ ਰਹਿੰਦੀ ਹੈ।

## ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ॥

(੧) ਜਿਸ ਗੁਰੂ ਅਮਰਦਾਸ ਜੀ ਨੇ ਇਸ ਤਲਾਵ ਦੇ ਬਨਾਉਣ ਦਾ ਉੱਦਮ ਕੀਤਾ ਹੈ, ਜੋ ਆਪਣੀ ਆਗਿਆ ਦੇ ਕੇ ਗੋਇੰਦਵਾਲ ਤੋਂ ਚੌਥੇ ਪਾਤਿਸ਼ਾਹ (ਸ੍ਰੀ ਗੁਰੂ ਰਮਦਾਸ) ਜੀ ਨੂੰ ਭੇਜਿਆ ਹੈ।

ਤਿਸ ਗੁਰੂ ਅਮਰਦਾਸ ਜੀ ਦੀ ਕੀ ਉਪਮਾ ਗਨੀ=ਗਿਣਨਾ ਕਰੀਏ।

(੨) ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਕੀਤਾ ਸੀ ਉਸ ਗੁਰੂ ਰਾਮਦਾਸ ਸਾਹਿਬ ਜੀ ਦੀ ਕੀ ਉਪਮਾ ਗਿਣੀਏ।

(੩) ਜਿਸ ਪਰਮਾਤਮਾ ਨੇ ਵਿਸ਼ਨੂੰ ਰੂਪ ਵਿਚ ਆਪ ਆ ਕੇ ਹਰਿ ਕੀ ਪੌੜੀ ਦਾ ਕੜ ਤੋੜ ਕੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਕੀਤਾ ਹੈ ਉਸ (ਪਰਮਾਤਮਾ) ਦੀ ਉਪਮਾ ਕੀ ਗਿਣੀਏ।

(੪) ਜਿਸ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਪਹਿਲੇ ਹੀ ਕੀਤਾ ਸੀ। ਜਦ ਮਰਦਾਨੇ ਤੋਂ ਅਲਾਹੀ ਕੀਰਤਨ ਸੁਣ ਕੇ ਅੰਮ੍ਰਿਤ ਰੂਪ ਹੋ ਗਏ ਸਨ ਉਹ ਏਹੋ ਅਸਥਾਨ ਸੀ। ਜਿਸ ਵੇਲੇ ਮਰਦਾਨੇ ਨੇ ਭੋਗ ਪਾਇਆ ਤੇ ਭਾਈ ਬਾਲੇ ਦੀਆਂ ਅੱਖਾਂ ਖੁਲ੍ਹੀਆਂ ਤਾਂ ਕੀ ਤਕਿਆ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਸਰੂਪ ਕੋਈ ਨਹੀਂ, ਜਿੱਥੇ ਬੈਠੇ ਸਨ ਓਥੇ (ਓਹੀ ਸਰੂਪ) ਅੰਮ੍ਰਿਤ ਰੂਪ ਹੋਇਆ ਪਿਆ ਹੈ।

ਉਸ ਵੇਲੇ ਹੱਥ ਜੋੜ ਕੇ ਅਰਦਾਸ ਕੀਤੀ-"ਪਾਤਿਸ਼ਾਹ! ਆਪ ਕਿਰਪਾ ਕਰਕੇ ਦਰਸ਼ਨ ਦਿਓ।" ਜਦ ਬੇਨਤੀ ਸੁਣ ਕੇ ਪ੍ਰਗਟ ਹੋਏ ਤਾਂ ਉਹ ਅੰਮ੍ਰਿਤ ਅਲੋਪ ਕਰ ਲਿਆ। ਉਸ ਵੇਲੇ ਭਾਈ ਬਾਲੇ ਨੇ ਬੇਨਤੀ ਕੀਤੀ-" ਸੱਚੇ ਪਾਤਿਸ਼ਾਹ ਜੀ ! ਇਹ ਅੰਮ੍ਰਿਤ ਰਹਿਣ ਦੇਣਾ ਸੀ ਕਈਆਂ ਦਾ ਭਲਾ ਹੁੰਦਾ।" ਤਾਂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਭਵਿੱਖਤ ਬਚਨ ਕਿਹਾ-"ਬਾਲਾ ਜੀ ! ਇਸ ਅੰਮ੍ਰਿਤ ਨੂੰ ਫੇਰ ਚੌਥੇ ਸਰੂਪ ਵਿਚ ਪ੍ਰਗਟ ਕਰਾਂਗੇ, ਇਥੇ ਬੜਾ ਭਾਰੀ ਸਰੋਵਰ ਬਣੇਗਾ।" ਇਸ ਵਜ੍ਹਾ ਕਰਕੇ ਜਿਸ ਗੁਰੂ ਨਾਨਕ ਦੇਵ ਜੀ ਨੇ ਸਰੋਵਰ ਦਾ ਉੱਦਮ ਕੀਤਾ ਹੈ, ਉਹਨਾਂ ਦੀ ਉਪਮਾ ਕੀ ਗਿਣੀਏ।

## ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥

ਇਸ ਸਰੋਵਰ ਵਿਚ ਜਿਸ ਨੇ ਇਸ਼ਨਾਨ ਕੀਤਾ ਹੈ, ਵਾ:-ਸਤਸੰਗ ਵਿਚ ਜਿਸ ਨੇ ਨਿਵਾਸ ਕੀਤਾ ਹੈ, ਉਸ ਨੂੰ ੬੮ ਤੀਰਥਾਂ ਪਰ ਇਸ਼ਨਾਨ ਕਰਨ ਦਾ ਫਲ ਅਤੇ ਪੁੰਨ ਆਦਿਕ ਕਰਮਾਂ ਦੇ ਕਿਰਿਆ=ਕਰਨ ਦਾ ਫਲ ਅਤੇ ਮਹਾਂ ਨਿਰਮਲ ਚਾਰਾ=ਕਰਤੱਬਾਂ ਦਾ ਫਲ ਪ੍ਰਾਪਤ ਹੁੰਦਾ ਹੈ।

## ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ॥ ੩ ॥

ਪਾਪੀਆਂ ਨੂੰ ਪਵਿੱਤ੍ਰ ਕਰਨ ਦਾ ਜਿਸ ਸੁਆਮੀ ਦਾ ਬਿਰਦੁ=ਧਰਮ ਹੈ, ਗੁਰ-ਸ਼ਬਦ ਦੁਆਰਾ ਅਸਾਂ ਨੇ ਉਸ ਬ੍ਰਹਮ ਦਾ ਆਸਰਾ ਲੈਣਾ ਕੀਤਾ ਹੈ॥ ੩ ॥

## ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥

ਉਹ ਮੇਰਾ ਪ੍ਰਭੂ ਕਰਤਾ ਸ਼ੁਭ-ਗੁਣਾਂ ਦਾ ਨਿਧਾਨ=ਖਜ਼ਾਨਾ ਹੈ, ਉਸ ਰਾਮ ਦੀ ਉਸਤਤੀ ਕਉਨੁ=ਕਿਸ ਤਰ੍ਹਾਂ ਕਰੀਜੈ=ਕਰੀਏ।

## ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥

ਜੋ ਸੰਤਾਂ ਦੀ ਕੀਤੀ ਹੋਈ ਬੇਨਤੀ ਨੂੰ ਪ੍ਰਵਾਨ ਕਰਦਾ ਹੈ, ਉਸ ਸੁਆਮੀ ਅੱਗੇ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਰਾਮ ! ਨਾਮ ਰੂਪ ਮਹਾਂ-ਰਸ ਮੈਨੂੰ ਦੇਣਾ ਕਰ।

## ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥

ਨਾਮ ਦੇਣਾ ਕਰ, ਪਰ ਦਾਨ ਹੀ ਕਰ ਦਿਓ, ਇਕ ਖਿਨ ਭਰ ਵੀ ਆਪ ਬਿਸਰੁ=ਭੁੱਲੋ ਨਾ।

## ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ॥

ਹੇ ਭਾਈ ! ਰਸਨਾ ਨਾਲ ਗੋਪਾਲ ਦੇ ਗੁਣ ਉਚਾਰਨਾ ਕਰ ਅਤੇ ਸਦੀਵ ਕਾਲ ਰਾਤ ਦਿਨੇ ਰਾਗ ਵਿਚ ਪਾ ਕੇ ਗੁਣ ਵੀ ਗਾਉਣਾ ਕਰ।

## ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥

ਜਿਸ ਦੀ ਨਾਮ ਨਾਲ ਪ੍ਰੀਤ ਲੱਗੀ ਹੈ, ਉਸ ਦਾ ਮਨ ਤਨ ਨਾਮ-ਅੰਮ੍ਰਿਤ ਵਿਚ ਭੀਜੈ=ਭਿੱਜ ਗਿਆ ਹੈ।

## ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ॥ ੪ ॥ ੭ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਮੇਰੀ ਇੱਛਾ ਪੂਰਨ ਹੋਈ ਹੈ, ਪਰਮਾਤਮਾ ਦੇ ਦਰਸ਼ਨ ਨੂੰ ਦੇਖ ਕੇ ਜੀਉਂਦੇ ਹਾਂ ॥ ੪ ॥ ੭ ॥ ੧੦ ॥

*ਯਥਾ:*-"ਦਰਸਨੁ ਪੇਖਤ ਮੈ ਜੀਓ॥ ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥ ੧ ॥

*(ਆਸਾ, ਪੰਨਾ ੩੮੨)*

## ਰਾਗੁ ਸੂਹੀ ਮਹਲਾ ੫ ਛੰਤ

**੧ੴ ਸਤਿਗੁਰ ਪ੍ਰਸਾਦਿ॥ ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥**

ਹਰੀ ਜੋ ਮੇਰਾ ਸੱਜਣ ਸੁਆਮੀ ਹੈ ਉਹ ਮਿੱਠੀ ਬਾਣੀ ਦੇ ਬੋਲੜਾ=ਬੋਲਣ ਵਾਲਾ ਹੈ।

ਯਥਾ:-"ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥" *(ਨਾਮਦੇਵ, ਪੰਨਾ ੭੨੭)*

**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥**

ਮੈਂ ਤਾਂ ਦਿਲ ਵਿਚ ਇਸ ਗੱਲ ਨੂੰ ਸੰਮਲਿ=ਸੰਭਾਲ ਕੇ ਥੱਕ ਗਈ ਹਾਂ, ਉਹ ਕਦੇ ਵੀ ਕੌੜਾ ਬਚਨ ਨਹੀਂ ਬੋਲਦਾ।

**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥**

ਪੂਰਨ ਰੂਪ ਭਗਵਾਨ ਕੌੜਾ ਬਚਨ ਬੋਲਣਾ ਨਹੀਂ ਜਾਣਦਾ ਅਤੇ ਦਾਸਾਂ ਦਾ ਕੋਈ ਭੀ ਔਗੁਣ ਨਹੀਂ ਚਿਤਾਰਦਾ।

**ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥**

ਹਰੀ ਆਪਣਾ ਪਤਿਤ ਪਾਵਨ ਧਰਮ ਸਦਾਉਂਦਾ ਹੈ, ਇਕ ਤਿਲ ਮਾਤਰ ਵੀ ਕਿਸੇ ਦੀ ਕੀਤੀ ਹੋਈ ਘਾਲੇ=ਕਮਾਈ ਨੂੰ ਨਹੀਂ ਭੰਨੈ=ਭੰਨਦਾ।

**ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥**

ਸਰਬ ਨਿਵਾਸੀ=ਪਰਮਾਤਮਾ ਘਟ-ਘਟ ਵਿਚ ਵੱਸ ਰਿਹਾ ਹੈ। ਵਾ:-ਘਟ-ਘਟ ਵਿਚ ਵੱਸ ਰਿਹਾ ਹੈ।

ਪੁਨਾ-ਸਾਰਿਆਂ ਤੋਂ ਨਿਵਾਸੀ=ਨਿਰਵਾਸੀ-ਅਲੇਪ ਹੈ ਅਤੇ ਨੇੜੇ ਹੈ। ਭਾਵ ਨੇੜੇ ਜੋ ਇੰਦਰੀਆਂ ਹਨ ਉਹਨਾਂ ਤੋਂ ਭੀ ਨੇੜੇ ਹੈ।

**ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥੧॥**

ਮੇਰਾ ਸੱਜਣ ਜੋ ਅੰਮ੍ਰਿਤ ਰੂਪ ਹਰੀ ਹੈ, ਮੈਂ ਦਾਸ ਸਦਾ=ਹਮੇਸ਼ਾਂ ਉਸ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ॥ ੧॥

**ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ॥**

ਅਪਾਰ ਰੂਪ ਹਰੀ ਦਾ ਦਰਸ਼ਨ ਵੇਖ ਕੇ ਹਉ=ਮੈਂ ਅਸਚਰਜ ਹੋ ਗਈ ਹਾਂ।

**ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ॥**

ਮੇਰੇ ਸੁਆਮੀ ਜੀ ਸੁੰਦਰ ਹਨ, ਹਉ=ਮੈਂ ਚਰਨ-ਕਮਲ=ਪਰਮਾਤਮਾ ਦੇ ਪਗ=ਚਰਨਾਂ ਦੀ ਧੂੜ ਹਾਂ।

*ਅਥਵਾ*:-ਸਾਰਿਆਂ ਵਿਚ ਪਗ=ਰਪਿਆ (ਮਿਲਿਆ) ਹੋਇਆ ਜੋ ਪ੍ਰਭੂ ਹੈ, ਉਸ ਦੇ ਚਰਨ-ਕਮਲਾਂ ਦੀ ਛਾਰਾ=ਧੂੜ ਹਾਂ। ਵਾ:-ਮੈਂ ਉਸ ਦੇ ਚਰਨ-ਕਮਲਾਂ ਦੀ ਧੂੜ ਵਿਚ ਰਪਿਆ ਹਾਂ।

*ਅਥਵਾ*:-ਚਰਨ=ਵੇਦਾਂ ਕਰਕੇ ਪ੍ਰਤਿਪਾਦਜ (ਕਥਨ ਕਰਨੇ ਯੋਗ) ਜੋ ਪਰਮੇਸ਼ਰ ਹੈ, ਉਸ ਦੇ ਪਗ ਕਮਲ=ਚਰਨ-ਕਮਲਾਂ ਦੀ ਧੂੜ ਹਾਂ।

## ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ॥

ਪ੍ਰਭੂ ਨੂੰ ਵੇਖ ਕੇ ਜੀਉਂਦੀ ਹਾਂ ਅਤੇ ਠੰਡੀ ਹੁੰਦੀ ਹਾਂ, ਉਸ ਜੇਡਾ ਹੋਰ ਕੋਈ ਨਹੀਂ ਹੈ।

## ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ॥

(ਆਦ, ਮਧ, ਅੰਤ) ਤਿੰਨਾਂ ਸਮਿਆਂ ਵਿਚ ਉਹ ਪ੍ਰਭੂ ਰਵ ਰਿਹਾ ਹੈ ਅਤੇ ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਭੀ ਓਹੀ ਪਰਮਾਤਮਾ ਹੈ।

## ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ॥

ਉਸ ਦੇ ਚਰਨ-ਕਮਲਾਂ ਨੂੰ ਜਪ ਕੇ ਜੋ ਸੰਸਾਰ-ਸਮੁੰਦਰ ਤੋਂ ਤਰਿਆ ਹੈ, ਉਹਨਾਂ ਦੀ ਸ਼ਰਨ ਗ੍ਰਹਿਣ ਕਰਕੇ ਹੋਰ ਜਗਿਆਸੂ ਭੀ ਸੰਸਾਰ-ਸਮੁੰਦਰ ਤੋਂ ਪਾਰ ਉਤਰੇ ਹਨ।

*ਅਥਵਾ:*-ਉਸ ਦੇ ਚਰਨ-ਕਮਲਾਂ ਨੂੰ ਜਪ ਕੇ ਪਹਿਲੇ ਵਿਸ਼ਿਆਂ ਦੇ ਸਮੁੰਦਰ ਤੋਂ ਤਰਿਆ ਹਾਂ, ਫੇਰ ਸੰਸਾਰ-ਸਮੁੰਦਰ ਤੋਂ ਪਾਰ ਉਤਰਿਆ ਹਾਂ।

## ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੂਰਨ ਪਰਮੇਸ਼ਰ ! ਮੈਂ ਤੇਰੀ ਸ਼ਰਨ ਹਾਂ, ਤੇਰੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ॥ ੨॥

## ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ॥

ਮੇਰੇ ਪ੍ਰਾਣਾਂ ਦਾ ਅਧਾਰੋ=ਆਸਰਾ ਜੋ ਹਰੀ ਪ੍ਰੀਤਮ ਹੈ, ਮੈਂ ਉਸ ਨੂੰ ਨਿਮਖ ਭਰ ਵੀ ਛੱਡ ਨਹੀਂ ਸਕਦਾ।

## ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ॥

ਗੁਰਿ=ਪੂਜਨੀਕ ਸਤਿਗੁਰਾਂ ਨੇ ਸੱਚੇ ਅਗਮ=ਵਾਹਿਗੁਰੂ ਜੀ ਦਾ ਵਿਚਾਰ ਕਿਹਾ ਹੈ।

## ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ॥

ਸੰਤਾਂ ਨੂੰ ਮਿਲ ਕੇ ਮਨ ਭੇਟ ਦਿੱਤਾ ਤਾਂ ਪ੍ਰਭੂ ਦਾ ਨਾਮ ਲੀਤਾ ਤੇ ਜਨਮ ਮਰਨ ਦੇ ਦੁੱਖ ਨੱਸ ਗਏ।

## ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ॥

ਸਹਜ=ਅਚੁਤ ਸੁਖ ਦੇ ਘਣੇ ਅਨੰਦ ਪ੍ਰਾਪਤ ਹੋਏ ਹਨ ਅਤੇ ਹਉਮੈ ਦੀ ਗੰਢ ਖੁੱਲ੍ਹ ਗਈ ਹੈ।

[ਪੰਨਾ ੭੮੫]

## ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥

ਵਿਆਪਕ ਹੋਣ ਕਰਕੇ ਸਾਰਿਆਂ ਦੇ ਮਧਿ=ਵਿਚ ਹੈ, ਅਸੰਗ ਹੋਣ ਕਰਕੇ ਸਭ ਤੋਂ ਬਾਹਰ ਹੈ ਅਤੇ ਰਾਗ ਦ੍ਵੈਸ਼ ਤੋਂ ਨਿਆਰੋ=ਨਿਰਲੇਪ ਹੈ।

## ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਦਾਸ ਨੇ ਉਸ ਗੋਬਿੰਦ ਦੀ ਸ਼ਰਨ ਵਿਚ ਆਉਣਾ ਕੀਤਾ ਹੈ, ਜਿਸ ਹਰੀ ਪ੍ਰੀਤਮ ਦਾ ਮਨ ਵਿਚ ਸਧਾਰੋ=ਆਸਰਾ ਹੈ।

*ਅਥਵਾ:*- ਜਿਸ ਹਰੀ ਪ੍ਰੀਤਮ ਨੇ ਮਨ ਨੂੰ ਸਹਿਤ ਆਸਰੇ ਦੇ ਕੀਤਾ ਹੈ॥ ੩॥

## ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥

ਮੈਂ ਖੋਜਦਿਆਂ ਖੋਜਦਿਆਂ ਨਿਸਚਲ ਘਰ ਜੋ ਹਰੀ ਹੈ, ਸੁ=ਉਸ ਨੂੰ ਪਾਇਆ ਹੈ।

## ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥

ਜਿਸ ਵੇਲੇ ਦਿਲ ਵਿਚ ਸਾਰਿਆਂ ਪਦਾਰਥਾਂ ਨੂੰ ਅਧ੍ਰੁਵ=ਚਲੇ ਜਾਣ ਵਾਲਾ ਦੇਖਿਆ ਤਾਂ ਵਾਹਿਗੁਰੂ ਦੇ ਚਰਨ-ਕਮਲਾਂ ਨਾਲ ਚਿਤ ਨੂੰ ਲਗਾਉਣਾ ਕੀਤਾ।

## ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥

ਅਬਿਨਾਸੀ ਹੋਣ ਕਰਕੇ ਉਹ ਪ੍ਰਭੂ ਜਨਮ ਮਰਨ ਵਿਚ ਨਹੀਂ ਆਉਂਦਾ ਜਾਂਦਾ ਇਸ ਕਰਕੇ ਹਉ=ਮੈਂ ਉਸ ਦੀ ਦਾਸੀ ਹਾਂ।

## ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥

ਧਰਮ, ਅਰਥ, ਕਾਮ ਆਦਿਕ ਸਾਰਿਆਂ ਪਦਾਰਥਾਂ ਨਾਲ ਪੂਰਨ ਹੋ ਗਏ ਹਾਂ ਅਤੇ ਮਨਿ ਚਿੰਦੀ=ਮਨ ਵਿਚ ਚਿੰਤਨ ਕੀਤੀ ਹੋਈ ਇੱਛਾ ਪੁਜਾਏ=ਪੂਰੀ ਹੋ ਗਈ ਹੈ।

*ਅਥਵਾ:*-ਮਨਿ ਚਿੰਦੀ=ਪਰਮਾਤਮਾ ਨੇ ਸਭ ਇੱਛਾ ਪੂਰਨ ਕਰ ਦਿਤੀ ਹੈ।

## ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥

ਵੇਦਾਂ ਦੀਆਂ ਸ੍ਰੁਤੀਆਂ ਤੇ ਸਤਾਈ ਸਿਮ੍ਰਿਤੀਆਂ ਜਿਸ ਕਰਤੇ ਪੁਰਖ ਦੇ ਗੁਣ ਗਾਉਂਦੀਆਂ ਹਨ ਅਤੇ ਚੁਰਾਸੀ ਸਿੱਧਾਂ ਨੇ, ਸਾਧਿਕ=ਸਾਧਨਾਂ ਕਰਨ ਵਾਲੇ (ਜਗਿਆਸੂਆਂ ਨੇ) ਤੇ ਮੁਨੀ ਜਨਾਂ ਨੇ ਜਿਸ ਪ੍ਰਭੂ ਨੂੰ ਧਿਆਉਣਾ ਕੀਤਾ ਹੈ।

## ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥ ੪ ॥ ੧ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀ ਪੁਰਸ਼ਾਂ ਨੇ ਉਸ ਕਿਰਪਾ ਨਿਧਿ ਸੁਆਮੀ ਦੀ ਸ਼ਰਨ ਗ੍ਰਹਿਣ ਕਰਕੇ ਹਰਿ ਹਰਿ ਦੇ ਜਸ ਨੂੰ ਗਾਉਣਾ ਕੀਤਾ ਹੈ॥ ੪॥ ੧॥ ੧੧॥

# ਵਾਰ ਸੂਹੀ ਕੀ

## ੴ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥

ਗੁਰੂ ਸਾਹਿਬਾਂ ਨੇ ਇਹ ਸੂਹੀ ਰਾਗ ਦੀ ਵਾਰ ਸਲੋਕਾਂ, ਮਹੱਲਿਆਂ ਦੇ ਸਹਿਤ ਉਚਾਰਨਾ ਕੀਤੀ ਹੈ, ਕਿਉਂਕਿ ਕਈ ਵਾਰਾਂ ਸਲੋਕਾਂ ਤੋਂ ਬਿਨਾਂ ਭੀ ਹਨ, ਜਿਵੇਂ ਸੁਤੇ ਬਲਵੰਡ ਦੀ ਤੇ ਬਸੰਤ ਦੀ ਵਾਰ ਹੈ। ਫਿਰ ਇਸ ਵਾਰ ਵਿਚ ਵਾਰ=ਪਉੜੀਆਂ ਤੀਜੇ ਗੁਰੂ ਜੀ ਦੀਆਂ ਆਉਣਗੀਆਂ।

**ਸਲੋਕੁ ਮਃ ੩ ॥ ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥**

ਦੋਹਾਗਣੀ=ਛੁਟੜ ਮਨਮੁਖ-ਇਸਤ੍ਰੀ ਪਰਮੇਸ਼ਰ-ਪਤੀ ਨੂੰ ਛੱਡ ਕੇ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਦੀ ਹੈ ਤੇ ਪਰਾਏ ਪਿਰੀ-ਦੇਵੀ ਦੇਵਤਿਆਂ ਨੂੰ ਰਾਵਣ ਜਾਇ=ਪੂਜਣ ਜਾਂਦੀ ਹੈ।

**ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥**

ਆਪਣੇ ਹਿਰਦੇ-ਘਰ ਵਿਚ ਵੱਸਦੇ ਪਤੀ-ਪਰਮਾਤਮਾ ਨੂੰ ਛੱਡ ਕੇ, ਦ੍ਵੈਤ ਭਾਵ ਵਿਚ ਮੋਹੀ=ਠੱਗੀ ਗਈ ਹੈ।

**ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥**

ਜਿਨ੍ਹਾਂ ਪਦਾਰਥਾਂ ਨੂੰ, ਵਾ:-ਵਿਸ਼ਿਆਂ ਨੂੰ ਮਿੱਠਾ ਜਾਣ ਕੇ ਖਾਧਾ ਸੀ, ਉਹਨਾਂ ਦੇ ਸੁਆਦ ਤੋਂ ਬਹੁਤ ਸਾਰਾ ਪ੍ਰਤੱਖ ਰੋਗ, ਵਾ:-ਅਗਿਆਨ ਰੂਪੀ ਰੋਗ ਵਧਿਆ ਹੈ।

**ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥**

ਜਿਸ ਨੇ ਸੁਧ ਪਤੀ ਹਰੀ ਨੂੰ ਛੱਡ ਦਿੱਤਾ ਹੈ, ਉਸ ਨੂੰ ਮੁੜ ਕੇ ਜਨਮ ਮਰਨ ਦਾ ਦੁੱਖ ਲੱਗਾ ਹੈ।

**ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥**

ਜੋ ਮੁਖੀ ਗੁਰਾਂ ਦੇ ਸਨਮੁਖ ਹੋਈ ਹੈ ਉਸ ਦਾ ਮਨ ਸੰਸਾਰ ਵਲੋਂ ਪਲਟਿਆ=ਉਲਟ ਗਿਆ ਹੈ ਅਤੇ ਉਹ ਹਰੀ ਪ੍ਰਾਪਤੀ ਦੇ ਸ਼ਿੰਗਾਰ ਵਿਚ ਰਾਤੀ=ਰਤੀ ਗਈ ਹੈ।

*ਅਥਵਾ:-* ਜਪ ਤਪ ਆਦਿਕ ਸ਼ਿੰਗਾਰਾਂ ਨੂੰ ਸਾਜਿ=ਬਣਾ ਕੇ (ਕਰਕੇ) ਹਰੀ ਵਿਚ ਰਤੀ ਹੈ।

**ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥**

ਹਰੀ ਨਾਮਾਂ ਨੂੰ ਹਿਰਦੇ ਵਿਚ ਧਾਰ ਕੇ ਉਸ ਨੇ ਸਹਿਜੇ ਹੀ ਸੱਚੇ ਪਿਰੀ-ਪਰਮਾਤਮਾ ਨੂੰ ਰਾਵਿਆ ਹੈ।

**ਆਗਿਆਕਾਰੀ ਸਦਾ ਸੋੁਹਾਗਣਿ ਆਪਿ ਮੇਲੀ ਕਰਤਾਰਿ ॥**

ਉਸ ਆਗਿਆ ਮੰਨਣ ਵਾਲੀ ਇਸਤ੍ਰੀ ਨੂੰ ਕਰਤਾਰ ਨੇ ਆਪਣੇ ਨਾਲ ਮੇਲ ਲਿਆ ਹੈ, ਇਸ ਲਈ ਉਹ

ਸਦਾ ਸੁਹਾਗਣ ਹੈ।

**ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋੁਹਾਗਣਿ ਨਾਰਿ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸੱਚਾ ਪਤੀ ਹਰੀ ਪਾਇਆ ਹੈ, ਉਹ ਇਸਤ੍ਰੀ ਸਦਾ ਸੁਹਾਗਣ ਹੈ॥ ੧ ॥

**ਮਃ ੩ ॥ ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਾਲਿ ॥**

ਸੂਹਵੀਏ=ਪਦਾਰਥਾਂ ਵਾਸਤੇ ਪਖੰਡ ਵਾਲਾ ਵੇਸ ਕਰਨ ਵਾਲੀਏ ਹੇ ਸੂਹਵੀਏ=ਪਖੰਡਣੇ ! ਨਿਮਾਣੀ= ਸਰੂਪ ਤੋਂ ਰਹਿਤ ਤੂੰ ਪ੍ਰੇਮਣ ਹੋ ਕੇ ਉਸ ਪਤੀ ਨੂੰ ਸਦਾ ਚੇਤੇ ਕਰ।

**ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਫਿਰ ਤੂੰ ਆਪਣੇ ਜਨਮ ਨੂੰ ਸਵਾਰ ਲਏਂਗੀ ਅਤੇ ਤੇਰੇ ਨਾਲ ਹੀ ਤੇਰੀ ਕੁਲ ਭੀ ਜਮਾਂ ਦੇ ਦੁੱਖ ਤੋਂ ਛੁੱਟ ਜਾਏਂਗੀ॥ ੨ ॥

**ਪਉੜੀ ॥ ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥**

**ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥**

ਉਸ ਪਰਮਾਤਮਾ ਨੇ ਆਪ ਸੰਸਾਰ ਰੂਪ ਤਖਤ ਬਣਾਇਆ ਹੈ, ਅਕਾਸ਼ ਰੂਪ ਚੰਦੋਆ ਤਾਣਿਆ ਹੈ, ਫਿਰ ਆਪਣੇ ਹੁਕਮ ਅੰਦਰ ਪਤਾਲ ਵਿਚ ਜੋ ਧਰਤੀ ਸਾਜੀਅਨੁ=ਬਣਾਈ ਹੈ ਇਹ ਗਲੀਚਾ ਵਿਛਾਇਆ ਹੈ, ਉਸ ਧਰਤੀ ਰੂਪ ਗਲੀਚੇ ਪਰ ਸੱਚੀ ਧਰਮ ਦੀ ਸਾਲਾ ਭਾਰਥ ਖੰਡ ਦੀ ਭੂਮੀ ਬਣਾਈ ਹੈ।

**ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥**

ਜਿਸ ਸੱਚੇ ਦਾ ਨਾਮ ਦੀਨ ਦਿਆਲ ਹੈ ਉਹ ਆਪ ਹੀ ਸੰਸਾਰ ਉਪਾਇ=ਪੈਦਾ ਕਰਦਾ ਹੈ, ਆਪ ਹੀ ਖਪਾਇਦਾ=ਨਾਸ ਕਰਦਾ ਹੈ।

**ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥**

ਸਾਰਿਆਂ ਨੂੰ ਰਿਜਕੁ=ਖਾਣ ਪਾਣ ਸੰਬਾਹਿਦਾ=ਪਹੁੰਚਾਉਂਦਾ ਹੈ, ਤਿਸ ਦਾ ਹੁਕਮ ਸਭਨਾਂ ਤੋਂ ਨਿਰਾਲਾ=ਵੱਖਰਾ ਹੈ।

*ਅਥਵਾ:-* ਉਸ ਦਾ ਹੁਕਮ ਜੀਵ ਨੂੰ ਸੰਸਾਰ ਤੋਂ ਅਸੰਗ ਕਰਨ ਵਾਲਾ ਹੈ।

**ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥ ੧ ॥**

ਆਪਣੇ ਆਪ ਸਾਰਿਆਂ ਵਿਚ ਵਰਤਦਾ ਹੈ, ਆਪ ਹੀ ਹਰ ਇਕ ਦੀ ਪਾਲਣਾ ਕਰਦਾ ਹੈ॥ ੧ ॥

**ਸਲੋਕੁ ਮਃ ੩ ॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥**

ਹੇ ਸੂਹਬ=ਪਖੰਡਣੇ ਤੂੰ ਤਾਂ ਸੋਹਾਗਣ ਹੋਵੇਂਗੀ, ਜਾਂ ਸੱਚੇ ਨਾਮ ਨੂੰ ਮੰਨ ਲਵੇਂਗੀ।

**ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥**

ਆਪਣਿਆਂ ਸਤਿਗੁਰਾਂ ਨੂੰ ਮਨਾ ਲੈ ਤਾਂ ਅਗਲਾ=ਬਹੁਤਾ ਸਫ਼ਾਈ ਰੂਪੀ, ਵਾ:-ਸ਼ੌਕ ਅਵਸਥਾ ਰੂਪੀ

ਰੂਪ ਚੜ੍ਹੇਗਾ, ਇਸ ਤੋਂ ਬਿਨਾਂ ਹੋਰ ਕੋਈ ਦੂਜਾ ਥਾਂ ਸੁੱਖ ਦਾ ਨਹੀਂ ਹੈ।

**ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥**

ਤੂੰ ਅਜੇਹਾ ਸ਼ੁਭ-ਗੁਣਾਂ ਦਾ ਸ਼ਿੰਗਾਰ ਬਨਾਉਣਾ ਕਰ, ਜੋ ਕਦੇ ਭੀ ਮੈਲਾ ਨਾ ਹੋਵੇ, ਤਦ ਤੇਰਾ ਅਹਿਨਿਸਿ=ਦਿਨ ਰਾਤ ਪਰਮੇਸ਼ਰ ਨਾਲ ਭਾਉ=ਪ੍ਰੇਮ ਲੱਗੇਗਾ।

**ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ**

**ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-(ਕਿਸੀ ਨੇ ਪੁੱਛਿਆ) ਸੁਹਾਗਣ ਇਸਤਰੀ ਦਾ ਕੀ ਚਿੰਨ੍ਹ ਹੈ ?

*ਉੱਤਰ:-* ਜਿਸ ਦੇ ਹਿਰਦੇ ਅੰਦਰ ਸੱਚ ਹੈ, ਮੂੰਹ ਉੱਜਲਾ ਹੈ, ਤੇ ਖਸਮੈ=ਮਾਲਕ ਦੇ ਹੁਕਮ ਵਿਚ ਸਮਾਈ ਰਹਿੰਦੀ ਹੈ, ਉਹ ਸੁਹਾਗਣ ਇਸਤਰੀ ਹੈ ॥ ੧ ॥

**ਮ: ੩ ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥**

ਹੇ ਲੋਕੋ! ਹਉ ਸੂਹਵੀ=ਮੈਂ ਪਖੰਡਣ ਹਾਂ ਕਿਉਂਕਿ ਸੂਹਾ=ਪਦਾਰਥਾਂ ਵਾਸਤੇ ਮੈਂ ਸੂਹਾ=ਪਖੰਡ ਵਾਲਾ ਵੇਸ ਕਰਦੀ ਹਾਂ। ਪਰ-

**ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥**

ਭੇਖਾਂ ਦੇ ਧਾਰਨ ਕਰਕੇ ਸਹੁ=ਪਤੀ-ਪਰਮਾਤਮਾ ਨਹੀਂ ਪਾਈਦਾ, ਮੈ ਬਥੇਰੇ ਵੇਸ ਧਾਰਨ ਕਰ-ਕਰ ਕੇ ਥੱਕ ਰਹੀ ਹਾਂ।

**ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥**

ਗੁਰੂ ਜੀ ਕਥਨ ਕਰਦੇ ਹਨ-ਉਹਨਾ ਨੇ ਸਹੁ=ਪਤੀ-ਪਰਮਾਤਮਾ ਪਾਇਆ ਹੈ, ਜਿਨ੍ਹਾਂ ਨੇ ਪ੍ਰੇਮ ਨਾਲ ਗੁਰੂ ਦੀ ਸਿਖਿਆ ਸੁਣੀ ਹੈ।

**ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥ ੨ ॥**

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਸੋ ਥੀਐ=ਓਹੀ ਕੁਝ ਹੁੰਦਾ ਹੈ।

ਇਨ ਬਿਧਿ=ਇਸ ਤਰ੍ਹਾਂ ਦੇ ਨਿਸਚੇ ਹੋਣ ਕਰਕੇ ਕੰਤ=ਪਤੀ ਪਰਮਾਤਮਾ ਮਿਲਦਾ ਹੈ ॥ ੨ ॥

[ਪੰਨਾ ੭੮੬]

**ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥**

ਹੇ ਹੁਕਮੀ=ਹੁਕਮ ਦੇ ਕਰਨ ਵਾਲੇ ਪ੍ਰਭੂ ! ਤੈਂਨੇ ਆਪ ਹੀ ਸ੍ਰਿਸ਼ਟੀ ਬਣਾਈ ਹੈ ਅਤੇ ਤੂੰ ਆਪ ਹੀ ਬਹੁਤ ਤਰ੍ਹਾਂ ਕਰਕੇ ਸੰਸਾਰ ਨੂੰ ਭਿਤਿ=ਚੋਗ (ਖ਼ੁਰਾਕ) ਦੇ ਰਿਹਾ ਹੈਂ।

**ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥**

ਹੇ ਸੱਚੇ ਅਲੱਖ ਅਪਾਰ ਪ੍ਰਭੂ! ਤੇਰਾ ਹੁਕਮ ਜਾਣਿਆ ਨਹੀਂ ਜਾਂਦਾ ਕੇਡਾ ਕੁ ਹੈ।

**ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥**

ਇਕਨਾ ਗੁਰਮੁਖਾਂ ਨੂੰ ਗੁਰ-ਸ਼ਬਦ ਦੀ ਵਿਚਾਰ ਵਿਚ ਲਗਾ ਕੇ ਤੂੰ ਆਪਣੇ ਨਾਲ ਮੇਲ ਲੈਂਦਾ ਹੈ।

**ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥**

ਹਉਮੈ ਆਦਿਕ ਵਿਕਾਰਾਂ ਨੂੰ ਤਿਆਗ ਕੇ ਜੋ ਸਚ ਵਿਚ ਰਤੇ ਹਨ, ਉਹ ਨਿਰਮਲ ਹੋਏ ਹਨ।

**ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥ ੨ ॥**

ਜਿਸਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਓਹੀ ਤੈਨੂੰ ਮਿਲਦਾ ਹੈ, ਓਹੀ ਸਚਿਆਰ ਰੂਪ ਹੁੰਦਾ ਹੈ॥ ੨ ॥

**ਸਲੋਕੁ ਮਃ ੩ ॥ ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥**

ਹੇ ਸੂਹਵੀਏ=ਪਖੰਡਣੇ ! ਸਾਰਾ ਸੰਸਾਰ ਹੀ ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਵਾਲਾ ਵੇਸ ਕਰਦਾ ਹੈ, ਪਰ ਜਿਸ ਦੇ ਅੰਦਰ ਦੁਰਮਤਿ=ਖੋਟੀ ਬੁੱਧੀ ਤੇ ਦ੍ਵੈਤ ਭਾਵ ਹੈ।

**ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥**

ਸਭ ਪਦਾਰਥਾਂ ਦਾ ਝੂਠਾ ਰੰਗ (ਅਨੰਦ) ਇਕ ਖਿਨ ਵਿਚ ਇਉਂ ਨਾਸ ਹੋ ਜਾਣ ਵਾਲਾ ਹੈ, ਜਿਵੇਂ ਬ੍ਰਿਛ ਦੀ ਛਾਂ ਇਕ ਜਗ੍ਹਾ ਨਹੀਂ ਟਿਕਦੀ।

**ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥**

ਗੁਰਮੁਖ ਜਨ ਲਾਲੋਂ ਲਾਲੁ=ਬ੍ਰਹਮ ਗਿਆਨ ਕਰਕੇ ਪਰਮੇਸ਼ਰ ਦਾ ਰੂਪ ਹਨ,

*ਅਥਵਾ:*-ਗੁਰਮੁਖ ਜਨ ਲਾਲੁ=ਪਿਆਰੇ ਪਰਮੇਸ਼ਰ ਨੂੰ ਪਾ ਕੇ ਇਉਂ ਲਾਲ ਰੰਗ ਵਾਲੇ ਹਨ ਜਿਵੇਂ ਮਜੀਠਾ ਰੰਗ ਚੜ੍ਹਿਆ ਹੋਇਆ ਸਚੜਾਉ=ਸੱਚਾ ਤੇ ਪੱਕਾ ਹੁੰਦਾ ਹੈ।

**ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥**

ਜਦ ਤੋਂ ਹਰੀ ਨਾਮ-ਅੰਮ੍ਰਿਤ ਮਨ ਵਿਚ ਵੱਸਿਆ, ਤਦ ਤੋਂ ਬਿਰਤੀ ਸਕਤਿ=ਮਾਇਆ ਵਲੋਂ ਉਲਟ ਕੇ ਸਿਵੈ ਘਰਿ ਆਈ=ਕਲਿਆਣ ਸਰੂਪ ਪਰਮੇਸ਼ਰ ਦੇ ਘਰ ਵਿਚ ਆਈ ਹੈ।

**ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥ ੧ ॥**

ਗੁਰੂ ਜੀ ਕਥਨ ਕਰਦੇ ਹਨ- ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸ ਗੁਰੂ ਨਾਲ ਮਿਲ ਕੇ ਮੈਂ ਹਰੀ ਦੇ ਗੁਣਾਂ ਨੂੰ ਗਾਉਂਦਾ ਹਾਂ॥ ੧ ॥

**ਮਃ ੩ ॥ ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥**

ਸੂਹਾ=ਪਦਾਰਥਾਂ ਵਿਚ ਜਿਹੜਾ ਰੰਗੁ=ਪ੍ਰੇਮ ਕਰਨਾ ਹੈ ਇਹ ਵਿਕਾਰ=ਦੁਖ ਰੂਪ ਹੈ, ਇਸ ਦੇ ਕਰਨ ਨਾਲ ਕੰਤੁ=ਪਤੀ-ਪਰਮਾਤਮਾ ਨਹੀਂ ਪਾਇਆ ਜਾਂਦਾ।

**ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥**

ਇਸ ਕੱਚੇ ਰੰਗ=ਅਨੰਦ ਵਾ:-ਪ੍ਰੇਮ ਦੇ ਲਹਦੇ=ਹਟਦਿਆਂ ਬਿਲਮ=ਦੇਰ ਨਹੀਂ ਹੁੰਦੀ, ਇਹ ਰੰਡੀ (ਅਨੀਸ਼ਰਵਾਦੀ ਦ੍ਵੈਤ ਭਾਵ ਵਿਚ) ਬੈਠੀ ਹੋਈ ਹੈ।

*ਅਥਵਾ:*-ਦ੍ਵੈਤ ਭਾਵ ਦੇ ਹੋਣ ਕਰਕੇ ਇਹ ਜੀਵ ਰੂਪ ਇਸਤ੍ਰੀ ਰੰਡ=ਰੰਡੀ (ਭਾਵ ਅਨੀਸ਼ਰਵਾਦੀ, ਨਾਸਤਕ) ਹੋ ਬੈਠੀ ਹੈ।

## ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ॥

ਇਹ ਇਆਣੀ=ਅਗਿਆਤ ਜੀਵ ਰੂਪ ਮੁੰਧ=ਇਸਤ੍ਰੀ ਦੁੰਮਣੀ=ਦੁਚਿੱਤੀ ਵਾ:-ਨਿਮੋ-ਝੂਣੀ ਹੋ ਕੇ ਦੁੰਮਣੀ=ਦੁਖੀ ਹੋ ਰਹੀ ਹੈ। ਕਿਉਂਕਿ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲੇ ਵੇਸ ਵਿਚ ਲੁਭਾਇਮਾਨ ਹੋ ਰਹੀ ਹੈ।

## ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ॥

ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਰੂਪੀ ਰੰਗ ਨਾਲ ਅੰਤਹਕਰਨ ਰੂਪ ਕਪੜਾ ਲਾਲ ਕੀਤਾ ਹੈ ਅਤੇ ਡਰ ਤੇ ਪ੍ਰੇਮ ਦਾ ਸ਼ਿੰਗਾਰ ਬਣਾਇਆ ਹੈ।

*ਅਥਵਾ:-* ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਭੈ ਸਹਿਤ ਭਾਇ=ਪ੍ਰੇਮ ਰੂਪ ਸ਼ਿੰਗਾਰ ਨੂੰ ਬਣਾ ਕੇ ਅੰਤਹਕਰਨ ਰੂਪੀ ਕਪੜੇ ਨੂੰ ਰੰਗੁ ਲਾਲੁ=ਬ੍ਰਹਮ-ਗਿਆਨ ਰੂਪੀਂ ਰੰਗ ਚਾੜ੍ਹਨਾ ਕੀਤਾ ਹੈ। ਅਤੇ-

## ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਹੜੀ ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਦੀ ਹੈ, ਉਹ ਸਦਾ ਲਈ ਸੁਹਾਗਣ ਇਸਤ੍ਰੀ ਹੈ॥ ੨॥

## ਪਉੜੀ॥ ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ॥

ਪਰਮੇਸ਼ਰ ਨੇ ਆਪਣੇ ਤੋਂ ਹੀ ਆਪ ਜਗਤ ਨੂੰ ਉਪਾਇਅਨੁ=ਪੈਦਾ ਕੀਤਾ ਹੈ,

ਫਿਰ ਇਸ ਦੇ ਵਿਚ ਆਪ ਹੀ ਕੀਮਤਿ=ਸੱਤਾ ਪਾਈ ਹੈ।

## ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ॥

ਗੁਰਾਂ ਨੇ ਆਪਣੇ ਸ਼ਬਦ ਦੁਆਰਾ ਇਹ ਗੱਲ ਸਮਝਾਈ ਹੈ ਕਿ ਉਸ ਪ੍ਰਭੂ ਦਾ ਅੰਤ ਨਹੀਂ ਜਾਪਈ=ਜਾਣਿਆ ਜਾਂਦਾ।

## ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥

ਮਾਇਆ ਦਾ ਮੋਹ ਗੁਬਾਰਾ=ਹਨੇਰਾ ਰੂਪ ਹੈ, ਉਸ ਕਰਕੇ ਜੀਵ ਦੀ ਬੁੱਧੀ ਦ੍ਵੈਵ ਭਾਵ ਵਿਚ ਭਰਮ ਰਹੀ ਹੈ।

## ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ॥

ਮਨਮੁਖ ਪੁਰਸ਼ ਠਉਰ=ਸਰੂਪ ਥਾਂ ਨੂੰ ਨਹੀਂ ਪਾਉਂਦੇ, ਮੁੜ-ਮੁੜ ਕੇ ਜੰਮਦੇ ਮਰਦੇ ਹਨ।

## ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ॥ ੩॥

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਸਾਰੇ ਜੀਵ ਉਸ ਦੀ ਰਜਾਈ=ਆਗਿਆ ਵਿਚ ਤੁਰਦੇ ਹਨ॥ ੩॥

## ਸਲੋਕੁ ਮਃ ੩॥

## ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥

ਜੋ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਨ ਵਾਲੀ ਕਾਮਣਿ=ਇਸਤ੍ਰੀ ਹੈ, ਉਹ

ਕੁਲਖਣੀ=ਖੋਟੇ ਲੱਛਣਾਂ ਵਾਲੀ ਹੈ।

*ਅਥਵਾ:*-ਕੁਲਖਣੀ=ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ, ਕਿਉਂਕਿ ਉਹ ਆਪਣੇ ਪਤੀ-ਪਰਮਾਤਮਾ ਨੂੰ ਛੱਡ ਕੇ ਪਰਾਏ ਪੁਰਖਾਂ ਨਾਲ ਪਿਆਰ ਧਾਰਦੀ ਹੈ।

## ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥

ਉਸ ਦੇ ਵਿਚ ਨਾ ਸੀਲ ਸ਼ੁਭਾਅ ਹੈ, ਨਾ ਹੀ ਸੰਜਮੁ=ਇੰਦ੍ਰੀਆਂ ਦਾ ਦਮਨ ਹੈ, ਸਦਾ ਹੀ ਝੂਠ ਬੋਲਦੀ ਹੈ, ਅਤੇ ਮਨਮੁੱਖਤਾ ਦੇ ਕਰਮ ਕਰਨ ਵਿਚ ਸਦਾ ਖੁਆਰੁ=ਖਰਾਬ ਹੁੰਦੀ ਹੈ।

## ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥

ਜਿਸ ਦੇ ਮੱਥੇ ਪਰ ਪੂਰਬਲਾ ਚੰਗਾ ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਸਤਿਗੁਰਾਂ ਦੁਆਰੇ ਪਰਮੇਸ਼ਰ ਭਤਾਰੁ=ਪਤੀ ਮਿਲਦਾ ਹੈ।

## ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥

ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਵਾਲਾ ਭੇਸ ਸਭ ਉਤਾਰ ਛੱਡੇ ਅਤੇ ਗਲ ਵਿਚ ਖਿਮਾਂ ਆਦਿਕ ਸ਼ਿੰਗਾਰਾਂ ਨੂੰ ਪਹਿਰੇ।

*ਯਥਾ:*- "ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥" *(ਆਸਾ, ਪੰਨਾ ੩੫੯)*

## ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥

ਤਾਂ ਉਹ ਮਾਤਲੋਕ ਰੂਪੀ ਪੇਕੇ ਘਰ ਅਤੇ ਸਾਹੁਰੈ=ਪ੍ਰਲੋਕ ਵਿਚ ਬਹੁਤ ਹੀ ਸ਼ੋਭਾ ਪਾਉਂਦੀ ਹੈ, ਅਤੇ ਸਾਰਾ ਸੰਸਾਰ ਉਸ ਦੀ ਪੂਜਾ ਕਰਦਾ ਹੈ।

## ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥

ਜਿਸ ਨੂੰ ਸਿਰਜਣਹਾਰ ਪਰਮਾਤਮਾ ਆਪ ਰਾਵੈ=ਰਾਉਂਦਾ ਹੈ, ਉਹ ਜੇਕਰ ਕਿਸੇ ਦੇ ਨਾਲ ਰਲਾਈ ਜਾਵੇ ਤਾਂ ਨਹੀਂ ਰਲਦੀ ।

## ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਇਸਤ੍ਰੀ ਨੂੰ ਗੁਰਾਂ ਦੁਆਰੇ ਅਬਿਨਾਸੀ ਪੁਰਖ ਪਰਮਾਤਮਾ ਭਰਤਾਰੁ=ਪਤੀ ਮਿਲਿਆ ਹੈ, ਉਹ ਇਸਤ੍ਰੀ ਸਦਾ ਸੁਹਾਗਵੰਤੀ ਹੈ॥ ੧ ॥

## ਮਃ ੧ ॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥

ਨਿਸੀ=ਰਾਤ ਦੇ ਸੁਪਨੇ ਵਾਂਗ ਸੂਹਾ=ਪਦਾਰਥਾਂ ਦਾ ਰੰਗੁ=ਅਨੰਦ ਝੂਠਾ ਹੈ, ਜਿਵੇਂ ਧਾਗੇ ਤੋਂ ਬਿਨਾਂ ਗਲ ਵਿਚ ਹਾਰ ਨਹੀਂ ਪੈ ਸਕਦਾ (ਤਿਵੇਂ ਇਹ ਪਦਾਰਥ ਨਾਲ ਨਹੀਂ ਜਾਣੇ)।

## ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥

ਜਿਵੇਂ ਮਜੀਠ ਦਾ ਰੰਗ ਸਚਾ=ਪੱਕਾ ਹੁੰਦਾ ਹੈ (ਤਿਵੇਂ ਬ੍ਰਹਮ ਦਾ ਰੰਗ ਸੱਚਾ ਤੇ ਪੱਕਾ ਹੈ) ਇਸ ਕਰਕੇ ਗੁਰਮੁਖ ਜਨ ਬ੍ਰਹਮ ਦਾ ਹੀ ਵਿਚਾਰ ਕਰਦੇ ਹਨ।

## ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰੇਮ ਕਰਕੇ ਮਹਾ ਰਸੀ=ਵੱਡੇ ਰਸ ਵਾਲੀ ਹੋਈ ਹੈ, ਉਸ ਦੀਆਂ ਸਭ ਬੁਰਿਆਈਆਂ ਛਾਰੁ=ਨਾਸ ਹੋ ਗਈਆਂ ਹਨ॥ ੨ ॥

## ਪਉੜੀ ॥ ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥

ਪਰਮੇਸ਼ਰ ਨੇ ਆਪ ਹੀ ਵਿਡਾਨੁ ਚੋਜ ਕਰਿ=ਅਸਚਰਜ ਕੌਤਕ ਕਰਕੇ ਇਹ ਜਗਤ ਪੈਦਾ ਕੀਤਾ ਹੈ।

## ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥

ਪੰਚ ਧਾਤੁ=ਪੰਜਾ ਤੱਤਾਂ ਦੇ ਰਚੇ ਹੋਏ ਸਰੀਰ ਵਿਚ ਉਸ ਨੇ ਆਪ ਹੀ ਮੋਹ, ਝੂਠ ਅਤੇ ਗੁਮਾਨੁ=ਹੰਕਾਰ ਆਦਿਕ ਵਿਕਾਰ ਪਾ ਦਿੱਤੇ ਹਨ।

ਇਨ੍ਹਾਂ ਵਿਕਾਰਾਂ ਦੇ ਵੱਸ ਵਿਚ ਹੋਣ ਕਰਕੇ-

## ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥

ਮਨਮੁਖ ਅਗਿਆਨੀ ਪੁਰਸ਼ ਆਉਣ ਜਾਣ ਭਾਵ ਜਨਮ ਮਰਨ ਵਿਚ ਭਵਾਏ ਜਾਂਦੇ ਹਨ।

## ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥

ਇਕਨਾਂ ਉੱਤਮ ਅਧਿਕਾਰੀਆਂ ਨੂੰ ਹਰੀ ਨੇ ਆਪ ਹੀ ਗੁਰਮੁਖਿ=ਗੁਰਾਂ ਦੁਆਰੇ ਗਿਆਨ ਸਮਝਾ ਦਿੱਤਾ ਹੈ।

## ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥ ੪ ॥

(ਅਤੇ) ਉਨ੍ਹਾਂ ਨੂੰ ਭਗਤੀ ਰੂਪ ਖ਼ਜ਼ਾਨਾ ਬਖਸ਼ਿਆ ਹੈ,

ਇਸ ਲਈ ਉਹ ਹਰੀ ਨਾਮ ਨੂੰ ਜਪ ਕੇ ਨਿਧੀਆਂ ਦੇ ਖ਼ਜ਼ਾਨੇ ਹੋ ਗਏ ਹਨ॥ ੪ ॥

[ਪੰਨਾ ੭੮੭]

## ਸਲੋਕੁ ਮਃ ੩ ॥ ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥

ਹੇ ਸੂਹਵੀਏ=ਪਖੰਡਣੇ! ਸੂਹਾ=ਪਦਾਰਥਾਂ ਵਾਸਤੇ ਤੂੰ ਜਿਹੜਾ ਸਹਾ=ਪਖੰਡ ਵਾਲਾ ਵੇਸ ਕੀਤਾ ਹੋਇਆ ਹੈ ਇਸ ਨੂੰ ਛੱਡ ਦੇ ਤਾਂ ਤੇਰਾ ਪਤੀ-ਪਰਮਾਤਮਾ ਨਾਲ ਪਿਆਰ ਲੱਗੇਗਾ।

## ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥

ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਕੇ ਪਤੀ ਨੂੰ ਕਿਸੇ ਨੇ ਭੀ ਨਹੀਂ ਪਾਇਆ, ਮਨਮੁਖ ਇਸਤ੍ਰੀ ਤ੍ਰਿਸ਼ਨਾ ਰੂਪ ਅੱਗ ਵਿਚ ਗਾਵਾਰਿ=ਮੂਰਖਤਾ ਕਰਕੇ ਦਝਿ ਮੁਈ=ਸੜ ਮੋਈ ਹੈ।

## ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥

ਜਿਸ ਨੇ ਸਤਿਗੁਰਾਂ ਨਾਲ ਮਿਲਣਾ ਕੀਤਾ ਹੈ ਉਸ ਦਾ ਸੂਹਾ=ਪਖੰਡ ਵਾਲਾ ਵੇਸ ਚਲਾ ਗਿਆ ਹੈ ਅਤੇ ਹਿਰਦੇ ਵਿਚੋਂ ਹਉਮੈ ਨੂੰ ਭੀ ਮਾਰਿਆ ਹੈ।

## ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥

ਉਸ ਦਾ ਮਨ ਤਨ ਪ੍ਰੇਮ ਵਿਚ, ਵਾ:-ਨਾਮ-ਸਿਮਰਨ ਵਿਚ ਰੱਤਾ ਹੋਇਆ ਲਾਲੁ=ਬ੍ਰਹਮ ਗਿਆਨ ਦੇ ਸਹਿਤ ਹੋਇਆ ਹੈ ਅਤੇ ਸ਼ੁਭ-ਗੁਣਾਂ ਦੀ ਸਾਰਿ=ਸੰਭਾਲ ਵਿਚ ਰਸਨਾ ਰਤੀ=ਜੀਭ ਵੀ ਤਦਾਕਾਰ ਹੋ ਗਈ ਹੈ।

## ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥

ਜੋ ਗੁਰ-ਉਪਦੇਸ਼ ਨੂੰ ਮੰਨ ਕੇ (ਮੰਨਣ ਕਰਕੇ) ਪਰਮੇਸ਼ਰ ਦੇ ਭੈ ਭਾਇ=ਡਰ ਤੇ ਪ੍ਰੇਮ ਦਾ ਸ਼ਿੰਗਾਰ ਕਰਦੀ ਹੈ, ਉਹ ਇਸਤ੍ਰੀ ਸਦਾ ਹੀ ਸੁਹਾਗਵੰਤੀ ਹੈ।

## ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਕਰਮਾਂ ਵਾਲੀ ਨੇ ਮਹਲੁ=ਸਰੂਪ ਨੂੰ ਪਾਇਆ ਹੈ,
ਜਿਸ ਨੇ ਪਤੀ-ਪਰਮਾਤਮਾ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ॥ ੧ ॥

## ਮਃ ੩ ॥ ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥

ਹੇ ਜਗਿਆਸੂ ਰੂਪ ਮੁੰਧੇ=ਇਸਤ੍ਰੀਏ! ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਕਰਨਾ ਤਿਆਗ ਦੇ ਅਤੇ ਲਾਲੁ=ਪ੍ਰੇਮ, ਵਾ:-ਬ੍ਰਹਮਗਿਆਨ ਰੂਪੀ ਸ਼ਿੰਗਾਰ ਕਰ।

## ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥

ਗੁਰ-ਸ਼ਬਦ ਦੀ ਵਿਚਾਰ ਕਰ ਤਾਂ ਤੇਰਾ ਆਉਣਾ ਜਾਣਾ ਜੰਮਣਾ ਮਰਨਾ ਭੁੱਲ ਜਾਏਗਾ।

## ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ ॥

ਉਹ ਜਗਿਆਸੂ ਰੂਪ ਮੁੰਧ=ਇਸਤ੍ਰੀ ਸੋਹਣੀ ਤੇ ਸੁਹਾਵੀ=ਸ਼ੋਭਾ ਵਾਲੀ ਹੈ, ਜਿਸ ਦੇ ਅੰਤਹਕਰਨ ਰੂਪੀ ਘਰ ਵਿਚ ਸਹਜਿ ਭਤਾਰੁ=ਸ਼ਾਂਤੀ ਸਰੂਪ ਪਤੀ-ਪਰਮਾਤਮਾ ਵੱਸਦਾ ਹੈ।

## ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਰਾਵਣਹਾਰੁ=ਪਰਮਾਤਮਾ ਜਿਸ ਨੂੰ ਰਾਵਦਾ ਭਾਵ ਪ੍ਰਾਪਤ ਹੁੰਦਾ ਹੈ, ਉਹ ਇਸਤ੍ਰੀ ਪਤੀ-ਪਰਮੇਸ਼ਰ ਦੇ ਆਨੰਦ ਨੂੰ ਰਾਵੀਐ=ਭੋਗਦੀ (ਮਾਣਦੀ) ਹੈ॥ ੨ ॥

## ਪਉੜੀ ॥ ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥

ਕੁਟੰਬ ਦਾ ਮੋਹ ਕੂੜੁ=ਝੂਠਾ ਹੈ, ਮਨਮੁਖ ਮੂਰਖਤਾ ਕਰਕੇ ਉਸ ਵਿਚ ਰੱਤਾ ਹੋਇਆ ਹੈ।

## ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥

ਹੰਗਤਾ ਮਮਤਾ ਦੇ ਵੱਸ ਹੋ ਕੇ ਮੇਰਾ ਤੇਰਾ ਕਰਦੇ ਮਰ ਗਏ ਹਨ, ਇਨ੍ਹਾਂ ਪਦਾਰਥਾਂ ਵਿਚੋਂ ਕੁਝ ਭੀ ਨਾਲ ਨਹੀਂ ਲੈਣਾ ਕੀਤਾ।

## ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥

ਸਿਰ ਉਤੇ ਜਮਕਾਲ ਖੜਾ ਹੈ ਪਰ ਇਸ ਨੂੰ ਕੁਝ ਸੁਝਦਾ ਨਹੀਂ ਹੈ, ਦ੍ਵੈਤ ਭਾਵ ਵਿਚ ਭਰਮਿਤਾ=ਭਰਮ ਰਿਹਾ ਹੈ।

## ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ॥

ਜਿਸ ਵੇੱਲੇ ਜਮਕਾਲ ਨੇ ਇਸ ਨੂੰ ਆਪਣੇ ਵਸ ਵਿਚ ਕਰ ਲਿਆ, ਤਾਂ ਮੁੜ ਕੇ ਮਨੁੱਖ ਜਨਮ ਦਾ ਵੇ ਲਾ ਉਸ ਦੇ ਹੱਥ ਨਹੀਂ ਆਉਂਦਾ।

## ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ॥ ੫॥

ਜੇਹੋ ਜੇਹਾ ਧੁਰ ਤੋਂ ਲਿਖ ਪਾਇਆ ਹੈ ਇਹ ਜੀਵ ਓਹੀ ਕਰਮ ਕਮਾਉਂਦਾ ਹੈ॥ ੫॥

ਉਥਾਨਕਾ:- ਇਕ ਇਸਤ੍ਰੀ ਸ੍ਰੀ ਗੋਇੰਦਵਾਲ ਸਾਹਿਬ ਵਿਚ ਆਪਣੇ ਪਤੀ ਨਾਲ ਚਿਖਾ ਉਤੇ ਬੈਠਕੇ ਸਤੀ ਹੋ ਗਈ। ਉਸ ਦੇ ਕੌਤਕ ਨੂੰ ਵੇਖ ਕੇ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ-"ਫਲਾਣੀ ਇਸਤ੍ਰੀ ਪਤੀ ਨਾਲ ਸਤੀ ਹੋ ਗਈ।" ਸੁਣ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ:-

## ਸਲੋਕੁ ਮਃ ੩ ॥ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥

ਇਹ ਇਸਤ੍ਰੀਆਂ ਸਤੀਆਂ ਨਹੀਂ ਆਖੀਆਂ ਜਾਂਦੀਆਂ, ਜੋ ਮੜਿਆ=ਮੁਰਦਿਆਂ ਦੇ ਨਾਲ ਲਗ ਕੇ ਜਲੰਨਿ=ਸੜ ਜਾਂਦੀਆਂ ਹਨ।

## ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਇਸਤ੍ਰੀਆਂ ਸਤੀਆਂ ਜਾਣੀਆਂ ਜਾਦੀਆਂ ਹਨ, ਜੋ ਪਤੀ ਦੇ ਬਿਰਹੇ=ਵਿਛੋੜੇ ਦੀ ਸੱਟ ਨਾਲ ਮਰਦੀਆਂ ਹਨ॥ ੧॥

ਕਿਸੇ ਨੇ ਮਾਤਾ ਸੀਤਾ ਨੂੰ ਕਿਹਾ-"ਅਸਾਂ ਨੇ ਅੱਜ ਤਕ ਰਾਵਣ ਦੀ ਫੋਟੋ ਨਹੀਂ ਵੇਖੀ ਤੂੰ ਕਿਤਨਾ ਸਮਾਂ ਰਾਵਣ ਦੇ ਅਸ਼ੋਕ ਬਾਗ ਵਿਚ ਰਹੀ ਹੈਂ ਤੂੰ ਤਾਂ ਕਈ ਵਾਰ ਉਸ ਦੀ ਸ਼ਕਲ ਵੇਖੀ ਹੋਣੀ ਹੈ, ਪਰ ਅੱਜ ਤੂੰ ਸਾਨੂੰ ਭੀ ਉਸ ਦਾ ਚਿਤ੍ਰ ਵਿਖਾ।"

ਇਹ ਗੱਲ ਸੁਣ ਕੇ ਸੀਤਾ ਮਾਤਾ ਨੇ ਕੰਧ ਉੱਪਰ ਰਾਵਣ ਦੀ ਸ਼ਕਲ ਚਿਤ੍ਰ ਦਿੱਤੀ।

*"ਏਕ ਦਿਵਸ ਜਾਨਕਿ ਤ੍ਰਿਯ ਸਿਖਾ॥ ਭੀਤ ਭਏ ਰਾਵਣ ਕਹ ਲਿਖਾ॥"*

ਇਤਨੇ ਨੂੰ ਸ੍ਰੀ ਰਾਮਚੰਦ੍ਰ ਜੀ ਨੇ ਆ ਕੇ ਵੇਖ ਲਿਆ, ਮਨ ਵਿਚ ਗੁੱਸਾ ਧਾਰ ਕੇ ਕਿਹਾ-"ਅਜੇ ਭੀ ਇਸ ਦਾ ਰਾਵਣ ਦੇ ਨਾਲ ਪ੍ਰੇਮ ਹੈ, ਤਾਂ ਹੀ ਇਸ ਨੇ ਰਾਵਣ ਦੀ ਸ਼ਕਲ ਨੂੰ ਚਿਤਰਿਆ ਹੈ।"

*"ਜਬ ਰਘੁਬਰ ਤਿਹੱ ਆਨ ਨਿਹਾਰਾ॥ਕਛੁਕ ਕੋਪ ਇਮ ਬਚਨ ਉਚਾਰਾ॥ ੮੪੪॥*
*ਰਾਮ ਬਾਚ ਮਨ ਮੈ॥ ਯਾ ਕੋ ਕਛੁ ਰਾਵਣ ਸੋ ਹੇਤਾ॥ਤਾ ਤੇ ਚਿੱਤ੍ਰ ਕੈ ਦੇਖਾ॥"*

ਇਹ ਬਚਨ ਸੁਣ ਕੇ ਮਾਤਾ ਸੀਤਾ ਨੂੰ ਬਹੁਤ ਗੁੱਸਾ ਆ ਗਿਆ ਤੇ ਆਖਦੀ ਹੈ-"ਚੰਗੇ ਸੁਆਮੀ ਜੀ ਹਨ ਜੋ ਇਹ ਆਪ ਹੀ ਮੇਰੇ ਪਰ ਦੋਸ਼ ਲਗਾਉਣ ਲਗ ਪਏ ਹਨ।" ਉਸ ਵੇਲੇ ਸੀਤਾ ਨੇ ਆਪਣਾ ਨਿਸਚਾ ਦਿਖਾਂਦਿਆਂ ਹੋਇਆਂ ਧਰਤੀ ਨੂੰ ਕਿਹਾ :-

*"ਬਚਨ ਸੁਨਤ ਸੀਤਾ ਭਈ ਰੋਖਾ॥ ਪ੍ਰਭ ਮੁਹਿ ਅਜਹੂੰ ਲਗਾਵਤ ਦੋਖਾ॥*
*ਜਉ ਮੇਰੇ ਬਚ ਕਰਮ ਕਰਿ, ਹ੍ਰਿਦੈ ਬਸਤ ਰਘੁਰਾਇ॥*

*ਪ੍ਰਿਥੀ ਪੈਂਡ ਮੁਹਿ ਦੀਜੀਐ, ਲੀਜੈ ਮੋਹਿ ਮਿਲਾਇ॥ ੮੪੬॥*
*ਚਉਪਈ॥ ਸੁਨਤ ਬਚਨ ਧਰਨੀ ਫਟ ਗਈ॥ ਲੋਪ ਸੀਆ ਤਿਹ ਭੀਤਰ ਭਈ॥*
*ਚੱਕ੍ਰਤ ਰਹੇ ਨਿਰਖ ਰਘੁਰਾਈ॥ ਰਾਜ ਕਰਨ ਕੀ ਆਸ ਚੁਕਾਈ ॥ ੮੪੭॥*
*ਦੋਹਰਾ॥ ਇਹ ਜਗ ਧੂਅਰੋ ਧਉਲਹਰਿ ਕਿਹ ਕੇ ਆਯੋ ਕਾਮ॥*
*ਰਘੁਬਰ ਬਿਨੁ ਸੀਅ ਨਾ ਜੀਐ, ਸੀਅ ਬਿਨ ਜੀਐ ਨ ਰਾਮ ॥ ੮੪੮॥*

ਸੀਤਾ ਦੇ ਵਿਛੋੜੇ ਕਰਕੇ ਸ੍ਰੀ ਰਾਮ ਚੰਦ੍ਰ ਜੀ ਆਪਣਾ ਸਰੀਰ ਤਿਆਗ ਗਏ।

ਏਸੇ ਤਰ੍ਹਾਂ ਅੱਜ ਰਾਜੇ ਦੇ ਵਿਜੋਗ ਕਰਕੇ ਉਸ ਦੀ ਸਪੁਤਨੀ 'ਇੰਦ੍ਰਮਤੀ' ਰਾਣੀ ਮਰ ਗਈ ਸੀ ਤੇ ਇੰਦ੍ਰਮਤੀ ਦੇ ਵਿਜੋਗ ਕਰਕੇ ਅੱਜ ਰਾਜੇ ਨੇ ਰਾਜ-ਭਾਗ ਤਿਆਗ ਕੇ ਯੋਗ ਭੇਖ ਲੈਣਾ ਕੀਤਾ ਹੈ।

*ਯਥਾ:- ਇੰਦ੍ਰਮਤੀ ਹਿਤ ਅੱਜ ਨ੍ਰਿਪਤ, ਜਿਮ ਗ੍ਰਿਹ ਤਜ ਲੀਆ ਜੋਗ॥*
*ਤਿਮ ਰਘੁਬਰ ਤਨ ਕੋ ਤਜਾ, ਸ੍ਰੀ ਜਾਨਕੀ ਬਿਯੋਗ ॥ ੮੫੦॥*

*(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ ੨੫੨-੫੩)*

## ਮਃ ੩ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥

ਉਹ ਇਸਤ੍ਰੀਆਂ ਭੀ ਸਤੀਆਂ ਜਾਣੀਦੀਆਂ ਹਨ, ਜੋ ਸੀਲ ਸੁਭਾਅ ਤੇ ਸੰਤੋਖ ਵਿਚ ਰਹਿੰਦੀਆਂ ਹਨ।

## ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ॥ ੨ ॥

ਅਤੇ ਆਪਣੇ ਸਾਈ=ਮਾਲਕ ਦੀ ਸੇਵਾ ਕਰਦੀਆਂ ਹਨ ਤੇ ਨਿਤਾਪ੍ਰਤੀ ਸਵੇਰੇ ਉੱਠ ਕੇ ਪਤੀ ਨੂੰ ਯਾਦ ਕਰਦੀਆਂ ਹਨ॥ ੨॥

## ਮਃ ੩ ॥ ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥

ਜੋ ਮਹੇਲੀਆ=ਇਸਤ੍ਰੀਆਂ ਆਪਣੇ ਪਤੀ ਦੀ ਆਗਿਆ ਨਾਲ ਰਹਿੰਦੀਆਂ ਹਨ,
ਉਨ੍ਹਾਂ ਇਸਤ੍ਰੀਆਂ ਦਾ ਅੱਗ ਨਾਲ ਸੜਨਾ ਸਫਲ ਹੈ।

## ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥

ਜਿਹੜੀਆਂ ਆਪਣੇ ਪਤੀ ਨੂੰ ਪਰਮੇਸ਼ਰ ਰੂਪ ਜਾਣਦੀਆਂ ਹਨ, ਤਾਂ ਉਹ ਆਪਣੇ ਤਨ ਉਤੇ ਦੁਖਾਂ ਨੂੰ ਸਹਾਰਨ।

## ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥

ਗੁਰੂ ਜੀ ਕਥਨ ਕਰਦੇ ਹਨ- ਜੋ ਔਰਤਾਂ ਪਤੀ ਨੂੰ ਪਰਮੇਸ਼ਰ ਰੂਪ ਨਹੀਂ ਜਾਣਦੀਆਂ, ਉਹ ਔਰਤਾਂ ਅੱਗ ਵਿਚ ਕਿਉਂ ਸੜਦੀਆਂ ਹਨ।

## ਭਾਵੈ ਜੀਵਾਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ ੩ ॥

ਜੋ ਔਰਤਾਂ ਪਤੀ ਦੀ ਆਗਿਆ ਮੰਨਣ ਤੋਂ ਦੂਰ ਹੀ ਦੌੜ ਜਾਂਦੀਆਂ ਹਨ, ਉਹ ਭਾਵੇਂ ਜੀਉਣ, ਕੈ=ਜਾਂ ਮਰ ਜਾਣ, ਉਨ੍ਹਾਂ ਦਾ ਕੋਈ ਲਾਭ ਨਹੀਂ ਹੈ, ਉਨ੍ਹਾਂ ਦਾ ਜੀਉਣਾ ਤੇ ਮਰਨਾ ਨਿਸਫਲ ਹੈ॥ ੩॥

**ਦੂਜਾ ਅਰਥ :-** ਕੋਈ ਪਖੰਡੀ ਪੰਜ ਧੂਣੀਆਂ ਤਪਦਾ ਹੋਇਆ ਆਪਣੇ ਆਪ ਨੂੰ ਸਤਵਾਦੀ ਕਹਾ ਰਿਹਾ

ਸੀ, ਉਸ ਨੂੰ ਗੁਰੂ ਸਾਹਿਬ ਜੀ ਉਪਦੇਸ਼ ਦੇਂਦੇ ਹਨ,

**ਸਤੀਅ ਏਹਿ ਨ ਆਖੀਅਨਿ :-** ਇਸ ਤਰ੍ਹਾਂ ਦੇ ਪੁਰਸ਼ ਸਤਵਾਦੀ ਨਹੀਂ ਆਖੇ ਜਾਂਦੇ।

**ਜੋ ਮੜਿਆ ਲਗਿ ਜਲੰਨਿ :-** ਜੋ ਮੜਿਆ=ਪੰਜ ਧੂਣੀਆਂ ਨਾਲ ਲਗ ਕੇ ਸੜਦੇ ਹਨ।

**ਨਾਨਕ ਸਤੀਆ ਜਾਣੀਅਨਿ :-** ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਸਤਵਾਦੀ ਜਾਣੀਦੇ ਹਨ।

**ਜਿ ਬਿਰਹੇ ਚੋਟ ਮਰੰਨਿ੍ ॥੧॥ :-** ਜੋ ਪ੍ਰਭੂ ਦੇ ਵਿਛੋੜੇ ਦੀ ਸੱਟ ਨਾਲ ਮਰ ਜਾਂਦੇ ਹਨ ॥ ੧॥

*ਯਥਾ:-* "ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥ ੭॥ *(ਪੰਨਾ ੭੫੯)*

*ਤਥਾ:-* "ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦॥ *(ਫਰੀਦ, ਪੰਨਾ ੧੩੭੯)*

**ਮ: ੩ ॥ ਭੀ ਸੋ ਸਤੀਆ ਜਾਣੀਅਨਿ:-** ਉਹ ਪੁਰਸ਼ ਭੀ ਸਤਵਾਦੀ ਜਾਣੇ ਜਾਂਦੇ ਹਨ।

**ਸੀਲ ਸੰਤੋਖਿ ਰਹੰਨਿ੍ ॥-** ਜੋ ਸੀਲ ਸੁਭਾਅ, ਵਾ :-ਜਤ ਸਤ ਵਿਚ, ਅਤੇ ਸੰਤੋਖ ਵਿਚ ਰਹਿਣਾ ਕਰਦੇ ਹਨ।

**ਸੇਵਨਿ ਸਾਈ ਆਪਣਾ:-** ਆਪਣੇ ਮਾਲਕ ਪਰਮਾਤਮਾ ਨੂੰ ਸੇਂਵਦੇ ਹਨ ਅਤੇ-

**ਨਿਤ ਉਠਿ ਸੰਮ੍ਾਲੰਨਿ॥ :-** ਨਿਤਾਪ੍ਰਤੀ ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਨੂੰ ਯਾਦ ਕਰਦੇ ਹਨ ॥ ੨॥

**ਮ: ੩ ॥ ਕੰਤਾ ਨਾਲਿ ਮਹੇਲੀਆ:-** ਜੋ ਜਗਿਆਸੂ ਰੂਪ ਇਸਤ੍ਰੀਆਂ ਪਤੀ ਦੀ ਆਗਿਆ ਨਾਲ ਰਹਿੰਦੀਆਂ ਹਨ,

**ਸੇਤੀ ਅਗਿ ਜਲਾਹਿ॥-** ਉਨ੍ਹਾਂ ਦਾ ਪੰਜ ਧੂਣੀਆਂ ਤਪਣ ਰੂਪ ਅੱਗ ਨਾਲ ਸੜਨਾ ਸਫਲ ਹੈ।

**ਜੇ ਜਾਣਹਿ ਪਿਰੁ ਆਪਣਾ:-** ਜੇਕਰ ਚਿਤ ਵਿਚ ਜਾਨਣ ਕਿ ਪਿਰੀ-ਪਰਮੇਸ਼ਰ ਸਾਡਾ ਆਪਣਾ ਹੈ,

**ਤਾ ਤਨਿ ਦੁਖ ਸਹਾਹਿ॥-** ਤਾਂ ਸਰੀਰ ਉਤੇ ਪੰਜ ਧੂਣੀਆਂ ਤਪਣੇ ਰੂਪ ਦੁੱਖ ਨੂੰ ਸਹਾਰਨ।

**ਨਾਨਕ ਕੰਤ ਨ ਜਾਣਨੀ:-** ਗੁਰੂ ਜੀ ਕਥਨ ਕਰਦੇ ਹਨ-ਜਿਹੜੀਆਂ ਪਤੀ-ਪਰਮੇਸ਼ਰ ਦੀ ਆਗਿਆ ਨੂੰ ਨਹੀਂ ਜਾਣਦੀਆਂ,

**ਸੇ ਕਿਉ ਅਗਿ ਜਲਾਹਿ:-** ਉਹ ਪੰਜ ਧੂਣੀਆਂ ਤਪਣ ਰੂਪ ਅੱਗ ਵਿਚ ਕਿਉਂ ਸੜਦੀਆਂ ਹਨ।

**ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ ੩ ॥-** ਜੋ ਪਤੀ-ਪਰਮਾਤਮਾ ਦੀ ਆਗਿਆ ਮੰਨਣ ਤੋਂ ਦੂਰ ਹੀ ਭੱਜ ਜਾਂਦੀਆਂ ਹਨ, ਉਹ ਭਾਵੇਂ ਜੀਵਉ=ਪਰਵਿਰਤੀ ਪੱਖ ਨੂੰ ਗ੍ਰਹਿਣ ਕਰਨ ਤੇ ਭਾਵੇਂ ਮਰਉ=ਨਵਿਰਤੀ ਪੱਖ ਨੂੰ ਗ੍ਰਹਿਣ ਕਰਨ। ਉਨ੍ਹਾਂ ਦੇ ਪਰਵਿਰਤੀ ਤੇ ਨਵਿਰਤੀ ਦੋਵੇਂ ਪੱਖ ਨਿਸਫਲ ਹਨ॥ ੩ ॥

## ਪਉੜੀ॥ ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ॥

ਉਸ ਕਰਤੇ ਨੇ ਦੁਖ ਸੁਖ ਨੂੰ ਪੈਦਾ ਕੀਤਾ ਹੈ ਪਰ ਨਾਲ ਹੀ ਇਨ੍ਹਾਂ ਦਾ ਲੇਖ ਲਿਖ ਦਿੱਤਾ ਹੈ।

**ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥**

ਪ੍ਰਭੂ ਦੇ ਨਾਮ ਜੇਡੀ ਹੋਰ ਕੋਈ ਦਾਤ ਨਹੀਂ ਹੈ, ਉਸ ਪ੍ਰਭੂ ਦਾ ਕੋਈ ਰੂਪ ਰੇਖ ਨਹੀਂ ਹੈ।

**ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥**

ਪ੍ਰਭੂ ਦਾ ਨਾਮ ਅਖੁਟੁ=ਅਮੁਕ ਖਜ਼ਾਨਾ ਹੈ, ਜੋ ਗੁਰਮੁਖਾਂ ਦੇ ਮਨ ਵਿਚ ਵੱਸ ਗਿਆ ਹੈ।

**ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥**

ਜਿਸ ਨੂੰ ਪਰਮੇਸ਼ਰ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦੇਂਦਾ ਹੈ, ਫਿਰ ਉਸ ਦੇ ਕਰਮਾਂ ਦਾ ਲੇਖਾ ਨਹੀਂ ਲਿਖਿਆ।

**ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥ ੬ ॥**

ਜਿਨ੍ਹਾਂ ਨੇ ਸੇਵਕੀ ਭਾਵ ਨਾਲ ਹਰੀ ਜਪ ਨੂੰ ਜਪਿਆ ਹੈ, ਉਹ ਪੁਰਸ਼ ਪਰਮੇਸ਼ਰ ਨਾਲ ਮਿਲ ਗਏ ਹਨ ॥ ੬ ॥

**ਸਲੋਕੁ ਮਃ ੨ ॥ ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥**

ਜਿਨ੍ਹਾਂ ਨੇ ਸੰਸਾਰ ਤੋਂ ਚਲਣਾ ਜਾਣਿਆ ਹੈ ਕਿ ਅਸਾਂ ਨੇ ਮਰ ਜਾਣਾ ਹੈ ਉਹ ਫਿਰ ਸੰਸਾਰ ਵਿਚ ਧੰਦਿਆਂ ਦਾ ਕਿਸ ਲਈ ਵਿਸਥਾਰ ਕਰਦੇ ਹਨ ਅਰਥਾਤ ਨਹੀਂ ਕਰਦੇ।

**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥ ੧ ॥**

ਜੋ ਪੁਰਸ਼ ਸੰਸਾਰ ਤੋਂ ਚਲਣੇ ਦੀ ਭਾਵ ਮਰਨੇ ਦੀ ਸਾਰ=ਖ਼ਬਰ ਨਹੀਂ ਜਾਣਦੇ, ਉਹ ਕਈ ਤਰ੍ਹਾਂ ਦੇ ਕੰਮ ਸਵਾਰਨ ਵਾਲੇ ਹੋ ਰਹੇ ਹਨ ਕਿ ਇਹ ਭੀ ਕੰਮ ਕਰ ਲਈਏ, ਫਲਾਣਾ ਕੰਮ ਭੀ ਕਰ ਲਈਏ।

**ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥**

**ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਹਿ ॥ ੨ ॥**

ਜਿਵੇਂ ਕੋਈ ਪੁਰਸ਼ ਇਕ ਰਾਤ ਵਾਸਤੇ ਬਾਹਰ ਜਾਂਦਾ ਹੈ ਤੇ ਓਥੇ ਜਾ ਕੇ ਧਨ ਕੱਠਾ ਕਰਨ ਲਗ ਜਾਂਦਾ ਹੈ, ਭਲਕੇ=ਸਵੇਰ ਹੋਣ ਨਾਲ ਉਥੋਂ ਚਲ ਪੈਣਾ ਹੈ ਤੇ ਉਹ ਪਦਾਰਥ ਨਾਲ ਨਹੀਂ ਚਲਦੇ, ਇਸ ਕਰਕੇ ਮੁੜ ਉਸ ਨੂੰ ਪਛਤਾਵਾ ਹੁੰਦਾ ਹੈ। ਇਸੇ ਤਰ੍ਹਾਂ ਇਹ ਜੀਵ ਅਵਸਥਾ ਰੂਪੀ ਰਾਤ ਦੇ ਵਾਸਤੇ ਧਨ ਨੂੰ ਕੱਠਾ ਕਰਦਾ ਹੈ ਤੇ ਕਾਲ ਰੂਪੀ ਦਿਨ ਦੇ ਚੜ੍ਹਨ ਕਰਕੇ ਜੀਵ ਦਾ ਚਲਣਾ ਹੋ ਜਾਣਾ ਹੈ। ਗੁਰੂ ਜੀ ਕਥਨ ਕਰਦੇ ਹਨ-ਇਹ ਪਦਾਰਥ ਅੰਤ ਨੂੰ ਜੀਵ ਦੇ ਨਾਲ ਨਹੀਂ ਚਲਦੇ ਇਸ ਕਰਕੇ ਮੁੜ ਇਸ ਨੂੰ ਪਛਚਾਤਾਪ ਹੁੰਦਾ ਹੈ॥ ੨ ॥

**ਮਃ ੨ ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥**

ਜੋ ਪੁਰਸ਼ ਮੋਹ ਦਾ ਬੱਧਾ ਹੋਇਆ ਚੱਟੀ ਭਰਦਾ ਹੈ ਭਾਵ ਇਸਤ੍ਰੀ ਪੁੱਤਰ ਆਦਿਕ ਸਬੰਧੀਆਂ ਨੂੰ ਲਿਆ ਕੇ ਦੇਂਦਾ ਹੈ, ਪਰ ਉਹ ਸਬੰਧੀ ਇਸ ਜੀਵ ਦਾ ਨਾ ਕੋਈ ਗੁਣ ਤੇ ਨਾ ਕੋਈ ਪਰਉਪਕਾਰ ਸਮਝਦੇ ਹਨ, ਸਗੋਂ ਇਹ ਗੱਲ ਆਖਦੇ ਹਨ ਕਿ ਇਹ ਤਾਂ ਆਪਣੇ ਸੁਖ ਲਈ ਸ਼ਾਨੂੰ ਖੱਟ ਕਮਾ ਕੇ ਲਿਆ ਦੇਂਦਾ ਹੈ।

*ਅਥਵਾ*-ਜੋ ਪੁਰਸ਼ ਰੋਗ ਦਾ ਬੱਧਾ ਹੋਇਆ ਚੱਟੀ ਭਰਦਾ ਹੈ ਭਾਵ ਜਿਸ ਵੇਲੇ ਕੋਈ ਦੁੱਖ ਆ ਬਣਦਾ ਹੈ ਤਾਂ ਦਾਨ ਪੁੰਨ ਕਰਦਾ ਹੈ, ਉਸ ਕਰਕੇ ਨਾ=ਪੁਰਸ਼ ਨੂੰ ਰੋਗ ਦੀ ਨਵਿਰਤੀ ਰੂਪ ਗੁਣੁ=ਲਾਭ ਤਾਂ ਹੋ ਜਾਂਦਾ

ਹੈ, ਲੇਕਿਨ ਪਰਉਪਕਾਰ ਕੋਈ ਨਹੀਂ ਹੁੰਦਾ।

## ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਖੁਸ਼ੀਆਂ ਦੇਂ ਨਾਲ ਨਿਸ਼ਕਾਮ ਹੋ ਕੇ ਦਾਨ ਪੁੰਨ ਕਰੇ, ਤਾਂ ਆਪਣੇ ਮੋਖ ਰੂਪੀ ਕਾਰਜ ਨੂੰ ਸਵਾਰ ਲੈਂਦਾ ਹੈ।

*ਅਥਵਾ:*-ਜੋ ਖੁਸ਼ੀ ਦੇ ਨਾਲ ਕੰਮ ਸਵਾਰਨਾ ਹੈ ਉਹ ਕਾਰਜੁ=ਕੰਮ ਸਾਰੁ=ਸ੍ਰੇਸ਼ਟ ਹੈ॥ ੩ ॥

## ਮਃ ੨ ॥ ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥

ਆਪਣੇ ਆਪ ਮਨ ਦੇ ਹਠ ਕਰਕੇ ਜੇ ਕੋਈ ਬਹੁਤਾ ਤਪ ਭੀ ਘਾਲੇ=ਕਮਾਵੇ (ਕਰੇ), ਤਾਂ ਕਾਮ ਆਦਿਕਾਂ ਦੀ ਤਰਫ ਜਿਪਈ=ਜਿੱਤੀ ਨਹੀਂ ਜਾਂਦੀ ।

*ਅਥਵਾ:*-ਪਰਮੇਸ਼ਰ ਦੀ ਤਰਫ ਜਿਪਈ ਨ=ਜਾਣੀ ਨਹੀਂ ਜਾਂਦੀ।

## ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ, ਜੇ ਸਤ=ਸਤ, ਚਿਤ, ਅਨੰਦ ਸਰੂਪ ਪਰਮੇਸ਼ਰ ਵਿਚ ਭਾਉ=ਪ੍ਰੇਮ ਦੇਵੇ ਤਾਂ ਕਾਮ-ਆਦਿਕਾਂ ਦੀ ਤਰਫ ਨੂੰ ਜਿਣੈ =ਜਿੱਤ ਲੈਂਦਾ ਹੈ ।

*ਅਥਵਾ:*- ਪਰਮੇਸ਼ਰ ਦੀ ਤਰਫ ਨੂੰ ਜਿਣੈ=ਜਾਣ ਲੈਂਦਾ ਹੈ।॥ ੪ ॥

## ਪਉੜੀ ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥

ਜਿਸ ਕਰਤੇ ਪੁਰਖ ਪਰਮਾਤਮਾ ਨੇ ਇਹ ਕਾਰਣੁ=ਪ੍ਰਪੰਚ ਕੀਤਾ ਹੈ, ਉਸ ਨੂੰ ਉਹ ਪਰਮੇਸ਼ਰ ਆਪ ਹੀ ਜਾਣਦਾ ਹੈ।

## ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥

ਉਸ ਨੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪ ਹੀ ਪੁਨਾ ਗੋਈ=ਬੁਲਾਈ, ਮਿਲਾਈ, ਛਪਾਈ ਹੈ, ਭਾਵ ਆਪ ਹੀ ਨਾਸ ਕਰਨੀ ਹੈ।

[ਪੰਨਾ ੭੮੯]

## ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥

ਚਾਰੇ ਜੁਗਾਂ ਵਿਚ ਸਾਰੀ ਦੁਨੀਆਂ ਭਵਿ=ਫਿਰ ਕੇ ਥੱਕ ਗਈ ਹੈ, ਪਰ ਕਰਤੇ ਦੀ ਕੀਮਤ ਕਿਸ ਤੋਂ ਹੋਈ ਹੈ ? ਭਾਵ ਕਿਸੇ ਤੋਂ ਨਹੀਂ ਹੋਈ।

## ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥

ਸਤਿਗੁਰਾਂ ਨੇ ਜਿਨ੍ਹਾਂ ਪੁਰਸ਼ਾਂ ਨੂੰ ਇਕ ਪਰਮਾਤਮਾ ਵਿਖਾਇਆ ਹੈ, ਉਸ ਦੇ ਮਨ ਤਨ ਵਿਚ ਸੁਖ ਦੀ ਪ੍ਰਾਪਤੀ ਹੋਈ ਹੈ।

## ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥ ੭ ॥

ਗੁਰਮੁਖ ਜਨ ਸਦਾ ਹੀ ਉਸ ਦੀ ਸ਼ਲਾਘਾ ਕਰਦਾ ਹੋਇਆ ਇਸ ਤਰ੍ਹਾਂ ਆਖਦਾ ਹੈ ਕਿ ਕਰਤਾ ਪੁਰਖ

ਜੋ ਕਰਦਾ ਹੈ ਓਹੀ ਕੁਝ ਹੁੰਦਾ ਹੈ॥ ੭॥

**ਸਲੋਕ ਮਹਲਾ ੨ ॥ ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ ॥**

ਜਿਨ੍ਹਾਂ ਨੂੰ ਪਰਮੇਸ਼ਰ ਦਾ ਭਉ=ਡਰ ਹੈ, ਉਹਨਾਂ ਨੂੰ ਜਮਾਂ ਦਾ ਡਰ ਨਹੀਂ ਹੈ, ਜਿਹੜੇ ਪਰਮੇਸ਼ਰ ਦੇ ਨਿ-ਭਵਿਆਹ=ਡਰ ਤੋਂ ਰਹਿਤ ਹਨ, ਉਹਨਾਂ ਨੂੰ ਜਮਾਂ ਦਾ ਮੁਚੁ ਭਉ=ਬਹੁਤਾ ਡਰ ਹੁੰਦਾ ਹੈ।

**ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਉਸ ਪਰਮੇਸ਼ਰ ਦੀ ਸਤਸੰਗ ਦੀਬਾਣਿ=ਸਭਾ ਵਿਚ ਗਿਆਂ ਇਸ ਪਟੰਤਰਾ=ਭੇਦ ਦਾ ਨਿਰਣਾ ਮਲੂਮ ਹੁੰਦਾ ਹੈ ॥ ੧ ॥

**ਮਃ ੨ ॥ ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥**
**ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥**

(੧) ਜਿਵੇਂ ਤੁਰਦੇ ਪੁਰਸ਼ ਨੂੰ ਤੁਰਦਾ ਪੁਰਸ਼ ਹੀ ਮਿਲਦਾ ਹੈ, ਉਡਦੇ ਪੰਛੀ ਨੂੰ ਉਡਦਾ ਪੰਛੀ ਹੀ ਮਿਲਦਾ ਹੈ, ਜੀਉਂਦੇ ਨੂੰ ਜੀਉਂਦਾ ਪੁਰਸ਼ ਮਿਲਦਾ ਹੈ, ਅਰਥਾਤ ਜ਼ਿੰਦਗੀ ਹੋਣ ਕਰਕੇ ਕਦੇ ਨਾ ਕਦੇ ਮੇਲ ਜ਼ਰੂਰ ਹੋ ਜਾਂਦਾ ਹੈ, ਮਰੇ ਹੋਏ ਨੂੰ ਮਰਿਆ ਪੁਰਸ਼ ਮਿਲਦਾ ਹੈ, ਭਾਵ ਪਿਤਰਾਂ ਨੂੰ ਪਿਤਰਾਂ ਦਾ ਮਿਲਾਪ ਹੁੰਦਾ ਹੈ।

ਏਸੇ ਤਰ੍ਹਾਂ:-

(੨)

**ਤੁਰਦੇ ਕਉ ਤੁਰਦਾ ਮਿਲੈ:-** ਕਰਮ ਕਾਂਡੀ ਨੂੰ ਕਰਮ ਕਾਂਡੀ ਮਿਲ ਕੇ ਖੁਸ਼ ਹੁੰਦਾ ਹੈ।
**ਉਡਤੇ ਕਉ ਉਡਤਾ ॥ :-** ਉਪਾਸ਼ਨਾ ਵਾਲੇ ਨੂੰ ਉਪਾਸ਼ਨਾ ਕਰਨ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।
**ਜੀਵਤੇ ਕਉ ਜੀਵਤਾ ਮਿਲੈ:-** ਜੀਉਂਦਾ ਹੈ ਗਿਆਨੀ, ਗਿਆਨੀ ਨੂੰ ਗਿਆਨੀ ਮਿਲਕੇ ਖੁਸ਼ ਹੁੰਦਾ ਹੈ।
**ਮੂਏ ਕਉ ਮੂਆ ॥:-** ਜੀਵਨ ਮੁਕਤ ਨੂੰ ਜੀਵਨ ਮੁਕਤ ਅਵਸਥਾ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।

(੩)

**ਤੁਰਦੇ ਕਉ ਤੁਰਦਾ ਮਿਲੈ:-** ਕਰਮ ਕਾਂਡੀ ਨੂੰ ਕਰਮ ਕਾਂਡੀ ਮਿਲ ਕੇ ਖੁਸ਼ ਹੁੰਦਾ ਹੈ।
**ਉਡਦੇ ਕਉ ਉਡਤਾ ॥:-** ਪ੍ਰਾਣਾਂਯਾਮ ਦੇ ਕਰਨ ਵਾਲੇ ਨੂੰ ਪ੍ਰਾਣਾਂਯਾਮ ਕਰਨ ਹਵਾਲਾ ਮਿਲ ਕੇ ਖੁਸ਼ ਹੁੰਦਾ ਹੈ।
**ਜੀਵਤੇ ਕਉ ਜੀਵਤਾ ਮਿਲੈ:-** ਉਪਾਸ਼ਨਾ ਕਰਨ ਵਾਲੇ ਨੂੰ ਉਪਾਸ਼ਨਾ ਕਰਨ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।
**ਮੂਏ ਕਉ ਮੂਆ ॥ :-** ਬ੍ਰਹਮਗਿਆਨੀ ਨੂੰ ਬ੍ਰਹਮਗਿਆਨੀ ਮਿਲ ਕੇ ਖੁਸ਼ ਹੁੰਦਾ ਹੈ।

(੪)

*ਪ੍ਰਸ਼ਨ:-* ਜਿਸ ਵੇਲੇ ਬ੍ਰਹਮਗਿਆਨੀ ਦਾ ਸਰੀਰ ਸ਼ਾਂਤ ਹੁੰਦਾ ਹੈ ਤਾਂ ਉਹ ਚਲ ਕੇ ਕਿਥੇ ਜਾਂਦਾ ਹੈ ?

*ਉੱਤਰ:-* ਪ੍ਰਾਣ ਅੰਤ ਵੇਲੇ ਤੱਤਾਂ ਵਿਚ ਤੱਤ ਲੀਣ ਹੋ ਜਾਂਦੇ ਹਨ, ਚੇਤਨ ਵਿਚ ਚੇਤਨ ਭਾਗ ਲੀਨ ਹੋ ਜਾਂਦਾ ਹੈ।

**ਤੁਰਦੇ ਕਉ ਤੁਰਦਾ ਮਿਲੈ:-** ਜਲ ਤੱਤ ਨੂੰ ਜਲ ਤੱਤ ਮਿਲ ਜਾਂਦਾ ਹੈ।
**ਉਡਤੇ ਕਉ ਉਡਤਾ :-** ਹਵਾ ਤੱਤ ਨੂੰ ਹਵਾ ਤੱਤ ਮਿਲ ਜਾਂਦਾ ਹੈ।

**ਜੀਵਤੇ ਕਉ ਤੁਰਦਾ ਮਿਲੈ:-** ਅੱਗ ਤੱਤ ਨੂੰ ਅੱਗ ਤੱਤ ਮਿਲ ਜਾਂਦਾ ਹੈ,
ਵਾ:-ਚੇਤਨ ਨਾਲ ਚੇਤਨ ਮਿਲ ਜਾਂਦਾ ਹੈ।

**ਮੂਏ ਕਉ ਮੂਆ॥-** ਧਰਤੀ ਤੱਤ ਨੂੰ ਧਰਤੀ ਤੱਤ ਮਿਲ ਜਾਂਦਾ ਹੈ।

## ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਸ ਪਰਮਾਤਮਾ ਨੂੰ ਸਲਾਹੁਣਾ ਕਰੀਏ, ਜਿਸ ਨੇ ਵਿਰੋਧੀ ਤੱਤਾਂ ਨੂੰ ਮੇਲ ਕੇ ਇਹ ਕਾਰਣੁ=ਪ੍ਰਪੰਚ ਕੀਤਾ ਹੈ॥ ੨॥

## ਪਉੜੀ॥ ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ॥

ਜੋ ਗੁਰ-ਸ਼ਬਦ ਦੇ ਵੀਚਾਰੀ ਹੋ ਕੇ ਸੱਚ-ਨਾਮ ਨੂੰ ਧਿਆਉਂਦੇ ਹਨ, ਉਹ ਸੱਚੇ ਹਨ।

## ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ॥

ਕਿਉਂਕਿ ਉਹਨਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਮਨ ਨੂੰ ਨਿਰਮਲਾ=ਸ਼ੁੱਧ ਕੀਤਾ ਹੈ ਅਤੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਲਿਆ ਹੈ।

## ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ॥

ਕੋਠੇ ਕੱਚੇ, ਮੰਡਪ=ਪੱਕੇ ਮੰਦਰ, ਮਾੜੀਆ=ਦੁਹਾਸਣੀਆਂ ਤੇ ਚੁਹਾਸਣੀਆਂ ਮੂਰਖ ਪੁਰਸ਼ ਇਹਨਾਂ ਦੇ ਮੋਹ ਵਿਚ ਲੱਗ ਪਏ ਹਨ।

## ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ॥

ਜਿਸ ਪਰਮੇਸ਼ਰ ਨੇ ਇਹ ਪਦਾਰਥ ਪੈਦਾ ਕੀਤੇ ਹਨ, ਜਾਂ ਦੇਣਾ ਕੀਤੇ ਹਨ, ਮਨਮੁੱਖਤਾ ਦੇ ਗੁਬਾਰੀ=ਹਨੇਰੇ ਕਰਕੇ ਉਸ ਨੂੰ ਜਾਣਦੇ ਨਹੀਂ ਹਨ।

## ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ॥ ੮॥

ਹੇ ਸੱਚਿਆ ! ਜਿਸ ਨੂੰ ਤੂੰ ਸਮਝਾਉਂਦਾ ਹੈਂ ਓਹੀ ਸਮਝਦਾ ਹੈ, ਤੇਰੀ ਕਿਰਪਾ ਤੋਂ ਬਿਨਾਂ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ ? ਭਾਵ ਆਪਣੇ ਆਪ ਇਹ ਵਿਚਾਰਾ ਮਨੁੱਖ ਕੁਝ ਨਹੀਂ ਕਰ ਸਕਦਾ। ਮਨੁੱਖ ਤਾਂ ਕਠ-ਪੁਤਲੀ ਵਾਂਗ ਹੈ, ਵਾਹਿਗੁਰੂ ਇਕ ਬਾਜੀਗਰ ਵਾਂਗ ਹੈ, ਜਿਵੇਂ ਉਹ ਜੀਵਾਂ ਨੂੰ ਆਪਣੇ ਹੁਕਮ ਵਿਚ ਨਚਾਉਂਦਾ ਹੈ ਉਵੇਂ ਨੱਚਦੇ ਹਨ॥ ੮॥

## ਸਲੋਕ ਮਃ ੩॥ ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥
## ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥

ਹੇ ਇਸਤਰੀ ! ਆਪਣੇ ਸਰੀਰ ਉਤੇ ਤਾਂ ਸ਼ਿੰਗਾਰ ਕਰ, ਜਾਂ ਪਹਿਲੇ ਆਪਣੇ ਪਤੀ ਨੂੰ ਮਨਾ ਲੈ। ਮਤਾਂ ਜੇਕਰ ਸੇਜਾ ਉਤੇ ਪਤੀ ਨਾ ਆਇਆ ਤਾਂ ਤੇਰਾ ਕੀਤਾ ਹੋਇਆ ਸ਼ਿੰਗਾਰ ਐਵੇਂ ਵਿਅਰਥ ਹੀ ਚਲਿਆ ਜਾਏਗਾ। ਇਸੇ ਤਰ੍ਹਾਂ-ਹੇ (ਜਗਿਆਸੂ ਰੂਪ) ਕਾਮਿਣ=ਇਸਤ੍ਰੀ ! ਤੂੰ ਜਪ ਤਪ ਰੂਪੀ ਸ਼ਿੰਗਾਰ ਤਾਂ ਕਰ, ਜਾਂ ਪਹਿਲੇ ਆਪਣੇ ਕੰਤੁ=ਪਤੀ-ਗੁਰਾਂ ਨੂੰ ਮਨਾ ਲੈ।

*ਅਥਵਾ:-* ਪਹਿਲੇ ਆਪਣੇ ਕੰਤੁ=ਪਰਮਾਤਮਾ ਨੂੰ ਮਨਾ ਲੈ, ਭਾਵ ਉਸ ਵਿਚ ਆਸਤਕ ਭਾਵਨਾ ਧਾਰ ਲੈ,

ਮਤਾਂ ਜੇ ਤੇਰੀ ਅੰਤਹਕਰਨ ਰੂਪੀ ਸੇਜਾ ਉਤੇ ਪਤੀ-ਪਰਮਾਤਮਾ ਆ ਕੇ ਸਖਿਆਤਕਾਰ ਨਾ ਹੋਵੇ, ਤਾਂ ਸਾਧਨਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਐਵੇਂ ਹੀ ਵਿਅਰਥ ਚਲਿਆ ਜਾਏਗਾ।

## ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ ॥

ਜਦ (ਜਗਿਆਸੂ ਰੂਪ) ਕਾਮਣਿ=ਇਸਤਰੀ ਦਾ ਪਿਰੀ ਉਤੇ ਮਨ ਮੰਨਿਆ ਗਿਆ, ਭਾਵ ਪਤੀ ਉਤੇ ਆਸਤਕ ਭਾਵਨਾ ਹੋ ਗਈ, ਤਦ ਇਸ ਦਾ ਜਪ ਤਪ ਰੂਪੀ ਸ਼ਿੰਗਾਰ ਬਣਿਆ ਸਫ਼ਲ ਹੈ।

## ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ ॥

(੧) ਜਾਂ ਪਤੀ (ਪਰਮਾਤਮਾ) ਇਸ ਨਾਲ ਪ੍ਰੇਮ ਧਾਰੇ ਤਾਂ ਇਸ ਕਾਮਣੀ ਦਾ ਜਪ ਤਪ ਰੂਪੀ ਸ਼ਿੰਗਾਰ ਕੀਤਾ ਹੋਇਆ ਪ੍ਰਮਾਣੀਕ ਹੈ।

(੨) ਇਸ ਕਾਮਣੀ ਦਾ ਸਾਧਨਾ ਰੂਪੀ ਸ਼ਿੰਗਾਰ ਕੀਤਾ ਹੋਇਆ ਤਾਂ ਪ੍ਰਮਾਣੀਕ ਹੈ ਜਾਂ ਇਹ ਪਤੀ ਵਿਚ ਪ੍ਰੇਮ ਧਾਰਨਾ ਕਰੇ।

## ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥

ਪਰਮੇਸ਼ਰ ਦਾ ਭਉ=ਡਰ ਧਾਰਨਾ ਇਹ ਸ਼ਿੰਗਾਰ ਕਰੇ, ਰਸੁ=ਪ੍ਰੇਮ ਰੂਪ ਤੰਬੋਲ=ਪਾਨ ਖਾਵੇ, ਭਾਉ=ਬ੍ਰਹਮਗਿਆਨ ਰੂਪੀ ਭੋਜਨ ਖਾਣਾ ਕਰੇ।

## ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥ ੧ ॥

ਆਪਣਾ ਤਨ ਤੇ ਮਨ ਪਤੀ-ਪਰਮਾਤਮਾ ਨੂੰ ਸਉਪੇ=ਭੇਟਾ ਕਰ ਦੇਵੇ, ਗੁਰੂ ਜੀ ਕਥਨ ਕਰਦੇ ਹਨ-ਤਦ ਇਹ (ਜਗਿਆਸੂ ਰੂਪ) ਇਸਤਰੀ ਅਭੇਦਤਾ ਦੇ ਅਨੰਦ ਨੂੰ ਭੋਗਣਾ ਕਰਦੀ ਹੈ ॥ ੧ ॥

## ਮਃ ੩ ॥ ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥
## ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥ ੨ ॥

ਇਸਤਰੀ ਨੇ ਅੱਖਾਂ ਵਿਚ ਕੱਜਲ ਪਾਇਆ, ਗਲ ਵਿਚ ਫੁੱਲਾਂ ਦੀ ਮਾਲਾ ਪਾਈ, ਮੂੰਹ ਵਿਚ ਤੰਬੋਲ=ਪਾਨ ਖਾਧਾ, ਰਸੁ=ਪ੍ਰੇਮ ਦੀਆਂ ਗੱਲਾਂ ਕੀਤੀਆਂ, ਇਤਿਆਦਿਕ ਚੀਜ਼ਾਂ ਲੈ ਕੇ ਇਸਤਰੀ ਨੇ ਆਪਣੇ ਤਨ ਉਤੇ ਸ਼ਿੰਗਾਰ ਕੀਤਾ, ਪਰ ਸੇਜਾ ਉਤੇ ਪਤੀ ਆ ਕੇ ਨਾ ਮਿਲਿਆ ਤਾਂ ਉਹ ਕੀਤਾ ਹੋਇਆ ਸ਼ਿੰਗਾਰ ਐਵੇਂ ਵਿਕਾਰ ਰੂਪ ਹੋ ਗਿਆ ॥ ੨ ॥

ਏਸੇ ਤਰ੍ਹਾਂ-ਜਗਿਆਸੂ ਰੂਪ ਇਸਤਰੀ ਨੇ ਸਮਾਧੀ ਲਗਾਉਣ ਰੂਪ ਕੱਜਲ ਪਾਇਆ, ਫੂਲ=ਪ੍ਰਫੁੱਲਤ ਹੋ ਕੇ ਗੁਣਾਂ ਦੇ ਗਾਉਣ ਕਰਨੇ ਰੂਪ ਫੁੱਲਾਂ ਦਾ ਹਾਰ ਪਹਿਰਿਆ, ਰਸੁ ਤੰਬੋਲ=ਪ੍ਰੇਮ,

ਵਾ:-ਬ੍ਰਹਮਗਿਆਨ ਰੂਪੀ ਪਾਨਾਂ ਦਾ ਬੀੜਾ ਲੈ ਕੇ ਇਸਤਰੀ ਨੇ ਸੋਹਣਾ ਸ਼ਿੰਗਾਰ ਕੀਤਾ ਹੈ। ਪਰ ਬੁੱਧੀ ਰੂਪ ਸੇਜਾ ਉਤੇ ਪਤੀ-ਪਰਮਾਤਮਾ ਆ ਕੇ ਸਖਿਆਤਕਾਰ ਨਾ ਹੋਇਆ ਤਾਂ ਇਹ ਸਾਧਨਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਐਵੇਂ ਵਿਕਾਰ ਰੂਪ ਹੋ ਗਿਆ ॥ ੨ ॥

## ਮਃ ੩ ॥ ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
## ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥

ਇਹ ਇਸਤਰੀ ਤੇ ਪਤੀ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ।

ਦੁਇ ਮੂਰਤੀ=ਸ਼ਕਲਾਂ ਭਾਵੇਂ ਦੋ ਹੋਣ ਪਰ ਅੰਦਰਲੀ ਜੋਤ ਇਕ ਹੋਣੀ ਚਾਹੀਦੀ ਹੈ, ਉਹ ਇਸਤਰੀ ਤੇ ਪਤੀ ਕਹੇ ਜਾਂਦੇ ਹਨ।

ਏਸੇ ਤਰ੍ਹਾਂ-ਏਹ ਧਨ ਪਿਰੁ=ਚੇਲਾ ਗੁਰੂ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ।

ਗੁਰੂ ਚੇਲੇ ਦੀਆਂ ਮੂਰਤੀਆਂ ਭਾਵੇਂ ਦੋ ਹੋਣ, ਪਰ ਦੋਹਾਂ ਦੀ ਜੋਤ ਇਕੋ ਹੋਣੀ ਚਾਹੀਦੀ ਹੈ ਅਰਥਾਤ ਜੇ ਦਿਲ ਦਾ ਸਿਧਾਂਤ ਇਕੋ ਹੋਵੇ ਤਾਂ ਅਸਲ ਵਿਚ ਉਹ ਗੁਰੂ ਚੇਲਾ ਕਹੇ ਜਾਂਦੇ ਹਨ।

*ਅਥਵਾ:-* ਧਨ ਪਿਰੁ=ਜੀਵ ਤੇ ਈਸ਼੍ਵਰ ਇਹ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ। ਮੂਰਤੀਆਂ ਭਾਵੇਂ ਦੋ ਹੋਣ ਜੀਵ ਤੇ ਈਸ਼੍ਵਰ ਦੀ ਪਰ ਜੋਤ ਇਕ ਹੋਣੀ ਚਾਹੀਦੀ ਹੈ; ਸਤ, ਚਿਤ, ਅੰਨਦ, ਸਰੂਪ, ਉਹ ਜੀਵ ਈਸ਼੍ਵਰ ਦੋਵੇਂ ਅਭੇਦ ਰੂਪ ਕਹੇ ਜਾਂਦੇ ਹਨ॥ ੩॥

## ਪਉੜੀ॥ ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥

ਪਰਮੇਸ਼ਰ ਦੇ ਡਰ ਧਾਰੇ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਤੇ ਭਗਤੀ ਤੋਂ ਬਿਨਾਂ ਨਾਮਿ=ਨਾਮੀ ਪਰਮਾਤਮਾ ਵਿਚ ਪਿਆਰ ਨਹੀਂ ਲੱਗਦਾ।

## ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥

ਸਤਿਗੁਰਾਂ ਨਾਲ ਮਿਲਣ ਕਰਕੇ ਪਰਮੇਸ਼ਰ ਦਾ ਡਰ ਪੈਦਾ ਹੁੰਦਾ ਹੈ। ਡਰ ਹੀ ਪ੍ਰੇਮ ਦੇ ਰੰਗ ਨੂੰ ਸਵਾਰ ਦੇਂਦਾ ਹੈ,

*ਅਥਵਾ:-* ਭੈ=ਡਰ ਧਾਰ ਕੇ ਭਾਇ=ਪ੍ਰੇਮ ਨਾਲ ਅੰਤਹਕਰਨ ਨੂੰ ਸਵਾਰੇ ਤਾਂ ਰੰਗੁ=ਅਨੰਦ ਹੁੰਦਾ ਹੈ।

## ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ॥

ਜਿਸ ਦਾ ਤਨ ਮਨ ਰੰਗ=ਪ੍ਰੇਮ ਨਾਲ ਰੱਤਾ ਗਿਆ ਹੈ, ਉਸ ਨੇ ਹਉਮੈ ਤੇ ਤ੍ਰਿਸ਼ਨਾ ਨੂੰ ਮਾਰ ਲਿਆ ਹੈ।

## ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ॥

ਜਿਸ ਵੇਲੇ ਮਨ ਤੇ ਤਨ ਅਤਿਅੰਤ ਕਰਕੇ ਨਿਰਮਲ ਹੋ ਗਿਆ, ਤਿਸ ਵੇਲੇ ਸੋਹਣਾ ਜੋ ਕ੍ਰਿਸ਼ਨ ਮੁਰਾਰੀ ਪਰਮਾਤਮਾ ਹੈ ਉਹ ਮਿਲ ਪਿਆ।

## ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ॥ ੯॥

ਭਉ=ਡਰ ਅਤੇ ਭਾਉ=ਪ੍ਰੇਮ ਸਭ ਉਸ ਪਰਮੇਸ਼ਰ ਦਾ ਧਾਰੇ, ਉਹ ਸੱਚਾ ਪ੍ਰਭੂ ਹੀ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ॥ ੯॥

## ਸਲੋਕ ਮਃ ੧॥ ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥

ਹੇ ਪੁਰਸ਼ਾ ! ਤੂੰ ਇਸ ਤਰ੍ਹਾਂ ਨਿਸਚੇ ਕਰ, ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਨੂੰ ਰਚਿ=ਬਣਾ ਕੇ ਹਮ=ਤਮਾਮ (ਸਾਰੇ) ਜੀਵ ਰਚਨਾ ਕੀਤੇ ਹਨ ਉਹ ਖਸਮ ਪਰਮਾਤਮਾ ਵਾਹੁ=ਧੰਨ ਹੈ, ਧੰਨ ਹੈ।

## ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ॥

ਸਾਗਰ ਤੇ ਸਮੁੰਦ ਦੋ ਸ਼ਬਦ ਵਿਚ ਲਿਖੇ ਹਨ ਪੰਜ ਉੱਪਰੋਂ ਲੈਣੇ, ਸਾਰੇ ਸੱਤ ਸਮੁੰਦਰ ਰਚੇ ਹਨ,

*ਅਥਵਾ:-*ਸਾਗਰ=ਸਗਰ ਰਾਜਾ ਦੇ ਪੁੱਤਰ ਦੀ ਖੱਡੀ ਤੇ ਸਮੁੰਦਰ ਅਤੇ ਉਸ ਦੀਆਂ ਲਹਿਰਾਂ, ਸਰ=ਮਾਨ

ਸਰੋਵਰ, ਵੇਲਿ=ਦਰੀਆਵਾਂ ਦੇ ਬੇਲੇ, ਵਾ:-ਕਿਨਾਰੇ, ਵਾ:-ਸਮੇਂ, ਬਾਰਾਂ ਮਹੀਨਿਆਂ ਦੇ ਵਰਸ=ਵਰ੍ਹੇ, ਵਰਾਹੁ=ਪਰਬਤ, ਵਾ:-ਕੁੰਭ ਜੋ ਹਰ ਬਾਰਾਂ ਸਾਲਾਂ ਪਿੱਛੋਂ ਆਉਂਦਾ ਹੈ, ਜਿਵੇਂ ਹੁਣ ੧੯੭੬ ਸੰਨ ਵਿਚ ਅਲਾਹਾਬਾਦ ਪਰਾਗ ਰਾਜ ਸੰਗਮ ਦਾ ਕੁੰਭ ਆਇਆ ਹੈ।

*ਅਥਵਾ:*-ਵਰਾਹੁ=ਬਰਾਹ ਅਵਤਾਰ ਭੀ ਧਾਰਨਾ ਕੀਤਾ ਹੈ।

## ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥

ਜਗਤ ਨੂੰ ਆਪ ਹੀ ਪੈਦਾ ਕਰਦਾ ਹੈ, ਪੁਨਾ ਆਪ ਹੀ ਇਸ ਦੇ ਵਿਚ ਖੜੋਵਹਿ=ਇਸਥਿਤ ਹੋ ਰਿਹਾ ਹੈ ਅਤੇ ਆਪ ਹੀ ਇਸ ਤੋਂ ਆਪਾਹੁ=ਨਿਰਲੇਪ (ਅਸੰਗ) ਹੈ।

## ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥

ਉਹਨਾਂ ਗੁਰਮਖਾਂ ਦੀ ਸੇਵਾ ਕੀਤੀ ਹੋਈ ਪਵੈ=ਕਬੂਲ ਪੈਂਦੀ ਹੈ,

ਜਿਨ੍ਹਾਂ ਨੇ ਉਨਮਨਿ=ਤੁਰੀਆ ਪਦ ਰੂਪੀ ਤਤੁ=ਸਿਧਾਂਤ ਨੂੰ ਕਮਾਇਆ ਹੈ।

## ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥

ਹੇ ਭਾਈ! ਜਪ ਤਪ ਰੂਪ ਮਸਕਤਿ=ਮੇਹਨਤ ਨੂੰ ਕਰਕੇ ਖਸਮ ਦਰਾਹੁ=ਪਰਮੇਸ਼ਰ ਦੇ ਦਰਵਾਜ਼ੇ ਤੋਂ ਮੰਗ ਮੰਗ ਕੇ ਮਜੂਰੀਆਂ ਲੈਣਾ ਕਰੋ। ਕਿਉਂਕਿ ਉਹ ਪਰਮੇਸ਼ਰ ਕਿਸੇ ਦੀ ਕੀਤੀ ਹੋਈ ਕਮਾਈ ਨੂੰ ਇਕ ਤਿਲ ਮਾਤਰ ਭੀ ਨਿਸਫਲ ਨਹੀਂ ਗੁਆਉਂਦਾ।

## ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧॥

ਗੁਰੂ ਜੀ ਕਥਨ ਕਰਦੇ ਹਨ-ਬੇ-ਪਰਵਾਹ ਪ੍ਰਭੂ ਦਾ ਦਰਵਾਜ਼ਾ ਸਭ ਪਦਾਰਥਾਂ ਕਰਕੇ ਪੂਰਨ ਹੈ, ਜੋ ਸੱਚਾ ਪ੍ਰਭੂ ਬੇ-ਪਰਵਾਹ ਹੈ, ਉਸ ਦੇ ਦਰਵਾਜ਼ੇ ਤੋਂ ਕੋਈ ਭੀ ਊਣਾ=ਖਾਲੀ ਨਹੀਂ ਜਾਂਦਾ ॥ ੧॥

## ਮਹਲਾ ੧ ॥ ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥

ਜਿਨ੍ਹਾਂ ਗਹਿਣਿਆਂ ਦੇ ਨਾਲ ਉੱਜਲ (ਚਿੱਟੇ) ਮੋਤੀ ਤੇ ਸੁਹਣੇ ਰਤਨ ਜੜਤਕਾਰੀ ਕੀਤੇ ਹੋਏ ਹਨ।

## ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਦਾ ਜਰੁ=ਧਨ ਉਹਨਾਂ ਦਾ ਵੈਰੀ ਹੈ ਜਿਹੜੇ ਬੁਢੇ=ਹੰਕਾਰੀ ਹੋ ਕੇ ਮਰਦੇ ਹਨ॥ ੨॥

*ਅਥਵਾ:*-ਜਿਸ ਮਨੁੱਖ ਸਰੀਰ ਦੇ ਨਾਲ ਉਜਲ ਮੋਤੀ=ਚਿੱਟੇ ਦੰਦ ਤੇ ਰਤਨ=ਨੇਤਰ ਜੜੇ ਹੋਏ ਸੋਹਣੇ=ਸ਼ੋਭਨੀਕ ਹੋ ਰਹੇ ਹਨ।

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੇਤਰ ਆਦਿਕ ਇੰਦ੍ਰੀਆਂ ਦਾ ਵੈਰੀ ਜਰੁ=ਬੁਢੇਪਾ ਹੈ, ਜਿਹੜੇ ਬੁੱਢੇ ਹੋ ਕੇ ਮਰਦੇ ਹਨ ਉਹਨਾਂ ਦੇ ਸਭ ਇੰਦ੍ਰੀਏ ਕਮਜ਼ੋਰ ਹੋ ਜਾਂਦੇ ਹਨ।

*ਅਥਵਾ:*- ਜਿਸ ਵੇਲੇ ਬੁਢੇ ਹੋਈਦਾ ਹੈ ਤਾਂ ਇਹ ਸਭ ਇੰਦ੍ਰੀਏ ਮਰ ਜਾਂਦੇ ਹਨ, ਅਰਥਾਤ ਦੰਦ ਝੜ ਜਾਂਦੇ ਹਨ ਤੇ ਅੱਖਾਂ ਵਿੱਚੋਂ ਦਿੱਸਣੋਂ ਘਟ ਜਾਂਦਾ ਹੈ।

[ਪੰਨਾ ੭੮੯]

## ਪਉੜੀ ॥ ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥

ਹੇ ਭਾਈ! ਸਦਾ ਸਦਾ ਹਰੀ ਨੂੰ ਸਲਾਹੁਣਾ ਕਰ, ਮਨੁ=ਸੂਖਮ ਸਰੀਰ ਤਨੁ=ਨਾਲੇ ਅਸਥੂਲ ਸਰੀਰ ਨੂੰ ਗੁਰਾਂ ਅੱਗੇ ਸਉਪਿ=ਅਰਪਣ ਕਰ।

## ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥

ਗੁਰ-ਸ਼ਬਦੀਆਂ ਨੇ ਸੱਚ ਨੂੰ ਪਾਇਆ ਹੈ, ਜੋ ਸੱਚਾ ਗਹਿਰ=ਡੂੰਘਾ ਤੇ ਗੰਭੀਰੁ=ਨਿਰਮਲ ਹੈ।

## ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥

ਹੀਰਿਆਂ ਵਿੱਚੋਂ ਸ਼ੁੱਧ ਹੀਰਾ ਜੋ ਹਰੀ ਹੈ, ਉਹ ਗੁਰਮੁਖਾਂ ਦੇ ਮਨ ਤਨ ਅਤੇ ਹਿਰਦੇ ਵਿਚ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ।

## ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥

ਇਸ ਲਈ ਉਨ੍ਹਾਂ ਦੇ ਜਨਮ ਮਰਨ ਦਾ ਦੁੱਖ ਚਲਾ ਗਿਆ ਹੈ, ਫਿਰ ਉਹ ਚੁਰਾਸੀ ਲੱਖ ਜੂਨੀਆਂ ਦੇ ਫ਼ੀਰੁ=ਫੇਰੇ ਵਿਚ ਨਹੀਂ ਪੈਂਦਾ। ਵਾ:-ਫੀਰੁ=ਫੀਲ ਭਾਵ ਹਾਥੀ ਆਦਿਕ ਜੂਨੀਆਂ ਵਿਚ ਨਹੀਂ ਪੈਂਦਾ।

## ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ! ਤੂੰ ਉਸ ਦੇ ਨਾਮ ਨੂੰ ਸਲਾਹੁਣਾ ਕਰ, ਜੋ ਹਰੀ ਸ਼ੁਭ-ਗੁਣਾਂ ਦਾ ਗਹੀਰੁ=ਸਮੁੰਦਰ ਹੈ॥ ੧੦॥

## ਸਲੋਕ ਮਃ ੧ ॥ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥ ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥

ਗੁਰੂ ਜੀ ਕਥਨ ਕਰਦੇ ਹਨ-ਇਸ ਸਰੀਰ ਨੂੰ ਜਾਲਿ=ਸਾੜ ਫੂਕ ਦੇ, ਕਿਉਂਕਿ ਜਿਸ ਪਦਾਰਥਾਂ ਦੀ ਤ੍ਰਿਸ਼ਨਾ ਅੱਗ ਨਾਲ ਸੜੇ ਹੋਏ ਨੇ ਵਾਹਿਗੁਰੂ-ਨਾਮ ਵਿਸਾਰ ਦਿੱਤਾ ਹੈ। ਵਾ:- ਹੇ ਪੁਰਖਾ! ਇਸ ਤਨ ਅਭਿਮਾਨ ਨੂੰ ਗਿਆਨ ਅੱਗ ਨਾਲ ਸਾੜ ਦੇ, ਵਾ:- ਇਹ ਤਨ, ਇੰਦ੍ਰਜਾਲ ਦੇ ਪਦਾਰਥਾਂ ਵਾਂਗ ਮਿਥਿਆ ਹੈ, ਜਿਸ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅੱਗ ਨਾਲ ਸੜੇ ਹੋਏ ਨੇ ਪਰਮੇਸ਼ਰ ਦਾ ਨਾਮ ਭੁਲਾ ਦਿੱਤਾ ਹੈ।

ਕਿਸੇ ਆਦਮੀ ਦੀ ਮੁੰਦਰੀ ਨੀਵੇਂ ਤਲਾ ਵਿਚ ਜਾ ਪਈ ਤੇ ਉੱਪਰ ਖੜਾ ਰੋਈ ਜਾਵੇ ਹੇਠਾਂ ਜਾ ਕੇ ਕੱਢਦਾ ਨਹੀਂ। ਇਤਨੇ ਨੂੰ ਕਿਸੇ ਲੰਘਦੇ ਜਾਂਦੇ ਸਿਆਣੇ ਆਦਮੀ ਨੇ ਪੁੱਛਿਆ-"ਤੂੰ ਰੋਂਦਾ ਕਿਉਂ ਹੈਂ?" ਤਾਂ ਉਸ ਨੇ ਕਿਹਾ- "ਇਸ ਨੀਵੇਂ ਤਲਾ ਵਿਚ ਮੇਰੀ ਮੁੰਦਰੀ ਡਿੱਗ ਪਈ ਹੈ।" ਇਹ ਗੱਲ ਸੁਣਕੇ ਉਸ ਸਿਆਣੇ ਨੇ ਕਿਹਾ- "ਹੇ ਭਲੇ ਲੋਕਾ! ਤਿਤੁ ਨਿਵੰਧੈ ਤਾਲਿ=ਤਿਸ ਨੀਵੇਂ ਤਲਾ ਦੇ ਵਿਚ ਹਨੇਰੀ ਵਗਣ ਕਰਕੇ ਪਉਦੀ ਜਾਇ ਪਰਾਲਿ=ਮਿੱਟੀ ਘੱਟਾ ਪਈ ਜਾਂਦਾ ਹੈ, ਪਿੱਛੋਂ ਤੇਰਾ ਹੱਥ ਨਹੀਂ ਅੰਬੜੈ=ਪਹੁੰਚਣਾ। ਹੁਣ ਤੂੰ ਛੇਤੀ ਛੇਤੀ ਕੱਢ ਲੈ। ਇਹ ਦ੍ਰਿਸ਼ਟਾਂਤ ਹੈ। ਏਸੇ ਤਰ੍ਹਾਂ-ਤਿਸ ਅੰਤਹਕਰਨ ਰੂਪ ਨੀਵੇਂ ਤਲਾ ਦੇ ਵਿਚ ਆਤਮਾ ਰੂਪੀ ਇਕ ਸੋਨੇ ਦੀ ਛਾਪ ਹੈ ਉਸ ਨੂੰ ਤੂੰ ਕੱਢ ਲੈ, ਨਹੀਂ ਤਾਂ ਕਾਮ ਆਦਿਕਾਂ ਦਾ ਝੱਖੜ ਝੁੱਲ ਰਿਹਾ ਹੈ, ਵਿਸ਼ਿਆਂ ਰੂਪੀ ਮਿੱਟੀ ਘੱਟਾ ਪਈ ਜਾਂਦੀ ਹੈ ਪਿੱਛੋਂ ਤੇਰਾ ਮਨ ਬੁੱਧੀ ਰੂਪੀ ਹੱਥ ਅੰਬੜੈ ਨ=ਪਹੁੰਚਣਾ ਨਹੀਂ॥ ੧॥

ਭਾਵ ਜਿਸ ਵੇਲੇ ਪਾਪ ਬਹੁਤੇ ਹੋ ਗਏ, ਤਾਂ ਫਿਰ ਬੁੱਧੀ ਵਿਚ ਨਾਮ ਜਪਣ ਦੀ ਤਾਕਤ ਨਹੀਂ ਰਹਿਣੀ, ਇਸ ਲਈ ਤੂੰ ਹੁਣੇ ਨਾਮ ਜਪ ਲੈ ॥ ੧॥

## ਮਃ ੧ ॥ ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥ ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਨ ਦੇ ਕੰਮ ਇਤਨੇ ਫਿਟਿਆ=ਵਿਗੜੇ ਹੋਏ ਹਨ, ਜੋ ਗਿਣਤੀ ਨਹੀਂ ਆਉਂਦੀ। ਇਹ ਕੁਝ ਪਤਾ ਨਹੀਂ ਜੋ ਉਹਨਾਂ ਵਿਗੜੇ ਹੋਏ ਕੰਮਾਂ ਦੇ ਫਲ ਵਿਚ ਕਿਤੀ ਲਹਾ ਸਹੰਮ*=ਸਹੰਮਾ ਪਦ ਦੁਖ ਦਾ ਵਾਚਕ ਤੁਖਾਰੀ ਰਾਗ ਵਿਚ ਵੀ ਲਿਖਿਆ ਹੈ-

ਕਿਤਨਾ ਕੁ ਸਹੰਮ=ਦੁੱਖ ਲਵਾਂਗਾ, ਪਰ ਜੇਕਰ ਵਾਹਿਗੁਰੂ ਬਖਸ਼ ਦੇਵੇ, ਤਾਂ ਚੁਰਾਸੀ ਵਿਚ ਧੱਕਾ ਨਹੀਂ ਮਿਲੇਗਾ ॥ ੨ ॥

## ਪਉੜੀ ॥ ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ ॥

ਸਚਾ ਫੁਰਮਾਣੁ=ਹੁਕਮ ਕਰਕੇ ਸੱਚਾ ਅਮਰੁ=ਰਾਜ ਚਲਾਇਆ ਹੈ।

## ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥

ਉਹ ਸੁਜਾਣੁ ਪੁਰਖ ਨਿਸਚਲ ਹੋ ਕੇ ਸਦਾ ਰਵਿ ਰਿਹਾ ਹੈ।

## ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥

ਗੁਰਾਂ ਦੀ ਕਿਰਪਾ ਦੁਆਰੇ ਸੱਚਾ ਜੋ ਸਬਦਿ=ਬ੍ਰਹਮ ਹੈ ਨੀਸਾਣ=ਪ੍ਰਗਟ, ਉਸ ਨੂੰ ਸੇਵਣਾ ਕਰੀਏ।

## ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥

ਹੇ ਭਾਈ ! ਜਿਸ ਨੇ ਜਗਤ ਦਾ ਪੂਰਾ ਥਾਟਿ=ਬਨਾਉ ਬਣਾਇਆ ਹੈ, ਗੁਰ-ਸਿਖਿਆ ਦੁਆਰੇ ਤੂੰ ਉਸ ਦੇ ਰੰਗੁ ਮਾਣੁ=ਅਨੰਦ ਨੂੰ ਭੋਗਣਾ ਕਰ।

## ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥ ੧੧ ॥

ਜੋ ਹਰੀ ਮਨ ਕਰਕੇ ਅਗਮੁ ਤੇ ਅਗੋਚਰੁ=ਇੰਦਰੀਆਂ ਦੇ ਅਵਿਸ਼ੇ ਹੈ ਅਤੇ ਆਪਣੇ ਆਪ ਉਹ ਅਲਖੁ=ਲਖਣੇ (ਜਾਨਣ) ਤੋਂ ਰਹਿਤ ਹੈ, ਉਸ ਹਰੀ ਨੂੰ ਗੁਰਾਂ ਦੁਆਰੇ ਜਾਨਣਾ ਕਰ ॥ ੧੧ ॥

## ਸਲੋਕ ਮਃ ੧ ॥ ਨਾਨਕ ਬਦਰਾ** ਮਾਲ ਕਾ ਭੀਤਰਿ ਧਰਿਆ ਆਣਿ ॥ ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਵੇਲੇ ਧਨ ਮਾਲ ਦਾ ਬਦਰਾ ਬਾਦਸ਼ਾਹ ਦੀ ਕਚਹਿਰੀ ਵਿਚ ਲਿਆ ਕੇ ਰੱਖਣਾ ਕੀਤਾ। ਤਿਸ ਵੇਲੇ ਸਾਹਿਬ ਕੈ ਦੀਬਾਣਿ=ਬਾਦਸ਼ਾਹ ਦੀ ਕਚਹਿਰੀ ਵਿਚ ਖੋਟੇ ਅਤੇ ਖਰੇ ਰੁਪਏ ਸਭ ਪਰਖੇ ਜਾਂਦੇ ਹਨ।

ਇਸੀ ਪ੍ਰਕਾਰ:-ਪਾਪੀ ਪੁੰਨੀ ਜੀਵਾਂ ਰੂਪੀ ਮਾਲ ਦਾ ਬਦਰਾ ਭਾਵ ਬਿਅੰਤ ਪਾਪੀ ਪੁੰਨੀ ਜੀਵਾਂ ਦਾ ਸਮਦਾ ਧਰਮ ਰਾਜਾ ਦੀ ਕਚਹਿਰੀ ਵਿਚ ਲਿਆ ਕੇ ਰੱਖਣਾ ਕੀਤਾ। ਸਾਹਿਬ=ਧਰਮ ਰਾਜਾ ਦੀ ਸਭਾ ਵਿਚ ਖੋਟੇ

---

*"ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥" (ਪੰ: ੧੧੦੭)

**ਇਕ ਹਜ਼ਾਰ ਰੁਪਏ ਦੀ ਥੈਲੀ ਹੁੰਦੀ ਹੈ, ਤੇ ਦਸ ਹਜ਼ਾਰ ਰੁਪਏ ਦਾ 'ਬਦਰਾ' ਹੁੰਦਾ ਹੈ।

ਖਰੇ=ਪਾਪੀ ਪੁੰਨੀ ਜੀਵ ਸਾਰੇ ਪਰਖੇ ਜਾਂਦੇ ਹਨ॥ ੧॥

## ਮਃ ੧॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
## ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥

ਜੋ ਮਨ ਦੇ ਖੋਟੇ ਅਤੇ ਤਨ ਦੇ ਚੋਰ ਪੁਰਸ਼ ਤੀਰਥਾਂ ਪਰ ਇਸ਼ਨਾਨ ਕਰਨ ਚੱਲੇ ਹਨ। ਓਹਨਾਂ ਦਾ ਤੀਰਥਾਂ ਪਰ ਜਾ ਕੇ ਇਸ਼ਨਾਨ ਕਰਨ ਨਾਲ ਪਾਪਾਂ ਦਾ ਇਕ ਅਤੇ ਭਾਉ=ਹਿੱਸਾ ਤਾਂ ਲੱਥ ਗਿਆ, ਪਰ ਓਥੇ ਜਾ ਕੇ ਵਿਸ਼ਿਆਂ ਨੂੰ ਭੋਗਦਾ ਰਿਹਾ ਜਾਂ ਚੋਰੀ, ਠੱਗੀ ਕਰਦਾ ਰਿਹਾ। ਇਸ ਤੇ ਦੁਇ ਭਾ=ਦੋ ਹਿੱਸੇ ਪਾਪਾਂ ਦੇ ਹੋਰ ਸਿਰ ਤੇ ਚੜ੍ਹ ਗਏ।

## ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥

ਜਿਵੇਂ ਪ੍ਰਤੱਖ ਬਾਹਰੋ ਤੂੰਬੀ ਦੇ ਧੋਣ ਕਰਕੇ ਉਹ ਕੋਈ ਮਿੱਠੀ ਨਹੀਂ ਹੁੰਦੀ ਉਸ ਦੇ ਅੰਦਰ ਨਿਕੋਰ=ਨਿਰੋਲ। ਵਾ:-ਕੋਰੀ ਦੀ ਕੋਰੀ ਵਿਹੁ ਰਹਿੰਦੀ ਹੈ। ਜਿਵੇਂ:-

## ਸਾਖੀ-ਕਬੀਰ ਜੀ ਦੀ

ਭਗਤ ਕਬੀਰ ਜੀ ਦਾ ਇਕ ਚੇਲਾ ਕਬੀਰ ਜੀ ਤੋਂ ਆਗਿਆ ਲੈ ਕੇ ਤੀਰਥ ਇਸ਼ਨਾਨ ਨੂੰ ਚੱਲਿਆ ਤਾਂ ਉਸ ਨੂੰ ਕਬੀਰ ਜੀ ਨੇ ਇਕ ਤੂੰਬੀ ਦਿੱਤੀ ਤੇ ਕਿਹਾ-"ਜਿਥੇ ਤੂੰ ਇਸ਼ਨਾਨ ਕਰੇਂ ਇਸ ਨੂੰ ਭੀ ਨਾਲ ਕਰਵਾ ਦਿੱਤਾ ਕਰੀਂ।" ਉਸ ਨੇ ਆਖਿਆ-"ਸਤ ਬਚਨ ਜੀ ! ਇਕ ਵੇਰ ਕੀ ਦਸ ਵਾਰੀ ਇਸ਼ਨਾਨ ਕਰਵਾ ਦੇਵਾਂਗਾ।" ਉਸ ਨੇ ਵੈਸੇ ਹੀ ਕੀਤਾ ਜਿਥੇ ਵੀ ਜਾ ਕੇ ਉਸ ਨੇ ਇਸ਼ਨਾਨ ਕੀਤਾ ਤੂੰਬੀ ਨੂੰ ਦਸ ਵਾਰੀ ਇਸ਼ਨਾਲ ਕਰਵਾਇਆ। ਜਦ ਤੀਰਥ ਯਾਤ੍ਰਾ ਕਰਕੇ ਉਹ ਘਰ ਨੂੰ ਵਾਪਸ ਆਇਆ ਤੇ ਕਬੀਰ ਜੀ ਨੂੰ ਮੱਥਾ ਟੇਕ ਕੇ ਉਹ ਤੂੰਬੀ ਅੱਗੇ ਰੱਖ ਦਿਤੀ। ਕਬੀਰ ਜੀ ਨੇ ਉਸੀ ਵੇਲੇ ਲਾਂਗਰੀ ਨੂੰ ਸੱਦਕੇ ਕਿਹਾ-"ਇਹ ਤੂੰਬੀ ਕੱਟ ਕੇ ਚਾੜ੍ਹ ਦੇ ਤੇ ਸਭਨਾਂ ਨੂੰ ਥੋੜ੍ਹੀ ਥੋੜ੍ਹੀ ਰੋਟੀ ਦੇ ਨਾਲ ਦੇ ਦੇਈਂ।" ਜਦ ਲਾਂਗਰੀ ਨੇ ਚਾੜ੍ਹ ਕੇ ਸਭਨਾਂ ਨੂੰ ਦਿੱਤੀ ਤਾਂ ਸਭ ਥੂ-ਥੂ ਕਰਨ ਲੱਗ ਪਏ। ਭਾਵ ਜਿਵੇਂ ਤੀਰਥਾਂ ਪਰ ਇਸ਼ਨਾਨ ਕਰਨ ਨਾਲ ਤੂੰਬੀ ਦੀ ਕੁੜੱਤਨਤਾ ਨਹੀਂ ਗਈ, ਇਸੇ ਤਰ੍ਹਾਂ ਖੋਟੇ ਪੁਰਸ਼ਾਂ ਦੀ ਵੀ ਤੀਰਥਾਂ ਪਰ ਇਸ਼ਨਾਨ ਕਰਨ ਨਾਲ ਪਾਪਾਂ ਰੂਪੀ ਮੈਲ ਨਹੀਂ ਜਾਂਦੀ, ਹਿਰਦੇ ਅੰਦਰ ਕੋਰੀ ਦੀ ਕੋਰੀ ਵਿਸ਼ਿਆਂ ਰੂਪੀ ਵਿਹੁ ਵਧਦੀ ਹੈ।

*ਯਥਾ:*-"ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ ॥ ੧॥ ਰਹਾਉ॥

ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥ ੨॥ *(ਪੰਨਾ ੬੫੬)*

## ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ ੨॥

ਜੋ ਸਾਧ=ਸ੍ਰੇਸ਼ਟ ਪੁਰਸ਼ ਹਨ, ਉਹ ਅਣਨਾਤਿਆ=ਬਿਨਾਂ ਇਸ਼ਨਾਨ ਦੇ ਹੀ ਭਲੇ ਹਨ, ਚੋਰ ਜਿਹੜੇ ਹਨ ਚੋਰੀ ਦੇ ਕਰਨ ਵਾਲੇ, ਉਹ ਚੋਰ ਹੀ ਹਨ॥ ੨॥

## ਪਉੜੀ॥ ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ॥
## ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ॥

ਉਹ ਪਰਮੇਸ਼ਰ ਆਪ ਹੀ ਹੁਕਮ ਚਲਾਉਂਦਾ ਹੈ, ਆਪ ਹੀ ਜਗਤ ਨੂੰ ਧੰਦਿਆਂ ਵਿਚ ਲਗਾਉਂਦਾ ਹੈ। ਇਕਨਾਂ ਨੂੰ ਆਪ ਹੀ ਆਪਣੀ ਤਰਫ ਲਗਾਉਂਦਾ ਹੈ: ਗੁਰਮੁਖਾਂ ਨੇ ਗੁਰਾਂ ਦੀ ਕਿਰਪਾ ਨਾਲ ਸੁਖ ਨੂੰ ਪਾਇਆ ਹੈ।

## ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥

ਇਹ ਚੰਚਲ ਮਨ ਦਸੋਂ ਦਿਸ਼ਾਂ ਵਿਚ ਧਾਵਦਾ=ਦੌੜਦਾ ਸੀ, ਪਰ ਧੰਨ ਗੁਰੂ ਹਨ ਜਿਨ੍ਹਾਂ ਨੇ ਠਾਕਿ ਰਹਾਇਆ=ਰੋਕ ਰੱਖਿਆ ਹੈ।

## ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥

ਸਾਰੀ ਦੁਨੀਆਂ ਨਾਮ ਜਪਣਾ ਚਾਹੁੰਦੀ ਹੈ, ਪਰ ਗੁਰਮਤੀਆਂ ਨੇ ਨਾਮ ਜਪਣਾ ਪਾਇਆ ਹੈ।

## ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥ ੧੨ ॥

ਜੋ ਲੇਖ ਧੁਰ ਤੋਂ ਲਿਖਿਆ ਗਿਆ ਹੈ ਉਸ ਨੂੰ ਕੋਈ ਮੇਟ ਨਹੀਂ ਸਕਦਾ, ਜੋ ਲੇਖ ਹਰੀ ਨੇ ਲਿਖ ਪਾਇਆ ਹੈ ॥ ੧੨ ॥

## ਸਲੋਕ ਮਃ ੧ ॥ ਦੁਇ ਦੀਵੇ ਚਉਦਹ ਹਟਨਾਲੇ ॥
## ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥
## ਜੋ ਪਹੁਚੈ ਸੋ ਚਲਣਹਾਰੁ ॥ ਧਰਮੁ ਦਲਾਲੁ ਪਾਏ ਨੀਸਾਣੁ ॥

### ਪਹਿਲਾ ਅਰਥ-ਸਮਸ਼ਟੀ

ਸੂਰਜ ਚੰਦਰਮਾ ਰੂਪ ਦੋ ਦੀਵੇ ਹਨ, ਚੌਦਾਂ ਲੋਕ ਇਹ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਹਨ ਤਿਤਨੇ ਸਭ ਵਣਜਾਰੇ ਹਨ। ਸੰਸਾਰ ਰੂਪ ਹੱਟ ਖੁਲ੍ਹਿਆ ਹੋਇਆ ਹੈ ਤੇ ਵਾਪਾਰ ਹੋ ਰਿਹਾ ਹੈ। ਪਰ ਜੋ ਸੰਸਾਰ ਵਿਚ ਪਹੁੰਚਿਆ ਹੈ ਉਹ ਚਲਨੇ ਵਾਲਾ ਹੋਇਆ ਹੈ। ਧਰਮਰਾਜਾ ਦਲਾਲ ਹੈ, ਇਹ ਸਭ ਉਤੇ ਨਿਸ਼ਾਨੀਆਂ ਪਾਉਂਦਾ ਹੈ ਕਿ ਇਹ ਪਾਪੀ ਹੈ ਤੇ ਇਹ ਪੁੰਨੀ ਹੈ।

### ਦੂਜਾ ਅਰਥ-ਵਿਅਸਟੀ

ਸੱਜਾ ਖੱਬਾ ਨੇਤ੍ਰ ਇਹ ਦੋ ਦੀਵੇ ਹਨ, ਦਸ ਇੰਦ੍ਰੀਏ ਚਾਰੇ ਅੰਤਹਕਰਨ ਇਹ ਚੌਦਾਂ ਇੰਦ੍ਰੀਏ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਹਨ ਤਿਤਨੇ ਸਭ ਵਣਜਾਰੇ ਹਨ। ਸਰੀਰਾਂ ਰੂਪੀ ਹੱਟ ਖੁਲ੍ਹੇ ਹੋਏ ਹਨ, ਇਸ ਵਿਚ ਚੰਗੇ ਮੰਦੇ ਕਰਮਾਂ ਦਾ ਵਾਪਾਰ ਹੋ ਰਿਹਾ ਹੈ। ਇਸ ਸਰੀਰ ਵਿਚ ਜੋ ਪਹੁੰਚਿਆ ਹੈ ਉਹ ਚਲਨੇ ਵਾਲਾ ਭਾਵ ਮਰਨ ਵਾਲਾ ਸਮਝੋ। ਧਰਮ ਅਧਰਮ ਇਹ ਦੋਨੋਂ ਦਲਾਲ ਇਸ ਦੇ ਮੱਥੇ ਪਰ ਨਿਸ਼ਾਨ ਪਾਉਂਦੇ ਹਨ।

### ਤੀਜਾ ਅਰਥ-

ਗਿਆਨ ਵੈਰਾਗ ਰੂਪ ਦੋ ਦੀਵੇ ਹਨ, ਚੌਦਾ ਇੰਦ੍ਰੀਆਂ ਦਾ ਦਮਨ ਕਰਨ ਰੂਪ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਸਤਸੰਗ ਵਿਚ ਆਏ ਹਨ, ਤਿਤਨੇ ਸਭ ਨਾਮ ਦੇ ਵਣਜਾਰੇ ਹਨ।
ਸਤਸੰਗ ਹੱਟ ਖੁਲ੍ਹ ਰਿਹਾ ਹੈ ਤੇ ਪਰਮੇਸ਼ਰ ਦੇ ਨਾਮ ਦਾ ਵਾਪਾਰ ਹੋ ਰਿਹਾ ਹੈ।
ਜੋ ਸਤਸੰਗ ਵਿਚ ਪਹੁੰਚਦਾ ਹੈ, ਉਹ ਪਰਮੇਸ਼ਰ ਦੀ ਤਰਫ਼ ਚੱਲਣ ਵਾਲਾ ਹੁੰਦਾ ਹੈ।
ਧਰਮ ਰੂਪ ਸਤਿਗੁਰੂ ਹੀ ਦਲਾਲ ਹਨ, ਜੋ ਨਾਮ ਦਾ ਨੀਸਾਣੁ=ਚਿੰਨ੍ਹ ਪਾਉਂਦੇ ਹਨ।

## ਨਾਨਕ ਨਾਮੁ ਲਾਹਾ ਪਰਵਾਣੁ ॥ ਘਰਿ ਆਏ ਵਜੀ ਵਾਧਾਈ ॥
## ਸਚ ਨਾਮ ਕੀ ਮਿਲੀ ਵਡਿਆਈ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣ ਕਰਕੇ ਪ੍ਰਮਾਣੀਕ ਲਾਭ ਹੁੰਦਾ ਹੈ। ਅੰਤ੍ਰ ਮੁਖ ਬਿਰਤੀ ਕਰਨੇ

ਰੂਪੀ ਘਰ, ਵਾ:- ਸਤਸੰਗ ਘਰ, ਵਾ-ਸਰੂਪ ਘਰ ਵਿਚ ਆਏ ਤਾਂ ਅਨੰਦ ਦੀ ਵਧਾਈ ਵੱਜੀ । ਗੁਰਮੁਖਾਂ ਨੂੰ ਸੱਚਨਾਮ ਦੀ ਵਡਿਆਈ ਮਿਲੀ ਹੈ॥ ੧॥

*ਪ੍ਰਸ਼ਨ*-ਜੇਕਰ ਸੰਤਾਂ ਨੂੰ ਕੁਸੰਗਤ ਦਾ ਸੰਗ ਹੋ ਜਾਵੇ ਤਾਂ ਖੋਟਾ ਰੰਗ ਚੜ੍ਹਦਾ ਹੈ ਕਿ ਨਹੀਂ? ਅਤੇ ਜੇਕਰ ਦੁਸ਼ਟ ਪੁਰਸ਼ਾਂ ਨੂੰ ਸੰਤਾਂ ਦਾ ਸੰਗ ਹੋ ਜਾਵੇ ਤਾਂ ਉਨ੍ਹਾਂ ਨੂੰ ਕੁਝ ਅਸਰ ਹੁੰਦਾ ਹੈ ਕਿ ਨਹੀਂ?''
*ਉੱਤਰ*-

## ਮਃ ੧ ॥ ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ॥

ਜਿਵੇਂ ਮੱਸਿਆ ਦੀਆਂ ਰਾਤਾਂ ਕਾਲੀਆਂ ਹੋਵਨ=ਹੁੰਦੀਆਂ ਹਨ ਤੇ ਸੁਪੇਦਾ=ਚਿੱਟੀਆਂ (ਉੱਜਲ) ਚੀਜ਼ਾਂ ਦਾ ਸੇ=ਓਹੀ ਵੰਨ=ਰੰਗ ਰਹਿੰਦਾ ਹੈ।

## ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥

ਜਿਵੇਂ-ਜੇਠ, ਹਾੜ ਵਿਚ ਦਿਨ ਬਗਾ=ਚਿੱਟਾ ਘਣਾ ਤਪਦਾ ਹੈ, ਪਰ ਕਾਲੀਆਂ ਚੀਜ਼ਾਂ ਦਾ ਕਾਲਾ ਹੀ ਵੰਨ=ਰੰਗ ਰਹਿੰਦਾ ਹੈ।

ਤਿਵੇਂ-ਜਿਨ੍ਹਾਂ ਦੁਸ਼ਟਾਂ ਦੀਆਂ ਅਵਸਥਾ ਰੂਪ ਰਾਤਾਂ ਪਾਪਾਂ ਕਰਕੇ ਕਾਲੀਆ ਹਨ, ਜੇਕਰ ਉਨ੍ਹਾਂ ਦਾ ਸੰਗ ਹੋ ਭੀ ਜਾਵੇ ਤਾਂ ਸੁਪੇਦਾ=ਚਿੱਟੇ (ਸਾਫ਼) ਅੰਤਹਕਰਨ ਵਾਲੇ ਜੋ ਮਹਾਤਮਾ ਹਨ ਉਨ੍ਹਾਂ ਦਾ ਸੇ ਵੰਨ=ਓਹੀ ਰੰਗ ਰਹਿੰਦਾ ਹੈ।

*ਯਥਾ*-''ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ ੧੭੪॥'' *(ਪੰਨਾ, ੧੩੭੩)*

ਅਤੇ ਬੱਗੇ ਦਿਨ ਵਾਂਗ ਜੋ ਸਤਿਸੰਗ ਹੈ ਘਣਾ ਤਪ ਰਿਹਾ ਭਾਵ ਤੇਜ਼ ਦੇ ਸੰਜੁਗਤ ਭੀ ਹੈ।

ਤਾਂ ਭੀ ਕਾਲੇ ਪਾਪੀਆਂ ਦੇ ਕਾਲੇ ਹੀ ਵੰਨ=ਰੰਗ ਰਹਿੰਦੇ ਹਨ।

ਪਾਪੀਆਂ ਨੂੰ ਸਤਸੰਗ ਦਾ ਕੋਈ ਅਸਰ ਨਹੀਂ ਹੁੰਦਾ।

*ਅਥਵਾ*:-ਚਾਹੇ ਰਾਤੀ ਹੋਵਨ ਕਾਲੀਆ=ਕਲਜੁਗ ਦਾ ਸਮਾਂ ਭੀ ਪ੍ਰਾਪਤ ਹੋਵੇ, ਤਾਂ ਭੀ ਸੁਪੇਦਾ=ਮਹਾਤਮਾ ਦਾ ਓਹੀ ਵੰਨ=ਰੰਗ ਰਹਿੰਦਾ ਹੈ।

ਦਿਹੁ ਬਗਾ ਤਪੈ ਘਣਾ= ਚਾਹੇ ਸਤਿਜੁਗ, ਤ੍ਰੇਤਾ, ਦੁਆਪੁਰ ਦਾ ਸਮਾਂ ਭੀ ਹੋਵੇ, ਤਾਂ ਭੀ ਕਾਲੇ ਪਾਪੀਆਂ ਦੇ ਕਾਲੇ ਰੰਗ ਰਹਿੰਦੇ ਹਨ।

ਜਿਵੇਂ-ਬੇਣ ਅਦਿਕ ਰਾਜਿਆਂ ਦੇ ਮਨ ਪਾਪੀ ਹੀ ਰਹੇ।

## ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ॥
## ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ॥ ੨॥

ਅੰਨ੍ਹੇ ਅਗਿਆਨੀ ਸੰਸਾਰਕ ਅਕਲ ਤੋਂ ਵੀ ਬਾਹਰ ਹਨ ਅਤੇ ਮੂਰਖ ਸਰੂਪ ਗਿਆਨ ਤੋਂ ਭੀ ਅੰਨ੍ਹੇ ਹਨ। ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਨਦਰੀ ਪਰਮੇਸ਼ਰ ਦੀ ਕਿਰਪਾ-ਦ੍ਰਿਸ਼ਟੀ ਤੋਂ ਬਾਹਰ ਹਨ ਉਹ ਕਦੇ ਭੀ ਮਾਨ ਨਹੀਂ ਪਾਉਂਦੇ ॥ ੨॥

## ਪਉੜੀ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ॥
## ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ॥

ਹਰੀ ਸੱਚੇ ਨੇ ਆਪ ਹੀ ਕਾਇਆਂ ਰੂਪੀ ਇਕ ਕੋਟੁ=ਕਿਲ੍ਹਾ ਬਣਾਇਆ ਹੈ। ਇਕ ਦ੍ਵੈਤ ਭਾਵ ਵਾਲਿਆਂ ਨੂੰ ਆਪਣੇ ਵਲੋਂ ਖੁਆਇਅਨੁ=ਭੁਲਾ ਦਿੱਤਾ ਹੈ, ਹਉਮੈ ਦੇ ਵਿਚ ਵਿਆਪੇ ਲੱਗਣ ਕਰਕੇ।

## ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥
## ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥

ਇਹ ਮਨੁੱਖਾ ਜਨਮ ਪ੍ਰਾਪਤ ਹੋਣਾ ਦੁਰਲੱਭ ਹੈ, ਪਰ ਸਾ=ਇਸ ਮਨੁੱਖਾ ਜਨਮ ਦੇ ਵਿਚ ਹੀ ਮਨਮੁਖ ਪੁਰਸ਼ ਸੰ+ਤਾਪੇ=ਭਲੀ ਪ੍ਰਕਾਰ ਦੁਖੀ ਹੋ ਰਹੇ ਹਨ। ਜਿਸ ਨੂੰ ਉਹ ਪਰਮੇਸ਼ਰ ਆਪ ਸਮਝਾਉਂਦਾ ਹੈ ਓਹੀ ਸਮਝਦਾ ਹੈ, ਪਰ ਸਮਝਾਉਂਦਾ ਓਸੇ ਨੂੰ ਹੈ ਜਿਸ ਨੂੰ ਸਤਿਗੁਰ ਦੇਵ ਜੀ ਸਰੂਪ ਵਿਚ ਥਾਪਦੇ ਹਨ।

## ਸਭ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥ ੧੩ ॥

ਜਗਤ ਰੂਪੀ ਸਾਰੇ ਖੇਲ ਨੂੰ ਰਚਾ ਕੇ ਫਿਰ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈ॥ ੧੩ ॥

**ਉਥਾਨਕਾ:**-ਸਿੱਖਾਂ ਨੇ ਬੇਨਤੀ ਕੀਤੀ-"ਆਪ ਕਲਜੁਗ ਦੇ ਕੁਝ ਚਿੰਨ੍ਹ ਸੁਣਾਓ ?" ਤਾਂ ਗੁਰੂ ਜੀ ਨੇ ਕਿਹਾ-

[ਪੰਨਾ ੭੯੦]

## ਸਲੋਕ ਮਃ ੧ ॥ ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥

ਚੋਰੀ ਦੇ ਕਰਨ ਵਾਲੇ ਜੋ ਚੋਰ ਹਨ ਤੇ ਇਸਤਰੀਆਂ ਦੇ ਜੋ ਯਾਰ ਹਨ, ਰੰਡੀਆਂ ਇਸਤਰੀਆਂ ਅਤੇ ਫੱਫੇ ਕੁੱਟਣੀਆਂ ਕਲਜੁਗ ਵਿਚ ਇਨ੍ਹਾਂ ਦੀ ਦੀਬਾਣੁ=ਸਭਾ ਲੱਗੇਗੀ ਭਾਵ ਇਹ ਕਲਜੁਗ ਵਿਚ ਪਰਧਾਨ ਹੋਣਗੇ।

*ਅਥਵਾ:*-ਚੋਰਾ-ਜੋ ਗੁਰ-ਉਪਦੇਸ਼ ਦੇ ਚੁਰਾਉਣ ਵਾਲੇ ਹਨ, ਜਾਰਾ-ਜੋ ਦੇਵੀ ਦੇਵਤਿਆਂ ਦੇ ਉਪਾਸ਼ਕ ਹਨ, ਰੰਡੀਆਂ=ਅਨੀਸ਼ਰ ਵਾਦੀ ਜੋ ਪਰਮੇਸ਼ਰ ਨੂੰ ਨਹੀਂ ਮੰਨਦੇ, ਫੱਫੇ ਕੁੱਟਣੀਆਂ-ਜੋ ਪਰਮੇਸ਼ਰ ਵੱਲੋਂ ਹਟਾ ਕੇ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਵਿਚ ਲਾਉਂਦੇ ਹਨ, ਕਲਜੁਗ ਵਿਚ ਇਹਨਾਂ ਦੀ ਪ੍ਰਧਾਨਤਾ ਹੋਣ ਕਰਕੇ ਇਨ੍ਹਾਂ ਦੀ ਦੀਬਾਣੁ=ਸਭਾ ਜੁੜੇਗੀ।

## ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥

ਕਲਜੁਗ ਵਿਚ ਵੇ ਦੀਨਾ=ਬੇ-ਧਰਮੀਆਂ ਦੀ ਦੋਸਤੀ ਹੋਵੇਗੀ ਅਤੇ ਵੇਦੀਨਾ=ਬੇ-ਧਰਮੀਆਂ ਦੇ ਨਾਲ ਮਿਲ ਕੇ ਖਾਣਾ ਖਾਣਗੇ।

## ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥

ਸਿਫਤੀ ਜੋ ਪਰਮਾਤਮਾ ਹੈ ਉਸ ਦੀ ਸਿਫਤ ਦੀ ਸਾਰ ਸੰਭਾਲ ਨਹੀਂ ਜਾਨਣਗੇ ਅਤੇ ਸਦਾ ਹੀ ਸੈਤਾਨੁ=ਕਾਮ ਆਦਿਕਾਂ ਦੀ ਸੰਗਤ ਵਿਚ ਵੱਸਣਗੇ।

*ਪ੍ਰਸ਼ਨ:*- "ਕਲਜੁਗੀ ਜੀਵਾਂ ਦਾ ਜੀਵਨ ਕਿਸੇ ਤਰ੍ਹਾਂ ਹੱਛਾ ਵੀ ਹੋ ਸਕੇਗਾ ਕਿ ਨਹੀ ?" *ਉੱਤਰ:*-

## ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥

ਜਿਵੇਂ -ਗਦਹੁ=ਗਧੇ ਨੂੰ ਚੰਦਨ ਖਉਲੀਐ=ਰਗੜ ਕੇ ਲਗਾਈਏ, ਤਾਂ ਭੀ ਉਸ ਦੀ ਸਾਹੂ ਸਿਉ ਪਾਣੁ=ਸੁਆਹ ਦੇ ਪਾਉਣ ਨਾਲ ਹੀ ਪ੍ਰੀਤੀ ਹੈ। ਤਿਵੇਂ ਗਧੇ ਵਾਂਗ ਕਾਮੀ ਜੀਵ ਨੂੰ ਜੇਕਰ ਚੰਦਨ ਦੀ ਤਰ੍ਹਾਂ

ਠੰਡਿਆਂ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਭੀ ਸੁਣਾਈਏ, ਤਾਂ ਭੀ ਉਸ ਦੀ ਵਿਸ਼ਿਆਂ ਰੂਪੀ ਸੁਆਹ ਦੇ ਪਾਉਣ ਨਾਲ ਪ੍ਰੀਤੀ ਹੈ।

## ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥
## ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥

### ਸਾਖੀ- ਜੁਲਾਹੇ ਦੀ ਦਸਤਾਰ ਬਨਾਉਣ ਵਾਲੀ

ਇਕ ਜੁਲਾਹਿਆ ਸੀ, ਉਸ ਨੇ ਆਪਣੇ ਮਨ ਵਿਚ ਠੱਗੀ ਕਰਨ ਦਾ ਵਿਚਾਰ ਕੀਤਾ। ਪਰ ਨਾਲ ਹੀ ਉਸ ਨੇ ਇਹ ਗੱਲ ਸੋਚੀ ਕਿ 'ਕਿਸੀ ਮਾੜੇ ਪੁਰਸ਼ ਨੂੰ ਨਹੀਂ ਠੱਗਣਾ, ਠੱਗਣਾ ਹੈ ਤਾਂ ਕਿਸੀ ਧਨਾਢ ਜਾਂ ਰਾਜੇ ਨੂੰ।' ਇਹ ਗੱਲ ਸੋਚ ਕੇ ਆਪਣੇ ਪਿੰਡ ਤੋਂ ਚੱਲ ਪਿਆ, ਅੱਗੇ ਰਾਜੇ ਦੇ ਸ਼ਹਿਰ ਅੰਦਰ ਵੜ ਕੇ ਪਹਿਲੇ ਕੁਝ ਵੱਢੀ ਦੇ ਕੇ ਵਜ਼ੀਰ, ਮੁਣਸ਼ੀਆਂ ਨੂੰ ਆਪਣੇ ਹੱਥ ਵਿਚ ਕਰ ਕੇ ਆਖਿਆ-''ਮੇਰੀ ਰਾਜੇ ਨਾਲ ਮੁਲਾਕਾਤ ਕਰਵਾ ਦਿਓ।'' ਤਾਂ ਵਜ਼ੀਰ ਉਸ ਜੁਲਾਹੇ ਨੂੰ ਰਾਜੇ ਪਾਸ ਲੈ ਗਿਆ। ਜੁਲਾਹੇ ਨੇ ਜਾ ਕੇ ਰਾਜੇ ਦੀ ਬੜੀ ਉਸਤਤੀ ਕੀਤੀ ਤੇ ਆਖਿਆ-''ਜਨਾਬ! ਮੇਰੇ ਦਿਲ ਦੀ ਉਮੰਗ ਹੈ ਕਿ ਮੈਂ ਇਕ ਦਸਤਾਰ ਸਭ ਤੋਂ ਵਧੀਆ ਬਣਾ ਕੇ ਆਪ ਜੀ ਦੇ ਸਿਰ ਤੇ ਬੰਨ੍ਹਾਵਾਂ।'' ਬਦਸ਼ਾਹ ਨੇ ਕਿਹਾ-''ਚੰਗੀ ਗੱਲ ਹੈ।'' ਉਸ ਵੇਲੇ ਜੁਲਾਹੇ ਨੇ ਕਿਹਾ-''ਮੈਨੂੰ ਫਿਰ ਸੰਦਾਂ ਦੇ ਖਰੀਦਣ ਵਾਸਤੇ ਕੁਝ ਰੁਪਿਆ ਚਾਹੀਦਾ ਹੈ।'' ਬਾਦਸ਼ਾਹ ਨੇ ਹੁਕਮ ਦੇ ਕੇ ਚਾਰ ਸੌ ਰੁਪਇਆ ਦਿਵਾ ਦਿੱਤਾ। ਉਹ ਚਾਰ ਸੌ ਰੁਪਇਆ ਲੈ ਕੇ ਘਰ ਆ ਗਿਆ, ਅਰਾਮਦਾਰੀ ਨਾਲ ਖਾਂਦਾ ਪੀਂਦਾ ਰਿਹਾ ਤੇ ਸੰਦ ਕੋਈ ਨਾ ਖਰੀਦੇ। ਮਹੀਨੇ ਬਾਅਦ ਫਿਰ ਚਲਿਆ ਗਿਆ ਤੇ ਜਾ ਕੇ ਆਖਦਾ ਹੈ-''ਹੁਣ ਸੂਤਰ ਵਾਸਤੇ ਕੁਝ ਕੁ ਰੁਪਏ ਚਾਹੀਦੇ ਹਨ।'' ਰਾਜੇ ਨੇ ਦੋ ਸੌ ਰੁਪਇਆ ਫੇਰ ਦਿਵਾ ਦਿੱਤਾ। ਉਹ ਰੁਪਇਆ ਲੈ ਕੇ ਵੀ ਘਰ ਆ ਗਿਆ, ਕੁਝ ਅਰਸੇ ਬਆਦ ਰਾਜੇ ਨੇ ਨੌਕਰ ਭੇਜਿਆ ਉਸ ਨੇ ਆ ਕੇ ਆਖਿਆ ਕਿ ਦਸਤਾਰ ਅਜੇ ਤਿਆਰ ਹੋਈ ਹੈ ਕਿ ਨਹੀਂ? ਤਾਂ ਜੁਲਾਹੇ ਨੇ ਕਿਹਾ-''ਅਜੇ ਮੈਂ ਸੂਤਰ ਕੱਤ ਰਿਹਾ ਹਾਂ।'' ਜਦ ਦੁਬਾਰਾ ਪੁੱਛ ਭੇਜਿਆ ਤਾਂ ਜੁਲਾਹੇ ਨੇ ਕਿਹਾ-''ਹੁਣ ਮੈਂ ਤਾਣਾ ਤਣ ਰਿਹਾ ਹਾਂ।'' ਜਦ ਤੀਜੀ ਵੇਰ ਪੁੱਛ ਘੱਲਿਆ ਤਾਂ ਜੁਲਾਹੇ ਨੇ ਕਿਹਾ-''ਹੁਣ ਮੈਂ ਕਪੜੇ ਨੂੰ ਕੱਛ ਰਿਹਾ ਹਾਂ।'' ਇਕ ਦਿਨ ਉਹ ਜੁਲਾਹਾ ਆਪ ਹੀ ਫਿਰ ਰਾਜੇ ਪਾਸ ਜਾ ਕੇ ਕਹਿੰਦਾ ਹੈ-''ਹੇ ਰਾਜਨ ! ਦਸਤਾਰ ਤਾਂ ਤਿਆਰ ਹੋ ਗਈ ਹੈ, ਪਰ ਉਸ ਦੇ ਵਾਸਤੇ ਹੁਣ ਪਟਾਰੀ ਚਾਹੀਦੀ ਹੈ, ਜਿਸ ਦੇ ਨਾਲ ਮੋਤੀ ਵਗੈਰਾ ਲੱਗੇ ਹੋਣ, ਉਸ ਦੇ ਵਿਚ ਆਪ ਜੀ ਦੀ ਦਸਤਾਰ ਪਾ ਕੇ ਲਿਆਵਾਂਗਾ।'' ਬਾਦਸ਼ਾਹ ਨੇ ਪਟਾਰੀ ਵਾਸਤੇ ਹੋਰ ਰੁਪਏ ਦਿਵਾ ਦਿੱਤੇ। ਉਹ ਰੁਪਏ ਲੈ ਕੇ ਵੀ ਜੁਲਾਹੇ ਨੇ ਬੜੀ ਐਸ਼ ਲੁੱਟੀ ਤੇ ਇਕ ਦਿਨ ਪਟਾਰੀ ਲੈ ਕੇ ਉਸ ਉਤੇ ਚੰਗੇ-ਚੰਗੇ ਰੇਸ਼ਮੀ ਰੁਮਾਲ ਵਲ੍ਹੇਟ ਕੇ ਪਾਲਕੀ ਵਿਚ ਰੱਖ ਕੇ ਵਾਜੇ ਵਜਾਉਂਦਾ ਹੋਇਆ ਰਾਜ-ਦਰਬਾਰ ਵਿਚ ਆ ਗਿਆ ਤੇ ਸਾਰੇ ਰੌਲਾ ਪਾ ਦਿੱਤਾ ਕਿ 'ਰਾਜਾ ਜੀ ਦੀ ਦਸਤਾਰ ਆਈ ਹੈ।' ਵੇਖਣ ਵਾਸਤੇ ਬੜੀ ਭਾਰੀ ਸਭਾ ਇਕੱਠੀ ਹੋ ਗਈ। ਸਭਾ ਦੇ ਵਿਚ ਪਟਾਰੀ ਰੱਖੀ ਗਈ ਤੇ ਰੁਮਾਲ ਖੋਲ੍ਹਣ ਤੋਂ ਪਹਿਲਾਂ ਜੁਲਾਹੇ ਨੇ ਇਕ ਗੱਲ ਆਖੀ-''ਇਹ ਦਸਤਾਰ ਉਸ ਨੂੰ ਨਿਗਾਹ ਆਵੇਗੀ ਜੋ ਆਪਣੇ ਮਾਂ ਪਿਓ ਦਾ ਹੋਵੇਗਾ, ਜੋ ਹਰਾਮ ਦਾ ਹੋਵੇਗਾ ਉਸ ਨੂੰ ਨਿਗਾਹ ਨਹੀਂ ਆਵੇਗੀ।''ਇਹ ਗੱਲ ਸੁਣ ਕੇ ਸਾਰੇ ਡਰ ਗਏ, ਜਿਸ ਵੇਲੇ ਵਜ਼ੀਰ ਨੇ ਪਟਾਰੀ ਖੋਲ੍ਹੀ ਤਾਂ ਪੱਗ ਕੋਈ ਨਿਗ੍ਹਾ ਨਾ ਆਈ, ਅਸਚਰਜ ਹੋ ਗਿਆ ਤੇ ਵਿਚਾਰਦਾ ਹੈ 'ਜੇ ਮੈਂ ਆਖਦਾ ਹਾਂ ਕਿ ਪੱਗ ਕੋਈ ਨਹੀਂ ਤਾਂ ਮੈਂ ਹਰਾਮ ਦਾ ਬਣਦਾ ਹਾਂ ਅਤੇ ਸਾਰੇ ਲੋਕ ਆਖਣਗੇ ਕਿ ਇਹ ਵਜ਼ੀਰ ਹਰਾਮ ਦਾ ਹੈ।' ਤਦ ਵਜ਼ੀਰ ਨੇ ਆਖਿਆ ਕਿ ਪੱਗ ਬੜੀ ਸੁੰਦਰ ਹੈ, ਵਜ਼ੀਰ ਦੇ ਮਗਰ ਲੱਗ ਕੇ ਲੋਕ ਭੀ ਆਖਣ ਲੱਗ ਗਏ ਕਿ ਪੱਗ ਬੜੀ ਸੁੰਦਰ ਹੈ। ਫਿਰ ਰਾਜੇ ਨੂੰ ਕਿਹਾ-''ਆਪ ਇਸ ਪੱਗ ਨੂੰ ਬੰਨ੍ਹੋ।' ਰਾਜਾ ਵੀ ਵੇਖ ਕੇ ਹੈਰਾਨ ਹੁੰਦਾ ਹੈ ਕਿ ਪੱਗ ਹੈ ਨਹੀਂ, ਮੈਂ ਬੰਨ੍ਹਾਂ ਕੀ, ਜੇ ਨਹੀਂ ਬੰਨ੍ਹਦਾ ਤਾਂ ਹਰਾਮ ਦਾ ਹੁੰਦਾ ਹਾਂ। ਉਸ ਵੇਲੇ ਰਾਜੇ ਨੇ ਪੰਜ ਚਾਰ ਵੇਰ ਆਪਣੀਆਂ ਬਾਹਵਾਂ ਉੱਚੀਆਂ ਕਰਕੇ ਦਸਤਾਰ ਬੰਨ੍ਹਣ ਦੀ ਸ਼ਕਲ ਲੋਕਾਂ

ਦੇ ਸਾਹਮਣੇ ਰੱਖ ਦਿੱਤੀ ਤੇ ਆਖਿਆ- "ਦਸਤਾਰ ਬਹੁਤ ਵਧੀਆ ਹੈ।"

ਹੁਣ ਇਸ ਸਾਰੇ ਪ੍ਰਸੰਗ ਦਾ ਗੁਰੂ ਸਾਹਿਬ ਜੀ ਦੋ ਤੁਕਾਂ ਵਿਚ ਅਨੁਵਾਦ ਕਰਦੇ ਹਨ, ਜੁਲਾਹੇ ਨੇ ਜਿਹੜਾ ਕਿਹਾ ਸੀ-"ਮੈਂ ਸੂਤਰ ਕੱਤ ਰਿਹਾ ਹਾਂ, ਇਹ ਵੀ ਝੂਠ ਹੈ। ਫੇਰ ਉਸ ਨੇ ਕਿਹਾ ਸੀ- "ਮੈਂ ਤਾਣਾ ਤਣ ਰਿਹਾ ਹਾਂ ਇਹ ਵੀ ਉਸ ਦਾ ਝੂਠ ਹੈ।" ਫੇਰ ਉਸ ਨੇ ਕਿਹਾ ਸੀ ਕਿ ਹੁਣ ਮੈਂ ਕਪੜੇ ਨੂੰ ਕੱਛ ਰਿਹਾ ਹਾਂ ਇਹ ਵੀ ਉਸ ਦਾ ਝੂਠ ਹੈ ਅਤੇ ਉਸ ਦਸਤਾਰ ਦੇ ਬੰਨ੍ਹਣ ਦਾ ਅਨੰਦ ਜਿਹੜਾ ਰਾਜੇ ਨੇ ਮਾਣਿਆ ਹੈ, ਉਹ ਵੀ ਝੂਠਾ ਹੈ।

*ਅਥਵਾ:-* ਗੁਰ-ਉਪਦੇਸ਼ ਗ੍ਰਹਿਣ ਕੀਤੇ ਤੋਂ ਬਿਨਾਂ ਹੀ ਜਿਹੜਾ ਜਗਿਆਸੂ ਕਹਿੰਦਾ ਹੈ ਕਿ ਮੈ ਕਤਿਐ=ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੀ ਨਵਿਰਤੀ ਕੀਤੀ ਹੈ।' ਇਹ ਵੀ ਝੂਠਾ ਹੈ।

'ਕੂੜਾ ਤਣੀਐ ਤਾਣੁ' ਜਿਹੜਾ ਆਖਦਾ ਹੈ-

"ਮੈਂ ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੀ ਨਵਿਰਤੀ ਕੀਤੀ ਹੈ ।" ਇਹ ਵੀ ਝੂਠ ਹੈ।

ਕੂੜਾ ਕਪੜੁ ਕਛੀਐ=(ਜਿਹੜਾ ਆਖਦਾ ਹੈ-) "ਮੈਂ ਬ੍ਰਹਮ ਗਿਆਨ ਦੇ ਸਹਿਤ ਹੋ ਕੇ ਅਵਰਨ ਨੂੰ ਦੂਰ ਕੀਤਾ ਹੈ।" ਇਹ ਵੀ ਝੂਠ ਹੈ।

ਕੂੜਾ ਪੈਨਣੁ ਮਾਣੁ =ਜਿਹੜਾ ਆਖਦਾ ਹੈ- "ਮੈਂ ਹੁਣ ਆਨੰਦ ਮਾਣਿਆ ਹੈ", ਇਹ ਵੀ ਉਸ ਦਾ ਝੂਠ ਹੈ।

*ਅਥਵਾ:-* ਕੂੜੈ ਕਤਿਐ=ਜਿਹੜਾ ਆਖਦਾ ਹੈ-"ਮੈਂ ਸ੍ਰਵਣ ਕੀਤਾ ਹੈ।" ਇਹ ਵੀ ਝੂਠ ਹੈ।

ਕੂੜਾ ਤਣੀਐ ਤਾਣੁ=ਜਿਹੜਾ ਆਖਦਾ ਹੈ-"ਮੈਂ ਮੰਨਣ ਕਰ ਲਿਆ ਹੈ।" ਇਹ ਵੀ ਝੂਠ ਹੈ।

ਕੂੜਾ ਕਪੜੁ ਕਛੀਐ=ਜਿਹੜਾ ਆਖਦਾ ਹੈ- "ਮੈਂ ਨਿਧਿਆਸਣ ਕਰ ਲਿਆ ਹੈ।" ਇਹ ਭੀ ਝੂਠ ਹੈ।

ਕੂੜਾ ਪੈਨਣੁ ਮਾਣੁ=ਜਿਹੜਾ ਆਖਦਾ ਹੈ-"ਮੈਨੂੰ ਸਖਿਆਤਕਾਰੀ ਹੋਈ ਹੈ।" ਇਹ ਵੀ ਝੂਠ ਹੈ॥ ੧॥

## ਮਃ ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥

ਬਾਂਗਾ ਦੇਣ ਵਾਲੇ ਮੁੱਲਾਂ, ਨਿਆਂ ਦੇ ਕਰਨ ਵਾਲੇ ਬੁਰਗੂ=ਕਾਜ਼ੀ, ਸਿੰਙੀਆਂ=ਸਿੰਙੀ ਵਜਾਉਣ ਵਾਲੇ ਜੋਗੀ, ਕਲਾਣ=ਕਲਿਆਨਾਂ ਦੇ ਉਚਾਰਨ ਵਾਲੇ ਡੂਮ, ਇਹ ਵੀ ਸਾਰੇ ਚੋਰਾਂ, ਯਾਰਾਂ, ਰੰਡੀਆਂ ਦੇ ਨਾਲ ਮਿਲੀ=ਮਿਲ ਰਹੇ ਹਨ।

## ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥

ਸੰਸਾਰ ਵਿਚ ਇਕ ਦਾਤੇ ਤੇ ਇਕ ਮੰਗਤੇ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਤੇਰਾ=ਤਿਸ ਪਰਮੇਸ਼ਰ ਦਾ ਨਾਮ ਜਪਣ ਵਾਲਾ ਹੀ ਪ੍ਰਮਾਣੀਕ ਹੈ।

## ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥੨॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਣ ਕੀਤਾ ਹੈ, ਉਹਨਾਂ ਉਪਰੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥

## ਪਉੜੀ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ॥

## ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ॥

ਮਾਇਆ ਦਾ ਮੋਹ ਸਭ ਝੂਠਾ ਹੈ, ਇਸ ਦੇ ਵਿਚ ਲਗਣ ਵਾਲਾ ਪੁਰਸ਼ ਵੀ ਝੂਠਾ ਹੋ ਗਿਆ। ਜੀਵਾਂ ਨੇ ਆਪਣੇ ਗਲ ਵਿਚ ਹਉਮੈ ਦਾ ਝਗੜਾ ਪਾਇਆ ਹੈ, ਇਸ ਤੇ ਝਗੜੇ ਦੇ ਵਿਚ ਹੀ ਜਗਤ ਮਰ ਗਿਆ ਹੈ।

**ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥**
**ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥**
**ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥**

ਗੁਰਮੁਖਾਂ ਨੇ ਇਕ ਪਰਮੇਸ਼ਰ ਨੂੰ ਸਾਰੇ ਰਵ ਰਿਹਾ ਨਿਸਚੇ ਕਰਕੇ ਹਉਮੈ ਦਾ ਝਗੜਾ ਚੁਕਾ ਦਿੱਤਾ ਹੈ। ਜਿਸ ਨੇ ਆਤਮਾ ਰਾਮ ਨੂੰ ਸਾਰਿਆਂ ਵਿਚ ਵਿਆਪਕ ਪਛਾਣਿਆ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ। ਜੋ ਹਰੀ ਨਾਮ ਜਪਣ ਵਿਚ ਸਮਾਇਆ ਹੈ, ਉਸ ਦੀ ਜੋਤ ਜੋਤੀ ਵਿਚ ਸਮਾ ਗਈ ਹੈ॥ ੧੪॥

**ਸਲੋਕ ਮਃ ੧ ॥ ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥**
**ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥**

ਹੇ ਸਤਿਗੁਰੂ ! ਤੂੰ ਸਮਰੱਥ ਦਾਤਾਰ ਹੈਂ, ਇਸ ਕਰਕੇ ਮੈਨੂੰ ਨਾਮ ਦੀ ਭਿਖਿਆ ਦੇਣਾ ਕਰ। ਅਤੇ ਹਉਮੈ, ਗਰਬ, ਕਾਮ, ਕ੍ਰੋਧ, ਹੰਕਾਰ ਆਦਿਕਾਂ ਨੂੰ ਦੂਰ ਕਰ ਦਿਓ।

**ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥**

ਲਬੁ=ਪਦਾਰਥਾਂ ਦੇ ਖਾਣੇ ਦਾ, ਲੋਭੁ=ਪਦਾਰਥਾਂ ਦੇ ਇਕੱਤਰ ਕਰਨ ਦਾ, ਇਹਨਾਂ ਨੂੰ ਪਰ-ਜਾਲੀਐ=ਭਲੀ ਪ੍ਰਕਾਰ ਸਾੜਨਾ ਕਰੀਏ ਅਤੇ ਨਾਮ ਦਾ ਆਧਾਰੁ=ਆਸਰਾ ਮਿਲੇ।

**ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥**

ਉਹ ਪਰਮੇਸ਼ਰ ਦਿਨ ਰਾਤ ਨਵਤਨ=ਨਵੀਨ ਅਤੇ ਨਿਰਮਲ ਹੈ,

ਜੋ ਕਦੇ ਵੀ ਮੈਲਾ ਨਹੀਂ ਹੁੰਦਾ।

**ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥੧॥**

ਗੁਰੂ ਜੀ ਕਥਨ ਕਰਦੇ ਹਨ-ਇਸ ਵਿਧੀ ਕਰਕੇ ਦੁਖ ਤੋਂ ਛੁਟਣਾ ਕਰੀਏ, ਤਿਸ ਪਰਮੇਸ਼ਰ ਦੀ ਕਿਰਪਾ-ਦ੍ਰਿਸ਼ਟੀ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧॥

**ਮਃ ੧ ॥ ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ॥**
**ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥੨॥**

ਜਿਤਨੀਆਂ ਸੰਸਾਰ ਦਰਵਾਜ਼ੇ ਪਰ ਖੜੀਆਂ ਹਨ,

ਵਾ:- ਸਤਸੰਗ ਦਰਵਾਜ਼ੇ ਪਰ ਖੜੀਆਂ ਹਨ, ਉਹਨਾਂ ਸਾਰੀਆਂ ਦਾ ਕੰਤੁ= ਪਤੀ ਇਕ ਪਰਮੇਸ਼ਰ ਹੀ ਹੈ।

ਗੁਰੂ ਜੀ ਕਥਨ ਕਰਦੇ ਹਨ- ਜੋ ਇਸਤਰੀਆਂ ਪਤੀ ਪਰਮਾਤਮਾ ਦੇ ਪ੍ਰੇਮ ਵਿਚ ਰੱਤੀਆਂ ਹਨ, ਉਹਨਾਂ ਪਾਸੋਂ ਪਤੀ ਪ੍ਰਾਪਤੀ ਦੀਆਂ ਗੱਲਾਂ ਬਾਤਾਂ ਪੁੱਛਣਾ ਕਰੋ॥ ੨॥

**ਮਃ ੧ ॥ ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥**
**ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥ ੩ ॥**

ਸਭ ਇਸਤਰੀਆਂ ਪਤੀ ਦੇ ਪ੍ਰੇਮ ਵਿਚ ਰੱਤੀਆਂ ਹੋਈਆਂ ਹਨ ਅਤੇ ਮੈਂ ਦੁਹਾਗਣਿ ਕਿਸ ਗਿਣਤੀ ਵਿਚ ਹਾਂ ? ਭਾਵ ਕਿਸੀ ਗਿਣਤੀ ਵਿਚ ਨਹੀਂ। ਕਿਉਂਕਿ ਮੇਰੇ ਸਰੀਰ ਵਿਚ ਇਤਨੇ ਔਗੁਣ ਹਨ, ਜਿਨ੍ਹਾਂ ਨੂੰ ਵੇਖ ਕੇ ਪਰਮਾਤਮਾ ਮੇਰੀ ਤਰਫ ਚਿੱਤ ਨਹੀਂ ਫੇਰਦਾ॥ ੩ ॥

**ਮਃ ੧ ॥ ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥**
**ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ ॥ ੪ ॥**

ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦੀ ਹਾਂ, ਜਿਨ੍ਹਾਂ ਦੇ ਵਾਤਿ=ਮੂੰਹ ਵਿਚ ਸਿਫ਼ਤੀ ਪਰਮਾਤਮਾ ਦੀ ਸਿਫਤ ਹੈ। ਹੇ ਪਰਮੇਸ਼ਰ ! ਸਭ ਸੁਭ ਸੁਹਾਗਣਾਂ ਤੇਰੇ ਵਿਚ ਰਾਤੀ=ਮਿਲੀਆਂ ਹਨ ਤੇ ਇਕ ਮੈਂ ਦੁਹਾਗਣ ਨੂੰ ਭੀ ਆਪਣੇ ਵਿਚ ਰਾਤਿ=ਤਦਾਕਾਰ ਕਰ ਲਵੋ।

*ਅਥਵਾ:-* (ਬਾਲਕ, ਜੋਬਨ, ਬ੍ਰਿਧ ਇਤਆਦੀ) ਸਭ ਅਵਸਥਾ ਰੂਪੀ ਰਾਤੀ=ਰਾਤਾਂ ਸੁਹਾਗਣਾਂ ਦੀਆਂ ਸਫਲ ਕੀਤੀਆਂ ਹਨ ਤੇ ਇਕ ਮੈਂ ਦੁਹਾਗਣ ਦੀ ਵੀ ਕੋਈ ਅਵਸਥਾ ਰੂਪੀ ਰਾਤ ਸਫਲ ਕਰ ਦਿਉ।

**ਪਉੜੀ ॥ ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥**
**ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥**

ਹੇ ਹਰੀ ! ਆਪ ਜੀ ਦੇ ਦਰਵਾਜ਼ੇ ਤੋਂ ਮੈਂ ਮੰਗਤਾ ਦਾਨ ਮੰਗਦਾ ਹਾਂ, ਆਪ ਕਿਰਪਾ ਕਰਕੇ ਦੇਣਾ ਕਰੋ। ਹੇ ਹਰੀ ! ਗੁਰਾਂ ਦੁਆਰੇ ਮੈਨੂੰ ਆਪਣੇ ਨਾਲ ਮਿਲਾ ਲਵੋ, ਜਿਸ ਕਰਕੇ ਮੈਂ ਜਨ ਨਾਮ ਨੂੰ ਪਾਉਣਾ ਕਰਾਂ।

**ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥**

ਜੋ ਅਨਹਦੁ=ਇਕ-ਰਸ ਗੁਰ-ਉਪਦੇਸ਼ ਨੂੰ ਵਜਾਇ=ਉਚਾਰਦਾ ਹੈ, ਉਹ ਜੋਤ ਪਰਮਾਤਮਾ ਵਿਚ ਜੋਤ ਨੂੰ ਧਾਰਦਾ ਹੈ।

**ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥**
**ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥ ੧੫ ॥**

ਜਿਸ ਹਰੀ ਦੇ ਸਾਰੇ ਜੈ ਜੈ ਸ਼ਬਦ ਉਚਾਰਨ ਹੋ ਰਹੇ ਹਨ, ਉਸ ਹਰੀ ਦੇ ਗੁਣਾਂ ਨੂੰ ਜਿਹਵਾ ਨਾਲ ਗਾਉਣਾ ਕਰ ਅਤੇ ਹਿਰਦੇ ਵਿਚ ਧਾਰ। ਜੋ ਹਰੀ ਸਾਰੇ ਜਗਤ ਵਿਚ ਆਪ ਵਰਤ ਰਿਹਾ ਹੈ, ਉਸ ਦੇ ਨਾਲ ਤੂੰ ਪ੍ਰੀਤਿ ਕਰ॥ ੧੫ ॥

**ਸਲੋਕ ਮਃ ੧ ॥ ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥**
**ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥ ੧ ॥**

ਜਿਨ੍ਹਾਂ ਪੁਰਸ਼ਾਂ ਨੇ ਪ੍ਰਮੇਸ਼ਰ ਦੇ ਪ੍ਰੇਮ-ਰਸ ਨੂੰ ਨਹੀਂ ਪਾਇਆ ਅਤੇ ਕੰਤੁ=ਪਤੀ ਦੇ ਮਿਲਾਪ-ਰੂਪ ਸੁਆਦ ਨੂੰ ਭੀ ਨਹੀਂ ਪਾਇਆ। ਉਸ ਦਾ ਸੰਸਾਰ ਵਿਚ ਆਉਣਾ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਸੁੰਞੇ=ਖਾਲੀ ਘਰ ਦਾ

ਪ੍ਰਾਹੁਣਾ ਜਿਵੇਂ ਆਉਂਦਾ ਹੈ, ਤਿਵੇਂ ਚਲਿਆਂ ਜਾਂਦਾ ਹੈ॥ ੧॥

## ਮਃ ੧॥ ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥

ਦਿਨ ਵਿਚ ਜੇਕਰ ਪਰਮੇਸ਼ਰ ਦਾ ਭਜਨ ਨਾ ਕਰੇ ਤਾਂ ੧੦੦ (ਸੌ) ਉਲਾਂਭੇ ਮਿਲਦੇ ਹਨ, ਜੇਕਰ ਰਾਤ ਨੂੰ ਭਜਨ=ਸਿਮਰਨ ਨਾ ਕਰੇ ਤਾਂ ਰਾਤੀ ਸਹੰਸੁ=ਹਜ਼ਾਰਾਂ ਉਲਾਂਭੇ ਮਿਲਦੇ ਹਨ, ਕਿਉਂਕਿ ਪਰਮੇਸ਼ਰ ਨੇ ਰਾਤ ਭਜਨ-ਸਿਮਰਨ ਕਰਨ ਵਾਸਤੇ ਬਣਾਈ ਸੀ।

*ਅਥਵਾ:-* ਦਿਨ ਵਾਂਗ ਚਿੱਟੀ ਜੋ ਬ੍ਰਿਧ ਅਵਸਥਾ ਹੈ ਇਸ ਵਿਚ ਜੇਕਰ ਪਰਮੇਸ਼ਰ ਦਾ ਭਜਨ-ਸਿਮਰਨ ਨਾ ਕਰੇ ਤਾਂ ਸੈਂਕੜੇ ਉਲਾਂਭੇ ਮਿਲਦੇ ਹਨ ਅਤੇ ਕਾਲੀ ਰਾਤ ਵਾਂਗ ਹਨੇਰੀ ਜੋ ਜੋਬਨ ਅਵਸਥਾ ਹੈ, ਇਸ ਵਿਚ ਜੇਕਰ ਪਰਮੇਸ਼ਰ ਦਾ ਭਜਨ ਨਾ ਕਰੇ ਤਾਂ ਹਜ਼ਾਰਾਂ ਹੀ ਉਲਾਂਭੇ ਮਿਲਦੇ ਹਨ, ਕਿਉਂਕਿ ਜੁਆਨੀ ਅਵਸਥਾ ਵਿਚ ਜੋ ਕੰਮ ਕਰਨਾ ਚਾਹੇ ਕਰ ਸਕਦਾ ਹੈ ਤੇ ਜੇ ਕਰ ਜੋਬਨ ਨੂੰ ਪਾ ਕੇ ਵੀ ਜਪ, ਤਪ, ਭਜਨ-ਸਿਮਰਨ ਵਗੈਰਾ ਨਾ ਕਰੇ ਫਿਰ ਤਾਂ ਆਰੇ ਹੀ ਹਜ਼ਾਰਾਂ ਹੀ ਉਲਾਂਭੇ ਮਿਲਣੇ ਹੋਏ।

ਸਿਫਤਿ ਸਲਾਹਣੁ ਛਡਿ ਕੈ=ਸਿਫਤੀ=ਪਰਮਾਤਮਾ ਦੀ ਸਿਫਤ ਦਾ ਸਲਾਹੁਣਾ ਛੱਡ ਕਰਕੇ ਕਰੰਗੀ ਲਗਾ ਹੰਸੁ=ਹੰਸ ਜੋ ਜੀਵਾਤਮਾ ਹੈ, ਉਹ ਆਪਣੇ ਧਰਮ ਨੂੰ ਛੱਡ ਕੇ ਭੈੜਿਆਂ ਕਰਮਾਂ ਦੇ ਕਰਨ ਰੂਪ ਕਰੰਗੇ ਪਰ ਭਾਵ-ਮਰੇ ਹੋਏ ਪਸ਼ੂ ਦੇ ਪਿੰਜਰੇ ਪਰ ਲਗ ਰਿਹਾ ਹੈ। ਵਾ:-ਹੰਸੁ=ਮਹਾਤਮਾ ਪਰ-ਇਸਤ੍ਰੀ ਰੂਪ ਕਰੰਗੇ ਪਰ ਲੱਗਾ ਹੋਇਆ ਹੈ, ਭਾਵ ਵਿਭਚਾਰੀ ਹੋ ਰਿਹਾ ਹੈ।

ਇਸ ਪਰ ਸ੍ਰੀ ਮਾਨ ਗਿਆਨੀ ਜੀ ਮਹਾਰਾਜ ਸਾਖੀ ਸੁਣਾਉਂਦੇ ਹੁੰਦੇ ਸਨ ਕਿ-

ਇਕ ਸਮੇਂ ਪੰਜੇ ਪਾਂਡਵ ਵੱਖੋ-ਵੱਖ ਸਵੇਰ ਨੂੰ ਸੈਰ ਕਰਨ ਗਏ ਤਾਂ ਰਾਜਾ ਯੁਧਿਸ਼ਟਰ ਨੇ ਕੀ ਵੇਖਿਆ ਕਿ ਹੰਸ ਕਰੰਗੇ ਪਰ ਬੈਠਾ ਹੈ, ਵੇਖ ਕੇ ਬੜਾ ਵਿਚਾਰ ਕੀਤਾ ਕਿ ਹੰਸ ਤਾਂ ਮਾਨਸਰੋਵਰ ਪਰ ਰਹਿੰਦੇ ਹਨ ਤੇ ਮੋਤੀ ਹੀਰੇ ਉਨ੍ਹਾਂ ਦੀ ਖੁਰਾਕ ਹੈ ਤੇ ਇਹ ਹੰਸ ਇਸ ਕਰੰਗੇ ਪਰ ਕਿਉਂ ਬੈਠਾ ਹੈ ? ਇਸ ਤਰ੍ਹਾਂ ਵਿਚਾਰ ਕੇ ਕਹਿੰਦਾ ਹੈ-"ਇਹ ਗੱਲ ਕ੍ਰਿਸ਼ਨ ਜੀ ਤੋਂ ਪੁੱਛਾਂਗੇ।"

ਭੀਮਸੈਨ ਨੇ ਕੀ ਵੇਖਿਆ ਕਿ ਤਿੰਨਾਂ ਖੂਹੀਆਂ ਦਾ ਜਲ ਚੱਲ ਰਿਹਾ ਹੈ, ਵਿਚਕਾਰਲੀ ਨੂੰ ਛੱਡ ਕੇ ਆਸੇ ਪਾਸੇ ਦੀਆਂ ਖੂਹੀਆਂ ਦਾ ਜਲ ਮਿਲ ਰਿਹਾ ਹੈ, ਵੇਖ ਕੇ ਬੜਾ ਹੈਰਾਨ ਹੋਇਆ ਤੇ ਆਖਦਾ ਹੈ-"ਇਸ ਦਾ ਕੀ ਕਾਰਨ ਹੈ, ਕ੍ਰਿਸ਼ਨ ਜੀ ਪਾਸੋਂ ਪੁੱਛਾਂਗੇ।"

ਅਰਜਨ ਨੇ ਕੀ ਵੇਖਿਆ- ਇਕ ਗਊ ਹੈ, ਉਹ ਵੱਛੀ ਦਾ ਦੁੱਧ ਚੁੰਘ ਰਹੀ ਹੈ, ਇਸ ਦਾ ਕੀ ਕਾਰਨ ਹੈ, ਇਸ ਨੇ ਵੀ ਦਿਲ ਵਿਚ ਏਹੋ ਕਿਹਾ ਕਿ ਇਸ ਗੱਲ ਦਾ ਉੱਤਰ ਕ੍ਰਿਸ਼ਨ ਜੀ ਪਾਸੋਂ ਲਵਾਂਗੇ।

ਜਦ ਨਕੁਲ ਸੈਰ ਕਰਦਾ ਹੋਇਆ ਜੰਗਲ ਵਿਚ ਗਿਆ ਤਾਂ ਕੀ ਵੇਖਦਾ ਹੈ ਕਿ ਇਕ ਹਾਥੀ ਦੇ ਦੋ ਸੁੰਡ ਹਨ, ਇਕ ਨਾਲ ਘਾਹ ਖਾ ਰਿਹਾ ਹੈ, ਦੂਜੇ ਨਾਲ ਮਾਸ ਖਾ ਰਿਹਾ ਹੈ। ਵੇਖ ਕੇ ਹੈਰਾਨ ਹੋ ਗਿਆ ਤੇ ਕਿਹਾ ਕਿ ਕ੍ਰਿਸ਼ਨ ਜੀ ਪਾਸੋਂ ਪੁੱਛਾਗੇ।

ਸਹਿਦੇਵ ਨੇ ਕੀ ਦੇਖਿਆ ਕਿ ਪਹਾੜ ਰੁੜ੍ਹਿਆ ਆ ਰਿਹਾ ਹੈ ਤੇ ਇਕ ਕੱਖ ਦੇ ਨਾਲ ਅਟਕ ਕੇ ਰੁਕ ਗਿਆ, ਸਹਿਦੇਵ ਦੇਖ ਕੇ ਬੜਾ ਹੈਰਾਨ ਹੋਇਆ ਦਿਲ ਵਿਚ ਸੋਚਿਆ ਕਿ ਕ੍ਰਿਸ਼ਨ ਜੀ ਤੋਂ ਪੁੱਛਾਂਗੇ ਇਸ ਦਾ ਕੀ ਕਾਰਨ ਹੈ। ਜਿਸ ਵੇਲੇ ਪੰਜੇ ਪਾਂਡਵਾ ਨੇ ਆਪੋ ਆਪਣੇ ਪ੍ਰਸ਼ਨ ਕੀਤੇ।

(੧) *ਰਾਜਾ ਯੁਧਿਸ਼ਟਰ ਨੇ ਕਿਹਾ-* "ਮੈਂ ਅੱਜ ਹੰਸ ਨੂੰ ਕਰੰਗੋ ਪਰ ਬੈਠਿਆਂ ਵੇਖਿਆ ਹੈ, ਇਸ ਦਾ ਕੀ ਕਾਰਨ ਹੈ ?

*ਕ੍ਰਿਸ਼ਨ ਜੀ ਨੇ ਕਿਹਾ-*"ਹੇ ਰਾਜਨ ! ਇਹ ਕਲਜੁਗ ਦੇ ਚਿੰਨ੍ਹ ਹਨ, ਕਲਜੁਗ ਵਿਚ ਜੋ ਚੰਗੇ-ਚੰਗੇ ਜੀਵਾਤਮਾ ਬ੍ਰਾਹਮਣ ਆਦਿਕ ਹੋਣਗੇ ਉਹ ਸਭ ਆਪੋ ਆਪਣੇ ਸੰਧਿਆ ਤਰਪਣ ਵਗੈਰਾ ਚੰਗੇ ਕਰਮ ਛੱਡ ਕੇ ਕਰੰਗੇ ਪਰ ਬੈਠਣਗੇ ਭਾਵ ਜੂਆ, ਚੌਂਪੜ, ਤਾਸ਼ ਖੇਡਣੀ, ਹੁੱਕਾ ਪੀਣਾ ਆਦਿਕ ਭੈੜੇ ਕਰਮਾਂ ਵਿਚ ਪ੍ਰਾਵਰਤ ਹੋਣਗੇ ਅਤੇ ਸੰਤਾਂ ਰੂਪੀ ਹੰਸ ਪਰ-ਇਸਤ੍ਰੀ ਰੂਪ ਕਰੰਗੇ ਪਰ ਬੈਠ ਕੇ ਵਿਸ਼ਿਆਂ ਰੂਪੀ ਗੰਦਗੀ ਨੂੰ ਖਾਣਗੇ।

(੨) *ਫੇਰ ਭੀਮ ਸੈਨ ਨੇ ਬੇਨਤੀ ਕੀਤੀ-*"ਮੈਂ ਅੱਜ ਨਵਾਂ ਕੌਤਕ ਦੇਖਿਆ ਹੈ ਕਿ ਤਿੰਨ ਖੂਹੀਆਂ ਚਲ ਰਹੀਆਂ ਹਨ, ਆਸੇ-ਪਾਸੇ ਦੀਆਂ ਖੂਹੀਆਂ ਦਾ ਪਾਣੀ ਮਿਲ ਰਿਹਾ ਹੈ, ਵਿਚਲੀ ਦਾ ਮਿਲਾਪ ਨਹੀਂ ਹੈ।"

*ਕ੍ਰਿਸ਼ਨ ਜੀ ਨੇ ਕਿਹਾ-*"ਇਹ ਵੀ ਕਲਜੁਗ ਦੇ ਲੱਛਣ ਹਨ, ਕਲਜੁਗ ਵਿਚ ਸਕੇ ਭਰਾਵਾਂ ਦਾ ਆਪਸ ਵਿਚ ਮੇਲ ਨਹੀਂ ਹੋਵੇਗਾ ਤੇ ਆਲੇ-ਦੁਆਲੇ ਪੁਰਸ਼ਾਂ ਦਾ ਆਪਸ ਵਿਚ ਮੇਲ ਹੋਵੇਗਾ।"

(੩) *ਅਰਜਨ ਨੇ ਕਿਹਾ-* "ਮੈਂ ਭੀ ਇਕ ਅਸਚਰਜ ਗੱਲ ਵੇਖੀ ਹੈ ਕਿ ਗਊ ਵੱਛੇ ਨੂੰ ਚੁੰਘ ਰਹੀ ਹੈ, ਇਸ ਦਾ ਕੀ ਕਾਰਨ ਹੈ?"

*ਕ੍ਰਿਸ਼ਨ ਜੀ ਨੇ ਕਿਹਾ-*"ਇਹ ਵੀ ਕਲਜੁਗ ਦੇ ਚਿੰਨ੍ਹ ਹਨ, ਕਲਜੁਗ ਵਿਚ ਗਊ ਵਾਂਗ ਜੋ ਮਾਤਾ ਪਿਤਾ ਹੋਣਗੇ ਉਹ ਧੀਆਂ ਦਾ ਪੈਸਾ ਖਾ ਕੇ ਗੁਜ਼ਾਰਾ ਕਰਨਗੇ ਭਾਵ ਲੜਕੀਆਂ ਦਾ ਚੁਕਾਵਾ ਕਰਕੇ ਪਹਿਲੇ ਹਜ਼ਾਰ, ਦੋ ਹਜ਼ਾਰ ਵੱਢੀ ਲੈ ਕੇ ਫੇਰ ਲੜਕੀ ਨੂੰ ਵਿਆਹੁਣਗੇ।"

(੪) *ਨਕੁਲ ਨੇ ਕਿਹਾ-* "ਮੈਂ ਤਾਂ ਹੋਰ ਹੀ ਲੀਲ੍ਹਾ ਵੇਖੀ ਹੈ ਕਿ ਇਕ ਹਾਥੀ ਦੇ ਦੋ ਸੁੰਡ ਸਨ, ਇਕ ਨਾਲ ਘਾਹ ਦੂਜੇ ਨਾਲ ਮਾਸ ਖਾਂਦਾ ਸੀ, ਇਸ ਦਾ ਕੀ ਕਾਰਨ ਹੈ ?"

*ਕ੍ਰਿਸ਼ਨ ਜੀ ਨੇ ਕਿਹਾ-* "ਇਹ ਵੀ ਕਲਜੁਗ ਦੇ ਲੱਛਣ ਹਨ, ਕਲਜੁਗ ਦੇ ਜੋ ਰਾਜੇ ਹੋਣਗੇ ਉਹ ਸੱਚੇ ਪਾਸੋਂ ਵੀ ਖਾ ਜਾਣਗੇ, ਝੂਠੇ ਪਾਸੋਂ ਵੀ ਖਾ ਜਾਣਗੇ।

(੫) ਸਹਿਦੇਵ ਨੇ ਪੁੱਛਿਆ-"ਮੈਂ ਇਕ ਪਹਾੜ ਰੁੜ੍ਹਿਆ ਆਉਂਦਾ ਵੇਖਿਆ ਹੈ ਤੇ ਉਹ ਇਕ ਕੱਖ ਦੇ ਅੜੇਵੇਂ ਨਾਲ ਰੁਕ ਗਿਆ, ਇਸ ਦਾ ਕੀ ਕਾਰਨ ਹੈ?"

ਤਾਂ ਕ੍ਰਿਸ਼ਨ ਜੀ ਨੇ ਕਿਹਾ-"ਹੇ ਪਿਆਰੇ! ਕਲਜੁਗ ਵਿਚ ਧਰਮ ਰੂਪੀ ਪਹਾੜ ਨਾਮ ਦਾਨ ਰੂਪ ਕੱਖ ਦੇ ਆਸਰੇ ਠਹਿਰੇਗਾ।

ਇਸੇ ਕਰਕੇ ਗੁਰੂ ਜੀ ਨੇ ਕਿਹਾ ਹੈ-"ਕਰੰਗੀ ਲਗਾ ਹੰਸੁ॥"

**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥**
**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥ ੨ ॥**

ਇਸੇ ਤਰ੍ਹਾਂ ਦੇ ਜੀਉਣੇ ਨੂੰ ਫਿਟੇ-ਮੂੰਹ ਹੈ, ਜਿਸ ਜੀਉਣ ਵਿਚ ਪਦਾਰਥਾਂ ਨੂੰ ਖਾ-ਖਾ ਕੇ ਢਿੱਡ ਨੂੰ ਵਧਾ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਾਰੇ ਪੁਰਸ਼ ਦੁਸ਼ਮਣਤਾਈ ਵਿਚ ਪ੍ਰੇਮ ਕਰਦੇ ਹਨ।

*ਅਥਵਾ:-* ਸਾਰੇ ਕਾਮ ਆਦਿਕ ਉਸ ਨਾਲ ਦੁਸ਼ਮਣਤਾਈ ਦਾ ਹੇਤੁ=ਕਾਰਨ ਹੁੰਦੇ ਹਨ॥ ੨ ॥

**ਪਉੜੀ॥ ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ॥**
**ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ॥**

ਜੋ ਢਾਡੀ ਰੂਪੀ ਹੋ ਕੇ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ, ਉਸ ਨੇ ਨਿਤਾਪ੍ਰਤੀ ਆਪਣੇ ਮਨੁੱਖਾ ਜਨਮ ਨੂੰ ਸਵਾਰ ਲਿਆ ਹੈ ਤੇ ਗੁਰਾਂ ਦੁਆਰੇ ਸੇਵਨੇ ਜੋਗ ਨੂੰ ਸਲਾਹਿਆ ਹੈ ਅਤੇ ਸੱਚੇ ਨੂੰ ਹਿਰਦੇ ਵਿਚ ਧਾਰ ਲਿਆ ਹੈ।

[ਪੰਨਾ ੭੯੧]

**ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ॥**
**ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ॥**

ਨਾਮ ਦੇ ਪਿਆਰ ਵਾਲਾ ਪੁਰਸ਼ ਸਰੀਰ ਘਰ ਦੇ (ਦਰੁ) ਅੰਦਰ ਹੀ ਮਹਲੁ=ਸਰੂਪ ਨੂੰ ਪਾਉਂਦਾ ਹੈ। ਗੁਰਾਂ ਦੁਆਰੇ ਨਾਮ ਪਾਇਆ ਜਾਂਦਾ ਹੈ ਇਸ ਕਰਕੇ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

**ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ॥ ੧੬॥**

ਹੇ ਸਿਰਜਣਹਾਰ ਪਰਮਾਤਮਾ! ਤੂੰ ਆਪੇ ਆਪ ਹੀ ਗੁਰਮਖਾਂ ਦੇ ਜਨਮ ਨੂੰ ਸੁਆਰਦਾ ਹੈਂ॥ ੧੬॥

**ਸਲੋਕ ਮਃ ੧॥ ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥**

ਜਿਵੇਂ ਦੀਵਾ ਬਲੇ ਤਾਂ ਹਨੇਰਾ ਦੂਰ ਹੋ ਜਾਂਦਾ ਹੈ। ਤਿਵੇਂ ਵੇਦ ਦਾ ਪਾਠ ਬੁੱਧੀ ਦੇ ਪਾਪਾਂ ਨੂੰ ਖਾ ਜਾਂਦਾ ਹੈ।

**ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥**

ਜਿਵੇਂ ਸੂਰਜ ਚੜ੍ਹੇ ਤਾਂ ਚੰਦਰਮਾ ਦਾ ਪ੍ਰਕਾਸ਼ ਜਾਣਿਆ ਨਹੀਂ ਜਾਂਦਾ। ਇਸੇ ਤਰ੍ਹਾਂ ਜਿਥੇ ਸ੍ਵੈ-ਸਰੂਪ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ।

**ਬੇਦ ਪਾਠ ਸੰਸਾਰ ਕੀ ਕਾਰ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥**

ਸੰਸਾਰੀ ਲੋਕਾਂ ਨੇ! ਵੇਦ ਪਾਠ ਨੂੰ ਸੰਸਾਰ ਦੀ ਇਕ ਕਾਰ ਹੀ ਸਮਝ ਲਿਆ ਹੈ। ਪੰਡਿਤ ਲੋਕ ਵੇਦ ਪਾਠ ਨੂੰ ਪੜ੍ਹ ਪੜ੍ਹ ਕੇ ਉਪਜੀਵਕਾ ਦਾ ਹੀ ਵਿਚਾਰ ਕਰਦੇ ਹਨ।

"ਬੇਦ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ॥" *(ਮਾਰੂ ਮਹਲਾ ੫, ਪੰਨਾ ੧੦੦੩)*

*ਅਥਵਾ:-* ਜੇਕਰ ਸਿਧਾਂਤ ਵਲ ਨਿਗ੍ਹਾ ਕਰੀਏ! ਤਾਂ ਵੇਦ ਪਾਠ ਸੰਸਾਰ ਦੀ ਕੀ ਕਾਰ ਹੈ, ਕਿੰਤੂ ਕੋਈ ਕਾਰ ਨਹੀਂ। ਪੰਡਿਤ ਲੋਕ ਵੇਦਾਂ ਨੂੰ ਪੜ੍ਹ ਪੜ੍ਹ ਕੇ ਸਿਧਾਂਤ ਦਾ ਹੀ ਵਿਚਾਰ ਕਰਦੇ ਹਨ।

**ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥ ੧॥**

ਜੋ ਲੋਗ ਸਿਧਾਂਤ ਦੇ ਬੁੱਝੇ ਤੋਂ ਬਿਨਾਂ ਹਨ, ਉਸ ਸਾਰੇ ਦੇ ਸਾਰੇ ਹੀ ਖਰਾਬ ਹੁੰਦੇ ਹਨ।

ਗੁਰੂ ਜੀ ਕਥਨ ਕਰਦੇ ਹਨ—ਸੰਸਾਰ-ਸਮੁੰਦਰ ਤੋਂ ਤਾਂ ਗੁਰਮੁਖਿ ਜਨ ਹੀ ਪਾਰ ਉਤਰਦੇ ਹਨ॥ ੧॥

**ਮਃ ੧॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥**
**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥**

ਮਨਮੁਖ ਪੁਰਸ਼ ਨੂੰ ! ਗੁਰ-ਉਪਦੇਸ਼ ਦਾ ਸੁਆਦ ਨਹੀਂ ਆਇਆ ਅਤੇ ਨਾ ਹੀ ਉਸਦਾ ਨਾਮ ਵਿਚ ਪ੍ਰੇਮ ਲੱਗਾ ਹੈ। ਜ਼ਬਾਨ ਨਾਲ ਫਿੱਕੇ ਬਚਨ ਬੋਲਦਾ ਹੈ, ਇਸ ਕਰਕੇ ਨਿਤਾਪ੍ਰਤੀ ਖੁਆਰੁ=ਖ਼ਰਾਬ ਹੁੰਦਾ ਹੈ।

**ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥੨॥**

ਗੁਰੂ ਜੀ ਕਥਨ ਕਰਦੇ ਹਨ, ਜਿਸ ਤਰ੍ਹਾਂ ਦਾ ਮੱਥੇ ਤੇ ਕਿਰਤਿ=ਲੇਖ ਪਿਆ ਹੈ, ਉਸੇ ਤਰ੍ਹਾਂ ਦੇ ਕਰਮਾਂ ਨੂੰ ਕਮਾਉਣਾ ਕਰਦਾ ਹੈ। (ਭੋਗੇ ਤੋਂ ਬਗੈਰ) ਉਹਨਾਂ ਕਰਮਾਂ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੨॥

**ਪਉੜੀ॥ ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ॥**

**ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥**

ਜਿਹੜਾ ਮਨੁੱਖ ਆਪਣੇ ਪ੍ਰਭੂ ਨੂੰ ਸਲਾਹੁੰਦਾ ਹੈ ਉਹ ਸ਼ੋਭਾ ਪਾਉਂਦਾ ਹੈ ਅਤੇ ਹਿਰਦੇ ਵਿਚੋਂ ਹਉਮੈ ਨੂੰ ਦੂਰ ਕਰ ਕੇ ਸੱਚ-ਨਾਮ ਨੂੰ ਮਨ ਵਿਚ ਵਸਾਉਂਦਾ ਹੈ।

**ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥**

**ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ॥**

ਗੁਣਾਂ ਵਾਲੀ ਸੱਚੀ ਨਾਮ ਬਾਣੀ ਉਚਾਰ ਕੇ ਸੱਚਾ ਸੁਖ ਪਾਉਂਦਾ ਹੈ।

ਜਿਨ੍ਹਾਂ ਪੁਰਖਾਂ ਨੇ ਸਤਿਗੁਰ ਪੁਰਖਾਂ ਨਾਲ ਆਪਣੇ ਆਪ ਨੂੰ ਮਿਲਾਇਆ ਹੈ, ਉਹਨਾਂ ਚਿਰ ਦੇ ਵਿਛੜਿਆਂ ਦਾ ਪਰਮੇਸ਼ਰ ਨਾਲ ਮੇਲ ਹੋਇਆ ਹੈ।

**ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ॥੧੭॥**

ਜਦ ਹਰੀ ਨਾਮ ਨੂੰ ਧਿਆਵੇ, ਤਦ ਇਸ ਪ੍ਰਕਾਰ ਮੈਲਾ ਮਨ ਪਵਿੱਤਰ ਹੁੰਦਾ ਹੈ॥ ੧੭॥

**ਉਥਾਨਕਾ:-** ਇਕ ਆਦਮੀ ਪ੍ਰਤੱਖ ਫੁੱਲਾਂ ਨੂੰ ਤੋੜ ਕੇ ਮਾਲਾ ਗੁੰਦ ਰਿਹਾ ਸੀ, ਉਸ ਦੇ ਪ੍ਰਤੀ ਕਥਨ ਕਰਦੇ ਹਨ-

**ਸਲੋਕ ਮਃ ੧॥ ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥**

**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥੧॥**

ਕਾਇਆ=ਬੁੱਧੀ ਰੂਪੀ ਕੂਮਲ=ਕਰੂੰਬਲੀ ਨਾਲੋਂ ਸ਼ੁਭ-ਗੁਣਾਂ ਰੂਪੀ ਫੁੱਲ ਲਾਹ ਕੇ ਉਹਨਾਂ ਦੀ ਮਾਲਾ ਗੁਪਸਿ=ਗੁੰਦਣਾ ਕਰ। ਇਨ੍ਹਾਂ ਫੁੱਲਾਂ ਦੇ ਲੈਣ ਲਈ ਸਤਸੰਗਤ ਦੀ ਤਰਫ ਰਉ ਕਰੇ=ਚਲਣਾ ਕਰ,

ਵਾ:-ਇਨ੍ਹਾਂ ਫੁੱਲਾਂ ਦੀ ਮਾਲਾ ਪਹਿਰਣ ਕਰਕੇ, ਪਤੀ-ਪਰਮੇਸ਼ਰ ਆਉਣ ਦਾ ਰਉ ਕਰੇ=ਰੁਖ ਕਰਦਾ ਹੈ, ਇਸ ਕਰਕੇ ਹੋਰਨਾਂ ਡਾਲੀਆਂ ਨਾਲੋਂ ਫੁੱਲ ਕੀ ਚੁਣੀਅਹਿ=ਚੁਨਣੇ ਹਨ॥ ੧ ॥

**ਮਹਲਾ ੨॥ ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥**

**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥**

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੂੰ ਸਦਾ ਹੀ ਬਸੰਤੁ=ਅਨੰਦ ਹੈ, ਜਿਨ੍ਹਾਂ ਦੇ ਅੰਤਹਕਰਨ ਰੂਪ ਘਰ ਵਿਚ ਕੰਤੁ=ਪਤੀ-ਪਰਮਾਤਮਾ ਵੱਸਿਆ ਹੈ।

ਜਿਨ੍ਹਾਂ ਦੇ ਪਤੀ ਦਿਸਾਪੁਰੀ=ਪਰਦੇਸ਼ ਗਏ ਹੋਏ ਹਨ, ਉਹ ਰਾਤ ਦਿਨੇ ਸੜਦੀਆਂ ਫਿਰਦੀਆਂ ਹਨ। ਏਸੇ ਤਰ੍ਹਾਂ-ਜਿਨ੍ਹਾਂ ਜਗਿਆਸੂ ਰੂਪ ਇਸਤ੍ਰੀਆਂ ਦਾ ਪਤੀ-ਪਰਮਾਤਮਾ ਦਿਸਾਪੁਰੀ=ਅਸਖਿਆਤਕਾਰ ਹਨ, ਉਹ ਰਾਤ ਦਿਨੇ ਸੜਦੇ ਫਿਰਦੇ ਹਨ॥ ੨॥

**ਪਉੜੀ॥ ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ॥**
**ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ॥**

ਗੁਰ=ਪੂਜਨੀਕ ਸਤਿਗੁਰਾਂ ਦੇ ਬਚਨਾਂ ਦੁਆਰੇ, ਆਪ ਹੀ ਦਇਆ ਕਰਕੇ ਬਖਸ਼ਦਾ ।

ਇਸ ਕਰਕੇ ਰਾਤ ਦਿਨੇ ਗੁਰਾਂ ਦੀ ਸੇਵਾ ਕਰੇ ਤੇ ਜਸ ਰੂਪ ਗੁਣਾਂ ਨੂੰ ਰਵਾ=ਉਚਾਰੇ ਅਤੇ ਮਨ ਨੂੰ ਸੱਚ-ਨਾਮ ਵਿਖੇ ਤਦਾਕਾਰ ਕਰੇ।

**ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ॥**
**ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ॥**

ਉਹ ਮੇਰਾ ਪ੍ਰਭੂ ਬਿਅੰਤ ਹੈ, ਉਸ ਦਾ ਅੰਤ ਕਿਸੇ ਨੇ ਜਾਣਿਆ ਨਹੀਂ । ਸਤਿਗੁਰਾਂ ਦੀ ਚਰਨੀਂ ਲੱਗਣ ਕਰਕੇ ਨਿਤਾਪ੍ਰਤੀ ਹਰੀ ਨਾਮੁ ਨੂੰ ਜਪਦਾ ਹੈ।

**ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ॥ ੧੮॥**

ਜੋ ਭੀ ਇੱਛਾ ਕਰਦਾ ਹੈ ਓਸੇ ਫਲ ਨੂੰ ਪਾਉਂਦਾ ਹੈ, ਸਭ ਜਚਨੀ=ਮੰਗਾਂ (ਇੱਛਾਵਾਂ) ਘਰ ਦੇ ਵਿਚ ਹੀ ਪੂਰਨ ਹੋ ਜਾਂਦੀਆਂ ਹਨ।

**ਸਲੋਕ ਮਃ ੧॥ ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥**
**ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥ ੧॥**

ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਹੀ, ਉਹ ਪਰਮੇਸ਼ਰ ਪਹਿਲੇ ਹੀ ਮਉਲਿਓ=ਖਿੜ ਰਿਹਾ ਹੈ। ਜਿਸ ਦੇ ਖਿੜਾਉਣ ਕਰਕੇ ਸਾਰਾ ਜਗਤ ਖਿੜ ਰਿਹਾ ਹੈ, ਉਸ ਪਰਮਾਤਮਾ ਨੂੰ ਕੋਈ ਭੀ ਨਹੀਂ ਮਉਲਿਹੁ=ਖਿੜਾਉਂਦਾ ॥ ੧॥

**ਮਃ ੨॥ ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥**
**ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥ ੨॥**

ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਹੀ ਤਿਸ=ਉਸ ਪਰਮਾਤਮਾ ਦਾ ਵਿਚਾਰ ਕਰੋ, ਗੁਰੂ ਜੀ ਕਥਨ ਕਰਦੇ ਹਨ-ਉਸ ਪਰਮੇਸ਼ਰ ਨੂੰ ਸਲਾਹੁਣਾ ਕਰੋ-ਜਿਹੜਾ ਸਾਰਿਆਂ ਨੂੰ (ਆਧਾਰੁ) ਆਸਰਾ ਦੇਂਦਾ ਹੈ॥ ੨॥

**ਮਃ ੨॥ ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ ੩॥**

**ਪਹਿਲਾ ਅਰਥ:-**

ਜੋ ਪੁਰਸ਼ ਪਰਮੇਸ਼ਰ ਨੂੰ ਮਿਲਿਆ ਮਿਲਿਆ ਕਹਿੰਦਾ ਹੈ, ਉਹ ਨਾ ਮਿਲੈ=ਕਦੇ ਵੀ ਨਹੀਂ ਮਿਲਦਾ, ਇਸੇ

ਤਰ੍ਹਾਂ ਜਿਹੜਾ ਮਿਲਿਆ ਹੈ, ਉਹ ਮਿਲਿਆ ਹੋਇਆ ਕਹੀਦਾ ਹੈ।

*ਪ੍ਰਸ਼ਨ:*-''ਕਿਸ ਤਰ੍ਹਾਂ ਮਿਲਿਆ ਹੈ ?'' *ਉੱਤਰ:*-ਅੰਤਰ ਆਤਮੈ ਜੋ ਮਿਲੈ=ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਉਹ ਮਿਲਿਆ ਹੋਇਆ ਕਹੀਦਾ ਹੈ॥ ੩॥

**ਦੂਜਾ ਅਰਥ:-**

ਜੋ ਪੁਰਸ਼ ਪਦਾਰਥਾਂ ਵਿਖੇ ਮਿਲਿਆ ਹੋਇਆ ਹੈ, (ਮਿਲਿਆ) ਉਸ ਨਾਲ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਲ ਨਹੀਂ ਮਿਲਦਾ, ਪਰਮਾਤਮਾ ਨਾਲ ਮਿਲਿਆ ਹੋਇਆ ਜੋ ਮਹਾਤਮਾ ਹੈ, ਉਸ ਨਾਲ ਜੋ ਪੁਰਸ਼ ਮਿਲਿਆ ਹੈ। *ਪ੍ਰਸ਼ਨ:*-''ਕਿਵੇਂ ਮਿਲਿਆ ਹੈ ?''

*ਉੱਤਰ:*- ਅੰਤਰ ਆਤਮੈ ਜੋ ਮਿਲੈ=ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਲ ਮਿਲਿਆ ਹੋਇਆ ਕਹੀਦਾ ਹੈ ॥ ੩॥

**ਤੀਜਾ ਅਰਥ:-**

ਸਾਰਿਆਂ ਨਾਲ ਮਿਲਿਆ ਹੋਇਆ ਜੋ ਪਰਮਾਤਮਾ ਹੈ ਉਸ ਨਾਲ ਜੋ ਮਿਲਿਆ ਹੈ, ਓਹ ਨ ਮਿਲੈ=ਪ੍ਰਪੰਚ ਨਾਲ ਨਹੀਂ ਮਿਲਦਾ, (ਮਿਲੈ ਮਿਲਿਆ ਜੇ ਹੋਇ) ਬਾਣੀ ਕਰਕੇ ਜਿਹੜਾ ਮਿਲਿਆ ਹੈ, ਤਨ ਕਰਕੇ ਜਿਹੜਾ ਮਿਲਿਆ ਹੋਇਆ ਹੈ। (ਅੰਤਰ ਆਤਮੈ ਜੋ ਮਿਲੈ) ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਓਹੀ ਮਿਲਿਆ ਹੋਇਆ ਕਹੀਦਾ ਹੈ ॥ ੩॥

**ਪਉੜੀ॥ ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ॥**
**ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ॥**

ਹੇ ਭਾਈ ਹਰਿ ਹਰਿ ਨਾਮ ਨੂੰ ਸਲਾਹੀਏ ਅਤੇ ਸੱਚੀ ਭਗਤੀ ਰੂਪੀ ਕਾਰ ਨੂੰ ਕਮਾਈਏ। ਜੋ ਪੁਰਸ਼ ਦ੍ਵੈਤ ਦੀ ਕਾਰ ਵਿਚ ਲੱਗਾ ਹੋਇਆ ਹੈ, ਉਹ ਮੁੜ-ਮੁੜ ਕੇ ਜੂਨਾਂ ਵਿਚ ਪੈਂਦਾ ਹੈ।

**ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ॥**
**ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ॥**

ਨਾਮ ਜਪਣ ਵਿਚ ਤਦਾਕਾਰ ਹੋਣ ਕਰਕੇ ਪ੍ਰਸਿੱਧ ਪਰਮੇਸ਼ਰ ਪਾਈਦਾ ਹੈ, ਇਸ ਕਰਕੇ ਨਾਮ ਜਪਣ ਦੇ ਗੁਣਾਂ ਨੂੰ ਗਾਉਣਾ ਕਰੇ। ਗੁਰਾਂ ਦੇ ਉਪਦੇਸ਼ ਦੁਆਰਾ ਜੋ ਨਾਮ ਨੂੰ ਸਲਾਹੁੰਦਾ ਹੈ, ਉਹ ਹਰੀ ਨਾਮੀ ਵਿਖੇ ਸਮਾਉਂਦਾ ਹੈ।

**ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ॥ ੧੯॥**

ਸਤਿਗੁਰਾਂ ਦੀ ਸੇਵਾ ਸਹਿਤ ਫਲਾਂ ਦੇ ਹੈ, ਜੋ ਪੁਰਸ਼ ਸੇਵਾ ਕਰਦਾ ਹੈ ਓਹੀ ਫਲ ਪਾਉਂਦਾ ਹੈ॥ ੧੯॥

ਇਸ ਸ਼ਬਦ ਵਿਚ ਵਾਹਿਗੁਰੂ ਦੇ ਪਿਆਰਿਆਂ (ਆਸ਼ਕਾਂ) ਦੀ ਅਵਸਥਾ ਸੁਣਾਉਂਦੇ ਹਨ-

**ਸਲੋਕ ਮਃ ੨॥ ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥**

ਕਿਸੇ ਦਾ ਕੋਈ ਅਤੇ ਕਿਸੇ ਦਾ ਕੋਈ ਆਸਰਾ ਰੂਪ ਹੈ, ਪਰ ਮੰਞੁ=ਮੈਂ ਨਿਮਾਣੀ ਦਾ ਹੇ ਪਰਮੇਸ਼ਰ ! ਇਕ ਤੂੰ ਹੀ ਆਸਰਾ ਰੂਪ ਹੈਂ।

*ਯਥਾ:-* "ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ॥
ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥ ੧॥
ਹਉ ਨ ਛੋਡਉ ਕੰਤ ਪਾਸਰਾ॥
ਸਦਾ ਰੰਗੀਲਾ ਲਾਲੁ ਪਿਆਰਾ ਇਹੁ ਮਹਿੰਜਾ ਆਸਰਾ॥ ੧॥ ਰਹਾਉ॥"

*(ਸੂਹੀ ਮਹਲਾ ੫, ਪੰਨਾ ੭੯੧)*

## [ਪੰਨਾ ੭੯੨]

# ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥

ਉਤਨਾ ਚਿਰ ਰੋ-ਰੋ ਕੇ ਮਰ ਕਿਉਂ ਜਾਈਏ, ਜਦੋਂ ਤੱਕ ਕਿ ਤੂੰ ਚੇਤੇ ਨਹੀਂ ਆਉਂਦਾ ॥ ੧॥

ਭਾਵ-ਵਾਹਿਗੁਰੂ ਦੇ ਪ੍ਰੇਮੀ ਉਸ ਦੀ ਯਾਦ ਤੋਂ ਬਿਨਾਂ ਇਕ ਛਿਨ ਮਾਤਰ ਵੀ ਨਹੀਂ ਰਹਿ ਸਕਦੇ, ਕਿਉਂਕਿ ਉਸ ਪ੍ਰਭੂ ਦੇ ਵਿਜੋਗ ਵਿਚ ਹਰ ਵੇਲੇ ਵਿਲਕਦੇ ਰਹਿੰਦੇ ਹਨ।

ਜਿਵੇਂ ਇਕ ਮੁਸਲਮਾਨ ਨੇ ਕਿਸੇ ਫਕੀਰ ਨੂੰ ਪੁੱਛਿਆ-"ਖ਼ੁਦਾ ਦੇ ਜੋ ਪ੍ਰੇਮੀ ਹਨ, ਉਹ ਕਿਸ਼ ਹਾਲਤ ਵਿਚ ਰਹਿੰਦੇ ਹਨ।"

ਫਕੀਰ ਨੇ ਕਿਹਾ-"ਖੁਦਾ ਦੇ ਜੋ ਆਸ਼ਕ ਹਨ, ਉਹਨਾਂ ਦੀਆਂ ਨੌਂ ਨਿਸ਼ਾਨੀਆਂ ਹਨ-.
'ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ ! ਆਹ ਸਰਦੋ, ਰੰਗ ਜ਼ਰਦੋ, ਚਸ਼ਮ ਤਰ।
ਕਮ ਗੁਫਤਨੋ, ਕਮ ਖੁਰਦਨੋਂ, ਖ਼ੁਆਬਸ਼ ਹਰਾਮ। ਇੰਤਜ਼ਾਰੀ ਬੇ-ਕਰਾਰੀ ਦਸ਼ਤ ਸਰ।'

*ਅਰਥ:-* ਐ ਪਿਸਰ=ਹੇ ਪੁੱਤਰ ! ਖ਼ੁਦਾ ਦੇ ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ਹਨ-

੧. ਪ੍ਰੀਤਮ ਦੇ ਨਾ ਮਿਲਣ ਕਰਕੇ ਇਕ. ਤਾਂ (ਆਹ ਸਰਦੋ) ਠੰਡੇ ਹਉਕੇ ਭਰਦੇ ਹਨ।
*ਯਥਾ:-* "ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥" *(ਰਾਗੁ ਗਉੜੀ, ਪੰਨਾ ੩੩੭)*

੨. (ਰੰਗ ਜ਼ਰਦੋ) ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਹੈ।

੩. (ਚਸ਼ਮ ਤਰ) ਨੈਣ ਅੱਥਰੂਆਂ ਨਾਲ ਡਲ੍ਹਕਦੇ ਰਹਿੰਦੇ ਹਨ।
*ਯਥਾ:-* "ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩॥" *(ਮਾਝ ਮ: ੪, ਪੰਨਾ ੯੪)*

੪. (ਕਮ ਗੁਫਤਨੋ) ਘੱਟ ਤੋਂ ਘੱਟ ਗੱਲਾਂ ਕਰਦੇ ਹਨ।
*ਯਥਾ:-* "ਗੋਰਖ ਆਖੇ ਨਾਨਕ ਵਿਚ ਦੁਨੀਆਂ ਕਿਉਂ ਰਹੀਏ?"
*ਉੱਤਰ:-* 'ਅੱਖੀਂ ਦੇਖੇ ਕੰਨੀ ਸੁਣੀਏ ਜਿਹਵਾ ਮੂਲ ਨ ਕਹੀਏ।'

੫. (ਕਮ ਖੁਰਦਨੋ) ਭੁੱਖ ਮਰ ਜਾਂਦੀ ਹੈ ਘੱਟ ਖਾਂਦੇ ਹਨ।
*ਯਥਾ:-* "ਥੋੜੀ ਨਿੰਦ੍ਰਾ ਅਲਪ ਅਹਾਰੀ ਸਾਧ ਕਾ ਪਿੰਡ ਸਦਾ ਵੀਚਾਰੀ।"

੬. (ਖ਼ੁਆਬਸ਼ ਹਰਾਮ) ਅਨੀਂਦਰਾ ਹੋ ਜਾਂਦਾ ਹੈ, ਭਾਵ ਨੀਂਦ ਨਹੀਂ ਆਉਂਦੀ।

੭. (ਇੰਤਜ਼ਾਰੀ) ਮਿਲਣ ਦੀ ਆਸ ਲੱਗੀ ਰਹਿੰਦੀ ਹੈ।

੮. (ਬੇ-ਕਰਾਰੀ) ਦਿਲ ਨੂੰ ਬੇਚੈਨੀ ਰਹਿਣੀ ਭਾਵ ਮਨ ਤੇ ਤਨ ਵਿਚ ਟਿਕਾਉ ਨਹੀਂ ਰਹਿੰਦਾ।

੯. (ਦਸ਼ਤ ਸਰ) ਸਿਰ ਗੋਡਿਆਂ ਵਿਚ ਪਾ ਕੇ ਬੈਠਿਆਂ ਰਹਿਣਾ।

ਜਾਂ ਸਿਰ ਉਤੇ ਹੱਥ ਰੱਖ ਕੇ ਸ਼ੋਕ ਸਹਿਤ ਰਹਿੰਦੇ ਹਨ।

ਜਿਵੇਂ-ਕਿਸੇ ਸ਼ਾਇਰ ਨੇ ਕਿਹਾ ਸੁੰਦਰ ਕਥਨ ਕੀਤਾ ਹੈ:-

'ਜੋ ਆਸ਼ਕ ਹੋਗਾ ਗਿਰਫਤਾਰੀ ਇਸ਼ਕ ਮੇਂ ਪੜਾ ਹੋਗਾ।
ਅਜ਼ਰਾਈਲ ਕੇ ਆਨੇ ਸੇ ਓ ਪਹਿਲੇ ਹੀ ਮਰਾ ਹੋਗਾ।
ਜਬ ਅਜ਼ਰਾਈਲ ਆਏਗਾ ਤੋ ਆਸ਼ਿਕ ਹੱਸ ਕੇ ਬੋਲੇਗਾ।
ਗਲੀ ਮਹਿਬੂਬ ਕੀ ਹੋਗੀ ਵਹਾਂ ਆਸ਼ਕ ਖੜਾ ਹੋਗਾ।'

*(ਹਰੀ ਨਰਾਇਣ ਉਪਦੇਸ਼, ਪੰਨਾ ੪੯੦)*

ਇਸੇ ਤਰ੍ਹਾਂ-ਗੁਰੂ ਅੰਗਦ ਸਾਹਿਬ ਜੀ ਵਾਹਿਗੁਰੂ ਦੇ ਪਿਆਰ ਵਾਲਿਆਂ ਦੀ ਨਿਸ਼ਾਨੀ ਇਉ ਫੁਰਮਾਉਂਦੇ ਹਨ-

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥ *(ਸਿਰੀਰਾਗ ਕੀ ਵਾਰ, ਪੰਨਾ ੮੩)*

*ਤਥਾ:-* "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥" *(ਮ: ੫, ਪੰਨਾ ੧੧੦੨)*

## ਸਾਖੀ-ਸਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ

ਸੂਬੇ ਨੂੰ ਸਿੰਘਾਂ ਦੀ ਤਾਕਤ ਜਦੋਂ ਤਲਵਾਰਾਂ ਦੀਆਂ ਧਾਰਾਂ ਤੇ ਵਧਦੀ ਦਿੱਸੀ ਅਤੇ ਜਦੋਂ ਉਸ ਨੇ ਵੇਖਿਆ ਕਿ ਨਾ ਇਹ ਸਾੜੇ ਜਾ ਸਕਦੇ ਹਨ, ਨਾ ਡੋਬੇ ਜਾ ਸਕਦੇ ਹਨ, ਨਾ ਇਹ ਕਤਲ ਕੀਤੇ ਜਾ ਸਕਦੇ ਹਨ। ਇਸ ਲਈ ਕੋਈ ਰਾਜਨੀਤਕ ਚਾਲ ਚਲੀਏ।

ਉਨ੍ਹਾਂ ਨੇ ਵਕੀਲ ਸਬੇਗ ਸਿੰਘ ਜੀ ਨੂੰ ਲੱਖ ਰੁਪਏ ਦੀ ਜਾਗੀਰ ਦੀ ਸਨਦ ਤੇ ਨਵਾਬੀ ਖਿਤਾਬ ਦੇ ਕੇ ਸਿੰਘਾਂ ਵਲ ਭੇਜਿਆ, ਨਾਲ ਕੀਮਤੀ ਖਿਲਤ ਭੇਜੀ।

ਜਦੋਂ ਸਬੇਗ ਸਿੰਘ ਸ੍ਰੀ ਅੰਮ੍ਰਿਤਸਰ ਪੁੱਜਾ ਤਾਂ ਉਸ ਨੇ ਵੇਖਿਆ ਕਿ ਕੋਈ ਸਿੰਘ ਭੱਜ-ਭੱਜ ਕੇ ਪਾਣੀ ਲਿਆ ਕੇ ਇਸ਼ਨਾਨ ਕਰਵਾ ਰਿਹਾ ਹੈ, ਕੋਈ ਕਿਸੇ ਦੇ ਕਪੜੇ ਧੋ ਰਿਹਾ ਹੈ। ਕੋਈ ਘੋੜਿਆਂ ਦੀ ਮਾਲਸ਼ ਕਰ ਰਿਹਾ ਹੈ, ਕੋਈ ਗਤਕਾ ਖੇਲ ਰਿਹਾ ਹੈ। ਕੋਈ ਪਾਠ ਕਰ ਰਿਹਾ ਹੈ ਅਤੇ ਕੋਈ ਰਬਾਬ ਵਜਾ ਰਿਹਾ ਹੈ। ਕੋਈ ਹਥਿਆਰ ਸਾਫ ਕਰ ਰਿਹਾ ਹੈ, ਕੋਈ ਵਾਰਾਂ ਗਾ ਰਿਹਾ ਹੈ। ਸਾਰੇ ਸਿੰਘ ਈਰਖਾ ਰਹਿਤ ਸਨ ਤੇ ਚੜ੍ਹਦੀ ਕਲਾ ਵਿਚ ਸਨ।

ਜਦੋਂ ਸਬੇਗ ਸਿੰਘ ਜੀ ਨੇ ਸਾਰੀ ਗੱਲ ਦੱਸੀ ਤਾਂ ਇਕ ਬੋਲਿਆ, "ਇਹ ਸਭ ਕੁਝ ਲੁੱਟ ਲਵੋ।" ਦੂਜਾ ਬੋਲਿਆ, "ਇਸ ਨੂੰ ਹੁਣੇ ਭਜਾ ਦਿਓ।" ਕੋਈ ਬੋਲਿਆ, "ਇਹ ਪਟਾ ਪਾੜ ਦਿਓ।" ਦੂਜਾ ਬੋਲਿਆ, "ਇਸ ਨੂੰ ਹੁਣੇ ਸਾੜ ਦਿਓ।"

ਤੀਜਾ ਬੋਲਿਆ,"ਅਸੀ ਸ਼ਹਿਨਸ਼ਾਹ ਦੇ ਪੁੱਤਰ ਹਾਂ, ਜਮਾਂਦਰੂ ਬਾਦਸ਼ਾਹ ਹਾਂ, ਅਸੀਂ ਜੋ ਕੁਝ ਲੈਣਾ ਹੈ, ਤਲਵਾਰ ਦੇ ਜ਼ੋਰ ਲੈਣਾ ਹੈ।

ਸਬੇਗ ਸਿੰਘ ਜੀ ਨੇ ਨਿਮ੍ਰਤਾ ਨਾਲ ਗੱਲ ਕੀਤੀ ਅਤੇ ਭਾਈ ਦਰਬਾਰਾ ਸਿੰਘ ਜੀ ਅੱਗੇ ਨਵਾਬੀ ਦੀ ਖਿਲਤ ਰੱਖੀ। ਉਹ ਬੋਲਿਆ, "ਇਹ ਨਵਾਬੀ ਨਹੀਂ; ਇਹ ਖਰਾਬੀ ਦੀ ਜੜ੍ਹ ਹੈ। ਇਹ ਖਿਲਤ ਨਹੀਂ , ਜ਼ਿਲਤ ਅਤੇ ਖਵਾਰੀ ਹੈ।"

ਸਬੇਗ ਸਿੰਘ ਨੇ ਕਿਹਾ, "ਮੈਂ ਕਹਿੰਦਾ ਹਾਂ, ਇਹ ਜੋ ਕੁਝ ਮਿਲਦਾ ਹੈ, ਇਹ ਲੈ ਲਵੋ। ਹੋਰ ਲੈਣ ਤੋਂ ਤੁਹਾਨੂੰ ਕੌਣ ਰੋਕਦਾ ਹੈ।

ਇਕ ਸਿੰਘ ਬੋਲਿਆ, "ਖਾਲਸਾ ਜੀ, ਇਹ ਤਾਂ ਰਾਜ ਦੀ ਸਾਈ ਹੈ। ਦਿਤੇ ਰਾਜ ਦਾ ਵਿਆਜ ਹੈ, ਇਸ ਨੂੰ ਕਿਉਂ ਛਡਦੇ ਹੋ।"

ਸਬੇਗ ਸਿੰਘ ਨੂੰ ਸਭ ਨੇ ਕਿਹਾ,"ਭਾਈ ਨੌਧ ਸਿੰਘ ਜੀ ਸ਼ੁਕਰਚਕੀਏ ਨੂੰ ਨਵਾਬੀ ਦਿਓ।"

ਭਾਈ ਨੌਧ ਸਿੰਘ ਜੀ ਬੋਲੇ, "ਸਾਨੂੰ ਗੁਰੂ ਨੇ ਲੋਕ-ਪ੍ਰਲੋਕ ਦੀ ਪਹਿਲਾਂ ਹੀ ਬਾਦਸ਼ਾਹੀ ਦੇ ਰੱਖੀ ਹੈ। ਮੈਨੂੰ ਇਸ ਦੀ ਲੋੜ ਨਹੀਂ।"

ਇਕ ਸਿੰਘ ਬਾਣੀ ਪੜ੍ਹ ਰਿਹਾ ਸੀ, "ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥" ਇਕ ਸਿੰਘ ਬੋਲਿਆ, "ਬਾਣੀ ਨੇ ਫੈਸਲਾ ਕਰ ਦਿੱਤਾ ਹੈ ਔਹ ਵੇਖੋ ਭਾਈ ਕਪੂਰ ਸਿੰਘ ਫ਼ਾਜ਼ਲਪੁਰ ਦਾ ਪੱਖਾ ਝੱਲ ਰਿਹਾ ਹੈ, ਇਸ ਨੇ ਭਾਈ ਬਿਨੋਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਹੈ। ਇਹ ਲੱਕੜਾਂ ਲਿਆਉਂਦੇ ਹਨ, ਜੂਠੇ ਭਾਂਡੇ ਮਾਂਜਦੇ ਹਨ, ਸਿੰਘਾਂ ਦੇ ਕੱਛੇ ਧੋਂਦੇ ਹਨ, ਘੋੜਿਆਂ ਦੀ ਲਿੱਦ ਢੋਂਦੇ ਹਨ। ਇਨ੍ਹਾਂ ਦੇ ਮਨ ਵਿਚ, ਸਾਰੀ ਉਮਰ ਵਿਚ, ਇਕ ਵਾਰ ਭੀ ਈਰਖਾ ਨਹੀਂ ਆਈ। ਇਨ੍ਹਾਂ ਦੇ ਮੱਥੇ ਜ਼ਖਮ ਭੀ ਅੱਲਾ ਹੈ ਪਰ ਇਨ੍ਹਾਂ ਨੂੰ ਜ਼ਖਮ ਦੀ ਪੀੜ ਨਾਲੋਂ ਸੇਵਾ ਦਾ ਸੁਖ ਚੰਗਾ ਲਗਦਾ ਹੈ।"

ਸਾਰੀ ਸੰਗਤ ਵਿਚੋਂ ਅਵਾਜ਼ ਆਈ, "ਠੀਕ ਹੈ, ਗੁਰੂ ਬਾਣੀ ਦਾ ਹੁਕਮ ਭੀ ਹੋ ਚੁੱਕਾ ਹੈ। ਹੁਣ ਇਹ ਨਵਾਬੀ ਮੋੜੀ ਨਹੀਂ ਜਾ ਸਕਦੀ।"

ਇਹ ਭਾਈ ਸਬੇਗ ਸਿੰਘ ਜੀ ਹੀ ਸਨ ਜੋ ਸਰਕਾਰੀ ਕੰਮ ਭੀ ਕਰਦੇ ਸਨ ਅਤੇ ਪੰਥ ਦਾ ਭਲਾ ਭੀ ਸੋਚਦੇ ਸਨ ਅਤੇ ਜੋ ਭਰੋਸਾ ਰਖਦੇ ਸਨ ਕਿ ਸਮੇਂ ਦੇ ਅਨੁਸਾਰ ਪੰਥ ਨੂੰ ਆਪਣਾ ਰਵਈਆ ਬਦਲ ਲੈਣਾ ਚਾਹੀਦਾ ਹੈ। ਲਚਕ ਹੋਰ ਚੀਜ਼ ਹੈ ਅਤੇ ਦ੍ਰਿੜ੍ਹਤਾ ਹੋਰ ਚੀਜ਼ ਹੈ। ਨਿਸ਼ਾਨਾ ਨਹੀਂ ਬਦਲਿਆ ਜਾਂਦਾ । ਸਾਧਨ ਬਦਲੇ ਜਾ ਸਕਦੇ ਹਨ।

ਇਹ ਲਾਹੌਰ ਦੇ ਕੋਤਵਾਲ ਭੀ ਰਹੇ ਅਤੇ ਇਨ੍ਹਾਂ ਨੇ ਆਪਣੇ ਸਮੇਂ ਇਤਿਹਾਸਕ ਯਾਦਗਾਰਾਂ ਭੀ ਬਣਵਾਈਆਂ, ਜਿਵੇਂ ਸ: ਬਘੇਲ ਸਿੰਘ ਜੀ ਨੇ ਦਿੱਲੀ ਦੇ ਗੁਰਦਵਾਰੇ ਬਣਵਾਏ ਸਨ। ਇਹ ਨਵਾਬੀਆਂ ਦੇ ਚੱਕਰ ਤਾਂ ਕੇਵਲ ਸਮਾਂ ਟਾਲਣਾ ਸੀ। ਇਸ ਤੋਂ ਪਿਛੋਂ ਫਿਰ ਦਮਨ-ਚੱਕਰ ਪੂਰੇ ਜ਼ੋਰ ਨਾਲ ਚਲਿਆ ਲਖਪਤ ਨੇ ਪ੍ਰਣ ਕਰ ਲਿਆ ਕਿ ਇਕ ਖੱਤਰੀ ਨੇ ਸਿੱਖਾਂ ਦੀ ਨੀਂਹ ਰੱਖੀ ਹੈ ਅਤੇ ਮੈਂ ਪ੍ਰਣ ਕਰਦਾ ਹਾਂ ਕਿ ਮੈਂ ਇਨ੍ਹਾਂ ਦੀਆਂ ਜੜ੍ਹਾਂ ਪੁਟ ਦੇਵਾਂਗਾ। ਯਹੀਆ ਖਾਂ ਨੇ ਕਿਹਾ, "ਚੰਗਾ, ਜਿੰਨੀ ਫੌਜ ਦੀ ਲੋੜ ਹੈ, ਲੈ ਲੈ । ਜਿੰਨੇ ਰੁਪਏ ਦੀ ਲੋੜ ਹੈ, ਲੈ ਲੈ ਤੇ ਆਪਣਾ ਪ੍ਰਣ ਪੂਰਾ ਕਰ।"

ਭਾਈ ਸਬੇਗ ਸਿੰਘ ਜੀ ਜਿਵੇਂ ਆਪ ਅਰਬੀ ਫਾਰਸੀ ਦੇ ਵਿਦਵਾਨ ਸਨ, ਉਸੇ ਤਰ੍ਹਾਂ ਉਨ੍ਹਾਂ ਦਾ ਪੁੱਤਰ ਸ਼ਾਹਬਾਜ਼ ਸਿੰਘ ਸੀ ਉਹ ਲਾਹੌਰ ਵਿਚ ਪੜ੍ਹਦਾ ਸੀ।

ਸਰਕਾਰ ਵਲੋਂ ਇਹ ਫ਼ੁਰਮਾਨ ਨਿਕਲ ਚੁਕੇ ਸਨ ਕਿ ਸਾਰੇ ਸਰਕਾਰੀ ਸਿੱਖ ਨੌਕਰਾਂ ਨੂੰ ਕਤਲ ਕਰ ਦਿਤਾ ਜਾਵੇ। ਜਿਸ ਪਿੰਡ ਵਿਚ ਸਿੱਖ ਹੋਵੇ, ਉਥੇ ਦੇ ਪੰਚ ਨੂੰ ਸਜ਼ਾ ਦਿਤੀ ਜਾਵੇ। ਸਿੰਘ ਵਿਚਾਰੇ ਘਰ ਘਾਟ ਛੱਡ ਕੇ

ਜੰਗਲਾਂ ਵਿਚ ਲੁਕ ਕੇ ਤੇ ਸਾਗ ਪਾਤ ਖਾ ਅਵਸਰ ਦੀ ਉਡੀਕ ਕਰ ਰਹੇ ਹਨ।

ਇਕ ਦਿਨ ਕਾਜ਼ੀ ਦਾ ਅਤੇ ਸ਼ਾਹਬਾਜ਼ ਸਿੰਘ ਦਾ ਧਰਮਾਂ ਸੰਬੰਧੀ ਸੰਵਾਦ ਹੋਇਆ। ਕਾਜ਼ੀ ਦਲੀਲਾਂ ਅੱਗੇ ਹਾਰ ਗਿਆ। ਸੂਬੇ ਅੱਗੇ ਚੁਗਲੀ ਕੀਤੀ। ਸੂਬੇ ਨੇ ਦੋਹਾਂ ਪਿਉ ਪੁੱਤਰਾਂ ਨੂੰ ਗ੍ਰਿਫਤਾਰ ਕਰ ਲਿਆ।

ਸੂਬੇ ਨੇ ਜਦੋਂ ਮੁਸਲਮਾਨ ਹੋਣ ਲਈ ਕਿਹਾ ਤਾਂ ਭਾਈ ਸਬੇਗ ਸਿੰਘ ਜੀ ਨੇ ਕਿਹਾ, "ਜਿਵੇਂ ਤੁਹਾਨੂੰ ਆਪਣਾ ਧਰਮ ਪਿਆਰਾ ਹੈ, ਏਸੇ ਤਰ੍ਹਾਂ ਸਾਨੂੰ ਆਪਣਾ ਧਰਮ ਪਿਆਰਾ ਹੈ। ਸਾਡੇ ਗੁਰੂ ਤੇਗ ਬਹਾਦਰ ਜੀ ਨੇ ਸਾਨੂੰ ਉੱਤਰ ਦੇਣ ਦੀ ਜਾਚ ਸਿਖਾ ਦਿੱਤੀ ਹੈ। ਧੰਨ ਚਰਖੜੀ ਹੈ, ਧੰਨ ਉਹ ਘੜੀ ਹੋਵੇਗੀ ਅਤੇ ਧੰਨ ਹੈ ਤੁਹਾਡਾ ਇਨਸਾਫ ਜੋ ਸਾਨੂੰ ਕੁਰਬਾਨੀ ਕਰਨ ਦਾ ਅਵਸਰ ਦੇਵੇਗਾ। ਮਰਨਾ ਸਭ ਨੇ ਹੈ, ਕੋਈ ਧਰਮ, ਮੌਤ ਤੋਂ ਬਚਾ ਨਹੀਂ ਸਕਦਾ ਪਰ ਜਿਹੜਾ ਮੌਤ ਨੂੰ ਸ਼ਹੀਦੀ ਵਿਚ ਬਦਲ ਲਵੇ, ਉਹੋ ਸੁਭਾਗਾ ਹੈ। ਮੈਨੂੰ ਆਪਣੀ ਵੰਸ ਖਤਮ ਹੋਣ ਦਾ ਡਰ ਨਹੀਂ, ਸਾਡੇ ਗੁਰੂ ਨੇ ਇਹੋ ਕੰਮ ਕੀਤਾ ਹੈ।"

ਦੋਹਾਂ ਨੂੰ ਚਰਖੜੀ 'ਤੇ ਚੜ੍ਹਾਕੇ ਬੁਰੀ ਤਰ੍ਹਾਂ ਚੱਕਰ ਦਿਤੇ। ਦੋਵੇਂ ਪਿਉ ਪੁੱਤਰ ਉੱਚੀ ਜੈਕਾਰੇ ਗਜਾਉਂਦੇ ਰਹੇ। ਚਰਬੇ ਉਡਦੇ ਰਹੇ। ਚਰਖੜੀ ਰੁਕਵਾ ਕੇ ਸੂਬੇ ਨੇ ਸ਼ਾਹਬਾਜ਼ ਸਿੰਘ ਨੂੰ ਸੱਦਿਆ ਤੇ ਵਖ ਕਰਕੇ ਕਿਹਾ, "ਤੇਰਾ ਪਿਉ ਬੁੱਢਾ ਹੈ, ਇਹ ਬਥੇਰਾ ਖਾ ਹੰਢਾ ਚੁਕਾ ਹੈ। ਤੂੰ ਅਜੇ ਬੱਚਾ ਏਂ, ਤੇ ਪੜ੍ਹਿਆ ਲਿਖਿਆ ਏਂ, ਤੈਨੂੰ ਮੈਂ ਅਹੁਦਾ, ਜਾਗੀਰਾਂ ਅਤੇ ਸੁੰਦਰ ਇਸਤਰੀ ਦੇਵਾਂਗਾ। ਅਰਾਮ ਨਾਲ ਜੀਵਨ ਬਤੀਤ ਕਰੀਂ । ਦੀਨ ਮੰਨ ਲੈ।"

ਜਦੋਂ ਸ਼ਾਹਬਾਜ਼ ਸਿੰਘ ਨ ਮੰਨਿਆ ਤਾਂ ਉਸ ਦੇ ਕੇਸ ਦਰੱਖਤ ਨਾਲ ਬੰਨ੍ਹ ਦਿਤੇ ਅਤੇ ਚਾਬਕ ਮਾਰਨੇ ਸ਼ੁਰੂ ਕਰ ਦਿਤੇ। ਗਰਮ ਕਰਕੇ ਲੋਹੇ ਨਾਲ ਸਰੀਰ ਨੂੰ ਦਾਗਿਆ।

ਕਦੇ ਉਸ ਦੀਆਂ ਲੱਤਾਂ ਅਤੇ ਬਾਹਵਾਂ ਮਰੋੜੀਆਂ, ਉਸ ਦੇ ਮੂੰਹ ਉੱਪਰ ਸਖਤ ਸੱਟਾਂ ਲਾਈਆਂ। ਨੇਜ਼ੇ ਨਾਲ ਵਿੰਨੇ, ਜ਼ਖ਼ਮਾਂ ਵਿਚੋਂ ਲਹੂ ਵਗ ਰਿਹਾ ਸੀ। ਦੰਦਾਂ ਤੇ ਭੀ ਸੱਟਾਂ ਮਾਰੀਆਂ ।

ਜਦੋਂ ਸ਼ਾਹਬਾਜ਼ ਸਿੰਘ ਬੇਹੋਸ਼ ਹੋ ਜਾਂਦਾ ਤਾਂ ਛਡ ਦੇਂਦੇ । ਪਾਣੀ ਦੇ ਛਿੱਟੇ ਮਾਰ ਕੇ ਹੋਸ਼ ਵਿਚ ਲਿਆਉਂਦੇ ਅਤੇ ਫਿਰ ਮਾਰਨਾ ਸ਼ੁਰੂ ਕਰ ਦੇਂਦੇ ਤੇ ਕਹਿੰਦੇ "ਜਿੰਨਾ ਚਿਰ ਦੀਨ ਨਹੀਂ ਕਬੂਲੇਂਗਾ, ਛਡਾਂਗੇ ਨਹੀਂ ।" ਲਾਗੇ ਬਹੁਤ ਸਾਰੇ ਹਿੰਦੂ ਖੜੇ ਕਰ ਦਿਤੇ, ਜੋ ਮੁਸਲਮਾਨ ਹੋ ਗਏ ਸਨ। ਅੰਤ ਦੀਆਂ ਪੀੜਾਂ ਨੇ ਬਾਲਕ ਨੂੰ ਬੇਵਸ ਕਰ ਦਿੱਤਾ ਤੇ ਉਸ ਨੇ ਅਧ ਬੇਹੋਸ਼ੀ ਵਿਚ "ਹਾਂ" ਕਹਿ ਦਿਤਾ।

ਸਾਰੇ ਕਰਮਚਾਰੀ ਖੁਸ਼ੀ ਨਾਲ ਨੱਚ ਉੱਠੇ। ਉਨ੍ਹਾਂ ਇਸ ਨੂੰ ਆਪਣੇ ਧਰਮ ਦੀ ਜਿੱਤ ਸਮਝ ਲਿਆ। ਉਸ ਨੂੰ ਬਾਪ ਕੋਲ ਲੈ ਆਏ।

ਭਾਈ ਸਬੇਗ ਸਿੰਘ ਨੇ ਆਪਣੇ ਪੁੱਤਰ ਵਲ ਵੇਖਿਆ। ਵਾਹਿਗੁਰੂ ਕਹਿ ਕੇ ਆਪਣੇ ਹੀ ਚਰਨਾਂ ਦੀ ਧੂੜ ਆਪਣੇ ਪੁੱਤਰ ਦੇ ਮੱਥੇ ਤੇ ਲਾ ਕੇ ਕਿਹਾ, "ਲੈ ਪੁੱਤਰ, ਮੈਂ ਤੇਰੇ ਲੇਖ ਪਲਟ ਦਿਤੇ ਹਨ। ਉੱਠ ਸ਼ੇਰ ਬਣ, ਤੇਰੇ ਭਾਗਾਂ ਵਿਚ ਸ਼ਹੀਦੀ ਹੈ।"

ਸ਼ਾਹਬਾਜ਼ ਸਿੰਘ ਵਿਚ ਲੋਹੜੇ ਦਾ ਜੋਸ਼ ਆ ਗਿਆ ਅਤੇ ਉਹ ਜੈਕਾਰਾ ਬੁਲਾ ਕੇ ਬੋਲਿਆ, "ਮੈਂ ਸਿੰਘ ਹਾਂ, ਗੁਰੂ ਗੋਬਿੰਦ ਸਿੰਘ ਦਾ। ਮੈਂ ਖੰਡੇ ਦਾ ਅੰਮ੍ਰਿਤ ਪੀਤਾ ਹੈ, ਮੈਂ ਨਿਰਭੈਤਾ ਪੀਤੀ ਹੋਈ ਹੈ। ਮੈਂ ਅਕਾਲ ਦਾ ਪੁਜਾਰੀ ਹਾਂ।"

ਸੂਬੇ ਨੇ ਕਿਹਾ, "ਤੂੰ ਆਪਣੇ ਪੁੱਤਰ ਦੀ ਰੇਖਾ ਮਿਟਾ ਦਿਤੀ ਹੈ, ਕੀ ਤੇਰੇ ਵਿਚ ਇਤਨੀ ਸ਼ਕਤੀ ਹੈ?"

ਸਬੇਗ ਸਿੰਘ ਨੇ ਸ਼ੁੱਕਰ ਵਿਚ ਆ ਕੇ ਕਿਹਾ,"ਸ਼ਕਤੀ ਸਾਡੇ ਵਿਚ ਨਹੀਂ, ਸਾਡੇ ਗੁਰੂ ਵਿਚ ਹੈ।"

ਸੂਬੇ ਨੇ ਕਿਹਾ, "ਮੇਰੇ ਘਰ ਕੀ ਹੋਵੇਗਾ?"

ਭਾਈ ਸਬੇਗ ਸਿੰਘ ਨੇ ਕਿਹਾ,"ਅੱਧੀ ਰਾਤ ਨੂੰ ਲੜਕੀ ਹੋਵੇਗੀ ਪਰ ਆਪਣੀ ਮਾਂ ਨੂੰ ਭੀ ਨਾਲ ਲੈ ਕੇ ਚਲੀ ਜਾਵੇਗੀ।" ਉਸੇ ਤਰ੍ਹਾਂ ਹੋਇਆ।

ਅਗਲੇ ਦਿਨ ਕੈਦਖਾਨੇ ਵਿਚੋਂ ਭਾਈ ਸਬੇਗ ਸਿੰਘ ਜੀ ਨੂੰ ਕਢਕੇ ਲਿਆਂਦਾ ਅਤੇ ਕਿਹਾ, "ਮੇਰੀ ਮੌਤ ਕਿਸ ਤਰ੍ਹਾਂ ਹੋਵੇਗੀ?"

ਭਾਈ ਸਬੇਗ ਸਿੰਘ ਜੀ ਨੇ ਕਿਹਾ, "ਪੈਂਤੀ ਦਿਨਾਂ ਦੇ ਅੰਦਰ ਤੇਰੀ ਪੇਟ ਦੇ ਸੂਲ ਨਾਲ ਮੌਤ ਹੋਵੇਗੀ।"

ਸੂਬੇ ਨੇ ਫਿਰ ਦੋਹਾਂ ਪਿਓ ਪੁੱਤਰਾਂ ਨੂੰ ਕੈਦਖਾਨੇ ਵਿਚ ਭੇਜ ਦਿੱਤਾ। ਦੋਵੇਂ ਪਿਉ, ਪੁੱਤਰ, ਗੁਰੂ ਬਾਣੀ ਦਾ ਪਾਠ ਕਰਦੇ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦੇ ਕਈ ਪ੍ਰਕਾਰ ਦੀਆਂ ਕੈਦਖਾਨੇ ਦੀਆਂ ਤਕਲੀਫਾਂ ਝਾਗਦੇ ਹੋਏ ੧੮੦੨ ਨੂੰ ਚਰਖੜੀ ਚਾੜ੍ਹਕੇ ਸ਼ਹੀਦ ਕੀਤੇ ਗਏ।

ਸਿੱਖ ਇਤਿਹਾਸ ਇਹ ਭੀ ਦਸਦਾ ਹੈ ਕਿ ਜਦੋਂ ਸੂਬੇ ਦਾ ਪਿਸ਼ਾਬ ਬੰਦ ਹੋ ਗਿਆ। ਭਾਈ ਸਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦਾ ਜੋੜਾ (ਜੁੱਤੀ) ਸੂਬੇ ਦੇ ਸਿਰ ਤੇ ਲਾਇਆ ਤਾਂ ਪਿਸ਼ਾਬ ਖੁਲ੍ਹਾ।

## ਭਾਈ ਮਤੀ ਦਾਸ ਜੀ

ਭਾਈ ਪਰਾਗਾ ਪਿੰਡ ਕੜਿਆਲ ਜ਼ਿਲ੍ਹਾ ਜੇਹਲਮ ਦਾ ਵਸਨੀਕ ਸੀ।

ਇਹ ਭਾਈ ਗੌਤਮ ਦਾ ਪੁੱਤਰ ਸੀ। ਭਾਈ ਪਰਾਗਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੰਗਾਂ ਯੁੱਧਾਂ ਵਿਚ ਸ਼ਾਮਲ ਹੁੰਦਾ ਸੀ। ਇਸ ਉੱਪਰ ਗੁਰੂ ਜੀ ਦੀ ਬੜੀ ਕਿਰਪਾ ਸੀ। ਇਸ ਦੇ ਘਰ ਚਾਰ ਪੁੱਤਰ ਹੋਏ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜਤੀ ਦਾਸ ਜੀ ਅਤੇ ਭਾਈ ਸਖੀ ਦਾਸ ਜੀ।

ਭਾਈ ਮਤੀ ਦਾਸ ਜੀ ਗੁਰੂ ਜੀ ਦਾ ਦੀਵਾਨ ਸੀ। ਦੀਵਾਨ ਦਾ ਕੰਮ ਹਰ ਪ੍ਰਕਾਰ ਦੇ ਹਿਸਾਬ ਕਿਤਾਬ ਦਾ ਵੇਰਵਾ ਰਖਣਾ ਹੁੰਦਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਭੀ ਸਨ ਤੇ ਇਨ੍ਹਾਂ ਤਿੰਨਾਂ ਨੂੰ ਗੁਰੂ ਜੀ ਤੋਂ ਇਕ ਦਿਨ ਪਹਿਲਾਂ ਸ਼ਹੀਦ ਕੀਤਾ ਗਿਆ ਸੀ।

ਭਾਈ ਮਤੀ ਦਾਸ ਜੀ ਨੂੰ ਦੋ ਫੱਟਿਆਂ ਵਿਚ ਬੰਨ੍ਹ ਦਿੱਤਾ ਗਿਆ। ਆਰਾ ਆਪਣੀ ਚਾਲੇ ਚਲ ਰਿਹਾ ਸੀ, ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਆਪਣੀ ਚਾਲੇ ਚਲ ਰਿਹਾ ਸੀ। ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਹੋ ਰਹੇ ਪਾਠ ਵਿਚ ਆਰੇ ਦਾ ਕੋਈ ਦਖਲ ਨਹੀਂ ਹੈ। ਅਵਾਜ਼ ਉੱਪਰ ਦਰਦ ਦਾ ਕੋਈ ਅਸਰ ਨਹੀਂ ਸੀ। ਪਾਠ ਦੇ ਭਾਵਾਂ ਦਾ ਪ੍ਰਭਾਵ ਸੀ।

ਓਧਰੋਂ ਸ੍ਰੀ ਜਪੁਜੀ ਸਾਹਿਬ ਜੀ ਦੀ ਸਮਾਪਤੀ ਹੋਈ, ਓਧਰੋਂ ਸ਼ਹੀਦੀ ਸੰਪੂਰਨ ਹੋ ਗਈ।

ਭਾਈ ਦਿਆਲਾ ਜੀ ਦੇ ਹੱਥ ਪੈਰ ਬੰਨ੍ਹ ਦਿਤੇ ਗਏ ਉਨ੍ਹਾਂ ਨੂੰ ਗਰਮ ਤੇਲ ਦੀ ਦੇਗ ਵਿਚ ਸੁਟ ਦਿੱਤਾ ਗਿਆ। ਗਰਮ ਤੇਲ ਸਰੀਰ ਨੂੰ ਭੁੰਨ ਰਿਹਾ ਸੀ ਪਰ ਮਨ ਇਸ ਭਿਆਨਕ ਸੇਕ ਤੋਂ ਬਹੁਤ ਦੂਰ ਸੀ। ਉਹ ਬਾਣੀ ਦਾ ਪਾਠ ਕਰ ਰਿਹਾ ਸੀ। ਵੇਖਣ ਵਾਲੇ ਮੂੰਹ ਵਿਚ ਉਂਗਲਾਂ ਪਾਉਂਦੇ ਸਨ ਕਿ ਇਹ ਕਿਸ ਮਿੱਟੀ ਦੇ ਬਣੇ ਹੋਏ ਹਨ।

ਭਾਈ ਸਤੀ ਦਾਸ ਜੀ ਨੂੰ ਕਹਿੰਦੇ ਹਨ ਕਿ ਰੂੰ ਵਿਚ ਵਲ੍ਹੇਟ ਕੇ ਅੱਗ ਲਾਈ ਗਈ। ਉਨ੍ਹਾਂ ਦੇ ਸਰੀਰ ਨੂੰ ਭੜਥੇ ਵਾਂਗ ਸਾੜ ਦਿੱਤਾ ਗਿਆ, ਉਨ੍ਹਾਂ ਦੇ ਮੂੰਹ ਵਿੱਚੋਂ ਗੁਰੂ ਬਾਣੀ ਦਾ ਉਚਾਰਨ ਹੋ ਰਿਹਾ ਸੀ ।

ਇਸ ਤਰ੍ਹਾਂ ਗੁਰੂ ਜੀ ਦੇ ਸੇਵਕਾਂ ਨੇ ਗੁਰੂ ਨਾਲ ਜੀਉਂਦਿਆਂ ਭੀ ਅਤੇ ਸ਼ਹੀਦੀਆਂ ਪਾ ਕੇ ਤੋੜ ਨਿਭਾਈ ਅਤੇ ਇਹ ਦਸ ਦਿਤਾ ਕਿ ਗੁਰੂ ਸਿੱਖ ਦੀ ਪ੍ਰੀਤ ਮੱਛੀ ਦੀ ਰੀਤ ਵੀ ਹੈ, ਇਹ ਜੀਉਂਦਿਆਂ ਭੀ ਕਾਇਮ ਰਹਿੰਦੀ

ਹੈ ਅਤੇ ਮਰਨ ਪਿੱਛੋਂ ਭੀ ਜੀਉਂਦੀ ਰਹਿੰਦੀ ਹੈ।

**ਮਃ ੨ ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥**
**ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਸਿਆਣੀਏ ! ਜਦੋਂ ਸਰੀਰ ਨੂੰ ਸੁਖ ਹੋਵੇ ਤਦ ਵੀ ਸਹੁ=ਪਤੀ ਪਰਮਾਤਮਾ ਦੇ ਨਾਮ ਨੂੰ ਰਾਵਿਓ=ਉਚਾਰਨ ਕਰ ਅਤੇ ਜੇ ਦੁੱਖ ਹੋਵੇ ਤਦ ਵੀ ਪਰਮੇਸ਼ਰ ਨੂੰ ਯਾਦ ਕਰ। ਤਾਂ ਇਉ ਕੰਤ ਮਿਲਾਵਾ ਹੋਇ=ਇਸ ਤਰ੍ਹਾਂ ਪਤੀ-ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਭਾਵ-ਗੁਰੂ ਜੀ ਸੁਘੜ ਅਤੇ ਸਿਆਣੀ ਜਗਿਆਸਣ ਨੂੰ ਪ੍ਰਭੂ ਦੇ ਮਿਲਣ ਦਾ ਢੰਗ ਦੱਸਦੇ ਹਨ- "ਜੇ ਸੁਖ ਮਿਲੇ ਤਾਂ (ਸੁਖ ਵਿਚ ਭੁੱਲ ਨਾ ਜਾਣਾ) ਭੀ ਸ਼ੁਕਰਾਨੇ ਵਿਚ ਯਾਦ ਰਖਣਾ, ਜੇ ਦੁੱਖ ਮਿਲੇ ਤਾਂ ਭੀ (ਤੇਰਾ ਕੀਆ ਮੀਠਾ ਲਾਗੈ), ਮਿੱਠਾ ਭਾਣਾ ਮੰਨ ਕੇ ਯਾਦ ਰੱਖਣਾ।"

**ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥**
**ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥**

ਹੇ ਪਰਮੇਸ਼ਰ ! ਮੈ ਕਿਰਮ ਜੰਤੁ=ਛੋਟਾ ਜਿਹਾ ਜੀਵ ਤੇਰੀ ਕੀ ਸ਼ਲਾਘਾ ਕਰਾਂ? ਕਿਉਂਕਿ ਤੇਰੀ ਵਡਿਆਈ ਸਭ ਤੋਂ ਵੱਡੀ ਹੈ। ਹੇ ਦਿਆਲੂ ! ਤੂੰ ਅਗੰਮ ਤੋਂ ਅਗੰਮ ਹੈਂ, ਆਪਣਿਆਂ ਦਾਸਾਂ ਨੂੰ ਆਪਣੇ ਨਾਲ ਤੂੰ ਮਿਲਾ ਲੈਂਦਾ ਹੈਂ।

ਭਾਵ-ਮੈਂ ਤੁੱਛ ਕੀੜਾ ਹਾਂ, ਤੇਰਾ ਵੱਡ-ਪਣ ਵੱਡਾ ਹੈ, ਮੈਂ ਤੇਰੀ ਸੰਪੂਰਨ ਸ਼ਲਾਘਾ ਕਰ ਨਹੀਂ ਸਕਦਾ। ਤੂੰ ਮੇਰੇ ਮਨ ਦੀ ਪਕੜ ਤੋਂ ਬਹੁਤ ਦੁਰੇਡਾ ਏਂ, ਪਰ ਚੂੰਕਿ ਤੂੰ ਦਇਆ ਤੇ ਤਰਸ ਦਾ ਭੰਡਾਰ ਏਂ, ਇਸ ਲਈ ਆਪ ਹੀ ਇਸ ਸਾਧਨਾ-ਹੀਣ ਕੀੜੇ ਨੂੰ ਮਿਲਾ ਲੈਣਾ।

**ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥**
**ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥**
**ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ ੨੦ ॥ ੧ ॥**

ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਬੇਲੀ ਸਾਥੀ ਨਹੀਂ, ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ ਤੂੰ ਹੀ ਸਹਾਇਤਾ ਕਰਨ ਵਾਲਾ ਹੈਂ। ਜੋ ਪੁਰਸ਼ ਤੇਰੀ ਸ਼ਰਨ ਵਿਚ ਗਤੀ=ਪ੍ਰਾਪਤ ਹੁੰਦਾ ਹੈ ਭਾਵ ਆਉਂਦਾ ਹੈ, ਉਸ ਨੂੰ ਤੂੰ ਜਮਾਂ ਤੋਂ ਛੁਡਾ ਲੈਂਦਾ ਹੈਂ। ਗੁਰੂ ਜੀ ਕਥਨ ਕਰਦੇ ਹਨ-ਹੇ ਵਾਹਿਗੁਰੂ ! ਤੂੰ ਬੇ-ਪਰਵਾਹ ਹੈਂ, ਤਿਸੁ=ਆਪ ਜੀ ਨੂੰ ਤਿਲ-ਮਾਤਰ ਵੀ ਤਮੋ ਗੁਣ ਨਹੀਂ , ਵਾ :- ਖ੍ਵਾਹਿਸ਼ ਨਹੀਂ ॥ ੨੦ ॥ ੧ ॥

ਭਾਵ-ਪ੍ਰਭੂ ਨਰਿੱਛਤ ਹੈ, ਬੇ-ਪਰਵਾਹ ਹੈ, ਜਦੋਂ ਕੋਈ ਜਗਿਆਸੂ ਸਾਰੀਆਂ ਆਸਾਂ, ਉਮੀਦਾਂ ਛੱਡ ਕੇ ਉਸ ਦੇ ਦਰ ਉੱਪਰ ਢਹਿ ਪੈਂਦਾ ਹੈ ਅਤੇ ਪੁਕਾਰ ਕੇ ਕਹਿੰਦਾ ਹੈ ਕਿ ਪ੍ਰਲੋਕ ਦੇ ਬੇਲੇ ਵਿਚ ਮੇਰਾ ਕੋਈ ਬੇਲੀ (ਮਿੱਤਰ) ਨਹੀਂ ਤਾਂ ਤੂੰ ਕਰਮਾਂ ਦੀ ਅਤੇ ਜਮਾਂ ਦੀ ਪਕੜ ਤੋਂ ਛੁਡਾ ਲੈਂਦਾ ਏਂ।

# ਰਾਗੁ ਸੂਹੀ ਭਗਤ ਬਾਣੀ

## ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ॥
## ਕਬੀਰ ਕੇ

## ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:-** ਹਿਤ ਉਪਦੇਸ਼ ਦੇਂਦੇ ਦੇਂਦੇ ਥੱਕ ਗਏ, ਇਸ ਲਈ ਹੁਣ ਤਾੜ ਕੇ ਉਪਦੇਸ਼ ਦੇਂਦੇ ਹਨ। ਜਿਵੇਂ-ਸ੍ਰੀ ਗੁਰੂ ਅਮਰਦਾਸ ਜੀ ਨੇ ਤਾੜ ਕੇ ਉਪਦੇਸ਼ ਕੀਤਾ ਹੈ-

"ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥"

*(ਬਿਲਾਵਲੁ ਮਹਲਾ ੩, ਪੰਨਾ ੭੯੬)*

## ਅਵਤਰਿ ਆਇ ਕਹਾ ਤੁਮ ਕੀਨਾ॥

ਅਵਤਰਿ=ਹੇ ਔਂਤਰੇ ਨਿਖਤਰੇ ਪੁਰਸ਼ਾ ! ਇਸ ਦੁਨੀਆਂ ਵਿਚ ਆ ਕੇ ਤੈਂਨੇ ਕਿਹੜਾ ਲਾਭ ਵਾਲਾ ਕੰਮ ਕੀਤਾ ਹੈ ?

ਵਾ:-ਤਰਨੇ ਨੂੰ ਅਵਤਰਿ=ਦੁਸ਼ਤਰ, ਭਾਵ ਕਠਨ ਜੋ ਸੰਸਾਰ ਹੈ, ਇਸ ਵਿਚ ਆ ਕੇ ਤੈਂਨੇ ਕਿਹੜਾ ਕੰਮ ਕੀਤਾ ਹੈ?

ਵਾ:- ਹੋਰ ਜੂਨੀਆਂ ਤੋਂ ਅਵਤਰਿ=ਉਤਰ ਕੇ ਇਸ ਜਨਮ ਵਿਚ ਆ ਕੇ ਤੈਂਨੇ ਕੀ ਨਫੇ ਵਾਲਾ ਕੰਮ ਕੀਤਾ ਹੇ?

ਵਾ:- ਮਨੁੱਖਾ ਜਨਮ ਹੀ ਇਕ ਅਵਤਰਿ=ਅਵਤਾਰ ਹੈ, ਇਸ ਵਿਚ ਆ ਕੇ ਤੈਂਨੇ ਕਿਹੜਾ ਚੰਗਾ ਕੰਮ ਕੀਤਾ ਹੈ?

## ਰਾਮ ਕੋ ਨਾਮੁ ਨ ਕਬਹੂ ਲੀਨਾ॥੧॥

(ਸਭ ਸੁਖਾਂ ਦੇ ਦੇਣ ਵਾਲੇ) ਪਰਮਾਤਮਾ ਦਾ ਨਾਮ ਕਦੇ ਨਹੀਂ ਲੈਣਾ ਕੀਤਾ।

## ਰਾਮ ਨ ਜਪਹੁ ਕਵਨ ਮਤਿ ਲਾਗੇ ॥

ਰਾਮ ਨੂੰ ਜਪਦੇ ਨਹੀਂ, ਕਿਸ ਖੋਟੀ ਮਤ ਵਿਚ ਲੱਗ ਰਹੇ ਹੋ ?

## ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥ ੧ ॥ ਰਹਾਉ ॥

ਹੇ ਅਭਾਗੇ=ਭਾਗਹੀਨ ਪੁਰਸ਼ੋ ! ਮਰਿ ਜਇਬੇ=ਮਰ ਜਾਣ ਵਾਲੇ ਕਰਮਾਂ ਨੂੰ ਕੀ ਕਰਦੇ ਹੋ ?

*ਅਥਵਾ:-* ਜਇਬੇ=ਜਨਮ ਤੇ ਮਰਨ ਦੇ ਦੇਣ ਵਾਲੇ ਕਰਮਾਂ ਨੂੰ ਕੀ ਕਰਦੇ ਹੋ ?

## ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥

ਕਈ ਤਰ੍ਹਾਂ ਦੇ ਦੁਖ ਸੁਖ ਸਹਾਰ ਕੇ,

ਵਾ:-ਛਲ ਛਿਦ੍ਰ ਕਰਕੇ ਅਤੇ ਚੋਰੀ, ਠੱਗੀ, ਯਾਰੀ ਵਗੈਰਾ ਕਰਕੇ ਜਿਨ੍ਹਾਂ ਨੇ ਆਪਣੇ ਪੁੱਤਰ, ਇਸਤਰੀ ਆਦਿਕ ਕੁਟੰਬ ਨੂੰ ਜੀਵਾਇਆ=ਛਕਾਇਆ, ਭਾਵ ਪਾਲਣਾ ਕੀਤਾ।

*ਯਥਾ:-* "ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥ *(ਪੰਨਾ ੬੫੬)*

## ਮਰਤੀ ਬਾਰ ਇਕਸਰ ਦੁਖੁ ਪਾਇਆ ॥ ੨ ॥

ਉਹਨਾਂ ਨੇ ਮਰਨ ਵੇਲੇ ਅੰਤ ਨੂੰ ਇਕ ਸਰ=ਇਕ-ਰਸ, ਵਾ ਇਕੱਠਾ, ਵਾ ਇਕ ਆਪਣੇ ਸਿਰ ਤੇ ਹੀ ਦੁਖ ਪਾਉਣਾ ਕੀਤਾ ਹੈ। (ਇਕ ਸਰ ਦੇ ਤਿੰਨੇ ਅਰਥ ਸੰਪ੍ਰਦਾਈ ਹਨ।)

## ਕੰਠ ਗਹਨ ਤਬ ਕਰਨ ਪੁਕਾਰਾ ॥

ਜਿਸ ਵੇਲੇ ਜਮਦੂਤ ਤੈਨੂੰ ਕੰਠ=ਗਲ 'ਚੋਂ ਗਹਨ=ਫੜਨਗੇ ਤਿਸ ਵੇਲੇ ਪੁਕਾਰਾਂ ਕਰੇਂਗਾ, ਭਾਵ ਸਬੰਧੀਆਂ ਨੂੰ ਅਵਾਜ਼ਾਂ ਮਾਰੇਂਗਾ, ਪਰ ਉਸ ਵੇਲੇ ਤੇਰੀਆਂ ਪੁਕਾਰਾਂ ਕੋਈ ਨਹੀਂ ਸੁਣੇਗਾ।

## ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ ॥ ੩ ॥ ੧ ॥

ਕਬੀਰ ਜੀ ਕਥਨ ਕਰਦੇ ਹਨ-(ਉਸ ਵੇਲੇ ਜਮਦੂਤ ਕਹਿਣਗੇ) ਤੂੰ ਅੱਗੇ ਕਿਉਂ ਨਹੀਂ ਪਰਮਾਤਮਾ ਨੂੰ ਯਾਦ ਕੀਤਾ।

*ਯਥਾ:-* "ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥" *(ਪੰਨਾ ੫੮੧)*

ਹੁਣ ਦਾ ਸਿਮਰਨ ਕੀਤਾ ਕਿਸੇ ਕੰਮ ਨਹੀਂ ਆਵੇਗਾ ॥ ੩ ॥ ੧ ॥

## ਸੂਹੀ ਕਬੀਰ ਜੀ ॥

**ਉਥਾਨਕਾ:-** ਬ੍ਰਿਧ ਅਵਸਥਾ ਵਾਲੇ ਕਿਸੇ ਪੁਰਸ਼ ਨੇ ਆ ਕੇ ਬੇਨਤੀ ਕੀਤੀ-ਹੇ ਕਬੀਰ ਜੀ ! ਸ਼ਾਸਤਰਾਂ ਦੁਆਰਾ ਪ੍ਰਲੋਕ ਦੇ ਭਿਆਨਕ ਦੁੱਖਾਂ ਨੂੰ ਸੁਣ ਕੇ-

## ਥਰਹਰ ਕੰਪੈ ਬਾਲਾ ਜੀਉ ॥

ਮੈਂ ਬਾਲਾ=ਅਗਿਆਤ ਜੀਵ ਥਰ-ਹਰ=ਥਰ-ਥਰ ਕੰਬਦਾ ਹਾਂ, ਜਿਵੇਂ ਥਰ=ਥਾਲੀ ਵਿਚ ਹਰ=ਜਲ, ਵਾ:-ਮੋਤੀ ਕੰਬਦਾ ਹੈ।

*ਯਥਾ:-* "ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥" *(ਪੰਨਾ ੯੩੪)*

## ਨਾ ਜਾਨਉ ਕਿਆ ਕਰਸੀ ਪੀਉ॥੧॥

ਮੈਂ ਇਹ ਕੁਝ ਨਹੀਂ ਜਾਣਦਾ, ਜੋ ਪੀਉ=ਪਤੀ-ਪਰਮਾਤਮਾ ਪ੍ਰਲੋਕ ਵਿਚ ਮੇਰਾ ਕੀ ਹਾਲ ਕਰੇਗਾ, ਇਸ ਕਰਕੇ ਆਪ ਮੈਨੂੰ ਸ਼ੁਭ ਸਿਖਿਆ ਦਿਓ। ਹੁਣ ਕਬੀਰ ਜੀ ਉਪਦੇਸ਼ ਕਰਦੇ ਹਨ-

## ਰੈਨਿ ਗਈ ਮਤ ਦਿਨੁ ਭੀ ਜਾਇ॥

(ਪਰਮਾਤਮਾ ਨੇ ਰਾਤ ਭਜਨ-ਸਿਮਰਨ ਕਰਨ ਵਾਸਤੇ ਬਣਾਈ ਸੀ) ਉਹ ਤਾਂ ਤੇਰੀ (ਸੁੱਤਿਆਂ ਹੀ ਵਿਅਰਥ) ਚਲੀ ਗਈ ਹੈ। ਉਸ ਵਾਂਗ ਦਿਨ ਮਤਾਂ ਨਿਸਫਲ ਚਲਿਆ ਜਾਵੇ।

*ਅਥਵਾ*-ਰਾਤ ਵਾਂਗ ਹਨੇਰੀ ਜੋ ਜੋਬਨ ਅਵਸਥਾ ਹੈ, ਜਿਸ ਵਿਚ ਭਲਾ ਬੁਰਾ ਕੁਝ ਨਹੀਂ ਸੁਝਦਾ ਉਹ ਤਾਂ ਤੇਰੀ ਨਿਸਫਲ ਚਲੀ ਗਈ ਹੈ।

ਮਤ ਦਿਨੁ ਭੀ ਜਾਇ॥:-ਦਿਨ ਵਾਂਗ ਚਿੱਟੀ ਜੋ ਬ੍ਰਿਧ ਅਵਸਥਾ ਹੈ, ਉਹ ਮਤਾਂ ਨਿਸਫਲ ਚਲੀ ਜਾਵੇ।

ਭਾਵ ਜੁਆਨੀ ਤਾਂ ਐਵੇਂ ਚਲੀ ਗਈ ਹੈ, ਬੁਢੇਪੇ ਵਿਚ ਤਾਂ ਸਿਮਰਨ ਕਰ ਲੈ।

## ਭਵਰ ਗਏ ਬਗ ਬੈਠੇ ਆਇ॥੧॥ ਰਹਾਉ॥

ਭੌਰਿਆਂ ਵਾਂਗ ਕਾਲੇ ਕੇਸ ਚਲੇ ਗਏ ਹਨ। ਬਗ=ਚਿੱਟੇ ਕੇਸ ਆ ਕੇ ਬੈਠ ਗਏ ਹਨ।

## ਕਾਚੈ ਕਰਵੈ ਰਹੈ ਨ ਪਾਨੀ॥

ਜਿਵੇਂ ਮਿੱਟੀ ਦੇ ਕੱਚੇ ਕਰਵੈ=ਕਸੋਰੇ ਵਿਚ ਪਾਨੀ ਨਹੀਂ ਠਹਿਰਦਾ, ਤਿਵੇਂ ਕਾਚੈ ਕਰਵੈ=ਸਰੀਰ ਵਿਚ ਸਵਾਸਾਂ ਰੂਪੀ ਪਾਨੀ ਨੇ ਇਸਥਿਤ ਨਹੀਂ ਰਹਿਣਾ।

*ਯਥਾ-* "ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥" *(ਸੋਰਠਿ, ਪੰਨਾ ੬੫੪)*

*ਤਥਾ-* "ਕਾਚੀ ਗਾਗਰਿ ਸਰਪਰ ਫੂਟੈ॥" *(ਪੰਨਾ ੨੫੪)*

"ਕਾਚ ਗਗਰੀਆ ਅੰਭ ਮਝਰੀਆ॥" *(ਆਸਾ ਮ: ੫, ਪੰਨਾ ੩੯੨)*

"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ ੯੯॥ *(ਸੇਖ ਫਰੀਦ, ਪੰਨਾ ੧੩੮੨)*

"ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ॥"

*(ਬਿਲਾਵਲੁ ਕਬੀਰ, ਪੰਨਾ ੮੫੬)*

## ਹੰਸੁ ਚਲਿਆ ਕਾਇਆ ਕੁਮਲਾਨੀ॥੨॥

ਜਿਸ ਵੇਲੇ ਪ੍ਰਾਣਾਂ ਰੂਪੀ ਘੋੜੇ ਉਤੇ ਚੜ੍ਹਕੇ ਹੰਸੁ=ਜੀਵਆਤਮਾ ਚਲਦਾ ਹੈ ਤਾਂ ਕਾਇਆ=ਅਸਥੂਲ ਦੇਹ ਕੁਮਲਾ ਜਾਂਦੀ ਹੈ।

ਪਰਮੇਸ਼ਰ ਅਤੇ ਸਤਿਗੁਰਾਂ ਵਿਖੇ ਆਸਤਕ ਭਾਵਨਾ ਕੀਤੇ ਬਗੈਰ, ਜਪ ਤਪ ਆਦਿ ਕਰਮ ਕੀਤੇ ਸਭ ਨਿਸਫਲ ਹਨ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

## ਕੁਆਰ ਕੰਨਿਆ ਜੈਸੇ ਕਰਤ ਸੀਗਾਰ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥

ਜਿਸ ਤਰ੍ਹਾਂ ਕੁਆਰ=ਕੁਆਰੀ ਲੜਕੀ ਕਈ ਤਰ੍ਹਾਂ ਦੇ ਸੋਹਣੇ-ਸੋਹਣੇ ਸ਼ਿੰਗਾਰ ਕਰਦੀ ਹੈ, ਪਰੰਤੂ-ਆਪਣੇ ਪਤੀ ਤੋਂ ਬਿਨਾਂ ਵਿਆਹੀਆਂ ਔਰਤਾਂ ਦੇ ਸਮਾਨ ਕਿਵੇਂ ਰਲੀਆ=ਖੁਸ਼ੀਆਂ ਨੂੰ ਮਾਨੈ=ਭੋਗ ਸਕਦੀ ਹੈ। ਭਾਵ-ਪਤੀ ਦੀ ਪਰਾਪਤੀ ਤੋਂ ਬਿਨਾਂ ਜਿਵੇਂ ਕੁਆਰੀ ਲੜਕੀ ਦੇ ਸ਼ਿੰਗਾਰ ਕੀਤੇ ਹੋਏ ਨਿਸਫਲ ਹਨ, ਤਿਵੇਂ ਗੁਰਾਂ ਵਿਚ ਸ਼ਰਧਾ ਧਾਰੇ ਬਿਨਾਂ, ਜਪ ਤਪ ਆਦਿ ਕਰਮ ਕੀਤੇ ਨਿਸਫਲ ਹਨ।

## ਕਾਗ ਉਡਾਵਤ ਭੁਜਾ ਪਿਰਾਨੀ॥

ਚਾਹੇ ਕੁਆਰੀ ਲੜਕੀ ਕਿਤਨੇ ਸ਼ਗਨ ਵੀ ਮਨਾ ਲਵੇ। ਪ੍ਰਤੱਖ ਕਾਵਾਂ ਦੇ ਉਡਾਉਂਦਿਆਂ ਉਡਾਉਂਦਿਆਂ ਬਾਹਵਾਂ ਪਿਰਾਨੀ=ਪੀੜਤ, ਭਾਵ ਥੱਕ ਜਾਂਦੀਆਂ ਹਨ, ਪਰ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਇਸੇ ਤਰ੍ਹਾਂ-ਲੜਕੀ ਵਾਂਗ ਨਿਗੁਰਾ ਪੁਰਸ਼ ਹੈ, ਚਾਹੇ ਉਹ ਕਿਤਨੇ ਹੀ ਜਪ ਤਪ ਆਦਿ ਸ਼ਿੰਗਾਰਾਂ ਨੂੰ ਕਰ ਲਵੇ, ਪਰ ਪਰਮੇਸ਼ਰ-ਪਤੀ ਵਿਚ ਆਸਤਕ ਭਾਵਨਾ ਤੋਂ ਬਗੈਰ ਖੁਸ਼ੀਆਂ ਨੂੰ ਕਿਵੇਂ ਭੋਗ ਸਕਦਾ ਹੈ। ਕਾਮ ਆਦਿਕ ਕਾਵਾਂ ਨੂੰ ਉਡਾਉਂਦਿਆਂ-ਉਡਾਉਂਦਿਆਂ ਉਸ ਦੀ ਬੁੱਧੀ ਰੂਪ ਬਾਂਹ ਪੀੜਤ ਹੋ ਜਾਂਦੀ ਹੈ, ਪਰ ਕਾਮ ਆਦਿ ਕਾਂ ਨਹੀਂ ਉਡਦੇ।

## ਕਹਿ ਕਬੀਰ ਇਹ ਕਥਾ ਸਿਰਾਨੀ॥੪॥੨॥

ਕਬੀਰ ਜੀ ਕਥਨ ਕਰਦੇ ਹਨ-ਇਹ ਕਥਾ ਸਿਰਾਨੀ=ਓੜਕ ਦੀ ਹੈ।

*ਅਥਵਾ*-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਕਾਮ ਆਦਿ ਕਾਵਾਂ ਨੂੰ ਉਡਾ ਦਿੱਤਾ ਤਾਂ ਬੁੱਧੀ ਰੂਪੀ ਬਾਂਹ ਪਿਰਾਨੀ=ਪਿਰ+ਆਨੀ=ਪਿਰੀ ਨੇ ਆਪਣੀ ਤਰਫ ਲਿਆ ਕੇ ਫੇਰ ਪਿਰੀ ਨੇ ਰਾਨੀ=ਪ੍ਰਕਾਸ਼ਨ, ਭਾਵ ਗਿਆਨਵਾਨ ਕਰ ਦਿੱਤਾ।

ਕਬੀਰ ਜੀ ਕਥਨ ਕਰਦੇ ਹਨ-ਇਸ ਦੇ ਮਗਰੋਂ ਜਨਮ ਮਰਨ ਦੀ ਕਥਾ ਸਿਰਾਨੀ=ਬਤੀਤ ਹੋ ਗਈ।

## ਸੂਹੀ ਕਬੀਰ ਜੀਉ॥ ਅਮਲੁ ਸਿਰਾਨੋ ਲੇਖਾ ਦੇਨਾ॥

ਅਮਲੁ=ਕਰਮਾਂ ਦੇ ਸਿਰਾਨੋ=ਅਨੁਸਾਰ ਜੀਵ ਨੂੰ ਲੇਖਾ=ਹਿਸਾਬ ਦੇਣਾ ਪੈਂਦਾ ਹੈ।

*ਯਥਾ:*-"ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ ੯੮॥"

*ਤਥਾ:*-"ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ ੧੦੦॥"

*(ਸ਼ੇਖ ਫਰੀਦ, ਪੰਨਾ ੧੩੮੩)*

*ਅਥਵਾ:*-ਜਿਸ ਵੇਲੇ ਪਰਮਾਤਮਾ ਦਾ ਅਮਲੁ ਸਿਰਾਨੋ=ਹੁਕਮ ਹੋਇਆ ਤਾਂ ਲੇਖਾ ਦੇਣਾ ਪੈਂਦਾ ਹੈ।

## ਆਏ ਕਠਿਨ ਦੂਤ ਜਮ ਲੇਨਾ॥

ਜਿਸ ਵੇਲੇ ਕਠਿਨ=ਨਾ ਹਟਣ ਵਾਲੇ ਜਮਦੂਤ ਲੈਣ ਵਾਸਤੇ ਆਉਂਦੇ ਹਨ।

## ਕਿਆ ਤੈ ਖਟਿਆ ਕਹਾ ਗਵਾਇਆ॥

(ਪਹਿਲੇ ਜੀਵ ਪਾਸੋਂ ਪੁੱਛਦੇ ਹਨ-) ਤੂੰ ਜੋ ਸਵਾਸਾਂ ਰੂਪੀ ਪੂੰਜੀ ਲੈ ਕੇ ਇਸ ਲੋਕ ਵਿਚ ਆਇਆ ਹੈਂ ਇਥੇ ਆ ਕੇ ਤੂੰ ਖੱਟਿਆ ਕੀ ਹੈ ? ਅਤੇ ਗਵਾਇਆ ਕੀ ਹੈ?'

## ਚਲਹੁ ਸਿਤਾਬ ਦੀਬਾਨਿ ਬੁਲਾਇਆ ॥ ੧ ॥

ਸਿਤਾਬ=ਜਲਦੀ ਚਲ, ਤੈਨੂੰ ਦੀਬਾਨਿ=ਧਰਮਰਾਜ ਦੀ ਕਚਹਿਰੀ ਵਿਚ ਬੁਲਾਇਆ ਗਿਆ ਹੈ। ਉਸ ਵੇਲੇ ਜੀਵ ਉਰੇ ਪਰੇ ਹੋਣ ਦੀਆਂ ਗੱਲਾਂ ਕਰਦਾ ਹੈ।

ਜਮਦੂਤ ਫੇਰ ਆਖਦੇ ਹਨ-

## ਚਲੁ ਦਰਹਾਲੁ ਦੀਵਾਨਿ ਬੁਲਾਇਆ ॥

ਏਸੇ ਹੀ ਹਾਲਤ ਵਿਚ ਚਲ, ਝਟ ਪਟ ਦੀਵਾਨਿ=ਧਰਮਰਾਜ ਨੇ ਬੁਲਾਇਆ ਹੈ, (ਪਰ ਉਸ ਨੇ ਕੋਈ ਆਪਣੇ ਆਪ ਨਹੀਂ ਬੁਲਾਇਆ।)

## ਹਰਿ ਫੁਰਮਾਨੁ ਦਰਗਹ ਕਾ ਆਇਆ ॥ ੧ ॥ ਰਹਾਉ ॥

ਹਰੀ ਪਰਮਾਤਮਾ ਦੀ ਦਰਗਹ ਦਾ ਹੁਕਮ ਆਇਆ ਹੈ, ਇਸ ਤੇ ਤੂੰ ਦੇਰ ਨਾ ਕਰ।

*ਯਥਾ:-* "ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈਂ ਬੁਲਾਇ ਲਇਆ ॥" *(ਮ: ੧, ਪੰਨਾ ੯੦੭)*

ਭਾਵ-ਜਾਂ ਉਸ ਪਰਮਾਤਮਾ ਨੇ ਭੇਜਿਆ ਤਾਂ ਸੰਸਾਰ ਵਿਚ ਆਏ, ਜਾਂ ਉਸ ਨੇ ਬੁਲਾ ਲਿਆ ਤਾਂ ਸੰਸਾਰ ਤੋਂ ਚਲ ਪਏ।

## ਕਰਉ ਅਰਦਾਸਿ ਗਾਵ ਕਿਛੁ ਬਾਕੀ ॥

(ਜੀਵ ਆਖਦਾ ਹੈ-) ਹੇ ਜਮਦੂਤੋ ! ਮੈਂ ਹੱਥ ਜੋੜ ਕੇ ਤੁਹਾਡੇ ਅੱਗੇ ਅਰਦਾਸਿ=ਬੇਨਤੀ ਕਰਦਾ ਹਾਂ, ਇਸ ਗਾਵ=ਪਿੰਡ ਵਿਚ ਮੇਰੀ ਕੁਝ ਰੁਪਏ ਲੈਣ ਦੀ ਬਾਕੀ ਰਹਿੰਦੀ ਹੈ।

ਵਾ :-ਇਸ ਸਰੀਰ ਰੂਪੀ ਪਿੰਡ ਵਿਚ ਕੁਝ ਖਾਣ ਪੀਣ ਦੀ ਬਾਕੀ ਰਹਿੰਦੀ ਹੈ।

## ਲੇਉ ਨਿਬੇਰਿ ਆਜੁ ਕੀ ਰਾਤੀ ॥

(ਉਹ ਲੈਣ ਦੇਣ) ਅੱਜ ਦੀ ਰਾਤ ਮੈਂ ਸਭ ਨਿਬੇੜ ਲਵਾਂਗਾ, (ਇਸ ਵਾਸਤੇ ਇਕ ਰਾਤ ਮੈਨੂੰ ਰਹਿਣ ਦਿਓ.....।)

## ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥

ਕੁਝ ਥੋੜ੍ਹਾ ਜਿਹਾ ਖਰਚ ਮੈਂ ਤੁਹਾਡੇ ਨਮਿੱਤ ਵੀ ਸਾਰਉ=ਕਰਵਾ ਦਿਆਂਗਾ, ਭਾਵ ਤੁਸੀਂ ਵੀ ਕੁਝ ਵੱਢੀ ਲੈ ਲੈਣੀ।

## ਸੁਬਹ ਨਿਵਾਜ ਸਰਾਇ ਗੁਜਾਰਉ ॥ ੨ ॥

ਸੁਬਹ ਨਿਵਾਜ=ਸਵੇਰ ਦੀ ਬੰਦਗੀ ਅਗਲੀ ਸਰਾਂ, ਭਾਵ ਪਰਲੋਕ ਰਸਤੇ ਦੀ ਪਹਿਲੀ ਮੰਜ਼ਲ ਪੁਰਸਲਾਤ ਦੇ ਪੁਲ ਤੇ ਗੁਜਾਰਉ=ਕਰਾਂਗਾ।

ਭਾਵ-ਇਤਨੀਆਂ ਬੇਨਤੀਆਂ ਕਰਨ ਨਾਲ ਵੀ ਜਮਦੂਤ ਛੱਡਦੇ ਨਹੀਂ, ਮੱਲੋ-ਮੱਲੀ ਫੜ ਕੇ ਲੈ ਜਾਂਦੇ ਹਨ।

*ਅਥਵਾ:-*ਜਮਦੂਤ ਆਖਦੇ ਹਨ-ਤੂੰ ਐਵੇਂ ਢਿੱਲ-ਮਠ ਕਰਦਾ ਪਿਆ ਹੈਂ। ਅਸਾਂ ਨੇ ਸਵੇਰ ਦੀ ਨਿਮਾਜ਼ ਅਗਲੀ ਸਰਾਂ ਪਰ ਗੁਜ਼ਾਰਨੀ ਹੈ, ਇਸ ਲਈ ਤੂੰ ਛੇਤੀ ਚੱਲ, ਪਰੰਤੂ ਗੁਰਮੁਖਾਂ ਨੂੰ ਕੁਝ ਨਹੀਂ ਆਖਦੇ ।

## ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥

ਸਤਿਸੰਗਤ ਦੁਆਰਾ ਜਿਸ ਦਾ ਅਕਾਲ ਪੁਰਖ ਨਾਲ ਰੰਗੁ=ਪ੍ਰੇਮ ਲੱਗਾ ਹੈ।

## ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥

ਉਹ ਪੁਰਸ਼ ਧੰਨਤਾ ਯੋਗ ਹੈ ਅਤੇ ਓਹੀ ਪੁਰਖ ਸ੍ਰੇਸ਼ਟ ਭਾਗਾਂ ਵਾਲਾ ਹੈ।

## ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥ ੩ ॥

ਈਤ ਊਤ=ਇਧਰ-ਉਧਰ, ਲੋਕ-ਪ੍ਰਲੋਕ ਵਿਚ ਉਹ ਪੁਰਸ਼ ਹਮੇਸ਼ਾਂ ਸੁਹੇਲੇ=ਸੁਖੀ ਹਨ।

ਕਿਉਂਕਿ ਉਹਨਾਂ ਨੇ ਆਪਣੇ ਅਮੋਲਕ ਜਨਮੁ ਪਦਾਰਥੁ=ਮਨੁੱਖਾ ਜਨਮ ਨੂੰ ਜਿੱਤ ਲਿਆ, ਭਾਵ-ਸਫਲ ਕਰ ਲੀਤਾ ਹੈ।

## ਜਾਗਤੁ ਸੋਇਆ ਜਨਮੁ ਗਵਾਇਆ ॥

ਜਿਹੜਾ ਜੀਵ ਜਾਗਦਾ ਹੀ ਸੌਂ ਗਿਆ ਹੈ, ਉਸ ਨੇ ਮਨੁੱਖਾ ਜਨਮ ਨੂੰ ਵਿਅਰਥ ਗੁਆ ਲਿਆ ਹੈ।

ਜਾਗ ਕੇ, ਭਾਵ ਪੜ੍ਹ ਸੁਣ ਕੇ ਜਾਂ ਪੂਰਨ ਸੰਤਾ ਕਹਾ ਕੇ, ਪਰਮੇਸ਼ਰ ਦਾ ਭਗਤ ਅਖਵਾ ਕੇ,

*ਅਥਵਾ:*-ਗੁਰੂ ਦਾ ਸਿੱਖ ਸਦਵਾ ਕੇ ਜੋ ਫਿਰ ਸੌਂ ਗਿਆ ਹੈ, ਅਰਥਾਤ ਮਾੜੇ ਕਰਮ ਕਰਨ ਲੱਗ ਪਿਆ ਹੈ, ਉਸ ਨੇ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ।

## ਮਾਲੁ ਧਨੁ ਜੋਰਿਆ ਭਇਆ ਪਰਾਇਆ ॥

ਆਪਣੇ ਸੁਖ ਵਾਸਤੇ ਮਾਲੁ=ਹਾਥੀ, ਘੋੜਾ, ਗਊ, ਮੱਝ ਆਦਿਕ ਅਤੇ ਧਨੁ=ਚਾਂਦੀ, ਸੋਨਾ ਆਦਿਕ ਜਿਤਨਾ ਵੀ ਜੋਰਿਆ=ਇਕੱਠਾ ਕੀਤਾ ਸੀ, ਉਹ ਅੰਤ ਨੂੰ ਸਭ ਪਰਾਇਆ ਹੋ ਗਿਆ ।

## ਕਹੁ ਕਬੀਰ ਤੇਈ ਨਰ ਭੂਲੇ ॥

ਕਬੀਰ ਜੀ ਕਥਨ ਕਰਦੇ ਹਨ-ਉਹ ਪੁਰਸ਼ ਚੁਰਾਸੀ ਲੱਖ ਜੂਨ ਵਿਚ ਭੁੱਲੇ ਫਿਰਦੇ ਹਨ।

## ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥ ੪ ॥ ੩ ॥

ਜੋ ਆਪਣੇ ਮਾਲਕ ਅਕਾਲ ਪੁਰਖ ਨੂੰ ਭੁਲਾ ਕੇ ਵਿਸ਼ੇ ਵਿਕਾਰਾਂ ਰੂਪੀ ਮਿੱਟੀ ਨਾਲ ਰੂਲੇ=ਖੁਆਰ ਹੋ ਰਹੇ ਹਨ।

## [ਪੰਨਾ ੭੯੩]

## ਸੂਹੀ ਕਬੀਰ ਜੀਉ ਲਲਿਤ* ॥

ਉਥਾਨਕਾ:-ਕਿਸੇ ਬੁੱਢੇ ਆਦਮੀ ਨੂੰ ਉਪਦੇਸ਼ ਦੇਂਦੇ ਹਨ-

## ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥

ਹੇ ਪੁਰਸ਼ਾ! ਤੇਰੇ ਨੈਨ=ਨੇਤ੍ਰ ਸੰਸਾਰ ਦੇ ਪਦਾਰਥਾਂ ਨੂੰ ਵੇਖ ਵੇਖ ਕੇ ਥੱਕ ਗਏ ਹਨ। ਭਾਵ ਜੋਤ ਘਟ ਗਈ

---

**ਸੂਹੀ ਨਾਲ ਮਿਲੀ ਹੋਈ ਲਲਿਤ ਰਾਗਣੀ ਹੈ।*

*ਯਥਾ:-"ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ॥"* *(ਰਾਗਮਾਲਾ, ਪੰਨਾ ੧੪੩੦)*

ਹੈ। ਸ੍ਰਵਨ=ਕੰਨ ਵੀ ਉਸਤਤੀ ਨਿੰਦਿਆ ਵਾਲੇ ਬਚਨ ਸੁਣ ਸੁਣ ਕੇ ਥੱਕ ਗਏ ਹਨ। ਬੜੇ ਸੁੰਦਰ ਰੂਪ ਵਾਲੀ ਕਾਇਆ=ਦੇਹ ਵੀ ਥੱਕ ਗਈ ਹੈ, ਜੋ ਹੁਣ ਤੁਰ ਫਿਰ ਨਹੀਂ ਸਕਦੀ।

## ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥ ੧ ॥

ਜਰਾ=ਬ੍ਰਿਧ ਅਵਸਥਾ ਰੂਪ ਬਿਘਿਆੜੀ ਨੇ ਹਾਕ ਦਿੱਤੀ, ਭਾਵ ਬੁਢੇਪੇ ਨੇ ਜਿਸ ਵੇਲੇ ਅਵਾਜ਼ ਦਿੱਤੀ ਤਾਂ ਸਭ ਬੁੱਧੀ ਮਾਰੀ ਗਈ।

*ਅਥਵਾ*:-ਜਰਾ=ਬ੍ਰਿਧ ਅਵਸਥਾ ਨੂੰ ਹਾਕਦੀ=ਰੋਕਦਿਆਂ-ਰੋਕਦਿਆਂ, ਭਾਵ-ਕਲਫ ਲਗਾਉਂਦਿਆਂ-ਲਗਾਉਂਦਿਆਂ ਤੇਰੀ ਸਭ ਬੁੱਧੀ ਥੱਕ ਗਈ ਹੈ, ਪਰ ਅਫਸੋਸ ਹੈ ਇਕ ਮਾਇਆ ਦੇ ਇਕੱਠੇ ਕਰਨ ਦਾ ਸੰਕਲਪ ਨਹੀਂ ਥੱਕਿਆ।

## ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥

ਹੇ ਝੱਲੇ ਪਰਸ਼ਾ! ਨਾਮ ਨੂੰ ਜਪ ਕੇ ਤੂੰ ਗਿਆਨ ਦੇਣ ਵਾਲਾ ਸ਼ੁਭ ਵਿਚਾਰ ਨਾ ਪ੍ਰਾਪਤ ਕੀਤਾ।

ਭਾਵ-ਮੈਂ ਕੌਣ ਹਾਂ? ਮੈਨੂੰ ਕੀ ਕਰਨਾ ਚਾਹੀਦਾ ਹੈ ਐਸਾ ਵਿਚਾਰ ਸਤਿਸੰਗ ਵਿਚੋਂ ਨਾ ਪਰਾਪਤ ਕੀਤਾ।

## ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥

ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

## ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥

ਹੇ ਪੁਰਸ਼ੋ! ਉਤਨਾ ਚਿਰ ਤਿਸ ਅਕਾਲ ਪੁਰਖ ਨੂੰ ਸੇਂਵਦੇ ਰਹੋ, ਜਿਤਨਾ ਚਿਰ ਤੁਹਾਡੇ ਸਰੀਰ ਵਿਚ ਸਵਾਸ ਹਨ। *ਪ੍ਰਸ਼ਨ*-ਸਾਰੀ ਉਮਰ ਸਿਮਰਨ ਕਰਨ ਦਾ ਕੀ ਫਲ ਹੈ? *ਉੱਤਰ*-

## ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥ ੨ ॥

ਪ੍ਰਾਰਬਧ ਅਨੁਸਾਰ ਜੇ ਸਰੀਰ ਨਾਸ ਵੀ ਹੋ ਜਾਏ ਤਾਂ ਪਰਮੇਸ਼ਰ ਦਾ ਭਾਉ=ਪ੍ਰੇਮ ਨਹੀਂ ਜਾਵੇਗਾ ਅਤੇ ਬੈਕੁੰਠ ਧਾਮ ਵਿਚ ਹਰੀ ਦੇ ਚਰਨਾਂ ਵਿਚ ਨਿਵਾਸ ਹੋ ਜਾਵੇਗਾ।

ਵਾ:-ਚਰਨ=ਪੂਜਨੀਕ, ਵਾ:-ਵੇਦਾਂ ਕਰਕੇ ਪ੍ਰਤਿਪਾਦਯ ਹਰੀ ਵਿਚ ਨਿਵਾਸ ਹੋ ਜਾਵੇਗਾ, ਭਾਵ ਜੂਨੀਆਂ ਤੋਂ ਬੱਚ ਜਾਉਗੇ।

## ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥

ਪਰਮਾਤਮਾ ਜਿਸ ਪੁਰਸ਼ ਦੇ ਰਿਦੇ ਅੰਦਰ ਗੁਰ-ਉਪਦੇਸ਼ ਕਉ=ਨੂੰ ਵਸਾਉਂਦਾ ਹੈ, ਤਿਸ ਦੇ ਅੰਦਰੋਂ ਪਦਾਰਥਾਂ ਦੀ ਪਿਆਸਾ=ਤਰੇਹ ਮਿੱਟ ਜਾਂਦੀ ਹੈ।

## ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥ ੩ ॥

ਪਰਮਾਤਮਾ ਦੇ ਹੁਕਮ ਬੁੱਝਣੇ ਰੂਪੀ ਚੌਪੜ ਨੂ ਖੇਡੇ, ਅਰਥਾਤ ਦੁਖ ਸੁਖ ਪ੍ਰਭੂ ਦੀ ਆਗਿਆ ਵਿਚ ਨਿਸਚੇ ਕਰੇ।

*ਯਥਾ*:- "ਦੁਖ ਸੁਖ ਤੇਰੀ ਆਗਿਆ ਪਿਆਰੇ.......... ॥"

ਭਾਵ-ਦੁੱਖ ਪਾ ਕੇ ਘਬਰਾਵੇ ਨਾ, ਸਗੋਂ ਨਾਮ ਜਪੇ, ਏਹੀ ਪਰਮਾਤਮਾ ਦਾ ਹੁਕਮ ਬੱਝਣਾ ਹੈ।

ਮਨ ਦੇ ਜਿੱਤਣੇ ਰੂਪ ਪਾਸੇ ਨੂੰ ਢਾਲੇ।

ਵਾ:-ਮਨ ਨੂੰ ਜਿੱਤ ਕੇ ਤਿੰਨਾਂ ਗੁਣਾਂ ਰੂਪ ਪਾਸੇ ਨੂੰ ਢਾਲੇ।

**ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ॥**

ਜਿਹੜੇ ਪੁਰਸ਼ ਅਬਿਗਤ=ਪਰਮੇਸ਼ਰ ਨੂੰ ਭਜਨਾ ਜਾਣਦੇ ਹਨ ਉਹਨਾਂ ਦਾ ਕੁਝ ਵੀ ਨਾਸ ਨਹੀਂ ਹੁੰਦਾ। ਭਾਵ-ਉਹਨਾਂ ਦੇ ਤਨ, ਮਨ, ਧਨ ਆਦਿਕ ਸਭ ਪਦਾਰਥ ਸਫਲੇ ਹੋ ਜਾਂਦੇ ਹਨ।

**ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ॥੪॥੪॥**

ਕਬੀਰ ਜੀ ਕਥਨ ਕਰਦੇ ਹਨ-ਇਸ ਸੰਸਾਰ ਰੂਪੀ ਬਾਜ਼ੀ ਵਿਚੋਂ ਉਹ ਪੁਰਸ਼ ਕਦੇ ਵੀ ਹਾਰਦੇ ਨਹੀ ਜਿਹੜੇ ਮਨ ਦੇ ਜਿੱਤਣ ਰੂਪ, ਵਾ:-ਤਿੰਨਾਂ ਗੁਣਾਂ ਰੂਪੀ ਪਾਸੇ ਨੂੰ ਢਾਲਣਾ ਜਾਣਦੇ ਹਨ।

## ਸੂਹੀ ਲਲਿਤ ਕਬੀਰ ਜੀਉ॥

**ਉਥਾਨਕਾ:-** ਇਕ ਮਹਾਤਮਾ ਨੇ ਕਬੀਰ ਜੀ ਨੂੰ ਪੁੱਛਿਆ, "ਇਨ੍ਹਾਂ ਕਾਮ ਆਦਿਕਾਂ ਤੋਂ ਆਪ ਕਿਵੇਂ ਬਚੇ ਹੋ?"

ਹੁਣ ਕਬੀਰ ਜੀ ਆਪਣੀ ਸਾਰੀ ਬਿਵਸਥਾ ਸੁਣਾਉਂਦੇ ਹਨ-

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥**

ਇਕ ਸਰੀਰ ਰੂਪੀ ਕੋਟੁ=ਕਿਲ੍ਹਾ ਹੈ, ਪੰਜ ਕਾਮ ਆਦਿਕ ਇਸ ਸਰੀਰ ਰੂਪੀ ਕਿਲ੍ਹੇ ਜਾਂ ਪਿੰਡ ਵਿਚ ਸਿਕਦਾਰਾ=ਨੰਬਰਦਾਰ ਹਨ, ਇਹ ਪੰਜੇ ਹੀ ਆਪੋ ਆਪਣੇ ਵਿਸ਼ੇ ਰੂਪ ਹਾਲਾ=ਮਾਮਲਾ ਮੰਗਦੇ ਹਨ।

**ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥**

(ਜੇ ਮੈਂ ਜ਼ਮੀਨ ਵਾਂਹਦਾ ਤਾਂ ਮਾਮਲਾ ਦੇਣ ਦਾ ਮੈਨੂੰ ਕੋਈ ਦੁੱਖ ਨਹੀਂ ਸੀ, ਪਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਇਨ੍ਹਾਂ ਸਭਨਾਂ ਵਿਚੋਂ) ਕਿਸੇ ਦੀ ਜ਼ਮੀਨ ਮੈਂ ਬੋਈ=ਵਾਹੀ ਨਹੀਂ, ਭਾਵ ਕਿਸੇ ਵਿਸ਼ੇ ਵੱਲ ਮੈਂ ਬਿਰਤੀ ਨਹੀਂ ਲਗਾਈ, ਪਰੰਤੂ ਇਹ ਕਾਮ ਆਦਿਕ ਐਸਾ=ਐਹੋ ਜਿਹਾ ਦੁੱਖ ਦੇਂਦੇ ਹਨ, ਜੋ ਮੈਂ ਕਹਿ ਨਹੀਂ ਸਕਦਾ।

**ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥**

ਹੇ ਹਰੀ ਦੇ ਲੋਕੋ ! ਪਟਵਾਰੀ=ਧਰਮਰਾਜ ਮੈਨੂੰ ਹਮੇਸ਼ਾਂ ਹੀ ਡਸੈ=ਡਸਦਾ, ਦੁਖ ਦੇਂਦਾ ਹੈ।

**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ**
**ਤਿਨਿ ਹਉ ਲੀਆ ਉਬਾਰੀ॥੧॥ ਰਹਾਉ॥**

(ਇਸ ਤੁਕ ਦਾ ਅਰਥ ਅੱਗੇ ਜਾ ਕੇ ਕਰਨਾ ਹੈ।)

**ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥**

ਨੌਂ ਗੋਲਕਾਂ ਇਹ ਡਾਡੀ=ਜ਼ਰੀਬਾਂ ਹਨ, (ਮਿਣਤੀ ਕਰਨ ਵਾਲੀਆਂ।) ਦਸ ਇੰਦ੍ਰੀਏ ਮੁਨਸਫ ਹਨ, ਇਹ ਆਪਣੇ ਹੀ ਮੁੰਸਫ=ਨਿਆਂ ਕਰਨ ਵਲ ਦੌੜਦੇ ਹਨ। ਰਈਅਤਿ=ਸ਼ੁਭ-ਗੁਣਾਂ ਰੂਪ ਪਰਜਾ ਨੂੰ ਵੱਸਣ ਨਹੀਂ ਦੇਂਦੇ।

## ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥ ੨ ॥

ਪੂਰੀ ਰੱਸੀ ਨਾਲ ਮਾਪਹਿ=ਮਿਣਦੇ ਨਹੀਂ, ਭਾਵ ਪ੍ਰਾਰਬਧ ਤੇ ਸ਼ਾਕਰ ਨਹੀਂ ਰਹਿਣ ਦੇਂਦੇ, ਬਹੁਤ ਹੀ ਬਿਸਟਾਲਾ=ਵੱਢੀ ਲੈਂਦੇ ਹਨ।

*ਪ੍ਰਸ਼ਨ*-ਵੱਢੀ ਕਿਹੜੀ ਹੈ? *ਉੱਤਰ*-ਜਿਹੜਾ ਵਿਸ਼ੇ ਵਿਕਾਰਾਂ ਰੂਪੀ ਬਿਸਟਾ+ਲਾ ਲੇਹੀ=ਗੰਦਗੀ ਵਿਚ ਲਾ ਲੈਣਾ ਕਰਦੇ ਹਨ।

(ਪਿਛਲੀ ਤੁਕ ਜਿਹੜੀ ਛੱਡੀ ਸੀ ਉਸ ਦਾ ਅਰਥ ਹੁਣ ਕਰਨਾ।)

***ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥***

ਆਖਿਰ ਤੰਗ ਆ ਕੇ ਮੈਂ ਆਪਣੀਆਂ ਬਾਹਾਂ ਉੱਚੀਆਂ ਕਰਕੇ ਗੁਰਾਂ ਪਾਸ ਪੁਕਾਰ ਕੀਤੀ ਤਾਂ ਉਨ੍ਹਾਂ ਨੇ ਦਇਆ ਕਰਕੇ ਮੈਨੂੰ ਬਚਾ ਲਿਆ।

ਇਸੇ ਤਰ੍ਹਾਂ-ਸਤਿਗੁਰ ਅਰਜਨ ਦੇਵ ਜੀ ਵੀ ਆਪਣੇ ਪਿਆਰੇ ਗੁਰਸਿੱਖਾਂ ਨੂੰ ਓਸ ਪਰੀਪੂਰਨ, ਸਰਬ ਸ਼ਕਤੀਵਾਨ ਵਾਹਿਗੁਰੂ ਅੰਤਰਜਾਮੀ ਅੱਗੇ ਅਰਦਾਸ (ਬੇਨਤੀ) ਕਰਨ ਦਾ ਤਰੀਕਾ ਇਉਂ ਦੱਸਦੇ ਹਨ-

*"ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ ੧॥ ਰਹਾਉ॥*
*ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥*
*ਖੇਦ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥ ੧॥*
*ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥*
*ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥ ੨॥*
*ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥*
*ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥ ੩॥*
*ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥*
*ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥ ੪॥ ੪॥ ੧੨੫॥"*

*(ਗਉੜੀ ਮਹਲਾ ੫, ਪੰਨਾ ੨੦੫)*

*ਪ੍ਰਸ਼ਨ:*- "ਕਿਵੇਂ ਬਚਾਇਆ?" *ਉੱਤਰ:*-

## ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ॥

ਬਹੱਤਰ ਕੋਠੜੀਆਂ ਵਾਲੇ ਸਰੀਰ ਰੂਪ ਘਰ ਵਿਚ ਜੋ ਇਕ ਅਕਾਲ ਪੁਰਖ ਵੱਸ ਰਿਹਾ ਹੈ, ਉਸ ਦਾ ਨਾਮ ਗੁਰਾਂ ਨੇ ਜਣਾ ਦਿੱਤਾ। ਨਾਮ ਦੇ ਪਰਤਾਪ ਕਰਕੇ ਕੁਝ ਚਿਰ ਮਗਰੋਂ-

## ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥ ੩ ॥

ਧਰਮ ਰਾਜੇ ਦਾ ਦਫਤਰ ਮੈਂ ਸੋਧਿਆ=ਵਿਚਾਰ ਕੇ ਵੇਖਣਾ ਕੀਤਾ ਤਾਂ ਮੇਰੇ ਵੱਲ ਰਿਜਮ=ਰੰਚਕ ਮਾਤਰ ਵੀ ਕੋਈ ਬਾਕੀ ਨਾ ਨਿਕਲੀ।

*ਯਥਾ:*- "ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਆਨੰਦੇ॥
ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ॥" *(ਮ: ੪, ਪੰਨਾ ੮੦੦)*

"ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥" (ਪੰਨਾ ੬੧੪)

*ਤਥਾ:-* "ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥"

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ ੪ ॥ ੫ ॥" (ਪੰਨਾ ੬੯੮)

"ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ॥"

ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ॥" (ਪੰਨਾ ੯੮੦)

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥**

ਇਹ ਸਭ ਸੰਤਾਂ ਦਾ ਪਰਤਾਪ ਹੈ, ਇਸ ਤੇ ਮਤਾਂ ਕੋਈ ਸੰਤਾਂ ਨੂੰ ਨਿੰਦਣਾ ਕਰੋ, ਕਿਉਂਕਿ ਸੰਤ ਤੇ ਰਾਮ ਦੋਨੋਂ ਇਕ ਸਰੂਪ ਹਨ।

**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥ ੪ ॥ ੫ ॥**

ਕਬੀਰ ਜੀ ਕਥਨ ਕਰਦੇ ਹਨ-ਮੈਂ ਕਬੀਰ ਨੇ ਉਹ ਗੁਰੂ (ਰਾਮਾਨੰਦ) ਜੀ ਨੂੰ ਪਾਉਣਾ ਕੀਤਾ ਹੈ, ਜਿਨ੍ਹਾਂ ਦਾ ਨਾਮ ਬਿਬੇਕੋ=ਬਿਬ+ਏਕੋ=ਦੋਹ ਤੋਂ ਇਕ ਕਰਨ ਵਾਲਾ, ਭਾਵ ਜੀਵ ਤੋਂ ਬ੍ਰਹਮ ਕਰਨ ਵਾਲਾ ਹੈ।

## ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

## ੧ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:-**"ਪਰਮੇਸ਼ਰ ਦੀ ਪ੍ਰਾਪਤੀ ਦੇ ਅਨੰਦ ਨੂੰ ਕੌਣ ਲੈਂਦਾ ਹੈ ?"

ਪਤੀਬ੍ਰਤ ਧਰਮ ਵਾਲੀ ਇਸਤਰੀ ਦਾ ਦ੍ਰਿਸਟਾਂਤ ਦੇ ਕੇ ਦੱਸਦੇ ਹਨ ਕਿ ਪਰਮੇਸ਼ਰ-ਪਤੀ ਦਾ ਅਨੰਦ ਸ੍ਰੇਸ਼ਟ ਭਾਗਾਂ ਵਾਲੇ ਪੁਰਸ਼ ਹੀ ਲੈ ਸਕਦੇ ਹਨ।

**ਸਹ ਕੀ ਸਾਰ ਸੁਹਾਗਨਿ ਜਾਨੈ॥**

ਜਿਵੇਂ ਪਤੀ ਦੀ ਸਾਰ=ਸੰਭਾਲ ਨੂੰ ਪਤੀ-ਬ੍ਰਤ ਧਰਮ ਵਾਲੀ ਔਰਤ ਹੀ ਜਾਣਦੀ ਹੈ ਅਤੇ-

**ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥**

ਆਪਣੇ ਹੁਸਨ ਦੇ ਹੰਕਾਰ ਨੂੰ ਤਿਆਗ ਕੇ ਸੁਖ ਸਹਿਤ ਰਲੀਆ ਮਾਨੈ=ਖੁਸ਼ੀਆਂ ਨੂੰ ਭੋਗਦੀ ਹੈ, ਭਾਵ-ਅਨੰਦ ਲੁੱਟਦੀ ਹੈ।

**ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥ ੧ ॥**

ਆਪਣਾ ਤਨ ਤੇ ਮਨ ਪਤੀ ਨੂੰ ਦੇ ਦੇਂਦੀ ਹੈ, ਅੰਤਰੁ=ਭੇਦ (ਫਰਕ) ਨਹੀਂ ਰਖਦੀ, ਭਾਵ ਪਤੀ ਤੋਂ ਕੋਈ ਗੱਲ ਛੁਪਾਉਂਦੀ ਨਹੀਂ।

ਪਤੀ ਤੋਂ ਬਗੈਰ ਹੋਰਨਾਂ ਵੱਲ ਵੇਖਦੀ ਨਹੀਂ , ਨਾ ਹੋਰਨਾਂ ਦੇ ਬਚਨ ਸੁਣਦੀ ਹੈ।

ਅਭਾਖੈ=ਨਾ ਹੀ ਹੋਰਨਾਂ ਨਾਲ ਬੋਲਦੀ ਹੈ। ਏਸੇ ਤਰ੍ਹਾਂ-

*ਸਹ ਕੀ ਸਾਰ ਸੁਹਾਗਨਿ ਜਾਨੈ॥*

ਸਹ=ਅਕਾਲ ਪੁਰਖ ਦੀ ਸਾਰ=ਸੰਭਾਲ ਨੂੰ ਸੁਹਾਗਨਿ=ਤਤਵੇਤਾ ਮਹਾਤਮਾ ਰੂਪ ਸਖੀਆਂ ਹੀ ਜਾਣਦੀਆਂ ਹਨ।

*ਤਜਿ ਅਭਿਮਾਨੁ ਸੁਖ ਰਲੀਆ ਮਾਨੈ॥*

ਜ਼ਾਤੀ, ਧਨ, ਵਿਦਿਆ ਤੇ ਦੇਹ ਆਦਿਕਾਂ ਦੇ ਹੰਕਾਰ ਨੂੰ ਤਿਆਗ ਕੇ ਸੁਖ ਪੂਰਬਕ ਖੁਸ਼ੀਆਂ ਨੂੰ ਭੋਗਦੀਆਂ ਹਨ।

*ਤਨੁ ਮਨੁ ਦੇਇ ਨ ਅੰਤਰੁ ਰਾਖੈ॥*

ਤਨ, ਮਨ, ਧਨ ਸਭ ਪਰਮੇਸ਼ਰ ਅਰਪਣ ਕਰ ਦੇਂਦੀਆਂ ਹਨ। ਨ ਅੰਤਰੁ ਰਾਖੈ=ਭੇਦ ਕੋਈ ਨਹੀਂ ਰੱਖਦੀਆਂ।

*ਅਵਰਾ ਦੇਖਿ ਨ ਸੁਨੈ ਅਭਾਖੈ ॥ ੧॥*

ਪਰਮੇਸ਼ਰ-ਪਤੀ ਤੋਂ ਬਿਨਾਂ ਹੋਰ ਦੇਵੀ ਦੇਵਤਿਆਂ ਵੱਲ ਨਹੀਂ ਦੇਖਦੀਆਂ ਅਤੇ ਨਾ ਹੀ ਦੇਵੀ ਦੇਵਤਿਆਂ ਦੀਆਂ ਗੱਲਾਂ ਸੁਣਦੀਆਂ ਹਨ, ਨਾ ਹੀ ਉਹਨਾਂ ਨਾਲ ਬੋਲਦੀਆਂ ਹਨ, ਭਾਵ ਆਪਣੀ ਜਿਹਵਾ ਨਾਲ ਦੇਵਤਿਆਂ ਦੇ ਨਾਮ ਨਹੀਂ ਲੈਂਦੀਆਂ।

## ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥੧॥ ਰਹਾਉ॥

ਉਹ ਤਤਵੇਤਾ ਮਹਾਤਮਾ ਰੂਪ ਸਖੀਆਂ ਪਰਾਈ ਪੀੜਾ ਨੂੰ ਕਦ ਜਾਣਦੀਆਂ ਹਨ।

ਜਿਨ੍ਹਾਂ ਦੇ ਅੰਦਰ ਸੰਸਾਰਕ ਦਰਦ ਕੋਈ ਪਈ ਹੀ ਨਹੀਂ, ਭਾਵ ਉਹ ਆਪ ਸੁਖੀ ਹੋਣ ਕਰਕੇ ਸਾਰਿਆਂ ਨੂੰ ਸੁਖੀ ਹੀ ਸਮਝਦੇ ਹਨ।

*ਯਥਾ:-* "ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥

— — — — —

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥"

*(ਸੋਰਠਿ ਮ: ੫, ਪੰਨਾ ੬੧੦)*

*ਅਥਵਾ:-*ਉਹ ਪੁਰਸ਼, ਭਲਾ ਪਰਾਈ ਪ੍ਰੇਮ-ਪੀੜਾ ਨੂੰ ਕਿਵੇਂ ਜਾਣ ਸਕਦਾ ਹੈ, ਜਿਸ ਦੇ ਅੰਦਰ ਪ੍ਰੇਮ-ਪੀੜਾ ਪਈ ਹੀ ਨਹੀਂ।

*ਯਥਾ-* "ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥" *(ਆਸਾ ਮ: ੪, ਪੰਨਾ ੪੪੯)*

## ਦੂਖੀ ਦੁਹਾਗਨਿ ਦੁਇ ਪਖ ਹੀਨੀ॥

ਜਿਵੇਂ ਪ੍ਰਤੱਖ ਛੁੱਟੜ ਔਰਤ ਦੁਖੀ ਅਤੇ ਦੋਨੋਂ ਪੱਖਾਂ ਤੋਂ, ਭਾਵ ਸਹੁਰੇ ਤੇ ਪੇਕੇ ਘਰ ਵਿਚ ਸੁਖਾਂ ਤੋਂ ਰਹਿਤ ਰਹਿੰਦੀ ਹੈ। ਏਸੇ ਤਰ੍ਹਾਂ-ਜੋ ਜੀਵ ਰੂਪ ਇਸਤਰੀ ਛੁੱਟੜ ਹੈ, ਭਾਵ ਜਿਸ ਨੇ ਪਤੀ-ਪਰਮੇਸ਼ਰ ਵਿਚ ਸ਼ਰਧਾ ਨਹੀਂ ਧਾਰੀ, ਉਹ- ਦੁਇ ਪਖ ਹੀਨੀ॥

ਦੋਹਾਂ ਲੋਕ ਪਰਲੋਕ ਦੇ ਸੁਖਾਂ ਤੋਂ ਰਹਿਤ ਹੈ। ਵਾ:-ਗਿਆਨ ਵੈਰਾਗ ਤੋਂ ਰਹਿਤ ਹੈ।

ਵਾ:-ਜੀਵ ਈਸ਼ਵਰ ਦੀ ਏਕਤਾ ਕਰਨ ਤੋਂ ਰਹਿਤ ਹੈ।

## ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥

ਜਿਸ ਨੇ ਨਿਰੰਤਰਿ=ਇਕ ਰਸ ਨਾਹ=ਪਤੀ-ਪਰਮਾਤਮਾ ਦੀ ਪ੍ਰੇਮਾ ਭਗਤੀ ਨਹੀਂ ਕੀਤੀ।

## ਪੁਰ ਸਲਾਤ ਕਾ ਪੰਥੁ ਦੁਹੇਲਾ॥ ਸੰਗਿ ਨ ਸਾਥੀ ਗਵਨੁ ਇਕੇਲਾ॥ ੨ ॥

ਵੈਤਰਨੀ ਨਦੀ ਉਤੇ ਦੁੱਖਾਂ ਨਾਲ ਪੂਰਨ ਸਲਾਤ ਪੁਲ ਦਾ ਰਾਹ ਦੁਹੇਲਾ=ਕਠਨ ਹੈ। ਉਹ ਵਾਟ ਖੰਡੇ ਦੀ ਧਾਰ ਨਾਲੋਂ ਤਿੱਖੀ ਤੇ ਵਾਲ ਤੋਂ ਬਰੀਕ ਹੈ॥ ੨॥

*ਯਥਾ:-* "ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥"

*(ਸੂਹੀ ਸੇਖ ਫਰੀਦ, ਪੰਨਾ ੭੯੪)*

*ਤਥਾ:-* "ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥ *(ਸੇਖ ਫਰੀਦ, ਪੰਨਾ ੧੩੭੭)*

## ਦੁਖੀਆ ਦਰਦਵੰਦੁ ਦਰਿ ਆਇਆ॥

ਐ ਦਰਦਵੰਦੁ=ਪੀੜਾ ਦੇ ਜਾਨਣ ਵਾਲੇ ਅਕਾਲ ਪੁਰਖ ! ਮੈਂ ਦੁਖੀ ਹੋ ਕੇ ਆਪ ਦੇ ਸਤਿਸੰਗ ਰੂਪੀ ਦਰਵਾਜ਼ੇ ਤੇ ਆਇਆ ਹਾਂ।

## ਬਹੁਤੁ ਪਿਆਸ ਜਬਾਬੁ ਨ ਪਾਇਆ॥

ਮੈਨੂੰ ਤੇਰੇ ਦਰਸ਼ਨ ਦੀ ਬਹੁਤ ਹੀ ਇੱਛਾ ਲਗ ਰਹੀ ਹੈ, ਪਰ ਅਜੇ ਤਕ ਮੈਂ ਕੋਈ ਉੱਤਰ ਨਹੀਂ ਪਰਾਪਤ ਕੀਤਾ।

## ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੇ ਭਗਵਾਨ ! ਮੈਂ ਸੇਵਕ ਨੇ ਆਪ ਦੇ ਚਰਨ-ਕਵਲਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

## ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥ ੩ ॥੧ ॥

ਜਿਸ ਤਰ੍ਹਾਂ ਜਾਣੋ, ਤਿਵੇਂ ਮੇਰੀ ਮੁਕਤੀ ਜ਼ਰੂਰ ਕਰ ਦਿਓ॥ ੩ ॥ ੧ ॥

## ਸੂਹੀ॥

**ਉਥਾਨਕਾ:**-ਵੈਰਾਗ ਜਨਕ ਉਪਦੇਸ਼ ਦੇਂਦੇ ਹਨ:-

## ਜੋ ਦਿਨ ਆਵਹਿ ਸੋ ਦਿਨ ਜਾਹੀ॥

ਜੋ ਦਿਨ ਆਉਂਦਾ ਭਾਵ ਚੜ੍ਹਦਾ ਹੈ, ਸੋ ਦਿਨ ਬਤੀਤ ਹੋਇਆ ਜਾਂਦਾ ਹੈ। ਏਸੇ ਤਰ੍ਹਾਂ-

## ਕਰਨਾ ਕੂਚੁ ਰਹਨੁ ਥਿਰੁ ਨਾਹੀ॥

ਜੋ ਵੀ ਸੰਸਾਰ ਵਿਚ ਆਇਆ ਹੈ, ਉਸ ਨੇ ਕੂਚੁ=ਚਲਾਣਾ ਕਰ ਜਾਣਾ ਹੈ। ਕਿਸੀ ਨੇ ਵੀ ਇਸਥਿਤ ਨਹੀਂ ਰਹਿਣਾ।

ਯਥਾ- "ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥

(ਸਿਰੀ ਰਾਗ ਮ: ੧, ਪੰਨਾ ੬੪)

## ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥੧॥

ਸਾਰੇ ਸੰਗੀ ਚਲੇ ਜਾ ਰਹੇ ਹਨ, ਵਾ:-ਚਲੇ ਗਏ ਹਨ। ਉਹਨਾਂ ਦੀ ਭੀ=ਨਿਆਈਂ ਅਸਾਂ ਵੀ ਚਲਿਆਂ ਜਾਣਾ ਹੈ।

ਜਿਸ ਮੌਤ ਦਾ ਗਵਨ ਤੁਸੀਂ ਦੂਰ ਸਮਝ ਰਹੇ ਹੋ, ਉਹ ਮਰਨਾ ਤੁਹਾਡੇ ਸਿਰ ਤੇ ਖਲੋਤਾ ਹੈ।

ਵਾ:- ਜਿਸ ਵੇਲੇ ਮਰਨਾ ਸਿਰ ਤੇ ਆਇਆ ਤਾਂ ਦੂਰ ਗਮਨ ਕਰਨਾ ਪਵੇਗਾ, ਕਿਉਂਕਿ ਪ੍ਰਲੋਕ ਦਾ ਪੈਂਡਾ ਧਰਮ ਸ਼ਾਸਤਰ ਵਿਚ ਸਾਲ ਭਰ ਦਾ ਲਿਖਿਆ ਹੈ।

[ਪੰਨਾ ੭੯੪]

## ਕਿਆ ਤੂ ਸੋਇਆ ਜਾਗੁ ਇਆਨਾ॥
## ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ ਰਹਾਉ॥

ਹੇ ਇਆਨਾ=ਅਗਿਆਤ ਜੀਵ ! ਤੂੰ ਕੀ ਅਵਿਦਿਆ ਰੂਪ ਨੀਂਦ ਵਿਚ ਸੁੱਤਾ ਹੋਇਆ ਹੈਂ ?

ਵਾਹਿਗੁਰੂ ਦੇ ਭਜਨ-ਸਿਮਰਨ ਦੁਆਰਾ ਗਿਆਨ-ਜਾਗ੍ਰਤ ਵਿਚ ਜਾਗਣਾ ਕਰ।

ਤੈਂਨੇ ਝੂਠੇ ਜੀਵਨ ਨੂੰ ਜਗਤ ਵਿਚ ਸੱਚਾ ਕਰਕੇ ਜਾਣਿਆ ਹੈ॥ ੧॥ ਰਹਾਉ॥

## ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥

ਜਿਸ ਪਰਮਾਤਮਾ ਨੇ ਜੀਉ=ਜੀਉਣਾ ਦਿੱਤਾ ਹੈ। ਵਾ:-ਜਿਸ ਨੇ ਦੇਹ ਵਿਚ ਜੀਵ ਨੂੰ ਇਸਥਿਤ ਕਰ ਦਿੱਤਾ ਹੈ, ਓਹੀ ਸਾਰਿਆਂ ਨੂੰ ਰਿਜਕੁ=ਖਾਣ ਪਾਣ ਅੰਬਰਾਵੈ=ਪਹੁੰਚਾਉਂਦਾ ਹੈ।

## ਸਭ ਘਟ ਭੀਤਰਿ ਹਾਟੁ ਚਲਾਵੈ॥

ਸਾਖੀ ਰੂਪ ਹੋ ਕੇ ਘਟ=ਸਰੀਰ ਦੇ ਵਿਚ ਸਾਰੀਆਂ ਹਾਟੁ=ਇੰਦਰੀਆਂ ਨੂੰ ਚਲਾ ਰਿਹਾ ਹੈ।

## ਕਰਿ ਬੰਦਿਗੀ ਛਾਡਿ ਮੈ ਮੇਰਾ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ॥੨॥

ਹੇ ਪੁਰਸ਼ਾਂ ! ਤੂੰ ਮੇਰ ਤੇਰ ਨੂੰ ਛੱਡ ਕੇ ਵਾਹਿਗੁਰੂ ਦੀ ਬੰਦਗੀ ਕਰ।

ਯਥਾ:- "ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥" (ਮ: ੧, ਪੰਨਾ ੫੦)

ਸਵੇਰਾ=ਅੰਮ੍ਰਿਤ ਵੇਲੇ ਉੱਠ ਕੇ ਆਪਣੇ ਦਿਲ ਵਿਚ ਨਾਮ ਨੂੰ ਯਾਦ ਕਰ॥ ੨॥

## ਜਨਮੁ ਸਿਰਾਨੋ ਪੰਥੁ ਨ ਸਵਾਰਾ॥ ਸਾਂਝ ਪਰੀ ਦਹ ਦਿਸ ਅੰਧਿਆਰਾ॥

ਤੇਰਾ ਮਨੁੱਖਾ ਜਨਮ ਨਿਸਫਲ ਹੀ ਸਿਰਾਨੋ=ਬਤੀਤ ਹੋ ਰਿਹਾ ਹੈ, ਪਰ ਤੈਂਨੇ ਅਗਲਾ ਪਰਲੋਕ ਦਾ ਰਸਤਾ ਸਵਾਰਿਆ ਨਹੀਂ ।

(ਜਿਵੇਂ ਇਹ ਨਿਯਮ ਹੈ ਕਿ ਜਿਸ ਵੇਲੇ-) ਸਾਂਝ=ਸੰਧਿਆ (ਸ਼ਾਮ) ਪੈਂਦੀ ਹੈ ਤਾਂ ਦਹ ਦਿਸ=ਹਰ ਪਾਸੇ ਅੰਧੇਰਾ ਹੀ ਅੰਧੇਰਾ ਹੋ ਜਾਂਦਾ ਹੈ। ਇਸੀ ਪਰਕਾਰ ਜਦ ਬ੍ਰਿਧ ਅਵਸਥਾ ਰੂਪੀ ਸੰਧਿਆ ਪਈ ਤਾਂ

ਦਹਦਿਸ=ਦਸਾਂ ਇੰਦ੍ਰੀਆਂ ਵਿਚ ਜੜ੍ਹਤਾ ਰੂਪ ਹਨੇਰਾ ਫੈਲ ਜਾਵੇਗਾ। ਉਸ ਵੇਲੇ ਤੇਰੇ ਪਾਸੋਂ ਕੁਝ ਨਹੀਂ ਹੋਣਾ।

## ਕਹਿ ਰਵਿਦਾਸ ਨਿਦਾਨਿ ਦਿਵਾਨੇ ॥
## ਚੇਤਸਿ ਨਾਹੀ ਦੁਨੀਆ ਫਨ ਖਾਨੇ ॥ ੩ ॥ ੨ ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੇ ਨਿਦਾਨਿ=ਮੂਰਖ ਦਿਵਾਨੇ=ਝੱਲੇ ! ਹੁਣ ਤੇਰਾ ਨਿਦਾਨਿ= ਅੰਤ ਆ ਰਿਹਾ ਹੈ, ਇਸ ਕਰਕੇ ਤੂੰ ਕੁਛ ਨਿਦਾਨਿ=ਦਵਾਈ ਬੂਟੀ ਕਰ ਲੈ।

ਤੂੰ ਅਕਾਲ ਪੁਰਖ ਨੂੰ ਸਿਮਰਦਾ ਨਹੀਂ, ਜਿਸ ਦੁਨੀਆਂ ਵਿਚ ਲੱਗ ਰਿਹਾ ਹੈਂ, ਇਹ ਫਨਾਹ ਦਾ ਘਰ ਹੈ।

ਵਾ:-ਫਨਾਹ ਦਾ ਖਾਨਾ ਜੋ ਇਹ ਦੁਨੀਆਂ ਹੈ, ਇਸ ਵਿਖੇ ਤੂੰ ਪਰਮਾਤਮਾ ਨੂੰ ਯਾਦ ਨਹੀਂ ਕਰਦਾ॥ ੩ ॥ ੨ ॥

## ਸੂਹੀ ॥

**ਉਥਾਨਕਾ:**-ਇਕ ਸ਼ਾਹੂਕਾਰ ਸੋਹਣੇ ਸੋਹਣੇ ਮਕਾਨ ਤਿਆਰ ਕਰਕੇ ਆਪਣੇ ਸਬੰਧੀਆਂ ਦੇ ਮੋਹ ਵਿਚ ਫਸਿਆ ਹੋਇਆ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ।

## ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥ ੧ ॥

ਹੇ ਭਾਈ ! ਜੋ ਤੂੰ ਬੜੇ ਬੜੇ ਮੰਦਰ (ਮਕਾਨ) ਤੇ ਵੱਖੋ-ਵੱਖ ਰਸੋਈ ਦੀ ਸਾਲ=ਜਗ੍ਹਾ ਬਣਵਾ ਰਿਹਾ ਹੈਂ। ਵਾ:-ਰਸੋਈ ਦੀ ਵੱਖਰੀ, ਅਰਾਮ ਕਰਨ ਦੀ ਵੱਖਰੀ, ਇਸ਼ਨਾਨ ਕਰਨ ਦੀ ਵੱਖਰੀ।

ਪਰ-(ਜਿਸ ਵੇਲੇ ਸਵਾਸ ਪੂਰੇ ਹੋ ਗਏ ਤਾਂ-) ਇਕ ਘੜੀ ਭਰ ਵੀ ਇਹਨਾਂ ਮੰਦਰਾਂ ਵਿਚ ਰਹਿਣਾ ਨਹੀਂ ਹੋਵੇਗਾ॥ ੧ ॥

## ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥

(ਜਿਸ ਨੂੰ ਬੜੇ ਪ੍ਰੇਮ ਨਾਲ ਪਾਲਦੇ ਪੋਸਦੇ ਹੋ) ਇਹ ਸਰੀਰ (ਕਾਲ-ਅਗਨੀ ਦੇ ਸਾਹਮਣੇ) ਐਸਾ=ਇਸ ਤਰ੍ਹਾਂ ਹੈ, ਜਿਵੇ ਪ੍ਰਤੱਖ ਅਗਨੀ ਦੇ ਸਾਹਮਣੇ ਘਾਸ ਦੀ ਟਾਟੀ=ਖਿੜਕੀ ਹੈ।

## ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥ ਰਹਾਉ ॥

ਜਿਸ ਵੇਲੇ ਅਗਨੀ ਦੇ ਪ੍ਰਭਾਵ ਨਾਲ ਘਾਹ ਸੜ ਜਾਂਦਾ ਹੈ ਤਾਂ ਮਿੱਟੀ ਨਾਲ ਰਲ ਜਾਂਦਾ ਹੈ। ਇਸੀ ਪਰਕਾਰ-ਸਰੀਰ ਵੀ ਸੜ ਕੇ ਮਿੱਟੀ ਰੂਪ ਹੋ ਜਾਂਦਾ ਹੈ॥ ੧ ॥ ਰਹਾਉ॥

## ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥ ੨ ॥

ਭਾਈ=ਸਕੇ ਭਰਾ ਤੇ ਬੰਧ=ਰਿਸ਼ਤੇਦਾਰ, ਕੁਟੰਬ=ਆਪਣਾ ਜੋ ਪਰਵਾਰ ਸਹੇਰਾ=ਇਕੱਠਾ ਹੋਇਆ ਹੋਇਆ ਹੈ।

ਉਸ ਸਾਰੇ ਹੀ ਸਵੇਰੇ ਸਵੇਰੇ ਕੱਢਣ ਲੱਗ ਪੈਂਦੇ ਹਨ, ਤਾਂਕਿ ਧੁੱਪ ਨਾ ਬਹੁਤੀ ਚੜ੍ਹ ਪਵੇ॥ ੨ ॥

## ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥ ੩ ॥

ਜੋ ਘਰ ਦੀ ਔਰਤ ਉਰਹਿ=ਛਾਤੀ ਨਾਲ ਲੱਗੀ ਰਹਿੰਦੀ ਸੀ।

ਉਹ ਨਾਰੀ ਤਾਂ ਪ੍ਰੇਤ-ਪ੍ਰੇਤ ਕਰਕੇ ਦੂਰ ਦੌੜਦੀ ਹੈ, ਇਸ ਕਰਕੇ ਇਨ੍ਹਾਂ ਸਨਬੰਧੀਆਂ ਦਾ ਖਹਿੜਾ ਵੀ ਤਿਆਗ ਦੇਹ।

## ਕਹਿ ਰਵਿਦਾਸ ਸਭੈ ਜਗੁ ਲੂਟਿਆ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਕਿ ਸਾਰਾ ਸੰਸਾਰ (ਮੋਹ ਆਦਿਕਾਂ ਲੱਗਣ ਕਰਕੇ) ਲੁੱਟਿਆ ਜਾ ਰਿਹਾ ਹੈ।

*ਪ੍ਰਸ਼ਨ*-"ਫਿਰ ਆਪ ਵੀ ਲੁੱਟੇ ਗਏ ਹੋਵੋਗੇ?" *ਉੱਤਰ*-

## ਹਮ ਤਉ ਏਕ ਰਾਮੁ ਕਹਿ ਛੂਟਿਆ॥ ੪॥ ੩॥

ਮੈਂ ਤਾਂ (ਗੁਰੂ ਰਾਹੀਂ) ਇਕ ਰਾਮ ਦਾ ਨਾਮ ਕਹਿ ਕੇ (ਇਨ੍ਹਾਂ ਕਾਮ ਆਦਿਕ ਦੁਸ਼ਮਣਾਂ ਤੋਂ) ਛੁੱਟ ਗਿਆ ਹਾਂ। (ਤੁਸੀ ਭੀ ਰਾਮ ਨਾਮ ਦਾ ਸਿਮਰਨ ਕਰਕੇ ਇਨ੍ਹਾਂ ਦੁਸ਼ਮਣਾਂ ਤੋਂ ਬਚਣਾ ਕਰੋ) ॥ ੪॥ ੩॥

## ੧ਓ ਸਤਿਗੁਰ ਪ੍ਰਸਾਦਿ॥

## ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ॥

**ਉਥਾਨਕਾ:**-ਜਿਸ ਵੇਲੇ ਸ਼ੇਖ ਫਰੀਦ ਜੀ ਤਪ ਕਰਦੇ-ਕਰਦੇ ਥੱਕ ਗਏ। ਬਾਰਾਂ ਵਰ੍ਹਿਆਂ ਦੇ ਤਪ ਮਗਰੋਂ ਅਕਾਲ ਪੁਰਖ ਦੇ ਦਰਸ਼ਨ ਪ੍ਰਾਪਤ ਨਾ ਹੋਏ। ਵਿਆਕੁਲ ਹੋਏ-ਹੋਏ ਜੰਗਲ ਵਿਚ ਇਕ ਬ੍ਰਿਛ ਹੇਠਾਂ ਬੈਠ ਕੇ ਵਿਛੋੜੇ ਦੀ ਗੱਲ ਐਉਂ ਕਹਿੰਦੇ ਹਨ ਕਿ-

## ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥ ਬਾਵਲਿ ਹੋਈ ਸੋ ਸਹੁ ਲੋਰਉ॥

ਤਪ ਰੂਪੀ ਅਗਨੀ ਨੂੰ ਤਪ ਕੇ ਪ੍ਰਾਣਾਂ ਨੂੰ ਭੁੱਖ ਤਰੇਹ ਨਾਲ ਝੁਲਸਾ-ਝੁਲਸਾ ਕੇ ਹੁਣ ਹੱਥਾਂ ਨੂੰ ਮਰੋਰਉ= ਝੱਸਦੀ, ਭਾਵ ਮਲਦੀ ਹਾਂ, ਕਿਉਂਕਿ ਹੇ ਸਹੁ=ਅਕਾਲ ਪੁਰਖ! ਆਪ ਦੇ ਦਰਸ਼ਨਾਂ ਨੂੰ ਚਾਹੁੰਦੀ ਹੋਈ ਮੈਂ ਬਾਵਲਿ=ਝੱਲੀ ਹੋ ਗਈ ਹਾਂ, ਪਰ ਆਪ ਦਾ ਦਰਸ਼ਨ ਫਿਰ ਵੀ ਨਹੀਂ ਹੋਇਆ। ਇਸ ਲਈ ਤਪਿ=ਦੁਖੀ ਹੋ ਹੋ ਕੇ ਲੁਹਿ ਲੁਹਿ=ਸੜ-ਸੜ ਕੇ ਮੈਂ ਹੱਥ ਮਲਦੀ ਹਾਂ।

## ਤੈ ਸਹਿ ਮਨ ਮਹਿ ਕੀਆ ਰੋਸੁ॥ ਮੁਝੁ ਅਵਗਨ ਸਹ ਨਾਹੀ ਦੋਸੁ॥ ੧॥

ਹੇ ਸਹਿ=ਅਕਾਲ ਪੁਰਖ! ਕੀ ਤੈ=ਤੂੰ ਆਪਣੇ ਮਨ ਵਿਚ ਰੋਸੁ=ਗੁੱਸਾ ਕੀਤਾ ਹੈ? ਜਿਸ ਕਰਕੇ ਦਰਸ਼ਨ ਨਹੀਂ ਦਿੱਤਾ, ਨਹੀਂ ਨਹੀਂ ਆਪ ਵਿਚ ਕਸੂਰ ਨਹੀਂ, ਮੇਰੇ ਵਿਚ ਹੀ ਔਗੁਣ ਹਨ।

ਹੇ ਸਹ=ਅਕਾਲ ਪੁਰਖ! ਆਪ ਵਿਚ ਕੋਈ ਦੋਸ਼ ਨਹੀਂ।

*ਯਥਾ:*- "ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ॥" *(ਪੰਨਾ ੨੪੭)*

## ਤੈ ਸਾਹਿਬ ਕੀ ਮੈ ਸਾਰ ਨ ਜਾਨੀ॥

## ਜੋਬਨੁ ਖੋਇ ਪਾਛੈ ਪਛੁਤਾਨੀ॥ ੧॥ ਰਹਾਉ॥

ਆਪਣੇ ਕਰਮਾਂ ਕਰਕੇ ਹੇ ਸਹਿਬ! ਮੈਂ ਆਪ ਦੀ ਪ੍ਰਾਪਤੀ ਦੀ ਸੰਭਾਲ ਨਹੀਂ ਜਾਨਣੀ ਕੀਤੀ। ਜੋਬਨ ਤੇ

ਬਲ ਨੂੰ ਸੁੱਕੇ ਪੱਤੇ ਖਾ ਕੇ ਵਿਅਰਥ ਹੀ ਗੁਆਇਆ ਹੈ ਤੇ ਹੁਣ ਪਿਛੋਂ ਪਸਚਾਤਾਪ ਕਰਦੀ ਹਾਂ।

ਵਾ:-ਸ਼ੋਕ ਅਵਸਥਾ ਰੂਪੀ ਜੋਬਨ ਖੋਹ ਕੇ ਪਿਛੋਂ ਪਸਚਾਤਪ ਕਰਦੀ ਹਾਂ।

ਜਦ ਫਰੀਦ ਜੀ ਇਸ ਤਰ੍ਹਾਂ ਵਿਰਲਾਪ ਕਰ ਰਹੇ ਸਨ ਤਾਂ ਉਥੋਂ ਦੀ ਇਕ ਮਹਾਤਮਾ ਲੰਘੇ। ਫਰੀਦ ਦੇ ਸਰੀਰ ਦਾ ਕਾਲਾ ਰੰਗ ਦੇਖ ਕੇ ਕੋਇਲ ਨੂੰ ਮੁਖ ਰੱਖ ਕੇ ਅਨੁਕਤੀ ਅਲੰਕਾਰ ਨਾਲ ਕਥਨ ਕਰਦੇ ਹਨ-

**ਕਾਲੀ ਕੋਇਲ ਤੂ ਕਿਤ ਗੁਨ ਕਾਲੀ॥**
**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥**

ਹੇ ਕਾਲੀ ਕੋਇਲ ! ਤੂੰ ਕਿਹੜੇ ਗੁਨ=ਔਗੁਣ ਕਰਕੇ ਕਾਲੀ ਹੋ ਗਈ ਹੈਂ ?

ਇਹ ਗੱਲ ਸੁਣ ਕੇ ਫਰੀਦ ਜੀ ਨੇ ਵਿਚਾਰਿਆ ਸੰਤਾਂ ਨੇ ਕੋਇਲ ਨੂੰ ਭਲਾ ਕੀ ਕਹਿਣਾ ਹੈ ਇਹ ਮੈਨੂੰ ਕਹਿ ਰਹੇ ਹਨ। ਫਰੀਦ ਜੀ ਉੱਠ ਕੇ ਸੰਤਾਂ ਦੇ ਚਰਨੀਂ ਡਿੱਗ ਕੇ ਆਖਦੇ ਹਨ-

ਹੇ ਸੰਤ ਜੀ ! ਹਉ=ਮੈਂ ਆਪਣੇ ਪ੍ਰੀਤਮ ਦੇ ਬਿਰਹੈ=ਵਿਛੋੜੇ ਰੂਪੀ ਅੱਗ ਨਾਲ ਸੜ ਰਹੀ ਹਾਂ।

**ਪਿਰਹਿ ਬਿਹੂਨ ਕਤਹਿ ਸੁਖੁ ਪਾਏ॥**
**ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥ ੨॥**

ਉਸ ਪਤੀ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਮੈਂ ਭਲਾ ਕਤਹਿ=ਕਿਸ ਤਰ੍ਹਾਂ ਨਾਲ ਸੁਖ ਪਾਉਣਾ ਕਰਾਂ, ਪਰ ਇਹ ਮੈਂ ਨਿਸਚੇ ਕੀਤਾ ਹੋਇਆ ਹੈ ਕਿ ਜਿਸ ਵੇਲੇ ਅਕਾਲ ਪੁਰਖ ਕ੍ਰਿਪਾਲੂ ਹੁੰਦਾ ਹੈ, ਤਿਸ ਵੇਲੇ ਹੀ ਉਹ ਆਪਣੇ ਨਾਲ ਮਿਲਾ ਲੈਂਦਾ ਹੈ, ਪਰ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਉਹ ਕ੍ਰਿਪਾਲੂ ਕਿਸ ਤਰ੍ਹਾਂ ਹੁੰਦਾ ਹੈ।

**ਵਿਧਣ ਖੂਹੀ ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥**

ਵਿਧਣ=ਦੁਖਦਾਈ ਸੰਸਾਰ ਰੂਪੀ ਖੂਹੀ ਵਿਚ ਮੈਂ ਮੁੰਧ=ਇਸਤਰੀ ਇਕੱਲੀ ਪੈ ਰਹੀ ਹਾਂ। ਨਾ ਕੋਈ ਇਸ ਲੋਕ ਦਾ ਸਾਥੀ ਹੈ ਅੰਤੇ ਨਾ ਹੀ ਪਰਲੋਕ ਦਾ ਕੋਈ ਬੇਲੀ ਹੈ।

ਵਾ:- ਨਾ ਤਾਂ ਕੋਈ ਸਾਥੀ ਹੈ ਜੋ ਮੇਰੇ ਨਾਲ ਮਿਲ ਕੇ ਤਪ ਕਰੇ ਅਤੇ ਨਾ ਹੀ ਕੋਈ ਬੇਲੀ ਹੈ, ਪਰਮਾਤਮਾ ਨਾਲ ਮਿਲਾਉਣ ਵਾਲਾ।

ਇਸ ਕਰਕੇ ਸੰਤ ਜੀ ! ਆਪ ਕਿਰਪਾ ਕਰਕੇ ਦੱਸੋ, ਇਸ ਸੰਸਾਰ ਰੂਪੀ ਖੂਹੀ ਵਿਚੋਂ ਨਿਕਲ ਕੇ ਆਪ ਨੇ ਪਰਮਾਤਮਾ ਦੇ ਕਿਸ ਤਰ੍ਹਾਂ ਦਰਸ਼ਨ ਕੀਤੇ ਹਨ ? ਉੱਤਰ ਰੂਪ ਵਿਚ ਜੋ ਕੁਝ ਉਸ ਸੰਤ ਨੇ ਕਿਹਾ, ਉਸ ਨੂੰ ਫਰੀਦ ਜੀ ਆਪਣੀ ਬਾਣੀ ਦੁਆਰਾ ਇਉਂ ਕਹਿੰਦੇ ਹਨ-

**ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥**
**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥ ੩॥**

ਹੇ ਸ਼ੇਖ ਫਰੀਦ ! ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਜਦ ਮੈਨੂੰ ਸਾਧਸੰਗਤ ਨਾਲ ਮੇਲਿਆ ਤਾਂ ਮੈਨੂੰ ਗੁਰਾਂ ਦੀ ਪ੍ਰਾਪਤੀ ਹੋਈ। ਗੁਰਾਂ ਨੇ ਫੇਰ ਸ਼ੁਭ-ਗੁਣਾਂ ਦੀ ਬਖਸ਼ਿਸ਼ ਕੀਤੀ ਤਾਂ ਜਿਧਰ ਨਿਗਾਹ ਕਰਕੇ ਵੇਖਿਆ ਤਾਂ ਫਿਰ ਮੇਰਾ ਅੱਲਾ ਹੀ ਬੇਲੀ ਦਿੱਸਣ ਵਿਚ ਆਇਆ। ਫਿਰ ਫਰੀਦ ਜੀ ਨੇ ਕਿਹਾ-

## ਵਾਟ ਹਮਾਰੀ ਖਰੀ ਉਡੀਣੀ॥

ਵਾਹਿਗੁਰੂ ਦੀ ਪਰਾਪਤੀ ਤੋਂ ਬਿਨਾਂ ਜਿਸ ਵਾਟ=ਪਗਡੰਡੀ ਤੇ ਅਸਾਂ ਨੇ ਚਲਨਾ ਹੈ, ਉਹ ਅਸਾਡੀ ਪਰਲੋਕ ਵਾਟ ਖਰੀ=ਬਹੁਤ ਉਡੀਣੀ=ਦੁਖਦਾਇਕ ਹੈ।

## ਖੰਨਿਅਹੁ ਤਿਖੀ ਬਹੁਤੁ ਪਿਈਣੀ॥

ਖੰਨਿਅਹੁ=ਖੰਡੇ ਨਾਲੋਂ ਤਿੱਖੀ ਹੈ ਤੇ ਬੜੀ ਪਿਈਣੀ=ਬਰੀਕ, ਭਾਵ ਪਤਲੀ ਹੈ।

*ਯਥਾ:*-"ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥" *(ਪੰਨਾ ੧੦੨੮)*

## ਉਸੁ ਊਪਰਿ ਹੈ ਮਾਰਗੁ ਮੇਰਾ॥
## ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥ ੪॥ ੧॥

ਸ਼ੇਖ ਫਰੀਦ ਜੀ ਕਥਨ ਕਰਦੇ ਹਨ ਕਿ ਉਸ ਦੁਖਦਾਇਕ ਪਗਡੰਡੀ ਦੇ ਉੱਪਰ ਮੇਰਾ ਮਾਰਗੁ=ਰਸਤਾ ਹੈ ਜਿਸ ਉਤੇ ਚੱਲਣਾ ਹੈ।

ਉਸ ਤੋਂ ਬਚਣ ਲਈ ਕੋਈ ਉਪਾਅ ਦੱਸੋ ? ਤਾਂ ਸੰਤ ਜੀ ਨੇ ਉੱਤਰ ਦਿੱਤਾ-

**ਵਾਟ ਹਮਾਰੀ ਖਰੀ ਉਡੀਣੀ॥-** ਸਾਡੀ ਭਗਤੀ ਰੂਪੀ ਵਾਟ ਖਰੀ=ਹੱਛੀ ਉਡੀਣੀ=ਕਠਨ ਹੈ।

**ਖੰਨਿਅਹੁ ਤਿਖੀ ਬਹੁਤੁ ਪਿਈਣੀ॥-** ਖੰਡੇ ਨਾਲੋਂ ਤਿੱਖੀ ਤੇ ਬਹੁਤ ਸੂਖਮ ਹੈ।

**ਉਸੁ ਊਪਰਿ ਹੈ ਮਾਰਗੁ ਮੇਰਾ॥-** ਉਸ ਭਗਤੀ ਰੂਪ ਵਾਟ ਉੱਪਰ ਮੇਰਾ ਮਾਰਗ ਚੱਲਣਾ ਹੈ।

ਜੇ ਤੈਨੂੰ ਤਰਨ ਦੀ ਇੱਛਾ ਹੈ ਤਾਂ-

ਹੇ ਸ਼ੇਖ ਫਰੀਦ ! ਤੂੰ ਸਵੇਰੇ ਉੱਠ ਕੇ ਅੰਮ੍ਰਿਤ ਵੇਲੇ ਭਗਤੀ ਰੂਪ ਰਸਤੇ ਨੂੰ ਯਾਦ ਕਰ, ਕਿਉਂ ਜੁ ਭਗਤੀ ਰੂਪ ਰਸਤੇ ਦੇ ਸੰਭਾਲਣ ਦਾ ਇਹ ਮਨੁੱਖਾ ਜਨਮ ਹੀ ਵੇਲਾ ਹੈ।

ਭਗਤੀ ਮਾਰਗ ਤਾਂ ਇਉਂ ਹੈ-

*ਯਥਾ:*- "ਭਗਤਾ ਕੀ ਚਾਲ ਨਿਰਾਲੀ॥

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥ *(ਪੰਨਾ ੯੧੮)*

*ਤਥਾ:*- "ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥....... ॥ ੫੮॥"

## ਸੂਹੀ ਲਲਿਤ ॥

**ਉਥਾਨਕਾ:**-ਇਕ ਪੁਰਸ਼ ਨੂੰ ਪਦਾਰਥਾਂ ਵਿਚ ਫਸਿਆ ਦੇਖਕੇ ਫਰੀਦ ਜੀ ਅਫਸੋਸ ਨਾਲ ਕਥਨ ਕਰਦੇ ਹਨ-

## ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਹੇ ਭਾਈ ! ਤੂੰ ਆਪਣੇ ਸਰੀਰ ਰੂਪੀ ਬੇੜੇ ਨੂੰ ਵਿਸ਼ਿਆਂ ਰੂਪੀ ਜਲ ਵਲੋਂ ਰੋਕ ਨਹੀਂ ਸਕਿਆ, ਪਰ ਇਹ ਜੁਆਨੀ ਅਵਸਥਾ ਹੀ ਤੇਰੇ ਬੰਧਨ=ਰੋਕਣ ਦਾ ਵੇਲਾ ਸੀ।

*ਅਥਵਾ:*-ਜਪ ਤਪ ਰੂਪੀ ਬੇੜੇ ਨੂੰ ਬੰਨ੍ਹ ਨਾ ਸਕਿਆ, ਪਰ ਇਹ ਮਨੁੱਖਾ ਜਨਮ ਇਸ ਬੇੜੇ ਨੂੰ ਬੰਨ੍ਹਣ ਦੀ

ਘੜੀ ਸੀ।

## ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥

ਜਿਸ ਵੇਲੇ ਸਰੀਰ ਰੂਪੀ ਸਰੋਵਰ ਬ੍ਰਿਧ ਅਵਸਥਾ ਰੂਪੀ ਜਲ ਨਾਲ ਭਰ ਗਿਆ ਤੇ ਉਛਲੈ=ਦੁੱਖ ਪਰਾਪਤ ਹੋਏ ਤਿਸ ਵੇਲੇ ਤਰਨਾ ਬੜਾ ਕਠਨ ਹੋ ਜਾਏਗਾ।

ਵਾ–ਜਿਸ ਵੇਲੇ ਸਰੀਰ ਰੂਪੀ ਸਰੋਵਰ ਸਵਾਸਾਂ ਰੂਪੀ ਜਲ ਨਾਲ ਭਰ ਗਿਆ, ਭਾਵ ਸਵਾਸ ਪੂਰੇ ਹੋਏ ਤੇ ਜਮਕਾਲ ਇਸ ਨੂੰ ਉਛਾਲੇਗਾ ਤਿਸ ਵੇਲੇ ਤਰਨਾ ਕਠਨ ਹੋ ਜਾਏਗਾ, ਕਿਉਂਕਿ ਬ੍ਰਿਧ ਅਵਸਥਾ ਵਿਚ ਕੁਝ ਹੋ ਨਹੀਂ ਸਕਦਾ।

## ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥

ਪਹਿਲੇ ਦ੍ਰਿਸ਼ਟਾਂਤ–ਕਸੁੰਭੜੈ=ਅਗਨੀ ਨੂੰ ਹੱਥ ਨਾ ਲਗਾ। ਢੋਲਾ=ਹੇ ਪਿਆਰੇ! ਜੇ ਤੂੰ ਹੱਥ ਲਾਵੇਂਗਾ ਤਾਂ ਸੜ ਜਾਏਂਗਾ। ਏਸੇ ਤਰ੍ਹਾਂ ਹੇ ਭਾਈ ! ਤ੍ਰਿਸ਼ਨਾ ਰੂਪੀ ਅਗਨੀ ਨੂੰ ਮਨ ਰੂਪੀ ਹੱਥ ਨਾ ਲਗਾ, ਜੇ ਲੱਗ ਗਿਆ ਤਾਂ ਹੇ ਪਿਆਰੇ ! ਮਨ ਰੂਪੀ ਹੱਥ ਸੜ ਜਾਵੇਗਾ, ਭਾਵ ਦਾਗੀ ਹੋ ਜਾਵੇਗਾ।

*ਅਥਵਾ :*–ਹੇ ਪਿਆਰੇ! ਕਸੁੰਭੇ ਰੰਗ ਨੂੰ ਗਿੱਲਾ ਹੱਥ ਨਾ ਲਾ, ਕਿਉਂਕਿ ਕਸੁੰਭਾ ਰੰਗ ਕੱਚਾ ਹੁੰਦਾ ਹੈ, ਇਸ ਦੇ ਨਾਸ ਹੁੰਦਿਆਂ ਕੋਈ ਦੇਰ ਨਹੀਂ ਲੱਗਦੀ।

*ਯਥਾ–* "ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥" *(ਗੋਂਡ ਮ: ੪, ਪੰਨਾ ੮੬੧)*

*ਤਥਾ:–* "ਕੂੜਾ ਰੰਗੁ ਕਸੰਭ ਕਾ ਬਿਨਸਿ ਜਾਇ ਦੁਖੁ ਰੋਇ ॥" *(ਸਿਰੀਰਾਗ ਮਹਲਾ, ਪੰਨਾ ੨੭)*
"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥
ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥
*(ਸਿਰੀਰਾਗ ਕੀ ਵਾਰ, ਪੰਨਾ ੮੫)*

"ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ *(ਸੂਹੀ ਮ: ੧, ਪੰਨਾ ੭੫੧)*
"ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥" *(ਬਿਲਾਵਲੁ ਮ: ੫, ਪੰਨਾ ੮੦੯)*

ਜੇ ਕਸੁੰਭੇ ਰੰਗ ਤੇ ਜਲ ਦੀ ਬੂੰਦ ਪੈ ਗਈ ਤਾਂ ਢੋਲਾ=ਹੇ ਪਿਆਰੇ ! ਉਹ ਜਾਸੀ=ਨਵਿਰਤ ਹੋ ਜਾਵੇਗਾ।

*ਯਥਾ–* "ਕੱਚਾ ਰੰਗ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ ॥"
*(ਭਾ: ਗੁਰਦਾਸ ਜੀ, ਵਾਰ ੧ ਪੌੜੀ ੩੩)*

ਏਸੇ ਤਰ੍ਹਾਂ ਕਸੁੰਭੇ ਰੰਗ ਵਾਂਗ ਜੋ ਪਦਾਰਥ ਹਨ, ਇਨ੍ਹਾਂ ਨੂੰ ਮਨ ਰੂਪੀ ਹੱਥ ਨਾ ਲਗਾ। ਜਿਸ ਵੇਲੇ ਪੁੰਨਾਂ ਦੇ ਅਭਾਵ ਰੂਪੀ ਜਲ ਦੀ ਬੂੰਦ ਪਈ ਤਾਂ ਹੇ ਪਿਆਰੇ ! ਇਹ ਸਾਰੇ ਪਦਾਰਥ ਨਾਸ ਹੋ ਜਾਣਗੇ।

*ਅਥਵਾ:*–ਕਸੁੰਭੇ ਨੂੰ ਹੱਥ ਲਾ ਕੇ ਜੇ ਪਹਿਲੀਆਂ ਡੋਡੀਆਂ ਨਾ ਤੋੜੋ ਤਾਂ ਉਹ ਕਸੁੰਭਾ ਫੁੱਲ ਸੜ ਜਾਂਦਾ ਹੈ। ਏਸੇ ਤਰ੍ਹਾਂ ਬੁੱਧੀ ਰੂਪ ਧਰਤੀ ਵਿਚ ਜੋ ਸ਼ੁਭ-ਗੁਣਾਂ ਰੂਪੀ ਕਸੁੰਭੇ ਦੇ ਫੁੱਲ ਹਨ, ਉਹਨਾਂ ਦੀਆਂ ਕਾਮ ਆਦਿਕ ਰੂਪ ਡੋਡੀਆਂ ਮਨ ਰੂਪੀ ਹੱਥ ਲਗਾ ਕੇ ਨਾ ਤੋੜੇਂਗਾ ਤਾਂ ਸ਼ੁਭ-ਗੁਣ ਸਾਰੇ ਅਭਾਵ ਹੋ ਜਾਣਗੇ।

## ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥

ਇਕਨਾਂ ਨੇ ਸਹ=ਅਕਾਲ ਪੁਰਖ ਦੇ ਬੋਲਾਂ ਨੂੰ ਬੋਲ ਕੇ, ਭਾਵ ਭਜਨ-ਸਿਮਰਨ ਕਰਕੇ ਆਪਣੀ ਬਿਰਤੀ

ਸੰਸਾਰ ਵੱਲੋਂ ਪਤਲੀ ਕੀਤੀ ਹੈ।

*ਅਥਵਾ:*-ਇਕ ਗੁਰਮੁਖ ਪੁਰਸ਼ਾਂ ਨੇ ਕੇਰੇ=ਗੁਰਾਂ ਅਤੇ ਵੇਦਾਂ ਉਚਾਰਨ ਕੀਤੇ ਹੋਏ ਬਚਨ ਸਹ=ਸਹਾਰ ਕੇ ਆਪੀਨੈ੍=ਆਪਣੀ ਪਤ=ਇੱਜ਼ਤ ਲੀ=ਲੀਤੀ ਹੈ। ਕਿਉਂਕਿ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਕੋਈ ਉੱਤਮ ਅਧਿਕਾਰੀ ਜਨ ਹੀ ਸਹਾਰ ਸਕਦਾ ਹੈ। ਭਗਤ ਕਬੀਰ ਜੀ ਆਖਦੇ ਹਨ-

*ਯਥਾ:*- "ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥
ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ॥ ੧੮੩॥" *(ਪੰਨਾ ੧੩੭੪)*

ਜਿਸ ਮਨੁੱਖਾ ਦੇਹ ਅਤੇ ਜੋਬਨ ਦਾ ਤੂੰ ਮਾਣ ਕਰਦਾ ਹੈਂ, ਇਹ ਤੈਨੂੰ ਫਿਰ ਨਹੀਂ ਪਰਾਪਤ ਹੋਵੇਗਾ। ਜਿਵੇਂ-

## ਦੂਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥ ੨॥

ਜੋ ਦੁੱਧ ਇਕ ਵੇਰਾਂ ਥਣਾਂ ਵਿਚੋਂ ਨਿਕਲ ਆਇਆ ਹੈ, ਓਹੀ ਦੁੱਧ ਉਹਨਾਂ ਛਿੱਦਰਾਂ ਦੁਆਰੇ ਮੁੜ ਨਹੀਂ ਆਉਂਦਾ। ਏਸੇ ਤਰ੍ਹਾਂ ਹੀ ਇਸ ਮਨੁੱਖਾ ਜਨਮ ਦਾ ਮੇਲ ਮੁੜ ਨਹੀਂ ਹੁੰਦਾ।

*ਯਥਾ:*- "ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ॥" *(ਮਹਲਾ ੧, ਪੰਨਾ ੨੪੨)*

*ਤਥਾ:*- 'ਜਿ ( ਜਲ ਬਹੈ ਮਿਲੇ ਤ੍ਰਿਣ ਬਿੰਦਾ। ਬਿਛਰੇ ਮੇਲ ਨ ਬਹੁਰ ਬੰਨਦਾ।
ਨਿਕਸੈ ਦੁਗਧ ਨ ਅਸਥਨ ਆਵੈ। ਝਰਹਿ ਪਤ੍ਰ ਕੋ ਸਾਖ ਲਗਾਵੈ।

## ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥

ਫਰੀਦ ਜੀ ਕਹਿੰਦੇ ਹਨ-ਹੇ ਸਖੀਓ ! ਸਹੁ=ਪਰਮਾਤਮਾ ਧਰਮਰਾਜ ਨੂੰ ਹੁਕਮ ਦੇ ਕੇ ਜਿਸ ਵੇਲੇ ਤੁਹਾਨੂੰ ਅਲਾਏਸੀ=ਸੱਦੇਗਾ।

## ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਹੀ ਥੀਸੀ॥ ੩॥ ੨॥

ਉਸ ਵੇਲੇ ਹੰਸੁ=ਜੀਵ ਆਤਮਾ ਡੁਮਣਾ=ਦੁਖੀ ਹੋਇਆ ਪਰਲੋਕ ਰਸਤੇ ਚਲੇਗਾ ਤੇ ਪਿੱਛੋਂ ਇਹ ਸਰੀਰ ਸਵਾਹ ਦੀ ਢੇਰੀ ਥੀਸੀ=ਹੋ ਜਾਵੇਗੀ॥ ੩॥ ੨॥

## ਸੂਹੀ ਰਾਗੁ ਸਮਾਪਤੰ

*ਸੂਹੀ ਰਾਗ ਵਿਖੇ-*

੫ ਸ਼ਬਦ ਕਬੀਰ ਜੀ ਦੇ ਹਨ।
੩ ਸ਼ਬਦ ਰਵਿਦਾਸ ਜੀ ਦੇ ਹਨ।
੨ ਸ਼ਬਦ ਸ਼ੇਖ ਫਰੀਦ ਜੀ ਦੇ ਹਨ।

ਕੁਲ ੧੦ ਸ਼ਬਦ ਹਨ।

# ਰਾਗੁ ਬਿਲਾਵਲੁ

[ਪੰਨਾ ੭੯੫]

## ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਰਾਗੁ ਬਿਲਾਵਲੁ* ਮਹਲਾ ੧ ਚਉਪਦੇ ਘਰੁ ੧ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**

ਹੇ ਪਰਮਾਤਮਾ ! ਤੂੰ ਸੁਲਤਾਨੁ=ਚੱਕ੍ਰਵਰਤੀ ਪਾਤਿਸ਼ਾਹ ਹੈਂ, ਜੇਕਰ ਮੈਂ ਆਪ ਜੀ ਨੂੰ ਮੀਆਂ ਆਖਾਂ ਤਾਂ ਇਸ ਵਿਚ ਤੇਰੀ ਕੀ ਵਡਿਆਈ (ਉਪਮਾ) ਹੈ। ਅਰਥਾਤ ਜਿਵੇਂ-ਪਾਤਿਸ਼ਾਹ ਨੂੰ ਮੀਆਂ ਕਹਿਣਾ ਉਸ ਦੀ ਹੱਤਕ ਹੈ, ਤਿਵੇਂ ਰਾਮ ਕ੍ਰਿਸ਼ਨ ਆਦਿਕ ਨਾਮਾਂ ਨਾਲ ਪਰਮੇਸ਼ਰ ਦੀ ਉਪਮਾ ਕਰਨੀ ਉਸ ਦੀ ਸਗੋਂ ਨਿੰਦਾ ਹੈ।

*ਅਥਵਾ:-*ਤੂੰ ਪਾਤਿਸ਼ਾਹ ਹੈਂ ਤੇ ਮੈਂ ਆਪਣੇ ਆਪ ਨੂੰ ਮੀਆਂ ਕਹਾਉਂਦਾ ਹਾਂ, ਅਰਥਾਤ ਤੂੰ ਵੱਡਾ ਹੈਂ ਤੇ ਮੈਂ ਛੋਟਾ ਦਾਸ ਹਾਂ, ਮੈਂ ਆਪ ਜੀ ਦੀ ਕਿਹੋ ਜਿਹੀ ਵਡਿਆਈ ਕਹਿ ਸਕਦਾ ਹਾਂ।

**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥ ੧ ॥**

ਹੇ ਸੁਆਮੀ ! ਜੋ ਅਕਲ ਤੂੰ ਦਿੱਤੀ ਹੈ ਉਸ ਦੇ ਅਨੁਸਾਰ ਹੀ ਮੈਂ ਆਪ ਜੀ ਦਾ ਜਸ ਕਹਿੰਦਾ ਹਾਂ, ਮੈਂ ਮੂਰਖ ਪਾਸੋਂ ਆਪਣੇ ਆਪ ਕੁਝ ਕਿਹਾ ਨਹੀਂ ਜਾਂਦਾ ॥ ੧ ॥

**ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧ ॥ ਰਹਾਉ ॥**

ਹੇ ਰਜਾਈ=ਹੁਕਮ ਕਰਨ ਵਾਲੇ ਪ੍ਰਭੂ ! ਅਜੇਹੀ ਅਕਲ ਸਮਝਾ ਦਿਓ, ਜਿਸ ਕਰਕੇ ਮੈਂ ਆਪ ਜੀ ਦੇ ਗੁਣ ਗਾਵਾਂ ਤੇ ਸੱਚ ਵਿਚ ਲੱਗਾ ਰਹਾਂ, ਫਿਰ ਆਪ ਜੀ ਦੀ ਰਜਾਈ=ਆਗਿਆ ਵਿਚ ਰਹਾਂ ॥ ੧ ॥

---

*ਬਿਲਾਵਲ ਸੰਪੂਰਨ ਜਾਤੀ ਦਾ ਰਾਗ ਹੈ, ਰਾਗ ਮਾਲਾ ਵਿਚ ਇਹ ਭੈਰਉ ਦੀ ਇਸਤ੍ਰੀ ਲਿਖਿਆ ਹੈ-

*ਯਥਾ:- "ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥*

*ਪ੍ਰਥਮ ਭੈਰਵੀ 'ਬਿਲਾਵਲੀ' ॥ ਪੁੰਨਿਆਕੀ ਗਾਵਹਿ ਬੰਗਲੀ ॥" (ਪੰਨਾ੧੪੨੯)*

*ਤਥਾ:- "ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ 'ਬਿਲਵਾਲੁ ਰਾਗੁ' ॥*

..... ..... ..... ..... ..... .....

*"ਬਿਲਾਵਲੁ ਕਰਿਹੁ ਤੁਮ੍ਹ ਪਿਆਰਿਹੋ ਏਕਸੁ ਸਿਉ ਲਿਵ ਲਾਇ ॥" (ਬਿਲਾਵਲ ਵਾਰ, ਪੰਨਾ ੮੪੯)*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਲਾਵਲ ਦਾ ਸੋਲ੍ਹਵਾਂ ਨੰਬਰ ਹੈ।*

## ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥

ਜੋ ਕੁਝ ਹੋਇਆ ਹੈ ਇਹ ਸਭ ਕੁਝ ਆਪ ਜੀ ਤੋਂ ਹੋਇਆ ਹੈ, ਇਸ ਕਰਕੇ ਸਾਰਿਆਂ ਨਾਲ ਤੇਰੀ ਅਸਨਾਈ=ਦੋਸਤੀ (ਪ੍ਰੀਤੀ) ਹੈ। ਵਾ:-ਤੈਨੂੰ ਸਭ ਦੀ ਅਸਨਾਈ=ਪਛਾਣ (ਵਾਕਫੀਅਤ ) ਹੈ।

## ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥ ੨॥

ਹੇ ਮੇਰੇ ਸਾਹਿਬ=ਮਾਲਕ ਪ੍ਰਭੂ ! ਮੈਂ ਤੇਰਾ ਅੰਤ ਨਹੀਂ ਜਾਣਦਾ, ਭਲਾ ਮੈਂ ਅੰਨ੍ਹੇ ਦੀ ਕਾਹਦੀ ਚਤੁਰਾਈ ਹੈ॥ ੨॥

## ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥

(੧) ਹਉ=ਮੈਂ ਕਥੀ ਕੀ ਚੀਜ਼ ਹਾਂ ਜੋ ਕਥਨ ਕਰਨ ਵਾਲਾ (ਕਹਿਣ ਵਾਲਾ) ਹੋ ਕੇ ਉਸ ਨੂੰ ਕਥ ਕੇ ਵੇਖਾਂ,

(੨) ਹਉ= ਮੈਂ ਕਥਨ ਵਾਲਾ ਕੀ ਚੀਜ਼ ਹਾਂ, ਜੋ ਉਸ ਦੀ ਕਥਾ ਨੂੰ ਕਥ ਕੇ ਵੇਖਾਂ,

(੩) ਹਉ ਮੈਂ ਕੀ ਚੀਜ਼ ਹਾਂ ਜੋ ਕਥੀ=ਕਥਨ ਕਰਨੇ ਜੋਗ ਪ੍ਰਭੂ ਨੂੰ ਕਥਨ ਕਰਨ ਵਾਲਾ ਹੋ ਕੇ ਉਸ ਨੂੰ ਕਥ ਕੇ ਵੇਖਾਂ, ਹੇ ਅਕਥ ਪ੍ਰਭੂ ਆਪ ਮੇਰੇ ਪਾਸੋਂ ਕਥਨ ਨਹੀਂ ਕੀਤੇ ਜਾਂਦੇ ਹੋ।

## ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥ ੩॥

ਜੋ ਆਪ ਜੀ ਨੂੰ ਭਾਉਂਦਾ ਹੈ ਓਹੀ ਆਪ ਜੀ ਦੀ ਤਿਲ ਮਾਤ੍ਰ ਵਡਿਆਈ ਨੂੰ ਆਖਦਾ ਹਾਂ, ਕਿਉਂਕਿ ਆਪ ਜੀ ਦੀ ਸਾਰੀ ਵਡਿਆਈ ਨੂੰ ਨਹੀਂ ਕਹਿ ਸਕਦਾ॥ ੩॥

## ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥

(੧) ਇਤਨੇ ਕਾਮ ਕ੍ਰੋਧ ਆਦਿਕ ਕੁੱਤੇ ਹਨ, ਮੈਂ ਇਨ੍ਹਾਂ ਵਿਚ ਬੇਗਾਨਾ=ਓਪਰਾ ਕੁੱਤਾ ਹਾਂ, ਇਸ ਤਨ ਦੀ ਰੱਖਿਆ ਵਾਸਤੇ ਮੈਂ ਭੌਂਕਦਾ ਹਾਂ।

(੨) ਇਤਨੇ ਕੁੱਤੇ ਗਿਆਨ ਇੰਦ੍ਰੀਏ ਹਨ ਇਨ੍ਹਾਂ ਨੇ ਮੈਨੂੰ ਬੇਗਾਨਾ=ਬੇ-ਗਿਆਤ ਕਰ ਰੱਖਿਆ ਹੈ, ਇਸ ਲਈ ਮੈਂ ਇਸ ਤਨ ਦੇ ਪਾਲਣ ਪੋਸਣ ਲਈ ਭੌਂਕਦਾ ਹਾਂ।

(੩) ਏਤੇ=ਇਤਨੇ ਭਾਵ ਬਹੁਤ ਸਾਰੇ ਬਿਆਸ ਵਸ਼ਿਸ਼ਟ ਆਦਿਕ ਪਰਮੇਸ਼ਰ ਦੇ ਜਸ ਨੂੰ ਕੂਕ ਰਹੇ=ਉਚਾਰ ਰਹੇ ਹਨ ਤੇ ਮੈਂ ਭੀ ਬੇ=ਵਿਸ਼ੇਸ਼ ਕਰਕੇ ਉਸ ਦੇ ਜਸ ਨੂੰ ਗਾਨਾ=ਗਾਇਨ ਕਰਦਾ ਹਾਂ ਤਾਂ ਫਿਰ ਇਸ ਦੇ ਤਾਈਂ ਕੀ ਖੌਫ ਹੈ ਭਾਵ ਕੋਈ ਡਰ ਨਹੀਂ ਹੈ।

(੪) ਮੈਂ ਤੇਰੀ ਤਿਲ ਮਾਤ੍ਰ ਵਡਿਆਈ ਕਹਿੰਦਾ ਹਾਂ, ਜੇ ਇਤਨੀ ਗੱਲ ਦੇ ਕੂਕਨੇ ਤੋਂ ਬੇਗਿਆਤ ਹੋ ਰਹਾਂ ਭਾਵ ਇਤਨੀ ਗੱਲ ਦਾ ਜੇ ਹੰਕਾਰ ਨਾ ਕਰਾਂ ਤਾਂ ਇਸ ਤਨ ਤਾਈਂ ਕੀ ਡਰ ਹੈ ਭਾਵ ਕੋਈ ਡਰ ਨਹੀਂ ਹੈ।

## ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਮੈਂ ਭਗਤੀ ਤੋਂ ਰਹਿਤ ਹੋ ਭੀ ਜਾਵਾਂਗਾ,

ਤਾਂ ਹੇ ਖਸਮ ! ਆਪ ਜੀ ਦਾ ਨਾਮ ਨਹੀਂ ਜਾਵੇਗਾ, ਸਾਰੇ ਏਹੋ ਕਹਿਣਗੇ ਕਿ ਇਹ ਪਰਮੇਸ਼ਰ ਦਾ ਭਗਤ ਹੈ ਇਸ ਕਰਕੇ ਆਪਣੇ ਨਾਂ ਦੀ ਲੱਜਾ ਆਪ ਹੀ ਰੱਖਣਾ ਕਰੋ॥ ੪॥ ੧॥

## ਬਿਲਾਵਲੁ ਮਹਲਾ ॥ ੧ ॥

## ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥

ਮਨ ਮੰਦਰੁ=ਬਾਂਦਰ ਵਾਂਗ ਚੰਚਲ ਹੈ ਇਸ ਦੇ ਵੱਸ ਕਰਨੇ ਨੂੰ ਤਨ ਉਤੇ ਜਿਹੜਾ ਫਕੀਰੀ ਭੇਸ ਧਾਰਨਾ ਹੈ ਏਹੋ ਕਲੰਦਰੀ ਵੇਸ ਹੈ, ਵਾ:-ਤਨ ਦੇ ਮੰਦਰੁ= ਮੰਦਰ ਜੋ ਮਨ ਹੈ ਇਹ ਬਾਂਦਰ ਹੈ ਉਸ ਦੇ ਵੱਸ ਕਰਨੇ ਨੂੰ ਤਨ ਉਤੇ ਜੋ ਫਕੀਰੀ ਭੇਸ ਧਾਰਨਾ ਹੈ ਏਹੋ ਕਲੰਦਰੀ ਵੇਸ ਹੈ। ਜਿਵੇਂ ਕਲੰਦਰ ਤਮਾਸ਼ਾ ਕਰਦਾ ਹੋਇਆ ਤਰੀਥਾਂ ਪਰ ਜਾ ਕੇ ਇਸ਼ਨਾਨ ਕਰਦਾ ਹੈ, ਤਿਵੇਂ ਮੈਂ ਭੀ ਘਟ ਦੇ ਵਿਚ ਜੋ ਆਤਮਾ ਰੂਪੀ ਤੀਰਥ ਹੈ ਤਿਸ ਪਰ ਇਸ਼ਨਾਨ ਕਰਦਾ ਹਾਂ।

## ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥

ਇਕ ਗੁਰਾਂ ਦਾ ਉਪਦੇਸ਼, ਵਾ:-ਸਬਦੁ=ਬ੍ਰਹਮ ਮੇਰੇ ਪ੍ਰਾਣਾਂ ਵਿਚ ਵੱਸਦਾ ਹੈ, ਇਸ ਕਰਕੇ ਬਾਹੁੜਿ=ਮੁੜ ਕੇ ਜਨਮ ਮਰਨ ਵਿਚ ਨਹੀਂ ਆਵਾਂਗਾ ॥ ੧ ॥

## ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥

ਹੇ ਮੇਰੇ ਮਾਈ=ਭਾਈ ! ਮੇਰਾ ਮਨ ਉਸ ਦਿਆਲੂ ਪਰਮਾਤਮਾ ਨਾਲ ਬੇਧਿਆ=ਤਦਾਕਾਰ ਹੋਇਆ ਹੈ।

## ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥ ੧ ॥ ਰਹਾਉ ॥

ਪਰਾਈ=ਦੂਜੇ ਦੀ ਪੀਰ=ਪੀੜਾ ਨੂੰ ਕੌਣ ਕੋਈ ਜਾਣਦਾ ਹੈ ਭਾਵ ਕੋਈ ਨਹੀਂ ਜਾਣਦਾ, ਅਸਾਂ ਨੂੰ ਭੀ ਪਰਾਈ ਚਿੰਤਾ ਨਹੀਂ ਹੈ॥ ੧ ॥

## ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

ਹੇ ਮਨ ਕਰਕੇ ਅਗਮ, ਇੰਦਰੀਆਂ ਕਰਕੇ ਅਗੋਚਰ, ਅਲਖ=ਜਾਨਣੇ ਤੋਂ ਰਹਿਤ, ਅਪਾਰਾ=ਪਾਰਾਵਾਰ ਤੋਂ ਰਹਿਤ ਸੁਆਮੀ ਜੀਉ ! ਤੁਸੀਂ ਆਪ ਹੀ ਸਾਡੇ ਤਾਰਨੇ ਦੀ ਚਿੰਤਾ ਕਰੋ।

## ਜਲਿ ਥਲਿ ਮਹੀ ਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥ ੨ ॥

(੧) ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਆਦਿਕਾਂ ਵਿਚ ਭਰਪੂਰ ਹੋ ਕੇ ਲੀਣ ਹੋ ਰਹੇ ਹੋ।

(੨) ਜਲਾਂ, ਥਲਾਂ ਵਿਚ ਭਰਪੂਰ ਹੋ ਤੇ ਪ੍ਰਿਥਵੀ, ਅਕਾਸ਼ ਆਦਿਕਾਂ ਵਿਚ ਭੀ ਲੀਣ ਹੋ, ਸਾਰਿਆਂ ਘਟਾਂ-ਘਟਾਂ ਵਿਚ ਆਪ ਜੀ ਦੀ ਜੋਤਿ=ਚੇਤਨ ਸੱਤਾ ਹੈ॥ ੨ ॥

## ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥

(੧) ਸ਼ਾਸਤ੍ਰਕ ਸਿਖਿਆ, ਵਿਹਾਰਕ ਮਤੀ ਤੇ ਆਤਮ ਵਿਸ਼ੈਣੀ ਬੁੱਧੀ ਸਭ ਆਪ ਜੀ ਦੀ ਦਿੱਤੀ ਹੋਈ ਪ੍ਰਾਪਤ ਹੈ।

(੨) ਬੁੱਧੀ ਵਿਚ ਤੁਹਾਡੀ ਪ੍ਰਾਪਤੀ ਦੀ ਮਤਿ=ਸਿਖਿਆ ਦਾ ਸਭ ਤਰ੍ਹਾਂ ਨਾਲ ਸਿਖ=ਸਿੱਖਣਾ ਕੀਤਾ ਹੈ, ਧਰਮਸਾਲਾਂ ਤੇ ਮੰਦਰਾਂ ਦੇ ਬਨਾਉਣ ਦਾ ਬਹੁਤ ਹੀ ਮਹਾਤਮ ਹੈ ਇਸ ਕਰਕੇ ਇਹ ਉੱਦਮ ਦਿਓ ਕਿ ਮੈਂ

ਆਪ ਜੀ ਦੇ ਹੀ ਮੰਦਰਾਂ ਨੂੰ ਛਾਵਾ=ਬਣਾਵਾਂ।

ਵਾ:-ਹੇ ਮੰਦਿਰ=ਅਧਿਸ਼ਠਾਨ ਰੂਪ ਪਰਮਾਤਮਾ ! ਸਾਰੇ ਲੋਕ ਤੇਰੇ ਹੀ ਛਾਵਾ=ਆਸਰੇ ਹਨ।

**ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ ੩ ॥**

ਹੇ ਮੇਰੇ ਸਾਹਿਬ ! ਮੈਂ ਆਪ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ,

ਮੈਂ ਤਾਂ ਨਿਤਾਪ੍ਰਤੀ ਤੇਰੇ ਹੀ ਉਸਤਤੀ ਰੂਪ ਗੁਣਾਂ ਨੂੰ ਗਾਉਂਦਾ ਹਾਂ॥ ੩॥

**ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥**

(ਸੂਖਮ, ਸਥੂਲ) ਜੀਅ ਜੰਤ ਸਾਰੇ ਤੁਹਾਡੀ ਸ਼ਰਨ ਵਿਚ ਹਨ

ਅਤੇ ਆਪ ਜੀ ਦੇ ਪਾਸ ਹੀ ਸਾਰਿਆਂ ਦੀ ਚਿੰਤਾ ਹੈ।

**ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਆਪ ਜੀ ਅੱਗੇ ਇਕ ਏਹੋ ਅਰਦਾਸ ਹੈ, ਕਿ ਜਿਹੜਾ ਆਪ ਜੀ ਨੂੰ ਭਾਉਂਦਾ ਹੈ, ਓਹੀ ਚੰਗਾ ਹੈ॥ ੪॥ ੨॥

## ਬਿਲਾਵਲੁ ਮਹਲਾ ੧ ॥

**ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥**

ਹੇ ਪਰਮੇਸ਼ਰ ! ਤੂੰ ਆਪ ਸਬਦੁ=ਬ੍ਰਹਮ ਰੂਪ ਹੈਂ ਆਪ ਹੀ ਸਰਗੁਣ ਰੂਪ ਹੋ ਕੇ ਸਾਰੇ ਨੀਸਾਨੁ=ਪਰਗਟ ਹੈਂ।

ਵਾ:-ਆਪ ਹੀ ਨਾਮ ਰੂਪ ਨੀਸਾਨੁ=ਪਰਵਾਨਾ ਹੈਂ । ਹੇ ਪਰਮੇਸ਼ਰ ਤੂੰ ! ਆਪ ਹੀ ਸੁਰਤਾ=ਵੇਦ ਪਾਠੀ ਹੈਂ,

ਵਾ:-ਸੁਰਤਾ=ਗਿਅਤ ਗੇਅ ਹੈਂ।

ਵਾ:-ਸੁਰਤਾ=ਸ੍ਰੇਸ਼ਟ ਪ੍ਰੀਤੀ ਦੇ ਕਰਨ ਵਾਲਾ ਹੈਂ, ਆਪ ਹੀ ਸਭ ਗੱਲਾਂ ਦੇ ਜਾਨਣੇ ਜੋਗ ਹੈਂ।

**ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥ ੧ ॥**

ਤੂੰ ਆਪ ਹੀ ਆਪਣੇ ਤਾਣੁ=ਬਲ ਕਰਕੇ ਜੀਵਾਂ ਦੀ ਕਰਿ=ਉਤਪੱਤੀ ਕਰਦਾ ਹੈਂ, ਆਪ ਹੀ ਵੇਖੈ=ਪਾਲਣਾ ਕਰਦਾ ਹੈਂ, ਆਪ ਹੀ ਜੀਵਾਂ ਦੇ ਕਰਤੱਬਾਂ ਨੂੰ ਵੇਖਦਾ ਹੈਂ ।

ਤੂੰ ਹੀ ਸਾਰਿਆਂ ਦਾ ਦਾਤਾ ਹੈਂ, ਆਪ ਜੀ ਦਾ ਨਾਮ ਹੀ ਜੀਵਾਂ ਨੂੰ ਪ੍ਰਮਾਣੀਕ ਕਰਨ ਵਾਲਾ ਹੈਂ ।

ਵਾ:-ਅਸਾਂ ਨੇ ਤੇਰਾ ਨਾਮ ਜਪਣਾ ਪ੍ਰਵਾਨ ਕੀਤਾ ਹੈ॥ ੧॥

[ਪੰਨਾ ੭੯੬]

**ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥ ੧ ॥ ਰਹਾਉ ॥**

ਹੇ ਨਿਰੰਜਨ ਪਰਮਾਤਮਾ ! ਆਪ ਜੀ ਦਾ ਨਾਮ ਐਸਾ ਹੈ ਜੋ ਜਪਣ ਵਾਲਿਆਂ ਦੇ ਹਿਰਦੇ ਵਿਚ ਦੇਉ=ਪ੍ਰਕਾਸ਼ ਕਰਨ ਵਾਲਾ ਹੈ।

ਹੇ ਨਿਰੰਜਨ ! ਤੂੰ ਅਲੱਖ ਤੇ ਅਭੇਉ=ਭੇਦਾਂ ਤੋਂ ਰਹਿਤ ਹੈਂ ਤੇ ਮੈਂ ਤੇਰੇ ਦਰ ਦਾ ਜਾਚਕੁ=ਮੰਗਤਾ ਹਾਂ॥ ੧॥ ਰਹਾਉ॥

## ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥

ਸਭ ਦੇ ਮੋਹਣੇ ਵਾਲੀ ਮਾਇਆ ਧਰ ਕਟੀ ਨਾਰਿ=ਬਿਭਚਾਰਨ ਔਰਤ ਹੈ ਕਿਉਂਕਿ ਕਦੇ ਕਿਸੇ ਪਾਸ, ਕਦੀ ਕਿਸੇ ਪਾਸ ਚਲੀ ਜਾਂਦੀ ਹੈ, ਇਸ ਦਾ ਇਕ ਖਸਮ ਨਹੀਂ ਹੈ।

*ਯਥਾ:-* "ਖਸਮੁ ਮਰੈ ਤਉ ਨਾਰਿ ਨ ਰੋਵੈ ॥ ਉਸੁ ਰਖਵਾਰਾ ਅਉਰੋ ਹੋਵੈ ॥"

(ਗੋਂਡ ਕਬੀਰ, ਪੰਨਾ ੮੭੧)

*ਅਥਵਾ:-*ਜੀਵ ਰੂਪ ਨਾਰੀ ਮਾਇਆ ਦੇ ਮੋਹ ਕਰਕੇ ਸਰੂਪ ਰੂਪੀ ਧਿਰ ਤੋਂ ਕੱਟੀ ਹੋਈ ਹੈ। ਭਾਵ ਪਰਮੇਸ਼ਰ ਤੋਂ ਬੇ-ਮੁੱਖ ਹੈ। ਇਹ ਕਾਮਣਿ ਭੂੰਡੀ=ਭੈੜੀ ਹੈ ਕਿਉਂਕਿ ਕਾਮਣਿਆਰਿ=ਟੂਣਿਆਂ ਦੇ ਕਰਨ ਵਾਲੀ ਹੈ।

## ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥ ੨ ॥

ਚਾਰ ਕੁ ਦਿਨ ਰਹਿਣ ਕਰਕੇ ਰਾਜ ਦਾ ਅੰਨਦ ਤੇ ਸੁੰਦਰ ਰੂਪ ਦਾ ਅੰਨਦ ਝੂਠਾ ਹੈ।

ਵਾਹਿਗੁਰੂ-ਨਾਮ ਮਿਲਣ ਕਰਕੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਚਾਨਣ ਹੁੰਦਾ ਹੈ॥ ੨ ॥

## ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥

ਮਾਇਆ ਚੱਖ ਕੇ ਛੱਡੀ ਹੈ। ਹੁਣ ਕੋਈ ਭਰਮ ਨਹੀਂ ਹੋਵੇਗਾ। ਵਾ:-ਚਖਿ ਛੋਡੀ=ਦੇਖ ਛੱਡੀ ਹੈ ਹੁਣ ਕੋਈ ਭਰਮ ਨਹੀਂ ਹੈ।

(੧) ਜਿਸ ਦਾ ਪ੍ਰਤੱਖ ਪਿਤਾ ਦਿਸੱਦਾ ਹੈ, ਉਹ ਪਿਤਾ ਦੀ ਜ਼ਾਤ ਤੋਂ ਵੇ=ਰਹਿਤ ਨਹੀਂ ਹੁੰਦਾ। ਇਸੇ ਤਰ੍ਹਾਂ ਜਿਸ ਦਾ ਬਾਪੁ=ਪਰਮੇਸ਼ਰ ਦਿਸਦਾ ਹੈ, ਉਹ ਪੁਰਸ਼ ਵੇ ਜਾਤਿ=ਨਿਗੁਰਾ ਨਹੀ ਹੁੰਦਾ।

(੨) ਜਿਸ ਦਾ ਬਾਪੁ=ਪਰਮੇਸ਼ਰ ਦਿਸਦਾ ਹੈ ਭਾਵ ਜਿਸ ਦੀ ਪਰਮੇਸ਼ਰ ਵਿਚ ਆਸਤਕ ਭਾਵਨਾ ਹੈ, ਉਹ ਵੇਜਾਤਿ=ਨਾਸਤਕ ਨਹੀਂ ਹੁੰਦਾ।

## ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥ ੩ ॥

ਇਕ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਨੂੰ ਕੋਈ ਡਰ ਨਹੀਂ ਹੁੰਦਾ। ਕਿਉਂਕਿ ਉਹ ਕਰਤਾ ਪੁਰਖ ਪਰਮਾਤਮਾ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ॥ ੩ ॥

## ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥

ਗੁਰੂ-ਸ਼ਬਦ ਕਰਕੇ ਜੋ ਜੀਵਤ ਭਾਅ ਤੋਂ ਮੋਏ ਹਨ, ਉਹਨਾਂ ਨੇ ਆਪਣੇ ਮਨ ਨੂੰ ਮਨਾਉਤ ਵਲੋਂ ਮਾਰਿਆ ਹੈ। ਸੱਚ ਵਿਚ ਧਾਰ ਕੇ ਮਨ ਨੂੰ ਸੰਸਾਰ ਵੱਲੋਂ ਠਾਕਿ ਰਹੇ=ਰੋਕ ਰਹੇ ਹਨ।

*ਅਥਵਾ:-*ਗੁਰਾਂ ਦੇ ਮਨੁ=ਮੰਤਰ ਕਰਕੇ ਜਿਸ ਨੇ ਆਪਣੇ ਮਨ ਨੂੰ ਮਾਰਿਆਂ ਹੈ ਉਸ ਦੇ ਸ਼ਬਦ ਕਰਕੇ ਅੱਗੋਂ ਹੋਰ ਭੀ ਜਗਿਆਸੂ ਜੀਵਤ ਭਾਅ ਤੋਂ ਮੋਏ ਹਨ। ਮਨ ਨੂੰ ਸੰਕਲਪਾਂ ਵਲੋਂ ਰੋਕ ਕੇ ਰੱਖਿਆ ਹੈ ਅਤੇ ਸੱਚ ਵਿਚ ਟਿਕਾਇਆ ਹੈ।

## ਅਵਰੁ ਨ ਸੂਝੈ ਗੁਰ ਕਉ ਵਾਰਿਆ ॥
## ਨਾਨਕ ਨਾਮਿ ਰਤੇ ਨਿਸਤਾਰਿਆ ॥ ੪ ॥ ੩ ॥

ਸੰਸਾਰ ਤੋਂ ਤਾਰਨ ਵਾਲਾ ਗੁਰਾਂ ਤੋਂ ਬਿਨਾਂ ਹੋਰ ਕੋਈ ਸੁਝਦਾ ਨਹੀਂ ਹੈ, ਇਸ ਲਈ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰੂ ਜੀ ਕਥਨ ਕਰਦੇ ਹਨ- ਜੋ ਨਾਮੀ ਦੇ ਨਾਮ ਵਿਚ ਰਤੇ=ਲੀਣ ਹੋਏ ਹਨ, ਉਹਨਾਂ ਸੰਸਾਰ-ਸਮੁੰਦਰ ਤੋਂ ਨਿਸਤਾਰਿਆ=ਤਾਰ ਦਿੱਤਾ ਹੈ॥ ੪॥ ੩॥

## ਬਿਲਾਵਲੁ ਮਹਲਾ ੧ ॥ ਗੁਰ ਬਚਨੀ ਮਨੁ ਸਹਜ ਧਿਆਨੇ ॥

ਗੁਰਾਂ ਦੇ ਬਚਨਾਂ ਕਰਕੇ ਮਨ ਸਹਜ=ਸੁਭਾਵਕ ਹੀ ਧਿਆਨ ਵਿਚ ਲੱਗ ਗਿਆ ਹੈ।

## ਹਰਿ ਕੈ ਰੰਗਿ ਰਤਾ ਮਨੁ ਮਾਨੇ ॥ ਮਨਮੁਖ ਭਰਮਿ ਭੁਲੇ ਬਉਰਾਨੇ ॥

ਗੁਰਾਂ ਦੇ ਮਨੁ ਮਾਨੈ=ਮੰਤਰ ਨੂੰ ਮੰਨਿਆ ਤਾਂ ਹਰੀ ਦੇ ਅੰਨਦ ਵਿਚ ਤਦਾਕਾਰ ਹੋ ਗਿਆ।

ਭਰਮ ਵਿਚ ਭੁੱਲੇ ਹੋਏ ਮਨਮੁਖ ਪੁਰਸ਼ ਬਉਰਾਨੇ=ਝੱਲੇ (ਪਾਗਲ) ਹੋ ਗਏ ਹਨ।

## ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥ ੧ ॥

(੧) ਹਰੀ ਤੋਂ ਬਿਨਾਂ ਕਿਵੇਂ ਰਿਹਾ ਜਾਂਦਾ ਹੈ, ਗੁਰਾਂ ਦੇ ਸ਼ਬਦ ਕਰਕੇ ਹਰੀ ਦੀ ਪਛਾਣ ਹੁੰਦੀ ਹੈ।

(੨) ਗੁਰਾਂ ਦੇ ਸ਼ਬਦ ਨੂੰ ਪਛਾਣੇ ਤਾਂ ਹਰੀ ਦੀ ਪ੍ਰਾਪਤੀ ਤੋਂ ਬਿਨਾਂ ਕਿਵੇਂ ਰਿਹਾ ਜਾ ਸਕਦਾ ਹੈ॥ ੧॥

## ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥

ਹੇ ਮੇਰੇ ਭਾਈ ! ਦਰਸ਼ਨ ਤੋਂ ਬਿਨਾਂ ਕਿਵੇਂ ਜੀਵਾਂ ?

## ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ
## ਸਤਿਗੁਰਿ ਬੂਝ ਬੁਝਾਈ ॥ ੧ ॥ ਰਹਾਉ ॥

ਹਰੀ ਤੋਂ ਬਿਨਾਂ ਮੇਰਾ ਦਿਲ ਇਕ ਖਿਨ ਮਾਤਰ ਭੀ ਰਹਿ ਨਹੀਂ ਸਕਦਾ, ਇਹ ਸਮਝ ਸਤਿਗੁਰਾਂ ਨੇ ਮੈਨੂੰ ਸਮਝਾਈ ਹੈ। ਵਾ:- ਸਤਿਗੁਰਾਂ ਨੇ ਉਸ ਪ੍ਰਭੂ ਨਾਲ ਮਿਲਣ ਦੀ ਸਮਝ ਸਮਝਾਈ ਹੈ॥ ੧ ॥ ਰਹਾਉ॥

## ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥

ਮੇਰਾ ਪ੍ਰਭੂ ਮੈਨੂੰ ਬਿਸਰੈ=ਭੁੱਲ ਜਾਵੇ ਤਾਂ ਹਾਉ=ਮੈਂ ਦੁਖੀ ਹੋ ਕੇ ਮਰਦੀ ਹਾਂ।

## ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥

ਆਪਣੇ ਹਰੀ ਨੂੰ ਭਾਲੀ=ਢੂੰਡਦੀ ਹਾਂ ਉਸ ਦੀ ਪ੍ਰਾਪਤੀ ਲਈ ਉਸ ਨੂੰ ਸ੍ਵਾਸ ਲੈਂਦਿਆਂ ਗਿਰਾਸਿ=ਭੋਜਨ ਖਾਂਦਿਆਂ ਜਾਪਦੀ ਹਾਂ।

## ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ॥ ਅਬ ਜਾਨੇ ਗੁਰਮੁਖਿ ਹਰਿ ਨਾਲੀ ॥ ੨ ॥

ਸਦਾ ਵੈਰਾਗਵਾਨ ਹੋ ਕੇ, ਵਾ:-ਪ੍ਰੇਮਣ ਹੋ ਕੇ ਹਰੀ ਨਾਮ ਨੂੰ ਜਪਿਆ ਤਾਂ ਨਿਹਾਲੀ=ਦੁੱਖਾਂ ਤੋਂ ਰਹਿਤ ਹੋਈ। ਵਾ:-ਜਿਸ ਦਾ ਨਾਮ ਹਰੀ ਹੈ, ਸਦਾ ਵੈਰਾਗਣ ਹੋ ਕੇ ਉਸ ਨੂੰ ਨਿਹਾਲੀ=ਦੇਖਦੀ ਹਾਂ, ਹੁਣ ਗੁਰਾਂ ਦੁਆਰੇ ਜਾਣਿਆਂ ਹੈ ਕਿ ਹਰੀ ਨਾਲ ਹੀ ਵੱਸਦਾ ਹੈ॥ ੨॥

## ਅਕਥ ਕਥਾ ਕਹੀਐ ਗੁਰ ਭਾਇ ॥ ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥

ਗੁਰਾਂ ਵਿਚ ਭਾਇ=ਪ੍ਰੇਮ ਕਰਕੇ ਅਕੱਥ ਪ੍ਰਭੂ ਦੀ ਕਥਾ ਕਥਨ ਕਰੀਏ। ਤਾਂ ਗੁਰੂ ਸਾਹਿਬ ਜੀ ਅਗਮ ਅਗੋਚਰ ਪ੍ਰਭੂ ਨੂੰ ਦਿਖਾ ਦੇਂਦੇ ਹਨ।

**ਬਿਨੁ ਗੁਰ ਕਰਣੀ ਕਿਆ ਕਾਰ ਕਮਾਇ॥**

ਗੁਰਾਂ ਤੋ ਬਿਨਾਂ ਕਰਨੀ=ਨਿਸ਼ਕਾਮ, ਵਾ:-ਭਗਤੀ ਦੀ ਕਾਰ ਨੂੰ ਕੀ ਕਮਾਵੇਂਗਾ ? ਭਾਵ ਨਹੀਂ ਕਮਾ ਸਕਦਾ, ਵਾ:-ਗੁਰਾਂ ਦੀ ਕਰਨੀ ਤੋਂ ਬਿਨਾਂ ਹੋਰ ਕਾਰ ਕੀ ਕਮਾਉਣੀ ਹੈ।

**ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ॥ ੩॥**

ਗੁਰਮੁਖ ਜਨ ਗੁਰ-ਸ਼ਬਦ ਵਿਚ ਸਮਾ ਕੇ ਹਉਮੈ ਦੇ ਮੇਟਣ ਵਿਚ ਚੱਲੇ ਹਨ,

ਵਾ:-ਹੰਗਤਾ ਮਮਤਾ ਨੂੰ ਮੇਟ ਕੇ ਪਰਮੇਸ਼ਰ ਵੱਲ ਚੱਲੇ ਹਨ॥ ੩॥

**ਮਨਮੁਖੁ ਵਿਛੁੜੈ ਖੋਟੀ ਰਾਸਿ॥ ਗੁਰਮੁਖਿ ਨਾਮਿ ਮਿਲੈ ਸਾਬਾਸਿ॥**

ਮਨਮੁਖ ਪਰਸ਼ ਖੋਟੀ ਰਾਸਿ=ਅਸ਼ਰਧਾ ਕਰਕੇ ਉਸ ਪ੍ਰਭੂ ਤੋਂ ਵਿਛੜੇ ਰਹਿੰਦੇ ਹਨ। ਗੁਰਮੁਖਾਂ ਨੂੰ ਨਾਮਿ=ਨਾਮੀ ਪਰਮਾਤਮਾ ਵਲੋਂ ਸਾਬਾਸਿ=ਧੰਨਤਾ ਜੋਗ ਮਿਲਦੀ ਹੈ।

**ਹਰਿ ਕਿਰਪਾ ਧਾਰੀ ਦਾਸਨਿ ਦਾਸ॥**

**ਜਨ ਨਾਨਕ ਹਰਿ ਨਾਮ ਧਨੁ ਰਾਸਿ॥ ੪॥ ੪॥**

ਹਰੀ ਨੇ ਕਿਰਪਾ ਧਾਰੀ ਤਾਂ ਦਾਸਾਂ ਦੇ ਦਾਸ ਹੋਏ। ਵਾ:-ਜੋ ਦਾਸਾਂ ਦੇ ਦਾਸ ਹੋਏ ਹਨ, ਉਹਨਾਂ ਉਤੇ ਹਰੀ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਦੇ ਪਾਸ ਰਾਸਿ=ਸੱਚਾ ਹਰੀ ਨਾਮ ਰੂਪੀ ਧਨ ਹੈ॥ ੪॥ ੪॥

## ਬਿਲਾਵਲੁ ਮਹਲਾ ੩ ਘਰੁ ੧

## ੧ਓ ਸਤਿਗੁਰ ਪ੍ਰਸਾਦਿ॥

**ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ**
**ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥**

ਨਾਮ ਤੋਂ ਬਿਨਾਂ ਜੋ ਪਦਾਰਥਾਂ ਦਾ ਖਾਣਾ ਹੈ ਉਸ ਨੂੰ ਧ੍ਰਿਗ-ਧ੍ਰਿਗ ਹੈ, ਉਸ ਦੇ ਸਉਣੇ ਨੂੰ ਭੀ ਧ੍ਰਿਗ-ਧ੍ਰਿਗ ਹੈ, ਅਤੇ ਅੰਗਿ=ਸਰੀਰ ਉਤੇ ਜਿਹੜਾ ਕਪੜਿਆਂ ਦਾ ਪਹਿਰਣਾ ਹੈ, ਉਸ ਨੂੰ ਭੀ ਧ੍ਰਿਗ-ਧ੍ਰਿਗ* ਹੈ।

**ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥**

ਜੇਕਰ ਸਰੀਰ ਦੇ ਸਹਿਤ ਹੈ ਤੌਭੀ ਧ੍ਰਿਗਕਾਰ ਹੈ ਜੇਕਰ ਪਰਵਾਰ ਦੇ ਸਿਉ=ਸਹਿਤ ਹੈ ਤੌਭੀ ਧ੍ਰਿਗਕਾਰ ਹੈ, ਜਿਸ ਪ੍ਰਵਾਰ ਨਾਲ ਮਿਲ ਕੇ ਹੁਣ ਤਕ ਪਰਮੇਸ਼ਰ ਨੂੰ ਨਹੀਂ ਪਾਇਆ ਹੈ।

*ਸੌ ਵਾਰ ਫਿਟੇ ਮੂੰਹ ਕਹੀਏ ਤਾਂ ਇਕ ਲਾਹਨਤ ਹੁੰਦੀ ਹੈ, ਸੌ ਵਾਰ ਲਾਹਨਤ ਪਾਈਏ ਤਾਂ ਇਕ ਧ੍ਰਿਗਕਾਰ ਹੁੰਦੀ ਹੈ।

## ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥ ੧ ॥

ਇਹ ਮਨੁੱਖਾ ਦੇਹ ਰੂਪ ਪਉੜੀ ਛੁਟ ਗਈ ਤਾਂ ਮੁੜ ਕੇ ਹੱਥ ਨਹੀਂ ਆਵੇਗੀ, ਨਾਮ-ਸਿਮਰਨ ਤੋਂ ਹੀਣੇ ਮਨਮੁਖ ਨੇ ਅਹਿਲਾ=ਸੁੰਦਰ ਮਨੁੱਖਾ ਜਨਮ ਨੂੰ ਅਹਿਲਾ=ਬਿਅਰਥ ਹੀ ਗਵਾ ਲਿਆ ਹੈ॥ ੧ ॥

## ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥

ਉਹ ਦ੍ਵੈਵ ਭਾਵ ਪ੍ਰਭੂ ਵਿਚ ਲਿਵ ਨਹੀਂ ਲੱਗਣ ਦਿੰਦਾ, ਜਿਸ ਦ੍ਵੈਤ ਭਾਵ ਨੇ ਹਰੀ ਦੇ ਚਰਨ ਵਿਸਾਰੇ=ਭੁਲਾ ਦਿੱਤੇ ਹਨ।

## ਜਗਜੀਵਨ ਦਾਤਾ ਜਨ ਸੇਵਕ ਤੇਰੇ
## ਤਿਨ ਕੇ ਤੈ ਦੂਖ ਨਿਵਾਰੇ ॥ ੧ ॥ ਰਹਾਉ ॥

ਹੇ ਜਗਜੀਵਨ ਦਾਤੇ ! ਜੋ ਪੁਰਸ਼ ਤੇਰੇ ਸੇਵਕ ਹਨ, ਉਹਨਾਂ ਦੇ ਤੈਂ=ਆਪ ਜੀ ਨੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ॥ ੧ ॥ ਰਹਾਉ ॥

## ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥

ਹੇ ਪਤੀ-ਪਰਮਾਤਮਾ ! ਤੂੰ ਦਿਆਲੂ ਸੁਭਾਅ ਵਾਲਾ ਹੈਂ , ਸਭ ਉਤੇ ਦਇਆ ਕਰਨ ਵਾਲਾ ਹੈਂ ਤੇ ਸਭ ਦਾ ਦਾਤਾ ਹੈਂ, ਇਹ ਵਿਚਾਰੇ ਜੀਵ ਕੀ ਕਰ ਸਕਦੇ ਹਨ।

## ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥

ਗੁਰਮੁਖ ਜਨ ਅਜੇਹਾ ਬਚਨ ਆਖ ਕੇ ਕਥਨ ਕਰਦੇ ਹਨ ਕਿ ਮੁਕਤੀ ਤੇ ਬੰਧਨ ਸਭ ਆਪ ਦੇ ਹੁਕਮ ਵਿਚ ਹੋ ਰਹੇ ਹਨ।

*ਅਥਵਾ:-* ਆਪ ਤੋਂ ਹੀ ਸਾਰੇ ਜੀਵ ਬੰਧਨਾਂ ਤੋਂ ਮੁਕਤ ਹੁੰਦੇ ਹਨ, ਵੇਦ, ਸ਼ਾਸਤਰ ਇਸ ਤਰ੍ਹਾਂ ਆਖ ਕੇ ਕਥਨ ਕਰਦੇ ਹਨ।

## ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥ ੨ ॥

ਵਿਚਾਰਨਾ ਕਰੋ ਜੋ ਗੁਰਮੁਖ ਹੁੰਦੇ ਹਨ ਉਹ ਤਾਂ ਮੁਕਤ ਰੂਪ ਕਹੀਦੇ ਹਨ ਤੇ ਮਨਮੁਖ ਵਿਚਾਰਿਆਂ ਨੂੰ ਬੰਧਨ ਪਏ ਰਹਿੰਦੇ ਹਨ॥ ੨ ॥

## ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥

ਉਹ ਪੁਰਸ਼ ਮੁਕਤ ਰੂਪ ਹੈ ਜਿਸ ਦੀ ਇਕ ਪ੍ਰਭੂ ਵਿਚ ਲਿਵ ਲੱਗੀ ਰਹਿੰਦੀ ਹੈ ਅਤੇ ਉਹ ਸਦੀਵ ਕਾਲ ਹਰੀ ਦੇ ਨਾਲ ਅਭੇਦ ਰਹਿੰਦਾ ਹੈ।

## ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥

ਉਹਨਾਂ ਦੀ ਗਹਣ ਗਤਿ=ਗੁਝ ਰੀਤੀ ਕਹੀ ਨਹੀਂ ਜਾਂਦੀ, ਉਹਨਾਂ ਦੇ ਮਨ ਬੁਧ ਆਦਿਕ ਚਾਰੇ ਅੰਤਹਕਰਨ ਸੱਚੇ ਨੇ ਆਪ ਹੀ ਸਵਾਰੇ ਹਨ।

[ਪੰਨਾ ੭੯੭]

## ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥ ੩ ॥

ਜੋ ਭਰਮ ਵਿਚ ਭੁੱਲੇ ਹੋਏ ਹਨ ਉਹ ਮਨਮੁਖ ਕਹੇ ਜਾਂਦੇ ਹਨ, ਉਹਨਾਂ ਨੂੰ ਉਰਵਾਰਿ=ਇਸ ਲੋਕ ਦਾ ਸੁਖ ਅਤੇ ਨਾ ਹੀ ਉਹਨਾਂ ਨੂੰ ਪਾਰੇ=ਪ੍ਰਲੋਕ ਦਾ ਸੁਖ ਹੁੰਦਾ ਹੈ॥ ੩ ॥

## ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ ॥

ਜਿਸ ਉਤੇ ਆਪਣੀ ਕਿਰਪਾ-ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਗੁਰਾਂ ਦਾ ਸ਼ਬਦ ਸੰਭਾਲਦਾ ਹੋਇਆ ਪ੍ਰਭੂ ਨੂੰ ਪਾਉਂਦਾ ਹੈ।

## ਹਰਿ ਜਨ ਮਾਇਆ ਮਾਹਿ ਨਿਸਤਾਰੇ ॥

ਫਿਰ ਉਸ ਸੇਵਕ-ਜਨਾਂ ਨੂੰ ਹਰੀ ਮਾਇਆ ਵਿੱਚੋਂ ਤਾਰ ਲੈਂਦਾ ਹੈ।

## ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਦਾ ਭਾਗ ਚੰਗਾ ਹੁੰਦਾ ਹੈ, ਉਹ ਕਾਲ ਨੂੰ ਮਾਰ ਕੇ ਬਿਦਾਰੇ=ਪਰ੍ਹੇ ਹਟਾ ਦੇਂਦਾ ਹੈ॥ ੪ ॥ ੧ ॥

## ਬਿਲਾਵਲੁ ਮਹਲਾ ੩ ॥

## ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥

ਅਤੁਲੁ=ਪਰਮਾਤਮਾ ਕਿਵੇਂ ਤੋਲਿਆ ਜਾ ਸਕਦਾ ਹੈ। ਕੋਈ ਦੂਜਾ ਉਸ ਵਰਗਾ ਹੋਵੇ ਤਾਂ ਉਸ ਦੀ ਸੋਝੀ=ਗਿਆਤ ਪਾਉਂਦਾ ਹੈ।

## ਤਿਸ ਤੇ ਦੂਜਾ ਨਾਹੀ ਕੋਇ ॥ ਤਿਸ ਕੀ ਕੀਮਤਿ ਕਿਕੂ ਹੋਇ ॥ ੧ ॥

ਉਸ ਤੋਂ ਬਿਨਾਂ ਹੋਰ ਕੋਈ ਦੂਜਾ ਉਸ ਵਰਗਾ ਨਹੀਂ ਹੈ।

ਫਿਰ ਉਸ ਦੀ ਕੀਮਤ ਕਿਕੂ=ਕਿਸ ਤਰ੍ਹਾਂ ਹੋ ਸਕਦੀ ਹੈ॥ ੧ ॥

## ਗੁਰ ਪਰਸਾਦਿ ਵਸੈ ਮਨਿ ਆਇ ॥

## ਤਾ ਕੋ ਜਾਣੈ ਦੁਬਿਧਾ ਜਾਇ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਮਨ ਵਿਚ ਨਾਮ ਆ ਕੇ ਵੱਸ ਜਾਵੇ ਤੇ ਦੁਬਿਧਾ ਚਲੀ ਜਾਵੇ ਤਾਂ ਕੋਈ ਉਸ ਪ੍ਰਭੂ ਨੂੰ ਜਾਣਦਾ ਹੈ।

*ਅਥਵਾ:-* ਤਾਂ ਕੋਈ ਜਾਣਦਾ ਹੈ ਕਿ ਇਸ ਦੇ ਅੰਦਰੋਂ ਦੁਬਿਧਾ ਜਾਇ=ਚਲੀ ਗਈ ਹੈ॥ ੧ ॥ ਰਹਾਉ ॥

## ਆਪਿ ਸਰਾਫੁ ਕਸਵਟੀ ਲਾਏ ॥ ਆਪੇ ਪਰਖੇ ਆਪਿ ਚਲਾਏ ॥

ਉਹ ਪਰਮੇਸ਼ਰ ਆਪ ਹੀ ਗੁਰੂ ਰੂਪ ਸਰਾਫ ਹੋ ਕੇ ਜਗਿਆਸੂ ਰੂਪ ਸੋਨੇ ਨੂੰ ਤਾੜਨਾ ਰੂਪ ਕਸਵੱਟੀ ਉਤੇ ਲਾਉਂਦਾ ਹੈ। ਆਪ ਹੀ ਪਰਖਦਾ ਹੈ ਅਤੇ ਆਪ ਹੀ ਗਿਆਨ-ਰਸਤੇ ਉਤੇ ਤੋਰਦਾ ਹੈ।

## ਆਪੇ ਤੋਲੇ ਪੂਰਾ ਹੋਇ ॥ ਆਪੇ ਜਾਣੈ ਏਕੋ ਸੋਇ ॥ ੨ ॥

ਉਹ ਪਰਮੇਸ਼ਰ ਆਪ ਹੀ ਪੂਰਾ ਗੁਰੂ ਹੋ ਕੇ ਤੋਲਦਾ ਹੈ ਤੇ ਆਪ ਹੀ ਸਿੱਖ ਹੋ ਕੇ ਤੋਲ ਵਿਚ ਪੂਰਾ ਹੁੰਦਾ ਹੈ।

*ਅਥਵਾ:*-ਆਪ ਹੀ ਜਿਸ ਨੂੰ ਵਿਚਾਰ ਰੂਪੀ ਵੱਟੇ ਨਾਲ ਤੋਲਦਾ ਹੈ, ਉਸ ਨੂੰ ਪੂਰਾ ਪਰਮੇਸ਼ਰ ਪ੍ਰਾਪਤ ਹੁੰਦਾ ਹੈ। ਅਤੇ ਉਹ ਆਪ ਹੀ ਇਕ ਅਦੁੱਤੀ ਬ੍ਰਹਮ ਨੂੰ ਜਾਣਦਾ ਹੈ॥ ੨ ॥

## ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥

ਮਇਆ ਵੀ ਪਦਾਰਥਾਂ ਦਾ ਰੂਪ ਸਭ ਉਸ ਤੋਂ ਪੈਦਾ ਹੋ ਰਿਹਾ ਹੈ।

*ਅਥਵਾ:*-ਮਾਇਆ ਦਾ ਕਾਰਜ ਜੋ ਨਾਮ ਰੂਪ ਜਗਤ ਹੈ ਇਹ ਸਭ ਉਸੇ ਤੋਂ (ਪੈਦਾ) ਹੋ ਰਿਹਾ ਹੈ।

ਜਿਸ ਨੂੰ ਸਤਿਗੁਰਾਂ ਨਾਲ ਮੇਲਦਾ ਹੈ ਓਹੀ ਸ਼ੁੱਧ ਹੁੰਦਾ ਹੈ।

## ਜਿਸ ਨੋ ਲਾਏ ਲਗੈ ਤਿਸੁ ਆਇ ॥
## ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥ ੩ ॥

ਜਿਸ ਨੂੰ ਪਰਮੇਸ਼ਰ ਪ੍ਰੇਮ ਲਗਾਉਂਦਾ ਹੈ ਓਸੇ ਨੂੰ ਆ ਕੇ ਲਗਦਾ ਹੈ।

ਸਭਨਾਂ ਵਿਚ ਸੱਚ ਨੂੰ ਵਿਖਾਵੇ ਤਾਂ ਸੱਚ ਵਿਚ ਸਮਾ ਰਹਿੰਦਾ ਹੈ॥ ੩ ॥

## ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥

ਆਪੇ ਲਿਵ ਲਗਾਉਣ ਵਾਲਾ ਹੈ, ਆਪੇ ਧਾਤੁ=ਮਾਇਆ ਰੂਪ ਹੈ,

ਵਾ:- ਦੌੜਨ ਵਾਲਾ ਹੈ। ਆਪੇ ਸਮਝਾਉਂਦਾ ਹੈ, ਆਪ ਹੀ ਜਾਪੇ=ਜਾਣਦਾ ਹੈ।

## ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥ ੪ ॥ ੨ ॥

ਆਪੇ ਹੀ ਸਤਿਗੁਰੂ ਰੂਪ ਹੈ ਆਪ ਹੀ ਸਬਦੁ=ਉਪਦੇਸ਼ ਰੂਪ ਹੈ, ਆਪ ਹੀ ਉਪਦੇਸ਼ ਦੇ ਲੈਣ ਵਾਲਾ ਜਗਿਆਸੂ ਰੂਪ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਆਪ ਹੀ ਆਖ ਕੇ ਸੁਣਾਉਂਦਾ ਹੈ॥ ੪॥ ੨ ॥

## ਬਿਲਾਵਲੁ ਮਹਲਾ ੩ ॥

## ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥

ਸਾਹਿਬ ਕਰਕੇ ਸੇਵਕ ਅਤੇ ਸੇਵਕ ਕਰਕੇ ਸਾਹਿਬ ਜਾਣਿਆ ਜਾਂਦਾ ਹੈ,

*ਯਥਾ:*-"ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥" *(ਰਵਿਦਾਸ, ਪੰਨਾ ੯੩)*

ਜਿਵੇਂ- ਪਿਤਾ ਕਰਕੇ ਪੁੱਤਰ ਤੇ ਪੁਤਰ ਕਰਕੇ ਪਿਤਾ ਜਾਣਿਆ ਜਾਂਦਾ ਹੈ।

*ਅਥਵਾ:*-ਸਾਹਿਬੀ ਦੇ ਅਭਿਮਾਨ ਨੂੰ ਤਿਆਗ ਕੇ ਜੋ ਸੇਵਕ ਹੋ ਕੇ ਸੇਵਾ ਕਰਦਾ ਹੈ, ਉਹ ਸਾਹਿਬਾਂ ਕਰਕੇ ਭਾਵ ਦੇਵਤਿਆਂ ਕਰਕੇ ਪੂਜਨੀਕ ਹੋ ਜਾਂਦਾ ਹੈ, ਇਸ ਸੱਚੀ ਗੱਲ ਦੇ ਦੂਰ ਕਰਨ ਵਿਚ ਕੋਈ ਕੀ ਬਹਾਨਾ ਕਹੇਗਾ।

## ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥ ੧ ॥

ਤੇਰਾ ਇਕ ਅਜੇਹਾ ਖੇਲੁ=ਕੌਤਕ ਬਣਿਆ ਹੋਇਆ ਹੈ, ਇਕ ਤੂੰ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈਂ॥ ੧ ॥

## ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ॥

ਸਤਿਗੁਰਾਂ ਦੇ ਪਰਚੈ=ਉਪਦੇਸ਼ ਵਿਚ ਪਰਚਣੇ ਕਰਕੇ ਗੁਰਮੁਖਾਂ ਦਾ ਮਨ ਹਰੀ ਨਾਮੀ ਵਿਚ ਸਮਾਇਆ ਹੋਇਆ ਹੈ।

## ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ
## ਅਨਦਿਨੁ ਲਾਗੈ ਸਹਜ ਧਿਆਨਾ॥ ੧॥ ਰਹਾਉ॥

ਜਿਸ ਦਾ ਕਰਮ ਚੰਗਾ ਹੁੰਦਾ ਹੈ ਓਹੀ ਸਤਿਗੁਰਾਂ ਨੂੰ ਪਾਉਂਦਾ ਹੈ, ਫਿਰ ਓਸੇ ਦਾ ਰਾਤ ਦਿਨ ਸਹਜ ਪਦ ਵਿਚ ਧਿਆਨ ਲਗਦਾ ਹੈ॥ ੧॥ ਰਹਾਉ॥

## ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ॥

ਆਪਣੇ ਜ਼ੋਰ ਨਾਲ ਕੀ ਕੋਈ ਤੇਰੀ ਸੇਵਾ ਕਰੇਗਾ ਅਤੇ ਕੀ ਕੋਈ ਜਾਤੀ ਤੇ ਵਿਦਿਆ ਆਦਿਕ ਦਾ ਹੰਕਾਰ ਕਰੇਗਾ।

## ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ
## ਤਬ ਕੋਈ ਕਰਉ ਦਿਖਾ ਵਖਿਆਨਾ॥ ੨॥

ਹੇ ਸੁਆਮੀ ਪਰਮਾਤਮਾ ! ਜਿਸ ਵੇਲੇ ਤੂੰ ਆਪਣੀ ਜੋਤਿ=ਸੱਤਾ ਖਿੱਚ ਲਵੇਂ, ਤਿਸ ਵੇਲੇ ਕੋਈ ਕੁਝ ਕਰ ਕੇ ਵਿਖਾਵੇ ਤਾਂ ਆਖੀਏ ਇਹ ਕੁਝ ਕਰ ਸਕਦਾ ਹੈ।

*ਅਥਵਾ:-* ਤਿਸ ਵੇਲੇ ਕੋਈ ਕੁਝ ਕਥਨ ਕਰਕੇ ਵਿਖਾਵੇ॥ ੨॥

## ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ॥

ਉਹ ਪਰਮੇਸ਼ਰ ਆਪ ਗੁਰੂ ਰੂਪ ਹੈ ਆਪ ਹੀ ਚੇਲਾ ਰੂਪ ਹੈ,

ਆਪ ਹੀ ਸ਼ੁਭ-ਗੁਣਾਂ ਦਾ ਨਿਧਾਨਾ=ਖ਼ਜ਼ਾਨਾ ਹੈ।

## ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ॥ ੩॥

ਜਿਸ ਤਰ੍ਹਾਂ ਆਪ ਚਲਾਉਂਦਾ ਹੈ, ਓਸੇ ਤਰ੍ਹਾਂ ਕੋਈ ਚਲਦਾ ਹੈ,

ਜਿਵੇਂ ਹਰੀ ਭਗਵਾਨ ਨੂੰ ਭਾਉਂਦਾ ਹੈ ਤਿਵੇਂ ਕੋਈ ਕਰਦਾ ਹੈ॥ ੩॥

## ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ॥

ਗੁਰੂ ਜੀ ਕਹਿੰਦੇ ਹਨ-ਇਕ ਤੂੰ ਹੀ ਸੱਚਾ ਸਾਹਿਬ ਹੈਂ, ਤੇਰਿਆਂ ਕੰਮਾਂ ਨੂੰ ਕੌਣ ਜਾਣਦਾ ਹੈ? ਭਾਵ ਕੋਈ ਨਹੀਂ ਜਾਣ ਸਕਦਾ।

## ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ॥੪॥੩॥

ਇਕਨਾਂ ਗੁਰਮੁਖਾਂ ਨੂੰ ਘਰ ਵਿਚ ਬੈਠਿਆਂ ਹੀ ਨਾਮ ਦੀ ਵਡਿਆਈ ਦੇਂਦਾ ਹੈਂ ਅਤੇ ਇਕ ਮਨਮੁਖ ਭਰਮ ਵਿਚ ਤੇ ਅਭਿਮਾਨਾ=ਹੰਕਾਰ ਵਿਚ ਭੌਂਦੇ ਫਿਰਦੇ ਹਨ॥ ੪॥ ੩॥

## ਬਿਲਾਵਲੁ ਮਹਲਾ ੩ ॥

## ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥

ਪੂਰੇ ਪਰਮਾਤਮਾ ਨੇ ਜਗਤ ਦਾ ਪੂਰਾ ਹੀ ਬਣਾਓ ਬਣਾਇਆ ਹੈ, ਵੇਚਣਾ ਕਰੋ ਇਸ ਦੇ ਵਿਚ ਇਕ ਪਰਮਾਤਮਾ ਹੀ ਸਮਾਨਾ=ਸਮਾ ਰਿਹਾ ਹੈ।

## ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥

ਇਸ ਸੰਸਾਰ ਵਿਚ ਸੱਚੇ ਨਾਮ ਦੀ ਵਡਿਆਈ ਹੈ, ਧਨ ਦੇ ਹੰਕਾਰ ਨੂੰ ਕੋਈ ਮਤੁ ਧਰਹੁ=ਨਾ ਧਾਰਨਾ ਕਰੋ॥ ੧ ॥

## ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥

(੧) ਸਤਿਗੁਰਾਂ ਦੀ ਬਖਸ਼ੀ ਹੋਈ ਜਿਸ ਨੂੰ ਮਤਿ=ਅਕਲ ਆਉਂਦੀ ਹੈ ਉਹ ਸਤਿਗੁਰਾਂ ਦੇ ਹੁਕਮ ਵਿਚ ਸਮਾਉਂਦਾ ਹੈ।

(੨) ਜਿਸ ਨੂੰ ਸਤਿਗੁਰਾਂ ਦੀ ਸਿਖਿਆ ਆ ਕੇ ਪ੍ਰਾਪਤ ਹੁੰਦੀ ਹੈ ਉਹ ਸਤਿ=ਤ੍ਰੈ ਕਾਲ ਅਬਾਧ ਗੁਰ=ਚੇਤਨ ਪ੍ਰਭੂ ਵਿਚ ਸਮਾਨਾ=ਅਭੇਦ ਹੁੰਦਾ ਹੈ।

## ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥

ਇਸ ਗੁਰਬਾਣੀ ਨੂੰ, ਵਾ:-ਉਪਦੇਸ਼ ਬਾਣੀ ਨੂੰ ਜੋ ਦਿਲੋਂ ਜਾਣਦਾ ਹੈ, ਉਸ ਦਾ ਅੰਦਰਲਾ ਮਨ ਹਰੀ ਨਾਮਾ ਨੂੰ ਰਵੈ=ਉਚਾਰਦਾ ਹੈ, ਜਾਂ ਉਸ ਨੇ ਹਿਰਦੇ ਅੰਦਰ ਹਰੀ ਨਾਮਾ ਨੂੰ ਰਵੈ=ਉਚਾਰਨਾ ਕੀਤਾ ਹੈ।

## ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥

ਹੁਣ ਚਾਰਿਆਂ ਜੁਗਾਂ ਨਿਬੇੜਾ=ਫੈਸਲਾ ਕਰਨ ਲਈ ਨਰ=ਪੁਰਸ਼ਾਂ ਨੂੰ ਤੇ ਮਨੁਖਾ=ਇਸਤ੍ਰੀਆਂ ਨੂੰ ਇਕ ਨਾਮ ਰੂਪ ਨਿਧਾਨਾ=ਖਜ਼ਾਨਾ ਮਿਲਿਆ ਹੈ।

## ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥

ਜਤ, (ਸਤ) ਸੰਜਮ, ਆਦਿਕ ਸਾਧਨਾਂ ਦਾ ਕਰਨਾ ਤੇ ਤੀਰਥ ਇਸ਼ਨਾਨ ਕਰਨੇ ਇਹ ਤਾਂ ਉਹਨਾਂ ਪਿਛਲਿਆਂ ਜੁਗਾਂ ਦਾ ਧਰਮ ਹੈ, ਕਲਜੁਗ ਵਿਚ ਹਰੀ ਨਾਮ ਦਾ ਕੀਰਤਨ ਕਰਨਾ ਹੀ ਜੀਵ ਨੂੰ ਤਾਰਨ ਵਾਲਾ ਹੈ। ਜਾਂ ਕਲਜੁਗ ਵਿਚ ਹਰੀ ਨਾਮ ਦੀ ਕੀਰਤੀ ਕਰਨੀ ਹੀ ਸਭ ਤੋਂ ਸ੍ਰੇਸ਼ਟ ਸਾਧਨ ਹੈ॥ ੨ ॥

## ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥

ਜੁਗਾਂ ਜੁਗਾਂ ਵਿਚ ਆਪੋ ਆਪਣਾ ਧਰਮ ਹੀ ਸ੍ਰੇਸ਼ਟ ਮੰਨਿਆਂ ਹੈ, ਬੇ-ਸ਼ੱਕ ਵੇਦਾਂ, ਪੁਰਾਣਾਂ ਨੂੰ ਵਿਚਾਰ ਕੇ ਵੇਖ ਲਵੋ।

*ਯਥਾ:-*"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥" *(ਗਉੜੀ ਰਵਿਦਾਸ, ਪੰਨਾ ੩੪੬)*

## ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਧਿਆਉਂਣਾ ਕੀਤਾ ਹੈ ਜਗਤ ਵਿਚ ਉਹ ਪੂਰੇ ਪੁਰਖ ਪ੍ਰਮਾਣੀਕ ਮੰਨੇ ਗਏ ਹਨ॥ ੩॥

[ਪੰਨਾ ੭੯੮]

## ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਪ੍ਰਭੂ ਨਾਲ ਪ੍ਰੀਤੀ ਲਗਾਵੇ, ਤਾਂ ਮਨ ਦਾ ਅਭਿਮਾਨਾ=ਹੰਕਾਰ ਚੂਕੈ= ਦੂਰ ਹੋ ਜਾਂਦਾ ਹੈ।

## ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥ ੪ ॥

ਨਾਮ ਨੂੰ ਕਹਿਣ ਵਾਲੇ ਤੇ ਸੁਣਨ ਵਾਲੇ ਸਾਰੇ ਸੁਖ ਪਾਉਂਦੇ ਹਨ ਅਤੇ ਮਾਨਤ=ਮੰਨਣ ਕਰਨ ਵਾਲੇ ਨਿਧੀਆਂ ਦੇ ਖਜ਼ਾਨੇ ਪਰਮੇਸ਼ਰ ਨੂੰ ਪਾਉਂਦੇ ਹਨ॥ ੪॥ ੪॥

## ਬਿਲਾਵਲੁ ਮਹਲਾ ੩ ॥ ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥

ਗੁਰਾਂ ਦੁਆਰੇ ਜਿਸ ਗੁਰਮੁਖ ਦੇ ਹਿਰਦੇ ਅੰਦਰ ਉਹ ਪ੍ਰਭੂ ਆਪੇ ਪ੍ਰੀਤੀ ਲਾਉਂਦਾ ਹੈ।

## ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥

ਸ਼ੋਭਨੀਕ ਗੁਰਾਂ ਦੇ ਸ਼ਬਦ ਕਰਦੇ ਉਸ ਦੇ ਘਰ ਵਿਚ ਬਿਲਵਲੁ=ਅਨੰਦ ਹੁੰਦਾ ਹੈ।

## ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥ ੧ ॥

ਮਹਾਤਮਾਂ ਰੂਪ ਨਾਰੀਆਂ ਉਸ ਘਰ ਵਿਚ ਆ ਕੇ ਮੰਗਲਦਾਇਕ ਗੀਤ ਗਾਉਂਦੀਆਂ ਹਨ ਅਤੇ ਪ੍ਰੀਤਮ=ਪਰਮਾਤਮਾ ਨਾਲ ਮਿਲ ਕੇ ਨਿਤ ਸੁਖ ਨੂੰ ਪਾਉਂਦੀਆਂ ਹਨ॥ ੧॥

## ਹਉ ਤਿਨ ਬਲਿਹਾਰੈ ਜਿਨ ਹਰਿ ਮੰਨਿ ਵਸਾਏ ॥

ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਮਨ ਵਿਚ ਵਸਾਇਆ ਹੈ,

## ਹਰਿ ਜਨ ਕਉ ਮਿਲਿਆ ਸੁਖੁ ਪਾਈਐ
## ਹਰਿ ਗੁਣ ਗਾਵੈ ਸਹਜਿ ਸੁਭਾਏ ॥ ੧ ॥ ਰਹਾਉ ॥

ਜੋ ਹਰੀ ਦੇ ਸੰਤ ਜਨਾਂ ਨੂੰ ਮਿਲਿਆ ਹੈ, ਉਸ ਨੇ ਸੁਤੇ ਸਿਧ ਹਰੀ ਦੇ ਗੁਣਾਂ ਨੂੰ ਗਾ ਕੇ ਸੁਖ ਪਾਇਆ ਹੈ।

*ਅਥਵਾ:*-ਹਰੀ ਦੇ ਸੰਤ ਜਨਾਂ ਨੂੰ ਮਿਲਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ, ਇਸ ਲਈ ਹਰੀ ਦੇ ਸੰਤ ਜਨਾਂ ਨਾਲ ਮਿਲ ਕੇ ਹਰੀ ਗੁਣਾਂ ਨੂੰ ਗਾਵੇ ਤਾਂ ਸ਼ਾਂਤੀ ਸੁਭਾਅ ਹੁੰਦਾ ਹੈ॥ ੧॥ ਰਹਾਉ॥

## ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿ ਜੀਉ ਆਪਿ ਵਸੈ ਮਨਿ ਆਇ ॥

ਹੇ ਹਰਿ ਜੀਓ ! ਤੇਰੇ ਚਾਏ=ਉਤਸ਼ਾਹ ਕਰਕੇ ਜੋ ਸਦਾ ਤੇਰੇ ਰੰਗਿ=ਪ੍ਰੇਮ ਵਿਚ ਮਿਲੇ ਹੋਏ ਆਪ ਜੀ ਨੂੰ ਜਾਏ=ਚਾਹੁੰਦੇ ਹਨ। ਉਨ੍ਹਾਂ ਦੇ ਮਨ ਵਿਚ ਹੇ ਹਰਿ ਜੀਓ ! ਤੂੰ ਆਪ ਆ ਕੇ ਵਸਦਾ ਹੈਂ।

**ਆਪੇ ਸੋਭਾ ਸਦ ਹੀ ਪਾਏ ॥ ਗੁਰਮੁਖਿ ਮੇਲੈ ਮੇਲਿ ਮਿਲਾਏ ॥ ੨ ॥**

ਤੂੰ ਆਪੇ ਉਹਨਾਂ ਦੀ ਸ਼ੋਭਾ ਸਦਾ ਸੰਸਾਰ ਵਿਚ ਪਾਉਂਦਾ ਹੈਂ। ਮੁਖੀ ਗੁਰਾਂ ਨਾਲ ਮੇਲ ਕੇ ਫਿਰ ਤੂੰ ਉਹਨਾਂ ਨੂੰ ਆਪਣੇ ਮੇਲ ਵਿਚ ਮਿਲਾਉਂਦਾ ਹੈਂ॥ ੨ ॥

**ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥**

ਗੁਰਮੁਖ ਆਪ ਰੱਤੇ ਹੋਏ ਹਨ ਹੋਰਨਾਂ ਨੂੰ ਸ਼ਬਦ ਰੰਗ ਰੰਗਾਉਂਦੇ ਹਨ।

ਹਰੀ ਗੁਣਾਂ ਨੂੰ ਗਾ ਕੇ ਸਰੂਪ-ਘਰ ਵਿਚ ਵਾਸਾ ਪਾਉਂਦੇ ਹਨ।

**ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥ ੩ ॥**

ਜਿਨ੍ਹਾਂ ਨੇ ਹਰੀ ਰਸ ਵਿਚ ਭਾਏ=ਪ੍ਰੇਮ ਕੀਤਾ ਹੈ, ਉਹਨਾਂ ਨੂੰ ਚਲੂਲੈ=ਗੂੜ੍ਹਾ ਰੰਗ ਚੜ੍ਹਿਆ ਹੈ।

ਇਹ ਰੰਗ ਕਦੇ ਲਹਿੰਦਾ ਨਹੀਂ ਹੈ, ਇਸ ਰੰਗ ਵਾਲੇ ਸੱਚ-ਸਰੂਪ ਵਿਚ ਸਮਾਉਂਦੇ ਹਨ॥ ੩ ॥

**ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥**

ਉਹਨਾਂ ਦੇ ਅੰਤਹਕਰਨ ਵਿਚ ਗੁਰ-ਸ਼ਬਦ ਹੋਣ ਕਰਕੇ ਅਗਿਆਨ ਰੂਪ ਹਨੇਰਾ ਮਿੱਟ ਗਿਆ ਹੈ।

**ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥**

ਸਤਿਗੁਰਾਂ ਦਆਰੇ ਗਿਆਨ ਪ੍ਰਾਪਤ ਕਰਨ ਵਾਲਿਆਂ ਨੂੰ ਮੇਰਾ ਪ੍ਰੀਤਮੁ=ਪਰਮਾਤਮਾ ਮਿਲਿਆ ਹੈ।

**ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥**

ਜੋ ਸੱਚ ਵਿਚ ਰਾਤੇ=ਰੰਗੇ ਗਏ ਹਨ, ਉਹਨਾਂ ਦਾ ਜਗਤ ਵਿਚ ਮੁੜ ਕੇ ਫੇਰਾ ਨਹੀਂ ਹੁੰਦਾ।

**ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥ ੪ ॥ ੫ ॥**

ਗੁਰੂ ਜੀ ਕਥਨ ਕਰਦੇ ਹਨ-ਮੇਰਾ ਪੂਰਾ ਗੁਰੂ ਹੀ ਸੱਚ-ਨਾਮ ਨੂੰ ਦ੍ਰਿੜ੍ਹਾਉਂਦਾ ਹੈ॥ ੪ ॥ ੫ ॥

## ਬਿਲਾਵਲੁ ਮਹਲਾ ੩ ॥

**ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥**

ਜਿਨ੍ਹਾਂ ਨੇ ਪੂਰਿਆਂ ਗੁਰਾਂ ਤੋਂ ਵਡਿਆਈ ਪਾਈ ਹੈ। ਉਹਨਾਂ ਦੇ ਮਨ ਵਿਚ ਅਚਿੰਤ=ਅਚਾਨਕ ਹੀ ਪ੍ਰਭੂ ਦਾ ਨਾਮ ਆ ਕੇ ਵਸਿਆ ਹੈ।

**ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥ ੧ ॥**

ਗੁਰ-ਉਪਦੇਸ਼ ਨੇ ਮਾਇਆ ਹੀ ਹੰਗਤਾ-ਮਮਤਾ ਜਲਾਈ=ਸਾੜ ਦਿੱਤੀ ਹੈ।

ਗੁਰਮੁਖਾਂ ਨੇ ਸੱਚੇ ਦਰਬਾਰ ਦੀ ਸ਼ੋਭਾ ਗੁਰਾਂ ਤੋਂ ਪ੍ਰਾਪਤ ਕੀਤੀ ਹੈ॥ ੧ ॥

**ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥**

ਹੇ ਜਗਤ ਦੇ ਈਸ਼ੂਰ ! ਮੈਂ ਆਪ ਜੀ ਨੂੰ ਸੇਵਉ=ਸਿਮਰਦਾ ਹਾਂ, ਮੈਨੂੰ ਹੋਰ ਕੋਈ ਕੰਮ ਨਹੀਂ ਹੈ।

## ਅਨਦਿਨੁ ਅਨਦੁ ਹੋਵੈ ਮਨਿ ਮੇਰੈ
## ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥ ੧ ॥ ਰਹਾਉ ॥

ਮੇਰੇ ਮਨ ਵਿਚ ਤਾਂ ਹੀ ਰਾਤ ਦਿਨੇ ਅਨੰਦ ਹੋ ਰਿਹਾ ਹੈ। ਜਾਂ ਮੁਖ ਗੁਰਾਂ ਪਾਸੋਂ ਨਿਵਾਜਾ=ਵਡਿਆਈ ਦੇਣ ਵਾਲਾ ਤੇਰਾ ਨਾਮ ਹੀ ਮੰਗਦਾ ਹਾਂ।

## ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ ॥

ਮਨ ਦੀ ਪਰਤੀਤਿ=ਸ਼ਰਧਾ ਗੁਰਾਂ ਦੇ ਮਨ=ਮੰਤਰ ਤੋਂ ਪਾਈ ਹੈ।

ਪੂਰਿਆਂ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਸਾਰੀ ਸਮਝ ਆਈ ਹੈ।

ਵਾ:-ਮਨ ਦੀ ਪ੍ਰਤੀਤੀ ਮਨ ਤੋਂ ਹੀ ਪਾਈ ਹੈ, ਕਿਉਂਕਿ ਸ਼ੁੱਧ ਮਨ ਹੀ ਸਮਝਾਵੇ ਤਾਂ ਮਨ ਸਮਝਦਾ ਹੈ।

*ਯਥਾ:-*"ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥" *(ਕਬੀਰ, ਪੰਨਾ ੩੪੨)*

## ਜੀਵਣ ਮਰਣੁ ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥ ੨ ॥

ਜੀਉਣ ਮਰਨ ਨੂੰ ਜਿਹੜਾ ਕੋਈ ਇਕ ਸਮਾਨ ਕਰਕੇ ਵੇਖਦਾ ਹੈ। ਉਹ ਮੁੜ ਕੇ ਮਰਦਾ ਨਹੀਂ ਹੈ ਤੇ ਨਾ ਹੀ ਉਸ ਨੂੰ ਜਮ ਵੇਖਦਾ ਹੈ ਅਤੇ ਨਾ ਹੀ ਉਹ ਜਮ ਦੇ ਦੁੱਖ ਨੂੰ ਵੇਖਦਾ ਹੈ॥ ੨ ॥

## ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥

ਜੋ ਕ੍ਰੋੜਾਂ ਨਿਧਾਨ=ਖਜ਼ਾਨੇ ਹਨ ਉਹ ਸਾਰੇ ਸਰੀਰ-ਘਰ ਦੇ ਅੰਦਰ ਹੀ ਹਨ। ਜਾਂ ਸਤਿਗੁਰਾਂ ਨੇ ਵਿਖਾਏ ਤਾਂ ਹੰਕਾਰ ਨਵਿਰਤ ਹੋ ਗਿਆ।

*ਅਥਵਾ:-*ਸਾਰਿਆਂ ਕ੍ਰੋੜਾਂ ਨਿਧੀਆਂ ਦਾ ਖ਼ਜ਼ਾਨਾ ਪਰਮੇਸ਼ਰ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਹੈ, ਜਿਸ ਵੇਲੇ ਹੰਕਾਰ ਗਿਆ ਤਾਂ ਸਤਿਗੁਰਾਂ ਨੇ ਉਹ ਪਰਮੇਸ਼ਰ ਵਿਖਾ ਦਿੱਤਾ।

## ਸਦ ਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥ ੩ ॥

ਸਹਜ ਪਦ ਵਿਚ ਸਦਾ ਹੀ ਧਿਆਨ ਲੱਗਾ ਰਹਿੰਦਾ ਹੈ ਅਤੇ ਮੇਰਾ ਮਨ ਰਾਤ ਦਿਨ ਇਕ ਨਾਮ ਨੂੰ ਹੀ ਗਾਉਂਦਾ ਹੈ॥ ੩ ॥

## ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ ॥

ਇਸ ਕਲਜੁਗ ਵਿਚ ਅਸਾਂ ਨੇ ਵਡਿਆਈ ਪਾਈ ਹੈ ਅਤੇ ਪੂਰਿਆਂ ਗੁਰਾਂ ਤੋਂ ਸ਼ਬਦ ਲੈ ਕੇ ਨਾਮ ਧਿਆਉਂਦਾ ਹਾਂ।

## ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥ ੪ ॥

ਜਿਥੇ ਦੇਖਦਾ ਹਾਂ ਉਥੇ ਹੀ ਸਮਾਈ ਕਰ ਰਿਹਾ ਹੈ। ਉਹ ਸਦੀਵਕਾਲ ਸੁਖਾਂ ਦਾ ਦਾਤਾ ਹੈ, ਉਸ ਦੀ ਕੀਮਤ ਨਹੀਂ ਪਾਈ ਜਾਂਦੀ ॥ ੪ ॥

## ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥

ਪੂਰਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਇਆ ਹੈ। ਜਿਸ ਪੂਰੇ ਗੁਰੂ ਨੇ ਅੰਦਰੋਂ ਹੀ ਨਾਮ ਰੂਪ ਨਿਧਾਨੁ= ਖਜ਼ਾਨਾ ਵਿਖਾਇਆ ਹੈ।

## ਗੁਰ ਕਾ ਸਬਦੁ ਅਤਿ ਮੀਠਾ ਲਾਇਆ॥

ਗੁਰਾਂ ਦਾ ਉਪਦੇਸ਼ ਅਤਿ=ਵੱਡਾ ਮਿੱਠਾ ਲੱਗ ਆਇਆ ਹੈ।

## ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ॥੫॥੬॥੧੦॥

ਗੁਰੂ ਜੀ ਕਥਨ ਕਰਦੇ ਹਨ-ਇਸ ਲਈ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ ਤੇ ਮਨ ਤਨ ਵਿਚ ਸੁਖ ਪਾਇਆ ਹੈ॥ ੫॥ ੬॥ ੧੦॥

## ਰਾਗੁ ਬਿਲਾਵਲੁ ਮਹਲਾ ੪ ਘਰੁ ੩

## ੧ੴ ਸਤਿਗੁਰ ਪ੍ਰਸਾਦਿ॥

## ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ॥

ਅੰਤਰਜਾਮੀ ਪ੍ਰਭੂ ਮਤੀ ਵਿਚ ਉੱਦਮ ਦੇਣ ਵਾਲਾ ਹੈ, ਜਾਂ ਉੱਦਮ ਵਾਲੀ ਮਤੀ ਦੇਣ ਵਾਲਾ ਹੈ, ਜਿਵੇਂ ਉਹ ਪ੍ਰਭੂ ਪ੍ਰੇਰਦਾ ਹੈ ਤਿਵੇਂ ਜੀਵ ਕੰਮ-ਕਾਰ ਕਰਦਾ ਹੈ।

## ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥੧॥

ਜਿਵੇ ਤੰਤੀ=ਤੰਤ ਵਾਲਾ ਜੋ ਨਟ ਹੈ ਉਹ ਤੰਤੀ=ਪੁਤਲੀ ਦੀ ਤੰਤੁ=ਤਾਰ ਨੂੰ ਵਜਾਏ=ਵਜਾਉਂਦਾ ਹੈ ਤਿਵੇਂ ਉਹ ਵੱਜਦੀ ਹੈ। ਇਸੇ ਤਰ੍ਹਾਂ-ਜਿਵੇਂ ਉਹ ਪਰਮੇਸ਼ਰ ਜੀਵਾਂ ਰੂਪ ਪੁਤਲੀਆਂ ਨੂੰ ਨਚਾਉਂਦਾ ਹੈ, ਤਿਵੇਂ ਸੂਖਮ ਸਥੂਲ ਜੀਆ ਜੰਤ ਵਾਜਹਿ=ਨੱਚਦੇ ਭਾਵ ਕਾਰ ਵਿਹਾਰ ਕਰਦੇ ਹਨ॥ ੧॥

[ਪੰਨਾ ੭੯੯]

## ਜਪਿ ਮਨ ਰਾਮ ਨਾਮੁ ਰਸਨਾ॥

ਹੇ ਮਨ=ਪਿਆਰੇ ਰਸਨਾ ਨਾਲ ਰਾਮ ਨਾਮ ਨੂੰ ਜਪਣਾ ਕਰ।

## ਮਸਤਕਿ ਲਿਖਤ ਲਿਖੇ ਗੁਰੁ ਪਾਇਆ
## ਹਰਿ ਹਿਰਦੈ ਹਰਿ ਬਸਨਾ॥੧॥ਰਹਾਉ॥

ਮੱਥੇ ਦੇ ਲਿਖੇ ਲੇਖਾਂ ਅਨੁਸਾਰ ਗੁਰੂ ਪਾਇਆ ਹੈ, ਗੁਰਾਂ ਦੀ ਕਿਰਪਾ ਨਾਲ ਹਿਰਦੇ ਵਿਚ ਹਰਿ ਹਰਿ ਨਾਮ ਬਸਨਾ=ਵੱਸ ਗਿਆ ਹੈ॥ ੧॥ ਰਹਾਉ॥

## ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ॥

ਹੇ ਪ੍ਰਭੂ ! ਇਹ ਪ੍ਰਾਣਧਾਰੀ ਜੀਵ ਮਾਇਆ ਦਾ ਗ੍ਰਸਿਆ ਹੋਇਆ ਭੌਂਦਾ ਫਿਰਦਾ ਹੈ, ਆਪ ਕਿਰਪਾ ਕਰ ਕੇ ਇਸ ਨੂੰ ਆਪਣਾ ਸੇਵਕ ਜਨ ਜਾਣ ਕੇ ਰੱਖ ਲੈਣਾ ਕਰੋ।

## ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ॥੨॥

ਜਿਵੇਂ ਪ੍ਰਹਿਲਾਦ ਨੂੰ ਹਰਨਾਖਸ਼ ਨੇ ਗ੍ਰਸਿਆ ਸੀ ਤੇ ਉਹ ਹਰੀ ਦੀ ਸ਼ਰਨ ਪਿਆ ਸੀ ਉਸ ਵੇਲੇ ਹਰੀ ਨੇ ਨਰਸਿੰਘ ਅਵਤਾਰ ਧਾਰ ਕੇ ਉਸ ਨੂੰ ਰੱਖ ਲਿਆ ਸੀ, ਇਸੇ ਤਰ੍ਹਾਂ ਮੈਨੂੰ ਰੱਖ ਲਓ॥ ੨॥

## ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ॥

ਕਿਸ ਕਿਸ ਦੀ ਗਤਿ=ਮੁਕਤੀ ਦੀ ਮਰਯਾਦਾ ਕਹੀਏ, ਹਰੀ ਨੇ ਕਿਤਨੇ ਹੀ ਪਾਪੀ ਜੀਵ ਪਵੰਨਾ=ਪਵਿੱਤਰ ਕੀਤੇ ਹਨ।

## ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ॥ ੩॥

ਹੇ ਹਰੀ! ਉਹ ਜੋ ਚਮਿਆਰ ਢੋਰ=ਮੋਏ ਪਸ਼ੂਆਂ ਨੂੰ ਢੋਂਦਾ ਸੀ ਤੇ ਹੱਥ ਵਿਚ ਚੰਮ ਦੇ ਚਮਰੇ=ਟੁਕੜੇ ਫੜੇ ਰਹਿੰਦੇ ਸਨ ਜੁੱਤੀਆਂ ਗੰਢਣ ਕਰਕੇ, ਵਾ:- ਹੱਥ ਚਮ ਨਾਲ ਚਿੰਮੜੇ ਰਹਿੰਦੇ ਸਨ, ਜਿਸ ਵੇਲੇ ਆਪ ਜੀ ਦੀ ਸ਼ਰਨ ਵਿਚ ਪਿਆ ਤਾਂ ਉਸ ਨੂੰ ਭੀ ਤੁਸਾਂ ਨੇ ਉਧਾਰਿਆ ਸੀ॥ ੩॥

## ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ॥

ਹੇ ਦੀਨ ਦਿਆਲ ਪ੍ਰਭੂ! ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲੇ, ਅਸਾਂ ਪਾਪੀਆਂ ਨੂੰ ਪਪਨਾ=ਪਾਪਾਂ ਵਲੋਂ ਰੱਖ ਲੈ।

## ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ॥੪॥੧॥

ਹੇ ਹਰੀ! ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਕਰ ਲਓ, ਜੋ ਦਾਸ ਆਪ ਜੀ ਦੀ ਪ੍ਰਾਪਤੀ ਦਾ ਰਾਹ ਦਸੰਨਾ=ਦੱਸਣ ਵਾਲੇ ਹਨ। ਜਾਂ ਗੁਰੂ ਜੀ ਕਥਨ ਕਰਦੇ ਹਨ-ਮੈਂ ਤੇਰੇ ਦਾਸਾਂ ਦਾ ਦਾਸ ਹਾਂ।

ਵਾ:- ਮੈਂ ਤੇਰਾ ਹੀ ਦਾਸ ਦਸੰਨਾ=ਕਹਾਉਂਦਾ ਹਾਂ॥ ੪॥ ੧॥

## ਬਿਲਾਵਲੁ ਮਹਲਾ ੪॥

## ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ॥

ਹੇ ਅਜਨਮਾ ਪੁਰਖ ਪਰਮਾਤਮਾ! ਮੈਂ ਮੂਰਖ ਮੁਗਧ=ਜੜ੍ਹ ਅਗਿਆਨ ਮਤੀ ਵਾਲਾ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ।

## ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ॥ ੧॥

ਹੇ ਮੇਰੇ ਠਾਕੁਰ=ਸੁਆਮੀ! ਮੈਂ ਪੱਥਰ ਵਾਂਗ ਕਠੋਰ ਹਿਰਦੇ ਵਾਲਾ ਹਾਂ, ਸ਼ੁਭ-ਗੁਣਾਂ ਤੋਂ ਹੀਨ=ਰਹਿਤ ਹਾਂ, ਅਤੇ ਚੰਗਿਆਂ ਕਰਮਾਂ ਤੋਂ ਰਹਿਤ ਹਾਂ, ਆਪ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਰੱਖ ਲਵੋ॥ ੧॥

## ਮੇਰੇ ਮਨ ਭਜੁ ਰਾਮ ਨਾਮੈ ਰਾਮਾ॥

ਹੇ ਮੇਰੇ ਪਿਆਰੇ! ਸਾਰਿਆਂ ਵਿਚ ਰਮਿਆ ਹੋਇਆ ਜੋ ਰਾਮ ਹੈ, ਉਸ ਦੇ ਨਾਮ ਨੂੰ ਜਪ।

## ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ॥੧॥ਰਹਾਉ॥

ਗੁਰਾਂ ਦੀ ਸਿਖਿਆ ਕਰਕੇ ਹਰੀ ਰਸ ਪਾਈਦਾ ਹੈ।

ਹੋਰ ਸਾਰਿਆਂ ਨਿਕੰਮੇ ਕੰਮਾਂ ਨੂੰ ਛੱਡ ਦਿਓ॥ ੧॥ ਰਹਾਉ॥

## ਹਰਿਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ॥

ਹੇ ਹਰੀ! ਆਪ ਜੀ ਦੇ ਜੋ ਸੇਵਕ ਜਨ ਹਨ ਉਨ੍ਹਾਂ ਨੂੰ ਹੇ ਹਰੀ ਤੁਸਾਂ ਨੇ ਤਾਰਿਆ ਹੈ। ਜੇਕਰ ਮੈਂ ਗੁਣ ਹੀਣੇ ਨੂੰ ਹੱਥ ਦੇ ਕੇ ਰੱਖ ਲਓ ਤਾਂ ਇਸ ਵਿਚ ਆਪ ਜੀ ਦੀ ਉਪਮਾ=ਵਡਿਆਈ ਹੈ। ਵਾ:-ਮੈਂ ਆਪ

ਜੀ ਦੀ ਉਪਮਾ ਕਰਾਂਗਾ।

**ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥ ੨ ॥**

ਹੇ ਮੇਰੇ ਸੁਆਮੀ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਇਕ ਨਹੀ ਹੈ, ਵੱਡਿਆਂ ਕਰਮਾਂ ਕਰਕੇ ਹਰੀ ਨਾਮ ਦਾ ਜਪਣਾ ਹੁੰਦਾ ਹੈ॥ ੨ ॥

**ਨਾਮਹੀਨ ਧ੍ਰਿਗੁ ਜੀਵਤੇ ਤਿਨ ਵਡ ਦੂਖ ਸਹੰਮਾ ॥**

ਜੋ ਪੁਰਸ਼ ਨਾਮ ਤੋਂ ਬਿਨਾਂ ਜੀਉਂਦੇ ਹਨ ਉਨ੍ਹਾਂ ਨੂੰ ਧ੍ਰਿਕਾਰ ਹੈ, ਉਨਾਂ ਨੇ ਵੱਡਾ ਦੁੱਖ ਸਹੰਮਾ=ਸਹਾਰਨਾ ਭਾਵ ਭੋਗਣਾ ਹੈ।

**ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥ ੩ ॥**

ਉਹ ਮੰਦਭਾਗੀ ਮੂਰਖ ਅਕਰਮਾ=ਪੁਰਸ਼ ਭੈੜਿਆਂ ਕਰਮਾਂ ਵਾਲੇ ਫਿਰਿ ਫਿਰਿ=ਮੁੜ-ਮੁੜ ਕੇ ਜੂਨਾਂ ਵਿਚ ਭੁਆਏ ਜਾਂਦੇ ਹਨ॥ ੩ ॥

**ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥**

ਉਨ੍ਹਾਂ ਹਰੀ ਦੇ ਸੇਵਕ ਜਨਾਂ ਨੂੰ ਨਾਮ ਦਾ ਅਧਾਰੁ=ਆਸਰਾ ਹੈ, ਜਿਨ੍ਹਾਂ ਦੇ ਮੱਥੇ ਪਰ ਧੁਰ ਰੂਪ ਪਰਮਾਤਮਾ ਨੇ ਪੂਰਬਲੇ ਵੱਡੇ ਚੰਗੇ ਕਰਮ ਲਿਖੇ ਹੋਏ ਹਨ।

**ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥ ੪ ॥ ੨ ॥**

ਗੁਰਿ=ਪੂਜਨੀਕ ਸਤਿਗੁਰਾਂ ਨੇ ਜਿਸ ਨੂੰ ਨਾਮ-ਸਿਮਰਨ ਦ੍ਰਿੜ੍ਹ ਕਰਵਾਇਆ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਪੁਰਸ਼ ਦਾ ਮਨੁੱਖਾ ਜਨਮ ਸਫਲ ਹੈ॥ ੪ ॥ ੨ ॥

## ਬਿਲਾਵਲੁ ਮਹਲਾ ੪ ॥

**ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥**

ਹੇ ਪ੍ਰਭੂ ! ਮੇਰਾ ਚਿੱਤ ਬਿਖਿਆ=ਮਾਇਆ ਦੇ ਮੋਹ ਵਿਚ ਲੁਭਾਇਮਾਨ ਹੈ, ਇਸ ਲਈ ਦੁਰਮਤਿ=ਖੋਟੀ ਮੱਤ ਕਰਕੇ ਪਾਪਾਂ ਰੂਪੀ ਮੈਲ ਨਾਲ ਬਹੁਤ ਭਰ ਗਿਆ ਹੈ।

**ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥ ੧ ॥**

ਹੇ ਪ੍ਰਭੂ ! ਤੇਰੀ ਸੇਵਾ ਕਰ ਨਹੀਂ ਸਕਦਾ ਹਾਂ, ਮੈਂ ਮੂਰਖ ਕਿਸ ਤਰ੍ਹਾਂ ਸੰਸਾਰ-ਸਮੁੰਦਰ ਤੋਂ ਪਾਰ ਉਤਰਾਂਗਾ॥ ੧ ॥

**ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥**

ਜਿਸ ਪ੍ਰਭੂ ਨੇ ਪ੍ਰਹਿਲਾਦ ਦੀ ਰੱਖਿਆ ਵਾਸਤੇ ਨਰਹਰ=ਨਰਸਿੰਘ ਅਵਤਾਰ ਧਾਰਿਆ ਹੈ, ਫੇਰ-ਜਿਸ ਪ੍ਰਭੂ ਦਾ ਨਾਮ ਨਰਹਰਾ=ਪੁਰਸ਼ਾਂ ਨੂੰ ਹਰਿਆ ਕਰਨ ਵਾਲਾ ਹੈ, ਹੇ ਮੇਰੇ ਮਨ ! ਉਸ ਪ੍ਰਭੂ ਦੇ ਨਾਮ ਨੂੰ ਜਪਣਾ ਕਰ।

**ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥੧ ॥ਰਹਾਉ ॥**

ਹੇ ਪ੍ਰਭੂ ! ਜਿਸ ਪੁਰਸ਼ ਉੱਪਰ ਤੂੰ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹ ਪੁਰਸ਼ ਸਤਿਗਰਾਂ ਨਾਲ ਮਿਲਕੇ ਸੰਸਾਰ-ਸਮੁੰਦਰ ਤੋਂ ਪਾਰ ਹੋ ਗਿਆ ਹੈ॥ ੧ ॥

**ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ॥**

ਹੇ ਮੇਰੇ ਪਿਤਾ ਰੂਪ ਠਾਕੁਰ ਪ੍ਰਭੂ ਸੁਆਮੀ ! ਮੈਨੂੰ ਅਜਿਹੀ ਮੱਤ ਦਿਓ ਜਿਸ ਨਾਲ ਮੈਂ ਹਰ ਵੇਲੇ ਆਪ ਜੀ ਦਾ ਜਸ ਕਰਦਾ ਰਹਾਂ।

**ਤੁਮ੍ਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ॥ ੨ ॥**

ਜੋ ਆਪ ਜੀ ਨੇ ਨਾਲ ਲੱਗੇ ਹਨ ਉਹ ਇਸ ਤਰ੍ਹਾਂ ਤਰ ਗਏ ਹਨ, ਜਿਵੇਂ ਕਾਸਟ=ਕਾਠ (ਲੱਕੜ) ਦੇ ਨਾਲ ਲੱਗ ਕੇ ਲੋਹਾ ਤਰ ਜਾਂਦਾ ਹੈ॥ ੨॥

**ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ॥**

ਉਹ ਸਾਕਤ ਪੁਰਸ਼ ਹੋਛੀ=ਤੁੱਛ ਮਤੀ ਵਾਲੀ ਮਧਿਮ=ਨੀਚ ਹਨ, ਜਿਨ੍ਹਾਂ ਨੇ ਹਰਿ ਹਰਿ ਦੀ ਸੇਵਾ ਨੂੰ ਨਹੀਂ ਕੀਤਾ, ਭਾਵ ਹਰੀ ਦਾ ਸਿਮਰਨ ਨਹੀਂ ਕੀਤਾ।

**ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ॥ ੩ ॥**

ਉਹ ਪੁਰਸ਼ ਭਾਗਾਂ ਤੋਂ ਹੀਣੇ ਦੁਹਚਾਰੀ=ਖੋਟਿਆਂ ਕਰਤੱਬਾਂ ਦੇ ਕਰਨ ਵਾਲੇ ਹਨ, ਉਹ ਜੰਮ ਕੇ ਨਿਸਫਲ ਮਰ ਗਏ ਇਕ ਵਾਰ ਨਹੀਂ ਫਿਰ ਫਿਰ ਜੰਮਦੇ ਮਰਦੇ ਹਨ।

*ਅਥਵਾ:*-ਉਹ ਮਰ ਕੇ ਜਨਮ ਮਰਨ ਵਿਚ ਫਿਰਦੇ ਰਹਿੰਦੇ ਹਨ॥ ੩॥

**ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਹਾਏ ਸੰਤੋਖ ਗੁਰ ਸਰਾ॥**

ਹੇ ਹਰੀ ਸੁਆਮੀ ! ਜਿਨ੍ਹਾਂ ਨੂੰ ਤੁਸੀਂ ਗੁਰਾਂ ਨਾਲ ਮੇਲਿਆ ਹੈ, ਉਹ ਗੁਰਾਂ ਦੇ ਰਚੇ ਹੋਏ ਸੰਤੋਖ-ਸਰ ਵਿਚ ਇਸ਼ਨਾਨ ਕਰਦੇ ਹਨ।

*ਅਥਵਾ:*- ਸਤ, ਸੰਤੋਖ ਆਦਿਕ ਸ਼ੁਭ-ਗੁਣਾਂ ਦਾ ਸਰੋਵਰ ਜੋ ਗੁਰੂ ਹਨ ਉਸ ਵਿਚ ਇਸ਼ਨਾਨ ਕਰਦੇ ਹਨ।

**ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ॥ ੪ ॥ ੩ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਦਾ ਭਜਨ ਕੀਤਾ ਹੈ, ਉਸ ਦੀ ਖੋਟੀ ਮਤ ਰੂਪ ਮੈਲ ਦੂਰ ਹੋ ਗਈ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ ਹੈ ॥ ੪॥ ੩॥

## ਬਿਲਾਵਲੁ ਮਹਲਾ ੪ ॥

**ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ॥**

ਹੇ ਮੇਰੇ ਭਾਈ ਸੰਤੋ ! ਆਓ, ਆਪਸ ਵਿਚ ਰਲ ਮਿਲ ਕੇ ਬੈਠੋ, ਜਾਂ ਹੇ ਮੇਰੇ ਭਾਈ ! ਸੰਤਾਂ ਨਾਲ ਆ ਕੇ ਮਿਲੋ, ਮਿਲ ਕੇ ਭਾਈ=ਪ੍ਰੇਮ ਪੂਰਬਕ ਹਰਿ ਹਰਿ ਦੀ ਕਥਾ ਕਰੋ।

**ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ॥ ੧ ॥**

ਕਲਜੁਗ ਵਿਚ ਹਰਿ ਹਰਿ ਨਾਮ ਦਾ ਸਿਮਰਨ ਬੋਹਿਥੁ=ਜਹਾਜ਼ ਰੂਪ ਹੈ, ਗੁਰੂ ਖੇਵਟੁ=ਮਲਾਹ ਰੂਪ ਹਨ ਉਨ੍ਹਾਂ ਦੇ ਸਬਦਿ=ਉਪਦੇਸ਼ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਕਰੋ॥ ੧॥

## ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥

ਹੇ ਮੇਰੇ ਪਿਆਰੇ ! ਹਰ ਵੇਲੇ ਹਰਿ ਹਰਿ ਦੇ ਗੁਣ ਉਚਾਰਨਾ ਕਰੋ।

[ਪੰਨਾ ੮੦੦]

## ਮਸਤਕਿ ਲਿਖਤ ਲਿਖੇ ਗੁਨ ਗਾਏ
## ਮਿਲਿ ਸੰਗਤਿ ਪਾਰਿ ਪਰਹੁ ॥ ੧ ॥ ਰਹਾਉ ॥

ਮੱਥੇ ਪਰ ਚੰਗੇ ਲੇਖਾਂ ਦੇ ਲਿਖੇ ਅਨੁਸਾਰ ਗੁਣ ਗਾਏ ਜਾਂਦੇ ਹਨ, ਇਸ ਲਈ ਸਤਸੰਗਤ ਨਾਲ ਮਿਲ ਕੇ ਸੰਸਾਰ-ਸਮੁੰਦ੍ਰ ਤੋਂ ਪਾਰ ਉਤਾਰਨਾ ਕਰੋ ॥ ੧ ॥ ਰਹਾਉ ॥

## ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥

ਇਸ ਸਰੀਰ ਰੂਪ ਨਗਰ ਵਿਚ ਜੋ ਉੱਤਮ ਹਰੀ ਰਾਮ-ਰਸ ਵੱਸ ਰਿਹਾ ਹੈ, ਉਹ ਕਿਵੇਂ ਪਾਈਦਾ ਹੈ? ਹੇ ਸੰਤ ਜਨੋ ! ਮੈਂ ਸੇਵਕ ਜਨ ਨੂੰ ਉਪਦੇਸ਼ ਦੇਣਾ ਕਰੋ। ਸੰਤਾਂ ਨੇ ਕਿਹਾ-

## ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥ ੨ ॥

ਹਰੀ ਸਰੂਪ ਸਤਿਗੁਰਾਂ ਦਾ ਦਰਸ਼ਨ ਸਫ਼ਲ ਹੈ ਅਤੇ ਸੇਵਾ ਭੀ ਸਫਲ ਹੈ ਇਸ ਕਰਕੇ ਗੁਰਾਂ ਦੀ ਸੇਵਾ ਕਰੋ ਅਤੇ ਗੁਰਾਂ ਨਾਲ ਮਿਲ ਕੇ ਹਰੀ ਨਾਮ-ਰਸ ਰੂਪੀ ਅੰਮ੍ਰਿਤ ਨੂੰ ਪੀਣਾ ਕਰੋ ॥ ੨ ॥

## ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥

ਹਰੀ ਦਾ ਹਰਿ ਹਰਿ ਨਾਮ-ਸਿਮਰਨ ਮਿੱਠਾ ਅੰਮ੍ਰਿਤ ਹੈ, ਹਰੀ ਦੇ ਸੰਤਾਂ ਪਾਸੋਂ ਚੱਖ ਕੇ ਦਿਖਹੁ= ਦੇਖ ਲਓ।

## ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥ ੩ ॥

ਜਿਨ੍ਹਾਂ ਨੂੰ ਗੁਰਾਂ ਦੀ ਸਿਖਿਆ ਦੁਆਰੇ ਹਰੀ ਨਾਮ-ਰਸ ਮਿੱਠਾ ਲੱਗਾ ਹੈ, ਉਨ੍ਹਾਂ ਨੂੰ ਸਾਰੇ ਵਿਸ਼ੇ ਰਸ ਬਿਸਰੇ=ਭੁੱਲ ਗਏ ਹਨ ॥ ੩ ॥

## ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥

ਰਸਾਂ ਵਿੱਚੋਂ ਰਾਮ ਜੋ ਰਮਿਆ ਹੋਇਆ ਹੈ ਉਸ ਦਾ ਜੋ ਨਾਮ ਰਸਾਇਣ ਰਸ ਹੈ, ਉਸ ਦੀ ਪ੍ਰਾਪਤੀ ਲਈ ਹਰੀ ਦੇ ਸੰਤ ਜਨਾਂ ਨੂੰ ਸੇਵਣਾ ਕਰੋ।

*ਅਥਵਾ:*-ਹੇ ਸੰਤ ਜਨੋ ! ਉਸ ਹਰੀ ਨੂੰ ਸੇਵਣਾ ਕਰੋ।

## ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ-(ਧਰਮ, ਅਰਥ, ਕਾਮਜ, ਮੋਖ, ਰੂਪ) ਚਾਰ ਪਦਾਰਥ ਹਨ ਜੇਕਰ ਚਾਰੇ ਪਦਾਰਥਾਂ ਨੂੰ ਪਾਉਣਾ ਚਾਹੁੰਦੇ ਹੋ ਤਾਂ ਗੁਰ-ਸਿਖਿਆ ਦਆਰੇ ਹਰੀ ਦਾ ਭਜਨ ਕਰੋ।

*ਅਥਵਾ:*-ਚਾਰਿ=ਸੁੰਦਰ ਚਾਰੇ ਪਦਾਰਥ ਪਾਏ ਹਨ। *ਵਾ:*-ਗੁਰਮੁਖਾਂ ਨੇ ਚਾਰ ਤੇ ਚਾਰ ਅੱਠ ਪਦਾਰਥ ਪਾਏ ਹਨ, ਧਰਮ, ਅਰਥ, ਕਾਮਜ, ਮੋਖ ਤੇ ਜਨਮ ਪਦਾਰਥ, ਪ੍ਰੇਮ ਪਦਾਰਥ, ਨਾਮ ਪਦਾਰਥ, ਗਿਆਨ ਪਦਾਰਥ।

## ਬਿਲਾਵਲੁ ਮਹਲਾ ੪ ॥

## ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ॥

ਬ੍ਰਾਹਮਣ, ਖੱਤ੍ਰੀ, ਵੈਸ਼ ਤੇ ਸ਼ੂਦਰ ਇਹ ਚਾਰ ਵਰਨ ਹਨ, ਇਨ੍ਹਾਂ ਵਿਚੋਂ ਜਪੈਨੀ=ਜਪਣੇ ਜੋਗ ਹਰੀ ਨਾਮ ਮੰਤ੍ਰ ਨੂੰ ਜਿਹੜਾ ਕੋਈ ਜਪਦਾ ਹੈ ਉਹ ਤਰ ਜਾਂਦਾ ਹੈ।

## ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ॥੧॥

ਗੁਰੁ=ਪੂਜਨੀਕ ਸਤਿਗੁਰਾਂ ਨੂੰ ਪਾਰਬ੍ਰਹਮ ਰੂਪ ਜਾਣ ਕੇ ਪੂਜਣਾ ਕਰੋ ਤੇ ਨਿਤਾਪ੍ਰਤੀ ਸਾਰਾ ਦਿਨ, ਸਾਰੀ ਰਾਤ ਸੇਵਾ ਕਰੋ। ਅਥਵਾ:- ਨਿਤਾਪ੍ਰਤੀ ਦਿਨ ਰਾਤ ਸਭ ਤਰ੍ਹਾਂ ਦੀ ਸੇਵਾ ਕਰੋ॥ ੧॥

## ਹਰਿ ਜਨ ਦੇਖਹੁ ਸਤਿਗੁਰੁ ਨੈਨੀ॥

ਹੇ ਹਰੀ ਦੇ ਸੇਵਕ ਜਨੋ ! ਗਿਆਨ ਵੈਰਾਗੁ ਰੂਪੀ ਨੇਤ੍ਰਾਂ ਵਾਲੇ, ਵਾ:-ਨੈਨੀ=ਨਿਯੰਤਾ (ਪ੍ਰੇਰਕ) ਸਤਿਗੁਰਾਂ ਨੂੰ ਇਨ੍ਹਾਂ ਅੱਖਾਂ ਨਾਲ ਹਰੀ ਰੂਪ ਦੇਖੋ।

## ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ॥ ੧ ॥ ਰਹਾਉ ॥

ਫਿਰ ਜੋ ਇਛਹੁ=ਚਾਹੋਗੇ ਓਹੀ ਫਲ ਪਾਉਗੇ; ਗੁਰਾਂ ਦੀ ਸਿਖਿਆ ਅਨੁਸਾਰ ਹਰੀ ਨਾਮ ਬਾਣੀ ਨੂੰ ਬੋਲਣਾ ਕਰੋ॥ ੧॥ ਰਹਾਉ॥

## ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ॥

ਭਾਵੇਂ ਅਨੇਕ ਤਰ੍ਹਾਂ ਦੇ ਉਪਾਵ=ਜਤਨਾਂ ਨੂੰ ਬਹੁਤੇਰਾ ਚਿਤਵੀਅਹਿ=ਸੋਚਦੇ ਰਹੀਏ, ਪਰ ਜਿਹੜੀ ਗੱਲ ਹੋਵੈਨੀ=ਹੋਣੀ ਹੈ ਸਾ ਹੋਵੇ=ਉਹ ਗੱਲ ਜ਼ਰੂਰ ਹੋ ਕੇ ਰਹਿੰਦੀ ਹੈ ।

## ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੈ ਜਿ ਮੇਰੈ ਚਿਤਿ ਨ ਚਿਤੈਨੀ॥ ੨ ॥

ਸਭ ਕੋਈ ਆਪਣਾ ਭਲਾ ਚਾਹੁੰਦਾ ਹੈ, ਪਰ ਪ੍ਰਭੂ ਉਹ ਕੰਮ ਕਰਦਾ ਹੈ ਜੋ ਮੇਰੇ ਚਿੱਤ ਚੇਤੇ ਭੀ ਨਹੀਂ ਹੁੰਦਾ॥ ੨॥

## ਮਨਿ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥

ਹੇ ਹਰੀ ਦੇ ਸੇਵਕ ਜਨੋ ! ਮਨ ਦੀ ਮੱਤ ਤਿਆਗ ਦਿਓ, ਮਨਮਤ ਦਾ ਜਿਹੜਾ ਤਿਆਗਣਾ ਹੈ ਏਹੋ ਗੱਲ ਕਠੈਨੀ=ਕਠਨ (ਔਖੀ) ਹੈ।

## ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥

ਗੁਰ=ਪੂਜਨੀਕ ਸਤਿਗੁਰਾਂ ਦੀ ਸਿਖਿਆ ਲੈ ਕੇ ਦਿਨ ਰਾਤ ਹਰਿ ਹਰਿ ਨਾਮ ਨੂੰ ਧਿਆਉਣਾ ਕਰੋ॥ ੩॥

## ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥

ਹੇ ਸੁਆਮੀ ! ਕੁਮਤਿ ਤੇ ਸੁਮਤਿ ਤੇਰੇ ਵੱਸ ਵਿਚ ਹੈ, ਅਸੀਂ ਜੰਤ ਹਾਂ ਤੂੰ ਜੰਤੈਨੀ=ਪ੍ਰੇਰਕ ਪੁਰਖ ਹੈਂ। ਵਾ:-ਅਸੀਂ ਜੰਤ=ਵਾਜੇ ਹਾਂ ਤੂੰ ਜੰਤੈਨੀ=ਵਜਾਉਣ ਵਾਲਾ ਪੁਰਖ ਹੈਂ। ਜੇਹਾ ਤੂੰ ਬੁਲਾਉਂਦਾ ਹੈ ਤੇਹਾ ਅਸੀਂ ਬੋਲਦੇ ਹਾਂ।

**ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ॥ ੪ ॥ ੫ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਦਾਸ ਦੇ ਸੁਆਮੀ ਪ੍ਰਭੂ ਕਰਤੇ ! ਜਿਵੇਂ ਆਪ ਜੀ ਨੂੰ ਭਾਉਂਦਾ ਹੈ; ਤਿਵੇਂ ਸਾਨੂੰ ਬੁਲਾਉਂਦਾ ਹੈਂ॥ ੪ ॥ ੫ ॥

## ਬਿਲਾਵਲੁ ਮਹਲਾ ੪ ॥

**ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ॥**

ਅਨੰਦ ਦੇ ਮੂਲੁ=ਮੁੱਢ ਰੂਪ ਉੱਤਮ ਪੁਰਖ ਨੂੰ ਧਿਆਉਣਾ ਕੀਤਾ ਹੈ, ਇਸ ਲਈ ਰਾਤ ਦਿਨ ਅਨੰਦ ਨੂੰ ਪਾ ਕੇ ਅਨੰਦ ਹੋ ਰਹੇ ਹਾਂ।

**ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ॥ ੧ ॥**

ਧਰਮ ਰਾਜਾ ਦੀ ਕਾਨ ਕਨੌੜ ਚੁਕਾ ਦਿੱਤੀ ਹੈ 'ਤੇ ਜਮ ਦੇ ਸਾਰੇ ਛੰਦੇ=ਮੁਹਲਾਜੇ ਚੂਕੇ=ਦੂਰ ਹੋ ਗਏ ਹਨ।

**ਜਪਿ ਮਨ ਹਰਿ ਹਰਿ ਨਾਮੁ ਗੋੁਬਿੰਦੇ॥**

ਹੇ ਭਾਈ ! ਮਨ=ਮੈਂ ਗੋਬਿੰਦ ਦੇ ਹਰਿ ਹਰਿ ਨਾਮ ਨੂੰ ਮਨ ਵਿਚ ਜਪਿਆ ਹੈ, ਤੁਸੀਂ ਜਪਣਾ ਕਰੋ।

**ਵਡਭਾਗੀ ਗੁਰੁ ਸਤਿਗੁਰੁ ਪਾਇਆ ਗੁਣ ਗਾਏ ਪਰਮਾਨੰਦੇ॥ ੧ ॥ ਰਹਾਉ ॥**

ਵੱਡਿਆਂ ਭਾਗਾਂ ਨਾਲ ਗੁਰੁ=ਪੂਜਨੀਕ ਸਤਿਗੁਰਾਂ ਨੂੰ ਪਾਇਆ ਹੈ ਤੇ ਪਰਮ ਅਨੰਦ ਸਰੂਪ ਪਰਮੇਸ਼ਰ ਦੇ ਗੁਣ ਗਾ ਕੇ ਪਰਮਾਨੰਦੇ=ਬੜੇ ਅਨੰਦ ਹੋਏ ਹਾਂ॥ ੧ ॥ ਰਹਾਉ ॥

**ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥**

ਮੂਰਖ ਸਾਕਤ ਮਾਇਆ ਦੇ ਬਧਿਕ=ਬੱਧੇ ਹੋਏ ਹਨ, ਇਸ ਲਈ ਉਹ ਮਾਇਆ ਦੇ ਫੇਰਾਂ ਵਿਚ ਹੀ ਫਿਰਦੇ ਹਨ। *ਅਥਵਾ:*-ਮੂਰਖ ਸਾਕਤ ਮਾਇਆ ਦੀ ਪ੍ਰਾਪਤੀ ਵਾਸਤੇ ਬਧਿਕ=ਹਿੰਸਕ ਹੋ ਰਹੇ ਹਨ ਪਰਮੇਸ਼ਰ ਦੇ ਫਿਰਾਏ ਹੋਏ, ਵਾ:- ਕਰਮਾਂ ਦੇ ਫਿਰਾਏ ਹੋਏ ਮਾਇਆ ਦੇ ਵਿਚ ਫਿਰ ਰਹੇ ਹਨ।

**ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥ ੨ ॥**

ਕਿਰਤ=ਕਰਮਾਂ ਦੇ ਬਧੇ ਹੋਏ ਤ੍ਰਿਸ਼ਨਾਂ ਦੀ ਅੱਗ ਵਿਚ ਜਲਤ=ਸੜਦੇ ਹਨ ਤੇ ਮਾਇਆ ਦੇ ਮਗਰ ਇਸ ਤਰ੍ਹਾਂ ਫਿਰਦੇ ਹਨ ਜਿਵੇਂ ਤੇਲੀ ਦਾ ਬਲਦ ਕੋਹਲੂ ਦੇ ਆਲੇ ਦੁਆਲੇ ਭਉਂਦਾ ਹੈ॥ ੨ ॥

**ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ॥**

ਜੋ ਮੁਖੀ ਗੁਰਾਂ ਦੀ ਸੇਵਾ ਵਿਚ ਲੱਗੇ ਹਨ ਉਹ ਤਰ ਗਏ ਹਨ, ਵਡਭਾਗੀ ਪੁਰਸ਼ ਹੀ ਗੁਰਾਂ ਦੀ ਸੇਵਾ ਕਰਦੇ ਹਨ।

**ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ॥ ੩ ॥**

ਜਿਨ੍ਹਾਂ ਨੇ ਹਰੀ ਨਾਮ ਨੂੰ ਜਪਿਆ ਹੈ ਉਨ੍ਹਾਂ ਨੇ ਗਿਆਨ-ਫਲ ਪਾਇਆ ਹੈ ਅਤੇ ਉਨ੍ਹਾਂ ਦੇ ਗਲੋਂ ਮਾਇਆ ਦੇ ਸਾਰੇ ਫਾਹ ਟੁੱਟ ਗਏ ਹਨ॥ ੩ ॥

**ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥**

ਆਪੇ ਠਾਕੁਰ ਰੂਪ ਹੈ ਆਪੇ ਸੇਵਕ ਰੂਪ ਹੈ, ਸਾਰੇ ਰੂਪ ਗੋਬਿੰਦ ਆਪੇ ਆਪ ਹੋ ਰਿਹਾ ਹੈ।

**ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥ ੪ ॥ ੬ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਗੋਬਿੰਦ ਆਪੇ ਆਪ ਸਭ ਰੂਪ ਹੋ ਕੇ ਸਾਰਿਆਂ ਵਿਚ ਵਰਤ ਰਿਹਾ ਹੈ, ਜਿਵੇਂ ਉਹ ਰੱਖਦਾ ਹੈ ਤਿਵੇਂ ਸਾਰੇ ਜੀਵ ਰਹਿੰਦੇ ਹਨ॥ ੪॥ ੬॥

**ੴ ਸਤਿਗੁਰ ਪ੍ਰਸਾਦਿ ॥**

**ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥**

**ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥**

ਹੇ ਭਾਈ ! ਰਾਮ ਨਾਮ ਨੂੰ ਬੋਲਣਾ ਕਰੋ, ਜੋ ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ।

[ਪੰਨਾ ੮੦੧]

**ਹਰਿ ਸੰਤ ਭਗਤ ਤਾਰਨੋ ॥ ਹਰਿ ਭਰਿਪੁਰੇ ਰਹਿਆ ॥**

ਹਰੀ ਨਾਮ ਹੀ ਸੰਤਾਂ ਭਗਤਾਂ ਨੂੰ ਤਾਰਨ ਵਾਲਾ ਹੈ, ਹਰੀ ਸਾਰੇ ਭਰਪੂਰ ਹੋ ਰਿਹਾ ਹੈ।

**ਜਲਿ ਥਲੇ ਰਾਮ ਨਾਮੁ ॥ ਨਿਤ ਗਾਈਐ ਹਰਿ ਦੂਖ ਬਿਸਾਰਨੋ ॥ ੧ ॥ ਰਹਾਉ ॥**

ਰਾਮ ਹੈ ਨਾਮ ਜਿਸਦਾ ਉਹ ਜਲਾਂ, ਥਲਾਂ ਵਿਚ ਰਮ ਰਿਹਾ ਹੈ। ਜੋ ਹਰੀ ਦੁੱਖਾਂ ਦੇ ਦੂਰ ਕਰਨ ਵਾਲਾ ਹੈ ਉਸ ਦੇ ਨਾਮਾਂ ਨੂੰ ਨਿਤਾਪ੍ਰਤੀ ਗਾਉਣਾ ਕਰੋ॥ ੧ ॥ ਰਹਾਉ॥

**ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥**

ਹਰੀ ਨੇ ਮੇਰਾ ਮਨੁੱਖਾ ਜਨਮ ਸਫਲ ਕਰ ਦਿੱਤਾ ਹੈ। ਕਿਉਂਕਿ ਮੈਂ-

**ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥**

ਦੁੱਖਾਂ ਦੇ ਦੂਰ ਕਰਨ ਵਾਲਾ ਹਰਿ ਹਰਿ ਨਾਮ ਜਪਿਆ ਹੈ।

**ਗੁਰੁ ਭੇਟਿਆ ਹੈ ਮੁਕਤਿ ਦਾਤਾ ॥ ਹਰਿ ਕੀਈ ਹਮਾਰੀ ਸਫਲ ਜਾਤਾ ॥**

ਮੁਕਤੀ ਦੇਣ ਵਾਲਾ ਗੁਰੂ ਮਿਲਿਆ ਹੈ, ਇਸ ਕਰਕੇ ਹਰੀ ਨੇ ਸਾਡੀ ਗੁਰਾਂ ਪਾਸ ਜਾਣ ਦੀ ਯਾਤਰਾ, ਵਾ:-ਸੰਸਾਰਕ ਯਾਤਰਾ ਸਫਲ ਕਰ ਦਿੱਤੀ ਹੈ।

**ਮਿਲਿ ਸੰਗਤੀ ਗੁਨ ਗਾਵਨੋ ॥ ੧ ॥**

ਤੂੰ ਭੀ ਗੁਰਾਂ ਦੀ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਉਣਾ ਕਰ।

**ਮਨ ਰਾਮ ਨਾਮ ਕਰਿ ਆਸਾ ॥ ਭਾਉ ਦੂਜਾ ਬਿਨਸਿ ਬਿਨਾਸਾ ॥**

ਹੇ ਭਾਈ ! ਮਨ=ਮੈਂ ਰਾਮ ਰਾਮ ਜਪਣ ਦੀ ਆਸਾ ਕੀਤੀ ਹੈ, ਤੂੰ ਭੀ ਮਨ ਵਿਚ ਰਾਮ ਨਾਮ ਜਪਣ ਦੀ

ਆਸ ਕਰ ਅਤੇ ਦ੍ਵੈਤ ਭਾ ਨੂੰ ਬਿਨਸਿ=ਸ਼ੀਘਰ ਹੀ ਬਿਨਾਸਾ=ਨਾਸ ਕਰ ਦੇ।

*ਅਥਵਾ:-* ਨਾਸ ਕਰਨ ਵਾਲੇ ਦ੍ਵੈਤ ਭਾ ਨੂੰ ਨਾਸ ਕਰ ਦੇ।

*ਅਥਵਾ:-*ਦ੍ਵੈਤ ਭਾ ਨਾਸ ਕਰਕੇ ਬਿਨਾਸਾ ਬਿਨ ਆਸਾ=ਆਸ਼ਾ ਤੋਂ ਬਿਨਾਂ ਹੋ ਜਾ।

**ਵਿਚਿ ਆਸਾ ਹੋਇ ਨਿਰਾਸੀ ॥ ਸੋ ਜਨੁ ਮਿਲਿਆ ਹਰਿ ਪਾਸੀ ॥**

ਆਸਾ ਰੂਪ ਪ੍ਰਪੰਚ ਵਿਚ ਜੋ ਨਿਰਾਸ ਹੋ ਕੇ ਰਿਹਾ ਹੈ। ਉਹ ਪੁਰਸ਼ ਹਰੀ ਦੇ ਪਾਸ ਭਾਵ ਹਰੀ ਦੇ ਨਾਲ ਮਿਲਿਆ ਹੈ।

**ਕੋਈ ਰਾਮ ਨਾਮ ਗੁਨ ਗਾਵਨੋ ॥**

**ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥**

ਜਿਹੜਾ ਕੋਈ ਗੁਨ=ਵਿਚਾਰ ਕੇ ਰਾਮ ਨਾਮ ਦੇ ਗੁਣਾਂ ਨੂੰ ਗਾਉਣ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਨੂੰ ਉਸ ਦੇ ਚਰਨੀਂ ਲਾਉਣਾ ਕਰੋ॥ ੨ ॥ ੧ ॥ ੭॥ ੪॥ ੬॥ ੭॥ ੧੭॥

## ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧

## ੧ੴ ਸਤਿਗੁਰ ਪ੍ਰਸਾਦਿ ॥

**ਨਦਰੀ ਆਵੈ ਤਿਸੁ ਸਿਉ ਮੋਹੁ ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥**

ਜੋ ਸੰਸਾਰ ਨਿਗਾਹ ਆਉਂਦਾ ਹੈ ਇਹ ਮਨ ਉਸ ਨਾਲ ਮੋਹ ਕਰ ਰਿਹਾ ਹੈ।

ਹੇ ਨਾਸ ਤੋਂ ਰਹਿਤ ਪ੍ਰਭੂ ! ਤੇਰੇ ਨਾਲ ਕਿਵੇਂ ਮਿਲਾਪ ਹੋਵੇਗਾ?

**ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥**

ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸ਼ੁਭ ਰਸਤੇ ਵਿਚ ਪਾਵੋ ਅਤੇ ਸਤਸੰਗਤ ਦੇ ਅੰਚਲਿ=ਪੱਲੇ ਨਾਲ ਲਗਾ ਦਿਓ॥ ੧॥

**ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥**

ਇਹ ਜ਼ਹਿਰ ਦਾ ਸਮੁੰਦਰ-ਸੰਸਾਰ ਕਿਵੇਂ ਤਰਿਆ ਜਾਵੇਗਾ ?

*ਉੱਤਰ:-*ਨਾਮ ਗਿਆਨ ਰੂਪੀ ਜਹਾਜ਼ ਉੱਤੇ ਚੜ੍ਹਾ ਕੇ ਸਤਿਗੁਰੂ ਹੀ ਪਾਰ ਲੰਘਾਉਂਦੇ ਹਨ॥ ੧ ॥ ਰਹਾਉ॥

**ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥**

ਮਾਇਆ ਰੂਪੀ ਪੌਣ ਵਾਸ਼ਨਾਂ ਰੂਪੀ ਝੁਲਾਰੇ=ਬੁੱਲੇ (ਝੋਲੇ) ਦੇਂਦੀ ਹੈ। ਪਰ ਉਨ੍ਹਾਂ ਬੁੱਲਿਆਂ ਵਿਚ ਹਰੀ ਦੇ ਜੋ ਭਗਤ ਹਨ ਉਹ ਸਦਾ ਹੀ ਇਸਥਿਤ ਰੂਪ ਹਨ।

**ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥**

ਉਹ ਹਰਖ ਸੋਗ ਤੋਂ ਅਲੇਪ ਰਹਿੰਦੇ ਹਨ। ਕਿਉਂਕਿ ਉਨ੍ਹਾਂ ਦੇ ਸਿਰ ਉੱਤੇ ਗੁਰੂ ਆਪ ਰੱਖਿਆ ਕਰਨ ਵਾਲਾ ਹੈ॥ ੨॥

**ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥**
**ਹਉਮੈ ਪਚੇ ਦੀਪਕ ਦੇਖਿ ਪਤੰਗਾ ॥**

ਮਾਇਆ ਰੂਪ ਭੁਇਅੰਗਾ=ਸੱਪਣੀ ਨੇ ਸਾਰਿਆਂ ਜੀਵਾਂ ਨੂੰ ਵੇੜੁ=ਘੇਰਾ ਪਾਇਆ ਹੋਇਆ ਹੈ।

ਇਸ ਲਈ ਜੀਵ ਹਉਮੈ ਵਿਚ ਇਸ ਤਰ੍ਹਾਂ ਸੜ ਰਹੇ ਹਨ, ਜਿਵੇਂ ਪਤੰਗਾ ਦੀਵੇ ਨੂੰ ਵੇਖ ਕੇ ਉਸ ਉੱਤੇ ਜਾ ਸੜਦਾ ਹੈ।

**ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥ ੩ ॥**

ਗੁਰੂ ਤੋਂ ਬਿਨਾਂ ਭਾਵੇਂ ਸਾਰੇ ਸਾਧਨਾਂ ਰੂਪੀ ਸ਼ਿੰਗਾਰ ਕਰ ਭੀ ਲਵੇ, ਤੌਭੀ ਨਹੀਂ ਪਾਉਂਦਾ।

ਜਾਂ ਪ੍ਰਭੂ ਕ੍ਰਿਪਾਲੂ ਹੋਵੇ ਤਾਂ ਪੂਰਿਆਂ ਗੁਰਾਂ ਨਾਲ ਮਿਲਾਉਂਦਾ ਹੈ॥ ੩ ॥

**ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥**

ਮੈਂ ਉਦਾਸੀਨ ਹੋਈ ਫਿਰਦੀ ਹਾ, ਮੈਨੂੰ ਇਕ ਨਾਮ-ਰਤਨ ਦੀ ਦਸ ਪਈ ਹੈ ਇਸ ਲਈ ਉਸ ਨਾਮ-ਰਤਨ ਨੂੰ ਦਸਾਇਆ=ਪੁੱਛਦੀ ਹਾਂ।

**ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥**

ਉਹ ਨਿਰਮੋਲਕ ਹੀਰਾ ਨਾਮ ਆਪਣੇ ਆਪ ਕਿਸੇ ਜਤਨ ਨਾਲ ਮਿਲਦਾ ਨਹੀਂ ਹੈ।

**ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥**

ਹਰੀ ਦਾ ਮੰਦਰ ਜੋ ਸਤਸੰਗ ਹੈ ਉਸ ਵਿਚ ਲਾਲੁ=ਪ੍ਰੇਮ ਵਾ-ਨਾਮ ਹੈ।

ਅਥਵਾ:-ਹਰੀ ਦਾ ਮੰਦਰ ਜੋ ਅੰਤਹਕਰਨ ਹੈ.ਉਸ ਵਿਚ ਲਾਲੁ=ਪਿਆਰਾ ਪ੍ਰਭੂ ਪਰਮਾਤਮਾ ਹੈ।

**ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥ ੪ ॥**

ਜਿਸ ਵੇਲੇ ਗੁਰਾਂ ਨੇ ਪੰਜਾਂ ਕੋਸ਼ਾਂ ਰੂਪੀ ਪੜਦਾ ਖੋਲ੍ਹਿਆ ਤਾਂ ਪਰਮਾਤਮਾ ਨੂੰ ਦੇਖਕੇ ਨਿਹਾਲ ਹੋ ਗਈ॥ ੪ ॥

**ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥**

ਜਿਸ ਨੇ ਚਾਖਿਆ=ਚੱਖਿਆ (ਖਾਧਾ) ਹੈ ਓਸੇ ਨੂੰ ਸਾਦੁ=ਅਨੰਦ ਆਇਆ ਹੈ। ਜਿਵੇਂ ਗੂੰਗਾ ਪੁਰਸ਼ ਗੁੜ ਆਦਿਕ ਮਿਸ਼ਠਾਨ ਖਾ ਕੇ ਮਨ ਵਿਚ ਅਸਚਰਜ ਹੁੰਦਾ ਹੈ।

**ਆਨਦ ਰੂਪੁ ਸਭੁ ਨਦਰੀ ਆਇਆ ॥**

ਉਸ ਨੂੰ ਸਾਰਿਆਂ ਵਿਚ ਅਨੰਦ ਰੂਪ ਪਰਮਾਤਮਾ ਨਿਗਾਹ ਆਇਆ ਹੈ।

**ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥ ੫ ॥ ੧ ॥**

ਗੁਰੂ ਜੀ ਕਥਨ ਕਰਦੇ ਹਨ—ਹਰੀ ਦੇ ਗੁਣ ਆਖਣ ਵਾਲਾ ਪੁਰਸ਼ ਉਸ ਦੇ ਵਿਚ ਹੀ ਸਮਾ ਗਿਆ ਹੈ॥ ੫ ॥ ੧ ॥

**ਬਿਲਾਵਲੁ ਮਹਲਾ ੫ ॥ ਸਰਬ ਕਲਿਆਣ ਕੀਏ ਗੁਰਦੇਵ ॥**

ਗੁਰਦੇਵਾਂ ਨੇ ਉਸ ਸੇਵਕ ਨੂੰ ਸਾਰੇ ਕਲਿਆਣ=ਸੁਖ ਪ੍ਰਾਪਤ ਕਰ ਦਿੱਤੇ ਹਨ।

**ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥**

ਜਿਸ ਸੇਵਕ ਨੂੰ ਆਪਣੀ ਸੇਵਾ ਵਿਚ ਲਗਾਇਆ ਹੈ। ਅਲੱਖ ਅਭੇਵ ਦੇ ਜਪਿਆਂ ਕੋਈ ਵਿਘਨ ਨਹੀਂ ਆ ਕੇ ਲੱਗਦਾ ॥ ੧॥

**ਧਰਤਿ ਪੁਨੀਤ ਭਈ ਗੁਨ ਗਾਏ ॥**

**ਦੂਰਤੁ ਗਇਆ ਹਰਿ ਨਾਮੁ ਧਿਆਏ ॥ ੧ ॥ ਰਹਾਉ ॥**

ਜਿਥੇ ਬਹਿ ਕੇ ਸੰਤਾਂ ਨੇ ਗੁਣ ਗਾਏ ਹਨ ਉਹ ਪ੍ਰਤੱਖ ਧਰਤੀ, ਵਾ:-ਬੁੱਧੀ ਰੂਪ ਧਰਤੀ ਪੁਨੀਤ=ਪਵਿੱਤ੍ਰ ਹੋਈ ਹੈ। ਹਰੀ ਨਾਮ ਦੇ ਧਿਆਉਣ ਕਰਕੇ ਦੁਰਤੁ=ਪਾਪਾਂ ਦਾ ਪੁੰਜ ਨਵਿਰਤ ਹੋ ਗਿਆ ਹੈ॥ ੧॥

**ਸਭਨੀ ਥਾਂਈ ਰਵਿਆ ਆਪਿ ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥**

ਸਾਰੀਆਂ ਜਗ੍ਹਾਂ ਪਰ ਉਹ ਪ੍ਰਭੂ ਆਪ ਰਵ ਰਿਹਾ ਹੈ। ਆਦਿ ਜੁਗਾਦਿ=ਸਦਾ ਸਦਾ ਜਿਸ ਦਾ ਸਭ ਤੋਂ ਵੱਡਾ ਪ੍ਰਤਾਪ ਹੈ।

**ਗੁਰ ਪਰਸਾਦਿ ਨ ਹੋਇ ਸੰਤਾਪੁ ॥ ੨ ॥**

ਗੁਰਾਂ ਦੀ ਕਿਰਪਾ ਨਾਲ ਸੰ=ਭਲੀ ਪ੍ਰਕਾਰ ਕੋਈ ਦੁੱਖ ਨਹੀਂ ਹੁੰਦਾ॥ ੨॥

**ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰਬਿਘਨ ਹੋਇ ਸਭ ਥਾਂਈ ਵੂਠੇ ॥**

ਗੁਰੂ ਦੇ ਚਰਨ ਮਨ ਵਿਚ ਪਿਆਰੇ ਲੱਗੇ ਹਨ। ਹੁਣ ਬਿਘਨਾਂ ਤੋਂ ਰਹਿਤ ਹੋ ਕੇ ਸਭ ਜਗ੍ਹਾਂ ਪਰ ਸੁਖ ਪੂਰਬਕ ਵਸੇ ਹਾਂ।

*ਅਥਵਾ:*-ਬਿਘਨਾਂ ਤੋਂ ਰਹਿਤ ਹੋ ਗਏ ਹਾਂ ਤੇ ਸਭ ਜਗ੍ਹਾਂ ਪਰ ਪਰਮੇਸ਼ਰ ਨੂੰ ਵਸਿਆ ਨਿਸਚੇ ਕੀਤਾ ਹੈ।

**ਸਭਿ ਸੁਖ ਪਾਏ ਸਤਿਗੁਰ ਤੂਠੇ ॥ ੩ ॥**

ਸਤਿਗੁਰਾਂ ਦੇ ਤੂਠੇ=ਪ੍ਰਸੰਨ ਹੋਣ ਨਾਲ ਸਾਰੇ ਸੁਖ ਪਾਏ ਹਨ॥ ੩॥

**ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ ਜਿਥੈ ਕਿਥੈ ਦੀਸਹਿ ਨਾਲੇ ॥**

ਪਾਰਬ੍ਰਹਮ ਪ੍ਰਭੂ ਰੱਖਿਆ ਕਰਨ ਵਾਲੇ ਹੋਏ ਹਨ। ਜਿਥੇ ਕਿਥੇ (ਹਰ ਜਗ੍ਹਾਂ ਪਰ) ਨਾਲ ਹੀ ਦਿਸਦੇ ਹਨ।

**ਨਾਨਕ ਦਾਸ ਖਸਮਿ ਪ੍ਰਤਿਪਾਲੇ ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਖਸਮ ਪਰਮਾਤਮਾ ਦਾਸਾਂ ਦੀ ਆਪ ਹੀ ਪ੍ਰਤਿਪਾਲਾ ਕਰਦਾ ਹੈ। ਵਾ:-ਦਾਸ ਜਾਣ ਕੇ ਖਸਮ ਨੇ ਆਪ ਹੀ ਪਾਲਣਾ ਕੀਤੀ ਹੈ॥ ੪॥ ੨॥

[ਪੰਨਾ ੮੦੨]

## ਬਿਲਾਵਲੁ ਮਹਲਾ ੫ ॥

**ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥**

ਹੇ ਮੇਰੇ ਪ੍ਰੀਤਮ ਪ੍ਰਭੂ ! ਤੂੰ ਸੁਖਾਂ ਦਾ ਨਿਧਾਨ=ਖਜ਼ਾਨਾ ਹੈਂ। ਹੇ ਪ੍ਰਭੂ ਠਾਕੁਰ ! ਤੇਰੇ ਗੁਣ ਅਗਨਤ= ਬੇਅੰਤ ਹਨ।

**ਮੋਹਿ ਅਨਾਥ ਤੁਮਰੀ ਸਰਣਾਈ॥ ਕਰਿ ਕਿਰਪਾ ਹਰਿ ਚਰਨ ਧਿਆਈ॥੧॥**

ਮੈਂ ਅਨਾਥ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ। ਇਹ ਕਿਰਪਾ ਕਰ ਜੋ ਹੇ ਹਰੀ! ਆਪ ਜੀ ਦੇ ਚਰਨਾਂ ਦਾ ਧਿਆਈ ਹੋਵਾਂ ॥੧॥

**ਦਇਆ ਕਰਹੁ ਬਸਹੁ ਮਨਿ ਆਇ॥**
**ਮੋਹਿ ਨਿਰਗੁਨ ਲੀਜੈ ਲੜਿ ਲਾਇ॥ ਰਹਾਉ॥**

ਦਇਆ-ਦ੍ਰਿਸ਼ਟੀ ਕਰਕੇ ਮੇਰੇ ਮਨ ਵਿਚ ਆ ਵੱਸੋ। ਮੈਂ ਗੁਣਾਂ ਤੋਂ ਹੀਣੇ ਨੂੰ ਆਪਣੇ ਨਾਮ-ਪੱਲੇ ਨਾਲ ਲਗਾ ਲਵੋ॥ ਰਹਾਉ॥

**ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ॥ ਹਰਿ ਸੇਵਕ ਨਾਹੀ ਜਮ ਪੀੜ॥**

ਪ੍ਰਭੂ ਚੇਤੇ ਆਵੇ ਤਾਂ ਫਿਰ ਕੇਹੀ ਭੀੜ=ਬਿਪਤਾ ਹੈ, ਵਾ:-ਕਾਮ ਆਦਿਕਾਂ ਦੀ ਭੀੜਾ ਵਿਚ, ਵਾ:-ਜਮਾਂ ਦੀ ਭੀੜਾ ਵਿਚ ਕਿਵੇਂ ਜਾ ਸਕਦਾ ਹੈ? ਹਰੀ ਦੇ ਸੇਵਕ ਨੂੰ ਜਮਾਂ ਦੀ ਪੀੜ ਨਹੀਂ ਹੁੰਦੀ।

**ਸਰਬ ਦੂਖ ਹਰਿ ਸਿਮਰਤ ਨਸੇ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ॥੨॥**

ਹਰੀ ਦੇ ਸਿਮਰਨ ਕਰਕੇ ਸਾਰੇ ਦੁੱਖ ਨੱਸ ਜਾਂਦੇ ਹਨ। ਜਿਸ ਨਾਮ ਦੇ ਸੰਗ ਕਰਕੇ ਸਦੀਵ ਕਾਲ ਪ੍ਰਭੂ ਹਿਰਦੇ ਵਿਚ ਵੱਸਦਾ ਹੈ। *ਅਥਵਾ:*- ਜਿਨ੍ਹਾਂ ਸੰਤਾਂ ਦੇ ਨਾਲ ਪ੍ਰਭੂ ਸਦਾ ਵੱਸਦਾ ਹੈ, ਉਨ੍ਹਾਂ ਸੰਤਾਂ ਨਾਲ ਮਿਲ ਕੇ ਹਰੀ ਨੂੰ ਸਿਮਰਦਿਆਂ ਸਾਰੇ ਦੁੱਖ ਨੱਸ ਜਾਂਦੇ ਹਨ॥੨॥

**ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ॥ ਬਿਸਰਤ ਨਾਮੁ ਹੋਵਤ ਤਨੁ ਛਾਰੁ॥**

ਪ੍ਰਭ ਕਾ ਨਾਮ ਮਨ ਅਤੇ ਤਨ ਦਾ ਆਧਾਰੁ=ਆਸਰਾ ਰੂਪ ਹੈ। ਨਾਮ ਦੇ ਭੁੱਲ ਜਾਣ ਤੇ ਸਰੀਰ ਛਾਰੁ=ਖੇਹ ਰੂਪ ਹੋ ਜਾਂਦਾ ਹੈ।

**ਪ੍ਰਭ ਚਿਤਿ ਆਏ ਪੂਰਨ ਸਭ ਕਾਜ॥ ਹਰਿ ਬਿਸਰਤ ਸਭ ਕਾ ਮੁਹਤਾਜ॥੩॥**

ਪ੍ਰਭੂ ਦੇ ਚੇਤੇ ਆਉਣ ਕਰਕੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ। ਹਰੀ ਦੇ ਭੁੱਲ ਜਾਣ ਤੇ ਸਭ ਦਾ ਮੁਥਾਜ ਹੋ ਜਾਂਦਾ ਹੈ ਭਾਵ ਸਭ ਦੇ ਅਧੀਨ ਹੋ ਕੇ ਰਹਿੰਦਾ ਹੈ॥੩॥

**ਚਰਨ ਕਮਲ ਸੰਗਿ ਲਾਗੀ ਪ੍ਰੀਤਿ॥ ਬਿਸਰਿ ਗਈ ਸਭ ਦੁਰਮਤਿ ਰੀਤਿ॥**

ਪ੍ਰਭੂ ਦੇ ਚਰਨ-ਕਵਲਾਂ ਨਾਲ ਜਿਸ ਦੀ ਪ੍ਰੀਤੀ ਲੱਗੀ ਹੈ। ਉਸ ਦੇ ਅੰਦਰੋਂ ਖੋਟੀ ਮੱਤ ਵਾਲੀ ਸਾਰੀ ਰੀਤੀ ਭੁੱਲ ਗਈ ਹੈ।

**ਮਨ ਤਨ ਅੰਤਰਿ ਹਰਿ ਹਰਿ ਮੰਤ॥**

ਜਿਨ੍ਹਾਂ ਦੇ ਮਨ ਤਨ ਦੇ ਵਿਚ ਹਰਿ ਹਰਿ ਮੰਤ=ਨਾਮ-ਮੰਤ੍ਰ ਵੱਸਦਾ ਹੈ।

**ਨਾਨਕ ਭਗਤਨ ਕੈ ਘਰਿ ਸਦਾ ਅਨੰਦ॥੪॥੩॥**

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਭਗਤਾਂ ਦੇ ਹਿਰਦੇ-ਘਰ ਵਿਚ ਸਦਾ ਹੀ ਅਨੰਦ ਹੈ॥੪॥੩॥

## ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ

*ਇਆਨੜੀਏ ਮਾਨੜਾ ਕਾਇ ਕਰੇਹਿ ॥**

ਜਿਸ ਤੀਜੇ ਘਰ ਵਿਚ ਇਹ ਸ਼ਬਦ ਗਾਂਉਣਾ ਕੀਤਾ ਹੈ ਓਸੇ ਘਰ ਵਿਚ ਇਸ ਨੂੰ ਗਾਇਨ ਕਰਨਾ ਪਰ ਇਥੇ ਘਰੁ ੨ ਭੀ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਦੋ ਤਾਰ ਵਿਚ ਅਤੇ ਤਿੰਨ ਤਾਰ ਵਿਚ ਭੀ ਇਸ ਨੂੰ ਗਾਉਣਾ। ਜਾਂ ਦੋ ਤਿੰਨ, ਪੰਜ, ਪੰਜ ਤਾਰ ਵਿਚ ਇਸ ਨੂੰ ਗਾਇਨ ਕਰਨਾ।

*ਅਥਵਾ:-''ਜਾਨੀਅੜਾ ਹਰਿ ਜਾਨੀਅੜਾ''***

ਜਿਸ ਘਰ ਵਿਚ ਇਹ ਸ਼ਬਦ ਗਾਇਨ ਕੀਤਾ ਹੈ ਓਸੇ ਘਰ ਵਿਚ ਇਹ ਸ਼ਬਦ ਗਾਇਨ ਕਰਨਾ ।

ਵਾ:-ਯਾਨੜੀਏ ਛੰਦ ਦੀ ਚਾਲ ਹੈ। ਵਾ:-ਯਾਨੜੀਏ=ਪਿਆਰੇ ਪ੍ਰਭੂ ਨੂੰ ਹਿਰਦੇ-ਘਰ ਵਿਚ ਲਿਆ ਕੇ ਇਸ ਸ਼ਬਦ ਨੂੰ ਗਾਇਨ ਕਰਨਾ।

### ੴ ਸਤਿਗੁਰ ਪ੍ਰਸਾਦਿ ॥

### ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥

ਮੇਰੇ ਮਨ ਵਿਚ ਤੇਰੀ ਓਟ ਹੈ, ਮੇਰੇ ਪਿਆਰੇ ਪ੍ਰਭੂ ! ਮੇਰੇ ਮਨ ਵਿਚ ਆਪ ਜੀ ਦੀ ਟੇਕ=ਓਟ ਹੈ।

### ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ ਰਹਾਉ ॥

ਹੇ ਪਿਆਰੇ ਪ੍ਰਭੂ ! ਹੋਰ ਸਭ ਸਿਆਣਪਾਂ ਵਿਅਰਥ ਹਨ; ਇਕ ਤੂੰਹੀਂ ਰੱਖਿਆ ਕਰਨੇ ਨੂੰ ਸਮਰੱਥ ਹੈਂ।

### ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥

ਹੇ ਪਿਆਰੇ ! ਜਿਹੜਾ ਪੂਰਿਆਂ ਸਤਿਗੁਰਾਂ ਨੂੰ ਮਿਲਦਾ ਹੈ ਓਹੀ ਪੁਰਸ਼ ਨਿਹਾਲ ਹੁੰਦਾ ਹੈ।

### ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥

ਹੇ ਪਿਆਰੇ ! ਓਹੀ ਪੁਰਸ਼ ਗੁਰਾਂ ਦੀ ਸੇਵਾ ਕਰਦਾ ਹੈ, ਜਿਸ ਉੱਤੇ ਉਹ ਪ੍ਰਭੂ ਦਿਆਲੂ ਹੁੰਦਾ ਹੈ।

### ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥

ਸੁਆਮੀ ਗੁਰਦੇਵਾਂ ਦੀ ਮੂਰਤੀ ਸਫਲ ਹੈ ਅਤੇ ਸਰਬ ਸ਼ਕਤੀਆਂ ਕਰਕੇ ਭਰਪੂਰ ਹੈ।

### ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਪਾਰਬ੍ਰਹਮ ਰੂਪ ਹਨ ਤੇ ਪਰਮੇਸ਼ਰ ਆਪ ਗੁਰੂ ਰੂਪ ਹੋਇਆ ਹੈ, *ਅਥਵਾ:*-ਪਾਰਬ੍ਰਹਮ ਪਰਮੇਸ਼ਰ ਸਦਾ ਸਦਾ ਗੁਰਾਂ ਦੇ ਹਜੂਰੇ=ਪਾਸ ਵੱਸਦਾ ਹੈ॥ ੧॥

### ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ਹ ਅਪੁਨਾ ਪ੍ਰਭੁ ਜਾਤਾ ॥

ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ ਜਾਣਿਆ ਹੈ ਮੈਂ ਉਹਨਾਂ ਦੀ ਸੋਇ=ਸ਼ੋਭਾ, ਵਾ:-ਕੰਨਸੋਆਂ ਸੁਣ-ਸੁਣ ਕੇ ਜੀਉਂਦਾ ਹਾਂ।

### ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥

---

*ਪੰਨਾ ੭੨੨ ਤਿਲੰਗ ਮ: ੧. **ਰਾਮਕਲੀ ਮ: ੫ ਛੰਤ, ਪੰਨਾ ੯੨੪

ਉਹ ਹਰੀ ਨਾਮ ਨੂੰ ਅਰਾਧਦੇ ਹਨ, ਹਰੀ ਨਾਮ ਨੂੰ ਕਥਨ ਕਰਦੇ ਹਨ, ਹਰੀ ਨਾਮ ਵਿਚ ਹੀ ਉਹਨ੍ਹਾਂ ਦਾ ਮਨ ਰੱਤਾ ਹੋਇਆ ਹੈ।

**ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ॥**

ਮੈਂ ਸੇਵਕ ਸੰਤ ਜਨਾਂ ਦੀ ਸੇਵਾ ਮੰਗਦਾ ਹਾਂ, ਪਰ ਸੇਵਾ ਦਾ ਕਮਾਉਣਾ ਪੂਰਿਆਂ ਕਰਮਾਂ ਕਰਕੇ ਹੁੰਦਾ ਹੈ।

*ਅਥਵਾ:*-ਪੂਰਿਆਂ ਕਰਮਾਂ ਨਾਲ ਹੀ ਉਹਨਾਂ ਦੀ ਸੇਵ ਕਮਾਵਾਂਗਾ।

**ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ॥੨॥**

ਗੁਰੂ ਜੀ ਕਥਨ ਕਰਦੇ ਹਨ-ਹੇ ਸੁਆਮੀ! ਮੇਰੀ ਏਹੋ ਬੇਨਤੀ ਹੈ ਕਿ ਤੇਰਿਆਂ ਸੰਤ ਜਨਾਂ ਦਾ ਦਰਸ਼ਨ ਦੇਖਣਾ ਪਾਵਾਂ॥ ੨॥

**ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤ ਸੰਗਤਿ ਜਿਨਾ ਵਾਸੋ॥**

ਹੇ ਪਿਆਰੇ! ਉਹ ਪੁਰਸ਼ ਵਡਭਾਗੀ ਕਹੇ ਜਾਂਦੇ ਹਨ, ਜਿਨ੍ਹਾਂ ਦਾ ਸੰਤਾਂ ਦੀ ਸੰਗਤ ਵਿਚ ਨਿਵਾਸ ਹੁੰਦਾ ਹੈ।

**ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ॥**

ਪਵਿੱਤਰ ਕਰਨ ਵਾਲੇ ਨਾਮ-ਅੰਮ੍ਰਿਤ ਨੂੰ ਆਰਾਧਣਾ ਕਰੀਏ ਤਾਂ ਮਨ ਵਿਚ ਪਰਗਾਸੋ=ਗਿਆਨ ਹੁੰਦਾ ਹੈ।

**ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ॥**

ਗਿਆਨ ਕਰਕੇ ਹੇ ਪਿਆਰੇ ! ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ ਅਤੇ ਜਮਾਂ ਦੀ ਕਾਨ-ਕਨੌਡ ਚੁੱਕ ਜਾਂਦੀ ਹੈ।

**ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ॥੩॥**

ਗੁਰੂ ਜੀ ਕਥਨ ਕਰਦੇ ਹਨ-ਜੋ ਆਪਣੇ ਪ੍ਰਭੂ ਦੇ ਭਾਣੇ ਅੰਦਰ ਰਹਿੰਦੇ ਹਨ,

ਵਾ:-ਜੋ ਆਪਣੇ ਪ੍ਰਭੂ ਨੂੰ ਭਾਣੇ=ਚੰਗੇ ਲੱਗੇ ਹਨ, ਉਹਨਾਂ ਨੂੰ ਪ੍ਰਭੂ ਦਾ ਦਰਸ਼ਨ ਪ੍ਰਾਪਤ ਹੁੰਦਾ ਹੈ॥ ੩॥

**ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥**

ਹੇ ਸੁਆਮੀ ! ਤੂੰ ਅਪਾਰ ਉੱਚਾ ਹੈਂ ਤੇਰੇ ਬੇਅੰਤ ਗੁਣ ਹਨ, ਤੇਰਿਆਂ ਗੁਣਾਂ ਨੂੰ ਕੌਣ ਜਾਣ ਸਕਦਾ ਹੈ?

**ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥**

ਤੇਰੇ ਗੁਣਾਂ ਨੂੰ ਗਾਉਣ ਵਾਲੇ ਤਰ ਗਏ ਹਨ, ਸੁਣਨ ਵਾਲੇ ਭੀ ਤਰ ਗਏ ਹਨ, ਕਿਉਂਕਿ ਉਹਨਾਂ ਦੇ ਬਹੁਤੇ ਜਨਮਾਂ ਦੇ ਪਾਪ ਨਾਸ ਹੋ ਗਏ ਹਨ।

**ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥**

ਪਸੂਆਂ, ਪਰੇਤਾਂ ਤੇ ਮੂਰਖਾਂ ਨੂੰ ਤਾਰ ਦਿੱਤਾ ਹੈ, ਵਾ:-ਜੋ ਮੂਰਖ ਪਸੂਆਂ ਪਰੇਤਾਂ ਵਾਂਗ ਸਨ ਉਹਨਾਂ ਨੂੰ ਤਾਰ ਦਿੱਤਾ ਹੈ, ਪਾਹਨ=ਪੱਥਰਾਂ ਦੀ ਨਿਆਈਂ ਕਠੋਰ ਹਿਰਦੇ ਵਾਲਿਆਂ ਨੂੰ ਭੀ,

ਵਾ:-ਪੱਥਰਾਂ ਵਾਂਗ ਬੜੇ ਭਾਰੀ ਪਾਪੀਆਂ ਨੂੰ ਭੀ ਪਾਰ ਉਤਾਰ ਦਿੱਤਾ ਹੈ।

**ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ॥੪॥੧॥੪॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਤੇਰੀ ਸ਼ਰਨ ਵਿਚ ਆਇਆ ਹਾਂ ਅਤੇ ਸਦਾ-ਸਦਾ ਮੈਂ ਆਪ ਜੀ

ਤੋਂ ਬਲਿਹਾਰ ਜਾਂਦਾ ਹਾਂ॥ ੪॥ ੧॥ ੪॥

**ਬਿਲਾਵਲੁ ਮਹਲਾ ੫॥**

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**

ਹੇ ਸਖੀਏ! ਵਿਸ਼ਿਆਂ ਰੂਪੀ ਬਨੁ=ਜਲ ਨੂੰ ਫਿੱਕਾ ਜਾਣ ਕੇ ਤਿਆਗ ਦੇ; ਨਾਮ ਅੰਮ੍ਰਿਤ ਨੂੰ ਮਹਾਂ ਰਸ ਦਾਇਕ ਜਾਣ ਕੇ ਪੀਣਾ ਕਰ।

**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥**

ਨਾਮ-ਰਸ ਦੇ ਚੱਖੇ ਤੋਂ ਬਿਨਾਂ ਸਾਰੀ ਦੁਨੀਆਂ ਨਰਕਾਂ ਵਿਚ ਡੁੱਬ ਗਈ ਹੈ, ਵਿਸ਼ਿਆਂ ਵਿਚ ਲੱਗ ਕੇ ਕੋਈ ਜੀਵ ਸੁਖੀ ਨਹੀਂ ਹੁੰਦਾ।

[ਪੰਨਾ ੮੦੩]

**ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ॥**

ਨਾ ਕੋਈ ਤੇਰਾ ਮਾਨੁ ਕਰਦਾ ਹੈ, ਨਾ ਕੋਈ ਮਹਤੁ=ਮਰਾਤਬਾ ਪ੍ਰਾਪਤ ਹੈ, ਨਾਹੀ ਕੋਈ ਤੇਰੇ ਵਿਚ ਸਕਤਿ=ਸ਼ਕਤੀ ਹੈ ਇਸ ਲਈ ਤੂੰ ਸੰਤਾਂ ਦੀ ਦਾਸੀ ਥੀਓ=ਹੋ ਜਾ।

**ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ॥ ੧॥**

ਗੁਰੂ ਜੀ ਕਥਨ ਕਰਦੇ ਹਨ-ਦਰਬਾਰ ਵਿਚ ਉਹ ਪੁਰਸ਼ ਸ਼ੋਭਾ ਵਾਲੇ ਹਨ, ਜੋ ਪ੍ਰਭੂ ਨੇ ਆਪਣੇ ਦਾਸ ਕੀਤੇ ਹਨ॥ ੧॥

**ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ॥**

ਹੇ ਸਖੀਏ! ਜਿਨ੍ਹਾਂ ਪਦਾਰਥਾਂ ਵਿਚ ਤੇਰਾ ਚਿੱਤ ਭਰਮ ਰਿਹਾ ਹੈ ਇਹ ਪਦਾਰਥ ਹਰਿ ਚੰਦਉਰੀ=ਗੰਧਰਬ ਨਗਰੀ ਵਾਂਗ ਮਿਥਿਆ ਹਨ, ਜਿਵੇਂ ਮ੍ਰਿਗ-ਤ੍ਰਿਸ਼ਨਾਂ ਦਾ ਜਲ ਝੂਠਾ ਹੁੰਦਾ ਹੈ, ਤਿਵੇਂ ਇਹ ਭੀ ਝੂਠੇ ਹਨ, ਫੇਰ ਜਿਵੇਂ ਦ੍ਰੁਮ=ਬ੍ਰਿੱਛ ਦੀ ਛਾਂ ਅਨਿਸਥਿਰ ਹੁੰਦੀ ਹੈ, ਤਿਵੇਂ ਏਹ ਪਦਾਰਥ ਭੀ ਥਿਰ ਰੂਪ ਨਹੀਂ ਹਨ।

**ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ॥**

ਹੇ ਸਖੀਏ! ਚੰਚਲ ਮਾਇਆ ਜੀਵ ਦੇ ਨਾਲ ਚਲਦੀ ਨਹੀਂ ਹੈ,

ਅੰਤ ਵੇਲੇ ਮਾਇਆ ਨੂੰ ਇਥੇ ਹੀ ਤਿਆਗ ਕੇ (ਛੱਡ ਕੇ) ਜੀਵ ਚਲਾ ਜਾਂਦਾ ਹੈ।

**ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ॥**

ਰਸਿ=ਰਸੀਏ ਪੁਰਸ਼ ਸ਼ਬਦ, ਸਪੱਰਸ਼ ਰੂਪ ਰਸ ਆਦਿਕ ਵਿਸ਼ਿਆਂ ਦੇ ਭੋਗਣ ਵਿਚ ਅਤਿ=ਅਤਿਅੰਤ (ਬਹੁਤੇ) ਮਸਤ ਹਨ, ਪਰ ਇਹਨਾਂ ਵਿਸ਼ਿਆਂ ਦੇ ਸੰਗ ਕਰਕੇ ਕਿਸੀ ਨੇ ਦਰਗਾਹ ਦਾ ਸੁਖ ਨਹੀਂ ਪਾਇਆ।

**ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ॥ ੨॥**

ਗੁਰੂ ਜੀ ਕਥਨ ਕਰਦੇ ਹਨ-ਹੇ ਸਖੀਏ! ਉਹ ਸਾਧ ਜਨ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ॥ ੨॥

## ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ ॥

ਹੇ ਵਡਭਾਗਣੀ ਸਖੀਏ ! ਜਾ ਕੇ ਵੱਸਣਾ ਕਰੋ, *ਪ੍ਰਸ਼ਨ:-* ਕਿਥੇ ਜਾ ਕੇ ਵੱਸੀਏ ?

*ਗੁਰ ਉੱਤਰ:-* ਸੰਤਾਂ ਦੇ ਸੰਗ ਵਿਚ ਜਾ ਕੇ ਸਮਾਉਣਾ ਕਰੋ। ਜਾਂ ਹੇ ਵਡਭਾਗਣੀ ਸਖੀਏ ! ਸੰਤਾਂ ਦੇ ਸਤਸੰਗ ਵਿਚ ਜਾ ਕੇ ਵੱਸਣਾ ਕਰੋ ਤਾਂ ਸਰੂਪ ਵਿਚ ਸਮਾਈ ਹੋਵੇਗੀ।

## ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨਕਮਲ ਲਿਵ ਲਾਈਐ ॥

ਤਿਥੇ ਨਾ ਦੁੱਖ, ਨਾ ਭੁੱਖ ਅਤੇ ਨਾ ਹੀ ਕੋਈ ਰੋਗ ਬਿਆਪਦਾ ਹੈ, ਇਸ ਲਈ ਸੰਤਾਂ ਦੇ ਚਰਨ-ਕਮਲ ਨਾਲ ਲਿਵ ਲਗਾਉਣਾ ਕਰੋ। ਜਾਂ ਉਹਨਾਂ ਸੰਤਾਂ ਦੇ ਚਰਨ-ਕਮਲਾਂ ਨਾਲ ਲਿਵ ਲਗਾਉਣਾ ਕਰੋ, ਤਾਂ ਜਨਮ ਮਰਨ ਦਾ ਦੁੱਖ ਨਹੀਂ ਹੁੰਦਾ, ਭੁਖ ਤ੍ਰਿਸ਼ਨਾਂ ਨਹੀਂ ਵਧਦੀ ਤੇ ਨਾ ਹੀ ਹਉਮੈ ਰੂਪੀ ਰੋਗ ਬਿਆਪੈ=ਲੱਗਦਾ ਹੈ।

## ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ ॥

ਜਿਸ ਨੇ ਮਨ ਨੂੰ ਨਿਸਚਲ ਕਰਕੇ ਸੰਤਾਂ ਦੀ ਸ਼ਰਨ ਪਾਈ ਹੈ, ਉਸ ਦਾ ਮੁੜ ਕੇ ਜੰਮਣਾ ਮਰਨਾ ਨਹੀਂ ਹੁੰਦਾ ਤੇ ਨਾ ਹੀ ਸੰਸਾਰ ਵਿਚ ਆਉਣਾ ਜਾਣਾ ਹੁੰਦਾ ਹੈ।

*ਅਥਵਾ:-* ਤਹ=ਤਿਸ ਸਤਸੰਗ ਵਿਚ ਨਾ ਜੰਮਣਾ ਮਰਨਾ ਹੈ ਨਾ ਹੀ ਆਉਣਾ ਜਾਣਾ ਹੈ।

ਸਤਸੰਗ ਦਵਾਰਾ ਨਿਸਚਲੁ=ਪਰਮਾਤਮਾ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਈਏ।

## ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਨਾਲ ਪ੍ਰੇਮ ਕਰਕੇ ਇਕ ਹਰੀ ਨੂੰ ਧਿਆਉਣਾ ਕਰੀਏ ਤਾਂ ਪਦਾਰਥਾਂ ਦਾ ਵਿਛੋੜਾ ਤੇ ਸਬੰਧੀਆਂ ਦਾ ਮੋਹ ਨਹੀਂ ਬਿਆਪੈ=ਲਗਦਾ ॥ ੩ ॥

## ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥

ਪਿਆਰੇ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਜਿਨ੍ਹਾਂ ਦੇ ਮਨ ਨੂੰ ਬੇਧਿਆ=ਵਿੰਨ੍ਹਿਆ ਹੈ, ਉਹ ਸਹਿਜੇ ਹੀ ਸੁਭਾਏ=ਸ੍ਰੇਸ਼ਟ ਪ੍ਰੇਮ ਵਿਚ ਰਤੜੇ=ਰੰਗੇ ਗਏ ਹਨ।

## ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥

ਉਹਨਾਂ ਨੇ ਅਨੰਦ ਰੂਪ ਪਰਮਾਤਮਾ ਦੇ ਮੰਗਲ-ਦਾਇਕ ਗੁਣ ਗਾਏ ਹਨ, ਇਸ ਲਈ ਪ੍ਰੀਤਮ ਨਾਲ ਮਿਲਣ ਕਰਕੇ ਉਹਨਾਂ ਦੀ ਅੰਤਹਕਰਨ ਰੂਪੀ ਸੇਜਾ ਸ਼ੋਭਨੀਕ ਹੋਈ ਹੈ।

## ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥

ਜੋ ਸਹੇਲੀ=ਪਿਆਰੀ ਸਖੀ ਰਾਮ ਦੇ ਰੰਗ ਵਿਚ ਰਾਤੀ=ਰੰਗੀ ਉਸ ਦੇ ਮਨ ਤਨ ਦੀ ਸਭ ਇੱਛਾ ਪੁਜਾਏ=ਪੂਰੀ ਹੋਈ ਹੈ।

## ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥੪ ॥੨ ॥੫ ॥

ਗੁਰੂ ਜੀ ਕਥਨ ਕਰਦੇ ਹਨ-ਉਹ ਅਸਚਰਜ ਰੂਪ ਹੋ ਕੇ ਅਸਚਰਜ ਰੂਪ ਪਰਮਾਤਮਾ ਨਾਲ ਮਿਲ ਗਿਆ ਹੈ, ਉਹਨਾਂ ਦੇ ਮਿਲਾਪ ਦਾ ਵੱਖਰਾਪਨ ਕੁਝ ਕਿਹਾ ਨਹੀਂ ਜਾਂਦਾ। ਜਾਂ ਜੋ ਅਨੰਦ ਪ੍ਰਾਪਤ ਹੋਇਆ ਹੈ ਉਹ

ਮੂੰਹ ਤੋਂ ਕੁਝ ਕਿਹਾ ਨਹੀਂ ਜਾਂਦਾ ॥ ੪॥ ੨॥ ੫॥

## ਰਾਗੁ ਬਿਲਾਵਲੁ ਮਹਲਾ ੫ ਘਰੁ ੪

## ੧ਓ ਸਤਿਗੁਰ ਪ੍ਰਸਾਦਿ॥

ਸਾਰਾ ਸੰਸਾਰ ਪਸਾਰਾ ਕੀ ਰੂਪ ਹੈ ? *ਗੁਰ ਉੱਤਰ:-*

**ਏਕ ਰੂਪ ਸਗਲੋ ਪਾਸਾਰਾ॥ ਆਪੇ ਬਨਜੁ ਆਪਿ ਬਿਉਹਾਰਾ॥ ੧॥**

ਸਾਰਾ ਸੰਸਾਰ ਪਸਾਰਾ ਇਕ ਹਰੀ ਸਰੂਪ ਹੈ। ਵਾ:-ਸਾਰੇ ਸੰਸਾਰ ਪਸਾਰੇ ਵਿਚ ਇਕ ਅਦੁੱਤੀ ਸਰੂਪ ਪਰਮਾਤਮਾ ਹੈ। ਉਹ ਆਪ ਹੀ ਵਣਜ ਰੂਪ ਹੈ ਅਤੇ ਆਪ ਹੀ ਬਿਉਹਾਰਾ=ਵਣਜ ਕਰਨ ਵਾਲਾ (ਵਪਾਰੀ ਰੂਪ) ਹੈ. ॥ ੧॥

**ਐਸੋ ਗਿਆਨੁ ਬਿਰਲੋ ਈ ਪਾਏ॥**
**ਜਤ ਜਤ ਜਾਈਐ ਤਤ ਦ੍ਰਿਸਟਾਏ॥ ੧॥ ਰਹਾਉ॥**

ਕੋਈ ਵਿਰਲਾ ਪੁਰਸ਼ ਹੀ ਅਜਿਹੇ ਗਿਆਨ ਨੂੰ ਪਾਉਂਦਾ ਹੈ। ਫਿਰ ਜਿਥੇ-ਜਿਥੇ ਉਹ ਜਾਂਦਾ ਹੈ ਓਥੇ ਹਰੀ ਹੀ ਉਸ ਨੂੰ ਦ੍ਰਿਸਟਾਏ=ਦਿੱਸਦਾ ਹੈ॥ ੧॥ ਰਹਾਉ॥

**ਅਨਿਕ ਰੰਗ ਨਿਰਗੁਨ ਇਕ ਰੰਗਾ॥ ਆਪੇ ਜਲੁ ਆਪ ਹੀ ਤਰੰਗਾ॥ ੨॥**

ਸਰਗੁਣ ਰੂਪ ਹੋ ਕੇ ਅਨੇਕ ਰੰਗਾਂ ਵਾਲਾ ਹੈ। ਨਿਰਗੁਣ ਰੂਪ ਹੋ ਕੇ ਇਕ ਰੰਗ ਵਾਲਾ ਹੈ।
ਆਪੇ ਜਲ ਰੂਪ ਹੈ ਆਪ ਹੀ ਤਰੰਗਾ=ਲਹਿਰਾਂ ਰੂਪ ਹੈ॥ ੨॥

**ਆਪ ਹੀ ਮੰਦਰੁ ਆਪਹਿ ਸੇਵਾ॥ ਆਪ ਹੀ ਪੂਜਾਰੀ ਆਪ ਹੀ ਦੇਵਾ॥ ੩॥**

ਆਪ ਹੀ ਮੰਦਰ ਰੂਪ ਹੈ, ਆਪ ਹੀ ਸੇਵਾ ਰੂਪ ਹੈ। ਆਪੇ ਪੁਜਾਰੀ ਰੂਪ ਹੈ ਅਤੇ ਆਪ ਹੀ ਦੇਵਾ=ਦੇਵਤਾ ਰੂਪ ਹੈ॥ ੩॥

**ਆਪਹਿ ਜੋਗ ਆਪ ਹੀ ਜੁਗਤਾ॥**
**ਨਾਨਕ ਕੇ ਪ੍ਰਭ ਸਦ ਹੀ ਮੁਕਤਾ॥ ੪॥ ੧॥ ੬॥**

ਆਪ ਹੀ ਹਠ ਜੋਗ, ਵਾ:-ਭਗਤੀ ਜੋਗ ਰੂਪ ਹੈ, ਆਪ ਹੀ ਭਗਤੀ ਜੋਗ ਵਿਚ ਜੁਗਤਾ=ਜੁੜਨ ਵਾਲਾ ਹੈ। ਮੈਂ ਨਾਨਕ ਦੇ ਪ੍ਰਭੂ ਸਦਾ ਮੁਕਤ ਰੂਪ ਹੈ॥ ੪॥ ੧॥ ੬॥

## ਬਿਲਾਵਲੁ ਮਹਲਾ ੫॥

**ਆਪਿ ਉਪਾਵਨ ਆਪਿ ਸਧਰਨਾ॥ ਆਪਿ ਕਰਾਵਨ ਦੋਸੁ ਨ ਲੈਨਾ॥ ੧॥**

ਉਹ ਪ੍ਰਭੂ ਆਪ ਹੀ ਜੀਵਾਂ ਦੀ ਉਤਪਤੀ ਕਰਨ ਵਾਲਾ ਹੈ, ਆਪ ਹੀ ਸਭਨਾਂ ਦੇ ਸੁਧਾਰਨੇ ਵਾਲਾ ਹੈ।
ਵਾ:-ਆਪ ਹੀ ਸਾਰਿਆਂ ਨੂੰ ਸਧਰਨਾ=ਸਹਿਤ ਆਸਰੇ ਦੇ ਕਰਨ ਵਾਲਾ ਹੈ।
ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ, ਪਰ ਆਪਣੇ ਉੱਤੇ ਦੋਸ਼ ਨਹੀਂ ਲੈਂਦਾ॥ ੧॥

**ਆਪਨ ਬਚਨੁ ਆਪ ਹੀ ਕਰਨਾ ॥**

**ਆਪਨ ਬਿਭਉ ਆਪ ਹੀ ਜਰਨਾ ॥ ੧ ॥ ਰਹਾਉ ॥**

ਆਪੇ ਬਚਨ ਰੂਪ ਹੈ, ਆਪ ਹੀ ਬਚਨਾਂ ਦੇ ਉਚਾਰਨ ਕਰਨ ਵਾਲਾ ਹੈ, ਆਪੇ ਬਿਭਉ=ਵਿਆਪਕ, ਵਾ:-ਬਿਭੂਤੀ ਵਾਲਾ ਹੈ, ਆਪ ਹੀ ਉਸ ਨੂੰ ਜਰਨਾ=ਸਹਾਰਨ ਵਾਲਾ ਹੈ।

**ਆਪ ਹੀ ਮਸਟਿ ਆਪ ਹੀ ਬੁਲਨਾ ॥ ਆਪ ਹੀ ਅਛਲੁ ਨ ਜਾਈ ਛਲਨਾ ॥ ੨ ॥**

ਆਪ ਹੀ ਮਸਟਿ=ਚੁਪ ਕਰ ਰਿਹਾ ਹੈ, ਆਪ ਹੀ ਬੁਲਨਾ=ਬੋਲਣ ਵਾਲਾ ਹੋ ਰਿਹਾ ਹੈ ।

ਆਪ ਹੀ ਅਛਲ ਰੂਪ ਹੈ ਕਿਸੀ ਪਾਸੋਂ ਛਲਿਆ ਨਹੀਂ ਜਾਂਦਾ ॥ ੨ ॥

**ਆਪਿ ਹੀ ਗੁਪਤ ਅਪਿ ਪਰਗਟਨਾ ॥**

**ਆਪ ਹੀ ਘਟਿ ਘਟਿ ਆਪਿ ਅਲਿਪਨਾ ॥ ੩ ॥**

ਆਪ ਹੀ ਗੁਪਤ ਰੂਪ ਹੈ ਆਪ ਹੀ ਪਰਗਟਨਾ=ਪਰਗਟ ਰੂਪ ਹੈ।

ਆਪ ਹੀ ਘਟ ਘਟ ਵਿਚ ਵਿਆਪਕ ਹੈ ਅਤੇ ਆਪ ਹੀ ਸਭ ਤੋਂ ਅਲਿਪਨਾ=ਅਲੇਪ (ਅਸੰਗ) ਹੈ ॥ ੩ ॥

**ਆਪੇ ਅਵਿਗਤੁ ਆਪ ਸੰਗਿ ਰਚਨਾ ॥**

**ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥ ੪ ॥ ੨ ॥ ੭ ॥**

ਆਪ ਹੀ ਅਵਿਗਤੁ=ਕਠਨ ਪ੍ਰਾਪਤੀ ਵਾਲਾ ਹੈ,

ਵਾ:-ਅਵਜਕਤ=ਸਰੀਰ ਤੋਂ ਰਹਿਤ ਹੈ, ਆਪ ਹੀ ਸਾਰਿਆਂ ਦੇ ਨਾਲ ਰਚਨਾ=ਮਿਲ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ-ਇਹ ਪ੍ਰਭੂ ਦੇ ਹੀ ਸਾਰੇ ਜਚਨਾ=ਕਰੱਤਬ ਹਨ।

ਵਾ:-ਪ੍ਰਭੂ ਦੇ ਪਾਸੋਂ ਸਾਰੇ ਜਚਨਾ=ਮੰਗਦੇ ਹਨ।

ਵਾ:-ਪ੍ਰਭੂ ਦੇ ਸਾਰੇ ਜਚਨਾ=ਜਾਚੇ ਹੋਏ ਭਾਵ ਮਿਣੇ ਹੋਏ ਹਨ ॥ ੪ ॥ ੨ ॥ ੭ ॥

**ਬਿਲਾਵਲੁ ਮਹਲਾ ੫ ॥**

**ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥ ੧ ॥**

ਸਰੂਪ ਤੋਂ ਭੁੱਲੇ ਹੋਏ ਨੂੰ ਜਿਸ ਨੇ ਰਾਹ ਦੱਸਿਆ ਹੈ।

ਐਸਾ ਗੁਰੂ ਵੱਡਿਆਂ ਭਾਗਾਂ ਨਾਲ ਪਾਇਆ ਹੈ ॥ ੧ ॥

**ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥**

**ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ ੧ ॥ ਰਹਾਉ ॥**

ਹੇ ਮਨਾ ! ਸਿਮਰਨੇ ਜੋਗ ਰਾਮ ਨਾਮ ਹੈ ਚਿਤਾਰਨਾ ਕਰ, ਪਿਆਰੇ ਗੁਰਾਂ ਦੇ ਚਰਨ-ਕਮਲ ਮੇਰੇ ਹਿਰਦੇ ਵਿਚ ਵਸ ਰਹੇ ਹਨ।

[ਪੰਨਾ ੮੦੪]

**ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥**
**ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨ ॥**

ਕਾਮ, ਕ੍ਰੋਧ, ਲੋਭ, ਮੋਹ ਆਦਿਕਾਂ ਨੇ ਮਨ ਨੂੰ ਆਪਣੇ ਵਿਚ ਲੀਣ ਕਰ ਲਿਆ ਸੀ। ਗੁਰਾਂ ਨੇ ਮੋਹ ਆਦਿਕਾਂ ਦੇ ਬੰਧਨ ਕੱਟ ਕੇ ਮੁਕਤ ਕਰ ਦਿੱਤਾ ਹੈ॥ ੨॥

**ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩ ॥**

ਦੁੱਖਾਂ ਸੁਖਾਂ ਨੂੰ ਧਾਰਨ ਕਰਦਾ ਹੋਇਆ ਫੁਨਾ ਜੰਮਦਾ ਮਰਦਾ ਸੀ। ਪਰ ਗੁਰਾਂ ਨੇ ਚਰਨ-ਕਮਲਾਂ ਦਾ ਆਸ੍ਰਮੁ=ਆਸਰਾ ਦੇ ਦਿੱਤਾ ਹੈ।

*ਅਥਵਾ:*-ਪ੍ਰਭੂ ਦੇ ਚਰਨ-ਕਮਲਾਂ ਵਿਚ ਆਸ੍ਰਮੁ=ਅਸਥਾਨ ਬਣਾ ਦਿੱਤਾ ਹੈ॥ ੩॥

**ਅਗਨਿ ਸਾਗਰ ਬੂਡਤ ਸੰਸਾਰਾ ॥**

ਜੋ ਅੱਗ ਦੇ ਸਮੁੰਦਰ-ਸੰਸਾਰ ਵਿਚ ਡੁੱਬਦਾ ਜਾਂਦਾ ਸੀ ।

ਜਾਂ ਸਾਰਾ ਸੰਸਾਰ ਹੀ ਤ੍ਰਿਸ਼ਨਾ ਰੂਪ ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਸੀ।

**ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ ੪ ॥ ੩ ॥ ੮ ॥**

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨੇ ਉਸ ਨੂੰ ਬੁੱਧੀ ਰੂਪ ਭੁਜਾਂ ਤੋਂ ਫੜ ਕੇ ਪਾਰ ਕਰ ਦਿੱਤਾ ਹੈ॥ ੪॥ ੩॥ ੮॥

**ਬਿਲਾਵਲੁ ਮਹਲਾ ੫ ॥**

**ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥**
**ਕਵਨ ਸੁਮਤਿ ਜਿਤੁ ਹਰਿ ਹਰਿ ਜਪਨਾ ॥ ੧ ॥**

*ਪ੍ਰਸ਼ਨ:*-(ੳਹ) ਕਿਹੜੀ ਸੁਮੱਤਿ ਹੈ ਕਿ ਜਿਸ ਕਰਕੇ ਹਰਿ ਹਰਿ ਦੇ ਨਾਮ ਦਾ ਜਪਣ ਹੁੰਦਾ ਹੈ ?

*ਉੱਤਰ:*-ਆਪਣਾ ਤਨ, ਮਨ, ਧਨ, ਸਭ ਕੁਝ ਗੁਰਾਂ ਅੱਗੇ ਅਰਪਣ ਕਰ ਦਿਓ, ਤਾਂ ਹੀ ਹਰਿ ਹਰਿ ਨਾਮ ਜਾ ਜਪਣਾ ਹੁੰਦਾ ਹੈ।

**ਕਰਿ ਆਸਾ ਆਇਓ ਪ੍ਰਭ ਮਾਗਨਿ ॥**
**ਤੁਮ੍ ਪੇਖਤ ਸੋਭਾ ਮੇਰੈ ਆਗਨਿ ॥ ੧ ॥ ਰਹਾਉ ॥**

ਹੇ ਪ੍ਰਭੂ ! ਮੈਂ ਆਸਾ ਕਰਕੇ ਆਪ ਜੀ ਪਾਸੋਂ ਮੰਗਣ ਲਈ ਆਇਆ ਹਾਂ।

ਆਪ ਜੀ ਦਾ ਦਰਸ਼ਨ ਕਰਦਿਆਂ ਮੇਰੇ ਹਿਰਦੇ ਰੂਪ ਆਗਨਿ=ਵਿਹੜੇ ਵਿਚ ਸੋਭ=ਰੌਣਕ ਹੋਈ ਹੈ॥ ੧॥ ਰਹਾਉ॥

**ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥**

**ਸਾਧਸੰਗਿ ਇਸੁ ਮਨਹਿ ਉਧਾਰਉ ॥ ੨ ॥**

ਅਨੇਕ ਤਰ੍ਹਾਂ ਦੀਆਂ ਜੁਗਤੀਆਂ ਕਰਕੇ ਬਹੁਤ ਹੀ ਵਿਚਾਰ ਕੇ ਦੇਖਿਆ ਹੈ ਕਿ-ਸਤਸੰਗਤ ਕਰਕੇ ਹੀ ਇਸ ਮਨ ਦਾ ਉਧਾਰ ਹੋਣਾ ਹੈ॥ ੨॥

**ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥ ੩ ॥**

ਮੇਰੇ ਵਿਚ ਮਤੀ ਵਿਹਾਰਕ, ਆਤਮ ਵਿਸ਼ੈਣੀ ਬੁੱਧੀ, ਸ਼ਾਸਤਰਾਂ ਦੀ ਸੁਰਤਿ=ਚਿੱਤ, ਚਤੁਰਾਈ=ਹੰਕਾਰ ਚਾਰੇ ਅੰਤਹਕਰਨ ਦੀ ਸ਼ੁੱਧੀ ਨਹੀਂ ਹੈ।

*ਅਥਵਾ*:-ਸੁਰਤੀਆਂ ਦੀ ਚਤਰਾਈ ਵਾਲੀ ਜੋ ਮਤੀ ਹੈ, ਉਹ ਮੇਰੀ ਬੁੱਧੀ ਵਿਚ ਨਹੀਂ ਹੈ।

ਜਾਂ ਤੂੰ ਕਿਰਪਾ ਕਰ ਕੇ ਮਿਲਾ ਲਵੇਂ ਤਾਂ ਆਪ ਜੀ ਨਾਲ ਮਿਲਾਪ ਹੁੰਦਾ ਹੈ॥ ੩॥

**ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥**

**ਕਹੁ ਨਾਨਕ ਸਫਲੁ ਸੋ ਆਇਆ ॥ ੪ ॥ ੪ ॥ ੯ ॥**

ਜਿਸ ਨੇ ਪ੍ਰਭੂ ਦਾ ਦਰਸ਼ਨ ਪਾਇਆ ਹੈ ਉਸ ਦੇ ਨੇਤਰ ਸੰਤੋਖ ਨੂੰ ਪ੍ਰਾਪਤ ਹੋਏ ਹਨ।

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਜਗਤ ਵਿਚ ਆਉਣਾ ਸਫਲ ਹੈ॥ ੪॥ ੪॥ ੯॥

**ਬਿਲਾਵਲੁ ਮਹਲਾ ੫ ॥**

**ਮਾਤ ਪਿਤਾ ਸੁਤ ਸਾਥਿ ਨ ਮਾਇਆ ॥**

**ਸਾਧਸੰਗਿ ਸਭੁ ਦੂਖੁ ਮਿਟਾਇਆ ॥ ੧ ॥**

ਮਾਂ, ਪਿਉ, ਪੁੱਤਰ, ਮਾਇਆ ਆਦਿਕਾਂ ਵਿੱਚੋਂ ਕੋਈ ਭੀ ਜੀਵ ਦਾ ਸਾਥੀ ਨਹੀਂ ਹੈ।

ਸੰਤਾਂ ਦੇ ਸੰਗ ਕਰਕੇ ਸਾਰੇ ਦੁੱਖ ਨੂੰ ਦੂਰ ਕਰ ਲਿਆ ਹੈ॥ ੧॥

**ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥**

ਜੋ ਪ੍ਰਭੂ ਸਾਰਿਆਂ ਵਿਚ ਆਪੇ ਰਵਿ ਰਹਿਆ=ਵਿਆਪਕ ਹੋ ਰਿਹਾ ਹੈ।

**ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥ ੧ ॥ ਰਹਾਉ ॥**

ਉਸ ਹਰੀ ਨੂੰ ਰਸਨਾਂ ਨਾਲ ਜਪਣ ਕਰ ਕੇ ਕੋਈ ਦੁੱਖ ਨਹੀਂ ਵਿਆਪੇ=ਲੱਗਦਾ ॥ ੧॥ ਰਹਾਉ॥

**ਤਿਖਾ ਭੂਖ ਬਹੁ ਤਪਤਿ ਵਿਆਪਿਆ ॥**

**ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥ ੨ ॥**

ਤਿਖਾ=ਤ੍ਰੇਹ, ਭੁੱਖ ਦੀ ਬਹੁਤੀ ਤਪਸ਼ਤਾ ਵਿਚ ਮਨ ਵਿਆਪਿਆ=ਲੱਗ (ਫਸ) ਰਿਹਾ ਸੀ। ਜਦ ਤੋਂ ਹਰਿ ਹਰਿ ਦੇ ਜਸ ਨੂੰ ਜਪਿਆ ਤਦ ਤੋਂ ਸੀਤਲ ਹੋ ਗਿਆ ਹੈ॥ ੨॥

**ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣੁ ਗਾਇਆ ॥ ੩ ॥**

ਕ੍ਰੋੜਾਂ ਜਤਨ ਕਰਕੇ ਭੀ ਸੰਤੋਖ ਨਹੀਂ ਪਾਇਆ ਸੀ। ਜਦ ਤੋਂ ਹਰੀ ਦੇ ਗੁਣਾਂ ਨੂੰ ਗਾਇਆ ਹੈ ਤਦ ਤੋਂ

ਮਨ ਤ੍ਰਿਪਤ ਹੋ ਗਿਆ ਹੈ॥ ੩॥

**ਦੇਹੁ ਭਗਤਿ ਪ੍ਰਭ ਅੰਤਰਜਾਮੀ ॥ ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥**

ਗੁਰੂ ਜੀ ਕਥਨ ਕਰਦੇ ਹਨ-ਹੇ ਅੰਤਰਜਾਮੀ ਪ੍ਰਭੂ ਸੁਆਮੀ ! ਮੈਂ ਨਾਨਕ ਦੀ ਬੇਨਤੀ ਸੁਣ ਕੇ ਆਪਣੀ ਭਗਤੀ ਕਰਨੀ ਦਿਓ॥ ੪॥ ੫॥ ੧੦॥

**ਬਿਲਾਵਲੁ ਮਹਲਾ ੫ ॥**

**ਗੁਰੁ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥ ੧ ॥**

ਪੂਰਾ ਗੁਰੂ ਵੱਡਿਆਂ ਭਾਗਾਂ ਕਰਕੇ ਪਾਈਦਾ ਹੈ। ਸਾਧੂ=ਸੰਤਾਂ ਨਾਲ ਮਿਲ ਕੇ, ਵਾ:-ਸ੍ਰੇਸ਼ਟ ਗੁਰਾਂ ਨਾਲ ਮਿਲ ਕੇ ਹਰੀ ਨਾਮ ਨੂੰ ਧਿਆਉਣਾ ਕਰੋ॥ ੧॥

**ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥**

**ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥ ੧ ॥ ਰਹਾਉ ॥**

ਹੇ ਪ੍ਰਭੂ ਪਾਰਬ੍ਰਹਮ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਗੁਰੂ ਦੇ ਚਰਨਾਂ ਦੀ ਭਜੁ=ਸੇਵਾ ਕਰਨ ਕਰ ਕੇ ਕਿਲਬਿਖ=ਪਾਪ ਕੱਟੇ ਜਾਂਦੇ ਹਨ॥ ੧॥

**ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥ ੨ ॥**

ਨਾਮ ਤੋਂ ਬਿਨਾਂ ਅਵਰਿ=ਹੋਰ ਸਾਰੇ ਕਰਮ ਤਾਂ ਲੋਕਾਂ ਦਾ ਦਿਖਾਵਾ ਹੈ। ਸੰਤਾਂ ਦੀ ਸੰਗਤ ਵਿਚ ਮਿਲਕੇ ਨਾਮ ਜਪਦਿਆਂ ਜੀਵ ਦਾ ਤਰਨਾ ਹੁੰਦਾ ਹੈ॥ ੨॥

**ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥ ੩ ॥**

ਸਿੰਮ੍ਰਿਤੀਆਂ, ਸ਼ਾਸਤਰ, ਵੇਦਾਂ ਦੇ ਵਿਚਾਰਿਆਂ ਮੁਕਤੀ ਨਹੀਂ ਪ੍ਰਾਪਤ ਹੁੰਦੀ।

ਤਾਂ ਤੇ ਉਹ ਨਾਮ ਜਪੀਏ ਜਿਸ ਕਰਕੇ ਸੰਸਾਰ ਤੋਂ ਪਾਰ ਉਤਾਰਾ ਹੁੰਦਾ ਹੈ॥ ੩॥

ਜਾਂ ਸਿੰਮ੍ਰਿਤੀਆਂ, ਸ਼ਾਸਤਰ ਤੇ ਚਾਰੇ ਵੇਦ ਵਿਚਾਰੇ ਹਨ ਸਭ ਏਹੋ ਕਹਿੰਦੇ ਹਨ, ਕਿ ਉਹ ਨਾਮ ਜਪੀਏ ਜਿਸ ਨਾਮ ਨੇ ਕਈ ਜੀਵ ਪਾਰ ਉਤਾਰੇ ਹਨ।

**ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥**

**ਸਾਧੂ ਧੂਰਿ ਮਿਲੈ ਨਿਸਤਰੀਐ ॥ ੪ ॥ ੬ ॥ ੧੧ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਸੇਵਕ ਜਨ ਉੱਤੇ ਕਿਰਪਾ ਦ੍ਰਿਸ਼ਟੀ ਕਰੀਏ। ਸੰਤਾਂ ਦੀ ਚਰਨ-ਧੂੜ ਮਿਲੇ ਜਿਸ ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਰੀਐ=ਤਰਨਾ ਕਰੀਏ॥ ੪॥ ੬॥ ੧੧॥

**ਬਿਲਾਵਲੁ ਮਹਲਾ ੫ ॥**

**ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ ਸਗਲ ਮਨੋਰਥ ਪੂਰਨ ਆਸੀਨਾ ॥ ੧ ॥**

ਜਿਸ ਨੇ ਗੁਰਾਂ ਦਾ ਸਬਦੁ=ਉਪਦੇਸ਼ ਹਿਰਦੇ ਵਿਚ ਆਸੀਨਾ=ਇਸਥਿਤ ਕਰਨਾ ਚੀਨਾ=ਜਾਣਿਆ ਹੈ। ਉਸ ਦੇ ਸਾਰੇ ਮਨੋਰਥ ਪੂਰਨ ਹੋਏ ਹਨ । ਜਾਂ ਜਿਸ ਨੇ ਗੁਰਾਂ ਦਾ ਸ਼ਬਦ ਹਿਰਦੇ ਵਿਚ ਜਾਣਿਆ ਹੈ ਉਸ ਦੇ

ਸਾਰੇ ਮਨੋਰਥ ਪੂਰਨ ਹੋਏ ਹਨ ਤੇ ਆਸੀਨਾ=ਇਸਥਿਤ ਹੋ ਗਿਆ ਹੈ,

ਵਾ:-ਕੋਈ ਆਸਾ ਨਹੀਂ ਰਹੀ ॥ ੧ ॥

**ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥**

**ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥ ੧ ॥ ਰਹਾਉ ॥**

ਪ੍ਰਭੂ ਨੇ ਸੰਤਜਨਾਂ ਦਾ ਮੂੰਹ ਉੱਜਲਾ ਕੀਤਾ ਹੈ, ਅਤੇ ਕਿਰਪਾ ਕਰਕੇ ਸੰਤਾਂ ਨੂੰ ਆਪਣਾ ਨਾਮ ਦਾਨ ਦਿੱਤਾ ਹੈ॥ ੧ ॥ ਰਹਾਉ ॥

**ਅੰਧ ਕੂਪ ਤੇ ਕਰੁ ਗਹਿ ਲੀਨਾ ॥ ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥ ੨ ॥**

ਅੰਨ੍ਹੇ ਖੂਹ ਸੰਸਾਰ ਵਿੱਚੋਂ ਮਨ ਰੂਪੀ ਹੱਥ ਫੜ ਕੇ ਬਾਹਰ ਕੱਢ ਲਿਆ ਹੈ ਅਤੇ ਸਾਰੇ ਜਗਤ ਵਿਚ ਜੈ ਜੈ ਕਾਰ ਦੇ ਸ਼ਬਦ ਪ੍ਰਗਟ ਕੀਤੇ ਹਨ॥ ੨ ॥

**ਨੀਚਾ ਤੇ ਊਚ ਊਨ ਪੂਰੀਨਾ ॥ ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥ ੩ ॥**

ਜੋ ਪ੍ਰਭੂ ਨੀਚਾਂ ਤੋਂ ਉੱਚਿਆਂ ਕਰਨ ਵਾਲਾ ਹੈ, ਊਣਿਆਂ ਨੂੰ ਪੂਰੀਨਾ=ਪੂਰਨ ਭਾਵ ਭਰਨੇ ਵਾਲਾ ਹੈ। ਉਸ ਦੇ ਮਹਾਂ ਰਸਦਾਇਕ ਨਾਮ-ਅੰਮ੍ਰਿਤ ਨੂੰ ਲੈਣਾ ਕੀਤਾ, ਜਾਂ ਮਹਾਂ ਰਸਦਾਇਕ ਨਾਮ-ਅੰਮ੍ਰਿਤ ਵਿਚ ਮਨ ਲੀਣ ਹੋ ਗਿਆ ॥ ੩ ॥

**ਮਨ ਤਨ ਨਿਰਮਲ ਪਾਪ ਜਲਿ ਖੀਨਾ ॥**

**ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥ ੪ ॥ ੭ ॥ ੧੨ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪ੍ਰਭੂ ਪ੍ਰਸੀਨਾ=ਪ੍ਰਸੰਨ ਹੋਏ ਹਨ, ਉਸ ਦੇ ਪਾਪ ਜਲਿ=ਸੜ ਕੇ ਖੀਨਾ=ਨਾਸ ਹੋ ਗਏ ਹਨ ਅਤੇ ਮਨ ਤਨ ਸ਼ੁੱਧ ਹੋ ਗਿਆ ਹੈ॥ ੪ ॥ ੭ ॥ ੧੨ ॥

[ਪੰਨਾ ੮੦੫]

**ਬਿਲਾਵਲੁ ਮਹਲਾ ੫ ॥**

**ਸਗਲ ਮਨੋਰਥ ਪਾਈਅਹਿ ਮੀਤਾ ॥**

**ਚਰਨ ਕਮਲ ਸਿਉ ਲਾਈਐ ਚੀਤਾ ॥ ੧ ॥**

ਹੇ ਮਿੱਤ੍ਰ ! ਪ੍ਰਭੂ ਦੇ ਚਰਨ-ਕਮਲਾਂ ਨਾਲ ਚਿੱਤ ਨੂੰ ਲਗਾਈਏ, ਤਾਂ ਸਾਰੇ ਮਨੋਰਥ ਪਾ ਲਈਦੇ ਹਨ॥ ੧ ॥

**ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥**

**ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥ ੧ ॥ ਰਹਾਉ ॥**

ਜੋ ਪ੍ਰਭੂ ਨੂੰ ਧਿਆਉਂਦੇ ਹਨ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਹਰਿ ਹਰਿ ਦੇ ਗੁਣ ਗਾਉਣ ਕਰਕੇ ਤ੍ਰਿਸ਼ਨਾ ਰੂਪ ਅੱਗ ਬੁਝੈ=ਬੁਝ ਜਾਂਦੀ ਹੈ॥ ੧ ॥ ਰਹਾਉ ॥

**ਸਫਲ ਜਨਮੁ ਹੋਵਤ ਵਡਭਾਗੀ ॥ ਸਾਧਸੰਗਿ ਰਾਮਹਿ ਲਿਵ ਲਾਗੀ ॥ ੨ ॥**

ਉਸ ਵਡਭਾਗੀ ਦਾ ਮਨੁੱਖਾ ਜਨਮ ਸਫਲ ਹੁੰਦਾ ਹੈ। ਸਾਧ ਸੰਗ ਕਰਕੇ ਜਿਸ ਦੀ ਰਾਮ ਵਿਚ ਲਿਵ ਲੱਗੀ ਹੈ॥ ੨ ॥

**ਮਤਿ ਪਤਿ ਧਨੁ ਸੂਖ ਸਹਜ ਅਨੰਦਾ ॥**
**ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥ ੩ ॥**

ਮਤਿ=ਬੁੱਧੀ, ਪਤਿ=ਪਤਿਸ਼ਟਾ (ਇੱਜ਼ਤ) ਧਨ, ਸੁਖ, ਸਹਜ=ਸ਼ਾਂਤੀ ਤੇ ਅਨੰਦ ਮੇਰਾ ਸਭ ਕੁਝ ਆਪ ਹੀ ਹੋ, ਇਸ ਲਈ ਹੇ ਪਰਮ ਅਨੰਦ ਸਰੂਪ ਪ੍ਰਭੂ ! ਆਪ ਇਕ ਨਿਮਖ ਮਾਤ੍ਰ ਭੀ ਭੁੱਲੋ ਨਾ॥ ੩ ॥

**ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥**
**ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥ ੪ ॥ ੮ ॥ ੧੩ ॥**

ਹੇ ਹਰੀ ! ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨ ਦੀ ਬੜੀ ਪਿਆਸ ਲੱਗ ਰਹੀ ਹੈ।

ਗੁਰੂ ਜੀ ਕਥਨ ਕਰਦੇ ਹਨ- ਹੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ॥ ੪ ॥ ੮ ॥ ੧੩ ॥

**ਬਿਲਾਵਲੁ ਮਹਲਾ ੫ ॥**

**ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥ ਦਇਆ ਧਾਰਿ ਅਪੁਨਾ ਕਰਿ ਲੀਨਾ ॥੧ ॥**

ਮੈਂ ਨਿਰਗੁਣ ਸਾਰਿਆਂ ਸ਼ੁਭ-ਗੁਣਾਂ ਤੋਂ ਬਿਨਾਂ ਹਾਂ। ਪਰ ਦਇਆ ਦ੍ਰਿਸ਼ਟੀ ਧਾਰਕੇ ਉਸ ਨੇ ਮੈਨੂੰ ਆਪਣਾ ਦਾਸ ਕਰ ਲਿਆ ਹੈ॥ ੧ ॥

**ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ ॥**
**ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥ ੧ ॥ ਰਹਾਉ ॥**

ਗੋ-ਪਾਲਿ=ਇੰਦ੍ਰੀਆਂ ਦੇ ਪਾਲਣ ਵਾਲੇ ਹਰੀ ਨੇ ਮੇਰਾ ਮਨ ਤਨ ਸੁਹਾਇਆ=ਸ਼ੋਭਾ ਵਾਲਾ ਕੀਤਾ ਹੈ ਅਤੇ ਪ੍ਰਭੂ ਕਿਰਪਾ ਕਰਕੇ ਮੇਰੇ ਅੰਤਹਕਰਨ ਰੂਪੀ ਘਰ ਵਿਚ ਪਰਗਟ ਹੋ ਆਇਆ ਹੈ॥ ੧ ॥

**ਭਗਤਿ ਵਛਲ ਭੈ ਕਾਟਨਹਾਰੇ ॥ ਸੰਸਾਰ ਸਾਗਰ ਅਬ ਉਤਰੇ ਪਾਰੇ ॥ ੨ ॥**

ਜੋ ਭਗਤਾਂ ਦਾ ਪਿਆਰਾ ਤੇ ਡਰ ਕੇ ਕਟਣ ਵਾਲਾ ਹੈ। ਉਸ ਦੇ ਪ੍ਰਾਪਤ ਹੋਣ ਕਰ ਕੇ ਅਸੀਂ ਹੁਣ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਾਂ॥ ੨ ॥

**ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥**
**ਪਾਰਬ੍ਰਹਮ ਸੋ ਨੈਨਹੁ ਪੇਖਿਆ ॥ ੩ ॥**

ਜਿਸ ਪ੍ਰਭੂ ਦਾ ਬਿਰਦੁ=ਧਰਮ ਪਤਿਤ ਪਾਵਨ ਹੈ, ਇਹ ਵੇਦ ਵਿਚ ਲਿਖਿਆ ਹੋਇਆ ਹੈ, ਉਸ ਪਾਰਬ੍ਰਹਮ ਨੂੰ ਅਸਾਂ ਨੇ ਅੱਖਾਂ ਨਾਲ ਵੇਖ ਲਿਆ ਹੈ॥ ੩ ॥

**ਸਾਧਸੰਗਿ ਪ੍ਰਗਟੇ ਨਾਰਾਇਣ ॥**
**ਨਾਨਕ ਦਾਸ ਸਭਿ ਦੂਖ ਪਲਾਇਣ ॥ ੪ ॥ ੯ ॥ ੧੪ ॥**

ਸਾਧ ਸੰਗ ਵਿਚ ਬੈਠਣ ਕਰਕੇ ਨਾਰਾਇਣ ਜੀ ਪਰਗਟ ਹੋਏ ਹਨ। ਗੁਰੂ ਜੀ ਕਥਨ ਕਰਦੇ ਹਨ-ਇਸ ਕਰਕੇ ਦਾਸ ਦੇ ਸਾਰੇ ਦੁੱਖ ਪਲਾਇਣ=ਦੂਰ ਹੋ ਗਏ ਹਨ॥ ੪ ॥ ੯ ॥ ੧੪ ॥

## ਬਿਲਾਵਲੁ ਮਹਲਾ ੫ ॥

**ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥ ਪ੍ਰਭ ਅਵਿਨਾਸੀ ਅਲਖ ਅਭੇਵਾ ॥ ੧ ॥**

ਹੇ ਪ੍ਰਭੂ ! ਆਪ ਜੀ ਦੀ ਸੇਵਾ ਨੂੰ ਕੌਣ ਜਾਣ ਸਕਦਾ ਹੈ ?

ਹੇ ਪ੍ਰਭੂ! ਆਪ ਨਾਸ ਤੋ ਰਹਿਤ ਹੋ, ਅਲਖ=ਲਖਣੇ ਤੋਂ ਰਹਿਤ ਹੋ, ਅਭੇਵਾ-ਭੇਦਾਂ ਤੋਂ ਰਹਿਤ ਹੋ ॥ ੧ ॥

**ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥**

ਹੇ ਪ੍ਰਭੂ ! ਆਪ ਜੀ ਦੇ ਬੇਅੰਤ ਗੁਣ ਹਨ, ਫਿਰ ਆਪ ਗਹਿਰ=ਡੂੰਘੇ ਤੇ ਗੰਭੀਰੇ=ਨਿਰਮਲ ਹੋ।

ਹੇ ਮੇਰੇ ਪ੍ਰਭੂ ਸੁਆਮੀ ! ਆਪ ਜੀ ਦੇ ਸਤਸੰਗ, ਸੱਚ-ਖੰਡ, ਹਰਿਮੰਦਰ ਤੇ ਸਰੂਪ ਰੂਪੀ ਮਹਲ=ਮੰਦਰ ਸਭ ਤੋਂ ਉੱਚੇ ਹਨ।

**ਤੂ ਅਪਰੰਪਰ ਠਾਕੁਰੁ ਮੇਰੇ ॥ ੧ ॥ ਰਹਾਉ ॥**

ਹੇ ਮੇਰੇ ਠਾਕੁਰ ਪ੍ਰਭੂ ! ਤੂੰ ਅਪਰੰਪਰ=ਬ੍ਰਹਮਾ ਆਦਿਕਾਂ ਤੋਂ ਭੀ ਪਰੇ ਹੈਂ ॥ ੧ ॥ ਰਹਾਉ ॥

**ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ੍ ਹੀ ਜਾਨਹੁ ਅਪਨੀ ਪੂਜਾ ॥ ੨ ॥**

ਇਕ ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਤੇਰੇ ਜਿਹਾ ਨਹੀਂ ਹੈ।

ਤੁਸੀਂ ਆਪਣੀ ਪੂਜਾ ਨੂੰ ਆਪ ਹੀ ਜਾਣਦੇ ਹੋ ॥ ੨ ॥

**ਆਪਹੁ ਕਛੂ ਨ ਹੋਵਤ ਭਾਈ ॥ ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥ ੩ ॥**

ਹੇ ਭਾਈ ! ਇਸ ਜੀਵ ਤੋਂ ਆਪਣੇ ਆਪ ਕੁਝ ਨਹੀਂ ਹੋ ਸਕਦਾ।

ਜਿਸ ਨੂੰ ਪ੍ਰਭੂ ਦੇਂਦਾ ਹੈ ਓਹੀ ਨਾਮ ਦੀ ਦਾਤ ਨੂੰ ਪਾਉਂਦਾ ਹੈ ॥ ੩ ॥

**ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥**

**ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥ ੪ ॥ ੧੦ ॥ ੧੫ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਪ੍ਰਭੂ ਨੂੰ ਭਾ ਗਿਆ ਹੈ। ਓਸੇ ਨੇ ਸ਼ੁਭ-ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਪਾਇਆ ਹੈ ॥ ੪ ॥ ੧੦ ॥ ੧੫ ॥

## ਬਿਲਾਵਲੁ ਮਹਲਾ ੫ ॥

**ਮਾਤ ਗਰਭ ਮਹਿ ਹਾਥ ਦੇ ਰਾਖਿਆ ॥**

ਜਿਸ ਹਰੀ ਨੇ ਹੱਥ ਦੇ ਕੇ ਮਾਂ ਦੇ ਗਰਭ ਵਿਚ ਤੈਨੂੰ ਬਚਾਈ ਰੱਖਿਆ ਹੈ।

**ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥ ੧ ॥**

ਉਸ ਹਰੀ ਦੇ ਨਾਮ-ਰਸ ਨੂੰ ਛੱਡ ਕੇ ਤੈਨੇ ਵਿਸ਼ਿਆਂ ਰੂਪ ਫਲ ਨੂੰ ਖਾਣਾ ਕੀਤਾ ਹੈ ॥ ੧ ॥

**ਭਜੁ ਗੋਬਿੰਦ ਸਭ ਛੋਡਿ ਜੰਜਾਲ ॥**

ਤੈਨੂੰ ਚਾਹੀਦਾ ਹੈ ਕਿ ਸਾਰਿਆਂ ਧੰਦਿਆਂ ਨੂੰ ਛੱਡ ਕੇ ਗੋਬਿੰਦ ਦਾ ਭਜਨ ਕਰ।

**ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥੧॥ਰਹਾਉ॥**

ਹੇ ਮੂਰਖਾ ! ਜਦੋਂ ਜਮ ਆ ਕੇ ਤੈਨੂੰ ਸੰਘਾਰੈ=ਮਾਰੇਗਾ, ਤਦੋਂ ਤੇਰਾ ਸਰੀਰ ਨਾਸ ਹੋ ਜਾਏਗਾ ਤੇ ਤੂੰ ਬੜਾ ਬੇਹਾਲ=ਦੁਖੀ ਹੋਵੇਂਗਾ॥ ੧॥ ਰਹਾਉ॥

**ਤਨੁ ਮਨੁ ਧਨੁ ਅਪਨਾ ਕਰਿ ਥਾਪਿਆ॥**
**ਕਰਨਹਾਰੁ ਇਕ ਨਿਮਖ ਨ ਜਾਪਿਆ॥੨॥**

ਤੈਂਨੇ ਤਨ ਮਨ ਤੇ ਧਨ ਨੂੰ ਆਪਣਾ ਬਣਾ ਰੱਖਿਆ ਹੈ। ਅਤੇ-
ਸਿਰਜਨਹਾਰ ਪ੍ਰਭੂ ਨੂੰ ਇਕ ਨਿਮਖ ਮਾਤਰ ਸਮਾਂ ਭੀ ਨਹੀ ਜਪਿਆ॥ ੨॥

**ਮਹਾ ਮੋਹ ਅੰਧ ਕੂਪ ਪਰਿਆ॥ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ॥੩॥**

ਮਹਾਂ ਮੋਹ ਰੂਪੀ ਅੰਨ੍ਹੇ ਖੂਹ ਵਿਚ ਡਿਗਿਆ ਪਿਆ ਹੈਂ।
ਮਾਇਆ ਦੇ ਪਟਲਿ=ਪੜਦੇ ਕਰਕੇ ਪਾਰਬ੍ਰਹਮ ਤੈਨੂੰ ਭੁੱਲ ਗਿਆ ਹੈ॥ ੩॥

**ਵਡੈ ਭਾਗਿ ਪ੍ਰਭ ਕੀਰਤਨੁ ਗਾਇਆ॥**
**ਸੰਤ ਸੰਗਿ ਨਾਨਕ ਪ੍ਰਭੁ ਪਾਇਆ॥੪॥੧੧॥੧੬॥**

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀ ਪੁਰਸ਼ਾਂ ਨੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਕੀਰਤਨ ਨੂੰ ਗਾਇਆ ਹੈ ਓਸੇ ਕੀਰਤਨ ਦੇ ਪ੍ਰਤਾਪ ਕਰਕੇ ਪ੍ਰਭੂ ਨੂੰ ਪਾਇਆ ਹੈ॥ ੪॥ ੧੧॥ ੧੬॥

## ਬਿਲਾਵਲੁ ਮਹਲਾ ੫॥

**ਮਾਤ ਪਿਤਾ ਸੁਤ ਬੰਧਪ ਭਾਈ॥ ਨਾਨਕ ਹੋਆ ਪਾਰਬ੍ਰਹਮੁ ਸਹਾਈ॥੧॥**

ਗੁਰੂ ਜੀ ਕਥਨ ਕਰਦੇ ਹਨ-ਮਾਂ, ਪਿਓ, ਪੁੱਤਰ, ਸਬੰਧੀ ਤੇ ਭਰਾ, ਇਨ੍ਹਾਂ ਵਿੱਚੋਂ ਕੋਈ ਸਹਾਇਕ ਨਾ ਹੋਇਆ। ਇਕ ਪਾਰਬ੍ਰਹਮ ਹੀ ਸਹਾਇਤਾ ਕਰਨ ਵਾਲਾ ਹੋਇਆ।

*ਅਥਵਾ*:-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਮਾਂ, ਪਿਓ, ਪੁੱਤਰ, ਸਬੰਧੀ ਤੇ ਭਰਾ, ਆਦਿਕ ਸਬੰਧੀਆਂ ਵਾਂਗ ਸਾਡਾ ਪਾਰਬ੍ਰਹਮ ਹੀ ਸਹਾਈ ਹੋਇਆ ਹੈ। ਜਾਂ ਗੁਰੂ ਨਾਨਕ ਜੀ ਦੀ ਕਿਰਪਾ ਨਾਲ ਜੋ ਪਾਰਬ੍ਰਹਮ ਮੇਰਾ ਸਹਾਈ ਹੋਇਆ ਹੈ। ਮੇਰਾ ਮਾਂ, ਪਿਓ, ਪੁੱਤਰ, ਸਬੰਧੀ, ਭਰਾ ਆਦਿਕ ਸਭ ਕੁਝ ਓਹੀ ਹੈ।

**ਸੂਖ ਸਹਜ ਆਨੰਦ ਘਣੇ॥**

ਓਸੇ ਦੀ ਕਿਰਪਾ ਨਾਲ ਸੂਖ ਸਹਜ=ਅਚੁੱਤ ਸੁਖ ਦੇ ਘਣੇ ਅਨੰਦ ਹੋਏ ਹਨ।

**ਗੁਰੁ ਪੂਰਾ ਪੂਰੀ ਜਾ ਕੀ ਬਾਣੀ**
**ਅਨਿਕ ਗੁਣਾ ਜਾ ਕੇ ਜਾਹਿ ਨ ਗਣੇ॥੧॥ ਰਹਾਉ॥**

ਮੇਰਾ ਗੁਰੂ ਪੂਰਾ ਹੈ, ਜਿਸ ਦੀ ਬਾਣੀ ਪੂਰੀ ਹੈ, ਅਨੇਕਾਂ ਗੁਣ ਹਨ, ਜਿਸ ਦੇ ਗੁਣ ਗਿਣੇ ਨਹੀਂ ਜਾਂਦੇ॥ ੧॥

## ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ ਭਏ ਮਨੋਰਥ ਸੋ ਪ੍ਰਭੁ ਜਾਪੇ ॥ ੨ ॥

ਪ੍ਰਭੂ ਨੇ ਆਪ ਹੀ ਸਾਰੇ ਸਰੰਜਾਮ=ਉੱਦਮ ਕੀਤੇ ਹਨ। ਵਾ:-ਸਾਰੀਆਂ ਸਰੰਜਾਮ=ਸਮੱਗ੍ਰੀਆਂ ਨੂੰ ਦੇਣਾ ਕਰਦਾ ਹੈ। ਉਸ ਪ੍ਰਭੂ ਨੂੰ ਜਪਣ ਕਰਕੇ ਸਾਰੇ ਮਨੋਰਥ ਪੂਰਨ ਹੋਏ ਹਨ॥ ੨ ॥

[ਪੰਨਾ ੮੦੬]

## ਅਰਥ ਧਰਮ ਕਾਮ ਮੋਖ ਕਾ ਦਾਤਾ ॥
## ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥ ੩ ॥

ਧਰਮ, ਅਰਥ, ਕਾਮ ਅਤੇ ਮੋਖ ਦਾ ਦਾਤਾ ਜੋ ਬਿਧਾਤਾ=ਫਲ ਬਰ ਦਾਤਾ ਪਰਮੇਸ਼ਰ ਹੈ, ਉਸ ਨੂੰ ਸਿਮਰਦਿਆਂ-ਸਿਮਰਦਿਆਂ ਜਾਂ ਉਸ ਦੇ ਸਿਮਰਨ ਨੂੰ ਸਿਮਰਦਿਆਂ ਸੇਵਾ ਪੂਰੀ ਹੈ, ਵਾ:- ਸਭ ਵਾਸ਼ਨਾ ਪੂਰੀ ਹੋਈ ਹੈ॥ ੩ ॥

## ਸਾਧਸੰਗਿ ਨਾਨਕਿ ਰੰਗੁ ਮਾਣਿਆ ॥
## ਘਰਿ ਆਇਆ ਪੂਰੈ ਗੁਰਿ ਆਣਿਆ ॥ ੪ ॥ ੧੨ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗ ਨਾਲ ਮਿਲ ਕੇ ਨਾਮ ਦਾ ਰੰਗੁ=ਆਨੰਦ ਮਾਣਿਆ ਹੈ।
ਜਦ ਪੂਰਿਆਂ ਗੁਰਾਂ ਨੇ ਲਿਆਂਦਾ ਤਾਂ ਹੀ ਸਰੂਪ-ਘਰ ਵਿਚ ਆ ਗਿਆ ਹਾਂ॥ ੪ ॥ ੧੨ ॥ ੧੭ ॥

## ਬਿਲਾਵਲੁ ਮਹਲਾ ੫ ॥
## ਸ੍ਰਬ ਨਿਧਾਨ ਪੂਰਨ ਗੁਰਦੇਵ ॥ ੧ ॥ ਰਹਾਉ ॥

ਪੂਰਨ ਗੁਰਦੇਵ ਜੀ ਸਰਬ ਨਿੱਧੀਆਂ ਦੇ ਨਿਧਾਨ=ਖਜ਼ਾਨੇ ਹਨ॥ ੧ ॥ ਰਹਾਉ ॥
ਅਜਿਹੇ ਪੂਰਨ ਗੁਰਾਂ ਦੁਆਰੇ-

## ਹਰਿ ਹਰਿ ਨਾਮੁ ਜਪਤ ਨਰ ਜੀਵੇ ॥ ਮਰਿ ਖੁਆਰੁ ਸਾਕਤ ਨਰ ਥੀਵੇ ॥ ੧ ॥

ਗੁਰਮੁਖ ਪੁਰਸ਼ ਹਰਿ ਹਰਿ ਨਾਮ ਜਪਦੇ ਹੋਏ ਸੰਸਾਰ ਵਿਚ ਜੀਉਂਦੇ ਹਨ ਤੇ ਸਾਕਤ ਪੁਰਸ਼ ਨਾਮ ਤੋਂ ਹੀਣੇ ਮਰ ਕੇ ਖੁਆਰ ਹੁੰਦੇ ਹਨ॥ ੧ ॥

## ਰਾਮ ਨਾਮੁ ਹੋਆ ਰਖਵਾਰਾ ॥ ਝਖ ਮਾਰਉ ਸਾਕਤੁ ਵੇਚਾਰਾ ॥ ੨ ॥

ਰਾਮ ਨਾਮ ਹੀ ਗੁਰਮੁਖਾਂ ਦਾ ਸਦਾ ਰਖਵਾਲਾ ਹੋਇਆ ਹੈ। ਮਨਮੁਖ ਵਿਚਾਰਾ ਝੱਖਾਂ ਮਾਰਦਾ ਹੀ ਮਰ ਗਿਆ ਹੈ॥ ੨ ॥

## ਨਿੰਦਾ ਕਰਿ ਕਰਿ ਪਚਹਿ ਘਨੇਰੇ ॥ ਮਿਰਤਕ ਫਾਸ ਗਲੈ ਸਿਰਿ ਪੈਰੇ ॥ ੩ ॥

ਘਨੇਰੇ=ਬਹੁਤ ਸਾਰੇ ਮਨਮੁਖ ਗੁਰ-ਨਿੰਦਿਆ ਕਰ ਕਰਕੇ ਪਚਹਿ=ਖ਼ਰਾਬ ਹੋ ਰਹੇ ਹਨ ਜਾਂ ਸੜ ਰਹੇ ਹਨ। ਜਿਸ ਵੇਲੇ-ਮਿਰਤਕ=ਮਰਦਾ ਹੈ, ਤਿਸ ਵੇਲੇ ਸਿਰ ਤੋਂ ਲੈ ਕੇ ਪੈਰਾਂ ਤਕ ਇਸ ਦੇ ਗਲ ਵਿਚ ਫਾਹੀ ਪੈਂਦੀ ਹੈ। ਵਾ:-ਮਿਰਤਕ ਫਾਸ=ਮੌਤ ਰੂਪ ਫਾਹੀ ਪੜੀ ਤਾਂ ਸਿਰ ਤੋਂ ਲੈ ਕੇ ਪੈਰਾਂ ਤਕ ਗਲੈ=ਗਲ ਗਿਆ।

ਜਾਂ ਮਰਨ ਸਮੇਂ ਜਮਾਂ ਦੀ ਫਾਹੀ ਗਲ ਵਿਚ ਪਈ 'ਤੇ ਸਿਰ ਉੱਤੇ ਜੁੱਤੀਆਂ ਜਾਂ ਡੰਡੇ ਪੈਰੇ=ਪੈਂਦੇ ਹਨ ॥ ੩॥

## ਕਹੁ ਨਾਨਕ ਜਪਹਿ ਜਨ ਨਾਮ॥
## ਤਾ ਕੇ ਨਿਕਟਿ ਨ ਆਵੈ ਜਾਮ॥੪॥੧੩॥੧੮॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਨਾਮ ਨੂੰ ਜਪਦਾ ਹੈ। ਉਸ ਦੇ ਨੇੜੇ ਜਮ ਨਹੀ ਆਉਂਦਾ

## ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ
## ੧ੴ ਸਤਿਗੁਰ ਪ੍ਰਸਾਦਿ॥ ਕਵਨ ਸੰਜੋਗ ਮਿਲਉ ਪ੍ਰਭ ਅਪਨੇ॥

(ਜਗਿਆਸੂ ਨੇ ਗੁਰਾਂ ਤੋਂ ਪੁੱਛਿਆ-) ਮੈਂ ਕਿਹੜੇ ਸੰਜੋਗ ਕਰਕੇ ਆਪਣੇ ਪ੍ਰਭੂ ਨੂੰ ਮਿਲਣਾ ਕਰਾਂ ? *(ਗੁਰ ਉੱਤਰ)*

## ਪਲੁ ਪਲੁ ਨਿਮਖ ਸਦਾ ਹਰਿ ਜਪਨੇ॥੧॥

ਪੱਲ ਪੱਲ ਵਿਚ ਨਿਮਖ ਨਿਮਖ ਸਮੇਂ ਵਿਚ ਤੂੰ ਹਮੇਸ਼ਾਂ ਹਰੀ ਨਾਮ ਨੂੰ ਜਪਣਾ ਕਰ ॥ ੧॥

## ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥
## ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥੧॥ ਰਹਾਉ॥

*ਪ੍ਰਸ਼ਨ-* ਉਹ ਕਿਹੜੀ ਸ਼ੁਭ ਸਿਖਿਆ ਹੈ ਜਿਸ ਕਰਕੇ ਮੈਂ ਆਪਣੇ ਪ੍ਰੀਤਮ ਪ੍ਰਭੂ ਨੂੰ ਪਾ ਲਵਾਂ ?

*ਉੱਤਰ-* ਤੂੰ ਨਿਤਾਪ੍ਰਤੀ ਪ੍ਰਭੂ ਦੇ ਚਰਨ-ਕਮਲਾਂ ਨੂੰ ਜਪਣਾ ਕਰ ਭਾਵ ਧਿਆਨ ਵਿਚ ਜੁੜਨਾ ਕਰ।

## ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ॥
## ਹਰਿ ਨਾਨਕ ਬਿਸਰੁ ਨ ਕਾਹੂ ਬੇਰੇ॥੨॥੧॥੧੯॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪ੍ਰਭੂ ! ਮੇਰੇ ਉੱਤੇ ਅਜਿਹੀ ਕਿਰਪਾ ਕਰ। ਜੋ ਹੇ ਹਰੀ ! ਆਪ ਕਿਸੀ ਵੇਲੇ ਭੀ ਮੈਨੂੰ ਨਾ ਭੁੱਲੋ॥ ੨॥ ੧॥ ੧੯॥

## ਬਿਲਾਵਲੁ ਮਹਲਾ ੫॥
## ਚਰਨ ਕਮਲ ਪ੍ਰਭ ਹਿਰਦੈ ਧਿਆਏ॥ ਰੋਗ ਗਏ ਸਗਲੇ ਸੁਖ ਪਾਏ॥੧॥

ਹਿਰਦੇ ਵਿਚ ਪ੍ਰਭੂ ਦੇ ਚਰਨ-ਕਮਲ ਧਿਆਏ ਹਨ। ਧਿਆਉਣ ਕਰਕੇ ਰੋਗ ਮਿਟ ਗਏ ਹਨ ਅਤੇ ਸਾਰੇ ਸੁਖ ਪਾਏ ਹਨ॥ ੧॥

## ਗੁਰਿ ਦੁਖੁ ਕਾਟਿਆ ਦੀਨੋ ਦਾਨੁ॥
## ਸਫਲ ਜਨਮੁ ਜੀਵਨ ਪਰਵਾਨੁ॥੧॥ ਰਹਾਉ॥

ਗੁਰਾਂ ਨੇ ਨਾਮ ਦਾਨ ਦੇ ਕੇ ਜਨਮ ਮਰਨ ਦਾ ਦੁੱਖ ਕੱਟ ਦਿੱਤਾ ਹੈ। ਇਸ ਲਈ ਜੀਉਣਾ ਸਫਲ ਹੈ ਤੇ ਜਨਮ ਪ੍ਰਵਾਨ ਹੋਇਆ ਹੈ।

ਅਥਵਾ:-ਸਭ ਜੂਨੀਆਂ 'ਚੋਂ ਪ੍ਰਮਾਨੀਕ ਜੋ ਮਨੁੱਖਾ ਜਨਮ ਹੈ ਉਸ ਦਾ ਜੀਉਣਾ ਸਫਲ ਹੋਇਆ ॥ ੧॥ ਰਹਾਉ॥

**ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥**

**ਕਹੁ ਨਾਨਕ ਜਪਿ ਜੀਵੇ ਗਿਆਨੀ॥੨॥੨॥੨੦॥**

ਜਿਸ ਪ੍ਰਭੂ ਦੀ ਕਥਾ ਅਕੱਥ ਹੈ ਉਸ ਪ੍ਰਭੂ ਦੀ ਬਾਣੀ ਅੰਮ੍ਰਿਤ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ- ਗਿਆਨੀ ਲੋਕ ਉਸ ਨੂੰ ਜਪਦੇ ਜੀਉਂਦੇ ਹਨ॥ ੨॥ ੨॥ ੨੦॥

**ਬਿਲਾਵਲੁ ਮਹਲਾ ੫ ॥**

**ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥**

**ਸੁਖ ਉਪਜੇ ਬਾਜੇ ਅਨਹਦ ਤੂਰੇ॥੧॥ ਰਹਾਉ॥**

ਗੁਰਿ=ਪੂਜਨੀਕ ਪੂਰਿਆਂ ਸਤਿਗੁਰਾਂ ਨੇ ਮੇਰੇ ਮਨ ਦੇ ਅੰਦਰ ਸ਼ਾਂਤੀ ਪਾਈ ਹੈ। ਸੁਖ ਪੈਦਾ ਹੋ ਗਏ ਹਨ ਅਤੇ ਇਕ-ਰਸ ਨਾਮਾਂ ਰੂਪੀ।

ਵਾ:-(ਸੁੱਧੋ ਹੰ, ਬੁੱਧੋ ਹੰ ਰੂਪੀ) ਤੂਰੇ=ਵਾਜੇ ਵੱਜ ਆਏ ਹਨ।

**ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ॥੧॥**

(ਆਧਿ, ਬਿਆਧਿ, ਉਪਾਧਿ ਰੂਪ) ਤਿੰਨੇ ਤਾਪ, ਪਾਪ ਤੇ ਸਾਰੇ ਸੰਤਾਪ=ਦੁੱਖ ਨਾਸ ਹੋ ਗਏ ਹਨ।

ਹਰੀ ਨੂੰ ਸਿਮਰਦਿਆਂ ਹੀ ਸਾਰੇ ਪਾਪ ਨਾਸ ਹੋ ਗਏ ਹਨ, ਵਾ:- ਨੱਸ ਗਏ ਹਨ॥ ੧॥

**ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥**

**ਗੁਰਿ ਨਾਨਕਿ ਮੇਰੀ ਪੈਜ ਸਵਾਰੀ॥੨॥੩॥੨੧॥**

ਮਹਾਤਮਾ ਰੂਪ ਸੁੰਦਰ ਨਾਰੀ ਨਾਲ ਮਿਲ ਕੇ, ਵਾ:-ਭਗਤੀ ਰੂਪ ਸੁੰਦਰ ਨਾਰੀ ਨਾਲ ਮਿਲ ਕੇ ਮੈਂ ਆਨੰਦ ਲੈਣਾ ਕਰਦਾ ਹਾਂ, ਤੁਸੀ ਲੈਣਾ ਕਰੋ।

ਗੁਰੂ ਨਾਨਕ ਦੇਵ ਜੀ ਨੇ ਮੇਰੀ ਪੈਜ ਸਵਾਰਨਾ ਕੀਤੀ ਹੈ॥ ੨॥ ੩॥ ੨੧॥

**ਬਿਲਾਵਲੁ ਮਹਲਾ ੫ ॥**

**ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ॥**

ਪਦਾਰਥਾਂ ਦੀ ਮਮਤਾ, ਸਬੰਧੀਆ ਦੇ ਮੋਹ, ਧ੍ਰੋਹ=ਛਲ, ਮਦਿ=ਹੰਕਾਰ ਵਿਚ ਮਸਤ ਹੈ ਇਤਆਦਿਕ ਬੰਧਨਾਂ ਵਿਚ ਬੱਧਾ ਹੋਇਆ ਇਹ ਜੀਵ ਅਤੀ ਬਿਕਰਾਲੁ=ਭਿਆਨਕ ਹੋ ਰਿਹਾ ਹੈ।

**ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ॥੧॥**

ਦਿਨੋ ਦਿਨ ਵਿਕਾਰ ਕਰਦਿਆਂ ਅਉਧ ਛਿਜਤ=ਉਮਰਾ ਘਟਦੀ ਜਾਂਦੀ ਹੈ, ਵਾਸ਼ਨਾਂ ਦੀ ਫਾਹੀ ਵਿਚ ਫਸਿਆ ਹੋਇਆ ਅੰਤ ਨੂੰ ਜਮਾਂ ਦੇ ਜਾਲ=ਫਾਹ ਵਿਚ ਪੈਂਦਾ ਹੈ॥ ੧॥

**ਤੇਰੀ ਸਰਣਿ ਪ੍ਰਭ ਦੀਨ ਦਇਆਲਾ॥**

ਹੇ ਦੀਨ ਦਿਆਲ ਪ੍ਰਭੂ ! ਮੈਂ ਤੇਰੀ ਸ਼ਰਨ ਆਇਆ ਹਾਂ।

**ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ ॥੧॥ਰਹਾਉ॥**

ਮੈਨੂੰ ਸੰਤ ਚਰਨ ਰਵਾਲਾ=ਧੂੜੀ ਦੇ ਨਾਲ ਮੇਲ ਕੇ ਬੜਾ ਵਿਖਮ=ਕਠਨ ਜੋ ਅਤਿਅੰਤ ਭਾਰੀ ਸੰਸਾਰ-ਸਮੁੰਦਰ ਹੈ ਇਸ ਤੋਂ ਤਾਰਨਾ ਕਰੋ।

**ਪ੍ਰਭ ਸੁਖਦਾਤੇ ਸਮਰਥ ਸੁਆਮੀ ਜੀਉ ਪਿੰਡੁ ਸਭੁ ਤੁਮਰਾ ਮਾਲ ॥**

ਹੇ ਸੁਖ ਦਾਤੇ ਪ੍ਰਭੂ ! ਆਪ ਸਮਰਥ ਸੁਆਮੀ ਹੋ, ਜੀਵ ਨੂੰ ਪਿੰਡੁ=ਸਰੀਰ ਤੇ ਮਾਲ ਆਦਿਕ ਸਭ ਆਪ ਜੀ ਦਾ ਦਿੱਤਾ ਹੋਇਆ ਹੈ।

**ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥੪॥੨੨॥**

ਗੁਰੂ ਜੀ ਕਥਨ ਕਰਦੇ ਹਨ-ਹੇ ਪਰਮੇਸ਼ਰ ! ਆਪ ਮੈਂ ਨਾਨਕ ਦੇ ਪ੍ਰਭੂ ਹੋ ਤੇ ਸਦਾ ਕ੍ਰਿਪਾਲੂ ਸੁਭਾਅ ਵਾਲੇ ਹੋ, ਮੇਰੇ ਭਰਮ ਦੇ ਬੰਧਨ ਕੱਟ ਦੇਣਾ ਕਰੋ ॥ ੨॥ ੪॥ ੨੨॥

**ਬਿਲਾਵਲੁ ਮਹਲਾ ੫ ॥**

**ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹ੍ਹਾਰਿਆ ॥**

ਆਪਣਾ ਬਿਰਦ ਚੇਤੇ ਕਰਕੇ ਪਰਮੇਸ਼ਰ ਨੇ ਸਭ ਤਰ੍ਹਾਂ ਦਾ ਅਨੰਦ ਬਣਾਉਣਾ ਕੀਤਾ ਹੈ।

**ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥ ੧ ॥**

ਸਾਰੇ ਸੰਤ ਜਨ ਕ੍ਰਿਪਾਲੂ ਹੋਏ ਹਨ ਅਤੇ ਸਾਰਾ ਪ੍ਰਵਾਰ ਭੀ ਅਨੰਦ ਹੋ ਗਿਆ ਹੈ॥ ੧॥

**ਕਾਰਜੁ ਸਤਿਗੁਰਿ ਆਪਿ ਸਵਾਰਿਆ ॥**

ਸਤਿਗੁਰਾਂ ਨੇ ਆਪ ਹੀ ਕਾਰਜ ਸਵਾਰਨਾ ਕੀਤਾ ਹੈ।

[ਪੰਨਾ ੮੦੭]

**ਵਡੀ ਆਰਜਾ ਹਰਿ ਗੋਬਿੰਦ ਕੀ**

**ਸੂਖ ਮੰਗਲ ਕਲਿਆਣ ਬੀਚਾਰਿਆ ॥ ੧ ॥ ਰਹਾਉ ॥**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੱਡੀ ਉਮਰਾ ਹੋ ਗਈ ੪੨ ਸਾਲ ੯ ਮਹੀਨੇ ੧੯ ਦਿਨ, ਮੰਗਲ ਰੂਪ ਜੋ ਪਰਮੇਸ਼ਰ ਹੈ ਕਲਿਆਣਾਂ ਦੇ ਕਰਨ ਵਾਲਾ ਉਸ ਨੂੰ ਵਿਚਾਰਿਆ ਤਾਂ ਸੁਖ ਪ੍ਰਾਪਤ ਹੋਇਆ॥ ੧॥

**ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥**

ਪ੍ਰਤੱਖ ਵਣ, ਤ੍ਰਿਣ ਤੇ ਤਿੰਨ ਭਵਨ ਹਰੇ ਭਰੇ ਹੋ ਗਏ।

*ਅਥਵਾ:*-ਵਣ=ਅੰਤਹਕਰਨ, ਤ੍ਰਿਣ=ਇੰਦਰੀਏ, ਤ੍ਰਿਭਵਣ=ਤਿੰਨੇ ਸਰੀਰ ਸ਼ੁਭ-ਗੁਣਾਂ ਕਰਕੇ ਹਰੇ ਹੋ ਗਏ ਅਤੇ ਸਾਰੇ ਸੂਖਮ ਸਥੂਲ ਜੀਵ ਸਾਧਾਰਿਆ=ਸਹਿਤ ਆਸਰੇ ਦੇ ਹੋ ਗਏ।

**ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥ ੨ ॥ ੫ ॥ ੨੩ ॥**

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਤੋਂ ਮਨ ਇੱਛਤ ਫਲ ਪਾਏ ਹਨ, ਜੋ ਪੂਰਨ ਪਰਮਾਤਮਾ ਸਭ ਦੀ

ਇੱਛਾ ਪੁਜਾਰਿਆ=ਪੂਰਨ ਕਰਦਾ ਹੈ॥ ੨ ॥ ੫ ॥ ੨੩ ॥

**ਬਿਲਾਵਲੁ ਮਹਲਾ ੫ ॥ ਜਿਸੁ ਊਪਰਿ ਹੋਵਤ ਦਇਆਲੁ ॥**

ਜਿਸ ਉਤੇ ਪਰਮੇਸ਼ਰ ਦਿਆਲੂ ਹੁੰਦਾ ਹੈ।

**ਹਰਿ ਸਿਮਰਤ ਕਾਟੈ ਸੋ ਕਾਲੁ ॥ ੧ ॥ ਰਹਾਉ ॥**

ਉਸ ਗੁਰਮੁਖ ਹਰੀ ਨੂੰ ਸਿਮਰਦਾ ਹੋਇਆ ਆਪਣਾ ਕਾਲੁ=ਸਮਾਂ ਚੰਗਾ ਬਤੀਤ ਕਰਦਾ ਹੈ।

**ਸਾਧਸੰਗਿ ਭਜੀਐ ਗੋਪਾਲੁ ॥ ਗੁਨ ਗਾਵਤ ਤੂਟੈ ਜਮ ਜਾਲੁ ॥ ੧ ॥**

ਸੰਤਾਂ ਦੀ ਸੰਗਤ ਵਿਚ ਬੈਠ ਕੇ ਗੋਪਾਲ ਨਾਮ ਨੂੰ ਜਪਣਾ ਕਰੀਏ । ਕਿਉਂਕਿ ਉਸ ਦੇ ਗੁਣ ਗਾਉਂਦਿਆਂ ਹੀ ਜਮਾਂ ਦਾ ਫਾਹ ਟੁੱਟ ਜਾਂਦਾ ਹੈ॥ ੧ ॥

**ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥ ਨਾਨਕੁ ਜਾਚੈ ਸਾਧ ਰਵਾਲ ॥ ੨ ॥ ੬ ॥ ੨੪ ॥**

ਉਹ ਆਪ ਸਤਿਗੁਰੂ ਰੂਪ ਧਾਰਦਾ ਹੈ ਆਪ ਹੀ ਸਭ ਦੀ ਪ੍ਰਤਿਪਾਲਾ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਪਾਸੋਂ ਸੰਤ ਚਰਨ ਧੂੜੀ ਮੰਗਦੇ ਹਾਂ॥ ੨ ॥ ੬ ॥ ੨੪ ॥

**ਬਿਲਾਵਲੁ ਮਹਲਾ ੫ ॥ ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥**

ਮਨ ਦੇ ਵਿਚ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਨੂੰ ਸਿੰਚਣਾ ਕਰੋ ।

**ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥ ੧ ॥**

ਰਾਤ ਦਿਨ ਕੀਰਤਨ ਦੁਆਰਾ ਹਰੀ ਗੁਣਾਂ ਨੂੰ ਗਾਮ=ਗਾਉਣਾ ਕਰੋ।

**ਐਸੀ ਪ੍ਰੀਤਿ ਕਰਹੁ ਮਨ ਮੇਰੇ ॥ ਆਠ ਪਹਰ ਪ੍ਰਭ ਜਾਨਹੁ ਨੇਰੇ ॥ ੧ ॥ ਰਹਾਉ ॥**

ਹੇ ਮੇਰੇ ਮਨ ! ਅਜਿਹੀ ਪ੍ਰੀਤੀ ਧਾਰਨਾ ਕਰੋ। ਜੋ ਅੱਠੇ ਪਹਿਰ ਪ੍ਰਭੂ ਨੂੰ ਆਪਣੇ ਨੇੜੇ ਜਾਣੋ।

**ਕਹੁ ਨਾਨਕ ਜਾ ਕੇ ਨਿਰਮਲ ਭਾਗ ॥**

**ਹਰਿ ਚਰਣੀ ਤਾ ਕਾ ਮਨੁ ਲਾਗ ॥ ੨ ॥ ੭ ॥ ੨੫ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਉੱਤਮ ਭਾਗ ਹਨ। ਉਸ ਦਾ ਮਨ ਹਰੀ ਦੇ ਚਰਨਾਂ ਨਾਲ ਲਗਦਾ ਹੈ॥ ੨ ॥ ੭ ॥ ੨੫ ॥

ਅਗਲਾ ਸ਼ਬਦ ਛੇਵੇਂ ਪਾਤਿਸ਼ਾਹ ਜੀ ਦੇ ਅਤੇ ਜਗਿਆਸੂ ਦੇ ਪ੍ਰਤੀ ਉਚਾਰਨ ਕੀਤਾ ਹੈ।

**ਬਿਲਾਵਲੁ ਮਹਲਾ ੫ ॥ ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥**

ਆਪ ਪ੍ਰਭੂ ਨੇ ਕਿਰਪਾ ਕਰਕੇ ਗਵਾਇਆ ਤਾਂ ਛੇਵੇਂ ਪਾਤਿਸ਼ਾਹ ਜੀ ਦਾ ਰੋਗ ਦੂਰ ਹੋ ਗਿਆ।

*ਅਥਵਾ:*-ਆਪ ਪ੍ਰਭੂ ਨੇ ਗਵਾਇਆ ਤਾਂ ਜਗਿਆਸੂ ਦਾ ਅਗਿਆਨ ਰੂਪੀ ਰੋਗ ਨਵਿਰਤ ਹੋ ਗਿਆ।

**ਨੀਦ ਪਈ ਸੁਖ ਸਹਜ ਘਰੁ ਆਇਆ ॥ ੧ ॥ ਰਹਾਉ ॥**

ਪ੍ਰਤੱਖ ਨੀਂਦ ਵਾ:-ਸ਼ਾਂਤੀ ਰੂਪੀ ਨੀਂਦ ਆ ਪਈ ਹੈ ਤੇ ਅਚੁੱਤ ਸੁਖ ਘਰ ਵਿਚ ਆ ਕੇ ਪ੍ਰਾਪਤ ਹੋਇਆ

ਹੈ॥ ੧॥ ਰਹਾਉ॥

**ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ॥ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ॥੧॥**

ਹੇ ਮੇਰੇ ਭਾਈ ! ਪ੍ਰਤੱਖ ਭੋਜਨ ਨੂੰ, ਵਾ:-ਬ੍ਰਹਮ ਗਿਆਨ ਰੂਪੀ ਭੋਜਨ ਨੂੰ ਰੱਜਕੇ ਖਾਣਾ ਕਰੋ। ਅਤੇ ਹਿਰਦੇ ਵਿਚ ਨਾਮ ਅੰਮ੍ਰਿਤ ਦੇ ਧਿਆਉਣ ਵਾਲੇ ਹੋਵੋ॥ ੧॥

**ਨਾਨਕ ਗੁਰ ਪੂਰੇ ਸਰਨਾਈ॥**

**ਜਿਨਿ ਅਪਨੇ ਨਾਮ ਕੀ ਪੈਜ ਰਖਾਈ॥੨॥੮॥੨੬॥**

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਪੂਰੇ ਗੁਰੂ ਦੀ ਸ਼ਰਨ ਵਿਚ ਆ ਪਏ ਹਾਂ। ਜਿਸ ਨੇ ਆਪਣੇ ਨਾਮ ਦੀ ਪੈਜ ਰੱਖ ਲਈ ਹੈ॥ ੨॥ ੮॥ ੨੬॥

**ਬਿਲਾਵਲੁ ਮਹਲਾ ੫॥**

**ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ॥ਰਹਾਉ॥**

ਸ੍ਰੀ ਹਰਿਮੰਦਰ ਸਾਹਿਬ ਬਣ ਜਾਣ ਤੋਂ ਬਾਅਦ ਇਹ ਸ਼ਬਦ ਉਚਾਰਿਆ ਕਿ ਸਤਿਗੁਰਾਂ ਨੇ ਘਰ=ਗੁਰੂ ਕੇ ਮਹਲ, ਵਾ:-ਸ੍ਰੀ ਹਰਿਮੰਦਰ ਸਾਹਿਬ ਬਾਰ=ਦਰਸ਼ਨੀ ਦਰਵਾਜ਼ਾ (ਡਿਉੜੀ) ਇਹ ਸਭ ਇਸਥਿਤ ਕਰ ਦਿੱਤੇ ਹਨ।

**ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ॥੧॥**

ਜਿਹੜਾ ਜਿਹੜਾ ਕੋਈ ਇਨ੍ਹਾਂ ਘਰਾਂ ਦੀ ਨਿੰਦਿਆ ਕਰੇਗਾ, ਉਸ ਨੂੰ ਨਿੰਦਿਆ ਕਰਨ ਤੋਂ ਪਹਿਲੇ ਹੀ ਕਰਤਾਰ ਮਾਰੇਗਾ।

*ਅਥਵਾ:-* ਉਸ ਨੂੰ ਆਗੈ=ਪ੍ਰਲੋਕ ਵਿਚ ਕਰਤਾਰ ਜ਼ਰੂਰ ਹੀ ਮਾਰੇਗਾ॥ ੧॥

**ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ॥੨॥੯॥੨੭॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੇ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ ਜਿਸ ਅਪਾਰ ਰੂਪ ਪਰਮਾਤਮਾ ਦਾ ਸਬਦੁ=ਹੁਕਮ ਅਖੰਡ ਹੈ।

*ਅਥਵਾ:-* ਮੈਂ ਦਾਸ ਨੇ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ, ਜਿਸ ਨੂੰ ਅਖੰਡ ਅਪਾਰ ਦੀ ਪ੍ਰਾਪਤੀ ਕਰਨ ਵਾਲਾ ਸ਼ਬਦ ਮਿਲਿਆ ਹੈ ॥ ੨॥ ੯॥ ੨੭॥

ਜਿਸ ਵੇਲੇ ਛੇਵੇਂ ਪਾਤਿਸ਼ਾਹ ਜੀ ਦਾ ਬੁਖਾਰ ਉੱਤਰ ਗਿਆ ਉਸ ਵੇਲੇ ਇਹ ਸ਼ਬਦ ਉਚਾਰਿਆ-

**ਬਿਲਾਵਲੁ ਮਹਲਾ ੫॥**

**ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ॥**

ਹੇ ਪੁੱਤਰ ! ਤਾਪ ਜੋ ਸੰਤਾਪਣੇ ਵਾਲੇ ਸਨ ਉਹ ਸਾਰੇ ਦੂਰ ਹੋ ਗਏ ਹਨ,

ਵਾ:-ਆਪ ਜੀ ਦੇ ਸਰੀਰ ਦਾ ਤਾਪ ਤੇ ਸਿੱਖਾਂ ਦੇ ਸੰਤਾਪ ਚਲੇ ਗਏ ਹਨ ਅਤੇ ਸੀਤਲਾ ਆਦਿਕ ਰੋਗ ਭੀ ਬਿਨਸ ਗਏ ਹਨ।

## ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ॥ ਰਹਾਉ॥

ਪਾਰਬ੍ਰਹਮ ਨੇ ਤੈਨੂੰ ਬਖਸ਼ ਲਿਆ ਹੈ ਸੰਤਾਂ ਦਆਰੇ ਤੂੰ ਨਾਮ ਰਸ ਨੂੰ ਭੋਗਣਾ ਕਰ ॥ ਰਹਾਉ॥

## ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ॥

ਹੇ ਪੁਤ੍ਰ! ਤੇਰਾ ਮਨ ਤਨ ਅਰੋਗ ਹੋਣ ਕਰਕੇ ਤੇਰੀ ਸਤਸੰਗਤ ਰੂਪ ਮੰਡਲੀ ਨੂੰ ਸਾਰੇ ਸੁਖ ਪ੍ਰਾਪਤ ਹਨ।

## ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਧ ਜੋਗ॥ ੧॥

ਨਿਤਾਪ੍ਰਤੀ ਰਾਮ ਦੇ ਗੁਣ ਗਾਉਣਾ ਕਰੋ, ਏਹੋ ਔਸ਼ਧੀ ਹਰ ਤਰ੍ਹਾਂ ਕਰਕੇ ਜੋਗ=ਲਾਇਕ ਹੈ॥ ੧॥

## ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ॥

ਵਡਾਲੀ ਤੋਂ ਆ ਕੇ ਦੇਸ=ਸ੍ਰੀ ਅੰਮ੍ਰਿਤਸਰ ਘਰ (ਗੁਰੂ ਕੇ ਮਹਲਾਂ) ਵਿਚ ਆ ਕੇ ਵੱਸੋ ਇਹ ਸੰਜੋਗ=ਸਮਾਂ ਚੰਗਾ ਹੈ। ਵਾ:-ਮਾਝੇ ਦੇਸ਼ ਵਿਚ ਘਰ ਅੰਮ੍ਰਿਤਸਰ ਹੈ,

ਵਾ:-ਸਤਸੰਗਤ ਰੂਪ ਦੇਸ਼ ਤੇ ਸਰੂਪ-ਘਰ ਵਿਚ ਆ ਕੇ ਵੱਸੋ, ਇਸ ਵੇਲੇ ਦੇ ਸੰਜੋਗ ਚੰਗੇ ਹਨ।

## ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥੧੦॥੨੮॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਜੀ ਆਪ ਪ੍ਰਸੰਨ ਹੋਏ ਹਨ, ਇਸ ਲਈ ਸਾਰੇ ਬਿਓਗ=ਵਿਛੋੜੇ ਤੇ ਝੋਰੇ ਲਹਿ ਗਏ ਹਨ॥ ੨॥ ੧੦॥ ੨੮॥

## ਬਿਲਾਵਲੁ ਮਹਲਾ ੫॥ ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ॥

ਇਹ ਜੰਜਾਲ ਰੂਪ ਮਾਇਆ ਕਿਸੀ ਦੇ ਨਾਲ ਚਲਦੀ ਨਹੀਂ ਹੈ।

## ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ॥ ਰਹਾਉ॥

ਜੋ ਰਾਵਣ ਆਦਿਕ ਸੰਤਾਂ ਨੂੰ ਦੁਖ ਦੇਣ ਦੇ ਖਿਆਲ ਵਿਚ ਪਏ ਹੋਏ ਸਨ ਕਿਉਂਕਿ ਰਾਵਣ ਨੇ ਰਿਖੀਆਂ ਦਾ ਖੂਨ ਨਿਚੋੜਿਆ ਸੀ ਉਹ ਛਤ੍ਰ-ਪਤੀ ਰਾਜੇ ਉੱਠ ਕੇ ਚਲੇ ਗਏ ਹਨ। ਜਾਂ ਸੰ=ਭਲੀ ਪਰਕਾਰ ਤਨ ਦੇ ਪਾਲਣ ਪੋਸਣ ਦੇ ਖਿਆਲ ਵਿਚ ਪਏ ਹੋਏ ਸਨ, ਉਹ ਛਤ੍ਰ-ਪਤੀ ਰਾਜੇ ਸੰਸਾਰ ਤੋਂ ਉੱਠ ਕੇ ਚਲੇ ਗਏ ਹਨ।

*ਅਥਵਾ:*-ਸੰਤਾਂ ਦੇ ਧਿਆਨ ਵਿਚ ਸਭ ਛਤਰ-ਪਤੀ ਰਾਜੇ ਸੰਸਾਰ ਤੋਂ ਉੱਠ ਕੇ ਚਲੇ ਗਏ ਹਨ।

*ਅਥਵਾ:*-ਛਤਰ-ਪਤੀ ਰਾਜੇ ਤਾਂ ਉੱਠ ਕੇ ਚਲੇ ਗਏ ਹਨ ਤੇ ਤੂੰ ਸੰਤਾਂ ਪਾਸੋਂ ਉਪਦੇਸ਼ ਲੈਣ ਦੇ ਖਿਆਲ ਵਿਚ ਪਓ। ਜਾਂ ਸੰਤਾਂ ਦੀ ਸੇਵਾ ਕਰਨ ਦੇ ਖਿਆਲ ਵਿਚ ਰਹੁ।

## ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥

ਹੰਕਾਰ ਬੁੱਧੀ ਵਾਲਿਆਂ ਨੂੰ ਜੰਮਣਾ ਮਰਨਾ ਬਣਿਆ ਰਹਿੰਦਾ ਹੈ ਇਹ ਮੁੱਢ ਦੀ ਢਾਲ=ਮਰਯਾਦਾ ਹੈ।

## ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ॥ ੧॥

ਜੋ ਵਿਸ਼ਿਆਂ ਵਿਚ ਲੱਗ ਕੇ ਬਿਕਰਾਲ=ਭਿਆਨਕ ਹੋ ਰਹੇ ਹਨ, ਉਹ ਬਹੁਤ ਹੀ ਜੂਨੀਆਂ ਵਿਚ ਜੰਮਦੇ ਮਰਦੇ ਹਨ॥ ੧॥

## ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥

ਸਾਧੂ ਹਮੇਸ਼ਾਂ ਸੱਚਾ ਬਚਨ ਕਹਿੰਦੇ ਹਨ, ਜੇ ਕੋਈ ਸੇਵਾ ਵਾਸਤੇ ਕਹੇ ਤਾਂ ਸਤ ਬਚਨ ਕਹਿੰਦੇ ਹਨ ਅਤੇ ਨਿਤਾਪ੍ਰਤੀ ਗੋਪਾਲ ਨਾਮ ਨੂੰ ਜਪਦੇ ਹਨ।

## ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ ॥ ੨ ॥ ੧੧ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੇ ਲਾਲ ਰੰਗ ਵਿਚ ਰੰਗੇ ਗਏ ਹਨ, ਵਾ:-ਲਾਲ=ਪਿਆਰੇ ਹਰੀ ਦੇ ਰੰਗ=ਪ੍ਰੇਮ ਵਿਚ ਰਹਿੰਦੇ ਹਨ, ਉਹ ਉਸ ਨੂੰ ਸਿਮਰ-ਸਿਮਰ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ॥ ੨ ॥ ੧੧ ॥ ੨੯ ॥

## ਬਿਲਾਵਲੁ ਮਹਲਾ ੫ ॥ ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥

ਸਹਜ ਸਮਾਧਿ=ਨਿਰ-ਵਿਕਲਪ ਸਮਾਧੀ ਦਾ ਸੁਖ ਅਨੰਦ ਸਾਨੂੰ ਪੂਰਿਆਂ ਗੁਰਾਂ ਨੇ ਦਿੱਤਾ ਏ।

## ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥

ਜੋ ਸਦਾ ਸੰਗੀ ਤੇ ਸਹਾਈ ਪ੍ਰਭੂ ਹੈ ਉਸ ਦੇ ਅੰਮ੍ਰਿਤ=ਮੁਕਤੀ ਰੂਪੀ ਗੁਣਾਂ ਨੂੰ ਜਾਣਿਆ ਹੈ॥ ਰਹਾਉ॥

[ਪੰਨਾ ੮੦੮]

## ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥

ਸਾਰੇ ਜਗਤ ਵਿਚ ਜੈ ਜੈ ਕਾਰ ਹੋ ਰਿਹਾ ਹੈ ਤੇ ਸਾਰੇ ਜੀਵ ਦਰਸ਼ਨ ਨੂੰ ਲੋਚਹਿ=ਚਾਹੁੰਦੇ ਹਨ।

## ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥ ੧ ॥

ਪ੍ਰਭੂ ਰੂਪ ਸਤਿਗੁਰਾਂ ਦੇ ਪ੍ਰਸੰਨ ਹੋਣ ਕਰਕੇ, ਜਾਂ ਸਤਿਗੁਰਾਂ ਦੇ ਤੇ ਪ੍ਰਭੂ ਦੇ ਪ੍ਰਸੰਨ ਹੋਣ ਕਰਕੇ ਸਾਨੂੰ ਕੁਝ ਵਿਘਨ ਨਹੀਂ ਹੋਇਆ॥ ੧ ॥

## ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥

ਉਹ ਦਿਆਲ ਪ੍ਰਭੂ ਜਿਸ ਦਾ ਅੰਗੁ=ਪੱਖ ਕਰਦਾ ਹੈ, ਸਾਰੇ ਜੀਵ ਉਸ ਦੇ ਦਾਸ ਹੋ ਜਾਂਦੇ ਹਨ।

## ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥ ੨ ॥ ੧੨ ॥ ੩੦ ॥

ਸਦਾ ਦਿਆਲ ਪ੍ਰਭੂ ਕਾਲ, ਵਰਤਮਾਨ ਤੇ ਭਵਿੱਖਤ ਸਮੇਂ ਦੀਆਂ ਸਭ ਵਡਿਆਈਆਂ ਗੁਰੂ ਨਾਨਕ ਦੇਵ ਜੀ ਦੇ ਪਾਸੇ ਹਨ॥ ੨ ॥ ੧੨ ॥ ੩੦ ॥

## ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ

## ੧ਓ ਸਤਿਗੁਰ ਪ੍ਰਸਾਦਿ ॥ ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥

ਜਿਤਨਾ ਕੁ ਜਗ ਮੰਡਲ ਸਾਜਿਆ ਹੈ ਇਹ ਮਿਰਤੂ ਹੋ ਜਾਣ ਵਾਲਾ ਏ, ਜਾਂ ਜਗ ਮੰਡਲ ਵਿਚ ਜੋ ਮ੍ਰਿਤ=ਮਾਤ ਲੋਕ ਸਾਜਿਆ ਹੈ ਇਹ ਇਸ ਤਰ੍ਹਾਂ ਨਾਸਵੰਤ ਹੈ, ਜਿਵੇਂ ਬਾਲੂ=ਰੇਤੇ ਦਾ ਘਰਬਾਰ ਹੁੰਦਾ ਹੈ।

*ਅਥਵਾ:*-ਜਿਵੇਂ ਬਾਰ=ਬਾਲਕਾ ਬਾਰ=ਜਲ ਵਿਚ ਬਾਲੂ=ਰੇਤੇ ਦਾ ਘਰ ਬਣਾਵੇ ਤਾਂ ਉਹ ਝਟ ਨਾਸ ਹੋ

ਜਾਂਦਾ ਹੈ ਤਿਵੇਂ ਇਹ ਸਾਰਾ ਜਗ ਮੰਡਲ ਮਿਥਿਆ ਹੈ, ਇਸ ਦੇ ਨਾਸ ਹੋਣ ਵਿਚ ਕੋਈ ਦੇਰ ਨਹੀਂ ਲਗਦੀ।

*ਅਥਵਾ:-*ਬਾਗ=ਅਗਿਆਤ ਜੀਵ ਜਿਵੇਂ ਬਾਲੂ=ਰੇਤੇ ਦਾ ਘਰ ਬਣਾਵੇ ਤਾਂ ਨਹੀਂ ਠਹਿਰਦਾ ਤਿਵੇਂ ਇਹ ਜਗਮੰਡਲ ਹੈ।

## ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥

ਇਸ ਦੇ ਨਾਸ ਹੋਣ ਵਿਚ ਬਾਰ=ਦੇਰ ਨਹੀਂ ਲਗਦੀ, ਜਿਵੇਂ ਕਾਗਜ਼ ਉੱਤੇ ਜਲ ਦੀ ਬੂੰਦ ਪਵੇ ਤਾਂ ਕਾਗਜ਼ ਝਟ ਗਲ ਜਾਂਦਾ ਹੈ, ਜਾਂ ਜਿਉਂ ਕਾਗਦ ਬੂੰਦਾਰ=ਜਿਵੇ ਜਲ ਦੀ ਬੂੰਦ ਕਾਗਜ਼ ਦਾ ਅਰੀ ਦੁਸ਼ਮਨ ਹੈ॥ ੧ ॥

## ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥

ਮੇਰੀ ਮਨਸਾ=ਸਿਖਿਆ ਸੁਣ ਕੇ ਮਨ ਵਿਚ ਵਿਚਾਰ ਕੇ ਸਤਸਰੂਪ ਪਰਮਾਤਮਾ ਨੂੰ ਦੇਖਣਾ ਕਰ।

*ਅਥਵਾ:-*ਹੇ ਮੇਰੀ ਮਨਸਾ=ਬੁੱਧੀ ! ਸੁਣ ਅਤੇ ਮਨ ਵਿਚ ਵਿਚਾਰ ਕੇ ਦੇਖ, ਸਤ ਵਸਤੂ ਕਿਹੜੀ ਹੈ ?

## ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧ ॥ ਰਹਾਉ ॥

ਜਿੰਨੇ ਭੀ ਸਿਧ, ਸਾਧਿਕ, ਗਿਰਹੀ=ਗ੍ਰਹਿਸਤੀ ਤੇ ਜੋਗੀ ਹੋਏ ਹਨ, ਇਥੇ ਹੀ ਸਾਰੇ ਘਰ ਬਾਰ ਛੱਡ ਕੇ ਖਾਲੀ ਚਲੇ ਗਏ ਹਨ॥ ੧ ॥ ਰਹਾਉ॥

## ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥

ਜਿਸ ਤਰ੍ਹਾਂ ਰਾਤ ਦਾ ਸੁਪਨਾ ਝੂਠਾ ਹੁੰਦਾ ਹੈ, ਉਸੇ ਤਰ੍ਹਾਂ ਦਾ ਸੰਸਾਰ ਝੂਠਾ ਹੈ।

## ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨ ॥

ਜੋ ਭੀ ਦ੍ਰਿਸਟਿ ਮਾਨ=ਨਿਗਾਹ ਆ ਰਿਹਾ ਹੈ ਸਭ ਨਾਸ ਹੋ ਜਾਣ ਵਾਲਾ ਹੈ,

ਹੇ ਮੂਰਖ ਪੁਰਸ਼ਾ ! ਤੂੰ ਇਸ ਵਿਚ ਕੀ ਲਗ ਰਿਹਾ ਹੈਂ॥ ੨ ॥

## ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥

ਦੇਖ ਨੈਨ ਪਸਾਰਿ=ਅੱਖਾਂ ਖੋਲ੍ਹ ਕੇ ਵੇਖ, ਤੇਰੇ ਉਹ ਭਰਾ ਤੇ ਮਿੱਤਰ ਕਿਥੇ ਹਨ, ਜਿਨ੍ਹਾਂ ਦੇ ਨਾਲ ਤੂੰ ਖੇਡਦਾ ਸੀ।

## ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥ ੩ ॥

ਇਕ ਚਲੇ ਗਏ ਹਨ, ਇਕ ਚਲਣ ਨੂੰ ਤਿਆਰ ਹਨ, ਸਾਰੇ ਆਪਣੀ ਆਪਣੀ ਵਾਰੀ ਨਾਲ ਜਾ ਰਹੇ ਹਨ।

## ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ॥

ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ ਉਹ ਹਰੀ ਦੇ ਸਰੂਪ ਦੁਆਰੇ ਵਿਚ ਇਸਥਿਤ ਹੋਏ ਹਨ।

## ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ॥ ੪ ॥ ੧ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਜਨ ਆਪ ਜੀ ਦਾ ਦਾਸ ਹਾਂ, ਹੇ ਮੁਰਾਰੀ ! ਆਪ ਮੇਰੀ ਪੈਜ ਰੱਖ ਲਓ॥ ੪ ॥ ੧ ॥ ੩੧ ॥

**ਬਿਲਾਵਲੁ ਮਹਲਾ ੫ ॥ ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥**

ਪ੍ਰਤੱਖ ਲੋਕਾਂ ਦੀਆਂ ਵਡਿਆਈਆਂ ਨੂੰ ਪ੍ਰਤੱਖ ਬੈਸੰਤਰਿ=ਅੱਗ ਵਿਚ, ਵਾ:-ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਪਾ ਕੇ ਸਾੜ ਦਿਓ।

**ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥ ੧ ॥**

ਜਿਨ੍ਹਾਂ ਬਚਨਾਂ ਦੇ ਉਚਾਰਨ ਨਾਲ ਆਪਣਾ ਪਿਆਰਾ ਪ੍ਰਭੂ ਮਿਲੇ, ਉਨ੍ਹਾਂ ਬਚਨਾਂ ਨੂੰ ਕਰਾਗਉ=ਉਚਾਰਨਾ ਕਰੋ॥ ੧ ॥

**ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥**

ਜਾਂ ਆਪਣੇ ਪ੍ਰਭ ਜੀਉ ਦਿਆਲੂ ਹੋਣ ਤਾਂ ਭਗਤੀ ਵਿਚ ਲਗ ਜਾਓ।

**ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥ ੧ ॥ ਰਹਾਉ ॥**

ਇਹ ਮਨ ਵਾਸ਼ਨਾਂ ਵਿਚ ਲੰਪਟ ਹੋ ਰਿਹਾ ਹੈ ਗੁਰਾਂ ਨਾਲ ਮਿਲਕੇ ਇਨ੍ਹਾਂ ਵਾਸ਼ਨਾਂ ਨੂੰ ਤਿਆਗ ਦਿਓ॥ ੧ ॥

**ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥**

ਅਤਿ ਘਨੀ=ਬਹੁਤ ਤੋਂ ਬਹੁਤ ਬੇਨਤੀਆਂ ਕਰੋ ਅਤੇ ਇਸ ਜੀਅ ਨੂੰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਹੋਮਾਗਉ=ਹਵਨ ਕਰ ਦਿਓ।

**ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥ ੨ ॥**

ਪ੍ਰਿਅ=ਪਤੀ-ਪਰਮਾਤਮਾ ਦੇ ਇਕ ਨਿਮਖ ਮਾਤਰ ਸੁਹਾਗ ਦੇ ਉਤੋਂ ਸਾਰਿਆਂ ਅਰਥ=ਪਦਾਰਥਾਂ ਨੂੰ ਲਿਆ ਕੇ ਵਾਰਨੇ ਕਰ ਦਿਓ॥ ੨ ॥

**ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥**

ਗੁਰਾਂ ਦਾ ਸੰਗ ਕਰਨ ਨਾਲ ਰਾਗ ਅਤੇ ਦ੍ਵੈਸ਼ ਦੇ ਸਹਿਤ ਪੰਜ ਕਾਮ ਆਦਿਕ ਛੁਟ ਗਏ ਹਨ।

**ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥ ੩ ॥**

ਹਿਰਦੇ ਵਿਚ ਪ੍ਰਗਾਸੁ=ਗਿਆਨ ਪਰਗਟ ਹੋਇਆ ਹੈ, ਹੁਣ ਰਾਤ ਦਿਨੇ ਜਾਗਦੇ ਹਾਂ।
ਤਾਂ ਤੇ ਤੁਸੀਂ ਭੀ ਦਿਨ ਰਾਤ ਭਜਨ-ਸਿਮਰਨ ਵਿਚ ਜਾਗਣਾ ਕਰੋ॥ ੩ ॥

**ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ ॥**

ਪੂਰਨ ਮਹਾਤਮਾਂ ਰੂਪ ਸੁਹਾਗਣਾਂ ਦੀ ਸ਼ਰਨ ਵਿਚ ਓਹੀ ਆਇਆ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।

**ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ ॥ ੪ ॥ ੨ ॥ ੩੨ ॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਪਰਮੇਸ਼ਰ ਨੂੰ ਪਾਇਆ ਹੈ,
ਉਨ੍ਹਾਂ ਦਾ ਤਨ ਮਨ ਸੀਤਲ ਹੋ ਗਿਆ ਹੈ॥ ੪ ॥ ੨ ॥ ੩੨ ॥

**ਬਿਲਾਵਲੁ ਮਹਲਾ ੫ ॥ ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥**

ਲਾਲ=ਪਿਆਰੇ ਪ੍ਰਭੂ ਦਾ ਲਾਲ=ਪ੍ਰੇਮ, ਵਾ:-ਗਿਆਨ ਰੂਪੀ ਰੰਗ ਉਸ ਨੂੰ ਲੱਗਾ ਹੈ, ਜਿਸ ਦੇ

ਵੱਡੇ ਉੱਤਮ ਭਾਗ ਹਨ।

**ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥**

ਉਸ ਦਾ ਮਨ ਕਦੇ ਮੈਲਾ ਨਹੀਂ ਹੁੰਦਾ ਅਤੇ ਨਾ ਹੀ ਪਾਪਾਂ ਦਾ ਦਾਗ ਲਗਦਾ ਹੈ॥ ੧ ॥

**ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥**

ਜਿਸ ਨੂੰ ਸੁਖ ਭਾਇ=ਸੁਖ ਸਰੂਪ ਗੁਰੂ ਮਿਲਿਆ ਹੈ ਓਸੇ ਨੇ ਸੁਖਦਾਈ ਪ੍ਰਭੂ ਨੂੰ ਪਾਇਆ ਹੈ।

**ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥ ਰਹਾਉ ॥**

ਜਿਸ ਵੇਲੇ ਸਹਜ ਪਦ ਦੇ ਵਿਚ ਸਮਾਇਆ ਤਾਂ ਅਜੇਹਾ ਅਨੰਦ ਪ੍ਰਾਪਤ ਹੋਇਆ ਜੋ ਛੱਡਿਆ ਨਹੀਂ ਜਾਂਦਾ ॥ ੧ ॥ ਰਹਾਉ ॥

**ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥**

ਜਰਾ ਮਰਾ ਰੋਗ, ਜਾਂ ਜਰਾ=ਰੰਚਕ ਮਾਤ੍ਰ ਮਰਨ ਦਾ ਦੁੱਖ ਨਹੀਂ ਵਿਆਪਦਾ,

ਵਾ:-ਜਰਾ=ਬੁਢੇਪਾ ਅਤੇ ਮਰਨਾ ਨਹੀਂ ਵਿਆਪਦਾ, ਮੁੜ ਕੇ ਉਸ ਨੇ ਕੋਈ ਦੁੱਖ ਭੀ ਨਾ ਪਾਇਆ।

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥**

ਜਿਸ ਵੇਲੇ ਗੁਰਾਂ ਨੇ ਅਮਰ=ਹੁਕਮ ਮਨਾਵਣਾ ਕਰਾਇਆ ਤਾਂ ਨਾਮ-ਅੰਮ੍ਰਿਤ ਨੂੰ ਪੀ ਕੇ ਅਘਾਨਿਆ= ਰੱਜ ਗਿਆ, ਨਾਮ ਦੇ ਪ੍ਰਤਾਪ ਕਰਕੇ ਮੁੜ ਗੁਰਾਂ ਨੇ ਉਸ ਨੂੰ ਅਮਰ ਕਰ ਦਿੱਤਾ॥ ੨ ॥

**ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥**

ਜਿਸ ਨੇ ਅਮੋਲਕ ਹਰੀ ਨਾਮ-ਰਸ ਨੂੰ ਗੁਰਾਂ ਪਾਸੋਂ ਲੈ ਕੇ ਚਖਿਆ ਹੈ, ਉਸ ਦੇ ਅਨੰਦ ਨੂੰ ਓਹੀ ਜਾਣਦਾ ਹੈ।

**ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥**

ਉਸ ਦੀ ਕੀਮਤ ਕਹੀ ਨਹੀਂ ਜਾਂਦੀ, ਮੂੰਹ ਤੋਂ ਕੀ ਬਚਨ ਕਹਿ ਕੇ ਬੋਲੀਏ॥ ੩ ॥

**ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥**

ਹੇ ਪਾਰਬ੍ਰਹਮ! ਆਪ ਜੀ ਦਾ ਦਰਸ਼ਨ ਸਫਲ ਹੈ, ਆਪ ਜੀ ਦੀ ਬਾਣੀ ਭੀ ਸ਼ੁਭ ਗੁਣਾਂ ਦਾ ਨਿਧਿ=ਖਜ਼ਾਨਾ ਹੈ।

[ਪੰਨਾ ੮੦੯]

**ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥**

ਗੁਰੂ ਜੀ ਕਥਨ ਕਰਦੇ ਹਨ-ਤੇਰੇ ਦਾਸਾਂ ਦੀ ਚਰਨ-ਧੂੜੀ ਮੈਂ ਪਾਉਂਦਾ ਹਾਂ ਅਤੇ ਦਾਸਾਂ ਤੋਂ ਕੁਰਬਾਨ ਜਾਂਦਾ ਹਾਂ॥ ੪ ॥ ੩ ॥ ੩੩ ॥

**ਬਿਲਾਵਲੁ ਮਹਲਾ ੫ ॥ ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥**

ਹੇ ਪ੍ਰਭੂ! ਕ੍ਰਿਪਾ ਦ੍ਰਿਸ਼ਟੀ ਧਾਰਕੇ ਮੈਨੂੰ ਆਪਣੀ ਸ਼ਰਨ ਵਿਚ ਰਖਣਾ ਕਰੋ ।

## ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥ ੧ ॥

ਮੈਂ ਨੀਚ ਤੇ ਮੂਰਖ ਹਾਂ, ਆਪ ਜੀ ਦੀ ਸੇਵਾ ਕਰਨੀ ਕੁਝ ਜਾਣਦਾ ਨਹੀਂ ਹਾਂ॥ ੧॥

## ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥

ਹੇ ਮੇਰੇ ਪਿਆਰੇ ਪ੍ਰੀਤਮ! ਮੈਂ ਆਪ ਜੀ ਦੇ ਉੱਪਰ ਮਾਣ ਰਖਣਾ ਕਰਦਾ ਹਾਂ।

## ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥ ੧ ॥ ਰਹਾਉ॥

ਅਸੀਂ ਅਪਰਾਧੀ ਸਦਾ ਭੁਲਣਹਾਰ ਹਾਂ, ਤੁਸੀਂ ਔਗੁਣਾਂ ਦੇ ਬਖਸ਼ਣ ਵਾਲੇ ਹੋ॥ ੧॥ ਰਹਾਉ॥

*ਯਥਾ:–*''ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੂਆਰਿ ਹਉਂ ਪਰ ਘਰਿ ਜੋਹੰਦਾ।
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ।
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।
ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ। *(ਭਾ. ਗੁਰਦਾਸ ਜੀ, ਵਾਰ ੩੬)*

## ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥

ਅਸੀਂ ਨਿਤਾਪ੍ਰਤੀ ਅਸੰਖ=ਨਗਿਣਤ ਔਗੁਣ ਕਰਦੇ ਹਾਂ, ਪਰ ਤੁਸੀਂ ਫਿਰ ਭੀ ਗੁਣ-ਹੀਣਿਆਂ ਨੂੰ ਦਾਤ ਦੇਂਦੇ ਹੋ।

## ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥ ੨ ॥

ਹੇ ਪ੍ਰਭੂ! ਆਪ ਜੀ ਨੂੰ ਛਡ ਕੇ ਤੇਰੀ ਦਾਸੀ ਮਾਇਆ ਦੀ ਸੰਗਤ ਕਰਦੇ ਹਾਂ,
ਇਸ ਤਰ੍ਹਾਂ ਦੇ ਸਾਡੇ ਨੀਚ ਕਰਮ ਹਨ॥ ੨॥

## ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥

ਤੁਸੀਂ ਤਾਂ ਸਭ ਕੁਝ ਦਇਆ ਦ੍ਰਿਸ਼ਟੀ ਧਾਰਕੇ ਦੇਂਦੇ ਹੋ, ਪਰ ਅਸੀਂ ਅਕ੍ਰਿਤਘਨ ਹਾਂ ਜੋ ਤੇਰੇ ਉਪਕਾਰ ਨੂੰ ਜਾਣਦੇ ਨਹੀਂ ਹਾਂ।

ਯਥਾ:– ''ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ। ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ। ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ। ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥ ੮॥
ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ। ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ। ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ। ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥ ੯॥''

*(ਭਾਈ ਗੁਰਦਾਸ ਜੀ, ਵਾਰ ੩੫)*

**ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥ ੩ ॥**

ਹੇ ਮਾਲਕਾ ! ਤੇਰੇ ਦਿੱਤੇ ਹੋਏ ਦਾਨ ਨਾਲ ਲਗ ਪਏ ਹਾਂ,

ਹੇ ਖਸਮ ਪਰਮਾਤਮਾ ! ਚਿੱਤ ਵਿਚ ਆਪ ਜੀ ਨੂੰ ਚੇਤੇ ਨਹੀਂ ਕਰਦੇ ਹਾਂ॥ ੩ ॥

**ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥**

ਹੇ ਭਵ=ਜਨਮ ਮਰਨ ਦੇ ਕੱਟਣ ਵਾਲੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਬਾਹਰਿ=ਬਿਨਾਂ ਕੁਝ ਨਹੀਂ ਹੁੰਦਾ।

**ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥ ੪ ॥ ੪ ॥ ੩੪ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਗੁਰ=ਵੱਡੇ ਦਿਆਲੂ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੈਂ ਮੂਰਖ ਨੂੰ ਤਾਰ ਲੈਣਾ ਕਰੋ॥ ੪॥ ੪॥ ੩੪॥

**ਬਿਲਾਵਲੁ ਮਹਲਾ ੫ ॥ ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥**

ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਆਪਣੇ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।

**ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥ ੧ ॥**

ਜਿਸ ਦੀ ਸੇਵਾ ਕਰਨ ਕਰਕੇ ਘਨਾ=ਬਹੁਤਾ ਸੁਖ ਹੁੰਦਾ ਹੈ, ਮਨ ਕਰਕੇ ਓਸੇ ਨੂੰ ਗਾਉਣਾ ਚਾਹੀਦਾ ਹੈ॥੧॥

**ਕਹੀਐ ਕਾਇ ਪਿਆਰੇ ਤੁਝੁ ਬਿਨਾ ॥**

ਹੇ ਪਿਆਰੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕਿਸ ਨੂੰ ਜਾ ਕੇ ਕਹੀਏ।

**ਤੁਮ੍ ਦਇਆਲ ਸੁਆਮੀ ਸਭ ਅਵਗਨ ਹਮਾ ॥ ੧ ॥ ਰਹਾਉ ॥**

ਹੇ ਸੁਆਮੀ ਜੀਉ ! ਤੁਸੀਂ ਦਿਆਲੂ ਹੋ, ਤੇ ਹਮਾ=ਸਾਡੇ ਵਿਚ ਸਾਰੇ ਔਗੁਣ ਹਨ॥ ੧॥ ਰਹਾਉ॥

**ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥**

ਜਿਵੇਂ ਤੁਸੀਂ ਰਖਦੇ ਹੋ ਤਿਵੇਂ ਰਹਿੰਦੇ ਹਾਂ, ਅਵਰੁ=ਹੋਰ ਕੋਈ ਸਾਡਾ ਚਾਰਾ=ਜ਼ੋਰ ਨਹੀਂ ਹੈ।

**ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥ ੨ ॥**

ਨਿਓਟਿਆਂ ਨੂੰ ਇਕ ਤੇਰੀ ਧਰ=ਓਟ ਹੈ ਅਤੇ ਇਕ ਆਪ ਜੀ ਦੇ ਨਾਮ ਦਾ ਅਧਾਰਾ=ਆਸਰਾ ਹੈ॥ ੨॥

**ਜੋ ਤੁਮ੍ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥**

ਜੋ ਤੁਸੀਂ ਕਰਦੇ ਹੋ, ਓਸੇ ਨੂੰ ਜੋ ਭਲਾ=ਚੰਗਾ ਕਰਕੇ ਮੰਨ ਲੈਂਦਾ ਹੈ ਉਹ ਮੁਕਤ ਹੋ ਜਾਂਦਾ ਹੈ।

**ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥ ੩ ॥**

ਸਾਰੀਆਂ ਚੀਜ਼ਾਂ ਆਪ ਜੀ ਦੀਆਂ ਹਨ, ਸਾਰੀਆਂ ਜੁਗਤੀਆਂ ਭੀ ਆਪ ਜੀ ਦੀਆਂ ਹਨ॥ ੩॥

**ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥**

ਹੇ ਠਾਕੁਰ ! ਜੇਕਰ ਆਪ ਜੀ ਨੂੰ ਭਾ ਜਾਵੇ ਤਾਂ ਆਪ ਜੀ ਦੇ ਚਰਨ ਪਖਾਰਉ=ਧੋਣੇ ਰੂਪ ਸੇਵਾ ਕਰਦਾ ਹਾਂ।

## ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ॥ ੪ ॥ ੫ ॥ ੩੫ ॥

ਹੇ ਦਿਆਲ ਪ੍ਰਭੂ ! ਮੇਰੇ ਤੇ ਕ੍ਰਿਪਾਲੂ ਹੋਵੋ ਜੋ ਮੈਂ ਨਾਨਕ ਗੁਣ ਗਾਉਂਦਾ ਰਹਾਂ॥ ੪॥ ੫॥ ੩੫॥

## ਬਿਲਾਵਲੁ ਮਹਲਾ ੫ ॥ ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥

ਇਸ ਜੀਵ ਦੇ ਸਿਰ ਉੱਤੇ ਮੌਤ ਹੱਸ ਰਹੀ ਹੈ, ਇਸ ਨੂੰ ਆਪਣਾ ਭਖ ਸਮਝ ਕੇ, ਪਰ ਇਹ ਪਸੂਆ=ਅਗਿਆਤ ਜੀਵ ਸਮਝਦਾ ਨਹੀਂ ਹੈ।

## ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥ ੧ ॥

ਬਾਦ=ਝਗੜ, ਵਿਸ਼ੇ ਸੁਆਦ ਤੇ ਹੰਕਾਰ ਵਿਚ ਲੱਗੇ ਹੋਏ ਨੂੰ ਮੌਤ ਸੁਝਦੀ ਨਹੀਂ ਹੈ॥ ੧॥

## ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥

ਹੇ ਅਭਾਗੇ=ਭਾਗਾਂ ਤੋਂ ਹੀਣਿਓ ! ਆਪਣੇ ਸਤਿਗੁਰਾਂ ਦੀ ਸੇਵਾ ਕਰੋ, ਕਿਸ ਵਾਸਤੇ ਨਿਕੰਮੇ ਕੰਮਾਂ ਵਿਚ ਫਿਰਦੇ ਹੋ ।

## ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥ ੧ ॥ ਰਹਾਉ ॥

ਕਸੁੰਭੇ ਨੂੰ ਰੰਗੁਲਾ=ਰੰਗ ਵਾਲਾ ਦੇਖ ਕੇ ਕਿਉਂ ਭੁੱਲ ਕੇ ਇਸ ਵਿਚ ਲੱਗੇ ਹੋਏ ਹੋ। ਪਾਣੀ ਦੀ ਬੂੰਦ ਪੈਣ ਨਾਲ ਇਸ ਦਾ ਰੰਗ ਫਿਟ ਜਾਣਾ ਹੈ। ਇਸੇ ਤਰ੍ਹਾਂ ਇਹ ਪਦਾਰਥ ਤੇ ਵਿਸ਼ੇ ਅਨੰਦ ਕਸੁੰਭੇ ਰੰਗ ਵਾਂਗ ਕੱਚੇ ਹਨ, ਪੁੰਨਾਂ ਦੇ ਅਭਾਵ ਰੂਪੀ ਜਲ ਦੀ ਬੂੰਦ ਪੈਣ ਨਾਲ ਇਨ੍ਹਾਂ ਨੇ ਨਾਸ ਹੋ ਜਾਣਾ ਹੈ, ਤੁਸੀਂ ਕਿਉਂ ਭੁੱਲ ਕੇ ਇਨ੍ਹਾਂ ਵਿਚ ਲੱਗੇ ਹੋਏ ਹੋ ॥ ੧॥ ਰਹਾਉ॥

## ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥

ਵਰਤਣ ਦੇ ਵਾਸਤੇ ਪਾਪ ਕਰ ਕਰ ਕੇ ਧਨ ਨੂੰ ਕੱਠਾ ਕੀਤਾ ਸੀ, ਪਰ ਵਰਤੋਂ ਤੋਂ ਬਿਨਾਂ ਹੀ ਪ੍ਰਾਣ ਨਿਕਲ ਗਏ।

## ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥ ੨ ॥

ਮਿੱਟੀ ਨਾਲ ਰਲਕੇ ਦੇਹ ਮਿੱਟੀ ਹੋ ਗਈ ਅਤੇ ਜੀਵ ਨੰਗਾ ਹੀ ਉੱਠ ਕੇ ਤੁਰ ਜਾਂਦਾ ਹੈ॥ ੨॥

## ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥

ਜਿਨ੍ਹਾਂ ਸਬੰਧੀਆਂ ਦੀ ਪਾਲਣਾ ਕਰਨ ਵਾਸਤੇ ਕਈ ਤਰ੍ਹਾਂ ਦੇ ਸ੍ਰਮੁ=ਦੁੱਖ (ਕਸ਼ਟ) ਬਰਦਾਸ਼ਤ ਕਰਦਾ ਹੈ, ਓਹੀ ਸਬੰਧੀ ਬੁਢੇਪੇ ਵਿਚ ਵੈਰ ਵਿਰੋਧ ਕਰਦੇ ਹਨ।

ਜਾਂ ਮਾਇਆ ਪਿੱਛੇ ਵਿਰੋਧੀ ਹੋ ਕੇ ਵੈਰ ਕਰਦੇ ਹਨ।

## ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥ ੩ ॥

ਅੰਤ ਦੇ ਸਮੇਂ ਬੁਢੇਪੇ ਵਿਚ ਉਹ ਤੈਨੂੰ ਛਡ ਕੇ ਦੌੜ ਜਾਣਗੇ,

ਉਨ੍ਹਾਂ ਦੀ ਖਾਤਰ ਤੂੰ ਕਿਉਂ ਕ੍ਰੋਧੀ ਹੋ ਕੇ ਕਰੋਧ ਵਿਚ ਸੜਦਾ ਹੈਂ ॥ ੩॥

## ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥

ਪ੍ਰਭੂ ਦੇ ਦਾਸਾਂ ਦੀ ਚਰਨ-ਧੂੜ ਗ੍ਰਹਿਣ ਵਾਲਾ ਓਹੀ ਹੋਇਆ ਹੈ, ਜਿਸ ਦੇ ਮੱਥੇ ਦੇ ਕਰਮ ਚੰਗੇ ਹਨ।

## ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ ॥ ੪ ॥ ੬ ॥ ੩੬ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਸਤਿਗੁਰਾਂ ਦੀ ਸ਼ਰਨੀ ਪਿਆ ਹੈ, ਉਸ ਦੇ ਮੋਹ ਰੂਪ ਬੰਧਨ ਛੁਟੇ=ਖੁਲ੍ਹ ਗਏ ਹਨ॥ ੪॥ ੬॥ ੩੬॥

## ਬਿਲਾਵਲੁ ਮਹਲਾ ੫ ॥

ਇਕ ਸਿੱਖ ਨੇ ਆ ਕੇ ਬੇਨਤੀ ਕੀਤੀ-'ਗਰੀਬ ਨਿਵਾਜ ਜੀਓ ! ਸਤਸੰਗਤ ਦੇ ਕਰਨ ਦਾ ਕੀ ਫਲ ਹੁੰਦਾ ਹੈ?

ਤਾਂ ਗੁਰੂ ਜੀ ਨੇ ਕਿਹਾ:-ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥

ਹੇ ਮੇਰੇ ਮਿੱਤਰੋ ! ਹੁਣ ਤੁਸੀਂ ਸਾਧੂਆਂ ਦੀ ਸਤਸੰਗਤ ਕਰਨ ਦੀ ਮਹਿਮਾ ਸੁਣੋ ।

ਸਾਧੂਆਂ ਦੀ ਸੰਗਤ ਕਰਨ ਨਾਲ-

## ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥

ਪ੍ਰਤੱਖ ਪਿੰਗਲਾ ਪਰਬਤ ਤੋਂ ਪਾਰ ਉੱਤਰ ਜਾਂਦਾ ਹੈ, ਤੇ ਖਲ=ਮੂਰਖ ਪੁਰਸ਼ ਚਤਰ ਵਕਤਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਧਨ ਸੰਪਤੀ ਰੂਪੀ, ਵਾ:- ਨਿਸ਼ਕਾਮ ਕਰਮਾਂ ਰੂਪੀ ਪੈਰਾਂ ਤੋਂ ਬਿਨਾਂ ਜੋ ਪਿੰਗਲਾ ਪੁਰਸ਼ ਹੈ ਉਹ ਸੰਸਾਰ, ਹੰਕਾਰ ਤੇ ਅਗਿਆਨ ਰੂਪ ਪਰਬਤ ਤੋਂ ਪਾਰ ਉੱਤਰ ਜਾਂਦਾ ਹੈ, ਅਤੇ ਮੂਰਖ ਪੁਰਸ਼ ਜੋ ਪ੍ਰੀਤੀ ਰੂਪ ਜੀਭ ਤੋਂ ਰਹਿਤ ਹੈ ਉਹ ਚਾਰੇ ਵੇਦਾਂ ਦਾ ਵਕਤਾ ਭਾਵ ਚਾਰੇ ਵੇਦਾਂ ਦਾ ਟੀਕਾ ਕਰਨ ਵਾਲਾ ਹੋ ਜਾਂਦਾ ਹੈ। ਜਿਵੇਂ ਅੱਠਵੇਂ ਗੁਰੂ ਜੀ ਦੀ ਕਿਰਪਾ ਨਾਲ ਪੰਜੋਖਰੇ ਪਿੰਡ ਵਿਚ ਗੁੰਗੇ ਛੱਜੂ ਝੀਵਰ ਨੇ ਗੀਤਾ ਦਾ ਪਾਠ ਪੰਡਿਤ ਨੂੰ ਸੁਣਾ ਦਿੱਤਾ ਸੀ।

ਜਿਵੇਂ ਗੁਰੂ ਕਲਗੀਧਰ ਜੀ ਨੇ ਫੁਰਮਾਇਆ ਹੈ-

"ਮੂਕ ਊਚਰੈ ਸ਼ਾਸਤ੍ਰ ਖਟਿ ਪਿੰਗੁ ਗਿਰਨ ਚੜਿ ਜਾਇ॥" *(ਦਸਮ ਗ੍ਰੰਥ, ਪੰਨਾ ੪੭)*

ਇਸੇ ਤਰ੍ਹਾਂ ਭਾਈ ਸੰਤੋਖ ਸਿੰਘ ਜੀ ਨੇ ਕਥਨ ਕੀਤਾ ਹੈ-

*ਯਥਾ:*-'ਪਿੰਗਲ ਪਰਬਤ ਪਰ ਚਢੈ ਗੁੰਗ ਹੋਇ ਬਾਚਾਲ॥"

ਕਾਇਰ ਹ੍ਵੈ ਭਟ ਜੈ ਧਰੈ ਕਰੇ ਜਿ ਕ੍ਰਿਪਾ ਕ੍ਰਿਪਾਲ॥ ੧॥

*(ਨਾਨਕ ਪ੍ਰਕਾਸ਼, ਉਤ੍ਰਾਰਧ ਧਿਆ ੧੨)*

## ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥

ਪੁਨੀਤਾ=ਪਵਿੱਤ੍ਰ ਗੁਰਾਂ ਦੇ ਮਿਲਣ ਕਰਕੇ ਅੰਨ੍ਹੇ ਨੂੰ ਤਿੰਨੇ ਭਵਣ ਨਿਗਾਹ ਆ ਜਾਂਦੇ ਹਨ।

*ਯਥਾ:*- "ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥" *(ਦਸਮ ਗ੍ਰੰਥ, ਪੰਨਾ ੪੭)*

*ਅਥਵਾ:*-ਅੰਧੁਲੇ=ਗਿਆਨ ਵੈਰਾਗ ਰੂਪੀ ਅੱਖਾਂ ਤੋਂ ਰਹਿਤ ਅੰਨ੍ਹੇ ਪੁਰਸ਼ ਨੂੰ ਤਿੰਨਾਂ ਭਵਨਾਂ ਦੀ ਅੰਤਰਜਾਮਤਾ ਸੁਝ ਆਉਂਦੀ ਹੈ।

*ਵਾ:*-ਤਿੰਨੇ ਭਵਨ ਮਿਥਿਆ ਰੂਪ ਸੁਝਦੇ ਹਨ,

*ਅਥਵਾ:*-ਤਿੰਨੇ ਭਵਨ ਬ੍ਰਹਮ ਰੂਪ ਸੁਝ ਆਉਂਦੇ ਹਨ।

## ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

ਹੇ ਮਿੱਤਰਾ ! ਸਾਧੂਆਂ ਦੇ ਸੰਗ ਦੀ ਮਹਿਮਾ ਨੂੰ ਸੁਣ।

*ਯਥਾ:-* "ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀਂ ਜਾਇ ਸੁਣੈ ਗੁਰਬਾਣੀ।" *(ਭਾ: ਗੁਰਦਾਸ ਜੀ, ਵਾਰ ੧੦ ਪੌ: ੬)*

## ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥

ਸਾਧ ਸੰਗ ਕਰਕੇ ਰਾਗ ਦ੍ਵੈਸ਼ ਰੂਪੀ ਮੈਲ ਖੋਈ=ਨਾਸ ਹੋ ਜਾਂਦੀ ਹੈ ਤੇ ਕਰੋੜਾਂ ਅਘ ਹਰੇ=ਪਾਪ ਦੂਰ ਹੋ ਜਾਂਦੇ ਹਨ; ਮਨ, ਬੁਧ ਚਿੱਤ ਆਦਿਕ ਸਭ ਨਿਰਮਲ ਹੋ ਜਾਂਦੇ ਹਨ॥ ੧ ॥ ਰਹਾਉ॥

## ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥

ਗੋਬਿੰਦ ਦੀ ਅਜੇਹੀ ਭਗਤੀ ਹੈ ਜਿਸ ਦੀ ਮਦਦ ਨਾਲ ਪ੍ਰਤੱਖ ਕੀਟਿ=ਕੀੜੀ ਨੇ ਹਾਥੀ ਨੂੰ ਜਿੱਤ ਲਿਆ ਹੈ।

*ਅਥਵਾ:-* ਬ੍ਰਹਮਾਕਾਰ ਬਿਰਤੀ ਰੂਪ ਕੀੜੀ ਨੇ ਹਸਤੀ=ਹੰਕਾਰ ਰੂਪੀ ਹਾਥੀ ਨੂੰ ਜਿੱਤ ਲਿਆ ਹੈ।

## ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥

ਜਾਂ ਵਿਚਾਰ ਰੂਪ ਕੀੜੀ ਨੇ ਮਨ ਰੂਪੀ ਹਾਥੀ ਨੂੰ ਜਿੱਤ ਲਿਆ।

ਜਿਸ ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ ਉਸ ਨੂੰ ਅਭੈ=ਨਿਰਭੈ ਦਾਨ ਦਿੱਤਾ ਹੈ॥ ੨ ॥

## ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥

ਪ੍ਰਤੱਖ-ਸਿੰਘੁ=ਸ਼ੇਰ ਬਿਲਾਈ=ਬਿੱਲੀ ਵਾਂਗ ਹੋ ਗਿਆ ਤੇ ਤ੍ਰਿਣੁ=ਘਾਹ ਸੁਮੇਰ ਪਰਬਤ ਬਰਾਬਰ ਦਿੱਸਣ ਲੱਗ ਪਿਆ। ਇਸੇ ਤਰ੍ਹਾਂ ਸਿੰਘੁ=ਸ਼ੇਰ ਹੰਕਾਰੀ ਪੁਰਸ਼, ਬਿੱਲੀ ਦੀ ਤਰ੍ਹਾਂ ਨਿੰਮ੍ਰਤਾ ਵਾਲਾ ਹੋ ਗਿਆ ਅਤੇ ਤ੍ਰਿਣ=ਕੱਖ ਦੇ ਸਮਾਨ ਗਰੀਬ ਪੁਰਸ਼ ਸੁਮੇਰ ਪਰਬਤ ਜੇਡਾ ਧਨਾਢ ਬੜਾ ਮਾਇਆਧਾਰੀ ਹੋ ਗਿਆ।

*ਅਥਵਾ:-* ਤ੍ਰਿਣੁ=ਕੱਖ ਦੀ ਤਰ੍ਹਾਂ ਛੋਟਾ ਜੋ ਕਰਤਾ ਭੋਗਤਾ ਆਪਣੇ ਆਪ ਨੂੰ ਮੰਨੀ ਬੈਠਾ ਸੀ, ਉਹ ਮੇਰੁ=ਸੁਮੇਰ ਪਰਬਤ ਵਾਂਗ ਉੱਚਾ ਬ੍ਰਹਮ ਸਰੂਪ ਹੋ ਗਿਆ।

[ਪੰਨਾ ੮੧੦]

## ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥

ਜੋ ਆਢ ਦਮ=ਅੱਧੀ ਦਮੜੀ ਲੈਣ ਵਾਸਤੇ ਕਈ ਤਰ੍ਹਾਂ ਦੇ ਕਸ਼ਟ ਸਹਾਰਨ ਕਰਦੇ ਸਨ ਤੇ ਗਨੀ ਧਨੀਤਾ=ਉਹ ਹੁਣ ਧਨਾਢ ਗਿਣੇ ਗਏ ਹਨ। (ਭਗਤ ਨਾਮਦੇਵ ਵਾਂਗ)

*ਯਥਾ:-* "ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧ ॥" *(ਆਸਾ, ਪੰਨਾ ੪੮੭)*

## ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥

ਸਾਧੂਆਂ ਵਿਚ ਬੇਅੰਤ ਗੁਨੀਤਾ=ਗੁਣ ਹਨ, ਮੈਂ ਕਿਸ ਤਰ੍ਹਾਂ ਵਡਿਆਈ ਕਹਿ ਸਕਦਾ ਹਾਂ।

## ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥੭॥੩੭॥

ਗੁਰੂ ਜੀ ਕਥਨ ਕਰਦੇ ਹਨ-ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ-ਦਾਨ ਦੇਣਾ ਕਰੋ, ਮੈਂ ਆਪ ਜੀ ਦੇ ਦਰ ਦਾ ਸਰੀਤਾ-ਕੁੱਤਾ ਭਾਵ ਦਾਸ ਹਾਂ।

ਅਥਵਾ:-ਏਹੋ ਦਰਸ਼ਨ ਦੀ ਰੀਤਾ=ਰੀਤੀ ਹੈ,

ਵਾ:-ਮੈਂ ਸ਼ੁਭ-ਗੁਣਾਂ ਤੋਂ ਰੀਤਾ=ਚਾਲੀ ਹਾਂ॥ ੪॥ ੭॥ ੩੭॥

ਨੋਟ-ਮੁਖ ਪਾਠ ਪਹਿਲਾ ਹੀ ਹੈ-"ਨਾਨਕ ਦਰ ਸਰੀਤਾ"

## ਬਿਲਾਵਲੁ ਮਹਲਾ ੫॥ ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ॥

ਇਹ ਜੀਵ ਹੰਗਤਾ ਵਾਲੀ ਬੁੱਧੀ ਕਰਕੇ ਨਿਤ ਹੀ ਪਰ=ਭਲੀ ਪ੍ਰਕਾਰ ਪਰ=ਪਰਾਏ ਭਾਵ ਦੂਜਿਆਂ ਨਾਲ ਬਾਦ=ਝਗੜੇ ਕਰਦਾ ਹੈ ਅਤੇ ਲੋਭ ਕਰਕੇ ਰਸਨਾਂ ਨਾਲ ਕਈ ਤਰ੍ਹਾਂ ਦੇ ਪਦਾਰਥਾਂ ਦਾ ਸੁਆਦ ਲੈਂਦਾ ਹੈ।

## ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ॥੧॥

ਕਪਟੀ ਪੁਰਸ਼ ਛਲ ਆਦਿਕਾਂ ਵਿਚ ਲੰਪਟ ਹੋ ਕੇ ਘਰ ਦੇ ਬੰਧਿਆਂ ਵਿਚ ਤਦਾਕਾਰ ਹੈ 'ਤੇ ਮਿਥਿਆ ਵਿਸ਼ਿਆਂ ਨੂੰ ਅਦਨ ਕਰਦਾ ਹੈ।

## ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ॥

ਪੂਰਿਆਂ ਗੁਰਾਂ ਦੀ ਕਿਰਪਾ ਨਾਲ ਜਗਤ ਵਿਚ ਜੀਵਾਂ ਦੀ ਅਜੇਹੀ ਦਸ਼ਾ ਅੱਖਾਂ ਨਾਲ ਵੇਖੀ ਹੈ ਕਿ-

## ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ॥੧॥ ਰਹਾਉ॥

ਪ੍ਰਭੂ ਦੇ ਨਾਮ ਤੋਂ ਬਿਨਾਂ ਰਾਜ-ਭਾਗ, ਮਿਲਖ=ਜਗੀਰਾਂ, ਧਨ ਅਤੇ ਜੋਬਨ ਆਦਿਕ ਸਭ ਕੁਝ ਬਾਦਿ=ਵਿਅਰਥ ਹੈ॥ ੧॥ ਰਹਾਉ॥

## ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ॥

ਸੋਹਣਾ ਰੂਪ, ਗੁੱਗਲ ਆਦਿਕ ਧੂਪ, ਅਤਰ ਫੁਲੇਲ ਆਦਿਕ ਸੁਗੰਧੀਆਂ, ਜਾਂ ਰੂਪ ਧੂਪ=ਰੂਪ ਰਾਪ ਇਹ ਇਕ ਕੱਠੀ ਬੋਲੀ ਹੈ, ਵਾ:-ਧੂਪ ਰੂਪ=ਉੱਜਲ ਰੂਪ, ਸੁਗੰਧੀਆਂ, ਸੋਹਣੇ ਕਪੜੇ, ਭੋਗਾਦਿ=ਪਦਾਰਥ ਆਦਿਕ ਜੋ ਭੀ ਕੁਝ ਹੈ।

## ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ॥੨॥

ਇਸ ਪਾਪਿਸਟ ਤਨ=ਵੱਡੇ ਪਾਪੀ ਸਰੀਰ ਦੇ ਨਾਲ ਮਿਲਦਿਆਂ ਹੀ ਦੁਰਗਾਦਿ=ਦੁਰਗੰਧੀ ਰੂਪ ਜਾਂ ਗੰਦੇ ਹੋ ਜਾਂਦੇ ਹਨ॥ ੨॥

## ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ॥

ਚੁਰਾਸੀ ਲੱਖ ਜੂਨੀਆਂ ਵਿਚ ਫਿਰਦਿਆਂ-ਫਿਰਦਿਆਂ ਹੁਣ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪਰ ਇਹ ਦੇਹ ਆਦਿਕ ਸਾਰੇ ਪਦਾਰਥ ਖਿਨ ਭੰਗਰ ਹਨ।

## ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥ ੩ ॥

ਜੋ ਇਸ ਮਨੁੱਖਾ ਦੇਹ ਰੂਪ ਅਉਸਰ=ਸਮੇਂ ਤੋਂ ਚੂਕਿਆ=ਚੁਕ ਗਿਆ (ਖੁੰਝ ਗਿਆ) ਹੈ, ਉਹ ਬਹੁਤੀਆਂ ਜੂਨੀਆਂ ਵਿਚ ਭਰਮਦਾ ਹੈ॥ ੩॥

## ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ॥

ਪ੍ਰਭੂ ਦੀ ਕਿਰਪਾ ਨਾਲ ਜਿਸ ਨੂੰ ਪੂਰੇ ਗੁਰੂ ਮਿਲੇ ਹਨ, ਉਹ ਹਰਿ ਹਰਿ ਨਾਮ ਨੂੰ ਜਪ ਕੇ ਬਿਸਮਾਦ=ਅਸਚਰਜ ਰੂਪ ਹੋਇਆ ਹੈ।

## ਸੂਖ ਸਹਜ ਨਾਨਕ ਅਨੰਦ ਤਾ ਕੈ ਪੂਰਨ ਨਾਦ ॥ ੪ ॥ ੮ ॥ ੩੮ ॥

ਗੁਰੂ ਜੀ ਕਥਨ ਕਰਦੇ ਹਨ-ਤਾ ਕੈ ਪੂਰਨ ਨਾਦ=ਉਨ੍ਹਾਂ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਉਸ ਨੂੰ ਸਹਜ=ਅਚੁੱਤ ਸੁਖ ਦਾ ਅਨੰਦ ਪ੍ਰਾਪਤ ਹੋਇਆ ਹੈ॥ ੪॥ ੮॥ ੩੮॥

## ਬਿਲਾਵਲੁ ਮਹਲਾ ੫ ॥ ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥

ਸੰਤਾਂ ਦੇ ਚਰਨ ਬੋਹਿਥਾ=ਜਹਾਜ਼ ਰੂਪ ਹੋਏ ਹਨ, ਜੇਤ=ਜਿਨ੍ਹਾਂ ਦੇ ਆਸਰੇ ਹੋ ਕੇ ਸੰਸਾਰ-ਸਮੁੰਦਰ ਤੋਂ ਤਰੇ ਹਾਂ। ਵਾ:-ਜੇਤ=ਜਿਤਨਾ ਭੀ ਸਮੁੰਦਰ ਸੀ ਉਸ ਤੋਂ ਤਰ ਗਏ ਜਾਂ ਕਾਮ ਆਦਿਕਾਂ ਨੂੰ ਜੇਤ=ਜਿੱਤ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਾਂ।

## ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥ ੧ ॥

ਜਿਨ੍ਹਾਂ ਨੂੰ ਗੁਰਾਂ ਨੇ ਕਾਮ ਆਦਿਕਾਂ ਦੇ ਵਸ ਕਰਨ ਲਈ ਸਾਰੇ ਭੇਤ ਦੱਸੇ ਹਨ,
ਉਨ੍ਹਾਂ ਨੇ ਸੰਸਾਰ-ਉਜਾੜ ਵਿਚ-ਗਿਆਨ-ਭਗਤੀ ਰੂਪ ਰਸਤਾ ਪਾਇਆ ਹੈ॥ ੧॥

## ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥

(੧) ਮਨ ਕਰਕੇ ਹਰੀ ਦੇ ਹਰਿ ਹਰਿ ਨਾਮ ਵਿਚ ਹੇਤ=ਪ੍ਰੇਮ ਕਰ; ਬਾਣੀ ਕਰਕੇ ਹਰੀ ਦੇ ਹਰਿ ਹਰਿ ਨਾਮ ਵਿਚ ਪ੍ਰੇਮ ਕਰ, ਸਰੀਰ ਕਰਕੇ ਭੀ ਹਰੀ ਦੇ ਹਰਿ ਹਰਿ ਨਾਮ ਵਿਚ ਹੇਤ=ਪ੍ਰੇਮ ਕਰ।

(੨) ਜਿਸ ਵੇਲੇ ਹਰਿ=ਤੰਦੂਏ ਨੇ ਹਰਿ=ਹਾਥੀ ਨੂੰ ਹੇਠਾਂ ਹਰਿ=ਜਲ ਵਿਚ ਹਰਿ=ਹਰਿਆ (ਖਿੱਚਿਆ) ਤੇ ਹਰਿ=ਕੌਲ-ਫੁੱਲ ਦੀ ਭੇਟਾ ਦਿੱਤੀ, ਉਸ ਵੇਲੇ ਜਿਸ ਹਰੀ ਨੇ ਹਰਿ=ਗਰੁੜ ਦੀ ਸਵਾਰੀ ਕਰਕੇ ਉਸ ਦੇ ਦੁੱਖ ਨੂੰ ਹਰਿਆ ਹੈ, ਉਸ ਹਰੀ ਵਿਚ ਹੇਤ=ਪ੍ਰੇਮ ਕਰ।

(੩) ਹਰਿ=ਤਮਾਮ ਜਗਤ ਵਿਚ ਜੋ ਹਰਿ=ਹਰ ਪ੍ਰਕਾਰ ਦੇ ਜੀਵ ਹਨ, ਉਨ੍ਹਾਂ ਨੂੰ ਜੋ ਹਰਿ=ਹਰ ਪ੍ਰਕਾਰ ਦੇ ਰੋਗ ਲੱਗੇ ਹੋਏ ਹਨ, ਫਿਰ ਉਹ ਰੋਗ ਹਰਿ=ਹਰ ਕਿਸਮਾਂ ਦੇ ਹਨ, ਉਨ੍ਹਾਂ ਨੂੰ ਹਰਿ=ਦੂਰ ਕਰਕੇ ਜੋ ਹਰਿਆ ਕਰਨ ਵਾਲਾ ਹਰੀ ਹੈ, ਉਸ ਹਰੀ ਦੇ ਹਰਿ ਹਰਿ ਨਾਮ ਵਿਚ ਤੂੰ ਹੇਤ=ਪ੍ਰੇਮ ਕਰ।

## ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥ ੧ ॥ ਰਹਾਉ ॥

ਉੱਠਦਿਆਂ ਹਰੀ ਨੂੰ ਚੇਤਨਾ ਕਰ, ਬੈਹਿੰਦਿਆਂ ਭੀ ਹਰੀ ਨੂੰ ਯਾਦ ਕਰ, ਸੌਣ ਲੱਗਿਆਂ ਭੀ ਹਰੀ ਨੂੰ ਸਿਮਰਨ ਕਰ।

ਜਾਂ ਉੱਠਦਿਆਂ ਬੈਠਦਿਆਂ ਸੁੱਤਿਆਂ ਹਰ ਵੇਲੇ ਹਰ ਸ੍ਵਾਸ ਹਰੀ ਨੂੰ ਚੇਤੇ ਕਰ॥ ੧ ॥ ਰਹਾਉ॥

**ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥**

ਜਿਸ ਵੇਲੇ ਸਤਸੰਗਤ ਕੀਤੀ ਤਾਂ ਕਾਮ ਕ੍ਰੋਧ ਆਦਿਕ ਪੰਜ ਚੋਰ ਅੱਗੇ ਲੱਗ ਕੇ-ਭਗੇ=ਦੌੜ ਗਏ।

**ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥ ੨ ॥**

(੧) ਸ਼ਰਧਾ ਰੂਪੀ ਸਾਬਤ ਪੂੰਜੀ ਕਰਕੇ ਘਣੋ=ਬਹੁਤਾ ਲਾਭ ਹੋਇਆ ਅਤੇ ਸ਼ੋਭਾ ਦੇ ਸੇਤ=ਸਹਿਤ ਘਰ ਵਿੱਚ ਜਾਂਦਾ ਹੈ।

(੨) ਨਾਮ ਦੇ ਘਣੇ ਲਾਭ ਕਰਕੇ ਸ੍ਵਾਸਾਂ ਰੂਪੀ ਪੂੰਜੀ ਸਾਬਤ ਰਹੀ ਤੇ ਪ੍ਰਲੋਕ ਘਰ ਵਿਚ ਸੇਤ=ਉੱਜਲ ਸ਼ੋਭਾ ਹੁੰਦੀ ਹੈ।

(੩) ਸੁਖ ਸਹਿਤ ਘਰ ਵਿਚ ਜਾਣ ਲਈ ਪ੍ਰਭੂ ਦੀ ਸ਼ੋਭਾ ਕਰਨੇ ਰੂਪੀ ਸੇਤ=ਪੁਲ ਬੰਨ੍ਹੀ ਹੈ।

**ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥**

ਨਿਹਚਲ ਆਸਣ=ਅਚੱਲ ਸਥਾਨ (ਸਰੂਪ) ਵਿਚ ਟਿਕਣ ਕਰਕੇ ਚਿੰਤਾ ਮਿਟ ਗਈ ਹੈ ਹੁਣ ਡੋਲੇਤ= ਡੋਲਤੇ ਨਹੀਂ ਹਾਂ।

**ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥ ੩ ॥**

ਨੇਤ=ਨੇਤ੍ਰਾਂ (ਅੱਖਾਂ) ਨਾਲ ਨਿਤਾਪ੍ਰਤੀ ਪ੍ਰਭੂ ਨੂੰ ਦੇਖਦਿਆਂ ਸਾਰ ਭਰਮ ਦਾ ਭੁਲੇਖਾ ਮਿਟ ਗਿਆ ਹੈ।

**ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥**

ਗੁਣਾਂ ਦਾ ਗਭੀਰ=ਸਮੁੰਦਰ ਹੋਣ ਕਰਕੇ ਸ਼ੁਭ ਗੁਣਾਂ ਦਾ ਨਾਇਕਾ=ਸੁਆਮੀ (ਮਾਲਕ) ਹੈ, ਉਸ ਦੇ ਕੇਤ=ਕਿਹੜੇ ਕਿਹੜੇ ਗੁਣ ਕਹੀਏ, ਜਾਂ ਕੇਤ=ਕਿਤਨੇ ਗੁਣ ਕਹੀਏ।

**ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥ ੪ ॥ ੯ ॥ ੩੯ ॥**

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਸੰਗ ਕਰਕੇ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਪਾਇਆ ਹੈ।

ਜਾਂ ਹਰਿ ਹਰਿ ਨਾਮ ਨੂੰ ਜਪ ਕੇ ਅੰਮ੍ਰਿਤ=ਮੁਕਤ-ਪਦ ਪਾਇਆ ਹੈ॥ ੪ ॥ ੯ ॥ ੩੯ ॥

**ਬਿਲਾਵਲੁ ਮਹਲਾ ੫ ॥ ਬਿਨੁ ਸਾਧੂ ਜੋ ਜੀਵਨਾ ਤਤੋ ਬਿਰਥਾਰੀ॥**

ਸਾਧੂਆਂ ਦੀ ਸੰਗਤ ਕੀਤੇ ਤੋਂ ਬਿਨਾਂ ਜੋ ਜੀਉਣਾ ਹੈ, ਉਤਨਾ ਉਹ ਸਾਰਾ ਵਿਅਰਥ ਹੈ।

**ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ॥ ੧ ॥**

ਸੰਤਾਂ ਦੇ ਸਤਸੰਗ ਵਿਚ ਮਿਲਦਿਆਂ ਹੀ ਸਾਰੇ ਭਰਮ ਮਿਟ ਗਏ ਹਨ,

ਅਤੇ ਸਾਡੀ ਗਤਿ=ਮੁਕਤੀ ਹੋ ਗਈ ਹੈ॥ ੧ ॥

**ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ॥**

ਜਿਸ ਦਿਨ ਮੈਨੂੰ ਪੂਰਨ ਸੰਤ ਮਿਲੇ ਹਨ, ਉਸ ਦਿਨ ਤੋਂ ਮੈਂ ਬਲਿਹਾਰ ਜਾਂਦਾ ਹਾਂ।

**ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ॥ ੧ ॥ ਰਹਾਉ॥**

ਆਪਣਾ ਤਨ, ਮਨ ਅਤੇ ਜੀਵ ਮੁੜ-ਮੁੜ ਕੇ ਮੈਂ ਕੁਰਬਾਨ ਕਰਦਾ ਹਾਂ॥ ੧ ॥ ਰਹਾਉ॥

**ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ॥**

ਇਤਨੀ ਵਸਤੂ ਮੇਰੇ ਪਾਸੋਂ ਛੁਡਵਾ ਦਿੱਤੀ ਹੈ ਅਤੇ ਇਤਨੀ ਵਸਤੂ ਦ੍ਰਿੜ ਕਰਵਾ ਦਿੱਤੀ ਹੈ। ਅਗਲੀਆਂ ਤੁਕਾਂ ਵਿਚ ਸਪੱਸ਼ਟ ਹੈ।

**ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪ ਧਾਰੀ॥ ੨ ॥**

ਇਹ ਮੇਰਾ ਮਨ ਸਾਰਿਆਂ ਦੀ ਚਰਨ-ਧੂੜ ਹੋ ਗਿਆ ਹੈ ਅਤੇ ਅਪ-ਅਪਣੱਤ ਧਾਰੀ ਹੋਈ ਸੀ ਉਹ ਨਾਸ ਹੋ ਗਈ ਹੈ॥ ੨ ॥

**ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ॥**

ਨਿੰਦਿਆ, ਚਿੰਦ=ਉਸਤਤੀ 'ਤੇ ਪਰਾਏ ਵਿਚ ਦੂਸ਼ਨ ਅਰੋਪਣ ਵਾਲੀ ਜੋ ਬੁੱਧੀ ਸੀ, ਇਹ ਛਿਨ ਵਿਚ ਹੀ ਜਾਰੀ=ਸਾੜ ਦਿੱਤੀ ਹੈ।

**ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ॥ ੩ ॥**

ਦਇਆ ਦੇ ਕਰਨ ਵਾਲੇ ਮਇਆ ਸਰੂਪ ਪਰਮੇਸ਼ਰ ਨੂੰ ਨੇੜੇ ਵੇਖ ਲਿਆ ਹੈ ਅਤੇ ਨਿਸਚੇ ਕਰ ਲਿਆ ਹੈ ਕਿ ਉਹ ਪ੍ਰਭੂ ਸਾਥੋਂ ਦੂਰ ਨਹੀਂ ਹੈ॥ ੩ ॥

**ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ॥**

ਤਨ ਤੇ ਮਨ ਠੰਡਾ ਹੋ ਗਿਆ ਹੈ, ਹੁਣ ਸੰਸਾਰੀ ਦੁੱਖਾਂ ਤੋਂ ਭੀ ਮੁਕਤ ਹੋ ਗਏ ਹਾਂ।

ਜਾਂ ਤਨ ਮਨ ਆਦਿਕ ਸਭ ਸੀਤਲ ਹੋ ਗਏ ਹਨ, ਹੁਣ ਸੰਸਾਰਕ ਬੰਧਨਾਂ ਤੋਂ ਭੀ ਮੁਕਤੇ=ਛੁਟ ਗਏ ਹਾਂ।

**ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥ ੪ ॥ ੧੦ ॥ ੪੦ ॥**

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਦਰਸ਼ਨ ਵਿਚ ਜੋ ਚਿੱਤ ਦਾ ਹੀਤ=ਪ੍ਰੇਮ ਲੱਗ ਰਿਹਾ ਹੈ, ਪ੍ਰਾਣ ਤੇ ਧਨ ਆਦਿਕ ਮੇਰਾ ਸਭ ਕੁਝ ਏਹੀ ਹੈ॥ ੪ ॥ ੧੦ ॥ ੪੦ ॥

**ਬਿਲਾਵਲੁ ਮਹਲਾ ੫ ॥ ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥**

ਹੇ ਪ੍ਰਭੂ ! ਕਿਰਪਾ ਕਰਕੇ ਇਹ ਸੁਮਤਿ ਦਿਓ-ਤੇਰਿਆਂ ਦਾਸਾਂ ਦੀ (ਸੰਤਾਂ ਦੀ ) ਸੇਵਾ ਕਰਾਂ ਅਤੇ ਉਨ੍ਹਾਂ ਦੇ ਚਰਨਾ ਨੂੰ ਕੇਸਾਂ ਨਾਲ ਝਾੜਾਂ।

**ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ॥ ੧ ॥**

ਆਪਣਾ ਮਸਤਕੁ=ਸਿਰ ਉਨ੍ਹਾਂ ਨੂੰ ਭੇਟਾ ਕਰ ਦੇਵਾਂ ਅਤੇ ਉਨ੍ਹਾਂ ਤੋਂ ਤੇਰੇ ਰਸਾਲ=ਸੁੰਦਰ ਗੁਣਾਂ ਨੂੰ ਸੁਣਾਂ॥ ੧ ॥

**ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ॥**

ਤੁਹਾਡੇ ਮਿਲਣ ਨਾਲ ਮੇਰਾ ਮਨ ਜੀਉਂਦਾ ਹੈ, ਇਸ ਲਈ ਹੇ ਦਿਆਲੂ ! ਤੁਸੀਂ ਮੈਨੂੰ ਆਪ ਆ ਕੇ ਮਿਲੋ।

**ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ॥ ੧॥ ਰਹਾਉ॥**

ਹੇ ਕ੍ਰਿਪਾਲੂ ਪਰਮਾਤਮਾ ! ਆਪ ਜੀ ਦਾ ਚਿਤਵਤ=ਚਿੰਤਨ ਕਰਦਿਆਂ ਹੋਇਆਂ ਨਿਸਿ ਬਾਸੁਰ=ਰਾਤ ਦਿਨ ਮਨ ਵਿਚ ਆਨੰਦ ਹੁੰਦਾ ਹੈ॥ ੧॥ ਰਹਾਉ॥

[ਪੰਨਾ ੮੧੧]

**ਜਗਤ ਉਧਾਰਨ ਸਾਧ ਪ੍ਰਭ ਤਿਨੑ ਲਾਗਹੁ ਪਾਲ॥**

ਹੇ ਪ੍ਰਭੂ ! ਜਗਤ ਤੋਂ ਤਾਰਨ ਵਾਲੇ ਜੋ ਸੰਤ ਹਨ, ਮੈਂ ਉਹਨਾਂ ਦੇ ਪਾਲ=ਪੱਲੇ ਨਾਲ ਲੱਗਦਾ ਹਾਂ।

**ਮੋ ਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ॥ ੨॥**

ਹੇ ਪ੍ਰਭੂ ! ਮੈਨੂੰ ਸੰਤਾਂ ਦੇ ਪਗ ਰਾਲ=ਚਰਨਾਂ ਦੀ ਧੂੜੀ ਦਾ ਦਾਨ ਦੇਣਾ ਕਰੋ॥ ੨॥

**ਉਕਤਿ ਸਿਆਨਪ ਕਛੂ ਨਹੀ ਨਾਹੀ ਕਛੁ ਘਾਲ॥**

ਹੇ ਪ੍ਰਭੂ ! ਮੇਰੇ ਵਿਚ ਨਾ ਬਾਣੀ ਦੀ ਉਕਤਿ=ਜੁਗਤੀ ਹੈ, ਨਾ ਹੀ ਬੁੱਧੀ ਦੀ ਸਿਆਣਪ ਹੈ ਅਤੇ ਨਾ ਹੀ ਕੁਝ ਜਪ ਤਪ ਦੀ ਘਾਲ=ਕਮਾਈ ਹੈ।

**ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ॥ ੩॥**

ਮੈਨੂੰ ਭਰਮ, ਜਮਾਂ ਦਾ ਭੈ=ਡਰ ਅਤੇ ਸਬੰਧੀਆਂ ਦੇ ਮੋਹ ਵੱਲੋਂ ਰੱਖ ਲਓ,

ਤੇ ਜਮਾਂ ਦੇ ਜਾਲ=ਫਾਹ ਨੂੰ ਕੱਟ ਦਿਓ॥ ੩॥

**ਬਿਨਉ ਕਰਉ ਕਰੁਣਾਪਤੇ ਪਿਤਾ ਪ੍ਰਤਿਪਾਲ॥**

ਹੇ ਕਿਰਪਾ ਦੇ ਪਤੀ ਪਰਮਾਤਮਾ! ਮੈਂ ਆਪ ਜੀ ਅੱਗੇ ਬਿਨਉ=ਬੇਨਤੀ ਕਰਦਾ ਹਾਂ, ਕਿਉਂਕਿ ਆਪ ਪਿਤਾ ਵਾਂਗ ਪ੍ਰਤਿਪਾਲਾ ਕਰਨ ਵਾਲੇ ਹੋ।

**ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖ ਸਾਲ॥ ੪॥ ੧੧॥ ੪੧॥**

ਗੁਰੂ ਜੀ ਕਥਨ ਕਰਦੇ ਹਨ-ਏਹੀ ਕਿਰਪਾ ਕਰੋ। ਸੁਖਾਂ ਦਾ ਸਾਲ=ਅਸਥਾਨ, ਘਰ,

*ਅਥਵਾ:*-ਸਾਲ=ਭਾਰੀ ਸੁਖ ਦੇਣ ਵਾਲਾ ਜੋ ਸੰਤਾਂ ਦਾ ਸੰਗ ਹੈ, ਉਸ ਵਿਚ ਬੈਠ ਕੇ ਆਪ ਜੀ ਦੇ ਹੀ ਗੁਣ ਗਾਉਂਦਾ ਰਹਾਂ॥ ੪॥ ੧੧॥ ੪੦॥

**ਬਿਲਾਵਲੁ ਮਹਲਾ ੫॥ ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ॥**

ਹੇ ਪ੍ਰਭੂ ! ਜੋ ਤੂੰ ਕੀਤਾ ਲੋੜਹਿ=ਚਾਹੁੰਦਾ ਹੈਂ ਓਹੀ ਕਰਦਾ ਹੈਂ,

ਆਪ ਜੀ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

**ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ॥ ੧॥**

ਤੁਹਾਡਾ ਪਰਤਾਪ ਦੇਖ ਕੇ ਜਮਦੂਤ ਭੀ ਛੱਡ ਜਾਂਦੇ ਹਨ॥ ੧॥

## ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ॥

ਆਪ ਜੀ ਦੀ ਕਿਰਪਾ ਹੋਣ ਤੇ ਛੁਟਕਾਰਾ ਹੁੰਦਾਂ ਹੈ ਅਤੇ ਅਹੰਮੇਵ=ਏਵ ਨਿਸਚੇ ਕਰਕੇ ਹੰਕਾਰ ਬਿਨਸੈ=ਖਤਮ ਹੋ ਜਾਂਦਾ ਹੈ।

## ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ॥ ੧ ॥ ਰਹਾਉ ॥

ਉਹ ਪ੍ਰਭੂ ਸਰਬ ਸ਼ਕਤੀਆਂ ਕਰਕੇ ਸਮਰੱਥ ਹੈ ਅਤੇ ਉਸ ਦਾ ਸਰੂਪ ਹੋਣ ਕਰਕੇ ਗੁਰਦੇਵ ਭੀ ਗੁਣਾਂ ਕਰ ਕੇ ਪੂਰੇ ਹਨ॥ ੧ ॥ ਰਹਾਉ॥

## ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ॥

(੧) ਮਨ ਕਰਕੇ ਖੋਜਿਆ ਹੈ, ਬਾਣੀ ਕਰਕੇ ਖੋਜਿਆ ਹੈ, ਸਰੀਰ ਕਰਕੇ ਖੋਜਿਆ ਹੈ।

(੨) ਜਿਨ੍ਹਾਂ ਨੇ ਖੋਜਿਆ ਹੈ, ਮੈਂ ਭੀ ਖੋਜਣ ਵਾਲਾ ਹੋ ਕੇ ਉਹਨਾਂ ਦੁਆਰੇ ਖੋਜਿਆ ਹੈ, ਕਿ ਨਾਮ-ਸਿਮਰਨ ਤੋਂ ਬਿਨਾਂ ਸਭ ਕੁਝ ਕੂਰੁ=ਝੂਠਾ ਹੈ।

## ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ॥ ੨ ॥

ਸੰਤਾਂ ਦੇ ਸੰਗ ਵਿਚ ਜੀਵਨ=ਜ਼ਿੰਦਗੀ ਦਾ ਸਾਰਾ ਸੁਖ ਹੈ,
ਇਸ ਕਰਕੇ ਹੇ ਪ੍ਰਭੂ ! ਤੂੰ ਮੇਰੀ ਮਨਸਾ=ਵਾਸ਼ਨਾਂ (ਇੱਛਾ) ਪੂਰੀ ਕਰ॥ ੨॥

## ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ॥

ਜਿਧਰ ਜਿਧਰ ਤੁਸੀਂ ਲਗਾਉਂਦੇ ਹੋ ਉਧਰ ਕਿਧਰ ਮੈਂ ਲੱਗਦਾ ਹਾਂ,
ਮੈਂ ਆਪਣੀ ਬੁੱਧੀ ਦੀ ਸਾਰੀ ਸਿਆਣਪ ਜਾਲੀ=ਸਾੜ ਦਿੱਤੀ ਹੈ।

## ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ॥ ੩ ॥

ਹੇ ਮੇਰੇ ਦੀਨ ਦਿਆਲ ਪ੍ਰਭੂ ! ਜਿਥੇ ਕਿਥੇ ਆਪ ਸਾਰੇ ਭਰਪੂਰ=ਪਰੀਪੂਰਨ ਹੋ॥ ੩॥

## ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ॥

ਮੈਂ ਸਭ ਕੁਝ ਆਪ ਜੀ ਪਾਸੋਂ ਮੰਗਣਾ ਕਰਦਾ ਹਾਂ, ਵਡਭਾਗੀ ਪੁਰਸ਼ ਹੀ ਆਪ ਜੀ ਦੇ ਦਰਸ਼ਨ ਨੂੰ ਪਾਉਂਦੇ ਹਨ।

## ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ॥ ੪ ॥ ੧੨ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਨਾਨਕ ਦੀ ਆਪ ਜੀ ਅੱਗੇ ਹੀ ਬੇਨਤੀ ਹੈ ਅਤੇ ਆਪ ਜੀ ਦੇ ਹੀ ਗੁਣ ਗਾ ਕੇ ਜੀਉਂਦਾ ਹਾਂ॥ ੪॥ ੧੨॥ ੪੨॥

## ਬਿਲਾਵਲੁ ਮਹਲਾ ੫॥ ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ॥

ਸਤਸੰਗਤ ਦੇ ਵਿਚ ਵਸਣੇ ਕਰਕੇ ਸਾਰੇ ਕਲਮਲ=ਪਾਪ ਨੱਸ ਜਾਂਦੇ ਹਨ।

## ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ॥ ੧ ॥

ਪ੍ਰਭੂ ਦੇ ਰੰਗਿ=ਪ੍ਰੇਮ ਨਾਲ ਰਾਤਿਆ=ਤਦਾਕਾਰ ਹੋਣਾ ਕਰੇ, ਕਿਉਂਕਿ ਤਾ ਤੇ=ਤਿਸ ਪ੍ਰੇਮ ਕਰਕੇ ਮਾਂ ਦੇ ਗਰਭ ਵਿਚ ਫਿਰ ਗ੍ਰਸਿਆ ਨਹੀਂ ਜਾਂਦਾ॥ ੧॥

## ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥

ਗੋਬਿੰਦ ਦਾ ਨਾਮ ਕਹਿਣ ਨਾਲ ਰਸਨਾ ਸੂਚੀ ਭਈ=ਪਵਿੱਤਰ ਹੋ ਗਈ ਹੈ।

## ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ॥

ਗੁਰਾਂ ਦਾ ਜਪ ਜਪਣ ਕਰਕੇ ਮਨ ਤਨ ਸ਼ੁੱਧ ਹੋ ਜਾਂਦਾ ਹੈ॥ ੧॥ ਰਹਾਉ॥

## ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ॥

ਹਰੀ ਨਾਮ ਰਸ ਨੂੰ ਚੱਖਦਿਆਂ ਹੀ ਧ੍ਰਾਪਿਆ=ਰੱਜ ਗਿਆ ਹਾਂ ਅਤੇ ਮਨ ਵਿਚ ਆਤਮ-ਰਸ ਨੂੰ ਲੈ ਕੇ ਹਸਨਾ=ਅਨੰਦ ਹੋ ਗਿਆ ਹਾਂ।

## ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ॥ ੨॥

ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਪ੍ਰਗਟ ਹੋਈ ਹੈ

ਅਤੇ ਸੰਸਾਰ ਵੱਲੋਂ ਉਲਟ ਕੇ ਹਿਰਦਾ-ਕੌਲ ਬਿਗਸਨਾ=ਖਿੜ ਪਿਆ ਹੈ॥ ੨॥

## ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ॥

ਸੀਤਲ ਕਰਨੇ ਵਾਲਾ ਸ਼ਾਂਤੀ ਸਹਿਤ ਸੰਤੋਖ ਹੋਇਆ ਹੈ, ਜਿਸ ਕਰਕੇ ਸਾਰੀ ਤ੍ਰਿਸ਼ਨਾਂ ਬੁਝ ਗਈ ਹੈ। ਜਾਂ ਸਾਂਤੀ ਤੇ ਸੰਤੋਖ ਨੂੰ ਪਾ ਕੇ ਸਨ ਸੀਤਲ=ਠੰਡਾ ਹੋ ਗਿਆ ਹੈ ਅਤੇ ਸਾਰੀ ਤ੍ਰਿਸ਼ਨਾਂ ਅੱਗ ਬੁਝ ਗਈ ਹੈ।

## ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ॥ ੩॥

ਦਸੋਂ ਦਿਸ਼ਾਂ ਦਾ ਦੌੜਨਾ ਮਿਟ ਗਿਆ ਹੈ, ਸਰੂਪ ਰੂਪੀ ਨਿਰਮਲ ਸਥਾਨ ਵਿਚ ਨਿਵਾਸ ਮਿਲ ਗਿਆ ਹੈ। ਜਾਂ ਸਤਸੰਗ ਰੂਪ ਨਿਰਮਲ ਅਸਥਾਨ ਪਰ ਵਸਣਾ ਕੀਤਾ ਤਾਂ ਦਸੋਂ ਦਿਸ਼ਾਂ ਦਾ ਦੌੜਨਾ ਮਿਟ ਗਿਆ॥ ੩॥

## ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ॥

ਰਖਣ ਵਾਲੇ ਪ੍ਰਭੂ ਨੇ ਰੱਖ ਲਿਆ ਹੈ, ਭਰਮ ਸਾਰੇ ਸੜਦੇ ਭਸਨਾ=ਸਵਾਹ ਹੋ ਗਏ ਹਨ।

## ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ॥ ੪॥ ੧੩॥ ੪੩॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਅਤੇ ਨਿਧੀਆਂ ਦੇ ਖਜ਼ਾਨੇ ਨਾਮ ਨੂੰ ਜਪ ਕੇ ਸੁਖੀ ਹੋ ਗਏ ਹਾਂ॥ ੪॥ ੧੩॥ ੪੩॥

## ਬਿਲਾਵਲੁ ਮਹਲਾ ੫॥ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥

ਪ੍ਰਭੂ ਦੇ ਦਾਸਾਂ ਪਾਸ ਜਾ ਕੇ ਪਾਣੀ ਭਰਨਾ ਕਰ, ਪੱਖਾ ਝਲਨਾ ਕਰ, ਚੱਕੀ ਵਿਚ ਦਾਨੇ ਪੀਹਣਾ ਕਰ, ਭਾਵ ਸਭ ਤਰ੍ਹਾਂ ਦੀ ਸੇਵਾ ਕਰ ਤਦ ਤੂੰ ਨਿਹਾਲ ਤੇ ਸੁਖੀ ਹੋਵੇਂਗਾ।

## ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥ ੧॥

ਪ੍ਰਤੱਖ ਰਾਜ ਭਾਗ, ਮਿਲਖ=ਜਗੀਰਾਂ, ਸਿਕਦਾਰੀਆ=ਸਰਦਾਰੀਆਂ, ਨੰਬਰਦਾਰੀਆਂ, ਠਾਣੇਦਾਰੀਆਂ, ਪ੍ਰਤੱਖ ਅੱਗ ਵਿਚ ਵਾ:-ਬ੍ਰਹਮ-ਦ੍ਰਿਸ਼ਟੀ ਰੂਪ ਅੱਗ ਵਿਚ ਜਾਲੁ=ਸਾੜ ਦੇ॥ ੧॥

**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥**

ਸੰਤ ਜਨਾਂ ਦਾ ਜੋ ਛੋਹਰਾ=ਦਾਸ ਹੈ ਉਸ ਦੀ ਚਰਨੀਂ ਲੱਗ ਜਾ।

**ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ॥ ੧॥ ਰਹਾਉ॥**

ਜੋ ਮਾਇਆਧਾਰੀ ਛਤਰ-ਪਤੀ ਰਾਜੇ ਹਨ, ਉਹਨਾਂ ਨੂੰ ਤਿਆਗ ਛੱਡੋ॥ ੧॥ ਰਹਾਉ॥

**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥**

ਸੰਤਾਂ ਦਾ ਜੋ ਰੁੱਖਾ ਦਾਨਾ ਹੈ, ਭਾਵ ਅਨਚੋਪੜਿਆ ਪ੍ਰਸ਼ਾਦਾ ਹੈ,
ਉਹ ਸਭ ਨਿਧੀਆਂ ਦਾ ਖਜ਼ਾਨਾ ਹੈ, ਭਾਵ ਉਹ ਅੰਮ੍ਰਿਤ ਦੇ ਸਮਾਨ ਹੈ।

**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥ ੨॥**

ਸਾਕਤ=ਮਨਮੁਖ ਦੇ ਘਰ ਵਿਚ ਜੋ ਛੱਤੀਹ ਤਰ੍ਹਾਂ ਦੇ ਭੋਜਨ ਹਨ, ਉਹ ਬਿਖੂ ਸਮਾਨ=ਜ਼ਹਿਰ ਦੇ ਸਮਾਨ ਦੁਖਦਾਈ ਹਨ॥ ੨॥

ਜਿਵੇਂ -ਮਲਕ ਭਾਗੋ ਦੇ ਪੂੜਿਆਂ ਵਿੱਚੋਂ ਗੁਰੂ ਨਾਨਕ ਦੇਵ ਜੀ ਨੇ ਲਹੂ ਕੱਢ ਕੇ ਦੱਸਿਆ ਸੀ ਕਿ ਇਹ ਤੇਰਾ ਸਨਿਗਧ ਭੋਜਨ ਖਾਣੇ ਜੋਗ ਨਹੀਂ ਹੈ ਕਿਉਂਕਿ ਇਹ ਵਿਹੁ ਦੇ ਸਮਾਨ ਦੁਖਦਾਈ ਹੈ।

ਕਿਉਂਕਿ ਇਸ ਦੇ ਖਾਣ ਨਾਲ ਨਾ ਤਪ ਹੁੰਦਾ ਹੈ ਨਾ ਧਿਆਨ ਲੱਗ ਸਕਦਾ ਹੈ।

*ਯਥਾ:-* "ਤਪਿਯਨ ਤਪ ਛੀਜਹਿ ਇਹ ਖਾਏ। ਧਯਾਨੀ ਧਯਾਨ ਨ ਲਗਹਿ ਲਗਾਏ।
ਖਾਵਹਿ ਮਨ ਕੋ ਕਰਤਿ ਮਲੀਨਾ। ਹਰਿ ਜਸੁ ਰੰਗ ਨ ਚਢਹਿ ਨਵੀਨਾ॥ ੫੫॥"

*(ਨਾਨਕ ਪ੍ਰਕਾਸ਼, ਪੂਰ: ਅਧਿ ੩੯)*

**ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥**

ਭਗਤ ਜਨਾ=ਵਾਹਿਗੁਰੂ ਦੇ ਪਿਆਰ ਵਾਲਿਆਂ ਦਾ ਜੋ ਲੂਗਰਾ=ਭੂਰੇ ਦਾ ਟੋਟਾ ਹੈ, ਉਸ ਦੇ ਓਢਿ= ਪਹਿਰਨ ਨਾਲ ਨੰਗਾ ਨਹੀਂ ਹੁੰਦਾ। ਭਾਵ ਇੱਜ਼ਤ ਤੋਂ ਰਹਿਤ ਨਹੀਂ ਹੁੰਦਾ।

**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥ ੩॥**

ਚਾਹੇ ਸਾਕਤ ਦਾ ਦਿੱਤਾ ਹੋਇਆ ਸਿਰੋਪਾਉ ਰੇਸ਼ਮੀ ਭੀ ਹੈ, ਉਸ ਦੇ ਪਹਿਰਨ ਨਾਲ ਪਤ-ਆਬਰੋ ਖੋਈ=ਨਾਸ ਹੋ ਜਾਂਦੀ ਹੈ॥ ੩॥

**ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥**

ਮਨਮੁਖ ਨਾਲ ਮੂੰਹ ਜੋੜਨ ਕਰਕੇ ਭਾਵ ਪ੍ਰੀਤੀ ਕਰਨ ਨਾਲ ਅੱਧ-ਵਿਚਾਲਿਓਂ ਟੁੱਟ ਜਾਂਦੀ ਹੈ। ਜਾਂ ਅਧ ਵੀਚਹੁ ਟੂਟੈ=ਕਾਰ ਵਿਹਾਰ ਕਰਦਿਆਂ, ਸਾਧਨ ਕਰਦਿਆਂ, ਜੁਆਨੀ ਮੌਤੇ ਮਰ ਜਾਂਦਾ ਹੈ।

**ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥ ੪॥**

ਜੋ ਪੁਰਸ਼ ਹਰੀ ਦੇ ਸੰਤ ਜਨਾਂ ਦੀ ਸੇਵਾ ਕਰਦਾ ਹੈ, ਉਹ ਇਤ ਊਤਹਿ=ਲੋਕ ਪਰਲੋਕ ਦੇ ਦੁੱਖਾਂ ਤੋਂ

ਛੁੱਟ ਜਾਂਦਾ ਹੈ॥ ੪॥

**ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ॥**

ਸਭ ਕੁਝ ਆਪ ਜੀ ਤੋਂ ਹੀ ਹੋਇਆ ਹੈ, ਤੁਸਾਂ ਨੇ ਆਪ ਹੀ ਸਾਰੇ ਸੰਸਾਰ ਦੀ ਬਣਤ=ਬਣਾਵਟ ਬਣਾਈ ਹੈ।

**ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ॥ ੫॥ ੧੪॥ ੪੪॥**

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦਾ ਦਰਸ਼ਨ ਮਿਲੇ ਤਦ ਆਪ ਜੀ ਦੇ ਗੁਣਾਂ ਦਾ ਗਾਇਨ ਕਰਨਾ ਹੁੰਦਾ ਹੈ॥ ੫॥ ੧੪॥ ੪੪॥

[ਪੰਨਾ ੮੧੨]

**ਬਿਲਾਵਲੁ ਮਹਲਾ ੫॥**

**ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ॥**

ਜੋ ਹਰੀ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ ਉਸ ਦਾ ਨਾਮ ਮੈਂ ਕੰਨੀਂ ਸੁਣਦਾ ਹਾਂ, ਤੁਸੀਂ ਸੁਣਨਾ ਕਰੋ ਤੇ ਠਾਕਰ ਦੇ ਜਸ ਨੂੰ ਮੈਂ ਗਾਉਂਦਾ ਹਾਂ, ਤੁਸੀਂ ਗਾਓ ਕਰੋ।

**ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ॥ ੧॥**

ਸੰਤਾਂ ਦੇ ਚਰਨਾਂ ਪਰ ਸਿਰ ਰੱਖ ਕੇ ਹਰੀ ਨਾਮ ਨੂੰ ਮੈਂ ਧਿਆਉਂਦਾ ਹਾਂ 'ਤੇ ਤੁਸੀ ਭੀ ਸੰਤਾਂ ਦੇ ਚਰਨਾਂ ਪਰ ਸਿਰ ਰੱਖ ਕੇ', ਵਾ:-ਚਰਨਾਂ ਨਾਲ ਕਰ=ਹੱਥ ਛੁਹਾ ਕੇ ਫੇਰ ਆਪਣੇ ਸਿਰ ਪਰ ਧਰ ਕੇ ਹਰੀ ਨਾਮ ਨੂੰ ਧਿਆਉਣਾ ਕਰੋ॥ ੧॥

**ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ॥**

ਹੇ ਦਿਆਲ ਪ੍ਰਭੂ! ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਏਹੀ ਨਿੱਧੀ ਸਿੱਧੀ ਪਾਵੋ। ਕਿ-

**ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ॥ ੧॥ ਰਹਾਉ॥**

ਸੰਤ ਜਨਾਂ ਦੀ ਰੇਣੁਕਾ=ਧੂੜੀ ਲੈ ਕੇ ਆਪਣੇ ਮੱਥੇ ਪਰ ਲਾਵਾਂ॥ ੧॥ ਰਹਾਉ॥

**ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥**

ਨੀਵੇਂ ਤੋਂ ਨੀਵਾਂ ਹੋਵਾਂ ਪੁਨਾ ਅਤਿ ਨੀਚੁ ਹੋਇ=ਬੜੀ ਨਿੰਮ੍ਰਤਾ ਵਾਲਾ ਹੋ ਕੇ ਬੇਨਤੀ ਸਹਿਤ ਬੁਲਾਉਣਾ ਕਰਾਂ।

ਜਾਂ-ਜੋ ਪੁਰਸ਼ ਨੀਚ ਤੋਂ ਨੀਚ ਹਨ, ਪੁਨਾ ਜੋ ਅਤੀ ਨੀਚ ਹੋਏ ਹਨ, ਚਮਾਰ ਜ਼ਾਤੀ ਵਿੱਚੋਂ ਰਵਿਦਾਸ ਆਦਿਕ ਉਨ੍ਹਾਂ ਨੂੰ ਬੇਨਤੀ ਕਰ ਕੇ ਬੁਲਾਉਣਾ ਕਰੋ।

**ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ॥ ੨॥**

ਆਪਾ ਭਾ (ਹੰਕਾਰ) ਤਿਆਗ ਕੇ ਚਰਨਾਂ ਨੂੰ ਮਲੋਵਾ=ਝਸਣਾ ਕਰ ਅਤੇ ਸੰਤਾਂ ਦੇ ਸੰਗ ਵਿਚ ਸਮਾਉਣਾ ਕਰ॥ ੨॥

## ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥

ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਨਿਕਲਦਿਆਂ ਪ੍ਰਭੂ ਭੁੱਲੇ ਨਾ ਅਤੇ ਉਸ ਨੂੰ ਛੱਡ ਕੇ ਅਨ=ਹੋਰ ਕਿਸੇ ਤਰਫ ਨਾ ਦੌੜੋ।

## ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥ ੩ ॥

ਫਲਾਂ ਦੇ ਸਹਿਤ ਗੁਰਾਂ ਦਾ ਦਰਸ਼ਨ ਭੇਟੀਐ=ਮਿਲ ਜਾਵੇ ਤਾਂ ਮਾਨ ਅਤੇ ਮੋਹ ਨੂੰ ਮਿਟਾਵਉ=ਮਿਟਾ ਦੇਣਾ ਕਰੋ ॥ ੩ ॥

## ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥

ਸੱਚ ਬੋਲਣਾ, ਸੰਤੋਖ ਧਾਰਨਾ, ਸਭ ਉੱਤੇ ਦਇਆ ਕਰਨੀ , ਸ੍ਵੈ ਧਰਮ ਵਿਚ ਰਹਿਣਾ, ਇਤ ਆਦਿਕ ਸ਼ੁਭ-ਗੁਣਾਂ ਰੂਪੀ ਸ਼ਿੰਗਾਰ ਤਨ ਉੱਤੇ ਬਣਾਉਣਾ ਕਰੋ।

## ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ ੪ ॥ ੧੫ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਆਪਣੇ ਪ੍ਰਭੂ ਨੂੰ ਭਾ ਜਾਣ ਕਰਕੇ ਸੁਹਾਗਣਾਂ ਦਾ ਜੀਵਨ ਸਫਲ ਹੈ।

## ਬਿਲਾਵਲੁ ਮਹਲਾ ੫ ॥

## ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ॥

ਸਭਨਾਂ ਵਿਚ ਪ੍ਰਗਟ ਹੋ ਗਿਆ ਹੈ ਕਿ ਸੰਤ ਜਨਾਂ ਦਾ ਬਚਨ ਅਟੱਲ ਹੈ।

*ਯਥਾ:-* "ਨਿਸ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥" *(ਪੰਨਾ ੧੨੦੪)*

*ਅਥਵਾ:-*ਸਾਧੂ ਜਨਾ=ਸ੍ਰੇਸ਼ਟ ਗੁਰਾਂ ਦਾ ਬਚਨ ਅਟੱਲ ਹੈ ਜੋ ਸਾਰਿਆਂ ਵਿਚ ਪ੍ਰਗਟ ਹੋ ਆਇਆ ਹੈ।

ਗੁਰੂ ਅਮਰ ਦਾਸ ਜੀ ਨੇ ਬੀਬੀ ਭਾਨੀ ਜੀ ਦੀ ਸੇਵਾ ਪਰ ਪ੍ਰਸੰਨ ਹੋ ਕੇ ਕਿਹਾ ਸੀ, ਦੇਖ ! ਤੇਰੇ ਪਿਤਾ ਜੀ ਗੁਰ-ਗੱਦੀ ਪਰ ਸੁਭਾਇਮਾਨ ਹਨ, ਤੇਰੇ ਪਤੀ ਦੇਵ ਭੀ ਗੁਰੂ ਹੋਣਗੇ 'ਤੇ ਪੁੱਤਰ ਅਤੇ ਪੋਤਰੇ ਭੀ ਮਹਾਨ ਗੁਰੂ ਹੋਵਣਗੇ।

ਭਾਵੇਂ ਪ੍ਰਿਥੀ ਚੰਦ ਨੇ ਕਿਤਨੀ ਈਰਖਾ ਕੀਤੀ ਹੈ, ਪਰ ਇਹ ਬਚਨ ਅਟੱਲ ਹੀ ਰਿਹਾ।

## ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ ॥ ੧ ॥

ਜਿਸ ਪੁਰਸ਼ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ, ਉਸ ਨੂੰ ਹਰੀ ਰਾਜਾ ਮਿਲਿਆ ਹੈ ॥ ੧ ॥

## ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥

ਇਹ ਸੰਤ ਜਨ ਹੀ ਗੋਬਿੰਦ ਦੀ ਪ੍ਰਤੀਤੀ ਕਰਾਉਣ ਵਾਲੇ ਹਨ,

ਸੰਤਾਂ ਦੁਆਰੇ ਹਰੀ ਨਾਮ ਨੂੰ ਜਪ ਕੇ ਸੁਖ ਪਾਇਆ ਹੈ।

**ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ ॥ ੧ ॥ ਰਹਾਉ ॥**

ਪ੍ਰਤੱਖ ਅਨੇਕ ਤਰ੍ਹਾਂ ਦੀਆਂ ਸਾਧਨਾਂ ਰੂਪ ਗੱਲਾਂ ਕਰ ਰਹੇ ਸੀ, ਪਰ ਨਾ ਪ੍ਰਾਪਤ ਹੋਇਆ, ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਰੂਪ ਰੂਪੀ ਘਰ ਵਿਚ ਲੈ ਆਂਦਾ ਹੈ॥ ੧॥ ਰਹਾਉ॥

**ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥**

ਕਿਉਂਕਿ ਗੁਰੂ ਸਾਹਿਬ ਜੀ ਸ਼ਰਨ ਵਿਚ ਪਏ ਦੀ ਲੱਜਾ ਰੱਖਦੇ ਹਨ, ਇਸ ਵਿਚ ਕੋਈ ਸੰਸਾ ਨਹੀਂ ਹੈ ।

**ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥ ੨ ॥**

ਮਨੁੱਖਾ ਦੇਹ ਰੂਪੀ ਕਰਮ ਭੂਮੀ ਵਿਚ ਹਰੀ ਨਾਮ ਰੂਪੀ ਬੀਜ ਬੀਜਣਾ ਕਰ, ਇਹ ਮਨੁੱਖ ਜਨਮ ਦੀ ਪਰਾਪਤੀ ਦਾ ਅਉਸਰੁ=ਸਮਾਂ ਬਹੁਤ ਦੁਰਲੱਭ ਹੈ॥ ੨॥

**ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥**

ਅੰਤਰਜਾਮੀ ਪ੍ਰਭੂ ਆਪ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ।

**ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥ ੩ ॥**

ਉਸ ਨੇ ਘਣੇ ਪਤਿਤ=ਬੜੇ ਪਾਪੀ ਪਵਿੱਤਰ ਕੀਤੇ ਹਨ, ਏਹੋ ਠਾਕੁਰ ਦਾ ਬਿਰਦਾਇਆ=ਧਰਮ ਹੈ॥ ੩॥

**ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥**

ਹੇ ਮਾਇਆ ਦੇ ਭਰਮਾਏ ਹੋਏ ਮਨੁੱਖ ਜਨੋ ! ਨਾਮ ਨੂੰ ਮਤ ਭੂਲਹੁ=ਨਾ ਭੁੱਲੋ ।

**ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥ ੪ ॥ ੧੬ ॥ ੪੬ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪ੍ਰਭੂ ਨੇ ਨਾਮ ਦਾ ਪੁਸ਼ਾਕਾ ਪੁਆਇਆ ਹੈ, ਜਾਂ ਜਸ ਦਾ ਸਿਰੋਪਾ ਪਹਿਰਾਇਆ ਹੈ ਉਸੇ ਦੀ ਪਤ-ਆਬਰੋ ਰੱਖਦਾ ਹੈ॥ ੪॥ ੧੬॥ ੪੬॥

**ਬਿਲਾਵਲੁ ਮਹਲਾ ੫ ॥ ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥**

ਜਿਸ ਪਰਮਾਤਮਾ ਨੇ ਪੰਜਾਂ ਤੱਤਾਂ ਰੂਪੀ ਮਿੱਟੀ ਤੋਂ ਦੁਰਲੱਭ ਮਨੁੱਖਾ ਦੇਹ ਨੂੰ ਸਾਜਨਾ ਕੀਤਾ ਹੈ।

**ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥ ੧ ॥**

ਫਿਰ ਜਿਸ ਨੇ ਮਨ ਦੇ ਵਿਚ ਅਨੇਕਾਂ ਛਿਦ੍ਰ=ਦੋਸ਼ ਲੁਕਾ ਰੱਖੇ ਹਨ ਤੇ ਸਰੀਰ ਦਾ ਗੋਰਾ ਰੰਗ ਨਿਗਾਹ ਆਉਂਦਾ ਹੈ। ਅਥਵਾ:- ਉਹ ਪ੍ਰਭੂ ਆਪ ਬਹੁਤ ਉੱਜਲ ਨਿਗਾਹ ਆਉਂਦਾ ਹੈ॥ ੧॥

**ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥**

ਜਿਸ ਪ੍ਰਭੂ ਦੇ ਇਹ ਗੁਣ ਹਨ ਉਹ ਪ੍ਰਭੂ ਮਨ ਵਿੱਚੋਂ ਕਿਵੇਂ ਭੁੱਲ ਸਕਦਾ ਹੈ।

## ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥੧॥ ਰਹਾਉ॥

ਜਿਹੜੇ ਉਸ ਪ੍ਰਭੂ ਨੂੰ ਤਿਆਗ ਕੇ ਹੋਰਨਾਂ ਕੰਮਾਂ ਨਾਲ ਰਚੇ ਹੋਏ ਹਨ, ਉਹ ਖੇਹ ਨਾਲ ਰਲ ਜਾਣਗੇ॥ ੧॥ ਰਹਾਉ॥

## ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ॥

ਅੰਤਰ ਸੁਾਸ ਜਾਂਦਿਆਂ ਸਿਮਰੋ, ਬਾਹਰ ਸੁਾਸ ਨਿਕਲਦਿਆਂ ਭੀ ਸਿਮਰੋ, ਸਿਮਰਨ ਕਰਨ ਵਿਚ ਮਤੰ ਬਿਲਮ ਕਰੇਹ=ਦੇਰ ਨਾ ਕਰੋ।

## ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ॥੨॥

ਪ੍ਰਪੰਚੁ=ਛਲ ਨੂੰ ਛੱਡ ਕੇ ਅਤੇ ਝੂਠੇ ਪਦਾਰਥਾਂ ਦੇ ਨੇਹੁ=ਪ੍ਰੇਮ ਨੂੰ ਤਿਆਗ ਕੇ ਪ੍ਰਭੂ ਨਾਲ ਰਚਹੁ= ਪ੍ਰੀਤੀ ਕਰੋ॥ ੨॥

## ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ॥

ਜਿਸ ਇਕ ਪਰਮਾਤਮਾ ਨੇ ਅਨੇਕਾਂ ਜੀਵਾਂ ਦੇ ਬਹੁਤ ਪਰਕਾਰ ਦੇ ਰੰਗ ਕੀਤੇ ਹਨ, ਇਹ ਗੱਲ ਯਾਦ ਰੱਖੋ; ਉਹ ਪਰਮੇਸ਼ਰ ਪਿੱਛੇ ਸੀ, ਹੁਣ ਹੈ, ਅੱਗੇ ਹੋਸੀ=ਹੋਵੇਗਾ।

## ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ॥੩॥

ਗੁਰਾਂ ਤੋਂ ਮਤਿ=ਸਿਖਿਆ ਲੈ ਕੇ ਉਸ ਪਾਰਬ੍ਰਹਮ ਦੀ ਸੇਵਾ ਕਰ ॥ ੩॥

## ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ॥

ਜੋ ਵੱਡਾ ਪ੍ਰਭੂ ਉੱਚਿਆਂ ਤੋਂ ਉੱਚਾ ਹੈ ਅਤੇ ਸਭ ਦਾ ਸੰਗੀ ਬਰਨੇਹ=ਕਥਨ ਕੀਤਾ ਹੈ।

## ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ॥੪॥੧੭॥੪੭॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ! ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾ ਲੈਣਾ ਕਰ ॥ ੪॥ ੧੭॥ ੪੭॥

## ਬਿਲਾਵਲੁ ਮਹਲਾ ੫॥ ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ॥

ਸੰਤਾਂ ਨੇ ਇਕ ਗੋਬਿੰਦ ਦੀ ਟੇਕ=ਓਟ ਲੈ ਕੇ ਹੋਰ ਸਾਰੀ ਆਸ ਛੱਡ ਦਿੱਤੀ ਹੈ।

*ਪ੍ਰਸ਼ਨ:*-ਉਹ ਗੋਬਿੰਦ ਕੈਸਾ ਹੈ? *ਗੁਰ ਉੱਤਰ-*

## ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ॥੧॥

ਉਹ ਪ੍ਰਭੂ ਸਭ ਦੇ ਉਤੇ ਸਮਰੱਥ ਹੈ ਅਤੇ ਪੂਰਨ ਸ਼ੁਭ-ਗੁਣਾਂ ਦਾ ਖਜ਼ਾਨਾ ਹੈ॥ ੧॥

## ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ॥

ਉਸ ਪ੍ਰਭੂ ਦੀ ਸ਼ਰਨ ਵਿਚ ਪਾ ਕੇ ਸੰਤ ਜਨਾਂ ਨੇ ਨਾਮ ਦਾ ਆਸਰਾ ਗ੍ਰਹਿਣ ਕੀਤਾ ਹੈ।

## ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥ ੧ ॥ ਰਹਾਉ ॥

ਸੰਤਾਂ ਦੇ ਮਨ ਵਿਚ ਕੇਵਲ ਪਰਮੇਸ਼ਰ ਦੇ ਨਾਮ ਦਾ ਆਸਰਾ ਹੈ॥ ੧ ॥ ਰਹਾਉ॥

## ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥

ਪਰਮੇਸ਼ਰ ਆਪ ਸੰਤਾਂ ਦੀ ਇੱਜ਼ਤ ਰਖਦਾ ਹੈ, ਆਪ ਹੀ ਨਾਮ-ਦਾਨ ਦੇਂਦਾ ਹੈ ਤੇ ਆਪ ਹੀ ਸੰਤਾਂ ਨੂੰ ਪਦਾਰਥ ਦੇ ਕੇ ਉਹਨਾਂ ਦੀ ਪ੍ਰਤਿਪਾਲਾ ਕਰਦਾ ਹੈ।

[ਪੰਨਾ ੮੧੩]

## ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਾਰੈ ॥ ੨ ॥

ਉਹ ਦੀਨ ਦਿਆਲ ਪਰਮਾਤਮਾ ਕਿਰਪਾ ਦੀ ਨਿਧੀ ਹੈ, ਭਗਤ ਉਸ ਨੂੰ ਸੁਆਸ-ਸੁਆਸ ਸੰਭਾਲਦੇ ਹਨ।

*ਅਥਵਾ:*-ਉਹ ਪਰਮੇਸ਼ਰ ਭਗਤਾਂ ਨੂੰ ਸੁਆਸ ਸੁਆਸ ਸੰਭਾਲਦਾ ਹੈ।

## ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥

ਕਰਣਹਾਰੁ=ਸਿਰਜਣਹਾਰ ਪ੍ਰਭੂ ਜੋ ਭੀ ਕਰ ਰਿਹਾ ਹੈ, ਉਹ ਆਪਣੀ ਵਡਿਆਈ=ਇੱਛਾ ਅਨੁਸਾਰ ਕਰ ਰਿਹਾ ਹੈ।

## ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥ ੩ ॥

ਪੂਰਿਆਂ ਗੁਰਾਂ ਨੇ ਏਹੋ ਉਪਦੇਸ਼ ਦਿੱਤਾ ਹੈ, ਕਿ ਖਸਮ=ਮਾਲਕ ਪ੍ਰਭੂ ਦੀ ਰਜਾਈ=ਆਗਿਆ ਵਿਚ ਹੀ ਸੁਖ ਹੈ॥ ੩ ॥

## ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥

ਚਿੰਤ ਅੰਦੇਸਾ=ਫਿਕਰ ਤੇ ਗਿਣਤੀ ਛੱਡ ਕੇ ਜਨਿ=ਦਾਸ ਨੇ ਮਾਲਕ ਦਾ ਹੁਕਮ ਮੰਨਣਾ ਹੀ ਪਛਾਣ ਲਿਆ ਹੈ।

## ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥ ੪ ॥ ੧੮ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾ ਨਾਸ ਹੁੰਦਾ ਹੈ, ਨਾ ਹੀ ਛੱਡ ਕੇ ਕਿਸੇ ਪਾਸੇ ਜਾਂਦਾ ਹੈ, ਉਸ ਦੇ ਰੰਗ ਵਿਚ ਮੇਰਾ ਮਨ ਰੰਗਿਆ ਗਿਆ ਹੈ॥ ੪ ॥ ੧੮ ॥ ੪੮ ॥

## ਬਿਲਾਵਲੁ ਮਹਲਾ ੫ ॥ ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥

ਵੱਡੀ ਭਾਰੀ ਤ੍ਰਿਸ਼ਨਾਂ ਰੂਪ ਅੱਗ ਦੀ ਤਪੱਸ਼ਤਾ ਤੋਂ ਸ਼ਾਂਤੀ ਹੋ ਗਈ ਹੈ, ਗੁਰਾਂ ਦੇ ਚਰਨ ਪਰਸਣ ਕਰਕੇ ਪਾਪ ਨਾਠੇ=ਨੱਸ ਗਏ ਹਨ।

## ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥ ੧ ॥

ਸੰਸਾਰ ਰੂਪ ਅੰਨ੍ਹੇ ਖੂਹ ਵਿਚ ਪੈ ਕੇ ਗਲ ਰਹੇ ਸੀ,

ਗੁਰਾਂ ਨੇ ਕਿਰਪਾ ਰੂਪੀ ਹੱਥ ਦਾ ਸਹਾਰਾ ਦੇ ਕੇ ਕੱਢ ਲਿਆ ਹੈ॥ ੧ ॥

## ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ॥

ਉਹ ਗੁਰੂ ਹੀ, ਸਾਡੇ ਸੱਜਣ ਹਨ, ਅਸਾਂ ਨੇ ਉਨ੍ਹਾਂ ਦੇ ਚਰਨਾਂ ਦੀ ਰੇਨ=ਧੂੜ ਗ੍ਰਹਿਣ ਕੀਤੀ ਹੈ।

## ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ॥੧॥ ਰਹਾਉ॥

ਜਿਨ੍ਹਾਂ ਦੇ ਮਿਲਦਿਆਂ ਹੀ ਮਨ ਸੁਖੀ ਹੁੰਦਾ ਹੈ ਅਤੇ ਉਹ ਗੁਰੂ ਜੀਵ ਨੂੰ ਅਸਲ ਜੀਵਨ ਦਾਨ ਦੇਣ ਵਾਲੇ ਹਨ॥ ੧॥ ਰਹਾਉ॥

## ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ॥

ਜਿਹੜਾ ਕੋਈ ਪਰਾ=ਉਤ-ਕ੍ਰਿਸ਼ਟ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਸੀ, ਉਸ ਦਾ ਫਲ ਹੁਣ ਆ ਕੇ ਮਿਲਿਆ ਹੈ।

## ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ॥੨॥

ਹਰੀ ਦੇ ਸੰਤਾਂ ਨਾਲ ਬਸਣ ਕਰਕੇ ਸਭ ਆਸਾਂ ਪੂਰਨ ਹੋਈਆਂ ਹਨ॥ ੨॥

## ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ॥

ਤਿੰਨਾਂ ਲੋਕਾਂ ਦੇ ਡਰ ਬਿਨਸ਼ ਗਏ ਹਨ ਅਤੇ ਸੁਖਾਂ ਦਾ ਅਸਥਾਨ (ਸਰੂਪ) ਪਾ ਲਿਆ ਹੈ।

## ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥

ਸਮਰੱਥ ਗੁਰਾਂ ਨੇ ਦਇਆ-ਦ੍ਰਿਸ਼ਟੀ ਕੀਤੀ ਹੈ, ਇਸ ਲਈ ਮਨ ਵਿਚ ਸਤਿਨਾਮੁ ਵਸ ਗਿਆ ਹੈ॥ ੩॥

## ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਨਾਨਕ ਦੀ ਤੂੰਹੀਂ ਓਟ ਰੂਪ ਹੈਂ ਅਤੇ ਮੈਨੂੰ ਤੇਰਾ ਹੀ ਆਧਾਰ-ਆਸਰਾ ਹੈ।

## ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥੪॥੧੯॥੪੯॥

ਹੇ ਅਗਮ ਅਪਾਰ ਹਰੀ ਪ੍ਰਭੂ ! ਸਾਰਿਆਂ ਕਾਰਨਾਂ ਕਾਰਜਾਂ ਦੇ ਕਰਨੇ ਨੂੰ ਇਕ ਤੂੰ ਹੀ ਸਮਰੱਥ ਹੈਂ॥ ੪॥ ੧੯॥ ੪੯॥

## ਬਿਲਾਵਲੁ ਮਹਲਾ ੫॥ ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ॥

ਜਿਸ ਨੇ ਪ੍ਰਭੂ ਨੂੰ ਭੁਲਾ ਦਿੱਤਾ ਹੈ, ਓਹੀ ਗੰਦਾ, ਕੰਗਾਲ ਤੇ ਸ਼ੁਭ-ਗੁਣਾਂ ਤੋਂ ਹੀਨੁ=ਰਹਿਤ ਹੈ।

ਵਾ:-ਓਹੀ ਰਾਗ ਦ੍ਵੈਸ਼,

ਵਾ:-ਪਾਪਾਂ ਰੂਪੀ ਮੈਲ ਕਰਕੇ ਮਲੀਨ ਹੈ, ਦੀਨੁ=ਸਰੂਪ ਤੋਂ ਰਹਿਤ ਹੈ, ਹੀਨੁ=ਸ਼ੁਭ-ਗੁਣਾਂ ਤੋਂ ਟੁੱਟਾ ਹੈ।

## ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥੧॥

ਕਰਨੈਹਾਰੁ=ਸਿਰਜਣਹਾਰ ਪ੍ਰਭੂ ਨੂੰ ਸਮਝਦਾ ਨਹੀਂ ਹੈ, ਇਹ ਬਿਗਾਨਾ=ਬੇ-ਗਿਆਤ ਜੀਵ ਆਪਣੇ ਆਪ ਨੂੰ ਚੰਗਾ ਗਿਣਦਾ ਹੈ।

ਅਥਵਾ:-ਬਿ-ਗਾਨਾ=ਦ੍ਵੈਤ ਦੇ ਗਾਉਣ ਨਾਲ ਬਿਗਾਨਾ=ਜਮਾਂ ਦੇ ਹਵਾਲੇ ਹੁੰਦਾ ਹੈ॥ ੧॥

ਭਾਵ-ਇਹ ਮਨੁੱਖ ਆਪਣੇ ਸਰੂਪ ਨੂੰ ਨਹੀਂ ਪਛਾਣਦਾ ਤੇ ਸੰਸਾਰਕ ਰੁਝੇਵਿਆਂ ਵਿਚ ਫਸਿਆ, ਨਾਮ-ਸਿਮਰਨ ਤੋਂ ਬਿਨਾਂ ਮੇਰੀ ਦੇ ਖਿਆਲਾਂ ਵਿਚ ਰਹਿਣ ਕਰਕੇ ਅਖੀਰ ਜਮਾਂ ਦੇ ਵੱਸ ਹੋ ਜਾਂਦਾ ਹੈ।

## ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥

ਜਦ ਪ੍ਰਭੂ ਭੁੱਲ ਜਾਵੇ ਤਦ ਇਸ ਨੂੰ ਦੁੱਖ ਪ੍ਰਾਪਤ ਹੁੰਦੇ ਹਨ,
ਪ੍ਰਭੂ ਦੇ ਚੇਤੇ ਆਉਣ ਕਰਕੇ ਸੁਖ ਪ੍ਰਾਪਤ ਹੁੰਦਾ ਹੈ।

## ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥ ੧॥ ਰਹਾਉ॥

ਸੰਤਾਂ ਦੇ ਪਾਸ ਇਹੋ ਅਨੰਦ ਦਾ ਸਾਧਨ ਹੈ, ਜਿਹੜਾ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਉਂਦੇ ਹਨ॥ ੧॥

## ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ॥

ਉੱਚਿਆਂ ਨੂੰ ਨੀਚ ਕਰ ਦੇਂਦਾ ਹੈ ਤੇ ਨੀਚਾਂ ਨੂੰ ਇਕ ਖਿਨ ਵਿਚ ਉੱਚ-ਪਦਵੀ ਪਰ ਥਾਪ ਦੇਂਦਾ ਹੈ।

## ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ॥ ੨॥

ਠਾਕੁਰ ਦੇ ਪਰਤਾਪ ਦੀ ਕੀਮਤ ਕੁਝ ਆਖੀ ਨਹੀਂ ਜਾਂਦੀ ॥ ੨॥

## ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ॥

ਜਗਤ ਦੇ ਰੰਗ ਰੂਪ ਤੇ ਕਈ ਤਰ੍ਹਾਂ ਦੀਆ ਲੀਲਾ=ਖੇਡਾਂ ਵੇਖਦਿਆਂ-ਵੇਖਦਿਆਂ ਇਸ ਸੰਸਾਰ ਤੋਂ ਚਲਨੈ=ਚਲੇ ਜਾਣ ਦਾ, ਭਾਵ ਮੌਤ ਦਾ ਦਿਨ ਆ ਗਿਆ।

## ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ॥ ੩॥

ਸੰਸਾਰ ਸੁਪਨੇ ਦਾ ਸਾਰਾ ਨਜ਼ਾਰਾ ਸੁਪਨਾ ਹੀ ਹੋ ਗਿਆ ਯਾਨੇ ਅਭਾਵ ਹੋ ਗਿਆ, ਜੋ ਕਰਮ ਕਮਾਇਆ ਸੀ ਓਹੀ ਇਸ ਦੇ ਨਾਲ ਚਲਿਆ॥ ੩॥

## ਕਰਣ ਕਾਰਣ ਸਮਰਥ ਪ੍ਰਭ ਤੇਰੀ ਸਰਣਾਈ॥

ਹੇ ਸਾਰਿਆਂ ਕਾਰਨਾਂ ਦੇ ਕਰਨੇ ਨੂੰ ਸਮਰੱਥ ਪ੍ਰਭੂ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।

## ਹਰਿ ਦਿਨਸੁ ਰੈਣਿ ਨਾਨਕੁ ਜਪੈ ਸਦ ਸਦ ਬਲਿ ਜਾਈ॥੪॥੨੦॥੫੦॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਦਿਨ ਰਾਤ ਆਪ ਜੀ ਦੇ ਨਾਮ ਨੂੰ ਜਪਦਾ ਹਾਂ ਅਤੇ ਸਦਾ ਸਦਾ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ॥ ੪॥ ੨੦॥ ੫੦॥

## ਬਿਲਾਵਲੁ ਮਹਲਾ ੫ ॥

## ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ॥

ਇਸ ਸਿਰ ਕਰਕੇ ਮੈਂ ਸੰਤਾਂ ਲਈ ਜਲ ਢੋਂਦਾ ਹਾਂ ਅਤੇ ਕਰ=ਹੱਥਾਂ ਨਾਲ ਪਗ=ਪੈਰਾਂ ਨੂੰ ਪਖਲਾਵਉ= ਧੋਂਦਾ ਹਾਂ ਹੇ ਸਿੱਖੋ ! ਤੁਸੀਂ ਭੀ ਇਸ ਸਿਰ ਕਰਕੇ ਢੋਣਾ ਕਰੋ ਤੇ ਹੱਥਾਂ ਨਾਲ ਸੰਤਾਂ ਦੇ ਚਰਨ ਧੋਣਾ ਕਰੋ।

## ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥੧॥

ਲੱਖਾਂ ਵੇਰੀ ਬਲਿਹਾਰ ਜਾਂਦਾ ਹਾਂ ਅਤੇ ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਜੀਉਂਦਾ ਹਾਂ ਤੁਸੀਂ ਭੀ ਲੱਖਾਂ ਵਾਰੀ ਬਲਿਹਾਰ ਜਾਣਾ ਕਰੋ ਤੇ ਦਰਸ਼ਨ ਨੂੰ ਵੇਖ ਕੇ ਜੀਉਣਾ ਕਰੋ॥ ੧॥

## ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥

ਆਪਣੇ ਮਨ ਵਿਚ ਜੋ ਭੀ ਮਨੋਰਥ ਕਰਦਾ ਹਾਂ ਉਹ ਆਪਣੇ ਪ੍ਰਭੂ ਤੋਂ ਪਾ ਲੈਂਦਾ ਹਾਂ।

## ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥੧॥ ਰਹਾਉ ॥

ਤੁਸੀਂ ਭੀ ਸੰਤਾਂ ਦੇ ਦਰ ਪਰ ਜਾ ਕੇ ਝਾੜੂ ਦੇਣਾ ਕਰੋ ਤੇ ਸੰਤਾਂ ਨੂੰ ਪੱਖਾ ਫੇਰਨਾ ਕਰੋ।

## ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥

ਜਿਸ ਵੇਲੇ ਭੀ ਸੰਤ ਅੰਮ੍ਰਿਤ ਰੂਪ ਗੁਣਾਂ ਨੂੰ ਬੋਲਦੇ ਹਨ, ਉਹਨਾਂ ਨੂੰ ਸੁਣ ਕੇ ਮਨ ਨੂੰ ਅੰਮ੍ਰਿਤ ਪੀਆਉਂਦਾ ਹਾਂ।

## ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥

ਉਸ ਰਸ ਵਿਚੋਂ ਸ਼ਾਂਤੀ ਨਾਲ ਤ੍ਰਿਪਤ ਹੋ ਕੇ ਵਿਸ਼ਿਆਂ ਦੀ ਜਲਨਤਾ ਨੂੰ ਬੁਝਾਉਂਦਾ ਹਾਂ॥ ੨॥

ਤੁਸੀਂ ਭੀ ਉਸ ਰਸ ਵਿਚੋਂ ਸ਼ਾਂਤੀ ਪੂਰਬਕ ਤ੍ਰਿਪਤ ਹੋ ਕੇ ਵਿਸ਼ਿਆਂ ਦੀ ਜਲਨਤਾ ਨੂੰ ਬੁਝਾਉਣਾ ਕਰੋ॥ ੨॥

## ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥

ਜਦ ਵੀ ਸੰਤ ਮੰਡਲੀ ਇਕੱਤਰ ਹੋ ਕੇ ਭਗਤੀ ਕਰਦੀ ਹੈ ਤਾਂ ਉਹਨਾਂ ਨਾਲ ਮਿਲ ਕੇ ਮੈਂ ਹਰੀ ਗੁਣਾਂ ਨੂੰ ਗਾਉਂਦਾ ਹਾਂ, ਤੁਸੀਂ ਭੀ ਉਹਨਾਂ ਦੇ ਨਾਲ ਮਿਲ ਕੇ ਹਰੀ ਦੇ ਗੁਣ ਗਾਉਣਾ ਕਰੋ।

## ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥

ਭਗਤ ਜਨਾਂ ਨੂੰ ਨਮਸ਼ਕਾਰ ਕਰਦਾ ਹਾਂ ਅਤੇ ਉਹਨਾਂ ਦੀ ਚਰਨ-ਧੂੜੀ ਲੈ ਕੇ ਮੱਥੇ ਪਰ ਲਾਉਂਦਾ ਹਾਂ। ਤੁਸੀਂ ਭੀ ਭਗਤ ਜਨਾਂ ਨੂੰ ਨਮਸ਼ਕਾਰ ਕਰੋ ਤੇ ਉਹਨਾਂ ਦੀ ਚਰਨ-ਧੂੜੀ ਮੱਥੇ ਪਰ ਲਾਉਣਾ ਕਰੋ॥ ੩॥

## ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥

ਉੱਠਦਿਆਂ ਬਹਿੰਦਿਆਂ ਨਾਮ ਜਪਦਾ ਹਾਂ ਇਹੋ ਕਰਮ ਕਮਾਉਂਦਾ ਹਾਂ। ਤੁਸੀਂ ਭੀ ਉੱਠਦਿਆਂ ਬੈਠਦਿਆਂ ਨਾਮ ਜਪਣਾ ਕਰੋ, ਇਸ ਤਰ੍ਹਾਂ ਦੇ ਸ਼ੁਭ ਕਰਮ ਕਮਾਉਣਾ ਕਰੋ।

## ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥੪॥੨੧॥੫੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੀ ਇਹੋ ਬੇਨਤੀ ਹੈ ਕਿ ਹੇ ਹਰੀ ! ਆਪ ਜੀ ਦੀ ਸ਼ਰਨ ਵਿਚ ਸਮਾ ਜਾਵਾਂ॥ ੪॥ ੨੧॥ ੫੧॥

## ਬਿਲਾਵਲੁ ਮਹਲਾ ੫ ॥ ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥

ਇਸ ਸੰਸਾਰ-ਸਮੁੰਦਰ ਤੋਂ ਓਹੀ ਤੁਰਦਾ ਹੈ ਜੋ ਹਰੀ ਦੇ ਗੁਣ ਗਾਉਂਦਾ ਹੈ।

## ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥

ਸਤਸੰਗਤ ਦੇ ਸੰਗ ਵਿਚ ਵਸਣਾ ਕੋਈ ਵਡਭਾਗੀ ਪੁਰਸ਼ ਹੀ ਪਾਉਂਦਾ ਹੈ॥ ੧॥

[ਪੰਨਾ ੮੧੪]

## ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ॥

ਜੋ ਭਗਤ ਜਨਾਂ ਨੇ ਬਾਣੀ ਆਖੀ ਹੈ ਉਸ ਨੂੰ ਤੁਹਾਡੇ ਦਾਸ ਸੁਣ-ਸੁਣ ਕੇ ਵਾ:-ਸੁਣਿ=ਕੰਨਾਂ ਦੁਆਰੇ ਸੁਣ ਕੇ ਜੀਉਂਦੇ ਹਨ।

## ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥੧॥ ਰਹਾਉ॥

ਇਹ ਗੱਲ ਸਾਰੇ ਲੋਅ=ਜਗਤ ਵਿਚ ਪ੍ਰਗਟ ਹੋਈ ਹੈ ਕਿ ਤੁਸਾਂ ਨੇ ਸੇਵਕ ਦੀ ਪੈਜ ਰੱਖੀ ਹੈ।

ਜਾਂ ਸੇਵਕ ਦੀ ਰੱਖੀ ਹੋਈ ਪਤ-ਆਬਰੋ ਸਾਰੀ ਲੋਕਾਈ ਵਿਚ ਪਰਗਟ ਹੋਈ ਹੈ॥ ੧॥ ਰਹਾਉ॥

## ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ॥

ਅੱਗ ਦੇ ਸਮੁੰਦਰ-ਸੰਸਾਰ 'ਚੋਂ ਕੱਢ ਲਿਆ ਹੈ ਅਤੇ ਪ੍ਰਭੂ ਨੇ ਤ੍ਰਿਸ਼ਨਾਂ ਰੂਪੀ ਜਲਨਿ=ਅੱਗ ਬੁਝਾ ਦਿੱਤੀ ਹੈ।

## ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ॥ ੨॥

ਜਦ ਗੁਰੂ ਸਾਹਿਬ ਜੀ ਆਪ ਸਹਾਈ ਹੋਏ ਤਾਂ ਉਹਨਾਂ ਨੇ ਨਾਮ-ਅੰਮ੍ਰਿਤ ਜਲ ਸਿੰਚ ਦਿੱਤਾ ॥ ੨॥

## ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ॥

ਜਨਮ ਮਰਨ ਦਾ ਦੁੱਖ ਕੱਟ ਦਿੱਤਾ ਹੈ ਅਤੇ ਸੁਖਾਂ ਦਾ ਅਸਥਾਨ (ਸਰੂਪ) ਪਾ ਲਿਆ ਹੈ।

## ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩॥

ਆਪਣੇ ਪ੍ਰਭੂ ਨੂੰ ਮੈਂ ਭਾ ਗਿਆ ਹਾਂ, ਇਸ ਲਈ ਉਹਨਾਂ ਨੇ ਭਰਮ ਅਤੇ ਮੋਹ ਦੀ ਸਿਲਕ=ਫਾਹੀ ਕੱਟ ਦਿੱਤੀ ਹੈ।

## ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ॥

ਅਵਰੁ=ਹੋਰ ਕਿਸੇ ਨੂੰ ਮਤਾਂ ਜਾਣੋ ਭਾਵ ਹੋਰ ਕਿਸੇ ਨੂੰ ਨਾ ਜਾਣੋ ਕਿਉਂਕਿ ਸਭ ਕੁਝ ਪ੍ਰਭੂ ਦੇ ਹੱਥ ਵਿਚ ਹੈ।

## ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ॥ ੪॥ ੨੨॥ ੫੨॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਤੇ ਸੰਗ ਤੇ ਸਾਥੀ ਹੋ ਕੇ ਹੀ ਅਸਾਂ ਨੇ ਸਾਰੇ ਪਾਏ ਹਨ॥ ੪॥ ੨੨॥ ੫੨॥

## ਬਿਲਾਵਲੁ ਮਹਲਾ ੫ ॥ ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ॥

ਪ੍ਰਭੂ ਆਪ ਕ੍ਰਿਪਾਲੂ ਹੋਇਆ ਹੈ ਇਸ ਲਈ ਉਸ ਨੇ ਸਾਡੇ ਸਾਰੇ ਬੰਧਨ ਕੱਟ ਦਿੱਤੇ ਹਨ।

## ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ॥ ੧॥

ਜੋ ਪਾਰਬ੍ਰਹਮ ਪ੍ਰਭੂ ਦੀਨ ਦਿਆਲ ਹੈ ਉਸ ਦੀ ਕਿਰਪਾਦ੍ਰਿਸ਼ਟੀ ਕਰਕੇ ਨਿਹਾਲ=ਦੁੱਖਾਂ ਤੋਂ ਰਹਿਤ ਹੋ

ਗਏ ਹਾਂ॥ ੧॥

**ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ॥**

ਜਿਸ ਵੇਲੇ ਪੂਰਿਆਂ ਗੁਰਾਂ ਨੇ ਕਿਰਪਾ ਕੀਤੀ ਤਾਂ ਦੁਖਦਾਈ ਹਉਮੈ ਰੂਪੀ ਰੋਗ ਕੱਟ ਦਿੱਤਾ।

**ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ॥੧॥ ਰਹਾਉ॥**

ਧਿਆਉਣ ਜੋਗ ਪ੍ਰਭੂ ਨੂੰ ਧਿਆਇਆ ਹੈ, ਇਸ ਕਰਕੇ ਮਨ ਸੀਤਲ ਤੇ ਤਨ ਸੁਖੀ ਹੋ ਗਿਆ ਹੈ।

**ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ॥**

ਹਰੀ ਦਾ ਨਾਮ ਹੀ ਅਉਖਧੁ=ਦਵਾਈ ਹੈ, ਜਿਸ ਦੇ ਖਾਣ ਨਾਲ ਹਉਮੈ ਰੂਪੀ ਰੋਗ ਨਹੀਂ ਵਿਆਪੈ= ਲੱਗਦਾ।

**ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ॥੨॥**

ਮਨੋ ਤਨੋ ਹੋ ਕੇ ਸੰਤਾਂ ਦੇ ਸੰਗ ਵਿਚ ਹਿਤੈ=ਪ੍ਰੇਮ ਕਰੇ ਤਾਂ ਫਿਰ ਦੁੱਖ ਨਹੀਂ ਜਾਪੈ=ਜਾਣਿਆ ਜਾਂਦਾ॥ ੨॥

**ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ॥**

ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਜੋ ਹਰੀ ਹੈ, ਅੰਦਰ ਲਿਵ ਲਗਾ ਕੇ ਉਸ ਹਰੀ ਨਾਮ ਨੂੰ ਜਾਪਣਾ ਕਰੀਏ।

**ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥**

ਸਾਧੂਆਂ ਦੀ ਸ਼ਰਨ ਵਿਚ ਆਉਣ ਕਰਕੇ ਕਿਲਵਿਖ=ਪਾਪ ਉੱਤਰ ਜਾਂਦੇ ਹਨ
ਅਤੇ ਮਨ ਸ਼ੁੱਧ ਹੋ ਜਾਂਦਾ ਹੈ॥ ੩॥

**ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥**

ਜੋ ਹਰੀ ਜਸ ਨੂੰ ਸੁਣਦਾ ਹੈ ਅਤੇ ਹਰੀ ਨਾਮ ਨੂੰ ਜਪਦਾ ਹੈ,
ਉਸ ਦੀ ਅਵਿਦਿਆ ਰੂਪੀ ਬਲਾ ਦੂਰ ਹੋ ਜਾਂਦੀ ਹੈ।

**ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥੨੩॥੫੩॥**

ਗੁਰੂ ਜੀ ਕਥਨ ਕਰਦੇ ਹਨ-ਸਤਿਨਾਮੁ ਰੂਪ ਮਹਾਂ ਮੰਤ੍ਰ ਨੂੰ ਕਥਨ ਕਰੇ ਅਤੇ ਹਰੀ ਦੇ ਗੁਣ ਗਾਉਣਾ ਕਰੇ ॥ ੪॥ ੨੩॥ ੫੩॥

**ਬਿਲਾਵਲੁ ਮਹਲਾ ੫॥ ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥**

ਭੈ ਤੇ=ਡਰ ਤੋਂ ਪ੍ਰਭੂ ਦੀ ਭਗਤੀ ਪੈਦਾ ਹੁੰਦੀ ਹੈ ਅਤੇ ਭਗਤੀ ਕਰਕੇ ਹਿਰਦੇ ਅੰਦਰ ਸ਼ਾਂਤੀ ਪ੍ਰਾਪਤ ਹੁੰਦੀ ਹੈ।

**ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ॥੧॥**

ਗੋਬਿੰਦ ਦਾ ਨਾਮ ਜਪਦਿਆਂ-ਜਪਦਿਆਂ ਭਰਮ ਤੇ ਭ੍ਰਾਂਤੀ ਨਾਸ ਹੋ ਜਾਂਦੀ ਹੈ॥ ੧॥
ਮੈਂ ਜੀਵ ਹਾਂ ਇਸ ਨੂੰ ਭਰਮ ਕਹਿੰਦੇ ਹਨ, ਭ੍ਰਾਂਤੀ ਦੋ ਪ੍ਰਕਾਰ ਦੀ ਹੈ-ਮੈਂ ਜੀਵ ਹਾਂ ਕਿ ਈਸ਼੍ਵਰ,

## ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥

ਜਿਸ ਨੂੰ ਪੂਰਾ ਗੁਰੂ ਭੇਟਿਆ=ਮਿਲਿਆ ਹੈ, ਉਸ ਦੇ ਹਿਰਦੇ ਵਿਚ ਸੁਖਾਂ ਨੇ ਪ੍ਰਵੇਸ਼ ਕੀਤਾ ਹੈ। ਜਾਂ ਤਾ ਕੈ=ਤਿਸ ਦਾ ਸੁਖਾਂ ਵਿਚ ਪ੍ਰਵੇਸ਼ ਹੋਇਆ ਹੈ।

## ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ ੧ ॥ ਰਹਾਉ ॥

ਮਨ ਦੀ ਮੱਤ ਨੂੰ ਤਿਆਗ ਦੇਣਾ ਚਾਹੀਦਾ ਹੈ, ਅਤੇ ਗੁਰ-ਉਪਦੇਸ਼ ਨੂੰ ਸੁਣਨਾ ਚਾਹੀਦਾ ਹੈ ॥ ੧ ॥ ਰਹਾਉ ॥

## ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥

(੧) ਉਸ ਦਾਤਾਰ ਪੁਰਖ ਨੂੰ ਮਨ ਕਰਕੇ ਸਿਮ੍ਰਰੀਏ, ਬਾਣੀ ਕਰਕੇ ਸਿਮਰੀਏ, ਤਨ ਕਰਕੇ ਸਿਮਰੀਏ।

(੨) ਸਿਮਰਤੀਆਂ ਜਿਸ ਨੂੰ ਸਿਮਰਦੀਆਂ ਹਨ, ਉਸ ਦਾਤਾਰ ਪੁਰਖ ਨੂੰ ਸਿਮਰਨਾ ਕਰੀਏ।

(੩) ਸਿਮਰਨੇ ਜੋਗ ਦੇ ਸਿਮਰਨ ਨੂੰ ਸਿਮਰਨਾ ਕਰੀਏ, ਉਹ ਅਕਾਲ ਪੁਰਖ ਸਭ ਦਾ ਦਾਤਾ ਹੈ।

## ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥ ੨ ॥

ਉਹ ਅਪਾਰ ਪੁਰਖ ਪਰਮਾਤਮਾ ਗੁਰਮੁਖਾਂ ਦੇ ਮਨ ਵਿਚੋਂ ਕਦੇ ਭੁੱਲਦਾ ਨਹੀਂ ਹੈ ॥ ੨ ॥

## ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥

ਅਸਚਰਜ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਕਮਲਾਂ ਨਾਲ ਰੰਗੁ ਲਗਾ=ਪ੍ਰੇਮ ਲੱਗਾ ਹੈ।

## ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥ ੩ ॥

ਹੇ ਪ੍ਰਭੂ ! ਜਿਸ ਨੂੰ ਕਿਰਪਾ ਕਰਦੇ ਹੋ ਉਸ ਨੂੰ ਸਤਿਗੁਰਾਂ ਦੀ ਸੇਵਾ ਵਿਚ ਲਗਾਉਂਦੇ ਹੋ ॥ ੩ ॥

## ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥

ਨਿਧੀਆਂ ਦਾ ਨਿਧਾਨ=ਖਜ਼ਾਨਾ ਨਾਮ-ਅੰਮ੍ਰਿਤ ਪੀਤਾ ਹੈ, ਇਸ ਲਈ ਮਨ ਤੇ ਤਨ ਵਿਚ ਅਨੰਦ ਪ੍ਰਾਪਤ ਹੋਇਆ ਹੈ।

## ਨਾਨਕ ਕਬਹੁ ਨ ਵੀਸਰੈ ਪ੍ਰਭ ਪਰਮਾਨੰਦ ॥ ੪ ॥ ੨੪ ॥ ੫੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੂੰ ਉਹ ਪਰਮ ਅਨੰਦ ਸਰੂਪ ਪ੍ਰਭੂ ਕਦੇ ਵੀਸਰੈ=ਭੁੱਲਦਾ ਨਹੀਂ ਹੈ ॥ ੪ ॥ ੨੪ ॥ ੫੪ ॥

## ਬਿਲਾਵਲੁ ਮਹਲਾ ੫ ॥ ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥

ਤ੍ਰਿਸ਼ਨਾ-ਅੱਗ ਬੁਝ ਗਈ ਹੈ, ਪਦਾਰਥਾਂ ਦੀ ਮਮਤਾ ਭੀ ਮਿਟ ਗਈ ਹੈ, ਡਰ ਅਤੇ ਭਰਮ ਨਾਠੇ=ਨੱਸ ਗਏ ਹਨ।

## ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥ ੧ ॥

ਮਨ ਨੇ ਥਿਰਤਾ ਪਾ ਲਈ ਹੈ, ਅਨੰਦ ਪ੍ਰਾਪਤ ਹੋਇਆ ਹੈ, ਗੁਰਾਂ ਨੇ ਸਾਨੂੰ ਧਰਮਾਤਮਾ ਕਰ ਦਿੱਤਾ ਹੈ।

ਜਾਂ ਜਿਸ ਵੇਲੇ ਗੁਰਾਂ ਨੇ ਆਪਣਾ ਧਰਮ ਕੀਤਾ, ਵਾ:-ਗੁਰਾਂ ਨੇਂ ਸਾਨੂੰ ਸ੍ਵੈ-ਧਰਮ ਦ੍ਰਿੜ੍ਹ ਕਰਾਇਆ ਤਾਂ ਮਨ ਨੇ ਇਸਥਿਤੀ ਪਾਈ ਤੇ ਆਤਮਿਕ ਅਨੰਦ ਪ੍ਰਾਪਤ ਹੋ ਗਿਆ॥ ੧॥

## ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ॥

ਜਦ ਪੂਰਿਆਂ ਗੁਰਾਂ ਨੂੰ ਅਰਾਧਿਆ ਤਾਂ ਮੇਰੀ=ਮੇਰ ਤੇਰ ਦੀ ਪੀੜਾ ਬਿਨਸ ਗਈ, ਜਾਂ ਪ੍ਰਭੂ ਦੇ ਵਿਛੋੜੇ ਦੀ ਪੀੜਾ ਬਿਨਸੀ=ਨਾਸ ਹੋ ਗਈ।

## ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ॥ ੧॥ ਰਹਾਉ॥

ਬੀਰ=ਹੇ ਭਾਈ! ਆਤਮਿਕ ਸੁਖ ਪਾਇਆ ਹੈ ਇਸ ਲਈ ਸਭ ਤਰ੍ਹਾਂ ਕਰਕੇ ਤਨ ਮਨ ਸੀਤਲ ਹੋ ਗਿਆ ਹੈ।

## ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ॥

ਸੁੱਤਿਆਂ, ਜਾਗਦਿਆਂ ਜਿਸ ਨੇ ਹਰੀ ਨੂੰ ਜਪਿਆ ਹੈ, ਉਸ ਨੇ ਅਸਚਰਜ ਰੂਪ ਪ੍ਰਭੂ ਨੂੰ ਦੇਖ ਲਿਆ ਹੈ। ਵਾ:-ਮੋਹ ਰੂਪ ਨੀਂਦ ਵਿਚ ਸੁੱਤਾ ਹੋਇਆ ਸੀ ਜਦ ਹਰੀ ਨਾਮ ਨੂੰ ਜਪਿਆ ਤਾਂ ਗਿਆਨ-ਜਾਗ੍ਰਤ ਵਿਚ ਜਾਗ ਪਿਆ ਤੇ ਅਸਚਰਜ ਰੂਪ ਪਰਮਾਤਮਾ ਨੂੰ ਦੇਖ ਲਿਆ।

## ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ॥ ੨॥

ਨਾਮ-ਅੰਮ੍ਰਿਤ ਨੂੰ ਪੀ ਕੇ ਤ੍ਰਿਪਤ ਹੋ ਗਿਆ ਹੈ, ਪਰ ਉਸ ਨਾਮ ਦਾ ਸੁਆਦ ਬੜਾ ਅਸਚਰਜ ਹੈ॥ ੨॥

## ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ॥

ਆਪ ਮੁਕਤ ਹੋ ਗਏ ਸੰਗੀ ਭੀ ਤਰ ਗਏ, ਕੁਟੰਬ ਦੇ ਕੁਲ=ਸਮੂਹ ਜੀਵ ਭੀ ਤਾਰ ਦਿੱਤੇ।

## ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ॥ ੩॥

ਗੁਰਦੇਵਾਂ ਦੀ ਸੇਵਾ ਸਫਲ ਹੈ ਅਤੇ ਗੁਰਾਂ ਦਾ ਦਰਬਾਰ ਭੀ ਨਿਰਮਲ ਹੈ। ਜਾਂ ਗੁਰਦੇਵਾਂ ਦੀ ਸੇਵਾ ਸਫਲ ਹੈ, ਜਿਸ ਸੇਵਾ ਕਰਕੇ ਪ੍ਰਲੋਕ ਦਰਬਾਰ ਵਿਚ ਪ੍ਰਾਣੀ ਦਾ ਮੂੰਹ ਨਿਰਮਲ=ਉੱਜਲ ਹੁੰਦਾ ਹੈ।

## ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ॥

ਮੈਂ ਨੀਚ ਅਨਾਥ ਤੇ ਅਨਜਾਨ ਸੀ ਅਤੇ ਸ਼ੁਭ-ਗੁਣਾਂ ਤੋਂ ਹੀਣ ਹੋਣ ਕਰਕੇ ਨਿਰੰਗੁਣ ਸੀ।

[ਪੰਨਾ ੮੧੫]

## ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ॥ ੪॥ ੨੫॥ ੫੫॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਉੱਤੇ ਪ੍ਰਭੂ ਦੀ ਵੱਡੀ ਕਿਰਪਾ ਹੋਈ ਹੈ, ਜੋ ਉਸ ਨੇ ਆਪਣਾ ਦਾਸ ਕਰ ਲਿਆ ਹੈ॥ ੪॥ ੨੫॥ ੫੫॥

## ਬਿਲਾਵਲੁ ਮਹਲਾ ੫॥ ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ॥

ਹੇ ਹਰੀ! ਤੂੰ ਭਗਤਾਂ ਦਾ ਆਸਰਾ ਰੂਪ ਹੈਂ, ਭਗਤਾਂ ਨੂੰ ਆਪ ਜੀ ਤੋਂ ਬਿਨਾਂ ਅਨ=ਹੋਰ ਕੋਈ ਜਗ੍ਹਾ ਨਹੀਂ ਹੈ।

## ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥

ਹੇ ਪ੍ਰਭੂ ! ਤੇਰਾ ਨਾਮ ਹੀ ਭਗਤਾਂ ਦਾ ਤਾਣੁ=ਬਲ, ਦੀਬਾਣ=ਆਸਰਾ, ਪ੍ਰਵਾਰ ਅਤੇ ਧਨ ਹੈ॥ ੧॥

## ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥

ਹੇ ਪ੍ਰਭੂ ! ਤੈਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਆਪਣੇ ਦਾਸ ਮੁਸ਼ਕਲਾਂ ਤੋਂ ਰੱਖ ਲੀਤੇ ਹਨ।

## ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥੧॥ ਰਹਾਉ ॥

ਨਿੰਦਕ ਪੁਰਸ਼ ਨਿੰਦਿਆ ਕਰਕੇ ਪਚੇ=ਸੜ ਗਏ ਹਨ ਅਤੇ ਉਨ੍ਹਾਂ ਨੂੰ ਜਮਕਾਲ ਨੇ ਗ੍ਰਸ ਲੀਤਾ ਹੈ।

## ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ ॥

ਸੰਤਾਂ ਨੇ ਇਕ ਆਪ ਜੀ ਨੂੰ ਧਿਆਉਣਾ ਕੀਤਾ ਹੈ, ਹੋਰ ਕਿਸੇ ਦੂਜੇ ਨੂੰ ਨਹੀਂ ਮੰਨਿਆ।

## ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ ॥੨॥

ਸਾਰਿਆਂ ਅਸਥਾਨਾਂ ਪਰ ਆਪ ਜੀ ਨੂੰ ਰਵਿਆ=ਪੂਰਨ ਜਾਣ ਕੇ ਇਕ ਆਪ ਜੀ ਦੇ ਅੱਗੇ ਹੀ ਬੇਨਤੀ ਕਰਦੇ ਹਨ॥ ੨॥

## ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥

ਪੁਰਾਤਨ ਕਥਾ ਦੁਆਰੇ ਇਸ ਤਰ੍ਹਾਂ ਗੱਲ ਸੁਣੀ ਹੈ ਕਿ ਭਗਤਾਂ ਨੇ ਜੋ ਬਾਣੀ ਬੋਲੀ ਹੈ ਉਹ ਸੱਚੀ ਹੈ। ਜਾਂ ਪੁਰਾਤਨ ਕਥਾ ਦੁਆਰੇ ਇਹ ਗੱਲ ਸੁਣੀ ਹੈ ਤੇ ਭਗਤਾਂ ਦੀ ਬਾਣੀ ਦੁਆਰੇ ਭੀ ਇਹ ਗੱਲ ਸੁਣੀ ਹੈ। ਕਿ-

## ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥੩॥

ਸਾਰਿਆਂ ਦੁਸ਼ਟ ਪੁਰਸ਼ਾਂ ਨੂੰ ਖੰਡ ਖੰਡ=ਟੋਟੇ ਟੋਟੇ ਕਰ ਦਿੱਤਾ ਹੈ ਤੇ ਸੰਤ ਜਨਾਂ ਦੀ ਗੱਲ ਤੈਨੇ ਮੰਨ ਲੀਤੀ ਹੈ।

## ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਇਹ ਸੱਚੇ ਬਚਨ ਕਹੇ ਹਨ,

(ਕੋਈ ਲੁਕੇ ਛਿਪੇ ਨਹੀਂ ਹਨ) ਸਭ ਵਿਚ ਪਰਗਟ ਹਨ।

## ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ ॥੪॥੨੯॥੫੯॥

ਪ੍ਰਭੂ ਦੇ ਸੇਵਕ ਪ੍ਰਭੂ ਦੀ ਸ਼ਰਨ ਵਿਚ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਕਿਸਮ ਦਾ ਭਉ ਨਾਹਿ=ਡਰ ਨਹੀਂ ਹੈ॥ ੪॥ ੨੯॥ ੫੯॥

## ਬਿਲਾਵਲੁ ਮਹਲਾ ੫ ॥ ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥

ਹੇ ਪ੍ਰਭੂ ! ਜਨਮ ਮਰਨ ਰੂਪ ਜੋ ਬੰਧਨ ਹਨ, ਸੋ ਉਨ੍ਹਾਂ ਬੰਧਨਾਂ ਨੂੰ ਤੂੰ ਆਪ ਹੀ ਕੱਟਦਾ ਹੈਂ, ਜਿਸ ਆਪ ਜੀ ਦੇ ਹੱਥ ਵਿਚ ਸਾਰੀਆਂ ਕਲ=ਸ਼ਕਤੀਆਂ ਹਨ।

**ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥੧॥**

ਅਵਰ=ਹੋਰ ਕਿਸੇ ਕਰਮ ਕਰਕੇ ਛੁਟਕਾਰਾ ਨਹੀਂ ਹੁੰਦਾ,

ਹੇ ਹਰੀ ਨਾਥ ! ਆਪ ਹੀ ਕਿਰਪਾ ਕਰਕੇ ਰੱਖ ਲਓ॥ ੧॥

**ਤਉ ਸਰਣਾਗਤਿ ਮਾਧਵੇ ਪੂਰਨ ਦਇਆਲ॥**

ਹੇ ਪੂਰਨ ਦਿਆਲੂ ਮਾਧਵ ! ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ।

**ਛੂਟਿ ਜਾਇ ਸੰਸਾਰ ਤੇ ਰਾਖੈ ਗੋਪਾਲ ॥੧॥ ਰਹਾਉ॥**

ਹੇ ਗੋਪਾਲ ! ਜਿਸ ਦੇ ਰਾਖੇ ਆਪ ਹੋ, ਉਹ ਸੰਸਾਰ ਦੇ ਦੁੱਖਾਂ ਤੋਂ ਛੁਟ ਜਾਂਦਾ ਹੈ॥ ੧॥ ਰਹਾਉ॥

**ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ॥**

ਪਦਾਰਥਾਂ ਦੀ ਆਸਾ, ਭਰਮ, ਵਿਸ਼ੇ-ਵਿਕਾਰ ਅਤੇ ਮੋਹ ਇਨ੍ਹਾਂ ਵਿਕਾਰਾਂ ਵਿਚ ਮੈਂ ਲੁਭਾਇਮਾਨ ਹੋ ਰਿਹਾ ਹਾਂ।

**ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ॥੨॥**

ਝੂਠੀ ਸਮਗ੍ਰੀ ਮੇਰੇ ਮਨ ਵਿਚ ਵੱਸ ਰਹੀ ਹੈ, ਹੇ ਪਾਰਬ੍ਰਹਮ ! ਆਪ ਜੀ ਨੂੰ ਜਾਣਿਆ ਨਹੀਂ ਹੈ।

**ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਾਰੇ ॥**

ਹੇ ਪਰਮ ਜੋਤੀ ਪੂਰਨ ਪੁਰਖ ਪਰਮਾਤਮਾ ! ਇਹ ਸਾਰੇ ਜੀਵ ਆਪ ਜੀ ਦੇ ਹਨ।

**ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥੩॥**

ਹੇ ਅਗਮ ਅਪਾਰ ਪ੍ਰਭੂ ! ਜਿਵੇਂ ਤੂੰ ਰਖਦਾ ਹੈਂ ਤਿਵੇਂ ਹੀ ਰਹਿੰਦਾ ਹਾਂ॥ ੩॥

**ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥**

ਹੇ ਕਾਰਨ ਕਰਨ ਸਮਰਥ ਪ੍ਰਭੂ! ਮੈਨੂੰ ਆਪਣਾ ਨਾਮ-ਦਾਨ ਦੇਣਾ ਕਰੋ।

**ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥੪॥੨੭॥੫੭॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰਿ ਹਰਿ ! ਆਪ ਜੀ ਦੀ ਸਤਸੰਗਤ ਵਿਚ ਆਪ ਜੀ ਦੇ ਉਸਤਤੀ ਰੂਪ ਗੁਣ ਗਾਉਣ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੪॥ ੨੭॥ ੫੭॥

**ਬਿਲਾਵਲੁ ਮਹਲਾ ੫ ॥ ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ॥**

ਹੇ ਮਨ ! ਤੇਰੀ ਪ੍ਰਤੀਤ ਕਰਕੇ ਕਿਹੜਾ ਕਿਹੜਾ ਨਹੀਂ ਪਤਰਿਆ=ਡਿਗਿਆ।

**ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ॥**

ਮਹਾ ਮੋਹਨੀ=ਮਾਇਆ ਨੇ ਤੈਨੂੰ ਮੋਹਿਆ ਹੋਇਆ ਹੈ, ਏਹੋ ਨਰਕ ਦੀ ਰੀਤੀ ਹੈ॥ ੧॥

**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥**

ਹੇ ਖੁਟਹਰ=ਖੋਟੇ ਮਨ ! ਤੇਰਾ ਕੋਈ ਭਰੋਸਾ ਨਹੀਂ ਹੈ, ਕਿਉਂਕਿ ਤੂੰ ਮਦ ਵਿਚ ਬੜਾ ਮਸਤ ਹੈਂ। ਸਤ

ਪੁਰਸ਼ਾਂ ਨੇ ਮਨ ਉੱਪਰ ਛੇ ਦ੍ਰਿਸ਼ਟਾਂਤ ਦੇ ਕੇ ਮਨ ਨੂੰ ਅਤਿ ਚੰਚਲ ਵਰਣਨ ਕੀਤਾ ਹੈ।

੧. ਮਨ ਪਿੱਪਲ ਦੇ ਚੋਟੀ ਦੇ ਪੱਤੇ ਵਾਂਗ ਚੰਚਲ ਹੈ।

੨. ਮਨ ਝੰਡੇ (ਨਿਸ਼ਾਨ ਸਾਹਿਬ) ਦੇ ਫਰਰੇ ਵਾਂਗ ਹਿਲਦਾ ਰਹਿੰਦਾ ਹੈ।

੩. ਮਨ ਅਕਾਸ਼ੀ ਬਿਜਲੀ ਦੀ ਤਰ੍ਹਾਂ ਇਕ ਜਗ੍ਹਾ ਤੇ ਨਹੀਂ ਰਹਿੰਦਾ ।

੪. ਮਨ ਕੱਛੂ ਦੀ ਸਿਰੀ ਵਾਂਗ ਕਦੀ ਅੰਦਰ ਕਦੀ ਬਹਾਰ ਫਿਰਦਾ ਹੈ।

੫. ਮਨ ਭੂਤਾਂ ਦੀ ਅੱਗ ਦੀ ਤਰ੍ਹਾਂ ਟਿਕਾਅ ਤੋਂ ਰਹਿਤ ਹੈ।

੬. ਮਨ ਦੀਵੇ ਦੀ ਲਾਟ ਵਾਂਗ ਹਿਲਦਾ ਰਹਿੰਦਾ ਹੈ। ਅਨਾਥ ਦਾਸ ਜੀ ਕਹਿੰਦੇ ਹਨ-

*ਯਥਾ:-* 'ਚਲ ਦਲ ਪਤ੍ਰ, ਪਤਾਕ ਪਟ, ਦਾਮਨ, ਕੱਛਪ ਮਾਥ।

ਭੂਤ ਦੀਪ, ਦੀਪਕ ਸਿਖਾ; ਯੋਂ ਮਨ ਬਿਰਤ ਅਨਾਥ ।' *ਵਿਚਾਰ ਮਾਲਾ, ਬਿਸ੍ਰਾਮ—*

ਇਹ ਗੱਲ ਯਾਦ ਰੱਖ-

## ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥

*ਖਰ ਕਾ=ਅਸਤ੍ਰ ਦੇ ਪੈਰਾਂ ਦਾ ਪੈਖਰੁ=ਬੰਧਨ (ਰੱਸਾ) ਤਾਂ ਛੁਟਦਾ (ਖੁਲ੍ਹਦਾ) ਹੈ ਜਾਂ ਉਸ ਦੇ ਉੱਪਰ ਭਾਰ ਲੱਦ ਲਿਆ ਜਾਵੇ। ਏਸੇ ਤਰ੍ਹਾਂ ਮਨ ਅਸਤ੍ਰ ਵਾਂਗ ਚੰਚਲ ਹੈ ਇਸ ਨੂੰ ਸਮਾਧੀ ਵਲੋਂ ਤਾਂ ਹਟਾਵੇ ਜਦ ਇਸ ਦੇ ਉੱਪਰ ਭਾਰ ਲੱਦ ਲਵੇ ਭਾਵ ਇਸ ਨੂੰ ਕਥਾ ਕੀਰਤਨ ਵਿਚ ਜੋੜ ਲਵੇ।

## ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥

ਹੇ ਮਨ ! ਤੈਨੇ ਜਪੀਆਂ ਦੇ ਜਪ, ਤਪੀਆਂ ਦੇ ਤਪ, ਸੰਜਮ ਵਾਲਿਆਂ ਦੇ ਸੰਜਮ ਨਾਸ ਕਰ ਦਿੱਤੇ ਹਨ, ਇਸ ਕਰਕੇ ਜੀਵ ਜਮ ਡੰਡਿਆਂ ਦੇ ਦੁੱਖ ਸਹਾਰਦਾ ਹੈ।

## ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥

ਹੇ ਨਿਰਲੱਜ-ਤਾਈ ਦੇ ਭਾਂਡੇ ਬਿ-ਸ਼ਰਮ ਮਨ ! ਤੂੰ ਜੂਨੀਆਂ ਦੇ ਦੁੱਖਾਂ ਨੂੰ ਸਿਮਰਦਾ ਨਹੀਂ ਹੈਂ॥ ਭਾਵ ਜੂਨੀਆਂ ਦੇ ਦੁੱਖਾਂ ਨੂੰ ਚੇਤੇ ਰੱਖਦਾ ਨਹੀਂ ਹੈ॥ ੨॥

## ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥

ਜੋ ਹਰੀ ਮਹਾ ਮੀਤੁ=ਵੱਡਾ (ਭਾਰੀ) ਮਿੱਤਰ ਹੈ ਅਤੇ ਤੇਰੇ ਅੰਗ-ਸੰਗ ਹੋ ਕੇ ਤੇਰੀ ਸਹਾਇਤਾ ਕਰਨ ਵਾਲਾ ਹੈ, ਉਸ ਦੇ ਨਾਲ ਤੇਰਾ ਭੇਦ ਪੈ ਰਿਹਾ ਹੈ ਭਾਵ ਵਿਰੋਧ ਹੋ ਰਿਹਾ ਹੈ।

## ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥

ਤੂੰ ਪੰਜ (ਕਾਮ ਆਦਿਕ) ਬਟਵਾਰਈ=ਧਾੜਵੀਆਂ ਨਾਲ ਬੀਧਾ=ਮਿਲ ਰਿਹਾ ਹੈਂ, ਇਸ ਲਈ ਮਹਾ ਖੇਦੁ=ਬੜਾ ਭਾਰੀ ਦੁੱਖ ਉਪਜਿਓ=ਪੈਦਾ ਹੋਇਆ ਹੈ॥ ੩॥

## ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥

---

**ਖੱਚਰ ਦੇ ਪੇਟ ਨੂੰ ਪਾੜ ਕੇ ਜੋ ਬੱਚਾ ਕੱਢਿਆ ਜਾਂਦਾ ਹੈ ਓਸੇ ਨੂੰ ਖਰਕਾ, ਜਾਂ ਅਸਤ੍ਰ ਕਹਿੰਦੇ ਹਨ, ਬਹੁਤਾ ਚੰਚਲ ਹੋਣ ਕਰ ਕੇ ਆਪਣੇ ਉੱਪਰ ਭਾਰ ਨਹੀਂ ਲੱਦਣ ਦੇਂਦਾ, ਇਸ ਲਈ ਪੈਖਰ ਬੰਨ੍ਹਦੇ ਹਨ ਭਾਰ ਲੱਦ ਕੇ ਫੇਰ ਪੈਖਰ ਖੋਲ੍ਹ ਦੇਂਦੇ ਹਨ।*

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਸੰਤਾਂ ਦੀ ਸ਼ਰਨ ਵਿਚ ਆਉਣਾ ਕਰ, ਜਿਨ੍ਹਾਂ ਨੇ ਆਪਣੇ ਮਨ ਨੂੰ ਵਸੀਕਾਰ ਕੀਤਾ ਹੋਇਆ ਹੈ।

**ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥ ੪ ॥ ੨੮ ॥ ੫੮ ॥**

ਪ੍ਰਭੂ ਨੇ ਆਪਣਾ ਤਨ ਧਨ ਤੇ ਸਰਬੰਸ ਉਨ੍ਹਾਂ ਗੁਰਮੁਖ ਜਨਾਂ ਨੂੰ ਦਿੱਤਾ ਹੋਇਆ ਹੈ ॥ ੪ ॥ ੨੮ ॥ ੫੮ ॥

**ਬਿਲਾਵਲੁ ਮਹਲਾ ੫ ॥ ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥**

ਸਤਸੰਗਤ ਵਿਚ ਜਾਣ ਦਾ ਉੱਦਮ ਕਰਦਿਆਂ ਮਨ ਵਿਚ ਅਨੰਦ ਹੋਇਆ ਹੈ

ਅਤੇ ਨਾਮ ਨੂੰ ਸਿਮਰਦਿਆਂ ਸਾਰ ਆਤਮਿਕ ਸੁਖ ਪ੍ਰਾਪਤ ਹੋਇਆ ਹੈ।

**ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥**

ਗੋਬਿੰਦ ਦਾ ਨਾਮ ਜਪਦਿਆਂ-ਜਪਦਿਆਂ ਪੂਰਨ ਵਿਚਾਰ ਪ੍ਰਾਪਤ ਹੋਇਆ ਹੈ ॥ ੧ ॥

**ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥**

(ਪਾਪਾਂ ਦੇ ਜਪਤ ਕਰਨ ਵਾਲੇ ਜੋ ਗੁਰੂ ਹਨ) ਉਨ੍ਹਾਂ ਦੇ ਚਰਨ-ਕਮਲ ਜਪ ਕੇ ਭਾਵ ਚਰਨਾਂ ਦਾ ਧਿਆਨ ਧਾਰ ਕੇ ਤੇ ਹਰੀ ਨਾਮ ਨੂੰ ਜਪ ਕੇ ਮੈਂ ਜੀਉਂਦਾ ਹਾਂ।

**ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧ ॥ ਰਹਾਉ ॥**

ਪਾਰਬ੍ਰਹਮ ਦੇ ਅਰਾਧਣ ਰੂਪ ਅੰਮ੍ਰਿਤ ਨੂੰ ਮੂੰਹ ਨਾਲ ਪੀਂਦਾ ਹਾਂ ॥ ੧ ॥ ਰਹਾਉ ॥

**ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥**

ਸਾਰਿਆਂ ਸੰਤਾਂ ਦੇ ਮਨ ਵਿਚ ਏਹੋ ਲੋਚ=ਇੱਛਾ ਹੈ ਕਿ ਸਾਰੇ ਸੂਖਮ ਸਥੂਲ ਜੀਅ ਜੰਤ ਸੁਖਾਂ ਵਿਚ ਵਸਣ।

**ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ ੨ ॥**

ਸੰਤ ਨਿਤਾਪ੍ਰਤੀ ਪਰਉਪਕਾਰ ਨੂੰ ਹੀ ਚਿਤਵਦੇ ਹਨ ਅਤੇ ਕੁਛ ਪੋਚ=ਨੀਚ ਕਰਮ ਨਹੀਂ ਕਰਦੇ ॥ ੨ ॥

[ਪੰਨਾ ੮੧੬]

**ਧੰਨ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥**

ਉਹ ਸਤਸੰਗ ਅਸਥਾਨ ਧੰਨਤਾ ਜੋਗ ਹੈ, ਜਿਥੇ ਧੰਨਤਾ ਜੋਗ ਸੰਤ ਵੱਸਦੇ ਹਨ ਅਤੇ ਜਿਥੇ ਪਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ।

**ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥ ੩ ॥**

ਜਿਸ ਸਤਸੰਗ ਵਿਚ ਹਰੀ ਦੀ ਅਤਿ=ਬੜੀ ਕਥਾ ਹੋ ਰਹੀ ਹੈ ਅਤੇ ਹਰੀ ਦਾ ਕੀਰਤਨ ਭੀ ਘਨਾ=ਬਹੁਤ ਹੋ ਰਿਹਾ ਹੈ, ਉਸ ਸਤਸੰਗ ਵਿਚ ਜਾਣ ਕਰਕੇ ਅਚੁੱਤ ਸੁਖ ਵਿਚ ਬਿਸ੍ਰਾਮੁ=ਇਸਥਿਤੀ ਹੁੰਦੀ ਹੈ ॥ ੩ ॥

**ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥**

ਅਨਾਥਾਂ ਦਾ ਨਾਥ=ਸੁਆਮੀ ਪਰਮਾਤਮਾ ਮੇਰੇ ਮਨ ਵਿਚੋਂ ਕਦੇ ਵੀਸਰੈ ਨ=ਭੁੱਲਦਾ ਨਹੀਂ ਹੈ।

## ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜਿਸ ਦੇ ਹੱਥ ਵਿਚ ਸਭ ਕੁਝ ਹੈ॥ ੪॥ ੨੯॥ ੫੯॥

## ਬਿਲਾਵਲੁ ਮਹਲਾ ੫ ॥

## ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ ॥

ਜਿਸ ਪਰਮੇਸ਼ਰ ਨੇ ਤੈਨੂੰ ਮਾਂ ਦੇ ਪੇਟ ਵਿਚ ਬੰਨ੍ਹ ਕੇ ਫਿਰ ਤੈਨੂੰ ਛੱਡ ਦਿੱਤਾ ਹੈ, ਫੁਨਿ=ਪੁਨਾ ਸੁਖਾਂ ਵਿਚ ਪਾਇਆ ਹੈ।

## ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ ॥੧॥

ਉਸ ਦੇ ਚਰਣਾਰਬਿੰਦ=ਚਰਨ-ਕਮਲਾਂ ਨੂੰ ਸਦਾ ਸਿਮਰਨਾ ਕਰ ਤਾਂ ਮਾਇਆ ਦੀ ਤ੍ਰਿਸ਼ਨਾ ਰੂਪੀ ਹੋਤਾਇਆ=ਹੁਤਾਸਨ (ਅੱਗ) ਦਾ ਹੋਤਾਇਆ=ਤਪਾਇਆ ਹੋਇਆ ਮਨ ਸੀਤਲ ਹੋ ਜਾਵੇਗਾ॥ ੧॥

## ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ ॥

ਜਿਨ੍ਹਾਂ ਪਦਾਰਥਾਂ ਵਿਚ ਤੂੰ ਲੱਗ ਰਿਹਾ ਹੈਂ ਏਹੋ ਪਦਾਰਥ ਜੀਉਂਦਿਆਂ ਅਥਵਾ ਮੋਇਆਂ ਕਿਸੇ ਕੰਮ ਨਹੀਂ ਆਉਣੇ।

## ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ ॥੧॥ ਰਹਾਉ ॥

ਜਿਸ ਪਰਮੇਸ਼ਰ ਨੇ ਇਸ ਸੰਸਾਰ ਰਚਨਾ ਨੂੰ ਰਚਾਇਆ=ਬਣਾਇਆ ਹੈ, ਉਸ ਦੇ ਨਾਲ ਕੋਈ ਵਿਰਲਾ ਪੁਰਸ਼ ਹੀ ਰੰਗੁ=ਪ੍ਰੇਮ ਲਗਾਉਂਦਾ ਹੈ॥ ੧॥ ਰਹਾਉ॥

## ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥

ਹੇ ਪ੍ਰਾਣੀ ! ਉਹ ਪਰਮੇਸ਼ਰ ਉਸਨ=ਗਰਮੀ ਤੇ ਸੀਤ=ਠੰਡ ਨੂੰ ਪੈਦਾ ਕਰਦਾ ਹੈ, ਫੇਰ ਵਰਖਾ ਪਾ ਕੇ ਘਾਮ=ਤਪਸ਼ਤਾ ਵਿਚੋਂ ਸੇਵਕਾਂ ਨੂੰ ਕੱਢ ਲੈਂਦਾ ਹੈ।

*ਅਥਵਾ*:-ਹੇ ਪ੍ਰਾਣੀ ! ਉਹ ਪਰਮੇਸ਼ਰ ਉਸਨ=ਗਰਮੀ (ਦੁਖ) ਤੇ ਸੀਤ=ਸਰਦੀ (ਸੁਖ) ਨੂੰ ਪੈਦਾ ਕਰਦਾ ਹੈ, ਪੁਨਾ ਆਪਣਿਆਂ ਸੇਵਕਾਂ ਨੂੰ ਘਾਮ=ਦੁੱਖਾਂ ਵਿਚੋਂ ਕੱਢ ਲੈਂਦਾ ਹੈ।

## ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥੨॥

ਕੀਰੀ=ਕੀੜੀ ਤੋਂ ਹਸਤੀ=ਹਾਥੀ ਕਰ ਦੇਂਦਾ ਹੈ ਭਾਵ ਗਰੀਬ ਤੋਂ ਰਾਜਾ ਬਣਾ ਦੇਂਦਾ ਹੈ ਅਤੇ ਟੂਟਾ=ਵਿਛੁੜੇ ਹੋਏ ਨੂੰ ਆਪਣੇ ਨਾਲ ਗਾਢੈ=ਮਿਲਾ ਲੈਂਦਾ ਹੈ॥ ੨॥

## ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥

ਅੰਡਜ=ਅੰਡਿਆਂ ਤੋਂ ਪੈਦਾ ਹੋਣ ਵਾਲੀ ਅੰਡਜ ਖਾਣੀ, ਜੇਰਜ=ਜੇਰ ਤੋਂ ਪੈਦਾ ਹੋਣ ਵਾਲੀ ਜੇਰਜ ਖਾਣੀ, ਸੇਤਜ=ਪਸੀਨੇ ਤੋਂ ਪੈਦਾ ਹੋਣ ਵਾਲੀ ਸੇਤਜ ਖਾਣੀ, ਉਤਭੁਜਾ=ਜ਼ਮੀਨ ਨੂੰ ਪਾੜ ਕੇ ਪੈਦਾ ਹੋਣ ਵਾਲੇ ਬ੍ਰਿੱਛ ਆਦਿਕ ਉਤਭੁਜ ਖਾਣੀ, ਇਹ ਚਾਰੇ ਖਾਣੀਆਂ ਪ੍ਰਭੂ ਦੀ ਪੈਦਾਵਾਰ ਕਿਰਤ ਹੈ ਅਰਥਾਤ ਇਨ੍ਹਾਂ ਦੁਆਰੇ ਸਾਰੀ

ਸ੍ਰਿਸ਼ਟੀ ਪੈਦਾ ਕਰਦਾ ਹੈ।

## ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥ ੩ ॥

ਆਪੋ ਆਪਣੇ ਕਿਰਤ=ਕਰਮਾਂ ਦੇ ਕਮਾਏ ਅਨੁਸਾਰ ਸਾਰੇ ਫਲ ਪ੍ਰਾਪਤ ਹੁੰਦੇ ਹਨ, ਇਸ ਲਈ ਸਤ ਅਸਤ ਵਸਤੂ ਦਾ ਨਿਰਤ=ਨਿਰਨਾ ਕਰਕੇ ਹਰੀ ਨੂੰ ਰਵੀਐ=ਉਚਾਰਨਾ ਕਰੀਏ॥ ੩॥

## ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥

ਹੇ ਪ੍ਰਭੂ ! ਸਾਡੇ ਪਾਸੋਂ ਕੁਝ ਭੀ ਨਹੀ ਹੋਣਾ, ਅਸੀਂ ਤਾਂ ਤੇਰੇ ਸੰਤਾਂ ਦੀ ਸ਼ਰਨ ਪਏ ਹਾਂ।

## ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥ ੪ ॥ ੩੦ ॥ ੬੦ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸਾਰਿਆਂ ਤੋਂ ਗੁਰ=ਵੱਡੇ ਵਾਹਿਗੁਰੂ ! ਤੁਸੀਂ ਕਿਰਪਾ ਕਰ ਕੇ ਮੋਹ ਦੀ ਮਸਤੀ ਕਰਕੇ ਅਸੀਂ ਅੰਨ੍ਹੇ ਖੂਹ (ਸੰਸਾਰ) ਵਿਚ ਡਿੱਗ ਪਏ ਹਾਂ ਆਪ ਕੱਢ ਲੈਣਾ ਕਰੋ॥ ੪ ॥ ੩੦ ॥ ੬੦ ॥

## ਬਿਲਾਵਲੁ ਮਹਲਾ ੫ ॥ ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥

ਮੈਂ ਖੋਜਦਾ ਹੀ ਖੋਜਦਾ ਫਿਰਦਾ ਹਾਂ, ਬਨ ਥਾਨ=ਜੰਗਲਾਂ ਦੇ ਅਸਥਾਨ ਪਰ ਭੀ ਖੋਜਦਾ ਹਾਂ।

*ਅਥਵਾ:*-ਬਨ=ਜਲ, ਜਲ 'ਚੋਂ ਤੀਰਥ ਲੈਣੇ ਤੀਰਥਾਂ ਦੇ ਅਸਥਾਨ ਪਰ ਭੀ ਖੋਜਦਾ ਹਾਂ।

## ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥ ੧ ॥

ਕਿਸੇ ਪਾਸੋਂ ਛਲੇ ਨਹੀਂ ਜਾਂਦੇ ਇਸ ਕਰਕੇ ਅਛਲ ਹਨ, ਕਿਸੇ ਪਾਸੋਂ ਸ਼ਸਤਰਾਂ ਨਾਲ ਕੱਟੇ ਨਹੀਂ ਜਾਂਦੇ ਇਸ ਕਰਕੇ ਅਛੇਦ ਹਨ ਅਤੇ ਅਭੇਦ=ਭੇਦਾਂ ਤੋਂ ਰਹਿਤ ਹਨ, ਐਸੇ ਗੁਣਾਂ ਵਾਲੇ ਭਗਵਾਨ ਮੇਰੇ ਪ੍ਰਭ=ਰੱਖਜਕ ਹਨ, ਜਾਂ ਮੇਰੇ ਸੁਆਮੀ ਹਨ।

*ਅਥਵਾ:*-ਜੋ ਅਛਲ ਹੈ ਐਸੇ ਪ੍ਰਭੂ ਨੂੰ ਮੈਂ ਖੋਜਦਾ ਹਾਂ, ਜੋ ਅਭੇਦ ਹੈ ਐਸੇ ਭਗਵਾਨ ਨੂੰ ਮੈਂ ਖੋਜਉ ਬਨ ਥਾਨ=ਜੰਗਲਾਂ ਦੇ ਅਸਥਾਨਾਂ ਪਰ ਖੋਜਦਾ ਫਿਰਦਾ ਹਾਂ॥ ੧ ॥

## ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥

ਮੇਰੇ ਆਤਮ=ਮਨ ਦੇ ਵਿਚ ਰੰਗਿਆ ਹੋਇਆ ਜੋ ਆਪਣਾ ਪ੍ਰਭੂ ਹੈ ਉਸ ਨੂੰ ਮੈਂ ਕਦ ਵੇਖਣਾ ਕਰਾਂ?

*ਅਥਵਾ:*- ਮੈਂ ਆਪਣੇ ਪ੍ਰਭੂ ਨੂੰ ਕਦ ਵੇਖਣਾ ਕਰਾਂ।

*ਉੱਤਰ:*-ਆਤਮ ਕੈ ਰੰਗਿ=ਮਨ ਦੇ ਪ੍ਰੇਮ ਕਰਕੇ ਉਸ ਪ੍ਰਭੂ ਨੂੰ ਵੇਖਣਾ ਕਰ।

## ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥ ੧ ॥ ਰਹਾਉ ॥

ਜਾਗਣ ਨਾਲੋਂ ਉਹ ਸੁਪਨਾ ਭਲਾ=ਚੰਗਾ ਹੈ, ਜਿਸ ਸੁਪਨ ਵਿਚ ਪ੍ਰਭੂ ਦੇ ਨਾਲ ਵੱਸਦੇ ਰਹੀਦਾ ਹੈ।

*ਯਥਾ:*- "ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥

ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥" *(ਫੁਨਹੇ, ਪੰਨਾ ੧੩੬੨)*

*ਅਥਵਾ:*-ਜਾਗਨ ਤੇ=ਪੜ੍ਹੇ ਹੋਏ ਨਾਲੋਂ ਸੁਪਨਾ ਭਲਾ=ਅਨਪੜ੍ਹਿਆ ਚੰਗਾ ਹੈ।

*ਵਾ:*-ਉਸ ਜਾਗਨ ਤੇ=ਸਾਧੂ ਨਾਲੋਂ ਸੁਪਨਾ=ਗ੍ਰਿਹਸਤੀ ਚੰਗਾ ਹੈ ਜਿਸ ਦੀ ਸੰਗਤ ਕਰਕੇ ਪ੍ਰਭੂ ਦੇ ਨਾਲ

ਵੱਸਣਾ ਹੁੰਦਾ ਹੈ॥ ੧॥ ਰਹਾਉ॥

## ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥

(੧) ਚਾਰ ਬਰਨ, ਚਾਰ ਆਸ਼੍ਰਮ, ਛੇ ਸ਼ਾਸਤਰਾਂ ਵਿਚ ਜਿਸ ਨੂੰ ਵੱਸਦਾ ਸੁਣਦਾ ਹਾਂ ਓਸੇ ਦੇ ਦਰਸ਼ਨ ਦੀ ਪਿਆਸ ਹੈ।

(੨) ਚਾਰ ਵਰਨਾਂ ਤੋਂ, ਚਾਰ ਆਸ਼੍ਰਮਾਂ ਵਾਲਿਆਂ ਤੋਂ, ਛੇ ਸ਼ਾਸਤਰਾਂ ਤੋਂ ਜਿਸ ਨੂੰ ਸੁਣਦਾ ਹਾਂ ਓਸੇ ਪ੍ਰਭੂ ਦੇ ਦਰਸ਼ਨ ਦੀ ਪਿਆਸ ਹੈ।

## ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥ ੨॥

ਅਬਿਨਾਸੀ ਸਰੂਪ ਹੋਣ ਕਰਕੇ ਉਸ ਠਾਕੁਰ ਦਾ ਪੰਜਾਂ ਤੱਤਾਂ ਰਚਤ ਸਰੀਰ ਨਹੀਂ ਹੈ, ਨਾ ਹੀ ਕੋਈ ਰੂਪ ਰੇਖ ਹੈ॥ ੨॥

## ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥

ਉਸ ਸਤ, ਚਿਤ, ਅਨੰਦ ਸਰੂਪ ਪਰਮਾਤਮਾ ਨੂੰ ਜੋਗੀਸ਼ਰਾਂ ਵਿਚੋਂ ਕੋਈ ਵਿਰਲੇ ਹੀ ਸੰਤ ਕਥਨ ਕਰਦੇ ਹਨ।

## ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥ ੩॥

ਪ੍ਰਭੂ ਕਿਰਪਾ ਕਰਕੇ ਜਿਸ ਨੂੰ ਮਿਲੇ ਹਨ ਉਹ ਸੰਤ ਈਸ਼ਵਰ ਨੂੰ ਧੰਨ ਧੰਨ ਕਹਿੰਦੇ ਹਨ। ਜਾਂ ਉਹ ਸੰਤ ਈਸ਼ਵਰ ਰੂਪ ਹਨ ਉਹਨਾਂ ਨੂੰ ਦੁਨੀਆਂ ਦੇ ਲੋਕ ਧੰਨ ਧੰਨ ਕਹਿੰਦੇ ਹਨ। ਜਾਂ ਉਹ ਈਸ਼ਵਰ ਕਿਰਪਾ ਕਰਕੇ ਜਿਸ ਨੂੰ ਮਿਲਿਆ ਹੈ ਉਹ ਪੁਰਸ਼ ਧਨਿ ਧਨਿ=ਧੰਨਤਾ ਦੇ ਜੋਗ ਹਨ॥ ੩॥

## ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ॥

ਉਹਨਾਂ ਦੇ ਹਿਰਦੇ ਵਿਚੋਂ ਭਰਮਾਂ ਦੇ ਨਾਸ ਹੋਣ ਕਰਕੇ ਐਸੇ ਨਿਸਚੇ ਕਰਦੇ ਹਨ ਕਿ ਸਰੀਰ ਦੇ ਅੰਦਰ ਭੀ ਓਹੀ ਹੈ, ਸਰੀਰ ਤੋਂ ਬਾਹਰ ਭੀ ਓਹੀ ਹੈ।

## ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ॥ ੪॥ ੩੧॥ ੬੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਕਰਮਾ=ਭਾਗ ਪੂਰਨ ਹਨ, ਓਸੇ ਨੂੰ ਪ੍ਰਭੂ ਪਰਮਾਤਮਾ ਭੇਟਿਆ= ਮਿਲਿਆ ਹੈ॥ ੪॥ ੩੧॥ ੬੧॥

## ਬਿਲਾਵਲੁ ਮਹਲਾ ੫॥ ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ॥

ਉਹ ਪ੍ਰਭੂ ਦੇ ਪ੍ਰਤਾਪ ਨੂੰ ਦੇਖ ਕੇ ਸਾਰੇ ਜੀਆ ਜੰਤ ਪ੍ਰਸੰਨ ਹੋਏ ਹਨ।

## ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ॥ ੧॥

ਸਤਿਗੁਰਾਂ ਨੇ ਆਪ ਹੀ ਆਹਰੁ=ਉੱਦਮ ਕਰਕੇ ਸਾਡਾ ਕਰਜ਼ਾ ਉਤਾਰ ਦਿੱਤਾ ਹੈ।

ਵਾ:-ਰਿਖੀ ਦੰਡ, ਦੇਵ ਦੰਡ, ਪਿਤਰ ਦੰਡ, ਜਮ ਦੰਡ ਇਸ ਤਰ੍ਹਾਂ ਦਾ ਕਰਜ਼ ਉਤਾਰ ਦਿੱਤਾ ਹੈ।

## ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ॥

ਗੁਰਾਂ ਦਾ ਸ਼ਬਦ ਅਖੁਟ ਖਜ਼ਾਨਾ ਹੈ ਇਸ ਦੁਆਰਾ ਆਪ ਖਾਂਦਿਆਂ ਹੋਰਨਾਂ ਸਬੰਧੀਆਂ ਨੂੰ ਖਰਚਦਿਆਂ

ਨਿਰਬਾਹ ਹੁੰਦਾ ਰਹਿੰਦਾ ਹੈ।

**ਪੂਰਨ ਭਈ ਸਮਗਰੀ ਕਬਹੂ ਨਹੀ ਤੂਟ॥ ੧ ॥ ਰਹਾਉ ॥**

ਪ੍ਰਤੱਖ ਸਾਰੀਆਂ ਸਮੱਗਰੀਆਂ ਪੂਰਨ ਪ੍ਰਾਪਤ ਹੋਈਆਂ ਹਨ, ਕਦੇ ਭੀ ਤੋਟਾ ਨਹੀਂ ਆਉਂਦਾ ।

*ਅਥਵਾ:-* ਜਗਿਆਸੂ ਨੂੰ ਜਪ ਤਪ ਰੂਪ ਪੂਰਨ ਸਮੱਗਰੀਆਂ ਪ੍ਰਾਪਤ ਹੋਈਆਂ ਹਨ ।

**ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ॥**

ਆਪਾਰ=ਬੇਅੰਤ ਨਿਧੀਆਂ ਸਿਧੀਆਂ ਦਾ ਮਾਲਕ ਜੋ ਹਰੀ ਹੈ, ਉਸ ਨੂੰ ਸੰਤਾਂ ਦੇ ਸਤਸੰਗ ਵਿਚ ਬੈਠ ਕੇ ਅਰਾਧਣਾ ਕਰ।

**ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥ ੨ ॥**

ਉਸ ਹਰੀ ਨੂੰ ਧਰਮ, ਅਰਥ ਅਤੇ ਕਾਮਜ, ਮੋਖ ਆਦਿਕ ਪਦਾਰਥ ਦੇਂਦਿਆਂ ਕੋਈ ਬਾਰ=ਦੇਰ ਨਹੀਂ ਲਗਦੀ ॥ ੨ ॥

**ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ॥**

ਇਕ ਗੋਬਿੰਦ ਗੋਪਾਲ ਨੂੰ ਭਗਤ ਲੋਕ ਰੰਗਿ=ਪਰੇਮ ਨਾਲ ਅਰਾਧਦੇ ਹਨ।

**ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ॥ ੩ ॥**

ਉਹ ਰਾਮ ਨਾਮ ਧਨ ਸੰਚਿਆ=ਕੱਠਾ ਕੀਤਾ ਹੈ, ਜਿਸ ਦਾ ਅੰਤ ਨਹੀਂ ਆਉਂਦਾ॥ ੩ ॥

**ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ॥**

ਹੇ ਪ੍ਰਭੂ ! ਤੇਰੀ ਸ਼ਰਨ ਵਿਚ ਪਏ ਹਾਂ ਅਤੇ ਹੇ ਪ੍ਰਭੂ ! ਤੇਰੀ ਹੀ ਵਡਿਆਈ ਕਰਦੇ ਹਾਂ।

**ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ॥ ੪ ॥ ੩੨ ॥ ੬੨ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਗੁਸਾਈਂ ਬੇਅੰਤ ਹੈ, ਇਸ ਕਰਕੇ ਉਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾਂਦਾ ॥ ੪ ॥ ੩੨ ॥ ੬੨ ॥

**ਬਿਲਾਵਲੁ ਮਹਲਾ ੫ ॥ ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ॥**

ਪੂਰਨ ਪ੍ਰਭੂ ਨੂੰ ਸਿਮਰਦਿਆਂ-ਸਿਮਰਦਿਆਂ ਸਾਰੇ ਕਾਰਜ ਰਾਸ ਹੋ ਗਏ ਹਨ।

**ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥ ੧ ॥ ਰਹਾਉ ॥**

(੧) (ਜ਼ਿਲ੍ਹਾ ਸਿਆਲਕੋਟ ਰਾਵੀ ਦੇ ਕੰਢੇ) ਕਰਤਾਰਪੁਰ ਵਿਚ ਸੰਤਨ=ਸ਼ਾਂਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਕਰਤਾ ਪੁਰਖ ਆਪ ਵੱਸਦਾ ਹੈ। ਜਾਂ ਕਰਤਾਰਪੁਰ ਵਿਚ ਕਰਤਾ=ਪਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਸੰਤਾਂ ਦੇ ਪਾਸ ਵੱਸਦਾ ਹੈ।

(੨) (ਜਲੰਧਰ ਦੇ ਪਾਸ) ਕਰਤਾਰਪੁਰ ਵਿਚ ਕਰਤਾ=ਪਰਮੇਸ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪ ਹੋ ਕੇ ਸੰਤਾਂ ਦੇ ਪਾਸ ਵੱਸਦਾ ਹੈ।

(੩) ਸਤਸੰਗਤ ਰੂਪੀ ਕਰਤਾਰਪੁਰ ਵਿਚ ਕਰਤਾ ਪੁਰਖ ਪਰਮਾਤਮਾ ਆਪ ਸੰਤਾਂ ਦੇ ਪਾਸ ਵੱਸਦਾ ਹੈ।

(੪) ਜਿਸ ਪੁਰਿ=ਪੂਰਨ ਪ੍ਰਭੂ ਦੇ ਕਰ=ਹੱਥ ਵਿਚ ਜੀਵਾਂ ਦੇ ਖਾਣ ਪਾਨ ਦੇਣ ਦੀ ਤਾਰ ਹੈ, ਉਹ ਕਰਤਾ ਪ੍ਰਭੂ ਸੰਤਾਂ ਦੇ ਪਾਸ ਵੱਸਦਾ ਹੈ॥ ੧ ॥ ਰਹਾਉ ॥

## ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਅਰਦਾਸਿ=ਬੇਨਤੀ ਕਰਨ ਨਾਲ ਕੋਈ ਬਿਘਨ ਲਗਦਾ ਨਹੀਂ ਹੈਂ।

## ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥ ੧ ॥

ਭਗਤਾਂ ਦੀ ਜੋ ਸ਼ੁਭ-ਗੁਣਾਂ ਰੂਪ ਰਾਸਿ=ਪੂੰਜੀ ਹੈ ਉਸ ਦੀ ਰਖਿਆ ਵਾਲਾ ਗੋਬਿੰਦ ਰਾਇ ਆਪ ਹੈ॥ ੧ ॥

[ਪੰਨਾ ੮੧੭]

## ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥

ਇਸ ਲਈ ਭਗਤਾਂ ਦੇ ਮੂਲ ਰੂਪ ਸੌਦੇ ਵਿਚ ਕਦੇ ਤੋਟਿ=ਘਾਟਾ ਨਹੀਂ ਆਉਂਦਾ,

ਉਨ੍ਹਾਂ ਭਗਤਾਂ ਦਾ ਅੰਤਹਕਰਨ ਰੂਪ ਭੰਡਾਰਾ ਸ਼ੁਭ-ਗੁਣਾਂ ਨਾਲ ਪੂਰਨ ਰਹਿੰਦਾ ਹੈ।

## ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥ ੨ ॥

ਅਗਮ ਅਪਾਰ ਪ੍ਰਭੂ ਦੇ ਚਰਨ-ਕਮਲ ਉਨ੍ਹਾਂ ਭਗਤਾਂ ਦੇ ਮਨ ਤਨ ਵਿਚ ਵਸ ਰਹੇ ਹਨ॥ ੨ ॥

## ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥

ਨਾਮ ਵਸਤੂ ਦੇ ਕਮਾਉਣ ਕਰਕੇ ਉਹ ਸਭ ਤਰ੍ਹਾਂ ਸੁਖੀ ਹਨ, ਕਿਸੇ ਵਸਤੂ ਦੀ ਊਣਤਾ ਨਹੀਂ ਦਿਸਦੀ।

ਅਥਵਾ:-ਜੋ ਕਰਤਾਰਪੁਰ ਵਿਚ ਬਸਤ=ਵੱਸਦੇ ਹਨ ਅਤੇ ਨਾਮ-ਸਿਮਰਨ ਰੂਪ ਕਮਾਵਤ=ਕਮਾਈ ਕਰਦੇ ਹਨ।

ਉਹ ਸਾਰੇ ਸੁਖੀ ਹਨ, ਉਨ੍ਹਾਂ ਨੂੰ ਕੁਝ ਊਨ=ਘਾਟਾ ਨਹੀਂ ਦਿਸਦਾ।

## ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥ ੩ ॥

ਸੰਤਾਂ ਦੀ ਪ੍ਰਸਾਦਿ=ਕਿਰਪਾ ਕਰਕੇ ਉਹ ਪੂਰਨ ਜਗਦੀਸ਼ ਪ੍ਰਭੂ ਨਾਲ ਮਿਲੇ ਹਨ॥ ੩ ॥

## ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥

ਦੁਨੀਆਂ ਦੇ ਸਾਰੇ ਲੋਕ ਜੈ ਜੈ ਕਾਰ ਕਰਦੇ ਹਨ, ਉਨ੍ਹਾਂ ਦਾ ਸਤਸੰਗ ਰੂਪ ਸੱਚਾ ਅਸਥਾਨ ਸੁਹਾਇਆ=ਸ਼ੋਭਨੀਕ ਹੈ।

## ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥ ੪ ॥ ੩੩ ॥ ੬੩ ॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੁਆਰੇ ਨਿਧੀਆਂ ਦਾ ਖਜ਼ਾਨਾ ਨਾਮ ਜਪ ਕੇ ਸੁਖਾਂ ਦਾ ਨਿਧਾਨ=ਖਜ਼ਾਨਾ ਪਾਇਆ ਹੈ॥ ੪ ॥ ੩੩ ॥ ੬੩ ॥

## ਬਿਲਾਵਲੁ ਮਹਲਾ ੫ ॥ ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥

(੧) ਹਰੀ ਦੇ ਹਰਿ ਨਾਮਾਂ ਨੂੰ ਅਰਾਧੀਏ ਤਾਂ ਪ੍ਰਤੱਖ ਰੋਗਾਂ ਤੋਂ ਰਹਿਤ ਹੋਈਦਾ ਹੈ।

(੨) ਮਨ ਕਰਕੇ ਹਰੀ ਨਾਮ ਨੂੰ ਅਰਾਧੀਏ, ਬਾਣੀ ਦੁਆਰਾ ਹਰੀ ਨਾਮ ਨੂੰ ਅਰਾਧੀਏ, ਤਨ ਕਰਕੇ ਹਰੀ ਨਾਮ ਨੂੰ ਅਰਾਧੀਏ ਤਾਂ ਹਉਮੈ ਆਦਿਕ ਰੋਗਾਂ ਤੋਂ ਰਹਿਤ ਹੋਈਦਾ ਹੈ।

## ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥ ੧ ॥ ਰਹਾਉ ॥

ਜਿਸ ਰਾਮ ਚੰਦਰ ਜੀ ਦੀ ਪ੍ਰਤੱਖ ਲਸਟਿਕਾ=ਲਾਠੀ ਨੇ ਪ੍ਰਹਿਲਾਦ ਭਗਤ ਦਾ ਹੰਕਾਰ ਰੂਪੀ ਰੋਗ ਮਾਰਨਾ ਕੀਤਾ ਹੈ। ਹਰਨਾਖਸ਼ ਦੇ ਮਰਨ ਤੋਂ ਬਾਅਦ ਜਦ ਪ੍ਰਹਿਲਾਦ ਜੀ ਰਾਜ-ਗੱਦੀ ਪਰ ਬੈਠ ਕੇ ਰਾਜ ਕਰਨ ਲਗ ਪਏ ਤਾਂ ਰਾਖਸ਼ੀ ਵਜ਼ੀਰਾਂ ਨੇ ਹੌਲੀ-ਹੌਲੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਲਾਇਕ ਪੁੱਤਰ ਓਹੀ ਹੁੰਦਾ ਹੈ ਜੋ ਆਪਣੇ ਪਿਤਾ ਦਾ ਬਦਲਾ ਲਵੇ, ਵਿਸ਼ਨੂੰ ਨੇ ਤੁਹਾਡੇ ਪਿਤਾ ਨੂੰ ਮਾਰਿਆ ਹੈ ਇਸ ਕਰ ਕੇ ਆਪ ਜੀ ਨੂੰ ਉਸ ਤੋਂ ਬਦਲਾ ਲੈਣਾ ਚਾਹੀਦਾ ਹੈ।' ਰੋਜ਼ਾਨਾ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਇਕ ਦਿਨ ਪ੍ਰਹਿਲਾਦ ਜੀ ਫੌਜਾਂ ਤਿਆਰ ਕਰ ਕੇ ਵਿਸ਼ਨੂੰ ਨਾਲ ਯੁੱਧ ਕਰਨ ਵਾਸਤੇ ਤੁਰ ਪਏ । ਰਾਹ ਵਿਚ ਵਿਸ਼ਨੂੰ ਜੀ ਬੁੱਢੇ ਬ੍ਰਾਹਮਣ ਰੂਪ ਧਾਰਕੇ ਆ ਮਿਲੇ। ਪੁਛਿਆ-"ਕਿਥੇ ਜਾ ਰਹੇ ਹੋ।" ਪ੍ਰਹਿਲਾਦ ਨੇ ਕਿਹਾ- "ਵਿਸ਼ਨੂੰ ਨੇ ਮੇਰੇ ਪਿਉ ਨੂੰ ਮਾਰਿਆ ਹੈ, ਉਸ ਤੋਂ ਬਦਲਾ ਲੈਣ ਜਾ ਰਿਹਾ ਹਾਂ।" ਬੁੱਢੇ ਬ੍ਰਾਹਮਣ ਨੇ ਕਿਹਾ- "ਹਾਂ ਠੀਕ ਹੈ ਉਸ ਨੇ ਮੇਰੇ ਪਿਉ ਨੂੰ ਭੀ ਮਾਰਿਆ ਹੈ ਮੈਂ ਭੀ ਬਦਲਾ ਲੈਣਾ ਹੈ, ਮੈਂ ਭੀ ਆਪ ਦੇ ਨਾਲ ਚਲਦਾ ਹਾਂ।" ਚਲਦਿਆਂ ਚਲਦਿਆਂ ਰਾਹ ਵਿਚ ਸੋਟੀ ਸੁਟ ਦਿਤੀ ਤੇ ਖੜਿਆਂ ਹੋ ਕੇ ਕਿਹਾ-"ਮੇਰੀ ਸੋਟੀ ਉਠਵਾ ਦਿਓ। "ਪ੍ਰਹਲਾਦ ਨੇ ਆਪਣੇ ਵਜ਼ੀਰ ਨੂੰ ਕਿਹਾ, ਪਰ ਉਸ ਪਾਸੋਂ ਸੋਟੀ ਨਾ ਉਠਾਈ ਗਈ। ਫੇਰ ਵੱਖ ਵੱਖ ਕਈ ਸੂਰਮਿਆਂ ਨੂੰ ਕਿਹਾ, ਪਰ ਕਿਸੇ ਪਾਸੋਂ ਨਾ ਚੁਕੀ ਗਈ। ਪ੍ਰਹਿਲਾਦ ਜੀ ਨੇ ਆਪ ਚੁਕੀ ਤਾਂ ਭੀ ਨਾ ਉਠਾਈ ਗਈ। ਉਸ ਵੇਲੇ ਬੁੱਢੇ ਬ੍ਰਾਹਮਣ ਨੇ ਕਿਹਾ-"ਜੇਕਰ ਤੁਹਾਡਿਆਂ ਸੂਰਮਿਆਂ ਪਾਸੋਂ ਤੇ ਆਪ ਜੀ ਤੋਂ ਇਹ ਸੋਟੀ ਨਹੀਂ ਚੁਕੀ ਗਈ ਤਾਂ ਆਪ ਵਿਸ਼ਨੂੰ ਜੀ ਨਾਲ ਯੁੱਧ ਕਰਕੇ ਆਪਣੇ ਪਿਉ ਦਾ ਬਦਲਾ ਕਿਵੇਂ ਲੈ ਸਕੋਗੇ ? ਇਤਨੇ ਵਿਚ ਪ੍ਰਹਿਲਾਦ ਨੂੰ ਗਿਆਨ ਹੋ ਗਿਆ ਤੇ ਫੌਜਾਂ ਸਮੇਤ ਵਾਪਸ ਘਰ ਮੁੜ ਆਇਆ। ਇਸ ਤਰ੍ਹਾਂ ਨਾਲ ਵਿਸ਼ਨੂੰ ਦੀ ਲਾਠੀ ਨੇ ਪ੍ਰਹਿਲਾਦ ਦਾ ਹੰਕਾਰ ਦੂਰ ਕੀਤਾ ਹੈ।

*ਅਥਵਾ:-* ਜਿਸ ਰਾਮ ਚੰਦ=ਪਰਮਾਤਮਾ ਦੀ ਭਗਤੀ ਰੂਪ ਲਾਠੀ ਨੇ ਅਗਿਆਨ ਰੂਪੀ ਰੋਗ

ਵਾ: ਜਨਮ ਮਰਨ ਰੂਪੀ ਰੋਗ ਮਾਰਿਆ ਹੈ॥ ੧ ॥

## ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥

ਪੂਰਿਆਂ ਗੁਰਾਂ ਦੁਆਰੇ ਹਰੀ ਨਾਮ ਨੂੰ ਜਪੀਏ ਤਾਂ ਹੀ ਨਿਤ ਅਨੰਦ ਦਾ ਭੋਗਣਾ ਕੀਤਾ ਜਾਂਦਾ ਹੈ।

## ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ ੧ ॥

ਮੈਂ ਸਾਧਸੰਗਤ ਕਰਨ ਵਾਲਿਆਂ ਤੋਂ ਵਾਰਣੈ=ਕੁਰਬਾਨ ਜਾਂਦਾ ਹਾਂ।

ਜਿਨ੍ਹਾਂ ਦੀ ਕਿਰਪਾ ਨਾਲ ਇਹ ਸੰਜੋਗ ਮਿਲਿਆ ਹੈ।

ਜਾਂ ਜਿਨ੍ਹਾਂ ਦੇ ਸੰਜੋਗ ਕਰ ਕੇ ਪਰਮਾਤਮਾ ਆ ਮਿਲਿਆ ਹੈ॥ ੧ ॥

**ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥**

ਜਿਸ ਨੂੰ ਸਿਮਰਦਿਆਂ ਸੁਖ ਪ੍ਰਾਪਤ ਹੁੰਦਾ ਹੈ ਅਤੇ ਬਿਓਗੁ=ਵਿਛੋੜਾ ਨਾਸ ਹੋ ਜਾਂਦਾ ਹੈ।

**ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥ ੨ ॥ ੩੪ ॥ ੬੪ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜੋ ਪ੍ਰਭੂ ਸਭ ਕਾਰਨਾਂ ਦੇ ਕਰਨੇ ਯੋਗ ਹੈ॥ ੨ ॥ ੩੪ ॥ ੬੪ ॥

## ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫

## ੧ਓ ਸਤਿਗੁਰ ਪ੍ਰਸਾਦਿ ॥

**ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥**

ਹੋਰ ਸਾਰੇ ਜਤਨ ਤਿਆਗ ਦਿਤੇ ਹਨ, ਇਕ ਨਾਮ ਰੂਪ ਦਾਰੂ ਲਿਆ ਹੈ।

**ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ ੧ ॥**

(ਅਧਿਆਤਮਕ, ਅਧਿਭੂਤਕ, ਅਧਿਦੈਵਗ ਰੂਪ, ਤਿੰਨੇ ਤਾਪ, ਸਾਰੇ ਪਾਪ ਅਤੇ ਹੰਕਾਰ ਤੇ ਅਗਿਆਨ ਰੂਪੀ ਰੋਗ ਇਹ ਸਭ ਮਿਟ ਗਏ ਹਨ, ਤੇ ਮਨ ਸੀਤਲ ਹੋ ਗਿਆ ਹੈ॥ ੧ ॥

**ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ॥**

ਪੂਰਿਆਂ ਗੁਰਾਂ ਨੂੰ ਅਰਾਧਿਆ ਹੈ ਇਸ ਕਰਕੇ ਸਾਰਾ ਦੁੱਖ ਚਲਾ ਗਿਆ ਹੈ।

**ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥ ੧ ॥ ਰਹਾਉ ॥**

ਰਖਣ ਵਾਲੇ ਪਰਮੇਸ਼ਰ ਨੇ ਆਪਣੀ ਮਇਆ=ਕਿਰਪਾ ਦ੍ਰਿਸ਼ਟੀ ਕਰ ਕੇ ਰੱਖ ਲਿਆ ਹੈ॥ ੧ ॥

**ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ ॥**

ਪ੍ਰਭੂ ਨੇ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਮੋਹ ਰੂਪ ਅੰਨ੍ਹੇ ਖੂਹ ਵਿਚੋਂ ਕੱਢ ਲਿਆ ਹੈ ਅਤੇ ਅਪਣਾ ਦਾਸ ਕਰ ਲਿਆ ਹੈ।

**ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ ॥ ੨ ॥ ੧ ॥ ੬੫ ॥**

ਗੁਰੂ ਜੀ ਕਥਨ ਕਰਦੇ ਹਨ-ਵਾਹਿਗੁਰੂ ਨੂੰ ਸਿਮਰਦਿਆਂ ਸਿਮਰਦਿਆਂ ਤਨ ਸੁਖੀ ਅਤੇ ਮਨ ਨਿਰਭਉ ਹੋ ਗਿਆ ਹੈ॥ ੨ ॥ ੧ ॥ ੬੫ ॥

**ਬਿਲਾਵਲੁ ਮਹਲਾ ੫ ॥ ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥**

ਜਿਨ੍ਹਾਂ ਦੇ ਮੱਥੇ ਪਰ ਪ੍ਰਤੱਖ ਹੱਥ, ਵਾ:-ਕਿਰਪਾ ਰੂਪੀ ਹੱਥ ਰੱਖ ਕੇ ਸਤਸੰਗ ਵਿਚ ਥਾਪਿਆ ਹੈ, ਜਾਂ ਵਡਿਆਇਆ ਹੈ, ਤੇ ਨਾਮ ਦਾਨ ਦਿੱਤਾ ਹੈ। ਜਾਂ ਦਾਨਿ=ਜਾਣਨਾ ਕਰੋ ਨਾਮ ਦਿੱਤਾ ਹੈ।

*ਅਥਵਾ:*-ਅਧਿਕਾਰੀ ਦਾਨਿ=ਜਾਣ ਕੇ ਨਾਮ ਦਿੱਤਾ ਹੈ।

*ਅਥਵਾ:*-ਨਾਮ ਅਤੇ ਦਾਨਿ=ਗਿਆਨ ਦਿੱਤਾ ਹੈ।

**ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥ ੧ ॥**

ਜਿਨ੍ਹਾਂ ਨੇ ਉਸ ਪਾਰਬ੍ਰਹਮ ਦੀ ਸਫਲ ਸੇਵਾ ਕੀਤੀ ਹੈ, ਤਾ ਕੀ=ਉਸ ਭਗਤ ਦੀ ਕਦੇ ਹਾਨੀ ਨਹੀਂ ਹੁੰਦੀ।

**ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ॥**

ਪ੍ਰਭੂ ਆਪ ਹੀ ਆਨਿ=ਆ ਕੇ ਭਗਤਾਂ ਦੀ ਆਨਿ=ਪ੍ਰਤੱਗਿਆ, ਜਾਂ ਵਡਿਆਈ ਰੱਖਦਾ ਹੈ।

**ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥ ੧ ॥ ਰਹਾਉ ॥**

ਸੰਤ ਜਨ ਜੋ ਜੋ ਭੀ ਮਨ ਵਿਚ ਚਿਤਵਦੇ ਹਨ, ਭਾਵ ਸੰਕਲਪ ਕਰਦੇ ਹਨ, ਉਸ ਗੱਲ ਨੂੰ ਪ੍ਰਭੂ ਮੰਨ ਲੈਂਦਾ ਹੈ॥ ੧ ॥ ਰਹਾਉ ॥

**ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ॥**

ਜੋ ਸੰਤ ਜਨ ਪ੍ਰਭੂ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਪਏ ਹਨ,

ਉਹ ਸੰਤ ਜਨ ਪ੍ਰਭੂ ਦੇ ਪ੍ਰਾਣ ਰੂਪ ਹਨ।

**ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ॥ ੨ ॥ ੨ ॥ ੬੬ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਸੰਤ ਜਨ ਸੁਤੇ ਸਿਧ ਪਰਮਾਤਮਾ ਨਾਲ ਮਿਲੇ ਹਨ ਅਤੇ ਜੋਤੀ ਨਾਲ ਉਨ੍ਹਾਂ ਦੀ ਜੋਤ ਸਮਾ ਜਾਂਦੀ ਹੈ॥ ੨ ॥ ੨ ॥ ੬੬ ॥

**ਬਿਲਾਵਲੁ ਮਹਲਾ ੫ ॥ ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ॥**

ਪ੍ਰਭੂ ਨੇ ਆਪ ਹੀ ਆਪਣਿਆਂ ਚਰਨ-ਕਮਲਾਂ ਦਾ ਆਸਰਾ ਸੰਤਾਂ ਨੂੰ ਦਿੱਤਾ ਹੈ।

**ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ॥ ੧ ॥**

ਜੋ ਸੰਤ ਜਨ ਪ੍ਰਭੂ ਦੀ ਸ਼ਰਨ ਵਿਚ ਆ ਪਏ ਹਨ, ਉਨ੍ਹਾਂ ਸੰਤਾਂ ਦਾ ਸਦ=ਸ੍ਰੇਸ਼ਟ ਪ੍ਰਤਾਪ ਸਦਾ ਹੀ ਬਣਿਆ ਰਹਿੰਦਾ ਹੈ॥ ੧ ॥

**ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ॥**

ਜੋ ਅਪਾਰ ਪ੍ਰਭੂ ਰੱਖਿਆ ਕਰਨ ਵਾਲਾ ਹੈ, ਉਸ ਦੀ ਸੇਵਾ ਪਵਿੱਤਰ ਹੈ।

**ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ॥ ੧ ॥ ਰਹਾਉ ॥**

ਧੰਨ ਗੁਰਦੇਵ ਜੀ ਹਨ ਜਿਨ੍ਹਾਂ ਨੇ ਰਾਮਦਾਸ ਪੁਰੇ ਵਿਚ ਯਾਨੇ ਅੰਮ੍ਰਿਤਸਰ ਵਿਚ ਰਾਮ ਰਾਜ=ਰੱਬੀ ਰਾਜ ਕਰ ਦਿੱਤਾ ਹੈ। ਅਰਥਾਤ ਉਸ ਤਰ੍ਹਾਂ ਦਾ ਰਾਜ ਕੀਤਾ ਹੈ ਜਿਸ ਵਿਚ ਹਰ ਤਰ੍ਹਾਂ ਦਾ ਸੁਖ ਹੈ॥ ੧ ॥ ਰਹਾਉ ॥

**ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ॥**

ਸਦਾ=ਨਿਤ ਰੂਪ ਹਰੀ ਨੂੰ ਸਦਾ ਧਿਆਉਣਾ ਕਰੀਏ ਤਾਂ ਕੁਝ ਵਿਘਨ ਨਹੀਂ ਲੱਗਦਾ ।

**ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ॥ ੨ ॥ ੩ ॥ ੬੭ ॥**

ਗੁਰੂ ਜੀ ਕਥਨ ਕਰਦੇ ਹਨ-ਨਾਮ ਨੂੰ ਜਪੀਏ, ਤਾਂ ਦੁਸ਼ਮਣ ਦਾ ਭਇ=ਡਰ ਭਾਗੈ=ਦੌੜ ਜਾਂਦਾ ਹੈ।

**ਬਿਲਾਵਲੁ ਮਹਲਾਂ ੫ ॥ ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥**

ਸਾਧ ਸਮਾਗਮ ਵਿਚ ਮਿਲ ਕੇ ਤਨ ਕਰ ਕੇ ਸੇਵਾ ਅਤੇ ਮਨ ਕਰ ਕੇ ਪ੍ਰਭੂ ਨੂੰ ਅਰਾਧਣਾ ਕਰੀਏ।

## ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥

ਗੋਪਾਲ ਦੇ ਜਸ ਰੂਪ ਗੁਣਾਂ ਨੂੰ ਉਚਾਰਨ ਕਰਦਿਆਂ ਜਮ ਦੂਰੋਂ ਹੀ ਭਾਗੈ=ਭੱਜ ਜਾਂਦਾ ਭਾਵ ਦੌੜ ਜਾਂਦਾ ਹੈ॥ ੧॥

## ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥

ਜੋ ਪੁਰਸ਼ ਰਾਮ ਨਾਮ ਨੂੰ ਜਪਦਾ ਹੈ ਉਹ ਸਦਾ ਰਾਤ ਦਿਨ ਗਿਆਨ ਜਾਗ੍ਰਤ ਵਿਚ ਜਾਗਦਾ ਹੈ।

*ਅਥਵਾ:*- ਰਾਤ ਦਿਨ ਸਦਾ ਜਾਗਦਾ ਹੈ, ਭਾਵ ਵਿਕਾਰਾਂ ਵਲੋਂ ਸਾਵਧਾਨ ਰਹਿੰਦਾ ਹੈ।

[ਪੰਨਾ ੮੧੮]

## ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ ਰਹਾਉ ॥

ਜੰਤਰ, ਤੰਤਰ, ਮੰਤਰ ਕਰਨ ਵਾਲੇ ਮਾਂਦਰੀ ਪੁਰਸ਼ ਉਸ ਵਲ ਨਹੀਂ ਜੋਹਈ=ਦੇਖ ਸਕਦੇ; ਜਾਂ ਤੰਤਰ ਮੰਤਰ ਆਦਿਕ ਜੋ ਭੀ ਹਨ ਉਹ ਉਸਨੂੰ ਹਈ ਨ=ਹਤ (ਨਾਸ) ਨਹੀਂ ਕਰ ਸਕਦੇ, ਤਿਤੁ=ਉਸ ਨੂੰ ਚਾਖੁ= ਖੋਟੀ ਦ੍ਰਿਸ਼ਟੀ ਭੀ ਨਹੀਂ ਲਗਦੀ।

*ਅਥਵਾ:*-ਉਸ ਨੂੰ ਪ੍ਰਤੱਖ ਚਾਖੁ=ਡੈਣ, ਵਾ:-ਮਾਇਆ ਰੂਪੀ ਡੈਣ ਭੀ ਨਹੀਂ ਲੱਗਦੀ।

## ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥

ਕਾਮ, ਕ੍ਰੋਧ, ਮਦ=ਹੰਕਾਰ, ਮਾਨ, ਮੋਹ ਅਤੇ ਅਨਰਾਗੈ=ਰਾਗ ਦ੍ਵੈਸ਼ ਭੀ ਨਾਸ ਹੋ ਜਾਂਦੇ ਹਨ।

## ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥੪॥੬੮॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਸਰਨਾਗੈ=ਸ਼ਰਨ ਵਿਚ ਆ ਕੇ ਜਿਨ੍ਹਾਂ ਨੇ ਰਾਮ ਵਿਚ ਰੰਗਿ=ਪ੍ਰੇਮ ਕੀਤਾ ਹੈ ਉਹ ਆਨੰਦ-ਰਸ ਵਿਚ ਮਗਨ=ਮਸਤ ਰਹਿੰਦੇ ਹਨ॥ ੨॥ ੪॥ ੬੮॥

## ਬਿਲਾਵਲੁ ਮਹਲਾ ੫ ॥ ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ ॥

ਜੀਵਾਂ ਜੀ ਸਾਰੀ ਜੁਗਤੀ ਪ੍ਰਭੂ ਦੇ ਵੱਸ ਵਿਚ ਹੈ, ਜੋ ਪ੍ਰਭੂ ਕਹਿੰਦਾ ਹੈ ਸਾਰਿਆਂ ਨੇ ਓਹੀ ਕਰਨਾ ਹੈ।

## ਭਏ ਪ੍ਰਸੰਨ ਗੋਪਾਲ ਰਾਇ ਭਉ ਕਿਛੁ ਨਹੀ ਕਰਨਾ ॥੧॥

ਜਿਨ੍ਹਾਂ ਉਤੇ ਗੋਪਾਲ ਰਾਇ ਪ੍ਰਸੰਨ ਹੋਇਆ ਹੈ, ਉਨ੍ਹਾਂ ਨੇ ਕਿਸੇ ਦਾ ਕੁਛ ਡਰ ਧਾਰਨ ਨਹੀਂ ਕਰਨਾ॥ ੧॥

## ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥

ਹੇ ਭਾਈ ! ਤੂੰ ਪਾਰਬ੍ਰਹਮ ਨੂੰ ਚਿਤਾਰਨਾ ਕਰ ਤਾਂ ਤੈਨੂੰ ਕਦੇ ਕੋਈ ਦੁੱਖ ਨਹੀਂ ਲੱਗੇਗਾ।

## ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥੧॥ ਰਹਾਉ ॥

ਹੇ ਪਿਆਰੇ ਗੁਰਸਿੱਖ ! ਤੇਰੇ ਨੇੜੇ ਜਮ ਕੰਕਰੁ=ਜਮਦੂਤ ਭੀ ਨਹੀਂ ਆਵੇਗਾ॥ ੧॥ ਰਹਾਉ॥

## ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥੧॥

ਉਹ ਇਕ ਪ੍ਰਭੂ ਹੀ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਉਸ ਤੋਂ ਬਿਨਾਂ ਹੋਰ ਕੋਈ ਕੁਝ ਨਹੀਂ ਕਰ ਸਕਦਾ।

## ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥੨॥੫॥੬੯॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਦੀ ਸ਼ਰਨ ਵਿਚ ਆਇਆ ਹੈ,

ਉਸ ਦੇ ਮਨ ਵਿਚ ਸੱਚਾ ਜ਼ੋਰ ਪ੍ਰਾਪਤ ਹੋਇਆ ਹੈ॥ ੨॥ ੫॥ ੬੯॥

## ਬਿਲਾਵਲੁ ਮਹਲਾ ੫ ॥ ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥

ਆਪਣੇ ਪ੍ਰਭੂ ਨੂੰ ਸਿਮਰਦਿਆਂ ਸਿਮਰਦਿਆਂ ਦੁੱਖਾਂ ਦਾ ਠਾਉ=ਟਿਕਾਣਾ (ਅਗਿਆਨ) ਨਾਠਾ=ਨੱਸ ਗਿਆ ਹੈ।

## ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥੧॥

ਸਾਧ ਸੰਗਤ ਵਿਚ ਮਿਲ ਕੇ ਮਨ ਨੇ ਬਿਸ੍ਰਾਮ=ਇਸਥਿਤੀ ਪਾ ਲਈ ਹੈ,

*ਅਥਵਾ:*-ਸਾਧ ਸੰਗਤ ਨਾਲ ਮਿਲ ਕੇ ਸਚ-ਸਰੂਪ ਵਿਚ ਇਸਥਿਤ ਹੋ ਕੇ ਸਾਰੇ ਬਿਸ੍ਰਾਮ=ਸੁਖ ਪਾਏ ਹਨ, ਇਸ ਕਰ ਕੇ ਮੁੜ ਕੇ ਜੂਨਾਂ ਵਿਚ ਨਹੀਂ ਦੌੜਾਂਗਾ॥ ੧॥

## ਬਲਿਹਾਰੀ ਗੁਰ ਆਪਨੇ ਚਰਨਨ੍ਹ ਬਲਿ ਜਾਉ ॥

ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਉਨ੍ਹਾਂ ਦੇ ਚੰਰਨਾ ਤੋਂ ਭੀ ਸਦਕੇ ਜਾਂਦਾ ਹਾਂ।

## ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥੧॥ ਰਹਾਉ ॥

ਗੁਰਾਂ ਦਾ ਦਰਸ਼ਨ ਵੇਖ ਕੇ ਪ੍ਰਭੂ ਦੇ ਗੁਣ ਗਾਉਂਦਾ ਹਾਂ, ਇਸ ਕਰਕੇ ਆਤਮ-ਸੁਖ ਤੇ ਅਨੰਦਦਾਇਕ ਮੰਗਲ ਬਣੇ ਰਹਿੰਦੇ ਹਨ॥ ੧॥ ਰਹਾਉ॥

## ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥

ਕਥਾ ਦਾ ਕਰਨਾ ਜਾਂ ਸੁਣਨਾ ਅਤੇ ਰਾਗ ਦੀ ਨਾਦ=ਅਲਾਪ-ਚਾਰੀ ਵਿਚ ਕੀਰਤਨ ਦਾ ਧੁਨਿ=ਉਚਾਰਨ ਕਰਨਾ ਇਸ ਤਰ੍ਹਾਂ ਦੇ ਸੁਆਉ=ਲਾਭ ਬਣੇ ਰਹਿੰਦੇ ਹਨ।

## ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੬॥੭੦॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਪ ਪ੍ਰਸੰਨ ਹੋਏ ਤਾਂ ਮਨ ਇੱਛਤ ਫਲ ਪਾ ਲੈਣੇ ਕੀਤੇ।

## ਬਿਲਾਵਲੁ ਮਹਲਾ ੫ ॥ ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥

ਹੇ ਪ੍ਰਭੂ ! ਤੇਰੇ ਅੱਗੇ ਦਾਸ ਦੀ ਏਹੋ ਬੇਨਤੀ ਹੈ ਕਿ ਮੇਰੇ ਹਿਰਦੇ ਵਿਚ ਸਰੂਪ ਦਾ ਪ੍ਰਕਾਸ਼ ਕਰ ਦਿਓ।

## ਤੁਮ੍ਰਹੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥੧॥

ਹੇ ਪਾਰਬ੍ਰਹਮ ! ਆਪ ਜੀ ਦੀ ਕਿਰਪਾ ਨਾਲ ਹੀ ਪਾਪਾਂ ਦਾ ਨਾਸ ਹੁੰਦਾ ਹੈ॥ ੧॥

## ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥

ਹੇ ਸ਼ੁਭ ਗਣਾਂ ਦੇ ਖਜ਼ਾਨੇ ਪ੍ਰਭੂ ਪੁਰਖ ਮੈਨੂੰ ਤੇਰੇ ਚਰਨ-ਕਮਲਾਂ ਦਾ ਹੀ ਆਸਰਾ ਹੈ।

**ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥ ੧ ॥ ਰਹਾਉ ॥**

ਜਿੰਨਾ ਚਿਰ ਮੇਰੇ ਘਟਿ=ਸਰੀਰ ਵਿਚ ਸ੍ਵਾਸ ਹਨ, ਉਤਨਾ ਚਿਰ ਕੀਰਤਨ ਕਰਦਾ ਰਹਾਂ ਅਤੇ ਨਾਮ ਨੂੰ ਸਿਮਰਦਾ ਰਹਾਂ ॥ ੧ ॥ ਰਹਾਉ ॥

**ਮਾਤ ਪਿਤਾ ਬੰਧਪ ਤੂਹੈ ਤੂ ਸਰਬ ਨਿਵਾਸੁ ॥**

ਤੂੰ ਹੀ ਮਾਂ, ਪਿਓ, ਸਬੰਧੀ ਹੈਂ, ਅਤੇ ਤੂੰ ਹੀਂ ਸਾਰਿਆਂ ਵਿਚ ਨਿਵਾਸ ਕਰ ਰਿਹਾ ਹੈਂ ।

**ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ ॥ ੨ ॥ ੭ ॥ ੭੧ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਜਿਸ ਆਪ ਜੀ ਦਾ ਜਸ ਨਿਰਮਲ=ਉੱਜਲ ਹੈ ॥ ੨ ॥ ੭ ॥ ੭੧ ॥

**ਬਿਲਾਵਲੁ ਮਹਲਾ ੫ ॥ ਸਰਬ ਸਿਧਿ ਹਰਿ ਗਾਈਐ ਸਭਿ ਭਲਾ ਮਨਾਵਹਿ ॥**

ਸਭ ਸਿਧੀਆਂ ਦਾ ਮਾਲਕ ਜੋ ਹਰੀ ਹੈ ਉਸ ਦੇ ਗੁਣ ਗਾਉਣਾ ਕਰੋ, ਜਾਂ ਹਰੀ ਦੇ ਗੁਣ ਗਾਉਣ ਕਰ ਕੇ ਸਾਰੇ ਕਾਰਜ ਸਿਧਿ=ਪੂਰੇ ਹੋ ਜਾਂਦੇ ਹਨ ਅਤੇ ਦੁਨੀਆਂ ਦੇ ਸਾਰੇ ਲੋਕ ਭਲਾ ਮਨਾਉਂਦੇ ਹਨ।

**ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ ਮਿਲਾਵਹਿ ॥ ੧ ॥**

ਸਾਰੇ ਮੂੰਹ 'ਚੋਂ ਉਸ ਨੂੰ ਸਾਧੂ ਸਾਧੂ ਜਾ ਸ੍ਰੇਸ਼ਟ ਸ੍ਰੇਸ਼ਟ ਕਹਿਣ ਲੱਗ ਜਾਂਦੇ ਹਨ, ਉਸ ਦੀ ਸ਼ੋਭਾ ਸੁਣ ਕੇ ਕਈ ਪੁਰਸ਼ ਆਪਣੇ ਆਪ ਨੂੰ ਦਾਸ ਭਾਵ ਵਿਚ ਮਿਲਾਉਂਦੇ ਹਨ ॥ ੧ ॥

**ਸੂਖ ਸਹਜ ਕਲਿਆਣ ਰਸ ਪੂਰੈ ਗੁਰਿ ਕੀਨ੍ ॥**

ਪੂਰਿਆਂ ਗੁਰਾਂ ਨੇ ਸੂਖ ਸਹਜ=ਆਤਮ-ਸੁਖ ਦੇ ਕੇ ਕਲਿਆਣ ਰਸ=ਅਨੰਦ ਸਰੂਪ ਕਰ ਦਿੱਤਾ ਹੈ।

*ਅਥਵਾ*-ਪੂਰਿਆਂ ਗੁਰਾਂ ਨੇ ਰਸ=ਪ੍ਰੇਮ ਕੀਤਾ ਤਾਂ ਅਚੁੱਤ ਸੁਖ ਦੇ ਸਹਿਤ ਕਲਿਆਣ ਹੋਈ।

**ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ੍ ॥ ੧ ॥ ਰਹਾਉ ॥**

ਜਾਂ ਹਰਿ ਹਰਿ ਨਾਮ ਦਾ ਸਿਮਰਨ ਕਰਨਾ ਚੀਨ੍=ਜਾਣਿਆਂ ਤਾਂ ਸਾਰੇ ਜੀਵ ਦਿਆਲੂ ਹੋ ਗਏ ॥ ੧ ॥ ਰਹਾਉ ॥

**ਪੂਰਿ ਰਹਿਓ ਸਰਬਤ੍ਰ ਮਹਿ ਪ੍ਰਭ ਗੁਣੀ ਗਹੀਰ ॥**

ਸ਼ੁਭ-ਗੁਣਾਂ ਦਾ ਗਹੀਰ=ਸਮੁੰਦਰ ਪ੍ਰਭੂ ਸਾਰਿਆਂ ਵਿਚ ਪਰੀ-ਪੂਰਨ ਹੋ ਰਿਹਾ ਹੈ।

**ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ ॥ ੨ ॥ ੮ ॥ ੭੨ ॥**

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੀ ਧੀਰ=ਧੀਰਜਤਾ ਨੂੰ ਵੇਖ ਕੇ ਭਗਤ ਆਨੰਦ ਮੈ=ਸਰੂਪ ਹੋ ਰਹੇ ਹਨ ॥ ੨ ॥ ੮ ॥ ੭੨ ॥

**ਬਿਲਾਵਲੁ ਮਹਲਾ ੫ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥**

ਦਾਤਾਂ ਦੇਣ ਵਾਲੇ ਪ੍ਰਭੂ ਨੇ ਬੇਨਤੀ ਸੁਣੀ ਹੈ ਅਤੇ ਕ੍ਰਿਪਾਲੂ ਹੋਏ ਹਨ।

## ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥ ੧ ॥

ਆਪਣਾ ਸੇਵਕ ਹਰਿਗੋਬਿੰਦ ਨੂੰ ਪ੍ਰਭੂ ਨੇ ਹੱਥ ਦੇ ਕੇ ਰੱਖ ਲਿਆ ਹੈ, ਨਿੰਦਕਾਂ ਦੇ ਮੂੰਹ ਵਿਚ ਪ੍ਰਤੱਖ ਵਾ:-ਲਾਹਨਤਾਂ ਰੂਪੀ ਸੁਆਹ ਪਾਉਂਦਾ ਹੈ॥ ੧ ॥

## ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥

ਹੇ ਮਿੱਤਰ ਜਨ ਹਰਿਗੋਬਿੰਦ ! ਤੈਨੂੰ ਕੋਈ ਬੁਰੀ ਨਿਗਾਹ ਨਾਲ ਨਹੀਂ ਜੋਹੈ=ਵੇਖ ਸਕਦਾ, ਕਿਉਂਕਿ ਤੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਾਸ ਹੈਂ।

## ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥ ੧ ॥ ਰਹਾਉ ॥

ਪਾਰਬ੍ਰਹਮ ਨੇ ਤੈਨੂੰ ਆਪਣਾ ਹੱਥ ਦੇ ਕੇ ਰੱਖ ਲਿਆ ਹੈ॥ ੧ ॥ ਰਹਾਉ॥

## ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ ॥

ਸਾਰਿਆਂ ਜੀਵਾਂ ਦਾ ਦਾਤਾ ਇਕ ਪ੍ਰਭੂ ਹੈ, ਬੀਆ=ਦੂਜਾ ਹੋਰ ਕੋਈ ਨਹੀਂ।

## ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥ ੨ ॥ ੯ ॥ ੭੩ ॥

ਪੰਚਮ ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਇਹੋ ਬੇਨਤੀ ਹੈ, ਮੈਨੂੰ ਤੇਰਾ ਹੀ ਜੋਰੁ=ਬਲ ਹੈ॥ ੨ ॥ ੯ ॥ ੭੩ ॥

## ਬਿਲਾਵਲੁ ਮਹਲਾ ੫ ॥ ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥

ਸਾਡਾ ਮਿੱਤਰ ਇਸ ਲੋਕ ਦਾ ਤੇ ਸੱਜਣ ਪ੍ਰਲੋਕ ਦਾ ਜੋ ਪ੍ਰਭੂ ਗੋਬਿੰਦ ਹੈ, ਉਸ ਨੇ ਹਰਿਗੋਬਿੰਦ ਨੂੰ ਹੱਥ ਦੇ ਕੇ ਰੱਖ ਲਿਆ ਹੈ।

## ਨਿੰਦਕ ਮਿਰਤਕ ਹੋਇ ਗਏ ਤੁਮ ਹੋਹੁ ਨਿਚਿੰਦ ॥ ੧ ॥ ਰਹਾਉ ॥

ਸਾਰੇ ਨਿੰਦਕ ਲੋਕ ਮਰ ਗਏ ਹਨ, ਜਾਂ ਮੁਰਦੇ ਤੁਲ ਹੋ ਗਏ ਹਨ, ਇਸ ਲਈ ਤੁਸੀਂ ਨਿਚਿੰਦ= ਨਿਸਚਿੰਤ (ਬੇ-ਫ਼ਿਕਰ) ਹੋ ਜਾਓ ॥ ੧ ॥ ਰਹਾਉ॥

[ਪੰਨਾ ੮੧੯]

## ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥

ਗੁਰਦੇਵਾਂ ਦੇ ਭੇਟੇ=ਮਿਲਣ ਕਰ ਕੇ ਪ੍ਰਭੂ ਨੇ ਸਾਰੇ ਮਨੋਰਥ=ਸੰਕਲਪ ਪੂਰੇ ਕਰ ਦਿੱਤੇ ਹਨ।

## ਜੈ ਜੈ ਕਾਰੁ ਜਗਤ ਮਹਿ ਸਫਲ ਜਾ ਕੀ ਸੇਵ ॥ ੧ ॥

ਜਿਸ ਦੀ ਸੇਵਾ ਕਰਨੀ ਸਫਲ ਹੈ, ਉਸ ਪ੍ਰਭੂ ਨੇ ਸਾਰੇ ਸੰਸਾਰ ਵਿਚ ਜੈ ਜੈ ਕਾਰ ਕਰਵਾ ਦਿੱਤੇ ਹਨ॥ ੧ ॥

## ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥

ਜਿਸ ਦੇ ਹੱਥ ਵਿਚ ਸਾਰੇ ਜੀਵ ਹਨ, ਉਸ ਅਪਾਰ ਉੱਚੇ ਹਰੀ ਦੇ ਅਨਗਿਣਤ ਗੁਣ ਹਨ।

## ਨਾਨਕ ਪ੍ਰਭ ਸਰਣਾਗਤੀ ਜਤ ਕਤ ਮੇਰੈ ਸਾਥਿ ॥ ੨ ॥ ੧੦ ॥ ੭੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ.ਦੀ ਸ਼ਰਨ ਵਿਚ ਆਇਆ ਹਾਂ, ਉਹ ਜਿਥੇ ਕਿਥੇ ਮੇਰੇ ਨਾਲ ਵੱਸ ਰਿਹਾ ਹੈ॥ ੨ ॥ ੧੦॥ ੭੪ ॥

## ਬਿਲਾਵਲੁ ਮਹਲਾ ੫ ॥ ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥

ਪੂਰਿਆ ਗੁਰਾਂ ਨਾਲ ਮਿਲ ਕੇ ਨਾਮ ਨੂੰ ਜਪਿਆ ਹੈ, ਇਸ ਕਰਕੇ ਪ੍ਰਭੂ ਜੀ ਕ੍ਰਿਪਾਲੂ ਹੋਏ ਹਨ।

## ਮਾਰਗੁ ਸੰਤਿ ਬਤਾਇਆ ਤੂਟੇ ਜਮ ਜਾਲ ॥ ੧ ॥

ਸੰਤਿ=ਸ਼ਾਂਤ ਆਤਮਾ ਗੁਰਾਂ ਨੇ ਉਹ ਭਗਤੀ ਰੂਪ ਰਸਤਾ ਦੱਸਿਆ ਹੈ, ਜਿਸ ਉੱਤੇ ਤੁਰਨ ਕਰ ਕੇ ਜਮਾਂ ਦੇ ਜਾਲ=ਫਾਹੇ ਟੁੱਟ ਗਏ ਹਨ॥ ੧ ॥

## ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥

ਪ੍ਰਭੂ ਦਾ ਨਾਮ ਜਪਦਿਆਂ-ਜਪਦਿਆਂ ਦੁੱਖ, ਭੁੱਖ ਅਤੇ ਸੰਸਾ ਮਿਟ ਗਿਆ ਹੈ।

## ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥ ੧ ॥ ਰਹਾਉ ॥

ਅਚੁੱਤ ਸੁਖ ਨੂੰ ਪਾ ਕੇ ਅਨੰਦ ਵਿਚ ਰਸ=ਮਸਤ ਹਾਂ, ਜਾਂ ਅਨੰਦ ਸਰੂਪ ਪਰਮੇਸ਼ਰ ਵਿਚ ਰਸ=ਪ੍ਰੇਮ ਕਰਨ ਨਾਲ ਸਹਜ ਸੂਖ=ਅਚੁੱਤ ਸੁਖ ਪ੍ਰਾਪਤ ਹੋਇਆ ਹੈ ਅਤੇ ਸਾਰੇ ਕੰਮ ਪੂਰੇ ਹੋ ਗਏ ਹਨ।

## ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥

ਤ੍ਰਿਸ਼ਨਾ ਰੂਪੀ ਜਲਨਿ=ਅੱਗ ਬੁਝ ਗਈ ਹੈ, ਮਨ ਆਦਿਕ ਸਭ ਇੰਦ੍ਰੀਏ ਸੀਤਲ ਹੋ ਗਏ ਹਨ, ਕਿਉਂਕਿ ਪ੍ਰਭੂ ਨੇ ਆਪ ਹੱਥ ਦੇ ਕੇ ਰੱਖ ਲਿਆ ਹੈ।

## ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥ ੨ ॥ ੧੧ ॥ ੭੫ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜਿਸ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੨ ॥ ੧੧ ॥ ੭੫ ॥

## ਬਿਲਾਵਲੁ ਮਹਲਾ ੫ ॥ ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ ॥

(੧) ਅੰਮ੍ਰਿਤਸਰ ਦੀ ਧਰਤੀ ਸ਼ੋਭਨੀਕ ਹੋਈ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਰੂਪ ਅਸਥਾਨ ਸਫਲ ਹੋਇਆ ਹੈ।

(੨) ਜਿਥੇ ਸੰਤ ਬੈਠਦੇ ਹਨ ਉਹ ਧਰਤੀ ਸ਼ੋਭਨੀਕ ਹੋਈ ਹੈ ਅਤੇ ਉਹ ਅਸਥਾਨ ਭੀ ਸਫਲ ਹੋਇਆ ਹੈ।

*ਯਥਾ:-* "ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥" *(ਫੁਨਹੇ ਪੰਨਾ ੧੩੬੩)*

*ਤਥਾ:-* "ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥" *(ਗਉੜੀ ਕੀ ਵਾਰ ਮ: ੫, ਪੰਨਾ ੩੧੯)*

(੩) ਬੁੱਧੀ ਰੂਪ ਧਰਤੀ ਸ਼ੋਭਨੀਕ ਹੋਈ ਹੈ ਹਿਰਦਾ ਰੂਪ ਸਥਾਨ ਵੀ ਸਫਲ ਹੈ।

*ਵਾ:-*ਧਰਤੀ=ਦੇਹ ਸ਼ੋਭਨੀਕ ਹੋਈ ਹੈ, ਥਾਨੁ=ਇੰਦ੍ਰੀਏ ਭੀ ਸਫਲ ਹੋਏ ਹਨ ਨਾਮ ਜਪਣੇ ਕਰ ਕੇ ਅਤੇ

ਸਾਰੇ ਕੰਮ ਭੀ ਪੂਰਨ ਹੋ ਗਏ ਹਨ।

## ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ ॥੧॥

ਨਿਤਾਪ੍ਰਤੀ ਰਾਮ ਨੂੰ ਰਵਿਆ=ਜਪਿਆ ਹੈ, ਇਸ ਕਰਕੇ ਭਰਮ ਮਿਟ ਗਿਆ ਹੈ, ਅਤੇ- ਜਮਾਂ ਦਾ ਭਉ=ਡਰ ਨਾਠਾ=ਭੱਜ ਗਿਆ ਹੈ॥ ੧॥

## ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ॥

ਸੰਤ ਜਨਾਂ ਦੇ ਨਾਲ ਵੱਸਣ ਕਰ ਕੇ ਆਤਮਾ-ਸੁਖ ਵਿਚ ਵੱਸਣਾ ਪਾਇਆ ਹੈ।

## ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ॥੧॥ ਰਹਾਉ॥

ਉਹ ਘੜੀ ਸੁਲੱਖਣੀ ਹੈ (ਭਾਗਾਂ ਵਾਲੀ ਹੈ) ਜਿਸ ਵਿਚ ਹਰੀ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ।

## ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ ॥

ਪਹਿਲੇ ਪਹਨਾਮ=ਲੁਕੇ ਫਿਰਦੇ ਸੀ, ਹੁਣ ਨਾਮ ਦੇ ਪ੍ਰਤਾਪ ਕਰਕੇ ਸਾਰੇ ਸੰਸਾਰ ਵਿਚ ਪ੍ਰਗਟ=ਮਸ਼ਹੂਰ (ਪ੍ਰਸਿੱਧ) ਹੋ ਗਏ ਹਾਂ।

## ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ॥੨॥੧੨॥੭੬॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਦੀ ਸ਼ਰਨ ਵਿਚ ਆਇਆ ਹਾਂ-ਜੋ ਸਭ ਘਟਾਂ ਘਟਾਂ ਦੀ ਗੱਲ ਜਾਣਦਾ ਹੈ॥ ੨॥ ੧੨॥ ੭੬॥

## ਬਿਲਾਵਲੁ ਮਹਲਾ ੫॥

## ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ॥

ਪ੍ਰਭੂ ਨੇ ਆਪੇ ਰੋਗ ਦੂਰ ਕੀਤਾ ਹੈ, ਤੇ ਸ਼ਾਂਤੀ ਸੁਖ ਉਤਪੰਨ ਹੋ ਗਿਆ ਹੈ।

## ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ॥੧॥

ਜਿਸ ਦਾ ਪ੍ਰਤਾਪ ਵੱਡਾ ਹੈ, ਤੇ ਅਸਚਰਜ ਰੂਪ ਹੈ, ਉਸ ਹਰੀ ਨੇ ਨਾਮ ਦੀ ਦਾਤ, ਵਾ:-ਕਿਰਪਾ ਦੀ ਦਾਤ ਦੇਣਾ ਕੀਤੀ ਹੈ॥ ੧॥

## ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ॥

(੧) ਗੁਰੂ ਰੂਪ ਗੋਬਿੰਦ ਨੇ ਕਿਰਪਾ ਕੀਤੀ ਤਾਂ ਹੇ ਭਾਈ ! ਮੈਨੂੰ ਦੁੱਖਾਂ ਤੋਂ ਰੱਖ ਲਿਆ ਹੈ।

(੨) ਗੁਰੂ ਨੇ ਕਿਰਪਾ ਕੀਤੀ ਤਾਂ ਗੋਬਿੰਦ ਨੇ ਹਰਿਗੋਬਿੰਦ ਨੂੰ ਮੇਰੇ ਭਾਈ ਪ੍ਰਿਥੀ ਚੰਦ ਤੋਂ ਬਚਾ ਕੇ ਰੱਖ ਲਿਆ।

(੩) ਗੁਰੂ ਤੇ ਗੋਬਿੰਦ ਦੋਹਾਂ ਨੇ ਕਿਰਪਾ ਕਰ ਕੇ ਗੁਰਤਾ-ਗੱਦੀ ਪਰ ਬੈਠਣ ਕਰਕੇ ਮੇਰਾ ਭਾਈ ਜੋ ਹਰਿ ਗੋਬਿੰਦ ਹੈ ਉਸ ਨੂੰ ਰੱਖ ਲਿਆ।

ਵਾ:-ਮੇਰਾ ਪੁੱਤਰ ਹਰਿਗੋਬਿੰਦ, ਜੋ ਮੈਨੂੰ ਭਾਈ=ਭਾਉਂਦਾ ਹੈ, ਉਸ ਨੂੰ ਰੱਖ ਲਿਆ ਹੈ।

**ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ॥੧॥ ਰਹਾਉ॥**

ਅਸੀਂ ਉਸ ਦੀ ਸ਼ਰਨ ਵਿਚ ਆਏ ਹਾਂ, ਜੋ ਸਦਾ ਹੀ ਸਹਾਇਤਾ ਕਰਦਾ ਹੈ॥ ੧ ॥ ਰਹਾਉ॥

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥**

ਸੰਤ ਜਨਾਂ ਦੀ ਕੀਤੀ ਹੋਈ ਅਰਦਾਸ ਕਦੇ ਭੀ ਵਿਅਰਥ ਨਹੀਂ ਹੁੰਦੀ।

**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥੨॥੧੩॥੭੭॥**

ਗੁਰੂ ਜੀ ਕਥਨ ਕਰਦੇ ਹਨ-ਜੋ ਸੰਪੂਰਣ ਸ਼ੁਭ-ਗੁਣਾਂ ਦਾ ਖਜ਼ਾਨਾ ਹੈ, ਉਸ ਗੋਬਿੰਦ ਦਾ ਸਾਨੂੰ ਜੋਰੁ=ਬਲ ਹੈ॥ ੨ ॥ ੧੩ ॥ ੭੭॥

**ਬਿਲਾਵਲੁ ਮਹਲਾ ੫॥**

**ਮਰਿ ਮਰਿ ਜਨਮੇ ਜਿਨ ਬਿਸਰਿਆ ਜੀਵਨ ਕਾ ਦਾਤਾ॥**

ਜਿਨ੍ਹਾਂ ਨੂੰ ਤਮਾਮ ਜੀਵਾਂ ਦਾ ਦਾਤਾ ਪ੍ਰਭੂ ਭੁੱਲ ਗਿਆ ਹੈ ਉਹ ਪੁਰਸ਼ ਮਰ ਮਰ ਕੇ ਜੰਮਦੇ ਹਨ।

**ਪਾਰਬ੍ਰਹਮੁ ਜਨਿ ਸੇਵਿਆ ਅਨਦਿਨੁ ਰੰਗਿ ਰਾਤਾ॥੧॥**

ਜਿਸ ਜਨ ਨੇ ਪਾਰਬ੍ਰਹਮ ਨੂੰ ਸੇਵਨਾ ਕੀਤਾ ਹੈ, ਉਹ ਪੁਰਸ਼ ਰਾਤ ਦਿਨ ਉਸ ਦੇ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ॥ ੧॥

**ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ॥**

ਸਹਿਜੇ ਹੀ ਸ਼ਾਂਤੀ-ਦਾਇਕ ਘਨਾ=ਬਹੁਤਾ ਆਨੰਦ ਪ੍ਰਾਪਤ ਹੋਇਆ ਹੈ, ਅਤੇ ਸਾਰੀ ਆਸਾ ਭੀ ਪੂਰਨ ਹੋ ਗਈ ਹੈ।

**ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ॥੧॥ ਰਹਾਉ॥**

ਸਾਧ ਸੰਗਤ ਵਿਚ ਸ਼ੁਭ-ਗੁਣਾਂ ਦੇ ਖਜ਼ਾਨੇ ਹਰੀ ਦੇ ਸਿਮਰਨੇ ਕਰਕੇ ਸੁਖ ਪਾਇਆ ਹੈ॥ ੧ ॥ ਰਹਾਉ॥

**ਸੁਣਿ ਸੁਆਮੀ ਅਰਦਾਸਿ ਜਨ ਤੁਮ੍ ਅੰਤਰਜਾਮੀ॥**

ਹੇ ਸੁਆਮੀ ! ਆਪ ਅੰਤਰਜਾਮੀ ਹੋ। ਮੈਂ ਸੇਵਕ ਜਨ ਦੀ ਅਰਦਾਸ ਆਪ ਸੁਣਨਾ ਕਰੋ।

**ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ ॥੨॥੧੪॥੭੮॥**

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਸੁਆਮੀ ਪਰਮਾਤਮਾ ! ਤੁਸੀਂ ਥਾਨਾਂ ਅੰਦਰ ਥਾਨਾਂ ਵਿਚ ਰਵਿ ਰਹੇ=ਪਰੀ-ਪੂਰਨ ਹੋ ਰਹੇ ਹੋ॥ ੨ ॥ ੧੪ ॥ ੧੮ ॥

**ਬਿਲਾਵਲੁ ਮਹਲਾ ੫॥**

**ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥**

ਪਾਰਬ੍ਰਹਮ ਦੀ ਸ਼ਰਨ ਵਿਚ ਆਉਣ ਕਰਕੇ ਪ੍ਰਤੱਖ ਤੱਤੀ ਹਵਾ ਨਹੀਂ ਲੱਗਦੀ,

ਵਾ:-ਪ੍ਰਸੂਤ ਪੌਣ ਰੂਪ ਤੱਤੀ ਹਵਾ, ਜਾਂ ਦੁੱਖਾਂ ਰੂਪੀ ਤੱਤੀ ਹਵਾ,

*ਅਥਵਾ:*-ਪਰ ਇਸਤ੍ਰੀ ਰੂਪੀ ਤੱਤੀ ਹਵਾ, ਜਾਂ ਨਰਕਾਂ ਰੂਪੀ ਤੱਤੀ ਹਵਾ ਨਹੀਂ ਲੱਗਦੀ।

## ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥

ਸਾਡੇ ਚਾਰੋਂ ਤਰਫ ਰਾਮ ਦੀ ਕਾਰ=ਲਕੀਰ ਜਾਂ ਰੱਖਿਆ ਹੈ, ਇਸ ਕਰ ਕੇ ਹੇ ਭਾਈ! ਸਾਨੂੰ ਕੋਈ ਦੁੱਖ ਲਗਦਾ ਨਹੀਂ ਹੈ॥ ੧ ॥

## ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥

ਸਾਨੂੰ ਉਹ ਪੂਰਾ ਸਤਿਗੁਰੂ ਮਿਲਿਆ ਹੈ, ਜਿਸ ਨੇ ਸ਼ੁਭ-ਗੁਣਾਂ ਦੀ ਬਣਾਵਟ ਬਣਾਈ ਹੈ।

*ਅਥਵਾ:*-ਸਾਨੂੰ ਉਹ ਪੂਰਾ ਸਤਿਗੁਰੂ ਮਿਲਿਆ ਹੈ, ਜਿਸ ਨੇ ਸਾਰੇ ਸੰਸਾਰ ਦੀ ਬਣਾਵਟ ਬਣਾਈ ਹੈ।

## ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ॥

ਗੁਰਾਂ ਨੇ ਹਉਮੈ ਰੂਪੀ ਰੋਗ ਦੀ ਨਵਿਰਤੀ ਲਈ ਰਾਮ ਨਾਮ ਰੂਪੀ ਦਾਰੂ ਦਿੱਤਾ ਹੈ, ਇਸ ਕਰ ਕੇ ਅਸਾਂ ਨੇ ਇਸ ਰਾਮ ਨਾਮ ਨਾਲ ਹੀ ਲਿਵ ਲਗਾਈ ਹੋਈ ਹੈ॥ ੧ ॥ ਰਹਾਉ॥

## ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥

ਉਸ ਰਖਣਹਾਰ ਪ੍ਰਭੂ ਨੇ ਸਾਨੂੰ ਰੱਖ ਲੀਤਾ ਹੈ ਅਤੇ ਸਾਰੀ ਬਿਆਧਿ=ਬਿਮਾਰੀ ਮਿਟਾ ਦਿੱਤੀ ਹੈ।

## ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥੨॥੧੫॥੭੯॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਹੋਈ ਹੈ,

ਜਿਸ ਕਰ ਕੇ ਪ੍ਰਭੂ ਜੀ ਆਪ ਸਹਾਇਤਾ ਕਰਨ ਵਾਲੇ ਹੋਏ ਹਨ॥ ੨ ॥ ੧੫॥ ੭੯॥

## ਬਿਲਾਵਲੁ ਮਹਲਾ ੫ ॥ਆਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥

ਪ੍ਰਾਰਬ੍ਰਹਮ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਬਾਲਕ ਹਰਿਗੋਬਿੰਦ ਨੂੰ,

ਵਾ:-ਜਗਿਆਸੂ ਨੂੰ ਆਪੇ ਰੱਖ ਲਿਆ ਹੈ।

[ਪੰਨਾ ੮੨੦]

## ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥੧॥ ਰਹਾਉ॥

ਸੁਖ, ਸ਼ਾਂਤੀ ਤੇ ਸਹਜ=ਗਿਆਨ ਨੂੰ ਪਾ ਕੇ ਅੰਨਦ ਹੋਏ ਹਾਂ, *ਅਥਵਾ:*-ਤਨ ਕਰ ਕੇ ਸੁਖ, ਮਨ ਕਰ ਕੇ ਸ਼ਾਂਤੀ ਅਤੇ ਸਹਜ ਆਨਦ=ਆਤਮਿਕ ਅੰਨਦ ਇਤਿਆਦਿਕ ਸਾਰੇ ਗੁਣ ਪ੍ਰਾਪਤ ਹੋਏ ਹਨ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸੰਪੂਰਨ ਹੋ ਗਈ ਹੈ॥ ੧ ॥ ਰਹਾਉ॥

## ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥

ਆਪਣਿਆਂ ਭਗਤ ਜਨਾਂ ਦੀ ਬੇਨਤੀ ਪ੍ਰਭੂ ਨੇ ਆਪ ਹੀ ਸੁਣੀ ਹੈ।

## ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥

ਜਿਸ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ ਓਸੇ ਨੇ ਰੋਗ=ਦੁੱਖ ਦੂਰ ਕਰ ਕੇ ਆਪਣੇ ਵਲ ਜਿਵਾ ਲਿਆ ਹੈ।

**ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥**

ਆਪਣੀ ਕਲ=ਸ਼ਕਤੀ, ਵਾ:-ਪ੍ਰਸੰਨਤਾ ਧਾਰ ਕੇ ਸਾਡੇ ਦੋਸ਼ ਬਖਸ਼ ਦਿੱਤੇ ਹਨ।

**ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥ ੨ ॥ ੧੬ ॥ ੮੦ ॥**

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਮਨ ਇੱਛਤ ਫਲ ਦੇ ਦਿੱਤੇ ਹਨ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ॥ ੨ ॥ ੧੬ ॥ ੮੦ ॥

**ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬**

**ੴ ਸਤਿਗੁਰ ਪ੍ਰਸਾਦਿ॥ ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥**

ਹੇ ਮੇਰੇ ਮੋਹਨ=ਪਰਮਾਤਮਾ ! ਮੇਰੇ ਕੰਨਾਂ ਇਹ ਬਚਨ ਨਾ ਸੁਣਾਉਣਾ ਕਰ।

**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥**

ਜੋ ਸਾਕਤ=ਮਨਮੁਖ ਪੁਰਸ਼ ਰਾਗ ਦੀ ਨਾਦ=ਅਲਾਪਚਾਰੀ ਵਿਚ ਬਾਹਰਲਿਆਂ ਗੀਤਾਂ ਦੀ ਧੁਨੀ ਨੂੰ ਗਾਉਂਦੇ ਹਨ ਅਤੇ ਅਜਾਏ=ਵਿਅਰਥ ਬੋਲਾਂ ਦੇ ਬੋਲਦੇ ਹਨ॥ ੧ ॥ ਰਹਾਉ ॥

**ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ॥**

੧. ਪੁਰਸ਼ਾਂ ਕਰਕੇ ਸੇਵਨੇ ਜੋਗ ਰਾਜੇ, ਰਾਜਿਆਂ ਕਰਕੇ ਸੇਵਨੇ ਜੋਗ ਇੰਦ੍ਰ ਆਦਿਕ ਦੇਵਤੇ, ਇੰਦਰ ਆਦਿਕ ਦੇਵਤਿਆਂ ਕਰਕੇ ਸੇਵਨੇ ਜੋਗ ਬ੍ਰਹਮਾ, ਬ੍ਰਹਮਾ ਕਰਕੇ ਸੇਵਣੇ ਜੋਗ ਜੋ ਸੰਤ ਹਨ, ਤੁਸੀਂ ਭੀ ਉਨ੍ਹਾਂ ਸੰਤਾਂ ਨੂੰ ਸੇਵਨਾ ਕਰੋ।

੨. ਸੇਵਨੇ ਵਾਲਾ ਹੋ ਕੇ ਮਨ ਕਰਕੇ ਸੰਤਾਂ ਨੂੰ ਸੇਵੋ, ਬਾਣੀ ਦੁਆਰਾ ਸੰਤਾਂ ਨੂੰ ਸੇਵੋ, ਤਨ ਕਰਕੇ ਸੰਤਾਂ ਨੂੰ ਸੇਵੋ। ਇਸ ਸੇਵਾ ਰੂਪੀ ਕਿਰਤ ਨੂੰ ਸਦਾ ਹੀ ਕਰਦੇ ਰਹੋ।

**ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ॥ ੧ ॥**

ਸੰਗਤ ਵਿਚ ਮਿਲ ਕੇ ਹਰੀ ਦੇ ਗੁਣਾਂ ਨੂੰ ਗਾ ਕੇ ਦਾਤੇ ਪੁਰਖ ਪਰਮਾਤਮਾ ਪਾਸੋਂ ਅਭੈ=ਨਿਰਭੈ ਦਾਨ ਨੂੰ ਪਾਉਣਾ ਕਰੋ। ਤੇ ਬੇਨਤੀ ਕਰੋ-

**ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ॥**

ਹੇ ਅਗਹ=ਅ-ਪਕੜ ਪ੍ਰਭੂ ਆਪ ਜੀ ਦੇ ਅਗਹ=ਅਗਾਧ ਗੁਣਾਂ ਦੇ ਗਾਉਣ ਵਿਚ ਮੇਰੀ ਰਸਨਾ ਰਾਤੀ=ਤਦਾਕਾਰ ਹੋ ਰਹੀ ਹੈ ਅਤੇ ਨੈਨ=ਅੱਖਾਂ ਵਿਚ ਦਰਸ਼ਨ ਕਰਨ ਦਾ ਰੰਗੁ=ਪ੍ਰੇਮ ਲੱਗ ਰਿਹਾ ਹੈ।

**ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ॥ ੨ ॥**

ਹੇ ਦੀਨ ਦੁਖਭੰਜਨ ! ਆਪ ਕਿਰਪਾਲੂ ਹੋਵੋ, ਮੇਰੇ ਹਿਰਦੇ ਵਿਚ ਆਪਣੇ ਚਰਨਾਂ ਦਾ ਧਿਆਨ ਵਸਾਉਣਾ ਕਰੋ॥ ੨ ॥

**ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ॥**

ਜਿਵੇਂ ਸਾਰਿਆਂ ਅੰਗਾਂ ਤੋਂ ਤਲੈ=ਨੀਵੇਂ ਪੈਰ ਹਨ ਤੇ ਪੈਰਾਂ ਤੋਂ ਤਲੈ=ਹੇਠਾਂ ਧੂੜ ਹੈ, ਉਹ ਉੱਡ ਕੇ ਸਭ ਦੇ ਉੱਪਰ ਆਉਂਦੀ ਹੈ। ਏਸੇ ਤਰ੍ਹਾਂ ਜੀਵ ਨਿੰਮ੍ਰਤਾ ਧਾਰੇ ਤਾਂ ਇਸ ਦਾ ਜਸ ਸਭ ਦੇ ਉੱਪਰ ਆਉਂਦਾ ਹੈ, ਹੇ ਪ੍ਰਭੂ ਇਸ ਤਰ੍ਹਾਂ ਦੀ ਦ੍ਰਿਸ਼ਟੀ ਮੈਨੂੰ ਦਿਖਾਉਣਾ ਕਰੋ।

*ਅਥਵਾ:-* ਮੈਂ ਆਪਣੇ ਆਪ ਨੂੰ ਸਾਰਿਆਂ ਤੋਂ ਨੀਵਿਆਂ ਤੋਂ ਨੀਵਾਂ ਜਾਣਾਂ ਅਤੇ ਹੋਰ ਸਭਨਾਂ ਨੂੰ ਆਪਣੇ ਤੋਂ ਊਪਰਿ=ਉੱਚਾ ਜਾਣਾਂ, ਇਸ ਤਰ੍ਹਾਂ ਦੀ ਦ੍ਰਿਸ਼ਟੀ ਦਿਖਾਉਣਾ ਕਰੋ।

## ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥

ਮੈਨੂੰ ਸਤਿਗੁਰਾਂ ਨੇ ਮੰਤਰ ਦ੍ਰਿੜ੍ਹ ਕਰਵਾਇਆ ਹੈ ਜਿਸ ਕਰ ਕੇ ਮੈਂ ਅਭਿਮਾਨ ਦੀ ਖੋਇ=ਆਦਤ ਨੂੰ ਮਨ ਕਰਕੇ ਖੋਹ ਦਿੱਤਾ ਹੈ, ਬਾਣੀ ਕਰਕੇ ਖੋਹ ਦਿੱਤਾ ਹੈ, ਤਨ ਕਰਕੇ ਖੋਹ ਦਿੱਤਾ ਹੈ।

*ਅਥਵਾ:-*ਸ਼ੁਭ-ਗੁਣਾਂ ਦੀ ਖੋਹ ਨੂੰ ਖੋਹਣੇ ਵਾਲੀ ਜੋ ਅਭਿਮਾਨ ਦੀ ਖੋਹ ਹੈ, ਉਸ ਨੂੰ ਮੈਂ ਖੋਹ ਦਿੱਤਾ ਹੈ। ਜਾਂ ਅਭਿਮਾਨ ਦੀ ਖੋਇ=ਆਦਤ ਜੋ ਖੋਇ=ਨਾਸ ਕਰਨ ਵਾਲੀ ਸੀ, ਉਸ ਖੋਇ=ਆਦਤ ਨੂੰ ਖੋਈ ਹਉ=ਮੈਂ ਨਾਸ ਕਰ ਦਿੱਤਾ ਹੈ।

## ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ॥

(੧) ਉਹ ਪਰਮੇਸ਼ਰ ਚਾਰਿਆਂ ਜੁਗਾਂ ਵਿਚ ਅਤੁੱਲ ਹੈ, ਤੋਲਿਆ ਨਹੀਂ ਜਾਂਦਾ।

(੨) ਉਹ ਪਰਮੇਸ਼ਰ ਚਾਰੇ ਵੇਦਾਂ ਕਰ ਕੇ ਅਤੁੱਲ ਹੈ, ਤੋਲਿਆ ਨਹੀਂ ਜਾਂਦਾ ।

(੩) ਉਹ ਪਰਮੇਸ਼ਰ ਚਾਰੋਂ ਹੀ ਅੰਤਹਕਰਨ ਕਰ ਕੇ ਅਤੁੱਲ ਹੈ, ਤੋਲਿਆ ਨਹੀਂ ਜਾਂਦਾ, ਭਗਤਵਛਲੁ= ਭਗਤਾਂ ਦਾ ਪਿਆਰਾ ਅਤੇ ਕਿਰਪਾਏ=ਕ੍ਰਿਪਾਲੂ ਸਰੂਪ ਹੈ।

## ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ ॥੪॥੧॥੮੧॥

ਗੁਰੂ ਜੀ ਕਥਨ ਕਰਦੇ ਹਨ-ਹੇ ਗੁਰੂ ਨਾਨਕ ਸਾਹਿਬ ਜੀ ! ਜੋ ਜੋ ਪੁਰਸ਼ ਤੇਰੀ ਸ਼ਰਨ ਵਿਚ ਪਿਆ ਹੈ। ਉਸ ਨੇ ਅਭੈ=ਨਿਰਭੈ ਸੁਖ ਦਾ ਦਾਨ ਪਾਇਆ ਹੈ॥ ੪॥ ੧॥ ੮੧॥

## ਬਿਲਾਵਲੁ ਮਹਲਾ ੫ ॥ ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥

ਹੇ ਪ੍ਰਭੂ ਜੀ ! ਤੂੰ ਹੀਂ ਮੇਰੇ ਪ੍ਰਾਣਾਂ ਦਾ ਅਧਾਰੈ=ਆਸਰਾ ਰੂਪ ਹੈਂ।

## ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥

(੧) ਨਮਸ਼ਕਾਰ ਕਰਨ ਵਾਲਾ ਹੋ ਕੇ ਮੈਂ ਆਪ ਜੀ ਨੂੰ ਡੰਡਉਤ ਬੰਦਨਾ ਕਰਦਾ ਹਾਂ।

(੨) ਮਨ ਕਰਕੇ ਨਮਸ਼ਕਾਰ, ਬਾਣੀ ਕਰਕੇ ਬੰਦਨਾ, ਤਨ ਕਰਕੇ ਡੰਡਉਤ ਕਰਦਾ ਹਾਂ।

(੩) ਨਮਸ਼ਕਾਰ ਕਰਨ ਵਾਲਾ ਹੋ ਕੇ ਜੋ ਡੰਡਉਤ ਕਰਦਾ ਹੈ, ਉਸ ਨੂੰ ਫਿਰ ਕੋਈ ਬੰਦ ਨਾ=ਬੰਧਨ ਨਹੀਂ ਪੈਂਦਾ, ਮੈਂ ਅਨੇਕਾਂ ਵਾਰੀ ਆਪ ਜੀ ਤੋਂ ਬਾਰੈ=ਬਲਿਹਾਰ ਜਾਂਦਾ ਹਾਂ॥ ੧॥ ਰਹਾਉ॥

## ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥

ਉੱਠਦਿਆਂ, ਬਹਿੰਦਿਆਂ, ਸੁੱਤਿਆਂ, ਜਾਗਦਿਆਂ; ਮੇਰਾ ਇਹ ਮਨ ਆਪ ਜੀ ਨੂੰ ਚਿਤਾਰੈ=ਸਿਮਰਦਾ ਹੈ।

**ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥ ੧ ॥**

ਚਾਹੇ ਸੁਖ ਹੈ ਚਾਹੇ ਦੁਖ ਹੈ, ਜੋ ਭੀ ਇਸ ਮਨ ਦੀ ਬਿਰਥਾ=ਹਾਲਤ ਹੈ, ਉਹ ਆਪ ਜੀ ਅੱਗੇ ਹੀ ਸਾਰੈ=ਕਹਿੰਦਾ ਹਾਂ॥ ੧ ॥

**ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥**

ਤੂੰਹੀਂ ਮੇਰੀ ਓਟ ਹੈਂ, ਬਲ, ਬੁੱਧੀ ਅਤੇ ਧਨ ਆਦਿਕ ਮੇਰਾ ਸਭ ਕੁਝ ਤੂੰਹੀਂ ਹੈਂ, ਤੁਸੀਂ ਹੀ ਮੇਰਾ ਪਰਵਾਰ ਹੋ।

**ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥ ੨ ॥ ੨ ॥ ੮੨ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਤੁਸੀਂ ਕਰਦੇ ਹੋ ਓਹੀ ਸਾਡੇ ਲਈ ਭਲਾ ਹੈ, ਤੁਹਾਡੇ ਚਰਨਾਂ ਨੂੰ ਵੇਖ ਕੇ ਹੀ ਮੈਨੂੰ ਸੁਖ ਪ੍ਰਾਪਤ ਹੁੰਦਾ ਹੈ॥ ੨ ॥ ੨ ॥ ੮੨ ॥

**ਬਿਲਾਵਲੁ ਮਹਲਾ ੫ ॥ ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥**

ਹੇ ਪ੍ਰਭੂ ! ਸ਼ਾਸਤ੍ਰਾਂ ਦੁਆਰੇ ਸੁਣੀਦਾ ਹੈ ਕਿ ਤੂੰਹੀ ਸਭ ਨੂੰ ਤਾਰਨ ਵਾਲਾ ਹੈਂ।

**ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥ ੧ ॥ ਰਹਾਉ ॥**

ਇਹ ਪ੍ਰਾਣੀ ਮੋਹ ਵਿਚ ਮਗਨ=ਮਸਤ ਹੋ ਕੇ ਪਤਿਤ ਸੰਗਿ=ਪਾਪੀਆਂ ਦੀ ਸੰਗਤ ਕਰਦਾ ਹੈ, ਇਹੋ ਜਿਹੇ ਕਰਮ ਕਰਕੇ ਮਨ ਵਿਚੋਂ ਨਾਮ ਨੂੰ ਬਿਸਾਰਨ=ਭੁਲਾ ਦਿੱਤਾ ਹੈ॥ ੧ ॥ ਰਹਾਉ ॥

**ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥**

ਬਿਖਿਆ ਸੰਚਿ=ਮਾਇਆ ਕੱਠੀ ਕਰਕੇ ਗ੍ਰਹਿਣ ਕਰ ਲਈ ਹੈ।

ਅਤੇ ਨਾਮ-ਅੰਮ੍ਰਿਤ ਨੂੰ ਮਨ ਤੋਂ ਡਾਰਨ=ਭੁਲਾ ਦਿੱਤਾ ਹੈ।

**ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥ ੧ ॥**

ਕਾਮ, ਕ੍ਰੋਧ, ਲੋਭ ਅਤੇ ਨਿੰਦਿਆਂ ਵਿਚ ਰਤੁ=ਪ੍ਰੀਤੀ ਕਰਕੇ ਸਤ ਸੰਤੋਖ ਆਦਿਕ ਸ਼ੁਭ-ਗੁਣਾਂ ਨੂੰ ਬਿਦਾਰਨ=ਨਸ਼ਟ ਕਰ ਦਿੱਤਾ ਹੈ॥ ੧ ॥

**ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥**

ਹੇ ਮੇਰੇ ਸੁਆਮੀ ਪਰਮਾਤਮਾ ! ਹਾਰ ਕੇ ਤੁਹਾਡੀ ਸ਼ਰਨ ਪਏ ਹਾਂ, ਆਪ ਇਹਨਾਂ ਦੁਸ਼ਟਾਂ ਦੀ ਸੰਗਤ ਵਿੱਚੋਂ ਮੈਨੂੰ ਕੱਢ ਲਓ।

**ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥ ੨ ॥ ੩ ॥ ੮੩ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੇਰੇ ਕੋਲ ਮੈਂ ਦਾਸ਼ ਦੀ ਇਹੋ ਬੇਨਤੀ ਹੈ, ਕਿ ਸਾਧ ਸੰਗ ਦੇ ਕੇ ਮੈਂ ਰੰਕ=ਕੰਗਾਲ ਨੂੰ ਤਾਰ ਲਓ॥ ੨ ॥ ੩ ॥ ੮੩ ॥

**ਬਿਲਾਵਲੁ ਮਹਲਾ ੫ ॥ ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥**

ਅਸਲ ਸੰਤਾਂ ਪਾਸੋਂ ਇਕ ਪ੍ਰਭੂ ਦੀ ਗੱਲ ਹੀ ਸੁਣੀ ਜਾਂਦੀ ਹੈ।

## ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥ ੧ ॥ ਰਹਾਉ ॥

ਅਨੰਦਦਾਇਕ ਮੰਗਲਾਂ ਦੇ ਕਰਨ ਵਾਲੀ ਕਥਾ ਕੀਰਤਨ ਦੀ ਧੁਨੀ ਸੰਤਾਂ ਦੇ ਪਾਸ ਦਿਨ ਰਾਤ ਇਕ-ਰਸ ਪੂਰਨ ਹੋ ਰਹੀ ਹੈ॥ ੧ ॥ ਰਹਾਉ॥

## ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥

ਜਿਨ੍ਹਾਂ ਨੂੰ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੇ ਦਾਸ ਕਰ ਲਿਆ ਹੈ, ਉਹਨਾਂ ਨੂੰ ਆਪਣੇ ਨਾਮ ਦੀ ਦਾਤ ਦੇਣਾ ਕੀਤੀ ਹੈ।

## ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥ ੧ ॥

ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਣ ਕਰਕੇ ਇਸ ਸਰੀਰ ਵਿੱਚੋਂ ਕਾਮ ਕ੍ਰੋਧ ਆਦਿਕ ਵਿਕਾਰ ਚਲੇ ਜਾਂਦੇ ਹਨ॥ ੧ ॥

[ਪੰਨਾ ੮੨੧]

## ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥

ਜਿਨ੍ਹਾਂ ਨੇ ਰਸੁ=ਪ੍ਰੇਮ ਸਹਿਤ ਹਰੀ ਨਾਮ-ਅੰਮ੍ਰਿਤ ਰੂਪ ਭੋਜਨ ਖਾਤ=ਖਾ ਕੇ ਪ੍ਰਭੂ ਦਾ ਦਰਸ਼ਨ ਵੇਖਿਆ ਹੈ ਉਹ ਤ੍ਰਿਪਤ ਹੋ ਕੇ ਅਘਾਏ=ਰੱਜ ਗਏ ਹਨ। ਜਾਂ ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਭੀ ਰੱਜ ਗਏ ਹਨ।

## ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨ ॥੪ ॥੮੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜਿਸ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ, ਤੂੰ ਉਸ ਨੂੰ ਕਿਰਪਾ ਕਰਕੇ ਸਤਸੰਗ ਦੇ ਨਾਲ ਮਿਲਾਉਂਦਾ ਹੈ॥ ੨ ॥ ੪ ॥ ੮੪ ॥

## ਬਿਲਾਵਲੁ ਮਹਲਾ ੫ ॥ ਰਾਖਿ ਲੀਏ ਅਪਨੇ ਜਨ ਆਪ ॥

ਪਰਮੇਸ਼ਰ ਨੇ ਆਪਣੇ ਸੇਵਕ ਜਨ ਆਪ ਹੀ ਦੁੱਖਾਂ ਤੋਂ ਰੱਖ ਲਏ ਹਨ।

## ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿ ਗਏ ਸਭ ਸੋਗ ਸੰਤਾਪ ॥੧ ॥ਰਹਾਉ ॥

ਹਰੀ ਨੇ ਕਿਰਪਾ ਕਰਕੇ ਜਿਸ ਨੂੰ ਹੀ ਨਾਮ ਦਿੱਤਾ ਹੈ, ਉਸ ਦੇ ਸਾਰੇ ਸੋਗ ਸੰਤਾਪ ਬਿਨਸ ਗਏ ਹਨ॥ ੧ ॥

## ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥

ਹੇ ਹਰੀ ਦੇ ਜਨੋ ! ਤੁਸੀਂ ਸਾਰੇ ਇਕੱਠੇ ਹੋ ਕੇ ਰਤਨ=ਅਮੋਲਕ ਰਾਗ ਵਿਚ ਅਲਾਪਚਾਰੀ ਕਰਕੇ ਰਸਨਾ ਨਾਲ ਗੋਬਿੰਦ ਗੁਣ ਗਾਉਣਾ ਕਰੋ।

*ਅਥਵਾ*:-ਹੇ ਹਰੀ ਦੇ ਜਨੋ ! ਤੁਸੀਂ ਸਾਰੇ ਰਲ ਕੇ ਰਾਗ=ਪ੍ਰੇਮ, ਰਤਨ=ਵੈਰਾਗ ਸਹਿਤ ਰਸਨਾ ਤੋਂ ਨਾਮ ਆਲਾਪ=ਉਚਾਰ ਕੇ ਗੋਵਿੰਦ ਦੇ ਗੁਣ ਗਾਉਣਾ ਕਰੋ।

**ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ॥ ੧ ॥**

ਰਸਾਇਣਿ=ਰਸਾਂ ਦਾ ਘਰ ਰਾਮ ਹੈ, ਉਸ ਨੂੰ ਜਪ ਕੇ ਜਿਸ ਦਾ ਆਤਮ=ਮਨ ਧ੍ਰਾਪ=ਤ੍ਰਿਪਤ ਹੋਇਆ ਹੈ, ਉਸ ਨੇ ਕ੍ਰੋੜਾਂ ਜਨਮਾਂ ਦੀ ਤ੍ਰਿਸ਼ਨਾ ਨਵਿਰਤ ਕਰ ਦਿੱਤੀ ਹੈ॥ ੧ ॥

**ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ॥**

ਜਿਨ੍ਹਾਂ ਨੇ ਗੁਰਾਂ ਦੇ ਬਚਨਿ=ਉਪਦੇਸ਼ ਦੁਆਰਾ ਹਰੀ ਨਾਮ ਜਪ ਨੂੰ ਜਪਿਆ ਹੈ ਤੇ ਸੁਖਦਾਤੇ ਪ੍ਰਭੂ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

**ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ॥੨ ॥੫ ॥੮੫ ॥**

ਗੁਰੂ ਜੀ ਕਥਨ ਕਰਦੇ ਹਨ-ਠਾਕੁਰ ਦੇ ਪ੍ਰਤਾਪ ਕਰ ਕੇ ਉਹਨਾਂ ਦੇ ਅੰਦਰੋਂ ਭਰਮ ਅਤੇ ਡਰ ਬਿਨਸ ਗਏ ਹਨ ਤੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ॥ ੨ ॥ ੫ ॥ ੮੫ ॥

**ਬਿਲਾਵਲੁ ਮਹਲਾ ੫ ॥ ਤਾਪੁ ਲਾਹਿਆ ਗੁਰ ਸਿਰਜਨਹਾਰਿ ॥**

(੧) ਸਿਰਜਨਹਾਰਿ=ਪਰਮੇਸ਼ਰ ਦੇ ਸਰੂਪ ਗੁਰਾਂ ਨੇ ਛੇਵੇਂ ਪਾਤਿਸ਼ਾਹ ਜੀ ਦਾ ਤਾਪ ਲਾਹ ਦਿੱਤਾ ਹੈ।

(੨) ਸ਼ੁਭ-ਗੁਣਾਂ ਦੇ ਸਿਰਜਨ ਵਾਲੇ ਗੁਰਾਂ ਨੇ ਜਗਿਆਸੂ ਦਾ (ਅਧਿਆਤਮਕ, ਅਧਿਭੂਤਕ, ਅਧਿਦੈਵਗ ਰੂਪ) ਤਾਪ ਲਾਹ ਦਿੱਤਾ ਹੈ।

**ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ ॥੧ ॥ਰਹਾਉ ॥**

ਆਪਣੇ ਸਤਿਗੁਰੂ ਤੋਂ ਬਲਿਹਾਰ ਜਾਂਦੇ ਹਾਂ, ਜਿਸ ਨੇ ਸਾਰੇ ਸੰਸਾਰ ਵਿਚ ਸਾਡੀ ਪਤ-ਆਬਰੋ ਰੱਖੀ ਹੈ॥ ੧ ॥

**ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ॥**

ਸਿਰ ਉੱਤੇ ਕਰੁ=ਹੱਥ ਰੱਖ ਕੇ ਬਾਲਿਕੁ=ਹਰਗੋਬਿੰਦ ਨੂੰ ਵਾ:-ਜਗਿਆਸੂ ਨੂੰ ਰੱਖ ਲੀਤਾ ਹੈ।

**ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ॥ ੧ ॥**

ਪ੍ਰਭੂ ਦੇ ਨਾਮ-ਅੰਮ੍ਰਿਤ ਦਾ ਮਹਾ ਰਸੁ=ਵੱਡਾ ਅਨੰਦ ਦਿੱਤਾ ਹੈ॥ ੧ ॥

**ਦਾਸ ਕੀ ਲਾਜ ਰਖੈ ਮਿਹਰਵਾਨੁ॥**

ਆਪਣੇ ਦਾਸ ਦੀ ਲੱਜਾ ਨੂੰ ਮਿਹਰਵਾਨੁ=ਪਰਮਾਤਮਾ ਆਪ ਹੀ ਰੱਖਦਾ ਹੈ।

**ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥ ੨ ॥ ੬ ॥ ੮੬ ॥**

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦਾ ਬਚਨ ਬੋਲਿਆ ਹੋਇਆ ਸੰਸਾਰ ਦਰਗਾਹ ਵਿਚ, ਪਰਲੋਕ ਦਰਗਾਹ ਵਿਚ ਅਤੇ ਸਤਸੰਗ ਦਰਗਾਹ ਵਿਚ ਪਰਵਾਨ ਹੁੰਦਾ ਹੈ॥ ੨ ॥ ੬ ॥ ੮੬ ॥

**ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭**

**ੴ ਸਤਿਗੁਰ ਪ੍ਰਸਾਦਿ॥ ਸਤਿਗੁਰ ਸਬਦਿ ਉਜਾਰੋ ਦੀਪਾ॥**

ਜਿਸ ਹਿਰਦੇ ਵਿਚ ਸਤਿਗੁਰਾਂ ਦੇ ਸ਼ਬਦ ਰੂਪੀ ਦੀਪਕ ਦਾ, ਵਾ:-ਸ਼ਬਦ ਦੁਆਰੇ ਗਿਆਨ ਰੂਪ ਦੀਪਕ

ਦਾ ਉਜਾਰੋ=ਉਜਾਲਾ (ਪ੍ਰਕਾਸ਼) ਹੋਇਆ ਹੈ।

## ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ਰਹਾਉ ॥

ਤਿਸ ਅੰਤਹਕਰਨ ਰੂਪੀ ਮੰਦਰ ਵਿੱਚੋਂ ਅਗਿਆਨ ਰੂਪ ਹਨੇਰਾ ਬਿਨਸ ਗਿਆ ਹੈ, ਅਨੂਪਾ=ਉਪਮਾ ਤੋਂ ਰਹਿਤ ਰਤਨ=ਵੈਰਾਗ ਆਦਿਕ ਸ਼ੁਭ-ਗੁਣਾਂ ਦੀ ਕੋਠੀ=ਭਗਤੀ ਖੁਲ੍ਹੀ=ਪ੍ਰਾਪਤ ਹੋਈ ਹੈ॥ ੧ ॥ ਰਹਾਉ ॥

## ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥

ਜਿਸ ਵੇਲੇ ਮਨ ਬਿਸ=ਵਿਸ਼ਿਆਂ ਵਲੋਂ ਬਿਸਮ=ਰਹਿਤ ਹੋਇਆ ਤਾਂ ਉਸ ਨੂੰ ਵੇਖਣਾ ਕੀਤਾ,

*ਅਥਵਾ:*-ਜਾਂ ਉਸ ਨੂੰ ਵੇਖਿਆ ਤਾਂ ਅਸਚਰਜ ਤੋਂ ਅਸਚਰਜ ਹੋ ਗਏ, ਪਰ ਉਸ ਦੀ ਵਡਿਆਈ ਕਹੀ ਨਹੀਂ ਜਾਂਦੀ।

## ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥

ਊਹਾ ਸੰਗਿ=ਉਸ ਦੇ ਸੰਗ ਕਰਕੇ ਮਸਤ ਤੋਂ ਮਸਤ ਹੋ ਗਏ ਹਾਂ ਅਤੇ ਓਤਿ-ਪੋਤਿ=ਤਾਣੇ ਪੇਟੇ ਵਾਂਗ ਉਸ ਦੇ ਨਾਲ ਹੀ ਲੰਪਟ ਹੋ ਰਹੇ ਹਾਂ ॥ ੧ ॥

## ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥

ਆਲ=ਘਰ ਦਾ ਜਾਲ=ਫਾਹ ਅਤੇ ਹੋਰ ਭੀ ਦੁਨਿਆਵੀ ਕੁਝ ਜੰਜਾਲ ਨਹੀਂ ਰਿਹਾ, ਭੋਰਾ=ਰੰਚਕ ਮਾਤਰ ਹੰਗਤਾ ਵਾਲੀ ਬੁੱਧੀ ਵੀ ਨਹੀਂ ਰਹੀ, ਇਸੀ ਤੇ ਗਿਆਨ ਰੂਪੀ ਭੋਰਾ=ਦਿਨ ਚੜ੍ਹਿਆ ਹੈ।

## ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥ ੨ ॥

ਤੂੰ ਉੱਚਿਆਂ ਤੋਂ ਉੱਚਾ ਹੈਂ, ਤੇਰੇ ਮੇਰੇ ਵਿਚ ਕੋਈ ਬੀਚੁ ਨ ਖੀਚਾ=ਪੜਦਾ ਨਹੀਂ ਖਿੱਚਿਆ ਹੋਇਆ, ਹਉ ਤੇਰਾ=ਮੇਰਾ ਦਾਸ ਹਾਂ, ਤੂੰ ਮੇਰਾ ਸੁਆਮੀ ਹੈਂ॥ ੨ ॥

## ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥

ਇਕ ਜੋ ਓਅੰਕਾਰ ਹੈ ਉਸ ਇਕ ਦਾ ਹੀ ਇਹ ਸੰਸਾਰ ਪਸਾਰਾ ਹੈ, ਉਹ ਇਕ ਪਰਮਾਤਮਾ ਹੀ ਅਪਰ ਅਪਾਰਾ=ਬੇਅੰਤ ਤੋਂ ਬੇਅੰਤ ਹੈ।

## ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥

ਇਕ ਨੇ ਹੀ ਸੰਸਾਰ ਨੂੰ ਵਿਸਥੀਰਨੁ=ਫੈਲਾਉਣਾ ਕੀਤਾ ਹੈ, ਇਕ ਹੀ ਸਭ ਦੇ ਸੰਪੂਰਨੁ=ਭਰਨ ਵਾਲਾ ਹੈ, ਵਾ:-ਸੰਪੂਰਨੁ=ਸਾਰੇ ਸੰਸਾਰ ਵਿਚ ਇਕੋ ਇਕ ਪ੍ਰਭੂ ਵਿਸਥੀਰਨ ਹੈ, ਇਕ ਹੀ ਸਾਰਿਆਂ ਦੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ॥ ੩ ॥

## ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥

(੧) ਨਿਰਮਲ ਪਰਮਾਤਮਾ ਪਿੱਛੇ ਸੁੱਚਿਆਂ ਤੋਂ ਸੁੱਚਾ ਸੀ, ਨਿਰਮਲ ਪਰਮਾਤਮਾ ਹੁਣ ਭੀ ਸੁੱਚਿਆਂ ਤੋਂ ਸੁੱਚਾ ਹੈ, ਨਿਰਮਲ ਪਰਮਾਤਮਾ ਅੱਗੇ ਭੀ ਸੁੱਚਿਆਂ ਤੋਂ ਸੁੱਚਾ ਹੋਵੇਗਾ।

(੨) ਨਿਰਮਲ ਪਰਮਾਤਮਾ ਮਨ ਨੂੰ ਸੁੱਚਿਆਂ ਤੋਂ ਸੁੱਚਾ ਕਰਨ ਵਾਲਾ ਹੈ, ਬਾਣੀ ਨੂੰ ਸੁੱਚਿਆਂ ਸੁੱਚਾ ਕਰਨ ਵਾਲਾ ਹੈ, ਸਰੀਰ ਨੂੰ ਭੀ ਸੁੱਚਿਆਂ ਤੋਂ ਸੁੱਚਾ ਕਰਨ ਵਾਲਾ ਹੈ।

(੩) ਸੁੱਚੇ ਗੁਰਾਂ ਦੇ ਸੁੱਚੇ ਉਪਦੇਸ਼ ਦੁਆਰਾ ਸੂਚੋ=ਪਵਿੱਤਰ ਹੋ ਕੇ ਨਿਰਮਲ ਪ੍ਰਭੂ ਦੇ ਨਿਰਮਲ ਨਾਮ

ਨੂੰ ਜਪੇ ਤਾਂ ਸੂਚੋਂ ਸੂਚਾ=ਪਵਿੱਤਰ ਤੋਂ ਪਵਿੱਤਰ ਹੁੰਦਾ ਹੈ।

**ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥੪॥੧॥੮੭॥**

ਅੰਤ ਲੈਣਾ ਕਰੀਏ ਤਾਂ ਉਸ ਦਾ ਅੰਤ ਨਹੀਂ ਆਉਂਦਾ ਕਿਉਂਕਿ ਉਹ ਸਦਾ ਬਿਅੰਤ ਹੈ।

ਵਸ਼ਿਸ਼ਟ ਪੁਰਾਣ ਵਿਚ ਲਿਖਿਆ ਹੈ- "ਚਾਰ ਵਿਪਸਚਤ ਚਾਰੇ ਹੀ ਦਿਸ਼ਾਂ ਵਿਚ ਸ੍ਰਿਸ਼ਟੀ ਦਾ ਅੰਤ ਲੈਣ ਗਏ ਸੀ ਪਰ ਅੰਤ ਨਹੀਂ ਲੈ ਸਕੇ।" ਭਾਵ-ਜੇਕਰ ਸ੍ਰਿਸ਼ਟੀ ਦਾ ਅੰਤ ਨਹੀਂ ਆਇਆ ਤਾਂ ਪਰਮੇਸ਼ਰ ਦਾ ਅੰਤ ਕੋਈ ਕਿਵੇਂ ਪਾ ਸਕਦਾ? ਸ਼ੇਸ਼ਨਾਗ ਰੋਜ਼ਾਨਾ ਨਵੇਂ ਤੋਂ ਨਵੇਂ ਦੋ ਹਜ਼ਾਰ ਨਾਮ ਉਚਾਰਦਾ ਹੈ, ਪਰ ਉਹ ਭੀ ਅੰਤ ਨਹੀਂ ਪਾ ਸਕਿਆ। ਜਿਵੇਂ ਗੁਰੂ ਕਲਗੀਧਰ ਜੀ ਫੁਰਮਾਉਂਦੇ ਹਨ-

"ਸ਼ੇਸ਼ਨਾਗ ਸਿਰ ਸਹਸ ਬਨਾਈ॥ਦ੍ਵੈ ਸਹੰਸ ਰਸਨਾਹ ਸੁਹਾਈ॥
ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥ ੬॥"

*(ਦਸਮ ਗ੍ਰੰਥ, ਪੰਨਾ ੪੭)*

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਉੱਚਿਆਂ ਤੋਂ ਉੱਚਾ ਹੈ॥ ੪॥ ੧॥ ੮੭॥

**ਬਿਲਾਵਲੁ ਮਹਲਾ ੫॥ ਬਿਨੁ ਹਰਿ ਕਾਮਿ ਨ ਆਵਤ ਹੇ॥**

ਹੇ ਭਾਈ! ਹਰੀ ਨਾਮ ਤੋਂ ਬਿਨਾਂ ਕੋਈ ਪਦਾਰਥ ਦਰਗਾਹ ਵਿਚ ਕੰਮ ਨਹੀਂ ਆਉਂਦਾ।

**ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ॥੧॥ਰਹਾਉ॥**

ਜਿਨ੍ਹਾਂ ਪਦਾਰਥਾਂ ਨਾਲ ਰਾਚਿ ਮਾਚਿ=ਤਦਾਕਾਰ ਹੋ ਕੇ ਤੁਸੀਂ ਲੱਗ ਰਹੇ ਹੋ, ਉਹ ਮੋਹਨੀ=ਮਾਇਆ ਤੁਹਾਨੂੰ ਮੋਹਾਵਤ ਹੇ=ਠੱਗ ਰਹੀ ਹੈ॥ ੧॥ ਰਹਾਉ॥

**ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ॥**

ਕਨਿਕ=ਸੋਨਾ, ਕਾਮਨੀ=ਇਸਤਰੀ, ਸੇਜ ਸੋਹਨੀ=ਸੁੰਦਰ ਸੇਜਾ, ਇਤਆਦਿਕ ਸਾਰਿਆਂ ਪਦਾਰਥਾਂ ਨੂੰ ਇਕ ਖਿਨ ਵਿਚ ਛੱਡ ਕੇ ਜੀਵ ਪਰਲੋਕ ਵਿਚ ਚਲਾ ਜਾਂਦਾ ਹੈ।

**ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ॥੧॥**

ਇੰਦਰੀਆਂ ਦਾ ਪਰੇਰਿਆ ਹੋਇਆ ਵਿਸ਼ੇ ਰਸਾਂ ਵਿਚ ਉਲਝ ਰਿਹਾ ਹੈ ਅਤੇ ਵਿਸ਼ਿਆਂ ਰੂਪੀ ਠਗਉਰੀ=ਠੱਗ ਬੂਟੀ ਨੂੰ ਖਾ ਰਿਹਾ ਹੈ॥ ੧॥

**ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ॥**

ਜਿਵੇਂ ਕਿਸੇ ਮਨੁੱਖ ਨੇ ਕੱਖਾਂ ਦਾ ਮੰਦਰ ਬਣਾ ਕੇ ਉਸ ਨੂੰ ਸਵਾਰਿਓ=ਸ਼ਿੰਗਾਰ ਲਿਆ ਹੈ ਤੇ ਤਲੈ=ਹੇਠਾਂ ਪਾਵਕੁ=ਅੱਗ ਬਾਲ ਦਿੱਤੀ ਹੈ ਤਾਂ ਉਹ ਕੋਈ ਮੂਰਖ ਹੈ ਕਿਉਂਕਿ ਅੱਗ ਦੀ ਲਾਟ ਨਾਲ ਉਸ ਨੇ ਸੜ ਜਾਣਾ ਹੈ।

ਏਸੇ ਤਰ੍ਹਾਂ-ਪੰਜਾਂ ਤੱਤਾਂ ਰੂਪੀ ਕੱਖਾਂ ਨੂੰ ਇਕੱਠਿਆਂ ਕਰਕੇ ਸਰੀਰ ਰੂਪੀ ਮੰਦਰ ਸਾਜ ਕੇ ਸਵਾਰਿਆ ਹੈ ਪਰ ਮੂਰਖ ਜੀਵ ਨੇ ਇਸ ਦੇ ਹੇਠਾਂ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬਾਲੀ ਹੋਈ ਹੈ, ਉਸ ਨਾਲ ਇਸ ਨੇ ਸੜ ਜਾਣਾ ਹੈ।

**ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥ ੨ ॥**

ਹੇ ਹਠੀਲੋ=ਹਠੀਏ ਪੁਰਸ਼ਾ! ਐਹੋ ਜਿਹੇ ਸਰੀਰ ਗੜ=ਕਿਲ੍ਹੇ ਵਿਚ ਐਠਿ=ਆਕੜ ਕੇ ਫਜ਼ੂਲ ਹਠੀਲੋ=ਹਠ ਕਰ ਰਿਹਾ ਹੈਂ, ਫੁੱਲਾਂ ਦੀ ਮਾਲਾ ਪਾ ਕੇ ਫੂਲਿ=ਪਰਫੁੱਲਤ ਹੋ ਕੇ ਕੀ ਪਾਵੇਂਗਾ? ਜਾਂ ਫੁੱਲ ਵਾਂਗ ਪਰਫੁੱਲਤ ਹੋ ਕੇ ਕੀ ਪਾਵੇਂਗਾ?

**ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥**

(ਕਾਮ ਕ੍ਰੋਧ ਆਦਿਕ) ਪੰਜ ਦੂਤ ਤੇਰੇ ਮੂਡ ਪਰਿ ਠਾਢੇ=ਸਿਰ ਉੱਤੇ ਖੜੇ ਹਨ, ਪ੍ਰਤੱਖ ਕੇਸਾਂ ਤੋਂ, ਵਾ:-ਸੰਕਲਪਾਂ ਵਿਕਲਪਾਂ ਰੂਪੀ ਕੇਸਾਂ ਤੋਂ ਫੜ ਕੇ ਫਿਰਾਉਂਦੇ ਹਨ।

[ਪੰਨਾ ੮੨੨]

**ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥ ੩ ॥**

ਇਸ ਅੰਨ੍ਹੇ ਅਗਿਆਨੀ ਨੂੰ (ਉਹ ਕਾਮ ਆਦਿਕ ਦੂਤ) ਨਿਗਾਹ ਨਹੀਂ ਆਉਂਦੇ, ਜਾਂ ਇਸ ਅੰਨ੍ਹੇ ਅਗਿਆਨੀ ਨੂੰ ਕੁਝ ਵੀ ਨਿਗਾਹ ਨਹੀਂ ਆਉਂਦਾ, ਧਨ ਦੇ ਮਦ ਵਿਚ ਮਸਤ ਹੋਇਆ ਹੋਇਆ ਅਵਿਦਿਆ ਦੀ ਨੀਂਦ ਵਿਚ ਸੌਂ ਰਿਹਾ ਹੈ। ਸੌ ਰੁਪਇਆ ਪਾਸ ਹੋਵੇ ਤਾਂ ਇਕ ਸ਼ਰਾਬ ਦੀ ਬੋਲਤ ਜਿਤਨਾ ਨਸ਼ਾ ਹੁੰਦਾ ਹੈ॥ ੩ ॥

**ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥**

ਜਿਵੇਂ ਪ੍ਰਤੱਖ ਫੰਧਕ ਚੋਗਾ ਖਲਾਰ ਕੇ ਜਾਲ ਵਿਛਾ ਕੇ ਪੰਛੀਆਂ ਨੂੰ ਫਸਾਉਂਦਾ ਹੈ। ਤਿਵੇਂ ਵਿਸ਼ਿਆਂ ਰੂਪੀ ਚੋਗ ਖਲਾਰ ਕੇ ਮੋਹ ਰੂਪੀ ਜਾਲ ਪਸਾਰ ਕੇ ਮਾਇਆ ਜੀਵਾਂ ਰੂਪ ਪੰਛੀਆਂ ਨੂੰ ਫਸਾਉਂਦੀ ਹੈ।

**ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪ ॥੨ ॥੮੮ ॥**

ਗੁਰੂ ਜੀ ਕਥਨ ਕਰਦੇ ਹਨ-ਮਾਇਆ ਵੀ ਬੰਧਨਾਂ ਦੇ ਕੱਟਣ ਨੂੰ ਮੈਂ ਸਤਿਗੁਰ ਪੁਰਖਾਂ ਨੂੰ ਧਿਆਉਂਦਾ ਹਾਂ॥ ੪ ॥ ੨ ॥ ੮੮ ॥

**ਬਿਲਾਵਲੁ ਮਹਲਾ ੫ ॥ ਹਰਿ ਹਰਿ ਨਾਮੁ ਅਪਾਰ ਅਮੋਲੀ ॥**

ਅਪਾਰ ਹਰਿ ਹਰਿ ਦਾ ਨਾਮ ਬਿਅੰਤ ਅਮੋਲਕ ਹੈ।

**ਪ੍ਰਾਨ ਪਿਆਰੋ ਮਨਹਿ ਅਧਾਰੋ**
**ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥ ੧ ॥ ਰਹਾਉ ॥**

ਮੇਰੇ ਪ੍ਰਾਣਾਂ ਦਾ ਪਿਆਰਾ ਹੈ ਮਨ ਦਾ ਆਸਰਾ ਹੈ, ਚਿੱਤ ਵਿਚ ਇਸ ਤਰ੍ਹਾਂ ਚਿਤਵਉ=ਚੇਤੇ ਰਖੱਦਾ ਹਾਂ, ਜਿਸ ਤਰ੍ਹਾਂ ਤੰਬੋਲੀ=ਪਾਨਾਂ ਵਾਲਾ ਪੁਰਸ਼ ਪਾਨਾਂ ਨੂੰ ਚੇਤੇ ਰਖਦਾ ਹੈ ਤੇ ਉਹਨਾਂ ਨੂੰ ਹਿਲਾਉਂਦਾ ਰਹਿੰਦਾ ਹੈ, ਜੇਕਰ ਨਾ ਹਿਲਾਵੇ, ਇਕੋ ਜਗ੍ਹਾ ਪਏ ਰਹਿਣ ਤਾਂ ਉਹ ਸੜ ਜਾਂਦੇ ਹਨ॥ ੧ ॥ ਰਹਾਉ ॥

**ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥**

ਗੁਰਾਂ ਨੇ ਉਪਦੇਸ਼ ਦੁਆਰਾ ਬਤਾਇਆ ਹੈ ਇਸ ਕਰਕੇ ਸਹਜ-ਪਦ ਵਿਚ ਸਮਾ ਗਿਆ ਹਾਂ, ਮੇਰੇ ਸਰੀਰ

ਦੀ ਬੁੱਧੀ ਰੂਪ ਚੋਲੀ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੰਗੀ ਗਈ ਹੈ।

**ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ॥੧॥**

ਜਦ ਵੱਡੇ ਭਾਗ ਜਾਗੇ ਤਾਂ ਹੀ ਪਿਆਰੇ ਪਤੀ-ਪਰਮਾਤਮਾ ਦੇ ਮੱਥੇ ਲੱਗੇ ਹਾਂ, ਭਾਵ ਦਰਸ਼ਨ ਹੋਇਆ ਹੈ, ਹੁਣ ਮੇਰਾ ਸੁਹਾਗੁ=ਅਨੰਦ ਕਦੇ ਭੀ ਨਹੀਂ ਡੋਲਦਾ॥ ੧ ॥

**ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ॥**

ਮੇਰੇ ਵਿਚ ਸਫਾਈ ਰੂਪੀ ਰੂਪ ਨਹੀਂ ਹੈ, ਧੂਪ=ਜਸ ਭੀ ਨਹੀਂ ਉਚਾਰਿਆ, ਭਗਤੀ ਰੂਪ ਗੰਧ=ਸੁਗੰਧੀ ਭੀ ਨਹੀਂ ਹੈ, ਗਿਆਨ ਰੂਪ ਦੀਵੇ ਦਾ ਦੀਪਾ=ਪ੍ਰਕਾਸ਼ ਭੀ ਨਹੀਂ ਹੈ, ਪਰ ਗੁਰ ਕਿਰਪਾ ਹੋਣ ਕਰਕੇ ਤਾਣੇ ਪੇਟੇ ਵਾਂਗ ਅੰਗ-ਅੰਗ ਨਾਲ ਮਉਲੀ=ਮਿਲ ਗਈ ਹਾਂ। ਜਾਂ ਉਸ ਦੀ ਚੇਤਨ ਸੱਤਾ ਤਾਣੇ ਪੇਟੇ ਦੀ ਤਰ੍ਹਾਂ ਅੰਗਾਂ-ਅੰਗਾਂ ਨਾਲ ਮਿਲੀ ਹੋਈ ਨਿਸਚੇ ਕੀਤੀ ਹੈ।

**ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ**
**ਅਤਿ ਨੀਕੀ ਮੇਰੀ ਬਨੀ ਖਟੋਲੀ॥੨॥੩॥੮੯॥**

ਗੁਰੂ ਜੀ ਕਥਨ ਕਰਦੇ ਹਨ-ਪ੍ਰਿਅ=ਪਤੀ-ਪਰਮਾਤਮਾ ਨੇ ਰਾਵਿਆ ਤਾਂ ਮੈਂ ਸੁਹਾਗਣ ਹੋਈ ਹਾਂ, ਮੇਰੀ ਅੰਤਹਕਰਨ ਰੂਪ ਖਟੋਲੀ=ਮੰਜੀ ਅਤਿਅੰਤ ਨੀਕੀ=ਚੰਗੀ ਬਣੀ ਹੈ, ਭਾਵ ਸ਼ਰਧਾ ਵਸ਼ਿਸ਼ਟ ਬੁੱਧੀ ਹੋ ਗਈ ਹੈ॥ ੨॥ ੩॥ ੮੯॥

**ਬਿਲਾਵਲੁ ਮਹਲਾ ੫॥ ਗੋਬਿੰਦ ਗੋਬਿੰਦ ਗੋਬਿੰਦ ਮਈ॥**
**ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ॥੧॥ਰਹਾਉ॥**

ਜਦ ਤੋਂ ਦਿਆਲੂ ਸੰਤ ਮਿਲੇ ਹਨ ਤਦ ਤੋਂ ਦੁਰਮਤਿ=ਖੋਟੀ ਮਤੀ ਦੂਰ ਹੋਈ ਹੈ, ਖੋਟੀ ਮੱਤ ਦੇ ਦੂਰ ਹੋਣ ਤੇ ਇਹ ਨਿਸਚੇ ਕੀਤਾ ਹੈ ਕਿ ਸਾਰਾ ਸੰਸਾਰ, ਗੋਬਿੰਦ ਜੋ ਪਰਮੇਸ਼ਰ ਹੈ ਗੋਬਿੰਦ=ਵੇਦਾਂ ਕਰਕੇ ਜਾਣਨੇ ਜੋਗ ਉਸ ਗੋਬਿੰਦ ਦਾ ਮਈ=ਰੂਪ ਹੈ। ਵਾ:-ਪਿੱਛੇ ਵੀ ਗੋਬਿੰਦ ਰੂਪ ਸੀ, ਹੁਣ ਭੀ ਗੋਬਿੰਦ ਰੂਪ ਹੈ, ਅੱਗੇ ਭੀ ਗੋਬਿੰਦ ਰੂਪ ਹੋਵੇਗਾ॥ ੧॥ ਰਹਾਉ॥

**ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ॥**

ਜੋ ਪੂਰਨ ਪਰਮਾਤਮਾ ਸੰਪੂਰਨ ਸੰਸਾਰ ਵਿਚ ਪੂਰਨ ਹੋ ਰਿਹਾ ਹੈ, ਉਸ ਦਿਆਲੂ ਪਰਮਾਤਮਾ ਨੇ ਸੀਤਲ ਕਰਨ ਵਾਲੀ ਸ਼ਾਂਤੀ ਦਿੱਤੀ ਹੈ।

**ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥**

ਕਾਮ, ਕ੍ਰੋਧ, ਤ੍ਰਿਸ਼ਨਾ ਤੇ ਹੰਕਾਰ ਇਤਆਦਿਕ ਵਿਕਾਰ ਸਰੀਰ ਦੇ ਵਿੱਚੋਂ ਸਾਰੇ ਖਈ=ਨਾਸ ਹੋ ਗਏ ਹਨ॥ ੧॥

**ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥**

ਸੱਚ ਬੋਲਣਾ, ਸੰਤੋਖ ਧਾਰਨਾ, ਹਰ ਇਕ ਉੱਤੇ ਦਇਆ ਕਰਨੀ, ਸ੍ਵੈ-ਧਰਮ ਵਿਚ ਪੱਕਾ ਰਹਿਣਾ, ਸੁਚਿ=ਪਵਿੱਤ੍ਰਤਾ, ਇਨ੍ਹਾਂ ਸ਼ੁਭ-ਗੁਣਾਂ ਦੀ ਪ੍ਰਾਪਤੀ ਦੀ ਸੰਤਾਂ ਪਾਸੋਂ ਮੰਤੁ=ਸਿਖਿਆ ਲੀਤੀ ਹੈ।

**ਕਹੁ ਨਾਨਕ ਜਿਨਿ ਮਨਹੁ ਪਛਾਨਿਆ**
**ਤਿਨ ਕਉ ਸਗਲੀ ਸੋਝ ਪਈ॥ ੨ ॥ ੪ ॥ ੯੦ ॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਮਨ ਕਰ ਕੇ ਵਾਹਿਗੁਰੂ ਨੂੰ ਪਛਾਣ ਲਿਆ ਹੈ, ਉਹਨਾਂ ਨੂੰ ਸਾਰੀ ਸੋਝ=ਗਿਆਤ ਪੈ ਗਈ ਹੈ॥ ੨ ॥ ੪ ॥ ੯੦ ॥

**ਬਿਲਾਵਲੁ ਮਹਲਾ ੫ ॥**

**ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥**

੧. ਅਸੀਂ ਵਿਚਾਰੇ ਜੀਅ ਜੰਤ ਕੀ ਚੀਜ਼ ਹਾਂ, ਤੇਰੇ ਜਸ ਨੂੰ ਇਕ ਰੋਮ ਜਿੰਨਾ ਭੀ ਕਥਨ ਨਹੀਂ ਕਰ ਸਕਦੇ।

੨. ਆਪ ਜੀ ਦੇ ਇਕ ਰੋਮ ਨੂੰ ਭੀ ਕਥਨ ਨਹੀਂ ਕਰ ਸਕਦੇ, ਕਿਉਂਕਿ ਇਕ-ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮੰਡ ਹਨ।

**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ॥ ੧ ॥**

ਹੇ ਬੇਅੰਤ ਠਾਕੁਰ ! ਬ੍ਰਹਮਾ, ਸ਼ਿਵ, ਸਿਧ, ਮੁਨੀ ਅਤੇ ਇੰਦਰਾ=ਲੱਛਮੀ,

ਵਾ:- ਇੰਦਰ ਆਦਿਕਾਂ ਨੇ ਭੀ ਤੇਰੀ ਗਤੀ ਨਹੀਂ ਪਾਈ ਹੈ॥ ੧ ॥

**ਕਿਆ ਕਥੀਐ ਕਿਛੁ ਕਥਨੁ ਨ ਜਾਈ॥**

ਕੀ ਕਥਨ ਕਰੀਏ, ਕਿਉਂਕਿ ਕੁਝ ਕਥਨ ਨਹੀਂ ਕੀਤਾ ਜਾਂਦਾ।

**ਜਹ ਜਹ ਦੇਖਾ ਤਹ ਰਹਿਆ ਸਮਾਈ॥ ੧ ॥ ਰਹਾਉ ॥**

ਜਿਥੇ ਜਿਥੇ ਦੇਖਦਾ ਹਾਂ, ਤੂੰ ਓਥੇ ਹੀ ਸਮਾਈ ਕਰ ਰਿਹਾ ਹੈਂ ॥ ੧ ॥ ਰਹਾਉ ॥

**ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ॥**

ਜਿਥੇ ਪ੍ਰਲੋਕ ਵਿਚ ਬੜਾ ਭਿਆਨਕ ਜਮਾਂ ਦਾ ਦੁੱਖ ਸੁਣਿਆ ਜਾਂਦਾ ਹੈ, ਹੇ ਮੇਰੇ ਪ੍ਰਭੂ ! ਓਥੇ ਤੂੰ ਹੀ ਸਹਾਈ ਹੁੰਦਾ ਹੈਂ।

**ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ**
**ਗੁਰਿ ਨਾਨਕ ਕਉ ਬੂਝ ਬੁਝਾਈ॥ ੨ ॥ ੫ ॥ ੯੧ ॥**

ਹੇ ਪ੍ਰਭੂ ! ਤੇਰੀ ਸ਼ਰਨੀ ਪਿਆ ਹਾਂ ਅਤੇ ਹੇ ਹਰੀ ! ਆਪ ਜੀ ਦੇ ਚਰਨਾਂ ਦੀ ਓਟ ਗ੍ਰਹਿਣ ਕੀਤੀ ਹੈ, ਪਰ ਇਹ ਬੂਝ ਮੈਨੂੰ ਗੁਰਾਂ ਨੇ ਸਮਝਾਈ ਹੈ॥ ੨ ॥ ੫ ॥ ੯੧ ॥

**ਬਿਲਾਵਲੁ ਮਹਲਾ ੫ ॥**

**ਅਗਮ ਰੂਪ ਅਬਿਨਾਸੀ ਕਰਤਾ ਪਤਿਤ ਪਵਿਤ ਇਕ ਨਿਮਖ ਜਪਾਈਐ॥**

ਹੇ ਅਗਮ ਰੂਪ ਅਬਿਨਾਸੀ ਕਰਤਾ ਪੁਰਖ, ਪਤਿਤ ਪਵਿਤ=ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ! ਮੈਨੂੰ ਉੱਦਮ ਦੇ ਕੇ ਮੇਰੇ ਪਾਸੋਂ ਇਕ ਨਿਮਖ ਨਿਮਖ ਸਮੇਂ ਵਿਚ ਆਪਣਾ ਨਾਮ ਜਪਾਉਣਾ ਕਰਾਓ।

**ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ॥ ੧॥**

ਹੇ ਅਸਚਰਜ ਰੂਪ ਪਰਮਾਤਮਾ! ਮੈਂ ਸੁਣਿਆ ਹੈ ਤੂੰ ਸੰਤਾਂ ਦੁਆਰੇ ਪ੍ਰਾਪਤ ਹੁੰਦਾ ਹੈਂ,

ਇਸ ਲਈ ਤੇਰੇ ਨਾਲ ਭੇਟੁਲੇ=ਮਿਲੇ ਜੋ ਸੰਤ ਹਨ,

ਉਨ੍ਹਾਂ ਦੇ ਚਰਨਾਂ ਹੀ ਚਰਨਾਂ ਨਾਲ ਮੇਰਾ ਮਨ ਲਾਉਣਾ ਕਰੋ।

ਵਾ:-ਜੋ ਸੰਤ ਚਰਨ=ਵੇਦਾਂ ਦਾ ਸਿਧਾਂਤ ਨਿਸਚੇ ਕਰਨ ਵਾਲੇ ਹਨ,

ਵਾ:- ਚਰਨ=ਸ੍ਰੇਸ਼ਟ ਕਰਤੱਬਾਂ ਦੇ ਕਰਨ ਵਾਲੇ ਹਨ, ਉਨ੍ਹਾਂ ਸੰਤਾਂ ਦੇ ਚਰਨਾਂ ਨਾਲ ਮੇਰਾ ਮਨ ਲਾਉਣਾ ਕਰੋ॥ ੧॥

**ਕਿਤੁ ਬਿਧੀਐ ਕਿਤੁ ਸੰਜਮਿ ਪਾਈਐ॥**

ਕਿਸ ਵਿਧੀ ਕਰਕੇ ਅਤੇ ਕਿਸ ਸੰਜਮ ਕਰਕੇ ਪਾਈਦਾ ਹੈਂ?

**ਕਹੁ ਸੁਰਜਨ ਕਿਤੁ ਜੁਗਤੀ ਧਿਆਈਐ॥ ੧॥ ਰਹਾਉ॥**

ਕਹੁ ਖਾਂ ਸੁਰਜਨ=ਪ੍ਰਮਾਤਮਾ ਕਿਸ ਜੁਗਤੀ ਕਰਕੇ ਧਿਆਈਦਾ ਹੈ?॥ ੧॥ ਰਹਾਉ॥ ਉੱਤਰ:-

**ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ॥**

ਜੋ ਮਨੁੱਖ ਕਿਸੇ ਮਨੁੱਖ ਦੀ ਸੇਵਾ ਕਰਦਾ ਹੈ, ਉਹ ਮਨੁੱਖ ਉਸ ਦੀ ਭਲਿਆਈ ਕੀਤੀ ਹੋਈ ਨੂੰ ਮੁੜ-ਮੁੜ ਕੇ ਲਈ ਹੀ ਲਈ ਜਾਂਦਾ ਹੈ।

ਅਰਥਾਤ ਉਸ ਦੇ ਉਪਕਾਰ ਨੂੰ ਭੁਲਾਉਂਦਾ ਨਹੀਂ ਹੈ, ਸਗੋਂ ਹਮੇਸ਼ਾਂ ਯਾਦ ਰੱਖਦਾ ਹੈ।

ਵਾ:-ਜਿਥੇ ਭੀ ਉਹ ਜਾਂਦਾ ਹੈ ਉਸ ਦੇ ਲਈ ਉਹ ਕੁਝ ਚੰਗੀ ਚੀਜ਼ ਲਈ ਹੀ ਜਾਂਦਾ ਹੈ,

ਇਸੇ ਤਰ੍ਹਾਂ ਜੇ ਤੂੰ ਭੀ ਗੁਰਾਂ ਦੀ, ਜਾਂ ਪ੍ਰਭੂ ਦੀ ਸੇਵਾ ਕਰੇਂਗਾ ਤਾਂ ਤੇਰੇ ਲਈ ਉਹ ਪ੍ਰਭੂ ਅਨੇਕਾਂ ਪਦਾਰਥ ਲਿਆ ਕੇ ਤੈਨੂੰ ਦੇਵੇਗਾ। ਤੇ ਤੇਰੀ ਕੀਤੀ ਹੋਈ ਸੇਵਾ ਨੂੰ ਉਹ ਭੁਲਾਏਗਾ ਨਹੀਂ।

**ਨਾਨਕ ਸਰਨਿ ਸਰਣਿ ਸੁਖ ਸਾਗਰ**

**ਮੋਹਿ ਟੇਕ ਤੇਰੋ ਇਕ ਨਾਈਐ॥ ੨॥ ੬॥ ੯੨॥**

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ! ਤੂੰ ਉਸ ਅੱਗੇ ਬੇਨਤੀ ਕਰ,

ਹੇ ਸੁਖ ਸਾਗਰ ਪ੍ਰਭੂ! ਮੈਂ ਆਪ ਜੀ ਦੀ ਸ਼ਰਨ ਹੀ ਸ਼ਰਨ ਹਾਂ,

ਵਾ:-ਸ਼ਰਨਾਂ ਵਿਚੋਂ ਹੇ ਸੁਖ ਸਾਗਰ! ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਵਾ:-ਜਿਸ ਆਪ ਜੀ ਦੇ ਸਰ ਨ=ਸੁਦ੍ਰਿਸ਼ ਕੋਈ ਨਹੀਂ ਹੈ, ਇਸ ਕਰਕੇ ਹੇ ਸੁਖ ਸਾਗਰ! ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਮੈਨੂੰ ਇਕ ਤੇਰੇ ਨਾਮ ਦੀ ਟੇਕ=ਓਟ ਹੈ॥ ੨॥ ੬॥ ੯੨॥

**ਬਿਲਾਵਲੁ ਮਹਲਾ ੫॥ ਸੰਤ ਸਰਣਿ ਸੰਤ ਟਹਲ ਕਰੀ॥**

ਸੰਤਾਂ ਦੀ ਸ਼ਰਨੀ ਪੈ ਕੇ ਸੰਤਾਂ ਦੀ ਸੇਵਾ-ਟਹਲ ਕੀਤੀ ਹੈ।

**ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ॥ ੧॥ ਰਹਾਉ॥**

ਧੰਦਿਆਂ ਦੇ ਬੰਧਨ ਅਤੇ ਸਾਰਿਆਂ ਜੰਜਾਲਾਂ ਤੋਂ, ਪੁਨਾ ਹੋਰਨਾਂ ਕੰਮਾਂ ਤੋਂ ਮੈਂ ਛੁਟ ਪਈ ਹਾਂ।

**ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ॥**

ਗੁਰਾਂ ਪਾਸੋਂ ਜੋ ਹਰੀ ਦਾ ਨਾਮ ਪਾਇਆ ਹੈ, ਉਸ ਨਾਮ ਕਰ ਕੇ ਸੂਖ ਸਹਜ=ਅਚੁੱਤ ਸੁਖ ਅਤੇ ਘਨੋ=ਬੜਾ ਆਨੰਦ ਪ੍ਰਾਪਤ ਹੋਇਆ ਹੈ।

[ਪੰਨਾ ੮੨੩]

**ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ॥ ੧ ॥**

ਹਰੀ ਨਾਮ ਰਸ ਐਸਾ ਹੈ ਜਿਸ ਨੂੰ ਮੈਂ ਕਥਨ ਨਹੀਂ ਕਰ ਸਕਦਾ,

ਪੂਰਿਆਂ ਗੁਰਾਂ ਨੇ ਸੰਸਾਰ ਵਲੋਂ ਉਲਟਾ ਕੇ ਉਸ ਵਿਚ ਮੇਰੀ ਬਿਰਤੀ ਟਿਕਾ ਦਿੱਤੀ ਹੈ॥ ੧ ॥

**ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ॥**

ਮੋਹਨੁ=ਪਰਮਾਤਮਾ ਨੂੰ ਸਾਰਿਆਂ ਦੇ ਨਾਲ ਦੇਖਿਆ ਹੈ, ਕਿਸੇ ਜਗ੍ਹਾ ਊਨ ਨਹੀਂ ਹੈ, ਸਾਰੀ ਸ੍ਰਿਸ਼ਟੀ ਆਪਣੀ ਚੇਤਨ ਸੱਤਾ ਨਾਲ ਭਰੀ ਹੋਈ ਹੈ।

**ਪੂਰਨ ਪੂਰਿ ਰਹਿਓ ਕਿਰਪਾ ਨਿਧਿ**
**ਕਹੁ ਨਾਨਕ ਮੇਰੀ ਪੂਰੀ ਪਰੀ॥ ੨ ॥ ੭ ॥ ੯੩ ॥**

ਪੂਰਨ ਜੋ ਕਿਰਪਾ ਨਿਧੀ ਪਰਮਾਤਮਾ ਹੈ, ਉਹ ਸਾਰੇ ਪੂਰਨ ਹੋ ਰਿਹਾ ਹੈ, ਇਹ ਗੱਲ ਜਾਣ ਕੇ ਜਾਂ ਉਸ ਨੂੰ ਜਪ ਕੇ ਮੇਰੀ ਪੂਰੀ ਪਤ-ਆਬਰੋ ਪਈ ਹੈ॥ ੨ ॥ ੭ ॥ ੯੩ ॥

**ਬਿਲਾਵਲੁ ਮਹਲਾ ੫ ॥ ਮਨ ਕਿਆ ਕਹਤਾ ਹਉ ਕਿਆ ਕਹਤਾ॥**

ਹੇ ਪ੍ਰਭੂ ! ਮਨ ਕੀ ਕਹਿੰਦਾ ਹੈ ? ਅਤੇ ਮੈਂ ਕੀ ਕਹਿੰਦਾ ਹਾਂ। ਭਾਵ-

ਮਨ ਕਹਿੰਦਾ ਹੈ- 'ਤੂੰ ਸੰਸਾਰਕ ਪਦਾਰਥਾਂ ਵਲ ਚਲ।' ਤੇ ਮੈਂ ਆਖਦਾ ਹਾਂ-'ਤੂੰ ਪਰਮੇਸ਼ਰ ਵਲ ਚਲ।'

ਫੇਰ ਮੈਂ ਇਹ ਗੱਲ ਭੀ ਸਮਝਾਉਂਦਾ ਹਾਂ ਕਿ-

**ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥ ੧ ॥ ਰਹਾਉ॥**

ਮੇਰੇ ਪ੍ਰਭੂ ਠਾਕੁਰ ਸਾਰੀਆਂ ਗੱਲਾਂ ਦੇ ਜਾਣਨ ਨੂੰ ਪ੍ਰਬੀਨ=ਚਤੁਰ ਹਨ,

ਜਿਸ ਵੇਲੇ ਉਹ ਤੇਰੇ ਪਾਸੋਂ ਪੁੱਛਣਗੇ ਤਾਂ ਉਨ੍ਹਾਂ ਦੇ ਅੱਗੇ ਤੂੰ ਕੀ ਕਹੇਂਗਾ ?

**ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥**

ਜੀਵਾਂ ਦੇ ਹਿਰਦੇ ਵਿਚ ਜੋ ਕੁਝ ਭੀ ਸੰਕਲਪ ਹੁੰਦਾ ਹੈ,

ਉਸ ਸੰਕਲਪ ਨੂੰ ਬੋਲੇ ਤੋਂ ਬਗੈਰ ਹੀ ਤੂੰ ਪਛਾਣਦਾ ਹੈਂ।

*ਯਥਾ:-* "ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ।"

**ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥ ੧ ॥**

ਹੇ ਪਾਪੀ ਮਨ ! ਕਿਸ ਵਾਸਤੇ ਕਿਥੋਂ ਤਕ ਤੂੰ ਭਟਕਦਾ ਫਿਰਦਾ ਹੈਂ,

ਜੇਕਰ ਕਰਤਾ ਪੁਰਖ ਤੇਰੇ ਨਾਲ ਵਸ ਕੇ ਤੇਰੇ ਸਾਰਿਆਂ ਹੀ ਕੰਮਾਂ ਨੂੰ ਵੇਖਦਾ ਅਤੇ ਸੁਣਦਾ ਹੈ॥ ੧॥

## ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਕਰਨ ਵਾਲਾ ਨਹੀਂ ਹੈ,
ਇਸ ਤਰ੍ਹਾਂ ਜਾਣ ਕੇ ਮਨ ਵਿਚ ਅਨੰਦ ਹੋਏ ਹਾਂ।

## ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ॥੨॥੮॥੯੪॥

ਗੁਰੂ ਜੀ ਕਥਨ ਕਰਦੇ ਹਨ-ਪੂਰਨ ਗੁਰੂ ਦਿਆਲੂ ਹੋਏ ਹਨ,
ਇਸ ਲਈ ਉਹ ਹਰੀ ਰੰਗ ਚੜ੍ਹਿਆ ਹੈ ਜੋ ਕਦੇ ਲਹਿੰਦਾ ਨਹੀਂ ਹੈ॥ ੨॥ ੮॥ ੯੪॥

## ਬਿਲਾਵਲੁ ਮਹਲਾ ੫ ॥

**ਉਥਾਨਕਾ:-** ਜਿਸ ਵੇਲੇ ਚੰਦੂ 'ਸਵਾਹੀ' ਦੀ ਲੜਕੀ ਦਾ ਸਾਕ ਗੁਰੂ ਅਰਜਨ ਸਾਹਿਬ ਜੀ ਨੇ ਨਾ ਲੀਤਾ ਤਾਂ ਚੰਦੂ ਨੇ ਅਕਬਰ ਬਾਦਸ਼ਾਹ ਅੱਗੇ ਗੁਰੂ ਜੀ ਦੀ ਚੁਗਲੀ ਕੀਤੀ, ਕਿ 'ਗੁਰੂ ਜੀ ਨੇ ਚੋਰ ਰੱਖੇ ਹੋਏ ਹਨ, ਉਹ ਸਾਡੀ ਕਿਤਾਬ ਚੁਰਾ ਕੇ ਲੈ ਗਏ ਹਨ, ਉਹ ਕਿਤਾਬ ਜ਼ਰੂਰ ਮੰਗਾਉਣੀ ਚਾਹੀਦੀ ਹੈ।' ਇਤਿਆਦਿਕ ਚੰਦੂ ਨੇ ਬਹੁਤ ਗੱਲਾਂ ਕਹੀਆਂ ਪਰ ਬਾਦਸ਼ਾਹ ਨੇ ਸੁਣੀ ਅਨ-ਸੁਣੀ ਕਰ ਦਿੱਤੀ । ਤੇ ਆਖਿਆ-'ਮੈਨੂੰ ਤਾਂ ਇਸ ਤਰ੍ਹਾਂ ਦੇ ਦੋਸ਼ ਉਨ੍ਹਾਂ ਵਿਚ ਕੋਈ ਪ੍ਰਤੀਤ ਨਹੀਂ ਹੁੰਦੇ।' ਕੁਝ ਸਮਾਂ ਪਾ ਕੇ ਚੰਦੂ ਨੇ ਫਿਰ ਸੁਲੱਬੀ ਨੂੰ ਹੁਕਮ ਦਿਵਾਇਆ। (ਇਹ ਸੁਲਹੀ ਦਾ ਭਤੀਜਾ ਸੀ, ਸੁਲਹੀ ਦੇ ਮਰਨ ਪਿੱਛੋਂ ਸੁਲਹੀ ਵਾਲਾ ਮਰਾਤਬਾ ਇਸ ਨੂੰ ਮਿਲਿਆ ਸੀ।) ਜਿਸ ਵੇਲੇ ਚੰਦੂ ਦਾ ਪ੍ਰੇਰਿਆ ਹੋਇਆ ਇਹ ਸੁਲੱਬੀ ਗੁਰੂ ਜੀ ਨੂੰ ਫੜਨ ਆਇਆ, ਤਾਂ ਰਸਤੇ ਵਿਚ ਇਕ ਸਯਦ ਮਿਲ ਪਿਆ, ਉਸ ਨੇ ਸੁਲਹੀ ਪਾਸੋਂ ਕੁਝ ਰੁਪਏ ਲੈਣੇ ਸਨ। ਸਯਦ ਨੇ ਕਿਹਾ-'ਹੇ ਸੁਲੱਬੀ ਤੂੰ ਚਾਚੇ ਦੀ ਸਾਰੀ ਮਲਕੀਅਤ ਸਾਂਭੀ ਹੈ, ਇਸ ਲਈ ਉਸ ਨੇ ਜੋ ਰੁਪਈਆ ਦੇਣਾ ਸੀ ਉਹ ਤੂੰ ਦੇ।' ਇਸ ਨੇ ਕਿਹਾ-'ਮੈਂ ਕਿਉਂ ਦੇਵਾਂ।' ਆਪਸ ਵਿਚ ਬੋਲਦੇ-ਬੋਲਦੇ ਲੜ ਪਏ। ਸਯਦ ਨੇ ਤਲਵਾਰ ਮਾਰ ਕੇ ਇਸ ਦਾ ਸਿਰ ਕੱਟ ਦਿੱਤਾ। ਜਿਸ ਵੇਲੇ ਇਹ ਖ਼ਬਰ ਅੰਮ੍ਰਿਤਸਰ ਪਹੁੰਚੀ ਕਿ ਸੁਲੱਬੀ ਮਰ ਗਿਆ ਹੈ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ-

## ਨਿੰਦਕੁ ਐਸੇ ਹੀ ਝਰਿ ਪਰੀਐ॥

## ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ॥੧॥ਰਹਾਉ॥

ਨਿੰਦਕ ਪੁਰਸ਼ ਇਸ ਤਰ੍ਹਾਂ ਹੀ ਝੜ ਪੈਂਦੇ ਹਨ। ਹੇ ਭਾਈ ਤੁਸੀਂ ਇਹ ਨਿਸ਼ਾਨੀ ਸੁਣਨਾ ਕਰੋ,
ਜਿਵੇਂ ਕੱਲਰ ਦੀ ਭੀਤਿ=ਕੰਧ ਡਿਗ ਪੈਂਦੀ ਹੈ॥ ੧॥ ਰਹਾਉ॥

## ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥

ਜਦ ਕਿਸੇ ਦਾ ਛਿਦ੍ਰ=ਦੋਸ਼ ਵੇਖਦਾ ਹੈ ਤਾਂ ਨਿੰਦਕ ਉਮਾਹੈ=ਖੁਸ਼ ਹੁੰਦਾ ਹੈ, ਅਤੇ ਕਿਸੇ ਦਾ ਭਲਾ ਹੁੰਦਾ ਵੇਖ ਕੇ ਦੁਖ ਭਰੀਐ=ਦੁਖ ਪਾਉਂਦਾ ਹੈ।

## ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ॥੧॥

ਅੱਠੇ ਪਹਿਰ ਬੁਰਾ ਸੋਚਦਾ ਹੈ, ਪਰ ਬੁਰਿਆਈ ਕਰਨੇ ਨੂੰ ਪਹੁੰਚ ਨਹੀਂ ਸਕਦਾ, ਬੁਰਾ ਚਿਤਵਦਾ ਚਿਤਵਦਾ

ਹੀ ਨਿੰਦਕ ਮਰ ਜਾਂਦਾ ਹੈ॥ ੧॥

## ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ॥

ਪ੍ਰਭੂ ਨੇ ਨਿੰਦਕ ਨੂੰ ਭੁਲਾ ਦਿੱਤਾ ਹੈ ਇਸ ਲਈ ਉਸ ਦਾ ਕਾਲ ਨੇੜੇ ਆਇਆ ਹੈ,

ਤਾਂ ਕਰਕੇ ਹੀ ਉਸ ਨੇ ਹਰੀ ਦੇ ਸੇਵਕ ਜਨਾਂ ਨਾਲ ਬਾਦੁ=ਝਗੜਾ ਖੜਾ ਕਰ ਲਿਆ ਹੈ।

## ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ॥ ੨॥ ੯॥ ੯੫॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦਾ ਰਾਖਾ,

ਆਪ ਪ੍ਰਭੂ ਸੁਆਮੀ ਹੈ; ਇਹ ਮਨੁੱਖ ਵਿਚਾਰੇ ਕਿਸੇ ਦਾ ਕੀ ਨੁਕਸਾਨ ਕਰ ਸਕਦੇ ਹਨ॥ ੨॥ ੯॥ ੯੫॥

## ਬਿਲਾਵਲੁ ਮਹਲਾ ੫॥ ਐਸੇ ਕਾਹੇ ਭੂਲਿ ਪਰੇ॥

ਹੇ ਭਾਈ! ਤੁਸੀਂ ਇਸ ਪਰਕਾਰ ਕਿਉਂ ਭੁੱਲ ਪਏ ਹੋ।

## ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ॥ ੧॥ ਰਹਾਉ॥

ਤੁਸੀਂ ਆਪ ਨਿੰਦਿਆ ਆਦਿਕ ਖੋਟੇ ਕਰਮ ਕਰਦੇ ਹੋ ਅਤੇ ਹੋਰਨਾਂ ਪਾਸੋਂ ਨਿੰਦਿਆ ਆਦਿਕ ਕਰਮ ਕਰਾਉਂਦੇ ਹੋ, ਅੰਤ ਨੂੰ ਫਿਰ ਮੁਕਰ ਪੈਂਦੇ ਹੋ ਕਿ ਅਸਾਂ ਨੇ ਨਹੀਂ ਕੀਤੇ,

ਪਰ ਇਹ ਯਾਦ ਰਖਣਾ:-ਉਹ ਹਰੀ ਤੁਹਾਡੇ ਅੰਗ-ਸੰਗ ਹੋ ਕੇ ਤੁਹਾਡੇ ਕਰਮਾਂ ਨੂੰ ਸਦਾ ਵੇਖਦਾ ਅਤੇ ਸੁਣਦਾ ਹੈ॥ ੧॥ ਰਹਾਉ॥ ਏਸੇ ਕਰਕੇ ਤੀਜੇ ਸਤਿਗੁਰੂ ਜੀ ਫੁਰਮਾਉਂਦੇ ਨੇ-

"ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥

ਸਦ ਸੁਣਦਾ ਸਦਾ ਵੇਖਦਾ ਸਬਦਿ ਰਹਿਆ ਭਰਪੂਰਿ॥ ੧॥" *(ਆਸਾ ਮਹਲਾ ੩, ਪੰਨਾ ੪੨੯)*

## ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ॥

ਵਿਸ਼ੇ ਵਿਕਾਰਾਂ ਰੂਪੀ ਕੱਚ ਨੂੰ ਵਾ:-ਸ਼ਕਾਮ ਕਰਮਾਂ ਰੂਪੀ ਕੱਚ ਨੂੰ ਖਰੀਦਦੇ ਹੋ,

ਨਾਮ ਰੂਪ ਕੰਚਨ=ਸੋਨੇ ਨੂੰ, ਵਾ:- ਨਿਸ਼ਕਾਮ ਕਰਮਾਂ ਰੂਪੀ ਸੋਨੇ ਨੂੰ ਛੱਡ ਦਿੱਤਾ ਹੈ,

ਕੁਟੰਬ ਦੇ ਜਿਤਨੇ ਪੁਰਸ਼ ਹਨ ਇਹ ਵੈਰੀ ਹਨ, ਇਨ੍ਹਾਂ ਨੂੰ ਸੰਗੀ ਜਾਣਕੇ ਹੇਤੁ=ਪ੍ਰੇਮ ਕਰਦਾ ਹੈਂ ਲੋਕ ਪ੍ਰਲੋਕ ਦੇ ਸਹਾਈ ਜੋ ਸੱਜਣ ਮਹਾਤਮਾ ਹਨ, ਉਹਨਾਂ ਨੂੰ ਤਿਆਗ ਖਲੋਤਾ ਹੈਂ।

## ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ॥ ੧॥

ਜੋ ਸੱਚ ਹੋ ਕੇ ਰਹਿੰਣਾ ਹੈ 'ਮਰਨਾ' ਉਹ ਤੈਨੂੰ ਕੌੜਾ ਲੱਗ ਰਿਹਾ ਹੈ, ਅਨਹੋਵਨੁ=ਜੀਉਣਾ ਮਿੱਠਾ ਲੱਗ

ਰਿਹਾ ਹੈ, ਬਿਖਿਆ=ਮਾਇਆ ਮਹਿ=ਵਿਚ ਲੰਪਟ ਹੋ ਕੇ।

ਵਾ:-ਵਿਸ਼ੇ ਵਿਕਾਰਾਂ ਵਿਚ ਲੰਪਟ ਹੋ ਕੇ ਜਰੋ=ਸੜ ਰਹੇ ਹੋ॥ ੧॥

**ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ॥**

ਗ੍ਰਿਹਸਤ, ਵਾ:-ਸੰਸਾਰ ਰੂਪ ਅੰਨ੍ਹੇ ਖੂਹ ਇਹ ਪਰਾਨੀ=ਜੀਵ ਡਿੱਗਾ ਪਿਆ ਹੈ, ਭਰਮ ਦੇ ਗੁਬਾਰ ਕਰ ਕੇ ਮੋਹ ਦੇ ਬੰਧਨਾਂ ਵਿਚ ਪੈ ਰਿਹਾ ਹੈ ਭਾਵ ਫਸ ਗਿਆ ਹੈ।

**ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ॥੨॥੧੦॥੯੬॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪ੍ਰਭੂ ਦਿਆਲੂ ਹੁੰਦਾ ਹੈ ਉਸਨੂੰ ਗੁਰੂ ਮਿਲਕੇ ਬੁੱਧੀ ਰੂਪ ਬਾਂਹ ਤੋਂ ਫੜ ਕੇ ਬਾਹਰ ਕੱਢ ਦੇਂਦੇ ਹਨ॥ ੨॥ ੧੦॥ ੯੬॥

**ਬਿਲਾਵਲੁ ਮਹਲਾ ੫॥ ਮਨ ਤਨ ਰਸਨਾ ਹਰਿ ਚੀਨ੍ਹਾ॥**

ਮਨ ਕਰਕੇ, ਤਨ ਕਰਕੇ, ਰਸਨਾ=ਬਾਣੀ ਦੁਆਰਾ ਹਰੀ ਨੂੰ ਚੀਨ੍ਹਾ=ਜਾਣਿਆ ਹੈ।

**ਭਏ ਅਨੰਦਾ ਮਿਟੇ ਅੰਦੇਸੇ ਸਰਬ ਸੂਖ ਮੋ ਕਉ ਗੁਰਿ ਦੀਨ੍ਹਾ॥੧॥ ਰਹਾਉ॥**

ਇਸ ਲਈ ਅਨੰਦ ਹੋ ਗਏ ਹਾਂ, ਸੰਸੇ ਮਿਟ ਗਏ ਹਨ, ਗੁਰਾਂ ਨੇ ਸਾਰਿਆਂ ਸੁਖਾਂ ਦਾ ਸਮੁਦਾਅ ਮੈਨੂੰ ਦੇ ਦਿੱਤਾ ਹੈ॥ ੧॥ ਰਹਾਉ॥

**ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ॥**

ਇਆਨਪ=ਅਨਜਾਨ-ਪਨੇ ਤੋਂ ਸਾਰੀ ਸਿਆਣਪ ਹੋ ਗਈ ਹੈ, ਮੇਰਾ ਪ੍ਰਭੂ ਦਾਨਾ=ਦਨਾਈ ਵਾਲਾ ਤੇ ਬੀਨਾ=ਦ੍ਰਿਸ਼ਟਾ ਹੈ।

**ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ॥੧॥**

ਆਪਣੇ ਦਾਸ ਨੂੰ ਆਪ ਹੀ ਹੱਥ ਦੇ ਕੇ ਰੱਖਦਾ ਹੈ, ਉਸ ਕਰਤੇ ਦੇ ਹੱਥੋਂ ਕਿਸੇ ਦਾ ਕੁਝ ਖੀਨਾ=ਨੁਕਸਾਨ ਨਹੀਂ ਹੁੰਦਾ॥ ੧॥

**ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿ ਨਾਮੁ ਲੀਨਾ॥**

ਸੰਤਾਂ ਦੇ ਦਰਸ਼ਨ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਹਰੀ ਨਾਮ ਲੈਣਾ ਕੀਤਾ ਹੈ।

**ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ॥੨॥੧੧॥੯੭॥**

ਗੁਰੂ ਜੀ ਕਥਨ ਕਰਦੇ ਹਨ-ਠਾਕੁਰ ਦੇ ਭਰੋਸੇ ਰਹਿਣ ਕਰ ਕੇ ਇਕ ਛੀਨਾ=ਛਿਨ ਮਾਤਰ ਭੀ ਹੋਰ ਕਿਸੇ ਉੱਤੇ ਮਨ ਨਹੀਂ ਮੰਨਿਆ।

*ਅਥਵਾ:*-ਨਾ ਕਿਸੇ ਹੋਰ ਉੱਤੇ ਮਨ ਮੰਨਿਆ ਹੈ, ਨਾਹੀ ਛੀਨਾ=ਕ੍ਰਿਸ ਹੋਇਆ ਹੈ॥ ੨॥ ੧੧॥ ੯੭॥

**ਬਿਲਾਵਲੁ ਮਹਲਾ ੫॥ ਗੁਰਿ ਪੂਰੈ ਮੇਰੀ ਰਾਖਿ ਲਈ॥**

ਪੂਰਿਆਂ ਗੁਰਾਂ ਨੇ ਮੇਰੀ ਪੈਜ ਰੱਖ ਲਈ ਹੈ।

**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ਰਹਾਉ॥**

ਮੇਰੇ ਹਿਰਦੇਂ ਵਿਚ ਨਾਮ-ਅੰਮ੍ਰਿਤ ਵਸਾ ਦਿੱਤਾ ਹੈ, ਜਿਸ ਕਰਕੇ ਜਨਮਾਂ ਜਨਮਾਤਰਾਂ ਦੀ ਪਾਪਾਂ ਰੂਪੀ ਮੈਲ ਲਹਿ ਗਈ ਹੈ॥ ੧ ॥ ਰਹਾਉ॥

**ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥**

ਪੂਰਿਆਂ ਗੁਰਾਂ ਦਾ ਜਾਪ ਜਪਿਆ ਹੈ, ਇਸ ਕਰਕੇ ਬੈਰਾਈ=ਵੈਰ ਕਰਨ ਵਾਲੇ ਦੁਸ਼ਟ ਦੂਤ ਨਵਿਰਤ ਹੋ ਗਏ ਹਨ।

[ਪੰਨਾ ੮੨੪]

**ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥**

ਕੋਈ ਵਿਚਾਰਾ ਸਾਡਾ ਕੀ ਨੁਕਸਾਨ ਕਰੇਗਾ? ਮੇਰੇ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੧॥

**ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥**

ਵਾਹਿਗੁਰੂ ਦੇ ਚਰਨ-ਕਮਲਾਂ ਦਾ ਧਿਆਨ ਮਨ ਵਿਚ ਰੱਖ ਕੇ, ਉਸ ਦਾ ਸਿਮਰਨ ਜੋ ਸਿਮਰਨੇ ਜੋਗ ਹੈ, ਉਸ ਨੂੰ ਸਿਮਰ ਕੇ ਹੀ ਸੁਖ ਪਾਇਆ ਹੈ।

**ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਸ ਦੀ ਸ਼ਰਨੀ ਪਿਆ ਹਾਂ, ਜਿਸ ਤੋਂ ਉੱਪਰ ਹੋਰ ਕੋਈ ਵੱਡਾ ਨਹੀਂ ਹੈ॥ ੨ ॥ ੧੨ ॥ ੯੮ ॥

**ਬਿਲਾਵਲੁ ਮਹਲਾ ੫ ॥ ਸਦਾ ਸਦਾ ਜਪੀਐ ਪ੍ਰਭ ਨਾਮ ॥**

ਸਦਾ=ਨਿਤ ਰੂਪ ਪ੍ਰਭੂ ਦੇ ਨਾਮ ਨੂੰ ਸਦਾ ਹੀ ਜਪਣਾ ਕਰੀਏ।

**ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥੧॥ਰਹਾਉ॥**

ਤਾਂ ਫਿਰ ਜਰਾ=ਬੁਢੇਪੇ ਤੇ ਮਰਨ ਦਾ ਕੁਝ ਦੁੱਖ ਨਹੀਂ ਬਿਆਪੇਗਾ, ਅੱਗੇ ਦਰਗਾਹ ਵਿਚ ਵੀ ਸਾਰੇ ਕੰਮ ਪੂਰਨ ਹੋਣਗੇ॥ ੧॥ ਰਹਾਉ॥

**ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥**

ਆਪਾ ਭਾਵ ਹੰਕਾਰ ਤਿਆਗ ਕੇ ਨਿਤ ਸ਼ਰਨੀ ਡਿੱਗੇ ਰਹੀਏ

ਤਾਂ ਗੁਰਾਂ ਪਾਸੋਂ ਇਹ ਨਾਮ-ਖਜ਼ਾਨਾ ਪਾਈਦਾ ਹੈ।

**ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥**

ਨਾਮ ਕਰਕੇ ਜਨਮ ਮਰਨ ਦੀ ਫਾਹੀ ਕੱਟੀ ਜਾਂਦੀ ਹੈ,

ਇਹ ਨਾਮ ਹੀ ਸੱਚੀ ਦਰਗਾਹ ਦਾ ਨੀਸਾਨੁ=ਪਰਵਾਨਾ ਹੈ॥ ੧॥

**ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥**

ਹੇ ਭਾਈ! ਜੋ ਵਾਹਿਗੁਰੂ ਕਰਦਾ ਹੈ ਉਸ ਨੂੰ ਤੁਸੀਂ ਭਲਾ ਕਰਕੇ ਮੰਨੋ,

ਤਾਂ ਮਨ ਵਿਚੋਂ ਸਾਰਾ ਗੁਮਾਨੁ=ਹੰਕਾਰ ਛੁੱਟ ਜਾਏਗਾ।

**ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥੧੩॥੯੯॥**

ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਸ਼ਰਨ ਵਿਚ ਆਉਣਾ ਕਰੋ,
ਸਾਰਾ ਜਹਾਨ ਜਿਸ ਦਾ ਕੀਤਾ ਹੋਇਆ ਹੈ॥ ੨॥ ੧੩॥ ੯੯॥

**ਬਿਲਾਵਲੁ ਮਹਲਾ ੫ ॥ ਮਨ ਤਨ ਅੰਤਰਿ ਪ੍ਰਭੁ ਆਹੀ ॥**

ਸੰਤ ਭਗਤ ਹਮੇਸ਼ਾਂ ਮਨ ਤਨ ਦੇ ਅੰਦਰ ਪ੍ਰਭੂ ਨੂੰ ਹੀ ਆਹੀ=ਚਾਹੁੰਦੇ ਹਨ। ਅਤੇ-

**ਹਰਿ ਗੁਨ ਗਾਵਤ ਪਰਉਪਕਾਰ ਨਿਤ**
**ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ ਰਹਾਉ ॥**

ਜਿਸ ਰਸਨਾ ਦੁਆਰੇ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ ਤੇ ਨਿਤ ਹੀ ਪਰਉਪਕਾਰ ਦਾ ਉਪਦੇਸ਼ ਦਿੰਦੇ ਹਨ, ਉਸ ਰਸਨਾ ਦਾ ਮੁੱਲ ਕੁਝ ਨਹੀਂ ਹੈ॥ ੧॥ ਰਹਾਉ॥

**ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥**

ਸੰਤਾਂ ਦੀ ਆਪਣੀ ਕੁਲ ਅਤੇ ਸਮੂਹ ਜੀਵ ਇਕ ਖਿਨ ਵਿਚ ਤਰ ਗਏ ਹਨ,
ਸੰਤਾਂ ਨੇ ਨਾਮ ਦੁਆਰਾ ਜਨਮਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਲਾਹ ਦਿੱਤੀ ਹੈ।

**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥**

ਆਪਣੇ ਪ੍ਰਭੂ ਸੁਆਮੀ ਦੇ ਸਿਮਰਨ ਨੂੰ ਸਿਮਰ-ਸਿਮਰ ਕੇ ਅਨੰਦ ਨਾਲ ਬਿਖਿਆ=ਵਿਸ਼ਿਆਂ ਰੂਪੀ ਬਨੁ ਗਾਹੀ=ਜਲ ਨੂੰ ਲੰਘ ਜਾਂਦੇ ਹਨ॥ ੧॥

**ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥**

ਪ੍ਰਭੂ ਦੇ ਚਰਨਾਂ ਰੂਪੀ ਬੋਹਿਥੁ=ਜਹਾਜ਼ ਨੂੰ ਪਾ ਕੇ ਭਵਸਾਗਰੁ=ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ ਹਨ।

**ਸੰਤ ਸੇਵਕ ਭਗਤ ਹਰਿ ਤਾ ਕੇ**
**ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥**

ਗੁਰੂ ਜੀ ਕਥਨ ਕਰਦੇ ਹਨ-ਐਸੇ ਸੰਤ ਭਗਤ ਜੋ ਤਿਸ ਹਰੀ ਦੇ ਸੇਵਕ ਹਨ, ਮੇਰਾ ਮਨ ਉਨ੍ਹਾਂ ਵਿਚ ਲੱਗਾ ਹੈ। ਜਾਂ ਜੋ ਸੰਤ ਹਰੀ ਦੀ ਭਗਤੀ ਕਰਦੇ ਹਨ, ਉਨ੍ਹਾਂ ਦੇ ਜੋ ਸੇਵਕ ਹਨ;
ਮੇਰਾ ਮਨ ਉਨ੍ਹਾਂ ਦੇ ਚਰਨਾਂ ਨਾਲ ਲੱਗਾ ਹੈ॥ ੨॥ ੧੪॥ ੧੦੦॥

**ਬਿਲਾਵਲੁ ਮਹਲਾ ੫ ॥ ਧੀਰਉ ਦੇਖਿ ਤੁਮਾਰੇ ਰੰਗਾ ॥**

ਹੇ ਹਰੀ! ਤੁਹਾਡੇ ਰੰਗਾਂ ਨੂੰ ਦੇਖ ਕੇ ਮੇਰਾ ਮਨ ਧੀਰਜ ਨੂੰ ਪ੍ਰਾਪਤ ਹੋਇਆ ਹੈ।

**ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥**

ਹੇ ਸੁਆਮੀ ! ਤੂੰਹੀਂ ਅੰਦਰ ਦੀ ਗੱਲ ਜਾਣਦਾ ਹੈਂ ਅਤੇ ਤੂੰਹੀਂ ਸੰਤਾਂ ਦੇ ਸੰਗ ਵਿਚ ਵਸਦਾ ਹੈਂ।

## ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥ ੧ ॥

ਹੇ ਠਾਕੁਰ ! ਆਪ ਇਕ ਖਿਨ ਵਿਚ ਗਰੀਬਾਂ ਨੂੰ ਭੱਲੇ ਅਸਥਾਨ ਪਰ ਥਾਪ ਕੇ ਨਿਵਾਜੇ=ਵਡਿਆਉਂਦਾ ਹੈਂ ਅਤੇ ਨੀਚ ਕੀੜੇ-ਕੰਗਲੇ ਨੂੰ ਰਾਜੰਗਾ=ਰਾਜਾ ਕਰ ਦੇਂਦਾ ਹੈਂ॥ ੧ ॥

## ਕਬਹੂ ਨ ਬਿਸਰੈ ਹੀਏ ਮੋਰੇ ਤੇ
## ਨਾਨਕ ਦਾਸ ਇਹੀ ਦਾਨੁ ਮੰਗਾ ॥ ੨ ॥ ੧੫ ॥ ੧੦੧ ॥

ਗੁਰੂ ਜੀ ਕਥਨ ਕਰਦੇ ਹਨ-ਦਾਸ ਏਹੋ ਦਾਨ ਮੰਗਦਾ ਹੈ ਕਿ ਆਪ ਜੀ ਦਾ ਨਾਮ ਮੇਰੇ ਹਿਰਦੇ ਵਿੱਚੋਂ ਕਦੇ ਭੀ ਭੁੱਲੇ ਨਾ ॥ ੨ ॥ ੧੫ ॥ ੧੦੧ ॥

## ਬਿਲਾਵਲੁ ਮਹਲਾ ੫ ॥ ਅਚੁਤ ਪੂਜਾ ਜੋਗ ਗੋਪਾਲ ॥

ਹੇ ਗੋਪਾਲ ! ਤੂੰ ਅਚੁਤ=ਅ-ਗਿੜ ਹੈਂ ਅਤੇ ਪੂਜਾ ਕਰਨੇ ਦੇ ਜੋਗ=ਲਾਇਕ ਹੈਂ।

## ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ ॥੧ ॥ਰਹਾਉ ॥

ਹੇ ਹਰੀ ! ਆਪ ਜੀ ਦੇ ਅੱਗੇ ਮੈਂ ਅਪਣਾ ਮਨ ਤਨ ਅਰਪਣ ਕਰਕੇ ਰੱਖਦਾ ਹਾਂ, ਤੂੰਹੀਂ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈਂ॥ ੧ ॥ ਰਹਾਉ॥

## ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾ ਸਿੰਧੁ ਬਡੋ ਦਇਆਲ ॥

ਹੇ ਅਕੱਥ ਪ੍ਰਭੂ ! ਤੂੰਹੀਂ ਸੁਖਾਂ ਦੇ ਦੇਣ ਵਾਲਾ ਹੈਂ ਤੇ ਸ਼ਰਨ ਆਇਆਂ ਦੀ ਰੱਖਿਆ ਕਰਨ ਨੂੰ ਸਮਰੱਥ ਹੈਂ। ਕਿਰਪਾ ਦਾ ਸਮੁੰਦਰ ਹੈਂ ਅਤੇ ਬੜਾ ਦਿਆਲੂ ਹੈਂ।

## ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ ਬਾਲ ॥ ੧ ॥

ਜਿਸ ਆਪਣੇ ਦਾਸ ਨੂੰ ਆਪਣੇ ਗਲ ਨਾਲ ਲਗਾ ਰੱਖਦਾ ਹੈਂ ਉਸ ਨੂੰ ਦੁੱਖ ਰੂਪੀ,
ਵਾ:-ਪ੍ਰਸੂਤ ਪੌਣ ਰੂਪੀ ਤੱਤੀ ਬਾਲ=ਹਵਾ ਨਹੀਂ ਲੱਗਦੀ॥ ੧ ॥

## ਦਾਮੋਦਰ ਦਇਆਲ ਸੁਆਮੀ ਸਰਬਸੁ ਸੰਤ ਜਨਾ ਧਨ ਮਾਲ ॥

ਹੇ ਦਮੋਦਰ ਸੁਆਮੀ ! ਆਪ ਦਿਆਲੂ ਹੋ ਅਤੇ ਸੰਤ ਜਨਾਂ ਦਾ ਸਾਰਾ ਸਰਬੰਸ ਤੇ ਧਨ ਮਾਲ ਆਪ ਹੀ ਹੋ।

## ਨਾਨਕ ਜਾਚਿਕ ਦਰਸੁ ਪ੍ਰਭ ਮਾਗੈ
## ਸੰਤ ਜਨਾ ਕੀ ਮਿਲੈ ਰਵਾਲ ॥ ੨ ॥ ੧੬ ॥ ੧੦੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਜਾਚਿਕ=ਮੰਗਤਾ ਆਪ ਜੀ ਦਾ ਦਰਸ਼ਨ ਕਰਨਾ ਮੰਗਦਾ ਹਾਂ ਅਤੇ ਸੰਤ ਜਨਾਂ ਦੀ ਚਰਨ-ਧੂੜੀ ਮਿਲੇ॥ ੨ ॥ ੧੬ ॥ ੧੦੨ ॥

## ਬਿਲਾਵਲੁ ਮਹਲਾ ੫ ॥ ਸਿਮਰਤ ਨਾਮੁ ਕੋਟਿ ਜਤਨ ਭਏ ॥

ਨਾਮ ਦੇ ਸਿਮਰਨੇ ਕਰਕੇ ਕ੍ਰੋੜਾਂ ਜਤਨ (ਸਾਧਨ) ਸਿੱਧ ਹੋ ਗਏ ਹਨ।

## ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ ॥੧ ॥ਰਹਾਉ ॥

ਸਾਧ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਏ ਹਨ, ਇਸ ਲਈ ਜਮਦੂਤਾਂ ਨੂੰ ਸਾਡੇ ਪਾਸੋਂ ਤ੍ਰਾਸ ਅਹੇ=ਖੌਫ਼ ਆ ਗਿਆ ਹੈ॥ ੧॥ ਰਹਾਉ॥

## ਜੇਤੇ ਪੁਨਹਚਰਨ ਸੇ ਕੀਨ੍ਹੇ ਮਨਿ ਤਨਿ ਪ੍ਰਭ ਕੇ ਚਰਣ ਗਹੇ॥

ਪਾਪਾਂ ਦੀ ਨਿਵਿਰਤੀ ਕਰਨ ਵਾਲੇ ਜਿੰਨੇ ਕੁ ਯੱਗ, ਵਰਤ, ਤੀਰਥ ਯਾਤਰਾ ਆਦਿਕ ਪੁਨਹ-ਚਰਨ=ਪ੍ਰਾਸਚਿਤ ਹਨ, ਉਹ ਸਾਰੇ ਕਰ ਲਏ ਹਨ, ਜਿਹੜਾ ਮਨ ਤਨ ਕਰਕੇ ਪ੍ਰਭੂ ਦੇ ਚਰਨ ਗਹੇ=ਫੜੇ ਹਨ, ਏਹੀ ਸਭ ਤੋਂ ਵੱਡਾ ਪ੍ਰਾਸਚਿਤ ਹੈ।

## ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ॥੧॥

ਆਉਣਾ ਜਾਣਾ, ਜੰਮਣਾ ਮਰਨਾ, ਭਰਮ ਤੇ ਭਉ=ਡਰ ਸਾਥੋਂ ਦੂਰ ਭੱਜ ਗਿਆ ਹੈ,
ਅਤੇ ਜਨਮਾਂ-ਜਨਮਾਂ ਦੇ ਕੀਤੇ ਹੋਏ ਕਿਲਵਿਖ ਦਹੇ=ਪਾਪ ਸੜ ਗਏ ਹਨ॥ ੧॥

## ਨਿਰਭਉ ਹੋਇ ਭਜਹੁ ਜਗਦੀਸੈ ਏਹੁ ਪਦਾਰਥੁ ਵਡਭਾਗਿ ਲਹੇ॥

ਨਿਰਭਉ ਹੋ ਕੇ ਜਗਤ ਦੇ ਮਾਲਕ ਨੂੰ ਭਜਨਾ ਕਰੋ, ਪਰ ਇਹ ਨਾਮ ਪਦਾਰਥ ਵੱਡਿਆਂ ਭਾਗਾਂ ਵਾਲਾ ਪੁਰਸ਼ ਹੀ ਲਹੇ=ਲੈਂਦਾ ਹੈ।

[ਪੰਨਾ ੮੨੫]

## ਕਰਿ ਕਿਰਪਾ ਪੂਰਨ ਪ੍ਰਭ ਦਾਤੇ
## ਨਿਰਮਲ ਜਸੁ ਨਾਨਕ ਦਾਸ ਕਹੇ॥੨॥੧੭॥੧੦੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪੂਰਨ ਪ੍ਰਭੂ ਦਾਤੇ ! ਕਿਰਪਾ ਕਰ,
ਮੈਂ ਆਪ ਜੀ ਦੇ ਨਿਰਮਲ ਜਸ ਨੂੰ ਕਹੇ=ਕਥਨ ਕਰਦਾ ਹਾਂ॥ ੨॥ ੧੭॥ ੧੦੩॥

## ਬਿਲਾਵਲੁ ਮਹਲਾ ੫ ॥

**ਉਥਾਨਕਾ:**-ਜਿਸ ਵੇਲੇ ਸੁਲਹੀ ਖਾਂ ਕਈ ਤਰ੍ਹਾਂ ਦੇ ਛਲ=ਫਰੇਬ ਕਰਕੇ ਜਹਾਂਗੀਰ ਬਾਦਸ਼ਾਹ ਦਾ ਹੁਕਮ ਲੈ ਕੇ ਦਿੱਲੀ ਤੋਂ ਪ੍ਰਿਥੀ ਚੰਦ ਦੀ ਮਦਦ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਚੜ੍ਹਾਈ ਕਰਕੇ ਆਇਆ, ਤੇ ਰਸਤੇ ਵਿਚ ਪ੍ਰਿਥੀ ਚੰਦ ਦੇ ਪਿੰਡ ਕੋਠੇ ਗਰਾਮ ਪੁੱਜਾ, ਪ੍ਰਿਥੀ ਚੰਦ ਨੇ ਉਸ ਦਾ ਬੜਾ ਸੁਆਗਤ ਕੀਤਾ। ਤੇ ਕਿਹਾ-"ਇਸ ਵੇਲੇ ਇੱਟਾਂ ਪਥਾ ਕੇ ਆਵੇ ਪਰ ਚਾੜ੍ਹੀਆਂ ਹੋਈਆਂ ਹਨ ਆਪ ਉਹ ਵੇਖਣ ਚੱਲੋ।" ਸੁਲਹੀ ਨੇ ਕਿਹਾ-"ਚੰਗਾ।" ਆਵੇ ਵੇਖਣ ਵਾਸਤੇ ਦੋਵੇਂ ਟੁਰ ਪਏ। ਆਵੇ ਦੇ ਪਾਸ ਪ੍ਰਿਥੀ ਚੰਦ ਤਾਂ ਪਿਸ਼ਾਬ ਕਰਨ ਬੈਠ ਗਿਆ ਤੇ ਸੁਲਹੀ ਖਾਂ ਸਿੱਧਾ ਹੀ ਘੋੜ ਅਸਵਾਰ ਹੋਇਆ ਹੋਇਆ ਆਵੇ ਉੱਤੇ ਚੜ੍ਹ ਗਿਆ। ਘੋੜੇ ਦੇ ਤ੍ਰਬਕਣੇ ਕਰਕੇ ਸੁਲਹੀ ਖਾਂ ਉਛਲ ਕੇ ਆਵੇ ਦੀ ਅੱਗ ਵਿਚ ਜਾ ਪਿਆ। ਇਸ ਦੇ ਮੋਢੇ ਪਰ ਕੁਹਾੜਾ ਸੀ ਉਸ ਦੇ ਵੱਜਣ ਨਾਲ ਇਸ ਦਾ ਸਿਰ ਭੀ ਕੱਟਿਆ ਗਿਆ ਅਤੇ ਸਰੀਰ ਆਵੇ ਵਿਚ ਧਸ ਕੇ ਸੜ ਕੇ ਸਵਾਹ ਹੋ ਗਿਆ। ਓਧਰ ਬਾਦਸ਼ਾਹ ਨੂੰ ਸੁਲਹੀ ਦੇ ਫਰੇਬ ਦਾ ਪਤਾ ਲੱਗਾ ਤਾਂ ਮਨ ਵਿਚ ਗੁੱਸਾ ਖਾ ਕੇ ਉਸ ਦੇ ਪ੍ਰਵਾਰ ਨੂੰ ਪਨਾਹ ਦੇਣੀ ਛੱਡ ਦਿੱਤੀ। ਏਧਰ ਸਤਿਗੁਰਾਂ ਨੂੰ ਭੀ ਸੁਲਹੀ ਦੇ ਮਰਨ ਦੀ ਖ਼ਬਰ ਪਹੁੰਚ ਗਈ ਉਸ ਵੇਲੇ ਗੁਰੂ ਜੀ ਨੇ ਸ਼ਬਦ ਉਚਾਰਿਆ--

## ਸੁਲਹੀ ਤੇ ਨਾਰਾਇਣ ਰਾਖੁ॥

ਹੇ ਭਾਈ! ਨਾਰਾਇਣ ਨੇ ਸੁਲਹੀ ਦੇ ਪਾਸੋਂ ਸਾਨੂੰ ਰੱਖ ਲਿਆ ਹੈ।

## ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥੧॥ਰਹਾਉ॥

ਕਿਸੇ ਜਗ੍ਹਾ ਪਰ ਭੀ ਸੁਲਹੀ ਖਾਂ ਦਾ ਹੱਥ ਨਹੀਂ ਪਹੁੰਚਿਆ, ਸੁਲਹੀ ਖਾਂ ਤਾਂ ਨਾਪਾਕੁ=ਅਪਵਿੱਤ੍ਰ (ਪਲੀਤ) ਹੋ ਕੇ ਮਰ ਗਿਆ ਹੈ॥ ੧॥ ਰਹਾਉ॥

ਭਾਵ-ਮੁਸਲਮਾਨੀ ਮੱਤ ਵਿਚ ਸੜ ਕੇ ਮਰਨਾ ਅਪਵਿੱਤ੍ਰ ਮੰਨਿਆ ਗਿਆ ਹੈ ਤੇ ਸੁਲਹੀ ਆਵੇ ਦੀ ਅੱਗ ਵਿਚ ਸੜ੍ਹ ਕੇ ਮਰਨ ਕਾਰਨ ਸਤਿਗੁਰਾਂ ਨੇ 'ਨਾਪਾਕੁ' ਸ਼ਬਦ ਵਰਤਿਆ ਹੈ, ਕਿ ਸੁਲਹੀ ਖਾਂ ਧਰਮ ਤੋਂ ਪਤਿਤ ਹੋ ਕੇ ਮਰ ਗਿਆ। ਪਿੱਛੇ ਭੀ ਗਉੜੀ ਰਾਗੁ ਵਿਚ ਸਤਿਗੁਰਾਂ ਨੇ ਕਿਹਾ ਹੈ-

"ਗਰੀਬਾ ਉਪਰਿ ਜਿ ਖਿੰਜੈ ਦਾੜੀ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥ ੧॥" (ਪੰਨਾ ੧੯੯)

## ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥

ਖਸਮਿ=ਪਰਮਾਤਮਾ ਨੇ ਕੁਠਾਰੁ=ਕੁਹਾੜਾ (ਤਬਰ ) ਕੱਢ ਕੇ ਉਸ ਦਾ ਸਿਰ ਕੱਟ ਦਿੱਤਾ ਹੈ, ਇਕ ਖਿਨ ਦੇ ਵਿਚ ਹੀ ਖਾਕੁ=ਮਿੱਟੀ ਰੂਪ ਹੋ ਗਿਆ।

## ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥

ਮੰਦਾ=ਬੁਰਾ ਲੋਚਦਾ ਪਚਿਆ=ਸੜ ਗਿਆ ਹੈ। ਜਿਸ ਪ੍ਰਭੂ ਨੇ ਰਚਿਆ ਹੈ, ਓਸੇ ਨੇ (ਆਵੇ ਵਿਚ) ਧੱਕਾ ਦੇ ਦਿੱਤਾ ਹੈ॥ ੧॥

## ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥

ਪੁਤਰ, ਮਿੱਤਰ, ਧਨ ਆਦਿਕ ਕੁਝ ਭੀ ਪਾਸ ਨਾ ਰਿਹਾ ਸੂ,
ਸਾਰਿਆਂ ਭਰਾਵਾਂ, ਸਾਕਾਂ ਨੂੰ ਛੱਡ ਕੇ ਚਲਾ ਗਿਆ।

## ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
## ਜਿਨਿ ਜਨ ਕਾ ਕੀਨੋ ਪੂਰਨ ਵਾਕੁ॥੨॥੧੮॥੧੦੪॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਜਨ=ਦਾਸ ਦਾ ਬਚਨ ਪੂਰਾ ਕੀਤਾ ਹੈ (ਕਿ ਸੁਲਹੀ ਖਾਂ ਅੰਮ੍ਰਿਤਸਰ ਵਿਚ ਪਹੁੰਚੇਗਾ ਹੀ ਨਹੀਂ) ॥ ੨॥ ੧੮॥ ੧੦੪॥

## ਬਿਲਾਵਲੁ ਮਹਲਾ ੫॥ਪੂਰੇ ਗੁਰ ਕੀ ਪੂਰੀ ਸੇਵ॥

ਪੂਰਿਆਂ ਗੁਰਾਂ ਦੀ ਸੇਵਾ ਪੂਰੀ ਹੈ, ਜਿਸ ਸੇਵਾ ਨੂੰ ਕਰਕੇ ਇਹ ਨਿਸਚੇ ਕੀਤਾ ਹੈ ਕਿ-

## ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ॥੧॥ਰਹਾਉ॥

ਸੁਆਮੀ ਪਰਮਾਤਮਾ ਆਪੇ ਆਪ ਸਾਰਿਆਂ ਵਿਚ ਵਰਤ ਰਿਹਾ ਹੈ, ਗੁਰਦੇਵਾਂ ਨੇ ਮੇਰਾ ਸਾਰਾ ਕਾਰਜ ਰਾਸ ਕਰ ਦਿੱਤਾ ਹੈ। ਜਾਂ ਗੁਰਦੇਵਾਂ ਨੇ ਮੇਰਾ ਮੋਖ ਰੂਪੀ ਕਾਰਜ ਰਾਸ ਕਰ ਦਿੱਤਾ ਹੈ॥ ੧॥ ਰਹਾਉ॥

## ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ॥

ਮੇਰਾ ਸੁਆਮੀ ਪ੍ਰਭੂ ਆਦਿ, ਮਧ, ਅੰਤ (ਤਿੰਨਾਂ ਸਮਿਆਂ) ਵਿਚ ਪੂਰਨ ਹੈ, ਉਸ ਨੇ ਆਪਣੇ ਆਪ ਤੋਂ ਇਹ ਜਗਤ ਦਾ ਥਾਟ ਬਣਾਇਆ ਹੈ।

## ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ॥੧॥

ਆਪਣੇ ਸੇਵਕ ਦੀ ਪੈਜ ਆਪ ਹੀ ਰਖਦਾ ਹੈ, ਮੇਰੇ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੧॥

## ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿ ਕੀਨ੍ਹੇ ਜਿਨਿ ਸਗਲੇ ਜੰਤ॥

ਉਹ ਪਾਰਬ੍ਰਹਮ ਪਰਮੇਸ਼ਰ ਹੀ ਸਤਿਗੁਰੂ ਰੂਪ ਹੋਇਆ ਹੈ, ਜਿਸ ਨੇ ਸਾਰੇ ਜੰਤ ਆਪਣੇ ਵਸ ਵਿਚ ਕੀਤੇ ਹੋਏ ਹਨ।

## ਚਰਨ ਕਮਲ ਨਾਨਕ ਸਰਣਾਈ
## ਰਾਮ ਨਾਮ ਜਪਿ ਨਿਰਮਲ ਮੰਤ॥੨॥੧੯॥੧੦੫॥

ਗੁਰੂ ਜੀ ਕਥਨ ਕਰਦੇ ਹਨ-ਗੁਰਦੇਵਾਂ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਆ ਕੇ ਮੈਂ ਰਾਮ ਨਾਮ ਰੂਪੀ ਨਿਰਮਲ ਮੰਤਰ ਨੂੰ ਜਪਿਆ ਹੈ॥ ੨॥ ੧੯॥ ੧੦੫॥

## ਬਿਲਾਵਲੁ ਮਹਲਾ ੫॥ ਤਾਪ ਪਾਪ ਤੇ ਰਾਖੇ ਆਪ ॥

ਪ੍ਰਭੂ ਨੇ ਆਪ ਹੀ ਸਾਨੂੰ ਤਾਪਾਂ ਤੇ ਪਾਪਾਂ ਵੱਲੋਂ ਰੱਖ ਲਿਆ ਹੈ।

ਜਾਂ ਤਾਪ=ਤਪਾਉਣ ਵਾਲੇ ਪਾਪਾਂ ਵਲੋਂ ਰੱਖ ਲਿਆ ਹੈ।

## ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ॥੧॥ਰਹਾਉ॥

ਗੁਰੂ ਦੀ ਚਰਨੀਂ ਲੱਗ ਕੇ ਹਿਰਦੇ ਵਿਚ ਰਾਮ ਨਾਮ ਨੂੰ ਜਪਿਆ ਤਾਂ ਮਨ, ਬੁੱਧ ਆਦਿਕ ਸਭ ਸੀਤਲ ਹੋ ਗਏ॥ ੧॥ ਰਹਾਉ॥

## ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ॥

ਪ੍ਰਭੂ ਨੇ ਕਿਰਪਾ ਕਰਕੇ ਮੇਰੇ ਮੱਥੇ ਪਰ ਹਸਤ=ਹੱਥ ਰੱਖ ਦਿੱਤਾ ਹੈ ਤੇ ਨੌਵਾਂ ਖੰਡਾਂ ਵਿਚ ਜਿਸ ਦਾ ਪ੍ਰਤਾਪ ਫੈਲਿਆ ਹੋਇਆ ਹੈ, ਉਸ ਪ੍ਰਭੂ ਨੇ ਜਗਤ ਉਧਾਰ=ਸੰਸਾਰ ਤੋਂ ਤਾਰਨਾ ਕੀਤਾ ਹੈ।

## ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ॥੧॥

ਸੱਚ ਨਾਮ ਕਰਕੇ ਦੁੱਖ ਬਿਨਸ ਗਏ ਹਨ, ਸੁਖ ਅਨੰਦ ਵਿਚ ਪ੍ਰਵੇਸ਼ ਹੋ ਗਿਆ ਹੈ, ਤ੍ਰਿਸ਼ਨਾ ਅੱਗ ਬੁਝ ਗਈ ਹੈ ਅਤੇ ਸੱਚ ਨੂੰ ਪਾ ਕੇ ਮਨ ਤਨ ਧ੍ਰਾਪ=ਰੱਜ ਗਿਆ ਹੈ॥ ੧॥

## ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ॥

ਉਹ ਪ੍ਰਭੂ ਅਨਾਥਾਂ ਦਾ ਨਾਥੁ=ਸੁਆਮੀ ਹੈ, ਸ਼ਰਨ ਆਇਆਂ ਦੀ ਰਖਿਆ ਕਰਨੇ ਨੂੰ ਸਮਰੱਥ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਮਾਂ ਪਿਓ ਹੈ।

## ਭਗਤਿ ਵਛਲ ਭੈ ਭੰਜਨ ਸੁਆਮੀ
## ਗੁਣ ਗਾਵਤ ਨਾਨਕ ਆਲਾਪ ॥ ੨ ॥ ੨੦ ॥ ੧੦੬ ॥

ਗੁਰੂ ਜੀ ਕਥਨ ਕਰਦੇ ਹਨ-ਭਗਤਾਂ ਦਾ ਪਿਆਰਾ ਹੈ, ਡਰ ਦੇ ਨਾਸ ਕਰਨ ਵਾਲਾ ਹੈ, ਅਸੀਂ ਰਾਗ ਦੀ ਅਲਾਪਚਾਰੀ ਵਿਚ ਭਾਵ ਉੱਚੀ ਸੁਰ ਨਾਲ ਉਸੇ ਦੇ ਗੁਣ ਗਾਉਂਦੇ ਹਾਂ ॥ ੨ ॥ ੨੦ ॥ ੧੦੬ ॥

## ਬਿਲਾਵਲੁ ਮਹਲਾ ੫ ॥ ਜਿਸ ਤੇ ਉਪਜਿਆ ਤਿਸਹਿ ਪਛਾਨੁ ॥

ਜਿਸ ਪ੍ਰਭੂ ਤੋਂ ਪੈਦਾ ਹੋਇਆ ਹਾਂ ਉਸ ਨੂੰ ਪਛਾਣ ਲਿਆ ਹੈ।

## ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥੧ ॥ਰਹਾਉ ॥

ਪਾਰਬ੍ਰਹਮ ਪਰਮੇਸ਼ਰ ਨੂੰ ਮੈਂ ਧਿਆਉਣਾ ਕੀਤਾ ਹੈ, ਇਸ ਕਰਕੇ ਕਲਿਆਣ, ਖੇਮ=ਰੱਖਿਆ ਤੇ ਸਾਰੇ ਕੁਸਲ=ਸੁਖ ਪ੍ਰਾਪਤ ਹੋਏ ਹਨ ॥ ੧ ॥ ਰਹਾਉ ॥

## ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥

ਵੱਡਿਆ ਭਾਗਾਂ ਨਾਲ ਪੂਰਾ ਗੁਰੂ ਮਿਲਿਆ ਹੈ,

ਉਨ੍ਹਾਂ ਦੀ ਕਿਰਪਾ ਨਾਲ ਸੁਘੜ ਸੁਜਾਣ ਅੰਤਰਜਾਮੀ ਨੂੰ ਜਾਣ ਲਿਆ ਹੈ।

## ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ॥ ੧ ॥

ਆਪਣੇ ਜਾਣ ਕਰਕੇ ਹੱਥ ਦੇ ਕੇ ਉਸ ਨੇ ਰੱਖ ਲਿਆ ਹੈ, ਜੋ ਸਾਰਿਆਂ ਤੋਂ ਬੜਾ ਸਮਰੱਥ ਅਤੇ ਨਿਮਾਣਿਆਂ ਦਾ ਮਾਣ ਹੈ ॥ ੧ ॥

## ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥

ਇਕ ਖਿਨ ਦੇ ਵਿਚ ਭਰਮ ਤੇ ਡਰ ਨਾਸ ਹੋ ਗਏ ਹਨ ਅਤੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਚਾਨਣ ਪ੍ਰਗਟਿਆ ਹੈ।

## ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨ ॥੨੧ ॥੧੦੭ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਨੂੰ ਸੁਆਸ-ਸੁਆਸ ਸਿਮਰਦਾ ਹਾਂ ਅਤੇ ਸਦਾ=ਨਿਤ ਰੂਪ ਪਰਮਾਤਮਾ ਤੋਂ ਕੁਰਬਾਨ ਜਾਂਦਾ ਹਾਂ ॥ ੨ ॥ ੨੧ ॥ ੧੦੭ ॥

## ਬਿਲਾਵਲੁ ਮਹਲਾ ੫ ॥ ਦੋਵੈ ਥਾਵ ਰਖੇ ਗੁਰ ਸੂਰੇ ॥

(੧) ਸੂਰਬੀਰ ਗੁਰਾਂ ਨੇ ਦੋਵੈ=ਦੋਵੇਂ ਦੋਖੀ ਸੁਲਹੀ ਤੇ ਸੁਲੱਬੀ, ਰਾਗ ਦ੍ਵੈਸ਼, ਹਰਖ ਸੋਗ, ਜਨਮ ਮਰਨ, ਹੰਕਾਰ ਤੇ ਅਗਿਆਨ ਇਨ੍ਹਾਂ ਨੂੰ ਥਾਂ ਹੀ ਰੱਖਿਆ ਹੈ ਭਾਵ ਮਾਰ ਦਿੱਤੇ ਹਨ।

(੨) ਸੂਰਬੀਰ ਗੁਰਾਂ ਨੇ ਅੰਤਹਕਰਨ ਰੂਪੀ ਥਾਂ ਪਰ ਦੋ ਅੱਖਰ-ਰਕਾਰ ਮਕਾਰ ਤੇ ਹਾਹਾ ਰਾਰਾ ਹਰੀ, ਗੱਗਾ ਰਾਰਾ ਗੁਰੂ, ਗਿਆਨ ਤੇ ਵੈਰਾਗ ਰਖਣਾ ਕੀਤੇ ਹਨ।

## ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥ ੧ ॥ ਰਹਾਉ ॥

ਪਾਰਬ੍ਰਹਮ ਨੇ ਹਲਤ ਪਲਤ=ਲੋਕ ਪ੍ਰਲੋਕ ਸਵਾਰ ਦਿੱਤੇ ਹਨ ਅਤੇ ਸਾਡੇ ਸਾਰੇ ਕਾਰਜ ਪੂਰੇ ਹੋ ਗਏ ॥ ੧ ॥

**ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ॥**

ਹਰਿ ਹਰਿ ਨਾਮ ਨੂੰ ਜਪਦਿਆਂ ਸਹਜੇ ਸੁਖ ਪ੍ਰਾਪਤ ਹੋਇਆ ਹੈ ਅਤੇ ਸੰਤਾਂ ਦੀ ਚਰਨ-ਧੂੜੀ ਵਿਚ ਸਾਰਿਆਂ ਤੀਰਥਾਂ ਦਾ ਮਜਨੁ=ਇਸ਼ਨਾਨ ਹੋ ਗਿਆ ਹੈ।

**ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ॥੧॥**

ਆਉਣੇ ਜਾਣੇ ਦੀ ਤਰਫ਼ੋਂ ਰਹਿ ਗਏ ਹਾਂ, ਇਸਥਿਤੀ ਪਾ ਲਈ ਹੈ ਅਤੇ ਜਨਮ ਮਰਨ ਦੇ ਬਿਸੂਰੇ=ਝੋਰੇ ਮਿਟ ਗਏ ਹਨ॥ ੧॥

**ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥**

ਭਰਮ ਤੇ ਭੈ ਰੂਪ ਸੰਸਾਰ-ਸਮੁੰਦਰ ਤੋਂ ਤਰ ਗਏ ਹਾਂ,

ਜਮਾਂ ਦੇ ਡਰ ਤੋਂ ਛੁਟ ਗਏ ਹਾਂ ਅਤੇ ਘਟਾਂ ਘਟਾਂ ਵਿਚ ਇਕ ਨੂੰ ਭਰਪੂਰ ਹੋ ਰਿਹਾ ਨਿਸਚੇ ਕੀਤਾ ਹੈ,

[ਪੰਨਾ ੮੨੬]

**ਨਾਨਕ ਸਰਣਿ ਪਰਿਓ ਦੁਖ ਭੰਜਨ**
**ਅੰਤਰਿ ਬਾਹਰਿ ਪੇਖਿ ਹਜੂਰੇ॥੨॥੨੨॥੧੦੮॥**

ਗੁਰੂ ਜੀ ਕਥਨ ਕਰਦੇ ਹਨ-ਦੁਖ ਭੰਜਨ ਪ੍ਰਭੂ ਦੀ ਸ਼ਰਨੀ ਪਏ ਹਾਂ ਅਤੇ ਉਸ ਨੂੰ ਅੰਦਰ ਬਾਹਰ ਹਰ ਥਾਂ ਤੇ ਹਾਜ਼ਰਾ ਹਜ਼ੂਰ ਵੇਖਿਆ ਹੈ॥ ੨॥ ੨੨॥ ੧੦੮॥

**ਬਿਲਾਵਲੁ ਮਹਲਾ ੫॥ ਦਰਸਨੁ ਦੇਖਤ ਦੋਖ ਨਸੇ॥**

ਹੇ ਪ੍ਰਭੂ! ਆਪ ਜੀ ਦਾ ਦਰਸ਼ਨ ਦੇਖਦਿਆਂ ਹੀ ਦੋਖ=ਪਾਪ ਨੱਸ ਜਾਂਦੇ ਹਨ।

**ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥੧॥ ਰਹਾਉ॥**

ਆਪ ਕਦੇ ਭੀ ਮੇਰੀ ਦ੍ਰਿਸ਼ਟੀ ਦੇ ਅਗੋਚਰ=ਓਹਲੇ ਨਾ ਹੋਵੋ, ਮੇਰੇ ਜੀਅ ਦੇ ਨਾਲ ਵੱਸਦੇ ਰਹੋ॥ ੧॥ ਰਹਾਉ॥

**ਪ੍ਰੀਤਮ ਪ੍ਰਾਨ ਅਧਾਰ ਸੁਆਮੀ॥ ਪੂਰਿ ਰਹੇ ਪ੍ਰਭ ਅੰਤਰਜਾਮੀ॥੧॥**

ਹੇ ਪ੍ਰੀਤਮ ਸੁਆਮੀ! ਆਪ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਹੋ।

ਹੇ ਅੰਤਰਜਾਮੀ ਪ੍ਰਭੂ! ਆਪ ਹਰਿ ਜਗ੍ਹਾ ਪਰੀ-ਪੂਰਨ ਹੋ ਰਹੇ ਹੋ॥ ੧॥

**ਕਿਆ ਗੁਣ ਤੇਰੇ ਸਾਰਿ ਸਮ੍ਾਰੀ॥ ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ॥੨॥**

ਮੈਂ ਆਪ ਜੀ ਦੇ ਕਿਹੜੇ ਕਿਹੜੇ ਸਾਰਿ=ਸ੍ਰੇਸ਼ਟ ਗੁਣਾਂ ਨੂੰ ਸੰਭਾਲਾਂ।

ਹੇ ਪ੍ਰਭੂ! ਸੁਆਸ-ਸੁਆਸ ਅਸੀਂ ਆਪ ਜੀ ਨੂੰ ਹੀ ਚਿਤਾਰੀ=ਯਾਦ ਕਰਦੇ ਹਾਂ॥ ੨॥

**ਕਿਰਪਾ ਨਿਧਿ ਪ੍ਰਭ ਦੀਨ ਦਇਆਲਾ॥ ਜੀਅ ਜੰਤ ਕੀ ਕਰਹੁ ਪ੍ਰਤਿਪਾਲਾ॥੩॥**

ਹੇ ਦੀਨ ਦਿਆਲ ਪ੍ਰਭੂ! ਆਪ ਕਿਰਪਾ ਦੇ ਨਿਧਿ=ਸਮੁੰਦਰ ਹੋ।

ਛੋਟੇ ਵੱਡੇ ਹਰ ਇਕ ਜੀਆ ਜੰਤਾਂ ਦੀ ਆਪ ਹੀ ਪ੍ਰਤਿਪਾਲਾ ਕਰਦੇ ਹੋ॥ ੩॥

**ਆਠ ਪਹਰ ਤੇਰਾ ਨਾਮੁ ਜਨੁ ਜਾਪੇ॥**

**ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ॥ ੪॥ ੨੩॥ ੧੦੯॥**

ਮੈਂ ਸੇਵਕ ਜਨ ਅੱਠੇ ਪਹਿਰ ਆਪ ਜੀ ਦਾ ਨਾਮ ਜਪਦਾ ਹਾਂ। ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੁਸਾਂ ਨੇ ਆਪ ਹੀ ਇਹ ਮੈਨੂੰ ਪ੍ਰੀਤ ਲਗਾਈ ਹੈ॥ ੪॥ ੨੩॥ ੧੦੯॥

**ਬਿਲਾਵਲੁ ਮਹਲਾ ੫॥ ਤਨੁ ਧਨੁ ਜੋਬਨੁ ਚਲਤ ਗਇਆ॥**

ਤਨ, ਧਨ, ਜੋਬਨ ਚਲਤ=ਚਰਿਤ੍ਰ ਭਾਵ ਕੌਤਕ ਰੂਪ ਹੋ ਗਿਆ ਹੈ, ਜਾਂ ਚਲਤ=ਚਲਾ ਹੀ ਗਿਆ ਹੈ।

**ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰੁ ਭਇਆ॥੧॥ਰਹਾਉ॥**

ਰਾਮ ਨਾਮ ਦਾ ਸਿਮਰਨ ਨਹੀਂ ਕੀਤਾ, ਵਿਕਾਰਾਂ ਨੂੰ ਕਰਦਿਆਂ-ਕਰਦਿਆਂ ਅਵਸਥਾ ਰੂਪੀ ਰਾਤ ਬੀਤ ਗਈ ਹੈ ਤੇ ਕਾਲ ਰੂਪੀ ਭੋਰੁ=ਦਿਨ ਚੜ੍ਹ ਗਿਆ ਹੈ। ਜਾਂ ਵਿਕਾਰਾਂ ਨੂੰ ਕਰਦਿਆਂ ਨਿਸਿ ਭੋਰੁ=ਰਾਤ ਤੋਂ ਦਿਨ ਹੋ ਗਿਆ ਹੈ, ਭਾਵ ਕਾਲੇ ਕੇਸਾਂ ਰੂਪੀ ਹਨੇਰੇ ਵਾਲੀ ਜੋਬਨ ਅਵਸਥਾ ਰੂਪੀ ਰਾਤ ਬੀਤ ਗਈ ਹੈ ਤੇ ਚਿੱਟੇ ਦਿਨ ਵਾਂਗ ਚਿੱਟੇ ਕੇਸ ਹੋ ਗਏ ਹਨ॥ ੧॥ ਰਹਾਉ॥

**ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ॥**

ਨਿਤਾਪ੍ਰਤੀ ਅਨੇਕ ਤਰ੍ਹਾਂ ਦੇ ਭੋਜਨ ਖਾਂਦਿਆਂ ਖਾਂਦਿਆਂ ਮੂੰਹ ਵਿੱਚੋਂ ਦੰਤਾ=ਦੰਦ ਘਸ ਕੇ ਖੀਨ=ਅਭਾਵ ਹੋ ਗਏ ਹਨ ਤੇ ਸਰੀਰਕ ਬਲ ਵੀ ਖਇਆ=ਨਾਸ ਹੋ ਗਿਆ ਹੈ। ਜਾਂ ਮੂੰਹ ਘਸ ਗਿਆ ਹੈ ਤੇ ਦੰਦ ਵੀ ਖੀਣ ਹੋ ਕੇ ਖੈ ਹੋ ਗਏ ਹਨ।

**ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ॥ ੧॥**

ਮੇਰੀ ਮੇਰੀ ਕਰ ਕਰ ਕੇ ਮੂਠਉ=ਠੱਗਿਆ ਗਿਆ ਹੈ, ਪਾਪ ਕਰਮ ਕਰਦਿਆਂ ਕਦੇ ਭੀ ਦਇਆ ਨਹੀਂ ਪਈ।

**ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ॥**

ਮਹਾਂ ਵਿਕਾਰ ਰੂਪ ਘੋਰ=ਭਿਆਨਕ ਦੁੱਖਾਂ ਦਾ ਸਮੁੰਦਰ ਜੋ ਇਹ ਸੰਸਾਰ ਹੈ, ਇਸ ਵਿਚ ਪ੍ਰਾਣੀ ਪਿਆ ਹੋਇਆ ਗਲ ਰਿਹਾ ਹੈ।

**ਸਰਨਿ ਪਰੇ ਨਾਨਕ ਸੁਆਮੀ ਕੀ**

**ਬਾਹ ਪਕਰਿ ਪ੍ਰਭਿ ਕਾਢਿ ਲਇਆ॥ ੨॥ ੨੪॥ ੧੧੦॥**

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸੁਆਮੀ ਦੀ ਸ਼ਰਨ ਵਿਚ ਪਏ ਹਨ, ਸੁਆਮੀ ਨੇ ਉਹਨਾਂ ਨੂੰ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਦੁੱਖਾਂ ਦੇ ਸਮੁੰਦਰ (ਸੰਸਾਰ) ਵਿੱਚੋਂ ਕੱਢ ਲਿਆ ਹੈ॥ ੨॥ ੨੪॥ ੧੧੦॥

**ਬਿਲਾਵਲੁ ਮਹਲਾ ੫॥ ਆਪਨਾ ਪ੍ਰਭੁ ਆਇਆ ਚੀਤਿ॥**

ਮੈਨੂੰ ਆਪਣਾ ਪ੍ਰਭੂ ਪਰਮਾਤਮਾ ਚਿੱਤ ਵਿਚ ਚੇਤੇ ਆਇਆ ਹੈ।

**ਦੁਸਮਨ ਦੂਸਟ ਰਹੇ ਝਖ ਮਾਰਤ**
**ਕੁਸਲੁ ਭਇਆ ਮੇਰੇ ਭਾਈ ਮੀਤ॥ ੧ ॥ ਰਹਾਉ ॥**

ਹੇ ਮੇਰੇ ਭਾਈ ! ਦੁਸ਼ਮਨੀ ਦੇ ਕਰਨ ਵਾਲੇ ਦੁਸ਼ਟ ਭਾਵੇਂ ਝੱਖਾਂ ਮਾਰਦੇ ਰਹੇ ਹਨ, ਪਰ ਅਸਲੀ ਮਿੱਤਰ (ਪ੍ਰਭੂ) ਦੀ ਕਿਰਪਾ ਕਰਕੇ ਮੇਰੇ ਮਨ ਵਿਚ ਸੁਖ ਅਨੰਦ ਹੋਇਆ ਹੈ॥ ੧ ॥ ਰਹਾਉ॥

**ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ॥**

ਕਰਤਾਰ ਨੇ ਮੇਰਾ ਅੰਗੀਕਾਰੁ=ਪੱਖ ਕੀਤਾ ਹੈ, ਇਸ ਕਰਕੇ ਬਿਆਧੀ ਮਿਟ ਗਈ ਏ ਅਤੇ ਸਾਰੀ ਉਪਾਧੀ ਭੀ ਨਾਸ ਹੋ ਗਈ ਹੈ।

**ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ॥ ੧ ॥**

ਸ਼ਾਂਤੀ ਸੁਖ ਅਤੇ ਘਣੇ ਅਨੰਦ ਪ੍ਰਾਪਤ ਹੋਏ ਹਨ, ਕਿਉਂਕਿ ਪ੍ਰੀਤਮ=ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਹਾਰ ਵਾਂਗ ਪਹਿਰਿਆ ਹੈ।

**ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ॥**

ਹੇ ਪ੍ਰਭੂ ! ਜੀਅ ਨੂੰ ਪਿੰਡੁ=ਸਰੀਰ ਪ੍ਰਾਣ ਤੇ ਧੰਨ ਆਦਿਕ ਜੋ ਰਾਸਿ=ਪੂੰਜੀ ਹੈ, ਇਹ ਸਭ ਆਪ ਜੀ ਦੀ ਦਿੱਤੀ ਹੋਈ ਹੈ ਅਤੇ ਤੂੰ ਮੇਰੇ ਸਮਰੱਥ ਸੁਆਮੀ ਹੈਂ।

**ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ॥੨ ॥੨੫ ॥੧੧੧ ॥**

ਤੂੰ ਆਪਣੇ ਦਾਸ ਨੂੰ ਆਪ ਹੀ ਰੱਖਣ ਵਾਲਾ ਹੈਂ, ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਦੇ ਸਹਿਤ ਮੈਂ ਸਦਾ ਆਪ ਜੀ ਦਾ ਚੇਰਾ=ਦਾਸ ਹਾਂ॥ ੨॥ ੨੫॥ ੧੧੧॥

**ਬਿਲਾਵਲੁ ਮਹਲਾ ੫॥ ਗੋਬਿਦੁ ਸਿਮਰਿ ਹੋਆ ਕਲਿਆਣੁ॥**

ਗੋਬਿੰਦ ਦੇ ਸਿਮਰਨੇ ਕਰਕੇ ਕਲਿਆਣੁ=ਸੁਖ ਪ੍ਰਾਪਤ ਹੋਇਆ ਹੈ।

**ਮਿਟੀ ਉਪਾਧਿ ਭਇਆ ਸੁਖੁ ਸਾਚਾ**
**ਅੰਤਰਜਾਮੀ ਸਿਮਰਿਆ ਜਾਣੁ॥ ੧ ॥ ਰਹਾਉ ॥**

ਉਸ ਨੂੰ ਅੰਤਰਜਾਮੀ ਜਾਣ ਕੇ ਸਿਮਰਿਆ ਹੈ, ਜਾਂ ਜਾਣਨੇ ਜੋਗ ਅੰਤਰਜਾਮੀ ਨੂੰ ਸਿਮਰਿਆ ਹੈ, ਇਸ ਲਈ ਉਪਾਧੀ ਮਿਟ ਗਈ ਹੈ ਅਤੇ ਸੱਚਾ ਸੁਖ ਪ੍ਰਾਪਤ ਹੋਇਆ ਹੈ॥ ੧ ॥ ਰਹਾਉ॥

**ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ॥**

ਜਿਸ ਦੇ ਅਸੀਂ ਜੀਵ ਸਾਂ ਓਸੇ ਨੇ ਸਾਨੂੰ ਸੁਖਾਲੇ=ਸੁਖੀ ਕੀਤਾ ਹੈ,
ਭਗਤ ਜਨਾਂ ਨੂੰ ਓਸੇ ਦਾ ਸਾਚਾ ਤਾਣੁ=ਬਲ ਪ੍ਰਾਪਤ ਹੋਇਆ ਹੈ।

**ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ ॥੧॥**

ਆਪਣੇ ਦਾਸ ਦੀ ਉਸ ਨੇ ਆਪ ਹੀ ਪੈਜ ਰੱਖੀ ਹੈ, ਅਸੀਂ ਓਸੇ ਭੈ ਦੇ ਭੰਜਨ ਵਾਲੇ ਪ੍ਰਭੂ ਦੇ ਉੱਪਰ ਮਾਣ

ਕਰਦੇ ਹਾਂ॥ ੧॥

## ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ॥

ਸਭ ਦੀ ਮਿੱਤਰਤਾ ਹੋ ਗਈ ਹੈ, ਵੈਰ ਭਾਵ ਮਿਟ ਗਿਆ ਹੈ, ਜਾਂ ਬੁਰਿਆਈ ਕਰਨੀ ਸਭ ਮਿਟ ਗਈ ਹੈ, ਦੁਸ਼ਟਤਾਈ ਦੇ ਕਰਨ ਵਾਲੇ ਜਿਹੜੇ ਦੂਤ ਸਨ ਉਹ ਹਰੀ ਨੇ ਚੁਣ-ਚੁਣ ਕੇ ਕੱਢ ਦਿੱਤੇ ਹਨ।

## ਸੂਖ ਸਹਜ ਆਨੰਦ ਘਨੇਰੇ
## ਨਾਨਕ ਜੀਵੈ ਹਰਿ ਗੁਣਹ ਵਖਾਣਿ॥ ੨॥ ੨੬॥ ੧੧੨॥

ਅਚੁੱਤ ਸੁਖ ਦੇ ਘਣੇ ਅਨੰਦ ਪ੍ਰਾਪਤ ਹੋਏ ਹਨ, ਗੁਰੂ ਜੀ ਕਥਨ ਕਰਦੇ ਹਨ-ਹਰੀ ਗੁਣਾਂ ਨੂੰ ਕਥਨ ਕਰ ਕੇ ਅਸੀਂ ਜੀਉਂਦੇ ਹਾਂ॥ ੨॥ ੨੬॥ ੧੧੨॥

## ਬਿਲਾਵਲੁ ਮਹਲਾ ੫॥ ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ॥

ਪ੍ਰਭੂ ਪਾਰਬ੍ਰਹਮ ਸਾਡੇ ਉੱਤੇ ਕਿਰਪਾਲੂ ਹੋਏ ਹਨ।

## ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ॥੧॥ਰਹਾਉ॥

ਸਤਿਗੁਰਾਂ ਨੇ ਸਾਡੇ ਸਾਰੇ ਕੰਮ ਸਵਾਰ ਦਿੱਤੇ ਹਨ, ਸਾਧੂਆਂ ਦੁਆਰੇ ਨਾਮ ਨੂੰ ਜਪ-ਜਪ ਕੇ ਨਿਹਾਲ=ਦੁੱਖਾਂ ਤੋਂ ਰਹਿਤ ਹੋ ਗਏ ਹਾਂ॥ ੧॥ ਰਹਾਉ॥

## ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ॥

ਆਪਣੇ ਪ੍ਰਭੂ ਨੇ ਮੇਰਾ ਅੰਗੀਕਾਰੁ=ਪੱਖ ਕੀਤਾ ਹੈ,

ਮੇਰੇ ਸਾਰੇ ਦੋਖੀ ਰਵਾਲ=ਧੂੜ ਰੂਪ ਭਾਵ ਨਾਸ ਹੋ ਗਏ ਹਨ।

## ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ॥ ੧॥

ਆਪਣੇ ਦਾਸ ਜਾਣ ਕੇ ਪ੍ਰਭੂ ਨੇ ਗਲ ਨਾਲ ਲਗਾ ਕੇ ਰੱਖ ਲਿਆ ਹੈ, ਅਤੇ ਆਪਣੇ ਪੱਲੇ ਨਾਲ ਲਗਾ ਕੇ ਦੁੱਖਾਂ ਤੋਂ ਬਚਾ ਲਿਆ ਹੈ॥ ੧॥

[ਪੰਨਾ ੮੨੭]

## ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ॥

ਅਸੀਂ ਸਹੀ ਸਲਾਮਤਿ=ਸੁਖ ਅਨੰਦ ਦੇ ਸਹਿਤ ਮਿਲ ਕੇ ਵਡਾਲੀ ਤੋਂ ਅੰਮ੍ਰਿਤਸਰ ਰੂਪ ਘਰ ਵਿਚ ਆਏ ਹਾਂ ਅਤੇ ਨਿੰਦਕਾਂ ਦੇ ਮੂੰਹ ਕਾਲੇ ਹੋਏ ਹਨ।

## ਕਹੁ ਨਾਨਕ ਮੇਰਾ ਸਤਿਗੁਰੁ ਪੂਰਾ
## ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ॥ ੨॥ ੨੭॥ ੧੧੩॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਸਤਿਗੁਰੂ ਪੂਰਾ ਹੈ, ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਦੇ ਨਾਮ ਨੂੰ ਜਪ ਕੇ, ਜਾਂ ਪ੍ਰਭੂ ਦਾ ਦਰਸ਼ਨ ਕਰਕੇ ਨਿਹਾਲ=ਸੁਖੀ ਹੋਏ ਹਾਂ॥ ੨॥ ੨੭॥ ੧੧੩॥

## ਬਿਲਾਵਲੁ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

**ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥**

ਹੇ ਲਾਲਨ=ਪਿਆਰੇ ਪ੍ਰਭੂ ! ਮੂ=ਮੇਰੀ ਆਪ ਜੀ ਦੇ ਨਾਲ ਪ੍ਰੀਤੀ ਬਣ ਆਈ ਹੈ॥ ਰਹਾਉ॥

**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥ ੧॥**

ਹੇ ਮਾਧੋ ! ਇਸ ਤਰ੍ਹਾਂ ਦੀ ਪ੍ਰੀਤੀ ਖਿੱਚ ਕੇ ਤਣੀ ਗਈ ਹੈ, ਜੋ ਤੋੜਿਆਂ ਟੁੱਟਦੀ ਨਹੀਂ ਹੈ ਅਤੇ ਛੱਡਿਆਂ ਛੁੱਟਦੀ ਨਹੀਂ ਹੈ॥ ੧॥

**ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ॥ ੨॥**

ਤੂੰ ਦਿਨ ਰਾਤ ਮਨ ਵਿਚ ਵੱਸਦਾ ਹੈਂ, ਪਰ ਹੇ ਪ੍ਰਭੂ ! ਤੂੰ ਆਪਣੀ ਕਿਰਪਾ-ਦ੍ਰਿਸ਼ਟੀ ਕਰ ॥ ੨॥

**ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ॥ ੩॥**

ਹੇ ਸਿਆਮ ਸੁੰਦਰ ਪਰਮਾਤਮਾ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਸ ਆਪ ਜੀ ਦੀ ਕਥਾ ਦੀ ਬਾਤ=ਗੱਲ ਅਕੱਥ ਸੁਣੀ ਜਾਂਦੀ ਹੈ॥ ੩॥

**ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ
ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ॥ ੪॥ ੨੮॥ ੧੧੪॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪ ਜੀ ਦੇ ਦਾਸਾਂ ਦਾ ਦਾਸ ਕਹਾਉਂਦਾ ਹਾਂ, ਹੇ ਠਾਕੁਰ ! ਆਪ ਮੇਰੇ ਉੱਤੇ ਆਪਣੀ ਕਿਰਪਾ-ਦ੍ਰਿਸ਼ਟੀ ਕਰੋ॥ ੪॥ ੨੮॥ ੧੧੪॥

**ਬਿਲਾਵਲੁ ਮਹਲਾ ੫॥ ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ॥**

ਹੇ ਭਾਈ ! ਹਰੀ ਦੇ ਚਰਨ ਜਪਣਾ ਕਰ ਤੇ ਕੁਰਬਾਨ ਜਾਣਾ ਕਰ।

ਜਾਂ ਹਰੀ ਦੇ ਨਾਮ ਨੂੰ ਜਪ ਤੇ ਗੁਰੂ ਦੇ ਚਰਨਾਂ ਪਰ ਕੁਰਬਾਨ ਜਾਣਾ ਕਰ।

**ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾ ਕਾ ਹਿਰਦੈ ਧਰਿ ਮਨ ਧਿਆਨੁ॥੧॥ਰਹਾਉ॥**

ਮੇਰਾ ਗੁਰੂ ਹੀ ਪਾਰਬ੍ਰਹਮ ਪਰਮੇਸੁਰ ਰੂਪ ਹੈ, ਹਿਰਦੇ ਵਿਚ ਧਿਆਨ ਧਾਰ ਕੇ ਉਸ ਦਾ ਮਨ=ਮੰਨਣ ਕਰ। ਜਾਂ ਉਸ ਮਨ=ਸ਼ਰੋਮਣੀ ਪ੍ਰਭੂ ਦਾ ਹਿਰਦੇ ਵਿਚ ਧਿਆਨ ਧਾਰਨਾ ਕਰ।

ਵਾ:-ਹਿਰਦੇ ਵਿਚ ਭੀ ਅਤੇ ਮਨ ਵਿਚ ਭੀ ਓਸੇ ਦਾ ਧਿਆਨ ਧਾਰਨ ਕਰ।

**ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨੁ॥**

ਸਿਮਰਨੇ ਜੋਗ ਸੁਖ ਦਾਤੇ ਦੇ ਸਿਮਰਨ ਨੂੰ ਸਿਮਰਨਾ ਕਰ, ਵਾ:-ਮਨ, ਬਾਣੀ, ਸਰੀਰ ਕਰਕੇ ਉਸ ਸੁਖਦਾਤੇ ਨੂੰ ਸਿਮਰਨਾ ਕਰ, ਜਿਸ ਦਾ ਕੀਤਾ ਹੋਇਆ ਸਾਰਾ ਜਹਾਨ ਹੈ।

**ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ॥ ੧॥**

ਰਸਨਾ ਨਾਲ ਇਕ ਨਰਾਇਣ ਨੂੰ ਰਵਹੁ=ਉਚਾਰੋ

ਤਾਂ ਸੱਚੀ ਦਰਗਾਹ ਵਿਚ ਮਾਨੁ=ਆਦਰ ਪਾਓਗੇ॥ ੧ ॥

**ਸਾਧੂ ਸੰਗੁ ਪਰਾਪਤਿ ਜਾ ਕਉ ਤਿਨ ਹੀ ਪਾਇਆ ਏਹੁ ਨਿਧਾਨੁ॥**

ਜਿਸ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ ਉਸੇ ਨੇ ਇਹ ਨਿਧਾਨੁ=ਖਜ਼ਾਨਾ ਪਾਇਆ ਹੈ।

**ਗਾਵਉ ਗੁਣ ਕੀਰਤਨੁ ਨਿਤ ਸੁਆਮੀ**

**ਕਰਿ ਕਿਰਪਾ ਨਾਨਕ ਦੀਜੈ ਦਾਨੁ॥ ੨ ॥ ੨੯ ॥ ੧੧੫ ॥**

ਗੁਣ=ਲਾਭਦਾਇਕ ਸੁਆਮੀ ਦੇ ਕੀਰਤਨ ਨੂੰ ਨਿਤਾਪ੍ਰਤੀ ਗਾਂਉਣਾ ਕਰੋ।

ਗੁਰੂ ਜੀ ਕਥਨ ਕਰਦੇ ਹਨ-ਕਿਰਪਾ ਕਰਕੇ ਹੋਰਨਾਂ ਨੂੰ ਭੀ ਇਹੋ ਦਾਨ ਦੇਣਾ ਕਰੋ ॥ ੨॥ ੨੯॥ ੧੧੫॥

**ਬਿਲਾਵਲੁ ਮਹਲਾ ੫ ॥ ਰਾਖਿ ਲੀਏ ਸਤਿਗੁਰ ਕੀ ਸਰਣ॥**

ਸਤਿਗੁਰਾਂ ਦੀ ਸ਼ਰਨ ਵਿਚ ਪਾ ਕੇ ਸਾਨੂੰ ਰੱਖ ਲਿਆ ਹੈ।

**ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ॥ ੧ ॥ ਰਹਾਉ ॥**

ਸਾਰੇ ਜਗਤ ਦੇ ਅੰਦਰ ਜੈ ਜੈ ਕਾਰ ਹੋ ਰਿਹਾ ਹੈ,

ਮੇਰਾ ਪਾਰਬ੍ਰਹਮ ਤਾਰਨੇ ਨੂੰ ਤਰਣ=ਜਹਾਜ਼ ਰੂਪ ਹੈ॥ ੧॥ ਰਹਾਉ॥

**ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥**

ਬਿਸ੍ੰਭਰ=ਸੰਸਾਰ ਨੂੰ ਭਰਨ ਵਾਲਾ ਹੈ, ਪੂਰਨ ਸੁਖਾਂ ਦਾ ਦਾਤਾ ਹੈ,

ਸਾਰੀਆਂ ਸਮੱਗ੍ਰੀਆਂ ਨਾਲ ਭਰ ਕੇ ਪੋਖਣ=ਪੁਸ਼ਟੀ ਕਰਨ ਵਾਲਾ ਹੈ।

**ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ॥ ੧ ॥**

ਨਿਰੰਤਰਿ=ਇਕ-ਰਸ ਸਭ ਥਾਨਾਂ ਅੰਦਰ ਥਾਨਾਂ ਵਿਚ ਪੂਰਨ ਹੈ, ਉਸ ਹਰੀ ਦੇ ਚਰਨਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

**ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥**

ਤੁਸੀਂ ਐਸੇ ਨਿਸਚੇ ਕਰੋ ਕਿ-ਸਾਰਿਆਂ ਜੀਵਾਂ ਦੇ ਖਾਣ ਪੀਣ ਦੀ ਜੁਗਤੀ ਮੇਰੇ ਸੁਆਮੀ ਦੇ ਵੱਸ ਵਿਚ ਹੈ, ਪੁਨਾ ਉਹ ਕਾਰਨ ਕਰਨ ਸਭ ਸਿੱਧੀਆਂ ਦੇ ਦੇਣ ਵਾਲਾ ਹੈ।

**ਆਦਿ ਜੁਗਾਦਿ ਪ੍ਰਭੁ ਰਖਦਾ ਆਇਆ**

**ਹਰਿ ਸਿਮਰਤ ਨਾਨਕ ਨਹੀ ਡਰਣ॥ ੨ ॥ ੩੦ ॥ ੧੧੬ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਦਿ ਜੁਗਾਦਿ=ਸਦਾ ਸਦਾ ਰੱਖਦਾ ਆਇਆ ਹੈ, ਹਰੀ ਦਾ ਨਾਮ-ਸਿਮਰਨ ਵਾਲਾ ਕਿਸੇ ਤੋਂ ਡਰਦਾ ਨਹੀਂ ਹੈ॥ ੨॥ ੩੦॥ ੧੧੬॥

## ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮

## ੧ੴ ਸਤਿਗੁਰ ਪ੍ਰਸਾਦਿ ॥ ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥

ਮੇਰਾ ਕੁਝ ਭੀ ਨਹੀਂ ਹੈ ਤੇ ਪ੍ਰਭੂ ! ਇਹ ਸਭ ਕੁਝ ਘਰ ਵਿਚ ਆਪ ਜੀ ਦਾ ਦਿੱਤਾ ਹੋਇਆ ਹੈ।

*ਯਥਾ:-* "ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥" *(ਪੰਨਾ ੧੩੭੫)*

## ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧ ॥ਰਹਾਉ ॥

ਈਘੈ ਨਿਰਗੁਨ=ਇਹ ਜੋ ਗੁਣਾਂ ਤੋਂ ਰਹਿਤ ਜੀਵ ਹੈ ਅਤੇ ਉਘੈ ਸਰਗੁਨ=ਉਹ ਜੋ ਗੁਣਾਂ ਸਹਿਤ ਈਸ਼ਵਰ ਹੈ, ਇਨ੍ਹਾਂ ਦੋਹਾਂ ਵਿਚ ਮੇਰਾ ਸੁਆਮੀ ਪਰਮਾਤਮਾ ਹੀ ਕੇਲ=ਖੇਲ ਕਰ ਰਿਹਾ ਹੈ॥ ੧ ॥ ਰਹਾਉ॥

## ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥

ਨਗਰ ਵਿਚ ਆਪ ਹੈ, ਨਗਰ ਤੋਂ ਬਾਹਰ ਭੀ ਪੁਨਾ ਆਪ ਹੈ, ਮੇਰੇ ਪ੍ਰਭੂ ਦਾ ਸਾਰਿਆਂ ਵਿਚ ਵਾਸਾ ਹੋ ਰਿਹਾ ਹੈ।

## ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧ ॥

ਆਪੇ ਹੀ ਰਾਜਾ ਰੂਪ ਹੈ ਅਤੇ ਆਪੇ ਹੀ ਰਾਇਆ=ਟਿੱਕਾ ਰੂਪ ਹੈ ਵਾ:-ਰਾਇਆ=ਪਰਜਾ ਰੂਪ ਹੈ, ਕਿਸੇ ਕਿਸੇ ਜਗ੍ਹਾ ਠਾਕੁਰ ਰੂਪ ਹੈ, ਕਿਸੀ ਕਿਸੀ ਜਗ੍ਹਾ ਚੇਰਾ=ਦਾਸ ਰੂਪ ਹੈ॥ ੧ ॥

## ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥

ਕਿਸੇ ਦੇ ਪਾਸੋਂ ਦੁਰਾਉ=ਛਿਪਾ (ਲੁਕਾ) ਕਰਨਾ ਹੈ, ਕਿਸ ਨਾਲ ਬਲਬੰਚਾ=ਠੱਗੀਆਂ ਕਰਨੀਆਂ ਹਨ ਕਿਉਂਕਿ ਜਿਥੇ ਦੇਖਦੇ ਹਾਂ, ਓਥੇ ਓਥੇ ਹੀ ਨੇਰਾ=ਨੇੜੇ ਦਿੱਸਦਾ ਹੈ।

## ਸਾਧ ਮੂਰਤਿ ਗੁਰੁ ਭੇਟਿਓ ਨਾਨਕ
## ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨ ॥੧ ॥੧੧੭ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਸਾਧ ਮੂਰਤਿ=ਸੰਤ ਸਰੂਪ, ਵਾ:-ਸ੍ਰੇਸ਼ਟ ਮੂਰਤੀ ਵਾਲੇ ਗੁਰੂ ਸਾਹਿਬ ਜੀ ਮਿਲੇ ਤਾਂ ਇਹ ਨਿਸਚੇ ਕੀਤਾ, ਕਿ ਸਾਗਰ=ਸਮੁੰਦਰ ਨਾਲ ਮਿਲ ਕੇ ਬੂੰਦ ਅਨ=ਵੱਖਰੀ ਵੇਖਣ ਵਿਚ ਨਹੀਂ ਆਉਂਦੀ, ਤਿਵੇਂ ਜੀਵ ਬ੍ਰਹਮ ਤੋਂ ਵੱਖ ਨਹੀਂ ਦਿੱਸਦਾ ॥ ੨ ॥ ੧ ॥ ੧੧੭ ॥

[ਪੰਨਾ ੮੨੮]

## ਬਿਲਾਵਲੁ ਮਹਲਾ ੫ ॥ ਤੁਮ੍ ਸਮਰਥਾ ਕਾਰਨ ਕਰਨ ॥

ਹੇ ਪ੍ਰਭੂ ! ਆਪ ਸਾਰਿਆਂ ਕਾਰਨ ਦੇ ਕਰਨੇ ਨੂੰ ਸਮਰੱਥ ਹੋ।

## ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ॥੧ ॥ਰਹਾਉ ॥

ਹੇ ਗੋਬਿੰਦ ਰੂਪ ਗੁਰੋ ! ਜਾਂ ਹੇ ਗੁਰ=ਪੂਜਨੀਕ ਗੋਬਿੰਦ ! ਮੈਂ ਅਪਰਾਧੀ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ ਆਪ ਮੇਰੇ ਢਾਕਨ ਢਾਕਿ=ਪੜਦੇ ਢਕ ਲਓ॥ ੧ ॥ ਰਹਾਉ॥

**ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ॥**

ਜੋ ਜੋ ਕੰਮ ਅਸਾਂ ਨੇ ਕੀਤੇ ਹਨ ਉਹ ਸਭ ਤੁਸਾਂ ਨੇ ਜਾਣੇ ਹਨ, ਸਾਰੀਆਂ ਜਗ੍ਹਾਂ ਨੂੰ ਵੇਖਿਆ ਹੈ ਅਜੇਹੀ ਕੋਈ ਜਗ੍ਹਾ ਨਹੀਂ ਜਿਥੇ ਆਪ ਜੀ ਨਾ ਹੋਵੋ, ਫਿਰ ਭੀ ਅਸੀਂ ਢੀਠ ਮੁਕਰ ਜਾਂਦੇ ਹਾਂ।

**ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ॥ ੧ ॥**

ਹੇ ਪ੍ਰਭੂ ! ਆਪ ਜੀ ਦਾ ਪ੍ਰਤਾਪ ਸਭ ਤੋਂ ਵੱਡਾ ਸੁਣਿਆ ਹੈ ਅਤੇ ਆਪ ਜੀ ਦਾ ਨਾਮ ਕ੍ਰੋੜਾਂ ਅਘਾ=ਪਾਪਾਂ ਦੇ ਹਰਨ=ਨਾਸ ਕਰਨ ਵਾਲਾ ਹੈ॥ ੧ ॥

**ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ॥**

ਸਾਡਾ ਸਹਾਉ=ਸੁਭਾਵ ਸਦਾ ਸਦਾ ਭੁਲਣੇ ਵਾਲਾ ਹੈ ਅਤੇ ਤੁਹਾਡਾ ਬਿਰਦੁ=ਧਰਮ ਪਤਿਤ ਉਧਾਰਨ=ਪਾਪੀਆਂ ਦੇ ਤਾਰਨ ਵਾਲਾ ਹੈ।

**ਕਰੁਣਾਮੈ ਕਿਰਪਾਲ ਕ੍ਰਿਪਾ ਨਿਧਿ**
**ਜੀਵਨ ਪਦ ਨਾਨਕ ਹਰਿ ਦਰਸਨ॥ ੨ ॥ ੨ ॥ ੧੧੮ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਕਰੁਣਾ-ਮੈ=ਕਿਰਪਾ ਸਰੂਪ ਕਿਰਪਾਲੂ ਕਿਰਪਾ ਦੀ ਨਿਧੀ ਹਰੀ ! ਆਪ ਜੀ ਦਾ ਦਰਸ਼ਨ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ॥ ੨ ॥ ੨ ॥ ੧੧੮ ॥

**ਬਿਲਾਵਲੁ ਮਹਲਾ ੫ ॥ ਐਸੀ ਕਿਰਪਾ ਮੋਹਿ ਕਰਹੁ॥**

ਹੇ ਪ੍ਰਭੂ ! ਮੇਰੇ ਉੱਤੇ ਅਜਿਹੀ ਕਿਰਪਾ-ਦ੍ਰਿਸ਼ਟੀ ਕਰੋ। ਜੋ-

**ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ॥ ੧ ॥ ਰਹਾਉ ॥**

ਸੰਤਾਂ ਦੇ ਚਰਨਾਂ ਪਰ ਮੇਰਾ ਮਾਥਾ=ਸਿਰ ਟਿਕਿਆ ਰਹੇ, ਨੈਨ=ਅੱਖਾਂ ਨਾਲ ਦਰਸ਼ਨ ਹੋਵੇ ਅਤੇ ਸਰੀਰ ਉੱਤੇ ਸੰਤਾਂ ਦੇ ਚਰਨਾਂ ਦੀ ਧੂੜ ਪਵੇ॥ ੧ ॥ ਰਹਾਉ॥

**ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ॥**

ਮੇਰੇ ਹਿਰਦੇ ਵਿਚ ਗੁਰਾਂ ਦਾ ਉਪਦੇਸ਼ ਵੱਸੇ ਅਤੇ ਮਨ ਦੇ ਨਾਲ ਹਰੀ ਨਾਮਾਂ ਨੂੰ ਧਾਰਨਾ ਕਰਾਂ।

**ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ॥ ੧ ॥**

ਹੇ ਠਾਕੁਰ=ਸੁਆਮੀ ਜੀਉ ! ਕਾਮ ਆਦਿਕ ਪੰਚ ਚੋਰਾਂ ਨੂੰ ਨਵਿਰਤ ਕਰ ਦਿਓ ਅਤੇ ਸਾਰਿਆਂ ਭਰਮਾਂ ਨੂੰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਹਵਨ ਕਰ ਕੇ ਜਰਹੁ=ਸਾੜ ਦਿਓ॥ ੧ ॥

**ਜੋ ਤੁਮ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ॥**

ਜੋ ਤੁਸੀਂ ਕਰੋ ਉਸ ਨੂੰ ਅਸੀਂ ਭਲਾ ਕਰਕੇ ਮੰਨੀਏ ਅਤੇ ਦੁਬਿਧਾ ਦੀ ਭਾਵਨਾ ਨੂੰ ਦੂਰ ਟਾਲ ਦਿਓ।

**ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ ॥੨ ॥੩ ॥੧੧੯ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਨਾਨਕ ਦੇ ਪ੍ਰਭੂ ! ਤੁਸੀਂ ਆਪ ਹੀ ਸਭ ਦੇ ਦਾਤੇ ਹੋ, ਸੰਤਾਂ ਦੀ ਸੰਗਤ ਵਿਚ ਲਿਆਕੇ ਮੈਨੂੰ ਤਾਰ ਲਵੋ॥ ੨ ॥ ੩ ॥ ੧੧੯ ॥

**ਬਿਲਾਵਲੁ ਮਹਲਾ ੫ ॥ ਐਸੀ ਦੀਖਿਆ ਜਨ ਸਿਉ ਮੰਗਾ ॥**

ਹੇ ਪਾਰਬ੍ਰਹਮ ! ਤੇਰਿਆਂ ਸੰਤ-ਜਨਾਂ ਪਾਸੋਂ ਮੈਂ ਇਸ ਤਰ੍ਹਾਂ ਦੀ ਦੀਖਿਆ=ਸਿਖਿਆ ਮੰਗਦਾ ਹਾਂ।

**ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ ॥ ਤੁਮ੍ਰੀ ਸੇਵਾ ਤੁਮ੍ਾਰੇ ਅੰਗਾ ॥ ੧ ॥ ਰਹਾਉ ॥**

ਕਿ ਤੁਹਾਡੇ ਹੀ ਸਰੂਪ ਦਾ ਧਿਆਨ ਹੋਵੇ, ਤੁਹਾਡਾ ਹੀ ਰੰਗਾ=ਪ੍ਰੇਮ ਹੋਵੇ।

ਤੁਹਾਡੀ ਹੀ ਸੇਵਾ ਕਰਾਂ, ਤੁਹਾਡੇ ਹੀ ਅੰਗਾ=ਪੱਖ ਵਿਚ ਰਹਾਂ ॥ ੧ ॥ ਰਹਾਉ ॥

**ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥**

ਜਨ=ਸੰਤਾਂ ਦੀ ਟਹਲ ਕਰਾਂ, ਸੰਤਾਂ ਨਾਲ ਹੀ ਸੰਭਾਖਨੁ=ਗੱਲ-ਬਾਤ ਕਰਾਂ ਅਤੇ ਸੰਤ ਜਨਾਂ ਨਾਲ ਹੀ ਉਠਣਾ ਬੈਠਣਾ ਹੋਵੇ।

**ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥ ੧ ॥**

ਜਦ ਤੋਂ ਸੰਤ ਜਨਾਂ ਦੇ ਚਰ=ਚਰਨਾਂ ਦੀ ਰਜ=ਧੂੜ ਮੂੰਹ ਅਤੇ ਮੱਥੇ ਪਰ ਲੱਗੀ,

ਤਦ ਤੋਂ ਅਨੰਤ ਤਰੰਗਾ=ਅਨੇਕ ਸੰਕਲਪਾਂ ਦੀ ਆਸਾ ਪੂਰਨ ਹੋ ਗਈ ॥ ੧ ॥

**ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥**

ਹੇ ਪਾਰਬ੍ਰਹਮ ! ਸੰਤ ਜਨ ਆਪ ਜੀ ਦਾ ਸਰੂਪ ਹਨ, ਜਿਨ੍ਹਾਂ ਦੀ ਪਵਿੱਤ੍ਰ ਮਹਿਮਾ ਹੈ, ਸੰਤ ਜਨਾਂ ਦੇ ਚਰਨਾਂ ਵਿਚ ਗੰਗਾ ਆਦਿਕ ਕ੍ਰੋੜਾਂ ਤੀਰਥ ਵੱਸਦੇ ਹਨ।

**ਜਨ ਕੀ ਧੂਰਿ ਕੀਓ ਮਜਨੁ ਨਾਨਕ**

**ਜਨਮ ਜਨਮ ਕੇ ਹਰੇ ਕਲੰਗਾ ॥ ੨ ॥ ੪ ॥ ੧੨੦ ॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਸੰਤ ਜਨਾਂ ਦੀ ਚਰਨ-ਧੂੜੀ ਵਿਚ ਮਜਨੁ=ਇਸ਼ਨਾਨ ਕੀਤਾ ਹੈ, ਉਸ ਦੇ ਜਨਮਾਂ ਜਨਮਾਂਤਰਾਂ ਦੇ ਕਲੰਗਾ=ਕਲੰਕ (ਪਾਪ) ਹਰੇ=ਨਾਸ ਹੋ ਗਏ ਹਨ ॥ ੨ ॥ ੪ ॥ ੧੨੦ ॥

**ਬਿਲਾਵਲੁ ਮਹਲਾ ੫ ॥ ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥**

ਹੇ ਗਰੀਬ ਨਿਵਾਜ਼ ਜੀਉ! ਜਿਵੇਂ ਆਪ ਜੀ ਨੂੰ ਭਾਵੇ, ਤਿਵੇਂ ਆਪ ਮੇਰੀ ਪਾਲਣਾ ਕਰੋ।

**ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥੧ ॥ਰਹਾਉ ॥**

ਹੇ ਪਾਰਬ੍ਰਹਮ ਪਰਮੇਸ਼ਰ ਸਤਿ=ਤ੍ਰੈਕਾਲ ਅਬਾਧ ਗੁਰ=ਚੇਤਨ, ਆਪ ਕ੍ਰਿਪਾਲੂ ਪਿਤਾ ਹੋ ਅਸੀਂ ਆਪ ਜੀ ਦੇ ਬੱਚੇ ਹਾਂ ॥ ੧ ॥ ਰਹਾਉ ॥

**ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ ॥**

ਮੈਂ ਸ਼ੁਭ-ਗੁਣਾਂ ਤੋਂ ਹੀਣੇ ਵਿਚ ਕੋਈ ਗੁਣ ਨਹੀਂ ਹੈ, ਆਪ ਜੀ ਦੀ ਘਾਲ=ਕਮਾਈ ਦੇ ਬਰਾਬਰ ਮੈਂ ਪਹੁੰਚ ਨਹੀਂ ਸਕਦਾ।

**ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥ ੧ ॥**

ਤੁਹਾਡੀ ਗਤੀ ਅਤੇ ਜੋ ਮਰਯਾਦਾ ਹੈ ਉਸ ਨੂੰ ਤੁਸੀਂ ਆਪ ਹੀ ਜਾਣਦੇ ਹੋ,

ਇਹ ਜੀਅ, ਪਿੰਡ, ਮਾਲ ਆਦਿਕ ਸਭ ਕੁਝ ਆਪ ਜੀ ਦਾ ਹੀ ਹੈ ॥ ੧ ॥

**ਅੰਤਰਜਾਮੀ ਪੁਰਖ ਸੁਆਮੀ ਅਨ ਬੋਲਤ ਹੀ ਜਾਨਹੁ ਹਾਲ॥**

ਹੇ ਅਕਾਲ ਪੁਰਖ ! ਆਪ ਅੰਤਰਜਾਮੀ ਹੋ ਤੇ ਸਭ ਸੁਆਮੀ ਹੋ, ਤੁਸੀਂ ਅਨ ਬੋਤਲ=ਕਹੇ ਤੋਂ ਬਿਨਾਂ ਹੀ ਸਾਰਾ ਹਾਲ ਜਾਣਦੇ ਹੋ।

**ਤਨੁ ਮਨੁ ਸੀਤਲੁ ਹੋਇ ਹਮਾਰੋ**

**ਨਾਨਕ ਪ੍ਰਭ ਜੀਉ ਨਦਰਿ ਨਿਹਾਲ॥੨॥੫॥੧੨੧॥**

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭ ਜੀਓ ! ਆਪ ਕਿਰਪਾ ਦ੍ਰਿਸ਼ਟੀ ਨਾਲ ਦੇਖੋ ਤਾਂ ਸਾਡਾ ਤਨ, ਮਨ ਸੀਤਲੁ=ਠੰਡਾ ਹੋਵੇਗਾ॥ ੨॥ ੫॥ ੧੨੧॥

**ਬਿਲਾਵਲੁ ਮਹਲਾ ੫॥ ਰਾਖੁ ਸਦਾ ਪ੍ਰਭ ਅਪਨੈ ਸਾਥ॥**

ਹੇ ਪ੍ਰਭੂ ! ਸਦਾ ਮੈਨੂੰ ਆਪਣੇ ਨਾਲ ਰਖਣਾ ਕਰ।

**ਤੂ ਹਮਰੋ ਪ੍ਰੀਤਮੁ ਮਨ ਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ॥੧॥ਰਹਾਉ॥**

ਤੂੰ ਸਾਡਾ ਪ੍ਰੀਤਮ ਹੈਂ ਅਤੇ ਮਨ ਦੇ ਮੋਹਣ ਵਾਲਾ ਹੈਂ, ਆਪ ਜੀ ਤੋਂ ਬਿਨਾਂ ਸਾਡਾ ਸਾਰਾ ਜੀਵਨ ਅਕਾਥ=ਨਿਸਫਲ ਹੈ॥ ੧॥ ਰਹਾਉ॥

**ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥**

ਹੇ ਮੇਰੇ ਪ੍ਰਭੂ ! ਇਕ ਖਿਨ ਦੇ ਵਿਚ ਰੰਗ=ਕੰਗਾਲ ਤੋਂ ਰਾਜਾ ਕਰ ਦੇਂਦਾ ਹੈਂ ਫਿਰ ਤੂੰ ਅਨਾਥਾਂ (ਯਤੀਮਾਂ) ਦਾ ਨਾਥ=ਸੁਆਮੀ ਹੈਂ।

**ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ॥੧॥**

ਤ੍ਰਿਸ਼ਨਾਂ ਦੀ ਅੱਗ ਵਿਚ ਸੜਦੇ ਹੋਏ ਆਪਣੇ ਸੇਵਕ ਜਨ ਆਪ ਹੀ ਉਧਾਰੇ=ਬਚਾਏ ਹਨ ਅਤੇ ਆਪਣਾ ਕਰ=ਹੱਥ ਦੇ ਕੇ ਆਪ ਹੀ ਰੱਖ ਲਿਆ ਹੈ।

**ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ॥**

ਹਰੀ ਦੇ ਸਿਮਰਨ ਕਰ ਕੇ ਸੀਤਲ ਕਰਨ ਵਾਲਾ ਆਤਮ-ਸੁਖ ਪਾਇਆ ਹੈ, ਮਨ ਰੱਜ ਗਿਆ ਹੈ ਅਤੇ ਸਾਰੇ ਸ੍ਰਮ=ਥਕੇਵੇਂ ਲਹਿ ਗਏ ਹਨ।

**ਨਿਧਿ ਨਿਧਾਨ ਨਾਨਕ ਹਰਿ ਸੇਵਾ**

**ਅਵਰ ਸਿਆਨਪ ਸਗਲ ਅਕਾਥ॥੨॥੬॥੧੧੨॥**

[ਪੰਨਾ ੮੨੯]

**ਬਿਲਵਲੁ ਮਹਲਾ ੫॥ ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ॥**

ਹੇ ਸੁਆਮੀ ! ਤੁਸੀਂ ਆਪਣੇ ਸੇਵਕ ਨੂੰ ਕਦੇ ਭੁਲਾਉਂਦੇ ਨਹੀਂ ਹੋ, ਮੈਂ ਭੀ ਆਪ ਜੀ ਦਾ ਸੇਵਕ ਹਾਂ ਇਸ ਕਰਕੇ ਮੈਨੂੰ ਭੀ ਕਦੇ ਭੁਲਾਓ ਨਾ।

**ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥੧॥ਰਹਾਉ॥**

ਹੇ ਮੇਰੇ ਪ੍ਰਭੂ ਸੁਆਮੀ ! ਆਪ ਮੇਰੇ ਗਲ ਨਾਲ ਲਗਣਾ ਕਰੋ, ਹੇ ਗੋਬਿੰਦ ! ਪੂਰਬਲੀ ਮਾਂ ਦੇ ਪੇਟ (ਗਰਭ) ਵਾਲੀ ਪ੍ਰੀਤੀ ਵਿਚਾਰਨਾ ਕਰੋ। ਜਾਂ ਹੇ ਗੋਬਿੰਦ ! ਪੂਰਬਲੀ ਦਾਸਾਂ ਵਾਲੀ ਪ੍ਰੀਤੀ ਵਿਚਾਰਨਾ ਕਰੋ, ਜਿਵੇਂ ਪਿੱਛੇ ਦਾਸਾਂ ਨਾਲ ਪ੍ਰੀਤੀ ਕਰਦੇ ਸੀ, ਤਿਵੇਂ ਹੁਣ ਸਾਡੇ ਨਾਲ ਕਰੋ॥ ੧॥ ਰਹਾਉ॥

## ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੋ ਹਮਰੇ ਦੋਖ ਰਿਦੈ ਮਤ ਧਾਰਹੁ॥

ਹੇ ਪ੍ਰਭੂ ਆਪ ਜੀ ਦਾ ਬਿਰਦੁ=ਧਰਮ ਪਤਿਤ ਪਾਵਨ ਹੈ, ਸਾਡੇ ਦੋਸ਼ ਤੁਸੀਂ ਆਪਣੇ ਹਿਰਦੇ ਵਿਚ ਨਾ ਧਾਰਨ ਕਰੋ।

## ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ॥੧॥

ਹੇ ਹਰੀ ! ਸਾਡੇ ਜੀਵਨ ਰੂਪ ਪ੍ਰਾਣ ਅਤੇ ਧਨ ਆਦਿਕ ਸਾਰੇ ਸੁਖ ਤੁਸੀਂ ਆਪ ਹੀ ਹੋ, ਆਪ ਕਿਰਪਾ ਕਰ ਕੇ ਮੇਰੇ ਹਉਮੈ ਰੂਪ ਪਟਲ=ਪੜਦੇ ਨੂੰ ਜਾਰਹੁ=ਸਾੜ ਦਿਓ॥ ੧॥

## ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ॥

ਪਾਣੀ ਤੋਂ ਬਿਨਾਂ ਮੱਛੀ ਦਾ ਜੀਉਣਾ ਕਿਵੇਂ ਹੋ ਸਕਦਾ ਹੈ ਅਤੇ ਦੁੱਧ ਤੋਂ ਬਿਨਾਂ ਬਾਰੋ=ਬਾਲਕਾ (ਬੱਚਾ) ਕਿਸ ਤਰ੍ਹਾਂ ਰਹਿ ਸਕਦਾ ਹੈ?

## ਜਨ ਨਾਨਕ ਪਿਆਸ ਚਰਨ ਕਮਲਨ੍ ਕੀ
## ਪੇਖਿ ਦਰਸੁ ਸੁਆਮੀ ਸੁਖ ਸਾਰੋ॥੨॥੭॥੧੨੩॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੂੰ ਆਪ ਜੀ ਦੇ ਚਰਨ-ਕਮਲਾਂ ਦੀ ਪਿਆਸ ਹੈ, ਹੇ ਸੁਆਮੀ! ਆਪ ਜੀ ਦਾ ਦਰਸ਼ਨ ਵੇਖਣ ਨਾਲ ਹੀ ਸਾਰਿਆਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ॥ ੨॥ ੭॥ ੨੩॥

## ਬਿਲਾਵਲੁ ਮਹਲਾ ੫॥ ਆਗੈ ਪਾਛੈ ਕੁਸਲੁ ਭਇਆ॥

ਆਗੈ=ਪਰਲੋਕ ਦਾ ਪਾਛੈ=ਇਸ ਲੋਕ ਦਾ ਕੁਸਲੁ=ਸੁਖ ਪ੍ਰਾਪਤ ਹੋਇਆ ਹੈ।

## ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ॥੧॥ ਰਹਾਉ॥

ਪੂਰਿਆਂ ਗੁਰਾਂ ਨੇ ਸਭ ਤਰ੍ਹਾਂ ਨਾਲ ਪੂਰੀ ਇੱਜ਼ਤ ਰੱਖੀ ਹੈ ਅਤੇ ਪ੍ਰਭੂ ਪਾਰਬ੍ਰਹਮ ਨੇ ਮਇਆ=ਕਿਰਪਾ ਦ੍ਰਿਸ਼ਟੀ ਕੀਤੀ ਹੈ॥ ੧॥ ਰਹਾਉ॥

## ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ॥

ਹਰੀ ਪ੍ਰੀਤਮ ਨਾਲ ਮੇਰਾ ਮਨ ਤਨ ਰਵਿ ਰਹਿਆ=ਮਿਲ ਰਿਹਾ ਹੈ,

ਏਸੇ ਕਰ ਕੇ ਸਾਰਾ ਦੁਖ ਜਨ ਦਰਦ ਮਿਟ ਗਿਆ ਹੈ।

## ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ॥੧॥

ਸਹਜੇ ਹੀ ਸ਼ਾਂਤੀ ਪੂਰਬਕ ਅਨੰਦ ਰੂਪੀ ਹਰੀ ਦੇ ਗੁਣ ਗਾਏ ਹਨ, ਇਸੀ ਤੇ ਦੁਸ਼ਟਤਾਈ ਦੇ ਕਰਨ ਵਾਲੇ ਕਾਮ ਕ੍ਰੋਧ ਆਦਿਕ ਸਾਰੇ ਦੂਤ ਖਇਆ=ਨਾਸ ਹੋ ਗਏ॥ ੧॥

## ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ॥

ਪ੍ਰਭੂ ਨੇ ਮੇਰਾ ਗੁਣ ਔਗੁਣ ਕੁਝ ਭੀ ਨਹੀਂ ਵਿਚਾਰਿਆ। ਜਾਂ ਗੁਣ ਮੇਰੇ ਵਿਚ ਨਹੀਂ ਸੀ ਤੇ ਔਗੁਣ ਪ੍ਰਭੂ

ਨੇ ਨਹੀਂ ਵਿਚਾਰਿਆ ਅਤੇ ਪ੍ਰਭੂ ਨੇ ਕਿਰਪਾ ਕਰ ਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ।

**ਅਤੁਲ ਬਡਾਈ ਅਚੁਤ ਅਬਿਨਾਸੀ**

**ਨਾਨਕੁ ਉਚਰੈ ਹਰਿ ਕੀ ਜਇਆ ॥ ੨ ॥ ੮ ॥ ੧੨੪ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਅਚੁੱਤ ਅਬਿਨਾਸ਼ੀ ਦੀ ਅਤੁਲ ਵਡਿਆਈ ਹੈ, ਉਸ ਹਰੀ ਦੀ ਜੈ ਜੈ ਧੁਨਿ ਉਚਾਰਦੇ ਹਾਂ, ਤੁਸੀਂ ਭੀ ਉਚਾਰਨਾ ਕਰੋ॥ ੨ ॥ ੮ ॥ ੧੨੪ ॥

**ਬਿਲਾਵਲੁ ਮਹਲਾ ੫ ॥ ਬਿਨੁ ਭੈ ਭਗਤੀ ਤਰਨੁ ਕੈਸੇ ॥**

ਹੇ ਸੁਆਮੀ ! ਆਪ ਜੀ ਦੀ ਡਰ ਭਗਤੀ ਕੀਤੇ ਬਿਨਾਂ ਕਿਸ ਤਰ੍ਹਾਂ ਤਰਨਾ ਹੋਵੇਗਾ?

**ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥ ੧ ॥ ਰਹਾਉ ॥**

ਹੇ ਪਤਿਤ ਉਧਾਰਨ ! ਮੇਰੇ ਉੱਤੇ ਕਿਰਪਾ ਕਰੋ, ਹੇ ਸੁਆਮੀ ! ਆਪਣੇ ਭਰੋਸੇ ਪਰ ਰਖੋ॥ ੧ ॥ ਰਹਾਉ ॥

**ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥**

ਇਸ ਜੀਵ ਨੂੰ ਆਪ ਜੀ ਦਾ ਸਿਮਰਨ ਕਰਨਾ ਨਹੀਂ ਆਉਂਦਾ, ਮਦ=ਹੰਕਾਰ ਵਿਚ ਮਸਤ ਹੋਇਆ ਫਿਰਦਾ ਹੈ, ਕੁੱਤੇ ਵਾਂਗ ਵਿਸ਼ਿਆਂ ਵਿਚ ਰੱਤਾ ਹੋਇਆ ਹੈ।

**ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥ ੧ ॥**

ਜੀਵਾਂ ਨੂੰ ਅਧਿਕ ਮੋਹਾਵਤ=ਬਹੁਤ ਹੀ ਠਗਦਿਆਂ ਹੋਇਆਂ ਅਉਧ ਬਿਹਾਵਤ=ਉਮਰਾ ਬੀਤਦੀ ਜਾਂਦੀ ਹੈ। ਪਾਪਾਂ ਨੂੰ ਕਮਾਉਂਦੇ ਹੋਏ ਐਸੇ ਡੁੱਬ ਗਏ ਜੋ ਨਿਕਲਣ ਜੋਗੇ ਨਾ ਰਹੇ।

*ਅਥਵਾ:*-ਜਿਉਂ ਜਿਉਂ ਅਉਧ ਬਿਹਾਵਤ=ਉਮਰਾ ਬੀਤਦੀ ਹੈ, ਤਿਉਂ ਤਿਉਂ ਮੋਹ ਬਹੁਤਾ ਆਉਂਦਾ ਹੈ ਤੇ ਪਾਪ ਕਰਮਾਂ ਨੂੰ ਕਮਾਉਂਦਾ ਹੈ ਐਸੇ ਕਰਨ ਨਾਲ ਬਹੁਤ ਹੀ ਸੰਸਾਰ-ਸਮੁੰਦਰ ਵਿਚ ਡੁੱਬ ਗਈ॥ ੧ ॥

**ਸਰਨਿ ਦੂਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥**

ਹੇ ਦੁੱਖਾਂ ਦੇ ਨਾਸ ਕਰਨ ਵਾਲੇ ਨਿਰੰਜਨ ਪੁਰਖ ਪਰਮਾਤਮਾ ! ਮੈਂ ਆਪ ਜੀ ਦੀ ਸ਼ਰਨੀ ਆਇਆ ਹਾਂ, ਐਸੀ ਕਿਰਪਾ ਕਰੋ ਜਿਸ ਤਰ੍ਹਾਂ ਸਾਧੂਆਂ ਦੀ ਸੰਗਤ ਵਿਚ ਰਵਣੁ=ਚਲ ਕੇ ਜਾਵਾਂ। ਜਾਂ ਸਾਧੂਆਂ ਦੀ ਸੰਗਤ ਵਿਚ ਬੈਠ ਕੇ ਜਿਸ ਤਰ੍ਹਾਂ ਨਾਮਾਂ ਨੂੰ ਰਵਣੁ=ਉਚਾਰਨਾ ਕਰਾਂ।

**ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥ ੨ ॥ ੯ ॥ ੧੨੫ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਕੇਸ਼ਵ ਪਰਮਾਤਮਾ ! ਕਲੇਸ਼ਾਂ ਦੇ ਨਾਸ ਕਰਨ ਵਾਲੇ ਅਤੇ ਅਘ=ਪਾਪਾਂ ਦੇ ਖੰਡਨ ਵਾਲੇ ਆਪ ਜੀ ਦਾ ਦਰਸ ਦਿਸੇ=ਦਰਸ਼ਨ ਦਿਸੇ ਤਾਂ ਹੀ ਮੇਰਾ ਜੀਵਤ=ਸਫਲ ਜੀਉਣਾ ਹੈ॥ ੨ ॥ ੯ ॥ ੧੨੫ ॥

**ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯**

**ੴ ਸਤਿਗੁਰ ਪ੍ਰਸਾਦਿ ॥ ਆਪਹਿ ਮੇਲਿ ਲਏ ॥**

ਹੇ ਵਾਹਿਗੁਰੂ ! ਤੁਸਾਂ ਨੇ ਕਿਰਪਾ ਕਰਕੇ ਆਪਣੇ ਦਾਸ ਆਪਣੇ ਨਾਲ ਮੇਲ ਲੀਤੇ ਹਨ।

**ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ॥੧॥ ਰਹਾਉ॥**

ਜਦ ਤੋਂ ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ ਤਦ ਤੋਂ ਕਾਮ ਆਦਿਕ ਦੋਸ਼ ਨਵਿਰਤ ਹੋ ਗਏ ਹਨ॥ ੧॥ ਰਹਾਉ॥

**ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ॥**

ਧਨ ਦੇ ਹੰਕਾਰ ਨੂੰ ਤਿਆਗ ਕੇ ਅਤੇ ਬਿਰਾਨੀ=ਬਿਗਾਨੀ ਸਬੰਧੀਆਂ ਦੇ ਪਾਲਣ ਦੀ ਚਿੰਤਾ ਛੱਡ ਕੇ ਸੰਤਾਂ ਦੀ ਸ਼ਰਨ ਵਿਚ ਪਏ ਹਾਂ।

**ਜਪਿ ਜਪਿ ਨਾਮੁ ਤੁਮ੍ਾਰੋ ਪ੍ਰੀਤਮ ਤਨ ਤੇ ਰੋਗ ਖਏ॥੧॥**

ਹੇ ਪ੍ਰੀਤਮ ਆਪ ਜੀ ਦੇ ਨਾਮ ਨੂੰ ਜਪ ਜਪ ਕੇ ਤਨ ਤੋਂ ਰੋਗ ਨਾਸ ਹੋ ਗਏ ਹਨ॥ ੧॥

**ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ॥**

ਮਹਾਂ ਮੂਰਖ ਅਣਜਾਣ ਅਗਿਆਨੀ ਨੂੰ ਤੁਸਾਂ ਨੇ ਦਇਆ ਧਾਰਕੇ ਰੱਖ ਲੀਤਾ ਹੈ।

**ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥੨॥੧॥੧੨੬॥**

ਗੁਰੂ ਜੀ ਕਥਨ ਕਰਦੇ ਹਨ-ਜਦ ਪੂਰਾ ਗੁਰੂ ਮਿਲਿਆ ਹੈ, ਤਾਂ ਹੀ-
ਆਉਣ ਜਾਣ ਦੀ ਤਰਫ਼ੋਂ ਰਹਿ ਗਏ ਹਾਂ॥ ੨॥ ੧॥ ੧੨੬॥

**ਬਿਲਾਵਲੁ ਮਹਲਾ ੫॥ ਜੀਵਉ ਨਾਮੁ ਸੁਨੀ॥**

ਮੈਂ ਪ੍ਰਭੂ ਦੇ ਨਾਮ ਨੂੰ ਸੁਣ ਕੇ ਜੀਵਉ=ਜੀਉਂਦਾ ਹਾਂ।

**ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ॥੧॥ ਰਹਾਉ॥**

ਜਦ ਪੂਰੇ ਗੁਰੂ ਜੀ ਮੇਰੇ ਉੱਤੇ ਆਪ ਪ੍ਰਸੰਨ ਹੋਏ ਤਦ ਮੇਰੀ ਆਸ ਪੂਰੀ ਹੋਈ ਹੈ॥ ੧॥ ਰਹਾਉ॥

**ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ॥**

ਜਨਮ ਮਰਨ ਦੀ ਪੀੜਾ ਦੂਰ ਹੋ ਗਈ ਹੈ, ਮਨ ਨੇ ਧੀਰਰ ਬੰਨ੍ਹ ਲਿਆ ਅਤੇ ਅਨੰਦਦਾਇਕ ਧੁਨੀ ਨੂੰ ਸੁਣ ਕੇ ਮੇਰਾ ਮਨ ਮੋਹਿਆ ਗਿਆ ਹੈ।

**ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ॥੧॥**

ਪ੍ਰਭੂ ਪ੍ਰੀਤਮ ਦੇ ਮਿਲਣ ਦਾ ਚਾਉ=ਚਾਅ (ਉਤਸ਼ਾਹ) ਪੈਦਾ ਹੋਇਆ ਹੈ ਤੇ ਇਕ ਖਿਨ ਭਰ ਵੀ ਉਸ ਤੋਂ ਬਿਨਾਂ ਰਿਹਾ ਨਹੀਂ ਜਾਂਦਾ ॥ ੧॥

[ਪੰਨਾ ੮੩੦]

**ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ॥**

ਜਿਸ ਨੇ ਅਨੇਕਾਨ ਅਨੇਕ ਭਗਤ ਜਨ ਤਾਰੇ ਹਨ, ਜਾਂ ਜਿਸ ਨੇ ਅਨੇਕਾਂ ਭਗਤ ਤਾਰੇ ਹਨ ਤੇ ਅਨੇਕਾਂ ਸੇਵਕ ਜਨ ਤਾਰੇ ਹਨ ਅਤੇ ਜਿਸ ਨੂੰ ਅਨੇਕਾਂ ਮੁਨੀ ਸਿਮਰਦੇ ਹਨ।

## ਅੰਧੁਲੇ ਟਿਕ ਨਿਰਧਨ ਧਨੁ ਪਾਇਓ
## ਪ੍ਰਭ ਨਾਨਕ ਅਨਿਕ ਗੁਨੀ॥ ੨ ॥ ੨ ॥ ੧੨੭ ॥

ਗੁਰੂ ਜੀ ਕਥਨ ਕਰਦੇ ਹਨ-ਜੋ ਅੰਨ੍ਹੇ ਅਗਿਆਨੀ ਦਾ ਟਿਕ=ਆਸਰਾ ਰੂਪ ਹੈ ਤੇ ਨਿਰਧਨ=ਧਨ ਹੀਣ ਪੁਰਸ਼ ਦਾ ਧਨ ਰੂਪ ਹੈ ਅਤੇ ਅਨੇਕ ਗੁਣਾਂ ਵਾਲਾ ਹੈ, ਉਸ ਪ੍ਰਭੂ ਨੂੰ ਮੈਂ ਪਾਇਆ ਹੈ।

ਜਾਂ ਅੰਨ੍ਹੇ:- ਜਿਸ ਦੇ ਅਨੇਕਾਂ ਗੁਣ ਹਨ ਤੇ ਅੰਨ੍ਹੇ ਅਗਿਆਨੀ ਦਾ ਸੋਟੀ ਵਾਂਗ ਆਸਰਾ ਰੂਪ ਹੈ, ਮੈਂ ਨਿਰਧਨ ਨੇ ਉਸ ਧਨੁ=ਧੰਨਤਾ ਜੋਗ ਪ੍ਰਭੂ ਨੂੰ ਪਾਇਆ ਹੈ॥ ੨॥ ੨॥ ੧੨੭॥

## ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ

ਪੜਤਾਲ ਛੰਦ ਦੀ ਚਾਲ ਹੈ, ਜਾਂ ਜਿਸ ਵਿਚ ਕਈ ਤਰ੍ਹਾਂ ਪਾਟਵੇਂ ਤਾਲ ਪੈਣ, ਉਸ ਨੂੰ ਪੜਤਾਲ ਆਖਦੇ ਹਨ। ਵਾ:-ਇਸ ਸ਼ਬਦ ਵਿਚ ਪਰਮੇਸ਼ਰ ਦੀ ਪੜਤਾਲ=ਢੂੰਡ ਕਰਦੇ ਹਨ।

## ੧ੴ ਸਤਿਗੁਰ ਪ੍ਰਸਾਦਿ॥

## ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥

ਮੋਹਨ=ਪਰਮੇਸ਼ਰ ਦੀ ਨਾ ਪ੍ਰਾਪਤੀ ਰੂਪ ਹਾਵੈ=ਹੌਕਿਆਂ (ਝੋਰਿਆਂ) ਕਰਕੇ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ। ਸੰਤਾਂ ਨੇ ਕਿਹਾ-"ਉਸ ਦੀ ਪ੍ਰਸੰਨਤਾ ਲਈ ਤੂੰ ਕੋਈ ਸ਼ਿੰਗਾਰ ਨਹੀਂ ਕੀਤਾ ਹੋਣਾ?"

ਜਗਿਆਸੂ ਨੇ ਕਿਹਾ-"ਸ਼ਿੰਗਾਰ ਤਾਂ ਬੜੇ ਕੀਤੇ ਹਨ।"

ਸੰਤਾਂ ਨੇ ਪੁੱਛਿਆ-"ਕਿਹੜੇ ਸ਼ਿੰਗਾਰ ਕੀਤੇ ਹਨ?"

ਜਗਿਆਸੂ ਨੇ ਕਿਹਾ-"ਹਰਿ ਹਰਿ ਉਚਾਰਨ ਕਰਨੇ ਰੂਪ ਹਾਰ ਪਾਇਆ ਹੈ, ਸਮਾਧੀ ਲਗਾਉਣ ਰੂਪ ਕੱਜਲ ਪਾਇਆ ਹੈ, ਪ੍ਰੇਮ ਰੂਪ ਬਸਤ੍ਰ ਜਾਂ ਪਰਮੇਸ਼ਰ ਪਰਮੇਸ਼ਰ ਨਾਮਾਂ ਦੇ ਉਚਾਰਨ ਕਰਨੇ ਰੂਪ ਬਸਤ੍ਰ ਲੀਤਾ ਹੈ।

*ਯਥਾ:-*"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥" *(ਮਹਲਾ ੧, ਪੰਨਾ ੩੫੯)*

## ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ ੧ ॥ ਰਹਾਉ ॥

ਉਸ ਦੇ ਆਉਣ ਨੂੰ ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਉਡੀਕ ਰਹੀ ਹਾਂ (ਨਿਸਚੇ ਪੂਰਬਕ ਅਰਥ ਹੈ।) ਜਾਂ ਮਨ ਕਰਕੇ ਉਡੀਕ ਰਹੀ ਹਾਂ, ਬਾਣੀ ਕਰਕੇ ਉਡੀਕ ਰਹੀ ਹਾਂ, ਤਨ ਕਰਕੇ ਉਡੀਕ ਰਹੀ ਹਾਂ।

*ਅਥਵਾ:-* ਉਡੀਨੀ=ਨਿਮੋਝੂਣੀ ਹੋਈ ਹੋਈ, ਉਡੀਨੀ=ਦੁੱਖੀ ਹੋਈ ਹੋਈ, ਉਡੀਨੀ=ਉਡੀਕ ਰਹੀ ਹਾਂ। ਜਾਂ ਉਦਾਸੀਨ ਹੋ ਰਹੀ ਹਾਂ।

ਰੀ=ਹੇ ਸਖੀ ! ਉਹ ਪਰਮੇਸ਼ਰ ਪਤੀ ਕਦੋਂ ਘਰ ਆ ਕੇ ਪ੍ਰਾਪਤ ਹੋਵੇਗਾ?॥ ੧॥ ਰਹਾਉ॥

## ਸਰਨਿ ਸੁਹਾਗਨਿ ਚਰਨ ਸੀਸੁ ਧਰਿ॥ ਲਾਲਨੁ ਮੋਹਿ ਮਿਲਾਵਹੁ॥

ਸੁਹਾਗਣਾਂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਦੇ ਚਰਨਾਂ ਪਰ ਸਿਰ ਰੱਖ ਕੇ ਬੇਨਤੀ ਕਰਦੀ ਹਾਂ ਕਿ ਮੈਨੂੰ

ਲਾਲਨੁ=ਪਿਆਰੇ ਪਤੀ ਨਾਲ ਮਿਲਾਉਣਾ ਕਰੋ।

**ਕਬ ਘਰਿ ਆਵੈ ਰੀ ॥ ੧ ॥**

ਰੀ=ਹੇ ਸਖੀਓ ! ਉਹ ਪਿਆਰਾ ਪਤੀ ਕਦੋਂ ਘਰ ਵਿਚ ਆ ਕੇ ਪ੍ਰਾਪਤ ਹੋਵੇਗਾ? ॥ ੧ ॥

ਅੱਗੋਂ ਸੁਹਾਗਣ ਨੇ ਕਿਹਾ-

**ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ**

ਮੈਂ ਕਹਿੰਦੀ ਹਾਂ, ਹੇ ਸਹੇਲੀ ! ਤੂੰ ਉਸ ਦੇ ਮਿਲਣੇ ਦੀ ਗੱਲ ਨੂੰ ਸੁਣ, ਪਹਿਲੇ ਤਾਂ ਤੂੰ ਆਪਣੇ ਅੰਦਰੋਂ ਸਾਰਾ ਹੰਕਾਰ ਮਿਟਾਵਹੁ=ਦੂਰ ਕਰ ਦਿਓ।

**ਤਉ ਘਰ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥**

ਤਾਂ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਲਾਲਨੁ=ਪਿਆਰੇ ਪ੍ਰਭੂ ਨੂੰ ਪਾਵੇਂਗੀ।

(ਜਦ ਤਕ ਨਹੀਂ ਮਿਲਦਾ) ਤਦ ਤਕ ਰਸ=ਪ੍ਰੇਮ ਸਹਿਤ ਮੰਗਲ ਰੂਪ ਗੁਣਾਂ ਨੂੰ ਗਾਉਣਾ ਕਰ । ਅਤੇ-

**ਆਨਦ ਰੂਪ ਧਿਆਵਹੁ ॥ ਨਾਨਕੁ ਦੁਆਰੇ ਆਇਓ ॥**
**ਤਉ ਮੈ ਲਾਲਨੁ ਪਾਇਓ ਰੀ ॥ ੨ ॥**

ਅਨੰਦ ਰੂਪ ਪ੍ਰਭੂ ਨੂੰ ਧਿਆਉਣ ਕਰ। ਗੁਰੂ ਜੀ ਕਥਨ ਕਰਦੇ ਹਨ-ਸੁਹਾਗਵੰਤੀ ਨੇ ਕਿਹਾ, ਸਤਸੰਗ ਦੁਆਰੇ ਪਰ ਆ ਕੇ ਜਦ ਮੈਂ ਅਨੰਦ ਰੂਪ ਨੂੰ ਧਿਆਉਣਾ ਕੀਤਾ ਹੈ, ਰੀ=ਹੇ ਸਖੀ ! ਤਾਂ ਹੀ ਮੈਂ ਲਾਲਨੁ=ਪਿਆਰੇ ਪ੍ਰਭੂ ਨੂੰ ਪਾਉਣਾ ਕੀਤਾ ਹੈ॥ ੨ ॥

**ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥**

ਮੋਹਨ ਪਰਮਾਤਮਾ ਨੇ ਆਪਣਾ ਸੁੰਦਰ ਰੂਪ ਦਿਖਾ ਦਿੱਤਾ ਹੈਂ, ਇਸ ਕਰ ਕੇ ਅਬ=ਹੁਣ ਮੈਨੂੰ ਸ਼ੋਭਨੀਕ ਸ਼ਾਂਤੀ ਰੂਪ ਨੀਂਦ ਆ ਗਈ ਹੈ।

**ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥**

ਮੇਰੀ ਹੁਣ ਸਾਰੀ ਤ੍ਰੇਹ ਬੁੱਝ ਗਈ ਹੈ, ਹੁਣ ਮੈਂ ਸਹਜ-ਪਦ ਵਿਚ ਸਮਾ ਗਈ ਹਾਂ।

**ਮੀਠੀ ਪਿਰਹਿ ਕਹਾਨੀ ॥**
**ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥ ੧ ॥ ੧੨੮ ॥**

ਪਿਆਰੇ ਪਤੀ ਦੀ ਕਥਾ ਮਿੱਠੀ ਹੈ, ਜਿਸ ਨੂੰ ਸੁਣ ਕੇ ਰੀ=ਹੇ ਸਖੀ ! ਲਾਲਨੁ=ਪਿਆਰੇ ਮੋਹਨ ਨੂੰ ਮੈਂ ਪਾਇਆ ਹੈ। ਰਹਾਉ ਦੂਜਾ ॥ ੧ ॥ ੧੨੮ ॥

**ਬਿਲਾਵਲੁ ਮਹਲਾ ੫ ॥ ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥**

ਪ੍ਰਭੂ ਦਾ ਦਰਸ਼ਨ ਪਾਵਤ=ਕਰਦਿਆਂ ਨਾਲ ਹੀ ਮੇਰੀ ਅਹੰ=ਹੰਗਤਾ ਜਾਂਦੀ ਰਹੀ ਹੈ।

**ਰਾਚਹੁ ਨਾਥ ਹੀ ਸਹਾਈ ਸੰਤਨਾ ॥ ਅਬ ਚਰਨ ਗਹੇ ॥ ੧ ॥ ਰਹਾਉ ॥**

(੧) ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ, ਤੁਸੀਂ ਭੀ ਓਸੇ ਨਾਥ ਵਿਚ ਤਦਾਕਾਰ ਹੋਵੋ। ਹੁਣ ਓਸੇ ਦੇ ਚਰਨ ਗਹੇ=ਫੜਨਾ ਕਰੋ।

(੨) ਗੁਰਾਂ ਦੇ ਚਰਨ ਗਹੇ=ਫੜਨ ਕਰਕੇ ਹੁਣ ਮੇਰਾ ਹੀ=ਹਿਰਦਾ ਉਸ ਨਾਥ=ਸੁਆਮੀ ਪਰਮੇਸ਼ਰ ਵਿਚ ਰਚਿਆ ਹੈ, ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ॥ ੧॥ ਰਹਾਉ॥

## ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ॥

ਅਵਰੁ ਨ ਭਾਵੈ=ਹੋਰ ਕੁਝ ਨਹੀਂ ਭਾਉਂਦਾ, ਮੇਰਾ ਮਨ ਇਕ ਚਰਨਾਂ ਹੀ ਚਰਨਾਂ ਨੂੰ ਆਹੇ=ਚਾਹੁੰਦਾ ਹੈ। ਜਿਵੇਂ ਅਲਿ=ਭੌਰਾ ਕਮਲ-ਫੁੱਲਾਂ ਦੀ ਮਕੰਰਦ=ਧੂੜੀ, ਸੁੰਗਧੀ ਪਰ ਉਲਝਿਓ=ਫਸ ਰਹਿੰਦਾ ਹੈ।

ਤਿਵੇਂ ਮੇਰਾ ਮਨ ਰੂਪੀ ਅਲਿ=ਭੌਰਾ ਗੁਰਾਂ ਦੇ ਚਰਨਾਂ ਰੂਪ ਕਮਲ-ਫੁੱਲਾਂ ਦੀ ਸ਼ਰਧਾ ਰੂਪ ਧੂੜੀ, ਪ੍ਰੇਮ ਰੂਪੀ ਰਸ, ਭਗਤੀ ਰੂਪ ਸੁੰਗਧੀ ਪਰ ਫਸ ਰਹਿੰਦਾ ਹੈ।

## ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ॥ ੧॥

ਅਨ=ਹੋਰ ਦੁਨਿਆਵੀ ਰਸਾਂ ਨੂੰ ਨਹੀਂ ਚਾਹੁੰਦਾ। ਇਹ ਹਰੀ ਦੇ ਲਾਭ ਨੂੰ ਹੀ ਲੈਂਦਾ ਹੈ॥ ੧॥

## ਅਨ ਤੇ ਟੂਟੀਐ ਰਿਖ ਤੇ ਛੂਟੀਐ॥

ਅਨ=ਦ੍ਵੈਤ ਭਾਵ ਨਾਲੋਂ ਮਨ ਟੁੱਟ ਜਾਵੇ, ਜਾਂ ਅਨ=ਦ੍ਵੈਤ ਰੂਪ ਸੰਸਾਰ ਵੱਲੋਂ ਟੂਟੀਐ=ਹਟ ਜਾਈਏ, ਜਾਂ ਅਨ=ਹੋਰਨਾਂ ਨਾਲ ਜਿਹੜੀ ਪ੍ਰੀਤੀ ਕਰਦੇ ਹਾਂ ਇਸ ਨਾਲੋਂ ਟੂਟੀਐ=ਹਟ ਜਾਈਏ ਤਾਂ ਰਿਖੀ ਦੰਡ, ਪਿਤ੍ਰ ਦੰਡ ਤੋਂ ਛੁੱਟ ਜਾਈਦਾ ਹੈ। ਵਾ:-ਰਿਖ=ਇੰਦ੍ਰੀਆਂ ਦੇ ਵਿਸ਼ਿਆ ਵੱਲੋਂ ਛੁੱਟ ਜਾਈਦਾ ਹੈ। ਵਾ:-ਰਿਖ=ਧਰਮ ਰਾਜਾ ਤੋਂ ਛੁੱਟ ਜਾਈਦਾ ਹੈ। ਜਿਵੇਂ-

### ਸਾਖੀ-ਧਰਮਰਾਂਜ ਦੇ ਰਿਖੀ ਰੂਪ ਧਾਰਨ ਦੀ

ਇਕ ਰਿਖੀ ਬੜੀ ਸਹਿਨ-ਸ਼ੀਲਤਾ ਵਾਲਾ ਸੀ, ਉਸ ਨੇ ਜ਼ਿੰਦਗੀ ਵਿਚ ਕਦੇ ਕ੍ਰੋਧ ਨਹੀਂ ਕੀਤਾ। ਪਰ ਉਸ ਦੀ ਪ੍ਰੀਖਿਆ ਲੈਣ ਵਾਸਤੇ ਇਕ ਦਿਨ ਧਰਮਰਾਜਾ ਰਿਖੀ ਦਾ ਰੂਪ ਧਾਰ ਕੇ ਉਸ ਦੀ ਔਰਤ ਪਾਸ ਆ ਕੇ ਬੈਠ ਗਿਆ ਤੇ ਪ੍ਰੇਮ-ਭਾਵ ਨਾਲ ਗੱਲਾਂ ਕਰਦਾ ਹੋਇਆ ਉਸ ਦੇ ਸਰੀਰ ਨਾਲ ਲਿਪਟ ਗਿਆ। ਇਤਨੇ ਨੂੰ ਰਿਖੀ ਨਦੀ ਤੋਂ ਇਸ਼ਨਾਨ ਕਰਕੇ ਆ ਗਿਆ। ਉਸ ਨੂੰ ਦੇਖ ਕੇ ਧਰਮਰਾਜਾ ਨੇ ਵਿਚਾਰਿਆ-'ਜੇਕਰ ਮੇਰੇ ਕਰਤੱਵ ਨੂੰ ਵੇਖ ਕੇ ਰਿਖੀ ਨੇ ਕਰੋਧ ਨਾਲ ਮੈਨੂੰ ਕੁਝ ਕਿਹਾ ਤਾਂ ਇਸ ਦੀ ਸਹਿਨ-ਸ਼ੀਲਤਾ ਜਾਂਦੀ ਰਹੇਗੀ। ਜੇਕਰ ਇਸ ਨੇ ਮੈਨੂੰ ਕੁਝ ਨਾ ਕਿਹਾ ਤਦ ਮੈਂ ਇਸ ਨੂੰ ਉੱਤਮ ਰਿਖੀ ਸਮਝਾਂਗਾ।' ਰਿਖੀ ਨੇ ਸਰਾਪ ਦੇਣਾ ਤਾ ਕਿਧਰੇ ਰਿਹਾ, ਮੱਥੇ ਪਰ ਵੱਟ ਭੀ ਨਹੀਂ ਪਾਇਆ ਤੇ ਖਿੜੇ ਮੱਥੇ ਧਰਮਰਾਜਾ ਨੂੰ ਸਤਿਕਾਰਿਆ। ਉਸ ਵੇਲੇ ਧਰਮਰਾਜਾ ਨੇ ਪ੍ਰਸੰਨ ਹੋ ਕੇ ਕਿਹਾ-''(ਵਰੰਬ੍ਰੂ) ਵਰ ਮੰਗ।'' ਰਿਖੀ ਨੇ ਕਿਹਾ-'ਮੈਨੂੰ ਕਿਸੇ ਪਦਾਰਥ ਦੀ ਲੋੜ ਨਹੀਂ।' ਜਦ ਧਰਮ ਰਾਜਾ ਨੇ ਦੁਬਾਰਾ ਕਿਹਾ-'ਵਰ ਮੰਗ।' ਤਾਂ ਰਿਖੀ ਨੇ ਵਿਚਾਰਿਆ-'ਇਸ ਨੇ ਐਵੇਂ ਜਾਣਾ ਨਹੀਂ ਕੁਝ ਮੰਗ ਹੀ ਲੈਣਾ ਚਾਹੀਦਾ ਹੈ।' ਉਸ ਵੇਲੇ ਰਿਖੀ ਨੇ ਕਿਹਾ-'ਜੋ ਮੇਰਾ ਨਾਮ ਹੈ ਉਹੀ ਤੇਰਾ ਨਾਮ ਹੋ ਜਾਵੇ।' ਧਰਮਰਾਜਾ ਨੇ ਕਿਹਾ-'ਤਥਾ ਅਸਤੁ।' ਉਸ ਦਿਨ ਤੋਂ ਧਰਮਰਾਜਾ ਦਾ ਨਾਮ 'ਰਿਖੀ' ਪੈ ਗਿਆ। ਇਸ ਕਰਕੇ ਇਥੇ ਰਿਖ ਦਾ ਅਰਥ ਧਰਮਰਾਜਾ ਕੀਤਾ ਹੈ।

**ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ॥**

ਮਨ ਕਰਕੇ ਹਰੀ ਨਾਮ ਅੰਮ੍ਰਿਤ ਰਸ ਦੇ ਘੁੱਟ ਭਰਨਾ ਕਰੀਏ,
ਸੰਤਾਂ ਦੇ ਸੰਗ ਕਰਕੇ ਸੰਸਾਰ ਵੱਲੋਂ ਬਿਰਤੀ ਨੂੰ ਉਲਟਾਉਣਾ ਕਰੀਏ।

**ਅਨ ਨਾਹੀ ਨਾਹੀ ਰੇ॥ ਨਾਨਕ ਪ੍ਰੀਤਿ ਚਰਨ ਚਰਨ ਹੇ॥੨॥੨॥੧੨੯॥**

ਅਨ=ਦ੍ਵੈਤ ਰੂਪ ਪ੍ਰਪੰਚ ਪਿੱਛੇ ਨਹੀਂ ਸੀ, ਹੁਣ ਭੀ ਨਹੀਂ ਹੈ, ਅੱਗੇ ਭੀ ਨਹੀਂ ਹੋਵੇਗਾ, ਕਿਉਂਕਿ ਤਿੰਨਾਂ ਸਮਿਆਂ ਵਿਚ ਮਿਥਿਆ ਹੈ। ਜਾਂ ਸਤਿਸੰਗ ਤੋਂ ਬਿਨਾਂ ਤਰਨ ਦਾ ਹੋਰ ਕੋਈ ਸਾਧਨ ਨਹੀਂ ਹੈ, ਹੋਰ ਕੋਈ ਸਾਧਨ ਨਹੀਂ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੇ ਚਰਨਾਂ ਹੀ ਚਰਨਾਂ ਨਾਲ ਪ੍ਰੀਤੀ ਕਰ,
ਜਾਂ-ਚਰਨ=ਪੂਜਨੀਕ ਜੋ ਗੁਰੂ ਹਨ, ਵਾ:-ਚਰਨ=ਸਰੇਸ਼ਟ ਕਰਤੱਬਾਂ ਦੇ ਕਾਰਨ ਵਾਲੇ ਜੋ ਗੁਰੂ ਹਨ,
ਵਾ:-ਚਰਨ=ਵੇਦਾਂ ਵਿਚ ਵਿਚਰਨ ਵਾਲੇ ਜੋ ਗੁਰੂ ਹਨ, ਉਨ੍ਹਾਂ ਦੇ ਚਰਨਾਂ ਨਾਲ ਪ੍ਰੀਤੀ ਕਰ॥ ੨॥ ੨॥ ੧੨੯॥

## ਰਾਗੁ ਬਿਲਾਵਲੁ ਮਹਲਾ ੯ ਦੁਪਦੇ
## ੧ੴ ਸਤਿਗੁਰ ਪ੍ਰਸਾਦਿ॥

ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਪਦੇਸ਼ ਦੇਂਦੇ ਹਨ-

**ਦੁਖ ਹਰਤਾ ਹਰਿ ਨਾਮੁ ਪਛਾਨੋ॥**

ਹਰੀ ਨਾਮ ਨੂੰ ਹੀ ਦੁੱਖਾਂ ਦੇ ਨਾਸ਼ ਕਰਨ ਵਾਲਾ ਪਛਾਣਨਾ ਕਰੋ।

**ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥੧॥ ਰਹਾਉ॥**

ਜਿਸ ਦਾ ਸਿਮਰਨ ਕਰਕੇ ਅਜਾਮਲ ਪਾਪੀ ਤੇ ਗਨਕਾ ਪਾਪਣ* ਮੁਕਤ ਰੂਪ ਹੋਏ ਹਨ, ਇਹ ਆਪਣੇ ਜੀਅ ਜਾਨੋ=ਦਿਲ ਵਿਚ ਜਾਣ ਲਓ॥ ੧॥ ਰਹਾਉ॥

---

*"*ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ। ਗੁਰੁ ਤੇ ਬੇਮੁਖ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ। ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ। ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ। ਪੁਤੁ ਉਪੰਨਾਂ ਸਤਵਾਂ ਨਾਉਂ ਧਰਣ ਨੋ ਚਿਤਿ ਉਮਹਿਆ। ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣ ਕਹਿਆ। ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ। ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ। ਨਾਇ ਲਏ ਦੁਖੁ ਡੇਰਾ ਢਹਿਆ ॥ ੨੦॥* (ਵਾਰ ੧੦)

*ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ। ਮਹਾਂ ਪੁਰਖ ਅਚਾਣਚੱਕ ਗਨਿਕਾ ਵਾੜੇ ਆਇ ਖਲੋਤਾ। ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ। ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ। ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ। ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ। ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ। ਗਈ ਬੈਕੁੰਠ ਬਿਬਾਣਿ ਚੜ੍ਹਿ ਨਾਉਂ ਰਸਾਇਣੁ ਛੋਤਿ ਅਛੋਤਾ। ਥਾਉਂ ਨਿਥਾਵੈਂ ਮਾਣੁ ਮਣੋਤਾ॥ ੨॥"* (ਭਾ: ਗੁਰਦਾਸ ਜੀ, ਵਾਰ ੧੦)

**ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥**

ਓਸੇ ਛਿਨ ਵਿਚ ਹੀ ਗਜ ਕੀ ਤ੍ਰਾਸ=ਹਾਥੀ ਦੀ ਖੌਫ਼ਤਾਈ ਮਿਟ ਗਈ ਸੀ, ਜਦੋਂ ਹੀ ਉਸ ਨੇ ਰਾਮ ਨੂੰ ਕਥਨ ਕੀਤਾ ਸੀ।

**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥ ੧ ॥**

ਨਾਰਦ ਮੁਨੀ ਦਾ ਕਹਿਣਾ ਸੁਣਦਿਆਸਾਰ ਹੀ ਧ੍ਰੂਅ ਬਾਲਿਕ ਪ੍ਰਭੂ ਦੇ ਭਜਨ-ਸਿਮਰਨ ਵਿਚ ਲੰਪਟ ਹੋ ਗਿਆ ॥ ੧ ॥

*ਯਥਾ:-* "ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚ ਰੋਸੁ ਮਤ੍ਰੇਈ ਕੀਤਾ।
ਡਡਹੁਲਿੱਕਾ ਮਾਂ ਪੁਛੇ, ਤੂੰ ਸਾਵਾਣੀ ਹੈ ਕਿ ਸੁਰੀਤਾ।
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ ।
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ॥"...... ॥ ੧ ॥

*(ਭਾਈ ਗੁਰਦਾਸ ਜੀ, ਵਾਰ ੧੦)*

**ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥**

ਉਸ ਭਜਨ ਕਰਕੇ ਧ੍ਰੂਅ ਭਗਤ ਨੇ ਅਮਰ ਅਚੱਲ ਅਤੇ ਨਿਰਭੈ ਪਦ ਨੂੰ ਪਾਇਆ ਹੈ, ਜਿਸ ਨੂੰ ਵੇਖ ਕੇ ਸਾਰਾ ਜਗਤ ਹੈਰਾਨੋ=ਅਸਚਰਜ ਹੁੰਦਾ ਹੈ।

**ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥ ੨ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਭਗਤਾਂ ਦਾ ਰੱਖਜਕ ਹੈ, ਉਸ ਨੂੰ ਤੁਸੀਂ ਆਪਣੇ ਕੋਲ ਹੀ ਮੰਨਣਾ ਕਰੋ॥ ੨ ॥ ੧ ॥

**ਬਿਲਾਵਲੁ ਮਹਲਾ ੯ ॥ ਹਰਿ ਕੇ ਨਾਮ ਬਿਨਾ ਦੁਖੁ ਪਾਵੈ॥**

ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਇਹ ਜੀਵ ਦੁੱਖ ਪਾਉਂਦਾ ਹੈ।

**ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥ ੧ ॥ ਰਹਾਉ ॥**

ਭਗਤੀ ਕੀਤੇ ਤੋਂ ਬਿਨਾ ਸੰਸਾ ਦੂਰ ਨਹੀਂ ਹੁੰਦਾ, ਪਰ ਇਸ ਭੇਦ ਨੂੰ ਗੁਰੂ ਹੀ ਬਤਾਵੈ=ਦੱਸਦੇ ਹਨ॥ ੧ ॥

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥**

ਜੇਕਰ ਰਾਮ ਦੀ ਸ਼ਰਨ ਵਿਚ ਨਹੀਂ ਆਉਂਦਾ ਤਾਂ ਤੀਰਥ ਇਸ਼ਨਾਨ ਕੀਤਿਆਂ ਅਤੇ ਵਰਤ ਰੱਖਿਆਂ ਕੀ ਹੋਣਾ ਹੈ ? ਭਾਵ ਭਗਤੀ ਕੀਤੇ ਤੋਂ ਬਿਨਾਂ ਸਾਰੇ ਕਰਮ ਨਿਸਫਲ ਹਨ।

[ਪੰਨਾ ੮੩੧]

## ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥੧॥

ਜੋ ਪ੍ਰਭੂ ਦੇ ਜਸ ਨੂੰ ਭੁਲਾਉਂਦਾ ਹੈ, ਉਸ ਦਾ ਜੋਗ ਸਾਧਿਆ ਹੋਇਆ ਅਤੇ ਜਗ=ਯੱਗ ਆਦਿਕ ਕਰਮ ਕੀਤੇ ਹੋਏ ਨਿਸਫਲ ਮੰਨੋ॥ ੧॥

## ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥

ਜੋ ਮਾਨ ਅਤੇ ਮੋਹ ਇਨ੍ਹਾਂ ਦੋਹਾਂ ਨੂੰ ਪਰਹਰਿ=ਤਿਆਗ ਕੇ ਗੋਵਿੰਦ ਦੇ ਗੁਣਾਂ ਨੂੰ ਗਾਉਂਦਾ ਹੈ।

## ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥੨॥੨॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਦੀ ਵਿਧੀ ਨਾਲ ਭਜਨ ਕਰਨ ਵਾਲਾ ਪੁਰਸ਼ ਜੀਵਨ-ਮੁਕਤ ਕਿਹਾ ਜਾਂਦਾ ਹੈ॥ ੨॥ ੨॥

## ਬਿਲਾਵਲੁ ਮਹਲਾ ੯॥ ਜਾ ਮੈ ਭਜਨੁ ਰਾਮ ਕੋ ਨਾਹੀ ॥

ਜਾ=ਜਿਸ ਪੁਰਸ਼ ਦੇ ਹਿਰਦੇ ਮੈ=ਵਿਚ ਰਾਮ ਦਾ ਭਜਨ-ਸਿਮਰਨ ਨਹੀਂ ਹੈ।

## ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ॥੧॥ਰਹਾਉ॥

ਤਿਸ ਪੁਰਸ਼ ਨੇ ਅਮੋਲਕ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ,

ਇਸ ਗੱਲ ਮਨ ਦੇ ਵਿਚ ਯਾਦ ਰੱਖੋ॥ ੧॥ ਰਹਾਉ॥

## ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥

ਭਾਵੇਂ ਤੀਰਥ ਇਸ਼ਨਾਨ ਕਰਦਾ ਹੈ, ਪੁਨਾ ਵਰਤ ਆਦਿਕ ਭੀ ਰੱਖਦਾ ਹੈ, ਪਰ ਜਿਸ ਦਾ ਮਨ ਆਪਣੇ ਵੱਸ ਵਿਚ ਨਹੀਂ ਹੈ।

## ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥੧॥

ਉਸ ਦੇ ਕਰਮ ਧਰਮ ਕੀਤੇ ਹੋਏ ਤੁਸੀਂ ਸਾਰੇ ਨਿਸਫਲ ਮੰਨੋ, ਇਹ ਗੱਲ ਮੈਂ ਸੱਚ ਕਹਿੰਦਾ ਹਾਂ॥ ੧॥

## ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥

ਜਿਸ ਤਰ੍ਹਾਂ ਪਾਹਨੁ=ਪੱਥਰ ਪਾਣੀ ਵਿਚ ਰੱਖਿਆ ਜਾਏ, ਤਿਸ ਨੂੰ ਪਾਣੀ ਭੇਦੈ ਨਾਹਿ=ਵਿੰਨ੍ਹਦਾ ਨਹੀਂ ਹੈ, ਭਾਵ ਅੰਦਰ ਪ੍ਰਵੇਸ਼ ਕਰਕੇ ਉਸ ਨੂੰ ਗਿੱਲਾ ਨਹੀਂ ਕਰ ਸਕਦਾ ।

## ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥੨॥

ਜੋ ਪ੍ਰਾਣੀ ਭਗਤੀ ਤੋਂ ਹੀਨ=ਰਹਿਤ ਹੈ, ਤਾਹਿ=ਉਸ ਨੂੰ ਭੀ ਤੁਸੀਂ ਤੈਸੇ=ਉਸੇ ਤਰ੍ਹਾਂ ਦਾ ਸੁੱਕਾ ਪੱਥਰ ਹੀ ਪਛਾਣ ਲਵੋ॥ ੨॥

**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥**

ਕਲਜੁਗ ਵਿਚ ਨਾਮ ਜਪਣ ਤੇ ਹੀ ਮੁਕਤੀ ਨੂੰ ਪਾਉਂਦਾ ਹੈ, ਇਸ ਭੇਦ ਨੂੰ ਗੁਰੂ ਹੀ ਦੱਸਦੇ ਹਨ।

**ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥ ੩ ॥ ੩ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਦੇ ਗੁਣ ਗਾਉਂਦਾ ਹੈ, ਓਹੀ ਪੁਰਸ਼ ਸਾਰਿਆਂ ਤੋਂ ਗਰੂਆ=ਭਾਰੀ ਭਾਵ ਵੱਡਾ ਹੈ॥ ੩ ॥ ੩ ॥

## ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦

**ੴ ਸਤਿਗੁਰ ਪ੍ਰਸਾਦਿ॥ ਨਿਕਟਿ ਵਸੈ ਦੇਖੈ ਸਭੁ ਸੋਈ॥**

ਪਰਮੇਸ਼ਰ ਸਭ ਦੇ ਨੇੜੇ ਵੱਸ ਰਿਹਾ ਹੈ ਅਤੇ ਓਹੀ ਸਭ ਕੁਝ ਵੇਖ ਰਿਹਾ ਹੈ।

**ਗੁਰਮੁਖਿ ਵਿਰਲਾ ਬੂਝੈ ਕੋਈ॥**

ਪਰ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਉਸ ਦੇ ਸਰੂਪ ਨੂੰ ਜਾਣਦਾ ਹੈ।

**ਵਿਣੁ ਭੈ ਪਇਐ ਭਗਤਿ ਨ ਹੋਈ॥ ਸਬਦਿ ਰਤੇ ਸਦਾ ਸੁਖੁ ਹੋਈ॥ ੧ ॥**

ਡਰ ਪਏ ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ । ਜੋ ਗੁਰ-ਉਪਦੇਸ਼ ਵਿਚ ਰੱਤੇ ਹਨ, ਉਹਨਾਂ ਨੂੰ ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੧ ॥

**ਐਸਾ ਗਿਆਨੁ ਪਦਾਰਥੁ ਨਾਮੁ॥**

**ਗੁਰਮੁਖਿ ਪਾਵਸਿ ਰਸਿ ਰਸਿ ਮਾਨੁ॥ ੧ ॥ ਰਹਾਉ ॥**

ਨਾਮ-ਪਦਾਰਥ ਐਸਾ ਹੈ ਜੋ ਕਿ ਗਿਆਨ ਦੀ ਪ੍ਰਾਪਤੀ ਕਰਨ ਵਾਲਾ ਹੈ। ਜਾ ਗਿਆਨੁ=ਜਾਣਨਾ ਕਰ ਨਾਮ-ਪਦਾਰਥ ਐਸਾ ਹੈ। ਗੁਰਮੁਖ ਹੀ ਪ੍ਰੇਮ-ਰਸ ਵਿਚ ਰਸ ਕੇ ਨਾਮ ਦਾ ਮਾਨੁ=ਮੰਨਣ ਕਰਨਾ ਪਾਉਂਦਾ ਹੈ। ਵਾ:-ਗੁਰਮੁਖ ਗੁਰਾਂ ਦੁਆਰੇ ਨਾਮ-ਰਸ ਵਿਚ ਰਸ ਕੇ ਮਾਨ-ਵਡਿਆਈ ਪਾਉਂਦਾ ਹੈ॥ ੧ ॥ ਰਹਾਉ ॥

**ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ॥**

ਉੱਪਰੋਂ ਤਾਂ ਗਿਆਨ ਹੀ ਗਿਆਨ ਦੀਆਂ ਗੱਲਾਂ ਸਭ ਕੋਈ ਕਥਨ ਕਰਦਾ ਹੈ । ਜੋ ਕਥਾਂ ਨੂੰ ਕਥ ਕੇ ਬਾਦੁ=ਝਗੜੇ ਕਰਦਾ ਹੈ, ਉਸ ਨੂੰ ਦੁੱਖ ਦੀ ਪ੍ਰਾਪਤੀ ਹੈ।

**ਕਥਿ ਕਹਣੈ ਤੇ ਰਹੈ ਨ ਕੋਈ॥ ਬਿਨੁ ਰਸ ਰਾਤੇ ਮੁਕਤਿ ਨ ਹੋਈ॥ ੨ ॥**

ਫਜ਼ੂਲ ਕਥਨੀਆ ਦੇ ਕਹਿਣ ਵੱਲੋਂ ਕੋਈ ਰਹਿੰਦਾ ਨਹੀਂ ਹੈ।

ਜਾਂ ਵੇਦਾਂ ਨੂੰ ਕਥਨ ਤਾਂ ਕਰਦੇ ਹਨ ਪਰ ਉਸ ਕਹਿਣੇ ਪਰ ਇਸਥਿਤ ਨਹੀਂ ਰਹਿੰਦੇ । ਪ੍ਰੇਮ ਵਾ:- ਨਾਮ-ਰਸ ਵਿਚ ਰੱਤੇ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ॥ ੨ ॥

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥**

ਸੱਚਾ ਗਿਆਨ ਤੇ ਸੱਚਾ ਧਿਆਨ ਸਭ ਗੁਰਾਂ ਤੋਂ ਪ੍ਰਾਪਤ ਹੁੰਦਾ ਹੈ।

ਜਾਂ ਗਿਆਨ ਧਿਆਨ ਆਦਿਕ ਸਾਰਿਆਂ ਸਾਧਨਾਂ ਦੀ ਸਫਲਤਾ ਗੁਰਾਂ ਦੀ ਕਿਰਪਾ ਨਾਲ ਹੁੰਦੀ ਹੈ।

ਸੱਚੀ ਰਹਿਣੀ ਦੇ ਧਾਰਨ ਕਰਕੇ ਹੀ ਮਨ ਵਿਚ ਉਸ ਸੱਚੇ ਦੀ ਪ੍ਰਾਪਤੀ ਹੁੰਦੀ ਹੈ।

**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ ੩॥**

ਮਨਮੁਖਾਂ ਦੀ ਕਥਨੀ ਤਾਂ ਹੈ ਪਰ ਰਹਿਣੀ ਕੋਈ ਨਹੀਂ ਹੈ।

(੧) ਨਾਮ ਤੋਂ ਭੁੱਲੇ ਹੋਏ ਨੂੰ ਕੋਈ ਥਾਂ ਨਹੀਂ ਝੱਲਦੀ।

(੨) ਨਾਮ ਤੋਂ ਭੁੱਲੇ ਹੋਏ ਨੂੰ ਕੋਈ ਸੁਖ ਦਾ ਥਾਂ ਪ੍ਰਾਪਤ ਨਹੀਂ ਹੁੰਦਾ ॥ ੩॥

**ਮਨੁ ਮਾਇਆ ਬੰਧਿਓ ਸਰ ਜਾਲਿ॥**

**ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ॥**

ਮਨ ਮਾਇਆ ਵਿਚ ਬੱਧਾ ਹੋਇਆ ਹੈ ਜਾਲ ਦੇ ਸਰ=ਸਦ੍ਰਸ਼। ਜਾਂ ਮਨ ਨੂੰ ਮਾਇਆ ਨੇ ਜਾਲ ਦੇ ਸਦ੍ਰਸ਼ ਬੰਨ੍ਹ ਲਿਆ ਹੈ।

*ਅਥਵਾ:-* ਸਰ=ਸੰਸਾਰ ਵਿਚ ਮਾਇਆ ਰੂਪੀ ਜਾਲ ਵਿਚ ਮਨ ਬੱਧਾ ਹੋਇਆ ਹੈ। ਏਸੇ ਕਰਕੇ ਹਰ ਇਕ ਘਟਿ ਘਟਿ=ਸਰੀਰ-ਸਰੀਰ ਵਿਸ਼ਿਆਂ ਨਾਲ ਲੱਗ ਰਿਹਾ ਹੈ।

*ਅਥਵਾ:-*ਉਹ ਪਰਮੇਸ਼ਰ ਸਾਰਿਆਂ ਘਟਾਂ ਘਟਾਂ ਵਿਚ ਵਿਆਪ ਰਿਹਾ ਹੈ,

*ਪ੍ਰਸ਼ਨ:-*ਇਹ ਜੀਵ ਉਸ ਨੂੰ ਕਿਉਂ ਨਹੀਂ ਜਾਣਦਾ ?

*ਉੱਤਰ:-*ਵਿਸ਼ਿਆਂ ਨਾਲ ਲੱਗਣ ਕਰਕੇ ਨਹੀਂ ਜਾਣਦਾ।

**ਜੋ ਆਂਜੈ ਜੋ ਦੀਸੈ ਕਾਲਿ॥ ਕਾਰਜੁ ਸੀਧੋ ਰਿਦੈ ਸਮ੍ਹਾਲਿ॥ ੪॥**

ਜੋ ਆਂਜੈ=ਆਇਆ ਹੈ ਉਹ ਕਾਲ ਦੇ ਮੂੰਹ ਵਿਚ ਦਿੱਸਦਾ ਹੈ, ਜਾਂ ਸਭ ਦੇ ਸਿਰ ਉਤੇ ਕਾਲ ਦਿੱਸਦਾ ਹੈ।

*ਅਥਵਾ:-*ਜੋ ਆਂਜੈਂ=ਅੱਜ ਦਿੱਸ ਰਿਹਾ ਹੈ, ਉਹ ਕੱਲ੍ਹ ਦਿੱਸੇਗਾ? ਕਿੰਤੂ ਨਹੀਂ ਦਿੱਸੇਗਾ।

ਏਸੇ ਵਾਸਤੇ ਕਿਹਾ ਹੈ-

"ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ ੧੩੮॥" *(ਪੰਨਾ ੧੩੭੧)*

ਹਿਰਦੇ ਵਿਚ ਨਾਮ ਨੂੰ ਸੰਭਾਲੇ ਤਾਂ ਮੋਖ ਰੂਪੀ ਕਾਰਜ ਸਿਧ ਹੁੰਦਾ ਹੈ॥ ੪॥

**ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥**

ਉਹ ਅਸਲ ਗਿਆਨੀ ਹੈ ਜਿਸ ਨੇ ਸਬਦਿ=ਬ੍ਰਹਮ ਵਿਚ ਲਿਵ ਲਗਾਈ ਹੈ। ਪਰ ਮਨਮੁਖ ਨੇ ਹੰਗਤਾ-ਮਮਤਾ ਵਿਚ ਲੱਗ ਕੇ ਪਤ-ਆਬਰੋ ਗੁਆ ਲਈ ਹੈ।

**ਆਪੇ ਕਰਤੈ ਭਗਤਿ ਕਰਾਈ॥ ਗੁਰਮੁਖਿ ਆਪੇ ਦੇ ਵਡਿਆਈ॥ ੫॥**

ਜਿਨ੍ਹਾਂ ਪਾਸੋਂ ਕਰਤੇ ਪੁਰਖ ਨੇ ਆਪ ਭਗਤੀ ਕਰਵਾਈ ਹੈ।

ਉਹਨਾਂ ਗੁਰਮੁਖਾਂ ਨੂੰ ਆਪ ਹੀ ਵਡਿਆਈ ਦੇਂਦਾ ਹੈ॥ ੫॥

## ਰੈਣਿ ਅੰਧਾਰੀ ਨਿਰਮਲ ਜੋਤਿ॥ ਨਾਮ ਬਿਨਾ ਝੂਠੇ ਕੁਚਲ ਕਛੋਤਿ॥

(੧) ਇਸ ਜੀਵ ਦੀ ਅਵਸਥਾ ਰੂਪੀ ਰਾਤ ਪਾਪਾਂ ਕਰਕੇ ਤੇ ਅਗਿਆਨ ਕਰਕੇ ਹਨੇਰੀ ਹੈ ਤੇ ਉਹ ਜੋਤੀ ਪਰਮਾਤਮਾ ਨਿਰਮਲ ਹੈ (ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?)

(੨) ਅਵਸਥਾ ਰੂਪੀ ਰਾਤ ਜੋ ਪਾਪਾਂ ਕਰਕੇ ਹਨੇਰੀ ਹੈ, ਇਹ ਨਿਰਮਲ ਕਿਵੇਂ ਹੋਵੇ?

*ਉੱਤਰ:*-ਜੋਤੀ ਦੇ ਭਜਨ ਕਰਕੇ, ਵਾ:-ਸ਼ੁਭ ਗਿਆਤ ਕਰਕੇ ਨਿਰਮਲ ਹੁੰਦੀ ਹੈ। ਨਾਮ ਤੋਂ ਬਿਨਾਂ ਝੂਠੇ ਬਚਨ ਬੋਲਦਾ ਹੈ, ਤਨ ਕਰਕੇ ਕੁਚਲ=ਅਪਵਿੱਤ੍ਰ ਹੈ ਤੇ ਕਛੋਤਿ=ਖੋਟੀ ਬੁੱਧੀ ਕਰਕੇ ਨੀਚ ਹੈ।

## ਬੇਦੁ ਪੁਕਾਰੇ ਭਗਤਿ ਸਰੋਤਿ॥ ਸੁਣਿ ਸੁਣਿ ਮਾਨੈ ਵੇਖੈ ਜੋਤਿ॥ ੬॥

ਵੇਦ ਪੁਕਾਰਦਾ ਹੈ ਕਿ ਪਹਿਲੇ ਸਰੋਤਿ=ਸ੍ਰਵਣ ਭਗਤੀ ਕਰੋ। ਜੋ ਪੁਰਸ਼ ਸੁਣ-ਸੁਣ ਕੇ ਮਾਨੈ=ਮੰਨਣ ਕਰਦਾ ਹੈ, ਵਾ:-ਮੰਨਦਾ ਹੈ ਉਹ ਜੋਤਿ=ਜੋਤੀ (ਪਰਮਾਤਮਾ) ਨੂੰ ਵੇਖ ਲੈਂਦਾ ਹੈ॥ ੬॥

## ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥

ਛੇ ਸ਼ਾਸਤਰ, ਸਤਾਈ ਸਿੰਮ੍ਰਤੀਆਂ ਨਾਮ ਨੂੰ ਦ੍ਰਿੜ੍ਹਾਉਂਦੀਆਂ ਹਨ। ਗੁਰਮੁਖਾਂ ਨੇ ਨਾਮ ਜਪਣੇ ਰੂਪ ਉੱਤਮ ਕਰਮ ਕਰਕੇ ਸ਼ਾਂਤੀ ਪ੍ਰਾਪਤ ਕੀਤੀ ਹੈ। ਜਾਂ ਮੁੱਖ ਗੁਰਾਂ ਦੀ ਉੱਤਮ ਕਲਾਮ ਹੈ, ਉਹਨਾਂ ਦੁਆਰੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

## ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥ ੭॥

ਮਨਮੁਖ ਪੁਰਸ਼ ਜੂਨੀਆਂ ਦੇ ਦੁੱਖਾਂ ਨੂੰ ਸਹਾਮੰ=ਸਹਾਰਦੇ ਹਨ। ਜੇਕਰ ਇਕ ਨਾਮ ਨੂੰ ਹਿਰਦੇ ਵਿਚ ਵਸਾ ਲੈਣ ਤਾਂ ਸਾਰੇ ਬੰਧਨ ਟੁੱਟ ਜਾਂਦੇ ਹਨ॥ ੭॥

## ਮੰਨੇ ਨਾਮੁ ਸਚੀ ਪਤਿ ਪੂਜਾ॥ ਕਿਸੁ ਵੇਖਾ ਨਾਹੀ ਕੋ ਦੂਜਾ॥

ਨਾਮ ਨੂੰ ਮੰਨਣ ਕਰੇ ਤਾਂ ਸੱਚੀ ਪਤਿ=ਇਜ਼ੱਤ ਸੱਚੀ ਹੁੰਦੀ ਹੈ ਤੇ ਪੂਜਾ ਭੀ ਹੁੰਦੀ ਹੈ।

*ਅਥਵਾ:*-ਨਾਮ ਨੂੰ ਮੰਨੇ ਤਾਂ ਸਚੀ ਪਤਿ=ਇੰਦਰ ਇਸ ਦੀ ਪੂਜਾ ਕਰਦਾ ਹੈ।

ਕਿਸ ਨੂੰ ਵੇਖਾਂ? ਕਿਉਂਕਿ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥

## ਦੇਖਿ ਕਹਉ ਭਾਵੈ ਮਨਿ ਸੋਇ॥ ਨਾਨਕੁ ਕਹੈ ਅਵਰੁ ਨਹੀ ਕੋਇ॥ ੮॥ ੧॥

ਮੈਂ ਓਸੇ ਨੂੰ ਦੇਖਦਾ ਹਾਂ, ਉਸੇ ਨੂੰ ਕਹਿੰਦਾ ਹਾਂ, ਜਾਂ ਓਸੇ ਨੂੰ ਜਪਦਾ ਹਾਂ ਅਤੇ ਓਹੀ ਮਨ ਵਿਚ ਭਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੮॥ ੧॥

(ਪੰਨਾ ੮੩੨)

## ਬਿਲਾਵਲੁ ਮਹਲਾ ੧॥ ਮਨ ਕਾ ਕਹਿਆ ਮਨਸਾ ਕਰੈ॥

ਮਨ ਦਾ ਕਿਹਾ ਹੋਇਆ ਬਚਨ ਮਨਸਾ=ਬੁੱਧੀ ਨਿਸਚੇ ਕਰਦੀ ਹੈ।

## ਇਹੁ ਮਨੁ ਪੁੰਨੁ ਪਾਪੁ ਉਚਰੈ॥

ਪਰ ਇਹ ਮਨ ਐਸਾ ਹੈ-ਜੋ ਪਾਪ ਪੁੰਨ ਹੀ ਉਚਾਰਦਾ ਹੈ।

## ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥
## ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥੧॥

ਮਾਇਆ ਦੇ ਮਦ ਵਿਚ ਮਸਤੇ ਹੋਏ ਜੀਵ ਨੂੰ ਤ੍ਰਿਪਤੀ ਨਹੀਂ ਆਉਂਦੀ।

ਮਨ ਵਿਚ ਸੱਚਾ ਨਾਮ ਭਾ ਜਾਵੇ ਤਾਂ ਤ੍ਰਿਪਤੀ ਪਾ ਕੇ ਮੁਕਤ ਹੁੰਦਾ ਹੈ।

## ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥
## ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥੧॥ ਰਹਾਉ॥

ਤਨੁ=ਸਰੀਰ, ਧਨ, ਕਲਤੁ=ਇਸਤ੍ਰੀ ਇਨ੍ਹਾਂ ਵਿੱਚੋ ਸਭਨਾਂ ਨੂੰ ਦੇਖ ਕੇ ਹੰਕਾਰ ਕਰਦਾ ਹੈ।

ਪਰ ਨਾਮ ਤੋਂ ਬਿਨਾਂ ਇਨ੍ਹਾਂ ਵਿੱਚੋਂ ਕੁਝ ਭੀ ਨਾਲ ਨਹੀਂ ਜਾਣਾ॥ ੧॥ ਰਹਾਉ॥

## ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਭਸਮੈ ਢੇਰੀ॥

ਮਨ ਦੀਆਂ ਖੁਸ਼ੀਆਂ ਅਨੁਸਾਰ ਰਸਾਂ ਨੂੰ ਭੋਗਣਾ ਕਰਦਾ ਹੈ।

ਜਿਸ ਵੇਲੇ ਤਨ ਨੇ ਭਸਮ ਦੀ ਢੇਰੀ ਹੋਣਾ ਹੈ ਤਾਂ ਧਨ ਨੂੰ ਲੋਕਾਂ ਨੇ ਸਾਂਭ ਲੈਣਾ ਹੈ।

## ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ॥੨॥

ਸਭ ਤਰ੍ਹਾਂ ਦੀਆਂ ਬਦ-ਫੈਲੀਆ ਕਰਲ ਨਾਲ ਖਾਕੂ=ਪੰਜਾਂ ਤੱਤਾਂ ਰੂਪ ਖਾਕ ਦੇ ਰਚੇ ਹੋਏ ਸਰੀਰ ਨੇ ਪ੍ਰਤੱਖ ਖ਼ਾਕ, ਜਾਂ ਲਾਹਨਤਾਂ ਰੂਪੀ ਖ਼ਾਕ ਨਾਲ ਰਲ ਜਾਣਾ ਹੈ। ਵਾ:-ਇਹ ਸਭ ਤਰ੍ਹਾਂ ਦੇ ਫੈਲੁ=ਕਰਮ ਕਰਦਾ ਹੈ, ਪਰ ਇਹ ਨਹੀਂ ਸਮਝਦਾ ਕਿ ਖ਼ਾਕ ਰੂਪ ਤਨ ਨੇ ਖ਼ਾਕ ਵਿਚ ਰਲ ਜਾਣਾ ਹੈ।

ਵਾ:-ਖਾਕੂ=ਦੇਹ ਨੇ ਤਾਂ ਖ਼ਾਕ ਵਿਚ ਰਲ ਜਾਣਾ ਹੈ ਤੇ ਸਾਰੇ ਕੀਤੇ ਹੋਏ ਫੈਲੁ=ਕਰਮਾਂ ਨੇ ਹੀ ਨਾਲ ਜਾਣਾ ਹੈ। ਗੁਰ-ਉਪਦੇਸ਼ ਤੋਂ ਬਿਨਾਂ ਪਾਪਾਂ ਰੂਪੀ, ਜਾਂ ਹਉਮੈ ਰੂਪੀ, ਮੈਲ ਉਤਰਦੀ ਨਹੀਂ ਹੈ॥ ੨॥

## ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥

ਰਾਗਾਂ ਵਿਚ ਗੀਤ ਪੜ੍ਹਨੇ, ਘਨ=ਬਹੁਤਿਆਂ ਤਾਲਾਂ ਦਾ ਪੂਰਨਾ ਇਹ ਸਭ ਝੂਠਾ ਹੈ।

ਜਾਂ ਗੀਤਾ ਦਾ ਪਾਠ ਕਰਨਾ, ਰਾਗ=ਪ੍ਰੇਮ ਕਰਨਾ, ਘਨ ਤਾਲ=ਬਹੁਤੇ ਮਹਾਂ ਵਾਕਾਂ ਦਾ ਉਚਾਰਨਾ ਇਹ ਸਭ ਕੁਝ ਝੂਠਾ ਹੈ। ਹਿਰਦੇ ਵਿਚ ਤਿੰਨਾਂ ਗੁਣਾਂ ਦੇ ਉਪਜਨੇ ਕਰਕੇ ਸ਼ੁਭ-ਗੁਣ ਬਿਨਸ ਜਾਂਦੇ ਹਨ, ਇਸ ਕਰਕੇ ਪਰਮੇਸ਼ਰ ਤੋਂ ਦੂਰ ਰਹਿੰਦੇ ਹਨ।

*ਅਥਵਾ:*-ਜੋ ਰਾਗ ਤਾਲ ਵਿਚ ਘਨ=ਬਹੁਤੇ ਗੀਤ ਗਾਉਣ ਵਾਲੇ ਹਨ, ਸਿ ਕੂਰੇ=ਉਹ ਝੂਠੇ ਪੁਰਸ਼ ਤਿੰਨਾਂ ਗੁਣਾਂ ਕਰਕੇ ਉਪਜੈ ਬਿਨਸੈ=ਜੰਮਦੇ ਮਰਦੇ ਹਨ ਤੇ ਪਰਮੇਸ਼ਰ ਤੋਂ ਦੂਰ ਰਹਿੰਦੇ ਹਨ।

## ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥੩॥

(ਇਕ ਗੁਰਮਤਿ ਹੈ, ਉਸ ਤੋਂ ਭਿੰਨ ਦੂਜੀ ਦੁਰਮਤ ਹੈ, ਉਸ) ਖੋਟੀ ਮਤ ਕਰਕੇ ਜਨਮ ਮਰਨ ਰੂਪ ਦਰਦ

ਨਹੀਂ ਜਾਂਦੀ। ਗੁਰਮੁਖ ਹੋ ਕੇ ਗੁਰਾਂ ਦੁਆਰੇ ਗੁਣਾਂ ਦੇ ਗਾਉਣ ਰੂਪ ਦਾਰੂ ਕਰਕੇ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ॥ ੩॥

**ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥**

ਤੇੜ ਊਜਲ=ਚਿੱਟੀ ਧੋਤੀ ਬੱਧੀ ਹੋਈ ਏ, ਮੱਥੇ ਉਤੇ ਚਿੱਟਾ ਤਿਲਕ ਤੇ ਗਲ ਗਿਚ ਰੁਦ੍ਰਾਖ ਦੀ ਮਾਲਾ ਹੈ। ਪਰ ਜੇ ਅੰਤਹਕਰਨ ਵਿਚ ਕ੍ਰੋਧ ਹੈ, ਤਾਂ ਉਸ ਦਾ ਪੜ੍ਹਨਾ ਐਸਾ ਨਿਸਫਲ ਹੈ, ਜਿਵੇ ਨਟਸਾਲਾ ਵਿਚ ਕੇਵਲ ਛਲ ਵਿਦਿਆ ਦਾ ਹੀ ਸਿਖਣਾ ਹੁੰਦਾ ਹੈ।

**ਨਾਮੁ ਵਿਸਾਰਿ ਮਾਇਆ ਮਦੁ ਪੀਆ॥**
**ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥ ੪॥**

ਸਤਿਨਾਮੁ ਨੂੰ ਭੁਲਾ ਕੇ ਮਾਇਆ ਰੂਪ ਮਦੁ=ਸ਼ਰਾਬ ਨੂੰ ਪੀਤਾ ਹੈ।
ਗੁਰਾਂ ਤੋਂ ਬਿਨਾਂ ਭਗਤੀ ਨਹੀਂ ਹੁੰਦੀ, ਭਗਤੀ ਤੋਂ ਬਿਨਾਂ ਸੁਖ ਨਹੀਂ ਹੁੰਦਾ॥ ੪॥

**ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥**

ਸੂਕਰ=ਸੂਰ, ਸੁਆਨ=ਕੁੱਤਾ, ਗਰਧਭ=ਖੋਤਾ, ਮੰਜਾਰਾ=ਬਿੱਲਾ ਆਦਿਕ ਪਸ਼ੂ ਜੂਨੀਆਂ ਵਿਚ, ਜਾਂ ਮਲੇਛ ਚੰਡਾਲ ਆਦਿਕ ਨੀਚ-

**ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥**
**ਬੰਧਨਿ ਬਾਧਿਆ ਆਈਐ ਜਾਈਐ॥ ੫॥**

ਜੂਨੀਆਂ ਵਿਚ ਉਨ੍ਹਾਂ ਨੂੰ ਭਵਾਈਐ=ਫੇਰਿਆ ਜਾਂਦਾ ਹੈ,
ਜਿਨ੍ਹਾਂ ਨੇ ਗੁਰੂ ਤੋਂ ਮੂੰਹ ਫੇਰ ਲਿਆ ਹੈ ਭਾਵ ਗੁਰੂ ਧਾਰ ਕੇ ਛੱਡ ਦਿੱਤਾ ਹੈ।
*ਯਥਾ:-* "ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ ੩੩॥

*(ਸਹਸਕ੍ਰਿਤੀ, ਪੰਨਾ ੧੩੫੭)*

ਉਹ ਕਰਮਾਂ ਦੇ ਜਾਂ ਮੋਹ ਦੇ ਬੰਧਨਾਂ ਵਿਚ ਬੱਧਾ ਹੋਇਆ ਜੰਮਦਾ ਮਰਦਾ ਹੈ॥ ੫॥

**ਗੁਰ ਸੇਵਾ ਤੇ ਲਹੈ ਪਦਾਰਥੁ॥ ਹਿਰਦੈ ਨਾਮੁ ਸਦਾ ਕਿਰਤਾਰਥੁ॥**

ਸੇਵਾ ਕਰੇ ਤਾਂ ਗੁਰਾਂ ਤੋਂ ਨਾਮ ਪਦਾਰਥ ਲੈਂਦਾ ਹੈ।
ਜਿਸ ਦੇ ਹਿਰਦੇ ਵਿਚ ਨਾਮ ਵੱਸਦਾ ਹੈ, ਉਹ ਸਦਾ ਕਿਰਤਾਰਥੁ=ਮੁਕਤ ਰੂਪ ਹੁੰਦਾ ਹੈ।

**ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ॥ ੬॥**

ਸੱਚੀ ਦਰਗਾਹ ਵਿਚ ਉਸ ਨੂੰ ਪੁੱਛ-ਗਿੱਛ ਨਹੀਂ ਹੁੰਦੀ, ਜਾਂ ਪੂਛ ਨਹੀਂ ਹੁੰਦੀ ਭਾਵ ਪਸ਼ੂ ਨਹੀਂ ਬਣਦਾ।
ਜੋ ਹੁਕਮ ਨੂੰ ਮੰਨਦਾ ਹੈ ਉਹ ਦਰਗਾਹ ਵਿਚ ਸੀਝੈ=ਕਲਿਆਣ ਹੁੰਦਾ ਹੈ॥ ੬॥

## ਸਤਿਗੁਰੁ ਮਿਲੈ ਤ ਤਿਸ ਕਉ ਜਾਣੈ॥ ਰਹੈ ਰਜਾਈ ਹੁਕਮੁ ਪਛਾਣੈ॥

ਸਤਿਗੁਰਾਂ ਨੂੰ ਮਿਲੇ ਤਾਂ ਉਸ ਪ੍ਰਭੂ ਨੂੰ ਜਾਣਦਾ ਹੈ ਅਤੇ ਰਜਾਈ=ਪਰਮਾਤਮਾ ਦੇ ਹੁਕਮ ਦੇ ਪਛਾਣਨੇ ਅੰਦਰ ਰਹਿੰਦਾ ਹੈ।

## ਹੁਕਮੁ ਪਛਾਣਿ ਸਚੈ ਦਰਿ ਵਾਸੁ॥ ਕਾਲ ਬਿਕਾਲ ਸਬਦਿ ਭਏ ਨਾਸੁ॥੭॥

ਸਤਸੰਗ ਰੂਪੀ ਸੱਚੇ ਦਰ ਅੰਦਰ ਨਿਵਾਸ ਕਰਕੇ ਹੁਕਮ ਨੂੰ ਪਛਾਣੇ,

ਜਾਂ-ਹੁਕਮ ਨੂੰ ਪਛਾਣੇ ਤਾਂ ਸੱਚੇ ਦੇ ਅੰਦਰ ਨਿਵਾਸ ਹੁੰਦਾ ਹੈ।

ਗੁਰ-ਸ਼ਬਦ ਕਰਕੇ ਕਾਲ ਬਿਕਾਲ=ਜਨਮ ਮਰਨ ਦੋਵੇਂ ਨਾਸ ਹੋ ਗਏ ॥ ੭॥

## ਰਹੈ ਅਤੀਤੁ ਜਾਣੈ ਸਭੁ ਤਿਸ ਕਾ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ॥

ਪਦਾਰਥਾਂ ਤੋਂ ਅਤੀਤੁ=ਨਿਰਲੇਪ ਹੋ ਰਹੇ ਤੇ ਸਭ ਕੁਝ ਉਸ ਪਰਮੇਸ਼ਰ ਦਾ ਦਿੱਤਾ ਹੋਇਆ ਜਾਣੇ। ਜਿਸ ਦਾ ਇਹ ਦਿੱਤਾ ਹੋਇਆ ਹੈ ਓਸੇ ਨੂੰ ਤਨ ਮਨ ਅਰਪਣ ਕਰ ਦੇਵੇ।

## ਨਾ ਓਹੁ ਆਵੈ ਨਾ ਓਹੁ ਜਾਇ॥ ਨਾਨਕ ਸਾਚੇ ਸਾਚਿ ਸਮਾਇ॥੮॥੨॥

ਗੁਰੂ ਜੀ ਕਥਨ ਕਰਦੇ ਹਨ-ਉਹ ਫਿਰ ਨਾ ਆਉਂਦਾ ਹੈ ਨਾ ਉਹ ਜਾਂਦਾ ਹੈ, ਉਹ ਸੱਚੇ ਨਾਮ ਦੇ ਪ੍ਰਤਾਪ ਕਰਕੇ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੮॥ ੨॥

## ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦

## ੧ਓ ਸਤਿਗੁਰ ਪ੍ਰਸਾਦਿ॥ ਜਗੁ ਕਊਆ ਮੁਖਿ ਚੁੰਚ ਗਿਆਨੁ॥

ਧਾਰਨਾ ਤੋਂ ਬਿਨਾਂ ਇਹ ਜੀਵ ਕਊਆ=ਕਾਂ ਦੀ ਤਰ੍ਹਾਂ ਪਾਪਾਂ ਕਰਕੇ ਕਾਲਾ ਹੈ।

*ਪ੍ਰਸ਼ਨ:-* 'ਕਾਂ ਦੀ ਚੁੰਜ ਹੁੰਦੀ ਹੈ, ਇਸ ਦੀ ਚੁੰਜ ਕਿਹੜੀ ਹੈ?'

*ਉੱਤਰ:-*ਜੋ ਮੂੰਹੋਂ ਬੱਧ ਗਿਆਨ ਕਥਨ ਕਰਦਾ ਹੈ ਏਹੋ ਚੁੰਜ ਹੈ।'

ਜਿਵੇਂ ਕਾਂ ਚੁੰਜ ਨਾਲ ਗੰਦਗੀ ਫੋਲਦਾ ਹੈ, ਤਿਵੇਂ ਇਹ ਜੀਵ ਵਿਸ਼ਿਆਂ ਦੀਆਂ ਗੱਲਾਂ ਕਰਦਾ ਹੈ।

*ਅਥਵਾ:-*ਜਗਤ ਵਿਚ ਚੁੰਚ ਗਿਆਨ ਮੁਖ ਹੋ ਰਿਹਾ ਹੈ, ਅਸਲ ਬ੍ਰਹਮ ਗਿਆਨ ਕੋਈ ਨਹੀਂ ਹੈ।

## ਅੰਤਰਿ ਲੋਭੁ ਝੂਠੁ ਅਭਿਮਾਨੁ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ॥੧॥

ਇਸ ਦੇ ਅੰਦਰ ਪਦਾਰਥਾਂ ਦਾ ਲੋਭ, ਝੂਠ ਅਤੇ ਜ਼ਾਤੀ ਅਭਿਮਾਨ, ਵਿਦਿਆ ਦਾ ਹੰਕਾਰ ਰੂਪ ਗੰਦਗੀ ਹੈ। ਸਤਿਨਾਮੁ ਤੋਂ ਬਿਨਾਂ ਨਿਦਾਨਿ=ਅੰਤ ਨੂੰ ਇਸ ਜੀਵ ਦਾ ਪਾਜੁ=ਪਖੰਡ ਲਹਿ ਜਾਏਗਾ॥ ੧॥

## ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ॥

ਸਤਿਗੁਰਾਂ ਨੂੰ ਸੇਵਿਆ ਜਾਵੇ ਤਾਂ ਮਨ ਚਿਤ ਵਿਚ ਨਾਮ ਵੱਸਦਾ ਹੈ।

## ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ॥੧॥ ਰਹਾਉ॥

ਸਤਿਗੁਰੂ ਮਿਲਣ ਤਾਂ ਉਹ ਹਰੀ ਨਾਮ ਨੂੰ ਚੇਤੇ ਕਰਵਾਉਂਦੇ ਹਨ, ਨਾਮ ਤੋਂ ਬਿਨਾਂ ਹੋਰ ਸਭ ਪ੍ਰੀਤੀਆਂ ਝੂਠੀਆਂ ਹਨ॥ ੧॥ ਰਹਾਉ॥

**ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ੍ ਸਹਜ ਘਰਿ ਆਵਹੁ ॥**

ਹੇ ਭਾਈ ! ਜੋ ਗੁਰੂ ਨੇ ਕਿਹਾ ਹੈ, ਓਹੀ ਕੰਮ ਕਮਾਉਣਾ ਕਰੋ। ਗੁਰ-ਸ਼ਬਦ ਨੂੰ ਚੀਨਿ੍=ਜਾਣ ਕੇ ਸਹਜ=ਸ਼ਾਂਤੀ-ਘਰ ਵਿਚ ਆਉਣਾ ਕਰੋ।

**ਸਾਚੈ ਨਾਇ ਵਡਾਈ ਪਾਵਹੁ ॥ ੨ ॥**

ਸੱਚੇ ਨਾਮ ਨੂੰ ਜਪ ਕੇ ਵਡਿਆਈ ਪਾਉਣਾ ਕਰੋ ॥ ੨ ॥

**ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥**

ਜੋ ਆਪ ਸਮਝਦਾ ਨਹੀਂ ਹੈ ਅਤੇ ਲੋਕਾਂ ਨੂੰ ਸਮਝਾਉਦਾ ਹੈ। ਉਹ ਮਨ ਦਾ ਅੰਨ੍ਹਾ, ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦਾ ਹੈ।

**ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥ ੩ ॥**

ਅੰਤਹਕਰਨ ਰੂਪੀ ਘਰ ਦੇ ਦਰੁ=ਅੰਦਰ ਮਹਲੁ=ਸਰੂਪ ਹੈ, ਉਸ ਵਿਚ ਕਿਵੇਂ ਠਉਰੁ=ਇਸਥਿਤੀ ਪਾਵੇ? ਭਾਵ ਨਹੀਂ ਪਾ ਸਕਦਾ ॥ ੩ ॥

**ਹਰਿ ਜੀਉ ਸੇਵੀਐ ਅੰਤਰਜਾਮੀ ॥**

ਉਸ ਅੰਤਰਜਾਮੀ ਹਰਿ ਜੀ ਨੂੰ ਸੇਵਨਾ ਕਰੀਏ।

**ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥**

ਸਾਰਿਆਂ ਘਟਾਂ ਘਟਾਂ ਦੇ ਅੰਦਰ ਜਿਸ ਦੀ ਜੋਤ ਸਮਾ ਰਹੀ ਹੈ।

**ਤਿਸੁ ਨਾਲਿ ਕਿਆ ਚਲੈ ਪਹਨਾਮੀ ॥ ੪ ॥**

ਉਸ ਦੇ ਨਾਲ ਪਹਨਾਮੀ=ਲੁਕਾ ਦੀ ਗੱਲ ਭਾਵ ਠੱਗੀ ਕਿਵੇਂ ਚਲ ਸਕਦੀ ਹੈ ? ॥ ੪ ॥

[ਪੰਨਾ ੮੩੩]

**ਸਾਚਾ ਨਾਮੁ ਸਾਚੈ ਸਬਦਿ ਜਾਨੈ ॥**

ਸੱਚੇ ਗੁਰਾ ਦੇ ਸ਼ਬਦ ਦੁਆਰਾ ਸੱਚੇ ਨਾਮ ਦਾ ਸਿਮਰਨ ਕਰਨਾ ਜਾਣੇ। ਤਾਂ-

**ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥**

ਹੰਕਾਰ ਦੇ ਚੁਕਣ ਕਰਕੇ ਆਪਣੇ ਸਰੂਪ ਨਾਲ ਆਪ ਮਿਲ ਜਾਂਦਾ ਹੈ।

**ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥ ੫ ॥**

ਪਰ ਗੁਰਮੁਖ ਹੋ ਕੇ ਗੁਰਾਂ ਦੁਆਰੇ ਸਦਾ ਸਦਾ ਨਾਮ ਨੂੰ ਕਥਨ ਕਰੇ ॥ ੫ ॥

**ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥**

ਸਤਿਗੁਰਾਂ ਦੀ ਸੇਵਾ ਕਰਨ ਨਾਲ ਦੂਜੀ ਖੋਟੀ ਮਤੀ ਚਲੀ ਜਾਂਦੀ ਹੈ।

**ਅਉਗਣ ਕਾਟਿ ਪਾਪਾ ਮਤਿ ਖਾਈ॥**

ਔਗੁਣ ਕੱਟੇ ਜਾਂਦੇ ਹਨ ਤੇ ਪਾਪਾਂ ਵਾਲੀ ਮਤੀ ਭੀ ਖਾਈ=ਅਭਾਵ ਹੋ ਜਾਂਦੀ ਹੈ।

**ਕੰਚਨ ਕਾਇਆ ਜੋਤੀ ਜੋਤਿ ਸਮਾਈ॥੬॥**

ਜਿਸ ਦੀ ਕਾਇਆ=ਬੁੱਧੀ ਕੰਚਨ=ਸੋਨੇ ਦੀ ਤਰ੍ਹਾਂ ਸ਼ੁੱਧ ਹੋਈ ਹੈ, ਉਸ ਦੀ ਜੋਤ ਜੋਤੀ ਵਿਚ ਸਮਾ ਗਈ ਹੈ॥ ੬॥

**ਸਤਿਗੁਰਿ ਮਿਲਿਐ ਵਡੀ ਵਡਿਆਈ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ॥**

ਸਤਿਗੁਰਾਂ ਨਾਲ ਮਿਲਣ ਕਰਕੇ ਵੱਡੀ ਵਡਿਆਈ ਹੁੰਦੀ ਹੈ। ਹਿਰਦੇ ਵਿਚ ਨਾਮ ਦੀ ਪ੍ਰੀਤੀ ਵਸਾਉਣ ਕਰਕੇ ਦੁੱਖ ਕੱਟੇ ਜਾਂਦੇ ਹਨ।

**ਨਾਮਿ ਰਤੇ ਸਦਾ ਸੁਖੁ ਪਾਈ॥੭॥**

ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਕਰਕੇ ਸਦਾ=ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੭॥

**ਗੁਰਮਤਿ ਮਾਨਿਆ ਕਰਣੀ ਸਾਰੁ॥ ਗੁਰਮਤਿ ਮਾਨਿਆ ਮੋਖ ਦੁਆਰੁ॥**

ਜਿਨ੍ਹਾਂ ਨੇ ਗੁਰ-ਸਿਖਿਆ ਨੂੰ ਮੰਨਿਆ ਹੈ ਉਹਨਾਂ ਦੀ ਕਰਣੀ =ਕਰਤੱਬਤਾ ਸਾਰੁ=ਸਰੇਸ਼ਟ ਹੈ, ਵਾ:-ਉਹਨਾਂ ਨੇ ਹੋਰ ਦੁਨਿਆਵੀ ਕਰਨੀਆਂ ਨੂੰ ਸਾਰੁ=ਸਾੜ ਦਿੱਤਾ ਹੈ।

ਜਿਨ੍ਹਾਂ ਨੇ ਗੁਰ ਸਿਖਿਆ ਨੂੰ ਮੰਨਿਆ ਹੈ, ਉਹਨਾਂ ਨੂੰ ਮੋਖ ਦਾ ਦੁਆਰਾ (ਗਿਆਨ) ਪ੍ਰਾਪਤ ਹੋਇਆ ਹੈ।

**ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ॥੮॥੧॥੩॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰ-ਸਿਖਿਆ ਨੂੰ ਮੰਨਿਆ ਹੈ, ਉਹਨਾਂ ਨੇ ਪ੍ਰਤੱਖ ਪਰਵਾਰ ਨੂੰ, ਵਾ:-ਸਿੱਖੀ-ਸੇਵਕੀ ਰੂਪੀ ਪਰਵਾਰ ਨੂੰ, ਵਾ:-ਇੰਦਰੀਆਂ ਰੂਪੀ ਪਰਵਾਰ ਨੂੰ ਸੁਧਾਰ ਲਿਆ ਹੈ, ਵਾ:-ਪਰਵਾਰ ਨੂੰ ਸਾਧਾਰੁ=ਸਹਿਤ ਆਸਰੇ ਦੇ ਕੀਤੇ ਹੈ॥ ੮॥ ੧॥ ੩॥

## ਬਿਲਾਵਲੁ ਮਹਲਾ ੪ ਅਸਟਪਦੀਆ* ਘਰੁ ੧੧

## ੧ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਤੋਂ ਆਗਿਆ ਲੈ ਕੇ ਜਿਸ ਵੇਲੇ ਮਾਤਾ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਲਾਹੌਰ ਲੈ ਕੇ ਗਈ ਤਾਂ ਇਕ ਦੋ ਦਿਨ ਸਾਰਿਆਂ ਨਾਲ ਬੋਲਦੇ ਰਹੇ, ਫੇਰ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਯੋਗ ਨੂੰ ਨਾ ਸਹਾਰਦੇ ਹੋਏ ਚੁਪ ਚੁਪਾਤੇ ਉਦਾਸੀਨ ਸਰੂਪ ਵਿਚ ਰਹਿਣ ਲੱਗ ਪਏ, ਕੁਝ ਖਾਣ ਪੀਣ ਭੀ ਨਾ। ਮਾਤਾ ਜੀ ਨੇ ਵਿਚਾਰਿਆ, 'ਇਹਨਾਂ ਨੂੰ ਕੁਝ ਤਕਲੀਫ ਹੋ ਗਈ ਹੈ, ਵੈਦ ਨੂੰ ਵਿਖਾ ਦੇਈਏ।' ਉਸ ਵੇਲੇ ਦੋ ਵੈਦ ਬੁਲਾਏ 'ਇਕ ਜੋਗੀ ਤੇ ਦੂਜਾ ਸੰਨਿਆਸੀ।' ਜਾਂ ਉਹਨਾਂ ਨੇ ਗੁਰੂ ਜੀ ਦੀ ਨਬਜ਼ ਫੜ ਕੇ ਵੇਖਿਆ ਤਾਂ ਗੁਰੂ ਜੀ ਉਹਨਾਂ ਦੇ ਪ੍ਰਤੀ ਇਹ ਸੁਖਮਨਾ ਰੂਪ ਬਾਣੀ ਉਚਾਰ ਕੇ ਉਪਦੇਸ਼ ਦੇਣ ਲਗ ਪਏ—

**ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਚਾਰ ਰਾਗਾਂ ਵਿਚ ਸੁਖਮਨਾ ਸਾਹਿਬ ਉਚਾਰਿਆ ਹੈ-*

*ਛੇ ਅਸ਼ਟਪਦੀਆਂ ਬਿਲਾਵਲੁ ਰਾਗ ਵਿਚ, ਛੇ ਅਸ਼ਟਪਦੀਆਂ ਨਟ ਨਰਾਇਣ ਰਾਗ ਵਿਚ,*

*ਛੇ ਅਸ਼ਟਪਦੀਆਂ ਕਾਨੜੇ ਰਾਗ ਵਿਚ, ਛੇ ਅਸ਼ਟਪਦੀਆਂ ਕਲਿਆਨ ਰਾਗ ਵਿਚ।*

**ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥**

ਜਿਸ ਨੇ ਰਸ=ਪ੍ਰੇਮ ਸਹਿਤ ਰਾਤ ਦਿਨ ਹਰੀ ਦੇ ਗੀਤ ਗਵਈਆ ਹੋ ਕੇ ਗ੍ਰਾਏ ਹਨ ਤੇ ਹਉਮੈ ਨੂੰ ਮੇਟਿਆ ਹੈ ਉਸ ਨੇ ਆਪਣੇ ਸਰੂਪ ਨੂੰ ਆਪ ਖਾਇ=ਧਾਰਿਆ ਹੈ।

*ਅਥਵਾ:*-ਆਪਾ ਭਾ ਹੰਕਾਰ ਜੋ ਧਾਰਿਆ ਹੋਇਆ ਸੀ, ਉਸ ਨੂੰ ਆਪ ਖਾਇ=ਅਭਾਵ ਕੀਤਾ ਹੈ।

**ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥ ੧ ॥**

ਮੁਖੀ ਗੁਰਾਂ ਦੇ ਪਰਚੈ=ਪ੍ਰੇਮ, ਵਾ:-ਉਪਦੇਸ਼ ਕਰਕੇ ਕਾਇਆ=ਬੁੱਧੀ ਸੋਨੇ ਵਾਂਗ ਸ਼ੁੱਧ ਹੋਈ ਤਾਂ ਨਿਰਭਉ ਜੋਤੀ ਵਿਚ ਇਸ ਦੀ ਜੋਤ ਮਿਲ ਗਈ ॥ ੧ ॥

**ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥**

ਮੈਨੂੰ ਹਰਿ ਹਰਿ ਰਮਈਏ ਦੇ ਨਾਮ ਦਾ ਹੀ ਅਧਾਰੁ=ਆਸਰਾ ਹੈ।

**ਖਿਨੁ ਪਲੁ ਹਰਿ ਨ ਸਕਉ ਬਿਨੁ ਨਾਵੈ**
**ਗੁਰਮੁਖਿ ਹਰਿ ਹਰਿ ਪਾਠ ਪੜਈਆ ॥ ੧ ॥ ਰਹਾਉ ॥**

ਨਾਮ ਤੋਂ ਬਿਨਾਂ ਮੈਂ ਇਕ ਖਿਨ ਤੇ ਪਲ ਭਰ ਵੀ ਰਹਿ ਨਹੀਂ ਸਕਦਾ, ਕਿਉਂਕਿ ਮੁਖੀ ਗੁਰਾਂ ਪਾਸੋਂ ਮੈਂ ਹਰਿ ਹਰਿ ਨਾਮ ਦਾ ਹੀ ਪਾਠ=ਸਬਕ ਪੜ੍ਹਿਆ ਹੈ ॥ ੧ ॥ ਰਹਾਉ ॥

**ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥**

ਸਰੀਰ ਇਕ ਘਰ ਹੈ, ਜਿਸ ਦੇ ਦਸ ਇੰਦਰੀਏ ਰੂਪ ਦਸ ਦਰਵਾਜ਼ੇ ਹਨ, ਸ਼ੁਭ=ਗੁਣਾਂ ਰੂਪੀ ਮਾਲ ਨੂੰ ਤਸਕਰ=ਚੋਰੀ ਕਰਨ ਲਈ (ਕਾਮ ਕ੍ਰੋਧ ਆਦਿਕ) ਪੰਜ ਚੋਰ ਰਾਤ ਦਿਨ ਲੱਗੇ ਰਹਿੰਦੇ ਹਨ।

**ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨ ॥**

ਧਰਮ, ਅਰਥ (ਰੂਪ) ਸਾਰੇ ਧਨ ਨੂੰ ਇਹ ਚੋਰ ਹਿਰਿ ਲੇ ਜਾਵਹਿ=ਚੁਰਾ ਕੇ ਲਈ ਜਾਂਦੇ ਹਨ, ਪਰ ਮਨਮੁਖ ਅੰਨ੍ਹੇ ਨੂੰ ਉਹਨਾਂ ਚੋਰਾਂ ਦੀ ਖ਼ਬਰ ਹੀ ਨਹੀਂ ਪਈ ॥ ੨ ॥

**ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥**

ਕੰਚਨ ਕੋਟੁ=ਸੋਨੇ ਦੇ ਕਿਲ੍ਹੇ ਵਾਂਗ ਜੋ ਮਨੁੱਖ ਦੇਹ ਹੈ, ਵਾ:-ਅੰਤਹਕਰਨ, ਇਹ ਬਹੁਤ ਹੀ (ਸ੍ਰਵਣ, ਮੰਨਣ ਨਿਧਿਆਸਣ ਰੂਪ) ਮਾਣਕਾਂ ਨਾਲ ਭਰਿਆ ਹੋਇਆ ਹੈ, ਇਹ ਮਾਣਕ ਤਾਂ ਪ੍ਰਾਪਤ ਹੁੰਦੇ ਹਨ ਜਾਂ ਲਿਵ ਲਗਾ ਕੇ ਤਤਿ ਗਿਆਨ=ਯਥਾਰਥ ਗਿਆਨ ਵਿਚ ਜਾਗੇ।

**ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥ ੩ ॥**

ਜੋ (ਕਾਮ ਕ੍ਰੋਧ ਆਦਿਕ) ਤਸਕਰ=ਚੋਰ ਹੇਰੂ=ਦੁੱਖ ਦੇਣ ਵਾਸਤੇ, ਜਾਂ ਸ਼ੁਭ-ਗੁਣਾਂ ਰੂਪੀ ਧਨ ਦੇ ਹੇਰੂ=ਚੁਰਾਉਣ ਵਾਸਤੇ ਇਸ ਸਰੀਰ ਵਿਚ ਆ ਕੇ ਲੁਕੇ ਹੋਏ ਸਨ, ਗੁਰਾਂ ਦੇ ਸ਼ਬਦ ਕਰਕੇ ਉਹਨਾ ਨੂੰ ਫੜ ਕੇ ਬੰਨ੍ਹ ਪਾਇਆ ਹੈ ॥ ੩ ॥

**ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥**

ਹਰਿ ਹਰਿ ਦਾ ਨਾਮ ਸ਼ੁਭ-ਗੁਣਾਂ ਦਾ ਪੋਤ=ਖਜ਼ਾਨਾ ਹੈ, ਸੰਸਾਰ ਤੋਂ ਤਾਰਨੇ ਨੂੰ ਬੋਹਿਥਾ=ਜਹਾਜ਼ ਰੂਪ ਹੈ।

*ਅਥਵਾ:*-ਹਰਿ ਹਰਿ ਦਾ ਨਾਮ ਪੋਤੁ ਬੋਹਿਥਾ=ਪਵਿੱਤ੍ਰ ਜਹਾਜ਼ ਹੈ, ਗੁਰੂ ਰੂਪ ਖੇਵਟੁ=ਮਲਾਹ ਸ਼ਬਦ ਰੂਪ ਅਨਕੂਲੀ ਪੌਣ ਦੇ ਕੇ, ਵਾ:-ਸ਼ਬਦ ਦੇ ਦਾਤੇ ਗੁਰੂ ਰੂਪ ਮਲਾਹ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੇ ਹਨ।

**ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥ ੪ ॥**

ਜਮ ਰੂਪ ਜਾਗਾਤੀ=ਮਸੂਲੀਆ ਇਸ ਜਹਾਜ਼ ਦੇ ਨੇੜੇ ਨਹੀਂ ਆਉਂਦਾ ਅਤੇ ਚੋਰੀ ਕਰਨ ਵਾਸਤੇ ਕੋਈ ਚੋਰ ਭੀ ਆ ਕੇ ਨਹੀ ਲਗਈਆ=ਲੱਗਦਾ॥ ੪॥

**ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥**

ਅਸੀਂ ਦਿਨ ਰਾਤ ਸਦਾ ਹਰੀ ਦੇ ਗੁਣਾਂ ਨੂੰ ਗਾਉਂਦੇ ਹਾਂ, ਮੈਂ ਹਰੀ ਜਸ ਕਹਿਣ ਵਾਲਿਆਂ ਦਾ ਭੀ ਅੰਤ ਨਹੀਂ ਲੈ ਸਕਦਾ। ਜਾਂ ਮੈਂ ਹਰੀ ਜਸ ਨੂੰ ਕਹਿੰਦਿਆਂ ਹੋਇਆਂ ਭੀ ਉਸ ਦਾ ਅੰਤ ਨਹੀਂ ਲੀਤਾ।

**ਗੁਰਮੁਖਿ ਮਨੂਆ ਇਕਤੁ ਘਰਿ ਆਵੈ**
**ਮਿਲਉ ਗੋੁਪਾਲ ਨੀਸਾਨੁ ਬਜਈਆ ॥ ੫ ॥**

ਗੁਰਮੁਖਾਂ ਦਾ ਮਨ ਏਕਤਾ ਰੂਪੀ ਘਰ ਵਿਚ, ਵਾ:-ਇਕ ਸਰੂਪ ਰੂਪੀ ਘਰ ਵਿਚ ਆਉਂਦਾ ਹੈ। ਮੈਂ ਭੀ ਨਾਮ ਰੂਪ ਨੀਸਾਨੁ=ਧੌਂਸਾ ਵਜਾ ਕੇ ਗੋਪਾਲ ਨੂੰ ਮਿਲਾਂਗਾ, ਜਾਂ ਤੁਸੀ ਭੀ ਸਤਿਨਾਮੁ ਰੂਪੀ ਧੌਂਸੇ ਨੂੰ ਵਜਾ ਕੇ ਗੋਪਾਲ ਨੂੰ ਮਿਲਣਾ ਕਰੋ॥ ੫॥

**ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥**

ਅੱਖਾਂ ਨਾਲ ਗੁਰਾਂ ਦਾ ਦਰਸ਼ਨ ਵੇਖਿਆ ਤੇ ਕੰਨਾਂ ਨਾਲ ਗੁਰਾਂ ਦੀ ਸ਼ਬਦ-ਬਾਣੀ ਨੂੰ ਸੁਣਿਆ ਤਾਂ ਮਨ ਤ੍ਰਿਪਤ ਹੋਇਆ ।

**ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥ ੬ ॥**

ਸ਼ਬਦ-ਬਾਣੀ ਨੂੰ ਸੁਣ-ਸੁਣ ਕੇ ਵਾ:-ਸੁਨਿ=ਕੰਨਾਂ ਦੁਆਰੇ ਸੁਣ ਕੇ ਆਤਮ ਦੇਵ ਵਿਚ ਭੀਨੇ=ਭਿੱਜ ਗਏ ਹਾਂ ਅਤੇ ਸਭ ਰਸਾਂ ਵਿਚ ਰਸਿਆ ਹੋਇਆ ਜੋ ਰਾਮ ਗੋਪਾਲ ਹੈ, ਪ੍ਰੇਮ ਰਸ ਵਿਚ ਰਸਿ=ਤਦਾਕਾਰ ਹੋ ਕੇ ਉਸ ਨੂੰ ਰਵਈਆ=ਉਚਾਰਨਾ ਕੀਤਾ ਹੈ॥ ੬॥

**ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥**

ਤ੍ਰੈਗੁਣੀ ਜੀਵ ਤ੍ਰਿਗੁਣ-ਆਤਮਕ ਮਾਇਆ ਦੇ ਮੋਹ ਵਿਚ ਬਿਆਪ ਰਹੇ ਹਨ ਅਤੇ ਗੁਰਮੁਖਾਂ ਨੇ ਗੁਰਾਂ ਦੁਆਰੇ ਤੁਰੀਆ ਗੁਣ=ਚੌਥੀ ਭੂਮਿਕਾ ਨੂੰ ਲੱਭ ਲੀਤਾ ਹੈ।

**ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥ ੭ ॥**

ਗੁਰਮੁਖ ਏਕਤਾ ਦੀ ਨਜ਼ਰ ਨਾਲ ਸਭਨਾਂ ਨੂੰ ਇਕ ਸਮਾਨ ਕਰਕੇ ਜਾਣਦੇ ਹਨ, ਕਿਉਂਕਿ ਉਨ੍ਹਾਂ ਨੂੰ ਸਭਨਾ ਵਿਚ ਬ੍ਰਹਮ ਪਸਰਿਆ ਹੋਇਆ ਹੀ ਨਜ਼ਰ ਆਉਂਦਾ ਹੈ॥ ੭॥

## ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ॥

ਰਾਮ ਹੈ ਨਾਮ ਜਿਸ ਦਾ ਉਸ ਦੀ ਜੋਤ ਸਾਰਿਆਂ ਵਿਚ ਆਈ ਹੋਈ ਹੈ, ਉਹ ਅਲੱਖ ਪਰਮਾਤਮਾ ਆਪਣਾ ਸਰੂਪ ਗੁਰਾਂ ਦੁਆਰੇ ਲਖਾਉਂਦਾ (ਜਣਾਉਂਦਾ) ਹੈ।

ਜਾਂ ਗੁਰਮੁਖਾਂ ਨੇ ਆਪ ਹੀ ਉਸ ਅਲੱਖ ਸਰੂਪ ਨੂੰ ਲਖ ਲੈਣਾ ਕੀਤਾ ਹੈ।

## ਨਾਨਕ ਦੀਨ ਦਇਆਲ ਭਏ ਹੈ
## ਭਗਤਿ ਭਾਇ ਹਰਿ ਨਾਮਿ ਸਮਈਆ॥ ੮॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ-ਉਹ ਦੀਨ ਦਿਆਲ ਪਰਮਾਤਮਾ ਜਿਸ ਉਤੇ ਦਿਆਲੂ ਹੋਇਆ ਹੈ ਉਹ ਪ੍ਰੇਮਾ-ਭਗਤੀ ਕਰਕੇ ਹਰੀ ਨਾਮੀ ਵਿਚ ਸਮਾਇਆ ਹੈ॥ ੮॥ ੧॥ ੪॥

## ਬਿਲਾਵਲੁ ਮਹਲਾ ੪॥

## ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ
## ਹਰਿ ਚੰਦਨ ਵਾਸੁ ਸੁਗੰਧ ਗੰਧਈਆ॥

ਜਲ ਦੀ ਤਰ੍ਹਾਂ ਸੀਤਲ=ਠੰਡੇ ਹਰਿ ਹਰਿ ਨਾਮ ਨੂੰ ਧਿਆਉਣਾ ਕਰੋ, ਹਰੀ ਜੋ ਗੰਧਈਆ ਹੈ ਚੰਦਨ ਦੀ ਵਾਸ਼ਨਾ ਵਾਂਗ ਉਸ ਦੀ ਭਗਤੀ ਰੂਪ ਸੁੰਗਧੀ ਫੈਲ ਰਹੀ ਹੈ।

[ਪੰਨਾ ੮੩੪]

## ਮਿਲਿ ਸਤਸੰਗਤਿ ਪਰਮ ਪਦੁ ਪਾਇਆ
## ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥ ੧॥

ਸਤਿਸੰਗਤ ਨਾਲ ਮਿਲ ਕੇ ਪਰਮ ਪਦੁ=ਆਤਮ-ਪਦ ਪਾਇਆ ਹੈ, ਮੈਂ ਹਿਰਡ=ਅਰਿੰਡ ਤੇ ਪਲਾਸ=ਛਛਰੇ ਵਾਂਗ ਨਿਕੰਮਾ ਸੀ, ਹਰੀ ਰੂਪ ਚੰਦਨ ਨਾਲ ਮਿਲ ਕੇ ਭਗਤੀ ਜਾਂ ਕੀਰਤੀ ਰੂਪੀ ਬੁਹੀਆ= ਸੁੰਗਧੀ ਵਾਲਾ ਹੋ ਗਿਆ ਹਾਂ॥ ੧॥

## ਜਪਿ ਜਗੰਨਾਥ ਜਗਦੀਸ ਗੁਸਈਆ॥

(੧) ਜੋ ਜਗਦੀਸ਼ ਗੁਸਾਈਂ ਹੈ ਉਸ ਜਗਤ ਦੇ ਨਾਥ ਨੂੰ ਗੁਰਮੁਖਾਂ ਨੇ ਜਪਿਆ ਹੈ,

(੨) ਜੋ ਪਿੱਛੇ ਸਾਰੇ ਜਗਤ ਦਾ ਨਾਥ ਸੀ, ਹੁਣ ਭੀ ਜਗਤ ਦਾ ਈਸ਼੍ਵਰ ਹੈ, ਅੱਗੇ ਭੀ ਪ੍ਰਿਥਵੀ ਦਾ ਮਾਲਕ ਹੋਵੇਗਾ, ਓਹੀ ਤਿੰਨਾਂ ਸਮਿਆਂ ਵਿਚ ਜਪਣੇ ਜੋਗ ਹੈ।

## ਸਰਣਿ ਪਰੇ ਸੇਈ ਜਨ ਉਬਰੇ
## ਜਿਉ ਪ੍ਰਹਿਲਾਦ ਉਧਾਰਿ ਸਮਈਆ॥ ੧॥ ਰਹਾਉ॥

ਜੋ ਉਸ ਦੀ ਸ਼ਰਨ ਪਏ ਹਨ ਓਹੀ ਪੁਰਸ਼ ਸੰਸਾਰ ਦੇ ਦੁੱਖਾਂ ਤੋਂ ਉਬਰੇ=ਬਚੇ ਹਨ, ਜਿਵੇਂ ਪ੍ਰਹਿਲਾਦ ਭਗਤ ਨੂੰ ਉਧਾਰ ਕੇ ਉਸ ਨੇ ਆਪਣੇ ਵਿਚ ਸਮਾ ਲਿਆ (ਅਭੇਦ ਕਰ ਲਿਆ) ਹੈ॥ ੧॥ ਰਹਾਉ॥

## ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ॥

ਜਿਵੇਂ ਸਾਰੀ ਅਠਾਰਾਂ ਭਾਰ ਬਨਾਸਪਤੀ ਵਿਚੋਂ ਚੰਦਨ ਉੱਤਮ ਹੈ, ਚੰਦਨ ਦੇ ਕੋਲ ਵਸਣ ਵਾਲੇ ਸਾਰੇ ਬ੍ਰਿਛ ਚੰਦਨ ਰੂਪ ਹੋ ਜਾਂਦੇ ਹਨ।

ਤਿਵੇਂ ਸਾਰੀ ਸ੍ਰਿਸ਼ਟੀ ਵਿੱਚੋਂ ਸੰਤ ਉੱਤਮ ਹਨ, ਸੰਤਾਂ ਪਾਸ ਵੱਸਣ ਵਾਲੇ ਸਾਰੇ ਜੀਵ ਸੰਤ ਸੁਭਾਵ ਹੋ ਜਾਂਦੇ ਹਨ। ਇਸੇ ਤਰ੍ਹਾਂ ਕਬੀਰ ਸਾਹਿਬ ਜੀ ਨੇ ਭੀ ਕਿਹਾ ਹੈ-"ਕਿ ਚੰਦਨ ਦਾ ਛੋਟਾ ਜਿੰਨਾ ਬ੍ਰਿਛ ਢੱਕਾਂ ਛਿਛਰੇ ਤੇ ਪਲਾਹਾਂ ਨਾਲ ਢਕਿਆ ਹੋਇਆ ਵੀ ਸਭ ਨਾਲੋ ਚੰਗਾ ਹੈ ਕਿਉਂਕਿ ਉਸ ਦੇ ਨਜ਼ਦੀਕ ਰਹਿਣ ਵਾਲਾ ਵੀ ਚੰਦਨ ਰੂਪ (ਸੁਗੰਧੀ ਵਾਲਾ) ਹੋ ਜਾਂਦਾ ਹੈ।"

"ਕਬੀਰ ਚੰਦਨ ਕਾ ਬਿਰਵਾ ਭਲਾ ਵੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥" *(ਪੰਨਾ ੧੩੬੫)*

## ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ॥੨॥

ਸਾਕਤ ਕੂੜੇ=ਮਨਮੁਖ ਝੂਠੇ ਪੁਰਸ਼ ਊਭ ਸੁਕ=ਖੜ-ਸੁਕ ਬ੍ਰਿਛ ਦੀ ਤਰ੍ਹਾਂ ਹੋ ਗਏ ਹਨ, ਕਿਉਂਕਿ ਉਨ੍ਹਾਂ ਦੇ ਮਨ ਵਿਚ ਹੰਕਾਰ ਹੈ, ਇਸ ਲਈ ਉਹ ਸੰਤਾਂ ਤੋਂ ਵਿਛੜ ਕੇ ਦੂਰ ਚਲੇ ਗਏ ਹਨ ਭਾਵ ਚੁਰਾਸੀ ਦੇ ਚੱਕਰ ਵਿਚ ਸੁੱਟੇ ਗਏ ਹਨ॥ ੨॥

ਯਥਾ:-"ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ॥ ੪॥" *(ਸਿਰੀ ਰਾਗੁ ਮ: ੩, ਪੰਨਾ ੬੬)*

## ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ॥

ਹਰੀ ਕਰਤਾ ਆਪਣੀ ਗਤ ਦੀ ਮਰਯਾਦਾ ਨੂੰ ਆਪ ਹੀ ਜਾਣਦਾ ਹੈ,
ਕਿਉਂਕਿ ਸਭ ਬਿਧੀਆਂ ਹਰਿ ਹਰਿ ਨੇ ਆਪ ਹੀ ਬਣਾਈਆਂ ਹਨ।

## ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ॥੩॥

ਜਿਸ ਨੂੰ ਸਤਿਗੁਰ ਦੇਵ ਜੀ ਮਿਲਦੇ ਹਨ ਉਹ ਸੋਨੇ ਦੀ ਤਰ੍ਹਾਂ ਸ਼ੁੱਧ ਹੁਦਾ ਹੈ, ਜੋ ਲੇਖ ਧੁਰੋਂ ਲਿਖਿਆ ਗਿਆ ਹੈ ਉਹ ਫਲ ਭੋਗੇ ਤੋਂ ਬਿਨਾਂ ਕਿਸੇ ਦਾ ਮਿਟਾਇਆ ਹੋਇਆ ਮਿਟਦਾ ਨਹੀਂ ਹੈ॥ ੩॥

## ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ॥

ਸਾਗਰ=ਸੰਸਾਰ ਵਿਚ ਰਤਨ ਪਦਾਰਥ=ਨਾਮ, ਵੈਰਾਗ ਤੇ ਗਿਆਨ ਅਤੇ ਭਗਤੀ ਦਾ ਭੰਡਾਰਾ ਖੁਲ੍ਹਿਆ ਹੋਇਆ ਹੈ ਪਰ ਕੋਈ ਵਿਰਲਾ ਹੀ ਗੁਰ-ਸਿਖਿਆ ਦੁਆਰੇ ਪਾਉਂਦਾ ਹੈ।

## ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ॥੪॥

ਗੁਰ-ਚਰਨਾਂ ਨਾਲ ਮੇਰੀ ਇਕ ਸ਼ਰਧਾ ਪੈਦਾ ਹੋਈ ਹੈ, ਇਸ ਲਈ ਹਰੀ ਗੁਣ ਕਹਿੰਦਿਆਂ ਮੈਨੂੰ ਤ੍ਰਿਪਤੀ ਨਹੀਂ ਹੁੰਦੀ॥ ੪॥

## ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ
## ਮੈ ਹਰਿ ਗੁਣ ਕਹਤੇ ਭਾਵਨੀ ਕਹੀਆ॥

ਪਰਮ=ਵੱਡੇ ਵੈਰਾਗ ਨੂੰ ਧਾਰ ਕੇ ਨਿਤ ਰੂਪ ਹਰੀ ਦੇ ਨਿਤਾਪ੍ਰਤੀ ਨਾਮ ਧਿਆਏ ਹਨ, ਮੈਂ ਹਰੀ ਗੁਣਾਂ ਨੂੰ ਕਹਤੇ=ਕਹਿੰਦਾ ਹਾਂ, ਪਰ ਭਾਵਨੀ ਕਹੀਆ=ਸ਼ਰਧਾ ਨਾਲ ਕਹਿੰਦਾ ਹਾਂ।

ਵਾ:-ਮੈਂ ਹਰੀ ਗੁਣਾਂ ਨੂੰ ਕਹਿੰਦਾ ਹਾਂ, ਕਹਿਣੇ ਕਰਕੇ ਭਾਵਨੀਕ ਹੀਆ=ਹਿਰਦਾ ਸ਼ੋਭਨੀਕ ਹੋ ਗਿਆ ਹੈ।

ਪਾਠ-"ਭਾਵਨੀ ਕਹੀਆ॥" ਹੀ ਹੈ। *ਅਥਵਾ*:-ਜੋ ਪਰਮ ਵੈਰਾਗ ਨੂੰ ਧਾਰ ਕੇ ਨਿਤ ਨਿਤ=ਨਿਤਾ-ਪ੍ਰਤੀ ਹਰੀ ਨਾਮ ਨੂੰ ਧਿਆਉਂਦੇ ਹਨ ਤੇ ਹਰੀ ਗੁਣਾਂ ਨੂੰ ਗਾਉਂਦੇ ਹਨ, ਅਜੇਹੇ ਸੰਤਾਂ ਵਿਚ ਭਾਵਨੀ=ਸ਼ਰਧਾ ਕਰਨੀ ਮੈਨੂੰ ਸਤਿਗੁਰਾਂ ਨੇ ਕਹੀ ਹੈ।

## ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ॥੫॥

ਵਾਰੰਵਾਰ ਖਿਨ-ਖਿਨ ਤੇ ਪਲ-ਪਲ ਦੇ ਸਮੇਂ ਵਿਚ ਹਰੀ ਨਾਮ ਕਹਿੰਦਾ ਹਾਂ, ਹਰੀ ਦਾ ਪਾਰਾਵਾਰ ਨਹੀਂ ਪੈਂਦਾ ਹੈ, ਉਹ ਪਰੈ ਪਰਈਆ=ਪਰੇ ਤੋਂ ਪਰੇ ਹੈ। ਜਾਂ ਸਭ ਤੋਂ ਪਰੇ ਜੋ ਬ੍ਰਹਮਾ ਆਦਿਕ ਹਨ ਉਹਨਾਂ ਤੋਂ ਭੀ ਉਹ ਪਰੇ ਹੈ॥ ੫॥

## ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ॥

ਛੇ ਸ਼ਾਸਤਰ, ਚਾਰ ਵੇਦ, ਅਠਾਰਾਂ ਪੁਰਾਣ ਪੁਕਾਰਦੇ ਹਨ, ਸ੍ਵੈ ਧਰਮ ਧਾਰਨਾ ਕਰੋ ਅਤੇ ਖਟ=ਛੇ ਪ੍ਰਕਾਰ ਦੇ ਕਰਮ ਜਪ, ਹੋਮ, ਸੰਧਿਆ, ਇਸ਼ਨਾਨ, ਦੇਵ ਅਰਚਾ, ਅਥਿਤ ਪੂਜਾ ਨੂੰ ਦ੍ਰਿੜ੍ਹ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਛੇ ਕਰਮ ਸਹਸਕ੍ਰਿਤੀ ਵਿਚ ਜੋ ਲਿਖੇ ਹਨ, ਉਹ ਦ੍ਰਿੜ੍ਹ ਕਰੋ:-

"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪਿ ਤ੍ਯਿਾਗਿ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥ ੪੦॥" *(ਪੰਨਾ ੧੩੫੭)*

## ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ॥੬॥

ਪਖੰਡੀ ਮਨਮੁਖ ਭਰਮ ਵਿਚ ਵਿਗੂਤੇ=ਖਰਾਬ ਹੋ ਰਹੇ ਹਨ ਤੇ ਪਾਪਾਂ ਦੇ ਭਾਰ ਕਰਕੇ ਬਿਰਤੀ ਰੂਪ ਨਾਵ=ਨੌਕਾ (ਬੇੜੀ) ਲੋਭ ਦੀ ਲਹਿਰ ਵਿਚ ਡੁੱਬ ਰਹੀ ਹੈ॥ ੬॥

## ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ॥

ਨਾਮ ਨੂੰ ਜਪਣਾ ਕਰੋ, ਨਾਮ ਕਰਕੇ ਹੀ ਮੁਕਤੀ ਪਾਉਗੇ, ਸਿੰਮ੍ਰਿਤੀਆਂ ਅਤੇ ਸ਼ਾਸਤ੍ਰਾਂ ਨੇ ਪ੍ਰਭੂ ਦਾ ਨਾਮ ਹੀ ਦ੍ਰਿੜ੍ਹ ਕਰਵਾਈਆ ਹੈ।

ਯਥਾ:- "ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥ (ਮ: ੫, ਪੰਨਾ ੭੬੧)

## ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥ ੭ ॥

ਜੀਵ ਦੀ ਹਉਮੈ ਦੂਰ ਹੋ ਜਾਵੇ ਤਾਂ ਹੀ ਮਨ ਸ਼ੁੱਧ ਹੁੰਦਾ ਹੈ,
ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਕਰਕੇ ਗੁਰਮੁਖਾਂ ਨੇ ਪਰਮ-ਪਦ ਨੂੰ ਪਾਇਆ ਹੈ॥ ੭ ॥

## ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥

ਹੇ ਪ੍ਰਭੂ ! ਇਹ ਜਗਤ ਵਰਨ ਤੇ ਰੂਪ ਆਦਿਕ ਸਭ ਕੁਝ ਤੇਰਾ ਬਣਾਇਆ ਹੋਇਆ ਹੈ, ਇਨ੍ਹਾਂ ਨੂੰ ਜਿਧਰ ਤੂੰ ਲਗਾਉਂਦਾ ਹੈ ਓਹੀ ਕਰਮ ਕਮਾਉਂਦੇ ਹਨ।

## ਨਾਨਕ ਜੰਤ ਵਜਾਏ ਵਾਜਹਿ
## ਜਿਤੁ ਭਾਵੈ ਤਿਤੁ ਰਾਹਿ ਚਲਈਆ ॥ ੮ ॥ ੨ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵਾਂ ਰੂਪ ਵਾਜਿਆਂ ਨੂੰ ਜਿਵੇਂ ਤੂੰ ਵਜਾਉਂਦਾ ਹੈਂ, ਤਿਵੇਂ ਇਹ ਵੱਜਦੇ ਹਨ, ਜਿਧਰ ਤੂੰ ਚਾਹੁੰਦਾ ਹੈਂ ਤਿਤੁ ਰਾਹਿ ਚਲਈਆ=ਓਸੇ ਰਸਤੇ ਪਰ ਚਲਦੇ ਹਨ॥ ੮ ॥ ੨ ॥

## ਬਿਲਵਲੁ ਮਹਲਾ ੪ ॥ ਗੁਰਮੁਖਿ ਅਗਮ ਅਗੋਚਰੁ ਧਿਆਇਆ
## ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥

ਗੁਰਮੁਖਾਂ ਨੇ, ਗੁਰਾਂ ਦੁਆਰੇ ਅਗਮ ਅਗੋਚਰ ਪ੍ਰਭੂ ਨੂੰ ਧਿਆਉਣਾ ਕੀਤਾ ਹੈ,
ਸਤਿ ਪੁਰਖਈਆ=ਸਤਿ ਪੁਰਖ ਪਰਮੇਸ਼ਰ ਰੂਪ ਸਤਿਗੁਰਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

## ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥ ੧ ॥

ਗੁਰਾਂ ਨੇ ਮੇਰੇ ਪ੍ਰਾਣਾਂ ਵਿਚ ਰਾਮ ਦਾ ਨਾਮ ਵਸਾ ਦਿੱਤਾ ਹੈ,
ਸਤਿਗੁਰਾਂ ਨਾਲ ਪਰਸ ਕੇ ਮੈਂ ਹਰੀ ਨਾਮੀ ਵਿਚ ਸਮਾ ਗਿਆ ਹਾਂ॥ ੧ ॥

## ਜਨ ਕੀ ਟੇਕ ਹਰਿ ਨਾਮੁ ਟਿਕਈਆ ॥

ਦਾਸ ਦੀ ਟੇਕ=ਓਟ ਹਰੀ ਪਰ ਟਿਕ ਗਈ ਹੈ।
ਵਾ:-ਸੰਤ ਜਨਾਂ ਦੀ ਟੇਕ=ਓਟ ਲੈ ਕੇ ਗੁਰਮੁਖਾਂ ਨੇ ਹਰੀ ਨਾਮ ਵਿਚ ਟਿਕਣਾ ਕੀਤਾ ਹੈ।

## ਸਤਿਗੁਰ ਕੀ ਧਰ ਲਾਗਾ ਜਾਵਾ
## ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥ ੧ ॥ ਰਹਾਉ ॥

ਮੈਂ ਸਤਿਗੁਰਾਂ ਦੀ ਧਰ=ਓਟ ਤੇ, ਵਾ:-ਧਰ=ਤਰਫ਼ ਲਗਾ ਜਾਂਦਾ ਹਾਂ, ਗੁਰਾਂ ਦੀ ਕਿਰਪਾ ਨਾਲ ਮੈਂ ਹਰੀ ਦੀ ਪ੍ਰਾਪਤੀ ਦਾ ਦਰੁ=ਦਰਵਾਜ਼ਾ (ਗਿਆਨ) ਲੱਭ ਲੀਤਾ ਹੈ॥ ੧ ॥ ਰਹਾਉ ॥

## ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥

ਇਹ ਮਨੁੱਖ ਸਰੀਰ ਕਰਮਾਂ ਰੂਪੀ ਬੀਜ ਦੇ ਬੀਜਣ ਦੀ ਧਰਤੀ ਹੈ,

ਗੁਰਮੁਖਾਂ ਨੇ ਇਸ ਵਿਚ ਮਥਿ ਮਥਿ=ਵਿਚਾਰ-ਵਿਚਾਰ ਕੇ ਤਤੁ=ਸਿਧਾਂਤ ਨੂੰ ਕੱਢਣਾ ਕੀਤਾ ਹੈ।

ਜਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਇਸ ਸਰੀਰ ਚਾਟੀ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ, ਉਪਾਸ਼ਨਾ ਰੂਪ ਦਹੀਂ ਮਥ-ਮਥ ਕੇ ਭਾਵ ਵਿਚਾਰ-ਵਿਚਾਰ ਕੇ ਗਿਆਨ ਰੂਪੀ ਤਤੁ=ਮੱਖਣ ਕੱਢਣਾ ਕੀਤਾ ਹੈ।

**ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਆਈਆ ॥ ੨ ॥**

ਲਾਲੁ=ਪ੍ਰੇਮ ਨਾਲ ਨਾਮ ਨੂੰ ਜਪਿਆ ਤਾਂ ਜਵੇਹਰ=ਗਿਆਨ ਦਾ ਪ੍ਰਕਾਸ਼ ਹੋਇਆ।

*ਅਥਵਾ*:-ਲਾਲ, ਜਵੇਹਰਾਂ ਵਾਂਗ ਨਾਮ ਦਾ ਪ੍ਰਕਾਸ਼ ਹੈ, ਜਿਸ ਭਾਂਡੈ=ਅੰਤਹਕਰਨ ਵਿਚ ਪ੍ਰੇਮ ਹੈ ਤਿਸ ਅੰਤਹਕਰਨ ਵਿਚ ਨਾਮ ਆ ਕੇ ਪੈਂਦਾ ਹੈ॥ ੨॥

**ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥**

ਜੋ ਪੁਰਸ਼ ਰਾਮ ਦੀ ਭਗਤੀ ਕਰਨ ਵਾਲੇ ਨਿਜ ਭਈਆ=ਆਪ ਹੋਏ ਹਨ, ਵਾ:-ਮੇਰੇ ਭਰਾ ਹਨ, ਮੈਂ ਉਨ੍ਹਾਂ ਦੇ ਦਾਸਾਂ ਦੇ ਦਾਸ ਦਾ ਦਾਸ ਹੋ ਕੇ ਰਹਿੰਦਾ ਹਾਂ।

**ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥ ੩ ॥**

ਮਨ ਬੁੱਧ ਆਦਿਕ ਸਭ ਕੁਝ ਗੁਰਾਂ ਅੱਗੇ ਅਰਪਿ ਧਰਉ=ਭੇਟਾ ਧਰਦਾ ਹਾਂ ਅਤੇ ਗੁਰਾਂ ਦੀ ਕਿਰਪਾ ਨਾਲ ਮੈਂ ਅਕੱਥ ਦਾ ਕਥਨ ਕਰਦਾ ਹਾਂ॥ ੩॥

**ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥**

ਮਨਮੁਖ ਪੁਰਸ਼ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ, ਉਨ੍ਹਾਂ ਦਾ ਇਹ ਮਨ ਤ੍ਰਿਸ਼ਨਾ ਵਿਚ ਜਲਤ=ਸੜਦਾ ਹੋਇਆ ਤਿਖਈਆ=ਪਿਆਸਾ ਹੀ ਰਹਿੰਦਾ ਹੈ।

ਜਾਂ ਤ੍ਰਿਸ਼ਨਾ ਤੇ ਤਿਖਈਆ=ਤ੍ਰੇਹ ਕਰਕੇ ਪਦਾਰਥਾਂ ਵਿਚ ਸੜਦਾ ਹੀ ਰਹਿੰਦਾ ਹੈ।

**ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪ ॥**

ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ-ਅੰਮ੍ਰਿਤ ਰੂਪ ਜਲ ਪਾਇਆ ਹੈ,

ਜਾਂ ਗੁਰਾਂ ਦੇ ਸ਼ਬਦ ਦੁਆਰਾ ਬੁਝਾਉਣਾ ਕੀਤੀ ਤਾਂ ਤ੍ਰਿਸ਼ਨਾ ਰੂਪੀ ਅੱਗ ਬੁਝ ਗਈ ॥ ੪॥

**ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥**

ਜਾਂ ਇਹ ਮਨ ਸਤਿਗੁਰਾਂ ਦੀ ਆਗੈ=ਆਗਿਆ ਮੰਨਣ ਵਿਚ ਨਾਚੈ=ਨੱਚਣਾ ਕਰੇ ਭਾਵ ਉੱਦਮ ਦੇ ਸਹਿਤ ਹੋ ਕੇ ਆਗਿਆ ਦਾ ਪਾਲਣ ਕਰੇ, ਵਾ:-ਸਤਿਗੁਰਾਂ ਦੀ ਆਗਿਆ ਮੰਨ ਕੇ ਸੱਤ ਅਸੱਤ ਵਸਤੂ ਦਾ ਨਾਚੈ=ਨਿਰਣਾ ਕਰੇ ਤਾਂ ਅਨਹਦ=ਇਕ-ਰਸ ਸ਼ਬਦਾਂ ਦੀ ਧੁਨੀ ਰੂਪ ਤੂਰ ਵਜਈਆ=ਵਾਜੇ ਵੱਜ ਆਉਂਦੇਂ ਹਨ।

[ਪੰਨਾ ੮੩੫]

**ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ**
**ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥ ੫ ॥**

ਦਿਨ ਰਾਤ ਹਰਿ ਹਰਿ ਦੀ ਉਸਤਤੀ ਨੂੰ ਕਰੇ ਅਤੇ ਮੰਦ ਕਰਮਾਂ ਵੱਲੋਂ ਚਰਨਾਂ ਨੂੰ ਰਖਿ ਰਖਿ=ਰੋਕ ਕੇ

ਹਰੀ ਦੇ ਤਾਲ ਪੂਰਈਆ=ਜਸ ਨੂੰ ਉਚਾਰਨਾ ਕਰੇ, ਜਾਂ ਮਹਾਂ ਵਾਕਾਂ ਰੂਪੀ ਤਾਲਾਂ ਨੂੰ ਪੂਰਨਾ ਕਰੇ॥ ੫॥

## ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ॥

ਗੁਰਮੁਖਾਂ ਦਾ ਮਨ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹਰੀ ਦੇ ਜਸ ਨੂੰ ਗਾਉਂਦਾ ਹੈ, ਰਸਾਲ=ਸੁੰਦਰ ਪ੍ਰੇਮ-ਰਸ ਵਿਚ ਰਸ ਕੇ ਗੁਰ=ਸ਼ਬਦ ਨੂੰ ਰਵਈਆ=ਉਚਾਰਦਾ ਹੈ।

## ਨਿਜ ਘਰਿ ਧਾਰ ਚੁਐ ਅਤਿ ਨਿਰਮਲ
## ਜਿਨਿ ਪੀਆ ਤਿਨ ਹੀ ਸੁਖੁ ਲਹੀਆ॥ ੬॥

ਅੰਤਹਕਰਨ ਰੂਪੀ ਨਿਜ ਘਰ ਵਿਚ ਬੜੀ ਪਵਿਤੱਰ ਬ੍ਰਹਮਾਨੰਦ ਰੂਪੀ ਧਾਰਾ ਚੋ ਰਹੀ ਹੈ, ਜਿਸ ਨੇ ਉਸ ਧਾਰਾ ਨੂੰ ਪੀਤਾ ਹੈ, ਓਸੇ ਨੇ ਸੁਖ ਲੀਤਾ ਹੈ॥ ੬॥

## ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ॥

ਅਭਿਮਾਨੀ=ਹੰਕਾਰੀ ਪੁਰਸ਼ ਮਨ ਦੇ ਹਠ ਕਰਕੇ ਜੋ ਕਰਮ ਕਰਦਾ ਹੈ, (ਉਹ ਇਸ ਤਰ੍ਹਾਂ ਨਿਸਫਲ ਹਨ) ਜਿਵੇਂ (ਸਮੁੰਦਰ ਦੇ ਕੰਢੇ ਉਤੇ) ਬਾਲਕਾ ਬਾਲੂ=ਰੇਤੇ ਦੇ ਘਰ ਨੂੰ ਉਸਾਰਦਾ ਹੈ।

## ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ॥੭॥

ਜਿਸ ਵੇਲੇ ਸਮੁੰਦਰ ਦੇ ਸਾਗਰ=ਪਾਣੀ ਦੀ ਲਹਰਿ=ਛੱਲ ਆਉਂਦੀ ਹੈ ਤਾਂ ਖਿਨ ਵਿਚ ਹੀ ਉਹ ਰੇਤ ਦੇ ਕਿਣਕੇ ਵੱਖੋ-ਵੱਖ ਹੋ ਕੇ ਘਰ ਢਹਿ ਪੈਂਦਾ ਹੈ।

ਇਸੇ ਤਰ੍ਹਾਂ-ਪੁੰਨਾ ਦੇ ਅਭਾਵ ਹੋਣ ਰੂਪ ਪਾਣੀ ਦੀ ਲਹਿਰ ਆਉਂਦੀ ਹੈ ਤਾਂ ਸਾਰੇ ਪਦਾਰਥ ਹੌਲੀ-ਹੌਲੀ ਅਭਾਵ ਹੋ ਜਾਂਦੇ ਹਨ। ਪਹਿਲੇ ਦਿਵਾਲਾ ਨਿਕਲਦਾ ਹੈ, ਫਿਰ ਹੱਟੀ ਚੁੱਕੀ ਜਾਂਦੀ ਹੈ ਤੇ ਘਰ ਵਿਕ ਜਾਂਦਾ ਹੈ, ਏਸੇ ਤਰ੍ਹਾਂ ਸਾਰੇ ਪਦਾਰਥ ਅਭਾਵ ਹੋ ਜਾਂਦੇ ਹਨ॥ ੭॥

## ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ॥

ਆਪੇ ਹਰਿ ਹਰਿ ਸਾਗਰੁ=ਸਮੁੰਦਰ ਦੇ ਸਰੁ=ਸਦ੍ਰਸ਼ ਹੈ, ਇਹ ਜੋ ਸਾਰੇ ਜਗਤ ਦਾ ਖੇਲ ਖੇਡਣਾ ਕੀਤਾ ਹੈ, ਇਹੋ ਸਮੁੰਦਰ ਵਿਚ ਤਰੰਗ ਹਨ।

## ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ
## ਨਾਨਕ ਆਪੇ ਆਪਿ ਰਮਈਆ॥ ੮॥ ੩॥ ੬॥

ਜਿਸ ਤਰ੍ਹਾਂ ਜਲ ਵਿੱਚੋਂ ਤਰੰਗ ਪੈਦਾ ਹੁੰਦੇ ਹਨ ਤੇ ਜਲ ਦੇ ਆਸਰੇ ਠਹਿਰਦੇ ਹਨ, ਅੰਤ ਨੂੰ ਜਲ ਵਿਚ ਹੀ ਸਮਾ ਜਾਂਦੇ ਹਨ, ਏਸੇ ਤਰ੍ਹਾਂ ਹਰੀ ਤੋਂ ਜਗਤ ਪੈਦਾ ਹੋਇਆ ਹੈ, ਹਰੀ ਦੇ ਆਸਰੇ ਠਹਿਰਦਾ ਹੈ, ਅੰਤ ਨੂੰ ਓਸੇ ਦੇ ਵਿਚ ਹੀ ਲੀਣ ਹੋ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਹ ਰਮਈਆ ਆਪੇ ਆਪ ਸਾਰੇ ਪੂਰਨ ਹੈ॥ ੮॥ ੩॥

## ਬਿਲਾਵਲੁ ਮਹਲਾ ੪॥

ਜਿਹੜਾ ਜੋਗੀ (ਵੈਦ) ਸੀ ਉਸ ਨੇ ਕਿਹਾ-'ਆਪ ਸਾਡਾ ਜੋਗ ਭੇਖ ਧਾਰਨਾ ਕਰੋ ਤਾਂ ਆਪ ਜੀ ਦਾ ਬੜਾ

ਪ੍ਰਤਾਪ ਹੋਵੇਗਾ।' ਗੁਰੂ ਜੀ ਨੇ ਕਿਹਾ-'ਅਸਾਂ ਨੇ ਪਹਿਲੇ ਹੀ ਜੋਗ ਭੇਖ ਧਾਰਿਆ ਹੋਇਆ ਹੈ।'

ਤਾਂ ਉਸ ਨੇ ਪੁੱਛਿਆ-'ਕਿਹੋ ਜਿਹਾ ਭੇਖ ਧਾਰਿਆ ਹੈ, ਓਹ ਸਾਨੂੰ ਭੀ ਸੁਣਾਓ।' ਤਾਂ ਗੁਰੂ ਜੀ ਨੇ ਕਿਹਾ-

**ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥**

ਮਨ ਵਿਚ ਜਾਣਨਾ ਕਰ, ਸਤਿਗੁਰਾਂ ਦੇ ਪ੍ਰੇਮ ਵਿਚ ਜੋ ਲੱਗੇ ਹਾਂ ਇਹੋ ਮੁੰਦਰਾਂ ਪਾਈਆਂ ਹਨ। ਮਨ ਵਿਚ ਜਿਹੜਾ ਗੁਰਾਂ ਦਾ ਸ਼ਬਦ ਦ੍ਰਿੜ੍ਹ ਕੀਤਾ ਹੈ, ਏਹੀ ਤਨ ਉਤੇ ਭਸਮ=ਬਿਭੂਤੀ ਮਲੀ ਹੈ।

ਜਾਂ ਅੰਦਰੋਂ ਬਾਹਰੋਂ ਜਿਹੜਾ ਸਤਿਗੁਰਾਂ ਵਿਚ ਪ੍ਰੇਮ ਕਰਨਾ ਹੈ, ਇਹੋ ਮਨ ਬੁੱਧੀ ਰੂਪ ਦੋ ਕੰਨਾਂ ਵਿਚ ਮੁੰਦ੍ਰਾਂ ਪਾਈਆਂ ਹਨ ਅਤੇ ਗੁਰਾਂ ਦਾ ਸ਼ਬਦ ਲੈ ਕੇ ਜਿਹੜਾ ਤਨ ਨੂੰ ਭਸਮ ਰੂਪ ਨਿਸਚੇ ਕੀਤਾ ਹੈ ਇਹੋ ਭਸਮ ਮਲੀ ਹੈ।

**ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ ॥ ੧ ॥**

ਸੰਤਾਂ ਦੇ ਸੰਗ ਕਰਕੇ ਅਮਰ ਪਿੰਡ ਭਏ=ਅਮਰ ਸਰੂਪ ਹੋ ਗਏ ਹਾਂ, ਜਨਮ ਮਰਨ ਦੇ ਦੋਵੇਂ ਦੁੱਖ ਮਿਟ ਗਏ ਹਨ॥ ੧ ॥

**ਮੇਰੇ ਮਨ ਸਾਧਸੰਗਤਿ ਮਿਲਿ ਰਹੀਆ ॥**

ਹੇ ਮੇਰੇ ਮਨ ! ਸਤਿ ਸੰਗਤ ਵਿਚ ਮਿਲ ਰਹਿਣਾ ਕਰ।

**ਕ੍ਰਿਪਾ ਕਰਹੁ ਮਧਸੂਦਨ ਮਾਧਉ**
**ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥ ੧ ॥ ਰਹਾਉ ॥**

ਹੇ ਮਧੂ ਦੈਂਤ ਦੇ ਸੂਦਨ=ਅਭਾਵ ਕਰਨ ਵਾਲੇ ਮਾਧਉ=ਮਾਇਆ ਪਤੀ (ਪਰਮਾਤਮਾ!) ਕਿਰਪਾ ਕਰੋ, ਮੈਂ ਖਿਨ-ਖਿਨ ਦੇ ਸਮੇਂ ਵਿਚ ਸਾਧੂਆਂ ਦੇ ਚਰਨ ਪਖਈਆ=ਧੋਣਾ ਕਰਾਂ, ਜਾਂ ਦੇਖਣਾ ਕਰਾਂ,

ਵਾ:-ਸਾਧੂਆਂ ਦੇ ਚਰਨਾਂ ਦਾ ਪੱਖ ਲੈਣਾ ਕਰਾਂ॥ ੧ ॥ ਰਹਾਉ॥

**ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥**

ਜੀਵ ਗ੍ਰਿਹਸਤ ਨੂੰ ਤਿਆਗ ਕੇ ਬਨਵਾਸੀ ਤਾਂ ਹੋ ਗਿਆ ਹੈ, ਪਰ ਇਕ ਖਿਨ ਮਾਤ੍ਰ ਭੀ ਮਨ ਟਿਕਾਇਆ ਹੋਇਆ ਟਿਕਦਾ ਨਹੀਂ ਹੈ।

**ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥ ੨ ॥**

ਧਾਵਤੁ=ਧਾਵਨੇ ਵਾਲੇ ਭਾਵ ਨਾਸਵੰਤ ਪਦਾਰਥਾਂ ਮਗਰ ਧਾਇ=ਦੌੜਨ ਵਾਲਾ ਮਨ, ਤਦ ਅੰਤ੍ਰ ਮੁਖ,

ਵਾ:-ਸਰੂਪ-ਘਰ ਵਿਚ ਆਉਂਦਾ ਹੈ, ਜਦ ਹਰਿ ਹਰਿ ਦੇ ਸੰਤਾਂ ਦੀ ਸ਼ਰਨ ਵਿਚ ਪੈਣਾ ਕਰੇ।

*ਅਥਵਾ*:-ਸੰਤਾਂ ਦੀ ਸ਼ਰਨ ਵਿਚ ਪੈ ਕੇ ਹਰਿ ਹਰਿ ਨਾਮ ਜਪਣਾ ਕਰੇ॥ ੨ ॥

**ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥**

ਭਾਵੇਂ ਧੀਆਂ, ਪੁੱਤ੍ਰਾਂ ਨੂੰ ਛੱਡ ਕੇ ਸੰਨਿਆਸੀ ਹੋ ਗਿਆ ਹੈ, ਪਰ ਆਸਾ ਵਿਚ ਫਸਿਆ ਹੋਇਆ ਮਨ ਬਹੁਤੀ ਆਸਾ ਹੀ ਕਰਦਾ ਹੈ। ਜਾਂ ਆਸਾਂ ਪੂਰਨ ਕਰਨ ਵਾਲਿਆਂ ਦੀ ਬਹੁਤੀ ਆਸਾ ਕਰਦਾ ਹੈ।

ਵਾ:-ਮਨ ਵਿਚ ਬਹੁਤੀ ਆਸਾ ਹੀ ਆਸਾ ਨੂੰ ਕਰਦਾ ਹੈ।

**ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥ ੩ ॥**

ਆਸਾ ਹੀ ਆਸਾ ਨੂੰ ਕਰਦਾ ਹੈ, ਜਾਂ ਆਸਾ ਵਾਲਾ ਹੋ ਕੇ ਆਸ ਕਰਦਾ ਹੈ, ਪਰ ਆਸਾ ਬੁਝਦੀ ਨਹੀਂ ਹੈ, ਜਾਂ ਪਦਾਰਥਾਂ ਨੂੰ ਨਾਸਵੰਤ ਸਮਝਦਾ ਨਹੀਂ ਹੈ, ਗੁਰਾਂ ਦੇ ਸ਼ਬਦ ਕਰਕੇ ਹੀ ਨਿਰਾਸ-ਤਾਈ ਦੇ ਸੁਖ ਨੂੰ ਲੈਂਦਾ ਹੈ॥ ੩ ॥

**ਉਪਜੀ ਤਰਕ ਦਿਗੰਬਰੁ ਹੋਆ**
**ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥**

(ਔਰਤ ਦੇ ਬੋਲੀ ਮਾਰਨ ਤੇ ਜਾਂ ਕੋਈ ਘਾਟਾ ਪੈਣ ਤੇ) ਮਨ ਵਿਚ ਤਰਕ=ਨਫ਼ਰਤ ਪੈਦਾ ਹੋਈ ਤਾਂ ਦਿਗੰਬਰੁ=ਨਾਂਗਾ ਸਾਧੂ ਹੋ ਗਿਆ, ਮਨ ਦਸੋਂ ਦਿਸ਼ਾਂ ਵਿਚ ਚਲਿ=ਭੰਬੀਰੀ ਦੀ ਤਰ੍ਹਾਂ ਦੇ ਚਲਦਲ-ਪਿੱਪਲ ਦੇ ਪੱਤੇ ਵਾਂਗ ਚੰਚਲ ਹੋ ਕੇ ਗਵਨੁ ਕਰਈਆ=ਚੱਲਣਾ ਕਰਦਾ ਹੈ।

**ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ**
**ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥ ੪ ॥**

ਪਰਦੇਸਾਂ ਵਿਚ ਪ੍ਰਭਵਨ ਕਰੈ=ਭਲੀ ਪਰਕਾਰ ਫਿਰਨਾ ਕਰਦਾ ਹੈ, ਤ੍ਰਿਸ਼ਨਾ ਰੂਪੀ ਅੱਗ ਨਹੀਂ ਬੁਝਦੀ, ਗੁਰਮੁਖਾਂ ਨੇ ਸਤਿਸੰਗ ਵਿਚ ਮਿਲ ਕੇ ਦਇਆ ਦੇ ਘਰ-ਪ੍ਰਮੇਸ਼ਰ ਨੂੰ ਲੈਣਾ ਕੀਤਾ ਹੈ।

ਵਾ:-ਸੰਤਾਂ ਨਾਲ ਮਿਲਣ ਕਰਕੇ ਗੁਰਾਂ ਦੀ ਦਇਆ ਹੋਈ ਤਾ ਸਰੂਪ-ਘਰ ਲੈਣਾ ਕੀਤਾ ॥ ੪ ॥

**ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥**

ਕਈ ਪੁਰਸ਼ ਸਿੱਧਾਂ ਵਾਲੇ ਆਸਣ ਲਗਾਉਣੇ ਬਹੁਤ ਸਾਰੇ ਸਿੱਖਦੇ ਹਨ ਤੇ ਮਨ ਵਿਚ ਰਿੱਧੀਆਂ, ਸਿੱਧੀਆਂ ਮੰਗਦੇ ਹਨ, ਪਰ ਇਹ ਤਾਂ ਚੇਟਕਈਆ=ਜਾਦੂਗਰ ਦੇ ਚੇਟਕ=ਜਾਦੂ ਦੇ ਸਮਾਨ ਹਨ ਭਾਵ ਮਦਾਰੀ ਦੀ ਖੇਡ ਵਾਂਗ ਲੋਕਾਂ ਦੇ ਮਨ ਲੁਭਾਉਣ ਦਾ ਸਾਧਨ ਹਨ। ਜਾਂ ਇਹ ਜੀਵ ਚੇਟਕੀ ਹੋ ਕੇ ਕਈ ਤਰ੍ਹਾਂ ਦੇ ਜਾਦੂ-ਟੂਣੇ ਕਰਦਾ ਹੈ।

**ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ**
**ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥ ੫ ॥**

ਰਿੱਧੀਆਂ, ਸਿੱਧੀਆਂ ਕਰਕੇ ਮਨ ਵਿਚ ਤ੍ਰਿਪਤੀ, ਸੰਤੋਖ ਅਤੇ ਸ਼ਾਂਤੀ ਨਹੀਂ ਆਉਂਦੀ। ਜਾਂ ਤ੍ਰਿਪਤ ਕਰਨ ਵਾਲਾ ਜੋ ਸੰਤੋਖ ਹੈ, ਨਾ ਉਹ ਆ ਕੇ ਪ੍ਰਾਪਤ ਹੁੰਦਾ ਹੈ, ਨਾ ਹੀ ਮਨ ਵਿਚ ਸ਼ਾਂਤੀ ਆਉਂਦੀ ਹੈ। ਜਿਸ ਨੇ ਸੰਤਾਂ ਨਾਲ ਮਿਲ ਕੇ ਹਰੀ ਨਾਮ ਰੂਪ ਸਿੱਧੀ ਪਾਈ ਹੈ, ਉਸ ਨੂੰ ਤ੍ਰਿਪਤੀ ਹੋਈ ਹੈ॥ ੫ ॥

**ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥**

ਅੰਡਜ, ਜੇਰਜ, ਸੇਤਜ, ਉਤਭੁਜ (ਰੂਪ ਚਾਰ ਖਾਣੀਆਂ) ਜਿੰਨੇ ਕੁ ਵਰਨ, ਰੂਪ ਤੇ ਸੂਖਮ ਸਥੂਲ ਜੀਅ ਜੰਤ ਪ੍ਰਭੂ ਨੇ ਪੈਦਾ ਕੀਤੇ ਹਨ, (ਇਹਨਾਂ ਸਾਰਿਆਂ ਵਿੱਚੋਂ):-

**ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥ ੬ ॥**

ਜੋ ਸੰਤਾਂ ਦੀ ਸ਼ਰਨੀਂ ਪਿਆ ਹੈ ਉਹ ਤਰ ਗਿਆ ਹੈ, ਚਾਹੇ ਖੱਤਰੀ ਹੈ, ਚਾਹੇ ਬ੍ਰਾਹਮਣ ਹੈ, ਚਾਹੇ ਸ਼ੂਦਰ

ਹੈ, ਚਾਹੇ ਵੈਸ਼ ਹੈ, ਚਾਹੇ ਚੰਡਾਲਾਂ ਦੇ ਭੀ ਚੰਡਣੇ ਵਾਲਾ ਹੈ। ਜਾਂ ਚੰਡਾਲਾਂ ਦਾ ਭੀ ਵੱਡਾ ਚੰਡਾਲ ਹੈ, ਇਹਨਾਂ ਵਿੱਚੋਂ ਭੀ ਜੋ ਸੰਤਾਂ ਦੀ ਸ਼ਰਨ ਵਿਚ ਪਿਆ ਹੈ, ਉਹ ਤਰ ਗਿਆ ਹੈ॥ ੬॥

## ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ
## ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥

ਨਾਮਦੇਵ (ਛੀਂਬਾ), ਜੈ ਦੇਵ (ਬ੍ਰਾਹਮਣ), ਕਬੀਰ (ਜੁਲਾਹਾ), ਤ੍ਰਿਲੋਚਨ (ਬਾਣੀਆਂ) ਅਉ ਜਾਤਿ=ਮਹਾਂ ਨੀਚ ਜ਼ਾਤੀ ਵਾਲਾ ਰਵਿਦਾਸ ਜੋ ਚਮਿਆਰਾਂ ਦਾ ਭੀ ਚਮਿਆਰ ਹੈ।

*ਅਥਵਾ:*-ਜੋ ਚੰਮ ਦੀ ਕਾਰ ਕਰਨ ਵਾਲਾ ਚਮਿਅਰ ਸੀ। ਜਾਂ ਰਵਿਦਾਸ ਜੋ ਚਮਿਆਰ ਹੈ, ਜਿਸ ਦੇ ਹੱਥ ਚੰਮ ਨਾਲ ਚਮਈਆ=ਚਮੜੇ ਰਹਿੰਦੇ ਸਨ।

## ਜੋ ਜੋ ਮਿਲੈ ਸਾਧੂ ਜਨ ਸੰਗਤਿ
## ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥ ੭॥

ਧੰਨਾ ਜੱਟ (ਜ਼ਾਤੀ ਦਾ ਸੀ), ਸੈਣ (ਨਾਈ ਸੀ), ਜੋ ਜੋ ਭੀ ਸਾਧੂ ਜਨਾਂ ਦੀ ਸੰਗਤ ਵਿਚ ਮਿਲਿਆ ਹੈ, ਉਹ ਧਨੁ=ਧੰਨਤਾ ਜੋਗ ਹੋਇਆ ਹੈ ਅਤੇ ਉਨ੍ਹਾਂ ਨੂੰ ਦਈਆ=ਪ੍ਰੇਰਕ ਹਰੀ ਮਿਲਿਆ ਹੈ॥ ੭॥

## ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥

ਹਰੀ ਨੇ ਸੰਤ ਜਨਾਂ ਦੀ ਪੈਜ ਰੱਖ ਲਈ ਹੈ, ਕਿਉਂਕਿ ਉਸ ਦਾ ਨਾਮ ਭਗਤ ਵੱਛਲ ਹੈ, ਇਸ ਲਈ ਉਸ ਨੇ ਭਗਤਾਂ ਦਾ ਅੰਗੀਕਾਰੁ=ਪੱਖ ਕੀਤਾ ਹੈ।

## ਨਾਨਕ ਸਰਣਿ ਪਰੇ ਜਗਜੀਵਨ
## ਹਰਿ ਹਰਿ ਕਿਰਪਾ ਧਾਰਿ ਰਖਈਆ॥ ੮॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਜਗਜੀਵਨ ਪਰਮਾਤਮਾ ਦੀ ਸ਼ਰਨੀਂ ਪਏ ਹਨ, ਉਹਨਾਂ ਨੂੰ ਹਰਿ ਹਰਿ ਨੇ ਕਿਰਪਾ ਧਾਰ ਕੇ ਦੁੱਖਾ ਤੋਂ ਰੱਖ ਲਿਆ ਹੈ॥ ੮॥ ੪॥

## ਬਿਲਾਵਲੁ ਮਹਲਾ ੪॥

## ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥

ਜਦ ਗੁਰਾਂ ਦੇ ਸ਼ਬਦ ਸੁਣਨੇ ਰੂਪ ਤੀਰ ਮਨ ਵਿਚ ਲੱਗਿਆ, ਜਾਂ ਗੁਰਾਂ ਦੇ ਬਚਨ=ਉਪਦੇਸ਼ ਨੂੰ ਸੁਣਿਆ ਤੇ ਮਨ ਵਿਚ ਪ੍ਰੇਮ ਰੂਪੀ ਤੀਰ ਲੱਗਾ ਤਾਂ ਅੰਤਰਿ=ਅੰਤਹਕਰਨ ਵਿਚ ਪ੍ਰਭੂ ਦੀ ਪ੍ਰਾਪਤੀ ਦੀ ਪਿਆਸ ਉੱਠੀ।

[ਪੰਨਾ ੮੩੬]

## ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥ ੧॥

ਮਨ ਦੀ ਬਿਰਥਾ=ਪੀੜਾ ਨੂੰ ਮਨ ਹੀ ਜਾਣਦਾ ਹੈ,
ਅਵਰੁ ਕੋ=ਹੋਰ ਕੋਈ ਪਰਈਆ=ਪਰਾਈ ਪੀੜਾ ਨੂੰ ਕਿ=ਕੀ ਜਾਣਦਾ ਹੈ॥ ੧॥

## ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥

ਰਾਮ=ਹੇ ਭਾਈ! ਰਾਮ ਮੋਹਨ ਦੇ ਸਰੂਪ ਗੁਰਾਂ ਨੇ ਮੇਰੇ ਮਨ ਨੂੰ ਮੋਹ ਲਿਆ ਹੈ।

## ਹਉ ਆਕਲ ਬਿਕਲ ਭਈ ਗੁਰ ਦੇਖੇ
## ਹਉ ਲੋਟ ਪੋਟ ਹੋਇ ਪਈਆ ॥ ੧ ॥ ਰਹਾਉ ॥

ਹਉ ਆਕਲ=ਮੈਂ ਬੜੀ ਅਕਲ ਵਾਲੀ ਸਾਂ, ਪਰ ਗੁਰੂ ਨੂੰ ਦੇਖਦਿਆਂ ਬਿਕਲ ਭਈ=ਬੇ-ਸੁੱਧ ਹੋ ਗਈ ਹਾਂ, ਜਾਂ ਗੁਰੂ ਨੂੰ ਦੇਖਦਿਆਂ ਸਾਰ ਮੈਂ ਸੰਸਾਰਕ ਅਕਲ ਤੋਂ ਬਿਕਲ=ਵਿਆਕੁਲ ਹੋ ਗਈ ਹਾਂ।

ਯਥਾ:-"ਦਰਸਨ ਦੇਖਤ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।"

*(ਭਾ: ਗੁਰਦਾਸ ਜੀ, ਕਬਿਤ ੧)*

ਹਉ=ਮੈਂ ਲੋਟ ਪੋਟ ਹੋ ਕੇ ਗੁਰ-ਚਰਨਾਂ ਪਰ ਢਹਿ ਪਈ ਹਾਂ॥ ੧ ॥ ਰਹਾਉ ॥

## ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ
## ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥

ਹਉ=ਮੈਂ ਸਾਰਿਆਂ ਦੇਸਾਂ ਦੇਸਾਂਤਰਾਂ ਨੂੰ ਵੇਖਦੀ ਫਿਰਦੀ ਹਾਂ, ਕਿਉਂਕਿ ਮੈਨੂੰ ਪ੍ਰਭੂ ਦੇ ਵੇਖਣ ਦਾ ਬਹੁਤ ਹੀ ਮਨ ਵਿਚ ਚਾਅ ਹੈ।

## ਮਨੁ ਤਨੁ ਕਾਟਿ ਦੇਉ ਗੁਰ ਆਗੈ
## ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥ ੨ ॥

ਜਿਨ੍ਹਾਂ ਗੁਰਾਂ ਨੇ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ ਪੰਥੁ-ਖੁਲ੍ਹਾ ਰਸਤਾ ਵਿਖਾਇਆ ਹੈ। ਜਾਂ ਪੰਥਾਂ ਵਿੱਚੋਂ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ=ਰਾਹ ਵਿਖਾਇਆ ਹੈ। ਜਾਂ ਪੰਥਾਂ ਦੇ ਅਭਿਮਾਨ ਨੂੰ ਗੁਆ ਕੇ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗ ਵਿਖਾਇਆ ਹੈ, ਉਹਨਾਂ ਗੁਰਾਂ ਅੱਗੇ ਮਨ ਤਨ ਕੱਟ ਕੇ ਭੇਟਾ ਰੱਖਦਾ ਹਾਂ। ਭਾਵ-ਮਨ, ਤਨ ਦਾ ਹੰਕਾਰ ਤਿਆਗ ਕੇ ਸੇਵਾ ਕਰਦਾ ਹਾਂ॥ ੨ ॥

## ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ
## ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥

੧. ਐਸਾ ਕੋਈ ਹੈ ਜਿਹੜਾ ਆ ਕੇ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸ਼ਾ ਦੇਣਾ ਕਰੇ, ਕਿਉਂਕਿ ਤਨ ਅੰਦਰ ਜੋ ਮਨ ਹੈ, ਉਸ ਮਨ ਦੇ ਰਿਦ=ਵਿਚ ਹਰੀ ਮਿੱਠਾ ਲੱਗ ਰਿਹਾ ਹੈ।

੨. ਜਿਹੜਾ ਕੋਈ ਆ ਕੇ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸ਼ਾ ਦੇਂਦਾ ਹੈ, ਉਹ ਮੇਰੇ ਹਿਰਦੇ ਅੰਦਰ ਮਨ ਤਨ ਨਾਲੋਂ ਮੀਠ=ਪਿਆਰਾ ਲੱਗਦਾ ਹੈ।

## ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥ ੩ ॥

ਮੈਂ ਆਪਣਾ ਮਸਤਕੁ=ਸਿਰ ਕੱਟ ਕੇ ਉਸ ਦੇ ਚਰਨਾਂ ਦੇ ਤਲਿ=ਹੇਠਾਂ ਰੱਖ ਦਿਆਂਗਾ ਜੋ ਹਰੀ ਪ੍ਰਭੂ ਦੇ ਮੇਲ ਵਿਚ ਆਪ ਮਿਲੀ ਹੋਵੇ ਤੇ ਮੈਨੂੰ ਮੇਲਣਾ ਕਰੇ। ਜਾਂ ਜੋ ਹਰੀ ਪ੍ਰਭੂ ਦੇ ਮੇਲੇ=ਸਤਿਸੰਗ ਵਿਚ ਮਿਲਾ ਕੇ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ॥ ੩ ॥

## ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥

ਹੇ ਸਖੀ! ਤੂੰ ਭੀ ਚੱਲ, ਇਧਰੋਂ ਮੈਂ ਭੀ ਚਲਦੀ ਹਾਂ, ਅਸੀਂ ਪ੍ਰਭੂ ਦੇ ਪਰਬੋਧਹ=ਗਿਆਨ ਨੂੰ ਲਈਏ, ਸ਼ੁਭ-

ਗੁਣਾਂ ਦੇ ਧਾਰਨ ਰੂਪ ਕਾਮਣ=ਟੂਣਾ (ਜਾਦੂ) ਕਰਕੇ,

ਵਾ:-ਮਣਕਾ ਕਰਕੇ ਹਰੀ ਪ੍ਰਭੂ ਨੂੰ ਵੱਸ ਵਿਚ ਕਰ ਲਈਏ ।

**ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥ ੪ ॥**

ਉਸ ਦਾ ਨਾਮ ਭਗਤਾਂ ਦਾ ਪਿਆਰਾ ਕਹੀਦਾ ਹੈ,

ਏਸੇ ਕਰਕੇ ਉਸ ਪ੍ਰਭੂ ਦੀ ਸ਼ਰਨ ਪਿੱਛੇ ਪੈਣਾ ਕਰੀਏ॥ ੪ ॥

**ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥**

ਪ੍ਰਭੂ ਦੀ ਖ਼ੁਸ਼ੀ ਵਾਸਤੇ ਖਿਮਾ ਰੂਪ ਸ਼ਿੰਗਾਰ ਨੂੰ ਕਰੇ,

*ਯਥਾ:-* "ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧ ॥" *(ਮ: ੫, ਪੰਨਾ ੩੫੯)*

ਅਤੇ ਮਨ ਰੂਪ ਮੰਦਰ ਵਿਚ ਗੁਰਾਂ ਦੁਆਰੇ ਗਿਆਨ ਰੂਪ ਦੀਵੇ ਨੂੰ ਬਾਲੇ॥

**ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫ ॥**

ਜੋ ਮੇਰਾ ਪ੍ਰਭੂ ਰਸਿ ਰਸਿ=ਤਦਾਕਾਰ ਹੋ ਹੋ ਕੇ ਜੀਵਾਂ ਵਿਚ ਰਸਾਂ ਨੂੰ ਭੋਗਣਾ ਕਰਦਾ ਹੈ, ਮੈਂ ਉਸ ਦੇ ਅੱਗੇ ਆਪਣਾ ਜੀਅ ਕੱਟ ਕੱਟ ਕੇ ਪਾਉਂਦੀ ਹਾਂ॥ ੫ ॥

**ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥**

ਹਰਿ ਹਰਿ ਨਾਮਾਂ ਦੇ ਉਚਾਰਨ ਕਰਨੇ ਰੂਪੀ ਹਾਰ ਗਲ ਵਿਚ ਬਣਿਆ ਹੈ ਅਤੇ ਮਨ ਨੂੰ ਮੋਤੀ ਵਾਂਗ ਸ਼ੁੱਧ ਕਰਨਾ ਏਹੋ ਗਹਿਣਿਆਂ ਵਿੱਚੋਂ ਮੋਤੀਚੂਰ ਗਹਿਣਾ ਬਣਿਆ ਹੈ।

**ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬ ॥**

ਹਰਿ ਹਰਿ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ, ਕਿਉਂਕਿ ਉਸ ਪ੍ਰਭੂ ਨੂੰ ਮੈਂ ਛੱਡ ਨਹੀਂ ਸਕਦੀ, ਉਹ ਮੇਰੇ ਮਨ ਵਿਚ ਬਹੁਤ ਹੀ ਭਾਅ ਗਿਆ ਹੈ।

*ਅਥਵਾ:-*ਜੋ ਹਰ ਤਰ੍ਹਾਂ ਨਾਲ ਸ਼ਰਧਾ ਧਾਰੀ ਹੈ ਏਹੋ ਹਰੀ ਲਈ ਸੇਜਾ ਵਿਛਾਈ ਹੈ, ਕਿਉਂਕਿ ਉਸ ਦੇ ਮਨ ਵਿਚ ਇਹ ਸ਼ਰਧਾ ਰੂਪ ਸੇਜਾ ਬਹੁਤ ਹੀ ਭਾਉਂਦੀ ਹੈ, ਇਸ ਸੇਜਾ ਨੂੰ ਉਹ ਪ੍ਰਭੂ ਛੱਡ ਨਹੀਂ ਸਕਦਾ॥ ੬ ॥

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**

ਪ੍ਰਭੂ ਕੁਝ ਹੋਰ ਕਹੇ ਤੇ ਜਗਿਆਸੂ ਕੁਝ ਹੋਰ ਕਰੇ, ਉਸ ਦਾ ਕਰਮਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਸਾਰਾ ਬਾਦਿ=ਵਿਅਰਥ ਹੈ ਤੇ ਫੋਕਟ ਫੋਕਟੀਆ=ਨਿਸਫਲ ਤੋਂ ਨਿਸਫਲ ਹੈ।

ਵਾ:-ਆਪ ਭੀ ਨਿਸਫਲ ਹੈ, ਕਰਮ ਭੀ ਨਿਸਫਲ ਹਨ।

**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭ ॥**

੧. ਪ੍ਰਭੂ ਨੂੰ ਮਿਲਣ ਵਾਸਤੇ ਸ਼ਿੰਗਾਰ ਕੀਤੇ ਸਨ, ਪਰ ਸੁਹਾਗਣਾਂ ਨੇ ਪ੍ਰਭੂ ਨੂੰ ਲੈ ਲੀਤਾ ਹੈ ਤੇ ਇਸ ਦੇ ਮੂੰਹ ਪਰ ਲਾਹਨਤਾਂ ਰੂਪ ਥੁੱਕਾਂ ਪੈਂਦੀਆਂ ਹਨ।

੨. ਜਿਨ੍ਹਾਂ ਸੁਹਾਗਣਾਂ ਨੇ ਪ੍ਰਭੂ ਦੇ ਮਿਲਣ ਵਾਸਤੇ ਸੱਚੇ ਸਾਧਨਾਂ ਰੂਪ ਸ਼ਿੰਗਾਰ ਕੀਤਾ ਹੈ, ਉਨਾਂ ਨੇ ਪਤੀ

ਦਾ ਅਨੰਦ ਲਿਆ ਹੈ ਤੇ ਦੁਹਾਗਣਾ ਦੇ ਮੂੰਹ ਪਰ ਲਾਹਨਤਾਂ ਰੂਪ ਥੁੱਕਾਂ ਪਈਆਂ ਹਨ॥ ੭॥

## ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ॥

ਹੇ ਗੁਸਾਈਂ=ਮਾਲਕ ਪ੍ਰਭੂ ! ਤੂੰ ਅਗਮ ਹੈਂ, ਮੈਂ ਚੇਰੀ=ਦਾਸੀ ਤੇਰੇ ਵੱਸ ਵਿਚ ਪਈ ਹੋਈ ਹਾਂ, ਤੇਰੀ ਕਿਰਪਾ ਤੋਂ ਬਿਨਾਂ ਕਿਆ ਹਮ ਕਰਹ=ਮੈਂ ਕੀ ਕਰ ਸਕਦੀ ਹਾਂ।

## ਦਇਆ ਦੀਨ ਕਰਹੁ ਰਖਿ ਲੇਵਹੁ
## ਨਾਨਕ ਹਰਿ ਗੁਰ ਸਰਣਿ ਸਮਈਆ॥ ੮॥ ੫॥ ੮॥

ਗੁਰੂ ਜੀ ਕਥਨ ਕਰਦੇ ਹਨ-ਦਇਆ ਦ੍ਰਿਸ਼ਟੀ ਕਰਕੇ ਮੈਂ ਦੀਨ ਨੂੰ ਰੱਖ ਲੈਣਾ ਕਰੋ,
ਮੈਂ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਸਮਾਈ ਹਾਂ॥ ੮॥ ੫॥

## ਬਿਲਾਵਲੁ ਮਹਲਾ ੪॥

## ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ
## ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥

ਮੇਰੇ ਮਨ ਵਿਚ ਤੇ ਤਨ ਵਿਚ ਅਗੰਮ ਠਾਕੁਰ ਦਾ ਪ੍ਰੇਮ ਲਗ ਰਿਹਾ ਹੈ ਅਤੇ ਖਿਨ-ਖਿਨ ਸਮੇਂ ਵਿਚ ਮਨ ਦੇ ਅੰਦਰ ਬਹੁਤ ਹੀ ਸ਼ਰਧਾ ਉੱਠ ਰਹੀ ਹੈ।

## ਗੁਰ ਦੇਖੇ ਸਰਧਾ ਮਨ ਪੂਰੀ
## ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥ ੧॥

ਗੁਰੂ ਜੀ ਦਾ ਦਰਸ਼ਨ ਵੇਖਦਿਆਂ ਹੀ ਮਨ ਦੀ ਸ਼ਰਧਾ ਪੂਰੀ ਹੁੰਦੀ ਹੈ, ਜਿਵੇਂ-ਪਪੀਹਾ ਸ੍ਵਾਂਤੀ ਬੂੰਦ ਲਈ ਪਿਰੀ-ਪਿਰੀ ਉਚਾਰਦਾ ਹੈ, ਜਿਸ ਵੇਲੇ ਮੂੰਹ ਵਿਚ ਸ੍ਵਾਂਤੀ ਬੂੰਦ ਪੈਂਦੀ ਹੈ ਤਾਂ ਚੁਪ ਕਰ ਜਾਂਦਾ ਹੈ।

ਤਿਵੇਂ-ਜਗਿਆਸੂ ਰੂਪ ਪਪੀਹਾ ਓਨਾ ਚਿਰ ਪਿਰੀ-ਪਿਰੀ ਉਚਾਰਦਾ ਹੈ ਜਿੰਨਾ ਚਿਰ ਸ੍ਵਾਂਤੀ ਬੂੰਦ ਨਹੀਂ ਮਿਲਦੀ, ਜਿਸ ਵੇਲੇ ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਮਿਲਦੀ ਹੈ ਤਾਂ ਚੁਪ ਕਰ ਜਾਂਦਾ ਹੈ।

## ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ॥

ਸੰਤਾਂ ਰੂਪ ਸਖੀਆਂ ਨਾਲ ਮਿਲ ਮਿਲ ਕੇ ਮੈਂ ਹਰੀ ਦੀ ਕਥਾ ਸੁਣਦੀ ਹਾਂ ਤੇ ਤੂੰ ਕਥਾ ਨੂੰ ਸੁਣਨਾ ਕਰ।

## ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
## ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥ ੧॥ ਰਹਾਉ॥

ਜੋ ਸਤਿਗੁਰੂ ਦਇਆ-ਦ੍ਰਿਸ਼ਟੀ ਕਰਕੇ ਪ੍ਰਭੂ ਨਾਲ ਮੇਲਦਾ ਹੈ,
ਮੈਂ ਸਿਰ ਨੂੰ ਕੱਟ ਕੱਟ ਕੇ ਉਸ ਦੇ ਅੱਗੇ ਪਾਉਂਦੀ ਹਾਂ॥ ੧॥ ਰਹਾਉ॥

## ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥

ਮੇਰੇ ਮਨ ਤਨ ਵਿਚ ਅਤੇ ਰੋਮਿ ਰੋਮਿ=ਲੂੰ ਲੂੰ ਵਿਚ ਇਕ ਵਿਛੋੜੇ ਦੀ ਬੇਦਨ=ਪੀੜ ਹੈ, ਪ੍ਰਭੂ ਨੂੰ ਵੇਖੇ ਤੋਂ ਬਿਨਾਂ ਮੈਨੂੰ ਪ੍ਰਤੱਖ ਨੀਂਦ, ਵਾ:-ਸ਼ਾਂਤੀ ਰੂਪ ਨੀਂਦ ਨਹੀਂ ਪੈਂਦੀ ।

## ਬੈਦਕ ਨਾਟਿਕ ਦੇਖਿ ਭੁਲਾਨੇ
## ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥ ੨॥

ਬੈਦਕ=ਵੈਦ ਲੋਕ ਹੱਥ ਦੀਆਂ ਨਾਟਿਕ=ਨਾੜੀਆਂ ਨੂੰ ਵੇਖਦੇ ਹੋਏ ਪਰਮੇਸ਼ਰ ਵਲੋਂ ਭੁੱਲ ਗਏ ਹਨ, ਪਰ ਮੇਰੇ ਰੋਗ ਦੀ ਪਛਾਣ ਨਹੀਂ ਕਰ ਸਕਦੇ, ਕਿਉਂਕਿ ਮੇਰੇ ਹਿਰਦੇ ਵਿਚ ਮਨੋਂ ਤਨੋਂ ਪ੍ਰੇਮ ਦੀ ਪੀੜਾ ਲਗ ਰਹੀ ਹੈ।

*ਅਥਵਾ:*-ਮੇਰੇ ਮਨ ਦੇ ਹਿਰਦੈ=ਵਿਚ ਪ੍ਰੇਮ ਦੀ ਪੀੜਾ ਅਤੇ ਤਨ ਵਿਚ ਵਿਛੋੜੇ ਦੀ ਪੀੜਾ ਲਗ ਰਹੀ ਹੈ॥ ੨॥

## ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
## ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥

ਮੈਂ ਉਸ ਪ੍ਰੀਤਮ ਨੂੰ ਵੇਖੇ ਤੋਂ ਬਿਨਾਂ ਪਲ ਦਾ ਖਿਨ ਭਰ ਵੀ ਜੀਉਂਦੀ ਨਹੀਂ ਰਹਿ ਸਕਦੀ, ਜਿਵੇਂ ਅਮਲ ਦੇ ਮਿਲੇ ਤੋਂ ਬਿਨਾਂ ਅਮਲੀ ਪੁਰਸ਼ ਮਰ ਜਾਂਦਾ ਹੈ।

## ਜਿਨ ਕਉ ਪਿਆਸ ਹੋਇ ਪ੍ਰਭ ਕੇਰੀ
## ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥ ੩॥

ਜਿਸ ਨੂੰ ਪ੍ਰਭੂ ਦੇ ਮਿਲਣ ਦੀ ਪਿਆਸ=ਤ੍ਰੇਹ (ਸਿੱਕ) ਹੁੰਦੀ, ਉਸ ਨੂੰ ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਭਾਉਂਦਾ ਨਹੀ ਹੈ॥ ੩॥

## ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ
## ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ॥

ਕੋਈ ਆ ਕੇ ਕੋਈ ਆ ਕੇ; ਮੇਰਾ ਪ੍ਰਭੂ ਮੈਨੂੰ ਮਿਲਾ ਦੇਵੇ, ਜਾਂ ਐਸਾ ਕੋਈ ਹੈ ਜਿਹੜਾ ਕੋਈ ਮੈਨੂੰ ਆਨਿ=ਦ੍ਵੈਤ ਵਲੋਂ ਆਨਿ=ਲਿਆ ਕੇ ਭਾਵ ਹਟਾ ਕੇ ਮੇਰਾ ਪ੍ਰਭੂ ਮੈਨੂੰ ਮਿਲਾ ਦੇਵੇ, ਹਉ=ਮੈਂ ਤਿਸਦੇ ਵਿਟਹੁ=ਉਤੋਂ ਮਨ ਕਰਕੇ ਬਲਿਹਾਰ, ਬਾਣੀ ਕਰਕੇ ਬਲਿਹਾਰ, ਤਨ ਕਰਕੇ ਘੁਮਿ ਗਈਆ=ਬਲਿਹਾਰ ਜਾਂਦੀ ਹਾਂ।

[ਪੰਨਾ ੮੩੭]

## ਅਨੇਕ ਜਨਮ ਕੇ ਵਿਛੁੜੇ ਜਨ ਮੇਲੇ
## ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ॥ ੪॥

ਜਾਂ ਸਤਿ=ਨਿਸਚੇ ਕਰਕੇ ਸਤਿ=ਸਤਿਨਾਮ ਦੇ ਦਾਤੇ, ਸਤ ਸਰੂਪ ਸਤਿਗੁਰਾਂ ਦੀ ਸ਼ਰਨ ਵਿਚ ਪੈ ਜਾਏ ਤਾਂ ਉਨ੍ਹਾਂ ਨੇ ਅਨੇਕ ਜਨਮਾਂ ਦੇ ਵਿਛੁੜੇ ਹੋਏ ਪੁਰਸ਼, ਪਰਮੇਸ਼ਰ ਨਾਲ ਮੇਲ ਦਿੱਤੇ॥ ੪॥

## ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ॥

ਇਕ ਅੰਤਹਕਰਨ ਰੂਪ ਸੇਜਾ ਹੈ, ਉਸ ਉਤੇ ਇਕੋ ਪ੍ਰਭੂ ਸੁਆਮੀ ਵੱਸਦਾ ਹੈ, ਪਰ ਮਨਮੁਖ ਇਸਤ੍ਰੀ ਭਰਮਾਂ ਵਿਚ ਭਰਮਦੀ ਹੋਈ ਉਸ ਦੇ ਮਹਲੁ=ਸਰੂਪ ਨੂੰ ਨਹੀਂ ਪਾਉਂਦੀ।

**ਗੁਰੁ ਗੁਰੁ ਕਰਤ ਸਰਣਿ ਜੇ ਆਵੈ**
**ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥ ੫ ॥**

ਧੰਨ ਗੁਰੂ ਧੰਨ ਗੁਰੂ ਕਰਦਿਆਂ ਜੇ ਗੁਰੂ ਦੀ ਸ਼ਰਨੀ ਆ ਪਵੇ, ਜਾਂ ਜੇ ਗੁਰੂ ਦੀ ਸ਼ਰਨੀ ਆਵੇ ਤੇ ਵਾਹਿਗੁਰੂ ਵਾਹਿਗੁਰੂ ਕਰਦਾ ਰਹੇ, ਤਾਂ ਪ੍ਰਭੂ ਛੇਤੀ ਆ ਮਿਲਦਾ ਹੈ, ਖਿਨ ਮਾਤ੍ਰ ਵੀ ਢੀਲ ਨ ਪਈਆ=ਦੇਰ ਨਹੀਂ ਪੈਂਦੀ ॥ ੫ ॥

**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥**

ਕਈ ਤਰ੍ਹਾਂ ਦੀ ਕਿਰਿਆ ਕਰ ਕਰਕੇ ਇਸ ਨੇ ਚਾਰ=ਕਰਤੱਬ ਵਧਾ ਲੀਤੇ ਹਨ ਅਤੇ ਕਪਟ ਵਿਚ ਲੁਭਾਇਮਾਨ ਹੋ ਕੇ ਇਹ ਮਨ ਪਖੰਡ ਵਾਲੇ ਕਰਮ ਕਰਦਾ ਹੈ।

**ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥ ੬ ॥**

ਜਿਵੇਂ-ਵੇਸ਼ਵਾ ਦੇ ਘਰ ਵਿਚ ਪੁੱਤਰ ਜੰਮਿਆ ਹੈ ਤਾਂ ਉਸ ਦੇ ਪਿਤਾ ਦਾ ਕੀ ਨਾਮ ਸੱਦਿਆ ਜਾਏਗਾ ?

ਇਸੇ ਤਰ੍ਹਾਂ-ਪਖੰਡੀ ਤੇ ਕਪਟੀ ਨੇ ਗੁਰੂ ਧਾਰਨ ਨਹੀਂ ਕੀਤਾ ਅਤੇ ਪਰਮੇਸ਼ਰ ਵਿਚ ਆਸਤਕ ਭਾਵਨਾ ਵੀ ਧਾਰਨ ਨਹੀਂ ਕੀਤੀ ਤਾਂ ਉਸ ਨੇ ਗੁਰੂ ਦਾ ਨਾਮ ਕੀ ਰੋਸ਼ਨ ਕਰਨਾ ਹੈ ? ॥ ੬ ॥

**ਪੂਰਬ ਜਨਮਿ ਭਗਤਿ ਕਰਿ ਆਏ**
**ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥**

ਜੋ ਪੂਰਬ ਜਨਮਿ=ਪਿਛਲੇ ਜਨਮ ਵਿਚ ਭਗਤੀ ਕਰਕੇ ਹੁਣ ਮਨੁੱਖ ਜਨਮ ਵਿਚ ਆਏ ਹਨ, ਗੁਰਾਂ ਨੇ ਕਿਰਪਾ ਕਰਕੇ ਜੋ ਹਰੀ ਕਰਕੇ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਉਸ ਹਰੀ ਦੀ ਭਗਤੀ ਉਨ੍ਹਾਂ ਦੇ ਅੰਦਰ ਜਮਾਈ ਹੈ।

**ਭਗਤਿ ਭਗਤਿ ਕਰਤੇ ਹਰਿ ਪਾਇਆ**
**ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥ ੭ ॥**

ਭਗਤੀ ਹੀ ਭਗਤੀ ਕਰਦਿਆਂ, ਵਾ:-ਭਗਤਾਂ ਨੇ ਭਗਤੀ ਕਰਦਿਆਂ-ਕਰਦਿਆਂ ਹਰੀ ਨੂੰ ਪਾਇਆ ਹੈ, ਜੋ ਹਰੀ ਹਰੇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਜਾਂ ਉਸ ਹਰੀ ਨਾਮ ਵਿਚ ਸਮਾਉਣਾ ਕੀਤਾ ॥ ੭ ॥

**ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ ॥**

ਪ੍ਰਭੂ ਨੇ ਜਿਹੜਾ ਸਾਨੂੰ ਆਣਿ=ਦ੍ਵੈਤ ਵਲੋਂ ਆਣਿ ਲਿਆਂਦਾ, ਭਾਵ ਹਟਾਇਆ ਹੈ ਏਹੋ ਮਹਿੰਦੀ ਪਿਸਾਈ ਹੈ।

ਵਾ:-ਪ੍ਰਭੂ ਨੇ ਜਿਹੜਾ ਸਾਨੂੰ ਆਪਣੀ ਵਲ ਆਣਿ=ਲਿਆਉਣਾ ਕੀਤਾ ਹੈ ਏਹੋ ਮਹਿੰਦੀ ਪਿਸਾਈ ਹੈ, ਆਪ ਹੀ ਉਸ ਮਹਿੰਦੀ ਨੂੰ ਘੋਲ-ਘੋਲ ਕੇ ਅੰਗਾਂ ਪਰ ਲਗਾਉਣਾ ਕੀਤਾ ਹੈ। ਜਿਹੜਾ ਸਾਡੇ ਅੰਦਰੋਂ ਸੂਖਮ ਤੇ ਅਸਥੂਲ ਵਾਸ਼ਨਾ ਦਾ ਅਭਾਵ ਕਰ ਦਿੱਤਾ ਹੈ।

## ਜਿਨ ਕਉ ਠਾਕੁਰਿ ਕਿਰਪਾ ਧਾਰੀ
## ਬਾਹ ਪਕਰਿ ਨਾਨਕ ਕਢਿ ਲਈਆ ॥ ੮ ॥ ੬ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉਤੇ ਠਾਕੁਰ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ, ਉਨ੍ਹਾਂ ਨੂੰ ਬੁੱਧੀ ਰੂਪ ਬਾਂਹ ਤੋਂ ਫੜ ਕੇ ਆਪ ਹੀ ਸੰਸਾਰ-ਸਮੁੰਦਰ ਤੋਂ ਕੱਢ ਲਿਆ ਹੈ॥ ੮॥ ੬॥ ੯॥

ਨੋਟ:-ਇਥੋਂ ਤੱਕ ਸੁਖਮਨੇ ਸਾਹਿਬ ਦੀਆਂ ਛੇ ਅਸਟਪਦੀਆਂ ਸਮਾਪਤ ਹਨ।

## ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨
## ੧ੴ ਸਤਿਗੁਰ ਪ੍ਰਸਾਦਿ॥
## ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ॥

ਮੇਰੇ ਪਾਸੋਂ ਉਪਮਾਂ ਨਹੀਂ ਕਹੀ ਜਾਂਦੀ, ਪ੍ਰਭੂ ਦੀ ਉਪਮਾਂ ਨਹੀਂ ਕਹੀ ਜਾਂਦੀ।

ਜਾਂ ਮੇਰੇ ਪ੍ਰਭੂ ਦੀ ਉਪਮਾਂ ਪਿੱਛੇ ਨਹੀਂ ਕਹੀ ਜਾਂਦੀ ਸੀ, ਹੁਣ ਭੀ ਉਪਮਾਂ ਨਹੀ ਕਹੀ ਜਾਂਦੀ।

## ਤਜਿ ਆਨ ਸਰਣਿ ਗਹੀ॥ ੧ ॥ ਰਹਾਉ ॥

ਆਨ=ਹੋਰਨਾਂ ਦੀ ਆਸ ਛੱਡ ਕੇ, ਮੈਂ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੧॥ ਰਹਾਉ॥

## ਪ੍ਰਭ ਚਰਨ ਕਮਲ ਅਪਾਰ॥ ਹਉ ਜਾਉ ਸਦ ਬਲਿਹਾਰ॥

ਅਪਾਰ ਪ੍ਰਭੂ ਦੇ ਚਰਨ-ਕਮਲਾਂ ਤੋਂ ਹਉ=ਮੈਂ ਸਦਾ ਬਲਿਹਾਰ ਜਾਂਦਾ ਹਾਂ।

## ਮਨਿ ਪ੍ਰੀਤਿ ਲਾਗੀ ਤਾਹਿ॥ ਤਜਿ ਆਨ ਕਤਹਿ ਨ ਜਾਹਿ॥ ੧ ॥

ਮਨ ਵਿਚ ਉਨ੍ਹਾਂ ਦੀ ਪ੍ਰੀਤੀ ਲੱਗੀ ਹੈ। ਉਨ੍ਹਾਂ ਨੂੰ ਤਿਆਗ ਕੇ, ਮਨ ਹੋਰ ਕਿਸੇ ਤਰਫ਼ ਨਹੀਂ ਜਾਂਦਾ ॥ ੧॥

## ਹਰਿ ਨਾਮ ਰਸਨਾ ਕਹਨ॥ ਮਲ ਪਾਪ ਕਲਮਲ ਦਹਨ॥

ਰਸਨਾ ਨਾਲ ਹਰੀ ਨਾਮ ਉਚਾਰਨ ਕਰਕੇ, ਰਾਗ ਦ੍ਵੈਸ਼ ਰੂਪੀ ਮੈਲ, ਪਾਪ ਅਤੇ ਵੱਡੇ ਕਲਮਲ=ਪਾਪ (ਕਿਲਵਿਖ) ਦਹਨ=ਸੜ ਜਾਂਦੇ ਹਨ।

## ਚੜਿ ਨਾਵ ਸੰਤ ਉਧਾਰਿ॥ ਭੈ ਤਰੇ ਸਾਗਰ ਪਾਰਿ॥ ੨ ॥

ਹੇ ਪੁਰਸ਼ਾ! ਸੰਤਾਂ ਰੂਪ ਨਾਵ=ਬੇੜੀ 'ਤੇ ਚੜ੍ਹ ਕੇ ਆਪਣੇ ਆਪ ਨੂੰ ਉਧਾਰਿ=ਤਾਰਨਾ ਕਰ। ਜਿਹੜੇ ਚੜ੍ਹੇ ਹਨ, ਉਹ ਭੈ ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਉਤਰੇ ਹਨ॥ ੨॥

## ਮਨਿ ਡੋਰਿ ਪ੍ਰੇਮ ਪਰੀਤਿ॥ ਇਹ ਸੰਤ ਨਿਰਮਲ ਰੀਤਿ॥

ਮਨ ਦੀ ਪ੍ਰੀਤੀ ਰੂਪੀ ਡੋਰ ਜਿਹੜੀ ਪ੍ਰਭੂ ਦੇ ਪ੍ਰੇਮ ਵਿਚ ਲਗ ਰਹੀ ਹੈ, ਏਹੋ ਸੰਤਾਂ ਦੀ ਨਿਰਮਲ ਰੀਤੀ ਹੈ।

## ਤਜਿ ਗਏ ਪਾਪ ਬਿਕਾਰ॥ ਹਰਿ ਮਿਲੇ ਪ੍ਰਭ ਨਿਰੰਕਾਰ॥ ੩ ॥

ਪਾਪ ਅਤੇ ਵਿਕਾਰ ਜਿਸ ਵੇਲੇ ਤਿਆਗ ਕੇ ਚਲੇ ਗਏ, ਤਿਸ ਵੇਲੇ ਪ੍ਰਭੂ ਨਿਰੰਕਾਰ ਹਰਿ ਜੀ ਮਿਲ ਪਏ॥ ੩॥

**ਪ੍ਰਭ ਪੇਖੀਐ ਬਿਸਮਾਦ॥ ਚਖਿ ਅਨਦ ਪੂਰਨ ਸਾਦ॥**

ਬਿਸਮਾਦ=ਅਸਚਰਜ ਰੂਪ ਪ੍ਰਭੂ ਨੂੰ ਵੇਖਣਾ ਕਰੀਏ। ਜਿਨ੍ਹਾਂ ਨੇ ਨਾਮ ਦੇ ਸੁਆਦ ਨੂੰ ਚਖਿਆ ਹੈ, ਉਨ੍ਹਾਂ ਨੂੰ ਪੂਰਨ ਅਨੰਦ ਹੋਇਆ ਹੈ।

**ਨਹ ਡੋਲੀਐ ਇਤ ਊਤ॥ ਪ੍ਰਭ ਬਸੇ ਹਰਿ ਹਰਿ ਚੀਤ॥ ੪॥**

ਉਨ੍ਹਾਂ ਦਾ ਮਨ ਇਧਰ ਉਧਰ ਡੋਲਦਾ ਨਹੀਂ ਹੈ। ਜਿਨ੍ਹਾਂ ਦੇ ਚਿਤ ਵਿਚ ਹਰਿ ਹਰਿ ਪ੍ਰਭੂ ਜੀ ਵੱਸੇ ਹਨ॥ ੪॥

**ਤਿਨ੍ ਨਾਹਿ ਨਰਕ ਨਿਵਾਸੁ॥ ਨਿਤ ਸਿਮਰਿ ਪ੍ਰਭ ਗੁਣਤਾਸੁ॥**

ਉਨ੍ਹਾਂ ਦਾ ਨਰਕ ਵਿਚ ਵਾਸਾ ਨਹੀਂ ਹੁੰਦਾ, ਜੋ ਨਿਤਾਪ੍ਰਤੀ ਗੁਣਾਂ ਦੇ ਸਮੁੰਦਰ (ਪ੍ਰਭੂ) ਨੂੰ ਸਿਮਰਦੇ ਹਨ।

**ਤੇ ਜਮੁ ਨ ਪੇਖਹਿ ਨੈਨ॥ ਸੁਨਿ ਮੋਹੇ ਅਨਹਤ ਬੈਨ॥ ੫॥**

ਉਹ ਗੁਰਮੁਖ ਜਮ ਨੂੰ ਅੱਖਾਂ ਨਾਲ ਵੇਖਦੇ ਨਹੀ ਹਨ, ਜੋ ਅਨਹਤ=ਇਕ-ਰਸ ਗੁਰਾਂ ਦੇ ਬਚਨ ਸੁਣ ਕੇ ਮੋਹਿਤ ਹੋਏ ਹਨ॥ ੫॥

**ਹਰਿ ਸਰਣਿ ਸੂਰ ਗੁਪਾਲ॥ ਪ੍ਰਭ ਭਗਤ ਵਸਿ ਦਇਆਲ॥**

ਹਰੀ ਗੋਪਾਲ ਸ਼ਰਨ ਆਇਆਂ ਦੀ ਰੱਖਿਆ ਕਰਨੇ ਨੂੰ ਸੂਰਬੀਰ ਹੈ। ਦਿਆਲ ਪ੍ਰਭੂ ਭਗਤੀ ਦੇ, ਜਾਂ ਭਗਤਾਂ ਦੇ ਵਸਿ=ਅਧੀਨ ਹੈ।

**ਹਰਿ ਨਿਗਮ ਲਹਹਿ ਨ ਭੇਵ॥ ਨਿਤ ਕਰਹਿ ਮੁਨਿ ਜਨ ਸੇਵ॥ ੬॥**

ਹਰੀ ਦੇ ਭੇਵ=ਭੇਦ ਨੂੰ ਨਿਗਮ=ਵੇਦ ਭੀ ਨਹੀਂ ਲੈ ਸਕਦੇ। ਮੁਨੀ ਜਨ ਨਿਤ ਹੀ ਉਸ ਦੀ ਸੇਵਾ ਨੂੰ ਕਰਦੇ ਹਨ॥ ੬॥

**ਦੁਖ ਦੀਨ ਦਰਦ ਨਿਵਾਰ॥ ਜਾ ਕੀ ਮਹਾ ਬਿਖੜੀ ਕਾਰ॥**

ਉਹ ਪ੍ਰਭੂ ਦੀਨਾਂ ਦੇ ਦੁੱਖ ਜਨ ਦਰਦ ਨਵਿਰਤ ਕਰਨ ਵਾਲਾ ਹੈ। ਜਿਸ ਪ੍ਰਭੂ ਦੀ ਭਗਤੀ, ਜਾਂ ਸੇਵਾ ਰੂਪੀ ਕਾਰ ਮਹਾ ਬਿਖੜੀ=ਬੜੀ ਕਠਨ ਹੈ।

**ਤਾ ਕੀ ਮਿਤਿ ਨ ਜਾਨੈ ਕੋਇ॥ ਜਲਿ ਥਲਿ ਮਹੀਅਲਿ ਸੋਇ॥ ੭॥**

ਉਸ ਦੀ ਮਰਯਾਦਾ ਨੂੰ ਕੋਈ ਨਹੀਂ ਜਾਣਦਾ। ਉਹ ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ = ਅਕਾਸ਼ ਵਿਚ ਪੂਰਨ ਹੈ॥ ੭॥

**ਕਰਿ ਬੰਦਨਾ ਲਖ ਬਾਰ॥ ਥਕਿ ਪਰਿਓ ਪ੍ਰਭ ਦਰਬਾਰ॥**

ਹੇ ਪ੍ਰਭੂ ! ਲੱਖਾਂ ਵਾਰੀ ਮੈਂ ਆਪ ਜੀ ਨੂੰ ਬੰਦਨਾ=ਨਮਸ਼ਕਾਰ ਕਰਦਾ ਹਾਂ। ਹੇ ਪ੍ਰਭੂ ! ਮੈਂ ਥੱਕ ਕੇ (ਹਾਰ ਕੇ) ਆਪ ਜੀ ਦੇ ਦਰਬਾਰ ਅੱਗੇ ਡਿੱਗ ਪਿਆ ਹਾਂ।

## ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥ ੮ ॥ ੧ ॥

ਹੇ ਪ੍ਰਭੂ ! ਮੈਨੂੰ ਸੰਤਾਂ ਦੀ ਚਰਨ-ਧੂੜੀ ਦੇਣਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਆਪ ਮੇਰੀ ਮਨਸਾ= ਇੱਛਾ ਪੂਰੀ ਕਰੋ॥ ੮॥ ੧॥

## ਬਿਲਾਵਲੁ ਮਹਲਾ ੫ ॥

ਸਿੱਖ ਨੇ ਬੇਨਤੀ ਕੀਤੀ-'ਤਰਨੇ ਦਾ ਸੌਖਾ ਉਪਾਅ ਦੱਸੋ?' ਗੁਰੂ ਜੀ ਨੇ ਕਿਹਾ-ਪ੍ਰਭੂ ਅੱਗੇ ਬੇਨਤੀਆਂ ਕਰ-

## ਪ੍ਰਭ ਜਨਮ ਮਰਣ ਨਿਵਾਰਿ ॥ ਹਾਰਿ ਪਰਿਓ ਦੁਆਰਿ ॥

ਹੇ ਪ੍ਰਭੂ ! ਮੇਰਾ ਜਨਮ ਮਰਨ ਦੂਰ ਕਰ ਦਿਓ । ਮੈਂ ਹਾਰ ਕੇ ਆਪ ਜੀ ਦੇ ਸਤਿਸੰਗ ਦਰਵਾਜ਼ੇ ਪਰ ਪਿਆ ਹਾਂ।

## ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥

ਸਾਧੂਆਂ ਦੇ ਸਤਿਸੰਗ ਵਿਚ ਇਸਥਿਤ ਹੋ ਕੇ ਗੁਰਾਂ ਦੇ ਚਰਨ ਫੜੇ ਹਨ। ਹਰਿ ਹਰਿ ਦਾ ਰੰਗ=ਪ੍ਰੇਮ ਮਨ ਵਿਚ ਮਿਸਟ=ਮਿੱਠਾ ਲੱਗਾ ਹੈ।

[ਪੰਨਾ ੮੩੮]

## ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥

ਦਇਆ ਦ੍ਰਿਸ਼ਟੀ ਕਰਕੇ ਨਾਮ ਰੂਪ ਲੜਿ=ਪੱਲੇ ਨਾਲ ਲਗਾ ਲਓ। ਗੁਰੂ ਜੀ ਕਥਨ ਕਰਦੇ ਹਨ-ਜਿਸ 'ਤੇ ਹੇ ਨਾਨਕਾ=ਪ੍ਰਭੂ ! ਆਪ ਜੀ ਦੇ ਨਾਮ ਨੂੰ ਧਿਆਉਂਦੇ ਰਹੀਏ॥ ੧॥

## ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥

ਹੇ ਦੀਨਾਂ ਦੇ ਨਾਥ ਮੇਰੇ ਸੁਆਮੀ ! ਆਪ ਪਿੱਛੇ ਦਿਆਲੂ ਸੀ, ਹੇ ਦੀਨਾਂ ਦੇ ਨਾਥ ਮੇਰੇ ਸੁਆਮੀ ! ਆਪ ਹੁਣ ਭੀ ਦਿਆਲੂ ਹੋ।

## ਜਾਚਉ ਸੰਤ ਰਵਾਲ ॥ ੧ ॥ ਰਹਾਉ ॥

ਮੈਂ ਆਪ ਜੀ ਪਾਸੋਂ ਸੰਤਾਂ ਦੀ ਚਰਨ-ਧੂੜੀ ਮੰਗਦਾ ਹਾਂ॥ ੧॥ ਰਹਾਉ॥

## ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥

ਇਹ ਸੰਸਾਰ ਵਿਸ਼ਿਆਂ ਦਾ ਕੂਪ=ਖੂਹ ਹੈ। ਅਗਿਆਨ ਰੂਪ ਤਮ=ਹਨੇਰੇ ਕਰਕੇ ਤੇ ਮੋਹਤ=ਮੋਹ ਕਰਕੇ ਘੂਪ=ਗਾੜ੍ਹਾ ਹਨੇਰਾ ਹੋ ਰਿਹਾ ਹੈ।

*ਅਥਵਾ:-* ਤਮ=ਅਤਸੇ ਕਰਕੇ ਅਗਿਆਨ ਰੂਪੀ ਘੂਪ=ਗਾੜ੍ਹੇ ਹਨੇਰੇ ਕਰਕੇ ਮੈਂ ਮੋਹਤ=ਮੂਰਛਾ ਹੋ ਰਿਹਾ ਹਾਂ।

## ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥

ਹੇ ਪ੍ਰਭੂ ਜੀਓ ! ਮੇਰੀ ਬੁੱਧੀ ਰੂਪ ਬਾਂਹ ਫੜ ਲਓ ਅਤੇ ਆਪਣਾ ਹਰੀ ਨਾਮ ਦੇਣਾ ਕਰੋ ।

**ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥ ੨ ॥**

ਹੇ ਪ੍ਰਭੂ ਜੀਉ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਠਾਉ=ਆਸਰਾ ਨਹੀਂ ਹੈ। ਹੇ ਨਾਨਕਾ=ਅਕਾਲ ਪੁਰਖ ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੨ ॥

**ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥**

ਪਦਾਰਥਾਂ ਦੇ ਲੋਭ ਵਿਚ ਤੇ ਸਬੰਧੀਆਂ ਦੇ ਮੋਹ ਵਿਚ ਦੇਹ ਬੱਧੀ ਹੋਈ ਹੈ, ਜੋ ਭਜਨ-ਸਿਮਰਨ ਤੋਂ ਬਿਨਾਂ ਖੇਹ ਹੁੰਦੀ ਜਾਂਦੀ ਹੈ।

**ਜਮਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥**

ਜਮਦੂਤ ਮਹਾ=ਬੜੇ ਭਿਆਨਕ ਹਨ ਅਤੇ ਚਿਤ੍ਰ ਗੁਪਤ ਇਸ ਦੇ ਕਰਮਹਿ=ਕਰਮਾਂ ਨੂੰ ਜਾਣਦੇ ਹਨ।

**ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥ ੩ ॥**

ਦਿਨ ਰਾਤ ਦੇ ਕੀਤੇ ਕਰਮਾਂ ਦੀ ਸਾਖਿ=ਉਗਾਹੀ ਧਰਮਰਾਜਾ ਨੂੰ ਸੁਣਾਉਂਦੇ ਹਨ।

ਇਸ ਲਈ ਹੇ ਨਾਨਕ (ਹਰੀ) ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ ॥ ੩ ॥

**ਭੈ ਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥**

ਹੇ ਡਰ ਦੇ ਨਾਸ ਕਰਨ ਵਾਲੇ ਮੁਰਾਰੀ ! ਦਇਆ ਕਰਕੇ ਮੈਂ ਪਾਪੀ ਨੂੰ ਤਾਰ ਲੈ।

**ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥**

ਮੇਰੇ ਵਿਚ ਇਤਨੇ ਦੋਸ਼ ਹਨ ਜੋ ਗਿਣੇ ਨਹੀਂ ਜਾਂਦੇ । ਹੇ ਹਰੀ ! ਆਪ ਜੀ ਤੋਂ ਬਿਨਾਂ ਮੇਰੀ ਹੋਰ ਕਿਥੇ ਸਮਾਈ ਹੋ ਸਕਦੀ ਹੈ ?

**ਗਹਿ ਓਟ ਚਿਤਵੀ ਨਾਥ ॥ ਨਾਨਕਾ* ਦੇ ਰਖੁ ਹਾਥ ॥ ੪ ॥**

ਹੇ ਨਾਥ ਜੀ ! ਆਪ ਜੀ ਦੀ ਓਟ ਗ੍ਰਹਿਣ ਕਰਨੀ, ਚਿਤਵਨਾ ਕੀਤੀ ਹੈ। ਹੇ ਨਾਨਕਾ=ਅਕਾਲ ਪੁਰਖ ! ਮੈਨੂੰ ਹੱਥ ਦੇ ਕੇ ਰੱਖ ਲੈ ॥ ੪ ॥

**ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥**

ਹੇ ਹਰੀ ਗੋਪਾਲ ! ਆਪ ਸ਼ੁਭ-ਗੁਣਾਂ ਦੇ ਨਿਧੇ=ਸਮੁੰਦਰ ਹੋ । ਹੇ ਹਰੀ ! ਆਪ ਸਾਰਿਆਂ ਘਟਾਂ ਦੀ ਪ੍ਰਤਿਪਾਲਾ ਕਰਨ ਵਾਲੇ ਹੋ।

**ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥**

ਮੇਰੇ ਮਨ ਵਿਚ ਆਪ ਜੀ ਦੀ ਪ੍ਰੀਤੀ ਅਤੇ ਆਪ ਜੀ ਦੇ ਦਰਸ਼ਨ ਦੀ ਪਿਆਸ ਹੈ। ਹੇ ਗੋਬਿੰਦ ! ਆਪ ਮੇਰੀ ਆਸਾ ਪੂਰਨ ਕਰੋ।

**ਇਕ ਨਿਮਖ ਰਹਨੁ ਨ ਜਾਇ ॥ ਵਡ ਭਾਗਿ ਨਾਨਕੁ ਪਾਇ ॥ ੫ ॥**

---

*ਨੋਟ :- ਚਾਰ ਪਉੜੀਆਂ ਤਕ ਨਾਨਕ ਦਾ ਅਰਥ ਪਰਮੇਸ਼ਰ ਹੈ।

ਆਪ ਜੀ ਤੋਂ ਬਿਨਾਂ ਇਕ ਨਿਮਖ ਭਰ ਵੀ ਰਿਹਾ ਨਹੀਂ ਜਾਂਦਾ।

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀਆਂ ਨੇ ਆਪ ਜੀ ਨੂੰ ਪਾਇਆ ਹੈ॥ ੫॥

ਅਗਲੀਆਂ ਪਉੜੀਆਂ ਵਿਚ ਦ੍ਰਿਸ਼ਟਾਂਤਾਂ ਦੁਆਰੇ ਪ੍ਰੀਤੀ ਦਾ ਵਰਣਨ ਕਰਦੇ ਹਨ-

## ਪ੍ਰਭ ਤੁਝ ਬਿਨਾ ਨਹੀ ਹੋਰ॥ ਮਨਿ ਪ੍ਰੀਤਿ ਚੰਦ ਚਕੋਰ॥

ਹੇ ਪ੍ਰਭੂ! ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਪਿਆਰਾ ਨਹੀ ਹੈ। ਜਿਵੇਂ ਚਕੋਰ ਦੇ ਮਨ ਵਿਚ ਚੰਦ੍ਰਮਾ ਦੀ ਪ੍ਰੀਤੀ ਹੁੰਦੀ ਹੈ।

"ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।" *(ਭਾ, ਗੁਰਦਾਸ ਜੀ, ਵਾਰ ੨੭.੪)*

"ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।" *(ਭਾ. ਗੁਰਦਾਸ ਜੀ, ਵਾਰ ੨.੧੭)*

ਤਿਵੇਂ ਮੇਰੇ ਮਨ ਵਿਚ ਆਪ ਜੀ ਦੀ ਪ੍ਰੀਤੀ ਹੈ।

## ਜਿਉ ਮੀਨ ਜਲ ਸਿਉ ਹੇਤੁ॥ ਅਲਿ ਕਮਲ ਭਿੰਨੁ ਨ ਭੇਤੁ॥

ਜਿਵੇਂ ਮੀਨ=ਮੱਛੀ ਦਾ ਜਲ ਨਾਲ ਹੇਤੁ=ਪ੍ਰੇਮ ਹੈ। ਜਿਵੇ ਅਲਿ=ਭੌਰੇ ਦਾ ਕਮਲ-ਫੁੱਲ ਨਾਲੋਂ ਕੋਈ ਭਿੰਨ-ਭੇਤ ਨਹੀਂ ਹੈ।

## ਜਿਉ ਚਕਵੀ ਸੂਰਜ ਆਸ॥ ਨਾਨਕ ਚਰਨ ਪਿਆਸ॥ ੬॥

ਜਿਵੇਂ ਚਕਵੀ ਨੂੰ ਸੂਰਜ ਦੀ ਆਸ ਹੈ।

*ਯਥਾ:-*"ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।" *(ਭਾ. ਗੁਰਦਾਸ ਜੀ, ਵਾਰ ੨੭.੪)*

"ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।" *(ਭਾ. ਗੁਰਦਾਸ ਜੀ, ਵਾਰ ੨.੧੭)*

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ! ਤਿਵੇਂ ਮਨ ਵਿਚ ਆਪ ਜੀ ਦੇ ਚਰਨਾਂ ਦੀ ਭਾਵ ਦਰਸ਼ਨ ਦੀ ਪਿਆਸ ਹੈ॥ ੬॥

## ਜਿਉ ਤਰੁਨਿ ਭਰਤ ਪਰਾਨ॥ ਜਿਉ ਲੋਭੀਐ ਧਨੁ ਦਾਨੁ॥

ਜਿਵੇਂ ਤੁਰਨਿ=ਜੋਬਨ ਅਵਸ਼ਥਾ ਵਾਲੀ (ਪਤੀਬ੍ਰਤ ਧਰਮ ਵਾਲੀ ਇਸਤ੍ਰੀ) ਨੂੰ ਆਪਣਾ ਪਤੀ ਪ੍ਰਾਣ ਰੂਪ ਹੈ। ਜਿਵੇਂ ਲੋਭੀ ਪੁਰਸ਼ ਨੂੰ ਧਨ ਦਾ ਦਾਨ ਦਿੱਤਾ ਜਾਵੇ ਤਾਂ ਉਹ ਅਨੰਦ ਹੁੰਦਾ ਹੈ।

ਜਾਂ ਜਿਵੇਂ ਲੋਭੀ ਪੁਰਸ਼ ਧਨ ਨੂੰ ਹੀ ਪ੍ਰਾਣ ਰੂਪ ਦਾਨੁ=ਜਾਣਦਾ ਹੈ।

## ਜਿਉ ਦੂਧ ਜਲਹਿ ਸੰਜੋਗੁ॥ ਜਿਉ ਮਹਾ ਖੁਧਿਆਰਥ ਭੋਗੁ॥

ਜਿਵੇ ਦੁੱਧ ਦਾ ਪਾਣੀ ਨਾਲ ਤੇ ਪਾਣੀ ਦਾ ਦੁੱਧ ਨਾਲ ਸੰਜੋਗ ਹੁੰਦਾ ਹੈ। ਜਿਵੇਂ ਖੁਧਿਆਰਥ=ਭੁੱਖ ਕਰਕੇ ਵੱਡਾ ਦੁਖੀ ਪੁਰਸ਼ ਭੋਗੁ=ਪਦਾਰਥਾਂ ਦੇ ਖਾਣ ਵਿਚ ਪ੍ਰੀਤੀ ਕਰਦਾ ਹੈ।

## ਜਿਉ ਮਾਤ ਪੂਤਹਿ ਹੇਤੁ॥ ਹਰਿ ਸਿਮਰਿ ਨਾਨਕ ਨੇਤ॥ ੭॥

ਜਿਵੇਂ ਮਾਂ ਦਾ ਪੁੱਤਰ ਨਾਲ ਹੇਤੁ=ਪਿਆਰ ਹੈ। ਗੁਰੂ ਜੀ ਕਥਨ ਕਰਦੇ ਹਨ-ਇਸੇ ਤਰ੍ਹਾਂ ਹੇ ਹਰੀ! ਮੈਂ ਆਪ ਜੀ ਨੂੰ ਨੇਤ=ਨਿਤਾਪ੍ਰਤੀ ਸਿਮਰਦਾ ਹਾਂ॥ ੭॥

## ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥

ਜਿਵੇਂ ਦੀਵੇ ਉਤੇ ਪਤੰਗਾ ਆਸ਼ਕ ਹੋ ਕੇ ਪਤਨ=ਡਿਗਦਾ ਹੈ।

*ਯਥਾ:-* "ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।" *(ਵਾਰ ੨੭.੩)*

ਜਿਵੇਂ ਚੋਰ ਨਿਸ਼ੰਕ ਹੋ ਕੇ ਪਰਾਏ ਧਨ ਨੂੰ ਹਿਰਤ=ਚੁਰਾਉਂਦਾ ਹੈ।

## ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥

੧. ਜਿਵੇਂ ਮੈਗਲਹਿ=ਹਾਥੀ ਕਾਮ ਦੇ ਵਸੀਕਾਰ ਹੋਇਆ ਹੋਇਆ ਬੰਧੁ=ਬੱਝ ਜਾਂਦਾ ਹੈ।

੨. ਹਾਥੀ ਕਾਮ ਵਿਚ ਬੱਧਾ ਹੋਇਆ ਟੋਏ ਵਿਚ ਪੈਂਦਾ ਹੈ।

*ਯਥਾ:-* "ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।" *(ਵਾਰ ੨੭.੩)*

ਜਿਵੇਂ ਗ੍ਰਿਹਸਤੀ ਵਿਸ਼ਿਆਂ ਦੇ ਧੰਦਿਆਂ ਵਿਚ ਫਸਿਆ ਰਹਿੰਦਾ ਹੈ।

## ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥ ੮ ॥

ਜਿਵੇਂ ਜੂਆਰੀਏ ਨੂੰ ਜੂਆ ਬਿਸਨੁ=ਵਿਸਰ ਨਹੀਂ ਜਾਂਦਾ। ਜਾਂ ਜੂਏ ਖੇਡਣ ਦਾ ਬਿਸਨੁ=ਵਿਸ਼ਾ ਨਹੀ ਜਾਂਦਾ। ਇਕ ਜੂਆਰੀਆ ਸੀ ਉਸ ਦੀ ਮਾਂ ਕਈ ਦਿਨ ਬੀਮਾਰ ਹੋ ਕੇ ਮਰ ਗਈ ਪਰ ਉਹ ਜੂਏ ਖੇਡਣ ਤੋਂ ਨਹੀਂ ਹਟਿਆ।

ਗੁਰੂ ਜੀ ਕਹਿੰਦੇ ਹਨ-ਇਸੇ ਤਰ੍ਹਾਂ ਮੈਂ ਇਹ ਮਨ ਹਰੀ ਨਾਮ ਜਪਣ ਵਿਚ ਲਗਾਇਆ ਹੈ॥ ੮ ॥

## ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥

ਜਿਵੇਂ ਕੁਰੰਕ=ਹਰਨ ਦਾ ਘੰਡੇ ਹੇੜੇ ਦੇ ਨਾਦੈ=ਸ਼ਬਦ ਨਾਲ ਨੇਹੁ=ਪ੍ਰੇਮ ਹੈ।

"ਮਿਰਗ ਨਾਦ ਬਿਸਮਾਦੁ ਹੋਇ ਫਿਰਦਾ ਉਜਾੜੀ।" *(ਵਾਰ ੨੭.੩)*

ਜਿਵੇਂ ਚਾਤ੍ਰਿਕ=ਪਪੀਹਾ ਬੱਦਲਾਂ ਦੀ ਵਰਖਾ ਵਿਚ ਸ੍ਵਾਂਤੀ ਬੂੰਦ ਨੂੰ ਚਾਹੁੰਦਾ ਹੈ।

## ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥

ਤਿਵੇਂ ਜਨ=ਦਾਸਾਂ ਦਾ ਜੀਉਣਾ ਸੰਤਾਂ ਦੇ ਸਤਿਸੰਗ ਵਿਚ ਹੈ। ਕਿਉਂਕਿ ਉਨ੍ਹਾਂ ਨੂੰ ਗੋਬਿੰਦ ਦੇ ਭਜਨ-ਸਿਮਰਨ ਦਾ ਰੰਗਿ=ਪ੍ਰੇਮ ਹੈ।

## ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥ ੯ ॥

ਰਸਨਾ ਨਾਲ ਨਾਮ ਨੂੰ ਕਥਨ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਦਰਸ਼ਨ ਦਾ ਦਾਨ ਦੇਣਾ ਕਰੋ॥ ੯ ॥

## ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥

੧. ਜੋ ਪੁਰਸ਼ ਪ੍ਰਭੂ ਦੇ ਗੁਣ ਗਾਉਂਦਾ ਹੈ, ਸੁਣਦਾ ਹੈ ਅਤੇ ਆਪਣੇ ਹੱਥਾਂ ਨਾਲ ਲਿਖ ਕੇ ਦੇਂਦਾ ਹੈ।

੨. ਜੋ ਪੁਰਸ਼ ਪ੍ਰਭੂ ਦੇ ਗੁਣ ਗਾਉਣ, ਸੁਣਨ ਤੇ ਲਿਖਣ ਵਿਚ ਆਪਣਾ ਮਨ ਦੇਂਦਾ ਹੈ। ਉਹ ਪੁਰਸ਼ ਹਰੀ ਪਾਸੋਂ ਸਾਰੇ ਫਲ ਪਾ ਲੈਂਦਾ ਹੈ।

## ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥

ਸਾਰੀ ਕੁਲ ਦਾ ਉਧਾਰ ਕਰ ਲੈਂਦਾ ਹੈ ਅਤੇ ਸੰਸਾਰ ਤੋਂ ਪਾਰ ਉਤਰ ਜਾਂਦਾ ਹੈ।

## ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧਸੰਗਿ ਜਸੁ ਗਾਹਿ ॥

ਉਸ ਨੂੰ ਹਰੀ ਦਾ ਚਰਨਾਂ ਰੂਪ ਜਹਾਜ਼ ਮਿਲਦਾ ਹੈ, ਜੋ ਸੰਤਾਂ ਦੇ ਸੰਗ ਵਿਚ ਮਿਲ ਕੇ ਹਰੀ ਜਸ ਨੂੰ ਗਾਉਂਦਾ ਹੈ।

## ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥ ੧੦ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੇ ਸਤਿਸੰਗ ਦੁਆਰੇ ਦੀ ਸ਼ਰਨ ਵਿਚ ਪਿਆ ਹੈ, ਹਰੀ ਮੁਰਾਰੀ ਆਪ ਉਸ ਦੀ ਪੈਜ=ਇੱਜ਼ਤ ਰੱਖਦਾ ਹੈ॥ ੧੦॥ ੨॥

## ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ
## ੧ੴ ਸਤਿਗੁਰ ਪ੍ਰਸਾਦਿ ॥

੧. ਜਤਿ=ਛੰਦ ਦੀ ਚਾਲ ਹੈ।

੨. ਥਿੱਤਾਂ ਦਾ ਸਮੁਦਾਅ ਹੈ।

੩. ਸੰਗੀਤ ਸ਼ਾਸਤ੍ਰ ਅਨੁਸਾਰ ਗਾਇਣ ਦੀ ਧਾਰਨਾ ਦਾ ਨਾਮ 'ਜਤਿ' ਹੈ।

ਡਾਕਟਰ ਚਰਨ ਸਿੰਘ ਜੀ ਨੇ ਬਾਣੀ ਬਿਉਰੇ ਵਿਚ ਲਿਖਿਆ ਹੈ ਕਿ-

ਜਤਿ, ਗਤਿ ਤੇ ਸਾਥ ਇਹ ਤਿੰਨ ਜੋੜੀ ਦੇ ਕਰਤੱਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਸੱਜੇ ਹੱਥ ਦੀਆਂ ਉਂਗਲੀਆਂ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰਨ ਤੇ ਖੱਬਾ ਹੱਥ ਖੁਲਾਸਾ ਵਜਾਏ, ਉਸ ਨੂੰ ਜਤਿ ਕਹਿੰਦੇ ਹਨ।

ਜਿਸ ਵੇਲੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਅਤੇ ਨਰਮ ਨਰਮ ਅਵਾਜ਼ ਨਿਕਲੇ ਤਾਂ ਉਸ ਨੂੰ ਗਤਿ ਕਹਿੰਦੇ ਹਨ।

ਜਿਸ ਵੇਲੇ ਦੋਵੇਂ ਹੱਥ ਖੁਲ੍ਹਾ ਕੰਮ ਕਰਨ ਅਤੇ ਅਵਾਜ਼ ਭੀ ਖੁਲ੍ਹੀ ਨਿਕਲੇ ਜਿਸ ਨੂੰ ਕੜਕੁਟ ਆਖਦੇ ਹਨ, ਉਸ ਨੂੰ ਸਾਥ ਕਹਿੰਦੇ ਹਨ।

੪. 'ਜਤਿ' ਨਾਮ ਜ਼ਾਤੀ ਦਾ ਹੈ, ਥਿੱਤਾਂ ਇਸ ਬਾਣੀ ਦੀ ਜ਼ਾਤੀ ਹੈ।

*ਯਥਾ:-* "ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ॥" *(ਸੂਹੀ ਮ: ੫, ਪੰਨਾ ੭੪੨)*

੫. ਜਤਿ=ਜਿਸ ਵਿਚ ਪਰਮੇਸ਼ਰ ਦਾ ਜਸ ਹੋਵੇ, ਉਸ ਨੂੰ 'ਜਤਿ' ਕਹਿੰਦੇ ਹਨ।

*ਯਥਾ:-*"ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ॥ ੧॥"

*(ਕਾਨੜਾ ਮ: ੫, ਪੰਨਾ ੧੩੦੮)*

ਸਿੱਖ ਨੇ ਬੇਨਤੀ ਕੀਤੀ-'ਥਿੱਤਾਂ ਵਿਚੋਂ ਕਿਸ ਥਿੱਤ ਦਾ ਪੂਜਨ, ਜਾਂ ਕਿਸ ਦੇਵੀ ਦੇਵਤੇ ਦਾ ਪੂਜਨ ਕਰਨਾ ਚਾਹੀਦਾ ਹੈ?' *ਗੁਰ ਉੱਤਰ:-*

## ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥

ਏਕਮ ਥਿੱਤ ਦੁਆਰਾ ਕਥਨ ਕਰਦੇ ਹਨ, ਉਹ ਏਕੰਕਾਰ ਪਰਮਾਤਮਾ ਸਭ ਤੋਂ ਨਿਰਾਲਾ=ਅਸੰਗ ਹੈ। ਅਮਰੁ=ਮਰਨ ਤੋਂ ਰਹਿਤ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਹੈ, ਉਸ ਨੂੰ ਜ਼ਾਤੀ ਦਾ ਫਾਹ ਨਹੀਂ ਹੈ।

ਵਾ:-ਨਾ ਜ਼ਾਤੀ ਹੈ, ਨਾ ਜਾਲਾ=ਸੜਦਾ ਹੈ। ਵਾ:-ਮੋਹ ਦਾ ਜਾਲਾ=ਫਾਹ ਨਹੀਂ ਹੈ।

**ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥**

ਮਨ ਕਰਕੇ ਅਗੰਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਨਾ ਉਸ ਦਾ ਰੂਪ ਹੈ, ਨਾ ਹੀ ਕੋਈ ਮੱਛ ਕੱਛ ਆਦਿਕ ਰੇਖ ਹੈ। ਲੱਭਦਿਆਂ-ਲੱਭਦਿਆਂ ਉਸ ਨੂੰ ਸਾਰਿਆਂ ਘਟਾਂ-ਘਟਾਂ ਵਿਚ ਵੇਖਿਆ ਹੈ।

[ਪੰਨਾ ੮੩੯]

**ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥**

**ਗੁਰ ਪਰਸਾਦਿ ਪਰਮ ਪਦੁ ਪਾਈ॥ ੧॥**

੧. ਜੋ ਆਪ ਵੇਖ ਕੇ ਹੋਰਨਾਂ ਨੂੰ ਵਿਖਾਉਂਦਾ ਹੈ, ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ।

੨. ਜੋ ਗੁਰੂ ਦੇਖਿ=ਗਿਆਨ-ਦ੍ਰਿਸ਼ਟੀ ਨੂੰ ਵਿਖਾਉਂਦਾ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹੈ। ਗੁਰਾਂ ਦੀ ਕਿਰਪਾ ਨਾਲ ਹੀ ਗੁਰਮੁਖਾਂ ਨੇ ਪਰਮਪਦੁ=ਆਤਮ-ਪਦ ਨੂੰ ਪਾਇਆ ਹੈ।

**ਕਿਆ ਜਪੁ ਜਾਪਉ ਬਿਨੁ ਜਗਦੀਸੈ॥**

ਜਗਤ ਦੇ ਮਾਲਕ ਪਰਮੇਸ਼ਰ ਤੋਂ ਬਿਨਾਂ ਹੋਰ ਕਿਸ ਜਪ ਨੂੰ ਜਪਣਾ ਕਰੀਏ ?

**ਗੁਰ ਕੈ ਸਬਦਿ ਮਹਲੁ ਘਰੁ ਦੀਸੈ॥ ੧॥ ਰਹਾਉ॥**

ਗੁਰਾਂ ਦੇ ਉਪਦੇਸ਼ ਕਰਕੇ ਹੀ ਘਰੁ=ਹਿਰਦੇ ਵਿਚ ਮਹਲੁ=ਸਰੂਪ ਦਿੱਸਦਾ ਹੈ॥ ੧॥ ਰਹਾਉ॥

**ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥**

ਦੂਜ ਥਿੱਤ ਦੁਆਰਾ ਕਥਨ ਕਰਦੇ ਹਨ, ਜੋ ਦ੍ਵੈਤ ਭਾਵ ਵਿਚ ਲੱਗੇ ਹਨ, ਉਹ ਅੰਤ ਨੂੰ ਪਛਤਾਉਂਦੇ ਹਨ। ਉਹ ਜਮਾਂ ਦੇ ਦਰ ਵਿਚ ਬੱਧੇ ਹੋਏ ਮਾਰ ਖਾਂਦੇ ਹਨ ਅਤੇ ਜੰਮਦੇ ਮਰਦੇ ਰਹਿੰਦੇ ਹਨ।

**ਕਿਆ ਲੈ ਆਵਹਿ ਕਿਆ ਲੇ ਜਾਹਿ॥ ਸਿਰਿ ਜਮਕਾਲੁ ਸਿ ਚੋਟਾ ਖਾਹਿ॥**

ਉਹ ਲੈ ਕੇ ਕੀ ਆਏ ਹਨ ਅਤੇ ਕੀ ਲੈ ਕੇ ਜਾਣਗੇ ? ਭਾਵ ਨਾ ਕੁਝ ਲੈ ਕੇ ਆਏ ਹਨ, ਨਾ ਹੀ ਕੁਝ ਲੈ ਕੇ ਜਾਣਗੇ।

*ਯਥਾ:*-"ਨਾਂਗੇ ਆਵਨੁ ਨਾਂਗੇ ਜਾਨਾ॥ ਕੋਇ ਨ ਰਹਿਹੈ ਰਾਜਾ ਰਾਨਾ॥ ੧॥" *(ਕਬੀਰ, ਪੰਨਾ ੧੧੫੭)*

*ਤਥਾ:*- "ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ॥" *(ਮਾਰੂ ਮ: ੫, ਪੰਨਾ ੧੦੬੪)*

*ਤਥਾ:*- "ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥"

*(ਸਾਰੰਗ ਵਾਰ ਮ: ੩, ਪੰਨਾ ੧੨੪੬)*

*ਤਥਾ:*-"ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥ ੨੭॥ *(ਕਬੀਰ, ਪੰਨਾ ੧੩੬੫)*

*ਅਥਵਾ:*-ਕੀ ਲੈ ਕੇ ਆਏ ਹਨ ? ਭਾਵ-ਸ੍ਵਾਸ ਲੈ ਕੇ ਆਏ ਹਨ ਅਤੇ ਕੀ ਲੈ ਕੇ ਜਾਣਗੇ ? ਭਾਵ ਪਾਪ

ਲੈ ਕੇ ਜਾਣਗੇ। ਸਿ=ਉਹ ਪਾਪੀ ਸਿਰ ਉਤੇ ਜਮਕਾਲ ਦੀਆਂ ਚੋਟਾਂ ਖਾਣਗੇ।

**ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥ ੨ ॥**

ਗੁਰ-ਸ਼ਬਦ ਤੋਂ ਬਿਨਾ ਕੋਈ ਭੀ ਜਮਾਂ ਦੇ ਦੁੱਖ ਤੋਂ ਛੁਟਦਾ ਨਹੀਂ ਹੈ। ਕਿਉਂਕਿ ਪਖੰਡ ਦੇ ਕੀਤਿਆਂ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ ॥ ੨ ॥

**ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥**

ਸੱਚੇ ਪਰਮਾਤਮਾ ਨੇ ਆਪ ਹੀ ਆਪਣੇ ਜੋੜਿ=ਜ਼ੋਰ (ਬਲ) ਕਰਕੇ, ਅੰਡਜ=ਅੰਡ ਕਟਾਹਾ ਭਾਵ ਧਰਤੀ ਤੇ ਅਕਾਸ਼ ਜੋ ਆਪਸ ਵਿਚ ਮਹਾਂ ਪਰਲੋ ਦੇ ਸਮੇਂ ਵਿਚ ਜੁੜੇ ਹੋਏ ਸਨ, ਉਨ੍ਹਾਂ ਨੂੰ ਫੋੜ ਕੇ ਵਿਛੋੜਨਾ ਕੀਤਾ ਹੈ।

**ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥**

ਧਰਤੀ ਨੂੰ ਗਲੀਚਾ ਤੇ ਅਕਾਸ਼ ਨੂੰ ਚੰਦੋਆ ਕੀਤਾ ਹੈ, ਵਿਚਕਾਰ ਜੀਵਾਂ ਦੇ ਬੈਠਣ ਨੂੰ ਜਗ੍ਹਾਂ ਕੀਤੀਆਂ ਹਨ। ਕਾਰ-ਵਿਹਾਰ ਲਈ ਰਾਤ ਤੇ ਦਿਨ ਅਤੇ ਭਾਉ=ਪ੍ਰੇਮ ਤੇ ਭਉ=ਡਰ ਪੈਦਾ ਕੀਤੇ ਹਨ।

**ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥ ੩ ॥**

ਜਿਸ ਨੇ ਜੀਵ ਪੈਦਾ ਕੀਤੇ ਹਨ ਓਹੀ ਬਣਾ ਕੇ ਵੇਖਣ ਵਾਲਾ ਹੈ, ਜਾਂ ਪਾਲਣਾ ਕਰਨ ਵਾਲਾ ਹੈ। ਉਸ ਤੋਂ ਬਿਨਾ ਹੋਰ ਕੋਈ ਦੂਜਾ ਸਿਰਜਣੇ ਵਾਲਾ ਨਹੀਂ ਹੈ॥ ੩ ॥

**ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥**

ਤ੍ਰਿਤੀਆ=ਤੀਜ ਥਿੱਤ ਦੁਆਰਾ ਕਥਨ ਕਰਦੇ ਹਨ-ਬ੍ਰਹਮਾ, ਵਿਸ਼ਨੂ, ਸ਼ਿਵ (ਤਿੰਨ ਦੇਵਤੇ) ਪੈਦਾ ਕੀਤੇ ਹਨ। ਛਿਆਨਵੇਂ ਕ੍ਰੋੜ ਦੇਵੀਆਂ ਤੇ ਤੇਤੀ ਕ੍ਰੋੜ ਦੇਵਤਿਆਂ ਦੇ ਵੇਸਾ=ਭੇਸ ਪੈਦਾ ਕੀਤੇ ਹਨ।

**ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥**

੧. ਜੋਤੀ=ਪਰਮਾਤਮਾ ਨੇ ਜੋ ਸ੍ਰਿਸ਼ਟੀ ਜਾਤੀ=ਪੈਦਾ ਕੀਤੀ ਹੈ, ਉਸ ਦੀ ਗਿਣਤੀ ਨਹੀਂ ਆਉਂਦੀ।
੨. ਜੋਤੀ=ਪਰਮਾਤਮਾ ਨੇ ਜੋ ਜ਼ਾਤੀਆਂ ਕੀਤੀਆਂ ਹਨ, ਉਨ੍ਹਾਂ ਦੀ ਗਿਣਤੀ ਨਹੀ ਆਉਂਦੀ । ਜਿਸ ਨੇ ਸਾਜੀ=ਬਣਾਈ ਹੈ, ਓਹੀ ਇਸ ਦੀ ਕੀਮਤ ਪਾਉਂਦਾ ਹੈ।

**ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ੪ ॥**

੧. ਉਹ ਪਰਮੇਸ਼ਰ ਸੱਤਾ ਰੂਪੀ ਕੀਮਤ ਪਾ ਕੇ ਸਾਰੇ ਭਰਪੂਰ ਹੋ ਰਿਹਾ ਹੈ।
੨. ਜੋ ਪ੍ਰਭੂ ਜੋ ਸਾਰੇ ਭਰਪੂਰ ਹੋ ਰਿਹਾ ਹੈ, ਓਹੀ ਇਸ ਦੇ ਖਾਣ ਪਾਣ ਦੀ ਕੀਮਤ ਨੂੰ ਪਾਉਂਦਾ ਹੈ।
੧. ਆਪਣਾ ਆਪ ਰੂਪ ਹੋਣ ਕਰਕੇ ਕਿਸ ਤਰ੍ਹਾਂ ਉਸ ਨੂੰ ਨੇੜੇ ਆਖਾਂ, ਕਿਸ ਤਰ੍ਹਾਂ ਦੂਰ ਆਖਾਂ।

*ਅਥਵਾ:*-ਕਿਸ ਦੇ ਨੇੜੇ ਆਖਾਂ ? *ਉੱਤਰ:*-ਗੁਰਮੁਖਾਂ ਦੇ, ਅਤੇ ਕਿਸ ਦੇ ਦੂਰ ਆਖਾਂ ?
*ਉੱਤਰ:*-ਮਨਮੁਖਾਂ ਦੇ॥ ੪ ॥

**ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥**

ਚਉਥਿ=ਚੌਥੀ ਥਿੱਤ ਦੁਆਰਾ ਕਥਨ ਕਰਦੇ ਹਨ-ਸੰਸਾਰਕ ਮਰਯਾਦਾ ਵਾਸਤੇ ਉਸ ਨੇ ਚਾਰੇ ਵੇਦ (ਸ਼ਾਮ,

ਰਿਗ, ਯਜੁਰ ਅਥਰਬਣ) ਪੈਦਾ ਕੀਤੇ ਹਨ। ਫੇਰ (ਅੰਡਜ, ਜੇਰਜ, ਸੇਤਜ ਤੇ ਉਤਭੁਜ ਰੂਪ) ਚਾਰ ਖਾਣੀਆਂ ਅਤੇ (ਪਰਾ, ਪਸੰਤੀ, ਮਧਮਾ ਬੈਖਰੀ ਇਹ) ਚਾਰ ਬਾਣੀਆਂ ਦੇ ਭੇਦ ਪੈਦਾ ਕੀਤੇ ਹਨ।

**ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥**

ਅਸਟ ਦਸਾ=ਅਠਾਰਾਂ ਪੁਰਾਣ, ਖਟੁ=ਛੇ ਸ਼ਾਸਤ੍ਰ, ਤਿੰਨ ਗੁਣ, ਜਾਂ ਤਿੰਨ ਲੋਕ ਪੈਦਾ ਕੀਤੇ ਹਨ। ਪਰ ਇਸ ਭੇਦ ਨੂੰ ਉਹ ਜਾਣਦਾ ਹੈ, ਜਿਸ ਨੂੰ ਆਪ ਸਮਝਾਉਂਦਾ ਹੈ।

**ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥ ੫ ॥**

੧. (ਰਜੋ, ਸਤੋ, ਤਮੋ, ਰੂਪ) ਤਿੰਨ ਗੁਣ ਅਭਾਵ ਹੋ ਜਾਣ ਤਾਂ ਚਉਥੈ=ਤੁਰੀਆ-ਪਦ ਵਿਚ ਵਾਸਾ ਹੁੰਦਾ ਹੈ।

੨. ਧਰਮ, ਅਰਥ, ਕਾਮ, ਇਹ ਤਿੰਨੇ ਸਮਾਵੈ=ਅਭਾਵ ਹੋ ਜਾਣ ਤਾਂ ਚਉਥੈ=ਮੋਖ ਵਿਚ ਵਾਸਾ ਹੁੰਦਾ ਹੈ।

੩. ਸ੍ਰਵਨ, ਮੰਨਣ, ਨਿਧਿਆਸਣ, ਇਹ ਤਿੰਨੇ ਹਿਰਦੇ ਵਿਚ ਆ ਕੇ ਸਮਾਉਣ ਤਾਂ ਚਉਥੈ=ਗਿਆਨ ਵਿਚ ਵਾਸਾ ਹੁੰਦਾ ਹੈ।

੪. ਨਿਸ਼ਕਾਮ ਕਰਮ, ਉਪਾਸ਼ਨਾ, ਗਿਆਨ ਇਹ ਤਿੰਨੇ ਹਿਰਦੇ ਵਿਚ ਆ ਕੇ ਸਮਾਉਣ ਤਾਂ ਚਉਥੈ=ਸਖਿਆਤਕਾਰੀ ਵਿਚ ਵਾਸਾ ਹੁੰਦਾ ਹੈ। ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ- ਜਿਸ ਦਾ ਤੁਰੀਆ-ਪਦ ਵਿਚ ਵਾਸਾ ਹੈ, ਅਸੀਂ ਉਸ ਦੇ ਦਾਸ ਹਾਂ॥ ੫॥

**ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥**

ਪੰਚਮੀ=ਪੰਜਵੀਂ ਥਿੱਤ ਦੁਆਰਾ ਕਥਨ ਕਰਦੇ ਹਨ-ਪੰਚ ਭੂਤ=ਕਾਮ ਕ੍ਰੋਧ ਆਦਿਕਾਂ ਕਰਕੇ ਜੀਵ ਬੇਤਾਲਾ=ਭੂਤਨਾ, ਵਾ:-ਬੇ-ਤਾਲਾ=ਸਰੂਪ ਤੋਂ ਬੇ=ਰਹਿਤ ਹੋ ਰਿਹਾ ਹੈ।

ਉਹ ਅਗੋਚਰ ਪੁਰਖ ਪਰਮਾਤਮਾ ਆਪ ਇਸ ਤੋਂ ਨਿਰਾਲਾ=ਅਸੰਗ ਹੈ।

**ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥**

੧. ਇਕ ਮਨਮੁਖ ਮੋਹ ਕਰਕੇ ਭੁੱਖਿਆਂ, ਪਿਆਸਿਆਂ ਵਾਂਗ ਭਰਮ ਰਹੇ ਹਨ।

੨. ਇਕ ਮਨਮੁਖ ਪੁਰਸ਼ ਭਰਮ ਕਰਕੇ ਭੁੱਖੇ ਅਤੇ ਮੋਹ ਕਰਕੇ ਪਿਆਸੇ ਹਨ। ਇਕ ਗੁਰਮੁਖ ਜਗਿਆਸੂ ਸ਼ਬਦ ਦੁਆਰਾ ਆਤਮਾ=ਰਸ ਨੂੰ ਚਖ ਕੇ ਤ੍ਰਿਪਤ ਹੋਏ ਹਨ।

**ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥੬ ॥**

੧. ਇਕ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ ਅਤੇ ਇਕ ਮਰ ਕੇ ਧੂੜ ਹੋ ਗਏ ਹਨ।

੨. ਜਿਹੜੇ ਇਕ ਸੰਸਾਰਕ ਰੰਗ ਵਿਚ ਰੱਤੇ ਹੋਏ ਹਨ, ਉਹ ਇਕ ਮਰ ਕੇ ਧੂੜ ਰੂਪ ਹੋ ਗਏ ਹਨ ਤੇ ਜਿਹੜੇ ਇਕ ਪ੍ਰਭੂ ਦੇ ਰੰਗ ਵਿਚ ਰੱਤੇ ਹੋਏ ਹਨ, ਉਨ੍ਹਾਂ ਦਾ ਜੰਮਣਾ ਮਰਨਾ ਧੂਰਿ=ਧੂੜ ਭਾਵ ਨਵਿਰਤ ਹੋ ਗਿਆ ਹੈ। ਇਕ ਗੁਰਮੁਖ ਸਰੀਰ-ਘਰ ਦੇ ਅੰਦਰ ਹੀ ਸੱਚੇ ਵਾਹਿਗੁਰੂ ਨੂੰ ਹਾਜ਼ਰ ਹਜ਼ੂਰ ਵੇਖਦੇ ਹਨ।

## ਝੂਠੇ ਕਉ ਨਾਹੀ ਪਤਿ ਨਾਉ ॥ ਕਬਹੂ ਨ ਸੂਚਾ ਕਾਲਾ ਕਾਉ ॥

ਝੂਠੇ ਪੁਰਸ਼ ਨੂੰ ਪਤ-ਆਬਰੋ ਤੇ ਨਾਉ=ਨੇਮ-ਨਾਮੀ ਨਹੀਂ ਮਿਲਦੀ।

ਵਾ:-ਝੂਠੇ ਪੁਰਸ਼ ਨੂੰ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਨਾਮ ਨਹੀਂ ਜਪਦਾ ।

ਜਿਵੇਂ-ਕਾਲਾ ਕਾਂ ਕਦੇ ਸੁਚਾ=ਪਵਿੱਤ੍ਰ ਨਹੀਂ ਹੁੰਦਾ, ਇਸੇ ਤਰ੍ਹਾਂ (ਕਾਲਾ ਕਾਂ) ਪਾਪੀ ਜੀਵ ਦਾ ਅੰਤਹਕਰਨ ਕਦੇ ਪਵਿੱਤਰ ਨਹੀਂ ਹੁੰਦਾ।

## ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥

ਜਿਵੇਂ ਕੋਈ ਪੰਛੀ ਪਿੰਜਰੇ ਵਿਚ ਬੰਧਿਆ=ਬੰਦ ਕੀਤਾ ਹੋਵੇ ਤਾਂ ਛੇਰੀਂ=ਛੇਕਾਂ ਵਿਚ ਫਿਰਿਆਂ ਭਾਵ ਛੇਕਾਂ ਦੁਆਰੇ ਬਾਹਰ ਮੂੰਹ ਕੱਢਿਆਂ ਉਸ ਦਾ ਮੁਕਤਿ=ਛੁਟਕਾਰਾ ਨਹੀਂ ਹੁੰਦਾ।

ਇਸੇ ਤਰ੍ਹਾਂ ਸਰੀਰ ਰੂਪ ਪਿੰਜਰੇ ਵਿਚ ਜੀਵ ਰੂਪ ਪੰਛੀ ਬੱਧਾ ਹੋਇਆ ਹੈ, ਇੰਦ੍ਰੀਆਂ ਰੂਪ ਛੇਕਾਂ ਵਿਚ, ਜਾਂ ਪੰਜਾਂ ਕੋਸ਼ਾਂ ਰੂਪ ਛੇਕਾਂ ਵਿਚ ਭਰਮਣੇ ਕਰਕੇ ਮੁਕਤ ਰੂਪ ਨਹੀਂ ਹੁੰਦਾ।

ਜਾਂ ਛੇਰੀਂ=ਛੇਲੀ (ਬੱਕਰੀਆਂ) ਵਾਂਗ ਫਿਰਨ ਕਰਕੇ ਮੁਕਤ ਰੂਪ ਨਹੀਂ ਹੁੰਦਾ।

*ਅਥਵਾ:*-ਅਗਿਆਨ ਰੂਪ ਪਿੰਜਰੇ ਵਿਚ ਜਿਹੜਾ ਕੋਈ ਜੀਵ ਰੂਪ ਪੰਛੀ ਬੱਧਾ ਹੋਇਆ ਹੈ, ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੇ ਰੂਪ ਛੇਕਾਂ ਵਿਚ ਫਿਰਨ ਕਰਕੇ ਮੁਕਤ ਰੂਪ ਨਹੀਂ ਹੁੰਦਾ।

## ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ ੭ ॥

ਜਾਂ ਖਸਮੁ=ਪਰਮਾਤਮਾ ਆਪ ਛੁਡਾਵੇ ਤਾਂ ਮੋਹ ਦੇ ਬੰਧਨਾਂ ਤੋਂ ਛੁਟਦਾ ਹੈ। ਗੁਰੂ ਆਪਣੀ ਮਤਿ=ਸਿਖਿਆ ਵਿਚ ਮੇਲ ਕੇ ਭਗਤੀ ਦ੍ਰਿੜ੍ਹਾਉਂਦੇ ਹਨ॥ ੭॥

## ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥

ਖਸਟੀ=ਛੇਵੀਂ ਥਿੱਤ ਦੁਆਰਾ ਕਥਨ ਕਰਦੇ ਹਨ-ਪ੍ਰਭੂ ਨੇ ਖਟੁ ਦਰਸਨੁ=ਛੇ ਭੇਖ*, ਜਾਂ ਛੇ ਸ਼ਾਸਤ੍ਰ** ਬਣਾਏ ਹਨ। ਪਰ ਉਹ ਬ੍ਰਹਮ ਅਨਹਦ=ਇਕ-ਰਸ ਇਨ੍ਹਾਂ ਸਭਨਾਂ ਤੋਂ ਅਸੰਗ ਵਾਜੇ=ਪ੍ਰਗਟ ਹੈ।

*ਅਥਵਾ:*-ਇਕ-ਰਸ ਗੁਰਾਂ ਦੇ ਸ਼ਬਦ ਨੂੰ ਵਾਜੇ=ਉਚਾਰੇ ਤਾਂ ਇਹ ਜੀਵ ਅਸੰਗ ਹੁੰਦਾ ਹੈ।

## ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥

ਜੇਕਰ ਪ੍ਰਭੂ ਨੂੰ ਭਾਅ ਜਾਵੇ, ਉਸ ਦਾ ਭਾਣਾ ਮੰਨੇ ਤਾਂ ਮਹਲਿ=ਸਰੂਪ ਵਿਚ ਬੁਲਾਉਂਦਾ ਹੈ। ਗੁਰ ਸ਼ਬਦ ਵਿਚ ਭੇਦੇ=ਤਦਾਕਾਰ ਹੋਵੇ, ਜਾਂ ਸ਼ਬਦ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦੇ=ਵਿੰਨ੍ਹੇ ਤਾਂ ਪਤੀ ਨੂੰ ਪਾ ਕੇ ਪਤ-ਆਬਰੋ ਨੂੰ ਪਾਉਂਦਾ ਹੈ।

## ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵਹਿ ॥ ੮ ॥

ਜੋ ਅਨੇਕ ਤਰ੍ਹਾਂ ਦੇ ਭੇਖ ਧਾਰਨ ਕਰਨ ਕਰਕੇ ਖਪਦੇ ਹਨ, ਉਹ ਉਹਨਾਂ ਦੇ ਅਭਿਮਾਨ ਵਿਚ ਹੀ ਸੜ ਜਾਂਦੇ ਹਨ। ਵਾ:-ਤ੍ਰਿਸ਼ਨਾ-ਅੱਗ ਵਿਚ ਸੜ ਜਾਂਦੇ ਹਨ।

ਸੱਚੇ ਨਾਮ ਜਪਣ ਵਾਲੇ ਗੁਰਮੁਖ ਸੱਚੇ ਹੋ ਕੇ ਸੱਚ ਸਰੂਪ ਵਿਚ ਸਮਾ ਜਾਂਦੇ ਹਨ॥ ੮॥

---

**ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਦਰਵੇਸ਼, ਬਿਪਰ ।*

***ਛੇ ਸ਼ਾਸਤ੍ਰ:-ਸਾਂਖਜ ਸ਼ਾਸਤ੍ਰ, ਨਿਆਇ ਸ਼ਾਸਤ੍ਰ, ਵਿਸ਼ੇਸ਼ਕ ਸ਼ਾਸਤ੍ਰ, ਮਿਮਾਂਸ਼ਕ ਸ਼ਾਸਤ੍ਰ, ਯੋਗ ਸ਼ਾਸਤ੍ਰ, ਵੇਦਾਂਤ ਸ਼ਾਸਤ੍ਰ।*

## ਸਪਤਮੀ ਸਤੁ ਸੰਤੋਖੁ ਸਰੀਰਿ॥ ਸਾਤ ਸਮੁੰਦ ਭਰੇ ਨਿਰਮਲ ਨੀਰਿ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ॥

ਸੱਤਵੀਂ ਥਿੱਤ ਦੁਆਰਾ ਕਥਨ ਕਰਦੇ ਹਨ—ਜਿਸ ਨੇ ਸਰੀਰ ਵਿਚ ਸਤ ਤੇ ਸੰਤੋਖ ਨੂੰ ਧਾਰਿਆ ਹੈ ਤੇ ਸਤ ਸਮੁੰਦਰ-ਪੰਜ ਗਿਆਨ ਇੰਦ੍ਰੀਏ ਮਨ ਤੇ ਬੁੱਧੀ ਨੂੰ ਨਾਮ ਰੂਪ ਪਵਿੱਤ੍ਰ ਜਲ ਨਾਲ ਭਰ ਲਿਆ ਹੈ। ਸੀਲ ਸੁਭਾਅ, ਜਾਂ ਜਤ ਧਾਰਨਾ ਇਹ ਇਸ਼ਨਾਨ ਕੀਤਾ ਹੈ ਅਤੇ ਸੱਚ ਨੂੰ ਹਿਰਦੇ ਵਿਚ ਵਿਚਾਰਿਆ ਹੈ। ਉਹ ਗੁਰਾਂ ਦੇ ਸ਼ਬਦ ਕਰਕੇ ਸਾਰੇ ਹੀ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਪਾਉਂਦੇ ਹਨ।

## ਮਨਿ ਸਾਚਾ ਮੁਖਿ ਸਾਚਉ ਭਾਇ॥ ਸਚੁ ਨੀਸਾਣੈ ਠਾਕ ਨ ਪਾਇ॥ ੯॥

੧. ਜਿਸ ਦੇ ਮਨ ਵਿਖ ਸੱਚਾ ਨਾਮ ਹੈ ਤੇ ਮੂੰਹ ਵਿਚ ਭੀ ਸੱਚ ਦਾ ਭਾਇ=ਪ੍ਰੇਮ ਹੈ, ਉਹ ਸੱਚੇ ਨਾਮ ਰੂਪ ਨੀਸਾਨੈ=ਪ੍ਰਵਾਨੇ ਵਾਲਾ ਪੁਰਸ਼ ਦਰਗਾਹ ਵਿਚ ਰੁਕਾਵਟ ਨਹੀਂ ਪਾਉਂਦਾ।

੨. ਜਿਸ ਦੇ ਮਨ ਵਿਚ ਸੱਚਾ ਨਾਮ ਹੈ ਉਹ ਸੱਚੇ ਮੁਖੀ ਪਰਮਾਤਮਾ ਨੂੰ ਭਾਅ ਗਿਆ ਹੈ, ਉਸ ਨੂੰ ਸੱਚਾ ਪ੍ਰਭੂ ਨੀਸਾਣੈ=ਪ੍ਰਗਟ ਹੋਇਆ ਹੈ, ਏਸੇ ਕਰਕੇ ਉਹ ਕਿਧਰੇ ਭੀ ਠਾਕ ਨ ਪਾਇ=ਰੁਕਾਵਟ ਨਹੀਂ ਪਾਉਂਦਾ॥ ੯॥

## ਅਸਟਮੀ ਅਸਟ ਸਿਧਿ ਬੁਧਿ ਸਾਧੈ॥ ਸਚੁ ਨਿਹਕੇਵਲੁ ਕਰਮਿ ਅਰਾਧੈ॥

ਅਸ਼ਟਮੀ ਥਿੱਤ ਦੁਆਰਾ ਕਥਨ ਕਰਦੇ ਹਨ—ਬੁੱਧੀ ਨੂੰ ਸਾਧੇ ਤਾਂ ਅਸਟ=ਅੱਠ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਵਾ:-ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਦੁਆਰਾ ਅੱਠ ਪ੍ਰਕਾਰ ਦੇ ਕਾਮ* ਨੂੰ ਸਾਧੇ ਤਾਂ ਸਭ ਕਾਰਜਾਂ ਦੀ ਸਿੱਧੀ ਵਾ:-ਵਾਕ ਸਿੱਧੀ ਹੋ ਜਾਂਦੀ ਹੈ। ਗੁਰਾਂ ਦੀ ਕਰਮਿ=ਕਿਰਪਾ ਦੁਆਰੇ ਸੱਚ ਨੂੰ ਅਰਾਧੇ ਤਾਂ ਨਿਹਕੇਵਲੁ=ਸ਼ੁੱਧ ਹੁੰਦਾ ਹੈ।

## ਪਉਣ ਪਾਣੀ ਅਗਨੀ ਬਿਸਰਾਉ॥ ਤਹੀ ਨਿਰੰਜਨੁ ਸਾਚੋ ਨਾਉ॥

੧. ਜਿਸ ਜੀਵ ਨੇ ਜਿਸ ਅੰਤਹਕਰਨ ਵਿੱਚੋਂ ਪੌਣ, ਪਾਣੀ, ਅਗਨੀ ਆਦਿਕ ਤੱਤਾਂ ਰਚਤ ਸਰੀਰ ਦੇ ਦੇਹ ਅਧਿਆਸ ਨੂੰ ਬਿਸਰਾਉ=ਭੁਲ ਦਿੱਤਾ ਹੈ।

੨. ਜਿਸ ਨੇ ਜਿਸ ਅੰਤਹਕਰਨ ਵਿੱਚੋਂ ਪਉਣ=ਰਜੋਗੁਣ, ਪਾਣੀ=ਸਤੋਗੁਣ, ਅਗਨੀ=ਤਮੋਗੁਣ, ਤਿੰਨਾਂ ਗੁਣਾਂ ਨੂੰ ਭੁਲਾ ਦਿੱਤਾ ਹੈ।

ਤਹੀ=ਤਿਸੀ ਅੰਤਹਕਰਨ ਵਿਚ ਨਿਰੰਜਨ ਦਾ ਸੱਚਾ ਨਾਮ ਵੱਸਦਾ ਹੈ।

## ਤਿਸੁ ਮਹਿ ਮਨੂਆ ਰਹਿਆ ਲਿਵ ਲਾਇ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ॥ ੧੦॥

ਤਿਸ ਨਾਮ ਦੇ ਵਿਚ ਜਿਸ ਦਾ ਮਨ ਲਿਵ ਲਗਾ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਨੂੰ ਫਿਰ

---

*ਸ੍ਰਵਨ, ਸਿਮਰਨ, ਕੀਰਤਨ, ਨਿਸਚਿਤ, ਬਾਤ ਇਕੰਤ, ਦ੍ਰਿੜ੍ਹ ਸੰਕਲਪ, ਪ੍ਰਯਤਨ, ਤਨ ਪ੍ਰਾਪਤਿ।

ਯਥਾ:- 'ਸ੍ਰਵਨ ਸਿਮਰਣ ਔ ਕੀਰਤਨ, ਚਿਤਵਨ ਬਾਤ ਇਕੰਤ।
ਦ੍ਰਿੜ੍ਹ ਸੰਕਲਪ ਪ੍ਰਯਤਨ ਤਨ, ਪ੍ਰਾਪਤਿ ਅਸ਼ਟ ਕਹੰਤ।' (ਵਿਚਾਰ ਮਾਲਾ, ਬਿਸ਼੍ਰਾਮ ੪)

ਕਾਲ ਨਹੀਂ ਖਾਂਦਾ ॥ ੧੦॥

## ਨਾਉ ਨਉਮੀ ਨਵੇ ਨਾਥ ਨਵ ਖੰਡਾ॥ ਘਟਿ ਘਟਿ ਨਾਥੁ ਮਹਾ ਬਲਵੰਡਾ॥

ਨਉਮੀ=ਨੌਮੀ ਥਿੱਤ ਦੁਆਰਾ ਕਥਨ ਕਰਦੇ ਹਨ—ਨੌ ਨਾਥ* ਤੇ ਨੌਂ ਖੰਡਾਂ** ਦਾ, ਅਤੇ ਸਾਰਿਆਂ ਘਟਾਂ-ਘਟਾਂ ਦਾ ਜੋ ਨਾਥੁ=ਸੁਆਮੀ ਹੈ, ਉਸ ਪਰਮੇਸ਼ਰ ਦਾ ਨਾਉ=ਨਾਮ ਮਹਾ ਬਲਵੰਡਾ=ਬੜੇ ਬਲ ਵਾਲਾ ਹੈ। *ਅਥਵਾ:*-ਉਹ ਨਾਉ=ਨਾਮੀ ਪਰਮਾਤਮਾ ਮਹਾ=ਬੜਾ ਬਲਵਾਨ ਹੈ।

[ਪੰਨਾ ੮੪੦]

## ਆਈ ਪੂਤਾ ਇਹੁ ਜਗੁ ਸਾਰਾ॥ ਪ੍ਰਭ ਆਦੇਸੁ ਆਦਿ ਰਖਵਾਰਾ॥

੧. ਇਹ ਸਾਰਾ ਜਗਤ ਆਈ ਪੂਤਾ=ਮਾਇਆ ਦਾ ਪੁੱਤਰ ਹੈ।

੨. ਇਸ ਸਾਰੇ ਜਗਤ ਵਿਚ ਉਸ ਪਰਮੇਸ਼ਰ ਦੀ ਪੂਤਾ=ਪਵਿੱਤ੍ਰ ਚੇਤਨ ਸੱਤਾ ਆਈ=ਆ ਰਹੀ ਹੈ। ਜੋ ਪ੍ਰਭੂ ਆਦੋਂ ਹੀ ਸਭ ਦੀ ਰੱਖਿਆ ਕਰਨ ਵਾਲਾ ਹੈ, ਉਸ ਪ੍ਰਭੂ ਨੂੰ ਆਦੇਸੁ=ਨਮਸ਼ਕਾਰ ਹੈ।

## ਆਦਿ ਜੁਗਾਦੀ ਹੈ ਭੀ ਹੋਗੁ॥ ਓਹੁ ਅਪਰੰਪਰੁ ਕਰਣੈ ਜੋਗੁ॥ ੧੧॥

ਉਹ ਪਰਮੇਸ਼ਰ ਆਦਿ ਜੁਗਾਦੀ=ਸਦਾ ਸਦਾ ਹੁਣ ਹੈ, ਭੀ=ਪਿੱਛੇ ਸੀ, ਹੋਗੁ=ਅੱਗੇ ਹੋਵੇਗਾ। ਉਹ ਅਪਰੰਪਰੁ=ਪਰਮਾਤਮਾ ਸਭ ਗੱਲਾਂ ਦੇ ਕਰਨੇ ਜੋਗੁ=ਲਾਇਕ ਹੈ।

*ਅਥਵਾ:*-ਉਹ ਅਪਰੰਪਰ ਨਮਸ਼ਕਾਰ ਕਰਨੇ ਜੋਗ ਹੈ॥ ੧੧॥

## ਦਸਮੀ ਨਾਮੁ ਦਾਨੁ ਇਸਨਾਨੁ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ॥

ਦਸਮੀ ਥਿੱਤ ਦੁਆਰਾ ਕਥਨ ਕਰਦੇ ਹਨ, ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ, ਨਾਮ ਜਪ ਅਤੇ ਯਥਾ ਸ਼ਕਤਿ ਦਾਨ ਦੇਣਾ ਕਰ।

੧. ਰਾਤ ਦਿਨ ਗੁਣਾਂ ਦੇ ਸਹਿਤ ਹੋ ਕੇ ਸੱਚ-ਨਾਮ ਰੂਪ ਜਲ ਵਿਚ ਇਸ਼ਨਾਨ ਕਰ ਤਾਂ ਗਿਆਨ ਹੋਵੇਗਾ।

੨. ਸੱਚੇ ਦੀ ਪ੍ਰਾਪਤੀ ਕਰਨ ਵਾਲੇ ਗਿਆਨ ਆਦਿਕ ਗੁਣਾਂ ਵਿਚ ਰਾਤ ਦਿਨ ਇਸ਼ਨਾਨ ਕਰ।

## ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥ ਬਿਲਮੁ ਨ ਤੂਟਸਿ ਕਾਚੈ ਤਾਗੈ॥

ਸੱਚ-ਨਾਮ ਜਪਣ ਕਰਕੇ, ਜਾਂ ਸੱਚ ਦੀ ਵਿਚਾਰ ਕੀਤਿਆਂ ਰਾਗ ਦ੍ਵੈਸ਼ ਰੂਪੀ ਮੈਲ ਨਹੀਂ ਲਗਦੀ, ਭਰਮ ਅਤੇ ਭਉ=ਡਰ ਨਾਸ ਹੋ ਜਾਂਦਾ ਹੈ।

ਚੇਤੇ ਰੱਖੋ:-ਕੱਚੇ ਧਾਗੇ ਨੂੰ ਟੁੱਟਦਿਆਂ ਬਿਲਮੁ=ਦੇਰ ਨਹੀਂ ਲਗਦੀ।

## ਜਿਉ ਤਾਗਾ ਜਗੁ ਏਵੈ ਜਾਣਹੁ॥ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ॥੧੨॥

ਜਿਵੇਂ ਕੱਚਾ ਧਾਗਾ ਹੈ, ਇਸੇ ਤਰ੍ਹਾਂ ਜਗਤ ਨੂੰ ਮਿਥਿਆ ਜਾਣੋ। ਚਿਤ ਨੂੰ ਅਚੱਲ ਕਰਕੇ ਸੱਚ ਦੇ ਰੰਗ

**੧. ਗੋਰਖ ਨਾਥ, ੨. ਮਛੰਦਰ ਨਾਥ, ੩. ਚਰਪਟ ਨਾਥ, ੪. ਮੰਗਲ ਨਾਥ, ੫. ਘੁੱਘੂ ਨਾਥ, ੬.ਭਰਥਰਿ ਨਾਥ, ੭.ਗੋਪੀ ਨਾਥ, ੮.ਈਸ਼ਰ ਨਾਥ, ੯. ਚੰਬਾ ਨਾਥ।*

***੧. ਕਿੰ ਪੁਰਖ ਖੰਡ, ੨. ਭੱਦਰ ਖੰਡ, ੩. ਕੇਤਮਾਲ ਖੰਡ, ੪. ਹਰਿ ਵਰਖ ਖੰਡ, ੫. ਹਿਰਣਜ ਖੰਡ, ੬. ਰਮਜ ਖੰਡ, ੭. ਕੁਸ਼ੁ ਖੰਡ, ੮. ਇਲਾ ਬ੍ਰਤ ਖੰਡ, ੯. ਭਾਰਤ ਖੰਡ।*

ਮਾਣਹੁ=ਅਨੰਦ ਨੂੰ ਭੋਗੋ॥ ੧੨ ॥

## ਏਕਾਦਸੀ ਇਕੁ ਰਿਦੈ ਵਸਾਵੈ॥ ਹਿੰਸਾ ਮਮਤਾ ਮੋਹੁ ਚੁਕਾਵੈ॥

ਇਕਾਦਸ਼ੀ ਥਿੱਤ ਦੁਆਰਾ ਕਥਨ ਕਰਦੇ ਹਨ— ਇਕ ਪ੍ਰਭੂ ਨੂੰ ਹਿਰਦੇ ਵਿਚ ਵਸਾ ਲਵੇ। ਜੀਵ ਹਿੰਸਿਆ, ਪਦਾਰਥਾਂ ਦੀ ਮਮਤਾ ਅਤੇ ਮੋਹ ਨੂੰ ਦੂਰ ਕਰ ਦੇਵੇ।

## ਫਲੁ ਪਾਵੈ ਬ੍ਰਤੁ ਆਤਮ ਚੀਨੈ॥ ਪਾਖੰਡਿ ਰਾਚਿ ਤਤੁ ਨਹੀ ਬੀਨੈ॥

ਸਾਰਿਆ ਨੂੰ ਆਤਮ ਚੀਨੈ=ਆਪਣਾ ਸਰੂਪ ਕਰਕੇ ਜਾਣੇ ਤਾਂ ਬਰਤ ਦਾ ਫਲ ਪਾਉਂਦਾ ਹੈ।

ਜਾ ਆਤਮਾ ਦੇ ਜਾਣਨੇ ਰੂਪ ਬਰਤ ਨੂੰ ਰੱਖੇ ਤਾਂ ਗਿਆਨ-ਫਲ ਨੂੰ ਪਾਉਂਦਾ ਹੈ।

ਪਖੰਡ ਵਿਚ ਰਾਚਿ=ਲੱਗਾ ਹੋਇਆ ਪਖੰਡੀ ਪੁਰਸ਼ ਤਤੁ=ਸਿਧਾਂਤ ਨੂੰ ਨਹੀਂ ਦੇਖਦਾ।

## ਨਿਰਮਲੁ ਨਿਰਾਹਾਰੁ ਨਿਹਕੇਵਲੁ॥ ਸੂਚੈ ਸਾਚੇ ਨਾ ਲਾਗੈ ਮਲੁ॥ ੧੩ ॥

ਜੋ ਸ਼ੁੱਧ ਸਰੂਪ, ਅਹਾਰ=ਭੋਜਲ ਤੋਂ ਰਹਿਤ, ਨਿਹਕੇਵਲੁ=ਅਦੁਤੀ ਸਰੂਪ ਹੈ। ਉਸ ਸੱਚੇ ਨੂੰ ਜਾਣ ਕੇ ਜੋ ਸੂਚੈ=ਪਵਿੱਤ੍ਰ ਹੋਏ ਹਨ, ਉਨ੍ਹਾਂ ਨੂੰ ਅਵਿਦਿਆ ਦੀ ਮੈਲ ਨਹੀਂ ਲਗਦੀ ॥ ੧੩ ॥

## ਜਹ ਦੇਖਉ ਤਹ ਏਕੋ ਏਕਾ॥ ਹੋਰਿ ਜੀਅ ਉਪਾਏ ਵੇਕੋ ਵੇਕਾ॥

ਜਿਥੇ ਵੇਖਦੇ ਹਾਂ ਓਥੇ ਇਕੋ ਇਕ ਪਰਮਾਤਮਾ ਹੈ। ਉਸ ਨੇ ਹੋਰ ਜਿੰਨੇ ਜੀਵ ਪੈਦਾ ਕੀਤੇ ਹਨ, ਸਭ ਵੇਕੋ ਵੇਕਾ=ਭਿੰਨ ਭਿੰਨ (ਵੱਖੋ ਵੱਖਰੇ) ਹਨ।

## ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥

੧. ਫਲੋਹਾਰ=ਫਲ ਦਾ ਭੋਜਨ ਕਰਨ ਨਾਲ ਵੀ ਇਕਾਦਸ਼ੀ ਦਾ ਫਲ ਚਲਿਆ ਜਾਂਦਾ ਹੈ।

੨. ਫਲੋਹਾਰ=ਖੋਟਿਆਂ ਸੰਕਲਪਾਂ ਰੂਪੀ ਭੋਜਨ ਕਰਨੇ ਕਰਕੇ ਭੀ ਬ੍ਰਹਮਗਿਆਨ ਰੂਪੀ ਫਲ ਚਲਾ ਜਾਂਦਾ ਹੈ। ਦੁਨਿਆਵੀ ਰਸਾਂ ਕਸਾਂ ਨੂੰ ਖਾ ਕੇ, ਵਾ:-ਕਸ=ਤਾੜਨਾ ਦੇਣ ਵਾਲੇ ਰਸਾਂ ਨੂੰ ਖਾ ਕੇ, ਵਾ:-ਕਸੀਸ ਦੇ ਕੇ ਕੱਢੇ ਹੋਏ ਸ਼ਰਾਬ ਆਦਿਕ ਰਸਾਂ ਨੂੰ ਖਾ ਕੇ ਆਤਮ-ਸੁਆਦ ਨੂੰ ਗੁਆ ਲੈਂਦਾ ਹੈ।

## ਕੂੜੈ ਲਾਲਚਿ ਲਪਟੈ ਲਪਟਾਇ॥ ਛੂਟੈ ਗੁਰਮੁਖਿ ਸਾਚੁ ਕਮਾਇ॥ ੧੪ ॥

(ਗੁਰਮੁਖ) ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਆਪ ਫਸਦੇ ਹਨ, ਤੇ ਹੋਰਨਾਂ ਨੂੰ ਫਸਾਉਂਦੇ ਹਨ। ਸੱਚ ਨਾਮ ਦੀ ਕਮਾਈ ਨੂੰ ਕਮਾ ਕੇ ਗੁਰਮੁਖ ਲਾਲਚ ਤੋਂ ਛੁੱਟ ਗਏ ਹਨ॥ ੧੪ ॥

## ਦੁਆਦਸਿ ਮੁਦ੍ਰਾ ਮਨੁ ਅਉਧੂਤਾ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ॥

ਜਿਸ ਨੇ ਦਸ ਇੰਦ੍ਰੀਏ ਤੇ ਮਨ ਬੁੱਧੀ ਇਨ੍ਹਾਂ ਦੁਆਦਸਿ=ਬਾਰ੍ਹਾਂ ਨੂੰ ਮੁਦ੍ਰਾ=ਰੋਕਿਆ ਹੈ, ਉਸ ਦਾ ਮਨ ਅਉਧੂਤਾ=ਸ਼ੁੱਧ (ਪਵਿੱਤ੍ਰ) ਹੋਇਆ ਹੈ। ਉਹ ਦਿਨ ਰਾਤ ਗਿਆਨ-ਜਾਗ੍ਰਤ ਵਿਚ ਜਾਗਦਾ ਹੈ, ਮੋਹ, ਅਵਿਦਿਆ ਰੂਪ ਨੀਂਦ ਵਿਚ ਕਦੇ ਨਹੀਂ ਸੌਂਦਾ।

## ਜਾਗਤੁ ਜਾਗਿ ਰਹੈ ਲਿਵ ਲਾਇ॥ ਗੁਰ ਪਰਚੈ ਤਿਸੁ ਕਾਲੁ ਨ ਖਾਇ॥

ਜੋ ਵਿਲ ਲਗਾ ਕੇ ਗਿਆਨ-ਜਾਗ੍ਰਤ ਵਿਚ ਜਾਗ ਰਿਹਾ ਹੈ। ਉਸ ਗੁਰ-ਉਪਦੇਸ਼ ਵਾਲੇ ਨੂੰ,

ਵਾ :- ਗੁਰੂ ਦੇ ਪ੍ਰੇਮ ਵਾਲੇ ਨੂੰ ਕਾਲ ਨਹੀਂ ਖਾਂਦਾ।

**ਅਤੀਤ ਭਏ ਮਾਰੇ ਬੈਰਾਈ॥ ਪ੍ਰਣਵਤਿ ਨਾਨਕ ਤਹ ਲਿਵ ਲਾਈ॥ ੧੫॥**

ਜੋ ਪਦਾਰਥਾਂ ਤੋਂ ਅਤੀਤੁ=ਰਹਿਤ ਹੋਏ ਹਨ, ਉਨ੍ਹਾਂ ਨੇ ਸਭ ਵੈਰੀ ਮਾਰ ਦਿੱਤੇ ਹਨ।

*ਅਥਵਾ*:-ਜੋ ਕਾਮ ਕ੍ਰੋਧ ਆਦਿਕ ਵੈਰੀਆਂ ਨੂੰ ਮਾਰ ਕੇ ਅਤੀਤ ਹੋਏ ਹਨ।

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੇ ਉਸ ਪ੍ਰਭੂ ਵਿਚ ਲਿਵ ਲਗਾਈ ਹੈ॥ ੧੫॥

**ਦੁਆਦਸੀ ਦਇਆ ਦਾਨੁ ਕਰਿ ਜਾਣੈ॥ ਬਾਹਰਿ ਜਾਤੋ ਭੀਤਰਿ ਆਣੈ॥**

ਦੁਆਦਸੀ ਥਿੱਤ ਦੁਆਰਾ ਕਥਨ ਕਰਦੇ ਹਨ, ਸਭ ਉਤੇ ਦਇਆ ਤੇ ਦਾਨ ਕਰਨਾ ਜਾਣੇ। ਬਾਹਰ ਜਾਂਦੇ ਮਨ ਨੂੰ ਅੰਦਰ ਲਿਆਵੇ ਭਾਵ ਅੰਤ੍ਰਮੁਖ ਬਿਰਤੀ ਕਰੇ।

**ਬਰਤੀ ਬਰਤ ਰਹੈ ਨਿਹਕਾਮ॥ ਅਜਪਾ ਜਾਪੁ ਜਪੈ ਮੁਖਿ ਨਾਮ॥**

ਇਸ ਤਰ੍ਹਾਂ ਦਾ ਬਰਤੀ=ਵ੍ਰਜਤ ਰੱਖਣ ਵਾਲਾ ਹੋ ਕੇ ਨਿਸ਼ਕਾਮਤਾ ਵਿਚ ਵਰਤਦਾ ਰਹੇ।

ਜਾਂ ਬਰਤੀ=ਨਿਯਮੀ ਹੋ ਕੇ ਨਿਸ਼ਕਾਮਤਾ ਦੇ ਬਰਤ=ਨਿਯਮ ਵਿਚ ਰਹੇ। ਅਤੇ-

ਮੂੰਹੋਂ ਅਜਪਾ ਜਾਪੁ=ਓਅੰ ਸੋ ਹੰ ਰੂਪ ਨਾਮ ਨੂੰ ਜਪੇ। ਜਾਂ ਜਪਣੇ ਤੋਂ ਅਜਪ ਜੋ ਪ੍ਰਭੂ ਹੈ, ਉਸ ਦਾ ਸਤਿਨਾਮ ਮੂੰਹ ਤੋਂ ਜਪੇ ।

**ਤੀਨਿ ਭਵਣ ਮਹਿ ਏਕੋ ਜਾਣੈ॥ ਸਭਿ ਸੁਚਿ ਸੰਜਮ ਸਾਚੁ ਪਛਾਣੈ॥ ੧੬॥**

ਤਿੰਨਾਂ ਲੋਕਾਂ ਵਿਚ ਇਕ ਪ੍ਰਭੂ ਨੂੰ ਜਾਣੇ। ਸੁਚਿ=ਪਵਿੱਤ੍ਰ ਤੇ ਸੰਜਮ ਆਦਿਕ ਸਾਧਨ ਕਰਕੇ ਸੱਚ ਨੂੰ ਸਾਰਿਆਂ ਵਿਚ ਪਛਾਣੇ ॥ ੧੬॥

**ਤੇਰਸਿ ਤਰਵਰ ਸਮੁਦ ਕਨਾਰੈ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥**

੧. ਤੇਰਸਿ=ਤਰੋਦਸੀ ਥਿੱਤ ਦੁਆਰਾ ਕਥਨ ਕਰਦੇ ਹਨ—ਜਿਵੇਂ ਸਮੁੰਦਰ ਦੇ ਕਿਨਾਰੇ ਤਰਵਰ=ਬ੍ਰਿਛ ਹੁੰਦਾ ਹੈ, ਉਸ ਦੇ ਨਾਸ ਹੋਣ ਵਿਚ ਕੋਈ ਦੇਰ ਨਹੀਂ ਹੁੰਦੀ । ਤਿਵੇਂ ਸੰਸਾਰ ਦੇ ਨਾਸ ਹੁੰਦਿਆਂ ਕੋਈ ਦੇਰ ਨਹੀ ਲਗਦੀ। ਜੋ ਪ੍ਰਭੂ ਅੰਮ੍ਰਿਤ ਰੂਪ ਹੈ ਤੇ ਸਭ ਦਾ ਮੂਲੁ=ਮੁੱਢ, ਭਾਵ ਕਾਰਨ ਰੂਪ ਹੈ ਤੇ ਸਿਖਰਿ=ਉਤ ਕ੍ਰਿਸ਼ਟ ਹੈ, ਉਸ ਵਿਚ ਤੇਲ ਧਾਰਾ ਵਾਂਗ ਲਿਵ ਲਗਾਵੇ।

੨. ਸੰਸਾਰ-ਸਮੁੰਦਰ ਦੇ ਕਿਨਾਰੇ ਜੋ ਬ੍ਰਹਮ ਰੂਪ ਦਰੱਖਤ ਹੈ, ਅੰਮ੍ਰਿਤ ਦਾ ਮੁੱਢ, ਸਾਰਿਆ ਤੋਂ ਸਿਖਰਿ=ਵੱਡਾ ਜੋ ਉਸ ਵਿਚ ਲਿਵ ਲਗਾਉਂਦਾ ਹੈ ਉਹ ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਏ।

**ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥**

ਜਿਹੜਾ ਕੋਈ ਪ੍ਰਭੂ ਦੇ ਡਰ ਨਾਲ ਡਰ ਕੇ ਜੀਵਤ ਭਾਵ ਤੋਂ ਮਰਦਾ ਹੈ ਉਹ ਕੋਈ ਡੁੱਬਦਾ ਨਹੀਂ ਹੈ। ਜਿਹੜਾ ਪਰਮੇਸ਼ਰ ਦੇ ਡਰ ਤੋਂ ਰਹਿਤ ਹੈ, ਉਹ ਆਪਣੀ ਇੱਜ਼ਤ ਗੁਆ ਕੇ ਸੰਸਾਰ-ਸਮੁੰਦਰ ਵਿਚ ਡੁੱਬ ਮਰਦਾ ਹੈ।

**ਡਰ ਮਹਿ ਘਰੁ ਘਰ ਮਹਿ ਡਰੁ ਜਾਣੈ॥ ਤਖਤਿ ਨਿਵਾਸੁ ਸਚੁ ਮਨਿ ਭਾਣੈ॥ ੧੭॥**

ਪਰਮੇਸ਼ਰ ਦੇ ਡਰ ਵਿਚ ਜਿਨ੍ਹਾਂ ਦਾ ਘਰੁ=ਸਰੀਰ ਹੈ ਅਤੇ ਘਰ=ਸਰੀਰ ਵਿਚ ਡਰ ਨੂੰ ਜਾਣਿਆ ਹੈ ਅਤੇ ਮਨ ਵਿਚ ਸੱਚੇ ਦੇ ਭਾਣੇ ਨੂੰ ਮੰਨਦੇ ਹਨ, ਉਨ੍ਹਾਂ ਦਾ ਸਰੂਪ ਤਖਤ ਪਰ ਨਿਵਾਸ ਹੁੰਦਾ ਹੈ॥ ੧੭॥

ਇਸ ਤੁਕ ਦਾ ਦੂਜਾ ਅਰਥ ਚੱਕ੍ਰਕਾ ਦੇ ਅਨੁਸਾਰ ਲੱਗਦਾ ਹੈ:-

ਸਤਿਸੰਗਤ ਰੂਪ ਤਖਤ ਪਰ ਨਿਵਾਸ ਕਰੇ ਤਾਂ ਸੱਚੇ ਦਾ ਨਾਮ ਮਨ ਵਿਚ ਭਾਉਂਦਾ ਹੈ, ਜਾਂ ਸੱਚੇ ਦਾ ਨਾਮ ਮਨ ਵਿਚ ਭਾਇਆ ਤਾਂ ਅੰਤ੍ਰਮੁੱਖਤਾ ਰੂਪੀ ਤਖ਼ਤ ਪਰ ਨਿਵਾਸ ਹੋਇਆ, ਜਾਂ ਅੰਤ੍ਰਮੁਖਤਾ ਰੂਪੀ ਤਖ਼ਤ ਪਰ ਨਿਵਾਸ ਹੋਇਆ, ਜਾਂ ਸਰੂਪ-ਤਖ਼ਤ ਪਰ ਨਿਵਾਸ ਹੋਇਆ ਤਾਂ ਇਸ ਤਰ੍ਹਾਂ ਨਿਸਚੇ ਹੋਇਆ 'ਜੋ ਸੱਚਾ ਸਭ ਦੇ ਮਨ ਨੂੰ ਭਾਉਂਦਾ ਹੈ, ਉਹ ਸੰਸਾਰ=ਤਖ਼ਤ ਪਰ ਨਿਵਾਸ ਕਰ ਰਿਹਾ ਹੈ।'

**ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥**

ਚੌਦਸ ਥਿੱਤ ਦੁਆਰਾ ਕਥਨ ਕਰਦੇ ਹਨ—ਚਉਥੇ ਥਾਵਹਿ=ਤੁਰੀਆ ਪਦ ਨੂੰ ਭਾਵ ਸਾਖੀ ਬ੍ਰਹਮ ਨੂੰ ਲਹਿ=ਲਖਣਾ (ਜਾਣਨਾ) ਪਾਵੇ। ਰਾਜਸ=ਰਜੋਗੁਣ, ਤਾਮਸ=ਤਮੋਗੁਣ, ਸਤ=ਸਤੋਗੁਣ ਅਤੇ ਕਾਲ, ਇਨ੍ਹਾਂ ਸਾਰਿਆਂ ਨੂੰ ਸਮਾਵੈ=ਅਭਾਵ ਕਰੇ।

**ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥**

ਸਸੀਅਰ=ਸਤੋਗੁਣ ਵਸ਼ਿਸ਼ਟ ਅੰਤ੍ਹਕਰਨ ਰੂਪੀ ਘਰ ਵਿਚ,

*ਅਥਵਾ:*-ਸਸੀਅਰ=ਚੰਦ੍ਰਮਾ ਦਾ ਘਰ ਜੋ ਰਾਤ ਹੈ ਰਾਤ ਵਿਚੋਂ ਅਵਿਦਿਆ ਆਈ, ਉਸ ਅਵਿਦਿਆ ਘਰ ਵਿਚ ਜਿਸ ਵੇਲੇ ਗਿਆਨ ਰੂਪੀ ਸੂਰਜ ਸਮਾਉਂਦਾ ਹੈ, ਤਾਂ-

ਜੋਗ ਵਿਚ ਜੁੜਨ ਦੀ ਕੀਮਤ ਨੂੰ ਪਾਉਂਦਾ ਹੈ,

*ਅਥਵਾ:*-ਭਗਤੀ ਜੋਗ ਵਿਚ ਜੁੜ ਕੇ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਉਂਦਾ ਹੈ।

**ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥**

ਸੱਤ ਪਤਾਲ ਤੇ ਸੱਤ ਅਕਾਸ਼ (ਰੂਪ ਚੌਦਾਂ ਲੋਕਾਂ) ਵਿਚ ਜੋ ਸਮਾ ਰਿਹਾ ਹੈ ਅਤੇ ਖੰਡਾਂ ਬ੍ਰਹਿਮੰਡਾਂ ਵਿਚ ਭੀ ਜੋ ਲਿਵ=ਸਮਾਧੀ ਲਗਾ ਰਿਹਾ ਹੈ॥ ੧੮॥

ਜਾਂ ਨੌਂ ਖੰਡਾਂ ਤੇ ਬ੍ਰਹਿਮੰਡਾਂ ਵਿਚ ਜੋ ਸਮਾ ਰਿਹਾ ਹੈ, ਉਸ ਵਿਚ ਲਿਵ ਲਗਾਉਣਾ ਕਰ॥ ੧੮॥

**ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥**

ਅਮਾਵਸ ਥਿੱਤ ਦੁਆਰਾ ਕਥਨ ਕਰਦੇ ਹਨ-ਜਿਵੇਂ ਮੱਸਿਆ ਦੀ ਰਾਤ ਵਿੱਚ ਗੈਣਾਰਿ=ਅਕਾਸ਼ ਵਿਖੇ ਚੰਦ੍ਰਮਾ ਗੁਪਤਾ ਰਹਿੰਦਾ ਹੈ। ਤਿਵੇਂ ਹਿਰਦੇ ਰੂਪ ਅਕਾਸ਼ ਵਿਚ ਪਰਮੇਸ਼ਰ ਰੂਪ ਚੰਦ੍ਰਮਾ ਗੁਪਤ ਰਹਿੰਦਾ ਹੈ।

੧. ਹੇ ਗਿਆਨੀਓ ! ਸ਼ਬਦ ਦੇ ਵਿਚਾਰ ਦੁਆਰਾ ਬੁੱਝਣਾ ਕਰੋ।

੨. ਗਿਆਨੀਆਂ ਦੇ ਸ਼ਬਦ ਦੇ ਵਿਚਾਰ ਦੁਆਰਾ ਬੁੱਝਣਾ ਕਰੋ।

**ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ ਕਰਿ ਕਰਿ ਵੇਖੈ ਕਰਤਾ ਸੋਈ ॥**

ਸਸੀਅਰੁ=ਚੰਦ੍ਰਮਾ, ਗਗਨਿ=ਅਕਾਸ਼ ਅਤੇ ਤਿੰਨਾਂ ਲੋਕਾਂ ਵਿਚ ਉਸ ਜੋਤੀ ਦੀ ਜੋਤ ਹੈ।

*ਅਥਵਾ:*-ਸਸੀ=ਚੰਦ੍ਰਮਾ, ਅਰੁ=ਅਤੇ ਸੂਰਜ ਤੇ ਤਿੰਨਾਂ ਲੋਕਾਂ ਵਿਚ ਜਿਸ ਦੀ ਜੋਤ ਹੈ, ਉਹ ਜੋਤੀ ਹਿਰਦੇ ਰੂਪ ਗਗਨਿ=ਅਕਾਸ਼ ਵਿਚ ਹੈ।

ਉਹ ਕਰਤਾ ਪੁਰਖ ਹੀ ਕਰਿ=ਉਤਪੱਤੀ ਕਰਕੇ ਵੇਖੈ=ਪਾਲਦਾ ਹੈ।

**ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯॥**

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੂੰ ਦਿਸਦਾ ਹੈ, ਉਹ ਓਸੇ ਦੇ ਵਿਚ ਹੀ ਸਮਾ ਜਾਂਦੇ ਹਨ ।

ਅਤੇ ਉਸ ਤੋਂ ਭੁੱਲੇ ਹੋਏ ਮਨਮੁਖ ਜੰਮਦੇ ਮਰਦੇ ਹਨ॥ ੧੯॥

**ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ॥**

ਸਤਿਸੰਗਤ ਰੂਪੀ ਸੁਹਾਵੇ ਥਾਨ ਵਿਖੇ ਇਸਥਿਤ ਹੋ ਕੇ ਘਰੁ=ਸਰੀਰ ਤੇ ਦਰੁ=ਇੰਦ੍ਰੀਆਂ ਨੂੰ ਥਾਪਿ=ਰੋਕੇ। ਸਰੂਪ=ਘਰ ਦੀ ਪ੍ਰਾਪਤੀ ਦਾ ਜੋ ਦਰੁ=ਦਰਵਾਜ਼ਾ (ਗਿਆਨ) ਹੈ, ਉਸ ਨੂੰ ਹਿਰਦੇ ਵਿਚ ਥਾਪੇ ਤਾਂ ਸੁਹਾਵੇ ਥਾਨਿ=ਸਰੂਪ ਵਿਚ ਇਸਥਿਤ ਹੁੰਦਾ ਹੈ।

ਜਾਂ ਸਤਿਗੁਰਾਂ ਨੂੰ ਪਾਵੇ ਤਾਂ ਆਪਣੇ ਆਪ ਨੂੰ ਪਛਾਣ ਲੈਂਦਾ ਹੈ।

**ਜਹ ਆਸਾ ਤਹ ਬਿਨਸਿ ਬਿਨਾਸਾ॥ ਫੂਟੈ ਖਪਰੁ ਦੁਬਿਧਾ ਮਨਸਾ॥**

ਜਿਸ ਅੰਤਹਕਰਨ ਵਿਚ ਪਦਾਰਥਾਂ ਦੀ ਆਸਾ ਹੈ, ਤਿਸਦਾ ਬਿਨਸਿ=ਸ਼ੀਅਰ ਬਿਨਾਸ ਹੁੰਦਾ ਹੈ।

ਮਨਸਾ=ਬੁੱਧੀ ਵਿਚ ਦੁਬਿਧਾ ਦੇ ਹੋਣ ਕਰਕੇ ਸਰੀਰ ਰੂਪੀ ਖੱਪਰ ਫੁਟ ਜਾਂਦਾ ਹੈ।

*ਅਥਵਾ:*-ਜਿਸ ਅੰਤਹਕਰਨ ਵਿਚ ਆਸਾ ਹੈ ਨਾਸ ਕਰਨ ਵਾਲੀ ਓਸੇ ਅੰਤਹਕਰਨ ਵਿੱਚੋਂ ਜਦ ਉਸ ਨੂੰ ਬਿ=ਵਿਸ਼ੇਸ਼ ਕਰਕੇ ਨਾਸ ਕੀਤਾ । ਤਾਂ ਮਨਸਾ=ਬੁੱਧੀ ਵਿਚੋਂ ਦੁਬਿਧਾ ਰੂਪੀ ਖੱਪਰ ਫੁਟ ਗਿਆ।

**ਮਮਤਾ ਜਾਲ ਤੇ ਰਹੈ ਉਦਾਸਾ॥**

**ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ॥ ੨੦॥ ੧॥**

ਜੋ ਮਮਤਾ ਰੂਪੀ ਜਾਲ ਤੋਂ ਉਦਾਸੀਨ ਰਹਿੰਦਾ ਹੈ। ਜਾਂ ਪਦਾਰਥਾਂ ਦੀ ਮਮਤਾ ਤੋਂ ਅਤੇ ਮੋਹ ਰੂਪ ਜਾਲ ਤੋਂ ਉਦਾਸੀਨ ਰਹਿੰਦਾ ਹੈ, ਓਹ ਬ੍ਰਹਮ ਸਰੂਪ ਹੁੰਦਾ ਹੈ। ਏਸੇ ਕਰਕੇ-

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਦਾਸ ਹਾਂ ॥ ੨੦॥ ੧॥

[ਪੰਨਾ ੮੪੧]

## ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦

## ੧ੴ ਸਤਿਗੁਰ ਪ੍ਰਸਾਦਿ॥

ਇਸ ਬਾਣੀ ਵਿਚ ਸੱਤਾਂ ਵਾਰਾਂ ਦਾ ਜ਼ਿਕਰ ਹੈ, ਇਸ ਲਈ ਵਾਰ ਸੱਤ ਇਸ ਬਾਣੀ ਦਾ ਸਿਰਲੇਖ ਹੈ। ਸਿੱਖਾਂ ਨੇ ਬੇਨਤੀ ਕੀਤੀ- 'ਆਪ ਅਜੇਹੀ ਬਾਣੀ ਉਚਾਰੋ ਜਿਸ ਵਿਚ ਸੱਤੇ ਵਾਰ (ਦਿਨ) ਆ ਜਾਣ ਅਤੇ ਜਿਸ ਦੇ ਪੜ੍ਹਨ ਕਰਕੇ ਸੱਤ ਵਾਰ ਭੀ ਸਫ਼ਲ ਹੋ ਜਾਣ।' ਤਾਂ ਗੁਰੂ ਜੀ ਨੇ ਇਹ ਬਾਣੀ ਉਚਾਰੀ-

**ਆਦਿਤ ਵਾਰਿ ਆਦਿ ਪੁਰਖੁ ਹੈ ਸੋਈ॥ ਆਪੇ ਵਰਤੈ ਅਵਰੁ ਨ ਕੋਈ॥**

ਆਦਿਤ ਵਾਰਿ=ਐਤਵਾਰ ਦੁਆਰੇ ਕਥਨ ਕਰਦੇ ਹਨ-ਉਹ ਪਰਮਾਤਮਾ ਅਨਾਦੀ ਪੁਰਖ ਹੈ,

ਵਾ:-ਸਭ ਪੁਰਖਾਂ ਦੀ ਆਦ ਹੈ ਉਹ ਆਪ ਹੀ ਸਾਰੇ ਵਰਤ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

**ਓਤਿ ਪੋਤਿ ਜਗੁ ਰਹਿਆ ਪਰੋਈ॥ ਆਪੇ ਕਰਤਾ ਕਰੈ ਸੁ ਹੋਈ॥**

ਓਤਿਪੋਤਿ=ਤਾਣੇ ਪੇਟੇ ਦੇ ਸੂਤ ਵਾਂਗ ਸਾਰੇ ਜਗਤ ਵਿਚ ਵਿਆਪ ਰਿਹਾ ਹੈ। ਕਰਤਾ ਪੁਰਖ ਜੋ ਆਪ ਕਰਦਾ ਹੈ, ਓਹੀ ਹੁੰਦਾ ਹੈ।

**ਨਾਮਿ ਰਤੇ ਸਦਾ ਸੁਖੁ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥ ੧॥**

ਜੋ ਨਾਮੀ ਦੇ ਨਾਮ ਵਿਚ ਰੱਤੇ ਹਨ, ਉਨ੍ਹਾਂ ਨੂੰ ਸਦਾ=ਨਿਤ ਸੁਖ ਪ੍ਰਾਪਤ ਹੁੰਦਾ ਹੈ।

ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰਮੁਖ ਬੂਝੈ=ਸਮਝਦਾ ਹੈ॥ ੧॥

## ਹਿਰਦੈ ਜਪਨੀ ਜਪਉ ਗੁਣਤਾਸਾ॥

੧.ਪ੍ਰਤੱਖ ਜਪਨੀ=ਮਾਲਾ ਲੈ ਕੇ, ਹਿਰਦੇ ਵਿਚ ਗੁਣਤਾਸਾ=ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਜਪੋ।

੨. ਹਿਰਦੇ ਰੂਪ ਜਪਨੀ=ਮਾਲਾ ਲੈ ਕੇ ਗੁਣਤਾਸ ਪ੍ਰਭੂ ਨੂੰ ਜਪੋ।

## ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
## ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥ ੧॥ ਰਹਾਉ॥

ਜੋ ਹਰੀ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਅਪਰ=ਸੰਸਾਰ ਤੋਂ ਪਰਾ ਰੂਪ ਸਭ ਦਾ ਸੁਆਮੀ ਹੈ, ਸੰਤ ਜਨਾਂ ਦੀ ਚਰਨੀਂ ਲੱਗ ਕੇ ਤੇ ਦਾਸਾਂ ਦਾ ਦਾਸ ਹੋ ਕੇ ਉਸ ਨੂੰ ਧਿਆਉਣਾ ਕਰੋ॥ ੧॥

## ਸੋਮਵਾਰਿ ਸਚਿ ਰਹਿਆ ਸਮਾਇ॥ ਤਿਸ ਕੀ ਕੀਮਤਿ ਕਹੀ ਨ ਜਾਇ॥

ਸੋਮਵਾਰ ਦੁਆਰਾ ਕਥਨ ਕਰਦੇ ਹਨ-ਸੱਚਾ ਪ੍ਰਭੂ ਸਾਰਿਆਂ ਵਿਚ ਸਮਾ ਰਿਹਾ ਹੈ। ਉਸ ਦੀ ਉਪਮਾ ਕਥਨ ਨਹੀਂ ਕੀਤੀ ਜਾਂਦੀ।

## ਆਖਿ ਆਖਿ ਰਹੇ ਸਭਿ ਲਿਵ ਲਾਇ॥ ਜਿਸੁ ਦੇਵੈ ਤਿਸੁ ਪਲੈ ਪਾਇ॥

੧. ਆਖ ਆਖ ਕੇ, ਵਾ:-ਅਖਿਆਣਾਂ ਦੁਆਰੇ ਆਖ ਕੇ ਸਭ ਉਸ ਵਿਚ ਲਿਵ ਲਗਾ ਰਹੇ ਹਨ।

੨. ਆਖਿ=ਮੂੰਹੋਂ ਤਾਂ ਸਭ ਕੋਈ ਲਿਵ ਲਗਾ ਕੇ ਉਸ ਦੇ ਜਸ ਨੂੰ ਆਖ ਰਹੇ ਹਨ। ਪਰ ਜਿਸ ਨੂੰ ਆਪਣਾ ਆਪ ਦੇਂਦਾ ਹੈ, ਤਿਸ ਦੇ ਬੁੱਧੀ ਰੂਪ ਪੱਲੇ ਵਿਚ ਪੈਂਦਾ ਹੈ।

## ਅਗਮ ਅਗੋਚਰੁ ਲਖਿਆ ਨ ਜਾਇ॥
## ਗੁਰ ਕੈ ਸਬਦਿ ਹਰਿ ਰਹਿਆ ਸਮਾਇ॥ ੨॥

ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਗੁਰੂ ਤੋਂ ਆਪਣੇ ਆਪ ਲਖਿਆ ਨ ਜਾਇ=ਜਾਣਿਆ ਨਹੀਂ ਜਾਂਦਾ।

ਗੁਰਾਂ ਦੇ ਸ਼ਬਦ ਕਰਕੇ ਜਾਣਿਆ ਹੈ ਕਿ ਹਰੀ ਸਾਰਿਆਂ ਵਿਚ ਸਮਾ ਰਿਹਾ ਹੈ।

ਵਾ:-ਗੁਰਾਂ ਦੇ ਉਪਦੇਸ਼ ਕਰਕੇ ਇਹ ਜੀਵ ਹਰੀ ਵਿਚ ਸਮਾ ਰਹਿੰਦਾ ਹੈ॥ ੨॥

## ਮੰਗਲਿ ਮਾਇਆ ਮੋਹੁ ਉਪਾਇਆ॥ ਆਪੇ ਸਿਰਿ ਸਿਰਿ ਧੰਧੈ ਲਾਇਆ॥

ਮੰਗਲਵਾਰ ਦੁਆਰਾ ਕਥਨ ਕਰਦੇ ਹਨ—ਮੋਹਣੇ ਵਾਲੀ ਮਾਇਆ ਨੇ ਸਾਰੇ ਜਗਤ ਨੂੰ ਉਪਾਇਆ ਹੈ। ਵਾ:-ਮੋਹਣੇ ਵਾਲੀ ਮਾਇਆ ਦੁਆਰੇ ਪਰਮੇਸ਼ਰ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ। ਵਾ:-ਸਭ ਦੇ ਹਿਰਦੇ ਵਿਚ ਮਾਇਆ ਦਾ ਮੋਹ ਪੈਦਾ ਕੀਤਾ ਹੈ।

## ਆਪਿ ਬੁਝਾਏ ਸੋਈ ਬੂਝੈ॥ ਗੁਰ ਕੈ ਸਬਦਿ ਦਰੁ ਘਰੁ ਸੂਝੈ॥

ਆਪ ਹੀ ਉਸ ਨੇ ਸਿਰਜ ਸਿਰਜ ਕੇ, ਵਾ:-ਸਿਰ-ਬਸਿਰ ਵੱਖੋ-ਵੱਖਰੇ ਧੰਦਿਆਂ ਵਿਚ ਲਗਾਇਆ ਹੈ। ਜਿਸ ਨੂੰ ਆਪ ਸਮਝਾਉਂਦਾ ਹੈ ਓਹੀ ਸਮਝਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰਕੇ ਘਰ ਦੇ ਦਰੁ=ਅੰਦਰ

ਹੀ ਸੁਝ ਆਉਂਦਾ ਹੈ॥

**ਪ੍ਰੇਮ ਭਗਤਿ ਕਰੇ ਲਿਵ ਲਾਇ॥ ਹਉਮੈ ਮਮਤਾ ਸਬਦਿ ਜਲਾਇ॥ ੩॥**

ਲਿਵ ਲਗਾ ਕੇ ਉਸ ਦੀ ਪ੍ਰੇਮਾਭਗਤੀ ਕਰੇ ਅਤੇ ਸ਼ਬਦ ਦੁਆਰਾ ਹੰਗਤਾ ਮਮਤਾ ਨੂੰ ਜਲਾਇ= ਸਾੜ ਦੇਵੇ॥ ੩॥

**ਬੁਧਵਾਰਿ ਆਪੇ ਬੁਧਿ ਸਾਰੁ॥ ਗੁਰਮੁਖਿ ਕਰਣੀ ਸਬਦੁ ਵੀਚਾਰੁ॥**

ਬੁਧਵਾਰ ਦੁਆਰਾ ਕਥਨ ਕਰਦੇ ਹਨ—ਉਹ ਪ੍ਰਭੂ ਆਪ ਹੀ ਜਿਸ ਨੂੰ ਸਾਰੁ=ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਦੇਂਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਸ਼ਬਦ ਦੇ ਵਿਚਾਰਨੇ ਰੂਪੀ ਸ਼ੁਭ ਕਰਨੀ ਨੂੰ ਕਰਦਾ ਹੈ।

**ਨਾਮਿ ਰਤੇ ਮਨੁ ਨਿਰਮਲੁ ਹੋਇ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ॥**

ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਕਰਕੇ ਮਨ ਸ਼ੁੱਧ ਹੁੰਦਾ ਹੈ। ਹਉਮੈ ਰੂਪੀ ਮੈਲ ਨੂੰ ਖੋਹ ਕੇ ਹਰੀ ਗੁਣਾਂ ਨੂੰ ਗਾਉਣਾ ਕਰੇ।

**ਦਰਿ ਸਚੈ ਸਦ ਸੋਭਾ ਪਾਏ॥ ਨਾਮਿ ਰਤੇ ਗੁਰ ਸਬਦਿ ਸੁਹਾਏ॥ ੪॥**

ਉਹ ਸੱਚੇ ਦਰਬਾਰ ਵਿਚ ਸਦਾ ਸ਼ੋਭਾ ਪਾਉਂਦਾ ਹੈ। ਸ਼ੋਭਨੀਕ ਗੁਰ-ਉਪਦੇਸ਼ ਕਰਕੇ ਨਾਮੀ ਪਰਮਾਤਮਾ ਵਿਚ ਰਤੇ=ਅਭੇਦ ਹੋ ਜਾਂਦੇ ਹਨ॥ ੪॥

**ਲਾਹਾ ਨਾਮੁ ਪਾਏ ਗੁਰ ਦੁਆਰਿ॥ ਆਪੇ ਦੇਵੈ ਦੇਵਣਹਾਰੁ॥**

ਦੇਣ ਵਾਲਾ ਪ੍ਰਭੂ ਆਪ ਕਿਰਪਾ ਕਰਕੇ ਦੇਵੇ। ਤਾਂ ਜੀਵ ਗੁਰਾਂ ਦੁਆਰੇ ਨਾਮ ਦਾ ਲਾਹਾ=ਲਾਭ ਪਾਉਂਦਾ ਹੈ।

**ਜੋ ਦੇਵੈ ਤਿਸ ਕਉ ਬਲਿ ਜਾਈਐ॥ ਗੁਰ ਪਰਸਾਦੀ ਆਪੁ ਗਵਾਈਐ॥**

ਜੋ ਦੇਣੇ ਵਾਲਾ ਹੈ ਤਿਸ ਤੋਂ ਬਲਿਹਾਰ ਜਾਣਾ ਕਰੀਏ। ਗੁਰਾਂ ਦੀ ਕਿਰਪਾ ਦੁਆਰੇ ਆਪੁ=ਹੰਕਾਰ ਗੁਆਉਣਾ ਕਰੀਏ।

**ਨਾਨਕ ਨਾਮੁ ਰਖਹੁ ਉਰ ਧਾਰਿ॥ ਦੇਵਣਹਾਰੇ ਕਉ ਜੈਕਾਰੁ॥ ੫॥**

ਗੁਰੂ ਜੀ ਕਥਨ ਕਰਦੇ ਹਨ—ਰਾਮ ਨਾਮ ਨੂੰ ਹਿਰਦੇ ਵਿਚ ਧਾਰਨ ਕਰਕੇ ਰੱਖੋ।

ਨਾਮ ਦੇਣ ਵਾਲੇ ਗੁਰੂ ਨੂੰ ਜੈਕਾਰੁ=ਨਮਸ਼ਕਾਰ ਕਰੋ॥ ੫॥

**ਵੀਰਵਾਰਿ ਵੀਰ ਭਰਮਿ ਭੁਲਾਏ॥ ਪ੍ਰੇਤ ਭੂਤ ਸਭਿ ਦੂਜੈ ਲਾਏ॥**

ਵੀਰਵਾਰ ਦੁਆਰਾ ਕਥਨ ਕਰਦੇ ਹਨ-ਬਵੰਜਾ ਬੀਰ ਭਰਮ ਵਿਚ ਭੁਲਾਏ ਹੋਏ ਹਨ।

*ਅਥਵਾ:*-ਇਹ ਜੀਵ ਭਰਮ ਵਿਚ ਭੁੱਲੇ ਹੋਏ ਬਵੰਜਾ ਬੀਰਾਂ ਦਾ ਪੂਜਨ ਕਰਦੇ ਹਨ। ਜੋ ਭੀ ਭੂਤ ਪ੍ਰੇਤ ਹਨ, ਸਭ ਦੂਜੇ ਭਾਵ ਵਿਚ ਲਾਏ ਹੋਏ ਹਨ। ਜਾਂ ਜੋ ਪੁਰਸ਼ ਦ੍ਵੈਤ ਭਾਅ ਵਿਚ ਲਗਾਏ ਹਨ, ਉਹ ਸਭ ਭੂਤਾਂ ਪ੍ਰੇਤਾਂ ਦਾ ਪੂਜਨ ਕਰਦੇ ਹਨ।

**ਆਪਿ ਉਪਾਏ ਕਰਿ ਵੇਖੈ ਵੇਕਾ॥ ਸਭਨਾ ਕਰਤੇ ਤੇਰੀ ਟੇਕਾ॥**

ਹੇ ਕਰਤਾ ਪੁਰਖ ਪਰਮਾਤਮਾ! ਤੂੰ ਆਪ ਹੀ ਸਭਨਾਂ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਵੇਕਾ=ਵੱਖੋ-ਵੱਖਰੇ ਨੂੰ ਵੇਖਦਾ ਹੈਂ, ਪਰ ਸਭਨਾਂ ਨੂੰ ਤੇਰੀ ਹੀ ਓਟ ਹੈ।

**ਜੀਅ ਜੰਤ ਤੇਰੀ ਸਰਣਾਈ॥ ਸੋ ਮਿਲੈ ਜਿਸੁ ਲੈਹਿ ਮਿਲਾਈ॥ ੬॥**

ਸਾਰੇ ਜੀਅ ਜੰਤ ਤੇਰੀ ਸ਼ਰਨ ਵਿਚ ਆਇਆ ਚਾਹੁੰਦੇ ਹਨ,। ਪਰ ਉਹ ਆਪ ਜੀ ਨੂੰ ਮਿਲਦਾ ਹੈ, ਜਿਸ ਨੂੰ ਤੂੰ ਮਿਲਾ ਲੈਂਦਾ ਹੈਂ॥ ੬॥

**ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ॥ ਆਪਿ ਉਪਾਇ ਸਭ ਕੀਮਤਿ ਪਾਈ॥**

ਸ਼ੁਕ੍ਰਵਾਰ ਦੁਆਰਾ ਕਥਨ ਕਰਦੇ ਹਨ—ਪ੍ਰਭੂ ਸਾਰਿਆਂ ਨੂੰ ਸਮਾਈ ਕਰ ਰਿਹਾ ਹੈ। ਉਸ ਨੇ ਆਪੇ ਦੁਨੀਆਂ ਪੈਦਾ ਕੀਤੀ ਹੈ ਅਤੇ ਆਪ ਹੀ ਸਭਨਾਂ ਦੀ ਕੀਮਤ ਪਾਈ ਹੈ। ਜਾਂ ਸਾਰਿਆਂ ਵਿਚ ਸੱਤਾ ਰੂਪੀ ਕੀਮਤ ਪਾਈ ਹੈ।

**ਗੁਰਮੁਖਿ ਹੋਵੈ ਸੁ ਕਰੈ ਬੀਚਾਰੁ॥ ਸਚੁ ਸੰਜਮੁ ਕਰਣੀ ਹੈ ਕਾਰ॥**

ਜਿਹੜਾ ਗੁਰਮੁਖ ਹੁੰਦਾ ਹੈ ਓਹੀ ਉਸ ਦੀ ਪ੍ਰਾਪਤੀ ਦਾ ਵਿਚਾਰ ਕਰਦਾ ਹੈ ਅਤੇ ਸੱਚੇ ਸੰਜਮ ਦੇ ਨਾਲ ਨਿਸ਼ਕਾਮ ਕਰਮਾਂ ਦੀ ਕਰਣੀ ਰੂਪ ਕਾਰ ਨੂੰ ਕਰਦਾ ਹੈ।

**ਵਰਤੁ ਨੇਮੁ ਨਿਤਾਪ੍ਰਤਿ ਪੂਜਾ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ॥ ੭॥**

ਨੇਮੁ=ਨਿਯਮ ਨਾਲ ਵਰਤ ਰੱਖਣੇ, ਵਾ:-ਵਰਤ ਰੱਖਣੇ ਤੇ ਰੋਜ਼ ਦਾ ਨੇਮ* ਪੂਰਾ ਕਰਨਾ ਅਤੇ ਨਿਤਾਪ੍ਰਤੀ ਠਾਕੁਰ ਪੂਜਨ ਕਰਨਾ, ਇਤਆਦਿਕ ਸਾਰੇ ਕਰਮ ਨਾਮ-ਗਿਆਨ ਦੇ ਬੁੱਝੇ ਤੋਂ ਬਿਨਾਂ ਦ੍ਵੈਤ ਭਾਵ ਰੂਪ ਹੈ॥ ੭॥

**ਛਨਿਛਰਵਾਰਿ ਸਉਣ ਸਾਸਤ ਬੀਚਾਰੁ॥ ਹਉਮੈ ਮੇਰਾ ਭਰਮੈ ਸੰਸਾਰੁ॥**

ਛਨਿਛਰਵਾਰ ਦੁਆਰਾ ਕਥਨ ਕਰਦੇ ਹਨ- ਜੋ ਸਉਣ ਸਾਸਤ=ਜੋਤਸ਼ ਸ਼ਾਸਤ੍ਰ ਦਾ ਵਿਚਾਰ ਕਰਦਾ ਹੈ। ਵਾ:-ਸਉਣ=ਸ਼ਗਨਾਂ ਦਾ ਤੇ ਸ਼ਾਸਤ੍ਰਾਂ ਦਾ ਵਿਚਾਰ ਕਰਦਾ ਹੈ। ਉਹ ਹੰਗਤਾ ਮਮਤਾ, ਮੇਰ ਤੇਰ ਕਰਦਾ ਹੋਇਆ ਸੰਸਾਰ ਵਿਚ ਭਰਮੈ=ਭਉਂਦਾ ਰਹਿੰਦਾ ਹੈ।

**ਮਨਮੁਖੁ ਅੰਧਾ ਦੂਜੈ ਭਾਇ॥ ਜਮ ਦਰਿ ਬਾਧਾ ਚੋਟਾ ਖਾਇ॥**

ਅੰਨ੍ਹਾ ਮਨਮੁਖ ਦ੍ਵੈਤ ਭਾਵ ਕਰਕੇ, ਜਮਾਂ ਦੇ ਦਰਬਾਰ ਵਿਚ ਬੱਧਾ ਹੋਇਆ ਚੋਟਾ ਖਾਇ=ਸੱਟਾਂ ਭਾਵ ਮਾਰ ਖਾਂਦਾ ਹੈ।

**ਗੁਰ ਪਰਸਾਦੀ ਸਦਾ ਸੁਖੁ ਪਾਏ॥ ਸਚੁ ਕਰਣੀ ਸਾਚਿ ਲਿਵ ਲਾਏ॥ ੮॥**

ਜਿਸ ਉਤੇ ਗੁਰੂ ਦੀ ਕਿਰਪਾ ਹੋਈ ਹੈ ਉਹ ਸੱਚੀ ਨਿਸ਼ਕਾਮ ਕਰਮਾਂ ਦੀ ਕਰਣੀ ਕਰਕੇ ਸਚ ਵਿਚ ਲਿਵ ਲਗਾ ਕੇ ਸਦਾ ਸੁਖੁ ਪਾਏ=ਨਿਤ ਸੁਖ ਨੂੰ ਪਾਉਂਦਾ ਹੈ॥ ੮॥

**ਸਤਿਗੁਰੁ ਸੇਵਹਿ ਸੇ ਵਡਭਾਗੀ॥ ਹਉਮੈ ਮਾਰਿ ਸਚਿ ਲਿਵ ਲਾਗੀ॥**

---

*ਇਹ ਬਾਰਾਂ ਨੇਮ ਕਹੇ ਹਨ:-੧.ਸੱਚ, ੨.ਅਕਪਟਤਾ, ੩.ਸ੍ਵੈਧਰਮ, ੪.ਜਪ, ੫.ਤਪ, ੬.ਪੂਜਾ ੭.ਤੀਰਥ ਯਾਤ੍ਰਾ ੮.ਅਥਿਤੀ ਪੂਜਾ, ੯.ਗੁਰਾਂ ਦੀ ਸੇਵਾ ਕਰਨੀ, ੧੦.ਸੰਤੋਖ ਧਾਰਨਾ, ੧੧.ਪਰਉਪਕਾਰ ਕਰਨਾ, ੧੨. ਹਵਨ ਕਰਨਾ।

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਉਹ ਵਡਭਾਗੀ ਪੁਰਸ਼ ਹਨ। ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ, ਉਨ੍ਹਾਂ ਦੀ ਸੱਚ ਵਿਚ ਲਿਵ ਲੱਗੀ ਹੈ।

**ਤੇਰੈ ਰੰਗਿ ਰਾਤੇ ਸਹਜਿ ਸੁਭਾਇ॥ ਤੂ ਸੁਖਦਾਤਾ ਲੈਹਿ ਮਿਲਾਇ॥**

ਸਹਜਿ ਸੁਭਾਇ=ਸੁਤੇ-ਸਿਧ ਜੋ ਤੇਰੇ ਰੰਗਿ=ਪ੍ਰੇਮ ਵਿਚ ਰਤੇ ਹਨ, ਉਨ੍ਹਾਂ ਦਾ ਸਹਜਿ ਸੁਭਾਇ=ਸ਼ਾਂਤੀ ਸੁਭਾਅ ਹੋਇਆ ਹੈ। ਹੇ ਸੁਖਦਾਤੇ ਪ੍ਰਭੂ! ਤੂੰ ਉਨ੍ਹਾਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈਂ।

[ਪੰਨਾ-੮੪੨]

**ਏਕਸ ਤੇ ਦੂਜਾ ਨਾਹੀ ਕੋਇ॥ ਗੁਰਮੁਖਿ ਬੂਝੈ ਸੋਝੀ ਹੋਇ॥ ੯॥**

ਇਕ ਪ੍ਰਭੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਜੋ ਗੁਰਮੁਖ ਗੁਰਾਂ ਦੁਆਰੇ ਬੁੱਝਦਾ ਹੈ, ਉਸਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ॥ ੯॥

**ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ॥**

ਜਿਵੇਂ ਪੰਦਰਾਂ ਥਿੱਤਾਂ ਅਤੇ ਸੱਤ ਵਾਰ। ਮਾਹਾ=ਬਾਰਾਂ ਮਹੀਨੇ, ਛੇ ਰੁੱਤਾਂ ਵਾਰੋ-ਵਾਰ ਆਉਂਦੇ ਹਨ।

**ਦਿਨਸੁ ਰੈਣਿ ਤਿਵੈ ਸੰਸਾਰੁ॥ ਆਵਾ ਗਉਣੁ ਕੀਆ ਕਰਤਾਰਿ॥**

ਪੁਨਾ-ਜਿਵੇਂ ਦਿਨ ਰਾਤ ਮੁੜ-ਮੁੜ ਕੇ ਆਉਂਦੇ ਹਨ, ਤਿਵੇਂ ਸੰਸਾਰ ਵਿਚ ਇਨ੍ਹਾਂ ਦੀ ਮਾਨਤਾ ਕਰਨ ਵਾਲੇ ਜੀਵਾਂ ਦਾ ਕਰਤਾਰ ਨੇ ਵਾਰੋ-ਵਾਰ ਆਵਾਗਉਣੁ=ਜੰਮਣਾ ਤੇ ਮਰਨਾ ਕੀਤਾ ਹੈ।

**ਨਿਹਚਲੁ ਸਾਚੁ ਰਹਿਆ ਕਲ ਧਾਰਿ॥**

**ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥ ੧੦॥ ੧॥**

ਜੋ ਅੱਚਲ ਸੱਚਾ ਆਪਣੀ ਕਲ=ਸ਼ਕਤੀ ਨੂੰ ਧਾਰਨ ਕਰ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਕੋਈ ਵਿਰਲਾ ਹੀ ਗੁਰਮੁਖ ਸ਼ਬਦ ਨੂੰ ਵਿਚਾਰ ਕੇ ਉਸ ਬ੍ਰਹਮ ਨੂੰ ਬੁੱਝਦਾ ਹੈ॥ ੧੦॥ ੧॥

**ਬਿਲਾਵਲੁ ਮਹਲਾ ੩॥**

**ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ॥ ਜੀਅ ਜੰਤ ਮਾਇਆ ਮੋਹਿ ਪਾਜੇ॥**

ਜੋ ਆਦਿ ਪੁਰਖ ਪਰਮਾਤਮਾ ਆਪ ਹੀ ਸ੍ਰਿਸ਼ਟੀ ਨੂੰ ਸਾਜੇ=ਸਾਜਦਾ ਹੈ।

ਉਸੇ ਨੇ ਸੂਖਮ ਸਥੂਲ ਜੀਆ ਜੰਤ ਮਾਇਆ ਦੇ ਮੋਹ ਵਿਚ ਪਾਜੇ=ਪਾਏ ਹਨ।

**ਦੂਜੈ ਭਾਇ ਪਰਪੰਚਿ ਲਾਗੇ॥ ਆਵਹਿ ਜਾਵਹਿ ਮਰਹਿ ਅਭਾਗੇ॥**

ਜੋ ਦ੍ਵੈਤ ਭਾਵ ਕਰਕੇ ਛਲ-ਵਲ ਕਰਨ ਵਿਚ ਲੱਗੇ ਹੋਏ ਹਨ, ਉਹ ਭਾਗਾਂ ਤੋਂ ਹੀਣੇ ਮਰ ਕੇ ਆਉਂਦੇ ਜਾਂਦੇ ਰਹਿੰਦੇ ਹਨ।

**ਸਤਿਗੁਰਿ ਭੇਟਿਐ ਸੋਝੀ ਪਾਇ॥ ਪਰਪੰਚੁ ਚੂਕੈ ਸਚਿ ਸਮਾਇ॥ ੧॥**

ਸਤਿਗੁਰਾਂ ਨਾਲ ਮਿਲਣ ਕਰਕੇ ਆਤਮ-ਗਿਆਤ ਪੈਂਦੀ ਹੈ। ਪਰਪੰਚੁ=ਛਲ-ਵਲ ਦੇ ਚੁਕ ਜਾਣ ਕਰਕੇ ਸੱਚ ਵਿਚ ਸਮਾਈ ਹੁੰਦੀ ਹੈ॥ ੧॥

**ਜਾ ਕੈ ਮਸਤਕਿ ਲਿਖਿਆ ਲੇਖੁ॥**
**ਤਾ ਕੈ ਮਨਿ ਵਸਿਆ ਪ੍ਰਭੁ ਏਕੁ॥੧॥ ਰਹਾਉ॥**

ਜਿਸ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੋਇਆ ਹੈ, ਉਸ ਦੇ ਮਨ ਵਿਚ ਇਕ ਪ੍ਰਭੂ ਵੱਸਿਆ ਹੈ।

**ਸ੍ਰਿਸਟਿ ਉਪਾਇ ਆਪੇ ਸਭੁ ਵੇਖੈ॥ ਕੋਇ ਨ ਮੇਟੈ ਤੇਰੈ ਲੇਖੈ॥**

ਹੇ ਪੁਰਸ਼ਾ! ਦੁਨੀਆਂ ਨੂੰ ਪੈਦਾ ਕਰਕੇ ਆਪ ਹੀ ਸਭਨਾਂ ਨੂੰ ਵੇਖ ਰਿਹਾ ਹੈ। ਭੋਗੇ ਤੋਂ ਬਿਨਾਂ ਤੇਰੇ ਲੇਖੈ=ਭਾਗਾਂ ਨੂੰ ਕੋਈ ਮੇਟ ਨਹੀਂ ਸਕਦਾ।

**ਸਿਧ ਸਾਧਿਕ ਜੇ ਕੋ ਕਹੈ ਕਹਾਏ॥ ਭਰਮੇ ਭੂਲਾ ਆਵੈ ਜਾਏ॥**

ਜਿਹੜਾ ਕੋਈ ਸਿੱਧ, ਜਾਂ ਸਾਧਕ ਆਪ ਨੂੰ ਵੱਡਾ ਕਹਿੰਦਾ ਤੇ ਕਹਾਉਂਦਾ ਹੈ ਕਿ ਇਹ ਜੀ ਬੜੇ ਪਰਤਾਪ ਵਾਲੇ ਤਪੱਸਵੀ ਸੰਤ ਹਨ। ਜਾਂ ਇੰਜ ਕਹਿੰਦਾ ਹੈ 'ਕਿ ਮੈਂ ਲੇਖਾਂ ਨੂੰ ਮੇਟ ਸਕਦਾ ਹਾਂ, ਤੇ ਹੋਰਨਾਂ ਤੋਂ ਕਹਾਉਂਦਾ ਹੈ ਕਿ ਇਹ ਮਹਾਂਪੁਰਸ਼ ਲੇਖ ਮੇਟ ਸਕਦੇ ਹਨ। ਉਹ ਭਰਮ ਵਿਚ ਭੁੱਲਾ ਹੋਣ ਕਰਕੇ ਜੰਮਦਾ ਤੇ ਮਰਦਾ ਹੈ।

**ਸਤਿਗੁਰੁ ਸੇਵੇ ਸੋ ਜਨੁ ਬੂਝੈ॥ ਹਉਮੈ ਮਾਰੇ ਤਾ ਦਰੁ ਸੂਝੈ॥੨॥**

ਜੋ ਸਤਿਗੁਰਾਂ ਨੂੰ ਸੇਂਵਦਾ ਹੈ ਉਹ ਪੁਰਸ਼ ਪਰਮੇਸ਼ਰ ਨੂੰ ਬੁੱਝ ਲੈਂਦਾ ਹੈ। ਹੰਗਤਾ-ਮਮਤਾ ਨੂੰ ਮਾਰੇ ਤਾਂ ਦਰੁ=ਗਿਆਨ-ਦਰਵਾਜ਼ਾ ਸੁਝ ਆਉਂਦਾ ਹੈ।

ਵ:-ਦਰੁ=ਅੰਦਰ ਹੀ ਪਰਮੇਸ਼ਰ ਸੁਝ ਆਉਂਦਾ ਹੈ॥ ੨॥

**ਏਕਸੁ ਤੇ ਸਭੁ ਦੂਜਾ ਹੂਆ॥ ਏਕੋ ਵਰਤੈ ਅਵਰੁ ਨ ਬੀਆ॥**

ਇਕ ਪਰਮਾਤਮਾ ਤੋਂ ਹੀ ਸਾਰਾ ਦੂਜਾ=ਪ੍ਰਪੰਚ ਹੋਇਆ ਹੈ। ਇਕ ਪਰਮਾਤਮਾ ਹੀ ਸਾਰੇ ਵਰਤ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

**ਦੂਜੇ ਤੇ ਜੇ ਏਕੋ ਜਾਣੈ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥**

ਜੇ ਕੋਈ ਗੁਰਾ ਦੇ ਉਪਦੇਸ਼ ਦੁਆਰਾ ਦੂਜੇ=ਦ੍ਵੈਤ ਭਾਅ ਨੂੰ ਤਿਆਗ ਕੇ, ਜਾਂ ਦੂਜੇ=ਪ੍ਰਪੰਚ ਤੋਂ ਮੋਹ ਹਟਾ ਕੇ ਇਕ ਪ੍ਰਭੂ ਨੂੰ ਜਾਣ ਲਵੇ ਤਾਂ ਹਰੀ ਦੇ ਦਰਿ=ਦਰਬਾਰ ਵਿਚ ਨੀਸਾਣੈ=ਪ੍ਰਗਟ ਹੁੰਦਾ ਹੈ।

**ਸਤਿਗੁਰੁ ਭੇਟੇ ਤਾ ਏਕੋ ਪਾਏ॥ ਵਿਚਹੁ ਦੂਜਾ ਠਾਕਿ ਰਹਾਏ॥੩॥**

ਸਤਿਗੁਰਾਂ ਨੂੰ ਮਿਲੇ ਤਾਂ ਇਕ ਪ੍ਰਭੂ ਨੂੰ ਪਾਉਂਦਾ ਹੈ, ਅਤੇ ਹਿਰਦੇ ਵਿੱਚੋਂ ਦ੍ਵੈਤ ਭਾਵ ਨੂੰ ਰੋਕ ਰੱਖਦਾ ਹੈ।

**ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥**

ਜਿਸ ਦਾ ਸਾਹਿਬੁ=ਮਾਲਕ ਪ੍ਰਭੂ ਡਾਢਾ=ਬੜੇ ਜ਼ੋਰ ਵਾਲਾ ਹੁੰਦਾ ਹੈ। ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ।

**ਸਾਹਿਬ ਕੀ ਸੇਵਕੁ ਰਹੈ ਸਰਣਾਈ॥ ਆਪੇ ਬਖਸੇ ਦੇ ਵਡਿਆਈ॥**

ਜੇ ਸੇਵਕ ਸਾਹਿਬ ਦੀ ਸ਼ਰਨੀ ਪਿਆ ਰਹਿੰਦਾ ਹੈ, ਉਸ ਨੂੰ (ਮਾਲਕ ਪਰਮਾਤਮਾ) ਆਪ ਹੀ ਵਡਿਆਈ ਬਖਸ਼ ਦੇਂਦਾ ਹੈ।

**ਤਿਸ ਤੇ ਊਪਰਿ ਨਾਹੀ ਕੋਇ॥ ਕਉਣੁ ਡਰੈ ਡਰੁ ਕਿਸ ਕਾ ਹੋਇ॥ ੪॥**

ਉਸ ਪਰਮਾਤਮਾ ਤੋਂ ਉੱਪਰ ਹੋਰ ਕੋਈ ਨਹੀਂ ਹੈ। ਜਾਂ ਉਸ ਸੇਵਕ ਤੋਂ ਉੱਪਰ ਹੋਰ ਕੋਈ ਵੱਡਾ ਨਹੀਂ ਹੈ। ਫਿਰ ਡੇਰ ਕੌਣ, ਅਤੇ ਕਿਸ ਦਾ ਡਰ ਹੋਵੇਗਾ॥ ੪॥

**ਗੁਰਮਤੀ ਸਾਂਤਿ ਵਸੈ ਸਰੀਰ॥ ਸਬਦੁ ਚੀਨਿ੍ ਫਿਰਿ ਲਗੈ ਨ ਪੀਰ॥**

ਗੁਰੂ ਦੀ ਸਿਖਿਆ ਦੁਆਰੇ ਸਰੀਰ ਵਿਚ ਸ਼ਾਂਤੀ ਵੱਸ ਜਾਵੇ, ਤੇ ਸ਼ਬਦ=ਬ੍ਰਹਮ ਨੂੰ ਚੀਨਿ੍=ਜਾਣ ਲਵੇ ਤਾਂ ਫਿਰ ਜੰਮਾਂ ਦੀ ਪੀੜ ਨਹੀਂ ਲਗਦੀ।

**ਆਵੈ ਨ ਜਾਇ ਨਾ ਦੂਖੁ ਪਾਏ॥ ਨਾਮੇ ਰਾਤੇ ਸਹਜਿ ਸਮਾਏ॥**

ਉਹ ਜੰਮਦਾ ਮਰਦਾ ਨਹੀਂ ਹੈ ਤੇ ਨਾ ਹੀ ਜਮਾਂ ਦੇ ਦੁੱਖ ਨੂੰ ਪਾਉਂਦਾ ਹੈ।

ਨਾਮ ਵਿਚ ਰੱਤਾ ਹੋਇਆ ਸਹਿਜ-ਪਦ ਵਿਚ ਸਮਾਉਂਦਾ ਹੈ।

**ਨਾਨਕ ਗੁਰਮੁਖਿ ਵੇਖੈ ਹਦੂਰਿ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ॥ ੫॥**

ਗੁਰੂ ਜੀ ਕਥਨ ਕਰਦੇ ਹਨ—ਜੋ ਮੇਰਾ ਪ੍ਰਭੂ ਦਾ ਸਦਾ ਹੀ ਭਰਪੂਰ ਹੋ ਰਿਹਾ ਹੈ।

ਗੁਰਮੁਖ ਉਸ ਨੂੰ ਆਪਣੇ ਪਾਸ ਹੀ ਵੇਖਦੇ ਹਨ॥ ੫॥

**ਇਕਿ ਸੇਵਕ ਇਕਿ ਭਰਮਿ ਭੁਲਾਏ॥ ਆਪੇ ਕਰੇ ਹਰਿ ਆਪਿ ਕਰਾਏ॥**

ਇਕਨਾਂ ਨੂੰ ਸੇਵਕ ਕੀਤਾ ਹੈ, ਅਤੇ ਇਕਨਾਂ ਨੂੰ ਭਰਮ ਵਿਚ ਭੁਲਾਇਆ ਹੈ। ਹਰੀ ਆਪ ਹੀ ਸਭ ਕੁਝ ਕਰਦਾ ਹੈ ਤੇ ਆਪ ਹੀ ਬ੍ਰਹਮਾਂ ਪਾਸੋਂ ਕਰਾਉਂਦਾ ਹੈ।

ਵਾ:-ਹਰੀ ਆਪ ਹੀ ਫਲ ਦੇਣਾ ਕਰਦਾ ਹੈ ਤੇ ਆਪ ਹੀ ਜੀਵਾਂ ਪਾਸੋਂ ਕਰਮ ਕਰਵਾਉਂਦਾ ਹੈ।

**ਏਕੋ ਵਰਤੈ ਅਵਰੁ ਨ ਕੋਇ॥ ਮਨਿ ਰੋਸੁ ਕੀਜੈ ਜੇ ਦੂਜਾ ਹੋਇ॥**

ਉਹ ਇਕ ਹੀ ਵਰਤ ਰਿਹਾ ਹੈ, ਹੋਰ ਕੋਈ ਨਹੀਂ ਹੈ। ਮਨ ਵਿਚ ਰੋਸੁ=ਗੁੱਸਾ ਤਾਂ ਕਰੀਏ ਜੇ ਕੋਈ ਦੂਜਾ ਹੋਵੇ।

**ਸਤਿਗੁਰੁ ਸੇਵੇ ਕਰਣੀ ਸਾਰੀ॥ ਦਰਿ ਸਾਚੈ ਸਾਚੇ ਵੀਚਾਰੀ॥ ੬॥**

੧. ਸਤਿਗੁਰਾਂ ਦੀ ਜੋ ਸੇਵਾ ਕਰਨੀ ਹੈ ਏਹੋ ਕਰਣੀ ਸਾਰੀ=ਸਰੇਸ਼ਟ ਹੈ।

੨. ਸਤਿਗੁਰਾਂ ਨੂੰ ਸੇਵਨਾ ਕਰੇ ਅਤੇ ਹੋਰ ਕਰਣੀਆਂ ਨੂੰ ਸਾਰੀ=ਸਾੜ ਦੇਵੇ।

੧. ਸੱਚੇ ਦਰਿ=ਸਤਿਸੰਗ ਵਿਚ ਜਾ ਕੇ ਸੱਚੇ ਦਾ ਵੀਚਾਰ ਕਰੇ।

੨. ਜੋ ਸੱਚੇ ਦਾ ਵਿਚਾਰ ਕਰਦਾ ਹੈ, ਉਹ ਦਰਗਾਹ ਵਿਚ ਸੱਚਾ ਹੁੰਦਾ ਹੈ॥ ੬॥

**ਥਿਤੀ ਵਾਰ ਸਭਿ ਸਬਦਿ ਸੁਹਾਏ॥ ਸਤਿਗੁਰੁ ਸੇਵੇ ਤਾ ਫਲੁ ਪਾਏ॥**

ਗੁਰ-ਸ਼ੁਦ ਕਰਕੇ ਸਾਰੇ ਥਿੱਤਾਂ ਤੇ ਵਾਰ ਸ਼ੋਭਾ ਵਾਲੇ ਹਨ। ਸਤਿਗੁਰਾਂ ਨੂੰ ਸੇਵਨਾ ਕਰੇ ਤਾਂ ਗਿਆਨ-ਫਲ ਨੂੰ ਪਾਉਂਦਾ ਹੈ।

**ਥਿਤੀ ਵਾਰ ਸਭਿ ਆਵਹਿ ਜਾਹਿ॥**

**ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥**

ਜਿਵੇਂ ਥਿੱਤਾਂ ਅਤੇ ਵਾਰ ਸਾਰੇ ਆਉਂਦੇ ਜਾਂਦੇ ਹਨ, ਤਿਵੇਂ ਥਿੱਤਾਂ ਤੇ ਵਾਰਾਂ ਨੂੰ ਮੰਨਣ ਵਾਲੇ ਸਾਰੇ ਜੀਵ ਜੰਮਦੇ ਮਰਦੇ ਰਹਿੰਦੇ ਹਨ।

੧. ਗੁਰ-ਸ਼ਬਦ ਨੂੰ ਮੰਨਣ ਵਾਲੇ ਸੱਚ ਵਿਚ ਸਮਾ ਕੇ ਸਦਾ ਨਿਹਚਲੁ=ਅੱਚਲ ਹੁੰਦੇ ਹਨ।

੨. ਗੁਰਾਂ ਦੇ ਸ਼ਬਦ ਕਰਕੇ ਜਿਸ ਦਾ ਮਨ ਨਿਸਚਲ ਹੋਇਆ ਹੈ, ਉਹ ਸਦਾ ਸੱਚ ਵਿਚ ਸਮਾਉਂਦਾ ਹੈ।

**ਥਿਤੀ ਵਾਰ ਤਾ ਜਾ ਸਚਿ ਰਾਤੇ॥ ਬਿਨੁ ਨਾਵੈ ਸਭਿ ਭਰਮਹਿ ਕਾਚੇ॥੭॥**

ਜਾਂ ਸੱਚ ਵਿਚ ਰਾਤੇ=ਪ੍ਰੇਮ ਕਰੇ ਤਾਂ ਥਿੱਤਾਂ ਤੇ ਵਾਰ ਸਫ਼ਲ ਹੁੰਦੇ ਹਨ। ਨਾਮ ਨੂੰ ਜਪੇ ਤੋਂ ਬਿਨਾਂ ਕੱਚੇ ਪੁਰਸ਼ ਸਾਰੇ ਹੀ ਚੁਰਾਸੀ ਵਿਚ ਭਰਮਦੇ ਹਨ॥ ੭॥

**ਮਨਮੁਖ ਮਰਹਿ ਮਰਿ ਬਿਗਤੀ ਜਾਹਿ॥ ਏਕੁ ਨ ਚੇਤਹਿ ਦੂਜੈ ਲੋਭਾਹਿ॥**

ਜੋ ਮਨਮੁੱਖਤਾ ਵਿਚ ਮਰਦੇ ਹਨ ਉਹ ਮਰ ਕੇ ਬਿਗਤੇ ਜਾਂਦੇ ਹਨ। ਕਿਉਂਕਿ ਉਹ ਦੂਜੈ=ਸੰਸਾਰਕ ਪਦਾਰਥਾਂ ਵਿਚ ਲੋਭਾਹਿ=ਲੁਭਾਇਮਾਨ ਹੋ ਕੇ ਇਕ ਨੂੰ ਚੇਤੇ ਨਹੀਂ ਕਰਦੇ।

**ਅਚੇਤ ਪਿੰਡੀ ਅਗਿਆਨ ਅੰਧਾਰੁ॥ ਬਿਨੁ ਸਬਦੈ ਕਿਉ ਪਾਏ ਪਾਰੁ॥**

ਪਿੰਡੀ =ਬੁੱਧੀ ਅਚੇਤ=ਅਗਿਅਤ ਹੋਣ ਕਰਕੇ ਘੁੱਪ ਅਗਿਆਨ ਰੂਪ ਹਨੇਰਾ ਹੈ। ਗੁਰ-ਉਪਦੇਸ਼ ਤੋਂ ਬਿਨਾਂ ਕਿਵੇਂ ਪਾਰ ਹੋਣਾ ਪਾਵੇਗਾ ?

**ਆਪਿ ਉਪਾਏ ਉਪਾਵਣਹਾਰੁ॥ ਆਪੇ ਕੀਤੋਨੁ ਗੁਰ ਵੀਚਾਰੁ॥ ੮॥**

ਪੈਦਾ ਕਰਨ ਵਾਲੇ ਈਸ਼ੂਰ ਨੇ ਸਭ ਕੁਝ ਆਪੇ ਪੈਦਾ ਕੀਤਾ ਹੈ ਅਤੇ ਉਸ ਨੇ ਆਪ ਹੀ ਗੁਰ-ਵਿਚਾਰ ਨੂੰ ਮੁਖ ਕੀਤਾ ਹੈ॥ ੮॥

**ਬਹੁਤੇ ਭੇਖ ਕਰਹਿ ਭੇਖਧਾਰੀ॥ ਭਵਿ ਭਵਿ ਭਰਮਹਿ ਕਾਚੀ ਸਾਰੀ॥**

ਜੋ ਭੇਖਧਾਰੀ ਪੁਰਸ਼ ਬਹੁਤੇ ਭੇਖ ਧਾਰਨ ਕਰਦੇ ਹਨ।

੧. ਉਹ ਕੱਚੀ ਸਾਰੀ=ਨਰਦ (ਗੋਟੀ) ਵਾਂਗ ਭਵਿ=ਸੰਸਾਰ ਵਿਚ ਭਵਿ ਭਰਮਹਿ=ਭੌਂਦੇ ਫਿਰਦੇ ਹਨ।

੨. ਉਹ ਜੀਵਾਂ ਰੂਪੀ ਨਰਦਾਂ ਕੱਚੀਆਂ ਹਨ, ਕਿਉਂਕਿ ਉਨ੍ਹਾਂ ਨੇ ਇੰਦ੍ਰੀਆਂ ਦਾ ਦਮਨ ਨਹੀਂ ਕੀਤਾ, ਇਸ ਲਈ ਭਵਿ=ਸੰਸਾਰ ਵਿਚ ਭਵਿ=ਉਤਪੱਤ ਹੋ ਕੇ ਭਰਮਦੇ ਫਿਰਦੇ ਭਾਵ ਜੰਮਦੇ ਮਰਦੇ ਰਹਿੰਦੇ ਹਨ।

**ਐਥੈ ਸੁਖੁ ਨ ਆਗੈ ਹੋਇ॥ ਮਨਮੁਖ ਮੁਏ ਅਪਣਾ ਜਨਮੁ ਖੋਇ॥**

ਉਨ੍ਹਾਂ ਨੂੰ ਨਾ ਐਥੈ=ਇਸ ਲੋਕ ਵਿਚ ਸੁਖੁ ਨਾ ਹੀ ਆਗੈ=ਪ੍ਰਲੋਕ ਵਿਚ ਸੁਖ ਹੁੰਦਾ ਹੈ ।

ਮਨਮੁਖ ਪੁਰਸ਼ ਆਪਣਾ ਜਨਮ ਨਿਸਫਲ ਗੁਆ ਕੇ ਮਰ ਗਏ ਹਨ।

**ਸਤਿਗੁਰੁ ਸੇਵੇ ਭਰਮੁ ਚੁਕਾਏ॥ ਘਰ ਹੀ ਅੰਦਰਿ ਸਚੁ ਮਹਲੁ ਪਾਏ॥ ੯॥**

ਜੋ ਭਰਮ ਦੂਰ ਕਰਕੇ ਸਤਿਗੁਰਾਂ ਨੂੰ ਸੇਂਵਦੇ ਹਨ, ਉਹ ਸਰੀਰ-ਘਰ ਦੇ ਅੰਦਰ ਹੀ ਸੱਚ ਸਰੂਪ ਨੂੰ ਪਾ ਲੈਂਦੇ ਹਨ॥ ੯॥

[ਪੰਨਾ ੮੪੩]

## ਆਪੇ ਪੂਰਾ ਕਰੇ ਸੁ ਹੋਇ॥ ਏਹਿ ਥਿਤੀ ਵਾਰ ਦੂਜਾ ਦੋਇ॥

ਪੂਰਾ ਪ੍ਰਭੂ ਜੋ ਆਪੇ ਕਰਦਾ ਹੈ, ਓਹੀ ਕੁਝ ਹੁੰਦਾ ਹੈ।

(੧) ਇਹ ਥਿੱਤਾਂ ਦੋਇ=ਦ੍ਵੈਤ ਭਾਵ ਵਿਚ ਲਾਉਣ ਵਾਲੀਆਂ ਹਨ ਅਤੇ ਵਾਰ ਭੀ ਦੂਜਾ=ਦ੍ਵੈਤ ਭਾਵ ਵਿਚ ਲਾਉਣ ਵਾਲੇ ਹਨ।

(੨) ਇਹ ਥਿੱਤਾਂ ਅਤੇ ਵਾਰ ਦੋਇ=ਦੋਨੋਂ ਹੀ ਜੀਵ ਨੂੰ ਦੂਜੇ ਭਾਵ ਵਿਚ ਲਾਉਣ ਵਾਲੇ ਹਨ।

(੩) ਥਿੱਤਾਂ ਤੇ ਸੱਤ ਵਾਰ ਇਨ੍ਹਾਂ ਦੋਹਾਂ ਨੂੰ ਜੋ ਪੂਜਦੇ ਹਨ, ਉਹ ਦੂਜਾ=ਜਮਾਂ ਦੇ ਹਵਾਲੇ ਹੁੰਦੇ ਹਨ।

## ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥

ਸਤਿਗੁਰਾਂ ਤੋਂ ਬਿਨਾਂ ਸੰਸਾਰ ਵਿਚ ਵੱਡਾ ਘੋਰ ਹਨੇਰਾ ਹੈ। ਜੋ (ਨਾਮ ਨੂੰ ਛੱਡ ਕੇ) ਥਿੱਤਾਂ ਤੇ ਵਾਰਾਂ ਨੂੰ ਸੇਂਵਦੇ ਹਨ, ਉਹ ਮੂਰਖ ਤੇ ਗਵਾਰ ਹਨ।

## ਨਾਨਕ ਗੁਰਮੁਖਿ ਬੂਝੈ ਸੋਝੀ ਪਾਇ॥
## ਇਕਤੁ ਨਾਮਿ ਸਦਾ ਰਹਿਆ ਸਮਾਇ॥੧੦॥੨॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੁਆਰੇ ਬੁੱਝੇ ਤਾਂ ਆਤਮ-ਗਿਆਤ ਨੂੰ ਪਾਉਂਦਾ ਹੈ।
ਉਹ ਫਿਰ ਇਕ ਨਾਮੀ (ਪਰਮਾਤਮਾ) ਵਿਚ ਸਦਾ ਸਮਾ ਰਹਿੰਦਾ ਹੈ॥ ੧੦॥ ੨॥

## ਬਿਲਾਵਲੁ ਮਹਲਾ ੧ ਛੰਤ ਦਖਣੀ
## ੴ ਸਤਿਗੁਰ ਪ੍ਰਸਾਦਿ॥

੧. ਦੱਖਣੀ ਛੰਦ ਦੀ ਚਾਲ ਹੈ।

੨. ਦੱਖਣ ਦੇਸ਼ ਦੀ ਸੰਗਤ ਆਈ, ਉਸ ਨੂੰ ਛੰਤਾਂ ਦੇ ਰੂਪ ਵਿਚ ਬਾਣੀ ਉਚਾਰ ਕੇ ਉਪਦੇਸ਼ ਦਿੰਦੇ ਹਨ।

## ਮੁੰਧ ਨਵੇਲੜੀਆ ਗੋਇਲਿ ਆਈ ਰਾਮ॥

ਜਿਸ ਨੇ ਰਾਮ ਨਾਮ ਨੂੰ ਜਪ ਕੇ ਗੋਇਲੀ ਦੀ ਤਰ੍ਹਾਂ ਆਪਣੇ ਆਪ ਨੂੰ ਸੰਸਾਰ ਵਿਚ ਆਇਆ ਨਿਸਚੇ ਕੀਤਾ ਹੈ ਕਿ ਮੈਂ ਕੋਈ ਦਿਨ ਦੀ ਪ੍ਰਾਹੁਣੀ ਹਾਂ, ਉਹ ਜਗਿਆਸੂ ਰੂਪ ਮੁੰਧ=ਇਸਤ੍ਰੀ ਸ਼ੌਕ ਅਵਸਥਾ ਰੂਪੀ ਨਿਵੇਲੜੀਆ=ਨਵੀਨ ਜੋਬਨ ਵਾਲੀ ਹੈ।

*ਯਥਾ:-'ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥* *(ਮਃ ੧, ਪੰਨਾ ੫੦)*

## ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ॥

ਇਸ ਲਈ ਉਸ ਨੇ ਦੇਹ ਅਧਿਆਸ ਰੂਪ ਮਟਕੀ, ਵਾ:-ਲੋਕ ਲੱਜਾ ਰੂਪ ਮਟਕੀ ਸੁੱਟ ਦਿੱਤੀ ਹੈ, ਅਤੇ ਹਰੀ ਰਾਮ ਵਿਚ ਲਿਵ=ਬਿਰਤੀ ਲਗਾਈ ਹੈ।

## ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ॥

ਜੋ ਗੋਇਲ ਅਸਥਾਨ ਸੰਸਾਰ ਵਿਚ ਆਪਣੇ ਆਪ ਨੂੰ ਗੋਇਲੀ ਦੀ ਤਰ੍ਹਾਂ ਕੋਈ ਦਿਨ ਦੀ ਪ੍ਰਾਹੁਣੀ ਮੰਨ ਕੇ, ਹਰੀ ਨਾਲ ਲਿਵ ਲਗਾ ਰਹੀ ਹੈ, ਉਹ ਸਹਿਜੇ ਹੀ ਗੁਰ-ਸ਼ਬਦ ਕਰਕੇ (ਜਪ ਤਪ ਆਦਿਕਾਂ ਨਾਲ) ਸ਼ਿੰਗਾਰੀ ਗਈ ਹੈ। ਅਤੇ-

## ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ॥

ਕਰ=ਹੱਥ ਜੋੜ ਕੇ ਗੁਰਾਂ ਪਾਸ ਬੇਨਤੀ ਕਰਦੀ ਹੈ ਕਿ ਮੈਨੂੰ ਅਜੇਹਾ ਵਰ ਦਿਓ, ਜਿਸ ਕਰਕੇ ਮੈਂ ਉਸ ਸੱਚੇ ਪਿਆਰੇ ਨਾਲ ਮਿਲ ਜਾਵਾਂ, ਜਾਂ ਸੱਚ ਦੇ ਪਿਆਰ ਵਾਲੀਆਂ ਜੋ ਮਹਾਤਮਾ ਰੂਪ ਸਖੀਆਂ ਹਨ, ਉਨ੍ਹਾਂ ਨਾਲ ਮਿਲਣਾ ਕਰਾਂ।

## ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥

ਜਿਸ (ਜਗਿਆਸੂ) ਧਨ=ਇਸਤ੍ਰੀ ਨੇ ਭਾਇ ਭਗਤੀ=ਪ੍ਰੇਮਾ-ਭਗਤੀ ਕਰਕੇ ਕਾਮ, ਕ੍ਰੋਧ ਆਦਿਕਾਂ ਨੂੰ ਨਵਿਰਤ ਕੀਤਾ ਹੈ, ਉਸ ਨੇ ਦੇਖਿ ਪ੍ਰੀਤਮ=ਪਰਮਾਤਮਾ ਨੂੰ ਵੇਖ ਲਿਆ ਹੈ।

## ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥ ੧॥

ਗੁਰੂ ਜੀ ਕਥਨ ਕਰਦੇ ਹਨ — ਉਹ (ਜਗਿਆਸੂ ਰੂਪ) ਮੁੰਧ=ਇਸਤ੍ਰੀ ਨਵੇਲ=ਨਵੀਨ ਤੇ ਸੁੰਦਰ ਹੈ, ਜਿਸ ਨੇ ਪਿਰੁ=ਪਿਰੀ (ਪਰਮਾਤਮਾ) ਨੂੰ ਵੇਖ ਕੇ ਮਨ ਨੂੰ ਸਹਿਤ ਆਸਰੇ ਦੇ ਕੀਤਾ ਹੈ॥ ੧॥

## ਸਚਿ ਨਵੇਲੜੀਏ ਜੋਬਨਿ ਬਾਲੀ ਰਾਮ॥

ਹੇ ਸ਼ੌਕ ਅਵਸਥਾ ਰੂਪ ਨਵੇਲੜੀਏ=ਨਵੀਨ ਜੋਬਨ ਵਾਲੀ (ਜਗਿਆਸੂ ਰੂਪ) ਬਾਲੀ=ਇਸਤ੍ਰੀਏ ! ਤੂੰ ਸੱਚੇ ਰਾਮ ਦਾ ਸਿਮਰਨ ਕਰ।

## ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ॥

ਕਿਸੇ ਹੋਰ ਅਸਥਾਨ ਪਰ ਆਓ ਜਾਓ ਨਾ, ਆਪਣੇ ਰਾਮ-ਪਤੀ ਨਾਲ ਲੱਗੀ ਰਹੁ।

## ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ॥

ਆਪਣੇ ਨਾਹ=ਪਤੀ-ਪਰਮਾਤਮਾ ਨਾਲ ਦਾਸੀ ਹੋ ਕੇ ਰਹਿਣਾ ਕਰ, ਮੈਨੂੰ ਤਾਂ ਹਰੀ ਦੀ ਭਗਤੀ ਕਰਨੀ ਭਾਉਂਦੀ ਹੈ।

## ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ॥

ਜਿਸ ਦਾ ਬੋਧਿ=ਗਿਆਨ ਅਗਾਧ ਹੈ, ਉਸ ਅੱਕਥ ਨੂੰ ਕਥਨ ਕਰ, ਅਤੇ ਸਹਿਜੇ-ਸਹਿਜੇ ਪ੍ਰਭੂ ਦੇ ਜਸ ਰੂਪ ਗੁਣਾਂ ਨੂੰ ਗਾਉਣਾ ਕਰ।

## ਰਾਮ ਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ॥

ਜੋ ਰਸਾਲ=ਸੁੰਦਰ ਰਾਮ-ਨਾਮ ਨੂੰ ਰਸੀਆ=ਪ੍ਰੇਮ ਨਾਲ ਰਵੈ=ਉਚਾਰਦੀ ਹੈ, ਉਹ ਸੱਚ ਦੀ ਪਿਆਰੀ ਹੈ। ਵਾ:-ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥ (ਪੰਨਾ ੨੩) ਐਸਾ ਜੋ ਰਸੀਆ ਪ੍ਰਭੂ ਹੈ, ਰਸਾਲ=ਸੁੰਦਰ

ਉਸ ਸੱਚੇ. ਰਾਮ ਨਾਮ ਨੂੰ ਹੇ ਪਿਆਰੀ ! ਤੂੰ ਰਵੈ=ਉਚਾਰਨਾ ਕਰ।

**ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ ॥ ੨ ॥**

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਗੁਰਾਂ ਨੇ ਉਪਦੇਸ਼ ਦਿੱਤਾ ਹੈ ਅਤੇ ਨਾਮ ਦਾਨ ਦੇਣਾ ਕੀਤਾ ਹੈ, ਉਹ ਸ਼ੁਭ ਵਿਚਾਰ ਵਾਲੀ ਹੋਈ ਹੈ॥ ੨ ॥

**ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ॥**

ਜਿਸ ਨੂੰ ਸ੍ਰੀ ਧਰ=ਪਰਮਾਤਮਾ ਨੇ ਮੋਹ ਲਿਆ ਹੈ, ਉਹ ਰਾਮ-ਪਤੀ ਦੇ ਨਾਲ ਸੁੱਤੀ ਹੈ, ਭਾਵ ਉਸ ਦੇ ਨਾਲ ਅਭੇਦ ਹੋਈ ਹੈ।

**ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ ॥**

ਜੋ ਗੁਰਾਂ ਦੇ ਭਾਇ=ਪ੍ਰੇਮ ਵਾ:-ਭਾਣੇ ਵਿਚ ਚੱਲੀ ਹੈ ਉਹ ਸੱਚੇ ਰਾਮ ਦੇ ਸੰਗੂਤੀ=ਸੰਗ ਹੋਈ ਹੈ।

**ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ ॥**

ਸੰਗਿ ਸਖੀ ਸਹੇਲੀਆ=ਪਿਆਰੀਆਂ ਸੰਤਾਂ ਰੂਪ ਸਹੇਲੀਆਂ ਦੇ ਨਾਲ ਮਿਲ ਕੇ, ਤੇ ਸੱਚ ਨਾਮ ਦੇ ਸੰਗੂਤੀ=ਸੰਜੁਗਤ ਹੋ ਕੇ ਜਗਿਆਸੂ ਰੂਪ ਇਸਤ੍ਰੀ ਹਰਿ ਸੰਗਿ ਸੂਤੀ=ਹਰੀ ਨਾਲ ਅਭੇਦ ਹੋਈ ਹੈ।

**ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥**

ਜਿਨ੍ਹਾਂ ਦੇ ਮਨ ਵਿਚ ਇਕ ਦਾ ਭਾਇ=ਪ੍ਰੇਮ ਹੈ , ਤੇ ਇਕ ਪ੍ਰਭੂ ਦਾ ਨਾਮ ਵੱਸਿਆ ਹੈ, ਉਨ੍ਹਾਂ ਹਮ=ਤਮਾਮ ਭਾਵ ਸਭਨਾਂ ਨੂੰ ਸਤਿਗੁਰਾਂ ਨੇ ਪਰਮੇਸ਼ਰ ਨਾਲ ਮੇਲਿਆ ਹੈ।

**ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥**

ਜਿਸ ਨੂੰ ਇਕ ਘੜੀ ਅਤੇ ਚਸਾ ਪਰ ਵੀ ਨਾਮ ਭੁੱਲਦਾ ਨਹੀਂ ਹੈ, ਉਹ ਦਿਨ ਰਾਤ ਅੰਦਰ ਸ੍ਵਾਸ ਜਾਂਦਿਆਂ ਤੇ ਬਾਹਰ ਸ੍ਵਾਸ ਆਉਂਦਿਆਂ ਨਿਰੰਜਨ ਦਾ ਨਾਮ ਜਪਦੀ ਰਹਿੰਦੀ ਹੈ।

**ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥ ੩ ॥**

ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਨੇ ਉਸ ਦੇ ਅੰਤਹਕਰਨ ਰੂਪ ਮੰਦਰ ਵਿਚ ਸ਼ਬਦ ਰੂਪ ਜੋਤਿ=ਅੱਗ ਨਾਲ ਗਿਆਨ ਰੂਪ ਦੀਵਾ ਜਗਾ ਕੇ ਉਸ ਦਾ ਜਨਮ ਮਰਨ ਰੂਪ ਭਉ ਭੰਜਨੋ=ਡਰ ਨਾਸ ਕਰ ਦਿੱਤਾ ਹੈ॥ ੩ ॥

**ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥**

ਜਿਸ ਰਾਮ ਦੀ ਜੋਤਿ=ਚੇਤਨ ਸੱਤਾ ਸਬਾਇੜੀਏ=ਸਾਰਿਆਂ ਵਿਚ ਆਈ ਹੋਈ ਹੈ, ਓਹੀ ਰਾਮ ਤਿਨ੍ਹਾਂ ਲੋਕਾਂ ਦੀ ਸਾਰੇ=ਸੰਭਾਲ ਰੱਖਦਾ ਹੈ। ਪੁਨਾ ਓਹ-

**ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥**

ਸਾਰਿਆਂ ਘਟਾਂ ਘਟਾਂ ਵਿਚ ਵਿਆਪ ਰਿਹਾ ਹੈ ਅਤੇ ਉਹ ਰਾਮ ਅਲੱਖ ਹੈ ਤੇ ਅਪਾਰੇ=ਪਾਰਾਵਾਰ ਤੋਂ ਰਹਿਤ ਹੈ।

**ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥**

ਉਹ ਸੱਚਾ ਅਲੱਖ ਤੇ ਅਪਾਰ ਹੈ ਆਪੁ=(ਆਪਾ ਭਾਅ) ਹੰਕਾਰ ਨੂੰ ਮਾਰ ਕੇ ਉਸ ਅਪਾਰ ਪ੍ਰਭੂ ਨਾਲ ਆਪਣੇ ਆਪ ਨੂੰ ਮਿਲਾਉਣਾ ਕਰੀਏ।

**ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ॥**

ਹੰਗਤਾ-ਮਮਤਾ ਤੇ ਲੋਭ ਨੂੰ ਜਾਲਹੁ=ਸਾੜ ਦਿਓ,

ਅਤੇ ਗੁਰ-ਸ਼ਬਦ ਦੁਆਰਾ ਰਾਗ ਦ੍ਵੈਸ਼ ਰੂਪੀ ਮੈਲ ਨੂੰ ਦੂਰ ਕਰ ਦਿਓ।

**ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ॥**

ਜਿਸ ਨੇ ਦਰਿ=ਸਤਿਸੰਗਤ ਵਿਚ ਜਾ ਕੇ ਗੁਰਾਂ ਦਾ ਦਰਸ਼ਨ ਕੀਤਾ ਹੈ, ਤੇ ਭਾਣੇ ਨੂੰ ਮੰਨਿਆ ਹੈ ਉਸ ਨੂੰ ਤਾਰਨ ਵਾਲੇ ਨੇ ਤਾਰ ਲਿਆ ਹੈ।

**ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ॥੪॥੧॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਿਰਦੇ ਵਿਚ ਪ੍ਰੇਮ ਧਾਰਿਆ ਹੈ, ਉਹ ਹਰੀ ਨਾਮ-ਅੰਮ੍ਰਿਤ ਨੂੰ ਚੱਖ ਕੇ ਤ੍ਰਿਪਤ ਹੋਈ ਹੈ॥ ੪॥ ੧॥

**ਬਿਲਾਵਲੁ ਮਹਲਾ ੧॥ ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ॥**

ਮੇਰੇ ਮਨ ਵਿਚ ਘਣਾ ਚਾਉ=ਬਹੁਤਾ ਉਤਸ਼ਾਹ ਹੈ,

ਸੱਚੇ ਰਾਮ ਨੂੰ ਜਪ ਕੇ ਬੁੱਧੀ ਵਿਗਾਰੀ=ਖਿੜ ਪਈ ਹੈ।

**ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ॥**

ਜੋ ਰਾਮ ਪ੍ਰਭੂ ਅਬਿਨਾਸ਼ੀ ਹੈ, ਉਸ ਪਿਰੀ ਦੇ ਪ੍ਰੇਮ ਵਿਚ ਬੁੱਧੀ ਮੋਹੀ ਗਈ ਹੈ।

**ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ॥**

ਜਿਸ ਹਰੀ ਦੀ ਗਤੋ=ਪ੍ਰਾਪਤੀ ਅਵਿ=ਕਠਨ ਹੈ, ਅਤੇ ਜੋ ਨਾਥਾਂ ਦਾ ਭੀ ਨਾਥ ਹੈ,

ਉਸ ਨੂੰ ਜੋ ਭਾਉਂਦਾ ਹੈ ਓਹੀ ਹੁੰਦਾ ਹੈ। ਹੇ ਭਾਈ! ਉਸ ਅੱਗੇ ਤੂੰ ਬੇਨਤੀ ਕਰ:-

**ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ॥**

ਹੇ ਕ੍ਰਿਪਾਲੂ ਤੇ ਸਦਾ ਦਿਆਲੂ ਦਾਤੇ! ਜੀਵਾਂ ਦੇ ਅੰਦਰ ਕਲਾ ਪਾ ਕੇ ਤੂੰ ਹੀ ਜਿਵਾਉਣ ਵਾਲਾ ਹੈਂ।

[ਪੰਨਾ ੮੪੪]

**ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ॥**

ਹੇ ਹਰੀ! ਮੈਂ ਹੋਰ ਗਿਆਨ ਧਿਆਨ ਤੇ ਕੁਝ ਪੂਜਾ ਕਰਨੀ ਨਹੀਂ ਜਾਣਦਾ ਹਾਂ, ਕੇਵਲ ਆਪ ਜੀ ਦਾ ਨਾਮ ਮੇਰੇ ਹਿਰਦੇ ਅੰਦਰ ਵੱਸਿਆ ਰਹੇ।

**ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥੧॥**

ਗੁਰੂ ਜੀ ਕਥਨ ਕਰਦੇ ਹਨ—ਭੇਖਾਂ ਵਿਚ ਫਿਰਨਾ, ਜਾਂ ਭੇਖ ਧਾਰ ਕੇ ਦੁਨੀਆਂ ਵਿਚ ਫਿਰਨਾ ਅਤੇ ਹਠ ਨੂੰ ਨਹੀਂ ਜਾਣਦਾ ਹਾਂ, ਕੇਵਲ ਇਕ ਸੱਚ ਨੂੰ ਹੀ ਗ੍ਰਹਿਣ ਕਰ ਰਿਹਾ ਹਾਂ॥ ੧॥

## ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ॥

(੧) ਜਿਸ ਦੀ ਬੁੱਧੀ ਰਾਮ ਦੇ ਪ੍ਰੇਮ ਵਿਚ ਭਿੱਜੀ ਹੈ, ਉਸ ਦੀ ਪ੍ਰਤੱਖ ਰਾਤ ਭਲੀ ਹੈ ਤੇ ਦਿਨ ਭੀ ਸ਼ੋਭਨੀਕ ਹੈ।

(੨) ਜਿਸ ਦੀ ਅਵਸਥਾ ਰੂਪੀ ਰਾਤ ਪ੍ਰੇਮ ਵਿਚ ਭਿੱਜੀ ਹੈ ਉਹ ਆਪ ਭਲੀ ਹੈ, ਅਤੇ ਰਾਮ ਨਾਮ ਜਪਣ ਕਰਕੇ ਦਿਨ ਸ਼ੋਭਨੀਕ ਹੋਇਆ ਹੈ। ਜਾਂ ਸ਼ੋਭਨੀਕ ਗਿਆਨ ਰੂਪ ਦਿਨ ਚੜ੍ਹਿਆ ਹੈ।

(੩) ਜਿਸ ਦੀ ਜੋਬਨ ਅਵਸਥਾ ਰੂਪੀ ਰਾਮ ਪ੍ਰੇਮ ਵਿਚ ਭਿੱਜੀ ਹੈ ਅਤੇ ਰਾਮ ਨਾਮ ਕਰਕੇ ਬ੍ਰਿਧ ਅਵਸਥਾ ਰੂਪੀ ਦਿਨ ਭੀ ਸ਼ੋਭਨੀਕ ਹੋਇਆ ਹੈ, ਉਹ ਇਸਤ੍ਰੀ ਭਲੀ ਹੈ।

## ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥

ਹੇ ਆਪਣੇ ਸਰੀਰ-ਘਰ ਵਿਚ ਮੋਹ-ਨੀਂਦ ਵਿਚ ਸੁੱਤੀ ਹੋਈਏ ਜੇਕਰ, ਰਾਮ ਪਿਰੀ ਜਗਾਵੇ ਤਾਂ ਹੀ ਜਾਗਣਾ ਹੁੰਦਾ ਹੈ।

## ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ॥

ਜੋ ਨਵ ਧਨ=ਨਵੀਨ (ਉੱਤਮ ਜਗਿਆਸੂ ਰੂਪ) ਇਸਤਰੀ ਗੁਰ-ਸ਼ਬਦ ਕਰਕੇ ਮੋਹ ਨੀਂਦ ਵਲੋਂ ਜਾਗੀ ਹੈ। ਜਾਂ ਗਿਆਨ-ਜਾਗ੍ਰਤ ਵਿਚ ਜਾਗੀ ਹੈ, ਉਹ ਆਪਣੇ ਨਵਹਾਣਿ=ਨਵੀਨ ਪਤੀ (ਪਰਮਾਤਮਾ) ਨੂੰ ਭਾਣੀਆ=ਭਾ ਗਈ ਹੈ। ਕਿਉਂਕਿ ਉਸ ਨੇ-

## ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ॥

ਕੂੜੁ=ਝੂਠ, ਕਪਟ ਵਾਲਾ ਸੁਭਾਅ, ਤੇ ਦ੍ਵੈਤ ਭਾਵ ਅਤੇ ਲੌਕਿਕ ਚਾਕਰੀ ਨੂੰ ਤਿਆਗ ਦਿੱਤਾ ਹੈ।

## ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ॥

ਉਸ ਨੇ ਹਰੀ ਦਾ ਨਾਮ ਰੂਪੀ ਹਾਰ (ਕੰਠੇ ਮੈਂ) ਗਲ ਵਿਚ ਪਹਿਰਿਆ ਹੈ, ਇਸ ਲਈ ਉਸ ਨੂੰ ਸੱਚਾ ਸਬਦੁ=ਬ੍ਰਹਮ ਨੀਸਾਣਿਆ ਪ੍ਰਗਟ ਹੋਇਆ ਹੈ।

## ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ॥ ੨ ॥

(੧) ਗੁਰੂ ਜੀ ਕਥਨ ਕਰਦੇ ਹਨ— ਕਰ=ਹੱਥ ਜੋੜ ਕੇ ਸੱਚ ਤੋਂ ਮੰਗਦਾ ਹਾਂ, ਜੇ ਆਪ ਜੀ ਨੂੰ ਭਾਉਂਦਾ ਹੈ ਤਾਂ ਮੇਰੇ ਉਤੇ ਨਦਰਿ ਕਰਿ=ਕਿਰਪਾ ਦ੍ਰਿਸ਼ਟੀ ਕਰ।

(੨) ਗੁਰੂ ਜੀ ਕਥਨ ਕਰਦੇ ਹਨ—ਮੈਂ ਹੱਥ ਜੋੜ ਕੇ ਸੱਚ ਨਾਮ ਮੰਗਦਾ ਹਾਂ, ਜੇਕਰ ਆਪ ਜੀ ਨੂੰ ਭਾਉਂਦਾ ਹੈ ਤਾਂ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦਾਨ ਦੇਣਾ ਕਰ ॥ ੨ ॥

## ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥

ਹੇ ਸੁਰਤੀ ਸਿੰਮ੍ਰਿਤੀ ਰੂਪ, ਵਾ:-ਗਿਆਨ ਵੈਰਾਗ ਰੂਪੀ ਸਲੋਨੜੀਏ=ਸੁੰਦਰ ਅੱਖਾਂ ਵਾਲੀਏ !

ਤੂੰ ਜਾਗ ਅਤੇ ਰਾਮ ਦੀ ਪ੍ਰਾਪਤੀ ਕਰਾਉਣ ਵਾਲੀ ਗੁਰਬਾਣੀ ਨੂੰ ਤੂੰ ਬੋਲਣਾ ਕਰ।

## ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥

ਜਿਸ ਨੇ ਗੁਰਬਾਣੀ ਸੁਣ ਕੇ ਮੰਨਣ ਕੀਤੀ ਹੈ, ਉਸ ਨੂੰ ਰਾਮ ਦੀ ਅਕੱਥ ਕਹਾਣੀ ਪ੍ਰਾਪਤ ਹੋਈ ਹੈ।

## ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥

ਅਕੱਥ ਕਹਾਣੀ ਨਿਰਬੰਧ ਪਦਵੀ ਦੀ ਪ੍ਰਾਪਤ ਕਰਨ ਵਾਲੀ ਹੈ, ਪਰ ਕੋਈ ਵਿਰਲਾ ਹੀ ਗੁਰਮੁਖ ਸਮਝਦਾ ਹੈ।

## ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥

ਜੋ ਆਪਾ ਭਾਅ ਹੰਕਾਰ ਨੂੰ ਗੁਆਉਂਦਾ ਹੈ ਉਹ ਗੁਰ-ਉਪਦੇਸ਼ ਵਿਚ ਸਮਾਉਂਦਾ ਹੈ।

ਉਸ ਨੂੰ ਤਿੰਨਾਂ ਭਵਨਾਂ ਦੀ ਸੋਝੀ ਮਿਥਿਆ ਰੂਪਤਾ ਕਰਕੇ, ਜਾਂ ਬ੍ਰਹਮ ਰੂਪਤਾ ਕਰਕੇ ਸੂਝ ਆਉਂਦੀ ਹੈ।

## ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ॥

ਉਹ ਜਗਤ ਤੋਂ ਅਤੀਤੁ=ਰਹਿਤ ਹੋ ਕੇ ਅਪਰੰਪਰਿ=ਪਰਮੇਸ਼ਰ ਵਿਚ ਰੱਤਾ ਰਹਿੰਦਾ ਹੈ ਅਤੇ ਮਨ ਵਿਚ ਸੱਚ ਦੇ ਗੁਣਾਂ ਨੂੰ ਸੰਭਾਲਦਾ ਹੈ। ਜਾਂ ਸੱਚ ਦੇ ਮਨਿ=ਮੰਨਣ ਕਰਨੇ ਰੂਪ ਗੁਣਾਂ ਨੂੰ ਸੰਭਾਲਦਾ ਹੈ।

## ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ॥ ੩॥

ਗੁਰੂ ਜੀ ਕਥਨ ਕਰਦੇ ਹਨ— ਜੋ ਸਾਰੀਆਂ ਜਗ੍ਹਾਂ ਪਰ ਪੂਰਨ ਹੋ ਰਿਹਾ ਹੈ, ਉਸ ਪਰਮਾਤਮਾ ਨੂੰ ਉਸ ਨੇ ਆਪਣੇ ਹਿਰਦੇ ਵਿਚ ਧਾਰਿਆ ਹੋਇਆ ਹੈ॥ ੩॥

## ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ॥

ਜੋ ਭਗਤੀ ਵਿਚ ਸਨੇਹੀ=ਪ੍ਰੇਮ ਵਾਲੀ ਹੋਈ ਹੈ, ਉਸ ਨੂੰ ਰਾਮ ਨੇ ਮਹਲਿ=ਸਰੂਪ ਵਿਚ ਬੁਲਾਇਆ ਹੈ।

## ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ॥

ਜੋ ਗੁਰ-ਸਿਖਿਆ ਕਰਕੇ ਮਨ ਵਿਚ ਰਹਸੀ=ਅਨੰਦ ਹੋਈ ਹੈ,

ਦੇਹ ਵਾਲਾ ਜੋ ਰਾਮ ਹੈ ਉਸ ਨੂੰ ਪਾ ਕੇ ਉਹ ਸੀਝਸਿ=ਕਲਿਆਣ ਹੋਈ ਹੈ।

ਜਾਂ ਰਾਮ ਦੀ ਕਿਰਪਾ ਨਾਲ ਦੇਹੀ=ਦੇਹ ਦੇ ਵਿਚ ਹੀ ਕਲਿਆਣ ਹੋਈ ਹੈ।

## ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥

ਜਿਸ ਨੇ ਗੁਰ-ਸ਼ਬਦ ਦੁਆਰਾ ਮਨ ਨੂੰ ਮਾਰਿਆ ਹੈ, ਤੇ ਤਿੰਨਾਂ ਲੋਕਾਂ ਦੇ ਨਾਥੁ=ਸੁਆਮੀ ਪਰਮੇਸ਼ਰ ਨੂੰ ਪਛਾਣਿਆ ਹੈ ਉਹ ਸੀਝੈ=ਕਲਿਆਣ ਹੋ ਕੇ ਰੀਝੈ=ਪ੍ਰਸੰਨ ਹੋਈ ਹੈ।

## ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥

ਜਿਸ ਨੇ ਆਪਣੇ ਪਤੀ-ਪਰਮੇਸ਼ਰ ਨੂੰ ਜਾਣ ਲਿਆ ਹੈ,

ਉਸ ਦਾ ਮਨ ਡੀਗਿ ਡੋਲਿ=ਡਾਵੇਂ ਡੋਲ ਹੋ ਕੇ ਕਿਸੇ ਤਰਫ਼ ਨਹੀਂ ਜਾਂਦਾ।

## ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥

ਮੈਨੂੰ ਤੇਰਾ ਆਧਾਰੁ=ਆਸਰਾ ਹੈ, ਤੂੰਹੀ ਮੇਰਾ ਖਸਮੁ=ਮਾਲਕ ਹੈਂ, ਮੈਂ ਤੇਰੇ ਹੀ ਤਾਣ ਨੂੰ ਤੱਕਿਆ ਹੈ। ਜਾਂ ਮੈਂ ਤੇਰਾ ਆਧਾਰੁ=ਆਸਰਾ ਤੱਕਿਆ ਹੈ, ਕਿਉਂਕਿ ਤੂੰ ਮੇਰਾ ਮਾਲਕ ਹੈਂ, ਮੈਨੂੰ ਤੇਰਾ ਹੀ ਤਾਣੁ=ਬਲ (ਜ਼ੋਰ) ਹੈ।

**ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥ ੪ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਸੱਚ ਨਾਮ ਨੂੰ ਜਪਕੇ ਸੂਚਾ=ਪਵਿੱਤ੍ਰ ਹੋਇਆ ਹੈ,

ਗੁਰ-ਸ਼ਬਦ ਨੇ ਉਸ ਦਾ ਸਦਾ ਲਈ ਚੁਰਾਸੀ ਲੱਖ ਜੂਨ ਦਾ ਝਗੜਾ ਨਿਬੇੜ ਦਿੱਤਾ ਹੈ॥ ੪ ॥ ੨ ॥

## ਛੰਤ ਬਿਲਾਵਲੁ ਮਹਲਾ ੪ ਮੰਗਲ

## ੴ ਸਤਿਗੁਰ ਪ੍ਰਸਾਦਿ ॥

੧. ਮੰਗਲ=ਛੰਦ ਦੀ ਚਾਲ ਹੈ।

੨. ਜਿਵੇਂ ਵਿਆਹ ਦੇ ਮਗਰੋਂ ਗੀਤ ਗਾਏ ਜਾਂਦੇ ਹਨ, ਉਸ ਨੂੰ ਮੰਗਲ ਰੂਪ ਗੀਤ ਕਹਿੰਦੇ ਹਨ। ਤਿਵੇਂ ਇਹ ਮੰਗਲ ਰੂਪ ਛੰਤ ਕਥਨ ਕਰਦੇ ਹਨ।

**ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥**

ਹੇ ਭਾਈ ! ਮੇਰਾ ਹਰੀ ਪ੍ਰਭੂ ਮੇਰੀ ਅੰਤਹਕਰਨ ਰੂਪ ਸੇਜਾ ਪਰ ਆਇਆ ਹੈ, ਇਸ ਲਈ ਮੇਰਾ ਮਨ ਸੁਖ ਸਰੂਪ ਰਾਮ ਵਿਚ ਸਮਾ ਗਿਆ ਹੈ।

**ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥**

ਗੁਰੂ ਦੇ ਤੁਠੈ=ਪ੍ਰਸੰਨ ਹੋਣ ਨਾਲ ਹਰੀ ਪ੍ਰਭੂ ਨੂੰ ਪਾਇਆ ਹੈ, ਇਸ ਲਈ ਰਾਮ ਦੇ ਰੰਗਿ=ਪ੍ਰੇਮ ਵਿਚ ਰਲੀਆ ਮਾਣਾ=ਖੁਸ਼ੀਆਂ ਨੂੰ ਭੋਗਦਾ ਹਾਂ। ਵਾ:-ਰੰਗਾਂ ਰੰਗਾਂ ਦੀਆਂ ਖੁਸ਼ੀਆਂ ਨੂੰ ਮਾਣਦਾ ਹਾਂ,

ਵਾ:-ਅਨੰਦ ਰੂਪ ਰਾਮ ਦੀਆਂ ਖੁਸ਼ੀਆਂ ਭੋਗਦਾ ਹਾਂ।

**ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥**

ਉਹ ਸੁਹਾਗਣਾਂ ਵੱਡੇ ਭਾਗਾਂ ਵਾਲੀਆਂ ਹਨ, ਜਿਨ੍ਹਾਂ ਨੇ ਮੱਥੇ ਦੇ ਭਾਗਾਂ ਅਨੁਸਾਰ ਮਸਤਕਿ=ਸ਼ਰੋਮਣੀ ਹਰੀ ਰਾਮ ਦੇ ਅਨੰਦ ਨੂੰ ਮਾਣਿਆ ਹੈ।

**ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥ ੧ ॥**

ਗੁਰੂ ਜੀ ਕਥਨ ਕਰਦੇ ਹਨ—ਹਰਿ ਹਰਿ ਰਾਮ ਪ੍ਰਭੂ ਦਾ ਸੋਹਾਗੁ=ਅੰਨਦ ਮੇਰੇ ਮਨ ਵਿਚ ਭਾਣਾ=ਭਾਅ ਗਿਆ ਹੈ॥ ੧ ॥

**ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥**

ਹਰੀ ਨਿਮਾਣਿਆ ਦਾ ਮਾਣ ਰੂਪ ਹੈ, ਹਰਿ ਹਰਿ ਰਾਮ ਆਪ ਹੀ ਆਪਣਿਆਂ ਸੇਵਕਾਂ ਦਾ ਪ੍ਰਭੁ=ਰਖਜਕ ਹੈ।

*ਯਥਾ:-* "ਹਰਿ ਜੀਉ ਨਿਮਾਣਿਆ ਤੂ ਮਾਣੁ ॥" *(ਸੋਰਠਿ ਮ: ੫, ਪੰਨਾ ੬੨੪)*

**ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ॥**

ਗੁਰਮੁਖਾਂ ਨੇ ਗੁਰਾਂ ਦੁਆਰੇ (ਆਪਾ ਭਾਅ) ਹੰਕਾਰ ਨਾਸ ਕਰ ਦਿੱਤਾ ਹੈ,

ਅਤੇ ਨਿਤਾਪ੍ਰਤੀ ਹਰਿ ਹਰਿ ਰਾਮ ਨੂੰ ਜਾਪੈ=ਜਪਦੇ ਹਨ।

**ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ॥**

ਜੋ ਮੇਰੇ ਹਰੀ ਪ੍ਰਭੂ ਨੂੰ ਭਾਉਂਦਾ ਹੈ, ਓਹੀ ਕੰਮ ਗੁਰਮੁਖ ਕਰਦੇ ਹਨ, ਅਤੇ ਹਰਿ ਹਰਿ ਰਾਮ ਦੇ ਰੰਗ ਵਿਚ ਰਾਪੈ=ਰੰਗੇ ਰਹਿੰਦੇ ਹਨ।

**ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ॥੨॥**

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੂੰ ਹਰੀ ਨੇ ਆਪਣੇ ਨਾਲ ਸੁਭਾਵਕ ਮਿਲਾ ਲਿਆ ਹੈ, ਜੋ ਹਰਿ ਹਰਿ ਰਾਮ ਰਸ ਕਰਕੇ ਧ੍ਰਾਪੈ=ਰੱਜ ਗਏ ਹਨ॥ ੨॥

**ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥**

ਇਸ ਮਨੁੱਖ ਜਨਮ ਦੇ ਵਿਚ ਹੀ ਹਰੀ ਨੂੰ ਪਾਈਦਾ ਹੈ, ਕਿਉਂਕਿ ਇਹੋ ਹਰੀ ਰਾਮ ਦੇ ਰਾਵਣ=ਸਿਮਰਨ ਦਾ ਵੇਲਾ ਹੈ।

**ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ॥**

ਗੁਰਮੁਖ ਹੋ ਕੇ ਉਸ ਸੁਹਾਗਣ ਸੰਤਾਂ ਰੂਪ ਸਖੀ ਨਾਲ ਮਿਲ,

ਤਾਂ ਰਾਮ ਪ੍ਰਭੂ ਦਾ ਘਣੇਰਾ=ਵੱਡਾ ਅਨੰਦ ਪ੍ਰਾਪਤ ਹੋਵੇਗਾ।

**ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ॥**

ਜਿਸ ਨੇ ਮਨੁੱਖ ਜਨਮ ਨੂੰ ਨਹੀਂ ਪਾਇਆ, ਜਾਂ ਜਿਸ ਨੇ ਮਨੁੱਖ ਜਨਮ ਵਿਚ ਹਰੀ ਰਾਮ ਨੂੰ ਨਹੀਂ ਪਾਇਆ ਉਨ੍ਹਾਂ ਦਾ ਮੰਦਾ ਭਾਗ ਹੈ।

**ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ॥੩॥**

ਹੇ ਹਰਿ ਹਰਿ ਪ੍ਰਭੂ ਚਤੁਸ਼ਟੇ ਅੰਤਹਕਰਨ ਕਰਕੇ ਰੱਖ ਲੈ,

*ਅਥਵਾ:*-ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਰਿ ਹਰਿ ਪ੍ਰਭੂ ਰੱਖ ਲੈ, ਹੇ ਰਾਮ! ਮੈਂ ਆਪ ਜੀ ਦਾ ਸੇਵਕ ਜਨ ਹਾਂ॥ ੩॥

**ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ॥**

ਜਿਨ੍ਹਾਂ ਨੂੰ ਗੁਰਾਂ ਨੇ ਅਗਮ ਰੂਪ ਹਰੀ ਪ੍ਰਭੂ ਦਾ ਨਾਮ ਦ੍ਰਿੜ੍ਹ ਕਰਵਾਇਆ ਹੈ, ਉਨ੍ਹਾਂ ਦਾ ਮਨ ਤਨ ਰਾਮ ਦੇ ਰੰਗ ਵਿਚ ਭੀਨਾ=ਭਿੱਜ ਗਿਆ ਹੈ।

**ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ॥**

ਹਰੀ ਦਾ ਨਾਮ ਭਗਤਾਂ ਦਾ ਪਿਆਰਾ ਹੈ, ਗੁਰਮੁਖਾਂ ਦਾ ਮਨ ਉਸ ਹਰੀ ਰਾਮ ਵਿਚ ਲੀਣ ਹੋ ਰਿਹਾ ਹੈ।

[ਪੰਨਾ ੮੪੫]

## ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ॥

ਗੁਰਮੁਖ ਹਰੀ ਨਾਮ ਤੋਂ ਬਿਨਾਂ ਜੀਊਂਦੇ ਨਹੀਂ ਹਨ, ਰਾਮ=ਹੇ ਭਾਈ ! ਜਿਵੇਂ ਪਾਣੀ ਤੋਂ ਬਿਨਾਂ ਮੱਛੀ ਨਹੀਂ ਜੀਊਂਦੀ।

## ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ॥ ੪॥ ੧॥ ੩॥

(੧) ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਨੂੰ ਪਾਇਆ ਹੈ, ਉਸ ਦਾ ਮਨੁੱਖ ਜਨਮ ਸਫ਼ਲ ਹੈ, ਉਸ ਨੂੰ ਰਾਮ ਪ੍ਰਭੂ ਨੇ ਆਪਣਾ ਦਾਸ ਬਣਾ ਲਿਆ ਹੈ॥ ੪॥

(੨) ਜਿਨ੍ਹਾਂ ਨੇ ਹਰੀ ਨੂੰ ਪਾਇਆ ਹੈ, ਰਾਮ ਪ੍ਰਭੂ ਨੇ ਉਨ੍ਹਾਂ ਦਾ ਮਨੁੱਖ ਜਨਮ ਸਫ਼ਲ ਕਰ ਦਿੱਤਾ ਹੈ।

(੩) ਜਿਸ ਨੇ ਹਰੀ ਰਾਮ ਪ੍ਰਭੂ ਨੂੰ ਜਪਣਾ ਕੀਤਾ ਹੈ,
ਉਸ ਦਾ ਪਾਇਆ ਹੋਇਆ ਮਨੁੱਖ ਜਨਮ ਸਫ਼ਲ ਹੈ॥ ੪॥ ੧॥ ੩॥

## ਬਿਲਾਵਲੁ ਮਹਲਾ ੪

## ਸਲੋਕੁ॥ ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ॥

ਹੇ ਭਾਈ ! ਹਰੀ ਸੱਜਣ ਪ੍ਰਭੂ ਨੂੰ ਲੋੜਿ ਲਹੁ=ਚਾਹ ਲਵੋ, ਵੱਡਿਆਂ ਭਾਗਾਂ ਕਰਕੇ ਮਨ ਵਿਚ ਵੱਸਦਾ ਹੈ।

## ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ॥ ੧॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਵਿਖਾਇਆ ਹੈ,
ਉਨ੍ਹਾਂ ਦੀ ਲਿਵ ਹਰੀ ਵਿਚ ਲੱਗੀ ਹੈ॥ ੧॥

## ਛੰਤ॥ ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ॥

ਮੇਰੇ ਹਰੀ ਪ੍ਰਭੂ ਨੂੰ ਉਹ ਮਹਾਤਮਾ ਰੂਪ ਸਖੀਆਂ ਰਾਵਣ ਵਾਸਤੇ ਆਈਆਂ ਹਨ, ਜਿਨ੍ਹਾਂ ਨੇ ਹੰਗਤਾ-ਮਮਤਾ ਤੇ ਵਿਸ਼ਿਆਂ ਨੂੰ ਝਾਗੇ=ਲੰਘ ਕੇ ਰਾਮ ਨੂੰ ਜਪਿਆ ਹੈ। ਫੇਰ-

## ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ॥

ਗੁਰ-ਸਿਖਿਆ ਦੁਆਰੇ (ਆਪਾ ਭਾਅ) ਹੰਕਾਰ ਨੂੰ ਮਿਟਾਇਆ ਹੈ, ਤੇ ਹਰਿ ਹਰਿ ਰਾਮ ਵਿਚ ਲਿਵ ਲਗਾਈ ਹੈ।

## ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ॥

ਗਿਆਨੀ ਗੁਰਾਂ ਦੁਆਰੇ ਜੋ ਰਾਮ ਦੇ ਭਜਨ-ਸਿਮਰਨ ਵਿਚ ਜਾਗੇ ਹਨ, ਉਨ੍ਹਾਂ ਦਾ ਅੰਦਰੋਂ ਹਿਰਦਾ-ਕਮਲ ਪਰਗਾਸਿਆ=ਖਿੜਿਆ ਹੈ।

## ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ॥ ੧॥

ਗੁਰੂ ਜੀ ਕਥਨ ਕਰਦੇ ਹਨ— ਜੋ ਗੁਣਾਂ ਨਾਲ ਪੂਰੇ ਵਡਭਾਗੀ ਪੁਰਸ਼ ਹਨ, ਉਨ੍ਹਾਂ ਗੁਰਮੁਖ ਜਨਾਂ ਨੇ ਹਰੀ ਰਾਮ ਪ੍ਰਭੂ ਨੂੰ ਪਾਇਆ ਹੈ॥ ੧॥

**ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ॥**

ਹਰਿ ਹਰਿ ਨਾਮ ਜਪਣ ਵਾਲਾ ਪੁਰਸ਼ ਪ੍ਰਭੂ ਦੇ ਮਨ ਵਿਚ ਭਾਇਆ= ਚੰਗਾ ਲੱਗਾ ਹੈ, ਹਰੀ ਰਾਮ ਨਾਮ ਵਿਚ ਹੀ ਉਸ ਨੂੰ ਅਨੰਦ ਦੀ ਵਧਾਈ ਪ੍ਰਾਪਤ ਹੋਈ ਹੈ।

**ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ॥**

ਜਿਸ ਨੇ ਪੂਰਿਆਂ ਗੁਰਾਂ ਤੋਂ ਹਰਿ ਹਰਿ ਨਾਮ ਪਾਇਆ ਹੈ, ਉਸ ਨੇ ਰਾਮ ਪ੍ਰਭੂ ਨਾਲ ਲਿਵ ਲਾਈ=ਸੁਰਤ ਜੋੜੀ ਹੈ

**ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ॥**

ਉਸ ਦੇ ਅੰਦਰੋਂ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ, ਅਤੇ ਹਿਰਦੇ ਵਿਚ ਰਾਮ ਦੀ ਜੋਤ ਪ੍ਰਗਟ ਹੋ ਆਈ ਹੈ।

**ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ॥ ੨ ॥**

ਗੁਰੂ ਜੀ ਕਥਨ ਕਰਦੇ ਹਨ— ਜਿਸ ਪੁਰਸ਼ ਨੂੰ ਨਾਮ ਦਾ ਆਸਰਾ ਹੈ, ਉਸ ਦੀ ਹਰੀ ਰਾਮ ਨਾਮੀ ਵਿਚ ਸਮਾਈ ਹੋਈ ਹੈ॥ ੨॥

**ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ॥**

ਇਸ ਧਨ=ਜਗਿਆਸੂ ਰੂਪ ਇਸਤ੍ਰੀ ਨੇ ਪਿਆਰੇ ਹਰੀ ਪ੍ਰਭੂ ਨੂੰ ਤਾਂ ਹੀ ਰਾਵਿਆ ਹੈ, ਜਾਂ ਹਰੀ ਰਾਮ ਪ੍ਰਭੂ ਨੂੰ ਇਹ ਭਾਈ=ਚੰਗੀ ਲੱਗੀ।

**ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ॥**

ਉਸ ਦੀਆਂ ਅੱਖਾਂ ਰਾਮ ਦੇ ਪ੍ਰੇਮ ਵਿਚ ਇਸ ਤਰ੍ਹਾਂ ਕਸਾਈਆ=ਖਿੱਚੀਆ ਹੋਈਆਂ ਹਨ, ਜਿਵੇਂ ਬਿਲਕ=ਬਿੱਲੀ ਦੀਆਂ ਅੱਖਾਂ ਮਸਾਈ=ਮਾਸ ਭਾਵ ਚੂਹੇ ਵਿਚ ਖਿੱਚੀਆਂ ਹੁੰਦੀਆਂ ਹਨ।

**ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥**

ਪੂਰਿਆਂ ਗੁਰਾਂ ਨੇ ਹਰੀ ਨਾਲ ਮੇਲ ਦਿੱਤਾ ਹੈ, ਤੇ ਹਰੀ ਰਾਮ-ਰਸ ਕਰਕੇ ਬੁੱਧੀ ਆਘਾਈ=ਤ੍ਰਿਪਤ ਹੋ ਗਈ ਹੈ।

**ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ॥ ੩ ॥**

ਗੁਰੂ ਜੀ ਕਥਨ ਕਰਦੇ ਹਨ— ਉਸ ਗੁਰਮੁਖ ਜਨ ਉਤੇ ਨਾਮਿ=ਨਾਮੀ ਪਰਮਾਰਤਮਾ ਪ੍ਰਸੰਨ ਹੋਇਆ ਹੈ, ਜਿਸ ਨੇ ਹਰਿ ਹਰਿ ਰਾਮ ਵਿਚ ਲਿਵ ਲਗਾਈ ਹੈ॥ ੩॥

**ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ॥**

ਹਰੀ ਰਾਮ ਨੇ ਕਿਰਪਾ-ਦ੍ਰਿਸ਼ਟੀ ਧਾਰ ਕੇ ਅਸਾਂ ਮੂਰਖ ਮੁਗਧਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।

**ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ॥**

ਗੁਰੂ ਪਿੱਛੇ ਧੰਨ ਸੀ, ਗੁਰੂ ਹੁਣ ਧੰਨ ਹਨ, ਗੁਰੂ ਅੱਗੇ ਭੀ ਸਾਬਾਸਿ=ਧੰਨਤਾ ਜੋਗ ਹੋਣਗੇ। ਗੁਰੂ ਜੀ ਦੇ

ਮਾਤਾ ਜੀ ਧੰਨ, ਪਿਤਾ ਭੀ ਧੰਨ ਹਨ, ਗੁਰੂ ਆਪ ਭੀ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਰਾਮ ਨਾਮ ਦਾ ਉਪਦੇਸ਼ ਦੇ ਕੇ ਹੰਗਤਾ ਮਮਤਾ ਮਾਰ ਦਿੱਤੀ ਹੈ।

**ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ॥**

ਜਿਨ੍ਹਾਂ ਵਡਭਾਗੀਆਂ ਦੇ ਵੱਡੇ ਭਾਗ ਹਨ, ਉਨ੍ਹਾਂ ਨੇ ਹਰਿ ਹਰਿ ਰਾਮ ਦੀ ਪ੍ਰੀਤੀ ਹਿਰਦੇ ਵਿਚ ਧਾਰੀ ਹੈ।

**ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ॥੪॥੨॥੪॥**

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਓਸ ਪਰੀਪੂਰਨ ਵਾਹਿਗੁਰੂ ਨੂੰ ਸਲਾਹੁਣਾ ਕਰ ਅਤੇ ਰਾਮ ਨਾਮ ਜਪਣ ਵਾਲਿਆਂ ਤੋਂ ਬਲਿਹਾਰ ਜਾਣਾ ਕਰ ॥ ੪॥ ੨॥ ੪॥

## ਬਿਲਾਵਲੁ ਮਹਲਾ ੫ ਛੰਤ

## ੧ੴ ਸਤਿਗੁਰ ਪ੍ਰਸਾਦਿ॥

**ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥**

ਜਿਸ ਵੇਲੇ ਆਪਣੇ ਰਾਮ ਪ੍ਰਭੂ ਦੇ ਜਸ ਨੂੰ, ਜਾਂ ਗੁਣਾਂ ਨੂੰ ਗਾਇਆ, ਤਾਂ ਮੰਗਲਾਂ ਦਾ ਸਾਜੁ=ਸਮੁਦਾਅ ਪ੍ਰਾਪਤ ਹੋਇਆ।

**ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥**

ਜਿਸ ਵੇਲੇ ਅਬਿਨਾਸੀ ਵਰੁ=ਪਤੀ ਨੂੰ ਸੁਣਿਆ ਕਿ ਉਹ ਕਦੇ ਮਰਦਾ ਨਹੀ ਹੈ, ਤਾਂ ਰਾਮ ਦੀ ਪ੍ਰਾਪਤੀ ਦਾ ਉਤਸ਼ਾਹ ਮਨ ਵਿਚ ਪੈਦਾ ਹੋਇਆ।

**ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ॥**

ਵੱਡਿਆਂ ਭਾਗਾਂ ਕਰਕੇ ਮਨ ਵਿਚ ਪ੍ਰੀਤੀ ਲਗਦੀ ਹੈ, ਜਿਸ ਦੀ ਪ੍ਰੀਤੀ ਲੱਗੀ ਹੈ ਉਹ ਇਸ ਤਰ੍ਹਾ ਕਹਿੰਦੀ ਹੈ ਕਿ ਪੂਰਨ ਪਤੀ ਪਰਮਾਤਮਾ ਕਦੋਂ ਮਿਲਦਾ ਹੈ ?

**ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ॥**

ਹੇ ਸਖੀਏ ! ਮੈਨੂੰ ਉਹ ਮਤੇ=ਸਿਖਿਆ ਦਿਓ, ਜਿਸ ਕਰਕੇ ਗੋਬਿੰਦ ਨੂੰ ਪਾਈਏ ਤੇ ਸਹਜ-ਪਦ ਵਿਚ; ਵਾ:-ਸ਼ਾਂਤੀ ਵਿਚ ਸਮਾ ਜਾਈਏ।

**ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ॥**

ਮੈਂ ਦਿਨ ਰਾਤ ਠਾਢੀ=ਖੜੀ ਹੋ ਕੇ ਸੇਵਾ ਕਰਦੀ ਹਾਂ, ਅਤੇ ਪੁੱਛਦੀ ਹਾਂ ਕਿ- ਤੁਸਾਂ ਨੇ ਕਿਸ ਜੁਗਤੀ ਕਰਕੇ ਪ੍ਰਭੂ ਨੂੰ ਪਾਇਆ ਹੈ?

**ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥੧॥**

ਗੁਰੂ ਜੀ ਉਚਾਰਦੇ ਹਨ-(ਉਹ ਸਖੀ ਕਹਿੰਦੀ ਹੈ) ਮੇਰੇ ਤੇ ਕਿਰਪਾ ਕਰੋ, ਤੇ ਮੈਨੂੰ ਆਪਣੇ ਲੜਿ=ਪੱਲੇ ਨਾਲ ਲਗਾ ਲਵੋ॥ ੧॥

**ਦੂਜਾ ਅਰਥ ਭਾਵ-**

ਜਗਿਆਸੂ ਸੰਤਾਂ ਅੱਗੇ ਬੇਨਤੀ ਕਰਦੀ ਹੈ-ਹੇ ਸੰਤ ਜੀ!

ਦਿਨੁ ਰੈਣਿ ਠਾਢੀ ਕਰਉ ਸੇਵਾ=ਮੈਂ ਦਿਨ ਰਾਤ ਖੜੋ ਕੇ ਆਪ ਜੀ ਦੀ ਸੇਵਾ ਕਰਦੀ ਹਾਂ।

***ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥ ੧॥***

ਮੈਂ ਬੇਨਤੀ ਕਰਦੀ ਹਾਂ-ਆਪ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਨਾਮ-ਪੱਲੇ ਨਾਲ ਲਗਾ ਲਵੋ।

ਸੰਤਾਂ ਆਖਿਆ-'ਤੂੰ ਕੀ ਚਾਹੁੰਦੀ ਹੈਂ ? ਤਾਂ (ਜਗਿਆਸੂ ਰੂਪ) ਇਸਤਰੀ ਨੇ ਕਿਹਾ-

***ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥***

ਮੈਂ ਪਰਮਾਤਮਾ ਨੂੰ ਅਬਿਨਾਸ਼ੀ ਵਰ ਸੁਣਿਆ ਹੈ, ਇਸ ਕਰਕੇ ਮੇਰੇ ਮਨ ਵਿਚ ਉਸ ਦੀ ਪ੍ਰਾਪਤੀ ਦਾ ਚਾਅ ਪੈਦਾ ਹੋਇਆ ਹੈ।

***ਕਬ ਮਿਲੀਐ ਪੂਰਨ ਪਤੇ॥*** :- ਆਪ ਦੱਸੋ, ਉਸ ਪੂਰਨ ਪਤੀ ਨਾਲ ਕਦੋਂ ਮਿਲਾਪ ਹੁੰਦਾ ਹੈ?

***ਦੇਹੁ ਸਖੀਏ ਮੋਹਿ ਮਤੇ॥*** :-ਹੇ ਸੱਖੀਏ (ਸੰਤੋ)! ਇਹ ਸਿੱਖਿਆ ਮੈਨੂੰ ਦੇਣੀ ਕਰੋ।

***ਪ੍ਰਭੁ ਕਵਨ ਜੁਗਤੀ ਪਾਇਆ॥*** :- ਤੁਸਾਂ ਨੇ ਪ੍ਰਭੂ ਨੂੰ ਕਿਸ ਜੁਗਤੀ ਨਾਲ ਪਾਇਆ ਹੈ?

ਮਹਾਤਮਾ ਉੱਤਰ ਦੇਂਦੇ ਹਨ-ਹੇ (ਜਗਿਆਸੂ ਰੂਪ) ਇਸਤ੍ਰੀਏ!

***ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥***

ਜਿਸ ਵੇਲੇ ਮੈਂ ਆਪਣੇ ਰਾਮ ਪ੍ਰਭੂ ਦਾ ਜਸ ਗਾਉਣਾ ਕੀਤਾ, ਤਾਂ ਹੀ ਮੰਗਲਾਂ ਦੇ ਸਾਜਣ ਵਾਲਾ ਪ੍ਰਭੂ ਪ੍ਰਾਪਤ ਹੋਇਆ।

***ਮਨਿ ਪ੍ਰੀਤਿ ਲਾਗੈ ਵਡੈ ਭਾਗੈ॥*** :-ਜਿਸ ਵੇਲੇ ਵੱਡਿਆਂ ਭਾਗਾਂ ਕਰਕੇ ਮਨ ਵਿਚ ਪ੍ਰੀਤੀ ਲਗ ਜਾਵੇ।

***ਸਹਜੇ ਸਮਾਈਐ ਗੋਵਿੰਦ ਪਾਈਐ॥*** :- ਤਾਂ ਸਹਜੇ=ਗਿਆਨ ਵਿਚ ਸਮਾਈਦਾ ਹੈ, ਫਿਰ ਗਿਆਨ ਕਰਕੇ ਹੀ ਗੋਵਿੰਦੁ=ਪਰਮਾਤਮਾ ਪਾਈਦਾ ਹੈ। ਉਸ ਦੇ ਪਾਉਣ ਦੀ ਇਕ ਗਿਆਨ ਹੀ ਜੁਗਤੀ ਹੈ।

## ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ॥

ਜਿਸ ਵੇਲੇ ਹਰੀ ਰਾਮ-ਰਤਨ ਨੂੰ ਵਿਸਾਹਾ=ਖਰੀਦਿਆ ਤਾਂ ਵੱਡਾ ਅਨੰਦ ਹੋਇਆ ਹੈ।

## ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ॥

ਮੈਂ ਖੋਜੀ ਨੂੰ ਖੋਜਦਿਆਂ ਹੋਇਆਂ ਹਰੀ ਰਾਮ ਦੀ ਪ੍ਰਾਪਤੀ ਦਾ ਖੋਜਿ=ਰਸਤਾ ਸੰਤਾਂ ਪਾਸੋਂ ਲੱਭਾ ਹੈ।

## ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ॥

ਪਿਆਰੇ ਸੰਤ ਦਇਆ-ਦ੍ਰਿਸ਼ਟੀ ਧਾਰ ਕੇ ਮਿਲੇ ਹਨ, ਜੋ ਅਕੱਥ ਪ੍ਰਭੂ ਦਾ ਵਿਚਾਰ ਕਥਨ ਕਰਦੇ ਹਨ।

## ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ॥

ਜਿਨ੍ਹਾਂ ਨੇ ਇਕ ਚਿਤ ਹੋ ਕੇ, ਤੇ ਇਕ ਮਨ ਹੋ ਕੇ ਸੁਆਮੀ ਨੂੰ ਧਿਆਉਣਾ ਕੀਤਾ ਹੈ,
ਉਨ੍ਹਾਂ ਨਾਲ ਪਿਆਰੇ ਪ੍ਰਭੂ ਨੇ ਪ੍ਰੀਤੀ ਲਗਾਈ ਹੈ।

ਅਥਵਾ:-ਸੰਤ ਪਿਆਰੇ ਵਿਚ ਪ੍ਰੀਤੀ ਲਗਾ ਕੇ ਇਕਾਗਰ ਮਨ ਹੋ ਕੇ, ਚਿਤ ਵਿਚ ਇਕ ਸੁਆਮੀ ਨੂੰ ਧਿਆਉਂਦੇ ਹਨ। ਤੇ-

**ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ॥**

ਕਰ=ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕਰਦੇ ਹਨ, ਕਿ ਮੈਨੂੰ ਹਰੀ ਜਸ ਕਰਨ ਦਾ ਲਾਹਾ=ਲਾਭ ਮਿਲ ਜਾਵੇ।

**ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰ ਕਿ-ਹੇ ਅਗਮ ਅਥਾਹ ! ਤੂੰ ਮੇਰਾ ਪ੍ਰਭੂ ਹੈਂ ਤੇ ਮੈਂ ਆਪ ਜੀ ਦਾ ਦਾਸ ਹਾਂ॥ ੨॥

ਜਿਵੇਂ ਪ੍ਰਤੱਖ ਲੜਕੀ ਦੇ ਵਿਆਹ ਵੇਲੇ ਪਹਿਲੇ ਸਾਹਾ ਸੋਧਿਆ ਜਾਂਦਾ ਹੈ, ਸਾਹਾ ਸੋਧੇ ਜਾਣ ਪਿੱਛੋਂ ਫੇਰ ਜ਼ਰੂਰ ਵਿਆਹ ਹੋ ਜਾਂਦਾ ਹੈ। ਇੰਸੇ ਤਰ੍ਹਾਂ ਏਧਰ-

[ਪੰਨਾ ੮੪੬]

**ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ॥**

ਰਾਮ ਦੇ ਪੂਰਨ ਮਹਾਤਮਾ ਨਾਲ ਜਿਹੜਾ ਸੰਜੋਗ ਹੋਇਆ ਹੈ, ਏਹੋ ਇਕ ਅੱਟਲ ਸਾਹਾ ਗਿਣਿਆ ਗਿਆ ਹੈ।

**ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥**

ਉਸ ਵੇਲੇ ਸਮੂਹ ਸੁਖ ਪ੍ਰਾਪਤ ਹੋਇਆ, ਅਤੇ ਰਾਮ ਦਾ ਜਿਹੜਾ ਵਿਜੋਗੋ=ਵਿਛੋੜਾ ਸੀ ਉਹ ਦੂਰ ਹੋ ਗਿਆ।

**ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ॥**

ਪ੍ਰਭੂ ਦੇ ਧਿਆਉਣ ਵਾਲੇ ਜਿਹੜੇ ਸੰਤ ਆ ਕੇ ਮਿਲੇ ਹਨ, ਏਹੋ ਅਸਚਰਜ ਜਾਂਞੀ ਬਣੇ ਹਨ।

**ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ॥**

ਜਿਸ ਵੇਲੇ ਸੰਤ ਮਿਲ ਕੇ ਇਕੱਠੇ ਹੋਏ ਤਾਂ ਸਹਿਜੇ ਹੀ ਢੁਕਾਅ ਕੀਤਾ, ਜਾਂ ਸਹਜਿ=ਸ਼ਾਂਤੀ ਆਦਿਕ ਗੁਣਾਂ ਨੇ ਢੁਕਾਅ ਕੀਤਾ, ਤਿਸ ਵੇਲੇ* ਮਾਞੀਆ=ਜਗਿਆਸੂ ਦੇ ਮਨ ਵਿਚ ਪ੍ਰੀਤੀ ਉਤਪੰਨ ਹੋਈ।

**ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ॥**

ਜੋ ਓਤਿ ਪੋਤੀ=ਤਾਣੇ ਪੇਟੇ ਵਾਂਗ ਜੋਤੀ ਨਾਲ ਜੋਤ ਮਿਲ ਗਈ ਹੈ, ਏਹੋ ਵਿਆਹ ਹੋਇਆ ਹੈ। ਹਰੀ ਨਾਮ ਦਾ ਜੋ ਜਾਪ ਜਪਿਆ ਹੈ, ਏਹੋ ਸਭ ਰਸਾਂ ਨੂੰ ਭੋਗਣਾ ਕੀਤਾ ਹੈ।

**ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਾਰਣ ਕਰਣ ਜੋਗੋ॥ ੩ ॥**

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਕਾਰਨਾਂ ਦੇ ਕਰਨ ਯੋਗ ਪ੍ਰਭੂ ਨਾਲ ਜਗਿਆਸੂ ਰੂਪ ਲੜਕੀ ਨੂੰ ਸਭ ਸੰਤਾਂ ਨੇ ਸਭ ਤਰ੍ਹਾਂ ਨਾਲ ਮੇਲ ਦਿੱਤਾ ਹੈ॥ ੩॥

---

*ਧੇਤੇ (ਧੀ) ਵਾਲਿਆਂ ਨੂੰ ਮਾਞੀ ਕਹਿੰਦੇ ਹਨ, ਏਸੇ ਕਰਕੇ ਮਾਞੀਆਂ ਦਾ ਅਰਥ ਜਗਿਆਸੂ ਕੀਤਾ ਹੈ।

**ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥**

(੧) ਰਾਮ ਦੀ ਕਿਰਪਾ ਨਾਲ ਪ੍ਰਤੱਖ ਭਵਨੁ=ਮੰਦਰ ਸ਼ੋਭਨੀਕ ਹੋਇਆ ਹੈ, ਧਰਤੀ ਵੀ ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ।

(੨) ਰਾਮ ਦੀ ਕਿਰਪਾ ਨਾਲ ਭਵਨੁ=ਸਰੀਰ ਸ਼ੋਭਨੀਕ ਹੋਇਆ ਹੈ, ਬੁੱਧੀ ਰੂਪ ਧਰਤੀ ਵੀ ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ।

**ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥**

ਰਾਮ ਸਰੂਪ ਗੁਰਾਂ ਦੇ ਚਰਨਾਂ ਨਾਲ ਬਿਰਤੀ ਲੱਗੀ ਤਾਂ ਅੰਤਹਕਰਨ ਰੂਪ ਘਰ ਵਿਚ ਪ੍ਰਭੂ ਆ ਕੇ ਸਖਿਆਤਕਾਰ ਹੋਇਆ ।

**ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥**

ਗੁਰ-ਚਰਨਾਂ ਨਾਲ ਬਿਰਤੀ ਲੱਗੀ ਤਾਂ ਮੋਹ ਰੂਪ ਨੀਂਦ ਤੋਂ ਸਹਜਿ=ਗਿਆਨ-ਜਾਗ੍ਰਤ ਵਿਚ ਜਾਗੀ, ਜਿਸ ਤੇ ਸਾਰੀਆਂ ਇੱਛਾਵਾਂ ਪੂਰਨ ਹੋ ਗਈਆਂ ਹਨ।

**ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥**

ਸੰਤਾਂ ਦੀ ਧੂੜੀ ਲੈਣ ਕਰਕੇ ਮੇਰੀ ਆਸਾ ਪੂਰੀ ਹੋਈ ਹੈ, ਕਿਉਂਕਿ ਵਿਛੁੰਨਿਆ=ਵਿਛੁੜੇ ਹੋਏ ਹਰੀ ਸੁਆਮੀ ਜੀ ਮਿਲ ਪਏ ਹਨ।

**ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥**

ਇਕ ਰਸ ਦਿਨ ਰਾਤ ਅਨੰਦਦਾਇਕ ਵਾਜੇ ਵੱਜੇ ਹਨ, ਅਤੇ ਮਨ ਦੀ ਅਹੰ=ਹੰਗਤਾ ਵਾਲੀ ਮਤਿ=ਮਤੀ ਤਿਆਗ ਦਿੱਤੀ ਹੈ।

**ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥ ੪ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਸੰਗਤ ਵਿਚ ਜਾ ਕੇ ਸੁਆਮੀ ਦੀ ਸ਼ਰਨ ਗ੍ਰਹਿਣ ਕੀਤੀ ਤਾਂ ਉਸ ਪ੍ਰਭੂ ਵਿਚ ਲਿਵ ਲਾਗੀ=ਬਿਰਤੀ ਜੁੜ ਗਈ॥ ੪॥ ੧॥

ਅਗਲੇ ਸ਼ਬਦ ਵਿਚ ਪਰਮਾਤਮਾ ਦੇ ਗੁਣ ਕਥਨ ਕਰਦੇ ਹਨ।

**ਬਿਲਾਵਲੁ ਮਹਲਾ ੫ ॥ ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥**

ਸਾਡਾ ਹਰੀ ਰਾਮ-ਪਤੀ ਸ੍ਰੇਸ਼ਟ ਭਾਗਾਂ ਵਾਲਾ ਅਤੇ ਸ਼ੁਭ ਲੱਖਣਾਂ ਵਾਲਾ ਹੈ।

**ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥**

ਉਸ ਰਾਮ ਦੇ ਸਤਿਸੰਗ ਦਰਬਾਰ ਵਿਚ ਅਨਹਦ=ਇਕ ਰਸ ਬਾਜਿਤ੍ਰਾ=ਵਾਜਿਆਂ ਦੀ ਧੁਨਿ ਹੋ ਰਹੀ ਹੈ।

**ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥**

ਸਤਿਸੰਗ ਵਿਚ ਇਕ-ਰਸ ਦਿਨ ਰਾਤ ਅਨੰਦਦਾਇਕ ਵਾਜੇ ਵੱਜਦੇ ਹਨ, ਅਤੇ ਰਾਤ ਦਿਨ ਉਮਾਹਾ=ਉਤਸ਼ਾਹ ਹੁੰਦਾ ਰਹਿੰਦਾ ਹੈ।

## ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥

ਤਿਸ ਸਤਿਸੰਗ ਵਿਚ ਉਥੋਂ ਦੇ ਵਸਨੀਕਾਂ ਨੂੰ ਰੋਗ ਸੋਗ ਦਾ ਦੁੱਖ ਨਹੀਂ ਲਗਦਾ ਅਤੇ ਨਾ ਉਨ੍ਹਾਂ ਨੂੰ ਜਨਮ ਮਰਨ ਦਾ ਦੁੱਖ ਹੁੰਦਾ ਹੈ।

## ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ॥

ਰਿੱਧੀ ਰੂਪ ਸੁਧਾਰਸ, ਅਤੇ ਸਿੱਧੀ ਰੂਪ ਅੰਮ੍ਰਿਤ,

*ਅਥਵਾ:*-ਸੁਧਾ=ਨਿਰੋਲ, ਜਾਂ ਸੁਧਾਰਨੇ ਵਾਲਾ ਨਾਮ ਰੂਪੀ ਅੰਮ੍ਰਿਤ ਰਸ, ਰਿੱਧੀ, ਸਿੱਧੀ ਅਤੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ।

## ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ॥੧॥

੧. ਗੁਰੂ ਜੀ ਕਥਨ ਕਰਦੇ ਹਨ-ਪ੍ਰਾਣਾਂ ਦਾ ਆਸਰਾ ਜੋ ਪਾਰਬ੍ਰਹਮ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

੨. ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੇ ਪ੍ਰਾਣਾਂ ਦਾ ਆਸਰਾ ਪਾਰਬ੍ਰਹਮ ਹੈ॥ ੧॥

## ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ॥

ਹੇ ਪਿਆਰੀਆਂ ਮਹਾਤਮਾ ਰੂਪ ਸਖੀਓ ! ਸੁਣੋ, ਆਪ ਆਪਸ ਵਿਚ ਮਿਲ ਕੇ ਰਾਮ ਦੇ ਮੰਗਲ ਰੂਪ ਗੀਤ ਗਾਉਣਾ ਕਰੀਏ।

## ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ॥

੧. ਮਨ ਤਨ ਦੇ ਪ੍ਰੇਮ ਕਰਕੇ ਤਿਸ ਰਾਮ ਪ੍ਰਭੂ ਨੂੰ ਸਿਮਰਨਾ ਕਰੀਏ।

੨. ਪ੍ਰੇਮ ਕਰਕੇ ਮਨ ਤਨ ਵਿਚ ਤਿਸ ਰਾਮ ਪ੍ਰਭੂ ਨੂੰ ਰਾਵਹ=ਉਚਾਰਨਾ ਕਰੀਏ।

## ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ॥

ਪ੍ਰੇਮ ਕਰਕੇ ਰਾਵਹ=ਉਚਾਰੇ ਤਾਂ ਉਸ ਨੂੰ ਭਾਉਂਦੀ ਹੇ, ਪਲ ਦਾ ਇਕ ਨਿਮਖ ਮਾਤ੍ਰ ਵੀ ਉਸ ਨੂੰ ਤਿਆਗੀਏ ਨਾ।

## ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ॥

ਉਸ ਨੂੰ ਗਹਿ=ਫੜ ਕੇ ਕੰਠਿ=ਗਲ ਨਾਲ ਲਾ ਲਈਏ ਭਾਵ ਦ੍ਰਿੜ੍ਹ ਨਿਸਚੇ ਨਾਲ ਦਿਲ ਵਿਚ ਧਾਰੀਏ, ਲਜਾਈਐ ਨਹ=ਸ਼ਰਮ ਨਾ ਕਰੀਏ ਅਤੇ ਚਰਨਾਂ ਦੀ ਰਜ=ਧੂੜ ਵਿਚ ਮਨ ਨੂੰ ਤਦਾਕਾਰ ਕਰੀਏ।

## ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ॥

ਭਗਤੀ ਰੂਪ ਠਗਉਰੀ=ਠੱਗ ਬੂਟੀ (ਜਾਦੂ ਪਾ ਕੇ ਉਸ ਨੂੰ ਮੋਹ ਲਈਏ, ਤਾਂ ਫਿਰ ਉਹ ਹੋਰ ਕਿਸੇ ਤਰਫ ਨਹੀਂ ਦੌੜੇਗਾ।)

## ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ॥੨॥

ਗੁਰੂ ਜੀ ਕਥਨ ਕਰਦੇ ਹਨ-ਸੰਤ ਸੱਜਣਾਂ ਨਾਲ ਮਿਲ ਕੇ ਅਮਰ ਪਦਵੀ ਨੂੰ ਪਾਉਣਾ ਕਰ॥ ੨॥

## ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ॥

ਅਬਿਨਾਸੀ=ਨਾਸ ਤੋਂ ਰਹਿਤ ਰਾਮ ਦੇ ਗੁਣਾਂ ਨੂੰ ਵੇਖ ਕੇ ਮੈਂ ਅਸਚਰਜ ਹੋ ਗਈ ਹਾਂ।

## ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ॥

੧. ਰਾਮ ਨੇ ਮੈਨੂੰ ਮਨ ਰੂਪ ਕਰੁ=ਹੱਥ ਤੋਂ ਫੜ ਲਿਆ ਹੈ, ਤੇ ਬੁੱਧੀ ਰੂਪ ਬਾਂਹ ਭੀ ਫੜ ਲਈ ਹੈ, ਅਤੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ।

੨. ਕਰੁ ਗਹਿ=ਗਹੁ ਕਰਕੇ ਅਰਥਾਤ ਮੋਹ, ਜਾਂ ਪ੍ਰੇਮ ਕਰਕੇ ਰਾਮ ਨੇ ਬੁੱਧੀ ਰੂਪ ਬਾਂਹ ਤੋਂ ਫੜ ਕੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ।

## ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ॥

ਰਾਮ ਨੇ ਬੁੱਧੀ ਰੂਪੀ ਬਾਂਹ ਫੜ ਲੀਤੀ ਹੈ, ਤੇ ਆਪਣੀ ਦਾਸੀ ਕਰ ਲਿਆ ਹੈ, ਪਰ ਕਦੋਂ ਕੀਤਾ ?

*ਉੱਤਰ:*-ਜਿਸ ਵੇਲੇ ਪੁੰਨਾਂ ਰੂਪੀ ਬੀਜ ਨੇ ਸ਼ੁਭ ਸੰਕਲਪਾਂ ਰੂਪੀ ਅੰਗੂਰ ਉਦੋਤੁ=ਪਰਗਟ ਜਣਾਇਆ॥

## ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ॥

ਮੋਹ ਆਦਿਕ ਮਲਨ=ਗੰਦੇ ਵਿਕਾਰ ਨਾਠੇ=ਨੱਸ ਗਏ ਹਨ, ਅਤੇ ਪਵਿੱਤ੍ਰ ਦਿਵਸ=ਦਿਨ ਆ ਗਿਆ।

## ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥

ਜਦ ਉਸ ਨੇ ਕਿਰਪਾ-ਦ੍ਰਿਸ਼ਟੀ ਧਾਰੀ ਤਾਂ ਮਹਾ ਦੁਰਮਤਿ ਨਾਸੀ=ਵੱਡੀ ਖੋਟੀ ਮਤਿ ਨਾਸ ਹੋ ਗਈ, ਉਸ ਦੇ ਨਾਸ ਹੋਣ ਤੇ ਮਨਿ=ਸ਼੍ਰੋਮਣ ਪਰਮਾਤਮਾ ਨੂੰ ਪਿਆਰੀ ਲੱਗੀ।

## ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਬੁੱਧੀ ਨਿਰਮਲ ਹੋਈ ਤਾਂ ਅਬਿਨਾਸੀ ਪ੍ਰਭ ਜੀ ਮਿਲ ਪਏ। ਜਾਂ ਅਬਿਨਾਸ਼ੀ ਪ੍ਰਭੂ ਦੇ ਮਿਲਣ ਕਰਕੇ ਮੈਂ ਪਵਿੱਤ੍ਰ ਹੋ ਗਈ ਹਾਂ॥ ੩ ॥

## ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥

ਜਿਵੇਂ ਸੂਰਜ ਦੀਆ ਕਿਰਣਾਂ ਬਰਫ ਨਾਲ ਮਿਲ ਜਾਣ ਤਾਂ ਬਰਫ਼ ਢਲ ਕੇ ਜਲ ਦਾ ਜਲ ਰੂਪ ਹੋ ਜਾਂਦਾ ਹੈ। ਤਿਵੇਂ ਗੁਰੂ ਰੂਪ ਸੂਰਜ ਦੀਆਂ ਉਪਦੇਸ਼ ਰੂਪ ਕਿਰਣਾਂ ਮਿਲਣ ਤਾਂ ਜੀਵ ਢਲ ਕੇ ਅਰਥਾਤ ਜੀਵਤ ਭਾਵ ਨੂੰ ਤਿਆਗ ਕੇ (ਜਲ ਕਾ ਜਲੁ ਹੂਆ) ਚੇਤਨ ਦਾ ਚੇਤਨ ਹੋ ਜਾਂਦਾ ਹੈ।

## ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਜੋਤੀ ਪਰਮਾਤਮਾ ਨਾਲ ਜੋਤ ਰਲੀ ਤਾਂ ਸੰਪੂਰਨ ਰਾਮ=ਬ੍ਰਹਮ ਦਾ ਸਰੂਪ ਹੋ ਗਿਆ।

## ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥

ਹੁਣ ਬ੍ਰਹਮ ਨੂੰ ਸਾਰੇ ਦੀਸੈ=ਦੇਖਦਾ ਹੈ, ਬ੍ਰਹਮ ਨੂੰ ਸੁਣਦਾ ਹੈ, ਅਤੇ ਇਕ ਬ੍ਰਹਮ ਨੂੰ ਇਕ ਕਰਨੇ ਹੀ ਵਖਾਣੀਐ=ਕਥਨ ਕਰਦਾ ਹੈ।

## ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਸੰਸਾਰ ਪਸਾਰੇ ਦੇ ਕਰਨ ਵਾਲਾ ਜੋ ਪ੍ਰਭੂ ਹੈ ਓਹੀ ਮੇਰਾ ਆਤਮ=ਆਪਣਾ ਆਪ ਹੈ, ਆਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹੈ। ਫਿਰ ਇਸ ਤਰ੍ਹਾਂ ਨਿਸਚੇ ਕਰਦਾ ਹੈ ਕਿ-

## ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥

ਉਹ ਆਪ ਹੀ ਕਰਤਾ ਹੈ, ਆਪ ਹੀ ਭੁਗਤਾ=ਭੋਗਣ ਵਾਲਾ ਹੈ, ਉਸ ਨੇ ਆਪ ਹੀ ਕਾਰਨ ਰੂਪ ਹੋ ਕੇ ਪ੍ਰਪੰਚ ਕੀਤਾ ਹੈ।

## ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ॥ ੪ ॥ ੨ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਉਸ ਬ੍ਰਹਮ ਨੂੰ ਓਹੀ ਪੁਰਸ਼ ਜਾਣਦੇ ਹਨ, ਜਿਨ੍ਹਾਂ ਨੇ ਹਰੀ ਨਾਮ-ਰਸ ਨੂੰ ਪੀਤਾ ਹੈ॥ ੪॥ ੨॥

[ਪੰਨਾ ੮੪੭]

## ਬਿਲਾਵਲੁ ਮਹਲਾ ੫ ਛੰਤ

## ੧ਓ ਸਤਿਗੁਰ ਪ੍ਰਸਾਦਿ॥

ਹੁਣ ਉੱਤਮ, ਮਧਿੱਮ ਸਖੀਆਂ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ।

## ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ॥

੧.ਹੇ ਸਖੀ ! ਤੂੰ ਭੀ ਆ, ਹੇ ਸਖੀ ! ਇਧਰੋਂ ਮੈਂ ਭੀ ਆਉਂਦੀ ਹਾਂ, ਇਹ ਜੋ ਮਹਾਤਮਾ ਰੂਪ ਸਖੀ ਬੈਠੀ ਹੈ ਇਸ ਨਾਲ ਵਸਿ=ਮਿਲ ਕੇ ਅਸੀਂ ਪਿਰੀ ਪਰਮਾਤਮਾ ਦਾ ਮੰਗਲ ਗਾਇਣ ਕਰੀਏ।

੨. ਹੇ ਸਖੀ ! ਤੂੰ ਭੀ ਆ, ਹੇ ਸਖੀ ! ਇਧਰੋਂ ਮੈਂ ਭੀ ਆਉਂਦੀ ਹਾਂ, ਅਸੀਂ ਰਲ ਮਿਲ ਕੇ ਪਿਰੀ ਦਾ ਮੰਗਲ ਗਾਈਏ, ਤਾਂ ਸਖੀ ਵਸਿ=ਸਖੀ ਦਿਲ ਵਾਲਾ ਜੋ ਪਰਮੇਸ਼ਰ ਹੈ ਉਹ ਸਾਡੇ ਵਸੀਕਾਰ ਹੋ ਜਾਏਗਾ।

## ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ॥

ਹੇ ਸਖੀ! ਮਾਣ ਨੂੰ ਤਿਆਗ ਦੇ, ਹੇ ਸਖੀ! ਮਾਣ ਨੂੰ ਤਿਆਗ ਦੇ,

*ਅਥਵਾ*-ਹੇ ਸਖੀ ! ਮਨ ਦੇ ਮਾਣ ਨੂੰ ਤਿਆਗ, ਤਨ ਦੇ ਮਾਣ ਨੂੰ ਭੀ ਤਿਆਗ ਦੇ। ਮਤਾਂ ਆਪਣੇ ਪ੍ਰੀਤਮ ਵਾਹਿਗੁਰੂ ਨੂੰ ਭਾਅ ਜਾਈਏ।

## ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ॥
## ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ॥

ਮਾਨ ਮੋਹ ਅਤੇ ਦ੍ਵੈਤ ਭਾਅ ਆਦਿਕ ਵਿਕਾਰਾਂ ਨੂੰ ਤਿਆਗ ਦੇ, ਤੇ ਇਕ ਨਿਰੰਜਨ ਨੂੰ ਸੇਵਣਾ ਕਰ।

ਦਿਆਲੂ ਪ੍ਰੀਤਮ ਦੇ ਚਰਨਾਂ ਦੀ ਸ਼ਰਨ ਵਿਚ ਲੱਗਣਾ ਕਰ, ਜੋ ਸਾਰਿਆਂ ਪਾਪਾਂ ਦੇ ਬਿਖੰਡਨੋ=ਨਾਸ ਕਰਨ ਵਾਲਾ ਹੈ।

**ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ॥**
**ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ॥੧॥**

ਉਦਾਸੀ ਨੂੰ ਤਿਆਗ ਕੇ ਦਾਸਾਂ ਦੀ ਦਾਸੀ ਹੋ, ਫੇਰ ਕਿਸੀ ਵਿਧੀ ਸੇ ਨਹੀਂ ਦੌੜੇਂਗੀ। ਗੁਰੂ ਜੀ ਪਇਅੰਪੈ=ਉਚਾਰਦੇ ਹਨ-ਹੇ ਆਪਣੇ ਪੀਆ ! ਜਿਸ ਵੇਲੇ ਆਪ ਕਿਰਪਾ ਉਸ ਵੇਲੇ ਕਰੋਗੇ, ਮੈਂ ਆਪ ਦੇ ਮੰਗਲਾਂ ਨੂੰ ਗਾਇਣ ਕਰਾਂਗੀ॥ ੧॥

**ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ॥**
**ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ॥**

ਪਤੀ-ਪਰਮਾਤਮਾ ਦਾ ਨਾਮ ਅੰਮ੍ਰਿਤ ਹੈ, ਅੰਨ੍ਹੇ ਨੂੰ ਟੋਹਨੀ=ਸੋਟੀ ਵਾਂਗ ਆਸਰਾ ਰੂਪ ਹੈ। ਸੁੰਦਰ ਜੋ ਮੋਹਣੀ ਮਾਇਆ ਹੈ, ਉਹ ਮੈਨੂੰ ਬਹੁਤ ਪ੍ਰਕਾਰ ਸੇ ਜੋਹੈ=ਵੇਖਦੀ ਹੈ, ਵਾ:-ਹਤ ਕਰਦੀ ਹੈ।

**ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ॥**
**ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ॥**

ਮੋਹਨੀ=ਮਾਇਆ ਮਹਾਂ ਚੰਚਲ ਹੈ, ਅਤੇ ਬਚਿਤ੍ਰਿ=ਨਾਨਾ ਪ੍ਰਕਾਰ ਦੇ ਰੂਪ ਧਾਰ ਕੇ ਅਨੇਕ ਤਰ੍ਹਾਂ ਦੇ ਹਾਵ ਭਾਵ ਵਿਖਾਉਂਦੀ ਹੈ। ਢੀਠ=ਨਿਡਰ ਹੋ ਕੇ ਮਨ ਵਿਚ ਮਿੱਠੀ ਲਗ ਰਹੀ ਹੈ, ਇਸ ਕਰਕੇ ਜੀਵ ਪਾਸੋਂ ਪਰਮੇਸ਼ਰ ਦਾ ਨਾਮ ਲੈਣਾ ਨਹੀਂ ਆਉਂਦਾ।

**ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ॥**
**ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ॥੨॥**

ਗ੍ਰਿਹ=ਘਰ ਵਿਚ ਰਹਿਣ ਵਾਲਿਆਂ ਨੂੰ, ਬਨਹਿ=ਜੰਗਲ ਵਿਚ ਰਹਿਣ ਵਾਲਿਆਂ ਨੂੰ, ਤੀਰਥਾਂ ਦੇ ਤੀਰੈ=ਕਿਨਾਰੇ ਪਰ ਰਹਿਣ ਵਾਲਿਆਂ ਨੂੰ, ਵਰਤ ਰਖਣ ਵਾਲਿਆਂ ਨੂੰ, ਠਾਕੁਰ ਪੂਜਾ ਕਰਨ ਵਾਲਿਆਂ ਨੂੰ ਬਾਟ=ਰਸਤੇ ਵਿਚ ਚਲਣ ਵਾਲਿਆਂ ਨੂੰ, (ਘਾਟੇ) ਬੇੜੀ ਪੱਤਣ ਵਾਲਿਆਂ, ਸਭ ਨੂੰ ਇਹ ਮਾਇਆ ਜੋਹਨ=ਵੇਖਦੀ ਹੈ, ਵਾ:-ਜੋ ਮਾਇਆ ਸਭ ਨੂੰ ਹਤ ਕਰਦੀ ਹੈ। ਗੁਰੂ ਜੀ ਪਾਇਅੰਪੈ=ਉਚਾਰਦੇ ਹਨ-ਹੇ ਆਪਣੇ ਹੀਆ ! ਐਸੀ ਦਇਆ ਧਾਰੋ ਜਿਸਤੇ ਮੈਂ ਅੰਨ੍ਹੇ ਨੂੰ ਟੋਹਨੀ=ਸੋਟੀ ਵਾਗ ਆਪ ਦਾ ਆਸਰਾ ਰੂਪ ਨਾਮ ਮਿਲੇ॥ ੨॥

**ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ॥**
**ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ॥**

ਹੇ ਪਿਰੀ ਨਾਥ ! ਜਿਵੇਂ ਜਾਣੋ, ਤਿਵੇਂ ਮੈਂ ਅਨਾਥ ਨੂੰ ਰੱਖਣਾ ਕਰੋ। ਮੇਰੇ ਵਿਚ ਚਤੁਰਾਈ ਕੋਈ ਨਹੀਂ ਹੈ, ਜੋ ਮੂੰਹੋਂ ਬਚਨ ਕਹਿ ਕੇ ਆਪ ਰੀਝਾਵਉ=ਪ੍ਰਸੰਨ ਕਰਾਂ।

**ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ॥**
**ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ॥**

ਨਾ ਮੈਂ ਚਤੁਰ ਹਾਂ, ਨਾ ਹੀ ਸੁ-ਘਰਿ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਹਾਂ, ਨਾ ਮੈਂ ਸੁਜਾਣ ਹਾਂ, ਨਾ ਹੀ ਸ਼ਾਸਤ੍ਰ ਬੇਤੀ ਹਾਂ। ਮੈਂ ਨਿਰਗੁਣ ਵਿਚ ਕੋਈ ਗੁਣ ਨਹੀਂ ਹੈ। ਨਾ ਸਫ਼ਾਈ ਰੂਪੀ ਰੂਪ ਹੈ, ਨਾ ਧੂਪ=ਜਸ ਹੈ, ਨਾ ਹੀ ਬੰਕੇ=ਸੁੰਦਰ ਸੁਰਤੀ ਸਿਮ੍ਰਿਤੀ, ਵਾ:-ਗਿਆਨ ਵੈਰਾਗ ਰੂਪੀ ਅੱਖਾਂ ਹਨ, ਜਿਥੇ ਆਪ ਨੂੰ ਭਾਵੇ ਉਥੇ ਆਪ ਰਖਣਾ ਕਰੋ।

**ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ ॥**
**ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥ ੩ ॥**

ਜਿਸ ਆਪ ਨੂੰ ਸਾਰੇ ਜੀਵ ਜੈ ਜੈ ਕਰਕੇ ਜਇਅੰਪਹਿ=ਉਚਾਰਨਾ ਕਰਦੇ ਹਨ, ਹੇ ਕਿਰਪਾ ਪਤੀ ਪਰਮਾਤਮਾ ! ਮੈਂ ਆਪ ਦੀ ਗਤੀ ਕਿਨਿ=ਕਿਸ ਪ੍ਰਕਾਰ ਜਾਨਣਾ ਕਰਾਂ ? ਵਾ:-ਹੇ ਕ੍ਰਿਪਾ ਪਤੀ ਪਰਮਾਤਮਾ ਮੇਰੀ ਗਤੀ ਆਪ (ਕਿ ਨਿ ਲਖਹੁ) ਕਿਉਂ ਨਹੀਂ ਜਾਣਦੇ ? ਗੁਰੂ ਜੀ ਪਇਅੰਪੈ=ਉਚਾਰਦੇ ਹਨ-ਹੇ ਆਪਣੇ ਪੀਆ ! ਮੈਂ ਸੇਵਕ ਹੋ ਕੇ ਆਪ ਦੀ ਸੇਵਾ ਕਰਦਾ ਹਾਂ, ਜਿਵੇਂ ਜਾਣੋ, ਤਿਵੇਂ ਮੈਨੂੰ ਰਖਣਾ ਕਰੋ ॥ ੩ ॥

**ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ ॥**
**ਮੋਹਿ ਚਾਤ੍ रਿਕ ਤੁਮ੍ਹ ਬੂੰਦ ਤ੍ਰਿਪਤਉ ਮੁਖਿ ਪਰੈ ॥**

ਮੈਂ ਮੱਛੀ ਵਾਂਗ ਹਾਂ, ਆਪ ਜਲ ਰੂਪ ਹੋ, ਆਪ ਜੀ ਤੋਂ ਬਿਨਾਂ ਕਿਵੇਂ ਸਰ ਸਕਦਾ ਹੈ? ਮੈਂ ਪਪੀਹੇ ਵਤ ਹਾਂ, ਆਪ ਸ੍ਵਾਂਤੀ ਬੂੰਦ ਰੂਪ ਹੋ, ਮੂੰਹ ਵਿਚ ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਪਵੇ ਤਾਂ ਮਨ ਤ੍ਰਿਪਤ ਹੁੰਦਾ ਹੈ।

**ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥**
**ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ ॥**

ਮੂੰਹ ਵਿਚ ਸ੍ਵਾਂਤੀ ਬੂੰਦ ਪਵੇ ਤਾਂ ਮੇਰੀ ਪਿਆਸਾ ਦੂਰ ਹੋਵੇ, ਹੇ ਵਾਹਿਗੁਰੂ ਆਪ ਜੀਅ, ਹਿਰਦੇ ਅਤੇ ਪ੍ਰਾਣਾਂ ਦੇ ਪਤੀ ਹੋ। ਸਾਰਿਆਂ ਵਿਚ ਲਾਡਲੇ=ਪਿਆਰੇ ਭਗਤਾਂ ਨੂੰ ਆਪ ਲਾਡ ਵਿਚ ਲਡਾਉਣ ਵਾਲੇ ਹੋ, ਮੈਨੂੰ ਮਿਲੋ ! ਜਿਸਤੇ ਸਾਡੀ ਗਤੀ ਹੋਵੇ।

**ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥**
**ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ॥ ੪ ॥**

ਅਗਿਆਨ ਰੂਪ ਹਨੇਰੇ ਦੇ ਮਿਟ ਜਾਣ ਲਈ, ਮੈਂ ਆਪ ਜੀ ਨੂੰ ਚਿਤ ਵਿਚ ਐਸੇ ਚਿਤਵਦਾ ਹਾਂ, ਜਿਵੇਂ ਦਿਨੁ=ਸੂਰਜ ਦੇ ਚੜ੍ਹਨ ਦੀ ਆਸਾ ਚਕਵੀ ਕਰਦੀ ਹੈ। ਗੁਰੂ ਜੀ ਪਇਅੰਪਹੈ=ਉਚਾਰਦੇ ਹਨ-

ਇਸ ਤਰ੍ਹਾਂ ਬੇਨਤੀ ਕਰਨ ਨਾਲ ਹੇ ਪਿਰੀ ! ਜਦ ਤੁਸਾਂ ਨੇ ਆਪਣੇ ਨਾਲ ਮੇਲਿਆ, ਤਦ ਮੈਨੂੰ ਇਸ ਤਰ੍ਹਾਂ ਨਾ ਭੁੱਲੇ, ਜਿਵੇਂ ਮੱਛੀ ਨੂੰ ਜਲ ਨਹੀਂ ਵਿਸਰਦਾ ॥ ੪ ॥

**ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥**
**ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥**

ਸਾਡੇ ਭਾਗ ਧੰਨਤਾ ਦੇ ਜੋਗ ਹਨ, ਕਿਉਂਕਿ ਮੇਰਾ ਪਿਰੀ ਘਰ ਵਿਚ ਆ ਕੇ ਸਖਿਆਤ ਹੋਇਆ ਹੈ ।

ਬੰਕ=ਸੁੰਦਰ (ਦਰਸ਼ਨੀ) ਦਰਵਾਜ਼ੇ ਸ਼ੋਭਨੀਕ ਹੋਏ। ਸਾਰਾ (ਗੁਰੂ ਕਾ) ਬਨੁ=ਬਾਗ ਭੀ ਹਰਿਆ ਹੋਇਆ। ਵਾ:- ਸਾਧਨਾਂ ਰੂਪੀ, ਇੰਦ੍ਰੀਆਂ ਰੂਪੀ ਸੁੰਦਰ ਦਰਵਾਜ਼ੇ ਸ਼ੋਭਨੀਕ ਹੋਏ, ਅੰਤਹਕਰਨ ਰੂਪੀ ਸਾਰਾ ਬਨੁ=ਭੀ ਸ਼ੁਭ-ਗੁਣਾਂ ਨਾਲ ਹਰਿਆ ਹੋਇਆ।

**ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥**

**ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥**

ਹਰੀ ਸੁਆਮੀ ! ਸਭ ਜੀਵਾਂ ਦੇ ਹਰੇ ਕਰਨ ਵਾਲਾ ਹੈ, ਸੁਖਾਂ ਵਿਚ ਗਾਮੀ=ਗਮਨ ਕਰਾਉਣ ਵਾਲਾ ਹੈ, ਅਨੰਦਦਾਇਕ ਮੰਗਲਾਂ ਦੇ ਕਰਨ ਵਾਲਾ ਹੈ, ਸੇਵਕਾ ਵਿਚ ਜਿਸ ਦਾ ਘਣਾ ਰਸੁ=ਪ੍ਰੇਮ ਹੈ। ਨਵਲ ਨਵਤਨ=ਨਵੀਨ ਤੋਂ ਨਵੀਨ ਹੈ, ਵਾ:-ਨਵਲ=ਵਲਛਲ ਨਹੀਂ ਹੈ, ਨਵਤਨ=ਨਵੀਨ ਹੈ, ਸਭ ਦਾ ਨਾਹੁ=ਪਤੀ ਹੈ, ਬਾਲਾ=ਬਾਲਾਨ ਬਾਲ ਵੱਡਿਆਂ ਤੋਂ ਵੱਡਾ ਹੈ। ਰਸਨਾ=ਜ਼ਬਾਨ ਨਾਲ ਉਸ ਦੇ ਕਿਹੜੇ ਗੁਣ ਕਥਨ ਕਰਾਂ।

**ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥**

**ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥**

ਵਾਹਿਗੁਰੂ ਨੂੰ ਦੇਖ ਕੇ ਬੁੱਧੀ ਮੋਹੀ ਗਈ, ਦੁਖਦਾਈ ਸੰਸਾ ਸਾਰਾ ਹਰਾ=ਨਾਸ ਹੋ ਗਿਆ। ਗੁਰੂ ਜੀ ਪਇਅੰਪੈ=ਉਚਾਰਦੇ ਹਨ, ਅਪਰੰਪਰ ਸੁਆਮੀ ਪਰਮਾਤਮਾ ਦੇ ਮਿਲਣ ਕਰਕੇ ਮੇਰੀ ਆਸਾ ਪੂਰੀ ਹੋ ਗਈ ਹੈ॥ ੫॥ ੩॥

## ਬਿਲਾਵਲੁ ਮਹਲਾ ੫ ਛੰਤ ਮੰਗਲ

## ੧ੴ ਸਤਿਗੁਰ ਪ੍ਰਸਾਦਿ ॥

ਬੇਨਤੀ ਕੀਤੀ-"ਜੀਵ ਨੂੰ ਸੁਖ ਦੀ ਪ੍ਰਾਪਤੀ ਕਿਵੇ ਹੋਵੇ ?" ਉੱਤਰ:-

**ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥**

ਸੁੰਦਰ ਅਤੇ ਸ਼ਾਂਤੀ ਚਿਤ ਵਾਲਾ ਜੋ ਪ੍ਰਭੂ ਦਿਆਲੂ ਹੈ, ਜੋ ਪਤੀ ਸਭ ਸੁਖਾਂ ਦੀ ਨਿਧੀ ਹੈ।

[ਪੰਨਾ ੮੪੯]

**ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥**

ਗੁਰੂ ਜੀ ਕਥਨ ਕਰਦੇ ਹਨ-ਉਹ ਸੁਖਾਂ ਦਾ ਸਮੁੰਦਰ ਪ੍ਰਭੂ ਮਿਲ ਜਾਵੇ, ਤਾਂ ਇਹ ਜੀਉ ਸੁਖੀ ਹੁੰਦਾ ਹੈ॥ ੧॥

**ਛੰਤ ॥ ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥**

**ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥**

ਸੁਖਾਂ ਦਾ ਸਮੁੰਦਰ ਪ੍ਰਭੂ ਤਾਂ ਪ੍ਰਾਪਤ ਹੁੰਦਾ ਹੈ, ਜੇਕਰ ਰਾਮ ਦੀ ਪ੍ਰਾਪਤੀ ਦਾ ਚੰਗਾ ਭਾਗ ਹੋਵੇ। ਹੇ ਜਗਿਆਸੂ ਰੂਪ ਮਾਨਨਿ=ਇਸਤਰੀ ! ਤੂੰ ਮਾਨ ਨੂੰ ਦੂਰ ਕਰ ਦੇ, ਹਰੀ ਰਾਮ ਦੇ ਚਰਨੀਂ ਲਗਣਾ ਕਰ।

**ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ॥**
**ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ॥੧॥**

ਸਿਆਣਪ ਬੁੱਧੀ ਦੀ, ਚਤਰਾਈ ਵਾਕਾਂ ਦੀ ਛੱਡ ਦੇ, ਅਤੇ ਰਾਮ ਪ੍ਰਾਪਤੀ ਲਈ ਬੁੱਧੀ 'ਚੋਂ ਖੋਟੀ ਸਿਖਿਆ ਤਿਆਗ ਦੇ। ਗੁਰੂ ਜੀ ਕਥਨ ਕਰਦੇ ਹਨ- ਰਾਮ ਰਾਇ ਸ਼ਰਨ ਵਿਚ ਪੈਣਾ ਕਰ, ਤਾਂ ਰਾਮ ਦੀ ਪ੍ਰਾਪਤੀ ਦਾ ਸੁਹਾਗ ਥਿਰ ਹੋਵੇਗਾ॥ ੧॥

**ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ॥**
**ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ॥**

ਹੇ ਪੁਰਸ਼ਾ ! ਉਸ ਪ੍ਰਭੂ ਦੇ ਸਿਮਰਨ ਨੂੰ ਤਿਆਗ ਕੇ ਤੂੰ ਕਤ ਲਾਗੀਐ=ਕਿਥੇ ਲੱਗ ਰਿਹਾ ਹੈਂ, ਜਿਸ ਰਾਮ ਦੇ ਸਿਮਰਨ ਤੋਂ ਬਿਨਾਂ ਮਰ ਜਾਣਾ ਹੁੰਦਾ ਹੈ। ਹੇ ਅਗਿਆਨ ਮਤੀ ! ਤੈਨੂੰ ਸ਼ਰਮ ਨਹੀਂ ਆਉਂਦੀ ? ਜੋ ਰਾਮ ਦਾ ਭਜਨ-ਸਿਮਰਨ ਛਡ ਕੇ ਦੁਰਜਨ=ਖੋਟੇ ਪੁਰਸ਼ ਕਾਮ ਆਦਿਕਾਂ ਵਿਚ ਬਿਰਮਾਈਐ=ਪਰਚ ਰਹੀ ਹੈਂ ।

**ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ॥**
**ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ॥੨॥**

ਪਾਪੀਆਂ ਦੇ ਪਵਿੱਤਰ ਕਰਨ ਵਾਲੇ ਰਾਮ ਪ੍ਰਭੂ ਨੂੰ ਤਿਆਗ ਕਰਕੇ, ਕਹੋ ਖਾਂ:-ਆਪਣੇ ਮਨ ਨੂੰ ਕਿਥੇ ਠਹਿਰਾਵੇਂਗਾ? ਹੇ ਭਾਈ ! ਦਿਆਲੂ ਦੀ ਪ੍ਰੇਮਾ ਭਗਤੀ ਕਰ, ਤਾਂ ਤੂੰ ਜੀਵਨ-ਪਦਵੀ ਦੇ ਅਨੰਦ ਨੂੰ ਪਾਵੇਂਗਾ॥ ੨॥

**ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ॥**
**ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ॥**

ਹੇ ਦੁਹ-ਚਾਰਣਿ=ਖੋਟੇ ਕਰਤੱਬਾਂ ਦੇ ਕਰਨ ਵਾਲੀ ਰਸਨਾ ! ਬਲਿ ਗਈਏ=ਸੜ ਗਈਏ ਤੂੰ ਸ੍ਰੀ ਗੁਪਾਲ ਦੇ ਰਾਮ ਨਾਮ ਨੂੰ ਨਹੀਂ ਉਚਾਰਦੀ।

ਭਗਤਾਂ ਦੇ ਪਿਆਰੇ ਪ੍ਰਭੂ ਨੂੰ ਸੇਂਵਦੀ ਨਹੀਂ ਹੈਂ, ਇਸ ਕਰਕੇ ਤੇਰੀ ਕਾਂਇਆਂ ਨੂੰ ਕਾਮ ਆਦਿਕਾਂ ਰੂਪੀ ਕਾਂ ਗ੍ਰਸਣਗੇ। ਵਾ:-ਪ੍ਰਲੋਕ ਵਿਚ ਡੋਡਰ ਕਾਂ ਤੇਰੀ ਕਾਂਇਆ ਨੂੰ ਗ੍ਰਸਣਗੇ।

**ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ॥**

ਭਰਮ ਵਿਚ ਮੋਹੀ ਹੋਈ ਬੁੱਧੀ-ਜਮਲੋਕ ਦੇ ਦੁੱਖਾਂ ਨੂੰ ਜਾਣਦੀ ਨਹੀਂ, ਰਾਮ ਤੋਂ ਬਿਨਾਂ ਕ੍ਰੋੜਾਂ ਜੂਨੀਆਂ ਵਿਚ ਵੱਸਦਾ ਹੈ।

**ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ॥ ੩॥**

ਗੁਰੂ ਜੀ ਕਥਨ ਕਰਦੇ ਹਨ-ਹਰੀ ਰਾਮ ਤੋਂ ਬਿਨਾਂ ਜੋ ਹੋਰ ਪਦਾਰਥਾਂ ਦਾ ਚਾਹੁਣਾ ਹੈ, ਉਹ ਸਭ ਮਿਥਿਆ ਹੈ। ਉਸ ਕਰਕੇ ਇਹ ਜੀਵ ਵਿਸ਼ਟਾ ਦਾ ਕੀੜਾ ਹੁੰਦਾ ਹੈ ਅਤੇ ਲਾਹਨਤਾਂ ਰੂਪੀ ਭਸਮ ਪੈਂਦੀ ਹੈ।

*ਅਥਵਾ:*-ਪ੍ਰਾਣਾਂ ਦੇ ਵਿਜੋਗ ਪਿੱਛੋਂ ਸਰੀਰ ਦੀਆਂ ਤਿੰਨ ਹਾਲਤਾਂ ਹੁੰਦੀਆਂ ਹਨ।

ਐਵੇਂ ਪਈ ਰਹਿਣ ਕਰਕੇ ਕੁੱਤੇ ਆਦਿਕ ਖਾ ਕੇ ਵਿਸ਼ਟਾ ਕਰਦੇ ਹਨ, ਜਾਂ ਕ੍ਰਿਮ=ਕੀੜੇ ਖਾ ਜਾਂਦੇ ਹਨ, ਜਾਂ ਸੜ ਕੇ ਸੁਆਹ ਰੂਪ ਹੋ ਜਾਂਦੀ ਹੈ॥ ੩॥

**ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ॥**

ਹੇ ਪੁਰਸ਼ਾ! ਭਗਵੰਤ ਤੇ ਨਾਲ ਪ੍ਰੇਮ ਲਗਾਉਣਾ ਕਰ, ਅਤੇ ਵੈਰਾਗਵਾਨ ਹੋ ਕੇ ਰਾਮ ਨੂੰ ਮਿਲਣਾ ਕਰ।

**ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ॥**

(ਰਾਮ) ਹੇ ਭਾਈ! ਚੰਦਨ ਆਦਿਕ ਸੁਗੰਧੀਆਂ ਨੂੰ ਲਗਾ ਕੇ ਚੀਰ=ਬਸਤਰਾਂ ਨੂੰ ਪਹਿਰਨਾ, ਅਤੇ ਹਉਮੈ ਦੇ ਸਹਿਤ ਵਿਸ਼ੇ ਰਸਾਂ ਨੂੰ ਤਿਆਗਣਾ ਕਰ।

**ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ॥**
**ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ॥੪॥੧॥੪॥**

ਹੇ ਭਾਈ! ਇਧਰ ਉਧਰ ਭਟਕਣਾ ਨਾ ਕਰ। ਹਰੀ ਰਾਮ ਦੀ ਸੇਵਾ ਕਰਨੇ ਵਿਚ ਜਾਗਣਾ ਕਰ। ਗੁਰੂ ਜੀ ਕਹਿੰਦੇ ਹਨ-ਜਿਸ ਨੇ ਆਪਣੇ ਰਾਮ ਪ੍ਰਭੂ ਨੂੰ ਪਾਇਆ ਹੈ, ਉਹ ਇਸਤਰੀ ਅਟੱਲ ਸੁਹਾਗਣ ਹੋਈ ਹੈ॥ ੪॥ ੧॥ ੪॥

**ਬਿਲਾਵਲੁ ਮਹਲਾ ੫॥**

**ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ॥**
**ਗੁਨ ਗੋਵਿਦ ਸਦ ਗਾਈਅਹਿ ਪਾਰਬ੍ਰਹਮ ਕੈ ਰੰਗੇ ਰਾਮ॥**

ਹੇ ਵਡਭਾਗੀ ਪੁਰਸ਼ੋ! ਰਾਮ ਦੇ ਸੰਤਾਂ ਨਾਲ ਮਿਲ ਕੇ ਹਰੀ ਨੂੰ ਖੋਜਹੁ=ਲੱਭਣਾ ਕਰੋ। ਪਾਰਬ੍ਰਹਮ ਰਾਮ ਦੇ ਪ੍ਰੇਮ ਵਿਚ ਇਸਥਿਤ ਹੋ ਕੇ ਗੋਵਿੰਦ ਦੇ ਗੁਣ ਸਦਾ ਗਾਉਣਾ ਕਰੋ।

**ਸੋ ਪ੍ਰਭੁ ਸਦ ਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ॥**
**ਨਾਨਕ ਪ੍ਰਭ ਸਰਣਾਗਤੀ ਜਪਿ ਅਨਤ ਤਰੰਗੇ ਰਾਮ॥੧॥**

ਉਸ ਪ੍ਰਭੂ ਨੂੰ ਸਦਾ ਸੇਵਣਾ ਕਰੀਏ, ਤਾਂ ਰਾਮ ਦੇ ਪਾਸੋਂ ਮੂੰਹ-ਮੰਗੇ ਫਲ ਪਾਈਦੇ ਹਨ। ਹੇ ਪੁਰਸ਼ਾ! ਪ੍ਰਭੂ ਦੀ ਸ਼ਰਨ ਵਿਚ ਪ੍ਰਾਪਤ ਹੋ ਅਤੇ ਅਨੇਕਾਂ (ਤਰੰਗ) ਸੰਕਲਪ ਵਿਕਲਪ ਦੂਰ ਕਰਕੇ ਰਾਮ ਨੂੰ ਜਪਣਾ ਕਰ।

*ਅਥਵਾ:*-ਬ੍ਰਹਮਾਂ ਆਦਿਕ ਅਨੇਕਾਂ ਤਰੰਗ ਜਿਸ ਬ੍ਰਹਮ ਰੂਪ ਸਮੁੰਦਰ ਵਿਚ ਉੱਠ ਰਹੇ ਹਨ, ਉਸ ਰਾਮ ਨੂੰ ਜਪਣਾ ਕਰ ॥ ੧॥

**ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁ ਕਿਛੁ ਦੀਨਾ ਰਾਮ॥**
**ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ॥**

ਉਹ ਪ੍ਰਭੂ ਇਕ ਤਿਲ ਮਾਤਰ ਭਾਵ ਇਕ ਸ੍ਵਾਸ ਵੀ ਨਾ ਭੁੱਲੇ, ਜਿਸ ਰਾਮ ਨੇ ਸਭ ਕੁਝ ਦਿੱਤਾ ਹੋਇਆ ਹੈ। ਵੱਡਿਆਂ ਭਾਗਾਂ ਕਰਕੇ ਜਦ ਗੁਰਾਂ ਨਾਲ ਮਿਲਾਪ ਹੋਇਆ, ਤਾ ਗੁਰਾਂ ਦੁਆਰੇ ਰਾਮ-ਪਤੀ ਨੂੰ ਜਾਣਿਆ।

**ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ॥**
**ਨਾਮ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ॥੨॥**

ਜਦ ਰਾਮ ਨੇ ਆਪਣਾ ਦਾਸ ਕਰ ਲੀਤਾ, ਤਾਂ ਬੁੱਧੀ ਰੂਪ ਭੁਜਾਂ ਤੋਂ ਫੜ ਕੇ ਅਗਿਆਨ ਰੂਪ ਹਨੇਰੇ ਤੋਂ ਕੱਢ ਲੀਤਾ। ਅਸੀਂ ਤਾਂ ਨਾਮ ਜਪ ਕੇ ਜੀਊਂਦੇ ਹਾਂ, ਜਿਸ ਰਾਮ ਨੂੰ ਜਪ ਕੇ ਸਾਡਾ ਮਨ ਅਤੇ ਸੀਨਾ ਸੀਤਲ ਹੋਇਆ ਹੈ॥ ੨॥

**ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ॥**
**ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ॥**

ਹੇ ਰਾਮ ਪ੍ਰਭੂ ਅੰਤਰਜਾਮੀ! ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣ ਕਹਿ ਸਕਦਾ ਹਾਂ। ਹੇ ਨਰਾਇਣ! ਤੇਰੇ ਸਿਮਰਨ ਨੂੰ ਸਿਮਰ ਕੇ ਕਈ ਪੁਰਸ਼ ਸੰਸਾਰ ਗਰਾਮ ਤੋਂ ਪਾਰ ਹੋਏ ਹਨ।

**ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ॥**
**ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ॥੩॥**

ਗੋਵਿੰਦ ਦੇ ਗੁਣ ਗਾਉਣ ਕਰਨ ਵਾਲਿਆਂ ਦੀਆਂ ਰਾਮ ਨੇ ਸਭ ਇੱਛਾਵਾਂ ਪੂਰਨ ਕਰ ਦਿੱਤੀਆਂ ਹਨ। ਜੋ ਹਰੀ ਰਾਮ ਸਾਰਿਆਂ ਦਾ ਸੁਆਮੀ ਹੈ, ਉਸ ਹਰੀ ਨੂੰ ਜਪ ਕੇ ਭਗਤ ਜਨ ਤਰ ਗਏ ਹਨ॥ ੩॥

**ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ॥**
**ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ॥**

ਹੇ ਭਾਈ! ਜੋ ਆਪਣੇ ਰਾਮ ਦੇ ਪ੍ਰੇਮ ਨਾਲ ਭਿੰਨਿਅੜੇ=ਭਿੱਜੇ ਹਨ-ਉਹ ਨੇਤਰ ਚੰਗੇ ਭਾਵ ਸਫਲ ਹਨ। ਪ੍ਰਭੂ ਨੂੰ ਵੇਖਦਿਆਂ ਸਾਡੀਆਂ ਇੱਛਾਵਾਂ ਪੂਰਨ ਹੋਈਆਂ ਹਨ, ਅਤੇ ਦਿਲ ਦੇ ਸੱਜਣ ਜੋ ਰਾਮ ਜੀ ਹਨ ਉਹ ਮਿਲ ਪਏ ਹਨ।

**ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ॥**
**ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ॥੪॥੨॥੫॥੯॥**

ਹਰੀ ਨਾਮ ਅੰਮ੍ਰਿਤ-ਰਸ ਨੂੰ ਪਾਇਆ ਹੈ, ਤੇ ਵਿਸ਼ਿਆਂ ਰਸਾਂ ਨੂੰ ਫਿੱਕਾ ਜਾਣ ਕੇ ਤਿਆਗਿਆ ਹੈ। ਗੁਰੂ ਜੀ ਆਖਦੇ ਹਨ-ਜਿਵੇਂ ਜਲ ਵਿਚ ਜਲ ਸਮਾ ਜਾਂਦਾ ਹੈ, ਤਿਵੇਂ ਰਾਮ ਜੋਤੀ ਵਿਖੇ ਜੋਤ (ਮੀਕੇ) ਮਿਲ ਗਈ ਹੈ॥ ੪॥ ੨॥ ੫॥ ੯॥

# ਬਿਲਾਵਲ ਕੀ ਵਾਰ

[ਪੰਨਾ ੮੪੯]

## ਬਿਲਾਵਲ ਕੀ ਵਾਰ ਮਹਲਾ ੪

## ੧ਓ ਸਤਿਗੁਰ ਪ੍ਰਸਾਦਿ ॥

ਇਹ ਵਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਚਾਰੀ ਹੈ ਇਸ ਕਰਕੇ ਵਾਰ=ਪਉੜੀਆਂ ਸਾਰੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਹਨ ਤੇ ਸਲੋਕ ਸਾਂਝੇ ਆਉਣਗੇ।

ਸਿੱਖਾਂ ਨੇ ਬੇਨਤੀ ਕੀਤੀ='ਗੁਰਮੁਖ ਕੀ ਕਰਤੱਬ ਕਰਦੇ ਹਨ ?' ਗੁਰ ਉੱਤਰ:-

### ਸਲੋਕ ਮਃ ੪ ॥

**ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥**

੧. ਗੁਰਮੁਖਾਂ ਨੇ ਬਿਲਾਵਲ ਰਾਗ ਦੇ ਨਾਦੁ=ਸ਼ਬਦਾਂ ਦੁਆਰੇ, ਵਾ:-ਬਿਲਾਵਲੁ ਰਾਗ ਦੀ ਨਾਦੁ=ਅਲਾਪਚਾਰੀ ਕਰਕੇ ਹਰਿ ਹਰਿ ਉੱਤਮ ਪ੍ਰਭੂ ਦੇ ਜਸ ਨੂੰ ਗਾਵਿਆ ਹੈ।

੨. ਗੁਰਾਂ ਦੇ ਨਾਦੁ=ਉਪਦੇਸ਼ ਵਿਚ ਰਾਗੁ=ਪ੍ਰੇਮ ਕਰਕੇ ਜਿਨ੍ਹਾਂ ਨੇ ਹਰਿ ਹਰਿ ਉੱਤਮ ਪ੍ਰਭੂ ਦੇ ਜਸ ਨੂੰ ਗਾਵਿਆ ਹੈ, ਉਨ੍ਹਾਂ ਨੂੰ ਬਿਲਾਵਲੁ=ਅਨੰਦ ਹੋਇਆ ਹੈ।

**ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥**

ਜਿਸ ਦੇ ਮੱਥੇ ਉਤੇ ਧੁਰ ਤੋਂ ਹੀ ਪੂਰਾ ਭਾਗ ਲਿਖਿਆ ਹੋਇਆ ਹੈ, ਉਸ ਨੇ ਗੁਰ-ਉਪਦੇਸ਼ ਨੂੰ ਸੁਣ ਕੇ ਮੰਨਣ ਕੀਤਾ ਹੈ।

**ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥**

ਹਿਰਦੇ ਦੀ ਲਿਵ ਹਰਿ ਹਰਿ ਵਿਚ ਲਗਾ ਕੇ ਉਹ ਦਿਨ ਰਾਤ ਸਭ ਹਰੀ ਦੇ ਗੁਣ ਉਚਾਰਦਾ ਹੈ।

**ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥**

ਪਰਮੇਸ਼ਰ ਨਾਮ ਦੇ ਮਨੁ=ਮੰਨਣ ਕਰਨ ਨਾਲ ਉਨ੍ਹਾਂ ਦਾ ਮਨ ਤਨ ਸਭ ਤਰ੍ਹਾਂ ਕਰਕੇ ਇਉਂ ਹਰਾ ਹੋਇਆ ਹੈ, ਜਿਵੇਂ ਹਰਿਆ ਬਾਗ ਖਿੜਿਆ ਹੁੰਦਾ ਹੈ।

## ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥

ਜਿਸ ਵੇਲੇ ਗੁਰਾਂ ਨੇ ਗਿਆਨ ਰੂਪ ਚਰਾਗੁ=ਦੀਵ ਦਾ ਗੁਰ ਚਾਨਣੁ=ਵੱਡਾ ਚਾਨਣ ਕੀਤਾ, ਤਾਂ ਅੰਤਹਕਰਨ ਰੂਪੀ ਮੰਦਰ ਵਿਚੋਂ ਅਗਿਆਨ ਹਨੇਰਾ ਦੂਰ ਹੋ ਗਿਆ।

## ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਇਕ ਹਰੀ ਨੂੰ ਵੇਖ ਕੇ ਜੀਉਂਦੇ ਹਨ ਅਤੇ ਘੜੀ ਦਾ ਇਕ ਨਿਮਖ-ਨਿਮਖ ਸਮਾਂ ਪਰਮੇਸ਼ਰ ਦੇ ਮੁਖਿ ਲਾਗੁ=ਸਨਮੁਖ ਰਹਿੰਦੇ ਹਨ॥ ੧॥

## ਮਃ ੩॥ ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥

੧. ਬਿਲਾਵਲ ਰਾਗ ਨੂੰ ਤਦ ਹੀ ਗਾਉਣਾ ਕਰੀਏ ਜਦ ਮੂੰਹ ਵਿਚ ਪਰਮੇਸ਼ਰ ਦਾ ਨਾਮ ਹੋਵੇ, ਜਾਂ ਸਾਰਿਆਂ ਨਾਮਾਂ ਵਿਚੋਂ ਮੁਖੀ ਨਾਮ ਪ੍ਰਾਪਤ ਹੋਵੇ।

੨. ਬਿਲਾਵਲੁ=ਆਨੰਦ ਨੂੰ ਤਾਂ ਹੀ ਲੈਣਾ ਕਰੀਏ ਜਾਂ ਮੂੰਹ ਵਿਚ ਨਾਮ-ਸਿਮਰਨ ਹੋਵੇ।

## ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥

ਰਾਗ ਦੇ ਨਾਦ=ਅਲਾਪ ਵਿਚ ਉਹ ਸ਼ਬਦ ਗਾਏ ਹੋਏ ਸ਼ੋਭਨੀਕ ਹਨ, ਜਾਂ=ਜਿਨ੍ਹਾਂ ਦੇ ਗਾਉਣ ਨਾਲ ਸਹਜ-ਪਦ ਵਿਚ ਧਿਆਨ ਲੱਗ ਜਾਵੇ।

## ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ॥

(੧) ਵਿਸ਼ੇ ਸਬੰਧੀ ਰਾਗ ਦੀ ਨਾਦ=ਅਲਾਪਚਾਰੀ ਛੱਡ ਕੇ ਹਰੀ ਨੂੰ ਸੇਵੀਐ=ਸਿਮਰੀਏ, ਤਾਂ ਪਰਮੇਸ਼ਰ ਦੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

(੨) ਜੇਕਰ ਰਾਗ ਨਾਦ ਨੂੰ ਛੱਡ ਕੇ ਹਰੀ ਨਾਮ ਦਾ ਸਿਮਰਨ ਕਰੀਏ, ਤਾਂ ਭੀ ਪ੍ਰਭੂ ਦੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

## ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਹੋ ਕੇ ਗੁਰਾਂ ਦੁਆਰੇ ਬ੍ਰਹਮ ਨੂੰ ਵਿਚਾਰੀਏ, ਤਾਂ ਮਨ ਵਿਚੋਂ ਅਭਿਮਾਨੁ=ਹੰਕਾਰ ਚੁੱਕ ਜਾਂਦਾ ਹੈ॥ ੨॥

## ਪਉੜੀ॥ ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ॥

ਹੇ ਹਰੀ ਪ੍ਰਭੂ ! ਤੂੰ ਆਪ ਹੀ ਅਗੰਮ ਹੈਂ, ਸਾਰਿਆਂ ਜੀਵਾ ਨੂੰ ਤੁਸਾਂ ਨੇ ਹੀ ਪੈਦਾ ਕੀਤਾ ਹੈ।

## ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ॥

(੧) ਤੂੰ ਆਪਣੇ ਆਪ ਹੀ ਸਾਰੇ ਜਗਤ ਦੇ ਸਭਨਾਂ ਪਦਾਰਥਾਂ ਵਿਚ ਵਰਤਦਾ ਹੈਂ।

(੨) ਤੂੰ ਆਪੇ ਆਪ ਸਾਰੇ ਵਰਤ ਰਿਹਾ ਹੈਂ, ਇਹ ਜੋ ਸਾਰਾ ਜਗਤ ਹੈ ਉਹ ਸਾਰਾ ਤੇਰੇ ਅੰਦਰ ਹੀ ਆਇਆ ਹੋਇਆ ਹੈ।

## ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ॥

ਤੁਸਾਂ ਨੇ ਆਪ ਹੀ ਗਿਆਨਵਾਨ ਹੋ ਕੇ ਤਾੜੀ=ਸਮਾਧੀ ਲਗਾਈ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ (ਸ਼ੁਭ) ਗੁਣਾਂ ਨੂੰ ਗਾਇਆ ਹੈ। ਅਸੀਂ ਸਭ ਨੂੰ ਏਹੋ ਉਪਦੇਸ਼ ਦੇਂਦੇ ਹਾਂ-

**ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ ਅੰਤਿ ਲਏ ਛਡਾਇਆ ॥**

ਹੇ ਭਗਤੋ ! ਦਿਨ ਰਾਤ ਹਰੀ ਨੂੰ ਧਿਆਉਣਾ ਕਰੋ, ਜੋ ਅੰਤ ਸਮੇਂ ਜਮਾਂ ਤੋਂ ਛੁਡਾ ਲੈਂਦਾ ਹੈ।

**ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿ ਨਾਮਿ ਸਮਾਇਆ ॥ ੧ ॥**

ਜਿਸ ਨੇ ਹਰੀ ਨੂੰ ਸੇਵਿਆ=ਸਿਮਰਿਆ ਹੈ ਉਸ ਨੇ ਸੁਖ ਪਾਇਆ ਹੈ ਅਤੇ ਉਹ ਅੰਤ ਨੂੰ ਹਰੀ ਨਾਮੀ ਵਿਚ ਸਮਾ ਜਾਂਦਾ ਹੈ॥ ੧ ॥

**ਸਲੋਕ ਮਃ ੩ ॥ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥**

(੧) ਦੂਜੈ ਭਾਇ=ਦ੍ਵੈਤ ਭਾਵ ਕਰਕੇ ਬਿਲਾਵਲ ਰਾਗ ਦੀ ਅਲਾਪਚਾਰੀ ਕੀਤੀ ਹੋਈ ਸ਼ਫਲ ਨਹੀਂ ਹੁੰਦੀ ਅਤੇ ਮਨਮੁਖ ਦਾ ਕੋਈ ਕਰਤੱਬ ਕੀਤਾ ਹੋਇਆ ਥਾਂ ਨਹੀਂ ਪੈਂਦਾ, ਭਾਵ ਸਫਲ ਨਹੀਂ ਹੁੰਦਾ।

(੨) ਦ੍ਵੈਤ ਭਾਵ ਕਰਕੇ ਬਿਲਾਵਲੁ=ਅਨੰਦ ਪ੍ਰਾਪਤ ਨਹੀਂ ਹੁੰਦਾ ਅਤੇ ਮਨਮੁਖ ਪੁਰਸ਼ ਸਰੂਪ ਥਾਂ ਵਿਚ ਟਿਕਣਾ ਨਹੀਂ ਪਾਉਂਦਾ।

**ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥**

ਪਖੰਡ ਕੀਤਿਆਂ ਭਗਤੀ ਨਹੀਂ ਹੁੰਦੀ ਅਤੇ ਭਗਤੀ ਕੀਤੇ ਬਿਨਾਂ ਪਰਾ ਰੂਪ ਬ੍ਰਹਮ ਵਿਆਪਕ ਪਰਮੇਸ਼ਰ ਨਹੀਂ ਪਾਇਆ ਜਾਂਦਾ ।

**ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥**

ਮਨ ਹਠੀਏ ਮਨ ਦੇ ਹਠ ਕਰਕੇ ਜੋ ਕਰਮ ਕਮਾਉਂਦੇ ਹਨ, ਉਨ੍ਹਾਂ ਵਿਚੋਂ ਕੋਈ ਕਰਮ ਭੀ ਥਾਂ ਨਹੀਂ ਪੈਂਦਾ, ਭਾਵ ਮਨਜ਼ੂਰ ਨਹੀਂ ਹੁੰਦਾ।

**ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਏ ॥**

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਹਿਰਦੇ ਵਿਚੋਂ ਆਪਾ ਭਾਵ (ਹੰਕਾਰ) ਨੂੰ ਗਵਾ ਕੇ ਆਪਣੇ ਸਰੂਪ ਨੂੰ ਵਿਚਾਰਨਾ ਕਰੀਏ।

**ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥**

ਜਿਸ ਦੇ ਮਨ ਵਿਚ ਪਾਰਬ੍ਰਹਮ ਆ ਵੱਸਿਆ ਹੈ, ਉਹ ਫਿਰ ਆਪੇ ਆਪ ਪਾਰਬ੍ਰਹਮ ਦਾ ਰੂਪ ਹੈ।

**ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥ ੧ ॥**

ਜੋਤੀ ਪਰਮਾਤਮਾ ਨੇ ਉਸ ਦੀ ਜੋਤ ਨੂੰ ਆਪਣੇ ਵਿਚ ਮਿਲਾ ਲਿਆ ਹੈ, ਇਸ ਕਰਕੇ ਉਸ ਦਾ ਜੰਮਣਾ ਮਰਨਾ ਕੱਟਿਆ ਗਿਆ ਹੈ॥ ੧ ॥

**ਮਃ ੩ ॥ ਬਿਲਾਵਲੁ ਕਰਿਹੁ ਤੁਮ੍ਹ ਪਿਆਰਿਹੋ ਏਕਸੁ ਸਿਉ ਲਿਵ ਲਾਇ ॥**

ਹੇ ਪਿਆਰਿਓ ! ਇਕ ਪ੍ਰਭੂ ਨਾਲ ਲਿਵ ਲਗਾ ਕੇ ਤੁਸੀਂ ਬਿਲਵਲੁ ਰਾਗ ਨੂੰ ਗਾਉਣਾ ਕਰੋ,

ਵਾ:-ਬਿਲਵਲੁ=ਅਨੰਦ ਪ੍ਰਾਪਤ ਕਰੋ।

**ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ॥**

ਜੇਕਰ ਤੁਹਾਡਾ ਮਨ ਸੱਚੇ ਵਿਚ ਸਮਾ ਰਹੇਗਾ, ਤਾਂ ਜਨਮ ਮਰਨ ਦਾ ਦੁੱਖ ਕੱਟਿਆ ਜਾਏਗਾ।

**ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ॥**

ਜਿਹੜੇ ਪੁਰਸ਼ ਸਤਿਗੁਰਾਂ ਦੇ ਭਾਇ=ਅਨੁਸਾਰ ਚਲਦੇ ਹਨ, ਜਾਂ ਸਤਿਗੁਰਾਂ ਦੇ ਭਾਇ=ਭਾਣੇ ਵਿਚ ਚਲਦੇ ਹਨ, ਉਨ੍ਹਾਂ ਨੂੰ ਸਦਾ ਹੀ ਬਿਲਾਵਲੁ=ਅਨੰਦ ਦੀ ਪ੍ਰਾਪਤੀ ਹੈ।

ਵਾ:-ਉਨ੍ਹਾਂ ਦੇ ਮਨ ਵਿਚ ਵੀ ਬਿਲਾਵਲੁ=ਅਨੰਦ ਹੈ, ਤੇ ਤਨ ਵਿਚ ਭੀ ਅਨੰਦ ਹੈ।

**ਸਤਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ॥**

ਜਿਹੜੇ ਸਤਿਸੰਗਤ ਵਿਚ ਬੈਠ ਕੇ ਭਾਉ=ਪ੍ਰੇਮ ਕਰਦੇ ਹਨ, ਉਹ ਸਦਾ=ਹਮੇਸ਼ਾਂ ਹਰੀ ਦੇ ਗੁਣ ਗਾਉਂਦੇ ਹਨ।

**ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਜਨ ਸ਼ੋਭਨੀਕ ਹਨ, ਜਿਨ੍ਹਾਂ ਨੂੰ ਪਰਮੇਸ਼ਰ ਨੇ ਮੁਖੀ ਗੁਰਾਂ ਦੇ ਮੇਲ ਵਿਚ ਮਿਲਾਇਆ ਹੈ॥ ੨ ॥

**ਪਉੜੀ॥ ਸਭਨਾ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ॥**

ਜੋ ਹਰੀ ਆਪ ਸਾਰਿਆਂ ਜੀਵਾਂ ਵਿਚ ਵੱਸ ਰਿਹਾ ਹੈ, ਉਹ ਹਰੀ ਭਗਤਾਂ ਦਾ ਮਿੱਤਰ ਹੈ।

**ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ॥**

ਜਿਸ ਹਰੀ ਦੇ ਵੱਸ ਵਿਚ ਸਭ ਕੋਈ ਹੈ, ਉਸ ਹਰੀ ਦਾ ਅਨੰਦ ਭਗਤਾਂ ਦੇ ਹਿਰਦੇ-ਘਰ ਵਿਚ ਹੈ।

**ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ॥**

ਹਰੀ ਭਗਤਾਂ ਦਾ ਮੇਲੀ ਹੈ, ਇਸ ਕਰਕੇ ਸਾਰੇ ਭਗਤ ਜਨ ਸੰਸਾਰ ਵਲੋਂ ਨਿਸਲ-ਬੇ-ਫ਼ਿਕਰ ਹੋ ਕੇ (ਲੰਬੀਆਂ ਬਾਹਵਾਂ ਕਰਕੇ) ਟੰਗ ਉਤੇ ਟੰਗ ਧਰ ਕੇ ਸੌਂਦੇ ਹਨ।

**ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ॥**

ਜੋ ਹਰੀ ਸਾਰਿਆਂ ਦਾ ਮਾਲਕ ਹੈ, ਭਗਤ ਜਨ ਉਸ ਹਰੀ ਨੂੰ ਚੇਤੇ ਕਰਦੇ ਹੋਏ ਬੇਨਤੀ ਕਰਦੇ ਹਨ-

**ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ॥ ੨ ॥**

ਹੇ ਗਰੀਬ ਨਿਵਾਜ਼! ਤੇਰੇ ਬਰਾਬਰ ਕੋਈ ਨਹੀ ਪਹੁੰਚ ਸਕਦਾ, ਤੇਰੇ ਅੰਤ ਲੈਣ ਦੀ ਇੱਛਾ ਵਾਲੇ ਸਾਰੇ ਹੀ ਝਖਿ ਝਖਿ=ਖਪ ਖਪ ਕੇ ਝੜ ਪੈਂਦੇ ਹਨ॥ ੧ ॥

[ਪੰਨਾ ੮੫੦]

**ਸਲੋਕ ਮਃ ੩ ॥ ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥**

ਜਿਹੜਾ ਬ੍ਰਹਮ ਨੂੰ ਬੰਦਹਿ=ਜਾਣਦਾ ਹੈ ਤੇ ਓਹੀ ਅਸਲ ਬ੍ਰਾਹਮਣ ਹੈ, ਪ੍ਰਸ਼ਨ:- 'ਬ੍ਰਹਮ ਨੂੰ ਕੌਣ ਜਾਣਦਾ

ਹੈ? ਉੱਤਰ:-ਜਿਹੜਾ ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਦਾ ਹੈ, ਓਹੀ ਬ੍ਰਹਮ ਨੂੰ ਜਾਣਦਾ ਹੈ।

**ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥**

ਜਿਸ ਦੇ ਹਿਰਦੇ ਵਿਚ ਹਰੀ ਨਾਮ ਵੱਸਦਾ ਹੈ, ਉਸਨੇ ਹਉਮੈ ਰੂਪੀ ਰੋਗ ਨੂੰ ਗਵਾ ਲਿਆ ਹੈ।

**ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥**

ਜੋ ਸ਼ੁਭ-ਗੁਣਾਂ ਨੂੰ ਰਵਹਿ=ਉਚਾਰਦਾ ਹੈ ਤੇ ਸ਼ੁਭ-ਗੁਣਾਂ ਨੂੰ ਸੰਗ੍ਰਹਹਿ=ਇਕੱਠਾ ਕਰਦਾ ਹੈ, ਜੋਤੀ ਪਰਮਾਤਮਾ ਨੇ ਉਸ ਦੀ ਜੋਤ ਨੂੰ ਆਪਣੇ ਵਿਚ ਮਿਲਾ ਲਿਆ ਹੈ।

**ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ॥**

ਇਸ ਕਲਜੁਗ ਵਿਚ ਉਹ ਕੋਈ ਵਿਰਲੇ ਬ੍ਰਾਹਮਣ ਹਨ ਜੋ ਚਿਤ ਨੂੰ ਲਗਾ ਕੇ ਬ੍ਰਹਮ ਨੂੰ ਬਿੰਦਹਿ=ਜਾਣਦੇ ਹਨ।

**ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ॥੧॥**

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਉਤੇਂ ਸੱਚਾ ਹਰੀ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਉਹ ਨਾਮਿ=ਨਾਮੀ (ਪਰਮਾਤਮਾ) ਵਿਚ ਲਿਵ ਲਗਾ ਰਹੇ ਹਨ॥ ੧॥

**ਮਃ ੩॥ ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ॥**

ਜਿਸ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਅਤੇ ਗੁਰਾਂ ਦੇ ਉਪਦੇਸ਼ ਵਿਚ ਜਿਸ ਦਾ ਭਾਉ=ਪ੍ਰੇਮ ਨਹੀਂ ਲੱਗਾ।

**ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ॥**

ਉਸ ਨੇ ਵਿਸ਼ਿਆ ਦਾ, ਜਾਂ ਪਦਾਰਥਾਂ ਦਾ ਬਹੁਤਾ ਸੁਆਦ ਲੈਣ ਲਈ ਜਿਨ੍ਹਾਂ ਕਰਮਾਂ ਦਾ ਕਮਾਉਣਾ ਕੀਤਾ ਹੈ, ਉਨ੍ਹਾਂ ਕਰਮਾਂ ਤੋਂ ਉਸ ਨੂੰ ਬੜਾ ਭਾਰੀ ਹਉਮੈ ਰੂਪੀ ਰੋਗ ਹੋਇਆ ਹੈ।

**ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ॥**

ਮਨ ਦੇ ਹਠ ਕਰਕੇ ਕਰਮਾਂ ਦੇ ਕਮਾਉਣ ਵਾਲੇ ਪੁਰਸ਼ ਮੁੜ-ਮੁੜ ਕੇ ਜੂਨੀਆਂ ਵਿਚ ਪੈਂਦੇ ਹਨ।

**ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ॥**

ਉਸ ਗੁਰਮੁਖ ਦਾ ਮਨੁੱਖਾ ਜੀਵਨ ਸਫ਼ਲ ਹੈ ਜਿਸ ਨੂੰ ਪਰਮੇਸ਼ਰ ਆਪਣੇ ਨਾਲ ਮਿਲਾ ਲੈਂਦਾ ਹੈ।

**ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ॥ ੨॥**

ਗੁਰੂ ਜੀ ਕਥਨ ਕਰਦੇ ਹਨ-ਨਦਰੀ=ਪਰਮਾਤਮਾ ਆਪਣੀ ਨਦਰਿ=ਕਿਰਪਾ-ਦ੍ਰਿਸ਼ਟੀ ਕਰੇ, ਤਾਂ ਜੀਵ ਦੇ ਬੁੱਧੀ ਰੂਪ ਪੱਲੇ ਵਿਚ ਨਾਮ-ਧਨ ਪੈਂਦਾ ਹੈ॥ ੨॥

**ਪਉੜੀ॥ ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ॥**

ਹਰੀ ਨਾਮ ਵਿਚ ਹੀ ਸਾਰੀਆਂ ਵਡਿਆਈਆਂ ਹਨ, ਇਸ ਲਈ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰੀਏ।

## ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥

ਜੇਕਰ ਹਰੀ ਨਾਮ ਵਿਚ ਚਿਤ ਨੂੰ ਲਾਈਏ ਤਾਂ ਜਿ=ਜਿਹੜੀ ਵਸਤੂ ਮੰਗੀ ਦੀ ਹੈ, ਓਹੀ ਵਸਤੂ ਪ੍ਰਾਪਤ ਹੁੰਦੀ ਹੈ।

## ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ॥

ਆਪਣੇ ਜੀਅ ਕੀ=ਦਿਲ ਦੀ ਗੁਹਜ=ਗੁੱਝੀ (ਗੁਪਤ) ਗੱਲ ਭੀ ਸਤਿਗੁਰਾਂ ਪਾਸ ਕਰ ਦੇਈਏ, ਤਾਂ ਸਭ ਤਰ੍ਹਾਂ ਦੇ ਸੁਖ ਪਾ ਲਈਦੇ ਹਨ। ਜਿਵੇਂ ਸ੍ਰੀ ਰਾਮ ਚੰਦ੍ਰ ਜੀ ਨੇ ਸੀਤਾ ਦੇ ਪੈਰਾਂ ਵਿਚ ਪਾਏ ਹੋਏ ਨੂਪਰਾਂ ਦੀ ਧੁਨਿ ਸੁਣ ਕੇ ਹਿਰਦਾ ਚਲਾਇਮਾਨ ਹੋਣ ਤੇ ਪਹਿਲੇ ਲਛਮਣ ਨੂੰ ਕਿਹਾ 'ਇਹ ਨੂਪਰਾਂ ਦੀ ਧੁਨ ਨਹੀਂ ਇਹ ਤਾਂ ਕਾਮਦੇਵ ਦਾ ਧੌਂਸਾ ਵੱਜ ਰਿਹਾ ਹੈ।' ਇਸ ਤਰ੍ਹਾਂ ਦੀ ਜੋ ਨਹੀਂ ਕਹਿਣੇ ਜੋਗ ਗੱਲ ਸੀ, ਉਹ ਗੱਲ ਆਪਣੇ ਵਸ਼ਿਸ਼ਟ ਗੁਰੂ ਜੀ ਨੂੰ ਆ ਕੇ ਦੱਸ ਦਿੱਤੀ, ਅੱਗੋਂ ਗੁਰੂ ਜੀ ਨੇ ਕਿਹਾ-'ਹੌਸਲਾ ਕਰ ਏਸੇ ਨਾਲ ਹੀ ਤੇਰਾ ਵਿਆਹ ਹੋ ਜਾਣਾ ਹੈ।

## ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ॥

ਜਿਸ ਨੂੰ ਪੂਰਾ ਗੁਰੂ ਹਰੀ ਨਾਮ ਦਾ ਉਪਦੇਸ਼ ਦੇਂਦੇ ਹਨ, ਉਸ ਦੀ ਸਾਰੀ ਤ੍ਰਿਸ਼ਨਾ ਰੂਪੀ ਭੁੱਖ ਲਹਿ ਜਾਂਦੀ ਹੈ।

## ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ॥ ੩ ॥

ਜਿਸ ਨੂੰ ਪੂਰਬਲੇ ਜਨਮ ਵਿਚ ਰੰਗੇ ਕੀਤੇ ਹੋਏ ਕਰਮਾਂ ਦਾ ਲੇਖ ਲਿਖਿਆ ਹੋਇਆ ਆ ਕੇ ਪ੍ਰਾਪਤ ਹੁੰਦਾ ਹੈ, ਓਹੀ ਪੁਰਸ਼ ਹਰੀ ਗੁਣਾਂ ਨੂੰ ਗਾਉਂਦਾ ਹੈ॥ ੩॥

## ਸਲੋਕ ਮਃ ੩॥ ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ॥

ਜਿਨ੍ਹਾਂ ਨੂੰ ਮੇਰੇ ਪ੍ਰਭੂ ਨੇ ਸਤਿਗੁਰਾਂ ਦੇ ਮੇਲ ਨਾਲ ਮਿਲਾਇਆ ਹੈ, ਉਨ੍ਹਾਂ ਵਿੱਚੋਂ ਕੋਈ ਭੀ ਸਤਿਗੁਰਾਂ ਦੀ ਦਾਤ ਤੋਂ ਖਾਲੀ ਨਹੀਂ ਰਿਹਾ।

## ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥

ਸਤਿਗੁਰਾਂ ਦਾ ਦਰਸ਼ਨ ਸਫਲੁ=ਸਹਿਤ ਫਲਾਂ ਦੇ ਹੋਣ ਕਰਕੇ ਸਫਲ ਹੈ, ਜਿਹੋ ਜੇਹੀ ਕੋਈ ਇੱਛਾ ਕਰਦਾ ਹੈ, ਦਰਸ਼ਨ ਕਰਕੇ ਓਹੋ ਜੇਹਾ ਫਲ ਪਾ ਲੈਂਦਾ ਹੈ।

## ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ॥

ਗੁਰਾਂ ਦਾ ਉਪਦੇਸ਼ ਅੰਮ੍ਰਿਤ ਰੂਪ ਹੈ ਜੋ ਸਭ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਦੂਰ ਕਰ ਦੇਂਦਾ ਹੈ।

## ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ॥

ਜਿਸ ਨੇ ਹਰੀ ਨਾਮ-ਰਸ ਨੂੰ ਪੀਤਾ ਹੈ ਉਸ ਨੂੰ ਸੰਤੋਖ ਹੋਇਆ ਹੈ, ਅਤੇ ਉਸ ਦੇ ਮਨ ਵਿਚ ਸੱਚਾ ਪ੍ਰਭੂ ਆ ਕੇ ਵੱਸਿਆ ਹੈ।

## ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ॥

ਅਨਹਦ ਸਬਦ ਵਜਾਏ=ਇਕ ਰਸ ਗੁਰ-ਉਪਦੇਸ਼ ਨੂੰ ਉਚਾਰ ਕੇ ਜਿਸ ਨੇ ਸੱਚ ਨੂੰ ਧਿਆਇਆ ਹੈ

ਉਸ ਨੇ ਅਮਰ-ਪਦ ਨੂੰ ਪਾਇਆ ਹੈ, ਅਤੇ ਉਸ ਨੂੰ ਅਨਹਦ=ਇਕ-ਰਸ ਸਬਦ ਵਜਾਏ=ਬ੍ਰਹਮ ਪਰਗਟ ਹੋ ਆਇਆ ਹੈ।

**ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ॥**

ਸਹਜਿ ਸੁਭਾਏ=ਸੁਤੇ-ਸਿਧ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟ ਪ੍ਰੇਮ ਕਰਕੇ ਉਨ੍ਹਾਂ ਨੇ ਸੱਚ ਨੂੰ ਦਸੋਂ ਦਿਸ਼ਾਂ ਵਿਚ ਪਸਰਿਆ ਹੋਇਆ ਨਿਸਚੇ ਕੀਤਾ ਹੈ।

**ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ॥੧॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਹਿਰਦੇ ਅੰਦਰ ਸਚੁ=ਪਰਮੇਸ਼ਰ ਦਾ ਨਾਮ-ਸਿਮਰਨ ਹੈ, ਉਹ ਗੁਰਮੁਖ ਜਨ ਕਿਸੇ ਦੇ ਲੁਕਾਏ ਹੋਏ ਨਹੀਂ ਲੁਕਦੇ॥ ੧॥

**ਮਃ ੩॥ ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥**

ਗੁਰਾਂ ਦੀ ਸੇਵਾ ਕਰਨ ਨਾਲ ਹਰੀ ਪਾਈਦਾ ਹੈ, ਪਰ ਗੁਰ-ਸੇਵਾ ਨੂੰ ਉਹ ਕਰਦੇ ਹਨ, ਜਿਨ੍ਹਾਂ ਉਤੇ ਵਾਹਿਗੁਰੂ ਕਿਰਪਾ-ਦ੍ਰਿਸ਼ਟੀ ਕਰਦਾ ਹੈ।

**ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ॥**

ਜਿਨ੍ਹਾਂ ਨੂੰ ਸੱਚੀ ਭਗਤੀ ਕਰਨੀ ਦਿੱਤੀ ਹੈ, ਉਹ ਮਨੁੱਖ ਤੋਂ ਦੇਵਤੇ ਹੋ ਗਏ ਹਨ।

**ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ॥**

ਜੋ ਗੁਰਾਂ ਦੇ ਉਪਦੇਸ਼ ਕਰਕੇ ਹਉਮੈ ਨੂੰ ਮਾਰ ਕੇ ਸੁਚੇਇ=ਪਵਿੱਤਰ ਹੋਏ ਹਨ, ਉਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਨਾਲ ਮਿਲਾ ਲਿਆ ਹੈ।

**ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ॥੨॥**

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਗੁਰਾਂ ਨੇ ਨਾਮ ਦੀ ਵਡਿਆਈ ਦਿੱਤੀ ਹੈ, ਉਹ ਸਹਜੇ=ਸੁਭਾਵਕ ਹੀ (ਪਰਮਾਤਮਾ) ਨਾਲ ਮਿਲ ਰਹੇ ਹਨ॥ ੨॥

**ਪਉੜੀ॥ ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ<br>ਹਰਿ ਕਰਤੈ ਆਪਿ ਵਧਾਈ॥**

ਗੁਰ=ਪੂਜਨੀਕ ਸਤਿਗੁਰਾਂ ਵਿਚ ਨਾਮ ਦੀ ਵੱਡੀ ਵਡਿਆਈ ਹਰੀ ਕਰਤੇ ਪੁਰਖ ਨੇ ਆਪ ਹੀ ਵਧਾਈ ਹੈ।

**ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ ਓਨ੍ਹਾ ਅੰਦਰਿ ਹਿਰਦੈ ਭਾਈ॥**

ਉਸ ਵਡਿਆਈ ਨੂੰ ਵੇਖ ਵੇਖ ਕੇ ਸਾਰੇ ਸਿੱਖ ਸੇਵਕ ਜੀਊਂਦੇ ਹਨ, ਕਿਉਂਕਿ ਉਨ੍ਹਾਂ ਸਿੱਖ ਸੇਵਕਾਂ ਦੇ ਹਿਰਦੇ ਅੰਦਰ ਸਤਿਗੁਰਾਂ ਦੀ ਵਡਿਆਈ ਭਾਈ ਹੈ।

**ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ<br>ਓਨ੍ਹਾ ਪਰਾਇਆ ਭਲਾ ਨ ਸੁਖਾਈ॥**

ਪਰ ਨਿੰਦਕ ਦੁਸ਼ਟ ਗੁਰੂ ਦੀ ਵਡਿਆਈ ਨੂੰ ਵੇਖ ਨਹੀਂ ਸਕਦੇ, ਕਿਉਂਕਿ ਉਨ੍ਹਾਂ ਨਿੰਦਕ ਦੁਸ਼ਟਾਂ ਨੂੰ ਦੂਜੇ

ਦਾ ਭਲਾ ਸੁਖਾਉਂਦਾ ਹੀ ਨਹੀਂ ਹੈ।

## ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ॥

ਕਿਸੇ ਦੀ ਝਖ ਮਾਰਨ ਤੇ ਭਾਵ ਨਿੰਦਿਆ ਕਰਨ ਨਾਲ ਗੁਰੂ ਦਾ ਕੀ ਵਿਗਾੜ ਹੋਣਾ ਹੈ, ਜਦ ਕਿ ਗੁਰਾਂ ਦੀ ਸੱਚੇ ਪ੍ਰਭੂ ਨਾਲ ਪ੍ਰੀਤੀ ਬਣਿ ਆਈ ਹੈ, ਵਾ:-ਸੱਚੇ ਨਾਲ ਰਹਿ ਬਣ ਆਈ ਹੈ।

## ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ
## ਸਭ ਝਖਿ ਝਖਿ ਮਰੈ ਲੋਕਾਈ॥ ੪ ॥

ਜਿਹੜੀ ਗੱਲ ਕਰਤੇ ਪੁਰਖ ਨੂੰ ਭਾਉਂਦੀ ਹੈ ਉਹ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹਦੀ ਹੇ ਅਤੇ ਗੁਰੂ ਦੀ ਨਿੰਦਿਆ ਕਰਨ ਵਾਲੀ ਸਾਰੀ ਲੋਕਾਈ=ਦੁਨੀਆਂ ਖਪ-ਖਪ ਕੇ ਮਰਦੀ ਹੈ ॥ ੪॥

## ਸਲੋਕ ਮਃ ੩ ॥

## ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ॥

(੧) ਜੋ ਮਾਇਆ ਦੇ ਮੋਹ ਵਿਚ ਚਿਤ ਲਗਾਉਣਾ ਹੈ, ਇਸ ਦੂਜੇ ਭਾਵ ਦੀ ਆਸਾ ਨੂੰ ਧ੍ਰਿਗਕਾਰ ਹੈ।

(੨) ਇਸ ਦ੍ਵੈਤ ਭਾਵ ਦੀ ਆਸਾ ਨੂੰ ਧ੍ਰਿਗਕਾਰ ਹੈ ਜੋ ਮਾਇਆ ਦੇ ਮੋਹ ਕਰਕੇ ਇਹ ਜੀਵ ਪਦਾਰਥਾਂ ਵਿਚ ਚਿਤ ਨੂੰ ਲਗਾਉਂਦਾ ਹੈ।

## ਹਰਿ ਸੁਖੁ ਪਲ੍ਹਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ॥

ਸੁਖ ਰੂਪੀ ਹਰੀ ਨਾਮ ਨੂੰ ਪਲ੍ਹਰਿ=ਖਾਲੀ ਜਾਣ ਕੇ ਬੁੱਧੀ ਰੂਪ ਪੱਲੇ ਵਿਚੋਂ ਤਿਆਗ ਦਿੱਤਾ ਹੈ, ਉਹ ਨਾਮ ਨੂੰ ਭੁਲਾ ਕੇ ਦੁੱਖ ਪਾਉਂਦਾ ਹੈ।

[ਪੰਨਾ ੮੫੧]

## ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ॥

ਮਨਮੁਖ ਅਗਿਆਨੀ ਅੰਨ੍ਹੇ ਹਨ, ਉਹ ਮੁੜ-ਮੁੜ ਕੇ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ।

## ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ॥

ਉਸ ਦਾ ਮੋਖ਼ਸ਼ ਰੂਪੀ ਕਾਰਜ ਸਿੱਧ ਨਹੀਂ ਹੁੰਦਾ, ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ ਪਰਲੋਕ ਵਿਚ ਗਿਆ ਹੋਇਆ ਪਛਤਾਉਂਦਾ ਹੈ।

## ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ॥

ਜਿਸ ਦਾ ਭਾਗ ਚੰਗਾ ਹੁੰਦਾ ਹੈ ਉਸ ਨੂੰ ਸਤਿਗੁਰੂ ਮਿਲਦਾ ਹੈ ਅਤੇ ਓਹੀ ਗੁਰੂ ਦੀ ਕਿਰਪਾ ਨਾਲ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

## ਨਾਮਿ ਰਤੇ ਜਨ ਸਦਾ ਸੁਖੁ ਪਾਇਨਿ੍ ਜਨ ਨਾਨਕ ਤਿਨ ਬਲਿ ਜਾਏ॥ ੧ ॥

ਜੋ ਨਾਮ ਵਿਚ ਰੰਗੇ ਹੋਏ ਹਨ ਉਹ ਨਿਤ ਸੁਖ ਨੂੰ ਪਾਉਂਦੇ ਹਨ, ਗੁਰੂ ਜੀ ਕਥਨ ਕਰਦੇ ਹਨ-ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੧॥

## ਮਃ ੩ ॥ ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥

ਜਗਿ ਮੋਹਣੀ=ਮਾਇਆ ਦੀ ਆਸਾ ਮਨਸਾ=ਬੁੱਧੀ ਵਿਚ ਲੱਗ ਰਹੀ ਹੇ, ਜਿਸ ਮਾਇਆ ਨੇ ਸਾਰੇ ਸੰਸਾਰ ਨੂੰ ਮੋਹਣਾ ਕੀਤਾ ਹੈ।

*ਅਥਵਾ:*-ਆਸਾ ਤੇ ਮਨਸਾ=ਵਾਸ਼ਨਾ ਜਗਤ ਵਿਚ ਅਜੇਹੀ ਮੋਹਣੀ ਹੈ, ਜਿਸ ਨੇ ਸਾਰਾ ਸੰਸਾਰ ਮੋਹ ਲਿਆ ਹੈ।

## ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥

ਸਭ ਕੋਈ ਜਮਾਂ ਦੇ ਚੀਰੇ=ਹੁਕਮ, ਵਾ:-ਦਫ਼ਤਰ, ਵਾ:-ਚੀਰੇ=ਚਿੱਠੇ ਵਿਚ ਹੈ, ਜਿੰਨਾ ਕੁ ਸਾਰੇ ਬ੍ਰਹਮਾਂਡ ਦਾ ਅਕਾਰ ਹੈ।

## ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥

ਹੁਕਮੀ=ਪਰਮੇਸ਼ਰ ਦੇ ਹੁਕਮ ਵਿਚ ਹੀ ਜਮ ਜੀਵ ਨੂੰ ਆ ਕੇ ਲੱਗਦਾ ਹੈ, ਜਿਸ ਨੂੰ ਕਰਤਾਰ ਬਖਸ਼ਦਾ ਹੈ, ਓਹੀ ਜਮਾਂ ਤੋਂ ਉਬਰੈ=ਬਚਦਾ ਹੈ।

## ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥

ਗੁਰੂ ਜੀ ਕਥਨ ਕਰਦੇ ਹਨ-ਇਹ ਚੰਚਲ ਮਨ ਗੁਰੂ ਦੀ ਕਿਰਪਾ ਨਾਲ ਤਾਂ ਤਰਦਾ ਹੈ, ਜਾਂ ਸ਼ਾਂਤੀ ਹੰਕਾਰ ਤੇ ਵਿਦਿਆ ਦੇ ਹੰਕਾਰ ਨੂੰ ਛੱਡ ਦੇਵੇ।

## ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥ ੨ ॥

ਗੁਰ-ਸ਼ਬਦ ਦੀ ਵਿਚਾਰ ਦੁਆਰਾ ਆਸਾ ਇਸ ਲੋਕ ਦੇ ਪਦਾਰਥਾਂ ਦੀ ਤੇ ਮਨਸਾ ਪਰਲੋਕ ਦੇ ਪਦਾਰਥਾਂ ਦੀ, ਵਾ:-ਮਨਸਾ=ਬੁੱਧੀ ਵਿਚੋਂ ਪਦਾਰਥਾਂ ਦੀ ਆਸਾ ਮਾਰ ਕੇ ਨਿਰਾਸ ਹੋਵੇ ਤਾਂ ਤਰਦਾ ਹੈ॥ ੨ ॥

## ਪਉੜੀ ॥ ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥

ਜਗਤ ਵਿਚ ਜਿਥੇ ਭੀ ਜਾਈਦਾ ਹੈ, ਓਥੇ ਹੀ ਹਰੀ ਸੁਆਮੀ ਪੂਰਨ ਹੈ।

## ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥

ਅਗੈ=ਪ੍ਰਲੋਕ ਵਿਚ ਭੀ ਹਰੀ ਆਪੇ ਹੀ ਸਭ ਤਰ੍ਹਾਂ ਨਾਲ ਸੱਚਾ ਇਨਸਾਫ਼ ਕਰਨ ਵਾਲਾ ਹੋ ਕੇ ਵਰਤ ਰਿਹਾ ਹੈ।

## ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥

ਕੂੜਿਆਰਾ=ਝੂਠਿਆਂ ਦੇ ਮੂੰਹ ਫਿਟਕਾਰਦਾ ਹੈ, ਭਗਤੀ ਕਰਨ ਵਾਲਿਆਂ ਨੂੰ ਸੱਚੀ ਵਡਿਆਈ ਦੇਂਦਾ ਹੈ। ਜਾਂ ਭਗਤੀ ਪਰ ਸਚੁ=ਨਿਸਚਾ ਰਖਣ ਵਾਲਿਆਂ ਨੂੰ ਵਡਿਆਈ ਦੇਂਦਾ ਹੈ।

## ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥

ਸੱਚੇ ਮਾਲਕ ਦਾ ਸੱਚਾ ਇਨਸਾਫ਼ ਹੈ, ਇਸ ਲਈ ਨਿੰਦਕ ਦੇ ਸਿਰ ਉਤੇ ਲਾਹਨਤਾਂ ਰੂਪ ਸੁਆਹ ਪੈਂਦੀ ਹੈ।

**ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ॥ ੫ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰਾਂ ਦੁਆਰੇ ਸੱਚ ਨੂੰ ਅਰਾਧਿਆ ਹੈ ਉਸ ਗੁਰਮੁਖ ਨੇ ਸੁਖ ਪਾਇਆ ਹੈ॥ ੫॥

**ਸਲੋਕ ਮਃ ੩ ॥ ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ॥**

ਜੇਕਰ ਹਰੀ ਪ੍ਰਭੂ ਬਖ਼ਸ਼ਿਸ਼ ਕਰੇ ਤਾਂ ਪੂਰਿਆਂ ਭਾਗਾਂ ਨਾਲ ਸਤਿਗੁਰੂ ਪਾਈਦੇ ਹਨ।

**ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ॥**

ਸਤਿਗੁਰਾਂ ਪਾਸੋਂ ਜੋ ਨਾਮ ਪ੍ਰਾਪਤ ਹੁੰਦਾ ਹੈ, ਮੁਕਤੀ ਲਈ ਇਹ ਸਾਰਿਆਂ ਉਪਾਵਾਂ ਵਿਚੋਂ ਸਿਰਿ=ਸ਼ਰੋਮਣੀ ਉਪਾਉ=ਜਤਨ, ਜਾਂ ਸਾਧਨ ਹੈ।

**ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ॥**

ਨਾਮ ਜਪਣ ਕਰਕੇ, ਸ਼ਾਂਤੀ ਦੁਆਰਾ ਅੰਦਰੋਂ ਅੰਤਹਕਰਨ ਸੀਤਲ ਹੋ ਜਾਂਦਾ ਹੈ, ਅਤੇ ਹਿਰਦੇ ਵਿਚੋਂ, ਜਾਂ ਸਰੀਰ ਵਿਚ ਨਿਤ ਸੁਖ ਪ੍ਰਾਪਤ ਹੁੰਦਾ ਹੈ।

**ਅੰਮ੍ਰਿਤੁ ਖਾਣਾ ਪੈਨ੍ਣਾ ਨਾਨਕ ਨਾਇ ਵਡਿਆਈ ਹੋਇ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਨਾਮ ਦੀ ਵਡਿਆਈ ਪ੍ਰਾਪਤ ਹੋਈ ਹੈ, ਉਸ ਦਾ ਖਾਣਾ ਤੇ ਕਪੜਿਆਂ ਦਾ ਪੈਨ੍ਣਾ ਅੰਮ੍ਰਿਤੁ=ਸਫ਼ਲ ਹੈ॥ ੧॥

**ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ॥**

ਏ ਮਨ=ਹੇ ਪਿਆਰੇ ! ਤੂੰ ਗੁਰਾਂ ਦੀ ਸਿਖਿਆ ਸੁਣ, ਤਾਂ ਤੂੰ ਸ਼ੁਭ-ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਪਾ ਲਵੇਂਗਾ।

**ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ॥**

ਜਾਂ ਸੁਖ ਦਾਤਾ (ਪ੍ਰਭੂ) ਤੇਰੇ ਮਨ ਵਿਚ ਵੱਸ ਜਾਏਗਾ, ਤਾਂ ਤੇਰੇ ਅੰਦਰੋਂ ਹਉਮੈ ਤੇ ਅਭਿਮਾਨ ਦੂਰ ਹੋ ਜਾਏਗਾ।

**ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਸ਼ੁਭ-ਗੁਣਾਂ ਦਾ ਖ਼ਜ਼ਾਨਾ ਜੋ ਨਦਰੀ=ਪਰਮਾਤਮਾ ਹੈ, ਉਸ ਦੀ ਕਿਰਪਾ-ਦ੍ਰਿਸ਼ਟੀ ਕਰਕੇ ਨਾਮ-ਅੰਮ੍ਰਿਤ ਪਾਈਦਾ ਹੈ। *ਅਥਵਾ:*-ਅੰਮ੍ਰਿਤ=ਮੁਕਤੀ ਪਦ ਪਾਈਦਾ ਹੈ॥ ੨॥

**ਪਉੜੀ॥ ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ॥**

ਜਿੰਨੇ ਭੀ ਬਾਦਸ਼ਾਹ, ਸਾਹ=ਸ਼ਾਹੂਕਾਰ, ਰਾਜੇ, ਖਾਨ=ਦਸ ਹਜ਼ਾਰੀ, ਪੰਜ ਹਜ਼ਾਰੀ, ਉਮਰਾਵ ਅਤੇ ਸਿਕਦਾਰ=ਥਾਣੇਦਾਰ ਜਾਂ ਸਰਦਾਰ ਹਨ, ਤਿਤਨੇ ਸਭ ਹਰੀ ਦੇ ਪੈਦਾ ਕੀਤੇ ਹੋਏ ਹਨ।

**ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ॥**

ਉਨ੍ਹਾਂ ਪਾਸੋਂ ਜੋ ਕੁਝ ਹਰੀ ਕਰਾਉਂਦਾ ਹੈ ਉਹ ਓਹੀ ਕੁਝ ਕਰਦੇ ਹਨ, ਕਿਉਂਕਿ ਸਾਰੇ ਹੀ ਜੀਵ ਹਰੀ ਦੇ ਦਰ ਦੇ ਅਰਥੀਏ=ਮੰਗਤੇ ਹਨ।

## ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ॥

ਜੋ ਹਰੀ ਸਾਰਿਆਂ ਦਾ ਪ੍ਰਭੂ=ਸੁਆਮੀ ਹੈ ਜਾਂ ਰੱਖਜਕ ਹੈ ਉਹ ਐਸਾ ਹਰੀ ਸਤਿਗੁਰਾਂ ਦੇ ਵਲਿ=ਤਰਫ਼ (ਭਾਵ ਪੱਖ ਵਿਚ) ਹੈ, ਤਿਸ ਪਰਮਾਤਮਾ ਨੇ ਸਾਰੇ ਵਰਨਾਂ ਦੇ, ਤੇ ਚੋਹਾਂ ਖਾਣੀਆਂ ਦੀ ਸਾਰੀ ਸ੍ਰਿਸ਼ਟੀ ਦੇ ਜੀਵ ਗੋਲੇ ਕਰਿ=ਦਾਸ ਬਣਾ ਕੇ ਸਤਿਗੁਰਾਂ ਦੇ ਅੱਗੇ ਕਾਰ=ਸੇਵਾ ਕਮਾਉਣ ਨੂੰ ਹਾਜ਼ਰ ਕਰ ਦਿੱਤੇ ਹਨ।

## ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ॥

ਹੇ ਹਰੀ ਦੇ ਸੰਤੋ ! ਵੇਖੋ, ਹਰੀ ਦੀ ਸੇਵਾ ਕਰਨ ਦੀ ਅਜੇਹੀ ਵਡਿਆਈ ਹੈ, ਜਿਸ ਸੇਵਾ ਨੇ ਦੇਹ ਰੂਪ ਨਗਰੀ ਵਿਚੋਂ ਦੁਸ਼ਮਣੀ ਦੇ ਕਰਨ ਵਾਲੇ ਸਭ (ਕਾਮ ਕ੍ਰੋਧ ਆਦਿਕ) ਦੂਤ ਮਾਰ ਕੇ ਕੱਢ ਦਿੱਤੇ ਹਨ।

## ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ॥ ੩ ॥

ਹਰਿ ਹਰਿ ਪਰਮਾਤਮਾ ਭਗਤ ਜਨਾਂ ਉਤੇ ਹਰ ਤਰ੍ਹਾਂ ਕ੍ਰਿਪਾਲੂ ਹੋਇਆ ਹੈ, ਹਰੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਭਗਤ ਜਨਾਂ ਨੂੰ ਹਰ ਤਰ੍ਹਾਂ ਨਾਲ ਆਪ ਦੁੱਖਾਂ ਤੋਂ ਰੱਖ ਲੀਤਾ ਹੈ॥ ੩ ॥

## ਸਲੋਕ ਮਃ ੩ ॥

## ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥

ਜਿਨ੍ਹਾਂ ਦੇ ਅੰਦਰ ਕਪਟ ਹੈ ਉਨ੍ਹਾਂ ਨੂੰ ਸਦਾ ਹੀ ਦੁੱਖ ਹੁੰਦਾ ਹੈ, ਕਿਉਂਕਿ ਉਨ੍ਹਾਂ ਮਨਮੁਖਾਂ ਦਾ ਪ੍ਰਭੂ ਦੇ ਚਰਨਾਂ ਵਿਚ ਧਿਆਨ ਨਹੀ ਲੱਗਦਾ।

## ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥

ਉਨ੍ਹਾਂ ਨੇ ਪਿੱਛੇ ਦੁੱਖ ਵਿਚ ਹੀ ਕਾਰ ਕਮਾਈ ਸੀ, ਹੁਣ ਭੀ ਦੁੱਖ ਵਿਚ ਵਰਤਦੇ ਹਨ, ਅੱਗੇ ਜਾ ਕੇ ਭੀ ਦੁੱਖ ਭੋਗਣਗੇ।

## ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥

ਪੂਰਬਲਿਆਂ ਕਰਮਾਂ ਅਨੁਸਾਰ ਸਤਿਗੁਰਾਂ ਨੂੰ ਮਿਲੀਏ ਤਾਂ ਸੱਚੇ ਨਾਮੀ ਪਰਮਾਤਮਾ ਵਿਚ ਲਿਵ ਲਗਦੀ ਹੈ।

## ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਤਾਂ ਸਹਜੇ=ਸੁਭਾਵਕ ਹੀ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ, ਅਤੇ ਅੰਤਹਕਰਨ ਵਿਚੋਂ ਭਰਮ ਤੇ ਡਰ ਭਾਗੈ=ਨਾਸ ਹੋ ਜਾਂਦਾ ਹੈ॥ ੧ ॥

## ਮਃ ੩ ॥ ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ॥

ਗੁਰਮੁਖਾਂ ਨੂੰ ਸਦਾ ਹਰੀ ਦਾ ਰੰਗੁ=ਅਨੰਦ, ਵਾ:-ਪ੍ਰੇਮ ਹੈ, ਇਸ ਲਈ ਉਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ

ਭਾਇਆ ਹੈ।

[ਪੰਨਾ ੮੫੨]

## ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥

ਗੁਰਮੁਖਾ ਦਾ ਵੇਖਣਾ ਤੇ ਬੋਲਣਾ ਸਫ਼ਲ ਹੈ, ਵਾ:-ਗੁਰਮੁਖ ਪਰਮੇਸ਼ਰ ਨੂੰ ਵੇਖਦੇ ਹਨ, ਤੇ ਪਰਮੇਸ਼ਰ ਦਾ ਜਸ ਬੋਲਣਾ ਕਰਦੇ ਹਨ, ਗੁਰਮੁਖਾਂ ਨੇ ਨਾਮ ਜਪਦਿਆਂ ਸਦਾ=ਨਿਤ ਸੁਖ ਨੂੰ ਪਾਇਆ ਹੈ।

## ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ, ਜਿਸ ਨਾਲ ਤਿਮਰ=ਅਤਸੇ ਕਰਕੇ ਅਗਿਆਨ ਰੂਪੀ ਤਿਮਰ ਅੰਧੇਰੁ=ਮਹਾਂ ਘੁੱਪ ਹਨੇਰਾ ਦੂਰ ਹੋ ਗਿਆ ਹੈ॥ ੨ ॥

## ਮਃ ੩ ॥ ਮਨਮੁਖ ਮੈਲੇ ਮਰਹਿ ਗਵਾਰ ॥

ਮਨਮੁਖ ਮੂਰਖ ਪਾਪਾਂ ਕਰਕੇ ਮੈਲੇ ਹਨ, ਇਸ ਕਰਕੇ ਜੰਮਦੇ ਮਰਦੇ ਹਨ।

## ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥

ਗੁਰਮੁਖ ਜਨ ਨਿਰਮਲ ਹਨ ਕਿਉਂਕਿ ਉਨ੍ਹਾਂ ਨੇ ਹਿਰਦੇ ਵਿਚ ਹਰੀ ਨਾਮ ਨੂੰ ਧਾਰ ਰੱਖਿਆ ਹੈ।

## ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਜਨੋ ! ਸੁਣੋ, ਸਤਿਗੁਰਾਂ ਦੀ ਸੇਵਾ ਕਰੋ ਤਾਂ ਹਉਮੈ ਰੂਪੀ ਮੈਲ ਲਹਿ ਜਾਏਗੀ।

## ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥

ਮਨਮੁਖ ਦੇ ਅੰਦਰ ਦੁਖਦਾਈ ਸੰਸਾ, ਵਿਆਪ ਰਿਹਾ ਹੈ, ਜਾਂ ਅੰਦਰ ਸੰਸਾ ਹੋਣ ਕਰਕੇ ਦੁੱਖ ਵਿਆਪ ਰਿਹਾ ਹੈ ਕਿਉਂਕਿ ਨਿਤਾਪ੍ਰਤੀ ਧੰਦਿਆਂ ਵਿਚ ਸਿਰ ਮਾਰਦਾ ਹੈ।

## ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥

(੧) ਜਿਨ੍ਹਾਂ ਦੇ ਅੰਦਰ ਮਾਇਆ ਦੇ ਮੋਹ ਦਾ ਪਿਆਰ ਹੈ, ਉਹ ਦ੍ਵੈਤ ਭਾਵ ਵਿਚ ਸੁੱਤੇ ਹੋਏ ਕਦੇ ਜਾਗਦੇ ਨਹੀ ਹਨ।

(੨) ਦ੍ਵੈਤ ਭਾਵ ਕਰਕੇ ਅਵਿਦਿਆ ਦੀ ਨੀਂਦ ਵਿਚ ਸੁੱਤੇ ਹੋਏ ਕਦੇ ਭੀ ਗਿਆਨ-ਜਾਗ੍ਰਤ ਵਿਚ ਨਹੀਂ ਜਾਗਦੇ, ਕਿਉਂਕਿ ਉਨ੍ਹਾਂ ਦਾ ਮਾਇਆ ਦੇ ਮੋਹ ਵਿਚ ਪਿਆਰ ਹੈ।

## ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥

ਨਾਮ ਨੂੰ ਸਿਮਰਦੇ ਨਹੀਂ ਹਨ, ਤੇ ਗੁਰ ਉਪਦੇਸ਼ ਨੂੰ ਭੀ ਵਿਚਾਰਦੇ ਨਹੀਂ ਹਨ, ਇਹ ਮਨਮੁਖਾਂ ਦਾ ਵਿਚਾਰ ਹੈ।

**ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ**
**ਨਾਨਕ ਜਮੁ ਮਾਰਿ ਕਰੇ ਖੁਆਰ॥ ੩॥**

ਹਰੀ ਨਾਮ ਦਾ ਸਿਮਰਨ ਕਰਨਾ ਨਹੀਂ ਭਾਇਆ ਇਸ ਤੇ ਮਨਮੁਖਾਂ ਨੇ ਅਮੋਲਕ ਜਨਮ ਨੂੰ ਵਿਅਰਥ ਗਵਾ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਅੰਤ ਨੂੰ ਜਮ ਉਨ੍ਹਾਂ ਨੂੰ ਮਾਰ ਮਾਰ ਕੇ ਖ਼ਰਾਬ ਕਰਦਾ ਹੈ॥ ੩॥

**ਪਉੜੀ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ॥**

ਜਿਸ ਨੂੰ ਹਰੀ ਨੇ ਸੱਚੀ ਭਗਤੀ ਕਰਨੀ ਬਖਸ਼ੀ ਹੈ, ਓਹੀ ਸੱਚਾ ਸ਼ਾਹੂਕਾਰ ਹੈ।

**ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ॥**

ਸਾਰਾ ਲੋਕੁ=ਜਗਤ ਉਸ ਦੀ ਮੁਹਤਾਜੀ=ਮੁਥਾਜੀ ਕੱਢਦਾ ਭਾਵ ਖੁਸ਼ਾਮਦ ਕਰਦਾ ਹੈ, ਕਿਉਂਕਿ ਹੋਰ ਕਿਸੇ ਸਰੀਰ ਰੂਪ ਹੱਟੀ ਤੋਂ ਨਾਮ-ਵਸਤੂ ਨਾ ਮਿਲਦੀ ਹੈ, ਅਤੇ ਨਾ ਹੀ ਕਿਸੇ ਦਾ ਵੇਸਾਹੁ=ਭਰੋਸਾ ਹੈ।

*ਅਥਵਾ:-*ਨਾ ਹੀ ਵੇਸਾਹੁ=ਖਰੀਦਣਾ ਹੈ।

**ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ॥**

ਜੋ ਪੁਰਸ਼ ਭਗਤ ਜਨਾਂ ਦੇ ਸਨਮੁਖ ਹੁੰਦਾ ਹੈ ਉਹ ਹਰੀ ਨਾਮ ਦੀ ਰਾਸ ਇਕੱਠੀ ਕਰ ਲੈਂਦਾ ਹੈ, ਅਤੇ ਬੇ-ਮੁਖ ਦੇ ਸਿਰ ਉਤੇ ਪ੍ਰਤੱਖ ਸੁਆਹ ਵਾ:-ਲਾਹਨਤਾਂ ਰੂਪੀ ਸੁਆਹ ਪੈਂਦੀ ਹੈ।

**ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ**
**ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ॥**

ਜੋ ਹਰੀ ਨਾਮ ਦੇ ਵਾਪਾਰੀ ਹਨ ਓਹੀ ਹਰੀ ਦੇ ਅਸਲ ਭਗਤ ਹਨ, ਜਮ ਰੂਪ ਜਾਗਾਤੀ=ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ।

**ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ॥ ੭॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਜਨ ਨੇ ਹਰੀ ਨਾਮ-ਧਨ ਲੱਦਿਆ ਹੈ, ਉਹ ਸਦਾ ਹੀ ਬੇ-ਪਰਵਾਹ ਰਹਿੰਦਾ ਹੈ॥ ੭॥

**ਸਲੋਕ ਮਃ ੩॥ ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ**
**ਹੋਰੁ ਸਭੁ ਜਗਤੁ ਭਰਮਿ ਭੁਲਾਇਆ॥**

ਇਸ ਕਲਜੁਗ ਵਿਚ ਭਗਤੀ=ਭਗਤਾਂ ਨੇ ਹਰੀ ਨਾਮ-ਧਨ ਖੱਟਿਆ ਹੈ, ਹੋਰ ਸਾਰਾ ਜਗਤ ਭਰਮ ਵਿਚ ਭੁਲਾਇਆ ਹੈ। ਜਾਂ ਹੋਰ ਸਾਰੇ ਜਗਤ ਨੂੰ ਭਰਮ ਨੇ ਭੁਲਾ ਦਿੱਤਾ ਹੈ।

**ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ॥**

ਗੁਰਾਂ ਦੀ ਕਿਰਪਾ ਦੁਆਰੇ ਭਗਤਾਂ ਦੇ ਮਨ ਵਿਚ ਨਾਮ ਵੱਸਿਆ, ਇਸ ਲਈ ਭਗਤਾਂ ਨੇ ਦਿਨ ਰਾਤ ਨਾਮ ਨੂੰ ਸਿਮਰਿਆ ਹੈ।

## ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥

ਬਿਖਿਆ=ਮਾਇਆ ਵਿਚ ਰਹਿੰਦਾ ਹੋਇਆ ਉਨ੍ਹਾਂ ਦਾ ਮਨ ਮਾਇਆ ਤੋਂ ਉਦਾਸ ਹੈ, ਗੁਰ-ਸ਼ਬਦ ਦੁਆਰਾ ਉਨ੍ਹਾਂ ਨੇ ਹਉਮੈ ਨੂੰ ਜਲਾਇਆ=ਸਾੜ ਲਿਆ ਹੈ।

## ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥

ਉਹ ਆਪ ਸੰਸਾਰ ਤੋਂ ਤਰ ਗਿਆ ਹੈ ਅਤੇ ਕੁਲ ਦੇ ਜੀਵ ਭੀ ਉਧਰ ਗਏ ਹਨ, ਉਸ ਦੇ ਜੰਮਣ ਵਾਲੀ ਮਾਂ ਭੀ ਧੰਨਤਾ ਦੇ ਜੋਗ ਹੈ।

## ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥

ਸੱਚੇ ਵਾਹਿਗੁਰੂ ਨਾਲ ਲਿਵ ਲਗਾਉਣ ਕਰਕੇ ਉਸ ਦੇ ਮਨ ਵਿਚ ਸਦਾ ਸਹਜੁ ਸੁਖੁ=ਸ਼ਾਂਤੀ ਸੁਖ ਵੱਸਿਆ ਹੈ।

## ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਤਿੰਨਾਂ ਗੁਣਾਂ ਵਿਚ ਭੁੱਲੇ ਹੋਏ ਹਨ, ਇਸ ਲਈ ਉਨ੍ਹਾਂ ਨੇ ਆਪਣੇ ਵਿਚ ਹਉਮੈ ਤੇ ਮੋਹ ਨੂੰ ਵਧਾਇਆ ਹੋਇਆ ਹੈ।

## ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥

ਪੰਡਿਤ ਪੁਰਾਣਾਂ ਨੂੰ ਪੜ੍ਹ ਪੜ੍ਹ ਕੇ ਅਤੇ ਮੋਨੀ ਮੋਨ ਧਾਰ ਕੇ ਭੁੱਲੇ ਹੋਏ ਹਨ, ਜਿਨ੍ਹਾਂ ਨੇ ਦ੍ਵੈਤ ਭਾਵ ਵਿਚ ਚਿਤ ਨੂੰ ਲਗਾਇਆ ਹੋਇਆ ਹੈ।

## ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥

ਜੋਗੀ, ਜੰਗਮ ਤੇ ਸੰਨਿਆਸੀ ਭੀ ਭੁੱਲੇ ਹੋਏ ਹਨ, ਗੁਰੂ ਤੋਂ ਬਿਨਾ ਕਿਸੇ ਨੇ ਭੀ ਤਤੁ=ਸਿਧਾਂਤ ਨੂੰ ਨਹੀਂ ਪਾਇਆ।

## ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥

ਮਨਮੁਖ ਪੁਰਸ਼ ਭਰਮ ਵਿਚ ਭੁੱਲੇ ਹੋਏ ਸਦਾ ਦੁਖੀ ਹਨ, ਉਨ੍ਹਾਂ ਨੇ ਆਪਣੇ ਮਨੁੱਖ ਜਨਮ ਨੂੰ ਨਿਸਫਲ ਗਵਾ ਲਿਆ ਹੈ।

## ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮੀ ਵਿਚ ਰੱਤੇ ਹੋਏ ਹਨ, ਓਹੀ ਪੁਰਸ ਇਸ ਭੇਦ ਨੂੰ ਸਮਧੇ=ਸਮਝੇ ਹਨ, ਵਾ:-ਓਹੀ ਜਨ ਸਮਧੇ=ਗਿਆਨਵਾਨ ਹੋਏ ਹਨ, ਵਾ:-ਓਹੀ ਜਨ ਸਮਧੇ=ਇਸਥਿਤ ਹੋਏ ਹਨ, ਜਿਨ੍ਹਾਂ ਨੂੰ ਪ੍ਰਭੂ ਨੇ ਬਖਸ਼ਿਆ ਹੈ, ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।

## ਮਃ ੩ ॥ ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥

ਗੁਰੂ ਜੀ ਕਥਨ ਕਰਦੇ ਹਨ- ਉਸ ਨੂੰ ਸਲਾਹੁਣਾ ਕਰੀਏ, ਜਿਸ ਦੇ ਵੱਸ ਵਿਚ ਸਭ ਕੁਝ ਹੋ ਰਿਹਾ ਹੈ।

## ਤਿਸਹਿ ਸਰੇਵਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥

ਹੇ ਪ੍ਰਾਣੀਓ ! ਉਸੇ ਨੂੰ ਸੇਵਣਾ ਕਰੋ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਕੁਝ ਕਰਨ ਵਾਲਾ ਨਹੀਂ ਹੈ। ਜਾਂ ਉਸ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ।

## ਗੁਰਮੁਖਿ ਅੰਤਰਿ ਮਨਿ ਵਸੈ ਸਦਾ ਸਦਾ ਸੁਖੁ ਹੋਇ ॥ ੨ ॥

ਜਿਸ ਗੁਰਮੁਖ ਦੇ ਮਨ ਅੰਦਰ ਵੱਸਦਾ ਹੈ ਭਾਵ ਸਖਿਆਤ ਹੁੰਦਾ ਹੈ, ਉਸ ਨੂੰ ਸਦਾ ਸਦਾ ਹੀ ਸੁਖ ਹੁੰਦਾ ਹੈ॥ ੨॥

## ਪਉੜੀ ॥ ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥

ਜਿਨ੍ਹਾਂ ਨੇ ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਧਨ ਨਹੀਂ ਖੱਟਿਆ, ਇਸ ਕਲਜੁਗ ਦੇ ਵਿਚ ਉਹ ਪੁਰਸ਼ ਦੇਵਾਲੀਏ=ਕਰਜਾਈ ਹਨ। (ਉਨ੍ਹਾਂ ਦੇ ਸਿਰ ਉਤੇ ਰਿਖੀ ਦੰਡ, ਪਿਤਰ ਦੰਡ, ਦੇਵ ਦੰਡ, ਜਮ ਦੰਡ ਹਮੇਸ਼ਾ ਬਣਿਆ ਰਹਿੰਦਾ ਹੈ।)

## ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥

ਉਹ ਸਾਰੇ ਜਗਤ ਵਿਚ ਮੰਗਦੇ ਫਿਰਦੇ ਹਨ, ਪਰ ਉਨ੍ਹਾਂ ਦੇ ਮੂੰਹ ਪਰ ਕੋਈ ਥੁੱਕ ਭੀ ਨਹੀਂ ਪਾਉਂਦਾ, ਉਹ ਐਸੇ ਧਿਰਕਾਰੇ ਹੋਏ ਹਨ।

*ਅਥਵਾ:*-ਆਪਣੇ ਮੂੰਹ ਦੀ ਥੁੱਕ ਭੀ ਉਨ੍ਹਾਂ ਨੂੰ ਕੋਈ ਨਹੀਂ ਪਾਉਂਦਾ ਭਾਵ ਆਪਣੇ ਮੂੰਹ ਦਾ ਜੂਠਾ ਟੁਕੜਾ ਭੀ ਉਨ੍ਹਾਂ ਨੂੰ ਕੋਈ ਨਹੀਂ ਦੇਂਦਾ।

## ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ ॥

ਜੋ ਪਰਾਈ ਬਖੀਲੀ ਕਰਦੇ ਹਨ, ਉਹ ਆਪਣੀ ਪ੍ਰਤੀਤ ਖੋਂਹਦੇ ਹਨ, ਸਗਵਾ=ਉਲਟਾ ਆਪ ਨੂੰ ਭੀ ਮੂਰਖ, ਜਾ ਨਿੰਦਕ ਲਖਾਹਿ=ਜਣਾਉਂਦੇ ਹਨ।

## ਜਿਸੁ ਧਨ ਕਾਰਣਿ ਚੁਗਲੀ ਕਰਹਿ
## ਸੋ ਧਨੁ ਚੁਗਲੀ ਹਥਿ ਨ ਆਵੈ ਓਇ ਭਾਵੈ ਤਿਥੈ ਜਾਹਿ ॥

ਜਿਸ ਨਾਮ-ਧਨ ਦੀ ਪ੍ਰਾਪਤੀ ਵਾਸਤੇ ਚੁਗਲੀ ਕਰਦੇ ਹਨ, ਉਹ ਨਾਮ-ਧਨ ਚੁਗਲੀ ਕਰਨ ਨਾਲ ਮਨ ਰੂਪੀ ਹੱਥ ਵਿਚ ਨਹੀਂ ਆਉਂਦਾ, ਉਹ ਭਾਵੇਂ ਜਿਥੇ ਭੀ ਜਾਣਾ ਚਾਹੁੰਣ ਉਥੇ ਜਾ ਕੇ ਵੇਖ ਲੈਣ।

[ਪੰਨਾ ੮੫੩]

## ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ ਤਿਥਹੁ ਕਰਮਹੀਣ ਲੈ ਨ ਸਕਹਿ
## ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥ ੮ ॥

ਸੇਵਕੀ ਭਾਉ ਨਾਲ ਮੁਖੀ ਗੁਰਾਂ ਤੋਂ ਹਰੀ ਨਾਮ-ਧਨ ਮਿਲਦਾ ਹੈ, ਪਰ ਕਰਮਾਂ ਤੋਂ ਹੀਣੇ ਉਥੋਂ ਲੈ ਨਹੀਂ ਸਕਦੇ, ਅਤੇ ਹੋਰ ਥੈ=ਹੋਰਨਾਂ ਦੇਸ਼ਾਂ ਪ੍ਰਦੇਸ਼ਾਂ ਵਿਚੋਂ ਗੁਰਾਂ ਤੋਂ ਬਿਨਾਂ ਹਰੀ ਨਾਮ-ਧਨ ਮਿਲਦਾ ਨਹੀਂ ਹੈ॥ ੮॥

## ਸਲੋਕ ਮ: ੩ ॥ ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ॥

ਗੁਰਮੁਖਾਂ ਨੂੰ ਮੂਲਿ=ਕਦਾਚਿਤ ਸੰਸਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚੋਂ ਚਿੰਤਾ ਜਾਂਦੀ ਰਹੀ ਹੈ।

## ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥

ਉਨ੍ਹਾਂ ਦੇ ਭਾਣੇ ਵਿਚ ਜੋ ਕੁਝ ਹੁੰਦਾ ਹੈ ਉਹ ਸੁਤੇ ਹੀ ਚੰਗਾ ਹੁੰਦਾ ਹੈ, ਇਸ ਲਈ ਉਨ੍ਹਾਂ ਪਾਸੋਂ ਕੁਝ ਭਲਾ ਬੁਰਾ ਕਿਹਾ ਨਹੀਂ ਜਾਂਦਾ। ਜਾਂ ਉਨ੍ਹਾਂ ਦੇ ਵਿਹਾਰ ਉਤੇ ਕੁਝ ਤਰਕ ਵਾਲਾ ਬਚਨ ਕਿਹਾ ਨਹੀ ਜਾਂਦਾ।

**ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ॥ ੧॥**

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦਾ ਆਖਿਆ ਹੋਇਆ ਬਚਨ ਪ੍ਰਭੂ ਆਪ ਸੁਣਦਾ ਹੈ, ਜਿਨ੍ਹਾਂ ਨੂੰ ਉਸਨੇ ਆਪਣੀ ਪੰਨੈ=ਸ਼ਰਨੀ ਪਾ ਲੀਤਾ ਹੈ। ਜਾਂ ਜਿਹੜੇ ਮਨੁੱਖ ਪ੍ਰਭੂ ਨੇ ਆਪਣੇ ਪੰਨੈ=ਪੱਲੇ, ਵਾ:-ਸਤਿਸੰਗਤ ਰੂਪੀ ਪੰਨੈ=ਦਫ਼ਤਰ ਵਿਚ ਪਾ ਲੀਤੇ ਹਨ॥ ੧॥

**ਮਃ ੩॥ ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ॥**

ਜਿਸ ਨੇ ਹਿਰਦੇ ਅੰਦਰ ਨਿਰਮਲ ਨਾਮ ਨੂੰ ਜਪ ਕੇ ਮਨ ਦੀਆਂ ਮਨਸਾ=ਵਾਸ਼ਨਾਂ ਮਨਹਿ ਸਮਾਣੀ=ਮਨ ਦੇ ਵਿਚ ਹੀ ਅਭਾਵ ਕੀਤੀਆਂ ਹਨ, ਉਸ ਨੇ ਕਾਲ ਨੂੰ ਮਾਰ ਲਿਆ ਹੈ।

**ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ॥**

ਉਹ ਸੁਭਾਵਕ ਹੀ ਨਾਮ-ਅੰਮ੍ਰਿਤ ਦੇ ਪਿਲਾਉਣ ਵਿਚ ਰਾਤ ਦਿਨ ਜਾਗਦਾ ਰਹਿੰਦਾ ਹੈ, ਕਦੇ ਭੀ ਮੋਹ ਦੀ, ਜਾਂ ਅਵਿਦਿਆ ਦੀ ਨੀਂਦ ਵਿਚ ਨਹੀਂ ਸੌਂਦਾ।

**ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ॥**

ਉਹ ਬਾਣੀ ਦੁਆਰਾ ਅੰਮ੍ਰਿਤ ਰੂਪ ਮਿੱਠਾ ਬਚਨ ਬੋਲਦਾ ਹੈ ਅਤੇ ਰਾਤ ਦਿਨ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

**ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ॥ ੨॥**

ਉਹ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਪਾ ਕੇ ਸਦਾ ਸ਼ੋਭਦੇ ਹਨ, ਗੁਰੂ ਜੀ ਕਥਨ ਕਰਦੇ ਹਨ, ਉਨ੍ਹਾਂ ਦੇ ਨਾਲ ਮਿਲਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ॥ ੨॥

**ਪਉੜੀ॥ ਹਰਿ ਧਨੁ ਰਤਨ ਜਵੇਹਰੀ**
**ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ॥**

ਜੋ ਹਰੀ ਨਾਮ-ਧਨ, ਰਤਨਾਂ ਜਵੇਹਰਾਂ ਵਾਂਗ ਅਮੋਲਕ ਹੈ, ਸੋ=ਉਹ ਹਰੀ ਨਾਮ ਧਨ, ਹਰੀ ਨੇ ਮੈਨੂੰ ਗੁਰਾਂ ਪਾਸੋਂ ਦਿਵਾਇਆ ਹੈ।

**ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ**
**ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ**
**ਕਿਸੈ ਨਾਲਿ ਨ ਜਾਇ ਵੰਡਾਇਆ॥**

ਜੇਕਰ ਉਹ ਹਰੀ ਨਾਮ-ਧਨ ਗੁਰਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਦਿੱਸ ਆਵੇ, ਤਾਂ ਕੋਈ ਕਿਸੇ ਤਰ੍ਹਾਂ ਨਾਲ ਮੰਗ ਲਵੇ, ਅਕੈ=ਅਥਵਾ ਜਾਂ ਆ ਕੇ ਕੋਈ ਕਿਸੇ ਪਾਸੋਂ ਦਿਵਾ ਦੇਵੇ, ਪਰ ਇਹ ਹਰੀ ਨਾਮ-ਧਨ ਜੋਰਿ ਕੀਤੈ=ਬਲ ਦੇ ਕੀਤਿਆਂ ਕਿਸੇ ਦੇ ਨਾਲੋਂ ਵੰਡਾਇਆ ਨਹੀਂ ਜਾਂਦਾ।

**ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ**
**ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ॥**

ਜਿਸ ਪੁਰਸ਼ ਨੂੰ ਹਰੀ ਸਤਿਗੁਰਾਂ ਨਾਲ ਮਿਲਾ ਕੇ ਸ਼ਰਧਾ ਲਗਾਵਾਉਂਦਾ ਹੈ, ਹਰੀ ਨਾਮ-ਧਨ ਦੀ ਵੰਡ ਉਸ ਦੇ ਹੱਥ ਵਿਚ ਆਉਂਦੀ ਹੈ, ਜਿਸ ਨੂੰ ਕਰਤੇ ਪੁਰਖ ਨੇ ਧੁਰ ਤੋਂ ਚੰਗਾ ਲੇਖ ਲਿਖ ਪਾਇਆ ਹੈ, ਉਸੇ ਨੇ ਗੁਰਾਂ ਨਾਲ ਮਿਲ ਕੇ ਨਾਮ-ਧਨ ਪਾਇਆ ਹੈ।

**ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥**

ਇਸ ਹਰੀ ਨਾਮ-ਧਨ ਦਾ ਕੋਈ ਸ਼ਰੀਕ ਭੀ ਨਹੀਂ ਹੈ, ਕਿਸੇ ਦਾ ਲਿਖਿਆ ਹੋਇਆ ਖ਼ਤ ਭੀ ਨਹੀ ਆਉਂਦਾ ਕਿ ਫਲਾਣੇ ਨੂੰ ਹਰੀ ਨਾਮ-ਧਨ ਦੇ ਦੇਣਾ, ਜਾਂ ਇਸ ਉਤੇ ਕਿਸੇ ਹਾਕਮ ਦਾ ਖਤੁ=ਪ੍ਰਵਾਨਾ ਭੀ ਨਹੀਂ ਤੁਰਦਾ, ਅਤੇ ਕਿਸੇ ਦੇ ਸੀਂਵ=ਹੱਦ, ਬੰਨੇ ਦਾ ਭੀ ਰੌਲਾ ਨਹੀਂ ਹੈ, (ਸੀਵ ਰਾਜਿਆਂ ਦੀਆਂ ਹੁੰਦੀਆਂ ਹਨ, ਬੰਨੇ ਜ਼ਿਮੀਂਦਾਰਾਂ ਦੇ ਹੁੰਦੇ ਹਨ*) ਜਿਹੜਾ ਕੋਈ ਹਰੀ ਨਾਮ-ਧਨ ਦੀ ਬਖੀਲੀ ਕਰਦਾ ਹੈ, ਉਸ ਦਾ ਮੂੰਹ, ਹਰੀ ਨੇ ਚੌਹਾਂ ਕੁੱਟਾਂ ਵਿਚ ਕਾਲਾ ਕਰਾਇਆ ਹੈ।

**ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥ ੯ ॥**

ਹਰੀ ਦੇ ਦਿੱਤੇ ਹੋਏ ਨਾਮ-ਧਨ ਨਾਲ ਨਾ ਕਿਸੇ ਦਾ ਜ਼ੋਰ ਚਲਦਾ ਹੈ, ਨਾ ਹੀ ਈਰਖਾ ਬਖੀਲੀ ਚਲਦੀ ਹੈ, ਇਸ ਲਈ ਗੁਰਾਂ ਕੋਲ ਨਾਮ-ਧਨ ਰੋਜ਼ ਦਾ ਰੋਜ਼ ਦਿਨੋ ਦਿਨ ਸਵਾਇਆ ਚੜ੍ਹਦਾ ਹੈ॥ ੯ ॥

**ਸਲੋਕ ਮ: ੩ ॥ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**

ਇਹ ਜਗਤ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ, ਹੇ ਪ੍ਰਭੂ ! ਆਪਣੀ ਕਿਰਪਾ-ਦ੍ਰਿਸ਼ਟੀ ਧਾਰ ਇਸ ਨੂੰ ਰੱਖ ਲੈ।

**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**

ਜਿਸ ਰਸਤੇ ਦੁਆਰੇ ਬਚ ਸਕਦਾ ਹੈ, ਉਸੇ ਤਰ੍ਹਾਂ ਹੀ ਉਬਾਰਿ=ਬਚਾ ਲੈ।

**ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥**

ਜਿਸ ਸਤਿਗੁਰੂ ਨੇ ਮੈਨੂੰ ਸੁਖ ਵਿਖਾਇਆ ਹੈ, ਉਸ ਗੁਰੂ ਦੇ ਸੱਚੇ ਸਬਦੁ=ਉਪਦੇਸ਼ ਦਾ ਵਿਚਾਰ ਕਰਨਾ ਮੈਨੂੰ, ਜਾਂ ਜਗਤ ਨੂੰ ਦਿਓ।

**ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਆਪ ਜੀ ਤੋਂ ਬਿਨਾਂ ਹੋਰ ਕੋਈ ਇਸ ਜੀਵ ਨੂੰ ਬਖਸ਼ਣੇ ਵਾਲਾ ਨਹੀਂ ਸੁੱਝਦਾ ॥ ੧ ॥

---

**ਕਈ ਇਸ ਤਰ੍ਹਾਂ ਭੀ ਆਖਦੇ ਹਨ-ਸੀਵ=ਹੱਦਾਂ ਜ਼ਿਮੀਂਦਾਰਾਂ ਦੀਆਂ ਹੁੰਦੀਆਂ ਹਨ ਅਤੇ ਬੰਨੇ ਰਾਜਿਆਂ ਮਹਾਰਾਜਿਆਂ ਦੇ ਹੁੰਦੇ ਹਨ।*

## ਮਃ ੩ ॥ ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥

ਮੋਹਣੀ ਮਾਇਆ ਹੀ ਹੰਗਤਾ ਮਮਤਾ ਕਰਕੇ ਹੀ ਜੀਵ ਦੂਜੈ=ਦ੍ਵੈਤ ਭਾਵ ਵਿਚ ਲੱਗੇ ਜਾ ਰਹੇ ਹਨ।

## ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥

ਇਹ ਹੰਗਤਾ ਮਮਤਾ ਕਿਸੇ ਪਾਸੋਂ ਮਾਰੀ ਨਹੀਂ ਜਾਂਦੀ, ਨਾ ਹੀ ਇਹ ਆਪਣੇ ਆਪ ਮਰਦੀ ਹੈ, ਨਾ ਹੀ ਇਹ ਹੰਗਤਾ ਮਮਤਾ ਕਿਸੇ ਹੱਟੀ ਤੇ ਵੇਚੀ ਜਾ ਸਕਦੀ ਹੈ।

## ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥

ਜੇਕਰ ਪੂਰਿਆਂ ਗੁਰਾਂ ਦੇ ਸ਼ਬਦ ਕਰਦੇ ਇਸ ਨੂੰ ਪਰ=ਭਲੀ ਪ੍ਰਕਾਰ ਜਾਲੀਐ=ਸਾੜ ਦੇਈਏ ਤਾਂ ਇਹ ਹਿਰਦੇ ਵਿੱਚੋਂ ਨਾਸ ਹੋ ਜਾਂਦੀ ਹੈ। ਇਸ ਦੇ ਦੂਰ ਹੋਣ ਕਰਕੇ-

## ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥

ਤਨ ਮਨ ਪਵਿੱਤ੍ਰ ਹੋ ਜਾਂਦਾ ਹੈ, ਅਤੇ ਮਨ ਵਿਚ ਹਰੀ ਨਾਮ ਆ ਕੇ ਵੱਸਦਾ ਹੈ।

## ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਾਇਆ ਦੇ ਮਾਰਨ ਦਾ ਮਾਰਣੁ=ਮਸਾਲਾ ਗੁਰ-ਉਪਦੇਸ਼ ਹੀ ਹੈ, ਪਰ ਉਹ ਉਪਦੇਸ਼ ਗੁਰਾਂ ਦੁਆਰੇ ਪਾਇਆ ਜਾਂਦਾ ਹੈ॥ ੨ ॥

## ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥

ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਵਡਿਆਈ ਸਤਿਗੁਰੂ ਅੰਗਦ ਦੇਵ ਜੀ ਨੇ ਧੁਰ ਰੂਪ ਪਰਮਾਤਮਾ ਦਾ ਹੁਕਮ ਬੁੱਝ ਕੇ ਸਾਰੇ ਜਗਤ ਵਿਚ ਨੀਸਾਣੁ=ਪਰਗਟ ਕਰ ਦਿੱਤੀ ਹੈ।

## ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਪੁਤੀ=ਪੁੱਤਰਾਂ ਨੂੰ, ਭਤੀਜਿਆਂ ਨੂੰ, ਜਵਾਈ ਨੂੰ, ਹੋਰ ਸਕੀ=ਅੰਗ ਸਾਕ ਸਾਰਿਆਂ ਸਬੰਧੀਆਂ ਨੂੰ ਅਗਹੁ ਪਿਛਹੁ=ਚੰਗੀ ਤਰ੍ਹਾਂ ਟੋਲਿ ਡਿਠਾ=ਨਿਰਣੇ ਕਰਕੇ ਵੇਖਿਆ ਹੈ, ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਲਾਇਕ ਵੇਖ ਕੇ ਸਾਰਿਆਂ ਦਾ ਅਭਿਮਾਨੁ=ਹੰਕਾਰ ਲਾਹ ਦਿੱਤਾ, ਤ੍ਰੇ ਸਾਰਿਆਂ ਦੇ ਸਾਹਮਣੇ ਗੁਰੂ ਅਮਰਦਾਸ ਜੀ ਨੂੰ ਗੱਦੀ ਪਰ ਅਸਥਾਪਨ ਕਰ ਦਿੱਤਾ।

## ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥

ਜਿਥੇ ਕੋਈ ਵੇਖਦਾ ਹੈ ਓਥੇ ਹੀ ਮੇਰਾ ਸਤਿਗੁਰੂ ਪੂਰਨ ਹੈ, ਹਰੀ ਨੇ ਸਾਰਾ ਜੋਹਾਨ ਸਤਿਗੁਰਾਂ ਨੂੰ ਬਖਸ਼ਿਆ ਹੈ, ਭਾਵ-ਸਭਨਾਂ ਨੂੰ ਸਤਿਗੁਰਾਂ ਦੇ ਹੁਕਮ ਵਿਚ ਰੱਖਿਆ ਹੈ।

*ਅਥਵਾ:*-ਸਾਰੇ ਜਹਾਨ ਵਿਚੋਂ ਜੋ ਪੁਰਸ਼ ਗੁਰਾਂ ਦੀ ਸ਼ਰਨੀ ਆਇਆ ਹੈ, ਉਸ ਨੂੰ ਹਰੀ ਨੇ ਬਖਸ਼ ਲਿਆ ਹੈ।

## ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ॥

ਜਿਹੜਾ ਸਤਿਗੁਰਾਂ ਨੂੰ ਮਿਲ ਕੇ ਉਨ੍ਹਾਂ ਦੇ ਹੁਕਮ ਨੂੰ ਮੰਨਦਾ ਹੈ, ਉਹ ਹਲਤਿ-ਪਲਤਿ=ਲੋਕ ਪ੍ਰਲੋਕ ਵਿਚ ਸਿਝੈ=ਕਲਿਆਣ ਹੁੰਦਾ ਹੈ, ਭਾਵ-ਸੁਖੀ ਹੁੰਦਾ ਹੈ ਤੇ ਜਿਹੜਾ ਪੁਰਸ਼ ਗੁਰੂ ਤੋਂ ਬੇਮੁਖ ਹੁੰਦਾ ਹੈ ਉਹ ਭਰਿਸਟ ਥਾਨੁ=ਨੀਚ ਜੂਨੀਆਂ ਵਿਚ ਫਿਰਦਾ ਹੈ।

[ਪੰਨਾ ੮੫੪]

## ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ॥

ਸ੍ਰੀ ਗੁਰੂ (ਰਾਮਦਾਸ ਸਾਹਿਬ) ਜੀ ਕਥਨ ਕਰਦੇ ਹਨ-ਜਿਸ ਵੇਲੇ ਸੁਆਮੀ (ਸ੍ਰੀ ਗੁਰੂ ਅਮਰਦਾਸ ਜੀ) ਮੈਂ ਦਾਸ ਦੀ ਵਲਿ=ਤਰਫ਼ ਹੋਇਆ ਤਾਂ ਹਰੀ ਸੁਜਾਣ ਪੁਰਖ ਮੇਰਾ ਸੱਜਣ ਹੋ ਗਿਆ।

## ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ॥੧੦॥

(ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਲੰਗਰ ਵਿਚ ਅਨੇਕ ਤਰ੍ਹਾਂ ਦੇ ਭੋਜਨਾਂ ਰੂਪੀ) ਭਿਤਿ=ਚੋਗ ਪੈਂਦੀ ਵੇਖ ਕੇ ਭਾਵ ਸੋਹਣਾ ਭੋਜਨ ਵਰਤਦਾ ਵੇਖ ਕੇ ਸਾਰੇ ਪੁਰਸ਼ ਸੁਤਿਗੁਰਾਂ ਦੀ ਚਰਨੀਂ ਆ ਪਏ ਅਤੇ ਸਤਿਗੁਰਾਂ ਨੇ ਸਾਨੂੰ ਗੁਰਤਾ-ਗੱਦੀ ਪਰ ਬਿਠਾ ਕੇ ਸਾਰਿਆਂ ਕਿਆਹੁ=ਦੇ ਮਨ ਵਿਚੋਂ ਗੁਮਾਨੁ=ਹੰਕਾਰ ਲਾਹ ਦਿੱਤਾ ॥ ੧੦॥

## ਸਲੋਕ ਮ: ੧॥

**ਉਥਾਨਕਾ**:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਦੀ ਪ੍ਰੀਖਿਆ ਲੈ ਕੇ ਗੁਰਤਾ ਗੱਦੀ ਸ੍ਰੀ ਅੰਗਦ ਜੀ ਨੂੰ ਸੌਂਪੀ ਹੈ, ਤਾਂ ਮਾਤਾ (ਸੁਲੱਖਣੀ) ਜੀ ਨੇ ਹੱਥ ਜੋੜ ਕੇ ਕਿਹਾ-

"ਆਪ ਜੀ ਦੇ ਦੋ ਪੁੱਤਰ ਹਨ (ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ) ਇਨ੍ਹਾਂ ਦਾ ਹੱਕ ਸੀ ਗੁਰਿਆਈ-ਗੱਦੀ ਪਰ ਬੈਠਣ ਦਾ, ਆਪ ਜੀ ਨੇ ਇਨ੍ਹਾਂ ਨੂੰ ਗੱਦੀ ਨਹੀਂ ਦਿੱਤੀ ਤੇ ਥੋੜ੍ਹੇ ਜਹੇ ਸਮੇਂ ਦਾ ਆਇਆ ਹੋਇਆ ਜੋ ਸੇਵਾਦਾਰ ਹੈ ਉਸ ਨੂੰ ਆਪ ਜੀ ਨੇ ਦੇ ਦਿੱਤੀ ਹੈ, ਇਸ ਦਾ ਕੀ ਕਾਰਨ ਹੈ ?"

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਭੋਲੀਏ ਵਿਚਾਰ ਕੇ ਵੇਖ:-

## ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ॥

ਜਿਵੇਂ ਜ਼ਮੀਨ ਨੂੰ ਵਾਹੁੰਦਾ ਕੋਈ ਹੈ, ਤੇ ਲੁਣੈ=ਕੱਟਦਾ, ਤੇ ਖਲਿਹਾਨਿ=ਗਾਹ ਕੋਈ ਪਾਉਂਦਾ ਹੈ।

## ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ॥੧॥

(੧) ਗੁਰੂ ਜੀ ਕਥਨ ਕਰਦੇ ਹਨ-ਇਹ ਨਹੀ ਜਾਣਿਆ ਜਾਂਦਾ ਜੋ ਇਨ੍ਹਾਂ ਸਾਰਿਆਂ ਵਿੱਚੋਂ ਨਿਦਾਨਿ=ਅੰਤ ਨੂੰ ਉਸ ਖੇਤ ਦੇ ਦਾਣਿਆਂ ਨੂੰ ਕੋਈ ਖਾਏਗਾ ਕਿ ਨਹੀਂ, ਜਾਂ ਅੰਤ ਨੂੰ ਉਨ੍ਹਾਂ ਦਾਣਿਆਂ ਨੂੰ ਕੌਣ ਖਾਏਗਾ ? ਇਸੇ ਤਰ੍ਹਾਂ ਇਹ ਗੁਰਿਆਈ-ਗੱਦੀ ਕਿਸੇ ਦੀ ਗਿਣੀ-ਮਿਥੀ ਨਹੀਂ ਹੈ, ਜਿਸ ਦੇ ਭਾਗਾਂ ਵਿਚ ਲਿਖੀ ਹੋਈ ਹੈ, ਓਸੇ ਨੇ ਸਾਂਭਣੀ ਹੈ॥ ੧॥

(੨) ਕੋਈ ਤਾ ਵਾਹੈ=ਸ੍ਰਵਣ ਕਰਦਾ ਹੈ, ਕੋਈ ਲੁਣੈ=ਮੰਨਣ ਕਰਦਾ ਹੈ ਕੋਈ ਖਲਿਹਾਨਿ= ਨਿਧਿਆਸਣ ਕਰਦਾ ਹੈ।

(੩) ਕੋਈ ਤਾਂ ਵਾਹੈ=ਨਿਸ਼ਕਾਮ ਕਰਮ ਕਰਦਾ ਹੈ, ਕੋਈ ਲੁਣੈ=ਉਪਾਸ਼ਨਾ ਕਰਦਾ ਹੈ ਅਤੇ ਕੋਈ ਖਲਿਹਾਨਿ=ਗਿਆਨ ਨੂੰ ਪਾਉਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਸਖਿਆਤਕਾਰੀ ਦੇ ਅਨੰਦ ਨੂੰ ਕੌਣ ਖਾਏਗਾ ? ਇਹ ਨਿਯਮ ਨਹੀਂ ਕਿ ਨਿਧਿਆਸਣ ਵਾਲੇ ਨੂੰ ਹੀ ਰੱਬ ਮਿਲਣਾ ਹੈ। ਉਸ ਦੀ ਮਰਜ਼ੀ ਹੈ ਭਾਵੇਂ ਸ੍ਰਵਣ ਜਾਂ ਮੰਨਣ ਵਾਲੇ ਨੂੰ ਮਿਲ ਜਾਵੇ।

**ਮਃ ੧ ॥ ਜਿਸੁ ਮਨਿ ਵਸਿਆ ਤਰਿਆ ਸੋਇ ॥**

ਜਿਸ ਦੇ ਮਨ ਵਿਚ ਪਰਮੇਸ਼ਰ ਆਪ ਵੱਸਿਆ ਹੈ, ਉਹ (ਸੰਸਾਰ-ਸਮੁੰਦਰ ਤੋਂ) ਤਰਿਆ ਹੈ।

**ਨਾਨਕ ਜੋ ਭਾਵੈ ਸੋ ਹੋਇ ॥ ੨ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਓਹੀ ਕੁਝ ਹੁੰਦਾ ਹੈ॥ ੨॥

**ਪਉੜੀ ॥ ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥**

ਪਾਰਬ੍ਰਹਮ ਨੇ ਦਿਆਲੂ ਹੋ ਕੇ ਉਸ ਨੂੰ (ਸੰਸਾਰ) ਸਮੁੰਦਰ ਤੋਂ ਤਾਰਿਆ ਹੈ।

**ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥**

ਪੂਰਿਆਂ ਗੁਰਾਂ ਨੇ ਮਿਹਰਵਾਨ ਹੋ ਕੇ ਜਿਸ ਦਾ ਭਰਮ ਤੇ ਡਰ ਮਾਰ ਦਿੱਤਾ ਹੈ।

**ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥**

ਉਸ ਦੇ ਅੰਦਰੋਂ ਕਾਮ ਕ੍ਰੋਧ ਆਦਿਕ ਭਿਆਨਕ ਸਾਰੇ ਦੂਤ ਹਾਰ ਗਏ ਹਨ।

**ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥**

ਉਸ ਨੇ ਨਾਮ-ਅੰਮ੍ਰਿਤ ਦੇ ਨਿਧਾਨੁ=ਖ਼ਜ਼ਾਨੇ ਨੂੰ ਕੰਠ ਦੇ ਉਰਿ=ਵਿਚ ਧਾਰਿਆ ਹੈ।

**ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥ ੧੧ ॥**

ਗੁਰੂ ਜੀ ਕਥਨ ਕਰਦੇ ਹਨ-ਸਾਧੂਆਂ ਦਾ ਸੰਗ ਕਰਕੇ ਉਸ ਨੇ ਜਨਮ ਮਰਨ ਸਵਾਰ ਲਿਆ ਹੈ॥ ੧੧ ॥

**ਸਲੋਕ ਮਃ ੩ ॥ ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥**

ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਭੁਲਾ ਦਿੱਤਾ ਹੈ ਅਤੇ ਝੂਠੇ ਕਹਣ=ਪ੍ਰਸੰਗਾਂ ਨੂੰ ਕਹਿੰਦੇ ਹਨ।

**ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥**

ਪੰਜ (ਕਾਮ ਕ੍ਰੋਧ ਆਦਿਕ) ਚੋਰ ਉਨ੍ਹਾਂ ਦੇ ਅੰਤਹਕਰਨ ਰੂਪੀ ਘਰ ਵਿਚੋਂ ਸ਼ੁਭ-ਗੁਣਾਂ ਰੂਪੀ ਧਨ ਨੂੰ ਮੁਹਨ੍ਹਿ=ਲੁੱਟ ਰਹੇ ਹਨ, ਉਨ੍ਹਾਂ ਦੇ ਅੰਦਰ ਹਉਮੈ ਰੂਪੀ ਸੰਨ੍ਹ ਲੱਗ ਰਹੀ ਹੈ।

**ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥**

ਮਾਇਆ ਧਾਰੀ ਸਾਕਤ ਪੁਰਸ਼ ਦੁਰਮਤੀ=ਖੋਟੀ ਮਤ ਕਰਕੇ ਮੁਠੇ=ਠੱਗੇ ਗਏ ਹਨ, ਜੋ ਹਰੀ ਨਾਮ-ਰਸ ਨੂੰ ਜਾਣਦੇ ਨਹੀਂ ਹਨ।

**ਜਿਨੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍ ॥**

ਜਿਨ੍ਹਾਂ ਨੇ ਭਰਮ ਕਰਕੇ ਆਤਮ-ਸੁਖ ਰੂਪ ਅੰਮ੍ਰਿਤ ਲੁਟਵਾ ਲਿਆ ਹੈ, ਉਹ ਵਿਸ਼ਿਆ ਰੂਪੀ ਬਿਖੁ=ਜ਼ਹਿਰ ਨਾਲ ਆਪ ਰੱਖਦੇ ਹਨ ਤੇ ਹੋਰਨਾਂ ਨੂੰ ਤਦਾਕਾਰ ਕਰਦੇ ਹਨ। ਜਾਂ ਉਹ ਬਿਖੁ=ਜ਼ਹਿਰ ਰੂਪ ਵਿਸ਼ਿਆਂ ਦੀ ਰਚਨਾ ਨਾਲ ਰਚੇ ਹੋਏ ਹਨ। ਉਹ-

**ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥**

ਦੁਸ਼ਟ ਪੁਰਸ਼ਾਂ ਨਾਲ ਪਿਰਹੜੀ=ਪ੍ਰੀਤੀ ਕਰਦੇ ਹਨ, ਅਤੇ ਸੰਤਾਂ ਨਾਲ ਵਾਦੁ=ਝਗੜੇ ਕਰੰਨਿ੍= ਕਰਦੇ ਹਨ।

**ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍ ॥**

ਗੁਰੂ ਜੀ ਕਥਨ ਕਰਦੇ ਹਨ-ਉਹ ਸਾਕਤ ਪੁਰਸ਼ ਜਮਾਂ ਦੇ ਬੱਧੇ ਹੋਏ ਨਰਕਾਂ ਵਿਚ ਜਾ ਕੇ ਦੁੱਖ ਸਹੰਨਿ੍=ਭੋਗਦੇ ਹਨ।

**ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ੍ ॥ ੧ ॥**

ਜਿਸ ਤਰ੍ਹਾਂ ਦੇ ਮੱਥੇ ਪਰ ਕਿਰਤਿ=ਕਰਮ ਪਏ ਹਨ, ਉਸੇ ਤਰ੍ਹਾਂ ਹੀ ਦੇ ਕਰਮਾਂ ਨੂੰ ਕਮਾਉਂਦੇ ਹਨ, ਜਿਵੇਂ ਪਰਮੇਸ਼ਰ ਕਰਮਾਂ ਅਨੁਸਾਰ ਰੱਖਦਾ ਹੈ, ਤਿਵੇਂ ਹੀ ਰਹਿੰਦੇ ਹਨ॥ ੧ ॥

**ਮ: ੩ ॥ ਜਿਨੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥**

ਜਿਨ੍ਹਾ ਨੇ ਸਤਿਗੁਰਾਂ ਨੂੰ ਸੇਵਿਆ ਹੈ, ਉਸ ਨਿਤਾਣੇ ਦਾ ਤਾਣੁ=ਬਲ ਸਤਿਗੁਰੂ ਹੀ ਹਨ।

**ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥**

ਸ੍ਵਾਸ ਲੈਂਦਿਆਂ ਗਿਰਾਸਿ=ਭੋਜਨ ਖਾਂਦਿਆਂ ਜਿਸ ਦੇ ਮਨ ਵਿਚ ਸਦਾ ਨਾਮ ਵੱਸਦਾ ਹੈ, ਉਸ ਨੂੰ ਜਮਕਾਲ ਜੋਹਿ=ਵੇਖ ਨਹੀਂ ਸਕਦਾ।

**ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ ॥**

ਜਿਸ ਦੇ ਹਿਰਦੇ ਵਿਚ ਹਰਿ ਹਰਿ ਨਾਮ ਦਾ ਰਸੁ=ਪ੍ਰੇਮ ਹੈ, ਕਵਲਾ ਸੇਵਕਿ=ਲੱਛਮੀ ਦਾਸੀ ਹੋ ਕੇ ਉਸ ਦੀ ਸੇਵਾ ਕਰਦੀ ਹੈ।

**ਹਰਿ ਦਾਸਾ ਕਾ ਦਾਸੁ ਹੋਇ ਪਰਮ ਪਦਾਰਥੁ ਤਿਸੁ ॥**

ਜੋ ਪੁਰਸ਼ ਹਰਿ ਦੇ ਦਾਸਾਂ ਦਾ ਦਾਸ ਹੁੰਦਾ ਹੈ, ਉਸ ਨੂੰ ਮੋਖ ਰੂਪ ਪਰਮ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ।

**ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ ਹਉ ਸਦ ਕੁਰਬਾਣੈ ਤਿਸੁ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮਨ ਤਨ ਵਿਚ ਪ੍ਰਭੂ ਵਸਦਾ ਹੈ, ਮੈਂ ਉਸ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

**ਜਿਨ੍ ਕਉ ਪੂਰਬਿ ਲਿਖਿਆ ਰਸੁ ਸੰਤ ਜਨਾ ਸਿਉ ਤਿਸੁ ॥ ੨ ॥**

ਪੂਰਬ ਜਨਮ ਦੇ ਚੰਗੇ ਕੀਤੇ ਹੋਏ ਕਰਮਾਂ ਦਾ ਲੇਖ ਲਿਖਿਆ ਹੋਇਆ ਜਿਸ ਨੂੰ ਆ ਕੇ ਪ੍ਰਾਪਤ ਹੋਇਆ ਹੈ , ਉਸ ਦਾ ਸੰਤ ਜਨਾਂ ਨਾਲ ਰਸੁ=ਪ੍ਰੇਮ ਲੱਗਾ ਹੈ॥ ੨ ॥

## ਪਉੜੀ॥ ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ॥

ਪੂਰਾ ਸਤਿਗੁਰੂ ਜੋ ਭੀ ਬਚਨ ਬੋਲਦਾ ਹੈ, ਉਹ ਪਰਮੇਸ਼ਰ ਨੇ ਸੁਣਿਆ ਹੈ।

## ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ॥

ਓਹੀ ਬਚਨ ਸਾਰੇ ਸੰਸਾਰ ਵਿਚ ਵਰਤਿਆ ਹੈ, ਇਸ ਗੱਲ ਨੂੰ ਘਟਿ ਘਟਿ=ਸਰੀਰ ਸਰੀਰ ਨੇ ਆਪਣੇ ਮੂੰਹੋ ਭਣਿਆ=ਕਥਨ ਕੀਤਾ ਹੈ।

## ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ॥

ਸਾਹਿਬੈ=ਮਾਲਕ ਪਰਮੇਸ਼ਰ ਵਿਚ, ਜਾਂ ਗੁਰੂ ਸਾਹਿਬ ਜੀ ਵਿਚ ਬਹੁਤ ਸਾਰੀਆਂ ਵਡਿਆਈਆਂ ਹਨ, ਜੋ ਗਿਣੀਆਂ ਨਹੀਂ ਜਾਂਦੀਆਂ।

## ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ॥

ਸਹਜੇ ਸੱਚਾ ਅਨੰਦ ਸਤਿਗੁਰਾਂ ਪਾਸ ਹੈ, ਵਾ:-ਸਚੁ=ਨਿਸਚੇ ਕਰਕੇ ਸਹਜੁ=ਗਿਆਨਾਨੰਦ ਸਤਿਗੁਰਾਂ ਪਾਸ ਹੈ ਅਤੇ ਗੁਰਾਂ ਦੀ ਮਣੀਆ=ਮਾਣਤਾ (ਵਡਿਆਈ) ਭੀ ਸੱਚੀ ਹੈ।

## ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ॥੧੨॥

ਗੁਰੂ ਜੀ ਕਥਨ ਕਰਦੇ ਹਨ-ਪਾਰਬ੍ਰਹਮ ਨੇ ਸੰਤ ਪ੍ਰੇਮ ਆਦਿਕ ਸਾਧਨਾਂ ਨਾਲ ਸਵਾਰੇ ਹਨ, ਇਸੀ ਲਈ ਉਹ ਸੱਚੇ ਪਾਰਬ੍ਰਹਮ ਵਰਗੇ ਬਣ ਗਏ ਹਨ॥ ੧੨॥

*ਯਥਾ-* "ਹਰਿਜਨ ਹਰਿ ਸੰਗ ਮਿਲਤ ਹੈ ਸੁਨਤ ਪ੍ਰੇਮ ਕੀ ਗਾਥ॥
ਜਿਉ ਡਾਰਿਓ ਮਿਲਿ ਜਾਤ ਹੈ ਨੀਰ ਨੀਰ ਕੇ ਸਾਥ॥ ੨੪੭੭॥" *(ਦਸਮ ਗ੍ਰੰਥ, ਪੰਨਾ ੫੬੮)*

## ਸਲੋਕ ਮਃ ੩॥ ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ॥

ਜਿਸ ਨੇ ਆਪਣਾ ਆਪ ਭਾਵ ਸ੍ਵੈ-ਸਰੂਪ ਨੂੰ ਨਹੀ ਪਛਾਣਿਆ ਅਤੇ ਹਰੀ ਪ੍ਰਭੂ ਨੂੰ ਦੂਰ ਜਾਣਿਆ ਹੈ।

## ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ॥

ਗੁਰਾਂ ਦੀ ਸੇਵਾ ਕਰਨੀ ਵਿਸਰੀ=ਭੁੱਲ ਗਈ ਹੈ, ਉਹ ਮਨੁ=ਜੀਵ ਪ੍ਰਭੂ ਦੀ ਹਜ਼ੂਰੀ ਵਿਚ ਕਿਵੇਂ ਰਹੇਗਾ ?

## ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ॥

ਝੂਠੇ ਮਨਮੁਖ ਨੇ ਕੂਰਿ=ਝੂਠਿਆਂ ਪਦਾਰਥਾਂ ਦੇ ਲਾਲਚ ਕਰਕੇ ਮਨੁੱਖ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

## ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ॥੧॥

(੧) ਗੁਰੂ ਜੀ ਕਥਨ ਕਰਦੇ ਹਨ-ਸੱਚੇ ਸ਼ਬਦ ਦੇ ਦਾਤੇ ਜੋ ਗੁਰੂ ਹਨ ਉਨ੍ਹਾਂ ਦੀ ਹਜ਼ੂਰੀ ਵਿਚ ਜੋ ਰਹਿੰਦੇ ਹਨ, ਉਨ੍ਹਾਂ ਨੂੰ ਸੱਚੇ ਨੇ ਬਖਸ਼ ਕੇ ਆਪਣੇ ਨਾਲ ਮਿਲਾ ਲਿਆ ਹੈ।

(੨) ਜਿਨ੍ਹਾਂ ਨੂੰ ਬਖਸ਼ ਕੇ ਮਿਲਾ ਲਿਆ ਹੈ, ਉਹ ਸੱਚੇ ਸਬਦਿ=ਬ੍ਰਹਮ ਦੀ ਹਜ਼ੂਰੀ ਵਿਚ ਰਹਿੰਦੇ ਹਨ॥ ੧॥

## ਮਃ ੩ ॥ ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥

ਜਿਸ ਨੇ ਹਰੀ ਪ੍ਰਭੂ ਦਾ ਸੱਚਾ ਸੋਹਿਲਾ=ਜਸ ਉਚਾਰਨ ਕੀਤਾ ਹੈ ਅਤੇ ਗੁਰਮੁਖਿ=ਮੁਖ ਗੁਰਾਂ ਦੁਆਰੇ ਗੋਬਿੰਦ ਦਾ ਨਾਮ ਜਪਿਆ ਹੈ।

## ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥

ਤੇ-ਰਾਤ ਦਿਨ ਹਰੀ ਨੂੰ ਸਲਾਹੁਣਾ ਕੀਤਾ ਹੈ ਤੇ ਹਰੀ ਨਾਮ ਨੂੰ ਜਪਿਆ ਹੈ, ਉਸ ਦੇ ਮਨ ਵਿਚ ਅਨੰਦ ਹੋਇਆ ਹੈ।

## ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ ॥

ਵਡਭਾਗੀ ਪੁਰਸ਼ਾਂ ਨੇ ਪੂਰਨ ਹਰੀ ਦੇ ਪਰਮ ਅਨੰਦ ਨੂੰ ਪਾਇਆ ਹੈ। ਜਾਂ ਪੂਰਨ ਪਰਮ ਅਨੰਦ ਸਰੂਪ ਹਰੀ ਨੂੰ ਪਾਇਆ ਹੈ।

## ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਜਨ ਨੇ ਨਾਮ ਨੂੰ ਸਲਾਹਿਆ=ਸਿਮਰਿਆ ਹੈ, ਬਹੁੜਿ=ਫਿਰ ਉਸ ਦਾ ਮਨ ਤਨ ਭੰਗੁ=ਵਿਘਨ ਵਾਲਾ ਨਹੀਂ ਹੁੰਦਾ। ਜਾਂ ਉਸ ਦੇ ਮਨ ਤਨ ਵਿਚ ਕਿਸੇ ਕਿਸਮ ਦਾ ਭੰਗੁ=ਵਿਘਨ ਨਹੀ ਹੁੰਦਾ॥ ੨ ॥

*ਯਥਾ:-* "ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥" *(ਸੁਖਮਨੀ, ਪੰਨਾ ੨੬੪)*

[ਪੰਨਾ ੮੫੫]

## ਪਉੜੀ ॥ ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥

ਜੇਕਰ ਕੋਈ ਸਤਿਗੁਰੂ ਦਾ ਨਿੰਦਕ ਹੋਵੇ ਅਤੇ ਮੁੜ ਕੇ ਗੁਰੂ ਜੀ ਦੀ ਸ਼ਰਨ ਵਿਚ ਆ ਜਾਵੇ।

## ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥

ਤਾਂ ਸਤਿਗੁਰ ਦੇਵ ਜੀ ਉਸ ਦੇ ਪਿਛਲੇ ਔਗੁਣ ਬਖਸ਼ ਲੈਂਦੇ ਹਨ, ਤੇ ਅੱਗੋਂ ਲਈ ਸਤਿਸੰਗਤ ਨਾਲ ਰਲਾ ਦੇਂਦੇ ਹਨ।

## ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
## ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥

ਜਿਵੇਂ ਮੀਂਹ ਦੇ ਵੱਸਣ ਕਰਕੇ ਗਲੀਆਂ, ਨਾਲੀਆਂ ਤੇ ਟੋਭਿਆਂ=ਛੱਪੜਾਂ ਦਾ ਪਾਣੀ ਮੁੜ ਕੇ ਸੁਰਸਰੀ=ਗੰਗਾ ਵਿਚ. ਜਾ ਪੈਂਦਾ ਹੈ, ਤੇ ਗੰਗਾ ਜਲ ਦੇ ਨਾਲ ਮਿਲਦਿਆਂ ਹੀ, ਪਵਿਤ੍ਰ ਪਾਵਨੁ ਹੋਇ ਜਾਵੈ=ਪਵਿੱਤ੍ਰ ਤੋਂ ਪਵਿੱਤ੍ਰਹੋ ਜਾਂਦਾ ਹੈ।

## ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
## ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥

ਨਿਰਵੈਰ ਸੁਭਾਵ ਵਾਲੇ ਸਤਿਗੁਰਾਂ ਵਿਚ ਇਹੋ ਵਡਿਆਈ ਹੈ, ਜਿਸ ਗੁਰੂ ਨਾਲ ਮਿਲਦਿਆਂ ਹੀ ਪਦਾਰਥਾਂ

ਦੀ ਤ੍ਰਿਸ਼ਨਾ ਰੂਪ ਭੁੱਖ ਉਤਰ ਜਾਂਦੀ ਹੈ ਤੇ ਹਰੀ ਦੀ ਪ੍ਰਾਪਤੀ ਕਰਨ ਵਾਲੀ ਸ਼ਾਂਤੀ ਤੜ ਆਵੈ=ਝਟ-ਪਟ ਭਾਵ ਸ਼ੀਘਰ ਆ ਜਾਂਦੀ ਹੈ

**ਨਾਨਕ ਇਹੁ ਅਚਰਜੁ ਵੇਖਹੁ ਮੇਰੇ ਹਰਿ ਸਚੇ ਸਾਹ ਕਾ**
**ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ ਸੁਧੁ ॥**

ਗੁਰੂ ਜੀ ਕਥਨ ਕਰਦੇ ਹਨ-ਮੇਰੇ ਸੱਚੇ ਹਰੀ ਸ਼ਾਹੂਕਾਰ ਦਾ ਇਹ ਅਸਚਰਜ ਕੌਤਕ ਵੇਖੋ, ਕਿ ਜਿਹੜਾ ਕੋਈ ਸਿੱਖ ਸਤਿਗੁਰਾਂ ਨੂੰ ਮੰਨਦਾ ਹੈ, ਉਹ ਸਭਨਾਂ ਨੂੰ ਭਾਉਂਦਾ ਹੈ॥ ੧੩॥ ੧॥

ਸੁਧੁ=ਇਹ ਵਾਰ ਸ਼ੁੱਧ ਹੈ, ਇਸ ਵਿਚ ਕੋਈ ਅਦਲਾ-ਬਦਲੀ ਨਹੀਂ ਕਰਨੀ ।

## ਬਿਲਾਵਲ ਕੀ ਵਾਰ ਸਮਾਪਤੰ

# ਰਾਗੁ ਬਿਲਾਵਲੁ ਭਗਤ ਬਾਣੀ

## ਬਿਲਾਵਲੁ ਬਾਣੀ ਭਗਤਾ ਕੀ॥ ਕਬੀਰ ਜੀਉ ਕੀ

## ੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਇਸ ਜਗ੍ਹਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਲਾਂ ਅੱਖਰਾਂ ਵਾਲਾ ਮੰਤਰ ਰੱਖਿਆ ਹੈ-

| | | | | | | | |
|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ |
| ੧ਓ | ਸ | ਤਿ | ਨਾ | ਮੁ | ਕ | ਰ | ਤਾ |
| ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| ਪੁ | ਰ | ਖੁ | ਗੁ | ਰ | ਪ੍ਰ | ਸਾ | ਦਿ॥ |

**ਉਥਾਨਕਾ**:-ਇਕ ਪ੍ਰੇਮੀ ਨੇ ਭਗਤੀ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਇਹ ਸੰਸਾਰ ਕੈਸਾ ਹੈ

*ਉੱਤਰ :-*

## ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥

ਰੇ=ਹੇ ਭਾਈ! ਜੋ ਸੰਸਾਰ ਵੇਖਦੇ ਹੋ ਇਹ ਐਸਾ ਹੈ ਕਿ ਇਸ ਵਿਚ ਕਿਸੀ ਨੇ ਰਹਿਣਾ ਨਹੀ ਪਾਵਣਾ।

*ਯਥਾ*:-"ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ॥ ੭॥"

*(ਦਸਮ ਗ੍ਰੰਥ, ਪੰਨਾ ੧੮)*

*ਅਥਵਾ*:- ਇਹ ਸੰਸਾਰ ਐਸਾ ਹੈ ਜੈਸੇ ਪੇਖਨਾ=ਬਾਜੀਗਰ ਦੀ ਬਾਜ਼ੀ ਹੁੰਦੀ ਹੈ।

*ਯਥਾ*:- "ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥"

*(ਸਲੋਕ ਮ: ੯, ਪੰਨਾ ੧੪੨੭)*

ਅਥਵਾ:-ਇਹ ਸੰਸਾਰ ਪਰਮਾਤਮਾ ਨੇ ਪੇਖਨਾ=ਅਜ਼ਮਾਇਸ਼ ਵਾਸਤੇ ਰਚਿਆ ਹੈ ਕਿ ਜੀਵ ਮੇਰੇ ਵਿਚ ਲੱਗਦੇ ਹਨ ਜਾਂ ਪਦਾਰਥਾਂ ਵਿਚ। ਇਸ ਵਾਸਤੇ ਤੂੰ ਇਸ ਨੂੰ ਪੇਖ ਨਾ=ਵੇਖਣਾ ਨਾ ਕਰ।

*ਯਥਾ:-* "ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ॥
ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ॥ ੩॥"

*(ਗਉੜੀ ਕਬੀਰ ਜੀ, ਪੰਨਾ ੩੩੬)*

*ਪ੍ਰਸ਼ਨ:-*ਫਿਰ ਸਾਨੂੰ ਕੀ ਕੰਮ ਕਰਨਾ ਚਾਹੀਦਾ ਹੈ? *ਉੱਤਰ:-*

## ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ॥ ੧॥ ਰਹਾਉ॥

ਸਿੱਧੇ ਸਿੱਧੇ ਰੇਗਿ=ਤੁਰੇ ਚਲੋ। *ਅਥਵਾ-*ਗਿਆਨ ਵੈਰਾਗ ਰੂਪੀ ਸਿੱਧੇ ਰੇਗਿ=ਰਸਤੇ ਵਿਚ ਸਿੱਧੇ ਹੋ ਕੇ ਚੱਲਣਾ ਕਰੋ। ਨਤਰ=ਨਹੀਂ ਤਾਂ ਧਰਮ ਰਾਜ ਕੁਧਕਾ=ਖੋਟਾ ਧੱਕਾ* ਦੇਵੇਗਾ, ਭਾਵ ਕੁੰਭੀ ਨਰਕ ਵਿਚ ਪਾਏਗਾ॥ ੧॥ ਰਹਾਉ॥

ਅੱਗੋਂ ਉਸ ਪੁਰਸ਼ ਨੇ ਕਿਹਾ-"ਹੁਣ ਜੁਆਨੀ ਅਵਸਥਾ ਵਿਚ ਤਾਂ ਮੌਜਾਂ ਕਰ ਲਈਏ ਫਿਰ ਵੇਖਿਆ ਜਾਵੇਗਾ।" ਕਬੀਰ ਜੀ ਨੇ ਕਿਹਾ-

## ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥

ਹੇ ਭਾਈ! ਚਾਹੇ ਕੋਈ ਬਾਰੇ ਬੂਢੇ=ਬੱਚੇ ਤੇ ਬੁੱਢੇ ਹਨ ਤੇ ਚਾਹੇ ਕੋਈ ਤਰੁਨੇ=ਜੁਆਨ ਹਨ, ਇਹਨਾਂ ਸਭਨਾਂ ਨੂੰ ਜਮ ਲੈ ਜਾਂਦਾ ਹੈ, ਕਿਸੇ ਦਾ ਲਿਹਾਜ਼ ਨਹੀ ਕਰਦਾ। ਇਹ ਕਿਸੇ ਨੂੰ ਨਹੀਂ ਪਤਾ ਕਿ ਕਿਹੜੀ ਅਵਸਥਾ ਵਿਚ ਜਮ ਨੇ ਸੰਘੀ ਘੁੱਟ ਦੇਣੀ ਹੈ।

*ਯਥਾ:-* "ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥"

*(ਗਉੜੀ ਬਾਵਨ ਅਖਰੀ, ਪੰਨਾ ੨੫੪)*

*ਤਥਾ:-* "ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥" *(ਸਿਰੀਰਾਗੁ ਮਹਲਾ ੫, ਪੰਨਾ ੪੩)*

## ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥ ੧॥

ਮਾਨਸੁ=ਮਨੁੱਖ ਵਿਚਾਰਾ ਮੂਸਾ=ਚੂਹਾ ਕੀਤਾ ਹੈ ਤੇ ਮੀਚੁ=ਮੌਤ ਰੂਪੀ ਬਿਲਈਆ=ਬਿੱਲੀ ਇਸ ਨੂੰ ਖਾ ਹੀ ਜਾਂਦੀ ਹੈ।

*ਪ੍ਰਸ਼ਨ:-* "ਮੌਤ ਅਮੀਰ ਲੋਕਾਂ ਦਾ ਲਿਹਾਜ਼ ਕਰਦੀ ਹੋਵੇਗੀ?" *ਉੱਤਰ:-*

## ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥

ਧਨਵੰਤਾ=ਧਨਾਢ ਅਤੇ ਨਿਰਧਨ=ਗਰੀਬ ਜਿਹੜੇ ਮਨਈ=ਮਨੁੱਖ ਹਨ, ਤਿਨ੍ਹਾਂ ਦੀ ਉਸ ਜਮ ਨੂੰ ਕੁਛ ਕਾਨ ਕਨੌਡ ਨਹੀਂ।

---

**ਜ਼ਮੀਨ ਪਰ ਖਲੋਤੇ ਹੋਏ ਨੂੰ ਜਿਹੜਾ ਪਿੱਛੋਂ ਆ ਕੇ ਬਾਹਵਾਂ ਦੇ ਜ਼ੋਰ ਨਾਲ ਸੁੱਟ ਦੇਣਾ ਹੈ ਉਸ ਨੂੰ ਧੱਕਾ ਆਖਦੇ ਹਨ ਤੇ ਕੋਠੇ ਪਰ ਖਲੋਤੇ ਹੋਏ ਨੂੰ ਜਿਹੜਾ ਹੇਠਾਂ ਸੁੱਟ ਦੇਣਾ ਹੈ ਉਸ ਨੂੰ ਕੁਧੱਕਾ ਆਖਦੇ ਹਨ।*

**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥ ੨॥**

ਜਮਕਾਲ ਐਸਾ ਬਡਾਨੀ=ਵੱਡਾ ਬਲੀ, ਵਾ:-ਅਸਚਰਜ ਹੈ ਜੋ ਰਾਜਾ ਅਤੇ ਪਰਜਾ ਨੂੰ ਇਕ ਸਮਾਨ ਜਾਣ ਕੇ ਮਾਰਦਾ ਹੈ॥ ੨॥

*ਯਥਾ:-* "ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ, ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ, ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ॥
ਮਾਨ ਸੇ ਮਹੀਪ ਔ ਦਿਲੀਪ ਜੈਸੇ ਛੱਤ੍ਰਧਾਰੀ, ਬਡੋ ਅਭਿਮਾਨ ਭੁਜਦੰਡ ਕੋ ਕਰਤ ਹੈ॥
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ, ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ॥ ੮॥ ੭੮॥"

*(ਦਸਮ ਗ੍ਰੰਥ, ਪੰਨਾ ੧੮)*

**ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥**

ਜੋ ਹਰੀ ਦੇ ਸੇਵਕ ਹਰੀ ਨੂੰ ਭਾਅ ਗਏ ਹਨ, ਉਹਨਾਂ ਦੀ ਕਥਾ ਹੋਰਨਾਂ ਸੰਸਾਰੀ ਜੀਵਾਂ ਨਾਲੋਂ ਨਿਰਾਰੀ=ਨਿਰਾਲੀ, ਭਾਵ ਅੰਸਗ ਹੈ।

**ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ੩॥**

ਉਹ ਜਾ ਜੰਮ ਕੇ ਸੰਸਾਰ ਵਿਚ ਆਉਂਦੇ ਹਨ ਅਤੇ ਨਾ ਕਦੇ ਮਰ ਕੇ ਪਰਲੋਕ ਵਿਚ ਜਾਂਦੇ ਹਨ, ਕਿਉਂਕਿ ਉਹ ਪਾਰਬ੍ਰਹਮ ਦੇ ਸੰਗਾਰੀ=ਸੰਗੀ ਹੋਏ ਹਨ॥ ੩॥

*ਯਥਾ-* "ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾ ਸੇਵਕੁ ਆਪਿ ਹਰਿ ਭਾਵੈ॥
ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ॥
ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥
ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥ ੧੭॥"

*(ਬਿਹਾਗੜਾ ਵਾਰ, ਪੰਨਾ ੫੫੫)*

*ਤਥਾ-* "ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥"

*(ਦਸਮ ਗ੍ਰੰਥ ਬਚਿੱਤ੍ਰ ਨਾਟਕ, ਪੰਨਾ ੫੯)*

**ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ॥**

ਪੁੱਤਰ ਦੀ ਕਲਤ੍ਰ=ਇਸਤਰੀ ਜੋ ਨੂਖਾ ਹੈ, ਲਛਿਮੀ=ਆਪਣੀ ਇਸਤਰੀ ਅਤੇ ਮਾਇਆ ਇਨ੍ਹਾਂ ਸਾਰਿਆਂ ਨੂੰ ਦੁੱਖ ਰੂਪ ਜਾਣ ਕੇ ਜੀਅ=ਦਿਲ 'ਚੋਂ ਤਿਆਗ ਦਿਓ।

**ਕਹੰਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ॥ ੪॥ ੧॥**

ਕਬੀਰ ਜੀ ਕਥਨ ਕਰਦੇ ਹਨ-ਹੇ ਸੰਤੋ ! ਸੁਣਨਾ ਕਰੋ, ਇਸ ਤਰੀਕੇ ਨਾਲ ਸਾਰਿਗ-ਪਾਨੀ=ਪਰਮਾਤਮਾ ਤੁਹਾਨੂੰ ਮਿਲੇਗਾ॥ ੪॥ ੧॥

## ਬਿਲਾਵਲੁ ॥

**ਉਥਾਨਕਾ:**-ਪੰਡਿਤਾਂ ਨੇ ਕਿਹਾ-"ਹੇ ਕਬੀਰ ! ਤੂੰ ਕੁਛ ਵਿਦਿਆ ਪੜ੍ਹ ਲੈ ਤਾਂ ਚੰਗੀ ਤਰ੍ਹਾਂ ਚਰਚਾ ਕਰ ਸਕੇਂਗਾ।" ਉੱਤਰ-

**ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥**

(ਵਿਤੰਡੇਵਾਦ ਵਾਲੀ) ਵਿਦਿਆ ਮੈਂ ਨਹੀਂ ਪੜ੍ਹਦਾ ਅਤੇ ਨਾ ਹੀ ਮੈਂ ਬਾਦੁ=ਝਗੜੇ ਕਰਨੇ ਜਾਣਦਾ ਹਾਂ।

**ਹਰਿ ਗੁਨ ਕਥਤ ਸੁਨਤ ਬਉਰਾਨੋ ॥ ੧ ॥**

ਮੈਂ ਤਾਂ ਕੇਵਲ ਹਰੀ ਗੁਣਾਂ ਦੇ ਕਥਨ ਕਰਨ ਵਿਚ ਅਤੇ ਸੁਨਣ ਵਿਚ ਬਉਰਾਨੋਂ=ਮਸਤ ਹਾਂ ॥ ੧ ॥

ਪੰਡਿਤਾਂ ਨੇ ਕਿਹਾ-"ਤੂੰ ਤਾਂ ਬਿਉਰਾ ਹੈਂ, ਚੰਗੀ ਗੱਲ ਨੂੰ ਭੀ ਤੂੰ ਨਹੀ ਸਮਝਦਾ ॥" ਉੱਤਰ-

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥**

ਹੇ ਮੇਰੇ ਬਾਬਾ=ਭਾਈ ! ਤੁਹਾਡੀਆਂ ਨਜ਼ਰਾਂ ਵਿਚ ਮੈਂ ਬਉਰਾ=ਝੱਲਾ ਹਾਂ ਤੇ ਹੋਰ ਸਾਰੀ ਖਲਕਤ ਸੈਆਨੀ=ਸਿਆਣੀ ਹੈ, ਠੀਕ ਮੈਂ ਝੱਲਾ ਹਾਂ।

**ਮੈ ਬਿਗਰਿਓ ਬਿਗਰੈ ਮਤਿ ਅਉਰਾ ॥ ੧ ॥ ਰਹਾਉ ॥**

ਮੈਂ ਤਾਂ ਵਿਗੜਿਆਂ ਹਾਂ, ਮੇਰੇ ਮਗਰ ਲਗ ਕੇ ਹੋਰ ਕੋਈ ਮਤਿ=ਮਤਾਂ ਵਿਗੜੇ ॥ ੧ ॥

**ਆਪਿ ਨ ਬਉਰਾ ਰਾਮ ਕੀਓ ਬਉਰਾ ॥**

ਮੈ ਕੋਈ ਆਪਣੇ ਆਪ ਝੱਲਾ ਨਹੀ, ਮੈਨੂੰ ਤਾਂ ਰਾਮ ਨੇ ਕਿਰਪਾ ਕਰਕੇ ਸੰਸਾਰ ਵਲੋਂ ਝੱਲਾ ਕੀਤਾ ਹੋਇਆ ਹੈ।

**ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥ ੨ ॥**

੧. ਸਤਿਗੁਰਾਂ ਦਾ ਜਾਰਿ=ਜਾਲਿਆ, ਭਾਵ ਸਾੜਿਆ ਹੋਇਆ ਮੇਰਾ ਭਰਮ ਚਲਾ ਗਿਆ ਹੈ।

੨. ਜਿਸ ਵੇਲੇ ਮੈਂ ਸਤਿਗੁਰਾਂ ਪਾਸ ਗਿਆ, ਉਸੀ ਵੇਲੇ ਉਨ੍ਹਾਂ ਨੇ ਭਰਮ ਜਾਰਿ=ਸਾੜ ਦਿੱਤਾ।

੩. ਅਸਲੀ ਯਾਰ ਜੋ ਸਤਿਗੁਰ ਦੇਵ ਜੀ ਹਨ, ਉਨ੍ਹਾਂ ਦੀ ਕਿਰਪਾ ਨਾਲ ਮੇਰਾ ਭਰਮ ਦੂਰ ਹੋ ਗਿਆ ਹੈ ॥ ੨ ॥

**ਮੈ ਬਿਗਰੇ ਅਪਨੀ ਮਤਿ ਖੋਈ ॥ ਮੇਰੇ ਭਰਮਿ ਭੂਲਉ ਮਤਿ ਕੋਈ ॥ ੩ ॥**

ਪਰਮੇਸ਼ਰ ਦੀ ਭਗਤੀ ਵਿਚ ਲਗ ਕੇ ਜੇ ਮੈਂ ਵਿਗੜੇ ਹੋਏ ਨੇ ਆਪਣੀ ਅਕਲ ਗਵਾਈ ਹੈ। ਤਾਂ ਮੇਰੇ ਮਗਰ ਲਗ ਕੇ ਤੁਸੀ ਮਤਿ=ਮਤਾਂ ਕੋਈ ਭਰਮ ਵਿਚ ਭੁੱਲਣਾ ਕਰੋ ॥ ੩ ॥

ਹੁਣ ਤਾੜ ਕੇ ਉਪਦੇਸ਼ ਦੇਂਦੇ ਹਨ-

**ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥ ੪ ॥**

ਅਸਲ ਵਿਚ ਉਹ ਪੁਰਸ਼ ਝੱਲਾ ਹੈ, ਜਿਹੜਾ ਆਪਣੇ ਸ੍ਵੈ-ਸਰੂਪ ਨੂੰ ਨਹੀਂ ਪਛਾਣਦਾ।

ਆਪਣ ਸ੍ਵੈ-ਸਰੂਪ ਨੂੰ ਪਛਾਣੇ ਤਾਂ ਹੀ ਇਕ ਅਕਾਲ ਪੁਰਖ ਨੂੰ ਜਾਣ ਲੈਂਦਾ ਹੈ ॥ ੪ ॥

## ਅਬਹਿ ਨ ਮਾਤਾ ਸੁ ਕਬਹੁ ਨ ਮਾਤਾ॥
## ਕਹਿ ਕਬੀਰ ਰਾਮੈ ਰੰਗਿ ਰਾਤਾ॥ ੫॥ ੨॥

ਜਿਹੜਾ ਪੁਰਸ਼ ਅਬਹਿ=ਹੁਣ ਮਨੁੱਖਾ ਦੇਹੀ ਨੂੰ ਪਾ ਕੇ ਪਰਮੇਸ਼ਰ ਦੇ ਰੰਗ ਵਿਚ ਨਹੀਂ ਮਾਤਾ=ਮਸਤਿਆ, ਓਹ ਕਦੇ ਵੀ ਮਸਤ ਨਹੀਂ ਹੁੰਦਾ।

ਕਬੀਰ ਜੀ ਆਖਦੇ ਹਨ, ਮੈਂ ਤਾਂ ਉਸ ਰਾਮ ਦੇ ਰੰਗ ਵਿਚ ਤਦਾਕਾਰ ਹੋਇਆ ਹਾਂ॥ ੫॥ ੨॥

## ਬਿਲਾਵਲੁ॥

**ਉਥਾਨਕਾ:**-ਇਸ ਸ਼ਬਦ ਦੁਆਰਾ ਕਬੀਰ ਜੀ ਪਰਮੇਸ਼ਰ ਦੇ ਸਨਮੁਖ ਨਿੰਮ੍ਰਤਾ ਸਹਿਤ ਬੇਨਤੀ ਕਰਦੇ ਹਨ-

## ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥

ਹੇ ਭਗਵਾਨ! ਤੇਰੀ ਪ੍ਰਾਪਤੀ ਲਈ ਜੇ ਅਸੀ ਘਰ ਨੂੰ ਤਿਆਗ ਕੇ ਸਾਧੂ ਬਣ ਕੇ ਜੰਗਲ ਦੇ ਕਿਸੇ ਖੰਡ=ਟੁਕੜੇ ਪਰ ਜਾ ਕੇ ਬੈਠ ਜਾਈਏ ਅਤੇ ਓਥੇ ਜਾ ਕੇ ਕੰਦਾ=ਫਲ ਫੁੱਲ ਵਗੈਰਾ ਚੁਣ ਕੇ ਖਾਣਾ ਕਰੀਏ।

*ਯਥਾ-* "ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥" *(ਪੰਨਾ ੧੪੦)*

## ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ॥ ੧॥

ਪਰ ਇਹ ਮੰਦੇ ਸੰਕਲਪ ਦੇ ਚਿਤਵਣ ਵਾਲਾ ਪਾਪੀ ਮਨ ਅਜੇ ਤਕ ਵੀ ਵਿਛੇ ਵਿਕਾਰਾਂ ਨੂੰ ਨਹੀਂ ਛਡਦਾ॥ ੧॥

*ਯਥਾ-* "ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥ ੨॥" *(ਮ: ੫, ਪੰਨਾ ੩੨੨)*

## ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ॥

ਹੇ ਭਗਵਾਨ! ਜਮਦੂਤਾਂ ਤੋਂ ਮੈਂ ਕਿਵੇਂ ਛੁੱਟਾਂਗਾ ? ਅਤੇ ਭਵਜਲ ਨਿਧਿ ਭਾਰੀ=ਕਠਨ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਤਰਾਂਗਾ? ਪਾਠ 'ਜਲਨਿਧਿ' ਇਕੱਠਾ ਹੈ।

## ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ॥ ੧॥ ਰਹਾਉ॥

ਤਾਂ ਤੇ ਹੇ ਮੇਰੇ ਬੀਠੁਲਾ=(ਸੰਸਾਰ ਦੀ ਉਤਪੱਤੀ, ਪਾਲਣਾ, ਲੈਤਾ ਕਰਨ ਵਾਲੇ) ਭਗਵਾਨ! ਮੈਨੂੰ ਰੱਖ ਲਓ, ਰੱਖ ਲਓ।

ਵਾ-ਹੇ ਰਖਿਆ ਕਰਨ ਜੋਗ ਬੀਠੁਲ ! ਆਪ ਰਖ ਲਓ। ਵਾ-ਸਤਿਨਾਮੁ ਰੂਪੀ ਰਖਿਆ ਦੇ ਕੇ ਰਖ ਲਓ।

*ਅਥਵਾ*-ਰਾਖ ਕਰਨ ਵਾਲੇ ਜੋ ਕਾਮ ਆਦਿਕ ਵਿਸ਼ੇ ਹਨ, ਇਨ੍ਹਾਂ ਵਲੋਂ ਰੱਖ ਲਓ।

ਵਾ-ਆਪਣੇ ਚਰਨਾਂ-ਕਮਲਾਂ ਦੀ ਰਾਖੁ-ਧੂੜੀ ਦੇ ਕੇ ਰੱਖ ਲਓ। ਮੈਂ ਦਾਸ=ਜਨ ਨੇ ਆਪ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਯਥਾ- 'ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ॥'' (ਨਟ ਮਹਲਾ ੪, ਪੰਨਾ ੯੮੩)

ਤਥਾ- ''ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ ੧॥'' (ਗਉੜੀ ਮਹਲਾ ੫, ਪੰਨਾ ੨੦੫)

''ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ॥੨॥'' (ਮ: ੫, ਪੰਨਾ ੧੨੧੧)

''ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ॥'' (ਪੰਨਾ ੩੨੮)

## ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥

(ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕ) ਵਿਸ਼ੇ ਹੀ ਵਿਸ਼ਿਆਂ ਦੀ ਜਿਹੜੀ ਵਾਸ਼ਨਾ ਹੈ, ਉਹ ਆਪਣੇ ਆਪ ਤਿਆਗੀ ਨਹੀ ਜਾਂਦੀ।

## ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ॥ ੨॥

ਹੇ ਭਗਵਾਨ ! ਜੇਕਰ ਆਪਣੇ ਆਪ ਅਨੇਕ ਜਤਨਾ ਨਾਲ ਮਨ ਨੂੰ ਵਿਸ਼ਿਆਂ ਵਲੋਂ ਰਾਖੀਐ=ਰੋਕਣਾ ਭੀ ਕਰੀਏ, ਤਾਂ ਵੀ ਇਹ ਨੀਚ ਮਨ ਫਿਰਿ ਫਿਰਿ=ਮੁੜ-ਮੁੜ ਕੇ ਉਨ੍ਹਾਂ ਵਿਸ਼ਿਆਂ ਵਿਚ ਹੀ ਲਪਟਾਈ=ਖੱਚਤ ਹੁੰਦਾ ਹੈ॥ ੨॥

[ਪੰਨਾ ੮੫੬]

## ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ॥

ਜੋਬਨ ਅਵਸਥਾ ਦਾ ਜਿਊਣਾ ਨਿਸਫਲ ਚਲਿਆ ਗਿਆ ਅਤੇ ਜਰਾ=ਬੁਢੇਪਾ ਆ ਗਿਆ ਹੈ, ਪਰ ਅਫਸੋਸ ਹੈ, ਮੈਂ ਨਾਲਾਇਕ ਨੇ ਕੋਈ ਨੀਕਾ-ਚੰਗਾ ਕੰਮ ਨਹੀਂ ਕੀਤਾ।

## ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ॥ ੩॥

ਲਾਲਾਂ ਵਾਂਗ ਇਹ ਅਮੋਲਕ ਜੀਅ ਵਿਸ਼ਿਆਂ ਰੂਪੀ ਕੋਡੀ ਨਾਲ ਲੱਗਕੇ ਮਾਇਆ ਵਿਚ ਮੀਕਾ=ਮਿਲ ਰਿਹਾ ਹੈ।

ਵਾ-ਮੀਕਾ=ਇਕ ਕੱਖ ਦਾ ਹੋ ਰਿਹਾ ਹੈ, ''ਕਉਡੀ ਬਦਲੇ ਜਾਇ॥ ੧॥''

ਤਥਾ:- ''ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥੧॥ (ਕਬੀਰ, ਪੰਨਾ ੩੩੫)

## ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥

ਕਬੀਰ ਜੀ ਕਥਨ ਕਰਦੇ ਹਨ-ਹੇ ਮੇਰੇ ਮਾਧਵਾ=ਮਾਇਆ ਪਤੀ ਭਗਵਾਨ! ਆਪ ਸਾਰਿਆਂ ਵਿਚ ਵਿਆਪਕ ਹੋ।

## ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥ ੪॥ ੩॥

ਤੁਮ ਸਮਸਰਿ=ਆਪ ਜਿਹਾ ਸੰਸਾਰ ਵਿਚ ਕੋਈ ਦਿਆਲੂ ਨਹੀ ਅਤੇ ਮੋਹਿ ਸਮਸਰਿ=ਮੇਰੇ ਵਰਗਾ ਹੋਰ ਕੋਈ ਪਾਪੀ ਨਹੀ ਹੈ। ਇਸ ਤੇ ਆਪ ਬਖਸ਼ ਲਓ॥ ੪॥ ੩॥

ਯਥਾ- ''ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣਿਹਾਰਾ।

ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ।

ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ।
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰੁ ਤੇ ਬੇਮੁਖ ਹਤਿਆਰਾ।
ਮੈ ਜੇਹਾ ਕੋ ਦੁਸਟ ਨਾਂਹਿ ਨਿਰਵੈਰੈ ਸਿਉ ਵੈਰ ਵਿਕਾਰਾ।
ਮੈ ਜੇਹਾ ਨ ਵਿਸਾਹੁ ਧ੍ਰੋਹੁ ਬਗਲ ਸਮਾਧੀ ਮੀਨ ਅਹਾਰਾ।
ਬਜਰੁ ਲੇਪੁ ਨ ਉਤਰੈ ਪਿੰਡੁ ਅਪਰਚੇ ਅਉਚਰਿ ਚਾਰਾ।
ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
ਨਾਉ ਮੁਰੀਦ ਨ ਸਬਦਿ ਵੀਚਾਰਾ॥ ੨੯ ॥" *(ਭਾਈ ਗੁਰਦਾਸ ਜੀ, ਵਾਰ ੩੭)*

## ਬਿਲਾਵਲੁ ॥

**ਉਥਾਨਕਾ**:-ਪਰਮਾਤਮਾ ਦੇ ਭਜਨ-ਸਿਮਰਨ ਵਿਚ ਲੱਗਣ ਕਰਕੇ ਜੋ ਕੁਝ ਉਲਾਂਭੇ ਮਾਂ ਨੇ ਦਿੱਤੇ ਹਨ ਅਤੇ ਕਬੀਰ ਜੀ ਨੇ ਜੋ ਅੱਗੋਂ ਉੱਤਰ ਦਿੱਤਾ ਹੈ, ਉਹ ਸਾਰਾ ਸੰਬਾਦ ਇਸ ਸ਼ਬਦ ਵਿਚ ਕਹਿੰਦੇ ਹਨ।

(ਤੁਕਾਂ ਅੰਨਵੇਂ ਲੱਗਣੀਆਂ ਹਨ) ਮਾਂ ਆਖਦੀ ਹੈ-

***-ਪਹਿਲਾ ਅਰਥ-***

***ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥***

ਹੇ ਜਿਠਾਣੀ ! ਸੁਣਨਾ ਕਰ, ਹੇ ਦਿਰਾਣੀ! ਤੂੰ ਵੀ ਸੁਣਨਾ ਕਰ। ਇਕ ਅਸਚਰਜ ਕੌਤਕ ਹੋਇਆ ਹੈ।

***ਹਮਾਰੇ ਕੁਲ ਕਉਨੇ ਰਾਮੁ ਕਹਿਓ॥***

ਸਾਡੀ ਕੁਲ ਵਿਚ ਭਲਾ ਕਿਸ ਨੇ ਰਾਮ ਨਾਮ ਕਿਹਾ ਹੈ ? ਭਾਵ ਕਿਸੇ ਨੇ ਵੀ ਨਹੀਂ ਕਿਹਾ।

***ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥੧॥ ਰਹਾਉ॥***

ਇਸ ਨਿਪੂਤੇ=ਨਿਖਸਮੇ ਔਂਤਰੇ ਨੇ (ਰਾਮਾਨੰਦ ਪਾਸੋਂ) ਜਦੋਂ ਦੀ ਮਾਲਾ ਲਈ ਹੈ, ਤਦੋਂ ਦਾ ਸਾਨੂੰ ਕੋਈ ਸੁਖ ਪ੍ਰਾਪਤ ਨਹੀਂ ਹੋਇਆ। (ਹੁਣ ਸ਼ਬਦ ਦੇ ਆਦਿ ਤੋਂ ਸ਼ੁਰੂ ਕਰਨਾ)

## ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥

ਨਿਤਾਪ੍ਰਤੀ ਰੋਜ਼ ਹੀ ਸਵੇਰੇ ਉੱਠ ਕੇ ਕੋਰੀ ਗਾਗਰਿ=ਨਵੀਂ ਘੜੀ (ਦਰਿਆਓਂ) ਗੰਗਾ-ਜਲ ਦੀ ਭਰ ਕੇ ਆਨੈ=ਲਿਆਉਂਦਾ ਹੈ। ਜਿਸ ਜਗ੍ਹਾ ਕਬੀਰ ਬੈਠਦਾ ਹੈ, ਉਸ ਜਗ੍ਹਾ ਨੂੰ ਸਾਡਾ ਲਿੰਬਦੀਆਂ ਦਾ ਜੀਅ ਵੀ ਸੜ ਗਿਆ ਹੈ।

ਵਾ-ਉਸ ਜਗ੍ਹਾ ਤੇ ਲੀਪਤ=ਪੋਚਾ ਫੇਰਦਿਆਂ ਫੇਰਦਿਆਂ ਇਸ ਕਬੀਰ ਦਾ ਜੀਅ ਕ੍ਰਿਸ ਹੋ ਗਿਆ ਹੈ।

ਵਾ-ਉਸ ਜਗ੍ਹਾ ਦੇ ਲਿੰਬਣ ਪਰ ਇਸ ਕਬੀਰ ਦਾ ਜੀਅ ਲਗ ਗਿਆ ਹੈ।

## ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥੧॥

(ਤਾਣੀ ਦਾ) ਤਨਣਾ, (ਤਾਣੀ ਦਾ) ਬੁਨਣਾ ਇਹ ਇਸ ਨੂੰ ਕੁਝ ਸੁਝਦਾ ਨਹੀ। ਕੇਵਲ ਹਰਿ ਹਰਿ ਦੇ ਨਾਮ-ਰਸ ਵਿਚ ਲਪਟਿਓ=ਲੰਪਟ, ਭਾਵ ਲੱਗਾ ਰਹਿੰਦਾ ਹੈ॥ ੧॥

## ਹਮਾਰੇ ਕੁਲ ਕਉਨੇ ਰਾਮੁ ਕਹਿਓ ॥
## ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥ ੧ ॥ ਰਹਾਉ ॥
## ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥

(ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ)।

## ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥ ੨ ॥

ਇਸ ਦੇ ਪਿਤਾ ਨੇ ਸੱਤਾਂ ਰੰਗਾਂ ਦਾ ਸੂਤਰ ਘਰ ਲਿਆ ਕੇ ਰੱਖਿਆ ਹੋਇਆ ਸੀ, ਪਰ ਇਸ ਨੇ ਉਸ ਸੂਤਰ ਦੀਆਂ ਡੋਰੀਆਂ ਵੱਟ ਕੇ ਸੰਤਾਂ ਨੂੰ ਦੇ ਦਿੱਤੀਆਂ ਹਨ।

*ਅਥਵਾ:*-ਉਸ ਸੂਤਰ ਨੂੰ ਵੇਚ ਕੇ ਬਜ਼ਾਰੋਂ ਆਟਾ ਵਗੈਰਾ ਲਿਆ ਕੇ ਸੰਤਾਂ ਨੂੰ ਛਕਾ ਦਿੱਤਾ ਹੈ।

ਆਪਣੇ ਪਰਵਾਰ ਨੂੰ ਕੁਝ ਵੀ ਨਹੀਂ ਦੇਂਦਾ, ਭਾਵ ਨਾ ਖਾਣ ਵਾਸਤੇ ਰੋਟੀ, ਨਾ ਸੌਣ ਲਈ ਮੰਜੀ-ਬਿਸਤਰਾ।

*ਯਥਾ-* "ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥ ੨ ॥
ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥
ਮੂਡ ਪਲੋਸਿ ਕਮਰ ਬਧਿ ਪੋਥੀ ॥ ਹਮ ਕਉ ਚਾਬਨੁ ਉਨ ਕਉ ਰੋਟੀ॥ ੩ ॥"

*(ਗੋਂਡ ਕਬੀਰ ਜੀ, ਪੰਨਾ ੮੭੧)*

ਇਸ ਤਰੀਕੇ ਨਾਲ ਸੱਤਾਂ ਰੰਗਾਂ ਦਾ ਸੂਤਰ ਇਸ ਮੁੰਡੇ (ਕਬੀਰ) ਨੇ ਖੋਏ=ਗਵਾ ਦਿੱਤਾ ਹੈ।

ਵਾ-ਸਾਤ ਸੂਤ=ਘਰ ਦਾ ਲੱਟਾ ਪੱਟਾ, ਭਾਵ ਸਾਰਾ ਸਾਮਾਨ ਇਸ ਮੁੰਡੇ ਨੇ ਗਵਾ ਦਿੱਤਾ ਹੈ, ਇਸ ਕਰਕੇ ਇਹ ਮੁੰਡਾ ਮਰ ਕਿਉਂ ਨਾ ਗਿਆ, ਭਾਵ ਮਰ ਜਾਂਦਾ ਤਾਂ ਚੰਗਾ ਸੀ।

ਮਾਂ ਪਾਸੋਂ ਇਹ ਗੱਲਾਂ ਸੁਣ ਕੇ ਹੁਣ ਕਬੀਰ ਜੀ ਉੱਤਰ ਦੇਂਦੇ ਹਨ, ਹੇ ਮਾਤਾ!

## ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥

ਸਾਰਿਆਂ ਸੁਖਾਂ ਦਾ ਦਾਤਾ ਜੋ ਇਕ ਹਰੀ ਸੁਆਮੀ ਹੈ, ਉਸ ਦਾ ਨਾਮ ਜਪਣਾ ਗੁਰਾਂ ਨੇ ਮੈਨੂੰ ਦਿੱਤਾ ਹੈ। ਮੈਂ ਕੋਈ ਆਪਣੇ ਆਪ ਨਹੀਂ ਜਪਦਾ। ਫੇਰ ਵੇਖ, ਜਿਸ ਦਾ ਨਾਮ ਮੈਂ ਜਪਦਾ ਹਾਂ, ਉਹ ਭਗਵਾਨ ਐਸਾ ਸਮਰੱਥ ਹੈ-

## ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥ ੩ ॥

ਜਿਸ ਭਗਵਾਨ ਨੇ ਸੰਤ ਪ੍ਰਹਲਾਦ ਦੀ ਇੱਜ਼ਤ ਰੱਖਣੀ ਕੀਤੀ ਹੈ ਅਤੇ ਨਰਸਿੰਘ ਰੂਪ ਹੋ ਕੇ ਹਰਨਾਖਸ਼ ਦੈਂਤ ਨੂੰ ਨਖ=ਨੌਂਹਾਂ ਨਾਲ ਬਿਦਰਿਓ=ਨਾਸ਼ ਕੀਤਾ ਹੈ, ਭਾਵ ਚੀਰ ਦਿੱਤਾ ਹੈ।

*ਯਥਾ:*-ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨ ॥ *(ਸੋਰਠਿ ਮ: ੩, ਪੰਨਾ ੬੦੧)*

*ਤਥਾ-*"ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ॥

ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ॥ ੩॥
ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ॥
ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥ ੪॥
ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ॥
ਨਾਨਕ ਹਰਣਾਖਸੁ ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ॥ ੫॥"

*(ਭੈਰਉ ਮਹਲਾ ੩, ਪੰਨਾ ੧੧੩੩)*

*ਤਥਾ-* "ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥ ਹਰਨਾਖਸੁ ਛੇਦਿਓ ਨਖ ਬਿਦਾਰ॥ ੪॥"

*(ਬਸੰਤੁ ਕਬੀਰ, ਪੰਨਾ ੧੧੯੪)*

ਨੋਟ-ਪ੍ਰਹਿਲਾਦ ਨੂੰ ਬਹੁਤ ਜਗ੍ਹਾ 'ਭਗਤ' ਹੀ ਕਥਨ ਕੀਤਾ ਹੈ।

*ਯਥਾ-*"ਘਰਿ ਹਰਨਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।" *(ਭਾ ਗੁਰਦਾਸ, ਵਾਰ ੧੦, ਪੌ: ੨)*
ਫੇਰ ਸਵਈਆਂ ਵਿਚ ਲਿਖਿਆ ਹੈ-

*ਤਥਾ-* "ਅਬ ਰਾਖਹੁ ਦਾਸ ਭਾਟ ਕੀ ਲਾਜ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥"

*(ਮਹਲ ੪, ਪੰਨਾ ੧੪੦੦)*

*ਤਥਾ-* "ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਤ ਕਮਲ ਮਾਥੇ ਪਰ ਧਰੀਅੰ॥ *(ਮਹਲਾ ੪, ਪੰਨਾ ੧੪੦੧)*

*ਤਥਾ-* "ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ॥"

*(ਪੰ: ੧੪੦੨)*

ਇਸ ਵਾਸਤੇ ਇਹ ਅਰਥ ਕਰਨਾ-ਜਿਸ ਪਰਮਾਤਮਾ ਨੇ ਸੰਤ ਪ੍ਰਹਲਾਦ ਕੀ=ਸ਼ਾਂਤ ਆਤਮਾ ਪ੍ਰਹਿਲਾਦ ਭਗਤ ਦੀ ਇੱਜ਼ਤ ਰੱਖਣੀ ਕੀਤੀ ਹੈ॥ ੩॥

## ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥

ਘਰ ਕੇ ਦੇਵ=ਪਰੋਹਤ ਜੋ ਸੰਡਾ ਮਰਕਾ ਹਨ, ਉਨ੍ਹਾਂ ਦੀ ਸਿਖਿਆ ਅਤੇ ਆਪਣੇ ਪਿਤਰ=ਪਿਤਾ ਹਰਨਾਖਸ਼ ਦੀ ਰਾਜਨੀਤੀ ਜਿਸ ਪ੍ਰਹਿਲਾਦ ਨੇ ਛੱਡ ਦਿੱਤੀ ਹੈ ਤੇ ਗੁਰੂ (ਨਾਰਦ) ਦੇ ਉਪਦੇਸ਼ ਨੂੰ ਲੈਣਾ ਕੀਤਾ ਹੈ।

## ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥ ੪॥ ੪॥

ਕਬੀਰ ਜੀ ਕਥਨ ਕਰਦੇ ਹਨ-ਸਾਰਿਆਂ ਪਾਪਾਂ ਦੇ ਖੰਡਨੁ=ਨਾਸ ਕਰਨ ਵਾਲੇ ਪਰਮਾਤਮਾ ਨੇ ਸੰਤਹ=ਸ੍ਰੇਸ਼ਟ ਪ੍ਰਹਿਲਾਦ ਭਗਤ ਨੂੰ ਲੈ ਕੇ ਪਿਤਾ ਦੇ ਕਰੋਧ ਤੋਂ ਉਧਰਿਓ=ਉਧਾਰਨਾ, ਭਾਵ ਬਚਾਉਣਾ ਕੀਤਾ॥ ੪॥ ੪॥

***-ਦੂਜਾ ਅਰਥ-***

***ਨਿਤ ਉਠਿ ਕੋਰੀ ਗਾਗਰਿ ਆਨੈ***

**ਉਥਾਨਕਾ**:-ਸਿੱਖ ਨੇ ਬੇਨਤੀ ਕੀਤੀ-

੧. ਗਿਆਨ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

੨. ਨਿਤ ਰੂਪ ਜੋ ਸੰਸਾਰ ਮੰਨਿਆ ਹੋਇਆ ਹੈ, ਇਹ ਕਿਵੇਂ ਦੂਰ ਹੁੰਦਾ ਹੈ ?

੩. ਕਿਹੜਾ ਜੀਵ ਪਤ-ਆਬਰੋ ਲੈ ਕੇ ਪ੍ਰਲੋਕ ਵਿਚ ਜਾਂਦਾ ਹੈ ?

੪. ਆਸੁਰੀ ਸੰਪਦਾ ਰੂਪ ਕੁਲ ਤੋਂ ਰਹਿਤ ਕਿਵੇਂ ਹੁੰਦਾ ਹੈ ?

੫. ਇਹ ਜੀਵ ਕਦੋਂ ਦਾ ਅਪਵਿੱਤ੍ਰ ਹੈ ?

੬. ਜੀਵ ਮਰਦਾ ਕਿਉਂ ਨਹੀਂ ? ਉੱਤਰ-

(ਅੰਨਵੇਂ ਤੁਕਾਂ ਵਲ ਧਿਆਨ ਰੱਖਣਾ)

*ਹਰਿ ਹਰਿ ਰਸਿ ਲਪਟਿਓ ॥*

ਜੋ ਪੁਰਸ਼ ਹਰਿ ਹਰਿ ਦੇ ਨਾਮ-ਰਸ ਵਿਚ ਲੰਪਟ ਹੋਇਆ ਹੈ॥

(ਗਾ ਗਰਿ) ਉਸ ਦੇ ਗਲ ਵਿਖੇ ਗਾ=ਗਿਆਨ ਦੀ ਪ੍ਰਾਪਤੀ ਹੋਈ ਹੈ। ਜਿਸ ਨੂੰ ਗਿਆਨ ਦੀ ਪ੍ਰਾਪਤੀ ਹੋਈ ਹੈ ਉਸ ਨੇ-

(ਨਿਤ ਉਠਿ) ਜੋ ਸੰਸਾਰ ਨਿਤ ਰੂਪ ਮੰਨਿਆ ਹੋਇਆ ਸੀ, ਉਹ ਉਸ ਦੇ ਅੰਦਰੋਂ ਉੱਠ ਗਿਆ ਹੈ, ਭਾਵ ਸੰਸਾਰ ਨੂੰ ਉਸ ਨੇ ਮਿਥਿਆ ਰੂਪ ਨਿਸਚੇ ਕੀਤਾ ਹੈ।

(ਕੋਰੀ) ਜਿਸ ਦੀ ਬੁੱਧੀ ਪਦਾਰਥਾਂ ਰੂਪੀ ਰੰਗ ਵਿਚ ਨਹੀਂ ਰੰਗੀ ਗਈ, ਅਰਥਾਤ ਕੋਰੀ ਰਹੀ ਹੈ।

(ਲੀ ਪਤ ਜੀਉ ਗਾਇਓ॥) ਉਸ ਦਾ ਜੀਵ ਪਤ-ਆਬਰੋ ਨੂੰ ਲੀ=ਲੈ ਕੇ (ਪ੍ਰਲੋਕ-ਘਰ ਵਿਚ) ਗਿਆ ਹੈ।

ਵਾ-ਪਤੀ ਪਰਮਾਤਮਾ ਨੂੰ ਸਾਖਿਆਤਕਾਰ ਕਰ ਲੀਤਾ ਹੈ ਤੇ ਜੀਵਤ ਭਾਵ ਚਲਾ ਗਿਆ ਹੈ।

ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥

ਜੋ ਹਰਿ ਹਰਿ ਦੇ ਨਾਮ-ਰਸ ਵਿਚ ਲੰਪਟ ਹੋਇਆ ਹੈ।

ਉਨ੍ਹਾਂ ਨੂੰ ਤਾਨਾ=ਤੁਰਕਾਂ ਦਾ ਬਾਨਾ=ਬਨਾਉਣਾ, ਵਾ ਤਾਨੇ ਮਾਰਨੇ ਦਾ ਬਾਨਾ=ਸੁਭਾਵ ਕੁਝ ਸੁਝਦਾ ਨਹੀਂ ਹੈ।

*ਹਮਾਰੇ ਕੁਲ ਕਉਨੇ ਰਾਮੁ ਕਹਿਓ ॥*

ਜਿਸ ਨੇ ਰਾਮ ਨਾਮ ਨੂੰ ਕਿਹਾ ਹੈ, ਰੇ=ਹੇ ਭਾਈ ! ਉਸ ਨੇ ਹਮਾ=ਹੰਗਤਾ-ਮਮਤਾ ਰੂਪ ਆਸੁਰੀ ਸੰਪਦਾ ਦੀ ਕੁਲ ਨੂੰ ਕਉਨੇ=ਲਾਂਭੇ ਕੀਤਾ ਹੈ।

(ਜਬ ਕੀ ਮਾਲਾ ਲਈ ਨਿਪੂਤੇ) ਮਾਂ ਦੇ ਗਰਭ 'ਚੋਂ ਨਿਕਲ ਕੇ ਜਦ ਦੀ ਮਾ=ਮਾਇਆ ਇਸ ਨੇ ਆਪਣੇ ਮਗਰ ਲਾ ਲੀਤੀ ਹੈ ਤਦ ਦਾ ਇਹ ਜੀਵ ਨਿਪੂਤੇ=ਅਪਵਿੱਤਰ ਹੈ।

*ਯਥਾ-* "ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥" *(ਅਨੰਦ ਸਾਹਿਬ, ਪੰਨਾ ੯੨੧)*

*ਤਬ ਤੇ ਸੁਖੁ ਨ ਭਇਓ ॥ ੧ ॥ ਰਹਾਉ ॥*

ਉਸ ਵੇਲੇ ਤੋਂ ਇਸ ਨੂੰ ਸੁਖ ਨਹੀ ਪ੍ਰਾਪਤ ਹੋਇਆ।

***ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥***

ਜਿਸ ਵੇਲੇ ਇਕ ਅਦੁਤੀ ਬ੍ਰਹਮ ਅਸਚਰਜ ਰੂਪ ਦਾ ਬ੍ਰਹਮ ਗਿਆਨ ਪ੍ਰਾਪਤ ਹੋਇਆ ਸੁ=ਉਸ ਵੇਲੇ ਪਦਾਰਥਾਂ ਦੀ ਜਿਠਾਨੀ=ਆਸਾ ਨਹੁ=ਨਾ ਹਰੀ ਅਤੇ ਸੁ=ਉਨ੍ਹਾਂ ਪਦਾਰਥਾਂ ਦੀ ਦਿਰਾਨੀ=ਤ੍ਰਿਸ਼ਨਾ ਭੀ ਨਾ ਰਹੀ*।

***ਸਾਤ ਸੂਤ ਇਨਿ ਮੁਡੀਂਏ ਖੋਏ***

ਸਾਤ ਸੂਤ=ਸੱਤਾਂ ਧਾਤਾਂ ਦਾ ਰਚਿਆ ਹੋਇਆ ਸਰੀਰ ਇਸ ਦੇ ਅਭਿਮਾਨ ਨੂੰ ਜਦ ਮੁਡੀਂਏ=ਜੀਵ ਨੇ ਖੋਹ ਲਿਆ।

ਵਾ-ਇਸ ਮੁੰਡੇ ਜੀਵ ਨੇ ਜਦ ਸਾਤ ਸੂਤ=ਪੰਜ ਗਿਆਨ ਇੰਦ੍ਰੀਏ ਤੇ ਮਨ ਬੁੱਧੀ ਇਨ੍ਹਾਂ ਸੱਤਾਂ ਦੇ ਵਿਸ਼ੇ ਖੋਹ ਦਿੱਤੇ ਤਾਂ-

***ਇਹੁ ਮੁਡੀਆ ਕਿਉ ਨ ਮੁਇਓ॥***

ਇਸ ਵਜ੍ਹਾ ਦੇ ਕਰਨ ਨਾਲ ਇਹ ਮੁੰਡਾ ਜੀਵ ਕਿਸੇ ਤਰ੍ਹਾਂ ਭੀ ਮਰਦਾ ਨਹੀ ਹੈ ।

*ਯਥਾ:-* "ਮਰਣਹਾਰੁ ਇਹੁ ਜੀਅਰਾ ਨਾਹੀ॥ ੩॥" *(ਮ: ੧, ਪੰਨਾ ੧੮੮)*

***ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ॥***

ਸਾਰਿਆਂ ਸੁਖਾਂ ਦਾ ਦਾਤਾ ਇਕ ਹਰੀ ਸੁਆਮੀ ਹੈ, ਉਸ ਦਾ ਨਾਮ ਗੁਰਾਂ ਨੇ ਦਿੱਤਾ ਹੈ।

***ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥ ੩॥***

ਪਰ ਭਲੀ ਪ੍ਰਕਾਰ ਸੰਤਾਂ ਨੂੰ ਅਹਿਲਾਦੰ=ਅਨੰਦ ਦੇਣ ਵਾਲਾ ਜੋ ਪਰਮੇਸ਼ਰ ਹੈ, ਜਿਸ ਨੇ ਭਗਤਾਂ ਦੀ ਪਤ-ਆਬਰੋ ਰੱਖੀ ਹੈ ਅਤੇ ਹਰਨਾਖਸੁ=ਚਖਸ਼ੂ ਆਦਿ ਇੰਦ੍ਰੀਆਂ ਨੂੰ ਹਰ=ਪਿਲੱਤਨਤਾ ਦੇਣ ਵਾਲਾ ਜੋ ਅਗਿਆਨ ਹੈ।

ਨਹੀਂ ਤਾਂ ਸਿੱਧਾ ਹੀ ਹਰਨਾਖਸ਼ ਦਾ ਅਰਥ ਅਗਿਆਨ ਕਰ ਦਿਓ। ਗਿਆਨ ਵੈਰਾਗ ਅੱਖਾਂ ਹਰਨ ਵਾਲਾ ਜੋ ਹਰਨਾਖਸੁ=ਅਗਿਆਨ ਹੈ ਉਸ ਅਗਿਆਨ ਨੂੰ ਅਪਰੋਖ ਗਿਆਨ ਰੂਪ ਨੌਹਾਂ ਨਾਲ ਨਾਸ ਕੀਤਾ ਹੈ।

***ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥***

ਸਰੀਰ ਘਰ ਦਾ ਦੇਵ=ਪਤੀ ਜੋ ਧਰਮ ਰਾਜ ਹੈ, ਕਿਉਂਕਿ ਇਸ ਦੇ ਦੋ ਲਾੜੇ ਹਨ, ਇਕ ਪਰਮਾਤਮਾ ਦੂਜਾ ਧਰਮਰਾਜ ।

*ਯਥਾ:-* "ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥" *(ਫਰੀਦ, ਪੰਨਾ ੧੩੭੭)*

ਜਦ ਗੁਰਾਂ ਦਾ ਉਪਦੇਸ਼ ਲੀਤਾ ਤਾਂ ਸਰੀਰ-ਘਰ ਦਾ ਦੇਵ ਜੋ ਧਰਮਰਾਮ ਹੈ, ਉਸ ਨੂੰ ਛੱਡ ਦਿੱਤਾ ਅਤੇ ਪਿਤਰਾਂ ਦੀ ਪੂਜਾ ਕਰਨੀ ਵੀ ਛੱਡ ਦਿੱਤੀ।

***ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥ ੪॥ ੪॥***

ਕਬੀਰ ਜੀ ਕਥਨ ਕਰਦੇ ਹਨ, ਸਭ ਪਾਪਾਂ ਦੇ ਖੰਡਨੁ=ਨਾਸ ਕਰਨ ਵਾਲੇ ਪਰਮੇਸ਼ਰ ਨੇ ਸ੍ਰੇਸ਼ਟ ਕਰਨੀ

**ਜੇਠ=ਹੰਕਾਰ ਹੈ, ਉਸ ਦੇ ਘਰ ਵਾਲੀ ਜਿਠਾਣੀ ਆਸ਼ਾ ਹੈ। ਦੇਵਰ=ਲੋਭ ਹੈ, ਉਸ ਦੇ ਘਰ ਵਾਲੀ ਦਿਰਾਣੀ ਤ੍ਰਿਸ਼ਨਾ ਹੈ।*

ਵਾਲੇ ਪੁਰਸ਼ਾਂ ਨੂੰ ਲੈ ਕੇ ਸੰਸਾਰ ਤੋਂ ਉਧਾਰ ਦਿੱਤਾ ਹੈ॥ ੪॥ ੪॥

## ਬਿਲਾਵਲੁ ॥

**ਉਥਾਨਕਾ:**-ਸ਼ੰਕਾ ਵਾਦੀਆਂ ਨੇ ਸ਼ੰਕਾ ਕੀਤੀ-"ਹਰਨਾਖਸ਼ ਤਾਂ ਸਭ ਤੋਂ ਵੱਡਾ ਬਾਦਸ਼ਾਹ ਸੀ, ਉਸ ਨੂੰ ਭਗਵਾਨ ਨੇ ਕਿਸ ਤਰ੍ਹਾਂ ਚੀਰਿਆ ?" ਉੱਤਰ-

## ਕੋਊ ਹਰਿ ਸਮਾਨਿ ਨਹੀ ਰਾਜਾ ॥

ਹਰੀ ਦੇ ਬਰਾਬਰ ਹੋਰ ਕੋਈ ਰਾਜਾ ਨਹੀਂ ਹੈ। ਸਰਬ ਸ਼ਕਤੀਮਾਨ ਹੋਣ ਕਰਕੇ ਉਸ ਪ੍ਰਭੂ ਨੇ ਹਰਨਾਖਸ਼ ਨੂੰ ਚੀਰ ਦਿੱਤਾ ਹੈ।

## ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥ ੧ ॥ ਰਹਾਉ ॥

ਇਹ ਪ੍ਰਿਥਵੀ ਦੇ ਰਾਜੇ ਸਾਰੇ ਚਾਰ ਦਿਨਾਂ ਦੇ, ਭਾਵ ਕੋਈ ਦਿਨ ਦੇ ਪ੍ਰਾਹੁਣੇ ਹਨ, ਪਰ ਆਪਣੇ ਆਪ ਨੂੰ ਅਬਿਨਾਸੀ ਰੂਪ ਸਮਝ ਕੇ ਝੂਠ ਹੀ ਦਿਵਾਜਾ=ਦਾਹਵੇ, ਵਾ ਵਿਖਾਵੇ ਕਰਦੇ ਹਨ॥ ੧ ॥ ਰਹਾਉ ॥

## ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥

ਹੇ ਪਰਮਾਤਮਾ ! ਜੋ ਤੇਰਾ ਭਗਤ ਜਨ ਹੁੰਦਾ ਹੈ, ਉਹ ਭਲਾ ਕਿਸੀ ਦੁੱਖ ਨਾਲ, ਵਾ ਕਿਸੇ ਲੋਭ ਨਾਲ ਕਤ ਡੋਲੈ=ਕਿਸ ਤਰ੍ਹਾਂ ਡੋਲਦਾ ਹੈ, ਭਾਵ ਨਹੀ ਡੋਲਦਾ। ਇਸੇ ਕਰਕੇ ਤਿੰਨਾਂ ਭਵਨ=ਲੋਕਾਂ ਉੱਪਰ ਉਸ ਦਾ ਜਸ ਛਾਜਾ=ਛਾਇਆ ਹੈ।

## ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥ ੧ ॥

(ਐਹੋ ਜਿਹਾ ਕੌਣ ਜੰਮਿਆ ਹੈ ਜੋ ਪਰਮੇਸਰ ਦੇ ਪਿਆਰੇ ਸੇਵਕ) ਜਨ ਨੂੰ ਹੱਥ ਪਸਾਰ ਸਕੇ, ਭਾਵ ਹੱਥ ਚੁੱਕ ਸਕੇ,ਅਰਥਾਤ ਕੋਈ ਉਂਗਲ ਨਹੀਂ ਕਰ ਸਕੇਗਾ। ਹੋਰ ਭਲਾ ਕੀ ਕਹਿਣਾ, ਹੈ, ਅੰਦਾਜਾ=ਮਰਯਾਦਾ ਸਹਿਤ ਵੀ ਕੋਈ ਬੋਲ ਨਹੀਂ ਸਕਦਾ, ਕਿਉਂਕਿ ਉਨ੍ਹਾਂ ਦਾ ਤੇਜ਼ ਸਹਾਰਿਆ ਨਹੀ ਜਾਂਦਾ।

ਵਾ:-ਅੰਦਾਜਾ=ਮਰਯਾਦਾ ਤੋਂ ਬਾਹਰ ਕੋਈ ਬੋਲ ਨਹੀ ਸਕਦਾ ॥ ੧ ॥

## ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥

ਹੇ ਮੂਰਖ ਮਨ ! ਮੇਰ ਤੇਰ ਵਿਚ ਲੱਗੇ ਹੋਏ ਅਚੇਤ=ਅਗਿਆਤ, ਤੂੰ ਪਰਮਾਤਮਾ ਨੂੰ ਚੇਤਨਾ ਕਰ ਤਾਂ ਅਨਹਦ=ਇਕ-ਰਸ (ਸੁਧੋ ਹੰ ਬੁੱਧੋ ਹੰ ਨਿਵਿਕਾਰੋ ਹੰ ਆਦਿ) ਸ੍ਰੇਸ਼ਟ ਵਾਜੇ ਵੱਜਣਗੇ।

## ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥ ੨ ॥ ੫ ॥

ਪਰਮਾਤਮਾ ਮੇਰੀ ਰਖਿਆ ਕਰੇਗਾ ਕਿ ਨਹੀਂ ? ਭਗਤੀ ਕਰਨ ਨਾਲ ਤਰਨਾ ਹੁੰਦਾ ਹੈ ਕਿ ਨਹੀਂ ? ਇਤਿਆਦੀ ਸ਼ੰਸਾ ਤੇ ਭਰਮ ਸਭ ਦੂਰ ਹੋ ਗਿਆ ਹੈ।

ਵਾ-ਸੰਸਾ ਜੋ ਭਰਮਾਉਣੇ ਵਾਲਾ ਹੈ ਉਹ ਦੂਰ ਹੋ ਗਿਆ ਹੈ। ਕਬੀਰ ਜੀ ਕਥਨ ਕਰਦੇ ਹਨ, ਆਪਣਾ ਪਿਆਰਾ ਸਮਝ ਕੇ ਭਗਵਾਨ ਨੇ ਧ੍ਰੂ ਤੇ ਪ੍ਰਹਿਲਾਦ ਦੋਹਾਂ ਭਗਤਾਂ ਨੂੰ ਨਿਵਾਜਾ=ਵਡਿਆਉਣਾ ਕੀਤਾ॥ ੨ ॥ ੨ ॥

## ਬਿਲਾਵਲੁ ॥

**ਉਥਾਨਕਾ:**-ਕਬੀਰ ਜੀ ਪਰਮੇਸ਼ਰ ਦੇ ਸਨਮੁਖ ਆਪਣੀ ਬੇਨਤੀ ਕਰਦੇ ਹਨ-

## ਰਾਖਿ ਲੇਹੁ ਹਮ ਤੇ ਬਿਗਰੀ ॥

ਹੇ ਪਰਮਾਤਮਾ ! ਸਾਨੂੰ ਸੰਸਾਰ ਵਲੋਂ ਰੱਖ ਲਓ। ਕਾਹੇ ਤੇ, ਹਮਾਰੇ ਪਾਸੋਂ ਬਿਗਰੀ=ਵਿਗੜ ਗਈ ਹੈ, ਅਰਥਾਤ ਅਵੱਗਿਆ ਹੋ ਗਈ ਹੈ ਜੋ ਆਪ ਦਾ ਭਜਨ-ਸਿਮਰਨ ਨਹੀ ਕੀਤਾ ਅਤੇ-

## ਸੀਲੁ ਧਰਮੁ ਜਪੁ ਭਗਤਿ ਨ ਕੀਨੀ
## ਹਉ ਅਭਿਮਾਨ ਟੇਢ ਪਗਰੀ ॥ ੧ ॥ ਰਹਾਉ ॥

ਨਾ ਹੀ ਸੀਲੁ=ਜਤਿੰਦ੍ਰੇ, ਭਾਵ ਇੰਦ੍ਰੀਆਂ ਦਾ ਦਮਨ ਕੀਤਾ ਹੈ, ਨਾ ਹੀ ਆਪਣੇ ਧਰਮ ਤੇ ਪੱਕੇ ਰਹੇ ਹਾਂ, ਨਾ ਹੀ ਨਾਮ ਜਪਿਆ ਹੈ, ਨਾ ਹੀ ਨੌਧਾ ਭਗਤੀ ਕੀਤੀ ਹੈ, ਮੈਂ ਅਭਿਮਾਨੀ ਨੇ ਟੇਢਤਾਈ, ਭਾਵ ਪੁੱਠੀ ਗੱਲ ਹੀ ਪਗਰੀ=ਫੜ ਰੱਖੀ ਹੈ।

ਵਾ-ਮੈਂ ਅਭਿਮਾਨੀ ਨੇ ਟੇਢੀ ਪਗ ਬੰਨ੍ਹਣਾ ਕੀਤੀ ਹੈ। *ਯਥਾ-*

"ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥
ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥ ੧ ॥
ਰਾਮੁ ਬਿਸਾਰਿਓ ਹੈ ਅਭਿਮਾਨਿ ॥" *(ਕਬੀਰ, ਪੰਨਾ ੧੧੨੪)*

## ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥

ਅਮਰ ਜਾਨਿ=ਜਨਮ ਮਰਨ ਤੋਂ ਰਹਿਤ ਜਾਣ ਕੇ ਇਸ ਦੇਹ ਨੂੰ ਚੰਗੀ ਤਰ੍ਹਾਂ ਸੰਚੀ=ਪਾਲਣਾ ਪੋਸਣਾ ਕੀਤਾ ਹੈ, ਭਾਵ ਚੰਗੀ ਤਰ੍ਹਾਂ ਇਸ ਨੂੰ ਖੁਆਇਆ ਹੈ, ਪਰ ਇਹ ਦੇਹ ਮਿੱਟੀ ਦੀ ਕੱਚੀ ਘੜੀ ਵਾਂਗ ਮਿਥਿਆ ਹੈ।

*ਯਥਾ-* "ਕਾਚੀ ਗਾਗਰਿ ਸਰਪਰ ਫੂਟੈ ॥" *(ਮਹਲਾ ੫, ਪੰਨਾ ੨੫੪)*

*ਤਥਾ-* "ਕਾਚ ਗਗਰੀਆ ਅੰਭ ਮਝਰੀਆ ॥" *(ਆਸਾ ਮਹਲਾ ੫, ਪੰਨਾ ੩੯੨)*

*ਤਥਾ-* "ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥ ੧ ॥" *(ਕਬੀਰ, ਪੰਨਾ ੬੫੪)*

*ਤਥਾ-* "ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ ॥
ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ ॥ ੭੩ ॥" *(ਕਬੀਰ, ਪੰਨਾ ੧੩੬੮)*

## ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ ॥ ੧ ॥

ਜਿਸ ਪਰਮਾਤਮਾ ਨੇ ਸਰੀਰ ਸਾਜ ਕੇ ਸਾਨੂੰ ਨਿਵਾਜਿ=ਵਡਿਆਇਆ ਹੈ।

*ਯਥਾ:-* "ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ ॥" *(ਮ: ੫, ਪੰਨਾ ੫੩੩)*

ਤਿਸ ਪਰਮਾਤਮਾ ਨੂੰ ਭੁਲਾਕੇ ਅਵਰ ਲਗਰੀ=ਹੋਰਨਾਂ ਵਿਚ ਬਿਰਤੀ ਲੱਗ ਰਹੀ ਹੈ ॥ ੧ ॥

## ਸੰਧਿਕ ਤੋਹਿ ਸਾਧਾ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥

ਅਸੀਂ ਭਾਵੇਂ ਤੋਹਿ=ਤੇਰੇ ਸੰਧਿਕ=ਚੋਰ ਹਾਂ, ਸੰਤ ਨਹੀਂ ਆਖੀਂਦੇ, ਪਰ ਆਪ ਜੀ ਦੇ ਪਗਰੀ=ਚਰਨਾਂ ਦੀ

ਸ਼ਰਨ ਪਏ ਹਾਂ।

*ਪ੍ਰਸ਼ਨ:-*"ਚੋਰ ਕਿਸ ਨੂੰ ਕਿਹਾ ਹੈ ?" *ਉੱਤਰ-*

"ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥" *(ਮਹਲਾ ੧, ਪੰਨਾ ੧੩੨੮)*

## ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ॥੨॥੬॥

ਕਬੀਰ ਜੀ ਕਥਨ ਕਰਦੇ ਹਨ-ਹੇ ਭਗਵਾਨ! ਕਿਰਪਾ ਕਰਕੇ ਸਾਡੀ ਇਕ ਇਹ ਬੇਨਤੀ ਸੁਣਨਾ ਕਰੋ ਕਿ ਜਮਾਂ ਦੀ ਖਬਰ ਮਤ ਘਾਲਹੁ=ਮਤਾਂ ਭੇਜਣੀ।

ਵਾ-ਜਮਾਂ ਦੀ ਖਬਰੀ=ਖਬਰਾਟ, ਭਾਵ ਤਲਵਾਰ ਨਾ ਭੇਜਣੀ॥ ੨॥ ੬॥

## ਬਿਲਾਵਲੁ॥

**ਉਥਾਨਕਾ:**-ਇਕ ਦਿਨ ਕਬੀਰ ਜੀ ਆਪਣੇ ਮਨ ਦੇ ਸ਼ੁੱਧ ਸੰਕਲਪ ਉੱਠਣ ਨਾਲ ਆਪਣੇ ਗੁਰਾਂ ਦੇ ਦਰਸ਼ਨ ਕਰਨ ਵਾਸਤੇ ਸਵੇਰ-ਸਾਰ ਹੀ ਚਲੇ ਗਏ।

ਰਾਮਾਨੰਦ ਨੇ ਵਿਚਾਰਿਆ, 'ਸਵੇਰ-ਸਾਰ ਹੀ ਜੁਲਾਹਿਆ ਮੱਥੇ ਆ ਲੱਗਾ ਹੈ ਸੋ ਬੂਹੇ ਦੇ ਦਿੱਤੇ।

ਉਸ ਵੇਲੇ ਕਬੀਰ ਜੀ ਨੇ ਸ਼ਬਦ ਉਚਾਰਿਆ-

## ਦਰਮਾਦੇ ਠਾਢੇ ਦਰਬਾਰਿ॥

ਹੇ ਗੁਰੋ! ਦਰਮਾਦੇ=ਮਾਂਦਗੀ ਦੇ ਅੰਦਰ, ਭਾਵ ਦੁਖਿਤ ਹੋਇਆ ਹੋਇਆ ਮੈਂ ਆਪ ਜੀ ਦੇ ਬੂਹੇ ਤੇ ਠਾਢੇ=ਖੜਾ ਹਾਂ।

## ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥੧॥ਰਹਾਉ॥

ਆਪ ਜੀ ਤੋਂ ਬਿਨਾਂ ਮੇਰੀ ਕੌਣ ਸੁਰਤਿ=ਖਬਰ ਕਰੇਗਾ। ਕਿਵਾਰ=ਬੂਹੇ ਖੋਲ੍ਹ ਕੇ ਸਾਹਮਣੇ ਦਰਸ਼ਨ ਦੇਣਾ ਕਰੋ ॥ ੧॥

*ਯਥਾ:-* "ਦਰਸਨ ਨਾਮ ਕਉ ਮਨੁ ਆਛੈ॥

ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ॥ ੧॥" *(ਮਹਲਾ ੫, ਪੰਨਾ ੫੩੩)*

ਉਸ ਵੇਲੇ ਰਾਮਾਨੰਦ ਜੀ ਨੇ ਬੂਹੇ ਖੋਲ੍ਹ ਦਿੱਤੇ। ਕਬੀਰ ਜੀ ਚਰਨੀਂ ਪੈ ਕੇ ਆਖਦੇ ਹਨ-

## ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ਹ ਸੁਨੀਅਤੁ ਸੁਜਸੁ ਤੁਮ੍ਹਾਰ॥

ਹੇ ਗੁਰੋ! ਆਪ ਧਨ ਪਾ ਕੇ ਬੜੇ ਧਨੀ=ਧਨਾਢ ਹੋ, ਦਿਲ ਦੇ ਬਹੁਤ=ਉਦਾਰ=ਸਖੀ ਹੋ, ਫੇਰ ਪੂਰੇ ਪੂਰੇ ਤਿਆਗੀ ਹੋ, ਮੈਂ ਆਪ ਜੀ ਦਾ ਸਰੇਸ਼ਟ ਜਸ ਸ੍ਰਵਨਨ੍ਹ=ਕੰਨਾਂ ਨਾਲ ਸੁਣਨਾ ਕੀਤਾ ਹੈ।

ਰਾਮਾਨੰਦ ਜੀ ਨੇ ਕਿਹਾ-"ਜੇ ਤੈਨੂੰ ਕੋਈ ਇੱਛਾ ਹੈ ਤਾਂ ਹੋਰ ਕਿਸੇ ਪਾਸੋਂ ਜਾ ਕੇ ਮੰਗ ਲੈ।"

ਕਬੀਰ ਆਖਦਾ ਹੈ-

## ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹ ਹੀ ਤੇ ਮੇਰੋ ਨਿਸਤਾਰੁ॥੧॥

ਆਪ ਤੋਂ ਬਿਨਾਂ ਮਾਗਉ ਕਾਹਿ=ਕਿਸ ਪਾਸੋਂ ਮੈਂ ਮੰਗਾਂ, ਹੋਰ ਸਭ ਨੂੰ ਮੈਂ ਕੰਗਾਲ ਹੀ ਵੇਖਦਾ ਹਾਂ, ਆਪ ਜੀ ਦੇ ਪਾਸੋਂ ਹੀ ਮੇਰਾ ਨਿਸਤਾਰੁ=ਪਾਰ ਉਤਾਰਾ ਹੋਣਾ ਹੈ।

ਰਾਮਾਨੰਦ ਜੀ ਨੇ ਕਿਹਾ-"ਅਸਾਂ ਨੇ ਕਿਸੇ ਨੂੰ ਅੱਗੇ ਕੋਈ ਤਾਰਿਆ ਭੀ ਹੈ ?" ਤਾਂ ਕਬੀਰ ਜੀ ਨੇ ਕਿਹਾ-

**ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥**

ਜੈਦੇਵ, ਭਗਤ ਨਾਮਦੇਵ, ਬ੍ਰਾਹਮਣ ਸੁਦਾਮਾ, ਤਿਨ੍ਹਾਂ ਸਭਨਾਂ ਉਤੇ ਆਪ ਜੀ ਦੀ ਅਪਾਰ=ਬਿਅੰਤ ਕਿਰਪਾ ਹੋਈ ਹੈ।

**ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥੨॥੭॥**

ਕਬੀਰ ਜੀ ਕਹਿੰਦੇ ਹਨ-ਹੇ ਗੁਰੋ ! ਤੁਸੀ ਸਮਰੱਥ ਦਾਤੇ ਹੋ, ਚਾਰ ਪਦਾਰਥ ਦੇਂਦਿਆਂ ਕੋਈ ਦੇਰੀ ਨਹੀਂ ਲਾਉਂਦੇ। ਗੁਰੂ ਸਾਹਿਬ ਜੀ ਆਪ ਫੁਰਮਾਉਂਦੇ ਹਨ-

*"ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥"*

*(ਸੁਖਮਨੀ ਸਾਹਿਬ, ਪੰਨਾ ੨੬੬)*

ਜੈ ਦੇਵ ਭਗਤ ਜੀ ਤਤਵੇਤਾ ਮਹਾਤਮਾ ਦੀ ਸਤਿਸੰਗਤ ਨਾਲ ਤਰੇ ਹਨ।

ਨਾਮਦੇਵ ਜੀ ਗੁਰੂ ਗਿਆਨ ਦੇਵ ਜੀ ਦੇ ਉਪਦੇਸ਼ ਨਾਲ ਤਰੇ ਹਨ।

ਬ੍ਰਾਹਮਣ ਸੁਦਾਮਾ ਕ੍ਰਿਸ਼ਨ ਜੀ ਦੇ ਸਬੱਬ ਨਾਲ ਤਰਿਆ ਹੈ।

ਇਸ ਤਰ੍ਹਾਂ ਦੀ ਸ਼ੰਕਾ ਹੋਣ ਪਰ ਸ਼ਬਦ ਦਾ ਦੂਜਾ ਅਰਥ ਕਰਨਾ।

ਹੁਣ ਕਬੀਰ ਜੀ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

***-ਦੂਜਾ ਅਰਥ-***

*(ਦਰਮਾਦੇ ਠਾਢੇ ਦਰਬਾਰਿ॥)* ਹੇ ਪਰਮਾਤਮਾ ! ਮਾਂਦਗੀ ਦੇ ਅੰਦਰ, ਭਾਵ ਦੁੱਖ ਦੇ ਸਹਿਤ ਹੋਇਆ ਹੋਇਆ ਮੈਂ ਆਪ ਜੀ ਦੇ ਸਤਿਸੰਗ ਦਰਬਾਰ ਵਿਚ ਖੜੋਤਾ ਹਾਂ।

*(ਤੁਝ ਬਿਨੁ ਸੁਰਤਿ ਕਰੈ ਕੋ ਮੇਰੀ॥)* ਆਪ ਜੀ ਤੋਂ ਬਗੈਰ ਮੇਰੀ ਖ਼ਬਰ ਕੌਣ ਲੈ ਸਕਦਾ ਹੈ ?

*(ਦਰਸਨੁ ਦੀਜੈ ਖੋਲਿ ਕਿਵਾਰ॥)* ਪੰਜਾਂ ਕੋਸ਼ਾਂ ਰੂਪੀ ਤਖਤੇ ਖੋਲ੍ਹ ਕੇ ਆਪਣਾ ਦਰਸ਼ਨ ਦਿਓ।

*(ਤੁਮ ਧਨ ਧਨੀ ਉਦਾਰ ਤਿਆਗੀ)* ਆਪ ਪ੍ਰਤੱਖ ਧਨ ਕਰਕੇ ਧਨੀ ਹੋ, ਕਿਉਂਕਿ ਪੂਰਾ ਪੂਰਾ ਐਸੂਰਜ ਆਪ ਦੇ ਪਾਸ ਹੈ। ਤ੍ਰਿਲੋਕੀ ਦੇ ਸਭ ਜੀਵਾਂ ਨੂੰ ਆਪ ਹੀ ਦੇਂਦੇ ਹੋ, ਇਸ ਕਰਕੇ ਆਪ ਬੜੇ ਉਦਾਰ=ਸਖੀ ਹੋ। ਫਿਰ ਪੂਰੇ ਪੂਰੇ ਤਿਆਗੀ ਵੀ ਆਪ ਹੋ, ਸਾਰਾ ਜਗਤ ਅਭਾਵ ਹੋ ਜਾਵੇ ਤਾਂ ਆਪ ਨੂੰ ਕੋਈ ਸ਼ੋਕ ਨਹੀਂ।

*(ਸ੍ਰਵਨਨ੍ਹ ਸੁਨੀਅਤੁ ਸੁਜਸੁ ਤੁਮ੍ਹਾਰ॥)* ਮੈਂ ਤਾਂ ਆਪ ਜੀ ਦਾ ਸ੍ਰੇਸ਼ਟ ਜਸ ਕੰਨਾਂ ਨਾਲ ਸੁਨਣਾ ਕੀਤਾ ਹੈ।

***ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹ ਹੀ ਤੇ ਮੇਰੋ ਨਿਸਤਾਰੁ॥ ੧॥***

ਆਪ ਤੋਂ ਬਿਨਾਂ ਮੈਂ ਕਿਸ ਪਾਸੋਂ ਮੰਗਾਂ ? ਹੋਰ ਸਭ ਦੇਵੀ ਦੇਵਤਿਆਂ ਨੂੰ ਮੈਂ ਕੰਗਾਲ ਦੇਖਦਾ ਹਾਂ, ਮੈਨੂੰ ਪੱਕਾ ਭਰੋਸਾ ਹੈ ਕਿ ਆਪ ਜੀ ਦੀ ਕਿਰਪਾ ਨਾਲ ਹੀ ਮੇਰਾ ਤਰਨਾ ਹੋਣਾ ਹੈ।

ਭਗਵਾਨ ਨੇ ਕਿਹਾ-"ਮੈਂ ਕਿਸੇ ਨੂੰ ਤਾਰਿਆ ਭੀ ਹੈ ਐਵੇਂ ਹੀ ਕਹੀ ਜਾਂਦਾ ਹੈਂ ?" ਉੱਤਰ-

*ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥*

ਜੈਦੇਵ, ਭਗਤ ਜੀ, ਨਾਮਦੇਵ ਜੀ ਤੇ ਬ੍ਰਾਹਮਣ ਸੁਦਾਮਾ ਇਨ੍ਹਾਂ ਸਭਨਾਂ ਉਤੇ ਆਪ ਜੀ ਬਿਅੰਤ ਕਿਰਪਾ ਹੋਈ ਹੈ।

*ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥ ੨॥ ੭॥*

ਕਬੀਰ ਜੀ ਕਥਨ ਕਰਦੇ ਹਨ-ਹੇ ਅਕਾਲ ਪੁਰਖ ! ਤੁਸੀਂ ਸਮਰੱਥ ਦਾਤੇ ਹੋ, (ਧਰਮ ਅਰਥ, ਕਾਮ, ਮੋਖ ਆਦਿਕ) ਚਾਰ ਪਦਾਰਥ ਦੇਂਦਿਆਂ ਹੋਇਆਂ ਆਪ ਬਾਰ=ਦੇਰ ਨਹੀਂ ਕਰਦੇ॥ ੨॥ ੭॥

## ਬਿਲਾਵਲੁ॥

**ਉਥਾਨਕਾ:**-ਇਕ ਜੋਗੀ ਆਇਆ ਜੋ ਭੂਤਾਂ ਪ੍ਰੇਤਾਂ ਨੂੰ ਵੱਸ ਕਰਕੇ ਉਹਨਾਂ ਦੀ ਤਾਕਤ ਨਾਲ ਅਕਾਸ਼ ਵਿਚ ਆਸਰੇ ਤੋਂ ਬਿਨਾਂ ਕਿਤਨਾ ਚਿਰ ਬੈਠਾ ਰਹਿੰਦਾ ਸੀ, ਇਸ ਤਰ੍ਹਾਂ ਦਾ ਕੌਤਕ ਵਿਖਾ ਕੇ ਲੋਕਾਂ ਪਾਸੋਂ ਆਪਣੀ ਪੂਜਾ ਕਰਵਾਉਂਦਾ ਸੀ। ਲੋਕਾਂ ਨੇ ਵੇਖ ਕੇ ਕਬੀਰ ਜੀ ਨੂੰ ਲਿਆ ਵਿਖਾਇਆ।

ਉਸ ਦੇ ਪਖੰਡ ਨੂੰ ਵੇਖ ਕੇ ਕਬੀਰ ਜੀ ਉਸ ਨੂੰ ਸ਼ੁਭ ਸਿਖਿਆ ਦੇਂਦੇ ਹਨ—

('ਰਹਾਉ' ਦੀਆਂ ਤੁਕਾਂ ਤੋਂ ਅਰਥ ਸ਼ੁਰੂ ਕਰਨਾ।) *ਆਸਨੁ ਪਵਨ ਦੂਰਿ ਕਰਿ ਬਵਰੇ॥*

ਹੇ ਬਵਰੇ=ਝੱਲੇ ਪੁਰਸ਼ਾ ! ਪਵਨ=ਭੂਤਾਂ ਦਾ ਆਸਣ ਜੋ ਤੂੰ ਲਾਇਆ ਹੋਇਆ ਹੈ ਇਸ ਨੂੰ ਦੂਰ ਕਰ ਦੇ।

ਵਾ-ਆਸਨੁ ਪਵਨ=ਪ੍ਰਾਣਾਯਾਮ ਨੂੰ ਵੀ ਦੂਰ ਕਰ ਦੇ ।

*ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥*

ਹੇ ਝੱਲੇ ਪੁਰਸ਼ਾ ! ਕਪਟੁ=ਪਖੰਡ ਨੂੰ ਤਿਆਗ ਕੇ ਨਿਤਾਪ੍ਰਤੀ ਰੋਜ਼ ਹੀ ਹਰੀ ਨੂੰ ਸਿਮਰਨਾ ਕਰ।

**ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥ ੧॥**

ਹੱਥ ਵਿਚ ਡੰਡਾ, ਕੰਨਾਂ ਵਿਚ ਮੁੰਦ੍ਰਾਂ, ਗਲ ਵਿਚ ਖਿੰਥਾ=ਖਫ਼ਨੀ, ਆਧਾਰੀ=ਝੋਲੀ ਇਤਿਆਦੀ ਜੋਗੀਆਂ ਵਾਲੇ ਭੇਖ ਨੂੰ ਧਾਰ ਕੇ ਤੂੰ ਆਪਣੀ ਪੂਜਾ ਕਰਵਾ ਰਿਹਾ ਹੈਂ ।

ਹੇ ਪਖੰਡ ਵਾਲੇ ਭੇਖ ਧਾਰਨ ਕਰਨ ਵਾਲੇ ਭੇਖੀ ਪੁਰਸ਼ਾ ! ਤੂੰ ਭਰਮ ਦੇ ਭਾਇ=ਪ੍ਰਕਾਰ, ਅਰਥਾਤ ਅਨੁਸਾਰ ਭਵੈ=ਫਿਰਦਾ ਹੈਂ। ਭੇਖਧਾਰੀਆਂ ਪਰ ਕਦੇ ਪਰਮਾਤਮਾ ਦੀ ਪ੍ਰਸੰਨਤਾ ਨਹੀਂ ਹੁੰਦੀ।

[ਪੰਨਾ ੮੫੭]

**ਆਸਨੁ ਪਵਨ ਦੂਰਿ ਕਰਿ ਬਵਰੇ॥**

**ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥**

ਹੇ ਝੱਲੇ ਪੁਰਸ਼ਾ ! ਭੂਤਾਂ ਵਾਲੇ ਆਸਣ ਨੂੰ ਦੂਰ ਕਰ ਦੇ ਅਤੇ ਕਪਟ ਨੂੰ ਛੱਡ ਕੇ ਹੇ ਝੱਲੇ ਪੁਰਸ਼ਾ ! ਹਰੀ ਨੂੰ ਭਜਨਾ ਕਰ॥ ੧॥

**ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ॥**

ਜਿਸ ਮਾਇਆ ਨੂੰ ਤੂੰ ਜਾਚਹਿ=ਮੰਗਦਾ ਫਿਰਦਾ ਹੈਂ ਉਹ ਤਿੰਨਾਂ ਭਵਨਾਂ ਦੀ ਭੋਗੀ=ਚਗਲੀ ਹੋਈ ਹੈ।

ਯਥਾ- **'ਚਗਲ ਸਗਲ ਭੂਪਾਲ ਕੀ।'**

ਵਾ-ਤਿੰਨਾਂ ਭਵਨਾਂ ਦੇ ਨਾਸ ਕਰਨ ਨੂੰ ਉਹ ਮਾਇਆ ਭੋਗੀ=ਸ੍ਰਪਨੀ ਵਤ ਹੈ, ਇਸ ਲਈ ਤੈਨੂੰ ਇਹ ਕਰਤੱਬਜ ਕਰਨਾ ਚਾਹੀਦਾ ਹੈ ਕਿ-

## ਕਹਿ ਕਬੀਰ ਕੇਸੌ ਜਗਿ ਜੋਗੀ॥ ੨ ॥ ੮ ॥

ਕਬੀਰ ਜੀ ਕਥਨ ਕਰਦੇ ਹਨ, ਜੋ ਕੇਸੌ=ਪਰਮਾਤਮਾ ਸਾਰੇ ਜਗਤ ਵਿਚ ਜੋਗੀ=ਜੁੜ ਰਿਹਾ ਹੈ, ਤੂੰ ਉਸ ਦਾ ਚਿੰਤਨ ਕਰ॥ ੨ ॥ ੮ ॥

## ਬਿਲਾਵਲੁ ॥

**ਉਥਾਨਕਾ:**-ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

## ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ॥

ਇਸ ਮੋਹਣੀ ਮਾਇਆ ਨੇ ਹੇ ਜਗਦੀਸ਼ ਗੁਸਾਈਂ ! ਤੁਹਾਡੇ ਚਰਨ ਭੁਲਾ ਦਿੱਤੇ ਹਨ, ਭਾਵ ਮਾਇਆ ਦੇ ਪ੍ਰਤਾਪ ਕਰਕੇ ਆਪ ਦੇ ਚਰਨਾਂ ਵਿਚ ਧਿਆਨ ਨਹੀਂ ਲਗਦਾ ।

## ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥੧॥ਰਹਾਉ॥

ਕਿੰਚਤ=ਥੋੜੀ ਜਿੰਨੀ ਪ੍ਰੀਤਿ ਵੀ ਪੁਰਸ਼ਾਂ ਦੇ ਦਿਲ ਵਿਚ ਉਪਜੈ=ਪੈਦਾ ਨਹੀਂ ਹੁੰਦੀ । ਇਹ ਵਿਚਾਰੇ ਪੁਰਸ਼ ਆਪਣੇ ਆਪ ਭਲਾ ਕੀ ਕਰ ਸਕਦੇ ਹਨ, ਕਿਉਂਕਿ ਪੁਰਸ਼ਾਂ ਦਾ ਜ਼ੋਰ ਮਾਇਆ ਤੇ ਨਹੀਂ ਪੈਂਦਾ ॥ ੧ ॥

## ਧ੍ਰਿਗ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ
## ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥

ਹੇ ਪਰਮਾਤਮਾ ! ਤੇਰੀ ਪ੍ਰੀਤੀ ਤੋਂ ਬਗੈਰ ਇਸ ਤਨ ਨੂੰ ਵੀ ਧ੍ਰਿਗਕਾਰ ਹੈ, ਧਨ ਨੂੰ ਵੀ ਧ੍ਰਿਗਕਾਰ ਹੈ, ਇਸ ਮਾਇਆ ਨੂੰ ਵੀ ਲਾਹਨਤ ਹੈ, ਮਾਇਆ ਦੀ ਪ੍ਰਾਪਤੀ ਵਾਲੀ ਮਤਿ=ਸਿਖਿਆ ਨੂੰ ਵੀ ਧ੍ਰਿਗਕਾਰ ਹੈ ਜੋ ਸੰਸਾਰਾਕਾਰ ਬੁਧਿ ਫੰਨੀ=ਨਫੇ ਵਾਲੀ ਸਮਝੀ ਹੋਈ ਹੈ ਉਸ ਨੂੰ ਵੀ ਧ੍ਰਿਗਕਾਰ ਹੈ।

ਵਾ-ਇਹ ਸਭ ਫੰਨੀ=ਫਨਾਹ ਰੂਪ ਹੈ।

## ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥ ੧ ॥

੧. ਹੇ ਪੁਰਸ਼ੋ ! ਤੁਸੀਂ ਇਸ ਮਾਇਆ ਨੂੰ ਦ੍ਰਿੜੁ=ਪੱਕਿਆਂ ਕਰਕੇ, ਭਾਵ ਸਾਂਭ ਸਾਂਭ ਕੇ ਰੱਖਦੇ ਹੋ, ਇਸ ਮਾਇਆ ਤੋਂ ਬਚੰਨੀ=ਬਚਣਾ, ਭਾਵ ਛੁਟਣਾ ਸੀ, ਸਗੋਂ ਮੋਹ ਕਰਕੇ ਉਸ ਵਿਚ ਆਪ ਬੱਧੇ ਗਏ ਹੋ। ਵਾ-ਬਾਂਧੇ ਆਪ ਬਚੰਨੀ=ਮਾਂ ਦੇ ਪੇਟ ਵਿਚ ਕੀਤੇ ਹੋਏ ਆਪਣੇ ਬਚੰਨੀ=ਬਚਨਾਂ ਅਨੁਸਾਰ ਤੁਸੀਂ ਬੱਧੇ ਗਏ ਹੋ।

੨. ਹੇ ਪਰਮਾਤਮਾ ! ਇਸ ਮਾਇਆ ਨੂੰ ਆਪਣੇ ਪਾਸ ਤਕੜੀ ਕਰਕੇ ਕਾਬੂ ਕਰ ਰੱਖੋ ਜੋ ਸਾਡੇ ਵੱਲ ਨਾ ਆਵੇ, ਕਿਉਂਕਿ ਇਹ ਮਾਇਆ ਤੁਹਾਡੇ ਬਚੰਨੀ=ਬਚਨਾਂ ਅਨੁਸਾਰ, ਭਾਵ ਹੁਕਮ ਕਰਕੇ ਹੀ ਜੀਵਾਂ ਨੂੰ ਬੰਨ੍ਹਦੀ ਹੈ॥ ੧ ॥

## ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ॥

ਖੇਤੀਆਂ ਕੀ ਕਰਨੀਆਂ ਹਨ ? ਅਤੇ ਕਿਸੀ ਨਾਲ ਲੈਣਾ ਦੇਣਾ ਕੀ ਕਰਨਾ ? ਭਾਵ ਕੋਈ ਵਿਹਾਰ ਕਰਨ ਦੀ ਲੋੜ ਨਹੀਂ, ਕਿਉਂਕਿ ਮਾਇਆ ਰਚਿਤ ਪਦਾਰਥਾਂ ਦਾ ਅਭਾਵ ਕਰਨ ਨਾਲ ਮਾਇਆ ਆਪੇ ਦੂਰ ਹਟ ਜਾਏਗੀ। ਇਸ ਪਰਪੰਚ=ਸੰਸਾਰ ਦਾ ਗੁਮਾਨਾ=ਹੰਕਾਰ ਕਰਨਾ ਸਭ ਝੂਠਾ ਹੈ।

## ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥ ੨ ॥ ੯ ॥

ਕਬੀਰ ਜੀ ਕਥਨ ਕਰਦੇ ਹਨ-ਜਿਹੜੇ ਸੰਸਾਰ ਵਿਚ ਲੱਗੇ ਹਨ, ਉਹ ਪੁਰਸ਼ ਅੰਤ ਨੂੰ ਬਿਗੂਤੇ=ਖਰਾਬ ਹੋਏ ਹਨ, ਪਰ ਜਿਸ ਵੇਲੇ ਨਿਦਾਨਾ=ਅੰਤ ਨੂੰ ਜਮਕਾਲ ਆਇਆ ॥ ੨ ॥ ੯ ॥

## ਬਿਲਾਵਲੁ ॥

**ਉਥਾਨਕਾ:**-ਪਰਮਾਤਮਾ ਕਿਸ ਅਸਥਾਨ ਤੇ ਨਿਵਾਸ ਕਰਦਾ ਹੈ ? ਉੱਤਰ-

## ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥

ਸਰੀਰ ਰੂਪੀ ਸਰੋਵਰ ਦੇ ਵਿਚ ਸਭ ਨਾਲੋਂ ਆਛੈ=ਹੱਛਾ, ਚੰਗਾ ਅਨੂਪ=ਸੁੰਦਰ ਹਿਰਦਾ-ਕੌਲ ਹੈ।

## ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥ ੧ ॥

ਪਰਮ ਜੋਤੀ ਜੋ ਉੱਤਮ ਪੁਰਖ ਪਰਮਾਤਮਾ ਹੈ, ਜਿਸ ਦਾ ਰੂਪ ਰੇਖ ਕੋਈ ਨਹੀਂ।

*ਯਥਾ-* "ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ॥" *(ਪੰਨਾ ੧੨੩੯)*

ਉਹ ਉਸ ਹਿਰਦੇ-ਕੌਲ ਵਿਚ ਨਿਵਾਸ ਕਰਦਾ ਹੈ।

*ਪ੍ਰਸ਼ਨ-*"ਸ਼ੁਭ-ਗੁਣਾਂ ਰੂਪੀ ਕੌਲ ਕਿਵੇਂ ਖਿੜਦੇ ਹਨ ?"

*ਉੱਤਰ-*ਸੂਖਮ ਸਰੀਰ=ਅੰਤਹਕਰਨ ਰੂਪੀ ਸਰੋਵਰ ਦੇ ਭੀਤਰੇ=ਵਿਚ ਸ਼ੁਭ-ਗੁਣਾਂ ਰੂਪੀ ਚੰਗੇ ਸੁੰਦਰ ਕੌਲ-ਫੁੱਲ ਹਨ। ਜਿਸ ਪੁਰਖੋਤਮੋ=ਉੱਤਮ ਪੁਰਖ ਪਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਓਹੀ ਇਕ ਪਰਮ ਜੋਤਿ=ਸੂਰਜ ਹੈ, ਉਸ ਨੂੰ ਵੇਖ ਕੇ ਸ਼ੁਭ-ਗੁਣਾਂ ਰੂਪੀ ਕਤਲ-ਫੁੱਲ ਖਿੜਦੇ ਹਨ।

## ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥ ੧ ॥ ਰਹਾਉ ॥

ਰੇ ਮਨ=ਹੇ ਪਿਆਰੇ ! ਭੇਰਮ ਨੂੰ ਤਿਆਗ ਕੇ ਸਿਮਰਨਾ ਕਰ, ਇਕ ਰਾਮ ਹੀ ਜਗਤ ਵਿਚ ਜੀਵਨ ਰੂਪ ਹੈ।

*ਅਥਵਾ-*ਹੇ ਮਨ ! ਭਰਮ ਨੂੰ ਤਿਆਗ ਕੇ ਹਰੀ ਜਗਜੀਵਨ ਰਾਮ ਨੂੰ ਭਜਨਾ ਕਰ। ਭਜਨ ਕਰਨ ਨਾਲ ਭਰਮ ਦੂਰ ਹੋਣ ਕਰਕੇ ਜਿਸ ਨੂੰ ਬ੍ਰਹਮ ਗਿਆਨ ਹੋਇਆ ਹੈ, ਉਸ ਦੀ ਨਿਗ੍ਹਾ ਵਿਚ ਸਾਰੇ ਪਰਮਾਤਮਾ ਹੀ ਹੈ।

## ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥

ਅਧਿਸ਼ਟਾਨ ਤੋਂ ਬਿਨਾਂ ਨਾ ਕੁਝ ਆਉਂਦਾ ਦਿਸਦਾ ਹੈ, ਨਾ ਕੁਝ ਜਾਂਦਾ ਨਿਗਾਹ ਆਉਂਦਾ ਹੈ।

*ਯਥਾ-* "ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥ ੧ ॥ ਰਹਾਉ ॥"

*(ਸ੍ਰੀ ਪੀਪਾ ਜੀ, ਪੰਨਾ ੬੯੫)*

*ਤਥਾ-* "ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥"

*(ਗਉੜੀ ਮਹਲਾ ੫, ਪੰਨਾ ੨੦੯)*

*ਪ੍ਰਸ਼ਨ-*"ਇਹ ਜਗਤ ਫਿਰ ਕਿਸ ਵਿਚ ਲੀਨ ਹੋ ਜਾਂਦਾ ਹੈ?" ਉੱਤਰ-

## ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ॥ ੨ ॥

ਜਿਸ ਬ੍ਰਹਮ ਤੋਂ ਉਤਪੰਨ ਹੁੰਦਾ ਹੈ, ਬਿਨਸ ਕੇ ਉਸੇ ਬ੍ਰਹਮ ਦੇ ਵਿਚ ਹੀ ਲੋਪ ਹੋ ਜਾਂਦਾ ਹੈ।

*ਯਥਾ*- "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧ ॥" *(ਮਹਲਾ ੧, ਪੰਨਾ ੧੪੨੭)*

ਜਿਵੇਂ ਪੁਰਿਵਨ=ਚੁਪੱਤੀ ਦੇ ਪਾਤ=ਪੱਤੇ ਪਾਣੀ ਵਿੱਚੋਂ ਪੈਦਾ ਹੋ ਕੇ ਫਿਰ ਪਾਣੀ ਵਿਚ ਹੀ ਨਾਸ ਹੋ ਜਾਂਦੇ ਹਨ।

*ਯਥਾ:*- "ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧ ॥ *(ਮਹਲਾ ੧, ਪੰਨਾ ੨੩)*

*ਅਥਵਾ*-ਜਿਵੇ ਮਿੱਟੀ ਦੇ ਕਸੋਰੇ ਮਿੱਟੀ ਤੋਂ ਉਤਪੰਨ ਹੋ ਕੇ ਫਿਰ ਮਿੱਟੀ ਵਿਚ ਹੀ ਪਾਤ=ਪਤਨ, ਭਾਵ ਨਾਸ ਹੋ ਜਾਂਦੇ ਹਨ।

## ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ॥

ਮਿਥਿਆ ਜਾਣ ਕੇ ਜਿਸ ਨੇ ਮਾਇਆ ਤਿਆਗੀ ਹੈ, ਉਹ ਸਹਜ ਸੁਖ=ਆਤਮਾ-ਸੁਖ ਦਾ ਵਿਚਾਰ ਕਰਦਾ ਹੈ।

## ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ॥ ੩ ॥ ੧੦ ॥

ਕਬੀਰ ਜੀ ਕਥਨ ਕਰਦੇ ਹਨ-ਉਸ ਦੀ ਸੇਵਾ ਕਰੋ ਜੋ ਮੁਰਾਰੀ ਪਰਮਾਤਮਾ ਮਨ ਦੇ ਮੰਝਿ=ਵਿਚ ਇਸਥਿਤ ਹੈ॥ ੩ ॥ ੧੦ ॥

## ਬਿਲਾਵਲੁ ॥

**ਉਥਾਨਕਾ:**-ਕਿਸੇ ਪੰਡਿਤ ਨੇ ਭਗਤ ਕਬੀਰ ਜੀ ਦੇ ਪਾਸੋਂ ਆ ਕੇ ਪੁਛਿਆ ਕਿ 'ਆਪ ਜੀ ਦਾ ਜਨਮ ਮਰਨ ਦਾ ਭਰਮ ਕਿਵੇ ਦੂਰ ਹੋਇਆ ਹੈ?' *ਉੱਤਰ*-

## ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ॥

ਗੋਬਿੰਦ=ਪਰਮਾਤਮਾ ਵਿਚ ਲਿਵ ਲੱਗਣ ਕਰਕੇ ਜਨਮ ਮਰਨ ਦਾ ਭਰਮ ਦੂਰ ਹੋ ਗਿਆ ਹੈ।

## ਜੀਵਤ ਸੁੰਨ ਸਮਾਨਿਆ ਗੁਰ ਸਾਖੀ ਜਾਗੀ॥ ੧ ॥ ਰਹਾਉ ॥

ਜੀਵਤ=ਜੀਉਂਦਿਆਂ ਹੀ ਸੁੰਨ=ਅਫੁਰ ਵਿਚ ਸਮਾ ਗਿਆ ਹਾਂ, ਗੁਰਾਂ ਦੀ ਸਾਖੀ=ਸਿਖਿਆ ਜਾਗੀ=ਪ੍ਰਕਾਸ਼ਨ ਕਰਕੇ ॥ ੧ ॥

*ਪ੍ਰਸ਼ਨ*-"ਜੀਉਂਦਿਆਂ=ਅਫੁਰ ਵਿਚ ਕਿਵੇਂ ਅਭੇਦ ਹੋਏ ਹੋ?" *ਉੱਤਰ*-

## ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ॥

ਜਿਵੇਂ ਕਾਸੀ=ਘੜਿਆਲ ਤੋਂ ਧੁਨਿ=ਅਵਾਜ਼ ਉਤਪੰਨ ਹੁੰਦੀ ਹੈ, ਉਹ ਧੁਨ ਫਿਰ ਕਾਸੀ=ਘੜਿਆਲ ਵਿਚ ਸਮਾ ਜਾਂਦੀ ਹੈ।

## ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥ ੧ ॥

੧. ਹੇ ਪੰਡਿਤ ! ਜਦ ਘੜਿਆਲ ਟੁੱਟ ਗਿਆ ਤਾਂ ਧੁਨ ਕਿਥੇ ਜਾ ਕੇ ਸਮਾਉਂਦੀ ਹੈ, ਭਾਵ ਘੜਿਆਲ

ਦੇ ਵਿਚ ਹੀ ਸਮਾਉਂਦੀ ਹੈ (ਇਹ ਵੇਦਾਂਤੀਆਂ ਦੇ ਮਤ ਅਨੁਸਾਰ ਹੈ) ਇਸੇ ਤਰ੍ਹਾਂ ਬ੍ਰਹਮ ਦੇ ਵਿਚ ਮੈਂ ਅਭੇਦ ਹੋਇਆ ਹਾਂ।

੨. ਕਾਸੀ=ਅਵਿਦਿਆ ਤੋਂ ਧੁਨਿ=ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਫਿਰ ਮਹਾਂ ਪਰਲੋ ਦੇ ਸਮੇਂ ਧੁਨਿ=ਸ੍ਰਿਸ਼ਟੀ ਕਾਸੀ=ਅਵਿਦਿਆ ਵਿਚ ਹੀ ਲੀਨ ਹੋ ਜਾਂਦੀ ਹੈ।

੩. ਹੇ ਪੰਡਿਤ ! ਜਿਸ ਵੇਲੇ ਕਾਸੀ=ਅਵਿਦਿਆ ਫੂਟੀ=ਦੂਰ ਹੋ ਗਈ ਤਾਂ ਧੁਨਿ=ਸ੍ਰਿਸ਼ਟੀ ਕਿਥੇ ਸਮਾਉਂਦੀ ਹੈ, ਭਾਵ ਬ੍ਰਹਮ ਵਿਚ ਹੀ ਲੀਨ ਹੋ ਜਾਂਦੀ ਹੈ ਕਿਉਂਕਿ ਅਵਿਦਿਆ ਦੇ ਦੂਰ ਹੋਣ ਨਾਲ ਉਸ ਦੀ ਨਿਗਾਹ ਵਿਚ ਸਭ ਬ੍ਰਹਮ ਹੀ ਪ੍ਰਤੀਤ ਹੁੰਦਾ ਹੈ॥ ੧॥

## ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ॥

(ਇੜਾ, ਪਿੰਗਲਾ, ਸੁਖਮਨਾ ਰੂਪ) ਤ੍ਰਿਕੁਟੀ ਦੀ ਸੰਧਿ=ਮਿਲਾਉਣੀ ਜਿਥੇ ਹੋਵੇ, ਉਹ ਹੈ ਦਸਮ ਦੁਆਰ। ਤਿਸ ਵਿਚ ਪਰਮਾਤਮਾ ਨੂੰ ਵੇਖਿਆ ਤਾਂ ਘਟ-ਘਟ ਵਿਚ ਚੇਤਨ-ਸੱਤਾ ਜਾਗੀ ਹੋਈ ਨਿਸਚੇ ਕੀਤੀ ।

*ਅਥਵਾ*-(ਰਜੋ, ਸਤੋ, ਤੁਮੋ। ਵਾ ਧਿਆਤਾ, ਧਿਆਨ, ਧੇਯ ਰੂਪ) ਤ੍ਰਿਕੁਟੀ ਵਿਚ ਸੰਧਿ=ਮਿਲਿਆ ਹੋਇਆ ਪਰਮਾਤਮਾ ਨੂੰ ਤਦ ਵੇਖਣਾ ਕੀਤਾ ਜਿਸ ਵੇਲੇ ਘਟ=ਅੰਤਹਕਰਨ ਵਿਚ ਘਟ=ਇਕ-ਰਸ ਗੁਰਾਂ ਦੀ ਸਿਖਿਆ ਜਾਗੀ=ਪ੍ਰਗਟ ਹੋਈ ।

## ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ॥ ੨ ॥

ਜਿਸ ਵੇਲੇ ਅਜੇਹੀ ਬੁੱਧੀ ਸਮ+ਅਚਰੀ=ਭਲੀ ਪ੍ਰਕਾਰ ਗ੍ਰਹਿਣ ਕੀਤੀ ਤਾਂ ਘਟ ਵਿਚ ਹੀ ਪਦਾਰਥਾਂ ਦੇ ਤਿਆਗੀ ਹੋ ਗਏ ॥ ੨॥

## ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ॥

ਆਪਣੇ ਸ਼ੁੱਧ ਅੰਤਹਕਰਨ ਨਾਲ ਆਪਣੇ ਸ੍ਵੈਸਰੂਪ ਨੂੰ ਜਾਨਣਾ ਕੀਤਾ ਤਾਂ ਤੇਜ=ਸਾਖੀ ਚੇਤਨ ਤੇਜੁ=ਅਦ੍ਵੈ ਨੰਦ ਵਿਚ ਸਮਾ ਗਿਆ।

*ਪ੍ਰਸ਼ਨ*-"ਕਿਵੇਂ ਸਮਾਇਆ ?"

*ਉੱਤਰ*-ਜਿਵੇਂ ਆਪ=ਜਲ, ਜਲ ਨਾਲ ਅਭੇਦ ਹੋ ਜਾਂਦਾ ਹੈ ਤੇ ਤੇਜ=ਅੱਗ ਨਾਲ ਤੇਜੁ=ਅੱਗ ਮਿਲ ਜਾਂਦੀ ਹੈ।

*ਯਥਾ*-"ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਜਾਰੇ ਨਿਜਾਰੇ ਹੁਇਕੈ ਫੇਰਿ ਆਗ ਮੈਂ ਮਿਲਾਹਿਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਭੈ ਤਾਹੀ ਮੈਂ ਸਮਾਹਿਗੇ॥ ੧੭॥ ੮੭॥" *(ਦਸਮ ਗ੍ਰੰਥ, ਪੰਨਾ ੧੯)*

*ਤਥਾ*- "ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ,
ਤਾਹੀ ਤੇ ਉਪਜ ਸਭੈ ਤਾਹੀ ਮੈਂ ਸਮਾਹਿਗੇ॥ ੧੮ ॥ ੮੮॥" *(ਦਸਮ ਗ੍ਰੰਥ, ਪੰਨਾ ੨੦)*

## ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ॥ ੩ ॥੧੧॥

ਕਬੀਰ ਜੀ ਕਥਨ ਕਰਦੇ ਹਨ, ਹੁਣ ਮੈਂ ਪਰਮਾਤਮਾ ਨੂੰ ਜਾਨਣਾ ਕੀਤਾ ਹੈ, ਪਰ ਜਿਸ ਵੇਲੇ ਗੁਰਾਂ ਦੀ ਕਿਰਪਾ ਨਾਲ ਗੋਬਿੰਦ ਦੇ ਸਿਮਰਨ ਵਿਚ ਮਨ ਮੰਨਿਆਂ ਗਿਆ ਹੈ॥ ੩ ॥ ੧੧ ॥

## ਬਿਲਾਵਲੁ॥

**ਉਥਾਨਕਾ:**-ਭਗਤ ਕਬੀਰ ਜੀ ਦੇ ਪਾਸ ਇਕ 'ਦੇਵਾ' ਨਾਮ ਕਰਕੇ ਬ੍ਰਾਹਮਣ ਚੱਲ ਕੇ ਆਇਆ ਹੈ, ਆ ਕੇ ਦੇਵੇ ਬ੍ਰਾਹਮਣ ਨੇ ਬੇਨਤੀ ਕੀਤੀ-"ਜੀਵ ਚਾਹੇ ਕਿਤਨੀ ਭਗਤੀ ਕਰ ਲਵੇ ਫਿਰ ਵੀ ਡੋਲ ਜਾਂਦਾ ਹੈ।

*ਉੱਤਰ-*

## ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ॥

ਜਿਸ ਗੁਰਸਿੱਖ ਦੇ ਹਿਰਦੇ ਵਿਚ ਦੇਵ=ਪ੍ਰਕਾਸ਼ ਰੂਪ ਪਰਮਾਤਮਾ ਦੇ ਚਰਨ-ਕਮਲ ਵੱਸਦੇ ਹਨ, ਹੇ ਦੇਵੇ ਬ੍ਰਾਹਮਣ ! ਉਹ ਪੁਰਸ਼ ਭੁਲਾ ਕਿਵੇਂ ਡੋਲ ਸਕਦਾ ਹੈ ? ਭਾਵ ਨਹੀਂ ਡੋਲਦਾ।

ਸ੍ਰੀ ਪੰਚਮ ਪਿਤਾ ਜੀ ਨੇ ਅਕਾਲ ਪੁਰਖ ਤੋਂ ਏਹੀ ਵਰ ਮੰਗਿਆ ਹੈ-

"ਪ੍ਰਭ ਇਹੈ ਮਨੋਰਥੁ ਮੇਰਾ॥
ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਲ ਕਾ ਚੇਰਾ ॥ ਰਹਾਉ॥
ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ॥"

*(ਦੇਵਗੰਧਾਰੀ ਮਹਲਾ ੫, ਪੰਨਾ ੫੩੩)*

*ਤਥਾ-* "ਸਰਬ ਸੁਖਾ ਗੁਰ ਚਰਨਾ॥
ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ॥ ੧ ॥"

*(ਦੇਵਗੰਧਾਰੀ ੫, ਪੰਨਾ ੫੩੧)*

*ਤਥਾ-* "ਗੁਰ ਕੇ ਚਰਨ ਰਿਦੈ ਪਰਵੇਸਾ॥
ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ ॥ ੧ ॥ *(ਦੇਵਗੰਧਾਰੀ ੫, ਪੰਨਾ ੫੩੧)*

## ਮਾਨੌ ਸਭ ਸੁਖ ਨਉ ਨਿਧਿ ਤਾ ਕੈ
## ਸਹਜਿ ਸਹਜਿ ਜਸੁ ਬੋਲੈ ਦੇਵ॥ ੧ ॥ ਰਹਾਉ॥

ਮਾਨੌ=ਮੰਨਣਾ ਕਰੋ, ਸਾਰੇ ਦੁਨਿਆਵੀ ਸੁਖ ਤੇ ਨੌ ਨਿੱਧੀਆਂ ਤਿਸ ਨੂੰ ਪ੍ਰਾਪਤ ਹੁੰਦੀਆਂ ਹਨ, ਹੇ ਦੇਵੇ ਬ੍ਰਾਹਮਣ ! ਜੋ ਪੁਰਸ਼ ਸਹਿਜ=ਸ਼ਾਂਤੀ ਨਾਲ ਸਹਿਜ=ਪਰਮਾਤਮਾ ਦੇ ਜਸ ਨੂੰ ਬੋਲਦਾ ਹੈ।

ਵਾ-ਸਹਜਿ ਸਹਜਿ=ਰਸ ਰਸ ਕੇ ਜੋ ਜਸ ਨੂੰ ਬੋਲਦਾ ਹੈ॥ ਰਹਾਉ॥

## ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ॥

ਇਹ ਬੁੱਧੀ ਤਾਂ ਪ੍ਰਾਪਤ ਹੁੰਦੀ ਹੈ ਜਾਂ ਸਾਰਿਆਂ ਵਿਚ ਸਮਦ੍ਰਿਸ਼ਟੀ ਵੇਖਣਾ ਕਰੇ ਅਤੇ ਹੇ ਦੇਵੇ ਬ੍ਰਾਹਮਣ! ਕੁਟਿਲ ਗਾਂਠਿ=ਟੇਢੀ, ਭਾਵ ਪੀਡੀ ਚਿਦਜੜ੍ਹ ਦੀ ਗੰਢ ਨੂੰ ਖੋਲ੍ਹਣਾ ਕਰੇ।

ਭਾਵ ਆਤਮਾ ਅਨਾਤਮਾ ਦਾ ਵਿਚਾਰ ਕਰਕੇ ਆਤਮਾ ਨੂੰ ਗ੍ਰਹਿਣ ਕਰੇ, ਅਨਾਤਮਾ ਨੂੰ ਤਿਆਗੇ।

**ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ॥੧॥**

ਹੇ ਦੇਵੇ ਬ੍ਰਾਹਮਣ ! ਬਾਰੰ-ਬਾਰ ਮਾਇਆ ਵਲੋਂ ਆਪਣੇ ਮਨ ਨੂੰ ਅਟਕੈ=ਰੋਕੇ ਅਤੇ ਵਿਚਾਰ ਰੂਪੀ ਨਰਜਾ=ਛਾਬਾ ਲੈ ਕੇ ਮਨ ਵਿਚ ਦੇਖ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਤੋਲੈ=ਵਿਚਾਰੇ ਤਾਂ ਇਹ ਫਲ ਮਿਲਦਾ ਹੈ ਕਿ-

**ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ॥**

ਜਿਥੇ ਵੀ ਉਹ ਜਾਵੇਂ ਤਿਥੇ ਹੀ ਸੁਖ ਪਾਉਂਦਾ ਹੈ। ਹੇ ਦੇਵੇ ਬ੍ਰਾਹਮਣ ! ਤਿਸ ਨੂੰ ਫਿਰ ਮਾਇਆ ਝੋਲੈ=ਡੁਲਾਉਂਦੀ ਨਹੀਂ, ਭਾਵ ਦੁੱਖ ਨਹੀ ਦੇਂਦੀ।

**ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀਓ ਲੈ ਦੇਵ॥੨॥੧੨॥**

ਕਬੀਰ ਜੀ ਕਥਨ ਕਰਦੇ ਹਨ-ਹੇ ਦੇਵੇ ਬ੍ਰਾਹਮਣ ! ਆਪਣੇ ਆਪ ਨੂੰ ਰਾਮ ਦੀ ਪ੍ਰੀਤੀ ਦੀ ਓਲੈ=ਆਸਰੇ ਕੀਤਾ ਤਾਂ ਮੇਰਾ ਮਨ ਉਸ ਤੇ ਮੰਨਿਆ ਗਿਆ।

*ਅਥਵਾ*-ਜਿਸ ਵੇਲੇ ਮੇਰਾ ਮਨ ਮੰਨਿਆਂ ਗਿਆ ਤਾਂ ਰਾਮ ਦੀ ਪ੍ਰੀਤੀ ਵਿਚ ਕੀ ਓਲੈ=ਲੀਨ ਕਰ ਦਿਤਾ॥ ੨॥ ੧੨॥ (ਅਸਲ ਪਾਠ 'ਓਲੈ' ਹੈ।)

## ਬਿਲਾਵਲੁ

**ਬਾਣੀ ਭਗਤ ਨਾਮਦੇਵ ਜੀ ਕੀ ੴ ਸਤਿਗੁਰ ਪ੍ਰਸਾਦਿ॥**

ਬਾਣੀ ਭਗਤ ਨਾਮਦੇਵ ਜੀ ਕੀ ਪਾਸ ਸੇਵਕਾਂ ਨੇ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਮਨੁੱਖਾ ਜਨਮ ਕਿਵੇ ਸਫਲ ਹੋਇਆ ਹੈ ? *ਉੱਤਰ*-

**ਸਫਲ ਜਨਮੁ ਮੋ ਕਉ ਗੁਰ ਕੀਨਾ॥ਦੁਖ ਬਿਸਾਰਿ ਸੁਖ ਅੰਤਰਿ ਲੀਨਾ॥੧॥**

[ਪੰਨਾ ੮੫੮]

**ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥**

(ਅੰਨਵੇਂ ਤੁਕਾਂ ਲਾਵਣੀਆਂ)

ਇਹ ਸਭ ਗੁਰਾਂ ਦੀ ਕਿਰਪਾ ਦਾ ਫਲ ਹੈ, ਗੁਰਾਂ ਨੇ ਮੋਕਉ=ਮੈਨੂੰ ਗਿਆਨ ਰੂਪੀ ਅੰਜਨੁ=ਸੁਰਮਾ ਦੇ ਕੇ ਮੋ=ਮੇਰੇ ਮਨੁੱਖਾ ਜਨਮ ਕਉ=ਨੂੰ ਸਫਲ ਕਰ ਦਿੱਤਾ ਹੈ।

***ਦੁਖ ਬਿਸਾਰਿ ਸੁਖ ਅੰਤਰਿ ਲੀਨਾ॥***

ਸਾਰਿਆਂ ਦੁੱਖਾਂ ਨੂੰ ਵਿਸਾਰ ਕੇ ਸੁਖਾਂ ਅੰਦਰ, ਵਾ ਸੁਖ ਸਰੂਪ ਪਰਮਾਤਮਾ ਵਿਚ ਲੀਨ ਕਰ ਦਿੱਤਾ ਹੈ।

**ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥੧॥ ਰਹਾਉ॥**

ਹੁਣ ਇਹ ਨਿਸਚੇ ਹੋ ਗਿਆ ਹੈ ਕਿ ਰਾਮ ਨਾਮ ਦੇ ਸਿਮਰਨ ਬਿਨਾਂ ਮਨ=ਜੀਵ ਦਾ ਜੀਉਣਾ ਹੀਨਾ=ਨਿਸਫਲ ਹੈ॥ ੧॥

## ਨਾਮਦੇਇ ਸਿਮਰਨੁ ਕਰਿ ਜਾਨਾਂ॥
## ਜਗਜੀਵਨ ਸਿਉ ਜੀਉ ਸਮਾਨਾਂ॥ ੨॥ ੧॥

ਨਾਮਦੇਵ ਜੀ ਕਥਨ ਕਰਦੇ ਹਨ, ਮੈਂ ਤਾਂ ਕੇਵਲ ਸਿਮਰਨ ਕਰਨਾ ਹੀ ਜਾਣਦਾ ਹਾਂ। ਜਗਜੀਵਨ=ਪਰਮਾਤਮਾ ਨਾਲ ਮੇਰਾ ਜੀਅ ਸਮਾ ਗਿਆ ਹੈ॥ ੨॥ ੧॥

## ਬਿਲਾਵਲੁ
## ਬਾਣੀ ਰਵਿਦਾਸ ਭਗਤ ਕੀ ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਰਵਿਦਾਸ ਭਗਤ ਜੀ ਅਕਾਲ ਪੁਰਖ ਦੇ ਸਨਮੁਖ ਬੇਨਤੀ ਕਰਦੇ ਹਨ ਕਿ-

## ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥

ਹੇ ਪਰਮਾਤਮਾ ! ਮੇਰੇ ਪ੍ਰਤੱਖ ਦਲਿੱਦਰ ਨੂੰ, ਵਾ ਗਰੀਬੀ ਰੂਪੀ ਦਲਿੱਦ੍ਰ ਨੂੰ , ਵਾ ਕਰਤਾ ਭੋਗਤਾ, ਜੰਮਣਾ ਮਰਨਾ ਰੂਪ ਦਲਿੱਦਰ ਨੂੰ ਵੇਖਕੇ ਸਭ ਕੋਈ ਹੱਸਦਾ ਸੀ, ਮੇਰੀ ਇਹੋ ਜੇਹੀ ਦਸਾ=ਹਾਲਤ ਸੀ।

## ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥ ੧॥

ਹੁਣ ਅਸਟ ਦਸਾ=ਅਠਾਰਾਂ ਸਿੱਧੀਆਂ ਕਰ=ਹੱਥ ਦੀ ਤਲੀ ਉਤੇ ਪ੍ਰਾਪਤ ਹਨ, ਆਪ ਜੀ ਦੀ ਕਿਰਪਾ ਹੈ॥ ੧॥

## ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥

ਹੇ ਭਵ=ਜਨਮ ਮਰਨ ਦੇ ਨਾਸ ਕਰਨ ਵਾਲੇ ਰਾਮ ! ਆਪ ਸਭ ਕੁਝ ਜਾਣਦੇ ਹੋ, ਕਿਉਂਕਿ ਅੰਤਰਜਾਮੀ ਤੇ ਸਰਬਗਜ ਹੋ ਅਤੇ ਮੈਂ ਕੁਝ ਵੀ ਜਾਣਦਾ ਨਹੀਂ ।

## ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥ ੧॥ ਰਹਾਉ॥

ਸਾਰੇ ਜੀਵ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹਨ । ਹੇ ਪ੍ਰਭੂ ! ਆਪ ਸਭ ਦੇ ਕੰਮ ਪੂਰਨ ਕਰਨ ਵਾਲੇ ਹੋ॥ ੧॥ ਰਹਾਉ॥

## ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥

ਜਿਹੜਾ ਪੁਰਸ਼ ਆਪ ਜੀ ਦੀ ਸ਼ਰਨ ਪ੍ਰਾਪਤ ਹੋਇਆ ਹੈ, ਉਸ ਨੂੰ ਕੋਈ ਭਾਰੁ=ਦੁੱਖ ਨਹੀਂ ਹੁੰਦਾ।

## ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥ ੨॥

ਹੇ ਪਰਮਾਤਮਾ! ਆਪ ਜੀ ਦੀ ਕਿਰਪਾ ਨਾਲ ਊਚ ਨੀਚ ਜਾਤੀਆਂ ਵਾਲੇ ਸ਼ਰਧਾਲੂ ਪੁਰਸ਼ ਸਾਰੇ ਆਲਜੁ=ਨਿਰ-ਲੱਜ ਸੰਸਾਰ ਤੋਂ ਤਰ ਗਏ ਹਨ।

ਇਹ ਸੰਸਾਰ ਐਸਾ ਨਿਰ-ਲੱਜ ਹੋ ਗਿਆ ਹੈ ਜੋ ਕਿ ਵੱਡੇ ਦੀ ਕੋਈ ਸ਼ਰਮ ਨਹੀਂ ਰਹੀ, ਮਾਵਾਂ ਧੀਆਂ ਦੇ ਤੇ ਸੱਸਾਂ ਨੂੰਹਾਂ ਦੇ ਇਕੋ ਜਹੇ ਫੈਸ਼ਨ ਹੋ ਗਏ ਹਨ। ਜਿਵੇਂ ਵੇਸਵਾ ਆਪਣੇ ਤਨ ਪਰ ਲਿਬਾਸ ਕਰਦੀਆਂ ਹਨ, ਤਿਵੇਂ ਅੱਜ ਕਲ੍ਹ ਦੀਆਂ ਜ਼ਨਾਨੀਆਂ ਸਿਰ, ਬਾਹਵਾਂ ਤੇ ਢਿਡ ਨੰਗੇ ਕਰਕੇ ਚੱਲਣ ਲੱਗ ਪਈਆਂ ਹਨ।

*ਅਥਵਾ*-ਆਲ+ਜੁ ਸੰਸਾਰੁ=ਸੰਸਾਰ ਰੂਪੀ ਜੋ ਆਲਾ=ਘਰ ਹੈ, ਵਾ ਆ+ਲਜੁ ਸੰਸਾਰੁ=ਆ=ਵਿਸ਼ੇਸ਼ ਕਰਕੇ ਲੱਜ ਵਾਂਗ ਬੰਧਨ ਰੂਪ ਸੰਸਾਰ ਤੋਂ ਤਰ ਗਏ ਹਨ।

('ਆਲਜੁ' ਦੇ ਤਿੰਨੇ ਅਰਥ ਸੰਪ੍ਰਦਾਈ ਹਨ)

## ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ, ਆਪ ਜੀ ਦੀ ਕਥਾ ਅਕੱਥ ਹੈ ਇਸ ਤੇ ਬਹੁਤੀਆਂ ਕਥਾਵਾਂ ਕਿਸ ਵਾਸਤੇ ਕਰਨੀਆਂ ਹਨ, ਕਿਉਂਕਿ ਭਾਵੇਂ ਕਿਤਨੀਆਂ ਵੀ ਕਥਾ ਕਰੀਏ ਤਾਂ ਭੀ ਆਪ ਦਾ ਅੰਤ ਨਹੀਂ ਆਉਂਦਾ।

*ਯਥਾ:-* ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮ ਕਾ ਕਰਹਿ ਵਖਿਆਣ॥
ਜੋਗੀ ਜਤੀ ਬੈਸਨੌ ਰਾਮਦਾਸ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥ ੨॥
ਕਰਣ ਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ॥"

*(ਗੋਂਡ ਮਹਲਾ ੫, ਪੰਨਾ ੮੬੭)*

## ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥ ੩ ॥ ੧ ॥

ਹੇ ਅਕਾਲ ਪੁਰਖ ! ਜੈਸਾ ਤੂੰ ਹੈਂ, ਤੈਸਾਂ ਤੂਹੀਂ ਹੈਂ, ਤੇਰੇ ਵਰਗਾ ਹੋਰ ਕੋਈ ਨਹੀਂ ਇਸ ਵਾਸਤੇ ਆਪ ਜੀ ਨੂੰ ਮੈਂ ਜਿਹੜੀ ਉੱਪਮਾ ਦੇਣਾ ਕਰੀਏ॥ ੩ ॥ ੧ ॥

## ਬਿਲਾਵਲੁ॥ ਜਿਹ ਕੁਲ ਸਾਧੁ ਬੈਸਨੌ ਹੋਇ॥

ਜਿਸ ਕੁਲ ਵਿਚ ਕੋਈ ਆਦਮੀ ਵਿਸ਼ਨੂੰ ਦਾ ਸਾਧੂ ਭਾਵ ਵਿਸ਼ਨੂੰ ਉਪਾਸ਼ਕ ਹੋ ਜਾਵੇ।

## ਬਰਨ ਅਬਰਨ ਰੰਕੁ ਨਹੀ ਈਸੁਰੁ
## ਬਿਮਲ ਬਾਸੁ ਜਾਨੀਐ ਜਗਿ ਸੋਇ॥ ੧ ॥ ਰਹਾਉ॥

ਚਾਹੇ ਉਹ ਚਾਰ ਵਰਨਾਂ ਵਿਚੋਂ ਹੋਵੇ, ਚਾਹੇ ਅਵਰਨਾਂ 'ਚੋਂ ਹੋਵੇ, ਉਹ ਰੰਕੁ=ਕੰਗਾਲ ਨਹੀਂ ਹੈ ਈਸ਼ਰ ਸਰੂਪ ਹੈ, ਉਸ ਦੀ ਸੰਸਾਰ ਵਿਚ ਬਿਮਲ=ਨਿਰਮਲ ਕੀਰਤੀ ਪੂਰੀ ਬਾਸੁ=ਵਾਸ਼ਨਾ ਜਾਣੀ ਜਾਂਦੀ ਹੈ॥ ੧ ॥

ਵਾ-ਚਾਹੇ ਓਹ ਅਵਰਨ ਵਿੱਚੋਂ ਹੈ ਤਾਂ ਭੀ ਉਸ ਦਾ ਸ੍ਰੇਸ਼ਟ ਵਰਨ ਜਾਣਿਆ ਜਾਂਦਾ ਹੈ।

## ਬ੍ਰਹਮਨ ਬੈਸ ਸੂਦ ਅਰੁ ਖ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥

ਬ੍ਰਾਹਮਣ, ਵੈਸ=ਵੈਸ਼, ਸੂਦ=ਸ਼ੂਦਰ ਅਤੇ ਖੱਤਰੀ, ਡੋਮ=ਡੂਮ, ਚੰਡਾਲ ਤੇ ਚਾਹੇ ਮਲੇਛਾਂ ਦਾ ਵੀ ਮਨ=ਸ਼ਰੋਮਣੀ ਹੋਵੇ*।

## ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥ ੧ ॥

(ਇਹ ਸਾਰੇ ਜ਼ਾਤੀਆਂ ਵਾਲੇ ਪੁਰਸ਼ ਭਾਵੇਂ ਉਚ ਹਨ ਤੇ ਚਾਹੇ ਨੀਚ ਹਨ) ਭਗਵਾਨ ਦੇ ਸਿਮਰਨ ਕਰਨ ਨਾਲ ਸਾਰੇ ਪੁਨੀਤ=ਪ੍ਰਵਿੱਤ੍ਰ ਹੋ ਜਾਂਦੇ ਹਨ। ਆਪਣੇ ਆਪ ਨੂੰ ਤਾਰ ਕੇ, ਨਾਨਕੇ ਦਾਦਕੇ ਰੂਪ ਦੋ ਕੁਲਾਂ ਨੂੰ ਵੀ ਤਾਰ ਦੇਂਦੇ ਹਨ॥ ੧ ॥

## ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥

---

*ਪਹਿਲੀਆਂ ਚਾਰ ਜ਼ਾਤਾਂ ਵਰਨਾਂ ਵਿਚ ਹਨ, ਅਗਲੀਆਂ ਅਵਰਨਾਂ ਵਿਚ ਹਨ।*

ਨਾਮ ਜਪਣ ਵਾਲਾ ਗੁਰਮੁਖ ਜਿਥੇ ਰਹਿੰਦਾ ਹੈ, ਸੁ ਗਾਉ=ਉਹ ਪਿੰਡ ਧੰਨਤਾ ਜੋਗ ਹੈ, ਉਹ ਠਾਉ=ਥਾਂ ਵੀ ਧੰਨ ਹੈ। ਉਸ ਦਾ ਕੁਟੰਬ ਵੀ ਧੰਨਤਾ ਜੋਗ ਹੈ, ਉਹ ਹੋਰ ਵੀ ਸਭ ਲੋਕਾਂ ਨੂੰ ਪੁਨੀਤਾ=ਪਵਿੱਤਰ ਕਰ ਦੇਂਦਾ ਹੈ।

## ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
## ਹੋਇ ਰਸ ਮਗਨ ਡਾਰੇ ਬਿਖੁ ਖੋਇ॥ ੨॥

ਜਿਸ ਨੇ ਸਾਰ ਰਸੁ=ਸ੍ਰੇਸ਼ਟ ਆਤਮ-ਰਸ ਪੀਤਾ ਹੈ, ਉਸ ਨੇ ਆਨ ਰਸ=ਹੋਰ ਦੁਨਿਆਵੀ ਰਸ ਤਿਆਗ ਦਿੱਤੇ ਹਨ। ਨਾਮ-ਰਸ ਵਿਚ ਮਸਤ ਹੋ ਕੇ ਵਿਸ਼ਿਆਂ ਨੂੰ ਖੋਇ=ਨਾਸ ਕਰ ਸੁੱਟਿਆ ਹੈ॥ ੨॥

## ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥

ਚਾਹੇ ਕੋਈ ਬੜਾ ਵਿਦਵਾਨ ਪੰਡਿਤ ਹੈ, ਚਾਹੇ ਸੂਰ=ਸੂਰਬੀਰ ਹੈ, ਚਾਹੇ ਛਤ੍ਰਪਤੀ ਰਾਜਾ=ਚੱਕ੍ਰਵਰਤੀ ਬਾਦਸ਼ਾਹ ਹੈ, ਪਰ ਨਾਮ ਜਪਣ ਵਾਲੇ ਭਗਤ ਦੇ ਸਮਾਨ ਹੋਰ ਕੋਈ ਵੀ ਨਹੀਂ ਹੈ।

*ਯਥਾ-* ".......ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ॥ ੨੩ ॥" *(ਜਪੁਜੀ ਸਾਹਿਬ, ਪੰਨਾ ੫)*

## ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
## ਭਨਿ ਰਵਿਦਾਸ ਜਨਮੇ ਜਗਿ ਓਇ॥ ੩॥ ੨॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖਾਂ ਦਾ ਜਗਤ ਵਿਚ ਜੀਉਣਾ ਇਸ ਤਰ੍ਹਾਂ ਅਸੰਗ ਹੈ ਜਿਵੇਂ ਜਲ ਦੇ ਨੇੜੇ ਪੁਰੈਨ=ਚੁਪੱਤੀ, ਵਾ ਕੌਲ-ਫੁੱਲ ਦਾ ਪਾਤ=ਪੱਤਾ ਨਿਰਲੇਪ ਰਹਿੰਦਾ ਹੈ॥ ੩॥ ੨॥

*ਯਥਾ-* "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥" *(ਪੰਨਾ ੯੩੮)*

*ਤਥਾ:-* "ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ॥
ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ॥ ੨੨॥" *(ਪੰਨਾ ੧੨੪੬)*

## ਬਾਣੀ ਸਧਨੇ ਕੀ ਰਾਗੁ ਬਿਲਾਵਲੁ
## ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਸਿੰਧ ਹੈਦਾਰਾਬਾਦ ਦੇ ਇਲਾਕੇ ਇਕ 'ਸੇਹਵਨ' ਨਾਮੇ ਨਗਰ ਹੈ (ਜੋ ਰੋਹੜੀ ਜੰਕਸ਼ਨ ਤੋਂ ੧੪੨ ਮੀਲ ਪਰ ਹੈ।) ਉਥੋਂ ਦੇ ਰਹਿਣ ਵਾਲਾ ਸਧਨਾ ਸੀ, ਜੋ ਜ਼ਾਤੀ ਦਾ ਕਸਾਈ ਸੀ, ਮਾਸ ਵੇਚਣ ਦਾ ਕੰਮ ਕਰਦਾ ਸੀ।

ਕਰਤਾਰ ਦੀ ਕੁਦਰਤ ਐਸੀ ਹੋਈ ਕਿ ਉਸ ਨਗਰੀ ਵਿਚ ਇਕ ਅਮੀਰ ਆਦਮੀ ਬਹੁਤ ਬੀਮਾਰ ਹੋ ਗਿਆ। ਡਾਕਟਰਾਂ ਨੂੰ ਸੱਦਿਆ ਗਿਆ। ਉਨ੍ਹਾਂ ਨੇ ਕਿਹਾ-"ਇਹ ਤਾਂ ਰਾਜ਼ੀ ਹੋਵੇਗਾ ਜੇ ਇਸੀ ਵੇਲੇ ਇਸ ਨੂੰ

ਮਾਸ ਦੀ ਤਰੀ ਦਿੱਤੀ ਜਾਵੇ।'' ਸਾਰੇ ਸ਼ਹਿਰ ਵਿਚ ਆਦਮੀ ਫਿਰਿਆ, ਪਰੰਤੂ ਮਾਸ ਨਾ ਮਿਲਿਆ। ਆਖਰ ਸਧਨੇ ਦੀ ਦੁਕਾਨ ਪਰ ਆਇਆ, ਸਧਨੇ ਨੂੰ ਕਿਹਾ ''ਪਾਈਆ ਭਰ ਮਾਸ ਚਾਹੀਦਾ ਹੈ।'' ਸਧਨੇ ਆਖਿਆ-''ਹੁਣ ਤਾਂ ਮੁੱਕ ਗਿਆ ਹੈ। ਇਕ ਪਾ ਮਾਸ ਵਾਸਤੇ ਬੱਕਰੇ ਨੂੰ ਵੱਢਿਆ ਤਾਂ ਗਰਮੀ ਬਹੁਤ ਹੋਣ ਦੇ ਕਾਰਨ ਰਾਤ ਨੂੰ ਖ਼ਰਾਬ ਹੋ ਜਾਵੇਗਾ।''*

ਇਹ ਗੱਲ ਸੁਣ ਕੇ ਉਸ ਪੁਰਸ਼ ਨੇ ਕਿਹਾ-''ਇਕ ਆਦਮੀ ਬਹੁਤ ਬੀਮਾਰ ਹੈ, ਉਸ ਦੀ ਜਾਨ ਤਾਂ ਬਚਦੀ ਹੈ ਜੇ ਮਾਸ ਦੀ ਤਰੀ ਦਿੱਤੀ ਜਾਵੇ। ਜਿਵੇਂ ਹੋ ਸਕਦਾ ਹੈ ਤੂੰ ਪਰਉਪਕਾਰ ਕਰ।''

ਉਸ ਵੇਲੇ ਸਧਨਾ ਛੁਰੀ ਫੜ ਕੇ ਬੱਕਰੇ ਦੇ ਪਤਾਲੂ ਕੱਟਣ ਲੱਗਾ। ਇਹ ਵੇਖ ਕੇ ਬੱਕਰਾ ਨਾਲੇ ਹੱਸੇ ਨਾਲੇ ਰੋਵੇ। ਸਧਨਾ ਬੱਕਰੇ ਨੂੰ ਪੁੱਛਦਾ ਹੈ-''ਤੂੰ ਰੋਂਦਾ ਤਾਂ ਦਰਦ ਕਰਕੇ ਹੈਂ, ਪਰ ਹੱਸਦਾ ਕਿਉਂ ਹੈਂ ?''

ਬੱਕਰੇ ਨੇ ਕਿਹਾ-''ਹੱਸਦਾ ਇਸ ਵਾਸਤੇ ਹਾਂ ਕਿ ਅੱਜ ਤੂੰ ਨਵੀਂ ਭਾਜੀ ਚਾੜ੍ਹਨ ਲੱਗਾ ਹੈਂ। ਅੱਜ ਦਿਨ ਤਕ ਅੱਗੇ ਤੂੰ ਕਈ ਵਾਰ ਮੇਰੇ ਸਿਰ ਕੱਟੇ ਤੇ ਮੈਂ ਤੇਰੇ ਸਿਰ ਕੱਟੇ, ਪਰ ਪਤਾਲੂ ਕਿਸੇ ਨੇ ਨਹੀਂ ਸੀ ਕੱਟੇ।''

ਇਤਨੀ ਗੱਲ ਸੁਣ ਕੇ ਸਧਨੇ ਨੂੰ ਅੱਗੇ ਨਾਲੋਂ ਵਧੇਰੇ ਵੈਰਾਗ ਹੋ ਗਿਆ। ਦੁਕਾਨ ਤੇ ਘਰ-ਬਾਰ ਸਭ ਕੁਛ ਛੱਡ ਕੇ ਇਕਾਂਤ ਭਗਤੀ ਕਰਨ ਦਾ ਇਰਾਦਾ ਕਰ ਲਿਆ ਅਤੇ ਸਭ ਕੁਛ ਛੱਡ ਕੇ ਜੰਗਲ ਦਾ ਰਾਹ ਫੜ ਲਿਆ।

(ਕਈ ਆਖਦੇ ਹਨ-''ਜਗੰਨਾਥ ਵਲ ਤੁਰ ਪਿਆ।'') ਇਸ ਨੂੰ ਭਗਤੀ ਕਰਦਿਆਂ ਵੇਖ ਕੇ ਕਾਜ਼ੀ ਤੇ ਬ੍ਰਾਹਮਣ ਦੋਨੋਂ ਇਸ ਦੇ ਵੈਰੀ ਹੋ ਗਏ। ਕਾਜ਼ੀ ਇਸ ਗੱਲ ਤੇ ਅਫਸੋਸ ਕਰਨ ਕਿ ਇਹ ਮੁਸਲਮਾਨ ਸੀ ਤੇ ਕੰਮ ਹਿੰਦੂਆਂ ਵਾਲਾ ਕਰਨ ਲੱਗ ਪਿਆ ਹੈ, ਅਸਾਡੇ ਮਜ਼ਹਬ 'ਚੋਂ ਨਿਕਲ ਰਿਹਾ ਹੈ ਇਹ ਗੱਲ ਚੰਗੀ ਨਹੀਂ।

ਹਿੰਦੂ ਇਸ ਲਈ ਵੈਰੀ ਹੋ ਗਏ ਕਿ ਇਹ ਸਧਨਾ ਮੁਸਲਮਾਨ ਅਤੇ ਕਸਾਈ ਹੋ ਕੇ ਅਸਾਡੇ ਧਰਮ ਨਾਲ ਰਲ ਕੇ ਅਸਾਂ ਨੂੰ ਭ੍ਰਿਸ਼ਟ ਕਰਨਾ ਚਾਹੁੰਦਾ ਹੈ, ਇਸ ਲਈ ਇਹ ਦੰਡ ਦੇ ਲਾਇਕ ਹੈ, ਕਿਉਂ ਨਾ ਹੋਵੇ ਇਸ ਨੂੰ ਬਾਦਸ਼ਾਹੀ ਦੰਡ ਦਿਵਾਇਆ ਜਾਵੇ। ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਅਲਾਹਾਬਾਦ ਕਿਲ੍ਹੇ ਦੀ ਕੰਧ ਉਸਾਰ ਰਿਹਾ ਸੀ, ਪਰ ਰਾਤ ਨੂੰ ਕੰਧ ਡਿੱਗ ਪੈਂਦੀ ਸੀ। ਕਈ ਵਾਰ ਐਸੇ ਚਾਂਸ ਹੋਣ ਪਰ ਬਾਦਸ਼ਾਹ ਨੇ ਕਾਜ਼ੀਆਂ ਤੋਂ ਪੁੱਛਿਆ-''ਇਹ ਕੰਧ ਕਿਵੇਂ ਉਸਰੇ ?'' ਕਾਜ਼ੀਆਂ ਤੇ ਬ੍ਰਾਹਮਣਾਂ ਨੇ ਕਿਹਾ-''ਸਧਨਾ ਨਾਮ ਹੋਵੇ, ਜ਼ਾਤੀ ਦਾ ਕਸਾਈ ਹੋਵੇ, ਜੇਕਰ ਉਹ ਇਸ ਕੰਧ ਵਿਚ ਚਿਣਿਆਂ ਜਾਵੇ ਤਾਂ ਕੰਧ ਉਸਰੇਗੀ।''

ਇਹ ਗੱਲ ਸੁਣ ਕੇ ਬਾਦਸ਼ਾਹ ਨੇ ਢੰਡੋਰਾ ਫਿਰਾ ਦਿੱਤਾ ਕਿ ਸਧਨੇ ਕਸਾਈ ਨੂੰ ਜੋ ਲੱਭ ਕੇ ਲਿਆਏਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਦੁਸ਼ਮਣਾਂ ਨੇ ਸਧਨੇ ਨੂੰ ਫੜ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰ ਦਿੱਤਾ।

ਬਾਦਸ਼ਾਹ ਨੇ ਪੁੱਛਿਆ-''ਤੇਰਾ ਨਾਮ ਕੀ ਹੈ ਅਤੇ ਜ਼ਾਤੀ ਕਿਹੜੀ ਹੈ?''

ਸਧਨੇ ਆਖਿਆ-''ਮੇਰਾ ਨਾਮ ਸਧਨਾ ਹੈ, ਕਸਾਈ ਦਾ ਕੰਮ ਕਰਦਾ ਹਾਂ।'' ਇਹ ਸੁਣ ਕੇ ਦੂਜੇ ਦਿਨ ਬਾਦਸ਼ਾਹ ਨੇ ਕੰਧ ਵਿਚ ਚਿਣਨ ਦਾ ਹੁਕਮ ਦੇ ਦਿੱਤਾ। ਕਾਰੀਗਰਾਂ ਨੇ ਸਧਨੇ ਨੂੰ ਖੜਾ ਕਰਕੇ ਆਲੇ ਦੁਆਲੇ ਕੰਧ ਉਸਾਰਨੀ ਸ਼ੁਰੂ ਕਰ ਦਿੱਤੀ ।

ਉਸ ਵੇਲੇ ਸਧਨੇ ਨੇ ਪਰਮਾਤਮਾ ਅੱਗੇ ਇਸ ਸ਼ਬਦ ਦੁਆਰਾ ਪ੍ਰਾਰਥਨਾ ਕੀਤੀ-

---

*ਕਈ ਸੱਜਣ ਇਹ ਭੀ ਆਖਦੇ ਹਨ ਕਿ ਉਸ ਦਿਨ ਦਸਮੀ ਥਿੱਤ ਸੀ, ਸਧਨੇ ਨੇ ਕਿਹਾ, ''ਕਲ੍ਹ ਇਕਾਦਸ਼ੀ ਹੈ, ਕਲ੍ਹ ਨੂੰ ਤਾਂ ਮਾਸ ਵਿਕਣਾ ਨਹੀਂ ਤੇ ਪਰਸੋਂ ਤੱਕ ਬੱਕਰਾ ਵੱਢਿਆ ਹੋਇਆ ਖਰਾਬ ਹੋ ਜਾਵੇਗਾ।''

## ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

ਰਾਜੇ ਦੀ ਲੜਕੀ ਨਾਲ ਵਿਆਹ ਕਰਨ ਵਾਸਤੇ ਇਕ ਤਰਖਾਣ ਦਾ ਪੁੱਤਰ ਵਿਸ਼ਨੂੰ ਦਾ ਭੇਖਧਾਰੀ ਹੋ ਗਿਆ।

## ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ ੧ ॥

ਇਕ ਤਾਂ ਉਹ ਕਾਮਾਰਥੀ=ਕਾਮ ਦੇ ਅਰਥ ਵਾਲਾ ਸੀ। ਦੂਜਾ ਸੁਆਰਥੀ=ਨਿਜ ਪ੍ਰਯੋਜਨੀ, ਭਾਵ ਆਪਣਾ ਮਤਲਬੀ ਸੀ। ਵਾ ਕੀ=ਉਸ ਦੀ ਪੈਜ ਹੇ ਪ੍ਰਭੂ ! ਆਪ ਜੀ ਨੇ ਸਵਾਰਨਾ ਕੀਤੀ ਹੈ॥ ੧ ॥

## ਸਾਖੀ-ਤਰਖਾਣ ਦੇ ਪੁੱਤਰ ਦੀ

ਇਕ ਰਾਜਾ ਸੀ, ਉਸ ਦੀ ਰਾਜ ਲੜਕੀ ਬੜੇ ਸੁੰਦਰ ਸਰੂਪ ਵਾਲੀ ਸੀ। ਪਿਛਲੇ ਸੰਸਕਾਰਾਂ ਅਨੁਸਾਰ ਇਸ ਦੀ ਇਸ ਜਨਮ ਵਿਚ ਪਰਮੇਸ਼ਰ ਦੇ ਪਾਸੇ ਬੜੀ ਰੁਚੀ ਸੀ। ਛੋਟੀ ਉਮਰ ਵਿਚ ਹੀ ਇਹ ਧਾਰਮਕ ਪੁਸਤਕਾਂ ਪੜ੍ਹਦੀ ਹੁੰਦੀ ਸੀ। ਉਨ੍ਹਾਂ ਪੁਸਤਕਾਂ ਦੁਆਰੇ ਹੀ ਇਸ ਨੂੰ ਵਿਸ਼ਨੂੰ ਭਗਵਾਨ ਜੀ ਦੇ ਗੁਣਾਂ ਦਾ ਸਾਰਾ ਗਿਆਨ ਪ੍ਰਾਪਤ ਹੋ ਗਿਆ ਕਿ ਵਿਸ਼ਨੂੰ ਭਗਵਾਨ ਜੀ ਦੀਆਂ ਚਾਰ ਭੁਜਾਂ ਹਨ, ਉਨ੍ਹਾਂ ਹੱਥਾਂ ਵਿਚ ਚਾਰੇ ਹੀ ਸ਼ਸਤ੍ਰ 'ਸੰਖ, ਚੱਕ੍ਰ, ਗਦਾ, ਪਦਮ' ਫੜੇ ਹੋਏ ਹਨ, ਬੜੇ ਸੁੰਦਰ ਸਰੂਪ ਵਾਲੇ ਅਤੇ ਅਮਿਤ ਸ਼ਕਤੀਆਂ ਦੇ ਮਾਲਕ ਹਨ। ਆਪਦੇ ਭਗਤਾਂ ਦੀ ਰੱਖਿਆ ਵਾਸਤੇ ਲੋੜ ਅਨੁਸਾਰ ਹਰ ਜੁਗਾਂ ਵਿਚ ਅਵਤਾਰ ਧਾਰ ਕੇ ਆਉਂਦੇ ਹਨ।

ਸਤਿਜੁਗ ਵਿਖੇ ਧ੍ਰੂ ਪ੍ਰਹਿਲਾਦ ਦੇ ਪ੍ਰੇਮ ਨੂੰ ਵੇਖ ਕੇ ਪ੍ਰਤੱਖ ਦਰਸ਼ਨ ਦਿੱਤਾ।

ਤ੍ਰੇਤੇ ਜੁਗ ਵਿਚ ਭੀਲਣੀ ਦੇ ਜੂਠੇ ਬੇਰ ਖਾਧੇ।

ਦੁਆਪਰ ਜੁਗ ਵਿਖੇ ਸੁਦਾਮੇ ਦੇ ਦਲਿੱਦਰ ਨੂੰ ਦੂਰ ਕੀਤਾ ਤੇ ਬਿਦਰ ਦੀ ਛੱਪਰੀ ਵਿਚ ਚਰਨ ਪਾ ਕੇ ਭਾਗ ਲਗਾਇਆ।

ਏਸੇ ਤਰ੍ਹਾਂ ਕਲਜੁਗ ਵਿਚ ਭੀ ਕਬੀਰ, ਰਵਿਦਾਸ, ਨਾਮਦੇਵ, ਧੰਨੇ ਅਦਿਕਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਕੰਮ ਸਵਾਰਨਾ ਕੀਤੇ।

ਜਦ ਇਸ ਪ੍ਰਕਾਰ ਦੇ ਗੁਣ ਵਗੈਰਾ ਵਿਸ਼ਨੂੰ ਭਗਵਾਨ ਦੇ ਪੜ੍ਹੇ ਤਾਂ ਰਾਜ-ਲੜਕੀ ਦੇ ਮਨ ਵਿਚ ਬਹੁਤ ਸਾਰੀ ਰੁਚੀ ਵਧਦੀ ਗਈ। ਸਮਾਂ ਬੀਤਦਿਆਂ ਦੇਰ ਨਹੀਂ ਲਗਦੀ। ਜਦ ਬਾਲਕ ਅਵਸਥਾ ਲੰਘ ਗਈ ਤੇ ਸਰੀਰ ਪਰ ਜੋਬਨ ਆਇਆ ਤਾਂ ਪਿਤਾ ਨੇ ਆਪਣੀ ਪਟਰਾਣੀ ਨਾਲ ਰਾਜ ਪੁਤਰੀ ਦੇ ਵਿਆਹੁਣ ਵਾਸਤੇ ਘਰ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਕ ਦਿਨ ਇਸਨੇ ਆਪਣੀ ਮਾਤਾ ਪਾਸੋਂ ਆਪਣੀ ਸ਼ਾਦੀ ਬਾਰੇ ਸੁਣ ਕੇ ਕਿਹਾ-"ਹੇ ਮਾਤਾ! ਮੈਂ ਤਾਂ ਵਿਸ਼ਨੂੰ ਭਗਵਾਨ ਜੀ ਨਾਲ ਵਿਆਹ ਕਰਨ ਦਾ ਪ੍ਰਣ ਕਰ ਚੁਕੀ ਹਾਂ, ਇਸ ਵਾਸਤੇ ਮੇਰੇ ਲਈ ਕਿਸੇ ਹੋਰ ਰਾਜ ਕੁਮਾਰ ਨੂੰ ਢੂੰਡਣ ਦੀ ਖੇਚਲ ਨਾ ਕਰਨੀ।"

ਬੱਚੀ ਪਾਸੋਂ ਇਹ ਗੱਲ ਸੁਣ ਪਟਰਾਣੀ ਨੇ ਆਪਣੇ ਪਤੀ (ਰਾਜੇ) ਪਾਸ ਸਾਰੀ ਗੱਲ ਕਹੀ ਕਿ ਤੇਰੀ ਪੁੱਤਰੀ ਤਾਂ ਵਿਸ਼ਨੂੰ ਜੀ ਨਾਲ ਵਿਆਹ ਕਰਨ ਦਾ ਪ੍ਰਣ ਕਰ ਚੁਕੀ ਹੈ।

ਤਦ ਰਾਜੇ ਨੇ ਆਪਣੀ ਲੜਕੀ ਨੂੰ ਬਹੁਤ ਸਮਝਾਇਆ ਕਿ ਇਹ ਹੱਠ ਤੂੰ ਛਡ ਦੇ ਤੈਨੂੰ ਬੜੇ ਸੋਹਣੇ ਰਾਜ ਕੁਮਾਰ ਨਾਲ ਵਿਆਹਾਂਗਾ।

ਪਿਤਾ ਜੀ ਦੇ ਇਹ ਬਚਨ ਸੁਣ ਕੇ ਇਸ ਦੇ ਮਨ ਵਿਚ ਕੋਈ ਅਸਰ ਨਾ ਹੋਇਆ। ਦਿਨ-ਬ-ਦਿਨ ਮਨ ਵਿਚ ਵੈਰਾਗ ਵਧਦਾ ਗਿਆ। ਖਾਣਾ ਪੀਣਾ, ਬੋਲਣਾ ਚਾਲਣਾ ਘਟ ਕਰ ਦਿੱਤਾ। ਇਸ ਤਰ੍ਹਾਂ ਦੀ ਹਾਲਤ ਦੇਖਕੇ ਰਾਜੇ ਨੇ ਉਸ ਦੇ ਲਈ ਵੱਖਰਾ ਮੰਦਰ ਬਾਗ਼ ਵਿਚ ਪੁਆ ਦਿੱਤਾ। ਉਸੇ ਬਾਗ਼ ਅੰਦਰ ਹੀ ਵਿਸ਼ਨੂੰ ਭਗਵਾਨ ਜੀ ਦੀ ਪੂਜਾ ਵਾਸਤੇ ਇਕ ਵੱਖਰੀ ਜਗ੍ਹਾ ਬਨਾਉਣ ਵਾਸਤੇ ਇਕ ਕਾਰੀਗਰ ਨੂੰ ਸੱਦਿਆ। ਉਸਨੇ ਰਾਜ ਪੁੱਤਰੀ ਦੇ ਕਹੇ ਅਨੁਸਾਰ ਵਿਸ਼ਨ-ਮੰਦਰ ਦੀ ਉਸਾਰੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਪੁੱਤਰ ਨੂੰ ਭੀ ਮੱਦਦ ਵਾਸਤੇ ਨਾਲ ਲਿਆਇਆ ਕਰੇ। ਜਦ ਕੰਮ ਕਰਦਿਆਂ ਕਰਦਿਆਂ ਕਈ ਦਿਨ ਹੋ ਗਏ ਤਾਂ ਤਰਖਾਣ ਦੇ ਪੁੱਤਰ ਦੀ ਨਿਗਾਹ ਰਾਜ-ਕੰਨਿਆਂ ਪਰ ਪੈ ਗਈ ਉਸ ਦੇ ਸੁੰਦਰ ਸਰੂਪ ਨੂੰ ਦੇਖਕੇ ਭੌਰੇ ਵਾਂਗ ਆਸ਼ਕ ਹੋ ਗਿਆ।

ਪਿਤਾ ਨਾਲ ਰੋਜ਼ ਆਇਆ ਕਰੇ, ਪਰ ਕੰਮ ਵਿਚ ਰੁਚੀ ਨਾ ਦੇਵੇ। ਬਸ ਆਉਂਦੀ ਜਾਂਦੀ ਰਾਜ-ਕੁਮਾਰੀ ਵੱਲ ਹੀ ਤੱਕੀ ਜਾਇਆ ਕਰੇ। ਪਿਤਾ ਬਥੇਰਾ ਸਮਝਾਵੇ ਕਿ ਪੁੱਤਰ ਕੰਮ ਵਿਚ ਧਿਆਨ ਦਿੱਤਾ ਕਰ, ਉਰੇ ਪਰੇ ਨਾ ਦੇਖਿਆ ਕਰ, ਪਰ ਉਸ ਦੀ ਲਗਨ ਤਾਂ ਉਸ ਰਾਜਕੁਮਾਰੀ ਦੇ ਦੇਖਣ ਵਿਚ ਹੀ ਲੱਗੀ ਰਿਹਾ ਕਰੇ। ਜਦ ਕਈ ਦਿਨ ਲੰਘ ਗਏ ਤਾਂ ਇਕ ਦਿਨ ਉਸ ਦੇ ਪਿਤਾ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਕਾਕਾ! ਆਪਾਂ ਕਿਰਤੀ ਲੋਕ ਹਾਂ, ਇਸ ਤਰ੍ਹਾਂ ਵੇਹਲੇ ਬੈਠਿਆਂ ਝਟ ਨਹੀਂ ਲੰਘਦਾ, ਤੂੰ ਸਦਾ ਹੀ ਉਸ ਰਾਜ-ਪੁੱਤਰੀ ਵਲ ਤੱਕਦਾ ਰਹਿੰਦਾ ਹੈਂ। ਜੇ ਕਹੇਂ ਤਾਂ ਤੇਰੀ ਸ਼ਾਦੀ ਕਰ ਦੇਂਦਾ ਹਾਂ।

ਇਹ ਗੱਲ ਸੁਣਕੇ ਉਸ ਨੇ ਕਿਹਾ-"ਪਿਤਾ ਜੀ! ਮੈਂ ਹੋਰ ਕਿਸੇ ਲੜਕੀ ਨਾਲ ਸ਼ਾਦੀ ਨਹੀਂ ਕਰਵਾਉਣੀ, ਜੇ ਕਰਵਾਉਣੀ ਹੈ ਤਾਂ ਇਸ ਰਾਜ-ਪੁੱਤਰੀ ਨਾਲ ਹੀ ਕਰਵਾਉਣੀ ਹੈ"।

ਇਹ ਗੱਲ ਸੁਣਕੇ ਉਸ ਤਰਖਾਣ ਨੇ ਕਿਹਾ ਕਿ ਪੁੱਤਰ ਆਪਾਂ ਗਰੀਬ ਲੋਕ ਹਾਂ ਇਹ ਰਿਆਸਤਾਂ ਦੇ ਮਾਲਕ ਬਾਦਸ਼ਾਹ ! ਆਪਣਾ ਇਸ ਨਾਲ ਸਬੰਧ ਕਿਵੇਂ ਹੋ ਸਕਦਾ ਹੈ? ਪਰ ਉਸ ਲੜਕੇ ਦੇ ਮਨ ਪੁਰ ਕੋਈ ਅਸਰ ਨਾ ਹੋਇਆ।

ਇਸ ਤਰ੍ਹਾਂ ਮੰਦਰ ਵਿਚ ਰੋਜ਼ਾਨਾ ਆਉਣ ਜਾਣ ਦੇ ਕਾਰਨ ਉਸ ਲੜਕੇ ਨੂੰ ਇਹ ਭੀ ਪਤਾ ਲਗ ਗਿਆ ਕਿ ਇਸ ਰਾਜ-ਕੰਨਿਆਂ ਨੇ ਇਹ ਪ੍ਰਣ ਕੀਤਾ ਹੋਇਆ ਹੈ ਕਿ ਮੈਂ ਸ਼ਾਦੀ ਕਰਾਉਣੀ ਹੈ ਤਾਂ ਚਤੁਰਭੁਜ ਵਿਸ਼ਨੂੰ ਮਹਾਰਾਜ ਨਾਲ ਹੀ ਕਰਾਉਣੀ ਹੈ, ਹੋਰ ਕਿਸੇ ਨਾਲ ਨਹੀਂ। ਇਹ ਗੱਲ ਸੁਣਕੇ ਉਹ ਤਰਖਾਣ ਦਾ ਪੁੱਤਰ ਉਦਾਸ ਹੋ ਗਿਆ, ਪਰ ਹੌਸਲਾ ਨਾ ਛਡਿਆ।

ਤਰਖਾਣ ਦੇ ਪੁੱਤਰ ਦੀ ਇਕ ਸੁਨਿਆਰੇ ਨਾਲ ਬੜੀ ਮਿੱਤ੍ਰਤਾ ਸੀ, ਉਸ ਨੇ ਸਾਰੀ ਗੱਲ ਉਸ ਦੇ ਪਾਸ ਦਸ ਦਿੱਤੀ, ਕਿਉਂਕਿ ਇਸ ਦੇ ਚਿਹਰੇ ਦੀ ਉਦਾਸੀ ਨੂੰ ਦੇਖਕੇ ਉਸ ਨੇ ਪੁੱਛਿਆ ਕਿ ਕੀ ਸਰੀਰ ਨੂੰ ਕੋਈ ਬੀਮਾਰੀ ਲਗ ਗਈ ਏ ਤੂੰ ਵਿਚੇ ਵਿਚ ਹੀ ਸੁਕਦਾ ਜਾਂਦਾ ਹੈਂ?

ਇਸਨੇ ਕਿਹਾ-"ਹੇ ਮਿਤਰ ! ਮੈਂ ਆਪਣਾ ਮਨ ਰਾਜਕੁਮਾਰੀ ਦੀ ਸੁੰਦਰਤਾ ਤੇ ਲੁਟਾ ਬੈਠਾ ਹਾਂ, ਪਰ ਉਸ ਦਾ ਪ੍ਰਣ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਵਾਉਣ ਦਾ ਹੈ। ਤੂੰ ਹੁਣ ਕੋਈ ਉਪਾਅ ਦਸ?

ਇਹ ਸੁਨਿਆਰਾ ਬੜਾ ਸਿਆਣਾ ਤੇ ਪੜ੍ਹਿਆ ਲਿਖਿਆ ਸੀ, ਕਹਿਣ ਲੱਗਾ "ਇਹ ਵੀ ਕੋਈ ਵੱਡੀ ਗੱਲ ਹੈ। ਵਿਸ਼ਨੂੰ ਦੀਆਂ ਚਾਰ ਬਾਹਾਂ ਤੇ ਗਰੜ ਦੀ ਸਵਾਰੀ ਹੈ, ਤੂੰ ਉਹੋ ਜਿਹਾ ਬਣ ਕੇ ਉਸਦੇ ਪਾਸ ਚਲਾ ਜਾਹ। ਲਕੜੀ ਦਾ ਗਰੜ ਤੂੰ ਬਣਾ, ਵਿਚ ਕਲਾ ਮੈਂ ਪਾ ਦੇਵਾਂਗਾ ਤੇ ਬਣਾਵਟੀ ਲਕੜ ਦੀਆਂ ਬਾਹਵਾਂ ਹੋਰ ਲਗਾ ਲੈ, ਬਸ ਤੇਰਾ ਕੰਮ ਬਣ ਜਾਵੇਗਾ।"

ਇਨ੍ਹਾਂ ਦੋਹਾਂ ਨੇ ਇਸ ਤਰ੍ਹਾਂ ਦੀ ਸਲਾਹ ਕਰਕੇ ਲਕੜ ਦਾ ਗਰੜ ਤਿਆਰ ਕਰ ਲਿਆ ਅਤੇ ਦੋ ਬਣਾਵਟੀ ਬਾਹਵਾਂ ਲਗਾ ਕੇ ਤਰਖਾਣ ਦਾ ਪੁੱਤਰ ਰਾਤ ਨੂੰ ਰਾਜ-ਕੰਨਿਆਂ ਦੇ ਮਹਿਲਾਂ ਪਰ ਪਹੁੰਚ ਗਿਆ। ਅਗੇ ਉਹ ਬੈਠੀ ਵਿਸ਼ਨੂੰ ਭਗਵਾਨ ਦੀ ਪੂਜਾ ਕਰ ਰਹੀ ਸੀ। ਜਦ ਗਰੜ ਦੀ ਸਵਾਰੀ ਤੇ ਚਤੁਰਭੁਜ ਮੂਰਤੀ ਤਕੀ ਤਾਂ ਦੌੜ ਕੇ ਰਾਜ ਕੁਮਾਰੀ ਨੇ ਨਮਸ਼ਕਾਰ ਕੀਤੀ।

ਅਸ਼ੀਰਵਾਦ ਦੇ ਕੇ ਕਿਹਾ, ਕਿ ਮੈਂ ਤੇਰਾ ਪਰੇਮ ਦੇਖ ਕੇ ਸਿਰਫ ਪ੍ਰਣ ਪੂਰਾ ਕਰਨ ਵਾਸਤੇ ਹੀ ਚਤੁਰਭੁਜੀ ਰੂਪ ਵਿਚ ਆਇਆ ਹਾਂ, ਅਗੇ ਵਾਸਤੇ ਦੋ ਭੁਜਾਂ ਵਾਲੇ ਸਰੂਪ ਵਿਖੇ ਤੈਨੂੰ ਦਰਸ਼ਨ ਹੋਇਆ ਕਰੇਗਾ, ਇਸ ਗਲ ਦਾ ਨਿਸਚਾ ਤੂੰ ਹੁਣ ਕਰ ਲੈ।

ਰਾਜ ਕੰਨਿਆਂ ਨੇ ਪ੍ਰਸੰਨ ਹੋ ਕੇ ਆਪਣੇ ਪਿਤਾ ਨੂੰ ਸਾਰੀ ਵਾਰਤਾ ਦਸੀ ਕਿ ਹੇ ਪਿਤਾ ਜੀ! ਅਜ ਮੇਰੀ ਭਗਤੀ ਨੂੰ ਫਲ ਲਗਾ ਹੈ, ਚਤੁਰਭੁਜੀ ਵਿਸ਼ਨੂੰ ਮਹਾਰਾਜ ਦੇ ਦਰਸ਼ਨ ਹੋਏ ਹਨ। ਇਹ ਗੱਲ ਸੁਣ ਕੇ ਰਾਜਾ ਵੀ ਆਪਣੀ ਰਾਣੀ ਅਤੇ ਹੋਰ ਦਾਸ ਦਾਸੀਆਂ ਸਮੇਤ ਦਰਸ਼ਨ ਕਰਨ ਵਾਸਤੇ ਆਇਆ। ਦੇਖ ਕੇ ਨਿਸਚਾ ਕਰ ਲੀਤਾ ਅਤੇ ਰਾਜ ਕੰਨਿਆਂ ਦੇ ਕਹਿਣ ਅਨੁਸਾਰ ਵਿਆਹ ਦਾ ਦਿਨ ਨਿਸਚਿਤ ਹੋ ਗਿਆ, ਉਸ ਵੇਲੇ ਉਹ ਤਰਖਾਣ ਦਾ ਪੁੱਤਰ (ਬਨਾਉਟੀ ਵਿਸ਼ਨੂੰ) ਚਲਾ ਗਿਆ। ਵਿਆਹ ਵਾਲੇ ਦਿਨ ਆਇਆ ਅਤੇ ਰਾਜ-ਪੁੱਤਰੀ ਨਾਲ ਸ਼ਾਦੀ ਕਰ ਲਈ। ਮਨ ਦੀ ਇੱਛਾ ਪੂਰੀ ਹੋ ਗਈ ਅਤੇ ਉਸ ਦੇ ਪਾਸ ਹੀ ਬਣਾਏ ਹੋਏ ਵਖਰੇ ਮਹਿਲ ਵਿਚ ਰਹਿਣ ਲਗ ਪਿਆ। ਏਧਰੋਂ ਰਾਜੇ ਨੇ ਵਿਚਾਰਿਆ, 'ਜਦ ਮੇਰਾ ਜਵਾਈ ਤ੍ਰਿਲੋਕੀ ਦਾ ਮਾਲਕ ਵਿਸ਼ਨੂੰ ਭਗਵਾਨ ਬਣ ਗਿਆ ਹੈ ਤਾਂ ਹੁਣ ਮੈਨੂੰ ਕਿਸ ਦਾ ਭੈ ਹੈ। ਫੌਜਾਂ ਨੂੰ ਵਾਧੂ ਤਨਖਾਹ ਦੇਣ ਦਾ ਕੀ ਲਾਭ?'

ਇਹ ਗੱਲ ਵਿਚਾਰ ਕੇ ਸਾਰੀ ਫੌਜ ਹਟਾ ਦਿਤੀ। ਇਸ ਗੱਲ ਦਾ ਇਕ ਹੋਰ ਰਾਜੇ ਨੂੰ ਵੀ ਪਤਾ ਲਗ ਗਿਆ ਕਿ ਇਸ ਨੇ ਫੌਜਾਂ ਨੂੰ ਛੁੱਟੀ ਦੇ ਦਿਤੀ ਹੈ ਤਾਂ ਉਹ ਚੜ੍ਹਾਈ ਕਰਕੇ ਆ ਗਿਆ। ਸ਼ਹਿਰ ਨੂੰ ਘੇਰਾ ਪਾ ਕੇ ਇਸ ਵਲ ਚਿਠੀ ਲਿਖੀ ਕਿ ਜਾਂ ਮੇਰੀ ਈਨ ਮੰਨ ਜਾਂ ਜੰਗ ਵਾਸਤੇ ਤਿਆਰ ਹੋ ਜਾਹ।

ਇਹ ਗੱਲ ਸੁਣ ਕੇ ਰਾਜਾ ਆਪਣੇ ਜਵਾਈ ਪਾਸ ਆਇਆ ਤੇ ਬੇਨਤੀ ਕੀਤੀ ਕਿ ਆਪ ਮੇਰੀ ਸਹਾਇਤਾ ਕਰੋ। ਗਨੀਮ ਰਾਜੇ ਨੇ ਮੇਰੇ ਉੱਪਰ ਚੜ੍ਹਾਈ ਕਰ ਦਿੱਤੀ ਹੈ।

ਇਹ ਗੱਲ ਸੁਣ ਕੇ ਬਨਾਉਟੀ ਵਿਸ਼ਨੂੰ ਨੇ ਕਿਹਾ-'ਆਪ ਕੋਈ ਚਿੰਤਾ ਨਾ ਕਰੋ ਮੈਂ ਤੁਹਾਡੀ ਪੂਰੀ ਪੂਰੀ ਸਹਾਇਤਾ ਕਰਾਂਗਾ।' ਰਾਜੇ ਨੂੰ ਮਹਿਲਾਂ ਵਿਖੇ ਭੇਜ ਕੇ ਆਪ ਵਿਸ਼ਨੂੰ ਦੀ ਭਗਤੀ ਵਿਖੇ ਲੀਨ ਹੋ ਗਿਆ। ਜਿਤਨਾ ਚਿੰਤਾ ਤੇ ਭੈ ਦੇ ਸਮੇਂ ਆਦਮੀ ਦਾ ਮਨ ਭਜਨ ਵਿਖੇ ਲੱਗਦਾ ਹੈ ਉਤਨਾ ਸੁਖ ਤੇ ਨਿਰਭੈਤਾ ਸਮੇਂ ਨਹੀਂ ਲਗਦਾ, ਇਸੇ ਵਾਸਤੇ ਹੀ ਕਬੀਰ ਜੀ ਨੇ ਫੁਰਮਾਇਆ ਹੈ-

***"ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥"***

ਮਨ ਦੀ ਇਕਾਗਰਤਾ ਵਿਖੇ ਪਰਮੇਸ਼ਰ ਦੀ ਪ੍ਰਸੰਨਤਾ ਛੇਤੀ ਹੁੰਦੀ ਹੈ।

*ਯਥਾ-* "ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ ੧੦॥

*(ਦਸਮ ਗ੍ਰੰਥ, ਪੰਨਾ ੧੧)*

ਜਦ ਉਸ ਨੇ ਭੈ ਦੇ ਸਹਿਤ ਨਿੰਮਰਤਾ ਨਾਲ ਵਿਸ਼ਨੂੰ ਭਗਵਾਨ ਅੱਗੇ ਪ੍ਰਾਰਥਨਾ ਕੀਤੀ ਕਿ ਮੈਂ ਤੁਹਾਡਾ ਭੇਖ ਧਾਰਨਾ ਕੀਤਾ ਹੈ ਆਪ ਮੇਰੀ ਲਾਜ ਰੱਖੋ। ਆਪ ਦਾ ਬਿਰਦ ਗਰੀਬ ਨਿਵਾਜ਼ ਤੇ ਪਤਿਤ ਪਾਵਨ ਹੈ।

*ਯਥਾ-* 'ਜਉ ਹਮ ਅਧਮ ਕਰਮ ਕਰਿਕੈ ਪਤਿਤ ਭਏ, ਪਤਿਤ ਪਾਵਨ ਪ੍ਰਭੁ ਨਾਮ ਪ੍ਰਗਟਾਇਓ ਹੈ।

ਜਉ ਭਏ ਦੁਖਿਤ ਅਰੁ ਦੀਨ ਪਰਚੀਨ ਲਗਿ, ਦੀਨ ਦੁਖ ਭੰਜਨ ਬਿਰਦ ਬਿਰਦਾਇਓ ਹੈ॥
ਜਉ ਗ੍ਰਸੇ ਅਰਕਸੁਤ ਨਰਕ ਨਿਵਾਸੀ ਭਏ, ਨਰਕ ਨਿਵਾਰਨ ਜਗਤ ਜਸੁ ਗਾਇਓ ਹੈ॥
ਗੁਨ ਕੀਏ ਗੁਨ ਸਭ ਕੋਊ ਕਰੇ ਕ੍ਰਿਪਾ ਨਿਧਾਨ,
ਅਵਗੁਨ ਕੀਏ ਗੁਨ ਤੋਹੀ ਬਨਿਆਇਓ ਹੈ॥ ੫੦੪॥ *(ਕਬਿੱਤ ਭਾਈ ਗੁਰਦਾਸ ਜੀ)*

ਇਸ ਤਰ੍ਹਾਂ ਦੀਆਂ ਬੇਨਤੀਆਂ ਸੁਣ ਕੇ ਵਿਸ਼ਨੂੰ ਭਗਵਾਨ ਜੀ ਪ੍ਰਸੰਨ ਹੋ ਗਏ। ਅਤੇ ਵਿਚਾਰ ਕੀਤੀ ਕਿ ਇਸ ਨੇ ਮੇਰਾ ਭੇਖ ਧਾਰਨ ਕੀਤਾ ਹੈ। ਜੇ ਹੁਣ ਰਾਜੇ ਦੀ ਹਾਰ ਹੋ ਗਈ ਤਾਂ ਇਸ ਦਾ ਕਿਸੇ ਨੇ ਨਾਮ ਨਹੀਂ ਲੈਣਾ, ਸਭ ਕਹਿਣਗੇ ਬੜੇ ਬਲ ਵਾਲੇ ਰਾਕਸ਼ਾਂ ਨੂੰ ਜਿੱਤਣ ਵਾਲਾ ਵਿਸ਼ਨੂੰ ਭਗਵਾਨ ਅੱਜ ਮਾਮੂਲੀ ਰਾਜੇ ਪਾਸੋਂ ਹਾਰ ਗਿਆ ਹੈ।

ਇਹ ਗੱਲ ਸੋਚ ਕੇ ਅਕਾਸ਼ ਬਾਣੀ ਦੁਆਰਾ ਕਿਹਾ-'ਤੂੰ ਕੋਈ ਚਿੰਤਾ ਨਾ ਕਰ ਹੌਂਸਲਾ ਰਖ, ਤੂੰ ਮੇਰਾ ਭੇਖ ਧਾਰਨ ਕੀਤਾ ਹੈ, ਇਸ ਤੇ ਮੈਂ ਤੇਰੀ ਆਪ ਹੀ ਆ ਕੇ ਲਾਜ ਰੱਖਾਂਗਾ। ਸੋ ਆਪਣੀ ਸ਼ਕਤੀ ਤਰਖਾਣ ਪੁੱਤਰ ਵਿਚ ਪਾ ਕੇ ਭਗਤ ਦੀ ਸ਼ਕਤੀ ਬਨਾਉਟੀ ਗਰੜ ਵਿਚ ਰਖ ਕੇ ਮੈਦਾਨਿ-ਜੰਗ ਵਿਚ ਉਸ ਰਾਜੇ ਨਾਲ ਮੁਕਾਬਲਾ ਕਰਕੇ ਉਸ ਨੂੰ ਜਿੱਤ ਕੇ ਉਸ ਰਾਜੇ ਦੇ ਅਧੀਨ ਕਰ ਦਿੱਤਾ, ਜਿਸ ਤੇ ਉਸ ਚੜ੍ਹਾਈ ਕਰਕੇ ਆਇਆ ਸੀ।

ਉਹ ਗੱਲ ਸਧਨਾ ਜੀ ਕਥਨ ਕਰਦੇ ਹਨ ਕਿ ਮਹਾਰਾਜ ! ਆਪ ਜੀ ਨੇ ਉਸ ਕਾਮੀ ਤੇ ਭੇਖਧਾਰੀ ਦੀ ਜਿਵੇਂ ਲਾਜ ਰੱਖੀ ਹੈ, ਮੈਂ ਵੀ ਤੁਹਾਡੇ ਭਗਤਾਂ ਦਾ ਭੇਖ ਧਾਰਨ ਕੀਤਾ ਹੈ। ਮੈਂ ਕੋਈ ਨਿਜ ਪ੍ਰਯੋਜਨੀ ਤੇ ਕਾਮੀ ਨਹੀਂ ਹਾਂ। ਇਸ ਤੇ ਆਪ ਜ਼ਰੂਰ-ਬਰ-ਜ਼ਰੂਰ ਮੇਰੀ ਵੀ ਲਾਜ ਰੱਖਣਾ ਕਰੋ।

ਇਸ ਗੱਲ ਨੂੰ ਕਵੀ ਸੰਤੋਖ ਸਿੰਘ ਜੀ ਨੇ ਵੀ ਦੂਜੀ ਰੁਤ ਦੇ ਅਖੀਰ ਤੇ ਕਥਨ ਕੀਤਾ ਹੈ-

*ਕਬਿੱਤ*-ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ; ਰਮਜੋ ਨਿਤ਼ ਪਾਪਨਿ ਮੋ ਮਿਲਜੋ ਕਬਿ ਧੀਰ ਨਾ।
ਧੀਰੰ ਨ ਧਰਤਿ ਕਾਮ ਲੰਪਟ ਕਠੋਰ ਕੂਰ, ਬੋਰਿਯੋ ਮੈਂ ਬਿਕਾਰਨ ਮੈ ਭਯੋ ਮਨ ਤੀਰ ਨਾ।
ਤੀਰ ਨਾ ਪਛਾਨਯੋ ਤੁਮੈਂ, ਦੂਰ ਕਰਿ ਜਾਣਯੋ ਪ੍ਰਭੂ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨ ਭਗਤ ਭੇਖਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ॥ ੪੪॥
*(ਗੁਰਪ੍ਰਤਾਪ ਸੂਰਜ , ਰੁਤ ੨ ਧਿਆ: ੫੦)*

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ-"ਹੇ ਸਧਨੇ ! ਕਰਮਾਂ ਦਾ ਫਲ ਅਮਿਟ ਹੈ। ਤੇਰੇ ਕਰਮ ਹੀ ਐਸੇ ਹਨ ਹੁਣ ਤੂੰ ਦੁਖਾਂ ਨੂੰ ਸੁਖ ਰੂਪ ਸਮਝ ਕੇ ਸਹਾਰ ਲੈ।" ਤਾਂ ਸਧਨੇ ਨੇ ਕਿਹਾ-

**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥**

ਹੇ ਸਾਰੇ ਸੰਸਾਰ ਦੇ ਗੁਰੂ ਭਗਵਾਨ ! ਤੇਰੀ ਉਪਾਸ਼ਨਾ ਕਰਨ ਦਾ ਸਾਨੂੰ ਫੇਰ ਕਹਾ ਗੁਨ=ਕੀ ਲਾਭ ਪ੍ਰਾਪਤ ਹੋਇਆ, ਜੇਕਰ ਸਾਡੇ ਪਿਛਲੇ ਲਿਖੇ ਹੋਏ ਕਰਮ ਹੀ ਨਾਸ ਨਾ ਹੋਏ।

**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ ੧॥ ਰਹਾਉ॥**

ਸਿੰਘ=ਸ਼ੇਰ ਦੀ ਸ਼ਰਨ ਵਿਚ ਹੀ ਕਿਸ ਵਾਸਤੇ ਜਾਣਾ ਹੈ, ਜੇਕਰ ਜੰਬੁਕੁ=ਗਿੱਦੜ ਨੇ ਹੀ ਗ੍ਰਾਸੈ=ਗ੍ਰਸ ਲੈਣਾ, ਭਾਵ ਖਾ ਜਾਣਾ ਹੈ।

ਤਾਂ ਭਗਵਾਨ ਨੇ ਕਿਹਾ, "ਹੁਣ ਤੂੰ ਦੁੱਖ ਸਹਾਰ ਲੈ, ਮੇਰਾ ਨਿਯਮ ਹੋਇਆ ਕਿ ਮੈਂ ਅੰਤ ਨੂੰ ਤੈਨੂੰ ਬੈਕੁੰਠ ਧਾਮ ਵਿਚ ਪਹੁੰਚਾ ਦਿਆਂਗਾ।"

ਇਹ ਗੱਲ ਸੁਣਕੇ ਸਧਨੇ ਨੇ ਕਿਹਾ-

**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥**

ਜਿਵੇਂ ਇਕ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਵਾਸਤੇ ਚਾਤ੍ਰਿਕ=ਪਪੀਹਾ ਦੁੱਖ ਪਾਉਂਦਾ ਹੈ।

**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥ ੨॥**

(ਤੜਫ-ਤੜਫ ਕੇ ਜਦ ਪਪੀਹੇ ਦੇ) ਸ੍ਵਾਸ ਨਿਕਲ ਗਏ, ਫਿਰ ਭਾਵੇਂ ਸ੍ਵਾਂਤੀ ਬੂੰਦਾਂ ਦਾ ਸਮੁੰਦਰ ਵੀ ਮਿਲ ਜਾਏ ਤਾਂ ਫੁਨਿ=ਫਿਰ ਉਸ ਦੇ ਕਿਸੇ ਕੰਮ ਨਹੀ ਆਉਂਦਾ ।

ਏਸੇ ਤਰ੍ਹਾਂ ਜੇ ਮੈਂ ਹੁਣ ਦੁੱਖ ਸਹਾਰਕੇ ਮਰ ਗਿਆ ਤਾਂ ਅੰਤ ਨੂੰ ਆਪ ਦਾ ਬੈਕੁੰਠ ਧਾਮ ਵਿਚ ਪਹੁੰਚਾਉਣਾ ਕਿਸੇ ਕੰਮ ਨਹੀਂ।

ਭਗਵਾਨ ਨੇ ਕਿਹਾ-"ਚੰਗਾ! ਮੈਂ ਤੇਰੀ ਸਹਾਇਤਾ ਕਰਦਾ ਹਾਂ, ਪਰ ਜ਼ਰਾ ਠਹਿਰ ਜਾ।" ਤਾਂ ਸਧਨੇ ਨੇ ਕਿਹਾ-

**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥**

(ਸਰੀਰ ਵਿਖੇ ਜੋ ਪ੍ਰਾਣ ਹਨ, ਉਹ ਤਾਂ) ਥਾਕੇ=ਮੁੱਕ ਚੱਲੇ ਹਨ। ਥਿਰ ਨਹੀਂ=ਇਸਥਿਤ ਨਹੀਂ ਰਹਿੰਦੇ, ਭਾਵ ਠਹਿਰਦੇ ਨਹੀਂ। ਆਪ ਮੈਨੂੰ ਕਿਵੇਂ ਬਿਰਮਾਵਉ=ਪਰਚਾਉਂਦੇ ਹੋ (ਕਿ ਠਹਿਰ ਜਾ)

**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥ ੩॥**

ਡੁਬ ਮੋਇਆਂ ਨੂੰ ਜੇ ਨਉਕਾ=ਬੇੜੀ ਮਿਲੇ ਤਾਂ ਕਹੋ ਖਾਂ ਕਿਸ ਨੂੰ ਉਤੇ ਚੜ੍ਹਾਵੋਗੇ?॥ ੩॥

ਇਥੋਂ ਤਕ ਸਧਨੇ ਨੇ ਤਰਕ ਸਹਿਤ ਬੇਨਤੀ ਕੀਤੀ, ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ, ਕਿ ਹੇ ਸਧਨੇ ! ਤੂੰ ਤਾਂ ਸ਼ਰੀਕਾਂ ਵਾਂਗ ਝਗੜਦਾ ਹੈਂ। ਇਹ ਗੱਲ ਸੁਣ ਕੇ ਅੱਗੋਂ ਨਿੰਮ੍ਰਤਾ ਨਾਲ ਬੇਨਤੀ ਕਰਦਾ ਹੈ-

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥**

ਮੈ ਨਾਹੀ=ਮੈਂ ਕੋਈ ਆਪਣੇ ਆਪ ਨੂੰ ਜਗਤ ਦਾ ਸੂਰਜ ਨਹੀਂ ਮੰਨਿਆਂ ਹੋਇਆ ਕਿ ਮੇਰੇ ਮਰਨ ਨਾਲ ਜਗਤ ਵਿਚ ਹਨੇਰਾ ਹੋ ਜਾਏਗਾ।

ਕਛੁ ਹਉ ਨਹੀ=ਦੇਹ ਵਿਚ ਭੀ ਮੇਰੀ ਕੁਛ ਹੰਗਤਾ ਨਹੀਂ (ਦੇਹ ਪੰਜਾਂ ਤੱਤਾਂ ਦੀ ਹੈ) ਅਤੇ ਨਾ ਹੀ ਮੇਰਾ ਕੁਝ ਪਦਾਰਥ ਹੈ।

*ਯਥਾ-* "ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ॥"

*(ਸਾਰਗ ਮਹਲਾ ੫, ਪੰਨਾ ੧੨੦੯)*

*ਤਥਾ-*"ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ॥
ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ॥ ੨॥" *(ਸਾਰਗ ਮਹਲਾ ੫, ਪੰਨਾ ੧੨੧੬)*

ਵਾ-ਨਾ ਹੀ ਮੇਰਾ ਕੋਈ ਪੁੱਤਰ, ਇਸਤਰੀ ਆਦਿ ਸਬੰਧੀ ਹੈ। ਸਭ ਤੋਂ ਉਦਾਸ ਹੋ ਕੇ ਮੈਂ ਬੇਨਤੀ ਕਰਦਾ ਹਾਂ, ਮੇਰਾ ਤਾਂ ਕੁਝ ਨਹੀਂ ਵਿਗੜਨਾ, ਪਰ ਆਪ ਜੀ ਦੀ ਭਗਤੀ ਵਿਚ ਲੋਕਾਂ ਨੇ ਤੁੱਛਤਾ ਸਮਝਣੀ ਹੈ। ਤਾਂ ਤੇ ਮੇਰੀ ਆਖਰੀ ਬੇਨਤੀ ਹੈ-

## ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥ ੧ ॥

ਇਸ ਅਉਸਰ=ਸਮੇਂ ਮੇਰੀ ਲਜਾ=ਪਤ-ਆਬਰੋ ਰੱਖ ਲੈਣਾ ਕਰੋ। ਮੈਂ ਸਧਨਾ ਜਨੁ ਤੋਰਾ=ਆਪ ਦਾ ਦਾਸ ਹਾਂ।

ਉਸੀ ਵੇਲੇ ਭਗਵਾਨ ਦੀ ਕਿਰਪਾ ਨਾਲ ਕਿਲ੍ਹੇ ਦੀ ਕੰਧ ਫਟ ਗਈ, ਕੰਧ ਦਾ ਇਕ ਪਾਸਾ ਬ੍ਰਾਹਮਣਾਂ ਤੇ ਜਾ ਪਿਆ, ਦੂਜਾ ਪਾਸਾ ਕਾਜ਼ੀਆਂ ਤੇ। ਦੋਨੋਂ ਵਿਰੋਧੀ ਮਰ ਗਏ। ਸਧਨਾ ਜਿਉਂ ਦਾ ਤਿਉਂ ਸੁਖ ਆਨੰਦ ਨਾਲ ਬਾਹਰ ਨਿਕਲ ਆਇਆ ॥ ੪ ॥ ੧ ॥

## ਬਿਲਾਵਲੁ ਰਾਗ ਸਮਾਪਤੰ

ਬਿਲਾਵਲੁ ਰਾਗ ਵਿਖੇ-

੧੨ ਸ਼ਬਦ ਕਬੀਰ ਜੀ ਦੇ ਹਨ।
੧ ਸ਼ਬਦ ਨਾਮਦੇਵ ਜੀ ਦਾ ਹੈ।
੨ ਸ਼ਬਦ ਰਵਿਦਾਸ ਜੀ ਦੇ ਹਨ।
੧ ਸ਼ਬਦ ਸਧਨੇ ਜੀ ਦਾ ਹੈ।
ਕੁਲ ੧੬ ਸ਼ਬਦ ਹਨ।

# ਰਾਗ ਗੋਂਡ

[ਪੰਨਾ ੮੫੯]

## ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

## ਰਾਗੁ ਗੋਂਡ* ਚਉਪਦੇ ਮਹਲਾ ੪ ਘਰੁ ੧॥

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ**
**ਤਾ ਮਨਚਿੰਦੇ ਅਨੇਕ ਅਨੇਕ ਫਲ ਪਾਈ॥**

ਹੇ ਮਨਿ=ਪਿਆਰੇ! ਜੇਕਰ ਚਿੱਤ ਵਿਚ ਹਰੀ ਦੇ ਉੱਪਰ ਹੀ ਆਸ=ਉਮੈਦ ਰੱਖੇਂ ਤਾਂ ਮਨਚਿੰਦੇ=ਮਨਇੱਛਤ ਅਨੇਕ ਤਰ੍ਹਾਂ ਦੇ ਅਨੇਕਾਂ ਹੀ ਫਲ ਪਾ ਲਵੇਂਗਾ।

**ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ**
**ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥**

ਜੋ ਕੁਝ ਭੀ ਜੀਇ=ਦਿਲ ਵਿਚ ਵਰਤਦਾ ਹੈ ਹਰੀ ਸਭ ਕੁਝ ਜਾਣਦਾ ਹੈ, ਕਿਸੇ ਦਾ ਘਾਲਿਆ=ਕਮਾਇਆ ਹੋਇਆ ਕਰਮ ਪ੍ਰਭੂ ਇਕ ਮਾਤ੍ਰ ਭੀ ਨਹੀਂ ਗਵਾਉਂਦਾ ।

---

**ਇਹ ਇਕ ਖਾੜਵ ਜ਼ਾਤੀ ਸੰਕੀਰਨ ਰਾਗ ਹੈ, ਜੋ ਧਨਾਸਰੀ, ਮਲਾਰ ਤੇ ਬਿਲਾਵਲ ਦੇ ਮੇਲ ਤੋਂ ਬਣਦਾ ਹੈ। ਦਿਨ ਦੇ ਤੀਜੇ ਪਹਿਰ ਗਾਈਦਾ ਹੈ ਪਰ, ਬਰਸਾਤ ਵਿਚ ਹਰ ਵੇਲੇ। 'ਸੁਰਤਾਲ ਸਮੂਹ' ਰਾਧਾ ਗੋਬਿੰਦ ਸੰਗੀਤ ਸਾਰ, ਤੇ ਰਾਗ ਮਾਲਾ ਵਿਚ ਇਸਨੂੰ ਸ੍ਰੀ ਰਾਗ ਦਾ ਪੁੱਤਰ ਲਿਖਿਆ ਹੈ।*

*ਯਥਾ:- "ਸਾਲੂ ਸਾਰਗ ਸਾਗਰਾ ਅਉਰ 'ਗੋਂਡ' ਗੰਭੀਰ॥*
*ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥ ੧॥" (ਪੰਨਾ ੧੪੩੦)*
*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਸਤਾਰ੍ਹਵਾਂ ਨੰਬਰ ਹੈ।*

**ਹਰਿ ਤਿਸ ਕੀ ਆਸ ਕੀਜੈ ਮਨ ਮੇਰੇ**
**ਜੋ ਸਭ ਮਹਿ ਸੁਆਮੀ ਰਹਿਆ ਸਮਾਈ॥ ੧ ॥**

ਹੇ ਮੇਰੇ ਮਨ=ਪਿਆਰੇ ! ਤੂੰ ਉਸ ਹਰੀ ਦੀ ਆਸਾ ਕਰ ਜੋ ਸੁਆਮੀ ਸਾਰਿਆਂ ਵਿਚ ਸਮਾਈ ਕਰ ਰਿਹਾ ਹੈ।

**ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥**

ਹੇ ਮੇਰੇ ਮਨ ! ਜਗਤ ਦੇ ਈਸ਼ਵਰ ਸੁਆਮੀ ਦੀ ਆਸਾ ਕਰ।

**ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ**
**ਸਾ ਨਿਹਫਲ ਆਸ ਸਭ ਬਿਰਥੀ ਜਾਈ॥ ੧ ॥ ਰਹਾਉ॥**

ਜੋ ਹਰੀ ਤੋਂ ਬਿਨਾਂ ਕਿਸੇ ਹੋਰ ਦੀ ਆਸਾ ਕਰਨੀ ਹੈ, ਉਹ. ਨਿਹਫਲ=ਨਿਕੰਮੀ ਆਸਾ ਸਾਰੀ ਬਿਰਥੀ=ਖਾਲੀ ਜਾਂਦੀ ਹੈ॥ ੧ ॥ ਰਹਾਉ॥

**ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ**
**ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥**

ਮਾਇਆ ਦੇ ਮੋਹ ਵਾਲਾ ਜੋ ਸਾਰਾ ਕੁਟੰਬ ਦਿਸਦਾ ਹੈ; ਮਤ=ਮਤਾਂ ਉਸ ਦੀ ਆਸਾ ਵਿਚ ਲਗ ਕੇ, ਮਨੁੱਖ ਜਨਮ ਨੂੰ ਨਿਸਫਲ ਗੁਆ ਲਵੇ।

**ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ**
**ਇਨ੍ ਕਾ ਵਾਹਿਆ ਕਛੁ ਨ ਵਸਾਈ॥**

ਇਨ੍ਹਾਂ ਦੇ ਹੱਥ ਵਿਚ ਕੁਝ ਭੀ ਨਹੀ ਹੈ, ਇਹ ਵਿਚਾਰੇ ਕੀ ਕਰਨਗੇ, ਇਨ੍ਹਾਂ ਦਾ ਕੁਝ ਵੱਸ ਵਾਹਿਆ ਨ=ਚਲਦਾ ਨਹੀਂ ਹੈ।

**ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ**
**ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ॥ ੨ ॥**

ਹੇ ਮੇਰੇ ਮਨ ! ਆਪਣੇ ਪ੍ਰੀਤਮ ਹਰੀ ਦੀ ਆਸਾ ਕਰ, ਜੋ ਤੈਨੂੰ ਤਾਰੇਗਾ, ਅਤੇ ਤੇਰਾ ਸਾਰਾ ਕੁਟੰਬ ਦੁੱਖਾਂ ਤੋਂ ਛਡਾ ਲਏਗਾ ॥ ੨ ॥

**ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ,**
**ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥**

ਜੇ ਕੁਝ ਪਰਮਿਤ੍ਰੀ=ਮਾਇਆ ਦੀ, ਯਾਂ ਦੇਵੀ ਦੇਵਤਿਆਂ ਦੀ,

*ਅਥਵਾ:*-ਪਰਮਿਤ੍ਰੀ=ਪਰਾਏ ਮਿੱਤਰਾਂ ਦੀ ਹੋਰ ਆਸਾ ਕਰੇਂਗਾ, ਤਾਂ ਮਤਾਂ ਤੂੰ ਜਾਣੀ ਕਿ ਇਹ ਤੇਰੇ ਕਿਸੇ ਕੰਮ ਵਿਚ ਆਉਣਗੇ।

ਅਰਥਾਤ ਇਹ ਤੇਰੇ ਕਿਸੇ ਕੰਮ ਨਹੀਂ ਆਉਣਗੇ।

**ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ**
**ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥**

ਇਹ ਜੋ ਪਰਮਿਤ੍ਰੀ=ਮਾਇਆ ਦੀ ਆਸਾ ਹੈ ਇਹੋ ਦ੍ਵੈਤ-ਭਾਵ ਹੈ, ਮਾਂਇਆ ਰਚਤ ਝੂਠੇ ਪਦਾਰਥ ਇਕ ਖਿਨ ਵਿਚ ਸਾਰੇ ਬਿਨਸ ਜਾਣ ਵਾਲੇ ਹਨ।

**ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ**
**ਜੋ ਤੇਰਾ ਘਾਲਿਆ ਸਭੁ ਥਾਇ ਪਾਈ॥ ੩ ॥**

ਹੇ ਮੇਰੇ ਮਨ ! ਸੱਚੇ ਪ੍ਰੀਤਮ ਹਰੀ ਦੀ ਆਸਾ ਕਰ, ਜੋ ਤੇਰਾ ਘਾਲਿਆ=ਕਮਾਇਆ (ਕੀਤਾ) ਹੋਇਆ ਕਰਮ ਸਭ ਥਾਂ ਪਾਵੇਗਾ॥ ੩ ॥

**ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ**
**ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ॥**

ਹੇ ਮੇਰੇ ਸੁਆਮੀ ! ਲੋਕ ਪ੍ਰਲੋਕ ਦੇ ਪਦਾਰਥਾਂ ਦੀ ਆਸਾ ਤੇ ਮਨਸਾ, ਜਾਂ ਮਨਸਾ=ਬੁੱਧੀ ਦੀ ਆਸਾ ਸਭ ਤੇਰੀ ਬਣਾਈ ਹੋਈ ਹੈ, ਜੇਹੋ-ਜੇਹੀ ਤੂੰ ਆਸ ਕਰਾਉਂਦਾ ਹੈਂ, ਤੇਹੋ ਜੇਹੀ ਕੋਈ ਆਸ ਕਰਦਾ ਹੈ।

[ਪੰਨਾ ੮੬੦]

**ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ**
**ਐਸੀ ਮੇਰੈ ਸਤਿਗੁਰਿ ਬੂਝ ਬੁਝਾਈ॥**

ਹੇ ਮੇਰੇ ਸੁਆਮੀ ! ਕਿਸੇ ਦੇ ਹੱਥ ਵਿਚ ਕੁਝ ਭੀ ਨਹੀਂ ਹੈ, ਮੇਰੇ ਸਤਿਗੁਰਾਂ ਨੇ ਮੈਨੂੰ ਅਜੇਹੀ ਸਮਝ (ਸਿਖਿਆ) ਸਮਝਾਈ ਹੈ।

**ਜਨ ਨਾਨਕ ਕੀ ਆਸ ਤੂ ਜਾਣਹਿ**
**ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ॥ ੪ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਦਾਸ ਦੀ ਆਸਾ ਨੂੰ ਤੂੰ ਹੀ ਜਾਣਦਾ ਹੈਂ ਹਰਿ ਦਰਸਨਿ=ਤਮਾਮ ਦਰਸ਼ਨਾਂ ਵਿੱਚੋਂ ਹੇ ਹਰੀ !

ਆਪ ਜੀ ਦਾ ਦਰਸ਼ਨ ਵੇਖ ਕੇ ਤ੍ਰਿਪਤ ਹੁੰਦਾ ਹਾਂ। ਜਾਂ ਹੇ ਹਰੀ ! ਆਪਣਾ ਦਰਸ਼ਨ ਦਿਓ ਜੋ ਹਰਿ=ਤਮਾਮ ਦਰਸ਼ਨਾਂ ਦੇ ਦੇਖਣ ਵਲੋਂ ਮਨ ਤ੍ਰਿਪਤ ਹੋਵੇ॥ ੪ ॥ ੧ ॥

**ਗੋਂਡ ਮਹਲਾ ੪ ॥**

**ਐਸਾ ਹਰਿ ਸੇਵੀਐ ਨਿਤ ਧਿਆਈਐ ਜੋ**
**ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ॥**

ਅਜਿਹੇ ਹਰੀ ਨੂੰ ਸੇਵਨਾ ਕਰੀਏ ਤੇ ਨਿਤਾਪ੍ਰਤੀ ਧਿਆਉਣਾ ਕਰੀਏ, ਜੋ ਇਕ ਛਿਨ ਵਿਚ ਸਾਰਿਆਂ

ਕਿਲਵਿਖ=ਪਾਪਾਂ ਦਾ ਨਾਸ ਕਰਦਾ ਹੈ।

**ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ**
**ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥**

ਜੇਕਰ ਹਰੀ ਨੂੰ ਤਿਆਗ ਕੇ ਅਵਰ=ਹੋਰ ਦੀ ਆਸਾ ਕਰੀਏ, ਤਾਂ ਹਰੀ ਸਾਰੀ ਘਾਲ=ਕਮਾਈ ਨੂੰ ਨਿਸਫਲ ਗੁਆ ਦੇਂਦਾ ਹੈ।

**ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ**
**ਜਿਸੁ ਸੇਵਿਐ ਸਭ ਭੁਖ ਲਹਾਸਾ ॥ ੧ ॥**

ਹੇ ਮੇਰੇ ਮਨ ! ਸੁਖ ਦਾਤੇ ਸੁਆਮੀ ਨੂੰ ਸੇਵਨਾ ਕਰੋ, ਜਿਸ ਨੂੰ ਸੇਵਨੇ ਕਰਕੇ ਸਾਰੀ ਭੁਖ ਲਹਿ ਜਾਂਦੀ ਹੈ ॥ ੧ ॥

**ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ ॥**

ਹੇ ਮੇਰੇ ਮਨ ! ਤੂੰ ਹਰੀ ਦੇ ਉੱਪਰ ਭਰੋਸਾ ਕਰ।

**ਜਹ ਜਾਈਐ ਤਹ ਨਾਲਿ ਮੇਰਾ ਸੁਆਮੀ**
**ਹਰਿ ਅਪਨੀ ਪੈਜ ਰਖੈ ਜਨ ਦਾਸਾ ॥ ੧ ॥ ਰਹਾਉ ॥**

ਜਿਥੇ ਜਾਈਦਾ ਹੈ ਓਥੇ ਹੀ ਮੇਰਾ ਸੁਆਮੀ ਨਾਲ ਹੈ, ਹਰੀ ਆਪਣਿਆਂ ਦਾਸਾਂ ਜਨਾਂ ਦੀ ਆਪ ਹੀ ਪਤ-ਆਬਰੋ ਰੱਖਦਾ ਹੈ ॥ ੧ ॥ ਰਹਾਉ ॥

**ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ**
**ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥**

ਜੇਕਰ ਆਪਣੀ ਬਿਰਥਾ=ਪੀੜਾ ਹੋਰਨਾਂ ਪਾਸ ਕਹੀਏ, ਤਾਂ ਅੱਗੋਂ
ਉਹ ਪੁਰਸ਼ ਆਪਣੀ ਬਿਰਥਾ=ਪੀੜਾ ਬਹੁਤ ਤੋਂ ਬਹੁਤ ਕੱਢਕੇ ਦਸਦਾ ਹੈ। ਇਸ ਲਈ-

**ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ**
**ਜੋ ਤੁਮ੍ਰੇ ਦੂਖ ਤਤਕਾਲ ਕਟਾਸਾ ॥**

ਆਪਣੀ ਬਿਰਥਾ=ਪੀੜਾ ਆਪਣੇ ਸੁਆਮੀ ਹਰੀ ਕੋਲ ਹੀ ਆਖੋ, ਜੋ ਤੁਹਾਡੇ ਦੁੱਖਾਂ ਨੂੰ ਤਤਕਾਲ=ਸ਼ੀਘਰ (ਝਟਪਟ) ਕੱਟ ਦੇਵੇਗਾ।

**ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ**
**ਅਵਰਾ ਪਹਿ ਕਹਿ ਮਨ ਲਾਜ ਮਰਾਸਾ ॥ ੨ ॥**

ਅਜਿਹੇ ਪ੍ਰਭੂ ਨੂੰ ਛੱਡ ਕੇ ਆਪਣੀ ਬਿਰਥਾ ਦਾ ਜਿਹੜਾ ਹੋਰਨਾਂ ਪਾਸ ਕਹਿਣਾ ਹੈ ਇਹ ਠੀਕ ਨਹੀਂ, ਕਿਉਂਕਿ ਹੋਰਨਾਂ ਪਾਸ ਕਹਿੰਦਿਆਂ ਹੀ, ਮਨ ਸ਼ਰਮ ਵਿਚ ਮਰਦਾ ਹੈ ॥ ੨ ॥

## ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥

ਹੇ ਮੇਰੇ ਮਨ ! ਸੰਸਾਰ ਦੇ ਵਿਚ ਜੋ ਭੀ ਕੁਟੰਬੀ, ਮਿੱਤਰ ਤੇ ਭਰਾ ਦਿਸ ਰਹੇ ਹਨ, ਉਹ ਸਾਰੇ ਆਪਣੇ ਸੁਆਇ=ਪ੍ਰਯੋਜਨ (ਮਤਲਬ) ਵਿਚ ਮਿਲੇ ਹੋਏ ਹਨ। ਜਾਂ ਉਹ ਆਪਣੇ ਮਤਲਬ ਵਾਸਤੇ ਆ ਕੇ ਮਿਲਦੇ ਹਨ।

## ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥

ਜਿਸ ਦਿਨ ਉਨ੍ਹਾਂ ਦਾ ਸੁਆਉ=ਮਤਲਬ ਪੂਰਾ ਨਹੀਂ ਹੋ ਆਉਂਦਾ, ਉਸ ਦਿਨ ਕੋਈ ਭੀ ਨੇੜੇ ਨਹੀਂ ਢੁਕਦਾ।

## ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ॥ ੩॥

ਹੇ ਮੇਰੇ ਮਨ ! ਦਿਨ ਰਾਤ ਆਪਣੇ ਹਰੀ ਨੂੰ ਸੇਵਨਾ ਕਰ, ਜੋ ਦੁੱਖ ਸੁਖ ਵੇਲੇ ਤੇਰੇ ਪਾਸ ਉਪਕਰੈ=ਬਹੁੜੇਗਾ ਭਾਵ ਪਹੁੰਚੇਗਾ। *ਅਥਵਾ*:-ਜੋ ਤੈਨੂੰ ਦੁੱਖਾਂ ਦੇ ਉੱਪਰ ਕਰਕੇ ਸੁਖਾਸਾ=ਸੁਖੀ ਕਰੇਗਾ॥ ੩॥

## ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ॥

ਹੇ ਮੇਰੇ ਮਨ ! ਤੂੰ ਉਸ ਦਾ ਭਰਵਾਸਾ=ਭਰੋਸਾ ਕਿਉਂ ਕਰਦਾ ਹੈਂ, ਜੋ ਅੰਤ ਦੇ ਅਉਸਰਿ=ਸਮੇਂ ਵਿਚ ਤੈਨੂੰ ਰੱਖ ਹੀ ਨਹੀਂ ਸਕਦਾ।

## ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥

ਮੰਤ੍ਰਾਂ ਵਿੱਚੋਂ ਗੁਰ-ਉਪਦੇਸ਼ ਨੂੰ ਲੈ ਕੇ ਹਰੀ ਜਪ ਨੂੰ ਜਪਣਾ ਕਰੋ, ਜਾਂ ਹਰੀ ਨਾਮ ਮੰਤ੍ਰ ਹੈ ਇਸ ਜਪ ਨੂੰ ਗੁਰ-ਉਪਦੇਸ਼ ਲੈ ਕੇ ਜਪੋ। ਜਿਨ੍ਹਾਂ ਨੇ ਪ੍ਰੀਤੀ ਨਾਲ ਹਰੀ ਨਾਮ ਮੰਤ੍ਰ ਨੂੰ ਚਿਤਾਸਾ=ਚਿਤਾਰਨਾ ਕੀਤਾ ਹੈ ਉਨ੍ਹਾਂ ਨੂੰ ਅੰਤ ਸਮੇਂ ਛਡਾ ਲੈਂਦਾ ਹੈ।

## ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਸੰਤੋ ! ਰਾਤ ਦਿਨ ਹਰੀ ਨਾਮ ਨੂੰ ਜਪਣਾ ਕਰੋ, ਸਮਾਂ ਤੋਂ ਛੁੱਟਣ ਦਾ ਏਹੋ ਸੱਚਾ ਭਰੋਸਾ ਹੈ॥ ੪ ॥

## ਗੋਂਡ ਮਹਲਾ ੪॥

## ਹਰਿ ਸਿਮਰਤ ਸਦਾ ਹੋਇ ਅਨੰਦੁ

## ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥

ਹਰੀ ਦੇ ਸਿਮਰਨ ਕਰਦਿਆਂ ਸਦਾ ਹੀ ਅਨੰਦ ਹੁੰਦਾ ਹੈ, ਹਿਰਦੇ ਅੰਦਰ ਸ਼ਾਂਤੀ ਸੁਖ ਅਤੇ ਆਪਣਾ ਮਨ ਸੀਤਲ ਹੋ ਜਾਂਦਾ ਹੈ। ਜਾਂ ਆਪਣੇ ਮਨ ਅੰਦਰ ਸੀਤਲ ਕਰਨ ਵਾਲਾ ਸ਼ਾਂਤੀ ਸੁਖ ਹੁੰਦਾ ਹੈ।

## ਜੈਸੇ ਸਕਤਿ ਸੂਰੁ ਬਹੁ ਜਲਤਾ
## ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥ ੧ ॥

ਜਿਸ ਤਰ੍ਹਾਂ ਸੂਰਜ ਦੇ ਤੇਜ਼ ਕਰਕੇ ਸਕਤਿ =ਰੇਤਾ ਬਹੁਤ ਤਪਦਾ ਹੈ, ਪਰ ਸਸਿ= ਚੰਦ੍ਰਮਾ ਦੇ ਵੇਖਦਿਆਂ ਸਾਰ ਉਸ ਦੀ ਤਪੁਸ਼ਤਾ ਲਹਿ ਜਾਂਦੀ ਹੈ ।

ਇਸੇ ਤਰ੍ਹਾਂ ਅਗਿਅਨ ਰੂਪ ਸੂਰਜ ਦੇ ਤੇਜ਼ ਕਰਕੇ ਅੰਤਹਕਰਨ ਰੂਪੀ ਰੇਤਾ ਬਹੁਤ ਹੀ ਜਲਤਾ= ਸੜ ਰਿਹਾ ਹੈ, ਪਰ ਗੁਰੂ ਰੂਪੀ ਚੰਦ੍ਰਮਾਂ ਦੇ ਦਰਸ਼ਨ ਕਰਨ ਨਾਲ ਹੀ ਸਾਰੀ ਤਪਸ਼ਤਾ ਲਹਿ ਜਾਂਦੀ ਹੈ ਤੇ ਅੰਤਹਕਰਨ ਸੀਤਲ ਹੋ ਜਾਂਦਾ ਹੈ ॥ ੧ ॥

## ਮੇਰੇ ਮਨ ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥

ਹੇ ਮੇਰੇ ਮਨ ! ਰਾਤ ਦਿਨ ਆਪਣੇ ਜੋਗ ਹਰੀ ਨਾਮ ਨੂੰ ਧਿਆਉਣਾ ਕਰ ।

## ਜਹਾ ਕਹਾ ਤੁਝੁ ਰਾਖੈ ਸਭ ਠਾਈ
## ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥ ੧ ॥ ਰਹਾਉ ॥

ਜਹਾ ਕਹਾ=ਜਿੱਥੇ ਕਿਥੇ ਸਭ ਜਗ੍ਹਾ ਪਰ ਤੈਨੂੰ ਰੱਖੇਗਾ, ਸੋ ਅਜਿਹੇ ਪ੍ਰਭੂ ਨੂੰ ਤੂੰ ਸਦਾ ਆਪਣਾ ਜਾਣਕੇ ਸੇਵਨਾ ਕਰ ਭਾਵ ਸਿਮਰਨਾ ਕਰ ॥ ੧ ॥ ਰਹਾਉ ॥

## ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ
## ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥

ਹੇ ਮੇਰੇ ਮਨ ! ਜਿਸ ਵਿਚ ਸਾਰੇ ਨਿਧਾਨ=ਖਜ਼ਾਨੇ ਹਨ, ਉਸ ਹਰੀ ਨਾਮ ਨੂੰ ਜਪ, ਗੁਰਮੁਖਿ=ਮੁਖੀ ਗੁਰਾਂ ਦੁਆਰੇ ਰਤਨਾ=ਅਮੋਲਕ ਹਰੀ ਨੂੰ ਖੋਜ ਲਹਹੁ=ਲੈਣਾ ਕਰ ।

## ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ
## ਤਿਨ ਕੇ ਚਰਣ ਮਲਹੁ ਹਰਿ ਦਸਨਾ ॥ ੨ ॥

ਜਿਨ੍ਹਾਂ ਨੇ ਹਰੀ ਨਾਮ ਧਿਆਇਆ ਹੈ ਉਨ੍ਹਾਂ ਨੇ ਮੇਰੇ ਸੁਆਮੀ ਹਰੀ ਨੂੰ ਪਾਇਆ ਹੈ ਉਨ੍ਹਾਂ ਨੇ ਮੇਰੇ ਸੁਆਮੀ ਹਰੀ ਨੂੰ ਪਾਇਆ ਹੈ, ਉਨ੍ਹਾਂ ਹਰੀ ਦੇ ਦਾਸਾਂ ਦੇ ਚਰਨ ਮਲਹੁ=ਝੱਸਣਾ ਕਰੋ।

ਵਾ:-ਜੋ ਹਰੀ ਦਾ ਰਸਤਾ ਦਸਨਾ=ਦੱਸਣ ਵਾਲੇ ਹਨ ਉਨ੍ਹਾਂ ਦੇ ਚਰਨ ਝੱਸਣਾ ਕਰੋ।

## ਸਬਦੁ ਪਛਾਨਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥

ਗੁਰ-ਉਪਦੇਸ਼ ਨੂੰ ਪਛਾਣ ਕੇ ਰਾਮ-ਰਸ ਨੂੰ ਪਾਉਣਾ ਕਰੋ, ਜਿਸ ਨੇ ਪਾਇਆ ਹੈ-ਉਹ ਉੱਤਮ ਪੁਰਸ਼

ਵੱਡਿਆਂ ਤੋਂ ਵੱਡਾ ਸੰਤ ਹੋਇਆ ਹੈ।

**ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ**
**ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ॥ ੩ ॥**

ਉਸ ਸੰਤ ਜਨ ਦੀ ਵਡਿਆਈ ਹਰੀ ਨੇ ਆਪੇ ਵਧਾਈ ਹੈ, ਉਹ ਕਿਸੇ ਦੀ ਘਟਾਈ ਹੋਈ ਇਕ ਤਿਲ ਮਾਤ੍ਰ ਭੀ ਮਨ, ਬਾਣੀ ਸਰੀਰ ਕਰਕੇ, ਜਾਂ ਤਿੰਨਾਂ ਸਮਿਆਂ ਵਿਚ ਘਟਦੀ ਨਹੀਂ ਹੈ। ਜਾਂ ਇਕ ਤਿਲ ਮਾਤ੍ਰ ਕਿਸੇ ਦੀ ਤਿਲਕਾਈ ਹੋਈ ਤਿਲਕਦੀ ਨਹੀਂ ਹੈ॥ ੩॥

[ਪੰਨਾ ੮੬੧]

**ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ॥**

ਹੇ ਮੇਰੇ ਮਨ! ਜਿਸ ਕਰਕੇ ਤੂੰ ਸੁਖ ਪਾਵੇਂਗਾ, ਉਸ ਹਰੀ ਨੂੰ ਨਿਤ ਹੀ ਕਰ ਜੁਰਨਾ=ਹੱਥ ਜੋੜਕੇ ਸਦੀਵਕਾਲ ਧਿਆਉਣਾ ਕਰ।

**ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ**
**ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ॥ ੪ ॥ ੩ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ! ਦਾਸ ਨੂੰ ਇਕ ਏਹੋ ਦਾਨ ਦੇਣਾ ਕਰੋ ਕਿ ਨਿਤਾਪ੍ਰਤੀ ਮੇਰੇ ਹਿਰਦੇ ਵਿਚ ਹੇ ਹਰੀ! ਆਪ ਜੀ ਦੇ ਚਰਨ ਵਸਦੇ ਰਹਿਣ ॥ ੪॥ ੩॥

**ਗੋਂਡ ਮਹਲਾ ੪ ॥ ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ**
**ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥**

ਜਿੰਨੇ ਕੁ ਸ਼ਾਹ, ਪਾਤਿਸ਼ਾਹ, ਉਮਰਾਵ, ਸਿਕਦਾਰ=ਥਾਨੇਦਾਰ, ਤੇ ਚੌਧਰੀ ਹਨ, ਇਹ ਸਾਰੇ ਮਿਥਿਆ ਹਨ, ਜੋ ਝੂਠ ਬੋਲਣਾ ਤੇ ਦ੍ਵੈਤ ਭਾਵ ਨੂੰ ਜਾਣਦੇ ਹਨ।

**ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ॥ ੧ ॥**

ਜੋ ਹਰੀ ਅਬਿਨਾਸੀ=ਨਾਸ ਤੋਂ ਰਹਿਤ ਸਦਾ ਅਚੱਲ ਤੋਂ ਅਚੱਲ ਹੈ, ਜਾਂ ਨਿਸਚਲ ਪਹਾੜ ਵਾਂਗ ਥਿਰ ਰੂਪ ਹੈ, ਹੇ ਮੇਰੇ ਮਨ! ਉਸ ਹਰੀ ਨੂੰ ਸਥਿਰ ਮਨ ਹੋ ਕੇ ਭਜ, ਤਦ ਤੂੰ ਪ੍ਰਮਾਨੀਕ ਹੋਵੇਂਗਾ॥ ੧॥

**ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ॥**

ਹੇ ਮੇਰੇ ਮਨ! ਹਰੀ ਨਾਮ ਨੂੰ ਸਦਾ ਭਜਨਾ ਕਰ ਜੋ ਲੋਕ ਪ੍ਰਲੋਕ ਦਾ ਸਦਾ ਦੀਬਾਣੁ=ਆਸਰਾ ਰੂਪ ਹੈ।

**ਜੋ ਹਰਿ ਮਹਲੁ ਪਾਵੈ ਗੁਰ ਬਚਨੀ**
**ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ॥ ੧ ॥ ਰਹਾਉ ॥**

ਜੋ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਮਹਲੁ=ਸਰੂਪ ਨੂੰ ਪਾਉਂਦਾ ਹੈ, ਉਸ ਜੇਡਾ ਹੋਰ ਕਿਸੇ ਦਾ ਤਾਣੁ=ਬਲ ਨਹੀਂ ਹੈ। ਅਰਥਾਤ ਉਸ ਪੁਰਸ਼ ਦੇ ਵਿਚ ਸਭ ਤੋਂ ਬਹੁਤਾ ਜ਼ੋਰ ਹੈ॥ ੧॥ ਰਹਾਉ॥

**ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ**
**ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥**

ਹੇ ਮੇਰੇ ਮਨ ! ਜਿੰਨੇ ਭੀ ਧਨਵੰਤ=ਧਨ ਵਾਲੇ, ਕੁਲਵੰਤ=ਉੱਚੀ ਕੁਲ ਵਾਲੇ ਤੇ ਮਿਲਖਵੰਤ=ਜਗੀਰਾਂ ਵਾਲੇ ਦਿਸਦੇ ਹਨ, ਉਹ ਸਾਰੇ ਇਸ ਤਰ੍ਹਾਂ ਨਾਸ ਹੋ ਜਾਣ ਵਾਲੇ ਹਨ, ਜਿਵੇਂ ਕਸੁੰਭੇ ਦਾ ਰੰਗ।

ਕਚਾਣੁ=ਕੱਚਾ ਹੁੰਦਾ ਹੈ, ਪਾਣੀ ਦੀ ਬੂੰਦ ਪੈਣ ਨਾਲ ਉਸ ਦਾ ਰੰਗ ਨਸ਼ਟ ਹੋ ਜਾਂਦਾ ਹੈ।

**ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ**
**ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥ ੨ ॥**

ਹੇ ਮੇਰੇ ਮਨ ! ਤੂੰ ਸਦੀਵ ਕਾਲ ਸੱਚੇ ਹਰੀ ਨਿਰੰਜਨ ਨੂੰ ਸੇਵਨਾ ਕਰ। ਜਿਸ ਕਰਕੇ ਤੂੰ ਹਰੀ ਦਾ ਦਰਗਾਹ ਵਿਚ ਮਾਣੁ=ਆਦਰ ਪਾਵੇਂਗਾ ॥ ੨ ॥

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ**
**ਜੋ ਹਰਿ ਧਿਆਵੈ ਸੋ ਪਰਧਾਨੁ ॥**

ਬ੍ਰਾਹਮਣ, ਖੱਤ੍ਰੀ, ਸ਼ੂਦਰ ਤੇ ਵੈਸ਼, ਇਹ ਚਾਰੇ ਵਰਨ ਹਨ, (ਗ੍ਰਿਹਿਸਤੀ, ਬਾਨ ਪ੍ਰਸਤੀ, ਸੰਨਿਆਸੀ ਤੇ ਬ੍ਰਹਮਚਾਰੀ ਇਹ) ਚਾਰ ਆਸ਼ਰਮ ਹਨ, ਇਨ੍ਹਾਂ ਵਿੱਚੋਂ ਜੋ ਭੀ ਹਰੀ ਨੂੰ ਧਿਆਉਂਦਾ ਹੈ, ਓਹੀ ਪਰਧਾਨੁ=ਮੁਖੀ ਹੁੰਦਾ ਹੈ।

**ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ**
**ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥ ੩ ॥**

ਜਿਵੇਂ ਚੰਦਨ ਦੇ ਪਾਸ ਵਿਚਾਰਾ ਅਰਿੰਡ ਵਸਦਾ ਹੋਇਆ ਚੰਦਨ ਰੂਪ ਹੋ ਜਾਂਦਾ ਹੈ, ਤਿਵੇਂ ਸਤਸੰਗਤ ਨਾਲ ਮਿਲ ਕੇ ਪਾਪੀ ਭੀ ਪ੍ਰਮਾਨੀਕ ਹੋ ਜਾਂਦਾ ਹੈ ॥ ੩ ॥

**ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥**

ਜਿਸ ਦੇ ਹਿਰਦੇ ਵਿਚ ਭਗਵਾਨ ਆਪ ਵਸਿਆ ਹੈ, ਉਹ ਪੁਰਸ਼ ਸਾਰਿਆਂ ਤੋਂ ਉੱਚਾ ਹੈ ਅਤੇ ਸਾਰਿਆਂ ਤੋਂ ਸੂਚਾ=ਪਵਿੱਤਰ ਹੈ।

**ਜਨ ਨਾਨਕੁ ਤਿਸ ਕੇ ਚਰਨ ਪਖਾਲੈ**
**ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥ ੪ ॥ ੪ ॥**

ਗੁਰੂ ਜੀ ਕਥਨ ਕਰਦੇ ਹਨ-ਜੋ ਨੀਚ ਜ਼ਾਤੀ ਵਿੱਚੋਂ ਭੀ ਹਰੀ ਦਾ ਸੇਵਕ ਜਨ ਹੋ ਗਿਆ ਹੈ ਮੈਂ ਜਨ ਉਸ ਦੇ ਚਰਨਾਂ ਨੂੰ ਪਖਾਲੈ=ਧੋਂਦਾ ਹਾਂ ॥ ੪ ॥ ੪ ॥

**ਗੋਂਡ ਮਹਲਾ ੪ ॥**

**ਹਰਿ ਅੰਤਰਜਾਮੀ ਸਭਤੈ ਵਰਤੈ ਜੇਹਾ ਹਰਿ ਕਰਾਏ ਤੇਹਾ ਕੋ ਕਰਈਐ ॥**

ਅੰਤਰਜਾਮੀ ਹਰੀ ਸਭਨਾਂ ਵਿਚ ਵਰਤ ਰਿਹਾ ਹੈ, ਜੇਹੋ ਜਿਹਾ ਕੰਮ ਹਰੀ ਕਰਵਾਉਂਦਾ ਹੈ ਤੇਹੋ ਜੇਹਾ ਕੋਈ ਕਰਦਾ ਹੈ।

**ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ ਜੋ ਤੁਧਨੋ ਸਭ ਦੂ ਰਖਿ ਲਈਐ ॥ ੧ ॥**

ਹੇ ਮੇਰੇ ਮਨ ! ਅਜਿਹੇ ਹਰੀ ਨੂੰ ਤੂੰ ਸਦਾ ਸੇਵਨਾ ਕਰ, ਜੋ ਤੈਨੂੰ ਸਾਰਿਆਂ ਦੁੱਖਾਂ ਤੋਂ ਰੱਖ ਲੈਂਦਾ ਹੈ ॥ ੧ ॥

**ਮੇਰੇ ਮਨ ਹਰਿ ਜਪਿ ਹਰਿ ਨਿਤ ਪੜਈਐ ॥**

ਹੇ ਮੇਰੇ ਮਨ ! ਹਰੀ ਨਾਮ ਨੂੰ ਜਪ, ਅਤੇ ਨਿਤਾ-ਪ੍ਰਤੀ ਹਰੀ ਨਾਮ ਨੂੰ ਹੀ ਪੜ੍ਹਨਾ ਕਰ।

**ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ**
**ਤਾ ਮੇਰੇ ਮਨ ਕਾਇਤੁ ਕੜਈਐ ॥ ੧ ॥ ਰਹਾਉ ॥**

ਹਰੀ ਤੋਂ ਬਿਨਾਂ ਹੋਰ ਕੋਈ ਮਾਰ ਤੇ ਜਿਵਾ ਨਹੀਂ ਸਕਦਾ, ਹੇ ਮੇਰੇ ਮਨ ! ਤਾਂ ਫਿਰ ਕਾਇਤੁ=ਕਿਸ ਵਾਸਤੇ ਕੜਈਐ=ਝੋਰਾ ਕਰਨਾ ਹੈ ॥ ੧ ॥ ਰਹਾਉ ॥

**ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ ਧਰਈਐ ॥**

ਹਰੀ ਕਰਤੇ ਨੇ ਹੀ ਇਹ ਸਾਰਾ ਸੰਸਾਰ ਪ੍ਰਪੰਚ ਕੀਤਾ ਹੈ ਅਤੇ ਇਸ ਦੇ ਵਿਚਾਲੇ ਕਰਤੇ ਪੁਰਖ ਨੇ ਆਪ ਹੀ ਆਪਣੀ ਜੋਤ ਧਰੀ ਹੋਈ ਹੈ।

**ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿ ਪੂਰੈ ਹਰਿ ਏਕੁ ਦਿਖਈਐ ॥ ੨ ॥**

ਇਕ ਹਰੀ ਸਾਰਿਆਂ ਸਰੀਰਾਂ ਵਿਚ ਬੋਲਦਾ ਹੈ, ਇਕ ਹਰੀ ਹੀ ਸਾਰਿਆਂ ਨੂੰ ਬੁਲਾਉਂਦਾ ਹੈ, ਪੂਰਿਆਂ ਗੁਰਾਂ ਨੇ ਇਕ ਹਰੀ ਵਿਖਾ ਦਿੱਤਾ ਹੈ।

**ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥**

ਅੰਦਰ ਭੀ ਹਰੀ ਨਾਲ ਵਸਦਾ ਹੈ, ਬਾਹਰ ਭੀ ਹਰੀ ਨਾਲ ਵਸਦਾ ਹੈ। ਫਿਰ ਹੇ ਮਨ ! ਕਹੁ ਖਾਂ ਉਸ ਦੇ ਪਾਸੋਂ ਕੀ ਚੁਰਾ ਕੇ ਰੱਖਣਾ ਹੈ।

**ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥ ੩ ॥**

ਹੇ ਮੇਰੇ ਮਨ ! ਜੇਕਰ ਨਿਸ਼ਕਪਟ ਹੋ ਕੇ ਹਰੀ ਦੀ ਸੇਵਾ ਕਰੀਏ, ਤਾਂ ਸਾਰੇ ਸੁਖ ਪਾਈਦੇ ਹਨ ॥ ੩ ॥

**ਜਿਸ ਦੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ ਸੋ ਮੇਰੇ ਮਨ ਸਦਾ ਧਿਅਈਐ ॥**

ਜਿਸ ਦੇ ਵੱਸ ਵਿਚ ਸਭ ਕੁਝ ਹੈ ਉਹ ਸਭ ਤੋਂ ਵੱਡਾ ਹੈ, ਹੇ ਮੇਰੇ ਮਨ ! ਉਸ ਪ੍ਰਭੂ ਨੂੰ ਸਦਾ ਧਿਆਉਣਾ ਕਰੀਏ।

**ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ ਹਰਿ ਸਦਾ ਧਿਆਇ ਤੂ**
**ਤੁਧੁ ਲਏ ਛਡਈਐ ॥ ੪ ॥ ੫ ॥**

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਉਹ ਹਰੀ ਸਦਾ ਤੇਰੇ ਨਾਲ ਵਸ ਰਿਹਾ ਹੈ, ਤੂੰ ਉਸ ਨੂੰ ਸਦਾ ਧਿਆਉਣਾ ਕਰ, ਉਹ ਤੈਨੂੰ ਦੁੱਖਾਂ ਤੋਂ ਛਡਾ ਲਏਗਾ ॥ ੪ ॥ ੫ ॥

## ਗੋਂਡ ਮਹਲਾ ੪ ॥

## ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥

ਹਰੀ ਦੇ ਦਰਸ਼ਨ ਕਰਨੇ ਨੂੰ ਮੇਰਾ ਮਨ ਬਹੁਤ਼ ਹੀ ਤੜਫ ਰਿਹਾ ਹੈ, ਜਿਵੇਂ ਤ੍ਰਿਖਾਵੰਤੁ=ਪਿਆਸਾ ਪੁਰਸ਼ ਪਾਣੀ ਤੋਂ ਬਿਨਾਂ ਤੜਫਦਾ ਹੈ॥ ੧॥

## ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥

ਮੇਰੇ ਮਨ ਵਿਚ ਹਰੀ ਦੇ ਪ੍ਰੇਮ ਦਾ ਤੀਰ ਭਾਵ ਵੱਜਾ ਹੈ।

## ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥

ਮੇਰੀ ਬੇਦਨ=ਪੀੜਾ ਨੂੰ ਹਰੀ ਪ੍ਰਭੂ ਹੀ ਜਾਣਦਾ ਹੈ, ਮੇਰੇ ਮਨ ਵਿਚ ਪ੍ਰਭੂ ਦੇ ਵਿਛੋੜੇ ਦੀ ਪੀਰ=ਪੀੜਾ ਹੈ॥ ੧॥ ਰਹਾਉ॥

## ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥

ਜਿਹੜਾ ਕੋਈ ਮੇਰੇ ਪ੍ਰੀਤਮ ਹਰੀ ਦੀ ਗੱਲ ਮੈਨੂੰ ਸੁਣਾਉਂਦਾ ਹੈ, ਓਹੀ ਓਹੀ ਮੇਰਾ ਬੀਰ ਭਾਈ=ਸਕਾ ਭਰਾ ਹੈ। *ਅਥਵਾ:*-ਮੇਰਾ ਭਰਾ ਭੀ ਓਹੀ ਹੈ ਮੇਰਾ ਬੀਰ=ਸੂਰਬੀਰ ਭੀ ਓਹੀ ਹੈ॥ ੨॥

[ਪੰਨਾ ੮੬੨]

## ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥

੧. ਹੇ ਸਖੀ ! ਧੀਰ=ਧੀਰਜ ਵਾਲੀ ਸਤਿਗੁਰਾਂ ਦੀ ਮਤਿ=ਸਿਖਿਆ ਲੈ ਕੇ ਮੇਰੇ ਨਾਲ ਮਿਲ ਮਿਲ ਕੇ ਮੇਰੇ ਪ੍ਰਭੂ ਦੇ ਗੁਣ ਕਹੁ।

੨. ਹੇ ਸਖੀ ! ਮੈਨੂੰ ਆ ਕੇ ਮਿਲ ਅਤੇ ਮੇਰੇ ਪ੍ਰਭੂ ਦੇ ਮਿਲੁ=ਮਿਲਾਪ ਦੇ ਗੁਣ ਕਹੁ ਪੁਨਾ-ਸਤਿਗੁਰਾਂ ਦੀ ਸਿਖਿਆ ਲੈ ਕੇ ਧੀਰ=ਧੀਰਜ ਕਰ॥ ੩॥

## ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥੬॥ ਛਕਾ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਸੇਵਕ ਜਨ ਦੀ ਆਸਾ ਪੂਰਨ ਕਰੋ, ਹੇ ਹਰੀ ! ਆਪ ਜੀ ਦੇ ਦਰਸ਼ਨ ਕਰਕੇ ਸਰੀਰ ਨੂੰ ਸ਼ਾਂਤੀ ਹੁੰਦੀ ਹੈ, ਇਸ ਲਈ ਮੈਨੂੰ ਆਪਣਾ ਦਰਸ਼ਨ ਦੇਣਾ ਕਰੋ॥ ੪॥ ੬॥ ਛਕਾ ੧

ਇਥੋਂ ਤਕ ਛਿਆਂ ਸ਼ਬਦਾਂ ਦਾ ਇਕ ਛੱਕਾ ਆਇਆ ਹੈ।

## ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧

## ੧ਓ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਨੂੰ ਸਰਬ ਰੂਪ ਵਰਣਨ ਕਰਦੇ ਹਨ-

## ਸਭੁ ਕਰਤਾ ਸਭੁ ਭੁਗਤਾ ॥੧॥ ਰਹਾਉ ॥

ਸਭ ਦਾ ਕਰਤਾ=ਬਣਾਉਣ ਵਾਲਾ ਪਰਮੇਸ਼ਰ ਹੈ, ਸਭ ਪਦਾਰਥਾਂ ਦੇ ਭੋਗਣ ਵਾਲਾ ਭੀ ਓਹੀ ਪ੍ਰਭੂ ਹੈ॥ ੧ ॥ ਰਹਾਉ॥

**ਸੁਨਤੋ ਕਰਤਾ ਪੇਖਤ ਕਰਤਾ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ॥**

ਸੁਨਣ ਵਾਲਾ ਭੀ ਕਰਤਾ ਪੁਰਖ ਆਪ ਹੈ, ਵੇਖਣ ਵਾਲਾ ਭੀ ਕਰਤਾ ਪੁਰਖ ਆਪ ਹੈ। ਅਦ੍ਰਿਸਟੋ=ਗੁਪਤ ਭੀ ਕਰਤਾ ਪੁਰਖ ਆਪ ਹੈ, ਦ੍ਰਿਸਟੋ=ਪ੍ਰਗਟ ਭੀ ਕਰਤਾ ਪੁਰਖ ਆਪ ਹੈ।

**ਓਪਤਿ ਕਰਤਾ ਪਰਲਉ ਕਰਤਾ॥ਬਿਆਪਤ ਕਰਤਾ ਅਲਿਪਤੋ ਕਰਤਾ॥੧॥**

ਉਤਪਤੀ ਕਰਨ ਵਾਲਾ ਭੀ ਕਰਤਾ ਪੁਰਖ ਹੈ, ਪਰਲੋ ਕਰਨ ਵਾਲਾ ਭੀ ਕਰਤਾ ਪੁਰਖ ਹੈ।

ਸਾਰੇ ਵਿਆਪਕ ਭੀ ਕਰਤਾ ਪੁਰਖ ਆਪ ਹੈ, ਸਾਰਿਆਂ ਤੋਂ ਅਲਿਪਤੋ=ਅਸੰਗ ਭੀ ਕਰਤਾ ਪੁਰਖ ਆਪ ਹੈ।

**ਬਕਤੋ ਕਰਤਾ ਬੂਝਤ ਕਰਤਾ॥ ਆਵਤੁ ਕਰਤਾ ਜਾਤੁ ਭੀ ਕਰਤਾ॥**

ਬਕਤੋ=ਉਚਾਰਨ ਵਾਲਾ ਭੀ ਕਰਤਾ ਪੁਰਖ ਆਪ ਹੈ, ਬੁੱਝਣੇ ਵਾਲਾ ਭੀ ਕਰਤਾ ਪੁਰਖ ਆਪ ਹੈ। ਆਉਂਦਾ ਭੀ ਕਰਤਾ ਪੁਰਖ ਹੈ, ਜਾਤੁ=ਜਾਂਦਾ ਭੀ ਕਰਤਾ ਪੁਰਖ ਹੈ।

**ਨਿਰਗੁਨ ਕਰਤਾ ਸਰਗੁਨ ਕਰਤਾ॥**
**ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥੨॥੧॥**

ਨਿਰਗੁਣ ਸਰੂਪ ਭੀ ਕਰਤਾ ਪੁਰਖ ਆਪ ਹੈ, ਸਰਗੁਣ ਸਰੂਪ ਭੀ ਕਰਤਾ ਪੁਰਖ ਆਪ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਦੁਆਰੇ ਉਸ ਨੂੰ ਸਭ ਜਗ੍ਹਾ ਪਰ ਸਮਦ੍ਰਿਸਟਾ=ਇਕ-ਸਾਰ ਵੇਖਿਆ ਹੈ॥ ੨॥ ੧॥

## ਗੋਂਡ ਮਹਲਾ ੫ ॥

**ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ॥**

ਹੇ ਪੁਰਸ਼ਾ! ਜਿਵੇਂ ਮੀਨ=ਮੱਛੀ ਤੇ ਕਪਿਕ=ਬਾਂਦਰ ਫਾਕਿਓ=ਫਸ ਜਾਂਦੇ ਹਨ, ਉਨ੍ਹਾਂ ਦੀ ਨਿਆਈ=ਤਰ੍ਹਾਂ ਤੂੰ ਭੀ ਕਸੁੰਭੇ ਰੰਗ ਵਾਂਗ ਖਿਨ ਭੰਗਰ ਪਦਾਰਥਾਂ ਵਿਚ ਉਰਝਿ ਰਹਿਓ=ਫਸ ਰਿਹਾ ਹੈਂ।

**ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ॥ ੧॥**

ਜਿੰਨੇ ਪਗ ਧਾਰਹਿ=ਪੈਰ ਰੱਖਦਾ ਹੈਂ, ਤੇ ਸੁਆਸ ਲੈਂਦਾ ਹੈਂ ਇਹ ਸਭ ਲੇਖੇ ਵਿਚ ਹਨ, ਹਰੀ ਗੁਣਾਂ ਨੂੰ ਗਾ ਲੈਣਾ ਕਰ ਤਾਂ ਤੂੰ ਉਧਰ ਜਾਵੇਂਗਾ॥ ੧॥

**ਮਨ ਸਮਝੁ ਛੋਡਿ ਆਵਾਇਲੇ॥**

ਹੇ ਮਨ! ਭਲੇ ਬੁਰੇ ਨੂੰ ਸਮਝਣਾ ਕਰ ਤੇ ਅਵਾਇਲੇ=ਅਵੈੜ-ਪਨੇ ਛੱਡ ਦੇ।

**ਅਪਨੇ ਰਹਨ ਕਉ ਠਉਰੁ ਨ ਪਾਵਹਿ ਕਾਏ ਪਰ ਕੈ ਜਾਇਲੇ॥੧॥ਰਹਾਉ॥**

ਤੂੰ ਆਪਣੇ ਰਹਿਣ ਵਾਸਤੇ ਤਾਂ ਥਾਂ ਨਹੀਂ, ਪਾਉਂਦਾ ਫਿਰ ਪਰਾਏ ਨੂੰ ਉਪਦੇਸ਼ ਦੇਣ ਵਾਸਤੇ ਕਿਉਂ ਜਾਂਦਾ

ਹੈਂ? ਵਾ:-ਕਿਸ ਵਾਸਤੇ ਪਰਾਏ ਦੇਵੀ ਦੇਵਤਿਆਂ ਪਾਸ ਜਾਂਦਾ ਹੈਂ? ॥ ੧ ॥ ਰਹਾਉ ॥

## ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ ॥

ਜਿਵੇਂ ਮੈਗਲੁ=ਹਾਥੀ ਇੰਦ੍ਰੀ ਦਾ ਪ੍ਰੇਰਿਆ ਹੋਇਆ ਵਿਸ਼ੇ ਰਸ ਲਈ ਦੌੜ ਕੇ ਜਾਂਦਾ ਹੈ ਤੇ ਟੋਏ ਵਿਚ ਡਿੱਗ ਪੈਂਦਾ ਹੈ, ਤਿਵੇਂ ਹੇ ਪੁਰਸ਼ਾ ਤੂੰ ਭੀ ਮੋਹ ਵਿਚ ਲੱਗ ਕੇ ਕੁਟੰਬ ਵਿਚ ਡਿੱਗਾ ਪਿਆ ਹੈਂ।

## ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥੨ ॥

ਜਿਵੇਂ ਪੰਛੀ ਰਾਤ ਹੋਣ ਨਾਲ ਬ੍ਰਿੱਛ ਉੱਤੇ ਕੱਠੇ ਹੁੰਦੇ ਹਨ, ਦਿਨ ਚੜ੍ਹਦਿਆਂ ਸਾਰ ਫਿਰ ਵਿਛੜ ਜਾਂਦੇ ਹਨ। ਤਿਵੇਂ ਜੀਵਾਂ ਰੂਪ ਪੰਛੀ ਅਵਸਥਾ ਰੂਪੀ ਰਾਤ ਦੇ ਸੰਜੋਗ ਕਰਕੇ ਗ੍ਰਿਹਸਤ ਰੂਪ ਬ੍ਰਿਛ ਪਰ ਕੱਠੇ ਹੁੰਦੇ ਹਨ, ਕਾਲ ਰੂਪ ਦਿਨ ਚੜ੍ਹਨ ਕਰਕੇ ਫਿਰ ਵਿਛੜ ਜਾਂਦੇ ਹਨ, ਹੇ ਪੁਰਸ਼ਾ ਜੇ ਤੈਨੂੰ ਸਥਿਰ ਹੋਣ ਦੀ ਇੱਛਾ ਹੈ ਤਾਂ ਸੰਗਤ ਵਿਚ ਇਸਥਿਤ ਹੋ ਕੇ ਰਹਿ ਹਰਿ ਨਾਮ ਨੂੰ ਧਿਆ ਲੈਣਾ ਕਰ ॥ ੨ ॥

## ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ ॥

ਜਿਵੇਂ ਮੱਛੀ ਰਸਨਾ ਦੇ ਸੁਆਦ ਕਰਕੇ ਬਿਨਸ ਜਾਂਦੀ-ਭਾਵ ਮਰ ਜਾਂਦੀ ਹੈ, ਹੇ ਮੂਰਖ ਪੁਰਸ਼ਾ! ਉਹ ਮੱਛੀ ਲੋਭ ਵਿਚ ਆਉਣ ਕਰਕੇ ਮੂਠੋ=ਲੁੱਟੀ ਗਈ ਹੈ, ਭਾਵ ਮੱਛੀ ਤਾਂ ਇਕ ਲੋਭ ਕਰਕੇ ਮਾਰੀ ਗਈ ਹੈ। ਤੇ-

## ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ ॥ ੩ ॥

ਤੂੰ (ਕਾਮ ਕ੍ਰੋਧ ਆਦਿਕ) ਪੰਜਾਂ ਵੈਰੀਆਂ ਦੇ ਵਸੀਕਾਰ ਹੋ ਗਿਆ ਹੈਂ, ਪਰ ਭਲੀ ਪ੍ਰਕਾਰ ਗੁਰਾਂ ਦੀ ਸ਼ਰਨ ਵਿਚ ਆਉਣਾ ਕਰ ਤਾਂ ਤੇਰਾ ਛੁਟਕਾਰਾ ਹੋਵੇਗਾ ॥ ੩ ॥

## ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਸਭਿ ਤੁਮ੍ਹਰੇ ਜੀਅ ਜੰਤਾਇਲੇ ॥

ਹੇ ਦੀਨ ਦੁੱਖ ਭੰਜਨ ਪ੍ਰਭੂ ! ਆਪ ਕ੍ਰਿਪਾਲੂ ਹੋਵੋ, ਇਹ ਸੂਖਮ ਸਥੂਲ ਸਾਰੇ ਜੀਆ ਜੰਤ ਤੁਹਾਡੇ ਹਨ।

## ਪਾਵਉ ਦਾਨੁ ਸਦਾ ਦਰਸੁ ਪੇਖਾ ਮਿਲੁ ਨਾਨਕ ਦਾਸ ਦਸਾਇਲੇ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ-ਆਪ ਮੈਨੂੰ ਇਹ ਦਾਨ ਪਾਵੋ ਕਿ ਮੈਂ ਸਦਾ ਆਪ ਜੀ ਦਾ ਦਰਸ਼ਨ ਦੇਖਦਾ ਰਹਾਂ ਅਤੇ ਆਪ ਜੀ ਦੇ ਦਾਸਾਂ ਦੇ ਦਾਸਾਂ ਨਾਲ ਮਿਲ ਕੇ ਰਹਿਣਾ ਕਰਾਂ ॥ ੪ ॥ ੨ ॥

## ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨

## ੴ ਸਤਿਗੁਰ ਪ੍ਰਸਾਦਿ ॥

## ਜੀਅ ਪ੍ਰਾਨ ਕੀਏ ਜਿਨਿ ਸਾਜਿ ॥ ਮਾਟੀ ਮਹਿ ਜੋਤਿ ਰਖੀ ਨਿਵਾਜਿ ॥

ਜਿਸ ਪਰਮਾਂਤਮਾ ਨੇ ਜੀਵਾਂ ਤੇ ਪ੍ਰਾਣਾਂ ਦੀ ਸਾਜਣਾ ਕੀਤੀ ਹੈ,

*ਅਥਵਾ:*-ਜਿਸ ਪਰਮਾਤਮਾ ਨੇ ਜੀਵਾਂ ਵਿਚ ਪ੍ਰਾਣਾਂ ਨੂੰ ਸਾਜਣਾ ਕੀਤਾ ਹੈ।

ਮਾਟੀ-ਦੇਹ ਵਿਚ ਜੋਤਿ=ਚੇਤਨ ਸੱਤਾ ਰੱਖ ਕੇ ਨਿਵਾਜਿ=ਵਡਿਆਇਆ ਹੈ।

**ਬਰਤਨ ਕਉ ਕਿਛੁ ਸਭੁ ਭੋਜਨ ਭੋਗਾਇ ॥ ਸੋ ਪ੍ਰਭੁ ਤਜਿ ਮੂੜੇ ਕਤ ਜਾਇ ॥੧॥**

ਜਿਸ ਨੇ ਵਰਤਣੇ ਨੂੰ ਸਭ ਕੁਝ ਦਿੱਤਾ ਹੈ ਅਤੇ ਕਈ ਤਰ੍ਹਾਂ ਦੇ ਭੋਜਨ ਛਕਾਏ ਹਨ।

ਹੇ ਮੂਰਖਾ ! ਉਸ ਪ੍ਰਭੂ ਨੂੰ ਛੱਡ ਕੇ ਤੂੰ ਕਿਥੇ ਜਾਂਦਾ ਹੈਂ ॥ ੧॥

**ਪਾਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ ਨਿਰੰਜਨ ਦੇਵ ॥ ੧ ॥ ਰਹਾਉ ॥**

ਤੂੰ ਪਾਰਬ੍ਰਹਮ ਦੀ ਸੇਵਾ ਵਿਚ ਲੱਗ ਜਾ। ਉਹ ਦੇਵ=ਪ੍ਰਕਾਸ਼ ਰੂਪ ਨਿਰੰਜਨ ਪਰਮਾਤਮਾ ਗੁਰਾਂ ਦੇ ਉਪਦੇਸ਼ ਕਰਕੇ ਸੁੱਝਦਾ ਹੈ॥ ੧॥ ਰਹਾਉ॥

**ਜਿਨਿ ਕੀਏ ਰੰਗ ਅਨਿਕ ਪਰਕਾਰ ॥ ਓਪਤਿ ਪਰਲਉ ਨਿਮਖ ਮਝਾਰ ॥**

ਜਿਸ ਨੇ ਅਨੇਕ ਤਰ੍ਹਾਂ ਦੇ ਰੰਗ ਬਣਾਏ ਹਨ। ਅਤੇ ਇਕ ਨਿਮਖ ਦੇ ਸਮੇਂ ਵਿਚ ਓਪਤਿ=ਉਤਪਤੀ ਤੇ ਪਰਲੋ ਕਰਦਾ ਹੈ।

**ਜਾ ਕੀ ਗਤਿ ਮਿਤਿ ਕਹੀ ਨ ਜਾਇ ॥**
**ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥ ੨ ॥**

ਜਿਸ ਦੀ ਗਤੀ ਤੇ ਮਰਯਾਦਾ ਕਹੀ ਨਹੀਂ ਜਾਂਦੀ। ਹੇ ਮੇਰੇ ਮਨ ! ਉਸ ਪ੍ਰਭੂ ਨੂੰ ਤੂੰ ਸਦਾ ਧਿਆਉਣਾ ਕਰ ॥ ੨॥

**ਆਇ ਨ ਜਾਵੈ ਨਿਹਚਲੁ ਧਨੀ ॥ ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥**

ਉਹ ਅੱਚਲ ਧਨੀ=ਮਾਲਕ ਪਰਮਾਤਮਾ ਜੰਮਦਾ ਮਰਦਾ ਨਹੀਂ ਹੈ। ਉਸ ਦੇ ਗੁਣ ਬੇਅੰਤ ਹਨ। ਕਿੰਨੇ ਕੁ ਗਿਣੀਏ।

[ਪੰਨਾ ੮੬੩]

**ਲਾਲ ਨਾਮ ਜਾ ਕੈ ਭਰੇ ਭੰਡਾਰ ॥ ਸਗਲ ਘਟਾ ਦੇਵੈ ਆਧਾਰ ॥ ੩ ॥**

ਜਿਸ ਦੇ ਨਾਮਾਂ ਰੂਪੀ ਲਾਲਾਂ ਦੇ ਭੰਡਾਰ ਭਰੇ ਹੋਏ ਹਨ। ਜਾਂ ਲਾਲ=ਪ੍ਰੇਮ ਤੇ ਨਾਮ ਆਦਿਕ ਗੁਣਾਂ ਦੇ ਜਿਸ ਦੇ ਭੰਡਾਰੇ ਭਰੇ ਹੋਏ ਹਨ। ਓਹੀ ਸਾਰਿਆਂ ਘਟਾਂ ਨੂੰ ਆਧਾਰ=ਆਸਰਾ ਦੇਂਦਾ ਹੈ॥ ੩॥

**ਸਤਿ ਪੁਰਖੁ ਜਾ ਕੋ ਹੈ ਨਾਉ ॥ ਮਿਟਹਿ ਕੋਟਿ ਅਘ ਨਿਮਖ ਜਸੁ ਗਾਉ ॥**

ਜਿਸ ਪ੍ਰਭੂ ਦਾ ਨਾਮ ਸਤਪੁਰਖ ਹੈ। ਜਿਸ ਦਾ ਜਸ ਇਕ ਨਿਮਖ ਮਾਤਰ ਗਾਉਣ ਨਾਲ ਕ੍ਰੋੜਾਂ ਅਘ=ਪਾਪ ਮਿਟ ਜਾਂਦੇ ਹਨ।

**ਬਾਲ ਸਖਾਈ ਭਗਤਨ ਕੋ ਮੀਤ ॥**
**ਪ੍ਰਾਨ ਅਧਾਰ ਨਾਨਕ ਹਿਤ ਚੀਤ ॥ ੪ ॥ ੧ ॥ ੩ ॥**

ਜੋ ਭਗਤਾਂ ਦਾ ਬਾਲ ਸਖਾਈ-ਮਿੱਤਰ ਹੈ। ਵਾ:-ਬਾਲ-ਬਾਲਾਨ ਬਾਲ (ਵੱਡਿਆਂ ਤੋਂ ਵੱਡਾ) ਹੈ ਤੇ ਸਖਾਈ=ਸਹਾਇਤਾ ਕਰਨ ਵਾਲਾ ਹੈ ਅਤੇ ਭਗਤਾਂ ਦਾ ਮਿੱਤਰ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਾਣਾਂ ਦਾ ਆਸਰਾ ਹੈ, ਉਸ ਵਿਚ ਮੇਰੇ ਚਿਤ ਦਾ ਹਿਤ=ਪ੍ਰੇਮ ਹੈ॥ ੪॥ ੧॥ ੩॥

## ਗੋਂਡ ਮਹਲਾ ੫ ॥

## ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋੁ ਹੀ ਇਸੁ ਮਨ ਕਾ ਅਧਾਰੁ ॥

ਨਾਮ ਦੇ ਨਾਲ ਹੀ ਅਸਾਂ ਨੇ ਵਿਉਹਾਰ ਕੀਤਾ ਹੈ। ਨਾਮ ਹੀ ਇਸ ਮਨ ਦਾ ਅਧਾਰੁ=ਆਸਰਾ ਹੈ।

## ਨਾਮੋ ਹੀ ਚਿਤਿ ਕੀਨੀ ਓਟ ॥ ਨਾਮੁ ਜਪਤ ਮਿਟਹਿ ਪਾਪ ਕੋਟਿ ॥ ੧ ॥

ਨਾਮ ਨੂੰ ਹੀ ਚਿੱਤ ਦੀ ਓਟ ਕੀਤਾ ਹੈ। ਨਾਮ ਨੂੰ ਜਪਦਿਆਂ ਹੀ ਕ੍ਰੋੜਾਂ ਪਾਪ ਮਿਟਦੇ ਹਨ॥ ੧ ॥

## ਰਾਸਿ ਦੀਈ ਹਰਿ ਏਕੋ ਨਾਮੁ ॥

## ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥ ੧ ॥ ਰਹਾਉ ॥

ਗੁਰਾਂ ਨੇ ਸਾਨੂੰ ਇਕ ਹਰੀ ਨਾਮ ਦੀ ਰਾਸਿ=ਪੂੰਜੀ ਦਿੱਤੀ ਹੈ। ਜਾਂ ਇਕ ਹਰੀ ਨਾਮ ਦੀ ਪ੍ਰਾਪਤੀ ਲਈ ਸ਼ਰਧਾ ਰੂਪੀ ਪੂੰਜੀ ਦਿੱਤੀ ਹੈ। ਮਨ ਦਾ ਇਸ਼ਟ ਜੋ ਗੁਰੂ ਹਨ ਉਨ੍ਹਾਂ ਨਾਲ ਧਿਆਨ ਜੁੜ ਗਿਆ ਹੈ।

ਅਥਵਾ—ਗੁਰੂ ਦੇ ਸੰਗ ਕਰਕੇ ਇਸਟ=ਪਿਆਰੇ ਨਾਮ ਨਾਲ ਹੀ ਮਨ ਦਾ ਧਿਆਨ ਜੁੜ ਗਿਆ ਹੈ॥ ੧ ॥ ਰਹਾਉ ॥

## ਨਾਮੁ ਹਮਾਰੇ ਜੀਅ ਕੀ ਰਾਸਿ ॥ ਨਾਮੋ ਸੰਗੀ ਜਤ ਕਤ ਜਾਤ ॥

ਨਾਮ ਹੀ ਸਾਡੇ ਜੀਅ ਦੀ ਰਾਸਿ=ਪੂੰਜੀ ਹੈ। ਜਿੱਥੇ ਕਿੱਥੇ ਜਾਂਦਾ ਹਾਂ ਨਾਮ ਹੀ ਮੇਰਾ ਸੰਗੀ=ਸਾਥੀ ਹੈ।

## ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ ਸਭ ਮਹਿ ਨਾਮੋ ਡੀਠਾ ॥ ੨ ॥

ਨਾਮ ਹੀ ਮੇਰੇ ਮਨ ਵਿਚ ਮੀਠਾ=ਪਿਆਰਾ ਲੱਗਾ ਹੈ। ਜਲਾਂ ਵਿਚ, ਥਲਾਂ ਵਿਚ ਤੇ ਸਾਰਿਆਂ ਜੀਵਾਂ ਵਿਚ ਨਾਮ ਨੂੰ ਪੂਰਨ ਵੇਖਿਆ ਹੈ॥ ੨ ॥

## ਨਾਮੇ ਦਰਗਹ ਮੁਖ ਉਜ਼ਲੇ ॥ ਨਾਮੇ ਸਗਲੇ ਕੁਲ ਉਧਰੇ ॥

ਨਾਮ ਕਰਕੇ ਹੀ ਜੀਆਂ ਦੇ ਮੂੰਹ ਦਰਗਾਹ ਵਿਚ ਉੱਜਲੇ ਹੁੰਦੇ ਹਨ। ਨਾਮ ਕਰਕੇ ਹੀ ਕੁਲ ਦੇ ਸਾਰੇ ਜੀਵ ਤਰ ਜਾਂਦੇ ਹਨ।

## ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥ ੩ ॥

ਨਾਮ ਕਰਕੇ ਹੀ ਸਾਡੇ ਸਾਰੇ ਕੰਮ ਸੀਧ=ਸਿੱਧ (ਪੂਰੇ) ਹੋਏ ਹਨ। ਨਾਮ ਨਾਲ ਹੀ ਇਹ ਮੇਰਾ ਮਨ ਗੀਧ=ਗਿੱਝ ਗਿਆ ਹੈ॥ ੩ ॥

## ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥

ਨਾਮ ਕਰਕੇ ਅਸੀਂ ਨਿਰਭਉ ਹੋਏ ਹਾਂ। ਨਾਮ ਕਰਕੇ ਹੀ ਆਵਨ ਜਾਵਨ=ਜਨਮ ਮਰਨ ਤੋਂ ਰਹਿਤ ਹੋਏ ਹਾਂ।

## ਗੁਰਿ ਪੂਰੈ ਮੇਲੇ ਗੁਣਤਾਸ ॥

## ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥ ੪ ॥ ੨ ॥ ੪ ॥

ਪੂਰਿਆਂ ਗੁਰਾਂ ਨੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨਾਲ ਮੇਲ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ-ਨਾਮ ਕਰਕੇ

ਹੀ ਸਹਜਿ ਸੁਖਿ=ਅੱਚੁਤ ਸੁਖ ਵਿਚ ਨਿਵਾਸ ਹੋਇਆ ਹੈ॥ ੪॥ ੨॥ ੪॥

## ਗੋਂਡ ਮਹਲਾ ੫ ॥

**ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥**

ਜੋ ਪ੍ਰਭੂ ਨਿਮਾਣਿਆਂ ਨੂੰ ਮਾਣ ਦੇਂਦਾ ਹੈ ਅਤੇ ਸਾਰੇ ਭੁੱਖੇ ਨੰਗੇ ਸੰਸਾਰ ਨੂੰ ਅੰਨ ਬਸਤਰ ਆਦਿਕਾਂ ਦਾ ਦਾਨ ਕਰਦਾ ਹੈ।

**ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥ ੧ ॥**

ਜੋ ਮਾਂ ਦੇ ਗਰਭ ਰੂਪੀ ਡਰਾਉਣੇ ਨਰਕ ਵਿਚੋਂ ਰੱਖਿਆ ਕਰਨ ਵਾਲਾ ਹੈ, ਉਸ ਠਾਕੁਰ ਨੂੰ ਤੂੰ ਸਦਾ ਨਮਸ਼ਕਾਰ ਕਰ ॥ ੧ ॥

**ਐਸੋ ਪ੍ਰਭੁ ਮਨ ਮਾਹਿ ਧਿਆਇ ॥**

**ਘਟਿ ਅਵਘਟਿ ਜਤ ਕਤਹਿ ਸਹਾਇ ॥ ੧ ॥ ਰਹਾਉ ॥**

ਅਜਿਹੇ ਪ੍ਰਭੂ ਨੂੰ ਮਨ ਵਿਚ ਸਦਾ ਧਿਆਉਣਾ ਕਰ। ਜੋ ਘਟਿ=ਸੁਖੈਣ ਰਸਤਿਆਂ ਵਿਚ ਤੇ ਅਵਘਟਿ =ਕਠਨ ਰਸਤਿਆਂ ਵਿਚ ਜਿਥੇ ਕਿਥੇ ਸਹਾਈ ਹੁੰਦਾ ਹੈ॥ ੧ ॥ ਰਹਾਉ॥

**ਰੰਕ ਰਾਉ ਜਾ ਕੈ ਏਕ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ ॥**

ਰੰਕੁ=ਕੰਗਾਲ ਤੇ ਰਾਉ=ਰਾਜਾ ਜਿਸ ਨੂੰ ਇਕ ਬਰਾਬਰ ਹਨ। ਜੋ ਕੀੜੀ ਤੋਂ ਲੈ ਕੇ ਹਸਤਿ=ਹਾਥੀ ਤਕ ਸਾਰਿਆਂ ਵਿਚ ਪੂਰਨ ਹੈ।

**ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥ ੨ ॥**

ਨਾ ਹੀ ਕਿਸੇ ਬੀਓ=ਦੂਜੇ ਪਾਸੋਂ ਪੁੱਛ ਕੇ ਮਸਲਤਿ=ਸਲਾਂਹ ਧਾਰਦਾ ਹੈ। ਜੋ ਕੁਝ ਕਰਦਾ ਹੈ ਉਹ ਆਪਣੇ ਆਪ ਹੀ ਕਰਦਾ ਹੈ॥ ੨ ॥

**ਜਾ ਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥**

ਜਿਸ ਪ੍ਰਭੂ ਦਾ ਅੰਤ ਕੋਈ ਨਹੀਂ ਜਾਣਦਾ। ਉਹ ਨਿਰੰਜਨ ਪ੍ਰਭੂ ਆਪੇ ਆਪਿ=ਸੁਤੰਤਰ ਹੈ।

**ਆਪਿ ਅਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ ॥ ੩ ॥**

ਆਪੇ ਅਕਾਰੁ=ਸਰੀਰ ਰੂਪ ਹੈ, ਆਪੇ ਨਿਰੰਕਾਰੁ=ਸਰੀਰ ਤੋਂ ਰਹਿਤ ਹੈ।

ਵਾ:- ਆਪੇ ਅਕਾਰੁ=ਸਰਗੁਣ ਰੂਪ ਹੈ, ਆਪੇ ਨਿਰੰਕਾਰੁ=ਨਿਰਗੁਣ ਬ੍ਰਹਮ ਹੈ। ਅਤੇ ਚੋਹਾਂ ਖਾਣੀਆਂ ਦੇ ਸਾਰਿਆਂ ਘਟਾਂ ਦਾ ਆਧਾਰੁ=ਆਸਰਾ ਰੂਪ ਹੈ॥ ੩ ॥

**ਨਾਮ ਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ ॥**

ਨਾਮ ਦੇ ਰੰਗਿ=ਪ੍ਰੇਮ ਕਰਕੇ ਭਗਤ ਲਾਲ=ਗਾੜ੍ਹੇ ਬ੍ਰਹਮ ਗਿਆਨ ਰੂਪੀ ਰੰਗ ਵਾਲੇ ਹੋਏ ਹਨ। ਜਾਂ ਨਾਮ ਦੇ ਪ੍ਰੇਮ ਕਰਕੇ ਭਗਤ ਲੋਕ ਪ੍ਰਭੂ ਦੇ ਲਾਲ=ਪਿਆਰੇ ਹੋਏ ਹਨ।

ਜਸ ਨੂੰ ਕਰਦੇ ਹੋਏ ਸੰਤ ਸਦਾ ਹੀ ਨਿਹਾਲ=ਦੁੱਖਾਂ ਤੋਂ ਰਹਿਤ ਹੋਏ ਹਨ।

**ਨਾਮ ਰੰਗਿ ਜਨ ਰਹੇ ਅਘਾਇ॥**

**ਨਾਨਕ ਤਿਨ ਜਨ ਲਾਗੈ ਪਾਇ॥ ੪॥ ੩॥ ੫॥**

ਨਾਮ ਦੇ ਰੰਗਿ=ਪ੍ਰੇਮ ਕਰਕੇ ਜੋ ਜਨ ਤ੍ਰਿਪਤ ਹੋ ਰਹੇ ਹਨ। ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖ ਜਨਾਂ ਦੇ ਪਾਇ=ਚਰਨੀਂ ਮੈਂ ਲੱਗਦਾ ਹਾਂ, ਤੁਸੀਂ ਉਨ੍ਹਾਂ ਦੀ ਚਰਨੀਂ ਲੱਗਣਾ ਕਰੋ।

**ਗੋਂਡ ਮਹਲਾ ੫॥**

**ਜਾ ਕੈ ਸੰਗਿ ਇਹੁ ਮਨੁ ਨਿਰਮਲੁ॥ ਜਾ ਕੈ ਸੰਗਿ ਹਰਿ ਹਰਿ ਸਿਮਰਨੁ॥**

ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਇਹ ਮਲੀਨ ਮਨ ਸ਼ੁੱਧ ਹੁੰਦਾ ਹੈ। ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਹਰਿ ਹਰਿ ਨਾਮ ਦਾ ਸਿਮਰਨ ਪ੍ਰਾਪਤ ਹੁੰਦਾ ਹੈ।

**ਜਾ ਕੈ ਸੰਗਿ ਕਿਲਬਿਖ ਹੋਹਿ ਨਾਸ॥ ਜਾ ਕੈ ਸੰਗਿ ਰਿਦੈ ਪਰਗਾਸ॥ ੧॥**

ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਕਿਲਬਿਖ=ਪਾਪ ਨਾਸ ਹੋ ਜਾਂਦੇ ਹਨ। ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਹਿਰਦੇ ਵਿਚ ਪਰਗਾਸ=ਗਿਆਨ ਹੁੰਦਾ ਹੈ॥ ੧॥

**ਸੇ ਸੰਤਨ ਹਰਿ ਕੇ ਮੇਰੇ ਮੀਤ॥**

**ਕੇਵਲ ਨਾਮੁ ਗਾਈਐ ਜਾ ਕੈ ਨੀਤ॥ ੧॥ ਰਹਾਉ॥**

ਉਹ ਹਰੀ ਦੇ ਸੰਤ ਜਨ ਮੇਰੇ ਮਿੱਤਰ ਹਨ। ਜਿਨ੍ਹਾਂ ਦੇ ਘਰ ਵਿਚ ਨਿਤ ਹੀ ਕੇਵਲ=ਨਿਰੋਲ ਵਾ:- ਸ਼ੁੱਧ ਨਾਮ ਜਪਿਆ ਜਾਂਦਾ ਹੈ॥ ੧॥ ਰਹਾਉ॥

**ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ॥ ਜਾ ਕੈ ਉਪਦੇਸਿ ਭਰਮੁ ਭਉ ਨਸੈ॥**

ਜਿਨ੍ਹਾਂ ਸੰਤਾਂ ਦੇ ਮੰਤ੍ਰਿ=ਉਪਦੇਸ਼ ਕਰ ਕੇ ਮਨ ਵਿੱਚ ਹਰਿ ਹਰਿ ਨਾਮ ਵਸਦਾ ਹੈ। ਜਿਨ੍ਹਾਂ ਸੰਤਾਂ ਦੇ ਉਪਦੇਸ਼ ਕਰ ਕੇ ਭਰਮ ਤੇ ਡਰ ਨਾਸ ਹੋ ਜਾਂਦਾ ਹੈ।

**ਜਾ ਕੈ ਕੀਰਤਿ ਨਿਰਮਲ ਸਾਰ॥ ਜਾ ਕੀ ਰੇਨੁ ਬਾਂਛੈ ਸੰਸਾਰ॥ ੨॥**

ਜਿਨ੍ਹਾਂ ਦੇ ਅਸਥਾਨ ਪਰ ਨਿਰਮਲ ਪਰਮਾਤਮਾ ਦਾ ਸਾਰ=ਸ੍ਰੇਸ਼ਟ ਕੀਰਤਨ ਹੁੰਦਾ ਹੈ।

ਜਿਨ੍ਹਾਂ ਦੀ ਚਰਨ-ਧੂੜੀ ਨੂੰ ਸਾਰਾ ਸੰਸਾਰ ਬਾਛੈ=ਚਾਹੁੰਦਾ ਹੈ॥ ੨॥

**ਕੋਟਿ ਪਤਿਤ ਜਾ ਕੈ ਸੰਗਿ ਉਧਾਰ॥**

ਜਿਨ੍ਹਾਂ ਸੰਤਾਂ ਦੇ ਸਤਸੰਗ ਕਰਕੇ ਕ੍ਰੋੜਾਂ ਪਤਿਤ=ਪਾਪੀਆਂ ਦਾ ਉਧਾਰ ਹੋਇਆ ਹੈ।

**ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ॥**

ਜਿਨ੍ਹਾਂ ਦੇ ਮਨ ਵਿਚ ਇਕੋ ਨਿਰੰਕਾਰ ਦੇ ਨਾਮ ਦਾ ਅਧਾਰ=ਆਸਰਾ ਹੈ।

**ਸਰਬ ਜੀਆਂ ਕਾ ਜਾਨੈ ਭੇਉ॥ ਕ੍ਰਿਪਾ ਨਿਧਾਨ ਨਿਰੰਜਨ ਦੇਉ॥ ੩॥**

ਜੋ ਅੰਤਰਜਾਮੀ ਸਾਰਿਆਂ ਜੀਵਾਂ ਦਾ ਭੇਦ ਜਾਣਦਾ ਹੈ ਅਤੇ ਜੋ ਨਿਰੰਜਨ ਦੇਉ ਕਿਰਪਾ ਦਾ

ਨਿਧਾਨ=ਖ਼ਜ਼ਾਨਾ ਹੈ॥ ੩॥

**ਪਾਰਬ੍ਰਹਮ ਜਬ ਭਏ ਕ੍ਰਿਪਾਲ॥ ਤਬ ਭੇਟੇ ਗੁਰ ਸਾਧ ਦਇਆਲ॥**

ਉਹ ਪਾਰਬ੍ਰਹਮ ਜਦ ਤੋਂ ਕ੍ਰਿਪਾਲੂ ਹੋਏ ਹਨ। ਤਦ ਤੋਂ ਗੁਰ=ਵੱਡੇ ਦਿਆਲੂ ਸੰਤ ਮਿਲੇ ਹਨ।

[ਪੰਨਾ ੮੬੪]

**ਦਿਨੁ ਰੈਣਿ ਨਾਨਕੁ ਨਾਮੁ ਧਿਆਏ॥**

**ਸੂਖ ਸਹਜ ਆਨੰਦ ਹਰਿ ਨਾਏ॥ ੪॥ ੪॥ ੬॥**

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਸੰਤਾਂ ਨਾਲ ਮਿਲਕੇ ਦਿਨ ਰਾਤ ਵਾਹਿਗੁਰੂ ਨਾਮ ਨੂੰ ਧਿਆਉਣਾ ਕਰ। ਕਿਉਂਕਿ ਹਰੀ ਨਾਮ ਕਰਕੇ ਹੀ ਅਚੁੱਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ॥ ੪॥ ੪॥ ੬॥

**ਗੋਂਡ ਮਹਲਾ ੫॥**

ਗੁਰ ਅਸਤੋਤਰ ਕਥਨ ਕਰਦੇ ਹਨ।

**ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥**

ਗੁਰਾਂ ਦੀ ਮੂਰਤੀ ਦਾ ਮਨ ਵਿਚ ਧਿਆਨ ਧਾਰਨਾ ਕਰ। ਕਿਉਂਕਿ-

"ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥" *(ਪੰਨਾ ੧੨੬੪)*

*ਤਥਾ:* "ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥ ੧॥" *(ਪੰਨਾ ੧੨੬੮)*

ਗੁਰਾਂ ਦੇ ਉਪਦੇਸ਼ ਰੂਪ ਮੰਤਰ ਨੂੰ ਮਨ ਵਿਚ ਮਾਨ=ਮੰਨਣ ਕਰ।

ਵਾ:-ਗੁਰਾਂ ਦੇ ਉਪਦੇਸ਼ ਕਰਕੇ ਮਨੁ=ਸ਼ਰੋਮਣੀ ਮੰਤ੍ਰ ਸਤਿਨਾਮੁ ਨੂੰ ਮੰਨਣ ਕਰ।

**ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ ੧॥**

ਗੁਰਾਂ ਦੇ ਚਰਨਾਂ ਦਾ ਧਿਆਨ ਲੈ ਕੇ ਹਿਰਦੇ ਵਿਚ ਧਾਰਨ ਕਰ।

ਗੁਰਾਂ ਨੂੰ ਪਾਰਬ੍ਰਹਮ ਰੂਪ ਜਾਣ ਕੇ ਸਦਾ ਨਮਸ਼ਕਾਰ ਕਰ॥ ੧॥

**ਮਤ ਕੋ ਭਰਮਿ ਭੁਲੈ ਸੰਸਾਰਿ॥**

**ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ੧॥ ਰਹਾਉ॥**

ਹੇ ਸੰਸਾਰੀ ਲੋਕੋ ! ਮਤਾਂ ਕੋਈ ਭਰਮ ਵਿਚ ਭੁੱਲ ਜਾਓ। ਨਿਯਮ ਸਮਝ ਲਓ—

ਗੁਰ=ਉਪਦੇਸ਼ ਤੋਂ ਬਿਨਾਂ ਕੋਈ ਭੀ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਉਤਰਿਆ॥ ੧॥ ਰਹਾਉ॥

**ਭੂਲੇ ਕਉ ਗੁਰਿ ਮਾਰਗਿ ਪਾਇਆ॥**

**ਅਵਰ ਤਿਆਗਿ ਹਰਿ ਭਗਤੀ ਲਾਇਆ॥**

ਭੁੱਲੇ ਹੋਏ ਜੀਵਾਂ ਨੂੰ ਗੁਰਾਂ ਨੇ ਹੀ ਸ਼ੁਭ ਰਸਤੇ ਪਾਇਆ ਹੈ। ਅਵਰ ਤਿਆਗਿ=ਹੋਰ ਸਭ ਕੁਝ ਛੁਡਵਾ ਕੇ ਹਰੀ ਦੀ ਭਗਤੀ ਵਿਚ ਲਾਇਆ ਹੈ।

**ਜਨਮ ਮਰਨ ਕੀ ਤ੍ਰਾਸ ਮਿਟਾਈ॥ ਗੁਰ ਪੂਰੇ ਕੀ ਬੇਅੰਤ ਵਡਾਈ॥ ੨॥**

ਜਨਮ ਮਰਨ ਦੀ ਤ੍ਰਾਸ=ਖੌਫ਼ਤਾਈ ਮਿਟਾ ਦਿੱਤੀ ਹੈ। ਇਸ ਕਰਕੇ ਪੂਰਿਆਂ ਗੁਰਾਂ ਦੀ ਬੇਅੰਤ ਵਡਿਆਈ ਹੈ॥ ੨॥

**ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥ ਅੰਧਕਾਰ ਮਹਿ ਭਇਆ ਪ੍ਰਗਾਸ॥**

ਗੁਰਾਂ ਦੀ ਪ੍ਰਸਾਦਿ=ਕਿਰਪਾ ਕਰਕੇ ਊਰਧ=ਮੂੰਧਾ ਹਿਰਦਾ ਕਮਲ ਪ੍ਰਭੂ ਵਲ ਖਿੜ ਪਿਆ ਹੈ ਅਤੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ।

**ਜਿਨਿ ਕੀਆ ਸੋ ਗੁਰ ਤੇ ਜਾਨਿਆ॥**

**ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥ ੩॥**

ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸ ਨੂੰ ਗੁਰੂ ਦੀ ਕਿਰਪਾ ਨਾਲ ਜਾਣਿਆ ਹੈ।

ਗੁਰੂ ਦੀ ਕਿਰਪਾ ਕਰਕੇ ਮੂਰਖ ਪੁਰਸ਼ ਦਾ ਮਨ ਪ੍ਰਭੂ ਉੱਤੇ ਮੰਨਿਆਂ ਗਿਆ ਹੈ। ਜਾਂ ਗੁਰੂ ਦੀ ਕਿਰਪਾ ਕਰਕੇ ਮੂਰਖ ਮਨ ਨੂੰ ਮਾਣ ਮਿਲਿਆ ਹੈ॥ ੩॥

**ਗੁਰੁ ਕਰਤਾ ਗੁਰੁ ਕਰਣੈ ਜੋਗੁ॥ ਗੁਰੁ ਪਰਮੇਸਰੁ ਹੈ ਭੀ ਹੋਗੁ॥**

ਗੁਰੂ ਸਭ ਕੁਝ ਕਰਦਾ ਹੈ ਕਿਉਂਕਿ ਸਮਰੱਥ ਗੁਰੂ ਸਭ ਗੱਲਾਂ ਕਰਨੇ ਜੋਗ ਹੈ।

ਗੁਰੂ ਪਿੱਛੇ ਭੀ ਪਰਮੇਸ਼ਰ ਰੂਪ ਸੀ, ਹੁਣ ਭੀ ਪਰਮੇਸ਼ਰ ਰੂਪ ਹੈ, ਅੱਗੇ ਭੀ ਪਰਮੇਸ਼ਰ ਰੂਪ ਹੋਵੇਗਾ।

*ਯਥਾ:-*"ਸਤਿਗੁਰ ਜੇਵਡੁ ਅਵਰੁ ਨ ਕੋਇ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥" *(ਪੰਨਾ ੧੨੭੧)*

**ਕਹੁ ਨਾਨਕ ਪ੍ਰਭਿ ਇਹੈ ਜਨਾਈ॥**

**ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ ੪॥ ੫॥ ੭॥**

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਨੇ ਮੈਨੂੰ ਇਹ ਗੱਲ ਜਣਾਈ ਹੈ। ਕਿ-

ਹੇ ਭਾਈ ! ਗੁਰੂ ਤੋਂ ਬਿਨਾਂ ਕਿਸੇ ਨੇ ਭੀ ਮੁਕਤੀ ਨਹੀਂ ਪਾਈ॥ ੪॥ ੫॥ ੭॥

**ਗੋਂਡ ਮਹਲਾ ੫ ॥**

**ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥**

੧. ਹੇ ਮੇਰੇ ਮਨ ! ਧੰਨ ਗੁਰੂ, ਧੰਨ ਗੁਰੂ, ਐਸੇ ਉਚਾਰਨਾ ਕਰ।

੨. ਧੰਨ ਗੁਰੂ ਨਾਨਕ ਦੇਵ ਜੀ, ਧੰਨ ਗੁਰੂ ਅੰਗਦ ਦੇਵ ਜੀ, ਧੰਨ ਗੁਰੂ ਅਮਰਦਾਸ ਜੀ, ਧੰਨ ਗੁਰੂ ਰਾਮਦਾਸ ਸਾਹਿਬ ਜੀ ਐਸੇ ਉਚਾਰਨਾ ਕਰ।

੩. ਹੇ ਮੇਰੇ ਮਨ ! ਗੁਰੂ ਦਾ ਸਿਮਰਨ, ਗੁਰੂ ਦਾ ਹੁਕਮ ਤੇ ਗੁਰਾਂ ਦੀ ਸੇਵਾ ਕਰ ਲੈ। ਕਿਉਂਕਿ ਮੈਂ ਜਾਣਦਾ ਹਾਂ ਕਿ ਗੁਰੂ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੁੰਦਾ ।

**ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥ ੧॥**

ਦਿਨ ਰਾਤ ਗੁਰੂ ਦੀ ਟੇਕ=ਓਟ ਵਿਚ ਰਹਿਣਾ ਕਰ। ਜਿਸ ਗੁਰੂ ਦੀ ਦਿੱਤੀ ਹੋਈ ਦਾਤ ਨੂੰ ਕੋਈ ਭੀ ਮੇਟ ਨਹੀਂ ਸਕਦਾ॥ ੧॥

## ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ ੧ ॥ ਰਹਾਉ ॥

ਗੁਰੂ ਤੇ ਪਰਮੇਸ਼ਰ ਦੋਹਾਂ ਨੂੰ ਇਕ ਸਰੂਪ ਕਰਕੇ ਜਾਣ। ਜੋ ਉਸ ਨੂੰ ਭਾਉਂਦਾ ਹੈ, ਸਾਨੂੰ ਓਹੀ ਮਨਜ਼ੂਰ ਹੈ ॥ ੧ ॥ ਰਹਾਉ ॥

*ਯਥਾ:-* "ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥ ੧੦ ॥"

*(ਮਾਰੂ ਮ: ੧, ਪੰਨਾ ੧੦੪੩)*

## ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥

ਗੁਰੂ ਦੇ ਚਰਨਾਂ ਨਾਲ ਜਿਸ ਦਾ ਮਨ ਲੱਗਦਾ ਹੈ। ਉਸ ਦਾ ਦੁਖ ਜਨ ਦਰਦ ਅਤੇ ਭਰਮ ਭਾਗੈ=ਦੌੜ ਜਾਂਦਾ ਭਾਵ ਨਾਸ ਹੋ ਜਾਂਦਾ ਹੈ।

*ਯਥਾ:-* "ਗੁਰ ਸਰਣਾਈ ਸਗਲ ਨਿਧਾਨ ॥ ਸਾਚੀ ਦਰਗਹਿ ਪਾਈਐ ਮਾਨੁ ॥
ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ ਸਾਧਸੰਗਿ ਸਦ ਹਰਿ ਗੁਣ ਗਾਇ ॥ ੧ ॥"

*(ਪੰਨਾ ੧੨੭੧)*

## ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥ ੨ ॥

ਗੁਰੂ ਦੀ ਸੇਵਾ ਕਰਕੇ ਹੀ ਜੀਵ ਆਦਰ ਪਾਉਂਦਾ ਹੈ। ਇਸ ਲਈ ਮੈਂ ਸਦਾ ਹੀ ਗੁਰੂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ ॥ ੨ ॥

## ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥

ਗੁਰੂ ਦਾ ਦਰਸ਼ਨ ਵੇਖ ਕੇ ਨਿਹਾਲ ਹੁੰਦਾ ਹੈ। ਗੁਰੂ ਦੇ ਸੇਵਕ ਦੀ ਘਾਲ=ਕਮਾਈ ਕੀਤੀ ਹੋਈ ਪੂਰਨ=ਸਫ਼ਲ ਹੁੰਦੀ ਹੈ।

## ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥
## ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥ ੩ ॥

ਗੁਰੂ ਦੇ ਸੇਵਕ ਨੂੰ ਕੋਈ ਭੀ ਦੁੱਖ ਨਹੀਂ ਲਗਦਾ। ਗੁਰੂ ਦਾ ਸਵੇਕ ਦਸੋਂ ਦਿਸ਼ਾਂ ਵਿਚ ਜਾਪੈ=ਜਾਣਿਆਂ ਜਾਂਦਾ ਹੈ ॥ ੩ ॥

## ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥

ਗੁਰੂ ਦੀ ਮਹਿਮਾ ਕਥਨ ਨਹੀਂ ਕੀਤੀ ਜਾਂਦੀ। ਪਾਰਬ੍ਰਹਮ ਪ੍ਰਭੂ ਗੁਰੂ ਦੇ ਵਿਚ ਆਪ ਹੀ ਸਮਾ ਰਿਹਾ ਹੈ। ਜਾਂ ਪਾਰਬ੍ਰਹਮ ਤੇ ਗੁਰਾਂ ਦਾ ਜਸ ਸਾਰੇ ਸਮਾ ਰਿਹਾ ਹੈ।

## ਕਹੁ ਨਾਨਕ ਜਾ ਕੇ ਪੂਰੇ ਭਾਗ ॥
## ਗੁਰ ਚਰਣੀ ਤਾ ਕਾ ਮਨੁ ਲਾਗ ॥ ੪ ॥ ੬ ॥ ੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਦੇ ਪੂਰਨ ਭਾਗ ਹਨ। ਉਸ ਦਾ ਮਨ ਗੁਰੂ ਦੇ ਚਰਨਾਂ ਨਾਲ ਲਗਦਾ ਹੈ ॥ ੪ ॥ ੬ ॥ ੮ ॥

## ਗੋਂਡ ਮਹਲਾ ੫ ॥

## ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥

ਮੇਰੀ ਪੂਜਾ ਭੀ ਗੁਰੂ ਹੈ, ਮੇਰਾ ਗੋਬਿੰਦ ਭੀ ਗੁਰੂ ਹੈ। ਜਾਂ ਗੁਰੂ ਦੀ ਆਗਿਆ ਮੰਨਣੀ,

ਵਾ:-ਸੇਵਾ ਕਰਨੀ ਏਹੋ ਮੇਰੀ ਪੂਜਾ ਹੈ। ਮੇਰਾ ਪਾਰਬ੍ਰਹਮ ਭੀ ਗੁਰੂ ਹੈ ਅਤੇ ਭਗਵੰਤ ਭੀ ਗੁਰੂ ਹੈ।

ਅਰਥਾਤ ਮੇਰਾ ਸਭ ਕੁਝ ਗੁਰੂ ਹੀ ਗੁਰੂ ਹਨ। ਜਾਂ ਗੁਰੂ ਮੇਰਾ ਪਾਰਬ੍ਰਹਮ ਰੂਪ ਹੈ ਤੇ ਭਗਵੰਤ ਗੁਰੂ ਰੂਪ ਹੈ।

## ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥ ੧ ॥

ਮੇਰਾ ਗੁਰੂ ਦੇਉ=ਪ੍ਰਕਾਸ਼ ਰੂਪ ਹੈ, ਅਲਖ=ਜਾਣਨੇ ਤੋਂ ਰਹਿਤ ਹੈ, ਅਭੇਉ=ਭੇਦਾਂ ਤੋਂ ਰਹਿਤ ਹੈ ਜਾਂ ਮੇਰਾ ਦੇਉ=ਪ੍ਰਕਾਸ਼ ਰੂਪ ਗੁਰੂ ਅਲਖ ਅਭੇਉ=ਪਰਮੇਸ਼ਰ ਦਾ ਸਰੂਪ ਹੈ। ਗੁਰ ਚਰਨਾਂ ਦੀ ਸੇਉ=ਸੇਵਾ ਹੀ ਮੇਰੀ ਸਭ ਤਰ੍ਹਾਂ ਦੀ ਪੂਜਾ ਹੈ। ਜਾਂ ਸਾਰਿਆਂ ਕਰਕੇ ਪੂਜਨੇ ਜੋਗ ਗੁਰ ਚਰਨਾਂ ਦੀ ਮੈਂ ਸੇਵਾ ਕਰਦਾ ਹਾਂ॥ ੧ ॥

## ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥
## ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥

ਗੁਰੂ ਤੋਂ ਬਿਨਾਂ ਮੈਨੂੰ ਹੋਰ ਕੋਈ ਥਾਂ ਨਹੀ ਹੈ। ਇਸ ਲਈ ਮੈਂ ਦਿਨ ਰਾਤ ਗੁਰੂ ਗੁਰੂ ਨਾਮ ਨੂੰ ਹੀ ਜਪਦਾ ਹਾਂ॥ ੧ ॥ ਰਹਾਉ॥

## ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥

ਮੇਰਾ ਗਿਆਨ ਭੀ ਗੁਰੂ ਹੈ ਅਤੇ ਹਿਰਦੇ ਵਿਚ ਗੁਰੂ ਦਾ ਹੀ ਧਿਆਨ ਧਾਰਦਾ ਹਾਂ।

ਗੁਰੂ ਹੀ ਗੋਪਾਲ ਪੁਰਖ ਭਗਵਾਨ ਦਾ ਸਰੂਪ ਹਨ।

## ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥ ੨ ॥

ਕਰਿ ਜੋਰਿ=ਹੱਥ ਜੋੜ ਕੇ ਗੁਰੂ ਦੀ ਸ਼ਰਨ ਵਿਚ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾਂ ਮੈਨੂੰ ਹੋਰ ਕਿਸੇ ਦਾ ਆਸਰਾ ਨਹੀਂ ਹੈ॥ ੨ ॥

## ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥

ਗੁਰੂ ਜੀ ਜਹਾਜ਼ ਹੈ ਜੋ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।

ਵਾ:-ਗੁਰੂ ਨਾਮ-ਜਹਾਜ਼ ਉਤੇ ਚਾੜ੍ਹ ਕੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।

ਗੁਰੂ ਦੀ ਸੇਵਾ ਕਰਨ ਨਾਲ ਜਮ ਤੋਂ ਛੁਟਕਾਰਾ ਹੁੰਦਾ ਹੈ।

*ਯਥਾ:-* "ਗੁਰੁ ਬੋਹਿਥੁ ਭਵਜਲ ਤਾਰਣਹਾਰੁ॥
ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ॥" *(ਪੰਨਾ ੧੨੭੦)*

## ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥ ੩ ॥

ਅਗਿਆਨ ਰੂਪ ਹਨੇਰੇ ਵਿਚ ਗੁਰ ਮੰਤ੍ਰ ਕਰਕੇ ਹੀ ਗਿਆਨ ਦਾ ਉਜਾਰਾ=ਪ੍ਰਕਾਸ਼ ਹੁੰਦਾ ਹੈ।

ਗੁਰੂ ਦੇ ਸੰਗ ਕਰਕੇ ਸਾਰਿਆਂ ਦਾ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੩ ॥

**ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥**

ਵਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਈਦਾ ਹੈ। ਗੁਰੂ ਕੀ ਸੇਵਾ ਕਰਨ ਨਾਲ ਕੋਈ ਦੁਖ ਨਹੀਂ ਲਗਦਾ।

**ਗੁਰ ਕਾ ਸਬਦੁ ਨ ਮੇਟੈ ਕੋਇ॥**

**ਗੁਰੁ ਨਾਨਕੁ ਨਾਨਕੁ ਹਰਿ ਸੋਇ॥ ੪ ॥ ੭ ॥ ੯ ॥**

ਗੁਰੂ ਦਾ ਸਬਦੁ=ਹੁਕਮ ਕੋਈ ਭੀ ਮੇਟਦਾ ਨਹੀਂ ਹੈ। ਕਿਉਂਕਿ ਗੁਰੂ ਨਾਨਕ ਦੇਵ ਜੀ ਉਸ ਨਾਨਕੁ=ਦ੍ਵੈਤ ਰਹਿਤ ਹਰੀ ਦਾ ਸਰੂਪ ਹਨ।

*ਯਥਾ:-* 'ਅਨਿਕ ਰਹਿਤ ਪਰਮਾਤਮ ਜੋਈ। ਨਾਨਕ ਨਾਮ ਕਹਾਵੈ ਸੋਈ।'

ਵਾ-ਗੁਰੁ ਨਾਨਕੁ=ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਨਾਨਕੁ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਉਸ ਹਰੀ ਦਾ ਸਰੂਪ ਹਨ॥ ੪ ॥ ੭ ॥ ੯ ॥

[ਪੰਨਾ ੮੬੫]

## ਗੋਂਡ ਮਹਲਾ ੫ ॥

ਹੁਣ ਰਾਮ ਅਸਤੋਤਰ ਕਥਨ ਕਰਦੇ ਹਨ-

**ਰਾਮ ਰਾਮ ਸੰਗਿ ਕਰਿ ਬਿਉਹਾਰ॥ ਰਾਮ ਰਾਮ ਰਾਮ ਪ੍ਰਾਨ ਅਧਾਰ॥**

ਹੇ ਭਾਈ ! ਤੂੰ ਰਾਮ ਰਾਮ ਨਾਲ ਆਪਣਾ ਸਾਰਾ ਵਿਹਾਰ ਕਰ। ਮਨ, ਬਾਣੀ, ਸਰੀਰ ਕਰਕੇ ਜੋ ਰਾਮ ਰਾਮ ਰਾਮ ਦਾ ਸਿਮਰਨ ਕਰਨਾ ਹੈ, ਏਹੋ ਪ੍ਰਾਣਾਂ ਦਾ ਅਧਾਰ=ਆਸਰਾ ਹੈ।

**ਰਾਮ ਰਾਮ ਰਾਮ ਕੀਰਤਨੁ ਗਾਇ॥ ਰਮਤ ਰਾਮੁ ਸਭ ਰਹਿਓ ਸਮਾਇ॥ ੧ ॥**

ਤਿੰਨਾਂ ਸਮਿਆਂ ਵਿਚ ਰਾਮ ਰਾਮ ਰਾਮ ਦਾ ਕੀਰਤਨ ਗਾਉਣਾ ਕਰ। ਰਮਤ ਰਾਮੁ=ਵਿਆਪਕ ਰਾਮ ਹੀ ਸਾਰਿਆਂ ਵਿਚ ਸਮਾ ਰਿਹਾ ਹੈ॥ ੧ ॥

**ਸੰਤ ਜਨਾ ਮਿਲਿ ਬੋਲਹੁ ਰਾਮ ॥ਸਭ ਤੇ ਨਿਰਮਲ ਪੂਰਨ ਕਾਮ ॥੧ ॥ਰਹਾਉ ॥**

ਸੰਤ ਜਨਾਂ ਨਾਲ ਮਿਲ ਕੇ ਰਾਮ ਨੂੰ ਬੋਲਣਾ ਕਰੋ। ਸਾਰਿਆਂ ਤੋਂ ਪਵਿੱਤਰ ਅਤੇ ਪੂਰਨ ਏਹੋ ਕੰਮ ਹੈ॥ ੧ ॥ ਰਹਾਉ ॥

**ਰਾਮ ਰਾਮ ਧਨੁ ਸੰਚਿ ਭੰਡਾਰ॥ ਰਾਮ ਰਾਮ ਰਾਮ ਕਰਿ ਆਹਾਰ॥**

ਰਾਮ ਰਾਮ ਦਾ ਸਿਮਰਨ ਰੂਪ ਧਨ ਦਾ ਭੰਡਾਰ ਸੰਚਿ=ਕੱਠਾ ਕਰ ਲੈ। ਰਾਮ ਰਾਮ ਰਾਮ ਸਿਮਰਨ ਕਰਨਾ ਹੀ ਆਹਾਰ=ਭਜਨ ਛਕਣਾ ਕਰ।

**ਰਾਮ ਰਾਮ ਵੀਸਰਿ ਨਹੀ ਜਾਇ॥ ਕਰਿ ਕਿਰਪਾ ਗੁਰਿ ਦੀਆ ਬਤਾਇ॥ ੨ ॥**

ਰਾਮ ਰਾਮ ਦਾ ਜਾਪ-ਮੈਨੂੰ ਭੁੱਲ ਨਹੀ ਜਾਂਦਾ। ਕਿਉਕਿ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਦੱਸ ਦਿੱਤਾ ਹੈ॥ ੨ ॥

**ਰਾਮ ਰਾਮ ਰਾਮ ਸਦਾ ਸਹਾਇ ॥ ਰਾਮ ਰਾਮ ਰਾਮ ਲਿਵ ਲਾਇ ॥**

ਰਾਮ ਰਾਮ ਰਾਮ ਦਾ ਜੋ ਸਿਮਰਨ ਕਰਨਾ ਹੈ ਏਹੋ ਤਿੰਨਾਂ ਸਮਿਆਂ ਵਿਚ ਸਦਾ ਸਹਾਈ ਹੈ। ਇਸ ਲਈ ਮਨ,. ਬਾਣੀ ਸਰੀਰ ਦੁਆਰਾ ਰਾਮ ਰਾਮ ਰਾਮ ਸਿਮਰਨ ਵਿਚ ਲਿਵ ਲਗਾਈ ਰੱਖ ।

**ਰਾਮ ਰਾਮ ਜਪਿ ਨਿਰਮਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥ ੩ ॥**

ਰਾਮ ਰਾਮ ਜਪਣ ਵਾਲੇ ਸਾਰੇ ਪਵਿੱਤਰ ਹੋ ਗਏ ਹਨ। ਉਨ੍ਹਾਂ ਦੇ ਜਨਮਾਂ ਜਨਮਾਂ ਦੇ ਕਿਲਬਿਖ=ਪਾਪ ਨਵਿਰਤ ਹੋ ਗਏ ਹਨ॥ ੩ ॥

**ਰਮਤ ਰਾਮ ਜਨਮ ਮਰਣੁ ਨਿਵਾਰੈ ॥ ਉਚਰਤ ਰਾਮ ਭੈ ਪਾਰਿ ਉਤਾਰੈ ॥**

ਰਾਮ ਦਾ ਰਮਤ=ਉਚਾਰਨ (ਸਿਮਰਨ) ਕਰਨਾ ਹੀ ਜਨਮ ਮਰਨ ਨੂੰ ਨਵਿਰਤ ਕਰਦਾ ਹੈ।

ਰਾਮ ਦਾ ਉਚਾਰਨ (ਸਿਮਰਨ) ਕਰਨਾ ਹੀ ਭੈ-ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।

**ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪਿ ਨਾਨਕ ਦਾਸ ॥ ੪ ॥ ੮ ॥ ੧੦ ॥**

ਜਿਸ ਰਾਮ ਦਾ ਪ੍ਰਕਾਸ਼ ਸਾਰਿਆਂ ਤੋਂ ਉੱਚਾ ਹੈ। ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਦੇ ਸਹਿਤ ਹੋ ਕੇ ਰਾਤ ਦਿਨ ਉਸ ਨੂੰ ਜਪਣਾ ਕਰ ॥ ੪ ॥ ੮ ॥ ੧੦ ॥

## ਗੋਂਡ ਮਹਲਾ ੫ ॥

**ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥**

ਉਨ੍ਹਾਂ ਕਾਮ ਆਦਿਕਾਂ ਨੂੰ ਖਸਮਿ=ਪਰਮਾਤਮਾ ਨੇ ਠਾਕਹਾਰੇ=ਰੁਕਾਵਟ ਕਰ ਦਿੱਤੀ ਹੈ।

ਆਪਣਿਆਂ ਦਾਸਾਂ ਨਾਲੋਂ ਉਹ ਮਾਰਿ=ਕਾਮ ਆਦਿਕ ਮਾਰ ਕੇ ਬਿਦਾਰੇ=ਬਿਦੀਰਨ ਅਰਥਾਤ ਨਾਸ ਕਰ ਦਿੱਤੇ ਹਨ।

**ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥**

**ਰਾਮ ਜਨਾ ਮਿਲਿ ਮੰਗਲੁ ਗਾਇਆ ॥ ੧ ॥**

ਗੋਬਿੰਦ ਦੇ ਭਗਤਾਂ ਦਾ ਜੋ ਮਹਲੁ=ਅੰਤਹਕਰਨ ਹੈ, ਉਸ ਵਿਚ ਕਾਮ ਆਦਿਕਾਂ ਨੇ ਰਹਿਣਾ ਨਹੀਂ ਪਾਇਆ। ਰਾਮ ਦੇ ਸੇਵਕ ਜਨਾਂ ਨੇ ਆਪਸ ਵਿਚ ਮਿਲ ਕੇ ਪ੍ਰਭੂ ਦਾ ਮੰਗਲ ਰੂਪ ਜਸ ਗਾਇਆ ਹੈ॥ ੧ ॥

**ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥**

**ਰਾਮ ਭਗਤ ਕੇ ਪਾਨੀਹਾਰ ॥ ੧ ॥ ਰਹਾਉ ॥**

ਸਾਰੀ ਸ੍ਰਿਸ਼ਟੀ ਦੇ ਸਿਰ ਉੱਤੇ (ਉਹ ਕਾਮ ਕ੍ਰੋਧ ਆਦਿਕ) ਪੰਜ ਸਿਕਦਾਰ=ਥਾਣੇਦਾਰ ਹਨ।

ਪਰ ਰਾਮ ਦੇ ਜੋ ਭਗਤ ਹਨ ਉਨ੍ਹਾਂ ਦੇ ਘਰ ਉਹ ਪੰਜੇ ਪਾਣੀ ਭਰਨ ਵਾਲੇ ਦਾਸ ਹਨ॥ ੧ ॥ ਰਹਾਉ ॥

**ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥**

ਸਾਰੇ ਜਗਤ ਦੇ ਪਾਸੋਂ ਤਾਂ ਉਹ ਦਾਨੁ=ਡੰਨ (ਕਰ) ਲੈਂਦੇ ਹਨ। ਪਰ ਗੋਬਿੰਦ ਦੇ ਭਗਤ ਨੂੰ ਉਹ ਪੰਜੇ ਸਲਾਮੁ=ਨਮਸ਼ਕਾਰ ਕਰਦੇ ਹਨ।

## ਲੂਟਿ ਲੇਹਿ ਸਾਕਤ ਪਤਿ ਖੋਵਹਿ ॥
## ਸਾਧ ਜਨਾ ਪਗ ਮਲਿ ਮਲਿ ਧੋਵਹਿ ॥ ੨ ॥

ਸਾਕਤਾਂ ਦੇ ਕੀਤੇ ਹੋਏ ਕਰਮਾਂ ਧਰਮਾਂ ਨੂੰ ਲੁੱਟ ਲੈਂਦੇ ਹਨ, ਅਤੇ ਪਤਿ ਖੋਵਹਿ=ਇੱਜ਼ਤ ਭੀ ਨਾਸ ਕਰ ਦੇਂਦੇ ਹਨ। ਪਰ ਸੰਤ ਜਨ੍ਹਾਂ ਦੇ ਪਗ=ਚਰਨਾਂ ਨੂੰ ਮਲ-ਮਲ ਕੇ ਧੋਂਦੇ ਹਨ॥ ੨ ॥

## ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥

੧. ਇਕ ਮਾਇਆ ਨੇ ਹੀ ਪੰਜ ਕਾਮ ਆਦਿਕ ਪੁੱਤਰ ਜਣੇ=ਪੈਦਾ ਕੀਤੇ ਹਨ। ਅਤੇ ਉਤਭੁਜ=ਉਤੇ ਕ੍ਰਿਸ਼ਟ ਭੁਜਾਂ ਵਾਲੇ ਪ੍ਰਭੂ ਨਾਲ ਮਿਲ ਕੇ ਜਦ ਵਿਆਈ=ਪ੍ਰਸੂਤ ਹੋਈ ਤਾਂ ਉਸ ਨੇ ਜਗਤ ਦਾ ਖੇਲ ਰਚਨਾ ਕੀਤਾ।

੨. ਇਕ ਮਾਇਆ ਨੇ ਪੰਚ ਪੂਤ=ਪੰਜ ਤੱਤ ਪੈਦਾ ਕੀਤੇ ਹਨ। ਪੁਨਾ ਵਿਆਇ=ਪ੍ਰਸੂਤ ਹੋ ਕੇ ਉਤ ਭੁਜ ਆਦਿਕ ਚਾਰ ਖਾਣੀਆਂ ਰੂਪ ਜਗਤ ਦਾ ਖੇਲ ਰਚਨਾ ਕੀਤਾ।

## ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥ ੩ ॥

ਜਗਤ ਦੇ ਜੀਵ ਤਿੰਨਾਂ ਗੁਣਾਂ ਦੇ ਨਾਲ ਰਚ ਕੇ ਉਨ੍ਹਾਂ ਦੇ ਵਿਚ ਹੀ ਰਸ ਰਹੇ ਹਨ, ਜਾਂ ਤਿੰਨਾਂ ਗੁਣਾਂ ਦੇ ਨਾਲ ਮਿਲ ਕੇ ਵਿਸ਼ੇ-ਰਸਾਂ ਵਿਚ ਰਚ ਰਹੇ ਹਨ। ਤੇ ਸੰਤ ਜਨ ਇਨ੍ਹਾਂ ਨੂੰ ਛੱਡ ਕੇ ਸਭ ਤੋਂ ਉੱਪਰ ਜੋ ਪਰਮੇਸ਼ਰ ਹੈ, ਉਸ ਵਿਚ ਵਸ ਰਹੇ ਹਨ॥ ੩ ॥

## ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਂ ਦਾਸ ਜਨ ਨੂੰ ਉਨ੍ਹਾਂ ਤੋਂ ਛਡਾ ਲਿਆ ਹੈ। ਇਹ ਦੁਸ਼ਟ ਜਿਸ ਪ੍ਰਭੂ ਦੇ ਪੈਦਾ ਕੀਤੇ ਹੋਏ ਸਨ, ਓਸੇ ਨੇ ਮੇਰੇ ਵਲੋਂ ਇਨ੍ਹਾਂ ਨੂੰ ਹਟਾ ਰੱਖਿਆ ਹੈ।

## ਕਹੁ ਨਾਨਕ ਭਗਤਿ ਪ੍ਰਭ ਸਾਰੁ ॥
## ਬਿਨੁ ਭਗਤੀ ਸਭ ਹੋਇ ਖੁਆਰੁ ॥ ੪ ॥ ੯ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੀ ਭਗਤੀ ਹੀ ਸਾਰੁ=ਸ੍ਰੇਸ਼ਟ ਹੈ। ਭਗਤੀ ਤੋਂ ਬਿਨਾਂ ਸਾਰੇ ਖੁਆਰੁ=ਖ਼ਰਾਬ ਹੁੰਦੇ ਹਨ॥ ੪ ॥ ੯ ॥ ੧੧ ॥

## ਗੋਂਡ ਮਹਲਾ ੫ ॥

## ਕਲਿ ਕਲੇਸ ਮਿਟੇ ਹਰਿ ਨਾਇ ॥ ਦੂਖ ਬਿਨਸੇ ਸੁਖ ਕੀਨੋ ਠਾਉ ॥

ਹਰੀ ਨਾਮ ਜਪਣ ਕਰਕੇ ਕਲਪਣਾਂ ਤੇ ਕਲੇਸ਼ ਮਿਟ ਗਏ ਹਨ। ਦੁੱਖ ਭੀ ਬਿਨਸ ਗਏ ਹਨ ਅਤੇ ਸੁਖਾਂ ਨੇ ਹਿਰਦੇ ਵਿਚ ਥਾਂ ਬਣਾ ਲਿਆ ਹੈ।

## ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥ ੧ ॥

ਅੰਮ੍ਰਿਤ ਰੂਪ ਨਾਮ ਨੂੰ ਜਪ ਜਪ ਕੇ ਅਘਾਏ=ਰੱਜ ਗਏ ਹਾਂ। ਸੰਤਾਂ ਦੀ ਕਿਰਪਾ ਨਾਲ ਸਾਰੇ ਫਲ ਪਾਏ ਹਨ॥ ੧ ॥

**ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥ ੧ ॥ ਰਹਾਉ ॥**

ਰਾਮ ਜਪਣ ਵਾਲੇ ਗੁਰਮੁਖ ਜਨ ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ ਹਨ। ਤੇ ਜਨਮਾਂ ਜਨਮਾਂ ਦੇ ਪਾਪ ਹਰੇ=ਦੂਰ ਹੋ ਗਏ ਹਨ॥ ੧ ॥ ਰਹਾਉ ॥

**ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥**

ਜਿਨ੍ਹਾਂ ਨੇ ਗੁਰੂ ਦੇ ਚਰਨ ਹਿਰਦੇ ਦੇ ਉਰਿ=ਵਿਚ ਧਾਰੇ ਹਨ। ਉਹ ਅੱਗ ਦੇ ਸਮੁੰਦਰ (ਸੰਸਾਰ) ਤੋਂ ਪਾਰ ਉਤਰ ਗਏ ਹਨ।

**ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥ ੨ ॥**

ਜਨਮ ਮਰਨ ਰੂਪ ਸਾਰੀ ਉਪਾਧੀ ਮਿਟ ਗਈ ਹੈ। ਅਤੇ ਪ੍ਰਭੂ ਦੇ ਨਾਲ ਸਹਜੇ ਹੀ ਸਮਾਧੀ ਲਗ ਗਈ ਹੈ॥ ੨ ॥

**ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥**

ਥਾਨਾਂ ਅੰਦਰ ਥਾਨਾਂ ਵਿਚ ਇਕ ਸੁਆਮੀ ਪੂਰਨ ਹੈ। ਜੋ ਸਾਰਿਆਂ ਘਟਾਂ ਦਾ ਅੰਤਰਯਾਮੀ ਹੈ, ਭਾਵ ਸਭ ਦੇ ਦਿਲਾਂ ਦੀ ਗੱਲ ਜਾਣਦਾ ਹੈ।

**ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥ ੩ ॥**

ਉਹ ਕਿਰਪਾ ਕਰਕੇ ਜਿਸ ਨੂੰ ਸ਼ੁਭ ਮਤੀ ਦੇਂਦਾ ਹੈ। ਉਹ ਅੱਠੇ ਪਹਿਰ ਪ੍ਰਭੂ ਦਾ ਨਾਮ ਲੈਂਦਾ ਭਾਵ ਜਾਪਦਾ ਹੈ।

**ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥**

ਜਿਸ ਦੇ ਹਿਰਦੇ ਵਿਚ ਪ੍ਰਭੂ ਆਪ ਆ ਕੇ ਵਸਦਾ ਹੈ। ਉਸ ਦੇ ਹਿਰਦੇ ਵਿਚ ਪ੍ਰਗਾਸੁ=ਗਿਆਨ ਹੁੰਦਾ ਹੈ।

**ਭਗਤਿ ਭਾਇ ਹਰਿ ਕੀਰਤਨੁ ਕਰੀਐ ॥**

**ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥ ੪ ॥ ੧੦ ॥ ੧੨ ॥**

ਪ੍ਰੇਮਾ ਭਗਤੀ ਸਹਿਤ ਹਰੀ ਦੇ ਕੀਰਤਨ ਨੂੰ ਕਰੀਏ। ਅਤੇ ਗੁਰੂ ਜੀ ਕਥਨ ਕਰਦੇ ਹਨ-ਪ੍ਰਾਰਬ੍ਰਹਮ ਨੂੰ ਜਪਣਾ ਕਰੀਏ ਤਾਂ ਸੰਸਾਰ ਤੋਂ ਤਰਨਾ ਹੁੰਦਾ ਹੈ ॥ ੪ ॥ ੧੦ ॥ ੧੨ ॥

[ਪੰਨਾ ੮੬੬]

**ਗੋਂਡ ਮਹਲਾ ੫ ॥**

**ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥**

ਉਸ ਗੁਰੂ ਦੇ ਚਰਨ-ਕਮਲਾਂ ਪਰ ਨਮਸ਼ਕਾਰ ਕਰ। ਜਿਸ ਗੁਰੂ ਨੇ ਇਸ ਸਰੀਰ ਦੇ ਵਿੱਚੋਂ ਕਾਮ ਕ੍ਰੋਧ ਆਦਿਕਾਂ ਨੂੰ ਮਾਰ ਦਿੱਤਾ ਹੈ।

**ਹੋਇ ਰਹੀਐ ਸਗਲ ਕੀ ਰੀਨਾ ॥**

**ਘਟਿ ਘਟਿ ਰਮਈਆ ਸਭ ਮਹਿ ਚੀਨਾ ॥ ੧ ॥**

ਸਾਰਿਆਂ ਦੇ ਚਰਨਾਂ ਦੀ ਰੀਨਾ=ਧੂੜ ਹੋ ਰਹਿਣਾ ਕਰ। ਅਤੇ ਸਾਰਿਆਂ ਘਟਾਂ ਘਟਾਂ ਵਿਚ ਰਮਈਏ ਨੂੰ ਚੀਨ੍ਹਾ=ਜਾਣਨਾ ਕਰ॥ ੧ ॥

**ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥**
**ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥ ੧ ॥ ਰਹਾਉ ॥**

ਉਸ ਗੋਬਿੰਦ ਗੁਪਾਲ ਨੂੰ ਇਸ ਤਰ੍ਹਾਂ ਰਮਹੁ=ਉਚਾਰੋ ਕਿ ਇਹ ਤਨ ਧਨ ਪ੍ਰਭੂ ਦਾ ਦਿੱਤਾ ਹੋਇਆ ਹੈ ਅਤੇ ਜਿੰਦ ਪ੍ਰਭੂ ਦੀ ਦਿੱਤੀ ਹੋਈ ਹੈ॥ ੧ ॥ ਰਹਾਉ ॥

**ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥**

ਅੱਠੇ ਪਹਿਰ ਹਰੀ ਦੇ ਗੁਣ ਗਾਉਣਾ ਕਰ। ਜੀਅ ਅਤੇ ਪ੍ਰਾਣਾਂ ਦਾ ਏਹੋ ਹੀ ਸੁਆਉ=ਲਾਭ ਹੈ।

**ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥**
**ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥ ੨ ॥**

ਹੰਕਾਰ ਨੂੰ ਤਿਆਗ ਕੇ ਪ੍ਰਭੂ ਨੂੰ ਆਪਣਾ ਸੰਗੀ ਜਾਣਨਾ ਕਰ। ਅਤੇ ਸੰਤਾਂ ਦੀ ਕਿਰਪਾ ਦੁਆਰੇ ਆਪਣੇ ਮਨ ਨੂੰ ਹਰੀ ਨਾਲ ਰੰਗਣਾ ਕਰ॥ ੨ ॥

**ਜਿਨਿ ਤੂੰ ਕੀਆ ਤਿਸ ਕਉ ਜਾਨੁ ॥ ਆਗੈ ਦਰਗਹ ਪਾਵੈ ਮਾਨੁ ॥**

ਜਿਸ ਨੇ ਤੈਨੂੰ ਪੈਦਾ ਕੀਤਾ ਹੈ, ਉਸ ਨੂੰ ਤੂੰ ਜਾਣਨਾ ਕਰ। ਤਾਂ ਅੱਗੇ ਜਾ ਕੇ ਪ੍ਰਲੋਕ ਦਰਗਾਹ ਵਿਚ ਮਾਨੁ=ਆਦਰ ਪਾਏਂਗਾ।

**ਮਨੁ ਤਨੁ ਨਿਰਮਲ ਹੋਇ ਨਿਹਾਲੁ ॥ ਰਸਨਾ ਨਾਮੁ ਜਪਤ ਗੋਪਾਲ ॥ ੩ ॥**

ਉਸ ਦਾ ਮਨ ਨਿਰਮਲ ਤੇ ਤਨ ਨਿਹਾਲੁ=ਦੁੱਖਾਂ ਤੋਂ ਰਹਿਤ ਹੁੰਦਾ ਹੈ। ਜਿਹੜਾ ਪੁਰਸ਼ ਰਸਨਾ ਨਾਲ ਗੋਪਾਲ ਦੇ ਨਾਮ ਨੂੰ ਜਪਦਾ ਹੈ॥ ੩ ॥

**ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਸਾਧੂ ਕੀ ਮਨੁ ਮੰਗੈ ਰਵਾਲਾ ॥**

ਹੇ ਦੀਨ ਦਿਆਲ ਪ੍ਰਭੂ ! ਮੇਰੇ ਉੱਤੇ ਕਿਰਪਾ ਕਰ। ਮਨੁ=ਮੈਂ ਸੰਤਾਂ ਦੇ ਚਰਨਾਂ ਦੀ ਰਵਾਲਾ=ਧੂੜੀ ਮੰਗੈ=ਮੰਗਦਾ ਹਾਂ।

**ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥**
**ਨਾਨਕੁ ਜਪਿ ਜੀਵੈ ਪ੍ਰਭ ਨਾਮੁ ॥ ੪ ॥ ੧੧ ॥ ੧੩ ॥**

ਹੇ ਪ੍ਰਭੂ ! ਦਿਆਲੂ ਹੋ ਕੇ ਦਾਨ ਦੇਣਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਇਕ ਆਪ ਜੀ ਦੇ ਨਾਮ ਨੂੰ ਹੀ ਜਪ ਕੇ ਜੀਉਣਾ ਕਰਾਂ ॥ ੪ ॥ ੧੧ ॥ ੧੩ ॥

## ਗੋਂਡ ਮਹਲਾ ੫ ॥

**ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥**

ਧੂਪ ਦੀਪ ਆਦਿਕ ਕਰਕੇ ਗੋਪਾਲ ਦੀ ਏਹੋ ਸੇਵਾ ਕੀਤੀ ਹੈ। ਜਿਹੜੀ ਅਨੇਕਾਂ ਵਾਰੀ ਕਰਤਾਰ ਨੂੰ ਬੰਦਨਾ ਕੀਤੀ ਹੈ।

**ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥ ਗੁਰ ਸੁਪ੍ਰਸੰਨ ਭਏ ਵਡ ਭਾਗਿ ॥੧॥**

ਸਭ ਕੁਝ ਤਿਆਗ ਕੇ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ। ਵੱਡਿਆਂ ਭਾਗਾਂ ਕਰਕੇ ਗੁਰੂ ਜੀ ਆਪੇ ਪ੍ਰਸੰਨ ਹੋਏ ਹਨ॥ ੧॥

**ਆਠ ਪਹਰ ਗਾਈਐ ਗੋਬਿੰਦੁ ॥**

**ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ**

ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣਾ ਕਰੀਏ। ਤਨ ਤੇ ਧਨ ਪ੍ਰਭੂ ਦਾ ਹੈ, ਅਤੇ ਜਿੰਦ ਭੀ ਪ੍ਰਭੂ ਦੀ ਦਿੱਤੀ ਹੋਈ ਹੈ॥ ੧॥ ਰਹਾਉ॥

**ਹਰਿ ਗੁਣ ਰਮਤ ਭਏ ਆਨੰਦ ॥ ਪਾਰਬ੍ਰਹਮ ਪੂਰਨ ਬਖਸੰਦ ॥**

ਹਰੀ ਗੁਣਾਂ ਦੇ ਰਮਤ=ਉਚਾਰਨ ਕਰਕੇ ਅਨੰਦ ਹੋਏ ਹਾਂ। ਕਿਉਂਕਿ ਪੂਰਨ ਪਾਰਬ੍ਰਹਮ ਬਖਸ਼ਸ਼ਾਂ ਦੇ ਕਰਨ ਵਾਲਾ ਹੈ।

**ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥੨॥**

ਕਿਰਪਾ ਦ੍ਰਿਸ਼ਟੀ ਕਰਕੇ ਉਸ ਨੇ ਆਪਣੇ ਸੇਵਕ ਜਨ ਆਪਣੀ ਸੇਵਾ ਵਿਚ ਲਗਾਏ ਹਨ।
ਅਤੇ ਆਪਣੇ ਨਾਲ ਮਿਲਾ ਕੇ ਜਨਮ ਮਰਨ ਦੇ ਦੁੱਖ ਮੇਟ ਦਿੱਤੇ ਹਨ।

**ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥**

ਸਾਧ ਸੰਗਤ ਵਿਚ ਬੈਠ ਕੇ ਜੋ ਹਰੀ ਨਾਮ ਦਾ ਜਾਪ ਜਪਣਾ ਹੈ। ਏਹੋ ਕਰਮ ਧਰਮ ਅਤੇ ਤਤੁ ਗਿਆਨੁ=ਯਥਾਰਥ ਗਿਆਨ ਹੈ।

**ਸਾਗਰ ਤਰਿ ਬੋਹਿਥ ਪ੍ਰਭ ਚਰਣ ॥ ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥**

ਸੰਸਾਰ-ਸਮੁੰਦਰ ਤੋਂ ਤਾਰਨ ਵਾਲੇ ਪ੍ਰਭੂ ਦੇ ਚਰਨ ਬੋਹਿਥ=ਜਹਾਜ਼ ਰੂਪ ਹਨ।
ਅੰਤਰਜਾਮੀ ਪ੍ਰਭੂ ਸਭ ਕਾਰਨਾਂ ਦੇ ਕਰਨ ਵਾਲਾ ਹੈ।

**ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥**

ਉਸ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖ ਲਿਆ ਹੈ। ਬਿਕਰਾਲ=ਭਿਆਨਕ ਪੰਜ ਕਾਮ ਕ੍ਰੋਧ ਆਦਿਕ ਦੂਤ ਭੱਜ ਗਏ ਹਨ।

**ਜੂਐ ਜਨਮੁ ਨ ਕਬਹੂ ਹਾਰਿ ॥**

**ਨਾਨਕ ਕਾ ਅੰਗੁ ਕੀਆ ਕਰਤਾਰਿ ॥ ੪ ॥ ੧੨ ॥ ੧੪ ॥**

ਸੰਸਾਰ ਜੂਏ ਵਿਚ ਉਹ ਆਪਣੇ ਮਨੁੱਖ ਜਨਮ ਰੂਪ ਬਾਜ਼ੀ ਨੂੰ ਕਦੇ ਹਾਰਦਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ-ਕਰਤਾਰ ਨੇ ਜਿਸ ਦਾ ਅੰਗੁ=ਪੱਖ ਕੀਤਾ ਹੈ॥ ੪॥ ੧੨ ॥ ੧੪॥

## ਗੋਂਡ ਮਹਲਾ ੫ ॥

**ਕਰਿ ਕਿਰਪਾ ਸੁਖ ਅਨਦ ਕਰੇਇ ॥ ਬਾਲਕ ਰਾਖਿ ਲੀਏ ਗੁਰਦੇਵਿ ॥**

ਪ੍ਰਭੂ ਦੀ ਕਿਰਪਾ ਕਰਕੇ ਅਸੀਂ ਸੁਖ ਅਨੰਦ ਭੋਗਣਾ ਕਰਦੇ ਹਾਂ।

ਗੁਰਦੇਵਾਂ ਨੇ ਹੱਥ ਦੇ ਕੇ ਬਾਲਕ=ਛੇਵੇਂ ਪਾਤਿਸ਼ਾਹ ਨੂੰ, ਵਾ:-ਜਗਿਆਸੂ ਨੂੰ ਰੱਖ ਲਿਆ ਹੈ।

**ਪ੍ਰਭ ਕਿਰਪਾਲ ਦਇਆਲ ਗੋੁਬਿੰਦ ॥ ਜੀਅ ਜੰਤ ਸਗਲੇ ਬਖਸਿੰਦ ॥ ੧ ॥**

ਪ੍ਰਭੂ ਪਿੱਛੇ ਕ੍ਰਿਪਾਲੂ ਸੀ, ਗੋਬਿੰਦ ਹੁਣ ਭੀ ਦਿਆਲੂ ਹੈ। ਜਾਂ ਗੋਬਿੰਦ=ਵੇਦਾਂ ਕਰਕੇ ਜਾਨਣੇ ਜੋਗ ਕ੍ਰਿਪਾਲੂ ਪ੍ਰਭੂ ਦਿਆਲੂ ਸੁਭਾਅ ਵਾਲਾ ਹੈ। ਸਾਰਿਆਂ ਜੀਆਂ ਜੰਤਾਂ ਨੂੰ ਬਖਸ਼ਣੇ ਵਾਲਾ ਹੈ।

**ਤੇਰੀ ਸਰਣਿ ਪ੍ਰਭ ਦੀਨ ਦਇਆਲ ॥**

**ਪਾਰਬ੍ਰਹਮ ਜਪਿ ਸਦਾ ਨਿਹਾਲ ॥ ੧ ॥ ਰਹਾਉ ॥**

ਹੇ ਦੀਨ ਦਿਆਲ ਪ੍ਰਭੂ ! ਮੈਂ ਤੇਰੀ ਸ਼ਰਨੀ ਹਾਂ। ਹੇ ਪਾਰਬ੍ਰਹਮ ਆਪ ਜੀ ਨੂੰ ਜਪ ਕੇ ਮੈਂ ਸਦਾ ਨਿਹਾਲ=ਸੁਖੀ ਰਹਿੰਦਾ ਹਾਂ॥ ੧॥ ਰਹਾਉ॥

**ਪ੍ਰਭ ਦਇਆਲ ਦੂਸਰ ਕੋਈ ਨਾਹੀ ॥ ਘਟ ਘਟ ਅੰਤਰਿ ਸਰਬ ਸਮਾਹੀ ॥**

ਹੇ ਪ੍ਰਭੂ ! ਤੇਰੇ ਵਰਗਾ ਹੋਰ ਕੋਈ ਦੂਜਾ ਦਿਆਲੂ ਨਹੀਂ ਹੈ। ਤੂੰ ਸਾਰਿਆਂ ਘਟਾਂ ਘਟਾਂ ਦੇ ਵਿਚ ਸਮਾ ਰਿਹਾ ਹੈਂ।

**ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥**

**ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੈ ॥ ੨ ॥**

ਹੇ ਪ੍ਰਭੂ ! ਤੁਹਾਡਾ ਬਿਰਦ ਪਤਿਤ ਪਾਵਨ ਹੈ। ਤੂੰ ਆਪਣੇ ਦਾਸ ਦਾ ਹਲਤੁ ਪਲਤੁ=ਲੋਕ ਪ੍ਰਲੋਕ ਸਵਾਰਦਾ ਹੈਂ॥ ੨ ॥

**ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥**

ਗੋਬਿੰਦ ਦਾ ਸਿਮਰਨ ਹੀ ਕ੍ਰੋੜਾਂ ਰੋਗਾਂ ਦੀ ਨਵਿਰਤੀ ਦਾ ਇਕੋ ਅਉਖਧ=ਦਾਰੂ ਹੈ। ਭਗਵੰਤ ਦਾ ਜਿਹੜਾ ਭਜਨ ਕਰਨਾ ਹੈ ਏਹੋ ਜੰਤਰ, ਤੰਤਰ ਤੇ ਮੰਤਰ ਹੈ।

**ਰੋਗ ਸੋਗ ਮਿਟੇ ਪ੍ਰਭ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ ॥ ੩ ॥**

ਪ੍ਰਭੂ ਦੇ ਧਿਆਉਣ ਨਾਲ ਸਾਰੇ ਰੋਗ ਸੋਗ ਮਿਟ ਗਏ ਹਨ। ਅਤੇ ਮਨ ਬਾਂਛਤ=ਮਨ ਇੱਛਤ ਸਾਰੇ ਫਲ ਪਾ ਲਏ ਹਨ॥ ੩ ॥

## ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥

ਉਹ ਦਿਆਲੂ ਪਰਮਾਤਮਾ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈ। ਉਸ ਦੇ ਮਹਾ ਬੀਚਾਰ=ਉੱਤਮ ਆਤਮ-ਵਿਚਾਰ ਦੇ ਕਰਨ ਨਾਲ ਸਾਰੇ ਖ਼ਜ਼ਾਨੇ ਪ੍ਰਾਪਤ ਹੁੰਦੇ ਹਨ।

## ਨਾਨਕ ਬਖਸਿ ਲੀਏ ਪ੍ਰਭਿ ਆਪਿ ॥
## ਸਦਾ ਸਦਾ ਏਕੋ ਹਰਿ ਜਾਪਿ ॥ ੪ ॥ ੧੩ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ-ਸਾਨੂੰ ਪ੍ਰਭੂ ਨੇ ਆਪ ਹੀ ਬਖਸ਼ ਲਿਆ ਹੈ। ਅਸੀਂ ਤਾ ਸਦਾ=ਨਿਤ ਰੂਪ ਇਕ ਹਰੀ ਨੂੰ ਸਦਾ ਹੀ ਜਪਦੇ ਹਾਂ॥ ੪॥ ੧੩॥ ੧੫॥

## ਗੋਂਡ ਮਹਲਾ ੫ ॥

## ਹਰਿ ਹਰਿ ਨਾਮੁ ਜਪਹੁ ਮੇਰੇ ਮੀਤ ॥ ਨਿਰਮਲ ਹੋਇ ਤੁਮ੍ਹਾਰਾ ਚੀਤ ॥

ਹੇ ਮੇਰੇ ਮਿੱਤਰੋਂ ! ਹਰਿ ਹਰਿ ਨਾਮ ਨੂੰ ਜਪਨਾ ਕਰੋ। ਤਦ ਤੁਹਾਡਾ ਚਿੱਤ ਨਿਰਮਲ ਹੋਵੇਗਾ।

[ਪੰਨਾ ੮੬੭]

## ਮਨ ਤਨ ਕੀ ਸਭ ਮਿਟੈ ਬਲਾਇ ॥ ਦੂਖੁ ਅੰਧੇਰਾ ਸਗਲਾ ਜਾਇ ॥ ੧ ॥

ਮਨ ਤਨ ਦੀ ਸਾਰੀ ਆਸਾ ਤ੍ਰਿਸ਼ਨਾ ਜਾਂ ਅਵਿਦਿਆ ਰੂਪੀ ਬਲਾ ਮਿਟ ਜਾਏਗੀ ਅਤੇ ਦੁਖਦਾਈ ਅਗਿਆਨ ਰੂਪ ਹਨੇਰਾ ਸਾਰਾ ਦੂਰ ਹੋ ਜਾਏਗਾ॥ ੧॥

## ਹਰਿ ਗੁਣ ਗਾਵਤ ਤਰੀਐ ਸੰਸਾਰੁ ॥
## ਵਡ ਭਾਗੀ ਪਾਈਐ ਪੁਰਖੁ ਅਪਾਰੁ ॥ ੧ ॥ ਰਹਾਉ ॥

ਹਰੀ ਗੁਣ ਗਾਉਂਦਿਆਂ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ। ਵੱਡਿਆਂ ਭਾਗਾਂ ਕਰਕੇ ਅਪਾਰ ਪੁਰਖ ਪਰਮਾਤਮਾ ਪਾਈਦਾ ਹੈ॥ ੧॥ ਰਹਾਉ॥

## ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥

ਜਿਹੜਾ ਪੁਰਸ਼ ਗੋਪਾਲ ਦੇ ਕੀਰਤਨ ਨੂੰ ਕਰਦਾ ਹੈ। ਉਸ ਨੂੰ ਜਮ ਕਾਲ ਪੋਹਿ=ਛੋਹ ਨਹੀਂ ਸਕਦਾ।

ਵਾ:-ਜਮ ਕਾਲੁ=ਜੰਮਣਾ ਤੇ ਮਰਨਾ ਛੋਹ ਨਹੀਂ ਸਕਦਾ।

## ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ ਖਸਮੁ ਪਛਾਣੁ ॥ ੨ ॥

ਉਹ ਪੁਰਸ਼ ਜਗਤ ਵਿਚ ਆਇਆ ਹੋਇਆ ਪ੍ਰਮਾਨੀਕ ਹੈ। ਜਿਸ ਗੁਰਮੁਖ ਨੇ ਗੁਰਾਂ ਦੁਆਰੇ ਆਪਣੇ ਮਾਲਕ ਪ੍ਰਭੂ ਨੂੰ ਪਛਾਣ ਲਿਆ ਹੈ॥ ੨॥

## ਹਰਿ ਗੁਣ ਗਾਵੈ ਸੰਤ ਪ੍ਰਸਾਦਿ ॥ ਕਾਮ ਕ੍ਰੋਧ ਮਿਟਹਿ ਉਨਮਾਦ ॥

ਜੋ ਸੰਤਾਂ ਦੀ ਕਿਰਪਾ ਨਾਲ ਹਰੀ ਗੁਣਾਂ ਨੂੰ ਗਾਉਂਦਾ ਹੈ। ਉਸ ਦੇ ਅੰਦਰੋਂ ਉਨਮਾਦ=ਮਸਤੀ ਦੇਣ ਵਾਲੇ ਕਾਮ ਕ੍ਰੋਧ ਆਦਿਕ ਮਿਟ ਜਾਂਦੇ ਹਨ। ਜਾਂ ਉਸ ਦਾ ਕਾਮ ਕ੍ਰੋਧ ਰੂਪੀ ਉਨਮਾਦ=ਰੋਗ ਮਿਟ ਜਾਂਦਾ ਹੈ।

ਅਥਵਾ:- ਕਾਮ ਕ੍ਰੋਧ ਤੇ ਉਨਮਾਦ=ਹੰਕਾਰ (ਆਦਿਕ ਸਾਰੇ ਵਿਕਾਰ) ਮਿਟ ਜਾਂਦੇ ਹਨ।

## ਸਦਾ ਹਜੂਰਿ ਜਾਣੁ ਭਗਵੰਤ ॥ ਪੂਰੇ ਗੁਰ ਕਾ ਪੂਰਨ ਮੰਤ ॥ ੩ ॥

ਹੇ ਪੁਰਸ਼ਾ ! ਪੂਰਿਆਂ ਗੁਰਾਂ ਦਾ ਪੂਰਨ ਮੰਤਰ ਲੈ ਕੇ ਭਗਵੰਤ ਨੂੰ ਸਦਾ ਆਪਣੇ ਹਜੂਰਿ=ਸਮੀਪ (ਨੇੜੇ) ਜਾਣਨਾ ਕਰ ॥ ੩ ॥

## ਹਰਿ ਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ ਸਭਿ ਕਾਜ ਸਵਾਰ ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲ ਕੇ ਹਰੀ ਨਾਮ-ਧਨ ਖੱਟ ਕੇ ਅੰਤਹਕਰਨ ਰੂਪ ਭੰਡਾਰੇ ਭਰ ਲੀਤੇ ਹਨ, ਉਹਨਾਂ ਨੇ ਆਪਣੇ ਸਾਰੇ ਕੰਮ ਸਵਾਰ ਲੀਤੇ ਹਨ।

## ਹਰਿ ਕੇ ਨਾਮ ਰੰਗ ਸੰਗਿ ਜਾਗਾ ॥

## ਹਰਿ ਚਰਣੀ ਨਾਨਕ ਮਨੁ ਲਾਗਾ ॥ ੪ ॥ ੧੪ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਦੇ ਰੰਗ=ਪ੍ਰੇਮ ਨਾਲ ਜਿਸ ਦਾ ਮਨ ਜਾਗਿਆ ਹੈ। ਉਸੇ ਦਾ ਮਨ ਹਰੀ ਦੇ ਚਰਨਾਂ ਨਾਲ ਲੱਗ ਗਿਆ ਭਾਵ ਜੁੜ ਗਿਆ ਹੈ॥ ੪ ॥ ੧੪ ॥ ੧੬ ॥

## ਗੋਂਡ ਮਹਲਾ ੫ ॥

## ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥

ਭਵਸਾਗਰ=ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਲੇ ਹਰੀ ਦੇ ਚਰਨ ਜਹਾਜ਼ ਹਨ।

ਨਾਮ-ਸਿਮਰਨ ਕਰਨ ਵਾਲੇ ਨੂੰ ਮੁੜ ਕੇ ਮਰਨਾ ਨਹੀਂ ਹੁੰਦਾ।

## ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥ ੧ ॥

ਹਰੀ ਦੇ ਗੁਣ ਉਚਾਰਨ ਕੀਤਿਆਂ ਜਮ ਰਸਤੇ ਵਿਚ ਨਹੀਂ ਜਾਈਦਾ। ਸਭ ਤੋਂ ਮਹਾ=ਵੱਡੇ ਉੱਤਮ ਆਤਮ-ਵਿਚਾਰ ਦੇ ਕਰਨ ਵਾਲਾ ਪੁਰਸ਼ ਪੰਜ ਕਾਮ ਆਦਿਕ ਦੂਤਾਂ ਨੂੰ ਮੰਥ=ਮਥਨ ਭਾਵ ਨਾਸ ਕਰ ਲੈਂਦਾ ਹੈ॥ ੧ ॥

## ਤਉ ਸਰਣਾਈ ਪੂਰਨ ਨਾਥ ॥ ਜੰਤ ਅਪਨੇ ਕਉ ਦੀਜਹਿ ਹਾਥ ॥੧ ॥ਰਹਾਉ ॥

ਹੇ ਪੂਰਨ ਸੁਆਮੀ! ਮੈਂ ਆਪ ਜੀ ਦੀ ਸ਼ਰਨੀ ਆਇਆ ਹਾਂ। ਆਪਣੇ ਸੇਵਕ ਜਨ ਨੂੰ ਕਿਰਪਾ ਰੂਪੀ ਹੱਥ ਦੇ ਕੇ ਰੱਖ ਲਓ॥ ੧ ॥ ਰਹਾਉ ॥

## ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥

ਸਤਾਈ ਸਿੰਮ੍ਰਤੀਆਂ, ਛੇ ਸ਼ਾਸ਼ਤਰ, ਚਾਰ ਵੇਦ, ਅਠਾਰਾਂ ਪੁਰਾਣ, ਪਾਰਬ੍ਰਹਮ ਦਾ ਹੀ ਜਸ ਕਥਨ ਕਰਦੇ ਹਨ।

## ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥ ੨ ॥

ਜੋਗੀ, ਜਤੀ, ਵੈਸ਼ਨੋ ਤੇ ਰਾਮ ਦਾਸੀ* ਆਦਿਕ ਕੁਲ ਭੇਖਾਂ ਵਾਲੇ ਅਬਿਨਾਸ਼ੀ ਪਾਰਬ੍ਰਹਮ ਦੀ ਮਿਤਿ=ਮਰਯਾਦਾ ਦਾ ਅੰਤ ਨਹੀਂ ਪਾ ਸਕਦੇ।

---

*ਦੱਖਣ ਦੇਸ਼ ਵਿਚ ਇਕ ਪਰਸਿੱਧ ਮਹਾਤਮਾ ਰਾਮਦਾਸ ਜੀ ਹੋਏ ਹਨ, ਜੋ ਮਹਾਰਾਜਾ ਸ਼ਿਵਾ ਜੀ (ਮਰਹੱਟਾ) ਦੇ ਗੁਰੂ ਸਨ। ਉਨ੍ਹਾਂ ਦੀ ਸੰਪ੍ਰਦਾ ਵਾਲੇ ਸਾਧੂ 'ਰਾਮਦਾਸ' ਜਾਂ 'ਰਾਮਦਾਸੀ' ਕਹਾਉਂਦੇ ਹਨ।

**ਕਰਣ ਪਲਾਹ ਕਰਹਿ ਸਿਵ ਦੇਵ॥**

ਸ਼ਿਵਜੀ ਆਦਿਕ ਦੇਵਤੇ ਕਰਣ=ਕੀਰਨੇ ਤੇ ਪਲਾਹ=ਜਤਨ ਬਥੇਰਾ ਕਰਦੇ ਹਨ।

**ਤਿਲੁ ਨਹੀ ਬੂਝਹਿ ਅਲਖ ਅਭੇਵ॥**

ਪਰ ਉਸ ਅਲੱਖ ਅਭੇਵ ਦਾ ਅੰਤ ਤਿਲ ਮਾਤਰ ਭੀ ਨਹੀਂ ਬੁੱਝਦੇ।

**ਪ੍ਰੇਮ ਭਗਤਿ ਜਿਸੁ ਆਪੇ ਦੇਇ॥ ਜਗ ਮਹਿ ਵਿਰਲੇ ਕੇਈ ਕੇਇ॥ ੩॥**

ਜਿਨ੍ਹਾਂ ਨੂੰ ਆਪ ਪ੍ਰਭੂ ਪ੍ਰੇਮਾ ਭਗਤੀ ਦੇਂਦਾ ਹੈ। ਉਹ ਜਗਤ ਵਿਚ ਕੋਈ ਇਕ ਵਿਰਲੇ ਹੀ ਹਨ॥ ੩॥

**ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ॥**

ਮੈਂ ਸ਼ੁਭ-ਗੁਣਾਂ ਤੋਂ ਹੀਣੇ ਵਿਚ ਕੁਝ ਭੀ ਗੁਣ ਨਹੀਂ ਹੈ। ਤੇਰੀ ਨਿਗਾਹ ਮਾਹਿ=ਵਿਚ ਸਾਰੇ (ਨਿਧਾਨ= ਖ਼ਜ਼ਾਨੇ) ਹਨ।

**ਨਾਨਕੁ ਦੀਨੁ ਜਾਚੈ ਤੇਰੀ ਸੇਵ॥ ਕਰਿ ਕਿਰਪਾ ਦੀਜੈ ਗੁਰਦੇਵ॥੪॥੧੫॥੧੭॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਦੀਨੁ=ਗ਼ਰੀਬ ਦਾਸ ਆਪ ਜੀ ਦੀ ਸੇਵਾ ਕਰਨੀ ਜਾਚੈ=ਮੰਗਦਾ ਹਾਂ। ਹੇ ਗੁਰਦੇਵ ਜੀਓ ! ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੇਵਾ ਕਰਨੀ ਦਿਓ॥ ੪॥ ੧੫॥ ੧੭॥

**ਗੋਂਡ ਮਹਲਾ ੫॥**

**ਸੰਤ ਕਾ ਲੀਆ ਧਰਤਿ ਬਿਦਾਰਉ॥ ਸੰਤ ਕਾ ਨਿੰਦਕੁ ਅਕਾਸ ਤੇ ਟਾਰਉ॥**

ਜੋ ਨਿੰਦਕ ਸੰਤਾਂ ਦਾ ਲੀਆ=ਸਰਾਪਿਆ (ਫਿਟਕਾਰਿਆ) ਹੋਇਆ ਹੈ, ਉਸ ਨੂੰ ਧਰਤੀ ਪਰ ਬਿਦਾਰਉ=ਪਟਕਾਂਦਾ ਹੈ। ਵਾ:-ਸੰਤਾਂ ਦੇ ਲੀਆ=ਵਾਸਤੇ ਨਿੰਦਕਾਂ ਨੂੰ ਧਰਤੀ ਪਰ ਨਾਸ ਕਰਦਾ ਹੈ।

ਜੋ ਸੰਤਾਂ ਦਾ ਨਿੰਦਕ ਹੈ, ਉਸ ਨੂੰ ਅਕਾਸ਼ ਤੋਂ ਡੇਗ ਦੇਂਦਾ ਹੈ।

**ਸੰਤ ਕਉ ਰਾਖਉ ਅਪਨੇ ਜੀਅ ਨਾਲਿ॥ ਸੰਤ ਉਧਾਰਉ ਤਤਖਿਣ ਤਾਲਿ॥੧॥**

ਸੰਤਾਂ ਨੂੰ ਆਪਣੇ ਜੀਅ ਦੇ ਨਾਲ ਰੱਖਦਾ ਹੈ।

ਸੰਤਾਂ ਨੂੰ ਤਤਖਿਣ ਤਾਲਿ=ਸ਼ੀਘਰ ਤੋਂ ਸ਼ੀਘਰ ਉਧਾਰਦਾ ਹੈ।

**ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥ ੧॥ ਰਹਾਉ॥**

ਅਸਲ ਸੰਤ ਓਹੀ ਹੈ, ਜਿਹੜਾ ਰਾਮ ਨੂੰ ਭਾਵੈ=ਭਾਉਂਦਾ ਹੈ।

(੧) ਸੰਤਾਂ ਨੂੰ ਇਕ ਗੋਬਿੰਦ ਦੇ ਸਿਮਰਨ ਦਾ ਹੀ ਕੰਮ ਹੈ।

(੨) ਸੰਤਾਂ ਦਾ ਤੇ ਗੋਬਿੰਦ ਦਾ ਇਕੋ ਹੀ ਕੰਮ ਹੈ, ਗੋਬਿੰਦ ਸੰਸਾਰ ਦੀ ਉਤਪਤੀ ਕਰਦਾ ਹੈ, ਸੰਤ ਸ਼ੁਭ-ਗੁਣਾਂ ਦੀ ਉਤਪਤੀ ਕਰਦੇ ਹਨ॥ ੧॥ ਰਹਾਉ॥

**ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ॥**

ਸੰਤਾਂ ਦੇ ਉੱਪਰ ਪ੍ਰਭੂ ਹੱਥ ਦੇ ਕੇ ਰੱਖਿਆ ਕਰਦਾ ਹੈ।

ਸੰਤਾਂ ਦੇ ਨਾਲ ਹੀ ਰਾਤ ਦਿਨ ਪ੍ਰਭੂ ਵਸਦਾ ਹੈ।

**ਸਾਸਿ ਸਾਸਿ ਸੰਤਹ ਪ੍ਰਤਿਪਾਲਿ॥ ਸੰਤ ਕਾ ਦੋਖੀ ਰਾਜ ਤੇ ਟਾਲਿ॥ ੨॥**

ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ ਆਉਂਦਿਆਂ ਸੰਤਾਂ ਦੀ ਪ੍ਰਤਿਪਾਲਾ ਕਰਦਾ ਹੈ।

ਸੰਤਾਂ ਦਾ ਜੋ ਦੋਖੀ ਹੈ, ਉਸਨੂੰ ਰਾਜ-ਭਾਗ ਤੋਂ ਟਾਲ ਦੇਂਦਾ ਹੈ॥ ੨॥

**ਸੰਤ ਕੀ ਨਿੰਦਾ ਕਰਹੁ ਨ ਕੋਇ॥ ਜੋ ਨਿੰਦੈ ਤਿਸ ਕਾ ਪਤਨੁ ਹੋਇ॥**

ਇਸ ਲਈ ਕੋਈ ਭੀ ਸੰਤਾਂ ਦੀ ਨਿੰਦਿਆ ਨਾ ਕਰੋ। ਜੋ ਸੰਤਾਂ ਦੀ ਨਿੰਦਿਆ ਕਰੇਗਾ ਉਸ ਦਾ ਪਤਨੁ=ਨਾਸ ਹੋਵੇਗਾ।

**ਜਿਸ ਕਉ ਰਾਖੈ ਸਿਰਜਨਹਾਰੁ॥ ਝਖ ਮਾਰਉ ਸਗਲ ਸੰਸਾਰੁ॥ ੩॥**

ਸਿਰਜਣਹਾਰ ਪਰਮਾਤਮਾ ਜਿਸ ਨੂੰ ਆਪ ਹੱਥ ਦੇ ਕੇ ਰੱਖਦਾ ਹੈ, ਭਾਵੇਂ ਉਸ ਦਾ ਬੁਰਾ ਕਰਨ ਲਈ ਸਾਰਾ ਸੰਸਾਰ ਝੱਖਾਂ ਮਾਰੇ ਪਰ ਉਸ ਦਾ ਕੁਝ ਵਿਗਾੜ ਨਹੀਂ ਕਰ ਸਕਦੇ॥ ੩॥

**ਪ੍ਰਭ ਅਪਨੇ ਕਾ ਭਇਆ ਬਿਸਾਸੁ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ॥**

ਆਪਣੇ ਪ੍ਰਭੂ ਦਾ ਬਿਸਾਸੁ=ਭਰੋਸਾ ਹੋਇਆ ਹੈ ਕਿ ਜੀਉ ਪਿੰਡ ਆਦਿਕ ਸਾਰੀ ਰਾਸ ਉਸੇ ਦੀ ਦਿੱਤੀ ਹੋਈ ਹੈ।

**ਨਾਨਕ ਕਉ ਉਪਜੀ ਪਰਤੀਤਿ॥**
**ਮਨਮੁਖ ਹਾਰ ਗੁਰਮੁਖ ਸਦ ਜੀਤਿ॥ ੪॥ ੧੬॥ ੧੮॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਨੂੰ ਵਾਹਿਗੁਰੂ ਦੀ ਪਰਤੀਤ ਪੈਦਾ ਹੋਈ ਹੈ, ਉਸ ਗੁਰਮੁਖ ਦੀ ਸਦਾ ਜਿੱਤ ਹੈ। ਤੇ ਪ੍ਰਤੀਤੇ ਤੋਂ ਹੀਣੇ ਮਨਮੁਖ ਨੂੰ ਸਦਾ ਹਾਰ ਪ੍ਰਾਪਤ ਹੁੰਦੀ ਹੈ॥ ੪॥ ੧੬॥ ੧੮॥

ਅਗਲੇ ਸ਼ਬਦ ਵਿਚ ਨਰਾਇਣ ਅਸਤੋਤਰ ਕਥਨ ਕਰਦੇ ਹਨ-

**ਗੋਂਡ ਮਹਲਾ ੫॥**

**ਨਾਮੁ ਨਿਰੰਜਨੁ ਨੀਰਿ ਨਰਾਇਣ॥**
**ਰਸਨਾ ਸਿਮਰਤ ਪਾਪ ਬਿਲਾਇਣ॥ ੧॥ ਰਹਾਉ॥**

ਨਰਾਇਣ ਦਾ ਨਾਮ ਨਿਰੰਜਨੀ ਨੀਰ ਹੈ, ਭਾਵ ਮਾਇਆ ਮਲ ਤੋਂ ਰਹਿਤ ਹੈ।

*ਅਥਵਾ:*-ਨਿਰੰਜਨ ਨਰਾਇਣ ਦਾ ਨਾਮ ਨੀਰਿ=ਗੰਗਾ-ਜਲ ਵਾਂਗ ਹੈ।

ਰਸਨਾ ਦੁਆਰੇ ਸਿਮਰਨ ਕਰਨ ਨਾਲ ਸਾਰੇ ਪਾਪ ਬਿਨਾਇਣ=ਦੂਰ ਹੋ ਜਾਂਦੇ ਹਨ॥ ੧॥ ਰਹਾਉ॥

[ਪੰਨਾ ੮੬੮]

**ਨਾਰਾਇਣ ਸਭ ਮਾਹਿ ਨਿਵਾਸ॥ ਨਾਰਾਇਣ ਘਟਿ ਘਟਿ ਪਰਗਾਸ॥**

ਨਰਾਇਣ ਹੀ ਸਾਰਿਆਂ ਵਿਚ ਨਿਵਾਸ ਕਰ ਰਹਿਆ ਹੈ। ਨਰਾਇਣ ਹੀ ਸਾਰਿਆਂ ਘਟਾਂ ਘਟਾਂ ਵਿਚ ਪ੍ਰਕਾਸ਼ ਰਿਹਾ ਹੈ।

## ਨਾਰਾਇਣ ਕਹਤੇ ਨਰਕਿ ਨ ਜਾਹਿ॥
## ਨਾਰਾਇਣ ਸੇਵਿ ਸਗਲ ਫਲ ਪਾਹਿ॥੧॥

ਨਰਾਇਣ ਨਾਮ ਕਹਿਣ ਵਾਲੇ ਨਰਕਾਂ ਵਿਚ ਨਹੀਂ ਜਾਂਦੇ ।

*ਯਥਾ:-*''ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ ੨॥''

*(ਤ੍ਰਿਲੋਚਨ ਜੀ, ਪੰਨਾ ੫੨੬)*

ਨਰਾਇਣ ਦੀ ਸੇਵਾ ਕਰਨ ਵਾਲੇ ਪੁਰਸ਼ ਸਾਰੇ ਫਲ ਪਾ ਲੈਂਦੇ ਹਨ॥ ੧॥

## ਨਾਰਾਇਣ ਮਨ ਮਾਹਿ ਅਧਾਰ॥ ਨਾਰਾਇਣ ਬੋਹਿਥ ਸੰਸਾਰ॥

ਗੁਰਮੁਖਾਂ ਦੇ ਮਨ ਵਿਚ ਨਰਾਇਣ ਨਾਮ ਹੀ ਅਧਾਰ=ਆਸਰਾ ਰੂਪ ਹੈ। ਸੰਸਾਰ-ਸਮੁੰਦਰ ਤੋਂ ਤਾਰਨ ਲਈ ਨਰਾਇਣ ਨਾਮ ਹੀ ਬੋਹਿਥ=ਜਹਾਜ਼ ਰੂਪ ਹੈ।

## ਨਾਰਾਇਣ ਕਹਤ ਜਮੁ ਭਾਗਿ ਪਲਾਇਣ॥
## ਨਾਰਾਇਣ ਦੰਤ ਭਾਨੇ ਡਾਇਣ॥੨॥

ਨਰਾਇਣ ਨਾਮ ਕਹਿੰਦਿਆਂ ਹੀ ਜਮ ਭਗੌੜਾ ਹੋ ਕੇ ਭੱਜ ਜਾਂਦਾ ਹੈ। ਜਾਂ ਭਾਗਿ=ਭੱਜ ਕੇ ਪਲਾਇਣ=ਪਿੱਛੇ ਮੁੜ ਜਾਂਦਾ ਹੈ।

੧. ਨਰਾਇਣ ਨਾਮ ਨੇ ਪ੍ਰਤੱਖ ਡੈਣ ਦੇ ਦੰਦ ਭੰਨ ਦਿੱਤੇ।
ਵਾ:-ਮਾਇਆ ਰੂਪੀ ਡੈਣ ਦੇ ਕਾਮ ਆਦਿਕਾਂ ਰੂਪੀ ਦੰਦ ਭੰਨ ਦਿੱਤੇ।

੨. ਨਰਾਇਣ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਰਦ ਦੀ ਇਸਤਰੀ ਕਲ੍ਹਾ ਜੋ ਡਾਇਣ ਰੂਪ ਹੋ ਕੇ ਆਈ ਸੀ, ਉਸ ਦੇ ਦੰਦ ਭੰਨ ਦਿੱਤੇ॥ ੨॥

### ਸਾਖੀ-ਕਲ੍ਹਾ ਦਾ ਉਧਾਰ ਕਰਨਾ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਲਜੁਗੀ ਜੀਵਾਂ ਦਾ ਉਧਾਰ ਕਰਦੇ, ਸਤਿਨਾਮ ਦਾ ਉਪਦੇਸ਼ ਦੇਂਦੇ ਸਮੁੰਦਰ ਪਰ ਜਾ ਰਹੇ ਸਨ, ਜਿਵੇਂ ਧਰਤੀ ਤੇ ਹੀ ਚਲ ਰਹੇ ਹੋਣ। ਨਾਲ ਸਤਿਗੁਰੂ ਦੇ ਸਾਥੀ ਭਾਈ ਬਾਲਾ ਤੇ ਮਰਦਾਨਾ ਮਗਰ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੇ ਕਰਦੇ ਜਾ ਰਹੇ ਸਨ।

ਜਾਂਦਿਆ ਜਾਂਦਿਆ ਮਰਦਾਨੇ ਨੇ ਕੀ ਦੇਖਿਆ- 'ਇਕ ਬੜੀ ਡਰਾਉਣੀ ਸ਼ਕਲ ਵਾਲੀ ਡਾਇਣ ਆ ਰਹੀ ਹੈ।' ਦੇਖ ਕੇ ਮਰਦਾਨਾ ਡਰ ਗਿਆ। ਗੁਰੂ ਜੀ ਨੂੰ ਕਹਿਣ ਲੱਗਾ-''ਗੁਰੂ ਜੀ ਬਚਾਓ, ਓਹ ਵੇਖੋ ! ਸਾਹਮਣੇ ਡਾਇਣ ਆ ਰਹੀ ਹੈ।''

ਸਤਿਗੁਰਾਂ ਨੇ ਕਿਹਾ-''ਮਰਦਾਨਿਆ ! ਡਰ ਨਾ, ਇਹ ਕਲ੍ਹਾ ਹੈ, (ਨਾਰਦ ਦੇ ਘਰ ਵਾਲੀ) ਇਸ ਦਾ ਵੀ ਉਧਾਰ ਕਰਨਾ ਹੈ।'' ਉਸ ਵੇਲੇ ਇਕ ਡੰਡਾ ਰੁੜ੍ਹਿਆ ਆ ਰਿਹਾ ਸੀ, ਸਤਿਗੁਰਾਂ ਨੇ ਉਹ ਚੁਕ ਲਿਆ ਤੇ ਜਿਸ ਵੇਲੇ ਕਲ੍ਹਾ ਗੁਰੂ ਜੀ ਦੇ ਨੇੜੇ ਆਈ ਤਾਂ ਸਤਿਗੁਰਾਂ ਨੇ ਉਹ ਡੰਡਾ ਉਸ ਦੇ ਮੂੰਹ ਵਿਚ ਦੇ ਦਿੱਤਾ।

ਜਿਸ ਕਰਕੇ ਬੜੀ ਘਬਰਾ ਗਈ, ਮਗਰ ਹੀ ਨਾਰਦ ਜੀ ਵੀ ਆ ਗਏ ਤੇ ਹੱਥ ਜੋੜ ਕੇ ਨਮਸ਼ਕਾਰ ਕੀਤੀ

ਤੇ ਮੁਆਫੀ ਮੰਗੀ, ਕਿਹਾ-"ਇਹ ਬੇ-ਸਮਝ ਹੈ, ਆਪ ਬਖਸ਼ਸ਼ਾਂ ਦੇ ਘਰ ਹੋ, ਪਤਿਤ ਪਾਵਨ, ਗਰੀਬ ਨਿਵਾਜ਼ ਹੋ, ਆਪ ਕਿਰਪਾ ਕਰੋ। ਇਸ ਦੀ ਕਲਿਆਣ ਕਰ ਦਿਓ।"

ਸਤਿਗੁਰਾਂ ਦੇ ਮਨ 'ਚ ਦਇਆ ਆਈ ਤੇ ਉਸ ਨੂੰ ਭਾਉ-ਭਗਤੀ, ਨਾਮ-ਸਿਮਰਨ ਦਾ ਸ਼ੁਭ-ਉਪਦੇਸ਼ ਬਖਸ਼ਿਆ। ਇਸ ਤਰ੍ਹਾਂ ਸਤਿਗੁਰਾਂ ਨੇ ਉਸ ਕਲ੍ਹਾ ਦਾ ਵੀ ਉਧਾਰ ਕੀਤਾ।

*(ਨਾਨਕ ਪ੍ਰਕਾਸ਼ ਪੂਰਬਾਰਧ, ਅਧਿ: ੫੨)*

**ਨਾਰਾਇਣ ਸਦ ਸਦ ਬਖਸਿੰਦ॥ ਨਾਰਾਇਣ ਕੀਨੇ ਸੂਖ ਅਨੰਦ॥**

ਨਰਾਇਣ ਸਦਾ ਸਦਾ ਹੀ ਬਖਸ਼ਣਹਾਰ ਹੈ। ਨਰਾਇਣ ਨੇ ਹੀ ਸਾਨੂੰ ਸਾਰੇ ਸੁਖ ਅਨੰਦ ਪ੍ਰਾਪਤ ਕੀਤੇ ਹਨ।

**ਨਾਰਾਇਣ ਪ੍ਰਗਟ ਕੀਨੋ ਪਰਤਾਪ॥ ਨਾਰਾਇਣ ਸੰਤ ਕੋ ਮਾਈ ਬਾਪ॥ ੩॥**

ਨਾਰਾਇਣ ਨੇ ਹੀ ਸੰਤਾਂ ਦਾ ਪ੍ਰਤਾਪ ਸਾਰੇ ਪਰਗਟ ਕੀਤਾ ਹੈ, ਨਰਾਇਣ ਹੀ ਸੰਤਾਂ ਦਾ ਮਾਂ ਪਿਓ ਹੈ॥ ੩॥

**ਨਾਰਾਇਣ ਸਾਧਸੰਗਿ ਨਰਾਇਣ॥ ਬਾਰੰ ਬਾਰ ਨਰਾਇਣ ਗਾਇਣ॥**

ਨਰਾਇਣ ਸੰਤਸੰਗਤ ਵਿਚ ਵੱਸਦਾ ਹੈ ਅਤੇ ਸਤਿਸੰਗਤ ਨਰਾਇਣ ਵਿਚ ਵੱਸਦੀ ਹੈ। ਸਤਿਸੰਗਤ ਵਿਚ ਵਾਰੰ-ਵਾਰ ਨਰਾਇਣ ਦਾ ਹੀ ਜਸ ਗਾਇਣ ਹੁੰਦਾ ਹੈ।

**ਬਸਤੁ ਅਗੋਚਰ ਗੁਰ ਮਿਲਿ ਲਹੀ॥**
**ਨਾਰਾਇਣ ਓਟ ਨਾਨਕ ਦਾਸ ਗਹੀ॥ ੪॥ ੧੭॥ ੧੯॥**

ਗੁਰੂ ਜੀ ਕਥਨ ਕਰਦੇ ਹਨ-ਗੁਰੂ ਨਾਲ ਮਿਲ ਕੇ ਅਗੋਚਰ=ਆਤਮ-ਵਸਤੂ ਲੱਭੀ ਹੈ। ਦਾਸ ਨੇ ਇਕ ਨਰਾਇਣ ਦੀ ਓਟ ਹੀ ਗ੍ਰਹਿਣ ਕੀਤੀ ਹੈ॥ ੪॥ ੧੭॥ ੧੯॥

**ਗੋਂਡ ਮਹਲਾ ੫॥**

**ਜਾ ਕਉ ਰਾਖੈ ਰਾਖਣਹਾਰੁ॥ ਤਿਸ ਕਾ ਅੰਗੁ ਕਰੇ ਨਿਰੰਕਾਰੁ॥ ੧॥ ਰਹਾਉ॥**

ਰਖਣਹਾਰ ਪਰਮਾਤਮਾ ਜਿਸ ਨੂੰ ਰੱਖਿਆ ਚਾਹੁੰਦਾ ਹੈ। ਨਿਰੰਕਾਰ ਪ੍ਰਭੂ ਫਿਰ ਓਸੇ ਦਾ ਹੀ ਅੰਗੁ=ਪੱਖ ਕਰਦਾ ਹੈ॥ ੧॥ ਰਹਾਉ॥

ਉਸ ਦੇ ਪੱਖ ਹੋਣ ਕਰਕੇ-

**ਮਾਤ ਗਰਭ ਮਹਿ ਅਗਨਿ ਨ ਜੋਹੈ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ॥**

ਮਾਂ ਦੇ ਗਰਭ ਵਿਚ ਜਠਨ-ਅਗਨੀ ਨ ਜੋਹੈ=ਪੋਹਦੀ ਨਹੀਂ ਹੈ। ਅਤੇ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਭੀ ਪੋਂਹਦੇ ਨਹੀਂ ਹਨ।

**ਸਾਧਸੰਗਿ ਜਪੈ ਨਿਰੰਕਾਰੁ॥ ਨਿੰਦਕ ਕੈ ਮੁਹਿ ਲਾਗੈ ਛਾਰੁ॥ ੧॥**

ਜੋ ਸਤਿਸੰਗਤ ਵਿਚ ਬੈਠ ਕੇ ਨਿਰੰਕਾਰ ਨੂੰ ਜਪਦਾ ਹੈ। ਉਸ ਦਾ ਜੋ ਨਿੰਦਕ ਹੈ, ਉਸ ਦੇ ਮੂੰਹ ਪਰ

ਛਾਰੁ=ਕਾਲਖ (ਕਲੰਕ) ਲੱਗਦਾ ਹੈ।

**ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥**

ਜੋ ਰਾਮ ਕਵਚੁ=ਰਾਮ ਅਸਤੋਤਰ, ਗੁਰ ਅਸਤੋਤਰ, ਨਰਾਇਣ ਅਸਤੋਤਰ ਹੈ ਦਾਸ ਦਾ ਏਹੋ ਸੰਨਾਹੁ=ਸੰਜੋਅ ਰੂਪ ਹੈ। ਉਸ ਸੰਜੋਅ ਕਰਕੇ ਦੁਸ਼ਟ ਦੂਤ ਸਾਨੂੰ ਪੋਂਹਦੇ ਨਹੀਂ ਹਨ।

**ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥ ੨ ॥**

ਜੋ ਜੋ ਪੁਰਸ਼ ਭੀ ਹੰਕਾਰ ਕਰਦਾ ਹੈ, ਉਹ ਨਾਸ ਹੋ ਜਾਂਦਾ ਹੈ। ਮੈਂ ਗਰੀਬ ਦਾਸ ਨੇ ਪ੍ਰਭੂ ਦੀ ਸ਼ਰਨ ਵਿਚ ਆਉਣਾ ਕੀਤਾ ਹੈ॥ ੨ ॥

**ਜੋ ਜੋ ਸਰਣਿ ਪਇਆ ਹਰਿ ਰਾਇ ॥ ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥**

ਜੋ ਜੋ ਪੁਰਸ਼ ਭੀ ਹਰੀ ਰਾਜੇ ਦੀ ਸ਼ਰਨ ਵਿਚ ਪਿਆ ਹੈ। ਉਸ ਦਾਸ ਨੂੰ ਵਾਹਿਗੁਰੂ ਨੇ ਆਪਣੇ ਗਲ ਨਾਲ ਲਗਾ ਕੇ ਰੱਖਿਆ ਹੈ।

**ਜੇ ਕੋ ਬਹੁਤੁ ਕਰੇ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥ ੩ ॥**

ਜਿਹੜਾ ਕੋਈ ਜੁਆਨੀ ਦਾ, ਜਾਂ ਜਾਤੀ ਦਾ, ਜਾਂ ਪਦਾਰਥਾ ਦਾ ਬਹੁਤਾ ਹੰਕਾਰ ਕਰਦਾ ਹੈ। ਉਹ ਖਿਨ ਵਿਚ ਖ਼ਾਕ ਨਾਲ ਰੁਲ ਜਾਂਦਾ ਹੈ॥ ੩ ॥

**ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈਂ ਬਲਿਹਾਰ ॥**

ਜੋ ਸੱਚਾ ਪਰਮਾਤਮਾ ਪਿੱਛੇ ਸੀ, ਹੁਣ ਹੈ, ਅੱਗੇ ਹੋਵਣਹਾਰੁ=ਹੋਵੇਗਾ। ਮੈਂ ਉਸ ਸੱਚੇ ਪਰਮਾਤਮਾ ਤੋਂ ਸਦਾ ਬਲਿਹਾਰ ਜਾਂਦਾ ਹਾਂ।

**ਅਪਣੇ ਦਾਸ ਰਖੇ ਕਿਰਪਾ ਧਾਰਿ ॥**

**ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥ ੪ ॥ ੧੮ ॥ ੨੦ ॥**

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਕਿਰਪਾ-ਦ੍ਰਿਸ਼ਟੀ ਧਾਰ ਕੇ ਆਪਣੇ ਦਾਸ ਰੱਖੇ ਹਨ, ਉਹ ਪ੍ਰਭੂ ਮੇਰੇ ਭੀ ਪ੍ਰਾਣਾਂ ਦਾ ਅਧਾਰ=ਆਸਰਾ ਹੈ॥ ੪ ॥ ੧੮ ॥ ੨੦ ॥

**ਗੋਂਡ ਮਹਲਾ ੫ ॥**

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥**

ਮਹਾ ਅਨੂਪ=ਬੜੀ ਅਨੂਪੰ ਅਸਚਰਜ ਕਥਾ ਸੁਣੋ। ਇਸ ਪ੍ਰਾਤਮਾ=ਜੀਵ-ਆਤਮਾ ਪਾਰਬ੍ਰਹਮ ਦਾ ਰੂਪ ਹੈ।

**ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥**

ਇਹ ਨਾ ਬੁੱਢਾ ਹੈ ਨਾ ਹੀ ਇਹ ਬਾਲਕਾ ਹੈ। ਨਾ ਇਸ ਨੂੰ ਦੁੱਖ ਹੈ ਨਾ ਹੀ ਜਮਾਂ ਦਾ ਜਾਲਾ=ਫਾਹ ਹੈ।

**ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥ ੧ ॥**

ਨਾ ਇਹ ਬਿਨਸੈ=ਮਰਦਾ ਹੈ, ਨਾ ਹੀ ਇਹ ਜਾਇ=ਜੰਮਦਾ ਹੈ। ਆਦਿ ਜੁਗਾਦੀ=ਸਦਾ ਸਦਾ ਸਾਰੇ

ਸਮਾਈ ਕਰ ਰਿਹਾ ਹੈ॥ ੧॥

**ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥**

ਨਾ ਇਸ ਨੂੰ ਉਸਨੁ=ਗਰਮੀ ਲੱਗਦੀ ਹੈ, ਨਾ ਇਸ ਨੂੰ ਸੀਤੁ=ਠੰਡ ਲਗਦੀ ਹੈ। ਨਾ ਇਸ ਦਾ ਕੋਈ ਦੁਸ਼ਮਣ ਹੈ, ਨਾ ਹੀ ਇਸ ਦਾ ਕੋਈ ਮਿੱਤਰ ਹੈ।

**ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥੨॥**

ਨਾ ਇਸ ਨੂੰ ਹਰਖੁ=ਖੁਸ਼ੀ ਹੈ, ਨਾ ਹੀ ਇਸ ਨੂੰ ਕੋਈ ਸੋਗ=ਚਿੰਤਾ ਹੈ। ਇਸ ਦਾ ਸਭ ਕੁਝ ਹੈ ਅਤੇ ਏਹੋ ਸਭ ਗੱਲਾਂ ਦੇ ਕਰਨੇ ਜੋਗ ਹੈ॥ ੨॥

**ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥**

ਨਾ ਇਸ ਨੂੰ ਪਿਓ ਹੈ, ਨਾ ਹੀ ਇਸ ਦੀ ਮਾਇਆ-ਮਾਂ ਹੈ। ਇਹ ਅਪਰੰਪਰ ਤੋਂ ਹੀ ਹੁੰਦਾ ਆਇਆ ਹੈ।

**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥੩॥**

ਇਸ ਨੂੰ ਪਾਪ ਪੁੰਨ ਦਾ ਕੋਈ ਲੇਪ ਨਹੀਂ ਲਗਦਾ। ਸਾਰਿਆਂ ਘਟਾਂ ਘਟਾਂ ਦੇ ਅੰਦਰ ਇਹ ਸਦਾ ਹੀ ਜਾਗੈ=ਜਾਗ ਰਿਹਾ ਹੈ। ਜਾਂ ਜਾਗੈ=ਪ੍ਰਗਟ ਹੋ ਰਿਹਾ ਹੈ। ੩॥

*ਪ੍ਰਸ਼ਨ*-"ਜੇਕਰ ਐਸੇ ਹੈ ਤਾਂ ਜੀਵ ਈਸ਼ਰ ਦਾ ਭੇਦ ਕਿਉਂ ਪਿਆ ਹੈ?"

**ਤੀਨਿ ਗੁਣਾ ਇਕ ਸਕਤਿ ਉਪਾਇਆ॥**
**ਮਹਾ ਮਾਇਆ ਤਾ ਕੀ ਹੈ ਛਾਇਆ॥**

ਤਿੰਨ ਗੁਣ ਆਤਮਿਕ ਜੋ ਸ਼ਕਤੀ ਹੈ ਮਹਾ ਮਾਇਆ, ਉਸ ਮਾਇਆ ਵਿਚ ਇਕ ਪਰਮੇਸ਼ਰ ਦਾ ਛਾਇਆ=ਪ੍ਰਤਿਬਿੰਬ ਪਿਆ ਤਾਂ ਜੀਵ ਈਸ਼ਰ ਨੂੰ ਉਪਾਇਆ।

*ਪ੍ਰਸ਼ਨ*-"ਇਨ੍ਹਾਂ ਦਾ ਫਿਰ ਆਪਸ ਵਿਚ ਫ਼ਰਕ ਕਿਉਂ ਪਿਆ ਹੈ?" *ਉੱਤਰ*-

ਈਸ਼ਰ ਦੀ ਉਤਪਤੀ ਸ਼ੁੱਧ ਮਾਇਆ ਤੋਂ ਹੈ, ਜੀਵ ਦੀ ਉਤਪਤੀ ਮਲਨ ਮਾਇਆ ਤੋਂ ਹੈ।

**ਅਛਲ ਅਛੇਦ ਅਭੇਦ ਦਇਆਲ॥ ਦੀਨ ਦਇਆਲ ਸਦਾ ਕਿਰਪਾਲ॥**

ਉਹ ਪਰਮਾਤਮਾ ਅਛਲ ਹੈ, ਅਛੇਦ=ਕੱਟਣੇ ਤੋਂ ਰਹਿਤ ਹੈ, ਅਭੇਦ=ਭੇਦਾਂ ਤੋਂ ਰਹਿਤ ਹੈ, ਸਦਾ ਦਿਆਲੂ ਹੈ। ਪੁਨਾ-ਉਹ ਦੀਨ ਦਿਆਲ ਪਰਮਾਤਮਾ ਸਦਾ ਕ੍ਰਿਪਾਲੂ ਹੈ।

**ਤਾ ਕੀ ਗਤਿ ਮਿਤਿ ਕਛੂ ਨ ਪਾਇ॥**
**ਨਾਨਕ ਤਾ ਕੈ ਬਲਿ ਬਲਿ ਜਾਇ॥੪॥੧੯॥੨੧॥**

ਉਸ ਦੀ ਗਤ ਦੀ ਮਰਯਾਦਾ ਕੁਝ ਪਾਈ ਨਹੀਂ ਜਾਂਦੀ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਉੱਪਰੋਂ ਬਲਿਹਾਰ ਤੇ ਕੁਰਬਾਨ ਜਾਂਦੇ ਹਾਂ॥ ੪॥ ੧੯॥ ੨੧॥

[ਪੰਨਾ ੮੬੯]

## ਗੋਂਡ ਮਹਲਾ ੫ ॥

**ਸੰਤਨ ਕੈ ਬਲਿਹਾਰੈ ਜਾਉ ॥ ਸੰਤਨ ਕੈ ਸੰਗਿ ਰਾਮ ਗੁਨ ਗਾਉ ॥**

ਸੰਤਾਂ ਤੋਂ ਬਲਿਹਾਰ ਜਾਂਦੇ ਹਾਂ। ਸੰਤਾਂ ਦੇ ਸੰਗ ਕਰਕੇ ਰਾਮ ਦੇ ਗੁਣ ਗਾਉਂਦੇ ਹਾਂ।

**ਸੰਤ ਪ੍ਰਸਾਦਿ ਕਿਲਵਿਖ ਸਭਿ ਗਏ ॥ ਸੰਤ ਸਰਣਿ ਵਡਭਾਗੀ ਪਏ ॥ ੧ ॥**

ਸੰਤਾਂ ਦੀ ਕਿਰਪਾ ਕਰਕੇ ਸਾਰੇ ਕਿਲਵਿਖ=ਪਾਪ ਮਿਟ ਗਏ ਹਨ। ਪਰ ਵੱਡਿਆਂ ਭਾਗਾਂ ਵਾਲੇ ਪੁਰਸ਼ ਸੰਤਾਂ ਦੀ ਸ਼ਰਨੀ ਪਏ ਹਨ॥ ੧ ॥

**ਰਾਮੁ ਜਪਤ ਕਛੁ ਬਿਘਨੁ ਨ ਵਿਆਪੈ ॥**

**ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ ॥ ੧ ॥ ਰਹਾਉ ॥**

ਰਾਮ ਨੂੰ ਜਪਦਿਆਂ ਕੁਝ ਵਿਘਨ ਨਹੀਂ ਵਿਆਪੈ=ਲੱਗਦਾ। ਗੁਰਾਂ ਦੀ ਕਿਰਪਾ ਕਰਕੇ ਆਪਣਾ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ। ਵਾਯ-ਜਪਿਆ ਜਾਂਦਾ ਹੈ॥ ੧ ॥ ਰਹਾਉ॥

**ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥**

ਜਿਸ ਵੇਲੇ ਪਾਰਬ੍ਰਹਮ ਦਿਆਲੂ ਹੁੰਦਾ ਹੈ। ਤਿਸ ਵੇਲੇ ਸੰਤ ਜਨਾਂ ਦੀ ਚਰਨ-ਧੂੜੀ ਕਰ ਦੇਂਦਾ ਹੈ।

**ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥ ੨ ॥**

ਇਸ ਸਰੀਰ ਵਿੱਚੋਂ ਕਾਮ ਕ੍ਰੋਧ ਆਦਿਕ ਦੂਰ ਹੋ ਜਾਂਦੇ ਹਨ ਅਤੇ ਰਤਨੁ=ਅਮੋਲਕ ਰਾਮ ਮਨ ਵਿਚ ਆ ਵੱਸਦਾ ਹੈ॥ ੨ ॥

**ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥**

ਉਸ ਦਾ ਮਨੁੱਖ ਜਨਮ ਸਫਲ ਤੇ ਪ੍ਰਵਾਨ ਹੁੰਦਾ ਹੈ। ਜੋ ਪਾਰਬ੍ਰਹਮ ਨੂੰ ਨਿਕਟਿ=ਨੇੜੇ ਕਰਕੇ ਜਾਣਦਾ ਹੈ।

**ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥**

ਭਾਇਭਗਤੀ=ਪ੍ਰੇਮਾ-ਭਗਤੀ ਦੇ ਸਹਿਤ ਹੋ ਕੇ ਜੋ ਪ੍ਰਭੂ ਦੇ ਕੀਰਤਨ ਵਿਚ ਲੱਗਦਾ ਹੈ। ਉਹ ਜਨਮਾਂ ਜਨਮਾਂ ਦਾ ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਗਿਆਨ-ਜਾਗ੍ਰਤ ਵਿਚ ਜਾਗ ਪੈਂਦਾ ਹੈ॥ ੩ ॥

**ਚਰਨ ਕਮਲ ਜਨ ਕਾ ਆਧਾਰੁ ॥ ਗੁਣ ਗੋਵਿੰਦ ਰਉਂ ਸਚੁ ਵਾਪਾਰੁ ॥**

੧. ਪ੍ਰਭੂ ਦੇ ਚਰਨ-ਕਮਲਾਂ ਦਾ ਸੇਵਕ ਜਨਾਂ ਨੂੰ ਆਸਰਾ ਹੈ। ਸੇਵਕ ਜਨ ਗੋਬਿੰਦ ਦੇ ਗੁਣਾਂ ਨੂੰ ਰਉ=ਉਚਾਰਦੇ ਹਨ ਅਤੇ ਸੱਚ-ਨਾਮ ਦਾ ਵਪਾਰ ਕਰਦੇ ਹਨ।

੨. ਹੇ ਪੁਰਸ਼ਾ ! ਤੂੰ ਸੰਤ ਜਨਾਂ ਦੇ ਚਰਨ-ਕਮਲਾਂ ਦਾ ਆਸਰਾ ਗ੍ਰਹਿਣ ਕਰ। ਗੋਬਿੰਦ ਦੇ ਗੁਣਾਂ ਨੂੰ ਉਚਾਰ ਤੇ ਸੱਚ-ਨਾਮ ਦਾ ਵਪਾਰ ਕਰ।

**ਦਾਸ ਜਨਾ ਕੀ ਮਨਸਾ ਪੂਰਿ॥**

**ਨਾਨਕ ਸੁਖੁ ਪਾਵੈ ਜਨ ਧੂਰਿ॥ ੪॥ ੨੦॥ ੨੨॥ ੬॥ ੨੮॥**

ਗੁਰੂ ਜੀ ਕਥਨ ਕਰਦੇ ਹਨ-ਉਹ ਆਪਣੇ ਸੇਵਕ ਜਨਾਂ ਦੀ ਮਨਸਾ=ਵਾਸ਼ਨਾ (ਸ਼ਰਧਾ) ਪੂਰਨ ਕਰਦਾ ਹੈ। ਮੈਂ ਸੇਵਕ ਜਨਾਂ ਦੀ ਚਰਨ-ਧੂੜੀ ਲੈ ਕੇ ਸੁਖ ਪਾਉਂਦਾ ਹਾਂ॥ ੪॥ ੨੦॥ ੨੨॥ ੬॥ ੨੮॥

੨੦ ਸ਼ਬਦ ਘਰੁ ੨ ਦੇ ਆਏ ਹਨ।

੨ ਸ਼ਬਦ ਘਰੁ ੧ ਦੇ ਆਏ ਹਨ, ਵੇਖੋ ਪੰਨਾ ੮੬੨।

ਇਸ ਕਰਕੇ ੨੨ ਅੰਕ ਲਗਾਇਆ ਹੈ।

੬ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਆਏ ਹਨ, ਉਹ ਵਿਚ ਰਲਾ ਕੇ ਸਾਰੇ

੨੮ ਸ਼ਬਦ ਆਏ ਹਨ।

## ਰਾਗੁ ਗੋਂਡ ਅਸਟਪਦੀਆ ਮਹਲਾ ੫ ਘਰੁ ੨

## ੴ ਸਤਿਗੁਰ ਪ੍ਰਸਾਦਿ॥

**ਕਰਿ ਨਮਸਕਾਰ ਪੂਰੇ ਗੁਰਦੇਵ॥ ਸਫਲ ਮੂਰਤਿ ਸਫਲ ਜਾ ਕੀ ਸੇਵ॥**

ਹੇ ਭਾਈ! ਪੂਰਿਆਂ ਗੁਰਦੇਵਾਂ ਨੂੰ ਨਮਸ਼ਕਾਰ ਕਰ। ਜਿਨ੍ਹਾਂ ਦੀ ਮੂਰਤੀ ਸਫ਼ਲ ਹੈ ਭਾਵ ਜਿਨ੍ਹਾਂ ਦੇ ਸਰੀਰ ਦਾ ਦਰਸ਼ਨ ਕਰਨਾ ਸਫ਼ਲ ਹੈ ਅਤੇ ਜ਼ਿਨ੍ਹਾਂ ਦੀ ਸੇਵਾ ਭੀ ਸਫ਼ਲ=ਸਹਿਤ ਫਲਾਂ ਦੇ ਹੈ।

**ਅੰਤਰਜਾਮੀ ਪੁਰਖੁ ਬਿਧਾਤਾ॥ ਆਠ ਪਹਰ ਨਾਮ ਰੰਗਿ ਰਾਤਾ॥ ੧॥**

ਜੋ ਅੰਤਰਜਾਮੀ ਅਕਾਲ ਪੁਰਖ ਫਲ ਬਰ ਦਾਤਾ ਹੈ। ਉਸ ਦੇ ਨਾਮ ਰੰਗ ਵਿਚ ਗੁਰਾਂ ਦਾ ਮਨ ਅੱਠੇ ਪਹਿਰ ਰੱਤਾ ਰਹਿੰਦਾ ਹੈ॥ ੧॥

**ਗੁਰੁ ਗੋਬਿੰਦ ਗੁਰੂ ਗੋਪਾਲ॥ ਅਪਨੇ ਦਾਸ ਕਉ ਰਾਖਨਹਾਰ॥ ੧॥ ਰਹਾਉ॥**

(੧) ਗੁਰੂ ਗੋਬਿੰਦ ਰੂਪ ਹਨ ਅਤੇ ਗੋਪਾਲ ਨੇ ਹੀ ਗੁਰੂ ਰੂਪ ਧਾਰਿਆ ਹੈ।

(੨) ਗੁਰੂ ਗੋਬਿੰਦ ਰੂਪ ਹਨ ਅਤੇ ਗੁਰੂ ਗੋ=ਵੇਦਾਂ ਦੀ ਮਰਯਾਦਾ ਪਾਲਣ ਵਾਲੇ ਹਨ। ਗੁਰੂ ਹੀ ਆਪਣੇ ਦਾਸ ਨੂੰ ਅਨੇਕਾਂ ਵਿਘਨਾਂ ਤੋਂ ਰੱਖਣ ਵਾਲੇ ਹਨ॥ ੧॥ ਰਹਾਉ॥

**ਪਾਤਿਸਾਹ ਸਾਹ ਉਮਰਾਉ ਪਤੀਆਏ॥ ਦੁਸਟ ਅਹੰਕਾਰੀ ਮਾਰਿ ਪਚਾਏ॥**

ਬਾਦਸ਼ਾਹ, ਸ਼ਾਹੂਕਾਰ ਅਤੇ ਉਮਰਾਵ ਆਦਿਕ ਸਾਰੇ ਹੀ ਪਤੀਆਏ=ਭਰੋਸਾ ਕਰਦੇ ਹਨ। ਅਤੇ-ਦੁਸ਼ਟ ਜੋ ਹੰਕਾਰੀ ਪੁਰਸ਼ ਹਨ, ਉਹ ਮਾਰ ਕੇ ਪਚਾਏ=ਨਾਸ ਕਰ ਦਿੱਤੇ ਹਨ।

ਵਾ:-ਦੁਸ਼ਟ ਹੰਕਾਰੀਆਂ ਨੂੰ ਮਾਰ ਕੇ ਨਰਕ-ਅਗਨੀ ਵਿਚ ਪਚਾਏ=ਜਲਾਉਣਾ ਕੀਤਾ ਹੈ।

**ਨਿੰਦਕ ਕੈ ਮੁਖਿ ਕੀਨੋ ਰੋਗੁ॥ ਜੈ ਜੈ ਕਾਰੁ ਕਰੈ ਸਭੁ ਲੋਗੁ॥ ੨॥**

ਨਿੰਦਕਾ ਦੇ ਮੂੰਹ ਵਿਚ ਰੋਗ ਪੈਦਾ ਕਰ ਦਿੱਤਾ ਹੈ, ਇਸ ਲਈ ਉਹ ਬੋਲ ਨਹੀਂ ਸਕਦੇ ਹਨ। ਹੋਰ ਸਾਰੇ

ਲੋਕ ਗੁਰੂ ਜੀ ਦਾ ਜੈ ਜੈ ਕਾਰ ਕਰਦੇ ਹਨ॥ ੨॥

**ਸੰਤਨ ਕੈ ਮਨਿ ਮਹਾ ਅਨੰਦੁ॥ ਸੰਤ ਜਪਹਿ ਗੁਰਦੇਉ ਭਗਵੰਤੁ॥**

ਸੰਤਾਂ ਦੇ ਮਨ ਵਿਚ ਮਹਾ=ਵੱਡਾ ਅਨੰਦ ਹੈ। ਗੁਰਦੇਵਾਂ ਨੂੰ ਭਗਵੰਤ ਰੂਪ ਜਾਣ ਕੇ ਸੰਤ ਜਪਦੇ ਹਨ।

**ਸੰਗਤਿ ਕੇ ਮੁਖ ਊਜਲ ਭਏ॥ ਸਗਲ ਥਾਨ ਨਿੰਦਕ ਕੇ ਗਏ॥ ੩॥**

ਸੰਗਤ ਦੇ ਮੂੰਹ ਉੱਜਲੇ ਹੋਏ ਹਨ। ਨਿੰਦਕ ਪੁਰਸ਼ ਦੇ ਸਗਲ ਥਾਨ=ਸਾਰੇ ਥਾਂ ਭਾਵ ਲੋਕ ਪ੍ਰਲੋਕ ਵਿਗੜ ਗਏ ਹਨ॥ ੩॥

**ਸਾਸਿ ਸਾਸਿ ਜਨੁ ਸਦਾ ਸਲਾਹੇ॥ ਪਾਰਬ੍ਰਹਮ ਗੁਰ ਬੇਪਰਵਾਹੇ॥**

ਸੰਤ ਜਨ ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਆਉਂਦਿਆਂ ਸਦਾ ਪ੍ਰਭੂ ਨੂੰ ਸਲਾਹੁੰਦੇ ਹਨ। ਪਾਰਬ੍ਰਹਮ ਸਰੂਪ ਹੋਣ ਕਰਕੇ ਗੁਰੂ ਸਾਹਿਬ ਜੀ ਬੇ-ਪਰਵਾਹ ਹਨ। ਜਾਂ ਗੁਰੂ ਬੇ-ਪਰਵਾਹ ਪਾਰਬ੍ਰਹਮ ਦੇ ਸਰੂਪ ਹਨ।

**ਸਗਲ ਭੈ ਮਿਟੇ ਜਾ ਕੀ ਸਰਨਿ॥ ਨਿੰਦਕ ਮਾਰਿ ਪਾਏ ਸਭਿ ਧਰਨਿ॥ ੪॥**

ਜਿਨ੍ਹਾਂ ਸਤਿਗੁਰਾਂ ਦੀ ਸ਼ਰਨੀ ਪਿਆਂ ਸਾਰੇ ਡਰ ਮਿਟ ਗਏ ਹਨ। ਸਾਰਿਆਂ ਨਿੰਦਕਾਂ ਨੂੰ ਮਾਰ ਕੇ ਧਰਤੀ ਪਰ ਪਾ ਦਿੱਤਾ ਭਾਵ ਲਿਟਾ ਦਿੱਤਾ ਹੈ॥ ੪॥

**ਜਨ ਕੀ ਨਿੰਦਾ ਕਰੈ ਨ ਕੋਇ॥ ਜੋ ਕਰੈ ਸੋ ਦੁਖੀਆ ਹੋਇ॥**

ਇਸੀ ਤੇ ਸੰਤ ਜਨਾਂ ਦੀ ਜਾਂ ਗੁਰਾਂ ਦੀ ਨਿੰਦਿਆ ਕੋਈ ਭੀ ਨਾ ਕਰੋ। ਜਿਹੜਾ ਕੋਈ ਨਿੰਦਿਆ ਕਰੇਗਾ ਉਹ ਲੋਕ ਪ੍ਰਲੋਕ ਵਿਚ ਦੁਖੀ ਹੋਵੇਗਾ।

**ਆਠ ਪਹਰ ਜਨੁ ਏਕੁ ਧਿਆਏ॥ ਜਮੂਆ ਤਾ ਕੈ ਨਿਕਟਿ ਨ ਜਾਏ॥ ੫॥**

ਸੰਤ ਜਨ ਅੱਠੇ ਪਹਿਰ ਇਕ ਅਕਾਲ ਪੁਰਖ ਨੂੰ ਧਿਆਉਂਦੇ ਹਨ। ਇਸ ਲਈ ਜਮ ਉਹਨਾਂ ਦੇ ਨੇੜੇ ਨਹੀਂ ਜਾਂਦਾ ॥ ੫॥

**ਜਨ ਨਿਰਵੈਰ ਨਿੰਦਕ ਅਹੰਕਾਰੀ॥ ਜਨ ਭਲ ਮਾਨਹਿ ਨਿੰਦਕ ਵੇਕਾਰੀ॥**

ਸੰਤ ਜਨ ਨਿਰਵੈਰ ਹਨ, ਨਿੰਦਕ ਲੋਕ ਹੰਕਾਰੀ ਹਨ। ਸੰਤ ਜਨ ਸਭ ਦਾ ਭਲਾ ਮਨਾਉਂਦੇ ਹਨ ਅਤੇ ਨਿੰਦਕ ਲੋਕ ਵੇਕਾਰੀ ਹਨ, ਜੋ ਸੰਤਾਂ ਦਾ ਬੁਰਾ ਚਿਤਵਦੇ ਹਨ।

**ਗੁਰ ਕੈ ਸਿਖਿ ਸਤਿਗੁਰੂ ਧਿਆਇਆ॥**
**ਜਨ ਉਬਰੇ ਨਿੰਦਕ ਨਰਕਿ ਪਾਇਆ॥ ੬॥**

ਗੁਰੂ ਦੇ ਸਿੱਖਾਂ ਨੇ ਸਤਿਗੁਰਾਂ ਨੂੰ ਧਿਆਉਣਾ ਕੀਤਾ ਹੈ। ਇਸ ਲਈ ਜਨ ਉਬਰੇ=ਗੁਰੂ ਦੇ ਸਿੱਖ ਬਚ ਗਏ ਹਨ, ਪਰ ਧਰਮਰਾਜਾ ਨੇ ਨਿੰਦਕਾਂ ਨੂੰ ਨਰਕਾਂ ਵਿਚ ਪਾਇਆ ਹੈ॥ ੬॥

**ਸੁਣਿ ਸਾਜਨ ਮੇਰੇ ਮੀਤ ਪਿਆਰੇ॥ ਸਤਿ ਬਚਨ ਵਰਤਹਿ ਹਰਿ ਦੁਆਰੇ॥**

ਹੇ ਮੇਰੇ ਪਿਆਰੇ ਮਿੱਤਰ ਸੱਜਣੋ ! ਸੱਚੇ ਬਚਨ ਸੁਣੋ। ਜੋ ਹਰੀ ਦੇ ਦਰਬਾਰ ਵਿਚ ਸੱਚੇ ਬਚਨ ਵਰਤ ਰਹੇ ਹਨ।

**ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥ ੭ ॥**

ਜੈਸਾ ਕੋਈ ਕਰਮ ਕਰਦਾ ਹੈ ਉਹ ਤੈਸਾ ਹੀ ਫਲ ਪਾਉਂਦਾ ਹੈ। ਅਭਿਮਾਨੀ=ਹੰਕਾਰੀ ਦੀ ਜੜ੍ਹ ਸਰਪਰ=ਜ਼ਰੂਰ ਹੀ ਨਵਿਰਤ ਹੋ ਜਾਂਦੀ ਹੈ॥ ੭॥

**ਨੀਧਰਿਆ ਸਤਿਗੁਰ ਧਰ ਤੇਰੀ ॥ ਕਰਿ ਕਿਰਪਾ ਰਾਖਹੁ ਜਨ ਕੇਰੀ ॥**

ਹੇ ਸਤਿਗੁਰੋ ! ਅਸਾਂ ਨੀਧਰਿਆ=ਨਿਆਸਰਿਆਂ ਨੂੰ ਇਕ ਤੇਰੀ ਧਰ=ਟੇਕ (ਓਟ) ਹੈ। ਕਿਰਪਾ-ਦ੍ਰਿਸ਼ਟੀ ਕਰਕੇ ਮੈਂ ਸੇਵਕ ਜਨ ਦੀ ਲਾਜ ਰੱਖ ਲਵੋ।

**ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥**
**ਜਾ ਕੈ ਸਿਮਰਨਿ ਪੈਜ ਸਵਾਰੀ ॥ ੮ ॥ ੧ ॥ ੨੯ ॥**

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਜਿਸ ਗੁਰੂ ਦੁਆਰੇ ਕੀਤੇ ਹੋਏ ਸਿਮਰਨ ਨੇ, ਮੇਰੀ ਪੈਜ=ਪ੍ਰਤੱਗਜਾ ਸਵਾਰੀ ਹੈ॥ ੮॥ ੧॥ ੨੯॥

# ਰਾਗੁ ਗੋਂਡ ਭਗਤ ਬਾਣੀ

[ਪੰਨਾ ੮੭੦]

## ਰਾਗੁ ਗੋਂਡ ਬਾਣੀ ਭਗਤਾ ਕੀ॥ ਕਬੀਰ ਜੀ ਘਰੁ ੧

## ੧ੳ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਜਗਿਆਸੂ ਨੇ ਬੇਨਤੀ ਕੀਤੀ-ਬਾਬਾ ਬੋਲਨਾ ਕਿਆ ਕਹੀਐ॥

ਬਾਬਾ=ਹੇ ਕਬੀਰ ਸਾਹਿਬ ਜੀ ! ਬੋਲਨਾ ਕਿਆ ਕਹੀਏ=ਕਿਹੜੇ ਬਚਨ ਬੋਲਣਾ ਕਰੀਏ ?

*ਉੱਤਰ*-ਜੈਸੇ ਰਾਮ ਨਾਮ ਰਵਿ ਰਹੀਐ॥

ਜਿਸ ਪਰਕਾਰ ਰਾਮ ਨਾਮ ਨੂੰ ਰਵਿ=ਉਚਾਰਨ ਕਰ ਰਹੀਏ, ਉਹ ਬਚਨ ਬੋਲਣਾ ਕਰੋ।

### ਸੰਤੁ ਮਿਲੈ ਕਿਛੁ ਸੁਨੀਐ ਕਹੀਐ॥

ਪੂਰਨ ਸੰਤ ਮਿਲ ਜਾਣ ਤਾਂ ਉਹਨਾਂ ਅੱਗੇ ਆਪਣੇ ਦਿਲ ਦਾ ਸੰਸਾ ਕਹੀਏ, ਫੇਰ ਉਹਨਾਂ ਪਾਸੋਂ ਸੰਸੇ ਨਵਿਰਤੀ ਦਾ ਬਚਨ ਸੁਨਣਾ ਕਰੀਏ।

ਵਾ:-ਕਥਨ ਕਰਨ ਵਾਲੇ ਸੰਤ ਮਿਲ ਜਾਣ ਤਾਂ ਉਹਨਾਂ ਪਾਸੋਂ ਕੁਛ ਪਰਮੇਸ਼ਰ ਸਬੰਧ ਬਚਨ ਸੁਣ ਲਈਏ ਅਤੇ ਜੇ ਸੁਨਣ ਵਾਲੇ ਸੰਤ ਮਿਲਣ ਤਾਂ ਆਪ ਕਥਨ ਕਰੀਏ ਜਿਸ ਤੇ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਏ।

### ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥

ਦੈਵਨੇਤ ਨਾਲ ਜੇ ਕੋਈ ਅਸੰਤੁ=ਬੇ-ਮੁਖ (ਖੋਟਾ ਪੁਰਸ਼) ਮਿਲ ਜਾਏ ਤਾਂ ਮਸਟਿ=ਚੁਪ ਕਰ ਰਹੀਏ॥ ੧॥

### ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥੧॥ਰਹਾਉ॥

(ਇਸ ਦਾ ਅਰਥ ਹੋ ਚੁਕਾ ਹੈ)।

### ਸੰਤਨ ਸਿਉ ਬੋਲੇ ਉਪਕਾਰੀ॥

ਸੰਤਾਂ ਨਾਲ ਬੋਲਣ ਕਰਕੇ ਇਕ ਤਾਂ ਆਪਣੇ ਉਤੇ ਉਪਕਾਰ ਹੁੰਦਾ ਹੈ ਅਤੇ ਪਾਸ ਬੈਠੇ ਹੋਏ ਉਤੇ ਵੀ ਪਰਉਪਕਾਰ ਹੁੰਦਾ ਹੈ।

ਵਾ:-ਉਪਕਾਰੀ ਸੰਤਾਂ ਨਾਲ ਬੋਲਣਾ ਕਰੇ ਜਿਥੋਂ ਕੁਝ ਲਾਭ ਪ੍ਰਾਪਤ ਹੋਵੇ, ਕਿਉਂਕਿ ਇਕ ਅਵਧੂਤ ਸੰਤ ਹੁੰਦੇ ਹਨ ਉਹ ਕਦੇ ਕਿਸੇ ਨੂੰ ਉਪਦੇਸ਼ ਨਹੀਂ ਦੇਂਦੇ ਆਪਣੇ ਰੰਗ ਵਿਚ ਹੀ ਮਸਤ ਰਹਿੰਦੇ ਹਨ।

## ਮੂਰਖ ਸਿਉ ਬੋਲੇ ਝਖ ਮਾਰੀ॥ ੨ ॥

ਮੂਰਖ ਨਾਲ ਬੋਲਣ ਕਰਕੇ ਝਖ ਮਾਰੀ=ਗੱਪਾਂ ਹੀ ਮਾਰਨੀਆਂ ਹਨ। "ਪ੍ਰਸ਼ਨ-ਮੂਰਖ ਕੌਣ ਹੈ ?"

ਉੱਤਰ-ਜੋ ਗੱਪਾਂ ਮਾਰੇ, ਵਾ ਝਖ=ਮੱਛੀਆਂ ਨੂੰ ਮਾਰੇ, ਓਹੋ ਹੀ ਮੂਰਖ ਹੈ॥ ੨॥

ਸੰਤਾਂ ਤੇ ਮੂਰਖਾਂ ਦੇ ਲੱਛਣ ਫੇਰ ਸਪਸ਼ਟ ਕਰਦੇ ਹਨ-

## ਬੋਲਤ ਬੋਲਤ ਬਢਹਿ ਬਿਕਾਰਾ॥

ਮੂਰਖ ਨਾਲ ਬਾਰੰਬਾਰ ਬੋਲਣ ਕਰਕੇ ਬਿਕਾਰਾ=ਦੁਖ ਹੀ ਬਢਹਿ=ਵਧਦੇ ਹਨ।

## ਬਿਨੁ ਬੋਲੇ ਕਿਆ ਕਰਹਿ ਬੀਚਾਰਾ॥ ੩ ॥

ਜੇ ਬੋਲਣ ਤੋਂ ਬਿਨਾਂ ਹੋ ਜਾਵੇ, ਭਾਵ ਮੂਰਖ ਨਾਲ ਕੋਈ ਗੱਲ ਨਾ ਕਰੇ ਤਾਂ ਮੂਰਖ ਵਿਚਾਰਾ ਕ. ਕਰੇਗਾ? ਖਪ ਖਪ ਕੇ ਆਪੇ ਹੀ ਹਟ ਜਾਏਗਾ॥ ੩॥

*ਦੂਜਾ ਅਰਥ-*

***ਬੋਲਤ ਬੋਲਤ ਬਢਹਿ ਬਿਕਾਰਾ॥***

ਸੰਤਾਂ ਨਾਲ ਬੋਲਤ ਬੋਲਤ=ਬਚਨ ਬਿਲਾਸ ਕਰਨ ਨਾਲ ਵਿਕਾਰ ਬਢਹਿ=ਵੱਢੇ ਜਾਂਦੇ ਹਨ।

***ਬਿਨੁ ਬੋਲੇ ਕਿਆ ਕਰਹਿ ਬੀਚਾਰਾ॥***

ਜੇ ਸੰਤਾਂ ਨਾਲ ਬੋਲੇ ਤੋਂ ਬਿਨਾਂ ਹੋ ਜਾਵੇ ਤਾਂ ਸੱਤ ਅਸੱਤ ਦੇ ਨਿਰਣੇ ਦਾ ਵਿਚਾਰ ਕਿਵੇਂ ਕਰੇਗਾ, ਭਾਵ ਨਹੀਂ ਕਰ ਸਕਦਾ।

## ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥ ੪ ॥ ੧ ॥

ਕਬੀਰ ਜੀ ਕਥਨ ਕਰਦੇ ਹਨ, ਜਿਵੇਂ ਛੂਛਾ=ਖਾਲੀ ਘੜਾ ਬੋਲਦਾ ਤੇ ਡੋਲਦਾ ਹੈ ਤੇ ਭਰਿਆ ਘੜਾ ਨਾ ਬੋਲਦਾ, ਨਾ ਡੋਲਦਾ ਹੈ, ਏਸੇ ਤਰ੍ਹਾਂ ਜੋ ਖਾਲੀ ਘੜੇ ਵਾਂਗ ਮੂਰਖ ਪੁਰਸ਼ ਹੈ ਉਹ ਵਿਆਰਥ ਬੋਲੀ ਜਾਂਦਾ ਹੈ ਤੇ ਹਰ ਵੇਲੇ ਡੋਲਦਾ ਰਹਿੰਦਾ ਹੈ ਤੇ ਭਰੇ ਘੜੇ ਵਾਂਗ ਸੰਤ ਨਾ ਬਹੁਤਾ ਬੋਲਦੇ ਹਨ, ਨਾ ਕਦੇ ਡੋਲਦੇ ਹਨ।

## ਗੋਂਡ॥

ਜਿਨ੍ਹਾਂ ਅਸੰਤਾਂ ਨਾਲ ਬੋਲਣਾ ਨਿਸਫਲ ਕਿਹਾ ਹੈ, ਮਰਨ ਤੋਂ ਬਾਅਦ ਉਹਨਾਂ ਦੀ ਤ੍ਵਚਾ (ਚਮੜੀ) ਵੀ ਕਿਸੇ ਕੰਮ ਨਹੀਂ ਆਉਂਦੀ।

## ਨਰੂ ਮਰੈ ਨਰੁ ਕਾਮਿ ਨ ਆਵੈ॥

ਨਰੁ=ਪੁਰਸ਼ ਮਰ ਜਾਵੇ ਤਾਂ ਉਸ ਦੀ ਨਰੂ=ਤ੍ਵਚਾ ਕਿਸੇ ਕੰਮ ਨਹੀਂ ਆਉਂਦੀ*।

---

**ਕਿਸੇ ਕਵੀ ਨੇ ਕਿਹਾ ਸੁੰਦਰ ਵਰਣਨ ਕੀਤਾ ਹੈ-*

*ਹਾਥੀਓਂ ਕੇ ਦਾਂਤ ਕੇ ਖਲੌਣ ਬਣੇ ਭਾਂਤ ਭਾਂਤ, ਬਾਘਨ ਕੀ ਖਾਲ ਸੋ ਤੋ ਸ਼ਿਵ ਮਨ ਭਾਈ ਹੈ।*
*ਮ੍ਰਿਗਨ ਕੀ ਖਾਲਨ ਕੋ ਓਢਤ ਹੈ ਯੋਗੀ ਜਤੀ, ਬੱਕਰੇ ਕੀ ਖਾਲ ਸਾਥ ਪਾਣੀ ਭਰ ਲਾਈ ਹੈ।*
*ਪਸ਼ੂਓਂ ਕੀ ਖਾਲ ਕਾ ਅਧਿਕ ਸੁੰਦਰ ਜੋੜ ਬਣੇ, ਗੈਂਡਨ ਕੀ ਖਾਲਰਾਜਾ ਰਾਣੇ ਕੋ ਸੁਹਾਈ ਹੈ।*
*ਕਹੈ ਕਵਿ ਦਯਾ ਰਾਮ ਰਾਮ ਕੇ ਭਜਨ ਬਿਨ, ਮਾਨੁਖ ਕੀ ਖਾਲ ਕਿਸੇ ਕਾਮ ਨਹੀਂ ਆਈ ਹੈ।*

## ਪਸੂ ਮਰੈ ਦਸ ਕਾਜ ਸਵਾਰੈ॥੧॥

ਪਸ਼ੂ ਮਰ ਜਾਵੇ ਤਾਂ ਦਸ ਕੰਮ ਸਵਾਰਦਾ ਹੈ, ਅਰਥਾਤ ਪਸ਼ੂਆਂ ਦੀ ਖੱਲ ਨਾਲ ਜੁੱਤੀਆਂ, ਮਸ਼ਕਾਂ, ਬੋਕਾ, ਨਗਾਰੇ ਅਤੇ ਕਾਠੀਆਂ ਆਦਿ ਕਈ ਚੀਜ਼ਾਂ ਬਣਦੀਆਂ ਹਨ।

*ਯਥਾ-* "ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥" *(ਗੂਜਰੀ ਮਹਲਾ ੧, ਪੰਨਾ ੪੮੯)*

*ਤਥਾ-* "ਸਗਲ ਸਰੀਰ ਆਵਤ ਸਭ ਕਾਮ॥ ਨਿਹਫਲ ਮਾਨੁਖੁ ਜਪੈ ਨਹੀ ਨਾਮ॥ ੩॥
*(ਗਉੜੀ ਮਹਲਾ ੫, ਪੰਨਾ ੧੯੦)*

ਹੁਣ ਕਰਮਾਂ ਦੀ ਗਤੀ ਵਚਿੱਤਰ ਕਹਿੰਦੇ ਹਨ-

## ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥

ਹਰ ਮਨੁੱਖ ਵਾਸਤੇ ਭਜਨ ਕਰਨਾ ਜ਼ਰੂਰੀ ਹੈ। ਅਲਪਗ ਹੋਣ ਨਾਲ ਆਪਣੇ ਕਰਮਾਂ ਦੀ ਗਤੀ ਨੂੰ ਮੈਂ ਕੀ ਜਾਣਾਂ, ਜੋ ਕਰਮਾਂ ਨੇ ਕੀ ਕੀ ਫਲ ਦੇਣਾ ਹੈ, ਇਸ ਵਾਸਤੇ ਜੀਵ ਨੂੰ ਸਦਾ ਡਰਦਿਆਂ ਰਹਿਣਾ ਚਾਹੀਦਾ ਹੈ ਕਿ ਅਗਾਂਹ ਨੂੰ ਮੇਰੇ ਨਾਲ ਕੀ ਕੀ ਵਰਤਣਾ ਹੈ।

*ਯਥਾ-* "ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ ੩੯॥"
*(ਸਲੋਕ ਕਬੀਰ ਜੀ, ਪੰਨਾ ੧੩੬੬)*

## ਸਾਖੀ-ਗੁਜਰੀ ਦੀ ਕਰਮਾਂ ਤੇ

ਇਕ ਗੁੱਜਰ ਜ਼ਾਤੀ ਦਾ ਸ਼ਾਹੂਕਾਰ ਸੀ, ਇਕ ਉਸ ਦੇ ਘਰ ਵਾਲੀ ਇਸਤਰੀ ਬੜੇ ਸੁੰਦਰ ਚਿਹਰੇ-ਮੋਹਰੇ ਵਾਲੀ ਸੀ, ਸਰੀਰ ਦਾ ਡੀਲ ਵੀ ਚੰਗਾ ਸੋਹਣਾ ਸੀ। ਇਕ ਸਮੇਂ ਸ਼ਾਹੂਕਾਰ ਆਪ ਅਣਜ ਵਪਾਰ ਵਾਸਤੇ ਪਰਦੇਸ ਚਲਾ ਗਿਆ, ਪਿੱਛੋਂ ਇਸ ਦੀ ਇਸਤਰੀ ਸਿਰ ਨਹਾ ਕੇ ਚੁਬਾਰੇ ਉੱਤੇ ਚੜ੍ਹੀ ਕੇਸ ਸੁਕਾ ਰਹੀ ਸੀ ਤੇ ਉਥੋਂ ਦਾ ਰਾਜਾ ਭੀ ਆਪਣੇ ਮਹਿਲਾਂ ਉੱਤੇ ਚੜ੍ਹ ਕੇ ਟਹਿਲ ਰਿਹਾ ਸੀ ਇਸ ਨੂੰ ਵੇਖਦਿਆਂ ਸਾਰ ਹੀ ਰਾਜੇ ਦਾ ਮਨ ਕਾਮਾਤੁਰ ਹੋ ਗਿਆ। ਕਿਸੇ ਅਹਿਲਕਾਰ ਦੀ ਰਾਹੀਂ ਇਸ ਨੂੰ ਆਪਣੇ ਪਾਸ ਬੁਲਾ ਕੇ ਰਾਜੇ ਨੇ ਬੜਾ ਪ੍ਰੇਮ ਦਸਿਆ ਤੇ ਇਸ ਨੂੰ ਅਪਣਾਕੇ ਆਪਣੇ ਮੰਦਰਾਂ ਵਿਚ ਹੀ ਰਖਿਆ। ਕੁਝ ਕੁ ਸਮੇਂ ਬਾਅਦ ਜਦ ਇਸਤਰੀ ਦਾ ਆਪਣਾ ਪਤੀ ਘਰ ਆ ਪਹੁੰਚਾ ਤਾਂ ਉਸ ਨੇ ਵੇਖਿਆ ਇਸਤਰੀ ਘਰ ਨਹੀ ਹੈ, ਪੁੱਛਣ ਤੋਂ ਪਤਾ ਲਗਾ ਕਿ ਉਹ ਤਾਂ ਰਾਜ ਮੰਦਰਾਂ ਵਿਚ ਬੈਠੀ ਹੈ। ਉਸ ਵੇਲੇ ਉਸ ਨੇ ਇਕ ਪਿਆਰ ਭਰੀ ਪੱਤ੍ਰਕਾ ਲਿਖੀ-

'ਮੈਂ ਪ੍ਰਦੇਸੋਂ ਆ ਗਿਆ ਹਾਂ, ਤੇਰੀ ਉਡੀਕ ਵਿਚ ਬੈਠਾ ਹਾਂ, ਜੇ ਤੇਰੇ ਅੰਦਰ ਪਿਆਰ ਹੈ ਤਾਂ ਮੈਨੂੰ ਆ ਕੇ ਮਿਲ।' ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਕਿਸੇ ਨੌਕਰ ਦੀ ਰਾਹੀਂ ਆਪਣੀ ਇਸਤਰੀ ਪਾਸ ਪਹੁੰਚਾ ਦਿਤੀ। ਇਸਤਰੀ ਪੜ੍ਹ ਕੇ ਬਹੁਤ ਖੁਸ਼ ਹੋਈ, ਅੱਗੋਂ ਇਸਤਰੀ ਨੇ ਭੀ ਆਪਣੀ ਵਲੋਂ ਇਕ ਪ੍ਰੇਮ ਪੱਤ੍ਰਕਾ ਲਿਖ ਕੇ ਪਤੀ ਦੇਵ ਵਲ ਭੇਜੀ ਕਿ ਮੇਰਾ ਚਿਤ ਤੇਰੇ ਨਾਲ ਹੀ ਹੈ, ਰਾਜੇ ਨੇ ਤਾਂ ਮੈਨੂੰ ਜ਼ਬਰਦਸਤੀ ਆਪਣੇ ਪਾਸ ਰਖਿਆ ਹੋਇਆ ਹੈ। ਜਿਸ ਵੇਲੇ ਵੀ ਕੋਈ ਨਿਕਲਣ ਦਾ ਮੌਕਾ ਮਿਲਿਆ ਤਾਂ ਮੈਂ ਜ਼ਰੂਰ ਤੈਨੂੰ ਆ ਕੇ ਮਿਲਾਂਗੀ।

ਦੇਵਨੇਤ ਨਾਲ ਇਕ ਦਿਨ ਰਾਜਾ ਇਸ ਔਰਤ ਨੂੰ ਨਾਲ ਲੈ ਕੇ ਤਮਾਸ਼ਾ ਦੇਖਣ ਚਲਾ ਗਿਆ। ਤਮਾਸ਼ਾ ਵੇਖ ਕੇ ਰਾਤ ਨੂੰ ਇਕ ਕੈਂਪ ਵਿਚ ਸੌਂ ਗਿਆ। ਇਸ ਔਰਤ ਨੇ ਉਸ ਰਾਤ ਮੌਕਾ ਤਾੜ ਕੇ ਰਾਜੇ ਨੂੰ ਇਕੱਲਾ ਵੇਖ ਕੇ ਮਾਰ ਦਿੱਤਾ, ਆਪ ਨਿਕਲ ਆਈ। ਪਤੀ ਨੂੰ ਮਿਲ ਕੇ ਰਾਤੋ ਰਾਤ ਆਪਣੇ ਘਰੋਂ ਨਕਦੀ ਮਾਲ ਵਗੈਰਾ

ਲੈ ਕੇ ਆਪਣੇ ਦੇਸ ਨੂੰ ਛਡ ਕੇ ਚਾਲੇ ਪਾ ਦਿੱਤੇ। ਅੱਗੋਂ ਇਕ ਜੰਗਲ ਆ ਗਿਆ। ਟੁਰਦੇ ਟੁਰਦੇ ਜਦ ਥੱਕ ਗਏ ਤਾਂ ਰਾਹ ਵਿਚ ਹੀ ਸੌਂ ਗਏ। ਉਥੇ ਹੀ ਇਕ ਸੱਪ ਨੇ ਨਿਕਲ ਕੇ ਇਸ ਔਰਤ ਦੇ ਪਤੀ ਨੂੰ ਡੰਗ ਮਾਰ ਕੇ ਮਾਰ ਦਿੱਤਾ। ਔਰਤ ਬਹੁਤ ਦੁਖੀ ਹੋਈ, ਰੋਂਦੀ ਪਿਟਦੀ ਨੂੰ ਚੋਰ ਆ ਗਏ, ਉਨ੍ਹਾਂ ਨੇ ਆ ਕੇ ਮਾਲ ਭੀ ਖੋਹ ਲਿਆ ਅਤੇ ਇਸ ਨੂੰ ਭੀ ਆਪਣੇ ਘਰ ਲੈ ਗਏ। ਕੁਝ ਕੁ ਚਿਰ ਆਪਣੇ ਪਾਸ ਰਖ ਕੇ ਫੇਰ ਵੇਸਵਾ ਪਾਸ ਵੇਚ ਦਿੱਤਾ। ਵੇਸਵਾ ਪਾਸ ਕਾਫੀ ਚਿਰ ਰਹੀ।

ਇਕ ਦਿਨ ਇਸ ਦਾ ਆਪਣਾ ਪੁੱਤਰ ਜੋ ਇਸ ਦੇ ਆਪਣੇ ਪਤੀ ਤੋਂ ਪੈਦਾ ਹੋਇਆ ਹੋਇਆ ਸੀ, ਉਹ ਸੌਦਾਗਰੀ ਕਰਦਾ ਕਰਦਾ ਇਸੇ ਸ਼ਹਿਰ ਵਿਚ ਆਇਆ ਤੇ ਕਾਮ ਅਧੀਨ ਹੋਇਆ ਹੋਇਆ ਉਸ ਵੇਸਵਾ ਦੇ ਘਰ ਆ ਪਹੁੰਚਾ, ਸਾਰੀ ਰਾਤ ਏਸੇ ਪਾਸ ਹੀ ਰਿਹਾ। ਜਦ ਸਵੇਰ ਹੋਣ ਨਾਲ ਉਹ ਉੱਠਿਆ ਤਾਂ ਵੇਸਵਾ ਨੇ ਪੁੱਛਿਆ-'ਤੁਸੀਂ ਕਿਥੋਂ ਆਏ ਹੋ? ਆਪ ਦਾ ਨਾਮ ਕੀ ਹੈ?'

ਇਸ ਨੌਜਵਾਨ ਲੜਕੇ ਨੇ ਜਦ ਆਪਣਾ ਨਾਮ, ਦੇਸ ਵਗੈਰਾ ਦਸਿਆ ਤਾਂ ਉਸ ਨੂੰ ਇਹ ਨਿਸਚਾ ਹੋ ਗਿਆ ਕਿ ਇਹ ਮੇਰਾ ਹੀ ਪੁੱਤਰ ਹੈ। ਬੜੀ ਲੱਜਾ ਸਹਿਤ ਹੋ ਕੇ ਆਖਦੀ ਹੈ 'ਅੱਜ ਮੇਰੇ ਪਾਸੋਂ ਬੜਾ ਭਾਰੀ ਪਾਪ ਹੋ ਗਿਆ ਹੈ।' ਉਸੀ ਵੇਲੇ ਉਸ ਨੂੰ ਟੋਰ ਕੇ ਆਪ ਕਿਸੇ ਪੰਡਿਤ ਪਾਸੋਂ ਜਾ ਕੇ ਪੁੱਛਦੀ ਹੈ ਕਿ ਜੇਕਰ ਐਸਾ ਕੋਈ ਪਾਪ ਕਰਮ ਹੋ ਜਾਏ ਤਾਂ ਉਸ ਦੀ ਨਵਿਰਤੀ ਦਾ ਪ੍ਰਾਸਚਿਤ ਕੀ ਹੋ ਸਕਦਾ ਹੈ?

ਪੰਡਿਤ ਜੀ ਨੇ ਆਪਣੀ ਵਿਦਵਤਾ ਨਾਲ ਕਿਹਾ-'ਜੇਕਰ ਮਾਂ ਪੁੱਤਰ ਦਾ ਐਸਾ ਕੋਈ ਕੁਕਰਮ ਹੋ ਜਾਏ ਤਾਂ ਪਿੱਪਲ ਦੀਆਂ ਸੁਕੀਆਂ ਲੱਕੜਾਂ ਇਕੱਠੀਆਂ ਕਰਕੇ ਨਦੀ ਦੇ ਕਿਨਾਰੇ ਪਰ ਚਿਖਾ ਬਣਾ ਕੇ ਜਿਊਂਦੀ ਸੜ ਜਾਏ।'

ਇਹ ਵੇਸਵਾ ਉਸੀ ਵੇਲੇ ਨਦੀ ਦੇ ਕਿਨਾਰੇ ਪਿੱਪਲ ਦੀਆਂ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਚਿਖਾ ਬਣਾ ਕੇ ਅੱਗ ਲਗਾ ਕੇ ਉੱਪਰ ਬੈਠੀ ਹੀ ਸੀ ਜੋ ਇਤਨੇ ਨੂੰ ਪਾਣੀ ਦਾ ਹੜ੍ਹ ਆ ਗਿਆ, ਉਹ ਰੋੜ੍ਹ ਕੇ ਵਿਚ ਹੀ ਲੈ ਗਿਆ, ਇਹ ਸੜ ਮਰ ਨਾ ਸਕੀ, ਕਿਉਂਕਿ ਆਪਣੇ ਆਪ ਮਰਨ ਦਾ ਕਿਸੇ ਵਿਚ ਜ਼ੋਰ ਨਹੀਂ ਹੈ। ਪਾਣੀ ਦੇ ਵਿਚ ਇਕ ਬੜੀ ਲੱਕੜ ਸੀ, ਉਸ ਉੱਤੇ ਬੈਠ ਗਈ ਤੇ ਪਾਣੀ ਵਿਚ ਰੁੜ੍ਹੀ ਜਾ ਰਹੀ ਹੈ। ਆਖ ਕੇ ਲੋਕਾਂ ਨੂੰ ਸੁਣਾਉਂਦੀ ਜਾ ਰਹੀ ਹੈ ਕਿ ਕੋਈ ਪਰਉਪਕਾਰੀ ਜੀਵ ਹੈ ਜੋ ਮੈਨੂੰ ਇਸ ਜਲ ਵਿਚੋਂ ਬਾਹਰ ਕੱਢ ਲਵੇ, ਤਾਂ ਮੈਂ ਉਸ ਦੀ ਦਾਸੀ ਹੋ ਕੇ ਰਹਾਂਗੀ।

ਇਕ ਗੁਜਰ ਜਲ ਦੇ ਕਿਨਾਰੇ ਦੁਧ ਵਾਲੇ ਭਾਂਡੇ ਧੋ ਰਿਹਾ ਸੀ, ਜਦ ਉਸ ਨੇ ਸੁਣਿਆ ਤਾਂ ਉਪਰਾਲਾ ਕਰਕੇ ਉਸ ਨੇ ਕੱਢ ਲਿਆ। ਇਹ ਔਰਤ ਫੇਰ ਉਸ ਦੇ ਭਾਂਡੇ ਚੁਕ ਕੇ ਉਸ ਦੇ ਨਾਲ ਹੀ ਉਸ ਦੇ ਘਰ ਚਲੀ ਗਈ, ਦਾਸੀ ਬਣਕੇ ਉਸ ਦਾ ਸਾਰਾ ਕੰਮ ਕਰਦੀ ਰਹੀ। ਦੁੱਧ ਦੇ ਵਲਟੋਹੇ ਚੁੱਕ ਕੇ ਦੁਕਾਨਾਂ ਪਰ ਜਾ ਕੇ ਭੀ ਦੇ ਆਇਆ ਕਰੇ।

ਇਕ ਦਿਨ ਦਾ ਜ਼ਿਕਰ ਹੈ ਜੋ ਇਹ ਭੀ ਅਤੇ ਹੋਰ ਗੁੱਜਰਨੀਆਂ ਲੱਸੀ ਦੁੱਧ ਦੇ ਵਲਟੋਹੇ ਚੁੱਕ ਕੇ ਜਾ ਰਹੀਆਂ ਸਨ ਤੇ ਅੱਗੋਂ ਇਕ ਸ਼ਾਹੀ ਫੌਜ ਚਲੀ ਆ ਰਹੀ ਸੀ, ਉਹਨਾਂ ਦੇ ਬੇ-ਪਰਵਾਹੀ ਧੱਕਿਆਂ ਕਰਕੇ ਸਭ ਗੁੱਜਰਨੀਆਂ ਦੇ ਭਾਂਡੇ ਡਿੱਗ ਪਏ। ਉਸ ਵੇਲੇ ਸਭ ਗੁੱਜਰਨੀਆਂ ਹੰਝੂ ਸੁਟਦੀਆਂ ਰੋਣ ਲੱਗ ਪਈਆਂ, ਪਰ ਇਕ ਇਹ ਗੁੱਜਰਨੀ ਹੱਸਦੀ ਰਹੀ। ਇਤਨੇ ਨੂੰ ਫੌਜ ਦਾ ਮਾਲਕ ਬਾਦਸ਼ਾਹ ਜਦ ਇਨ੍ਹਾਂ ਦੇ ਪਾਸ ਆ ਕੇ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਸਭ ਗੁੱਜਰਨੀਆਂ ਰੋ ਰਹੀਆਂ ਹਨ, ਦੁੱਧ ਲੱਸੀ ਦੇ ਡੁਲ੍ਹਣੇ ਕਰਕੇ; ਪਰ ਇਕ ਗੁੱਜਰਨੀ ਹੱਸ ਰਹੀ ਹੈ। ਉਸ ਪਾਸੋਂ ਬਾਦਸ਼ਾਹ ਨੇ ਪੁੱਛਿਆ-"ਤੂੰ ਕਿਉਂ ਹੱਸ ਰਹੀ ਹੈਂ?" ਇਸ ਨੇ ਕਿਹਾ-"ਹੇ ਰਾਜਨ ! ਤੂੰ ਪੁੱਛਕੇ ਕੀ ਲੈਣਾ ਹੈ, ਤੂੰ ਆਪਣਾ ਕੰਮ ਕਰ।" ਪਰ ਰਾਜਿਆਂ ਦਾ ਖਿਆਲ ਹੁੰਦਾ ਹੈ, ਜਿਸ ਪਾਸੇ ਪੈ ਜਾਵੇ। ਜਦ ਰਾਜਾ ਖਹਿੜੇ ਪੈ ਗਿਆ ਤਾਂ ਗੁੱਜਰਨੀ ਨੇ ਆਪਣੀ ਹੱਡ ਬੀਤੀ ਪਿਛਲੀ ਸਾਰੀ ਬਿਵਸਥਾ ਸੁਣਾ ਕੇ ਦੱਸੀ।

*ਯਥਾ-ਨ੍ਰਿਪ ਮਾਰ ਚਲੀ ਪੀਅ ਆਪਨ ਸਿਉ, ਪੀਆ ਸਾਂਪ ਡਸਿਓ ਦੁਖ ਹੌ ਭਰ ਹੌਂ।*
*ਬਨ ਮਾਂਝ ਗਈ ਬਨ ਚੋਰ ਗਹੀ, ਤਿਨ ਬੇਚ ਲਈ ਗਨਿਕਾ ਘਰ ਹੌਂ।*
*ਸੁਤ ਸੰਗ ਕੀਯੋ ਤਬ ਜਰਨ ਚਲੀ, ਮਿਲ ਕਾਠ ਕੇ ਸੰਗ ਨਦੀ ਤਰਹੌਂ।*
*ਸੁਨਿ ਹੋ ਮਹਾਰਾਜ ਹੌਂ ਗੁਜਰੀ ਹੌਂ, ਅਬ ਛਾਛ ਕੀ ਚਿੰਤ ਕਹਾਂ ਕਰਹੌਂ।*

ਇਸ ਸਾਖੀ ਤੋਂ ਇਹ ਸਿੱਧ ਹੋਇਆ ਕਿ ਕੋਈ ਭੀ ਆਪਣੇ ਕਰਮਾਂ ਦੀ ਗਤੀ ਨੂੰ ਨਹੀਂ ਜਾਣ ਸਕਦਾ ਕਿ ਉਸ ਦੇ ਜੀਵਨ ਵਿਚ ਕੀ ਗੁਜ਼ਰਨੀ ਹੈ।

## ਮੈ ਕਿਆ ਜਾਨਉ ਬਾਬਾ ਰੇ ॥ ੧ ॥ ਰਹਾਉ ॥

ਬਾਬਾ=ਹੇ ਭਾਈ ! ਮੈਂ ਕੀ ਜਾਨਣਾ ਕਰਾਂ ਜੋ ਮੇਰੇ ਸੰਚਤ ਕਰਮ ਕੀ ਕੀ ਹਨ ॥ ੧ ॥ ਰਹਾਉ ॥ ਅੱਗੇ ਅੰਤ ਸਮੇਂ ਮਰਨ ਦੀ ਦਸ਼ਾ ਕਹਿੰਦੇ ਹਨ-

## ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥

ਚਿਖਾ ਵਿਖੇ ਹੱਡ ਇਸ ਤਰ੍ਹਾਂ ਸੜਦੇ ਹਨ, ਜਿਵੇਂ ਲੱਕੜੀਆਂ ਦਾ ਬੱਧਾ ਹੋਇਆ ਤੂਲਾ=ਗੱਠਾ, ਭਾਰ ਸੜਦਾ ਹੈ।

## ਕੇਸ ਜਲੇ ਜੈਸੇ ਘਾਸ ਕਾ ਪੂਲਾ ॥ ੨ ॥

ਵਾਲ ਇਸ ਤਰ੍ਹਾਂ ਸੜਦੇ ਹਨ, ਜਿਵੇਂ ਘਾਸ ਕਾ ਪੂਲਾ=ਦੱਥਾ ਸੜਦਾ ਹੈ ॥ ੨ ॥

*ਯਥਾ:-* "ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਿਉ ਘਾਸੁ ॥
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥ ੩੬ ॥"

*(ਸਲੋਕ ਕਬੀਰ, ਪੰਨਾ ੧੩੬੬)*

*ਤਥਾ:-* "ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥"

*(ਸੂਹੀ ਰਵਿਦਾਸ, ਪੰਨਾ ੭੯੪)*

## ਕਹੁ ਕਬੀਰ ਤਬ ਹੀ ਨਰੁ ਜਾਗੈ ॥

ਕਬੀਰ ਜੀ ਕਥਨ ਕਰਦੇ ਹਨ-ਇਹ ਪੁਰਸ਼ ਅਵਿਦਿਆ, ਵਾ:-ਮੋਹ ਰੂਪ ਨੀਂਦ ਵਿਚ ਸੁੱਤਾ ਹੋਇਆ ਤਿਸ ਵੇਲੇ ਜਾਗੇਗਾ, ਭਾਵ ਸ਼ੁਭ ਸੰਕਲਪ ਕਰੇਗਾ।

## ਜਮ ਕਾ ਡੰਡੁ ਮੂੰਡ ਮਹਿ ਲਾਗੈ ॥ ੩ ॥ ੨ ॥

ਜਿਸ ਵੇਲੇ ਦੁਖਦਾਈ ਜਮ ਦਾ ਡੰਡਾ ਇਸ ਦੇ ਮੂੰਹ=ਸਿਰ ਵਿਚ ਲੱਗੇਗਾ, ਉਸ ਵੇਲੇ ਤਾਂ ਕੁਝ ਵੀ ਨਹੀਂ ਹੋਣਾ। ਜਦ ਘਰ ਨੂੰ ਅੱਗ ਲਗ ਜਾਵੇ ਤਾਂ ਉਸ ਵੇਲੇ ਖੂਹ ਪੁਟੇ ਤਾਂ ਉਸ ਦਾ ਜਤਨ ਕਰਨਾ ਨਿਸਫਲ ਹੈ ॥ ੩ ॥ ੨ ॥

*ਯਥਾ-* "ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ,
ਕਾਰਜੁ ਨ ਸਿਧਿ ਹੋਇ ਰੋਇ ਪਛਤਾਈਐ।
ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ,
ਅਨਿਥਾ ਉਦਮ ਜੈਤ ਪਦਵੀ ਨ ਪਾਈਐ ॥
ਜੈਸੇ ਨਿਸਿ ਸੋਵਤ ਸੰਘਾਤੀ ਚਲਿ ਜਾਤਿ ਪਾਛੇ,

ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ।
ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ,
ਅੰਤਿ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥ ੪੯੫॥" *(ਭਾਈ ਗੁਰਦਾਸ ਜੀ)*

## ਗੋਂਡ॥

**ਉਥਾਨਕਾ:**-ਜਗਿਆਸੂ ਨੂੰ ਪਹਿਲੇ ਵੈਰਾਗ ਦਾ ਉਪਦੇਸ਼ ਦੇ ਕੇ ਹੁਣ ਪਰਮੇਸ਼ਰ ਦੀ ਸਾਰੇ ਪਰੀਪੂਰਨਤਾ ਦੱਸਦੇ ਹਨ-

## ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ॥

ਸੱਤਾਂ ਅਕਾਸ਼ਾਂ ਵਿਚ ਗਗਨੁ=ਚੇਤਨ ਦੇਵ ਹੈ, ਸੱਤਾਂ ਪਤਾਲਾਂ ਵਿਚ ਵੀ ਗਗਨੁ=ਚੇਤਨ ਦੇਵ ਹੈ। ਪੂਰਬ, ਉੱਤਰ, ਦੱਖਣ ਇਨ੍ਹਾਂ ਚਾਰੋਂ ਤਰਫ਼ ਹੀ ਚੇਤਨ ਦੇਵ ਰਹਾਇਲੇ=ਇਸਥਿਤ ਹੋ ਰਿਹਾ ਹੈ।

ਯਥਾ-"ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥ " *(ਪੰਨਾ ੨੯੯)*

ਤਥਾ-"ਚਉਦਹਿ ਚਾਰਿ ਕੁੰਟ ਪ੍ਰਭ ਆਪ॥ ਸਗਲ ਭਵਨ ਪੂਰਨ ਪਰਤਾਪ॥"

*(ਗਉੜੀ ਥਿਤੀ, ਪੰਨਾ ੨੯੯)*

ਤਥਾ-"ਚਉਦਸਿ ਚਉਦਹ ਲੋਕ ਮਝਾਰਿ॥ ਰੋਮ ਰੋਮ ਮਹਿ ਬਸਹਿ ਮੁਰਾਰਿ॥"

*(ਗਉੜੀ ਕਬੀਰ, ਪੰਨਾ ੩੪੪)*

*ਪ੍ਰਸ਼ਨ*-"ਸਾਰਿਆਂ ਵਿਚ ਵਿਆਪਕ ਹੋਣ ਕਰਕੇ ਸਰੀਰ ਦੇ ਨਾਸ ਹੋਣ ਤੇ ਉਸ ਦਾ ਵੀ ਨਾਸ ਹੋ ਜਾਂਦਾ ਹੋਵੇਗਾ?" ਉੱਤਰ-

## ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ॥੧॥

ਉਹ ਉੱਤਮ ਪੁਰਖ ਪਰਮਾਤਮਾ ਸਦੀਵ ਕਾਲ ਅਨੰਦ ਦਾ ਮੁੱਢ ਹੈ, ਜਿਸ ਤਰ੍ਹਾਂ ਘੜੇ ਦੇ ਬਿਨਸਨੇ ਕਰਕੇ ਅਕਾਸ਼ ਦਾ ਨਾਸ ਨਹੀਂ ਹੁੰਦਾ, ਕਿਉਂਕਿ ਘਟਾਕਾਸ ਮਹਾਂਕਾਸ ਵਿਚ ਲੀਨ ਹੋ ਜਾਂਦਾ ਹੈ, ਤਿਵੇਂ ਸਰੀਰ ਦੇ ਬਿਨਸਨੇ ਕਰਕੇ ਚੇਤਨ ਦੇਵ ਦਾ ਆਉਣਾ ਜਾਣਾ ਨਹੀਂ ਹੁੰਦਾ।

*ਯਥਾ*-"ਘਘਾ ਘਟਿ ਘਟਿ ਨਿਮਸੈ ਸੋਈ॥ ਘਟ ਫੂਟੇ ਘਟਿ ਕਬਹਿ ਨ ਹੋਈ॥"

*(ਗਉੜੀ ਕਬੀਰ, ਪੰਨਾ ੩੪੦)*

ਭਾਵ-ਸਮੂੰਹ ਦੇਹ ਆਦਿਕਾਂ ਦੇ ਨਾਸ ਹੋਣੇ ਕਰਕੇ ਤਿਸ ਚੇਤਨ ਰੂਪ ਅਕਾਸ਼ ਦਾ ਨਾਸ ਨਹੀਂ ਹੁੰਦਾ। ਇਸ ਤੇ ਅਸਥੂਲ ਦੇਹ ਦਾ ਨਾਸ ਹੋਣ ਕਰਕੇ ਜੋ ਜੀਵ ਦਾ ਨਾਸ ਮੰਨਦੇ ਹਨ, ਉਹ ਮੂਰਖ ਹਨ।

ਜੈਸੇ ਚੇਤਨ ਅਬਿਨਾਸੀ ਔਰ ਵਿਆਪਕ ਹੈ, ਤੈਸੇ ਜੀਵ ਭੀ ਅਬਿਨਾਸੀ ਅਤੇ ਵਿਆਪਕ ਹੈ।

ਇਹ ਗੱਲ ਸੁਣ ਕੇ ਜਗਿਆਸੂ ਨੇ ਕਿਹਾ-ਫਿਰ ਦੇਹ ਦੇ ਬਿਨਾਸ ਸਮੇਂ ਲੋਕ ਐਸੇ ਕਿਉਂ ਕਹਿੰਦੇ ਹਨ ਕਿ-

## ਮੋਹਿ ਬੈਰਾਗੁ ਭਇਓ॥

ਮੈਨੂੰ ਬੜਾ ਰੋਣਾ ਪ੍ਰਾਪਤ ਹੋਇਆ ਹੈ। ਵਾ ਮੈਨੂੰ ਬੜਾ ਬੈਰਾਗੁ=ਸੰਸਾ ਹੋਇਆ ਹੈ, ਕਿਉਂਕਿ ਜੋ ਵਸਤੂ ਵਿਆਪਕ ਹੁੰਦੀ ਹੈ ਉਸ ਵਿਚ ਆਉਣਾ ਜਾਣਾ ਨਹੀਂ ਬਣ ਸਕਦਾ ਤੇ ਜੀਵ ਦਾ ਆਉਣਾ ਜਾਣਾ ਸਭ ਕਹਿੰਦੇ ਹਨ, ਇਸ ਤੇ ਮੈਂ ਆਪ ਜੀ ਪਾਸੋਂ ਪੁੱਛਦਾ ਹਾਂ-

## ਇਹੁ ਜੀਉ ਆਇ ਕਹਾ ਗਇਓ ॥ ੧ ॥ ਰਹਾਉ ॥

ਇਹ ਜੀਵ ਆਇਆ ਕਿਥੋਂ ਤੇ ਗਿਆ ਕਿਥੇ? ॥ ੧ ॥ ਰਹਾਉ ॥

ਪੁਨਾ-ਕਈ ਨਾਸਤਕ ਲੋਕ ਐਸੇ ਭੀ ਕਹਿੰਦੇ ਹਨ-"ਦੇਹ ਤੋਂ ਭਿੰਨ ਹੋਰ ਕੋਈ ਆਤਮਾ ਨਹੀਂ ਜੇ ਦੇਹ ਤੋਂ ਭਿੰਨ ਕੋਈ ਆਤਮਾ ਹੋਵੇ ਤਾਂ ਸਰੀਰ ਤੋਂ ਭਿੰਨ ਦਿਖਾਈ ਦੇਵੇ, ਪਰੰਤੂ ਦਿਖਾਈ ਕੋਈ ਨਹੀਂ ਦੇਂਦਾ ਜਾਂ ਤੇ ਸੁਭਾਵ ਜਾਂ ਕਾਲ ਨੇ ਜੋ ਦੇਹ ਰਚ ਦਿੱਤੀ ਹੈ, ਏਹੀ ਆਤਮਾ ਹੈ।"

ਇਹ ਗੱਲ ਸੁਣ ਕੇ ਭਗਤ ਕਬੀਰ ਜੀ ਆਖਦੇ ਹਨ-

## ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥

ਸੁਭਾਵ ਜਾਂ ਕਾਲ ਨੇ ਪੰਜਾਂ ਤੱਤਾਂ ਨੂੰ ਮਿਲਾ ਕੇ ਜੋ ਕਾਇਆਂ ਉਤਪੰਨ ਕੀਤੀ ਹੈ।

*ਯਥਾ:-* "ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥" *(ਸਲੋਕ ਮ: ੯, ਪੰਨਾ ੧੪੨੭)*

ਜਿਸ ਨੂੰ ਤੁਸੀਂ ਆਤਮਾ ਮੰਨੀ ਬੈਠੇ ਹੋ, ਅਸੀਂ ਤੁਹਾਡੇ ਪਾਸੋਂ ਪੁੱਛਦੇ ਹਾਂ-

***ਤਤੁ ਕਹਾ ਤੇ ਕੀਨੁ ਰੇ ॥***

ਇਹ ਪੰਜ ਤੱਤ ਕਿਥੋਂ ਬਨਾਉਣਾ ਕੀਤੇ ਹਨ, ਕਿਉਂਕਿ ਜੋ ਜੋ ਕਾਰਜ ਬਣਦਾ ਹੈ, ਉਹ ਕਿਸੇ ਕਾਰਨ ਕਰਕੇ ਹੁੰਦਾ ਹੈ, ਇਸ ਵਾਸਤੇ ਤੱਤਾਂ ਦਾ ਕਾਰਨ ਦੱਸੋ? ਜੇਕਰ ਕਹੋ ਕਿ ਉਹ ਭੀ ਸੁਭਾਵਕ ਬਣੇ ਹਨ, ਤਾਂ ਇਹ ਗੱਲ ਬਣ ਨਹੀਂ ਸਕਦੀ, ਕਿਉਂਕਿ ਚਿਤਰੇਲੇ ਬਿਨਾਂ ਚਿੱਤ੍ਰਕਾਰੀ ਨਹੀਂ ਹੋ ਸਕਦੀ।

ਪੁਨਾ-ਸਾਡਾ ਪ੍ਰਸ਼ਨ ਸੁਣ ਕੇ ਜੇ ਤੁਸੀਂ ਸਥੂਲ ਤੱਤਾਂ ਦਾ ਕਾਰਨ ਸੂਖਮ ਤੱਤ ਤੇ ਸੂਖਮ ਤੱਤਾਂ ਦਾ ਕਾਰਨ ਤ੍ਰਿਧਾ ਹੰਕਾਰ ਅਤੇ ਤ੍ਰਿਧਾ ਹੰਕਾਰ ਦਾ ਕਾਰਨ ਮਹਤੱਤ ਤੇ ਮਹਤੱਤ ਦਾ ਕਾਰਨ ਮਾਇਆ ਕਹੋ, ਤਾਂ ਅਸੀਂ ਤੇਰੇ ਪਾਸੋਂ ਇਹ ਪੁੱਛਦੇ ਹਾਂ ਕਿ ਉਹ ਮਾਇਆ ਚੇਤਨ ਨਾਲੋਂ ਭਿੰਨ ਹੈ ਕਿ ਅਭਿੰਨ ਹੈ ਜਾਂ ਭਿੰਨਾ-ਭਿੰਨ ਉਭੇ ਹੈ? ਇਤਿਆਦਿ ਵਿਚਾਰ ਨਾਲ ਵੇਖੀਏ ਤਾ ਬ੍ਰਹਮ ਨਾਲੋਂ ਭਿੰਨ ਮਾਇਆ ਕੁਝ ਵਸਤੂ ਨਹੀਂ ਸਿੱਧ ਹੁੰਦੀ। ਮਾਇਆ ਬ੍ਰਹਮ ਦੇ ਆਸਰੇ ਹੀ ਹੈ ਇਸ ਤੇ ਤੂੰ ਬ੍ਰਹਮ ਨੂੰ ਮੰਨਣਾ ਕਰ। ਉਹ ਬ੍ਰਹਮ ਹੀ ਉਪਾਧੀ ਭੇਦ ਸੇ ਜੀਵ ਰੂਪ ਹੋ ਰਿਹਾ ਹੈ ਜਾਂ ਤੇ ਜੀਵ ਅਬਿਨਾਸੀ ਤੇ ਵਿਆਪਕ ਹੈ, ਪਰੰਤੂ ਇਹ ਖਿਆਲ ਵਾਸਤਵ ਦ੍ਰਿਸ਼ਟੀ ਕਰਕੇ ਹੁੰਦਾ ਹੈ।

ਪੁਨਾ-ਮਿਮਾਂਸਕ ਬੋਲਿਆ-

"ਜੀਵ ਕਰਮਾਂ ਅਨੁਸਾਰ ਪ੍ਰਲੋਕ ਵਿਚ ਆਉਂਦਾ ਜਾਂਦਾ ਹੈ, ਇਸ ਤੇ ਕਰਮ ਹੀ ਪਰਧਾਨ ਹਨ, ਹੋਰ ਕੋਈ ਪਰਮੇਸ਼ਰ ਨਹੀਂ, ਇਹ ਗੱਲ ਸੁਣ ਕੇ ਕਬੀਰ ਜੀ ਮਿਮਾਂਸਕ ਪਾਸੋਂ ਪੁੱਛਦੇ ਹਨ-

## ਕਰਮ ਬਧ ਤੁਮ ਜੀਉ ਕਹਤ ਹੌਂ ਕਰਮਹਿ ਕਿਨਿ ਜੀਉ ਦੀਨੁ ਰੇ ॥ ੨ ॥

ਤੁਸੀ ਜੋ ਕਰਮਾਂ ਦਾ ਬੱਧਾ ਹੋਇਆ ਜੀਵ ਕਹਿੰਦੇ ਹੋ, ਅਸੀਂ ਪੁੱਛਦੇ ਹਾਂ-

***ਕਰਮਹਿ ਕਿਨਿ ਜੀਉ ਦੀਨੁ ਰੇ ॥***

ਕਰਮਾਂ ਵਿਚ ਜੀਵ ਦੇ ਬੰਧਨੇ ਦੀ ਜੀਉ=ਜੀਵਨ ਕਲਾ, ਸ਼ਕਤੀ ਕਿਸ ਨੇ ਦਿੱਤੀ ਹੋਈ ਹੈ? ਕਿਉਂਕਿ ਆਪਣੇ ਆਪ ਤਾਂ ਕਰਮ ਜੜ੍ਹ ਹਨ। ਇਹ ਗੱਲ ਸੁਣ ਕੇ ਮਿਮਾਂਸਕ ਚੁਪ ਕਰ ਗਿਆ, ਉੱਤਰ ਨਾ ਦਿੱਤਾ।

ਤਾਂ ਫਿਰ ਕਬੀਰ ਜੀ ਨੇ ਕਿਹਾ-"ਕਰਮਾਂ ਨੂੰ ਬੰਨ੍ਹਣ ਦੀ ਸ਼ਕਤੀ ਪਰਮੇਸ਼ਰ ਨੇ ਦਿੱਤੀ ਹੋਈ ਹੈ, ਤਾਂ ਤੇ

ਪਰਮੇਸ਼ਰ ਨੂੰ ਮੰਨਣਾ ਕਰ ਅਤੇ ਇਹ ਨਿਸਚੇ ਕਰ" ॥ ੨ ॥

## ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥

ਹਰੀ ਵਿਚ ਸਾਰੇ ਤਨੁ=ਸਰੀਰ ਹਨ ਅਤੇ ਸਾਰਿਆਂ ਸਰੀਰਾਂ ਵਿਚ ਹਰੀ ਪੂਰਨ ਹੈ।

ਹੇ ਭਾਈ ! ਉਹ ਪਰਮਾਤਮਾ ਸਾਰਿਆਂ ਵਿਚ ਨਿਰੰਤਰਿ=ਇਕ-ਰਸ ਪੂਰਨ ਹੈ।

## ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩ ॥ ੩ ॥

ਕਬੀਰ ਜੀ ਕਥਨ ਕਰਦੇ ਹਨ, ਰਾਮ ਨਾਮ ਦਾ ਸਿਮਰਨ ਨਾ ਛੱਡਣਾ ਕਰੋ। ਸਰੀਰ ਦੀ ਕਿਰਿਆ ਕਰਮਾਂ ਅਨੁਸਾਰ ਜੋ ਸੁਤੇ ਹੋਵੇ ਸੋ ਹੋਈ ਜਾਵੇ। ਤੁਸੀਂ ਕੋਈ ਜਤਨ ਨਾ ਕਰੋ॥ ੩॥ ੩॥

## ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨

## ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ:-** ਇਕ ਸਮੇ ਪ੍ਰੇਮੀਆਂ ਨੇ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਆਪ ਜੀ ਨੂੰ ਹਾਥੀ ਅੱਗੇ ਕਿਉਂ ਸੁੱਟਿਆ ਗਿਆ ਅਤੇ ਆਪ ਜੀ ਦੀ ਸਹਾਇਤਾ ਕਿਸ ਨੇ ਕੀਤੀ ?

ਉਸ ਵੇਲੇ ਕਬੀਰ ਜੀ ਨੇ ਆਪਣਾ ਹੱਡ-ਬੀਤਿਆ ਸਾਰਾ ਹਾਲ ਪ੍ਰੇਮੀਆਂ ਨੂੰ ਸੁਣਾਇਆ ਕਿ-

ਇਕ ਸਮੇਂ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਆਪਸ ਵਿਚ ਮੇਰੇ ਖਿਲਾਫ਼ ਮਤਾ ਪਾਸ ਕਰਕੇ ਤੇ ਮੇਰੀ ਮਾਂ ਨੂੰ ਨਾਲ ਲੈ ਕੇ ਸਕੰਦਰ ਲੋਦੀ ਬਾਦਸ਼ਾਹ ਅੱਗੇ ਪੁਕਾਰ ਕੀਤੀ ਕਿ ਕਬੀਰ ਆਪਣੀ ਵਡਿਆਈ ਵਾਸਤੇ ਹਰ ਪਾਸੇ ਤੁਰ ਪੈਂਦਾ ਹੈ। ਕੁਝ ਪਤਾ ਨਹੀਂ ਲੱਗਦਾ ਇਹ ਮੁਸਲਮਾਨ ਹੈ ਕਿ ਹਿੰਦੂ ? ਸਾਡੇ ਖਿਆਲ ਵਿਚ ਇਹ ਕਾਫ਼ਰ ਜਾਪਦਾ ਹੈ, ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ। ਬਾਦਸ਼ਾਹ ਨੇ ਕੁਝ ਸੋਚਿਆ ਸਮਝਿਆ ਨਾ, ਝਟ ਹੁਕਮ ਦੇ ਦਿੱਤਾਂ ਕਿ ਇਸ ਨੂੰ ਹਾਥੀ ਅੱਗੇ ਖੜਾ ਕਰਕੇ ਮਰਵਾ ਦਿਓ।

ਉਸ ਵੇਲੇ ਕਾਜ਼ੀਆਂ ਨੇ-

## ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥

ਮੇਰੀਆਂ ਲੱਤਾਂ ਬਾਹਾਂ ਬੰਨ੍ਹ ਕੇ ਭਿਲਾ=ਮਿੱਟੀ ਦੀ ਢੇਮ ਵਾਂਗ ਇਕੱਠਾ ਕਰਕੇ ਵਾ:-ਭਿਲਾ=ਪੰਡ ਵਾਂਗ ਬੰਨ੍ਹ ਕੇ ਹਾਥੀ ਅੱਗੇ ਸੁੱਟ ਦਿੱਤਾ।

ਬਾਦਸ਼ਾਹ ਦੇ ਹੁਕਮ ਅਨੁਸਾਰ ਮਹਾਵਤ ਨੇ ਕ੍ਰੋਪਿ=ਕ੍ਰੋਧ ਨਾਲ ਹਸਤੀ=ਹਾਥੀ ਦੇ ਮੂੰਡ ਮਹਿ=ਸਿਰ ਵਿਚ ਕ੍ਰੋਪਿ=ਕੁੰਡਾ ਮਾਰਨਾ ਕੀਤਾ।

## ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥ ੧ ॥

ਪਰ ਹਾਥੀ ਪਿਛਾਂਹ ਦੌੜ ਕੇ ਚੀਸਾ=ਚੀਕਾਂ ਮਾਰਨ ਲੱਗ ਪਿਆ।

(ਹਾਥੀ ਇੰਞ ਕਹੇ-) ਮੈਂ ਤਾਂ ਇਸ ਮੂਰਤੀ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ, (ਕਿਉਂਕਿ ਮੈਂ ਉਸ ਨੂੰ ਸ਼ੇਰ ਰੂਪ ਪ੍ਰਤੀਤ ਹੁੰਦਾ ਸੀ) ॥ ੧ ॥

**ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥੧॥ ਰਹਾਉ ॥**

(ਉਸ ਵੇਲੇ ਮੈਂ ਪਰਮੇਸ਼ਰ ਅੱਗੇ ਬੇਨਤੀ ਕੀਤੀ-) ਆਹਿ=ਹੇ ਮੇਰੇ ਠਾਕੁਰ ! ਮੈਨੂੰ ਇਕ ਆਪ ਜੀ ਦਾ ਹੀ ਜੋਰੁ=ਬਲ ਹੈ।

ਹਾਥੀ ਨੂੰ ਪਿੱਛੇ ਹਟਦਿਆਂ ਵੇਖ ਕੇ ਕਾਜੀ ਬਕਿਬੋ=ਬੋਲਿਆ, ਹੇ ਮਹਾਵਤ ਹਸਤੀ ਤੋਰੁ=ਹਾਥੀ ਨੂੰ ਤੋਰ ਕੇ ਕਬੀਰ ਨੂੰ ਤੋਰੁ=ਤੁੜਾ ਦੇ।

ਹਾਥੀ ਫੇਰ ਵੀ ਨਾ ਚਲਿਆ ਤਾਂ ਕਾਜ਼ੀ ਨੇ ਕਿਹਾ-''ਮੈਨੂੰ ਮਾਲੂਮ ਹੁੰਦਾ ਹੈ ਤੂੰ ਵੱਢੀ ਖਾਧੀ ਹੈ, ਜੋ ਚੰਗੀ ਤਰ੍ਹਾਂ ਹਾਥੀ ਨੂੰ ਚਲਾਉਂਦਾ ਨਹੀਂ।'' ਯਾਦ ਰੱਖ-

**ਰੇ ਮਹਾਵਤ ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥**

ਅਰੇ ਮਹਾਵਤ ! ਮੈਂ ਤੈਨੂੰ ਡਾਰਉ ਕਾਟਿ=ਵੱਢ ਸੁੱਟਾਂਗਾ।

ਕੁੰਡੇ ਦੀ ਸੱਟ ਪਾ ਕੇ ਏਸ ਹਾਥੀ ਨੂੰ ਤੁਰਾਵਹੁ=ਚਲਾਉਣਾ ਕਰ।

ਵਾ:-ਸੁੰਡ ਦੀ ਸੱਟ ਪਵਾ ਕੇ ਇਸ ਕਬੀਰ ਨੂੰ ਤੁੜਾ ਦੇ।

ਉਸ ਵੇਲੇ ਮਹਾਵਤ ਨੇ ਬਥੇਰਾ ਕੁੱਟਿਆ, ਪਰ-

**ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੈ ਰਿਦੈ ਬਸੈ ਭਗਵਾਨੁ ॥੨॥**

ਹਾਥੀ ਮੈਨੂੰ ਤੋੜਦਾ ਨਹੀਂ, ਸਗੋਂ (ਮੇਰਾ) ਧਿਆਨ ਧਾਰਦਾ ਹੈ, (ਕਿਉਂਕਿ ਮੈਂ ਉਸ ਨੂੰ ਸ਼ੇਰ ਰੂਪ ਪ੍ਰਤੀਤ ਹੁੰਦਾ ਸਾਂ ਅਤੇ-)

ਉਸ ਹਾਥੀ ਦੇ ਚਿੱਤ ਵਿਚ ਅੰਤਰਜਾਮੀ ਪ੍ਰੇਰਕ ਭਗਵਾਨ ਵਸ ਰਿਹਾ ਸੀ, ਭਾਵ ਉਸ ਦੇ ਦਿਲ ਨੂੰ ਪ੍ਰੇਰ ਰਿਹਾ ਸੀ ॥੨॥

**ਕਿਆ ਅਪਰਾਧੁ ਸੰਤ ਹੈ ਕੀਨ੍ਾ ॥ ਬਾਂਧਿ ਪੋਟ ਕੁੰਚਰ ਕਉ ਦੀਨ੍ਾ ॥**

(ਉਸ ਵੇਲੇ ਕਾਂਸ਼ੀ ਨਿਵਾਸੀ ਲੋਕ ਇਹ ਕੌਤਕ ਨੂੰ ਵੇਖ ਕੇ ਆਖਦੇ ਸਨ-ਇਸ ਵਿਚਾਰੇ) ਸੰਤ ਨੇ ਭਲਾ ਕੀ ਅਪਰਾਧੁ=ਗੁਨਾਹ ਕੀਤਾ ਹੈ।

ਜੋ ਪੋਟ=ਪੰਡ ਵਾਂਗ ਬੰਨ੍ਹ ਕੇ ਕੁੰਚਰ=ਹਾਥੀ ਅੱਗੇ ਸੁੱਟ ਦੇਣਾ ਕੀਤਾ ਹੈ।

**ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥੩॥**

ਹਾਥੀ ਪੰਡ ਨੂੰ ਸੁੰਡ ਨਾਲ ਲੈ ਲੈ=ਚੁੱਕ ਚੁੱਕ ਕੇ ਨਮਸ਼ਕਾਰਾਂ ਕਰਦਾ ਹੈ।

ਵਾ:-ਹਾਥੀ ਪਰਕਰਮਾਂ ਲੈ ਲੈ ਕੇ ਪੰਡ ਨੂੰ ਮੱਥਾ ਟੇਕਦਾ ਹੈ।

ਪਰ ਅੰਨ੍ਹੇ ਕਾਜ਼ੀ ਨੇ ਕੋਈ ਗੱਲ ਸਮਝਣੀ ਨਾ ਕੀਤੀ ॥੩॥

**ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥**

ਮਹਾਵਤ ਪਾਸੋਂ ਹਾਥੀ ਅੱਗੇ ਤਿੰਨ ਵਾਰ ਸੁਟਵਾ ਕੇ ਕਾਜ਼ੀ ਨੇ ਤਿੰਨੇ ਵਾਰੀ ਪਤੀਆਵਾ ਕਰ ਲੀਤਾ।

ਵਾ:-ਇਕ ਦਫ਼ਾ ਹਾਥੀ ਅੱਗੇ ਸੁੱਟਿਆ।

ਦੂਜੀ ਵਾਰ ਗੰਗਾ* ਵਿਚ ਰੋੜ੍ਹਿਆ। ਤੀਜੀ ਵਾਰ ਅੱਗ ਵਿਚ ਸੁੱਟਿਆ।

ਪਰ ਮਨ ਦਾ ਕਠੋਰ ਕਾਜ਼ੀ ਅਜੇ ਤਕ ਵੀ ਪਤੀਜਿਆ ਨਹੀਂ।

*ਪ੍ਰਸ਼ਨ*-"ਆਪ ਕਿਵੇਂ ਬਚੇ?" *ਉੱਤਰ*-

[ਪੰਨਾ ੮੭੧]

## ਕਹਿ ਕਬੀਰ ਹਮਰਾ ਗੋਬਿੰਦੁ॥

ਕਬੀਰ ਜੀ ਕਥਨ ਕਰਦੇ ਹਨ-ਉਸ ਵੇਲੇ ਗੋਬਿੰਦ ਪਰਮਾਤਮਾ ਮੇਰਾ ਰੱਖਜਕ ਹੋਇਆ।

## ਚਉਥੇ ਪਦ ਮਹਿ ਜਨ ਕੀ ਜਿੰਦੁ॥੪॥੧॥੪॥

ਪਰਮੇਸ਼ਰ ਦੀ ਕਿਰਪਾ ਨਾਲ ਮੈਂ ਦਾਸ ਦੀ ਜਿੰਦੁ=ਬੁੱਧੀ, ਚਉਥੇ ਪਦ=ਤੁਰੀਆ-ਪਦ ਵਿਚ ਇਸਥਿਤ ਰਹੀ, ਇਸ ਕਰਕੇ ਮੈਨੂੰ ਕੋਈ ਦੁੱਖ ਮਾਲੂਮ ਨਹੀਂ ਹੋਇਆ ॥੪॥੧॥੪॥

*ਯਥਾ*:- "ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥ ੧੬॥"

*(ਵਾਰਾਂ ਤੇ ਵਧੀਕ, ਪੰਨਾ ੧੪੧੪)*

## ਗੋਂਡ॥

**ਉਥਾਨਕਾ**:-ਜਗਿਆਸੂ ਨੇ ਆ ਕੇ ਬੇਨਤੀ ਕੀਤੀ-

ਇਆ ਮੰਦਰ ਮਹਿ ਕੌਨ ਬਸਾਈ॥

ਇਸ ਸਰੀਰ ਰੂਪੀ ਮੰਦਰ ਵਿਚ ਕਿਹੜਾ ਦੇਵੀ ਦੇਵਤਾ ਵਸ ਰਿਹਾ ਹੈ? *ਉੱਤਰ*-

*ਤਾ ਕਾ ਅੰਤੁ ਨ ਕੋਊ ਪਾਈ॥*

ਇਸ ਸਰੀਰ-ਮੰਦਰ ਵਿਚ ਜੋ ਵਸ ਰਿਹਾ ਹੈ, ਤਿਸ ਦਾ ਅੰਤ ਕੋਈ ਨਹੀਂ ਪਾ ਸਕਦਾ ।

*ਪ੍ਰਸ਼ਨ*-ਉਹ ਮਨੁੱਖ ਹੈ ਕਿ ਦੇਵਤਾ? ਜਤੀ ਹੈ ਕਿ ਸ਼ੈਵੀ? ਜੋਗੀ ਹੈ ਕਿ ਗ੍ਰਿਹਸਤੀ ਹੈ ਕਿ ਉਦਾਸੀ ਹੈ? *ਉੱਤਰ*-

## ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥

ਨਾ ਇਹ ਮਨੁੱਖ ਹੈ, ਨਾ ਇਹ ਦੇਉ=ਦੇਵਤਾ ਹੈ।

ਨਾ ਇਹ ਜਤੀ ਹੈ ਅਤੇ ਨਾ ਹੀ ਸੇਉ=ਸੇਵਾ ਕਰਨ ਵਾਲਾ ਸੇਵਕ ਹੈ।

ਵਾ-ਨਾ ਹੀ ਸ਼ਿਵ ਉਪਾਸ਼ਕ ਸ਼ੈਵੀ ਹੈ।

---

**ਯਥਾ-"ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ ੨॥" (ਰਾਗੁ ਭੈਰਉ, ਪੰਨਾ ੧੧੬੨)*

## ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥੧॥

ਨਾ ਇਹ ਜੋਗੀ ਹੈ ਅਤੇ ਨਾ ਹੀ ਅਵਧੂਤਾ=ਵਿਰੱਕਤ ਸਾਧੂ ਹੈ।

ਨਾ ਇਸ ਦੀ ਕੋਈ ਮਾਤਾ ਹੈ, ਨਾ ਹੀ ਇਹ ਕਿਸੇ ਦਾ ਪੁੱਤਰ ਹੈ।

*ਯਥਾ:-* "ਨ ਤਾਤ ਹੈ ਨ ਮਾਤ ਹੈ ਅਖਜਾਲ ਅਖੰਡ ਰੂਪ ਹੈ॥" *(ਦਸਮ ਗ੍ਰੰਥ, ਪੰਨਾ ੨੭)*

*ਤਥਾ:-* "ਨ ਜਾਤ ਹੈ ਨ ਪਾਤ ਹੈ ਨ ਚਿਤ੍ਰ ਚਿਹਨ ਬਰਨ ਹੈ॥" *(ਦਸਮ ਗ੍ਰੰਥ, ਪੰਨਾ ੨੭)*

"ਨ ਤਾਤ ਮਾਤ ਜਾਤ ਹੈ ਨ ਪਾਤ ਚਿਹਨ ਬਰਨ ਹੈ॥" *(ਦਸਮ ਗ੍ਰੰਥ, ਪੰਨਾ ੨੬)*

## ਇਆ ਮੰਦਰ ਮਹਿ ਕੌਨ ਬਸਾਈ॥ਤਾ ਕਾ ਅੰਤੁ ਨ ਕੋਊ ਪਾਈ॥੧॥ਰਹਾਉ॥

ਇਸ ਸਰੀਰ ਮੰਦਰ ਵਿਖੇ ਕੌਣ ਵਸ ਰਿਹਾ ਹੈ? ਉੱਤਰ-

ਜੋ ਇਸ ਵਿਚ ਵਸ ਰਿਹਾ ਹੈ, ਤਿਸਦਾ ਅੰਤ ਕੋਈ ਨਹੀਂ ਪਾ ਸਕਦਾ॥ ੧॥ ਰਹਾਉ॥

## ਨਾ ਇਹੁ ਗਿਰਹੀ ਨਾ ਓਦਾਸੀ॥ ਨਾ ਇਹੁ ਰਾਜ ਨ ਭੀਖ ਮੰਗਾਸੀ॥

ਨਾ ਇਹ ਗਿਰਹੀ-ਗ੍ਰਿਹਸਤੀ ਹੈ, ਨਾ ਇਹ ਓਦਾਸੀ=ਉਦਾਸਤਾਈ ਧਰਮ ਵਾਲਾ ਹੈ। ਨਾ ਇਹ ਰਾਜਾ ਹੈ ਅਤੇ ਨਾ ਹੀ ਇਹ ਭਿਖਿਆ ਮੰਗਣ ਵਾਲਾ ਕੰਗਾਲ ਹੈ।

## ਨਾ ਇਸੁ ਪਿੰਡੁ ਨ ਰਕਤੂ ਰਾਤੀ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥੨॥

ਨਾ ਇਸ ਦਾ ਕੋਈ ਪਿੰਡੁ=ਸਰੀਰ ਹੈ ਅਤੇ ਰਾਤੀ=ਰੱਤੀ ਜਿੰਨਾ ਰਕਤੂ=ਲਹੂ ਭੀ ਨਹੀਂ ।

ਵਾ-ਰੱਤੀ ਭਰ ਕਿਸੇ ਨਾਲ ਰਕਤੂ=ਪ੍ਰੀਤੀ ਭੀ ਨਹੀਂ ਹੈ।

ਨਾ ਇਹ ਬ੍ਰਾਹਮਣ ਹੈ, ਨਾ ਇਹ ਖਾਤੀ=ਖੱਤ੍ਰੀ ਹੈ। ਵਾ-ਖਾਤੀ=ਤਰਖਾਣ ਭੀ ਨਹੀਂ।

## ਨਾ ਇਹੁ ਤਪਾ ਕਹਾਵੈ ਸੇਖੁ॥ ਨਾ ਇਹੁ ਜੀਵੈ ਨ ਮਰਤਾ ਦੇਖੁ॥

ਨਾ ਇਹ ਆਪਣੇ ਆਪ ਨੂੰ ਤਪੱਸਵੀ ਕਹਾਉਂਦਾ ਹੈ, ਨਾ ਇਹ ਮੁਸਲਮਾਨਾਂ 'ਚੋਂ ਆਪਣੇ ਆਪ ਨੂੰ ਸ਼ੇਖ ਕਹਾਉਂਦਾ ਹੈ।

ਨਾ ਇਹ ਜੀਊਂਦਾ ਹੈ ਅਤੇ ਨਾ ਹੀ ਮਰਦਾ ਵੇਖਣ ਵਿਚ ਆਉਂਦਾ ਹੈ।

## ਇਸੁ ਮਰਤੇ ਕਉ ਜੇ ਕੋਊ ਰੋਵੈ॥ ਜੋ ਰੋਵੈ ਸੋਈ ਪਤਿ ਖੋਵੈ॥੩॥

ਇਸ ਨੂੰ ਮਰਿਆ ਸਮਝਕੇ ਜਿਹੜਾ ਕੋਈ ਅਗਿਆਨੀ ਹੈ, ਉਹ ਕੋਈ ਰੋਂਦਾ ਹੈ।

ਨਿਸਚੇ ਸਮਝ ਲਓ, ਜਿਹੜਾ ਰੋਂਦਾ ਹੈ, ਉਹੀ ਪੁਰਸ਼ ਆਪਣੀ ਇੱਜ਼ਤ ਵਿਦਵਾਨਾਂ ਦੀ ਸਭਾ ਵਿਚ ਖੋਂਹਦਾ ਹੈ॥ ੩॥

## ਗੁਰ ਪ੍ਰਸਾਦਿ ਮੈ ਡਗਰੋ ਪਾਇਆ॥ ਜੀਵਨ ਮਰਨੁ ਦੋਊ ਮਿਟਵਾਇਆ॥

ਗੁਰਾਂ ਦੀ ਕਿਰਪਾ ਨਾਲ ਬ੍ਰਹਮ ਗਿਆਨ ਰੂਪੀ ਡਗਰੋ=ਖੁਲ੍ਹਾ ਰਸਤਾ ਮੈਂ ਪਾਉਣਾ ਕੀਤਾ ਹੈ।

ਜਿਊਣਾ ਤੇ ਮਰਨਾ ਦੋਹਾਂ ਨੂੰ ਮਿਟਵਾਇਆ=ਦੂਰ ਕਰ ਦਿੱਤਾ ਹੈ।

*ਪ੍ਰਸ਼ਨ*-ਅਜੇ ਆਪ ਨੇ ਇਹ ਨਿਸਚਾ ਨਹੀਂ ਕਰਵਾਇਆ ਕਿ ਇਸ ਸਰੀਰ ਮੰਦਰ ਵਿਚ ਕੌਣ ਵਸ

ਰਿਹਾ ਹੈ? ਉੱਤਰ-

## ਕਹੁ ਕਬੀਰ ਇਹੁ ਰਾਮ ਕੀ ਅੰਸੁ॥

ਕਬੀਰ ਜੀ ਕਥਨ ਕਰਦੇ ਹਨ-ਸਰੀਰ ਮੰਦਰ ਵਿਚ ਕੌਣ ਵਸ ਰਿਹਾ ਹੈ, ਇਹ ਰਾਮ ਦੀ ਅੰਸ ਹੈ, ਭਾਵ ਰਾਮ ਦਾ ਸਰੂਪ ਹੈ।

*ਯਥਾ-* ਮਮੀਵਾਂਸੋ ਜੀਵ ਲੋਕਹ ਜੀਵ ਭੂਤਾ ਸਨਾਤਨਹ॥

ਮੀਨਾ ਸ਼ਸ਼ਟਾ ਨੀਦ੍ਰਿਆਣੀ ਪ੍ਰਕ੍ਰਿਤਸਥਾਨੀ ਕਰਿਸ਼ਤੀ॥ ੭॥ *(ਗੀਤਾ, ਧਿਆ ੧੫)*

ਹੇ ਅਰਜਨ ! ਮਾਤ ਲੋਕ ਵਿਚ ਜੋ ਜੀਵ ਹਨ, ਇਹ ਮਮੀਵਾਂਸੋ=ਮੇਰੀ ਹੀ ਅੰਸ ਹਨ, ਇਹ ਜੀਵ ਪ੍ਰਾਣੀ ਅਨਾਦੀ ਕਾਲ ਤੋਂ ਹੋ ਰਹੇ ਹਨ ਅਤੇ ਮਨ ਆਦੀ ਜੋ ਛੇ ਪਰਕਾਰ ਦੇ ਇੰਦਰੀਏ ਹਨ, ਉਹਨਾਂ ਨੂੰ ਪ੍ਰਕਿਰਤੀ ਹੀ ਆਪਣੀ ਤਰਫ਼ ਕਰਿਸ਼ਤੀ=ਖਿੱਚ ਰਹੀ ਹੈ।

*ਪ੍ਰਸ਼ਨ-*ਰਾਮ ਤਾਂ ਬਹੁਤ ਸਾਰੇ ਹਨ?

*ਯਥਾ-* "ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਘਟ ਘਟ ਮਹਿ ਲੇਟਾ।

ਏਕ ਰਾਮ ਕਾ ਸਗਲ ਪਸਾਰਾ। ਏਕ ਰਾਮ ਸਭ ਹੂੰ ਤੇ ਨਿਆਰਾ।"

ਆਪ ਦੱਸੋ, ਕਿਹੜਾ ਰਾਮ ਦਾ ਸਰੂਪ ਹੈ? ਉੱਤਰ-

## ਜਸ ਕਾਗਦ ਪਰ ਮਿਟੈ ਨ ਮੰਸੁ॥੪॥੨॥੫॥

ਕਾਗਜ਼ ਉੱਤੇ ਮੰਸੁ=ਸਿਆਹੀ ਨਾਲ ਜਿਸ ਦਾ ਜਸ ਲਿਖਿਆ ਹੋਇਆ ਮਿਟੈ=ਮੇਂਵਦਾ ਨਹੀਂ ਉਹ ਵਿਆਪਕ ਰਾਮ ਦਾ ਸਰੂਪ ਹੈ॥ ੪॥ ੨॥ ੫॥

## ਗੋਂਡ॥

**ਉਥਾਨਕਾ:**-ਕਬੀਰ ਜੀ ਦੀ ਮਾਂ ਨੇ ਜਿਠਾਣੀਆਂ ਦਿਰਾਣੀਆਂ ਨੂੰ ਪਾਸ ਬਿਠਾ ਕੇ ਜੋ ਜੋ ਗੱਲਾਂ ਕਬੀਰ ਵਾਸਤੇ ਉਲਾਂਭੇ ਦੀਆਂ ਕਹੀਆਂ ਹਨ; ਉਹ ਸਾਰੀਆਂ ਗੱਲਾਂ ਕਬੀਰ ਜੀ ਇਸ ਸ਼ਬਦ ਦੁਆਰਾ ਸ੍ਰਵਣ ਕਰਾਉਂਦੇ ਹਨ। ਮਾਂ ਆਖਦੀ ਹੈ-

*ਯਥਾ-* "ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥" *(ਬਿਲਾਵਲੁ, ਪੰਨਾ ੮੫੪)*

***ਮੂਡ ਪਲੋਸਿ ਕਮਰ ਬਧਿ ਪੋਥੀ॥***

ਜਿਨ੍ਹਾਂ ਸੰਤਾਂ ਦੀ ਸੰਗਤ ਇਹ ਕਰਦਾ ਹੈ ਉਹ ਪਰਮਹੰਸ ਸੰਤ ਮੂਡ=ਸਿਰ ਤੇ ਹੱਥ ਪਲੋਸ=ਫੇਰਦੇ ਆਉਂਦੇ ਹਨ ਤੇ ਲੱਕ ਨਾਲ ਪੋਥੀਆਂ ਬੰਨ੍ਹੀਆਂ ਹੋਈਆਂ ਹਨ। ਫੇਰ ਇਤਨੇ ਸੰਤ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ ਕੋਈ ਨਹੀਂ। ***ਇਕ ਦੁਇ ਮੰਦਰਿ ਇਕ ਦੁਇ ਬਾਟ॥***

ਇਕ ਦੋ ਸਾਧ ਘਰ ਵਿਚ ਬੈਠੇ ਹੁੰਦੇ ਹਨ ਅਤੇ ਇਕ ਦੋ ਹੋਰ ਫ਼ਕੀਰ ਬਾਟ=ਰਸਤੇ ਵਿਚ ਚਲੇ ਆਉਂਦੇ ਹਨ।

ਭਾਵ-ਅਗਲੇ ਬੈਠੇ ਹੋਏ ਉੱਠਦੇ ਨਹੀਂ ਤੇ ਹੋਰ ਆਉਣ ਵਾਲੇ ਆ ਜਾਂਦੇ ਹਨ, ਏਸ ਤਰ੍ਹਾਂ ਦਾ ਪ੍ਰਵਾਹ ਜਾਰੀ ਹੈ। ਉਨ੍ਹਾਂ ਸਾਧਾਂ ਸੰਤਾਂ ਨਾਲ ਮਿਲ ਕੇ ਇਸ ਨੇ ਘਰ ਦਾ ਸਾਰਾ ਕੰਮ ਛੱਡ ਦਿੱਤਾ ਹੈ।

**ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥**

(ਖਲੋਤਿਆਂ ਖਲੋਤਿਆਂ) ਤਾਣੀ ਦੇ ਧਾਗੇ ਟੁੱਟ ਗਏ ਹਨ ਤੇ ਪਾਣ* ਵੀ ਨਿਖੁਟੀ=ਮੁੱਕ ਗਈ ਹੈ, ਭਾਵ ਸੁੱਕ ਗਈ ਹੈ।

*ਅਥਵਾ*:-ਪਾਣ ਵਾਸਤੇ ਜੋ ਚਾਵਲ ਪਏ ਸਨ, ਉਹ ਚਾਵਲ ਉਬਾਲ ਉਬਾਲ ਕੇ ਇਸ ਨੇ ਸੰਤਾਂ ਨੂੰ ਖੁਆ ਦਿੱਤੇ ਹਨ।

ਦੁਆਰ=ਬੂਹੇ ਉੱਤੇ ਹੁਣ ਤਾਣੀ ਤੋਂ ਬਿਨਾਂ ਖਾਲੀ ਕਾਨੇ ਹੀ ਚਿਲਕਦੇ ਹਨ, ਭਾਵ ਲਟਕਦੇ ਹਨ।

**ਕੂਚ ਬਿਚਾਰੇ ਫੂਏ ਫਾਲ॥ ਇਆ ਮੁੰਡੀਆ ਸਿਰਿ ਚਢਿਬੋ ਕਾਲ॥ ੧॥**

(ਤਾਣੀ ਉੱਪਰ ਫੇਰਨ ਵਾਲੇ) ਕੁੱਖ ਵਿਚਾਰੇ ਫੂਏ ਫਾਲ=ਟੁੱਟੇ ਖੁੱਸੇ ਪਏ ਹਨ। ਮੈਂ ਸਮਝਦੀ ਹਾਂ, ਇਸ ਮੁੰਡੀਆ=ਕਬੀਰ ਦੇ ਸਿਰ ਤੇ ਜਮਕਾਲ ਆ ਚੜ੍ਹਿਆ ਹੈ ਤਾਂ ਹੀ ਇਹ ਪੁੱਠੀਆਂ ਗੱਲਾਂ ਹੋ ਰਹੀਆਂ ਹਨ।

**ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥**
**ਆਵਤ ਜਾਤ ਨਾਕਸਰ ਹੋਈ॥ ੧॥ ਰਹਾਉ॥**

ਪਿਤਾ ਦਾ ਇਕੱਠਾ ਕੀਤਾ ਹੋਇਆ ਧਨ ਇਸ ਮੁੰਡੇ (ਕਬੀਰ) ਨੇ ਸੰਤਾਂ ਨੂੰ ਖੁਆ ਕੇ ਸਾਰਾ ਖੋਈ=ਗਵਾ ਦਿੱਤਾ ਹੈ।

ਇਤਨੇ ਸਾਧ ਆਉਂਦੇ ਜਾਂਦੇ ਹਨ ਜੋ ਮੈਂ ਵੇਖ ਕੇ ਨਾਕਸਰ=ਨੱਕ ਵਾਨੀ ਹੋ ਗਈ ਹਾਂ, ਭਾਵ ਨੱਕ ਜਾਨ ਆ ਗਈ ਹੈ, ਅਰਥਾਤ ਬਹੁਤ ਤੰਗ ਹੋ ਗਈ ਹਾਂ॥ ੧॥ ਰਹਾਉ॥

ਵਾ:-ਇਤਨੇ ਸਾਧ ਆਉਂਦੇ ਜਾਂਦੇ ਹਨ ਜੋ ਨਾ+ਕਸਰ ਹੋਈ=ਕੋਈ ਕਸਰ ਨਹੀਂ ਰਹੀ।

(ਪਾਠ ਪਹਿਲਾ ਹੀ ਠੀਕ ਹੈ।)

**ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾ ਕਾ ਮਨੁ ਰਾਤਾ॥**

ਤੁਰੀ=ਜਿਸ ਉੱਤੇ ਕਪੜਾ ਵਲੇਟੀਦਾ ਹੈ, ਭਾਵ ਤੁਰ ਅਤੇ ਨਾਰਿ=ਨਲੀ ਦੀ ਗੱਲ ਇਸ ਨੇ ਛੱਡ ਹੀ ਦਿੱਤੀ ਹੈ।

ਵਾ ਕਾ=ਉਸ ਕਬੀਰ ਦਾ ਮਨ ਰਾਮ ਨਾਮ ਜਪਣ ਵਿਚ ਰਾਤਾ=ਤਦਾਕਾਰ ਹੈ।

**ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥**

ਲੜਕੀ ਤੇ ਲੜਕਿਆਂ ਦੇ ਖਾਣ ਨੂੰ ਘਰ ਕੁਝ ਵੀ ਨਹੀਂ ਹੈ।

ਮੁੰਡੀਆ=ਪਰਮਹੰਸ ਸਾਧੂ ਰਾਤ ਦਿਨ ਧਾਪੇ=ਤ੍ਰਿਪਤ ਹੋਏ ਜਾਂਦੇ ਹਨ॥ ੨॥

**ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥**

ਇਕ ਦੋ ਸੰਤ ਘਰ ਅੰਦਰ ਪ੍ਰਵੇਸ਼ ਕਰਦੇ ਹਨ ਅਤੇ ਇਕ ਦੋ ਫਕੀਰ ਰੋਟੀ ਖਾ ਕੇ ਬਾਟ=ਰਾਹੇ ਪੈ ਜਾਂਦੇ ਹਨ।

---

**ਤਾਣੀ ਉਤੇ ਮਾਇਆ ਲਗਾਉਣ ਵਾਸਤੇ ਜੋ ਚਾਵਲਾਂ ਦੀ ਪਿੱਛ ਕੱਢਦੇ ਹਨ, ਉਸ ਨੂੰ 'ਪਾਣ' ਆਖਦੇ ਹਨ।*

ਸਾਨੂੰ ਸਾਥਰੁ=ਭੁੰਜੇ ਸੌਣ ਨੂੰ ਥਾਂ ਮਿਲਦੀ ਹੈ, ਉਹਨਾਂ ਸੰਤਾਂ ਨੂੰ ਖਾਟ=ਮੰਜੀਆਂ ਵਿਛਾਕੇ ਦਿੰਦਾ ਹੈ।

## ਮੂਡ ਪਲੋਸਿ ਕਮਰ ਬਧਿ ਪੋਥੀ* ॥ ਹਮ ਕਉ ਚਾਬਨੁ ਉਨ ਕਉ ਰੋਟੀ ॥ ੩ ॥

ਸਾਨੂੰ ਦਾਣੇ ਚੱਬਣ ਨੂੰ ਮਿਲਦੇ ਹਨ, ਉਹਨਾਂ ਸੰਤਾਂ ਨੂੰ ਘਿਉ ਵਾਲੀਆਂ ਰੋਟੀਆਂ ਖਾਣ ਨੂੰ ਮਿਲਦੀਆਂ ਹਨ॥ ੩ ॥

## ਮੁੰਡੀਆ ਮੁੰਡੀਆ ਹੂਏ ਏਕ ॥ ਏ ਮੁੰਡੀਆ ਬੂਡਤ ਕੀ ਟੇਕ ॥

ਮੁੰਡੀਆ=ਸੰਤਾਂ ਨਾਲ ਮਿਲ ਕੇ ਇਹ ਮੁੰਡਾ ਕਬੀਰ ਇਕ ਹੋ ਗਿਆ ਹੈ।

ਏਸ ਮੁੰਡੇ ਨੇ ਡੁੱਬਿਆਂ ਹੋਇਆਂ ਦੀ ਟੇਕ ਗ੍ਰਹਿਣ ਕੀਤੀ ਹੈ।

ਉਸ ਵੇਲੇ ਲੋਈ ਨੇ ਪਾਸੋਂ ਹੁੰਗੂਰਾ ਭਰ ਦਿੱਤਾ ਕਿ ਠੀਕ ਹੈ। ਕਬੀਰ ਦਾ ਮਾਂ ਉਤੇ ਤਾਂ ਕੋਈ ਜ਼ੋਰ ਨਾ ਚਲਿਆ ਤੇ ਆਪਣੀ ਇਸਤਰੀ ਲੋਈ ਨੂੰ ਆਖਦੇ ਹਨ-

## ਸੁਨਿ ਅੰਧਲੀ ਲੋਈ ਬੇਪੀਰਿ ॥
## ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥ ੪ ॥ ੩ ॥ ੬ ॥

ਹੇ ਅੰਨ੍ਹੀ ਲੋਈਏ ! ਬੇਪੀਰਿ=ਗੁਰੂ ਪੀਰ ਤੋਂ ਰਹਿਤ ! ਤੂੰ ਸੁਨਣਾ ਕਰ। ਕਬੀਰ ਜੀ ਕਥਨ ਕਰਦੇ ਹਨ, ਮੈਂ ਇਨ੍ਹਾਂ ਸੰਤਾਂ ਦੀ ਸ਼ਰਨ ਭੱਜ ਕੇ ਪਿਆ ਹਾਂ, ਜੇ ਤੈਨੂੰ ਕੁਝ ਮੁਕਤੀ ਦੀ ਇੱਛਾ ਹੈ ਤਾਂ ਤੂੰ ਵੀ ਇਨ੍ਹਾਂ ਸੰਤਾਂ ਦੀ ਸ਼ਰਨ ਗ੍ਰਹਿਣ ਕਰ॥ ੪ ॥ ੩ ॥ ੬ ॥

*-ਦੂਜਾ ਅਰਥ-*

*(ਮੂਡ ਪਲੋਸਿ ਕਮਰ ਬਧਿ ਪੋਥੀ ॥)* ਜਿਸ ਵੇਲੇ ਪੂਰਨ ਗੁਰਾਂ ਨੇ ਜਗਿਆਸੂ ਦੇ ਮੂਡ=ਸਿਰ ਤੇ ਕਿਰਪਾ ਰੂਪੀ ਹੱਥ ਪਲੋਸਿ=ਫੇਰ ਕੇ ਸਭ ਵੇਦਾਂ ਸ਼ਾਸਤਰਾਂ ਦਾ ਸਿਧਾਂਤ ਬੁੱਧੀ ਰੂਪੀ ਕਮਰ ਨਾਲ ਬੰਨ੍ਹ ਦਿੱਤਾ, ਭਾਵ ਗ੍ਰਹਿਣ ਕਰਵਾ ਦਿੱਤਾ ਤਾਂ-

*(ਤੂਟੇ ਤਾਗੇ ਨਿਖੁਟੀ ਪਾਨਿ ॥)* ਇਸਤਰੀ ਪੁੱਤਰ ਆਦਿਕਾਂ ਦੇ ਮੋਹ ਸਬੰਧੀ ਬਚਨਾਂ ਰੂਪੀ ਧਾਗੇ ਟੁੱਟ ਗਏ ਅਤੇ ਪਦਾਰਥਾਂ ਦੀ ਪ੍ਰੀਤੀ ਰੂਪੀ ਪਾਣ ਵੀ ਨਿਖੁਟੀ=ਮੁੱਕ ਗਈ।

*(ਦੁਆਰ ਊਪਰਿ ਝਿਲਕਾਵਹਿ ਕਾਨ ॥)* ਸਰੀਰ ਦੁਆਰੇ ਤੋਂ ਊਪਰਿ=ਉਪ੍ਰਾਮ ਹੋਣ ਨਾਲ ਕਾਨ=ਅੰਤਹਕਰਨ ਝਿਲਕਾਵਹਿ=ਸ਼ੁੱਧ ਹੋ ਗਿਆ।

ਵਾ-ਸਰੀਰ ਦੁਆਰੇ ਤੋਂ ਉਪ੍ਰਾਮ ਹੋਣ ਕਰਕੇ ਭਾਵ-ਦੇਹੁ ਹੰ ਤਿਆਗਣ ਨਾਲ ਕਾਰ=ਕ੍ਰਿਸ਼ਨ, ਜਿਸ ਵਿਚ ਕ੍ਰਿਸ਼ਤਾਈ ਨਾ ਹੋਵੇ, ਸੋ ਪਰਮਾਤਮਾ ਝਿਲਕਾਵਹਿ=ਪ੍ਰਕਾਸ਼ ਆਇਆ, ਭਾਵ ਸਾਖਿਆਤਕਾਰ ਹੋ ਗਿਆ।

*(ਕੂਚ ਬਿਚਾਰ ਫੂਏ ਫਾਲ ॥)* ਫਾਲ=ਪਦਾਰਥ ਜੋ ਫੂਏ=ਫੈਲ ਰਹੇ ਹਨ, ਇਨ੍ਹਾਂ ਨੂੰ ਕੂਚ=ਨਾਸ ਹੋ ਜਾਣ ਵਾਲੇ ਵਿਚਾਰਨਾ ਕੀਤਾ।

*ਇਆ ਮੁੰਡੀਆ ਸਿਰ ਚਢਿਬੋ ਕਾਲ ॥ ੧ ॥*

---

*ਇਸ ਤੁਕ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਇਹ ਮੁੰਡੀਆ ਜੋ ਜੀਵ ਹੈ ਸੋ ਕਾਲ ਦੇ ਸਿਰ ਜਾ ਚੜ੍ਹਿਆ, ਭਾਵ ਕਾਲ ਨੂੰ ਦਬਾ ਦਿੱਤਾ, ਆਰਥਾਤ ਵਸੀਕਾਰ ਕਰ ਲੀਤਾ।

*ਯਥਾ*- 'ਗਿਆਨੀ ਕਾਲ ਕੋ ਬੰਚਨ ਕਰੇ।'

***(ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥)*** ਇਸ ਮੁੰਡੇ ਜੀਵ ਨੇ ਸਾਰਾ ਆਸੁਰੀ ਸੰਪਦਾ ਰੂਪ ਧਨ ਖੋਈ=ਦੂਰ ਕਰ ਦਿੱਤਾ।

***(ਆਵਤ ਜਾਤ ਨਾਕ ਸਰ ਹੋਈ॥ ੧॥ ਰਹਾਉ॥)*** ਜੰਮ ਕੇ ਆਉਣਾ, ਮਰ ਕੇ ਜਾਣਾ ਅਤੇ ਨਾਕ=ਸਵਰਗ ਤੇ ਨਰਕ ਏਹ ਸਭ ਸਰ=ਜੈ ਹੋ ਗਏ॥ ੧॥

*ਯਥਾ*- "ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥" *(ਕਬੀਰ ਜੀ, ਪੰਨਾ ੧੩੭੦)*

***(ਤੁਰੀ ਨਾਰਿ ਕੀ ਛੋਡੀ ਬਾਤਾ॥)*** ਤੁਰੀ=ਤੁਰੀਆ ਪਦ ਵਿਚ ਇਸਥਿਤ ਹੋਣ ਕਰਕੇ ਨਾਰਿ=ਮਾਇਆ ਦੀ ਗੱਲ-ਬਾਤ ਸਭ ਛੱਡ ਦਿੱਤੀ।

***(ਰਾਮ ਨਾਮ ਵਾ ਕਾ ਮਨੁ ਰਾਤਾ॥)*** ਵਾ ਕਾ=ਸੁੰਦਰ ਜੋ ਰਾਮ ਨਾਮ ਹੈ ਤਿਸ ਵਿਚ ਮਨ ਤਦਾਕਾਰ ਹੋਇਆ।

***(ਲਰਿਕੀ ਲਰਿਕਨ ਖੈਬੋ ਨਾਹਿ॥)*** ਲਰਿਕੀ=ਇੰਦ੍ਰੀਆਂ, ਲਰਿਕਨ=ਪਦਾਰਥਾਂ ਨੂੰ ਖਾਣਾ ਨਹੀਂ ਕਰਦੀਆਂ, ਭਾਵ ਵਿਸ਼ਿਆਂ ਨੂੰ ਨਹੀਂ ਭੋਗਦੀਆਂ।

***(ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥)*** ਮੁੰਡੀਆ=ਜੀਵ ਰਾਤ ਦਿਨ ਬ੍ਰਹਮਗਿਆਨ-ਭੋਜਨ ਨਾਲ ਤ੍ਰਿਪਤ ਹੋਇਆ ਜਾਂਦਾ ਹੈ॥ ੨॥

***(ਇਕ ਦੁਇ ਮੰਦਰਿ ਇਕ ਦੁਇ ਬਾਟ॥)*** ਇਕ ਤੇ ਦੋ ਤਿੰਨ ਸ੍ਰਵਣ, ਮੰਨਣ, ਨਿਧਿਆਸਣ, ਮੰਦਰਿ=ਅੰਦਰ ਕੀਤੇ, ਅਤੇ ਇਕ ਤੇ ਦੋ ਤਿੰਨ ਰਜੋ, ਤਮੋ, ਸਤੋ ਨੂੰ ਬਾਟ=ਰਾਹੇ ਪਾਇਆ ਹੈ।

ਵਾ-ਇਕ ਤੇ ਦੋ ਤਿੰਨ ਵਿਸ਼ੇਸ਼ਣ ਸਤ, ਚਿਤ, ਅਨੰਦ, ਮੰਦਰਿ=ਅੰਦਰ ਕੀਤੇ ਹਨ, ਅਤੇ ਇਕ ਤੇ ਦੋ ਤਿੰਨ ਮਾਇਕ ਵਿਸ਼ੇਸ਼ਣ ਅਸੱਤ, ਜੜ੍ਹ, ਦੁੱਖ ਰੂਪ ਨੂੰ ਬਾਟ=ਰਾਹੇ ਪਾਇਆ ਹੈ।

*ਅਥਵਾ*-ਦੋਹ ਤੋਂ ਇਕ ਕਰਨ ਵਾਲੇ ਗਿਆਨ ਨੂੰ ਮੰਦਰਿ=ਅੰਦਰ ਕੀਤਾ ਹੈ ਤੇ ਇਕ ਤੋਂ ਦੋ ਕਰਨ ਵਾਲੇ ਅਗਿਆਨ ਨੂੰ ਬਾਟ=ਰਾਹੇ ਪਾ ਦਿਤਾ ਹੈ।

***(ਹਮ ਕਉ ਸਾਥਰੁ ਉਨ ਕਉ ਖਾਟ॥)*** ਹਮ=ਹੰਗਤਾ ਨੂੰ ਸੱਥਰ ਪਾ ਦਿੱਤਾ ਹੈ, ਭਾਵ ਨਾਸ ਕਰ ਦਿੱਤਾ ਹੈ ਅਤੇ ਉਨ=ਉਨ੍ਹਾਂ ਸ਼ੁਭ ਗੁਣਾਂ ਨੂੰ ਖੱਟਣਾ ਕੀਤਾ ਹੈ।

***ਮੂਡ ਪਲੋਸਿ ਕਮਰ ਬਧਿ ਪੋਥੀ॥*** (ਇਸ ਤੁਕ ਦਾ ਅਰਥ ਹੋ ਚੁਕਾ ਹੈ।)

***ਹਉ ਕਉ ਚਾਬਨੁ ਉਨ ਕਉ ਰੋਟੀ ॥ ੩॥***

ਹਮ=ਤਮਾਮ ਦੇ ਚੱਬਣ ਵਾਲਾ ਜੋ ਕਾਲ ਹੈ ਉਸ ਨੂੰ ਐਸੇ ਅਭਾਵ ਕੀਤਾ ਹੈ, ਜਿਵੇਂ ਰੋਟੀ ਖਾ ਲਈਦੀ ਹੈ।

***(ਮੁੰਡੀਆ ਮੁੰਡੀਆ ਹੂਏ ਏਕ॥)*** ਮੁੰਡੀਆ=ਜੀਵ, ਮੁੰਡੀਆ=ਪਰਮਾਤਮਾ ਨਾਲ ਮਿਲ ਕੇ ਇਕ ਰੂਪ ਹੋ ਗਿਆ ।

***(ਏ ਮੁੰਡੀਆ ਬੂਡਤ ਕੀ ਟੇਕ॥)*** ਡੁੱਬ ਰਹੇ ਸੰਸਾਰੀ ਜੀਵਾਂ ਦਾ, ਹੁਣ ਇਹ ਮੁੰਡੀਆ=ਜੀਵ ਟੇਕ=ਆਸਰਾ ਰੂਪ ਹੋ ਗਿਆ।

***(ਸੁਨਿ ਅੰਧਲੀ ਲੋਈ ਬੇਪੀਰਿ॥)*** ਗਿਆਨ ਵੈਰਾਗ ਰੂਪੀ ਨੇਤਰਾਂ ਤੋਂ ਹੀਣ ਹੇ ਅੰਧੀ ਲੋਈ! ਇਸ ਉਪਦੇਸ਼ ਨੂੰ ਸੁਣ

ਕੇ ਜਨਮ ਮਰਨ ਰੂਪ ਬੇ-ਪੀਰਿ=ਪੀੜਾ ਤੋਂ ਰਹਿਤ ਹੋ ਜਾ।

*ਇਨੁ ਮੁੰਡੀਅਨ ਭਜਿ ਸਰਨਿ ਕਬੀਰ॥*

*ਪ੍ਰਸ਼ਨ*-"ਇਹ ਗੱਲ ਕਦੋਂ ਹੋਈ ?"

*ਉੱਤਰ*-ਜਿਸ ਵੇਲੇ ਇਸ ਮੁੰਡੀਅਨ=ਜੀਵ ਨੇ ਕਬੀਰ=ਸਭ ਤੋਂ ਬੜੇ ਪਰਮਾਤਮਾ ਦੀ ਸ਼ਰਨ ਗ੍ਰਹਿਣ ਕੀਤੀ॥ ੪॥ ੩॥ ੬॥

## ਗੋਂਡ॥

**ਉਥਾਨਕਾ:**-ਹੁਣ ਭਗਤ ਕਬੀਰ ਜੀ ਮਾਇਆ ਦੀ ਅਵਸਥਾ ਨੂੰ ਸੁਣਾਉਂਦੇ ਹਨ-

**ਖਸਮੁ ਮਰੈ ਤਉ ਨਾਰਿ ਨ ਰੋਵੈ॥ ਉਸੁ ਰਖਵਾਰਾ ਅਉਰੋ ਹੋਵੈ॥**

ਖਸਮੁ=ਮਾਇਆਧਾਰੀ ਮਰ ਜਾਵੇ ਤਾਂ ਨਾਰਿ=ਮਾਇਆ ਰੋਂਦੀ ਨਹੀਂ, ਕਿਉਂਕਿ-

ਉਸ ਮਾਇਆ ਦੀ ਰਖਿਆ ਕਰਨ ਵਾਲਾ ਹੋਰ ਪੁਰਸ਼ ਹੋ ਜਾਂਦਾ ਹੈ।

**ਰਖਵਾਰੇ ਕਾ ਹੋਇ ਬਿਨਾਸ॥ ਆਗੈ ਨਰਕੁ ਈਹਾ ਭੋਗ ਬਿਲਾਸ॥ ੧॥**

ਜੇ ਦੂਜੇ ਰਖਵਾਲੇ ਦਾ ਵੀ ਮਰਨਾ ਹੋ ਜਾਵੇ ਤਾਂ ਤੀਜਾ ਹੋਰ ਬਣ ਜਾਂਦਾ ਹੈ, ਇਹ ਪਧਤੀ ਸਦਾ ਹੀ ਚਲੀ ਰਹਿੰਦੀ ਹੈ। ਇਸ ਕਰਕੇ ਮਾਇਆ ਹਮੇਸ਼ਾਂ ਸੁਹਾਗਣ ਰਹਿੰਦੀ ਹੈ, ਕਦੇ ਰੰਡੀ ਨਹੀਂ ਹੁੰਦੀ।

ਪਰ ਇਸ ਮਾਇਆ ਨੂੰ ਪਾ ਕੇ ਜੋ ਇਥੇ ਭੋਗ ਬਿਲਾਸ ਕਰਦੇ ਹਨ, ਉਨ੍ਹਾਂ ਨੂੰ ਆਗੈ=ਪ੍ਰਲੋਕ ਵਿਚ ਨਰਕ ਮਿਲਦਾ ਹੈ॥ ੧॥ *ਪ੍ਰਸ਼ਨ*-"ਮਾਇਆ ਕੈਸੀ ਹੈ ?" *ਉੱਤਰ*-

**ਏਕ ਸੁਹਾਗਨਿ ਜਗਤ ਪਿਆਰੀ॥**

ਮਾਇਆ ਇਕ ਤਾਂ ਸੁਹਾਗਨਿ=ਸੁਹਾਗਵੰਤੀ ਇਸਤ੍ਰੀ ਹੈ। ਦੂਜਾ ਸਾਰੇ ਸੰਸਾਰ ਦੀ ਪਿਆਰੀ ਹੈ।

*ਯਥਾ*- "ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥ ੪॥ " *(ਕਬੀਰ, ਪੰਨਾ ੪੭੬)*

ਇਕ ਪਤੀ ਹੋਵੇ ਤਾਂ ਉਸ ਦੇ ਮਰਨ ਨਾਲ ਮਾਇਆ ਵਿਧਵਾ ਹੋ ਜਾਵੇ, ਪਰ-

**ਸਗਲੇ ਜੀਅ ਜੰਤ ਕੀ ਨਾਰੀ॥ ੧॥ ਰਹਾਉ॥**

ਇਹ ਮਾਇਆ ਸਭ ਛੋਟੇ ਵੱਡੇ ਜੀਵਾਂ ਦੀ ਨਾਰਪ=ਇਸਤ੍ਰੀ ਹੈ, ਇਸ ਕਰਕੇ ਵਿਧਵਾ ਕਦੇ ਨਹੀਂ ਹੁੰਦੀ।

**ਸੋਹਾਗਨਿ ਗਲਿ ਸੋਹੈ ਹਾਰੁ॥**

ਸੋਹਾਗਨਿ=ਮਾਇਆ ਦੇ ਗਲ ਵਿਚ ਪਦਾਰਥਾਂ ਰੂਪੀ, ਵਾ ਸ਼ਬਦ ਸਪਰਸ਼ ਆਦਿ ਵਿਸ਼ਿਆਂ ਦੇ ਹਾਰ ਸੋਭ ਰਹੇ ਹਨ ਜੀਵਾਂ ਨੂੰ ਮੋਹਤ ਕਰਨ ਲਈ।

*ਪ੍ਰਸ਼ਨ*-"ਮਾਇਆ ਤੋਂ ਕੋਈ ਬਚਿਆ ਭੀ ਹੈ ?" *ਉੱਤਰ*-"ਇਕ ਸੰਤ ਬਚੇ ਹਨ।"

**ਸੰਤ ਕਉ ਬਿਖੁ ਬਿਗਸੈ ਸੰਸਾਰੁ॥**

ਜਿਸ ਮਾਇਆ ਨੂੰ ਵੇਖ ਕੇ ਸੰਸਾਰ ਬਿਗਸੈ=ਪ੍ਰਸੰਨ ਹੁੰਦਾ ਹੇ, ਓਹੀ ਮਾਇਆ ਸੰਤਾਂ ਨੂੰ ਬਿਖੁ=ਵਿਹੁ ਵਾਂਗ ਪਰਤੀਤ ਹੁੰਦੀ ਹੈ।

## ਕਰਿ ਸੀਗਰੁ ਬਹੈ ਪਖਿਆਰੀ ॥ ਸੰਤ ਕੀ ਠਿਠਕੀ ਫਿਰੈ ਬਿਚਾਰੀ ॥ ੨ ॥

ਜੀਵਾਂ ਨੂੰ ਮੋਹਤ ਕਰਨ ਲਈ ਪਦਾਰਥਾਂ ਰੂਪੀ, ਵਾ ਸ਼ਬਦ ਸਪਰਸ਼ ਆਦਿ ਵਿਸ਼ਿਆਂ ਰੂਪੀ ਸ਼ਿੰਗਾਰ ਕਰਕੇ ਪਖਿਆਰੀ=ਵੇਸਵਾ ਵਾਂਗ ਤੀਰਥ ਆਦਿ ਅਸਥਾਨਾਂ ਤੇ ਜਿਥੇ ਕਿਥੇ ਬੈਠਦੀ ਹੈ।

ਪਰੰਤੂ ਪੂਰਨ ਸੰਤਾਂ ਦੀ ਠਿਠਕੀ=ਝਿੜਕੀ ਹੋਈ, ਭਾਵ ਮਿਥਿਅਤ ਨਿਸਚੇ ਕੀਤੀ ਹੋਈ ਬਿਚਾਰੀ =ਗਰੀਬਣੀ ਬਣੀ ਹੋਈ ਉਹਨਾਂ ਦੇ ਪਿੱਛੇ ਫਿਰਦੀ ਹੈ॥ ੨ ॥

## ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ ਮਾਰਹੁ ਡਰੈ ॥

ਸਫਲ ਹੋਣ ਵਾਸਤੇ ਭੱਜ ਕੇ ਸੰਤਾਂ ਦੇ ਪਿੱਛੇ ਪੈਂਦੀ ਹੈ, ਪਰ-

ਜਿਨ੍ਹਾਂ ਤੇ ਗੁਰਾਂ ਦੀ ਕਿਰਪਾ ਹੋਈ ਹੈ, ਉਹਨਾਂ ਦੀ ਮਾਰ ਤੋਂ ਡਰਦੀ ਹੈ।

## ਸਾਕਤ ਕੀ ਓਹ ਪਿੰਡ ਪਰਾਇਣਿ ॥

ਸਾਕਤ=ਦੁਸ਼ਟ ਪੁਰਸ਼ਾਂ ਦੇ ਪਿੰਡ=ਸਰੀਰ ਦੀ ਉਹ ਮਾਇਆ ਪਰਾਇਣਿ=ਆਸਰਾ,

ਵਾ:-ਪਰਾਇਣਿ=ਪ੍ਰਾਣ ਰੂਪ ਹੈ।

## ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥ ੩ ॥

ਪਰ ਮੈਨੂੰ ਤ੍ਰਖਿ=ਤਿੱਖੀ, ਅਰਥਾਤ ਭੈਦਾਇਕੋ ਡੈਣ ਵਾਂਗ ਦ੍ਰਿਸਟਿ ਪਰੈ=ਨਿਗਾਹ ਆਉਂਦੀ ਹੈ।

ਵਾ:-ਤ੍ਰਖ ਇਕ ਪੰਛੀ ਜੋ ਡੈਣ ਦਾ ਵਾਹਨ ਹੈ, ਤਿਸ ਪਰ ਚੜ੍ਹੀ ਹੋਈ ਸਾਨੂੰ ਨਜ਼ਰ ਆਉਂਦੀ ਹੈ॥ ੩ ॥

## ਹਮ ਤਿਸ ਕਾ ਬਹੁ ਜਾਨਿਆ ਭੇਉ ॥

ਅਸਾਂ ਨੇ ਤਿਸ ਮਾਇਆ ਦਾ ਬਹੁਤ ਹੀ ਸਾਰਾ, ਭਾਵ ਚੰਗੀ ਤਰ੍ਹਾਂ ਭੇਦ ਜਾਣ ਲਿਆ ਹੈ ਕਿ ਅਸੱਤ ਜੜ੍ਹ ਦੁੱਖ ਰੂਪ ਹੈ।

*ਪ੍ਰਸ਼ਨ*-"ਇਹ ਭੇਦ ਆਪ ਨੇ ਕਦੋਂ ਜਾਣਿਆ ਹੈ ?" *ਉੱਤਰ*-

## ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥

ਜਿਸ ਵੇਲੇ ਗੁਰਦੇਵ ਕ੍ਰਿਪਾਲੂ ਹੋ ਕੇ ਮੈਨੂੰ ਮਿਲੇ ਤਾਂ ਇਹ ਭੇਦ ਜਾਣਿਆ।

## ਕਹੁ ਕਬੀਰ ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥ ੪ ॥ ੪ ॥ ੭ ॥

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਕਰਕੇ ਮਾਇਆ ਹੁਣ ਮੇਰੇ ਹਿਰਦੇ ਤੋਂ ਬਾਹਰ ਪਈ ਹੈ ਤੇ-

ਸੰਸਾਰੀ ਜੀਵਾਂ ਦੇ ਚਿਤ ਰੂਪੀ ਅੰਚਲਿ=ਪੱਲੇ ਨਾਲ ਲਰੀ-ਲਗ ਗਈ ਹੈ॥ ੪ ॥ ੪ ॥ ੭ ॥

[ਪੰਨਾ ੮੭੨]

## ਗੋਂਡ ॥

**ਉਥਾਨਕਾ:**-ਪਿਛਲੇ ਸ਼ਬਦ ਵਿਚ ਭਾਵੇਂ ਮਾਇਆ ਨੂੰ ਦੁੱਖ ਰੂਪ ਕਥਨ ਕੀਤਾ ਹੈ, ਪਰ ਮਕਾਨਧਾਰੀ ਪਾਸ ਮਾਇਆ ਜ਼ਰੂਰ ਹੋਣੀ ਚਾਹੀਦੀ ਹੈ ਚਾਹੇ ਉਹ ਸਾਧੂ ਹੈ ਭਾਵੇਂ ਕੋਈ ਗ੍ਰਿਹਸਤੀ ਹੈ, ਕਿਉਂਕਿ ਮਕਾਨਧਾਰੀ ਦੀ

ਆਸ ਕਰਕੇ ਜੋ ਕੋਈ ਅਤਿਥੀ ਆਉਂਦਾ ਹੈ, ਉਸ ਦੀ ਆਸ ਪੂਰੀ ਕਰਨੀ ਮਕਾਨਧਾਰੀ ਦਾ ਫਰਜ਼ ਹੈ।

*ਯਥਾ*-"ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ॥

*(ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੫)*

ਜੇਕਰ ਆਏ ਗਏ ਦੀ ਸੇਵਾ ਨਾ ਕਰੇ ਉਸ ਨੂੰ ਖਾਲੀ ਮੋੜ ਦੇਵੇ ਤਾਂ ਉਹ ਦੋਸ਼ ਦਾ ਭਾਗੀ ਹੈ। ਹੁਣ ਏਸ ਪ੍ਰਸੰਗ ਨੂੰ ਕਬੀਰ ਸਾਹਿਬ ਜੀ ਖੋਲ੍ਹ ਕੇ ਕਥਨ ਕਰਦੇ ਹਨ-

**ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਆਵਤ ਪਹੀਆ ਖੂਧੇ ਜਾਹਿ॥**

ਹੇ ਭਾਈ! ਜਿਸ ਦੇ ਘਰ ਵਿਚ ਸੋਭਾ=ਮਾਇਆ ਨਹੀਂ ਹੈ ਤੇ-

ਪਹੀਆ=ਪਰਾਹੁਣੇ ਆਉਂਦੇ ਹੋਏ ਖੂਧੇ=ਭੁੱਖੇ ਹੋਏ ਨਿਰਾਸ ਜਾਂਦੇ ਹਨ।

**ਵਾ ਕੈ ਅੰਤਰਿ ਨਹੀ ਸੰਤੋਖੁ॥ ਬਿਨੁ ਸੋਹਾਗਨਿ ਲਾਗੈ ਦੋਖੁ॥ ੧॥**

ਵਾ ਕੈ=ਉਨ੍ਹਾਂ ਪਰਾਹੁਣਿਆਂ ਦੇ ਅੰਦਰ ਅੰਨ ਖਾਧੇ ਬਿਨਾ ਸੰਤੋਖ ਨਹੀਂ ਆਉਂਦਾ ਤੇ ਬਦ-ਅਸੀਸਾਂ ਦਿੰਦੇ ਜਾਂਦੇ ਹਨ।

(ਇਸ ਕਰਕੇ ਇਹ ਨਿਯਮ ਸਮਝ ਲਓ-ਜੋ ਵੀ ਮਕਾਨਧਾਰੀ ਚਾਹੇ ਸਾਧੂ, ਚਾਹੇ ਗ੍ਰਿਹਸਤੀ ਹੈ, ਉਸ ਨੂੰ) ਸੁਹਾਗਨਿ=ਮਾਇਆ ਤੋਂ ਬਿਨਾਂ ਅਰਥਾਤ ਆਏ ਗਏ ਅਤਿਥੀਆਂ ਦੀ ਸੇਵਾ ਕੀਤੇ ਬਿਨਾਂ ਬੜਾ ਭਾਰੀ ਦੋਸ਼ ਲੱਗਦਾ ਹੈ॥ ੧॥

**ਧਨੁ ਸੋਹਾਗਨਿ ਮਹਾ ਪਵੀਤ॥ ਤਪੇ ਤਪੀਸਰ ਡੋਲੈ ਚੀਤ॥ ੧॥ ਰਹਾਉ॥**

ਸੋਹਾਗਨਿ=ਮਾਇਆ ਧੰਨਤਾ ਯੋਗ ਹੈ ਜਿਸ ਨੇ ਬੜੇ ਪਵੀਤ=ਪਵਿੱਤ੍ਰ ਤਪ ਕਰਨ ਵਾਲੇ ਤਪੀਸ਼ਰਾਂ ਦੇ ਚਿਤ ਵੀ ਡੁਲਾਇਮਾਨ ਕਰ ਦਿੱਤੇ ਹਨ॥ ੧॥ ਰਹਾਉ॥

*ਯਥਾ*- "ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥

ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥ ੩॥"

*(ਭੈਰਉ ਕਬੀਰ, ਪੰਨਾ ੧੧੬੦)*

**ਸੋਹਾਗਨਿ ਕਿਰਪਨ ਕੀ ਪੂਤੀ॥ ਸੇਵਕ ਤਜਿ ਜਗਤ ਸਿਉ ਸੂਤੀ॥**

ਸੋਹਾਗਨਿ=ਮਾਇਆ, ਕਿਰਪਨ=ਸੂਮਾਂ ਦੀ ਪੁੱਤਰੀ ਹੈ, ਭਾਵ ਸੂਮਾਂ ਨੂੰ ਪਿਆਰੀ ਹੈ। ਪਰਮੇਸ਼ਰ ਦੇ ਸੇਵਕਾਂ ਨੂੰ ਤਿਆਗ ਕੇ ਸੰਸਾਰੀ ਜੀਵਾਂ ਨਾਲ ਇਸਤ੍ਰੀ ਭਾਵਨਾ ਨਾਲ ਸੁੱਤੀ ਹੋਈ ਹੈ।

**ਸਾਧੂ ਕੈ ਠਾਢੀ ਦਰਬਾਰਿ॥ ਸਰਨਿ ਤੇਰੀ ਮੋ ਕਉ ਨਿਸਤਾਰਿ॥ ੨॥**

ਪਰਮੇਸ਼ਰ ਦੇ ਪਿਆਰੇ ਸੰਤਾਂ ਦੇ ਦਰਬਾਰ ਅੱਗੇ ਖੜ ਕੇ ਇਸ ਤਰ੍ਹਾਂ ਆਖਦੀ ਹੈ-

ਹੇ ਸੰਤੋ! ਮੈਂ ਤੇਰੀ ਸ਼ਰਨ ਆਈ ਹਾਂ ਮੈਨੂੰ ਚੰਗੇ ਪਾਸੇ ਲਗਾ ਕੇ ਨਿਸਤਾਰਿ=ਤਾਰ ਲਓ। ਭਾਵ-ਸਫਲ ਕਰ ਦਿਓ।

**ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ ਛਨਕ ਛਨਹਰੀ॥**

ਸੋਹਾਗਨਿ=ਮਾਇਆ ਅਤਿ=ਬਹੁਤ ਹੀ ਸੁੰਦਰ ਹੈ ਜੋ ਹਰ ਇਕ ਨੂੰ ਮੋਹ ਲੈਂਦੀ ਹੈ।

ਚੇਤਨ ਮਾਇਆ ਦੇ ਪੈਰਾਂ ਵਿਚ ਨੇਵਰ=ਨੂਪਰ ਛਨ੍ਕ ਛਨਹਰੀ=ਛਨ-ਛਨ ਕਰਦੇ ਹਨ। ਤੁਲਸੀ ਰਮਾਇਣ ਵਿਚ ਵੇਖੋ-

ਸੀਤਾ ਦੇ ਪੈਰਾਂ ਵਿਚ ਪਏ ਨੂਪਰਾਂ ਦੀ ਧੁਨ ਸੁਣ ਕੇ ਆਪ ਸ੍ਰੀ ਰਾਮਚੰਦ੍ਰ ਜੀ ਮੋਹਤ ਹੋ ਕੇ ਆਖਦੇ ਹਨ- "ਹੇ ਲਛਮਣ ! ਨੂਪਰਾਂ ਦੀ ਅਵਾਜ਼ ਨਹੀਂ, ਇਹ ਤਾਂ ਕਾਮਦੇਵ ਦਾ ਧੌਂਸਾ ਵੱਜ ਰਿਹਾ ਹੈ।"

ਵਾ:-ਜੜ੍ਹ ਮਾਇਆ ਦੇ ਪਗ=ਪੈਰਾਂ ਵਿਚ ਪਦਾਰਥਾਂ ਰੂਪੀ ਨੂਪਰ ਛਨਕ ਛਨਹਰੀ=ਛਨ-ਛਨ ਕਰ ਰਹੇ ਹਨ।

*ਯਥਾ-* "ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ॥ ਉਪਜਤਾ ਬਿਕਾਰ ਦੁੰਦਰ ਨਉਪਰੀ
ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥"

*(ਸਾਰਗ ਮਹਲਾ ੫, ਪੰਨਾ ੧੨੩੧)*

## ਜਉ ਲਗੁ ਪ੍ਰਾਨ ਤਊ ਲਗੁ ਸੰਗੇ॥ ਨਾਹਿ ਤ ਚਲੀ ਬੇਗਿ ਉਠਿ ਨੰਗੇ॥ ੩॥

ਜਿੰਨਾ ਚਿਰ ਸਰੀਰ ਵਿਚ ਸ੍ਵਾਸ ਹਨ, ਓਨਾ ਚਿਰ ਇਹ ਮਾਇਆ ਨਾਲ ਹੈ।

ਨਹੀਂ ਤਾਂ ਭਾਵ ਜਦ ਪ੍ਰਾਣ ਨਹੀਂ ਰਹਿੰਦੇ ਤਾਂ ਮਾਇਆ ਵੀ ਜੀਵਾਂ ਨੂੰ ਨੰਗਿਆ ਛੱਡ ਕੇ ਛੇਤੀ ਹੀ ਉੱਠ ਕੇ ਚਲੀ ਜਾਂਦੀ ਹੈ।

ਵਾ:-ਨਹੀਂ ਤਾਂ ਭਾਵ ਸਰੀਰ ਦੇ ਬਿਨਸਨੇ ਤੇ ਮਾਇਆ ਚਲੀ ਜਾਂਦੀ ਹੈ, ਫਿਰ ਜੀਵ ਵੀ ਬੇਗਿ=ਸ਼ੀਘਰ ਨੰਗੇ ਪੈਰੀਂ ਉੱਠ ਕੇ ਚਲਾ ਜਾਂਦਾ ਹੈ॥ ੩॥

ਵਾ:-ਨਾਹਿਤ=ਓੜਕ ਨੂੰ ਬੇਗਿ=ਸ਼ੀਘਰ ਨੰਗੇ ਪੈਰੀਂ ਉੱਠ ਕੇ ਚੱਲੀਦਾ ਹੈ। ਚੱਲਣ ਵੇਲੇ ਮਾਇਆ ਅਤੇ ਪਦਾਰਥ ਸਭ ਏਥੇ ਰਹਿ ਜਾਂਦੇ ਹਨ।

*ਯਥਾ-* "ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ॥
ਜਬ ਤੇ ਹੋਈ ਲਾਮੀ ਧਾਈ ਚਲਹਿ ਨਾਹੀ ਇਕ ਪੈਰੇ॥ ੪॥"

*(ਗੂਜਰੀ ਮਹਲਾ ੫, ਪੰਨਾ ੪੯੭)*

## ਸੋਹਾਗਨਿ ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ ਤੀਰਥ ਰਸ ਕੀਆ॥

ਸੋਹਾਗਨਿ=ਮਾਇਆ ਨੇ ਤਿੰਨ ਲੋਕਾਂ ਦੇ ਜੀਵਾਂ ਨੂੰ ਆਪਣੇ ਵੱਸ ਵਿਚ ਲੀਤਾ ਹੋਇਆ ਹੈ।

*ਯਥਾ-* "ਸੁਰਿ ਨਰ ਦੇਵ ਅਸੁਰ ਤ੍ਰੈ ਗੁਣੀਆ ਸਗਲੋ ਭਵਨੁ ਲੁਟਿਓ ਰੀ॥ ੧॥"

*(ਆਸਾ ਮ: ੫, ਪੰਨਾ ੩੮੪)*

ਦਸ ਅਠ=ਅਠਾਰਾਂ ਪੁਰਾਣਾਂ ਦੇ ਪੜ੍ਹਨ ਵਾਲੇ ਪੰਡਿਤਾਂ ਵਿਚ ਇਸ ਮਾਇਆ ਨੇ ਆਪਣਾ ਪ੍ਰੇਮ ਕੀਤਾ ਹੋਇਆ ਹੈ।

*ਯਥਾ-* "ਤੀਰਥ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥ ੧॥"

*(ਆਸਾ ਮ: ੪, ਪੰਨਾ ੩੮੫)*

ਤੀਰਥਾਂ ਪਰ ਰਹਿਣ ਵਾਲਿਆਂ ਵਿਚ ਆਪਣਾ ਰਸ=ਪ੍ਰੇਮ ਕੀਤਾ ਹੋਇਆ ਹੈ।

ਹੁਣ ਕੈਮੁੱਤਕ ਨਿਆਂ ਨਾਲ ਕਥਨ ਕਰਦੇ ਹਨ-

## ਬ੍ਰਹਮਾ ਬਿਸਨੁ ਮਹੇਸਰ ਬੇਧੇ॥

ਇਸ ਮਾਇਆ ਨੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ (ਤਿੰਨ ਦੇਵਤੇ ਵੀ) ਬੇਧੇ=ਵਿੰਨ੍ਹੇ ਹਨ, ਭਾਵ-ਬ੍ਰਹਮਾ ਆਪਣੀ ਲੜਕੀ ਉਤੇ, ਵਿਸ਼ਨੂੰ ਜਲੰਧਰ ਦੈਂਤ ਦੀ ਇਸਤਰੀ ਬਿੰਦਰਾ ਉਤੇ ਤੇ ਸ਼ਿਵ ਜੀ ਮੋਹਨੀ ਅਵਤਾਰ ਉਤੇ ਮੋਹਤ ਹੋ ਕੇ ਭੱਜੇ ਫਿਰਦੇ ਰਹੇ।

*ਯਥਾ*-''ਮਾਇਆ ਮੋਹਿ ਸਭੁ ਜਗਤੁ ਉਪਾਇਆ॥ ਬ੍ਰਹਮਾ ਬਿਸਨੁ ਦੇਵ ਸਬਾਇਆ॥''

*(ਮਾਰੂ ਮ: ੩, ਪੰਨਾ ੧੦੫੨)*

## ਬਡੇ ਭੂਪਤਿ ਰਾਜੇ ਹੈ ਛੇਧੇ॥੪॥

ਵੱਡੇ ਵੱਡੇ ਭੂ+ਪਤਿ=ਪ੍ਰਿਥਵੀ ਪਤੀ ਨੋਖ ਤੇ ਜੁਜਾਤੀ ਵਰਗੇ ਰਾਜੇ ਇਸ ਮਾਇਆ ਨੇ ਛਿਲ ਸੁੱਟੇ ਹਨ॥ ੪॥

## ਸੋਹਾਗਨਿ ਉਰਵਾਰਿ ਨ ਪਾਰਿ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ॥

ਬ੍ਰਹਮ ਗਿਆਨ ਤੋਂ ਬਿਨਾਂ ਮਾਇਆ ਦੇ ਉਰਵਰ ਪਾਰ ਦਾ ਅੰਤ ਨਹੀਂ ਆਉਂਦਾ ।

ਵਾ-ਮਾਇਆ ਵਿਚ ਪ੍ਰੇਮ ਕਰਨ ਨਾਲ ਉਰਵਾਰ ਹੀ ਰਹਿੰਦਾ ਹੈ। ਪਾਰਲਾ ਕਿਨਾਰਾ ਬ੍ਰਹਮ ਗਿਆਨ ਨਹੀਂ ਮਿਲਦਾ।

ਪਾਂਚ ਨਾਰਦ=ਪੰਜ ਗਿਆਨ ਇੰਦ੍ਰੀਆਂ ਦੇ ਨਾਲ ਇਹ ਮਾਇਆ ਮਿਲ ਰਹੀ ਹੈ।

ਵਾ-ਗਿਆਨ ਇੰਦ੍ਰੀਆਂ ਤੇ ਨਾਰਦ=ਮਨ* ਦੇ ਨਾਲ ਇਹ ਮਾਇਆ ਬਿਧਵਾਰਿ=ਮਿਲ ਰਹੀ ਹੈ।

## ਪਾਂਚ ਨਾਰਦ ਕੇ ਮਿਟਵੇ ਫੂਟੇ॥

ਪੰਜ ਗਿਆਨ ਇੰਦ੍ਰੀਆਂ ਤੇ ਨਾਰਦ=ਮਨ ਦੇ ਮਿਟਵੇ=ਵਿਸ਼ੇ ਫੂਟੇ=ਅਭਾਵ ਹੋਏ।

ਵਾ-ਮਿੱਟੀ ਦੇ ਭਾਂਡੇ ਨੂੰ ਮਿਟਵਾ ਆਖਦੇ ਹਨ। ਇਸ ਤੇ ਇਹ ਅਰਥ ਕਰਨਾ ਕਿ ਪੰਜ ਗਿਆਨ ਇੰਦਰੀਆਂ ਤੇ ਨਾਰਦ=ਮਨ ਦੇ ਵਿਸ਼ਿਆਂ ਰੂਪੀ ਮਿਟਵੇ=ਭਾਡੇ ਫੁਟ ਗਏ।

## ਕਹੁ ਕਬੀਰ ਗੁਰ ਕਿਰਪਾ ਛੂਟੇ॥੫॥੫॥੮॥

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਨਾਲ ਅਸੀਂ ਤਾਂ ਮਾਇਆ ਤੋਂ ਛੁਟ ਗਏ ਹਾਂ।

ਕਈ ਦਾਨੇ ਇਸ ਸ਼ਬਦ ਦਾ ਦੂਜਾ ਅਰਥ ਭੀ ਕਰਦੇ ਹਨ-

***-ਦੂਜਾ ਅਰਥ-***

***ਗੋਂਡ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥***

ਜਿਸ ਮਹਾਤਮਾ ਦੇ ਅੰਤਹਕਰਨ ਰੂਪ ਘਰ ਵਿਖੇ ਸੋਭਾ=ਭਗਤੀ ਨਹੀਂ।

***(ਆਵਤ ਪਹੀਆ ਖੂਧੇ ਜਾਹਿ॥)*** ਪਹੀਆ=ਰਾਹੀ, ਭਾਵ ਜਗਿਆਸੂ ਆ ਕੇ ਭੁੱਖਾ ਚਲਿਆ ਜਾਂਦਾ ਹੈ, ਅਰਥਾਤ ਭਗਤੀ ਦਾ ਉਪਦੇਸ਼ ਨਹੀਂ ਮਿਲਦਾ।

---

**ਨਾਰਦ ਦਾ ਅਰਥ 'ਮਨ' ਕੀਤਾ ਹੈ, ਕਿਉਂਕਿ ਨਾਰਦ ਵੀ ਚੰਚਲ ਹੈ ਤੇ ਮਨ ਵੀ ਚੰਚਲ ਹੈ। ਅੱਗੇ ਬਸੰਤ ਰਾਗ ਵਿਚ ਵੀ ਨਾਰਦ ਦਾ ਅਰਥ ਮਨ ਕੀਤਾ ਹੈ।*

*ਯਥਾ-''ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦ ਕਰੇ ਖੁਆਰੀ॥'' (ਬਸੰਤੁ ਮ: ੧, ਪੰਨਾ ੧੧੯੧)*

*(ਵਾ ਕੈ ਅੰਤਰਿ ਨਹੀ ਸੰਤੋਖੁ॥)* ਇਸ ਲਈ ਵਾ ਕੈ=ਉਸ ਜਗਿਆਸੂ ਦੇ ਹਿਰਦੇ ਵਿਚ ਸੰਤੋਖ ਨਹੀਂ ਹੁੰਦਾ, ਭਾਵ ਮਨ ਸੰਤੁਸ਼ਟ ਨਹੀਂ ਹੁੰਦਾ, ਕਿਉਂਕਿ ਗਿਆਨ ਦੀ ਪ੍ਰਾਪਤੀ ਦਾ ਰਾਹ ਜੋ ਨਾ ਮਿਲਿਆ।

*(ਬਿਨੁ ਸੋਹਾਗਨਿ ਲਾਗੈ ਦੋਖੁ॥)* ਸੋਹਾਗਨਿ=ਭਗਤੀ ਤੋਂ ਬਿਨਾਂ ਹੋਣ ਕਰਕੇ ਉਨ੍ਹਾਂ ਮਹਾਤਮਾਂ ਨੂੰ ਬੜਾ ਭਾਰੀ ਦੋਸ਼ ਲੱਗਦਾ ਹੈ, ਕਿਉਂਕਿ ਉਹ ਜਗਿਆਸੂ ਦੇ ਮਨ ਨੂੰ ਸੰਤੁਸਟ ਜੋ ਨਹੀਂ ਕਰ ਸਕੇ।

*(ਧਨੁ ਸੋਹਾਗਨਿ ਮਹਾ ਪਵੀਤ॥)* ਇਹ ਸੋਹਾਗਨਿ=ਭਗਤੀ ਧੰਨਤਾ ਦੇ ਜੋਗ ਹੈ ਅਤੇ ਬੜੀ ਪਵੀਤ=ਪਵਿੱਤਰ ਹੈ।

*ਤਪੇ ਤਪੀਸਰ ਡੋਲੈ ਚੀਤ॥ ੧॥ ਰਹਾਉ॥*

ਤਪ ਕਰਨ ਵਾਲੇ ਮੁਨੀਆਂ ਦਾ ਅਤੇ ਤਪੀਆਂ ਦੇ ਈਸ਼ਰ ਬੜੇ ਬੜੇ ਮੁਨੀਸ਼ਰਾਂ ਦਾ ਮਨ ਭਗਤੀ ਕਰਨ ਵਾਸਤੇ ਡੋਲਦਾ, ਭਾਵ ਚਾਹੁੰਦਾ ਹੈ ਕਿ ਅਸੀਂ ਜ਼ਰੂਰ ਭਗਤੀ ਕਰੀਏ, ਭਗਤੀ ਤੋਂ ਬਿਨਾਂ ਅਸੀਂ ਐਵੇਂ ਆਪਣੀ ਦੇਹ ਸਾੜਦੇ ਰਹੇ, ਧੂਣੀਆਂ ਤਪ ਤਪ ਕੇ ਸਰੀਰ ਕਾਲਾ ਕਰ ਲਿਆ ਹੈ, ਭੁੱਖ-ਤਰੇਹ ਸਹਾਰ ਸਹਾਰ ਕੇ ਪ੍ਰਾਣਾਂ ਨੂੰ ਦੁੱਖ ਦਿੱਤਾ ਹੈ ਅੰਤਹਕਰਨ ਦੀ ਸ਼ੁੱਧੀ ਵਾਸਤੇ, ਪਰੰਤੂ ਹੁਣ ਤਕ ਬਣਿਆ ਕੁਝ ਨਹੀਂ, ਕਿਉਂਕਿ ਮਨ ਦੇ ਫੁਰਨੇ ਨਹੀਂ ਰੁਕੇ ਹਨ।

*ਯਥਾ-* "ਵਰਮੀ ਮਾਰੀ ਸਾਪੁ ਨ ਮੂਆ॥" *(ਪ੍ਰਭਾਤੀ ਮ: ੫, ਪੰਨਾ ੧੩੪੮)*

ਵਿਸ਼ਵਾਮਿੱਤਰ ਜੀ ਨੇ ੫੮ ਹਜ਼ਾਰ ਬਰਸ ਤਪ ਕੀਤਾ ਹੈ। ਦਸ ਹਜ਼ਾਰ ਬਰਸ ਤਾਂ ਉਸ ਨੇ ਗੰਗਾ ਦੇ ਪਰਵਾਹ ਵਿਚ ਖਲੋਂ ਕੇ ਤਪ ਕੀਤਾ ਹੈ, ਪਰੰਤੂ ਉਹ ਤਪ ਉਸ ਦਾ ਉਰਬਸੀ ਨੇ ਖਰਾਬ ਕਰ ਦਿੱਤਾ ਅਤੇ ਦਸ ਹਜ਼ਾਰ ਬਰਸ ਬ੍ਰਿਛਾਂ ਦੇ ਹੇਠ ਖਲੋ ਕੇ ਉਹ ਤਪ ਕਰਦਾ ਰਿਹਾ। ਪੱਤੇ ਵਗੈਰਾ ਖਾ ਕੇ ਗੁਜ਼ਾਰਾ ਕੀਤਾ, ਪਰ ਕੁਝ ਨਾ ਬਣਿਆ ਹੰਕਾਰ ਦੇ ਹੋਣ ਕਰਕੇ।

*ਯਥਾ-* "ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ॥" *(ਸੁਖਮਨੀ, ਪੰਨਾ ੨੬੫)*

ਫਰੀਦ ਜੀ ਨੇ ੩੬ ਬਰਸ ਤਪ ਕੀਤਾ ਪਰ ਕੁਝ ਨਾ ਬਣਿਆ।

*ਯਥਾ-* "ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥" *(ਸੋਰਠਿ ਮ: ੫, ਪੰਨਾ ੬੪੧)*

*(ਸੋਹਾਗਨਿ ਕਿਰਪਨ ਕੀ ਪੂਤੀ॥)* ਸੋਹਾਗਨਿ=ਭਗਤੀ, ਕਿਰਪਨ=ਕਿਰਪਾ ਆਦਿਕ ਸ਼ੁਭ-ਗੁਣਾਂ ਦੀ ਪੁੱਤਰੀ ਹੈ, ਕਿਉਂਕਿ ਕਿਰਪਾ ਆਦਿਕ ਗੁਣਾਂ ਤੋਂ ਇਹ ਭਗਤੀ ਪੈਦਾ ਹੋਣ ਵਾਲੀ ਹੈ।

*(ਸੇਵਕ ਤਜਿ ਜਗਤ ਸਿਉ ਸੂਤੀ॥)* ਜਗਤ ਦੇ ਜੀਵਾਂ ਨੂੰ ਤਿਆਗ ਕੇ ਪਰਮੇਸ਼ਰ ਦੇ ਸੇਵਕਾਂ ਨਾਲ ਸੌਂਦੀ ਹੈ।

*(ਸਾਧੂ ਕੈ ਠਾਢੀ ਦਰਬਾਰਿ ॥)* ਸੰਤਾਂ ਦੇ ਦਰਵਾਜ਼ੇ ਪਰ ਜੋ ਜਗਿਆਸੂ ਖੜੇ ਹੋ ਕੇ ਬੇਨਤੀਆਂ ਕਰਦੇ ਹਨ ਕਿ ਸਾਡੇ ਉੱਪਰ ਕਿਰਪਾ ਕਰੋ, ਇਹ ਮਾਨੋ ਭਗਤੀ ਹੀ ਅਵਤਾਰ ਧਾਰ ਕੇ ਖੜੀ ਹੈ।

*(ਸਰਨਿ ਤੇਰੀ ਮੋਕਉ ਨਿਸਤਾਰਿ॥ ੨॥)* ਹੇ ਸੰਤੋ ! ਮੈਂ ਤੁਹਾਡੀ ਸ਼ਰਨ ਹਾਂ, ਮੈਨੂੰ ਤਾਰ ਲਓ, ਜਿਹੜਾ ਜਗਿਆਸੂਆਂ ਦਾ ਕਹਿਣਾ ਹੈ ਇਹੀ ਇਕ ਭਗਤੀ ਹੈ॥ ੨॥

*(ਸੋਹਾਗਨਿ ਹੈ ਅਤਿ ਸੁੰਦਰੀ॥)* ਇਹ ਸੋਹਾਗਨਿ=ਭਗਤੀ ਅਤਿਅੰਤ ਸੁੰਦਰ ਹੈ। ਦਿਲ ਦੀ ਸਫਾਈ ਰੂਪ ਸੁੰਦਰਤਾ ਹੈ।

*(ਪਗ ਨੇਵਰ ਛਨਕ ਛਨਹਰੀ॥)* ਇਸ ਭਗਤੀ ਰੂਪ ਇਸਤ੍ਰੀ ਨੇ ਆਪਣੇ ਸਮ ਦਮ ਰੂਪ ਪੈਰਾਂ ਵਿਖੇ ਸ੍ਰਵਣ ਮੰਨਣ

ਆਦਿਕ ਨੇਵਰ=ਪੌਂਹਟੇ ਪਾਏ ਹੋਏ ਹਨ।

ਇਹ ਭਗਤੀ ਰੂਪ ਇਸਤ੍ਰੀ ਉਨ੍ਹਾਂ ਸ੍ਰਵਨ ਆਦਿਕ ਸਾਧਨਾਂ ਦੀ ਛਨ=ਅਵਾਜ਼ ਨਾਲ ਛਨਕ=ਇਕ ਛਿਨ ਵਿਚ ਜਗਿਆਸੂਆਂ ਦੇ ਚਿਤ ਨੂੰ ਹਰੀ=ਹਰ ਲੈਂਦੀ ਹੈ, ਭਾਵ ਚੁਰਾ ਲੈਂਦੀ ਹੈ।

ਜਉ ਲਗੁ ਪ੍ਰਾਨ ਤਊ ਲਗੁ ਸੰਗੇ॥ ਨਾਹਿ ਤ ਚਲੀ ਬੇਗਿ ਉਠਿ ਨੰਗੇ॥ ੩॥

ਜਦ ਤਕ ਸਰੀਰ ਵਿਚ ਸ੍ਵਾਸ ਹਨ, ਤਦ ਤਕ ਭਗਤੀ ਦੇ ਨਾਲ ਰਹੇ।

ਜੇ ਭਗਤੀ ਨਹੀਂ ਕਰੇਂਗਾ ਤਾਂ ਇਹ ਜਿੰਦ ਨੰਗੀ ਪੈਰੀਂ ਉੱਠ ਕੇ ਚਲੀ ਜਾਏਗੀ, ਭਾਵ ਸ਼ੁਭ-ਗੁਣਾਂ ਤੋਂ ਖਾਲੀ ਜਾਏਗੀ॥ ੩॥

***ਸੋਹਾਗਨਿ ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ ਤੀਰਥ ਰਸ ਕੀਆ॥***

ਸੋਹਾਗਨਿ=ਭਗਤੀ ਦੇ ਤਾਈਂ ਤਿੰਨਾ ਭਵਨਾਂ ਦੇ ਜੀਵਾਂ ਨੇ ਲੈਣਾ ਕੀਤਾ ਹੈ, ਭਾਵ ਅੰਗੀਕਾਰ ਕੀਤਾ।

ਅਠਾਰਾਂ ਪੁਰਾਣ ਰਚਣ ਵਾਲੇ ਬਿਆਸ ਜੀ ਨੇ ਅਤੇ ਤੀਰਥਾਂ ਪਰ ਰਹਿਣ ਵਾਲਿਆਂ ਨੇ ਭਗਤੀ ਵਿਖੇ ਰਸ=ਪ੍ਰੇਮ ਕੀਤਾ ਹੈ।

ਭਾਵੇਂ ਬਿਆਸ ਜੀ ਨੇ ਸ਼ਾਮ ਵੇਦ ਨੂੰ ਵਿਚਾਰ ਕੇ ਵੇਦਾਂਤ ਸ਼ਾਸਤ੍ਰ ਬਣਾਇਆ ਹੈ, ਪਰੰਤੂ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋਈ। ਫਿਰ ਜਦ ਨਾਰਦ ਮੁਨੀ ਨੇ ਉਪਦੇਸ਼ ਦੇ ਕੇ ਭਗਤੀ ਦਾ ਸਬਕ ਸਿਖਾਇਆ ਹੈ ਤਾਂ ਸ਼ਾਂਤੀ ਪ੍ਰਾਪਤ ਹੋਈ।

*ਯਥਾ-* "ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।
ਮਾਇਆ ਡੰਡ ਨ ਉੱਤਰੇ ਜਮ ਡੰਡੇ ਬਹੁ ਦੁਖਿ ਰੂਆਇਆ।
ਨਾਰਦਿ ਮੁਨਿ ਉਪਦੇਸ਼ਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।"

*(ਭਾ: ਗੁਰਦਾਸ ਜੀ, ਵਾਰ ੧ ਪਉੜੀ ੧੧)*

***(ਬ੍ਰਹਮਾ ਬਿਸਨੁ ਮਹੇਸਰ ਬੇਧੇ॥)*** ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਸਭ ਦੇਵਤੇ ਭਗਤੀ ਵਿਚ ਬੇਧੇ=ਮਿਲ ਰਹੇ ਹਨ।

ਬ੍ਰਹਮਾ ਭਗਤੀ ਵਾਸਤੇ ਹੀ ਵੇਦਾਂ ਨੂੰ ਉਚਾਰਦਾ ਹੈ।

*ਯਥਾ-* "ਜੈ ਕਾਰਣਿ ਬੇਦ ਬ੍ਰਹਮੇ ਉਚਰੇ ਸੰਕਰਿ ਛੋਡੀ ਮਾਇਆ॥" *(ਪ੍ਰਭਾਤੀ ਮ: ੧ ਪੰਨਾ ੧੩੨੮)*

ਵਿਸ਼ਨੂੰ-ਭਗਤੀ ਵਾਸਤੇ ਭਗਤਾਂ ਦੀ ਰੱਖਿਆ ਕਰਦਾ ਹੈ।

ਸ਼ਿਵ-ਭਗਤੀ ਵਾਸਤੇ ਭਗਤਾਂ ਦੀ ਰੱਖਿਆ ਕਰਦਾ ਹੈ।

*ਯਥਾ-* "ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥" *(ਪੰਨਾ ੧੦੧੩)*

***(ਬਡੇ ਭੂਪਤਿ ਰਾਜੇ ਹੈ ਛੇਧੇ ॥ ੪॥)*** ਪ੍ਰਿਥੂ ਆਦਿਕ ਵੱਡੇ ਵੱਡੇ ਭੂਪਤਿ ਅਤੇ ਜਨਕ ਵਰਗੇ ਵੱਡੇ ਵੱਡੇ ਰਾਜੇ।

*ਯਥਾ-* "ਭਗਤ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ।

ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।
ਧਰਮ ਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ।"

*(ਭਾ: ਗੁਰਦਾਸ ਜੀ, ਵਾਰ ੧੦ ਪਉੜੀ ੫)*

ਇਸ ਤਰ੍ਹਾਂ ਭਗਤੀ ਨੇ ਸਾਰਿਆਂ ਦੇ ਚਿਤ ਬੇਧੇ=ਵਿੰਨ੍ਹੇ ਹੋਏ ਹਨ॥ ੪॥

*(ਸੋਹਾਗਨਿ ਉਰਵਾਰਿ ਨ ਪਾਰਿ॥)* ਸੋਹਾਗਨਿ=ਭਗਤੀ ਇਸ ਜੀਵ ਨੂੰ ਉਰਵਾਰਿ=ਸੰਸਾਰ ਵਿਚ ਨਹੀਂ ਰਹਿਣ ਦੇਂਦੀ, ਸੰਸਾਰ ਤੋਂ ਪਾਰ ਕਰ ਦੇਂਦੀ ਹੈ।

*(ਪਾਂਚ ਨਾਰਦ ਕੈ ਸੰਗਿ ਬਿਧਵਾਰਿ॥)* ਪੰਜ ਗਿਆਨ ਇੰਦ੍ਰੀਏ ਅਤੇ ਨਾਰਦ=ਮਨ ਇਨ੍ਹਾਂ ਕਰਕੇ ਭਗਤੀ ਨਾਲ ਬਿਧਵਾਰਿ=ਮਿਲਣ ਵਾਲਾ ਹੋਵੇ।

*(ਪਾਂਚ ਨਾਰਦ ਕੇ ਮਿਟਵੇ ਫੂਟੇ॥)* ਪੰਜ ਗਿਆਨ ਇੰਦਰੀਆਂ ਦੇ ਅਤੇ ਨਾਰਦ=ਮਨ ਦੇ ਵਿਸ਼ੇ ਰੂਪ ਮਿਟਵੇ=ਵਾਜੇ ਫੁੱਟ ਗਏ ਹਨ।

*ਕਹੁ ਕਬੀਰ ਗੁਰ ਕਿਰਪਾ ਛੂਟੇ ॥ ੫॥ ੫॥ ੮॥*

ਕਬੀਰ ਜੀ ਕਥਨ ਕਰਦੇ ਹਨ-ਗੁਰ ਕਿਰਪਾ ਨਾਲ ਭਗਤੀ ਦੁਆਰਾ ਅਸੀਂ ਛੁੱਟ ਗਏ ਹਾਂ॥ ੫॥ ੫॥ ੮॥

## ਗੋਂਡ ॥

**ਉਥਾਨਕਾ:**-ਸੰਤਾਂ ਬਗੈਰ ਮੁਕਤੀ ਨਹੀਂ ਮਿਲਦੀ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

## ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ॥ ਨਾਮ ਬਿਨਾ ਕੈਸੇ ਪਾਰਿ ਉਤਰੈ॥

ਜਿਵੇਂ ਮੰਦਰ ਵਿਚੋਂ ਬਲ=ਵਲਾ, ਛਤੀਰ ਹਰ=ਖਿੱਚ ਲੈਣ ਨਾਲ ਮੰਦਰ ਨਹੀਂ ਠਹਿਰਦਾ। ਤਿਵੇਂ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੀਵ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਪਾਰ ਉਤਰ ਸਕਦਾ ਹੈ।

## ਕੁੰਭ ਬਿਨਾ ਜਲੁ ਨ ਟੀਕਾਵੈ॥ ਸਾਧੂ ਬਿਨੁ ਐਸੇ ਅਬਗਤੁ ਜਾਵੈ॥ ੧॥

ਜੈਸੇ ਕੁੰਭ=ਘੜੇ ਤੋਂ ਬਿਨਾਂ ਜਲ ਨਹੀਂ ਠਹਿਰਦਾ।

*ਯਥਾ-* "ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥" *(ਪੰਨਾ ੪੬੯)*

ਏਸੇ ਤਰ੍ਹਾਂ ਸੰਤਾਂ ਤੋਂ ਬਿਨਾਂ ਜੀਵ ਅਬਗਤੁ=ਅਵਗਤਾ, ਮੁਕਤੀ ਤੋਂ ਰਹਿਤ, ਟੇਢੀਆਂ ਜੂਨਾਂ ਵਿਚ ਜਾਂਦਾ ਹੈ॥ ੧॥

## ਜਾਰਉ ਤਿਸੈ ਜੁ ਰਾਮੁ ਨ ਚੇਤੈ॥

ਤਿਸ ਨੂੰ ਜਾਰਉ=ਸਾੜ ਦਿਓ ਜੋ ਰਾਮ ਨਾਮ ਨੂੰ ਨਹੀਂ ਚੇਤੈ=ਸਿਮਰਦਾ।

## ਤਨ ਮਨ ਰਮਤ ਰਹੈ ਮਹਿ ਖੇਤੈ॥ ੧॥ ਰਹਾਉ॥

ਸੰਸਾਰ ਖੇਤ ਵਿਚ ਜਿਸ ਦਾ ਤਨ ਮਨ ਰਮਤ ਰਹੈ=ਮਿਲਿਆ ਰਹਿੰਦਾ ਹੈ॥ ੧॥

## ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥ ਸੂਤ ਬਿਨਾ ਕੈਸੇ ਮਣੀ ਪਰੋਈਐ॥

ਜਿਵੇਂ ਹਲ ਤੇ ਹਰ=ਜਲ ਬਿਨਾਂ ਜ਼ਮੀਨ ਨਹੀਂ ਬੀਜੀ ਜਾਂਦੀ, ਅਤੇ-

ਸੂਤ=ਧਾਗੇ ਤੋਂ ਬਿਨਾਂ ਮਾਲਾ ਦੇ ਮਣੀ=ਮਣਕੇ ਕਿਵੇਂ ਪਰੋਏ ਜਾਂਦੇ ਹਨ ?

## ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ॥ ੨॥

ਜੈਸੇ ਘੁੰਡੀ=ਮਰੋੜੀ ਦਿੱਤੇ ਬਿਨਾਂ ਗੰਢ ਕਿਵੇਂ ਚਾੜ੍ਹੀ ਜਾ ਸਕਦੀ ਹੈ ?

ਤੈਸੇ ਸੰਤਾਂ ਤੋਂ ਬਿਨਾਂ ਅਬਗਤੁ=ਬੁਰੇ ਹਾਲੀਂ ਮੁਕਤੀ ਤੋਂ ਰਹਿਤ ਜਾਈਦਾ ਹੈ॥ ੨॥

## ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ ਬਿੰਬ ਬਿਨਾ ਕੈਸੇ ਕਪਰੇ ਧੋਈ॥

ਜਿਵੇਂ ਮਾਂ ਪਿਉ ਤੋਂ ਬਿਨਾਂ ਬਾਲਕ ਦੀ ਉਤਪਤੀ ਨਹੀਂ ਹੁੰਦੀ। ਅਤੇ-

ਬਿੰਬ=ਪਾਣੀ ਤੋਂ ਬਿਨਾਂ ਕਪੜੇ ਕਿਸ ਤਰ੍ਹਾਂ ਧੋਤੇ ਜਾਣ ? ਭਾਵ ਨਹੀਂ ਧੋਤੇ ਜਾਂਦੇ ।

## ਘੋਰ ਬਿਨਾ ਕੈਸੇ ਅਸਵਾਰ॥ ਸਾਧੂ ਬਿਨੁ ਨਾਹੀ ਦਰਵਾਰ॥ ੩ ॥

ਜਿਵੇਂ ਘੋੜੇ ਤੋਂ ਬਿਨਾਂ ਅਸਵਾਰੀ ਕਿਸ ਤਰ੍ਹਾਂ ਕਰ ਸਕਦਾ ਹੈ?

ਤਿਵੇਂ ਸੰਤਾਂ ਤੋਂ ਬਿਨਾਂ ਦਰਵਾਰ=ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ ॥ ੩॥

*ਯਥਾ*-"ਖੋਜਤ ਖੋਜਤ ਸੁਨੀ ਇਹ ਸੋਇ। ਸਾਧਸੰਗਤਿ ਬਿਨੁ ਤਰਿਓ ਨ ਕੋਇ॥"

*(ਆਸਾ ਮਹਲਾ ੫, ਪੰਨਾ ੩੭੩)*

## ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ॥ ਖਸਮਿ ਦੁਹਾਗਨਿ ਤਜਿ ਅਉਹੇਰੀ॥

ਜਿਵੇਂ ਵਾਜੇ ਤੋਂ ਬਿਨਾਂ ਫੇਰੀ=ਭਵਾਟਣੀ ਨਹੀਂ ਲੀਤੀ ਜਾਂਦੀ।

ਖਸਮ ਨੇ ਜਿਹੜੀ ਨਹੀਂ ਤਿਆਗੀ, ਉਹ ਦੁਹਾਗਣਿ ਨਹੀਂ ਵੇਖੀ ਜਾਂਦੀ ਤੇ ਖਸਮ ਨੇ ਜਿਹੜੀ ਤਿਆਗ ਦਿੱਤੀ ਹੈ ਉਹ ਦੁਹਾਗਣ ਵੇਖਣ ਵਿਚ ਆਉਂਦੀ ਹੈ।

## ਕਹੈ ਕਬੀਰੁ ਏਕੈ ਕਰਿ ਕਰਨਾ॥

ਕਬੀਰ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਅਕਾਲ ਪੁਰਖ ! ਇਕ ਸਾਡੇ ਤੇ ਕਿਰਪਾ ਕਰ ਜੋ ਅਸੀਂ ਗੁਰਮੁਖ ਹੋਈਏ।

## ਗੁਰਮੁਖਿ ਹੋਇ ਬਹੁਰਿ ਨਹੀ ਮਰਨਾ॥ ੪ ॥ ੬ ॥ ੯ ॥

ਕਿਉਂਕਿ ਜੋ ਗੁਰਮੁਖ ਹੁੰਦਾ ਹੈ ਉਸ ਦਾ ਫਿਰ ਜਨਮ ਮਰਨ ਨਹੀਂ ਹੁੰਦਾ ॥ ੪॥ ੬॥ ੯॥

## ਗੋਂਡ॥

**ਉਥਾਨਕਾ:**-ਲੋਕਾਂ ਆਖਿਆਂ-"ਕਬੀਰ ਫੱਫੇ ਕੁੱਟਣਾ ਹੈ, ਜੋ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਲੋਂ ਹਟਾ ਕੇ ਪਰਮੇਸ਼ਰ ਵਲ ਲਾਉਂਦਾ ਹੈ।"

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

***ਕੂਟਨੁ ਕਿਸੈ ਕਹਹੁ ਸੰਸਾਰ॥***

ਹੇ ਲੋਕੋ ! ਤੁਸੀਂ ਸੰਸਾਰ ਵਿਚ ਫੱਫੇ ਕੁੱਟਣਾ ਕਿਸ ਨੂੰ ਕਹਿੰਦੇ ਹੋ, ਕਿਉਂਕਿ-

***(ਸਗਲ ਬੋਲਨ ਕੇ ਮਾਹਿ ਬੀਚਾਰ॥)*** ਸਾਰੀਆਂ ਗੱਲਾਂ ਦੇ ਬੋਲਣ ਵਿਚ ਵਿਚਾਰ ਹੈ।

## ਕੂਟਨੁ ਸੋਇ ਜੁ ਮਨ ਕਉ ਕੂਟੈ॥ ਮਨ ਕੂਟੈ ਤਉ ਜਮ ਤੇ ਛੂਟੈ॥

ਸਾਡੇ ਮਤ ਵਿਚ ਫੱਫੇ ਕੁੱਟਣਾ ਉਹ ਹੈ ਜਿਹੜਾ ਮਨ (ਰੂਪੀ ਸ਼ੱਤ੍ਰ) ਨੂੰ ਕੁੱਟਣਾ ਕਰੇ।

ਮਨ ਰੂਪੀ ਸ਼ੱਤ੍ਰ ਨੂੰ ਕੱਟੇ ਤਾਂ ਜਮਾਂ ਤੋਂ ਛੁੱਟ ਜਾਂਦਾ ਹੈ।

## ਕੁਟਿ ਕੁਟਿ ਮਨੁ ਕਸਵਟੀ ਲਾਵੈ॥ ਸੋ ਕੂਟਨੁ ਮੁਕਤਿ ਬਹੁ ਪਾਵੈ॥ ੧ ॥

ਵਿਸ਼ਿਆਂ ਵਿਚ ਲੱਗੇ ਹੋਏ ਮਨ ਨੂੰ ਸਮ ਦਮ ਆਦਿ ਸਾਧਨਾਂ ਦੁਆਰਾ ਬਾਰੰਬਾਰ ਕੁੱਟ ਕੁੱਟ ਕੇ ਫੇਰ ਉਸਦੀ

ਸ਼ੁੱਧਤਾ ਪਰਖਣੇ ਲਈ ਭਗਤੀ ਰੂਪ ਕਸਉਟੀ ਤੇ ਲਾਵੇ।

ਉਹ ਛੱਫੇ ਕੁੱਟਣਾ ਬਹੁ=ਵਡੀ ਮੁਕਤਿ=ਮੁਕਤੀ ਨੂੰ, ਭਾਵ ਕੇਵਲ ਮੁਕਤੀ ਨੂੰ ਪਾ ਲੈਂਦਾ ਹੈ।॥ ੧ ॥

**ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥੧॥ ਰਹਾਉ ॥**

(ਇਨ੍ਹਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ।)

ਲੋਕਾਂ ਆਖਿਆ-"ਇਹ ਨੱਚਣਾ ਹੈ, ਅਸੀਂ ਕੁਝ ਕਹਿੰਦੇ ਹਾਂ ਇਹ ਕੁਝ ਹੋਰ ਸਮਝਦਾ ਹੈ।" ਉੱਤਰ-

**ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥**

ਸਾਡੇ ਮਤ ਵਿਚ ਨੱਚਣਾ ਉਹ ਹੈ ਜਿਹੜਾ ਮਨ ਨਾਲ ਸੱਤ ਅਸੱਤ ਦਾ ਨਾਚੈ=ਨਿਰਣਾ ਕਰੇ। ਝੂਠੇ ਬਚਨਾਂ ਤੇ ਭਰੋਸਾ ਨਾ ਕਰੇ ਤੇ ਸੱਚ ਵਿਚ ਪਰਚਣਾ ਕਰੇ, ਭਾਵ ਲਗਣਾ ਕਰੇ।

**ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥ ੨ ॥**

ਇਸ ਮਨ=ਸ਼੍ਰੋਮਣੀ ਪਰਮਾਤਮਾ ਅੱਗੇ ਮਹਾਵਾਕਾਂ ਰੂਪੀ, ਵਾ:-ਜਸ ਰੂਪੀ ਤਾਲਾਂ ਨੂੰ ਪੂਰਨਾ ਕਰੇ। ਇਸ ਤਰ੍ਹਾਂ ਦੇ ਨੱਚਣ ਵਾਲੇ ਪੁਰਸ਼ ਦੀ ਮਨ=ਸ਼੍ਰੋਮਣੀ ਪਰਮਾਤਮਾ ਰੱਖਿਆ ਕਰਨ ਵਾਲਾ ਹੁੰਦਾ ਹੈ॥ ੨ ॥

ਫਿਰ ਲੋਕਾਂ ਨੇ ਆਖਿਆ-"ਇਹ ਮਸ਼ਕਰਾ ਹੈ ਚੂੰਕਿ ਉਲਟੀਆਂ ਗੱਲਾਂ ਵਿਚ ਉੱਤਰ ਦੇਂਦਾ ਹੈ।"

ਕਬੀਰ ਜੀ ਆਖਦੇ ਹਨ ਸਾਡੇ ਮਤ ਵਿਚ-

**ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥**

ਬਜਾਰੀ=ਮਸ਼ਕਰਾ ਉਹ ਹੈ ਜਿਹੜਾ ਬਜਾਰਹਿ=ਗਿਆਨ ਇੰਦ੍ਰੀਆਂ ਨੂੰ ਸੋਧਣਾ ਕਰੇ ਭਾਵ ਵਿਸ਼ਿਆਂ ਤੋਂ ਰਹਿਤ ਕਰੇ।

ਪਾਂਚ ਪਲੀਤਹ=ਪੰਜ ਗਿਆਨ ਇੰਦ੍ਰੀਆਂ ਨੂੰ ਪਰ=ਭਲੀ ਪ੍ਰਕਾਰ ਬੋਧੈ=ਸਮਝਾਵੇ।

**ਨਉ ਨਾਇਕ ਕੀ ਭਗਤਿ ਪਛਾਨੈ ॥**

ਨੌਂ ਖੰਡਾਂ ਵਾਲੀ ਪ੍ਰਿਥਵੀ ਦੇ ਨਾਇਕ=ਮਾਲਕ ਦੀ ਭਗਤੀ ਕਰਨੀ ਪਛਾਣੇ।

ਵਾ-ਨਾਇਕ=ਸੁਆਮੀ ਹੈ ਨਉ=ਨਾਂ ਜਿਸ ਦਾ, ਉਸ ਦੀ ਭਗਤੀ ਕਰਨੀ ਪਛਾਣੇ।

ਵਾ:-ਨਾਇਕ ਦੀ ਨਉ ਭਗਤਿ=ਨੌਧਾ ਭਗਤੀ ਕਰਨੀ ਪਛਾਣੇ।

**ਸੋ ਬਾਜਾਰੀ ਹਮ ਗੁਰ ਮਾਨੇ ॥ ੩ ॥**

ਉਸ ਮਸ਼ਕਰੇ ਨੂੰ ਅਸੀਂ ਸਭ ਤੋਂ ਗੁਰ=ਵੱਡਾ ਕਰਕੇ ਮੰਨਦੇ ਹਾਂ।

ਵਾ:-ਗੁਰੂ ਕਰਕੇ ਮੰਨਦੇ ਹਾਂ॥ ੩ ॥

ਕਬੀਰ ਜੀ ਨੇ ਆਪਣੀ ਸ਼ਰਨ ਆਇਆ ਸਮਝ ਕੇ ਬਚਾਉ ਦੀ ਖਾਤਰ ਜਦ ਚੋਰ ਨੂੰ ਆਪਣੀ ਲੜਕੀ ਪਾਸ ਸੁਆ ਦਿੱਤਾ ਤਾਂ ਲੋਕਾਂ ਆਖਿਆ, "ਇਹ ਚੋਰਾਂ ਦਾ ਮੇਲੀ ਹੈ ਇਸ ਤੇ ਇਹ ਭੀ ਚੋਰ ਹੈ।"

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

**ਤਸਕਰੁ ਸੋਇ ਜਿ ਤਾਤਿ ਨ ਕਰੈ ॥**

ਤਸਕਰੁ=ਚੋਰ ਉਹ ਹੈ ਜਿਹੜਾ ਕਿਸੇ ਨੂੰ ਦੁੱਖ ਦੇਣ ਦੀ ਤਾਤਿ=ਇੱਛਾ ਨਾ ਕਰੇ।

'ਤਾਤਿ' ਸ਼ਬਦ ਜਿਥੇ ਭੀ ਆਇਆ ਹੈ ਓਥੇ ਇੱਛਾ ਦਾ ਨਾਮ ਹੈ।

*ਯਥਾ*-''ਜਿਸੁ ਅੰਦਰਿ 'ਤਾਤਿ' ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥''

*(ਗਉੜੀ ਵਾਰ, ਪੰਨਾ ੩੦੮)*

*ਤਥਾ*-''ਬਿਸਰਿ ਗਈ ਸਭ 'ਤਾਤਿ' ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥''

*(ਕਾਨੜਾ ਮ: ੫, ਪੰਨਾ ੧੨੯੯)*

*ਤਥਾ*-''ਅਹਿਨਿਸਿ ਨਿੰਦਾ 'ਤਾਤਿ' ਪਰਾਈ ਹਿਰਦੈ ਨਾਮ ਨ ਸਰਬ ਦਇਆ॥''

*(ਰਾਮਕਲੀ ਮ: ੧, ਪੰਨਾ ੯੦੬)*

## ਇੰਦ੍ਰੀ ਕੈ ਜਤਨਿ ਨਾਮੁ ਉਚਰੈ॥

ਬੜੇ ਬੜੇ ਜਤਨਾਂ ਨੂੰ ਕੈ=ਕਰਕੇ ਇੰਦ੍ਰੀਆਂ ਨੂੰ ਆਪੋ ਆਪਣੇ ਵਿਸ਼ਿਆਂ ਵੱਲੋਂ ਰੋਕ ਕੇ ਅਕਾਲ ਪੁਰਖ ਦੇ ਨਾਮ ਨੂੰ ਉਚਾਰਨ ਕਰੇ।

ਵਾ:-ਜਤਨ ਪੂਰਬਕ ਇੰਦ੍ਰੀਆਂ ਦੁਆਰਾ ਨਾਮ ਨੂੰ ਉਚਾਰਨਾ ਕਰੇ।

## ਕਹੁ ਕਬੀਰ ਹਮ ਐਸੇ ਲਖਨ॥
## ਧੰਨੁ ਗੁਰਦੇਵ ਅਤਿ ਰੂਪ ਬਿਚਖਨ॥੪॥੭॥੧੦॥

ਕਬੀਰ ਜੀ ਕਥਨ ਕਰਦੇ ਹਨ-ਸਾਡੇ ਵਿਚ ਇਸ ਤਰ੍ਹਾਂ ਦੇ ਲਖਨ=ਚਿੰਨ੍ਹ ਹਨ।

*ਪ੍ਰਸ਼ਨ*-''ਇਹ ਚਿੰਨ੍ਹ ਤੁਹਾਨੂੰ ਕਿਵੇਂ ਪ੍ਰਾਪਤ ਹੋਏ ?'' *ਉੱਤਰ*-ਗੁਰਾਂ ਦੀ ਕਿਰਪਾ ਨਾਲ।

ਇਸ ਤੇ ਗੁਰਦੇਵ ਜੀ ਧੰਨਤਾ ਯੋਗ ਹਨ, ਜੋ ਅਤਿ ਰੂਪ ਬਿਚਖਨ=ਬੜੇ ਚਤੁਰ ਸਰੂਪ ਹਨ।

ਵਾ:-ਬਿ ਚਖਨ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪੀ ਨੇਤਰਾਂ ਵਾਲੇ ਹਨ।

ਵਾ:-ਬਿ=ਦ੍ਵੈਵ ਦੇ ਚ=ਪੁਨਾ ਖਨ=ਖਨਨੇ ਭਾਵ ਨਾਸ ਕਰਨ ਵਾਲੇ ਹਨ॥ ੪॥ ੭॥ ੧੦॥

## [ਪੰਨਾ ੮੭੩]

## ਗੋਂਡ॥

**ਉਥਾਨਕਾ:**-ਕੋਈ ਪਖੰਡੀ ਪੁਰਸ਼ ਦੂਧਾਧਾਰੀ ਹੋ ਕੇ ਅੰਨ ਦੀ ਨਖੇਧੀ ਕਰਦਾ ਸੀ, ਸਾਰਿਆਂ ਲੋਕਾਂ ਨੂੰ ਇਹੋ ਉਪਦੇਸ਼ ਦੇਂਦਾ ਸੀ ਕਿ ਅੰਨ ਖਾਣ ਨਾਲ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ।

ਤਿਸ ਨੂੰ ਕਬੀਰ ਜੀ ਉੱਤਰ ਦੇਂਦੇ ਹਨ-

## ਧੰਨੁ ਗੁਪਾਲ ਧੰਨੁ ਗੁਰਦੇਵ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥

ਗੁ+ਪਾਲ=ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪਰਮਾਤਮਾ ਧੰਨ ਹੈ ਜਿਸ ਨੇ ਅੰਨ ਪੈਦਾ ਕੀਤਾ ਹੈ ਤੇ ਗੁਰਦੇਵ ਜੀ ਵੀ ਧੰਨ ਹਨ ਜੋ ਪਰਮੇਸ਼ਰ ਪ੍ਰਾਪਤੀ ਦਾ ਗਿਆਨ ਕਰ ਦੇਂਦੇ ਹਨ।

ਅਨਾਦਿ=ਅਨਾਜ (ਅੰਨ) ਧੰਨਤਾ ਯੋਗ ਹੈ, ਜਿਸ ਦੇ ਖਾਣ ਨਾਲ ਭੁੱਖੇ ਦਾ ਹਿਰਦਾ-ਕਵਲ ਟਹਕੇਵ=ਪਰਫੁੱਲਤ ਭਾਵ ਖਿੜ ਜਾਂਦਾ ਹੈ।

## ਧਨੁ ਓਇ ਸੰਤ ਜਿਨ ਐਸੀ ਜਾਨੀ॥
## ਤਿਨ ਕਉ ਮਿਲਿਬੋ ਸਾਰਿੰਗਪਾਨੀ॥ ੧ ॥

ਉਹ ਸੰਤ ਵੀ ਧੰਨ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਦੀ ਗੱਲ ਜਾਨਣਾ ਕੀਤੀ ਹੈ।

ਤਿਨ੍ਹਾਂ ਨੂੰ ਸਾਰਿੰਗਪਾਨੀ=ਪਰਮਾਤਮਾ ਮਿਲਦਾ ਹੈ॥ ੧ ॥

*ਪ੍ਰਸ਼ਨ-"ਅੰਨ ਕਿਥੋਂ ਪੈਦਾ ਹੋਇਆ ਹੈ ?" ਉੱਤਰ-*

## ਆਦਿ ਪੁਰਖ ਤੇ ਹੋਇ ਅਨਾਦਿ ॥

ਆਦਿ ਪੁਰਖ=ਪਰਮਾਤਮਾ ਤੋਂ ਹੀ ਅਨਾਦਿ=ਅੰਨ ਪਰੰਪਰਾ ਰੀਤੀ ਨਾਲ ਉਤਪੰਨ ਹੋਇਆ ਹੈ।

ਜਿਵੇਂ-ਕੁਲ ਸ੍ਰਿਸ਼ਟੀ ਦੇ ਜੀਵ ਅੰਨ ਤੋਂ ਪੈਦਾ ਹੁੰਦੇ ਹਨ, ਕਿਉਂਕਿ ਸਥੂਲ ਸਰੀਰ ਅੰਨਮਜ ਕੋਸ਼ ਹੈ। ਅੰਨ ਮੇਘਾਂ ਤੋਂ ਹੁੰਦਾ ਹੈ। ਮੇਘ ਯੱਗਾਂ ਤੋਂ ਹੁੰਦੇ ਹਨ। ਕਰਮ ਵੇਦਾਂ ਤੋਂ ਹੁੰਦੇ ਹਨ। ਵੇਦ ਪ੍ਰਮਾਤਮਾ ਤੋਂ ਹੋਏ ਹਨ। ਇਸ ਤਰ੍ਹਾਂ ਪਰੰਪਰਾ ਰੀਤੀ ਨਾਲ ਪ੍ਰਮਾਤਮਾ ਤੋਂ ਅੰਨ ਉਤਪੰਨ ਹੁੰਦਾ ਹੈ।

## ਜਪੀਐ ਨਾਮੁ ਅੰਨ ਕੈ ਸਾਦਿ॥ ੧ ॥ ਰਹਾਉ॥

ਇਸ ਵਾਸਤੇ ਅੰਨ ਦੇ ਸੁਆਦ ਨੂੰ ਲੈ ਕੇ ਪਰਮਾਤਮਾ ਦਾ ਨਾਮ ਜਪਣਾ ਕਰੀਏ॥ ੧ ॥

## ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥

ਪਰਮਾਤਮਾ ਦਾ ਨਾਮ ਜਪੀਏ ਅਤੇ ਅੰਨ ਨੂੰ ਵੀ ਜਪੀਏ, ਭਾਵ ਅੰਨ ਦੀ ਸਿਫ਼ਤ ਕਰੀਏ।

ਵਾ:-ਅੰਨ ਨੂੰ ਜਪੀਐ=ਖਾ ਕੇ ਨਾਮ ਨੂੰ ਜਪਣਾ ਕਰੀਏ।

ਅੰਭੈ=ਪਾਣੀ ਦੇ ਨਾਲ ਮਿਲਣ ਕਰਕੇ ਅੰਨ ਦਾ ਵੰਨੁ=ਰੰਗ, ਨੀਕਾ=ਚੰਗਾ ਹੋ ਜਾਂਦਾ ਹੈ।

## ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥ ੨ ॥

ਅੰਨ ਛਕਣ ਤੋਂ ਬਾਹਰ ਜਿਹੜਾ ਆਦਮੀ ਹੁੰਦਾ ਹੈ।

ਉਹ ਤਿੰਨਾਂ ਲੋਕਾਂ ਵਿਚ ਆਪਣੀ ਪਤ-ਆਬਰੋ ਖੋਹ ਲੈਂਦਾ ਹੈ॥ ੨ ॥

ਯਥਾ-"ਅੰਨੁ ਨ ਖਾਹਿ ਦਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥"

*(ਰਾਮਕਲੀ ਮ: ੧, ਪੰਨਾ ੯੦੫)*

## ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥

ਅੰਨ ਖਾਣਾ ਛੱਡ ਕੇ ਜੋ ਪਖੰਡ ਕਰਦਾ ਹੈ।

ਨਾ ਉਹ ਸੁਹਾਗਣ ਹੈ ਨਾ ਉਹ ਰੰਡੀ ਹੈ। ਪਰਮੇਸ਼ਰ-ਪਤੀ ਮਿਲਦਾ ਨਹੀਂ, ਇਸ ਕਰਕੇ ਸੁਹਾਗਣ ਨਹੀਂ। ਪਰਮਾਤਮਾ-ਪਤੀ ਕਦੇ ਮਰਦਾ ਨਹੀਂ, ਇਸ ਕਰਕੇ ਉਹ ਰੰਡੀ ਨਹੀਂ।

## ਜਗ ਮਹਿ ਬਕਤੇ ਦੂਧਾਧਾਰੀ॥ ਗੁਪਤੀ ਖਾਵਹਿ ਵਟਿਕਾ ਸਾਰੀ॥ ੩ ॥

ਜਗਤ ਵਿਚ ਬਕਦੇ ਹਨ ਕਿ ਅਸੀਂ ਦੂਧਾਧਾਰੀ ਹਾਂ। ਦੁੱਧ ਦੇ ਆਸਰੇ ਰਹਿੰਦੇ ਹਾਂ।

ਪਰ ਰਾਤ ਨੂੰ ਗੁਪਤੀ=ਲੁਕ-ਛਿਪ ਕੇ ਸਾਰੀ ਵੱਟੀ, ਪੰਜ ਸੇਰ ਹੀ ਖਾ ਜਾਂਦੇ ਹਨ।

ਵਾ:-ਵਟਿ ਕਾਸਾਰੀ=ਕਸਾਰ ਦੀਆਂ ਪਿੰਨੀਆਂ ਵੱਟ ਕੇ ਗੁਪਤ ਖਾ ਜਾਂਦੇ ਹਨ।

(ਸੰਪ੍ਰਦਾਈ ਪਾਠ 'ਵਟਿਕਾ' ਹੈ)

## ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥

ਨਿਯਮ ਹੈ, ਅੰਨ ਹੋਏ ਤੋਂ ਬਿਨਾਂ ਕਦੇ ਸੁਕਾਲੁ=ਚੰਗਾ ਸਮਾਂ, ਭਾਵ ਖੁਸ਼ਹਾਲੀ ਨਹੀਂ ਹੁੰਦੀ। ਅੰਨ ਦੇ ਤਿਆਗਣ ਕਰਕੇ ਗੁਪਾਲੁ=ਪਰਮਾਤਮਾ ਨਹੀਂ ਮਿਲਦਾ।

## ਕਹੁ ਕਬੀਰ ਹਮ ਐਸੇ ਜਾਨਿਆ ॥

ਕਬੀਰ ਜੀ ਕਥਨ ਕਰਦੇ ਹਨ-ਮੈਂ ਇਸ ਤਰ੍ਹਾਂ ਜਾਨਣਾ ਕੀਤਾ ਹੈ।

## ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪ ॥ ੮ ॥ ੧੧ ॥

ਅਨਾਦਿ=ਅਨਾਜ-ਅੰਨ ਧੰਨ ਹੈ ਜਿਸ ਉਤੇ ਠਾਕੁਰ=ਪਰਮਾਤਮਾ ਦਾ ਮਨ ਮੰਨਿਆਂ ਗਿਆ ਹੈ।

### ਸਾਖੀ-ਅੰਨ ਮਹਿਮਾ ਦੀ

ਇਕ ਇਕ ਬੈਕੁੰਠ ਵਿਚ ਸਭ ਦੇਵਤਿਆਂ ਦੀ ਸਭਾ ਬੁਲਾਈ ਗਈ। ਜਿਉਂ ਜਿਉਂ ਦੇਵਤੇ ਆਉਣ, ਆਪੇ ਆ ਕੇ ਬੈਠਦੇ ਜਾਣ। ਜਿਸ ਵੇਲੇ ਅੰਨ ਦੇਵਤਾ ਆਇਆ ਤਾਂ ਭਗਵਾਨ ਜੀ ਨੇ ਅਵਾਜ਼ ਦੇ ਕੇ ਅੱਗੇ ਸੱਦ ਲਿਆ, ਬੜੇ ਆਦਰ-ਮਾਣ ਨਾਲ ਬਿਠਾਇਆ। ਇਹ ਗੱਲ ਵੇਖ ਕੇ ਬਾਕੀ ਦੇ ਦੇਵਤੇ ਨਾ ਸਹਿ ਸਕੇ। ਆਪਸ ਵਿਚ ਬਹੁਤ ਚਰਚਾ ਛਿੜ ਪਈ ਕਿ ਇਸ ਕਾਲੇ ਰੰਗ ਦੇ ਕੋਹੜੇ ਨੂੰ ਇਤਨਾ ਆਦਰ ਕਿਉਂ ਦਿੱਤਾ ਹੈ। ਰੌਲਾ ਸੁਣ ਕੇ ਅੰਤਰਜਾਮੀ ਭਗਵਾਨ ਨੇ ਉਸੀ ਵੇਲੇ ਸੰਸਾਰ 'ਚੋਂ ਅੰਨ ਦੇਵਤਾ ਬੁਲਾ ਲਿਆ। ਲੋਕ ਭੁੱਖੇ ਮਰਨ ਲੱਗੇ ਤੇ ਅਹੂਤੀਆਂ ਬੰਦ ਹੋਣ ਨਾਲ ਦੇਵਤੇ ਭੀ ਤੜਫਣ ਲੱਗੇ। ਉਸੀ ਵੇਲੇ ਦੇਵਤਿਆਂ ਨੇ ਭੁੱਲ ਬਖਸ਼ਾ ਕੇ ਅੰਨ ਦੇਵਤੇ ਨੂੰ ਸੰਸਾਰ, ਵਿਚ ਭਿਜਵਾਇਆ, ਉਸ ਵੇਲੇ ਸਭ ਦੇਵਤਿਆਂ ਅੰਦਰ ਵੀ ਅੰਨ ਦੇਵਤੇ ਦਾ ਵਧੇਰੇ ਸਨਮਾਨ ਹੋ ਗਿਆ।

### ਦੂਜੀ ਸਾਖੀ

ਅੰਨ ਦੇਵਤਾ ਧੰਨ ਹੈ ਜਿਸ ਉਤੇ ਠਾਕੁਰ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਨ ਮੰਨਿਆਂ ਗਿਆ। ਜਿਸ ਵੇਲੇ ਪੰਚਮ ਪਿਤਾ ਸ੍ਰੀ ਰਾਮਸਰ ਸਰੋਵਰ ਦੇ ਕੰਢੇ ਪਰ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਸਨ ਤੇ ਬਸੰਤ ਰਾਗ ਵਿਖੇ ਵਾਰ ਉਚਾਰ ਰਹੇ ਸਨ। ਅਜੇ ਤਿੰਨ ਹੀ ਪਉੜੀਆਂ ਉਚਾਰੀਆਂ ਸਨ ਜੋ ਇਤਨੇ ਨੂੰ ਲਾਂਗਰੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, "ਗਰੀਬ ਨਿਵਾਸ ਜੀਓ ! ਲੰਗਰ ਦਾ ਪ੍ਰਸ਼ਾਦਿ ਹਾਜ਼ਰ ਹੈ, ਆਪ ਜੀ ਹੁਕਮ ਦਿਓ ਤਾਂ ਲੈ ਆਵਾਂ।"

ਹਜ਼ੂਰ ਨੇ ਅੰਨ ਦਾ ਸਤਿਕਾਰ ਕਰਦੇ ਹੋਇਆਂ ਕਿਹਾ-"ਭਾਈ ! ਲੈ ਆ।" ਲਾਂਗਰੀ ਨੇ ਝੱਟ ਜਾ ਕੇ ਪ੍ਰਸ਼ਾਦਿ ਥਾਲ ਵਿਖੇ ਪਾ ਲਿਆਂਦਾ ਤੇ ਹਜ਼ੂਰ ਜੀ ਪ੍ਰਸ਼ਾਦ-ਪਾਣੀ ਛਕ ਕੇ ਬਿਰਾਜਮਾਨ ਹੋ ਗਏ। ਏਸ ਕਰਕੇ ਵਾਰ ਦੀਆਂ ਤਿੰਨ ਹੀ ਪਉੜੀਆਂ ਰਹੀਆਂ ਹਨ।

*ਯਥਾ-* 'ਇਤ ਸ੍ਰੀ ਅਰਜਨ ਰਚਿਤ ਗ੍ਰਿੰਥ ਨਿਤ ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ, ਲਗੇ ਵਾਰ ਕਰਿਬੇ ਸੁਖ ਦਾਨ ॥ ੨੬ ॥
ਪੌੜੀ ਤੀਨ ਉਚਾਰਨਿ ਕੀਨੀ, ਸੂਪਕਾਰ ਤਬਿ ਹੂੰ ਚਲਿ ਆਇ।
ਪ੍ਰਭੁ ਜੀ ਭੋਜਨ ਅਬਿ ਤਜਾਰ ਹੈ, ਰਾਵਰ ਕੀ ਜਿਮ ਹੋਇ ਰਜਾਇ।

ਹਿਤ ਅਹਾਰ ਕੇ ਆਦਰ ਕਰਿਬੇ; ਸ੍ਰੀ ਗੁਰ ਹਟੇ, ਨ ਬਹੁਰ ਬਨਾਇ।
ਅਚਜੋ ਅਨਾਇ ਤ੍ਰਿਪਤ ਤਬਿ ਹੈ ਕਰਿ, ਨਿਜ ਸੰਗਤਿ ਮਹਿ ਇਹੁ ਬਿਦਤਾਇ॥ ੨੭॥
ਤਿਤਨੀ ਹਰੀ ਨ ਬਹੁਬਿ ਬਨਾਈ, ਅਪਰ ਖਜਾਲ ਮਹਿੰਗੇ ਬਿਰਮਾਇ।

*(ਗੁਰ ਪ੍ਰਤਾਪ ਸੂਰਜ, ਰਾਸ ੩. ਅੰਸੂ ੪੫)*

**ਦੂਜਾ ਅਰਥ-**

ਕਈ ਦਾਨੇ ਇਸ ਸ਼ਬਦ ਦਾ ਦੂਜਾ ਅਰਥ ਭੀ ਕਰਦੇ ਹਨ-

***ਧੰਨੁ ਗੁਪਾਲ ਧੰਨੁ ਗੁਰਦੇਵ॥***

ਗੁ+ਪਾਲ=ਪ੍ਰਿਥਵੀ ਪਾਲਕ ਪਰਮਾਤਮਾ ਧੰਨਤਾ ਦੇ ਯੋਗ ਹੈ। ਅਗਿਆਨ ਦਾ ਨਾਸ ਕਰਕੇ ਗਿਆਨ ਦਾ ਦੇਵ=ਪ੍ਰਕਾਸ਼ਕ ਜੋ ਗੁਰ=ਪੂਜਨੀਕ ਪਰਮਾਤਮਾ ਹੈ ਉਹ ਧੰਨ ਹੈ।

***(ਧੰਨੁ ਅਨਾਦਿ)*** ਉਹ ਅਨਾਦੀ ਪਰਮਾਤਮਾ ਧੰਨ ਹੈ।

(ਭੂ+ਖੇ) ਭੂ=ਪ੍ਰਿਥਵੀ ਤੇ ਖੇ ਅਕਾਸ਼ ਵਿਚ ਵਿਆਪਕ ਹੈ।

***(ਕਵਲ ਟਹਕੇਵ॥)*** ਆਪਣੀ ਸੱਤਾ ਨਾਲ ਜੋ ਹਿਰਦੇ-ਕਵਲ ਨੂੰ ਖਿੜਾਉਣ ਵਾਲਾ ਹੈ।

***ਧਨੁ ਓਇ ਸੰਤ ਜਿਨ ਐਸੀ ਜਾਨੀ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥ ੧॥***

ਉਹ ਸੰਤ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਅਜੇਹੀ ਸਿਖਿਆ ਜਾਣੀ ਹੈ।

ਤਿਨ੍ਹਾਂ ਸੰਤਾਂ ਨੂੰ ਜਿਹੜਾ ਮਿਲਣਾ ਹੈ ਏਹੀ ਸਾਰਿੰਗਪਾਨੀ=ਪਰਮਾਤਮਾ ਨਾਲ ਮਿਲਾਪ ਹੈ।

***ਆਦਿ ਪੁਰਖ ਤੇ ਹੋਇ ਅਨਾਦਿ॥ ਜਪੀਐ ਨਾਮੁ ਅੰਨ ਕੈ ਸਾਦਿ॥ ੧॥ ਰਹਾਉ॥***

ਜੋ ਸਾਰਿਆਂ ਦਾ ਆਦਿ ਪੁਰਖ ਹੈ, ਉਸ ਤੋਂ ਸਾਰਾ ਜਗਤ ਹੋਇਆ ਹੈ ਤੇ ਉਹ ਆਪ ਅਨਾਦੀ ਹੈ, ਉਸ ਦੀ ਆਦਿ ਕੋਈ ਨਹੀਂ।

ਜੇ ਉਸ ਦਾ ਨਾਮ ਜਪੀਏ ਤਾਂ ਫਿਰ ਅੰਨ=ਦ੍ਵੈਤ ਦਾ ਕੀ ਸੁਆਦ ਆਉਣਾ ਹੈ, ਭਾਵ ਨਹੀਂ ਆਉਂਦਾ।

***ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥***

ਸਤਿਨਾਮੁ ਨੂੰ ਜਪੀਏ ਅਤੇ ਅੰਨੁ=ਦ੍ਵੈਤ ਨੂੰ ਜਪੀਏ=ਜ਼ਬਤ ਕਰੀਏ।

ਪ੍ਰੇਮ ਰੂਪ ਅੰਭੈ=ਜਲ ਨਾਲ ਨੀਕਾ ਚੰਗਾ ਤੁਰੀਆ ਪਦ ਦਾ ਵੰਨੁ=ਰੰਗ ਚੜ੍ਹ ਜਾਂਦਾ ਹੈ।

***ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥ ੨॥***

ਜੋ ਪੁਰਸ਼ ਅੰਨੈ=ਦ੍ਵੈਤ ਤੋਂ ਬਾਹਰ ਹੁੰਦਾ ਹੈ।

ਉਹ ਤਿੰਨਾਂ ਭਵਨਾਂ ਵਿਚੋਂ ਅਪਨੀ=ਅਪਣੱਤ ਨੂੰ ਗੁਆ ਦੇਂਦਾ ਹੈ॥ ੨॥

***(ਛੋਡਹਿ ਅੰਨੁ ਕਰਹਿ ਪਾਖੰਡ॥)*** ਜੋ ਅੰਨੁ=ਦ੍ਵੈਤ ਨੂੰ ਛੱਡਦਾ ਹੈ ਉਹ ਪੁਰਸ਼ ਪਾ=ਪਾਪਾਂ ਦਾ ਖੰਡ=ਖੰਡਨ ਕਰਦਾ ਹੈ।

***(ਨਾ ਸੋਹਾਗਨਿ)*** ਉਹ ਨਾ=ਪੁਰਸ਼ ਸੋਹਾਗਨਿ=ਸੁਹਾਗਵੰਤੀਆਂ ਦੀ ਨਿਆਈਂ ਤਤਵੇਤਾ ਹੋ ਜਾਂਦਾ ਹੈ।

*(ਨਾ ਓਹਿ ਰੰਡ॥)* ਉਹ ਰੰਡ=ਅਨੀਸ਼ੁਰਵਾਦੀ, ਭਾਵ ਨਾਸਤਕ ਨਹੀਂ ਹੁੰਦਾ।

***ਜਗ ਮਹਿ ਬਕਤੇ ਦੂਧਾਧਾਰੀ ॥***

ਓਹ ਪੁਰਸ਼ ਜਗਤ ਵਿਖੇ ਦੁੱਧ ਦੀਆਂ ਧਾਰਾਂ ਵਾਂਗ ਉੱਜਲ, ਭਾਵ ਨਿਸ਼ਕਾਮੀ ਬਕਤੇ=ਉਚਾਰੇ ਜਾਂਦੇ ਹਨ।

***ਗੁਪਤੀ ਖਾਵਹਿ ਵਟਿ ਕਾਸਾਰੀ ॥ ੩ ॥***

ਗੁ+ਪਤੀ=ਇੰਦਰੀਆਂ ਦਾ ਪਤੀ ਜੋ ਸਾਖੀ ਚੇਤਨ ਹੈ, ਉਸ ਦੇ ਅਨੰਦ ਨੂੰ ਖਾਂਦੇ ਹਨ। ਕਸਾਰ ਵਾਂਗ ਜੋ ਇੰਦਰੀਏ ਹਨ, ਉਹਨਾਂ ਨੂੰ ਵਿਸ਼ਿਆਂ ਵਲੋਂ ਵਟਿ=ਦਮਨ ਕਰਦੇ ਹਨ।

*ਯਥਾ-* "ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ॥" *(ਮਾਝ ਵਾਰ, ਪੰਨਾ ੧੪੨)*

ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੁਪਾਲੁ॥

ਅੰਨੈ=ਦ੍ਵੈਤ ਤੋਂ ਬਿਨਾਂ ਹੋਣ ਕਰਕੇ ਉਹ ਕਾਲ ਦੇ ਵਸੀਕਾਰ ਨਹੀਂ ਹੁੰਦਾ।

ਕੀ ਅੰਨਿ=ਦ੍ਵੈਤ ਦੇ ਤਿਆਗਣ ਕਰਕੇ ਗੋਪਾਲ ਨਹੀਂ ਮਿਲਦਾ ? ਭਾਵ ਜ਼ਰੂਰ ਮਿਲਦਾ ਹੈ।

***ਕਹੁ ਕਬੀਰ ਹਮ ਐਸੇ ਜਾਨਿਆ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪ ॥ ੮ ॥ ੧੧ ॥***

ਕਬੀਰ ਜੀ ਆਖਦੇ ਹਨ-ਅਸਾਂ ਨੇ ਇਸ ਪ੍ਰਕਾਰ ਦੇ ਵਿਚਾਰ ਨੂੰ ਜਾਣਿਆ ਹੈ।

ਉਹ ਅਨਾਦੀ ਠਾਕੁਰ ਧੰਨ ਹੈ, ਉਸ ਉਤੇ ਮੇਰਾ ਮਨ ਮੰਨਿਆ ਗਿਆ ਹੈ॥ ੪ ॥ ੮ ॥ ੧੧ ॥

ਇਥੋਂ ਤਕ ਗਿਆਰਾਂ ਸ਼ਬਦ ਕਬੀਰ ਸਾਹਿਬ ਜੀ ਦੇ ਆਏ ਹਨ।

# ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

# ੧ਓ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਸਿੱਖਾਂ ਨੇ ਬੇਨਤੀ ਕੀਤੀ-"ਨਾਮ ਦੇ ਤੁਲ ਹੋਰ ਕੋਈ ਸਾਧਨ ਹੈ ਜਾਂ ਨਹੀਂ ?"

*ਉੱਤਰ-*"ਨਾਮ ਦੇ ਤੁਲ ਕੋਈ ਸਾਧਨ ਨਹੀਂ।"

*ਯਥਾ-*"ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧ ॥"

*(ਸੁਖਮਨੀ, ਪੰਨਾ ੨੬੫)*

## ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥

ਚਾਹੇ ਕੋਈ ਅਸ੍ਵਮੇਧ ਯੱਗ ਕਰ ਲਵੇ। (ਅਸ੍ਵਮੇਧ ਯੱਗ ਉਸ ਨੂੰ ਆਖਦੇ ਹਨ, ਜਿਸ ਵਿਚ ਘੋੜਾ ਹਵਨ ਕੀਤਾ ਜਾਵੇ।)

ਚਾਹੇ ਕੋਈ ਪੁਰਸ਼ ਤੁਲਾ ਦਾਨ ਕਰ ਦੇਵੇ, ਭਾਵ ਆਪਣੇ ਨਾਲ ਬਰਾਬਰ ਤੋਲ ਕੇ ਸੋਨਾ ਦਾਨ ਕਰੇ, ਵਾ ਤੁਲਾ=ਪੌਰਸ਼ ਦਾਨ ਕਰ ਦੇਵੇ। (ਮੰਤ੍ਰਾਂ ਦੀ ਤਾਕਤ ਨਾਲ ਇਕ ਸੋਨੇ ਦਾ ਆਦਮੀ ਬਣਾਇਆ ਜਾਂਦਾ ਹੈ। ਰੋਜ਼ਾਨਾ ਉਸ ਦੀਆਂ ਲੱਤਾਂ ਬਾਹਵਾਂ ਵੱਢ ਕੇ ਦਾਨ ਕਰਦਾ ਰਹੇ। ਰਾਤ ਨੂੰ ਬਾਹਵਾਂ ਹੂ-ਬ-ਹੂ ਹੋ ਜਾਂਦੀਆਂ ਹਨ, ਪਰੰਤੂ ਸਿਰ ਨਾ ਵੱਢੇ, ਸਿਰ ਵੱਢ ਦੇਵੇ ਤਾਂ ਮੁੜ ਕੇ ਸੋਨੇ ਦਾ ਨਹੀਂ ਬਣਦਾ। ਇਸ ਨੂੰ ਪੌਰਸ਼ ਦਾਨ ਆਖਦੇ ਹਨ, ਜਿਹੜਾ ਰੋਜ਼ ਸੋਨੇ ਦੀਆਂ ਲੱਤਾਂ ਬਾਹਵਾਂ ਦਾਨ ਕਰ ਦੇਣੀਆਂ ਹਨ।)

## ਪ੍ਰਾਗ ਇਸਨਾਨੇ॥ ੧ ॥

(ਮਾਘ ਮਹੀਨੇ ਵਿਚ ਚਾਹੇ) ਪ੍ਰਾਗਰਾਜ ਪਰ ਜਾ ਕੇ (ਤ੍ਰਿਵੇਣੀ ਦੇ ਪਰਵਾਹ ਵਿਚ) ਇਸ਼ਨਾਨ ਕਰ ਲਵੇ॥ ੨ ॥

## ਤਉ ਨ ਪੁਜਹਿ ਹਰਿ ਕੀਰਤਿ ਨਾਮਾ॥

ਤਾਂ ਭੀ ਹਰੀ ਨਾਮ ਦੀ ਕੀਰਤੀ ਤੁਲ ਕੋਈ ਸਾਧਨ ਨਹੀਂ ਪੁੱਜਦਾ।

*ਯਥਾ-* "ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥ ੨ ॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥ ੩ ॥"

*(ਸਿਰੀ ਰਾਗੁ ਮ: ੧, ਪੰਨਾ ੬੨)*

*ਤਥਾ-* "ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ॥"

*(ਸਾਰਗ ਮ: ੫, ਪੰਨਾ ੧੨੨੨)*

## ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ॥ ੧ ॥ ਰਹਾਉ॥

ਹੇ ਆਲਸੀ ਮਨ! ਤੂੰ ਆਪਣੇ ਰਾਮ ਨੂੰ ਭਜਨਾ ਕਰ।

## ਗਇਆ ਪਿੰਡੁ ਭਰਤਾ॥ ਬਨਾਰਸਿ ਅਸਿ ਬਸਤਾ॥

ਚਾਹੇ ਗਇਆ ਪਰ ਜਾ ਕੇ ਪਿੱਤਰਾਂ ਨਮਿੱਤ ਪਿੰਡ ਭਰਾਣਾ ਕਰੇ ਪਰ-

"ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ॥" *(ਨਾਮਦੇਵ, ਪੰਨਾ ੧੧੯੫)*

ਚਾਹੇ ਬਨਾਰਸਿ=ਕਾਂਸ਼ੀ ਵਿਚ ਨਿਵਾਸ ਕਰਦਾ ਅਸਿ=ਹੈਂ।

## ਮੁਖਿ ਬੇਦ ਚਤੁਰ ਪੜਤਾ॥ ੨ ॥

ਚਾਹੇ ਮੁਖ ਨਾਲ ਚਾਰੇ ਵੇਦ ਪੜ੍ਹਦਾ ਹੈ॥ ੨ ॥

## ਸਗਲ ਧਰਮ ਅਛਿਤਾ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ॥

ਚਾਹੇ ਸਾਰੇ ਧਰਮਾਂ ਦੇ ਅਛਿਤਾ=ਸਹਿਤ ਹੈ।

ਚਾਹੇ ਗੁਰਾਂ ਦੁਆਰੇ ਸ਼ਾਸਤ੍ਰ ਗਿਆਨ ਨੂੰ ਦ੍ਰਿੜ੍ਹ ਕਰ ਲਵੇ ਤੇ ਚਾਹੇ ਗਿਆਨ ਇੰਦਰੀਆਂ ਨੂੰ ਵੀ ਦਮਨ ਕਰ ਲਵੇ।

## ਖਟੂ ਕਰਮ ਸਹਿਤ ਰਹਤਾ॥ ੩ ॥

(ਚਾਹੇ ਜਪ, ਹੋਮ, ਸੰਧਿਆ, ਸ਼ਨਾਂਲ, ਦੇਵ ਅਰਚਾ, ਅਤਿਥ ਪੂਜਾ) ਇਨ੍ਹਾਂ ਛੇ ਕਰਮਾਂ ਦੇ ਸਹਿਤ ਰਹਿੰਦਾ ਹੈ॥ ੩ ॥

## ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥

ਸ਼ਿਵਜੀ ਤੇ ਸ਼ਕਤਿ=ਪਾਰਬਤੀ ਦਾ ਆਪਸ ਵਿਚ ਜੋ ਸੰਬਾਦ ਕਥਾ ਵਾਰਤਾ=ਰਮਾਇਣ ਹੈ ਚਾਹੇ ਉਸਨੂੰ ਪੜ੍ਹ ਲਵੇ।

ਮਨ=ਹੇ ਪਿਆਰੇ ! ਅਸ੍ਵਮੇਧ ਯੱਗ ਤੋਂ ਆਦਿ ਲੈ ਕੇ ਪੂਰਬ ਕਹੇ ਸਾਰੇ ਬਹਿਰੰਗ ਸਾਧਨ ਜੋ ਭੇਦੰ=ਫਰਕ ਪਾਉਣ ਵਾਲੇ ਹਨ, ਤੂੰ ਇਨ੍ਹਾਂ ਨੂੰ ਛੱਡ ਦੇ, ਛੱਡ ਦੇ।

## ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥ ੧ ॥

ਇਕ ਗੋਬਿੰਦ=ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਸਿਮਰਨਾ ਕਰ।

*ਪ੍ਰਸ਼ਨ*-"ਕੀ ਲਾਭ ਹੋਏਗਾ?" *ਉੱਤਰ*-

ਨਾਮਦੇਵ ਜੀ ਕਥਨ ਕਰਦੇ ਹਨ-ਪਰਮਾਤਮਾ ਦੇ ਭਜਨ ਕਰਨ ਨਾਲ ਸੰਸਾਰ-ਸਮੁੰਦਰ ਤੋਂ ਤਰ ਜਾਏਂਗਾ ॥ ੪ ॥ ੧ ॥

## ਗੋਂਡ ॥

**ਉਥਾਨਕਾ**:-ਸਿੱਖਾਂ ਨੇ ਬੇਨਤੀ ਕੀਤੀ-"ਨਾਮ ਨਾਲ ਕਿਸ ਤਰ੍ਹਾਂ ਪ੍ਰੇਮ ਕਰਨਾ ਚਾਹੀਦਾ ਹੈ ?" ਹੁਣ ਨਾਮਦੇਵ ਜੀ ਹਰਨ, ਦਧੀਰਾ, ਸੁਨਿਆਰੇ, ਵਿਸ਼ਈ, ਜੁਆਰੀਏ, ਇਹ ਪੰਜ ਦ੍ਰਿਸ਼ਟਾਂਤ ਦੇ ਕੇ ਪ੍ਰੇਮ ਕਰਨ ਦਾ ਰਸਤਾ ਦੱਸਦੇ ਹਨ-

## ਨਾਦ ਭ੍ਰਮੇ ਜੈਸੇ ਮਿਰਗਾਏ ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ ॥ ੧ ॥

ਜਿਵੇਂ ਮਿਰਗਾਏ=ਹਰਨ, ਨਾਦ=ਘੰਡੇ ਹੇੜੇ ਦਾ ਸ਼ਬਦ ਸੁਣ ਕੇ ਭਰਮਦਾ ਫਿਰਦਾ ਹੈ।

ਵਾ:-ਭ੍ਰਮੇ=ਭੁੱਲ ਜਾਂਦਾ ਹੈ।

*ਯਥਾ*- "ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ *(ਬਿਲਾਵਲੁ ਮ: ੫, ਪੰਨਾ ੮੩੮)*

ਸ਼ਿਕਾਰੀ ਦੇ ਹੱਥੋਂ ਆਪਣੇ ਪ੍ਰਾਣਾਂ ਨੂੰ ਤਜੇ=ਤਿਆਗ ਦੇਂਦਾ ਹੈ, ਪਰ ਉਸ ਹਰਨ ਦਾ ਉਸ ਘੰਡੇ ਹੇੜੇ ਦੇ ਸ਼ਬਦ ਵੱਲੋਂ ਧਿਆਨ ਨਹੀਂ ਜਾਂਦਾ, ਮਰਦਾ ਹੋਇਆ ਵੀ ਉਧਰ ਧਿਆਨ ਰੱਖਦਾ ਹੈ।

*ਯਥਾ*- "ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥" *(ਜੈਤਸਰੀ ਵਾਰ, ਪੰਨਾ ੭੦੮)*

## ਐਸੇ ਰਾਮਾ ਐਸੇ ਹੇਰਉ ॥ ਰਾਮੁ ਛੋਡਿ ਚਿਤੁ ਅਨਤ ਨ ਫੇਰਉ ॥ ੧ ॥ ਰਹਾਉ ॥

ਰਾਮ ਨੂੰ ਐਸੇ ਹੀ ਐਸੇ ਹੇਰਉ=ਵੇਖਣਾ ਕਰੋ, ਭਾਵ ਹਰਨ ਵਾਂਗ।

ਵਾ:-ਐਸੇ ਰਾਮ ਨੂੰ ਐਸੇ ਵੇਖਣਾ ਕਰੋ ਜੈਸੇ ਨਾਦ ਹੈ ਐਸੇ ਰਾਮ ਹੈ, ਜੈਸੇ ਮ੍ਰਿਗ ਹੈ ਐਸੇ ਆਪਣੇ ਆਪ ਨੂੰ ਵੇਖਣਾ ਕਰੋ। ਰਾਮ ਨੂੰ ਛੱਡ ਕੇ ਚਿਤ ਹੋਰ ਪਾਸੇ ਵਲ ਨਾ ਫੇਰਨਾ ਕਰੋ ॥ ੧ ॥ ਰਹਾਉ ॥

## ਜਿਉ ਮੀਨਾ ਹੇਰੈ ਪਸੂਆਰਾ ॥ ਸੋਨਾ ਗਢਤੇ ਹਿਰੈ ਸੁਨਾਰਾ ॥ ੨ ॥

ਜਿਵੇਂ ਪਸੂਆਰਾ=ਦਧੀਰਾ ਪੰਛੀ ਇਕ ਟਕ ਲਾ ਕੇ ਮੀਨਾ=ਮੱਛੀਆਂ ਨੂੰ ਹੇਰੈ=ਵੇਖਦਾ ਹੈ।

ਸੋਨਾ ਘੜਦਿਆਂ ਹੋਇਆਂ ਜਿਵੇਂ ਸੁਨਿਆਰਾ ਇਕ ਟਕ ਲਾ ਕੇ ਸੋਨੇ ਨੂੰ ਹਿਰੈ=ਵੇਖਦਾ ਰਹਿੰਦਾ ਹੈ।

ਯਥਾ- "ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥ ੧॥ (ਰਾਮਕਲੀ ਨਾਮਦੇਵ, ਪੰਨਾ ੯੭੨)

ਵਾ:-ਹਿਰੈ=ਚੁਰਾ ਲੈਂਦਾ ਹੈ।

ਸਾਖੀ-ਰਾਜੇ ਨੇ ਸੋਨੇ ਦਾ ਹਾਥੀ ਬਣਵਾਇਆ ਸੁਨਿਆਰੇ ਪਾਸੋਂ ਪਹਿਰੇਦਾਰ ਖੜੇ ਕਰਕੇ, ਪਰ ਅੰਤ ਨੂੰ ਮੁਲੰਮੇ ਦਾ, ਭਾਵ ਪਿੱਤਲ ਦਾ ਹਾਥੀ ਪ੍ਰਾਪਤ ਹੋਇਆ॥ ੨॥

## ਜਿਉ ਬਿਖਈ ਹੇਰੈ ਪਰ ਨਾਰੀ॥

ਜਿਸ ਤਰ੍ਹਾਂ ਵਿਸ਼ਈ ਆਦਮੀ ਪ੍ਰਾਈਆਂ ਔਰਤਾਂ ਨੂੰ ਭੈੜੀ ਨਿਗਾਹ ਨਾਲ ਹੇਰੈ=ਵੇਖਦਾ ਹੈ। ਅਤੇ-

## ਕਉਡਾ ਡਾਰਤ ਹਿਰੈ ਜੁਆਰੀ॥ ੩॥

ਜੁਆਰੀਆ ਕੌਡਾਂ ਨੂੰ ਸੁਟਦਾ ਹੋਇਆ ਆਪਣੇ ਦਾਵ ਨੂੰ ਹਿਰੈ=ਵੇਖਦਾ ਹੈ॥ ੩॥

ਯਥਾ- "ਜਿਉ ਜੂਆਰ ਬਿਸਨੁ ਨ ਜਾਇ॥" (ਬਿਲਾਵਲੁ ਮ: ੫, ਪੰਨਾ ੮੩੮)

## ਜਹ ਜਹ ਦੇਖਉ ਤਹ ਤਹ ਰਾਮਾ॥
## ਹਰਿ ਕੇ ਚਰਨ ਨਿਤ ਧਿਆਵੈ ਨਾਮਾ॥ ੪॥ ੨॥

ਤੈਸੇ ਜਿੱਥੇ ਜਿੱਥੇ ਨਜ਼ਰ ਕਰਕੇ ਮੈਂ ਵੇਖਦਾ ਹਾਂ, ਤਿਥੇ ਤਿਥੇ ਰਾਮ ਹੀ ਪੂਰਨ ਹੈ।

ਨਾਮਦੇਵ ਜੀ ਕਥਨ ਕਰਦੇ ਹਨ-ਮੈਂ ਨਿਤਾਪ੍ਰਤੀ ਹਰੀ ਦੇ ਚਰਨਾਂ ਨੂੰ ਧਿਆਉਂਦਾ ਹਾਂ॥ ੪॥ ੨॥

## ਗੋਂਡ॥

**ਉਥਾਨਕਾ:**-ਹੁਣ ਨਾਮਦੇਵ ਜੀ ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ-

## ਮੋ ਕਉ ਤਾਰਿ ਲੇ ਰਾਮਾ ਤਾਰਿ ਲੇ॥

ਹੇ ਰਾਮ! ਮੈਨੂੰ ਤਾਰ ਲੈ, ਹੇ ਰਾਮ! ਮੈਨੂੰ ਤਾਰ ਲੈ।

## ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ॥ ੧॥ ਰਹਾਉ॥

ਮੈਂ ਅਨਜਾਣ ਦਾਸ ਤਰਨਾ ਨਹੀਂ ਜਾਣਦਾ, ਹੇ ਬੀਠਲ ਪਿਤਾ! ਤੁਸੀਂ ਆਪਣੀ ਬਾਂਹ ਮੈਨੂੰ ਫੜਾ ਦਿਓ।

ਵਾ:-ਆਪਣੀ ਕਿਰਪਾ ਰੂਪੀ ਬਾਂਹ ਦੇ ਕੇ ਤਾਰ ਲਓ॥ ੧॥ ਰਹਾਉ॥

## ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥

ਉਹ ਪੁਰਸ਼ ਨਰ=ਮਨੁੱਖ ਜੂਨ ਤੋਂ ਇਕ ਨਿਮਖ ਵਿਚ ਸੁਰ=ਦੇਵਤਾ ਰੂਪ ਹੋ ਜਾਂਦਾ ਹੈ, ਜਿਸ ਨੂੰ ਸਤਿਗੁਰਾਂ ਨੇ ਸਰੇਸ਼ਟ ਬੁੱਧੀ ਸਿਖਾਉਣੀ ਕੀਤੀ ਹੈ।

## ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥ ੧॥

ਉਹਨਾਂ ਨੇ ਮਨੁੱਖ ਦੇਹ ਵਿਚ ਉਪਜਿ=ਪੈਦਾ ਹੋ ਕੇ ਜਿਸ ਤਰ੍ਹਾਂ ਸਵਰਗ ਨੂੰ ਜਿੱਤਣਾ ਕੀਤਾ ਹੈ, ਮੈਂ ਵੀ ਗੁਰਾਂ ਪਾਸੋਂ ਉਹ ਵੈਰਾਗ ਰੂਪੀ ਅਵਖਧ=ਦੁਆਈ ਪਾਉਣਾ ਕੀਤੀ ਹੈ॥ ੧॥

## ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥

ਹੇ ਭਗਵਾਨ ! ਜਿਥੇ ਜਿਥੇ ਅਟੱਲ ਪਦਵੀ ਪਰ ਧ੍ਰੂ ਭਗਤ ਤੇ ਨਾਰਦ ਮੁਨੀ ਸਰੀਖੇ ਆਪਣੇ ਪ੍ਰਮੀ ਭਗਤ ਟੇਕੇ=ਇਸਥਿਤ ਕੀਤੇ ਹਨ।

*ਯਥਾ-* "ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥ ੩ ॥"

*(ਮਾਰੂ ਨਾਮਦੇਵ, ਪੰਨਾ ੧੧੦੫)*

ਨੈਕੁ=ਥੋੜ੍ਹੀ ਜਿੰਨੀ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਵੀ ਓਸੇ ਅਟੱਲ ਪਦਵੀ ਪਰ ਟਿਕਾਵਹੁ=ਇਸਥਿਤ ਕਰੋ।

## ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥੨॥੩॥

ਤੁਹਾਡੇ ਨਾਮ ਦੇ ਅਵਿਲੰਬਿ=ਆਸਰੇ ਕਰਕੇ ਬਹੁਤ ਆਦਮੀ ਤਰ ਗਏ ਹਨ, ਮੈਂ ਨਾਮਦੇਵ ਦੀ ਆਪਣੀ ਮਤੀ ਵੀ ਏਸ ਤਰ੍ਹਾਂ ਦੀ ਹੈ॥ ੨ ॥ ੩ ॥

[ਪੰਨਾ ੮੭੪]

## ਗੋਂਡ ॥

**ਉਥਾਨਕਾ:**-ਇਸ ਸ਼ਬਦ ਵਿਖੇ ਨਾਮਦੇਵ ਜੀ ਆਪਣੀ ਪ੍ਰੀਤੀ ਦਾ ਵਰਣਨ ਕਰਦੇ ਹਨ-

## ਮੋਹਿ ਲਾਗਤੀ ਤਾਲਾਬੇਲੀ ॥

ਮੈਨੂੰ ਬੇਲੀ=ਮਿੱਤਰ ਪਰਮਾਤਮਾ ਦੀ ਤਾਲਾ=ਤਲਬ ਭਾਵ ਇੱਛਾ ਲੱਗ ਰਹੀ ਹੈ।

ਤਲਬ ਨਾਮ ਇੱਛਾ ਦਾ ਅੱਗੇ ਰਾਮਕਲੀ ਵਿਚ ਵੀ ਲਿਖਿਆ ਹੈ।

*ਯਥਾ-* "ਜੀਵਨ ਤਲਬ ਨਿਵਾਰਿ ਸੁਆਮੀ॥ ੧ ॥" *(ਰਾਮਕਲੀ ਮ: ੧, ਪੰਨਾ ੮੭੬)*

ਤਲਬ ਨਾਮ ਸੱਦੇ ਦਾ ਭੀ ਹੈ।

*ਯਥਾ-* "ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥" *(ਰਾਮਕਲੀ ਵਾਰ, ਪੰਨਾ ੯੫੩)*

## ਬਛਰੇ ਬਿਨੁ ਗਾਇ ਅਕੇਲੀ ॥੧॥

ਜਿਵੇਂ ਵੱਛੇ ਬਿਨਾਂ ਗਊ ਅਕੇਲੀ=ਦੁਖੀ ਹੁੰਦੀ ਹੈ, ਤਿਵੇਂ ਮੈਂ ਪਰਮਾਤਮਾ ਤੋਂ ਬਿਨਾਂ ਦੁਖੀ ਹਾਂ॥ ੧ ॥

## ਪਾਨੀਆ ਬਿਨੁ ਮੀਨੁ ਤਲਫੈ ॥

ਜਿਵੇਂ ਪਾਣੀ ਤੋਂ ਬਿਨਾਂ ਮੀਨੁ=ਮੱਛੀ ਤੜਫਦੀ ਹੈ।

*ਯਥਾ-* "ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ *(ਜੈਤਸਰੀ ਵਾਰ, ਪੰਨਾ ੭੦੮)*

## ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ ॥੧॥ ਰਹਾਉ ॥

ਐਸੇ ਮੈਂ ਵਿਚਾਰਾ ਨਾਮਾ, ਰਾਮ ਨਾਮ ਤੋਂ ਬਿਨਾਂ ਤੜਫਦਾ ਹਾਂ॥ ੧ ॥ ਰਹਾਉ॥

## ਜੈਸੇ ਗਾਇ ਕਾ ਬਾਛਾ ਛੂਟਲਾ ॥ ਥਨ ਚੋਖਤਾ ਮਾਖਨੁ ਘੂਟਲਾ ॥੨॥

ਜਿਸ ਤਰ੍ਹਾਂ ਗਊ ਦਾ ਬਾਛਾ=ਵੱਛਾ ਛੂਟਲਾ=ਛੁਟ ਕੇ, ਥਣਾਂ ਨੂੰ ਚੋਖਤਾ=ਚੁੰਘਦਾ ਹੈ, ਫੇਰ ਮਾ+ਖਨੁ=ਮਾਂ ਦੇ ਥਣਾਂ ਨੂੰ ਖਣਦਾ ਹੈ, ਤੇ ਦੁੱਧ ਦੇ ਘੂਟਲਾ=ਘੁੱਟ ਭਰਦਾ ਹੈ।

ਵਾ:-ਵੇਦਾਂਤੀਆਂ ਦੇ ਮਤ ਅਨੁਸਾਰ ਮੱਖਣ ਪਦ ਦੀ ਨਾਲ ਅਜੋਹਿਤੀ ਲਖਸ਼ਣਾ ਹੈ।

ਜਿਵੇਂ-'ਕਿਸੀ ਨੇ ਕਿਹਾ ਸ ਨੋ ਧਾਵਤੀ ।'

ਭਾਵ-ਲਾਲ ਰੰਗ ਦੌੜਿਆ ਜਾਂਦਾ ਹੈ, ਪਰ ਲਾਲ ਰੰਗ ਨਹੀਂ ਦੌੜ ਸਕਦਾ, ਲਾਲ ਰੰਗ ਵਾਲੀ ਗਊ ਜਾਂ ਘੋੜੀ ਦੌੜਦੀ ਬਣ ਸਕਦੀ ਹੈ। ਏਸੇ ਤਰ੍ਹਾਂ ਮੱਖਣ ਦੇ ਘੁੱਟ ਭਰਦਾ, ਇਹ ਅਰਥ ਨਹੀਂ ਬਣ ਸਕਦਾ ।

*ਥਨ ਚੋਖਤਾ ਮਾਖਨੁ ਘੂਟਲਾ॥*

ਵੱਛਾ ਥਣਾਂ ਨੂੰ ਚੁੰਘਦਾ ਹੈ ਤੇ ਮੱਖਣ ਸਹਿਤ ਦੁੱਧ ਦੇ ਘੁੱਟ ਭਰਦਾ ਹੈ॥ ੨॥

**ਨਾਮਦੇਉ ਨਾਰਾਇਨੁ ਪਾਇਆ॥ ਗੁਰੁ ਭੇਟਤ ਅਲਖੁ ਲਖਾਇਆ॥ ੩॥**

ਨਾਮਦੇਵ ਜੀ ਆਖਦੇ ਹਨ, ਇਸ ਪ੍ਰਕਾਰ ਮੈਂ ਪਰਮਾਤਮਾ ਪਾਉਣਾ ਕੀਤਾ ਹੈ।

ਪਰ ਜਿਸ ਵੇਲੇ ਗੁਰੂ ਜੀ ਮਿਲੇ ਤਾਂ ਉਨ੍ਹਾਂ ਨੇ ਅਲਖੁ=ਪਰਮਾਤਮਾ ਦੱਸ ਦਿੱਤਾ॥ ੩॥

ਮੰਡੂਕ ਪੁਲਤ ਨਿਆਂ ਨਾਲ ਅਰਥਾਤ ਡੱਡੂ ਦੀ ਛਾਲ ਮਾਰਨ ਵਾਂਗ ਫੇਰ ਪ੍ਰੀਤੀ ਦਾ ਵਰਣਨ ਕਰਦੇ ਹਨ-

**ਜੈਸੇ ਬਿਖੈ ਹੇਤ ਪਰ ਨਾਰੀ॥ ਐਸੇ ਨਾਮੇ ਪ੍ਰੀਤਿ ਮੁਰਾਰੀ॥ ੪॥**

ਜਿਵੇਂ ਵਿਸ਼ੇ ਵਾਸਤੇ ਆਦਮੀ ਦੀ ਪਰਾਈ ਔਰਤ ਨਾਲ ਪ੍ਰੀਤੀ ਹੁੰਦੀ ਹੈ॥ ੪॥

**ਜੈਸੇ ਤਾਪਤੇ ਨਿਰਮਲ ਘਾਮਾ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥੫॥੪॥**

ਜਿਵੇਂ ਨਿਰਮਲ ਘਾਮਾ=ਧੁੱਪ ਕਰਕੇ ਤਾਪ=ਤਪਸ਼ ਦੁਖਦਾਈ ਹੁੰਦੀ ਹੈ।

ਨਾਮਦੇਵ ਜੀ ਆਖਦੇ ਹਨ-ਇਸੇ ਤਰ੍ਹਾਂ ਮੇਰੀ ਪ੍ਰੀਤੀ ਮੁਰਾਰੀ=ਪਰਮਾਤਮਾ ਨਾਲ ਹੈ॥ ੪॥

ਉਵੇਂ ਹੀ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਮੈਂ ਬਾਪੁਰੋ=ਵਿਚਾਰਾ ਨਾਮਾ ਦੁਖੀ ਹਾਂ॥ ੫॥ ੪॥

## ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

## ੧ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਭਗਤ ਨਾਮਦੇਵ ਜੀ ਅੱਗੇ ਸੇਵਕਾਂ ਨੇ ਬੇਨਤੀ ਕੀਤੀ ਕਿ ਹਰਿ ਹਰਿ ਨਾਮ ਜਪਣ ਨਾਲ ਕਿਸ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ? ਉੱਤਰ-

**ਹਰਿ ਹਰਿ ਕਰਤ ਮਿਟੇ ਸਭਿ ਭਰਮਾ॥ ਹਰਿ ਕੋ ਨਾਮੁ ਲੈ ਊਤਮ ਧਰਮਾ॥**

ਹਰਿ ਹਰਿ ਨਾਮ ਉਚਾਰਨ ਕਰਨ ਨਾਲ ਸਾਰੇ ਭਰਮ ਦੂਰ ਹੋ ਜਾਂਦੇ ਹਨ।

ਹਰੀ ਨਾਮ ਲੈਣਾ ਹੀ ਸਭ ਤੋਂ ਉੱਤਮ ਧਰਮ ਹੈ।

**ਹਰਿ ਹਰਿ ਕਰਤ ਜਾਤਿ ਕੁਲ ਹਰੀ॥ ਸੋ ਹਰਿ ਅੰਧੁਲੇ ਕੀ ਲਾਕਰੀ॥ ੧॥**

ਹਰਿ ਹਰਿ ਨਾਮ ਉਚਾਰਨ ਕਰਦਿਆਂ ਜ਼ਾਤੀ ਤੇ ਕੁਲ ਦੀ ਹੰਗਤਾ ਹਰੀ=ਦੂਰ ਹੋ ਜਾਂਦੀ ਹੈ।

ਅੰਧੇ ਪੁਰਸ਼ ਦੀ ਲੱਕੜੀ, ਭਾਵ ਸੋਟੀ ਦੇ ਸਮਾਨ ਉਸ ਹਰੀ ਦਾ ਨਾਮ ਮੇਰਾ ਆਸਰਾ ਰੂਪ ਹੈ॥ ੧॥

*ਯਥਾ-* "ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥" *(ਤਿਲੰਗ ਨਾਮਦੇਵ, ਪੰਨਾ ੭੨੭)*

**ਹਰਏ ਨਮਸਤੇ ਹਰਏ ਨਮਹ॥**

ਮੇਰੀ ਹਰੀ ਏ=ਤਾਈਂ ਨਮਸ਼ਕਾਰ ਹੈ, ਹਰੀ ਏ=ਤਾਈਂ ਨਮਸ਼ਕਾਰ ਹੈ।

**ਹਰਿ ਹਰਿ ਕਰਤ ਨਹੀ ਦੁਖੁ ਜਮਹ॥ ੧॥ ਰਹਾਉ॥**

ਹਰਿ ਹਰਿ ਨਾਮ ਉਚਾਰਨ ਕਰਨ ਨਾਲ ਜਮਕਾਲ ਦਾ ਦੁੱਖ ਨਹੀਂ ਹੁੰਦਾ ॥ ੧॥

*ਯਥਾ-* "ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥" *(ਆਸਾ ਮ: ੫, ਪੰਨਾ ੪੫੭)*

**ਹਰਿ ਹਰਨਾਖਸ ਹਰੇ ਪਰਾਨ॥ ਅਜੈਮਲ ਕੀਓ ਬੈਕੁੰਠਹਿ ਥਾਨ॥**

ਜਿਸ ਹਰੀ ਨੇ ਨਰਸਿੰਘ ਅਵਤਾਰ ਧਾਰ ਕੇ ਹਰਨਾਖਸ਼ ਦੈਂਤ ਦੇ ਪ੍ਰਾਣ ਹਰੇ=ਨਾਸ ਕੀਤੇ ਹਨ ਅਤੇ- ਜਿਸ ਹਰੀ ਨੂੰ ਜਪ ਕੇ ਅਜਾਮਲ ਪਾਪੀ ਨੇ ਬੈਕੁੰਠ ਧਾਮ ਵਿਚ ਥਾਨ=ਇਸਥਿਤੀ ਕੀਤੀ ਹੈ।

*ਯਥਾ-* "ਦੁਖ ਹਰਤਾ ਹਰਿ ਨਾਮੁ ਪਛਾਨੋ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤਿ ਭਏ ਜੀਅ ਜਾਨੋ॥ ੧॥"

*(ਬਿਲਾਵਲੁ ਮ: ੯, ਪੰਨਾ ੮੩੦)*

*ਤਥਾ-* "ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥ ੧॥"

*(ਮਾਰੂ ਮ: ੯, ਪੰਨਾ ੧੦੦੮)*

"ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥"

*(ਬਸੰਤੁ ਮ: ੫, ਪੰਨਾ ੧੧੯੨)*

"ਅਜਾਕਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥ ੨॥"

*(ਰਾਮਕਲੀ ਮ: ੯, ਪੰਨਾ ੯੦੨)*

"ਅਜਾਮਲੁ ਗਜ ਗਨਿਕਾ ਪਤਿਤ ਕਰਮ ਕੀਨੇ॥
ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥ ੨॥" *(ਧਨਾਸਰੀ ਰਵਿਦਾਸ, ਪੰਨਾ ੬੯੨)*
"ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ ੩॥"

*(ਕੇਦਾਰਾ ਰਵਿਦਾਸ, ਪੰਨਾ ੧੧੨੪)*

"ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥ ੨॥"

*(ਨਟ ਮ: ੪, ਪੰਨਾ ੯੮੧)*

"ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥"

*(ਸੋਰਠਿ ਮਹਲਾ ੯, ਪੰਨਾ ੬੩੨)*

## ਸੂਆ ਪੜਾਵਤ ਗਨਿਕਾ ਤਰੀ॥

ਸੂਆ=ਤੋਤੇ ਨੂੰ ਪੜ੍ਹਾਉਂਦੀ ਪੜ੍ਹਾਉਂਦੀ ਗਨਿਕਾ=ਵੇਸਵਾ ਤਰ ਗਈ।

*ਯਥਾ*-"ਗਨਿਕਾ ਉਧਰੀ ਹਰਿ ਕਹੈ ਤੋਤ॥" *(ਬਸੰਤੁ ਮ: ੫, ਪੰਨਾ ੧੧੯੨)*

*ਤਥਾ*-"ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖ ਆਚਾਣਚੱਕ ਗਨਿਕਾ ਵਾੜ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ, ਖੇਲਿ ਗਇਆ ਦੇ ਵਣਜੁ ਸਓਤਾ,
ਲਿਵ ਲਾਗੀ ਤਿਸੁ ਤੋਤਿਅਹੁ, ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣੁ ਰਾਮ ਨਾਮੁ, ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ, ਨਾਉਂ ਰਸਾਇਣ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਾਣੋਛਾ॥ ੨੧॥" *(ਭਾ: ਗੁਰਦਾਸ ਜੀ, ਵਾਰ ੧੦)*

## ਸੋ ਹਰਿ ਨੈਨਹੁ ਕੀ ਪੂਤਰੀ॥ ੨॥

ਉਹ ਹਰੀ ਨਾਮ ਮੈਨੂੰ ਨੈਨਹੁ=ਅੱਖਾਂ ਦੀ ਪੂਤਰੀ=ਪੁਤਲੀ, ਭਾਵ ਧੀਰੀ ਵਾਂਗ ਪਿਆਰਾ ਹੈ॥ ੨॥

## ਹਰਿ ਹਰਿ ਕਰਤ ਪੂਤਨਾ ਤਰੀ॥ ਬਾਲ ਘਾਤਨੀ ਕਪਟਹਿ ਭਰੀ॥

ਹਰਿ ਹਰਿ ਨਾਮ ਦਾ ਜਾਪ ਕਰਦਿਆਂ ਹੋਇਆਂ ਪੂਤਨਾ ਦਾਈ ਤਰ ਗਈ।

ਜੋ ਬਾਲਾਂ ਦੇ ਘਾਤਨੀ=ਮਾਰਨ ਵਾਲੀ ਤੇ ਕਪਟਹਿ=ਛਲਾਂ ਨਾਲ ਭਰੀ ਹੋਈ ਸੀ, ਜਿਸ ਨੇ ਕੰਸ ਦੇ ਆਖੇ ਲਗ ਕੇ ਦੁੱਧੀਆਂ ਨੂੰ ਵਿਹੁ ਲਾ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨਾ ਚਾਹਿਆ ਸੀ।

ਜਿਵੇਂ ਰਾਜੇ ਕੰਸ ਦੀ ਭੇਜੀ ਹੋਈ ਪੂਤਨਾ ਰਾਕਸ਼ਣੀ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਅਸਥਨਾਂ ਪਰ ਵਿਹੁ ਲਗਾ ਕੇ ਆਈ ਅਤੇ ਮਾਤਾ ਜਸੋਧਾਂ ਨੂੰ ਕਹਿਣ ਲੱਗੀ ਕਿ ਮੇਰੇ ਦੁੱਧ ਵਿਚ ਇਤਨੀ ਤਸੀਰ ਹੈ ਕਿ ਜੋ ਬੱਚਾ ਮੇਰੀ ਗੋਦ ਵਿਚ ਬੈਠ ਕੇ ਦੁੱਧ ਪੀਂਦਾ ਹੈ ਉਹ ਪਾਤਿਸ਼ਾਹ ਹੋ ਜਾਂਦਾ ਹੈ। ਮਾਵਾਂ ਨੂੰ ਇਹ ਬੜੀ ਸੱਧਰ ਹੁੰਦੀ ਹੈ ਕਿ ਮੇਰਾ ਪੁੱਤਰ ਪਾਤਿਸ਼ਾਹ ਹੋਵੇ, ਇਸ ਲਾਲਚ ਕਰਕੇ ਉਸ ਨੇ ਆਪਣਾ ਪੁੱਤਰ ਪੂਤਨਾ ਦੇ ਪਾਸ ਦੇ ਦਿੱਤਾ।*

ਭਾਈ ਗੁਰਦਾਸ ਜੀ ਨੇ ਭੀ ਕਥਨ ਕੀਤਾ ਹੈ-

"ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ।
ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ।
ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕੁ ਚਤੁਰੰਗ ਮਹੇਲੀ।
ਮੋਹਣੁ ਮੰਮੇ ਪਾਇਓਨੁ, ਬਾਹਰਿ ਆਈ ਗਰਬ ਗਹੇਲੀ।" *(ਵਾਰ ੧੦ ਪੌ: ੨੨)*

---

*੧. ਇਹ ਪ੍ਰਸੰਗ ਸ੍ਰੀ ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ, ਪੰਨਾ ੨੬੩ ਵਿਚ ਦੇਖੋ।

੨. ਭਾਗਵਤ ਪੁਰਾਣ ਸਕੰਧ ੧੦ ਧਿਆ. ਛੇਵੇਂ ਵਿਚ ਭੀ ਪੂਤਨਾ ਰਾਖਸ਼ਣੀ ਦਾ ਇਹੋ ਪ੍ਰਸੰਗ ਸਾਰਾ ਖੋਲ ਕੇ ਲਿਖਿਆ ਹੋਇਆ ਹੈ।

ਜਿਸ ਵੇਲੇ ਪੂਤਨਾ ਨੇ ਕ੍ਰਿਸ਼ਨ ਜੀ ਦੇ ਮੂੰਹ ਵਿਚ ਵਿਹੁ ਅਸਥਨ ਪਾਇਆ ਤਾਂ ਭਗਵਾਨ ਨੇ ਬਹੁਤ ਸਾਰਾ ਘੁੱਟਿਆ। ਉਸ ਵੇਲੇ ਦੁੱਖੀ ਹੋ ਕੇ ਪੂਤਨਾ ਨੇ ਕਿਹਾ-"ਹੇ ਹਰੀ ! ਛੱਡ ਦੇ, ਹੇ ਹਰੀ ! ਛੱਡ ਦੇ।"

*ਯਥਾ-* "ਪਾਪ ਕਰਿਓ ਬਹੁ ਪੂਤਨਾ ਜਾਸੋ ਨਰਕ ਡਰਾਇ॥
ਅੰਤ ਕਹਿਯੋ ਹਰਿ ਛਾਡਿ ਦੈ ਬਸੀ ਬਿਕੁੰਠਹ ਜਾਇ॥ ੮੮॥"

*(ਦਸਮ ਗ੍ਰੰਥ, ਪੰਨਾ ੨੬੩)*

ਏਸੇ ਤਰ੍ਹਾਂ ਪੂਤਨਾ ਰਾਖਸ਼ਣੀ ਵਾਂਗ ਪ੍ਰਿਥੀ ਚੰਦ ਦੀ ਭੇਜੀ ਹੋਈ ਇਕ ਦਾਸੀ (੧੦੦) ਸੌ ਰੁਪਿਆ ਲੈ ਕੇ ਅਸਥਨਾਂ ਤੇ ਵਿਹੁ ਲਗਾ ਕੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਰਨ ਵਾਸਤੇ ਸ੍ਰੀ ਵਡਾਲੀ ਸਾਹਿਬ ਪੁੱਜੀ ਜੋ ਕਿ ਪਹਿਲੇ ਜਨਮ ਵਿਖੇ ਦੇਵ ਲੋਕ ਵਿਖੇ ਰਹਿਣ ਵਾਲੀ ਗੰਧਰਬਣੀ ਸੀ। ਇਸ ਨੂੰ ਆਪਣੇ ਗੁਣ ਤੇ ਸੁੰਦਰ ਰੂਪ ਦਾ ਬੜਾ ਮਾਣ ਸੀ।

ਇਕ ਦਿਨ ਦੇਵਤਿਆਂ ਦੀ ਭਾਰੀ ਸਭਾ ਵਿਖੇ ਇਹ ਤਾਨਾਂ ਨੂੰ ਮਿਲਾ ਕੇ ਬੜੀ ਚੰਗੀ ਸੁਰ ਨਾਲ ਗਾਇਨ ਕਰ ਰਹੀ ਸੀ, ਉਸ ਮੌਕੇ ਦੇਵਤਿਆਂ ਦੇ ਗੁਰੂ ਬ੍ਰਹਸਪਤੀ ਜੀ ਕਿਸੇ ਕਾਰਨ ਓਥੇ ਆ ਪਹੁੰਚੇ, ਉਸ ਵੇਲੇ ਸਭਾ ਦੇ ਸਾਰੇ ਦੇਵਤਿਆਂ ਨੇ ਉੱਠ ਕੇ ਗੁਰੂ ਬ੍ਰਹਸਪਤੀ ਜੀ ਦਾ ਸਨਮਾਨ ਕੀਤਾ, ਪਰ ਇਸ ਨੇ ਆਪਣੇ ਸੁੰਦਰ ਸਰੂਪ ਦਾ ਅਤੇ ਰਾਗ ਵਿਦਿਆ ਦੇ ਗੁਣ ਦਾ ਮਾਣ ਕਰਕੇ ਬ੍ਰਹਸਪਤੀ ਜੀ ਨੂੰ ਨਮਸ਼ਕਾਰ ਨਾ ਕੀਤੀ।

ਬ੍ਰਹਸਪਤੀ ਜੀ ਨੇ ਅਯੋਗ ਗੱਲ ਸਮਝ ਕੇ ਇਸ ਨੂੰ ਸਰਾਪ ਦੇ ਦਿੱਤਾ ਕਿ ਤੂੰ ਇਸ ਦੇਵ ਲੋਕ ਵਿਚ ਰਹਿਣ ਦੀ ਅਧਿਕਾਰਨ ਨਹੀਂ ਹੈਂ, ਜਾਹ ਮਾਤ ਲੋਕ ਦੀ ਧਰਤੀ ਵਿਚ ਜਾ ਕੇ ਦਾਈਆਂ ਵਾਲੇ ਨੀਚ ਕਰਮ ਕਰਕੇ ਆਪਣੀ ਉਪਜੀਵਕਾ ਕਰ।

ਇਹ ਬਚਨ ਸੁਣ ਕੇ ਥਰਥਰ ਕੰਬੀ ਤੇ ਆਪਣੀ ਭੁੱਲ ਮਹਿਸੂਸ ਕਰਕੇ ਗੁਰੂ ਬ੍ਰਹਸਪਤੀ ਜੀ ਅੱਗੇ ਬੇਨਤੀ ਕੀਤੀ ਕਿ ਆਪ ਜੀ ਦਾ ਬਚਨ ਤਾਂ ਅਟੱਲ ਹੈ, ਇਹ ਤਾਂ ਹੁਣ ਪੂਰਾ ਹੋਣਾ ਹੀ ਹੈ, ਪਰ ਆਪ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਇਹ ਦੱਸੋ ਕਿ ਇਹ ਸਰਾਪ ਕਦੋਂ ਨਿਵਿਰਤ ਹੋਵੇਗਾ ?

ਬ੍ਰਹਸਪਤੀ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਕਲਜੁਗ ਵਿਖੇ ਜੀਵਾਂ ਦੀ ਕਲਿਆਣ ਹਿਤ ਪਰਮੇਸ਼ਰ ਅੰਤਰਜਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਵਿਖੇ ਪ੍ਰਗਟੇਗਾ ਤੇ ਉਹਨਾਂ ਦੀ ਪੰਜਵੀਂ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਹੋਣਗੇ, ਉਹਨਾਂ ਦੇ ਘਰ ਜਿਸ ਵੇਲੇ ਸ਼ਹਿਜ਼ਾਦਾ ਹੋਵੇਗਾ ਤੇ ਉਹਨਾਂ ਪਾਸ ਜਿਸ ਵੇਲੇ ਤੂੰ ਜਾਏਂਗੀ ਤਾਂ ਤੇਰੀ ਕਲਿਆਣ ਹੋਵੇਗੀ।

*ਯਥਾ-*'ਸੁਰ ਗੁਰੁ ਭਨਜੋ ਹੋਹਿ ਗੁਰੁ ਅਰਜਨ, ਸ੍ਰੀ ਨਾਨਕ ਕੇ ਬੈਠਹਿਂ ਥਾਨ।
ਤਿਨ ਕੋ ਪੁੱਤ੍ਰ ਜਨਮ ਜਬਿ ਧਾਰਹਿ, ਤਿਸ ਕੇ ਸਾਥ ਮੇਲ ਨਿਜ ਠਾਨ।
ਸੋ ਤੇਰੋ ਤਬਿ ਕਰਹਿਂ ਉਧਾਰਨਿ, ਨਿਜ ਬਲ ਤੇ ਹਾਨਹਿਗੋ ਪ੍ਰਾਨ।
ਬਹੁਰ ਸਰੀਰ ਪ੍ਰਾਪਤਿ ਹੁਇਗੋ, ਗੰਧਰਬੀ ਕੋ ਰੂਪ ਮਹਾਨ॥ ੭॥'

*(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੩, ਅੰਸੂ ੮)*

ਤਾਂ ਹਜ਼ੂਰ ਨੇ ਇਸ ਦੀ ਰੂਹ ਨੂੰ ਬ੍ਰਹਸਪਤੀ ਦੇ ਸਰਾਪ ਤੋਂ ਛੁਡਾਉਣ ਵਾਸਤੇ ਆਪਣਾ ਸਰੀਰ ਉਪਰਾਮ ਜੇਹਾ ਕਰ ਲਿਆ। ਨਾ ਦੁੱਧ ਪੀਣ ਅਤੇ ਨਾ ਹੀ ਹੱਸਣ ਖੇਡਣ ਵਾਲੀ ਕੋਈ ਗੱਲ ਕਰਨ।

ਇਸ ਹਾਲਤ ਨੂੰ ਵੇਖ ਵੇਖ ਕੇ ਮਾਤਾ ਜੀ ਬੜੇ ਘਬਰਾਣ ਤੇ ਦਿਲ ਵਿਚ ਸੋਚਦੇ ਰਹਿਣ ਕਿ ਸਾਹਿਬਜ਼ਾਦੇ ਨੂੰ ਕੀ ਹੋ ਗਿਆ ਹੈ। ਜੋ ਕਿ ਸਿਆਣੀਆਂ ਮਾਈਆਂ ਬਿਰਧ ਅਵਸਥਾ ਵਾਲੀਆਂ ਦੇਖਣ ਤਾਂ ਉਹਨਾਂ ਤੋਂ ਔੜ-

ਔੜ ਪੁੱਛਣ ਕਿ ਸਾਹਿਬਜ਼ਾਦਾ ਬੋਲਦਾ ਨਹੀਂ ਹੈ। ਨਾ ਕੁਝ ਖਾਂਦਾ ਪੀਂਦਾ ਹੈ, ਇਸ ਨੂੰ ਕੀ ਦੇਣਾ ਚਾਹੀਦਾ ਹੈ।

ਇਤਨੇ ਨੂੰ ਉਥੇ ਇਹ ਦਾਈ ਆ ਪਹੁੰਚੀ ਤੇ ਸਮੇਂ ਨੂੰ ਵਿਚਾਰ ਕੇ ਆਖਦੀ ਹੈ ਕਿ ਮੇਰੇ ਦੁੱਧ ਵਿਚ ਇਹ ਗੁਣ ਹੈ ਜੋ ਭੀ ਲੜਕਾ ਮੇਰੇ ਅਸਥਨਾਂ ਦੇ ਦੁੱਧ ਨੂੰ ਪੀਂਦਾ ਹੈ ਉਹ ਅਰੋਗ ਹੋ ਜਾਂਦਾ ਹੈ ਅਤੇ ਵੱਡੀ ਉਮਰਾਂ ਵਾਲਾ ਹੋ ਜਾਂਦਾ ਹੈ। ਯਥਾ-

*'ਸਵੈਯਾ ਛੰਦ॥* ਸਭਿਨਿ ਬਿਖੈ ਗੰਗਾ ਮ੍ਰਿਦੁ ਬਚ ਕਹਿ, ਦੋ ਇਕ ਦਿਨ ਤੇ ਅਨਮਨ ਨੰਦ।
ਅਸਤਨ ਲੇਤਿ ਨ ਰੁਚਿ ਮਹਿਂ, ਕੌ ਦੁਖ ਸੁਧਿ ਨਾਹਿਂ ਮੋਹਿ ਬਿਲੰਦ।
ਜਿਤਕ ਬ੍ਰਿੱਧ ਉਪਚਾਰਨਿ ਭਾਖਤਿ, ਗੁਰਤੀ ਆਦਿ ਦੇਹੁ ਸੁੱਖਕੰਦ।
ਘਾਤਿ ਪਾਇ ਕਰਿ ਦੁਸ਼ਟਾ ਬੋਲੀ, ਕ੍ਰਿਸ਼ਨ ਪੂਤਨਾ ਕੇਰਿ ਮਨਿੰਦ ॥ ੧੫॥
ਮੋਹਿ ਬਿਖੈ ਗੁਨ ਦਿਯੋ ਪ੍ਰਭੁ ਨੇ, ਬਹੁ ਬਾਲਕ ਤੇ ਮੈਂ ਪਤਿਆਇ।
ਪਾਨ ਕਰਹਿ ਜੋ ਅਸਤਨ ਮੇਰੇ, ਤਿਸ ਸਿਸ ਕੇ ਦੁਖ ਨਿਕਟਿ ਨ ਆਇ।
ਹਰਹਿ ਅਰੁਚ ਕੌ ਤਤਛਿਨ ਛੁਧਤਹਿ, ਆਰਬਲਾ ਸੁ ਅਧਿਕ ਬਿਰਧਾਇ।
ਰਹੈ ਨਿਰੋਵਾ ਸੁਖ ਸੋਂ ਬਯ ਮਹਿਂ, ਨਹਿਂ ਔਸ਼ਧਿ ਕੀ ਚਾਹਿ ਰਹਾਇ॥ ੧੬॥'

ਉਸ ਵੇਲੇ ਮਾਤਾ ਗੰਗਾ ਜੀ ਨੇ ਇਸ ਦਾ ਗੁਣ ਸੁਣ ਕੇ ਅਤੇ ਸਾਰੀਆਂ ਬਿਰਧ ਇਸਤ੍ਰੀਆਂ ਦੀ ਮਰਜ਼ੀ ਜਾਣ ਕੇ ਸਾਹਿਬਜ਼ਾਦੇ ਨੂੰ ਗੋਦ ਵਿਚ ਦੇ ਦਿੱਤਾ ਤੇ ਦਾਈ ਨੇ ਆਪਣੀ ਇੱਛਾ ਪੂਰੀ ਹੋਈ ਜਾਣ ਕੇ ਸਾਹਿਬਜ਼ਾਦੇ ਨੂੰ ਗੋਦ ਵਿਚ ਲੈ ਕੇ ਇਕ ਹੱਥ ਮਹਾਰਾਜ ਜੀ ਦੇ ਸਿਰ ਹੇਠ ਦਿੱਤਾ। ਦੂਜੇ ਹੱਥ ਨਾਲ ਅੰਗੀਆਂ 'ਚੋਂ ਅਸਥਨ ਬਾਹਰ ਕੱਢ ਕੇ ਮੂੰਹ ਵਿਚ ਦਿੱਤਾ ਤੇ ਉੱਪਰ ਕਪੜਾ ਦੇ ਦਿੱਤਾ।

ਉਸ ਵੇਲੇ ਗੁਰੂ ਸਾਹਿਬ ਜੀ ਨੇ ਆਪਣੇ ਇਕ ਹੱਥ ਨਾਲ ਉਸ ਦੀ ਗੁਤ ਫੜ ਲਈ ਅਤੇ ਦੂਜੇ ਹੱਥ ਨਾਲ ਦੂਜਾ ਅਸਥਨ ਘੁੱਟ ਕੇ ਇਸ ਤਰ੍ਹਾਂ ਪ੍ਰਾਣ ਕੱਢੇ, ਜਿਵੇਂ ਬੱਚੇ ਨਾਲੀ ਨਾਲ ਗਲਾਸ ਵਿੱਚੋਂ ਪਾਣੀ ਕੱਢ ਲੈਂਦੇ ਹਨ।

*ਯਥਾ- ਕਬਿੱਤ-*

'ਤਤਛਿਨ ਅੰਤਰ ਬਸਨ ਅਸਤਨ ਦੇਤਿ, ਲੇਤਿ ਨ ਤਨਕ, ਗਹੇ ਹੋੜਿ ਇਤ ਊਤ ਨਾ।
ਗਾਢੋ ਜਬਿ ਕੀਨਿ ਤੌ ਪਯੋਧਰ[1] ਕੋ ਲੀਨ ਮੁਖ, ਹਾਥ ਕੋ ਪਸਾਰਿ ਗਹੀ ਛੋਰੀ ਤਬ ਗੁਤ ਨਾ।
ਦੂਜੇ ਹਾਥ ਸਾਥ ਗਹਯੋ ਦੂਜੈ ਕੁਚ ਦ੍ਰਿਢ ਕਰਿ, ਖੋਟੀ ਕ੍ਰਿਤ ਹੇਤੁ ਆਈ, ਲਾਗੇ ਲੋਭ ਭੂਤਨਾ।
ਜਾਂ ਕੋ ਮਨ ਪੂਤ[2] ਨਾ ਲਖਯੋ ਗੁਰੂ ਸਪੂਤ ਨਾ, ਜਿਸੀ ਕੇ ਪੀਰ ਪੂਤ ਨਾ[3] ਸੰਘਾਰੀ ਸਮ ਪੂਤਨਾ॥ ੨੨॥
ਗਾਢੇ ਅੰਗ ਪੀਰ ਕਰਿ, ਗਾਢੀ ਉਰ ਪੀਰ ਕਰਿ, ਪ੍ਰਾਨ ਤੇ ਸਰੀਰ ਕਰਿ ਭਿੰਨ ਐਂਚ ਲੀਨਿਓ।
ਜੈਸੇ ਪੋਲ ਤੀਲ ਤੇ ਕਿਲਾਲ[4] ਕੋ ਸੁ ਫੂਕ ਨਾਲਿ, ਖੈਂਚਿ ਲੇਤਿ ਬਾਲਕ ਸੁਭਾਇਕ ਹੀ ਕੀਨਿਓ।
ਹਾਇ ਹਾਇ ਬੋਲਤੀ ਬਿਹਾਲ ਹ੍ਵੈ ਬਿਸਾਲ ਬਾਲ ਛੋਰੋ ਅਬਿ ਮੋਹਿ ਕੋ ਪ੍ਰਤਾਪ ਚਿਤ ਚੀਨਿਓ।'

*(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੩, ਅੰਸੂ ੭)*

## ਸਿਮਰਨ ਦ੍ਰੂਪਦ ਸੁਤ ਉਧਰੀ॥

ਦ੍ਰੂਪਦ ਰਾਜਾ ਦੀ ਪੁੱਤਰੀ ਸਿਮਰਨ ਕਰਨੇ ਨਾਲ ਦੁਰਜੋਧਨ ਰਾਜੇ ਦੀ ਸਭਾ ਵਿਚ ਨਗਨ ਹੋਣ ਦੇ ਕਸ਼ਟ

---

*੧.ਅਸਥਨ। ੨.ਪਵਿੱਤਰ ਨਹੀਂ ਜਿਸ ਦਾ ਮਨ ਤੇ ਗੁਰੂ ਪੁੱਤਰ ਵੀ ਨਹੀ ਜਾਣਿਆ। ੩. ਜਿਸ ਦੇ ਦਿਲ ਵਿਚ ਪੁੱਤਰ ਦੀ ਪੀੜਾ ਵੀ ਨਹੀਂ ਸੀ। ੪. ਪਾਣੀ।*

ਤੋਂ ਉਧਰੀ=ਬਚ ਗਈ।

*ਯਥਾ-* "ਦੂਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥" *(ਨਾਮਦੇਵ, ਪੰਨਾ ੯੮੮)*

*ਤਥਾ-* "ਅੰਦਰਿ ਸਭਾ ਦੁਸਾਸਣੈ, ਮਥੇਵਾਲਿ ਦ੍ਰੋਪਤੀ ਆਂਦੀ ।
ਦੂਤਾ ਨੋ ਫੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟ ਧਿਆਨੁ ਧਰਿ, ਹਾਹਾ ਕ੍ਰਿਸਨ ਕਰੈ ਬਿਲਲਾਂਦੀ ।
ਕਪੜ ਕੋਟ ਉਸਾਰਿਓਨੁ, ਥਕੇ ਦੂਤ ਨ ਪਾਰ ਵਸਾਂਦੀ।"

*(ਭਾ: ਗੁਰਦਾਸ ਜੀ, ਵਾਰ ੧੦, ਪਉੜੀ ੮)*

*ਤਥਾ-*-"ਨਾਰੀ ਮਧ ਸਾਰੀ ਹੈ ਕਿ ਸਾਰੀ ਮਧ ਨਾਰੀ ਹੈ।
ਨਾਰੀ ਹੂੰ ਕੀ ਸਾਰੀ ਹੈ ਕਿ ਸਾਰੀ ਹੂੰ ਕੀ ਨਾਰੀ ਹੈ।" *(ਭਗਤ ਸੂਰਦਾਸ ਜੀ)*

## ਗਊਤਮ ਸਤੀ ਸਿਲਾ ਨਿਸਤਰੀ॥ ੩ ॥

ਸਤੀ=ਸਤਵਾਦੀ ਗੋਤਮ ਰਿਖੀ ਦੀ ਇਸਤ੍ਰੀ ਅਹਿਲਿਆ ਜੋ ਸਿਲਾ=ਪੱਥਰ ਰੂਪ ਹੋਈ ਪਈ ਸ਼ੀ, ਸ੍ਰੀ ਰਾਮਚੰਦਰ ਜੀ ਦੇ ਪੈਰ ਛੋਹਣ ਨਾਲ ਨਿਸਤਰੀ=ਮੁਕਤ ਰੂਪ ਹੋ ਗਈ ॥ ੩॥

*ਯਥਾ-* "ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥" *(ਨਾਮਦੇਵ, ਪੰਨਾ ੯੮੮)*

*ਤਥਾ-* "ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਨਾਰੈ ਬਾਝੁ ਪਰਾਣਾ।
ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।"

*(ਭਾ: ਗੁਰਦਾਸ ਜੀ, ਵਾਰ ੧੦, ਪਉੜੀ ੧੮)*

## ਕੇਸੀ ਕੰਸ ਮਥਨੁ ਜਿਨਿ ਕੀਆ॥ ਜੀਆ ਦਾਨੁ ਕਾਲੀ ਕਉ ਦੀਆ॥

ਜਿਸ ਭਗਵਾਨ ਨੇ ਕੇਸੀ ਦੈਂਤ ਤੇ ਕੰਸ ਰਾਜੇ ਨੂੰ ਮਥਨਾ ਕੀਤਾ ਹੈ, ਅਤੇ
ਕਾਲੀ ਨਾਗ (ਸੱਪ) ਨੂੰ ਜਮਨਾ ਵਿਚ ਚਰੀ ਤਰ੍ਹਾਂ ਮਥ ਕੇ ਫੇਰ ਜਿਊਣ ਦਾਨ ਦਿੱਤਾ ਹੈ।

## ਪ੍ਰਣਵੈ ਨਾਮਾ ਐਸੋ ਹਰੀ॥ ਜਾਸੁ ਜਪਤ ਭੈ ਅਪਦਾ ਟਰੀ॥ ੪ ॥ ੧ ॥ ੫ ॥

ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ, ਹਰੀ ਪਰਮਾਤਮਾ ਐਸਾ ਹੈ।
ਜਿਸ ਨੂੰ ਜਪਦਿਆਂ ਹੋਇਆਂ ਭੈਦਾਇਕ ਬਿਪਤਾ ਟਲ ਜਾਂਦੀ ਹੈ॥ ੪॥ ੧॥ ੫॥

**ਉਥਾਨਕਾ:**-ਦੇਵੀ ਦੇਵਤਿਆਂ ਦੇ ਉਪਾਸ਼ਕਾਂ ਨੇ ਨਾਮਦੇਵ ਦਾ ਪ੍ਰਤਾਪ ਸੁਣ ਕੇ ਆ ਕੇ ਆਖਿਆ-"ਤੂੰ ਸਾਡੇ ਪਾਸੋਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਸਿਖ ਲੈ ਤੇ ਸਾਨੂੰ ਹਰੀ ਨਾਮ ਦਾ ਉਪਦੇਸ਼ ਦੇ।"

ਇਹ ਗੱਲ ਸੁਣ ਕੇ ਨਾਮਦੇਵ ਜੀ ਕਹਿੰਦੇ ਹਨ-

***ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥***

ਮੈਂ ਤਾਂ ਇਕ ਵਾਹਿਗੁਰੂ ਦੇ ਨਾਮ ਨੂੰ ਹੀ ਲੈਂਦਾ ਹਾਂ, ਹੋਰ ਦੇਵਤਿਆਂ ਦੀ ਉਪਾਸ਼ਨਾ ਬਦਲੇ ਮੈਂ ਨਾਮ ਦਾ ਉਪਦੇਸ਼ ਤੁਹਾਨੂੰ ਨਹੀਂ ਦੇਂਦਾ।

ਵਾ-ਹੋਰ ਦੇਵਤਿਆਂ ਦੀ ਉਪਾਸ਼ਨਾ ਨੂੰ ਮੈਂ ਆਪਣੇ ਰਿਦੇ ਵਿਚੋਂ ਬਦਲਾ ਦਿੱਤਾ ਹੈ, ਭਾਵ ਮੈਂ ਹੋਰ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਦਾ। ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਦਾ ਜੋ ਫਲ ਪ੍ਰਾਪਤ ਹੁੰਦਾ ਹੈ ਉਹ ਹੁਣ ਦੱਸਦੇ ਹਨ-

## ਗੋਂਡ ॥

## ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥

ਜਿਹੜਾ ਪੁਰਸ਼ ਭੈਰੋਂ ਭੂਤ ਸੀਤਲਾ ਆਦਿਕਾਂ ਨੂੰ ਧਾਵੈ=ਧਿਆਉਂਦਾ ਹੈ, ਜੇ ਇਨ੍ਹਾਂ ਦੀ ਉਪਾਸ਼ਨਾ ਪੂਰੀ ਹੋ ਜਾਵੇ ਤਾਂ ਉਸ ਦੇਵਤੇ ਦਾ ਸਰੂਪ ਹੋ ਜਾਂਦਾ ਹੈ, ਕਿਉਂਕਿ ਇਹ ਨਿਯਮ ਹੈ ਜੇ ਉਪਾਸ਼ਨਾ ਪੂਰੀ ਪੂਰੀ ਹੋ ਜਾਵੇ ਤਾਂ ਉਪਾਸ਼ਕ ਉਪਾਸ਼ ਦਾ ਰੂਪ ਹੋ ਜਾਂਦਾ ਹੈ । ਜੇ ਉਪਾਸ਼ਨਾ ਪੂਰੀ ਨਾ ਹੋਵੇ ਤਾਂ ਉਸ ਦਾ ਵਾਹਨ ਬਣਦਾ ਹੈ। ਜਿਵੇਂ-

ਭੈਰੋਂ ਦੀ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਭੈਰੋਂ ਜਾ ਬਣਦਾ ਹੈ, ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਕੁੱਤਾ ਬਣਦਾ ਹੈ ਤੇ ਭੈਰੋਂ ਉਸ ਉਤੇ ਚੜ੍ਹ ਕੇ ਛਾਰ ਉਡਾਉਂਦਾ ਹੈ।

ਜੇ ਭੂਤਾਂ ਦੀ ਉਪਾਸ਼ਨਾ ਪੂਰੀ ਹੋ ਜਾਵੇ ਤਾਂ ਭੂਤ ਜਾ ਬਣਦਾ ਹੈ, ਜੇ ਉਪਾਸ਼ਨਾ ਪੂਰੀ ਨਾ ਹੋਵੇ ਤਾਂ ਉਸ ਦਾ ਵਾਹਨ ਵਾਵਰੋਲਾ ਹੁੰਦਾ ਹੈ, ਭੂਤ ਉਸ ਉੱਤੇ ਚੜ੍ਹ ਕੇ ਛਾਰ ਉਡਾਉਂਦਾ ਹੈ।

ਜੇ ਸੀਤਲਾ ਦੀ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਪੁਰਸ਼ ਤੋਂ ਸਗੋਂ ਨਾਰੀ ਜਾ ਬਣਦਾ ਹੈ। ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਖਰ=ਗਧਾ ਹੁੰਦਾ ਹੈ ਤੇ ਸੀਤਲਾ ਉਸ ਗਧੇ ਉੱਤੇ ਚੜ੍ਹ ਕੇ ਛਾਰ ਉਡਾਉਂਦੀ ਹੈ।

ਇਸ ਕਰਕੇ ਨਾਮਦੇਵ ਜੀ ਕਹਿੰਦੇ ਹਨ-

## ਹਉ ਤਉ ਏਕੁ ਰਮਈਆ ਲੈਹਉ ॥
## ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥

ਮੈਂ ਤਾਂ ਇਕ ਅਕਾਲ ਪੁਰਖ ਦੇ ਨਾਮ ਨੂੰ ਲੈਂਦਾ ਹਾਂ। ਹੋਰ ਦੇਵਤਿਆਂ ਦੀ ਉਪਾਸ਼ਨਾ ਨੂੰ ਬਦਲਾ ਦਿੱਤਾ ਹੈ॥ ੧ ॥ ਰਹਾਉ ॥

## ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥

ਸ਼ਿਵ ਸ਼ਿਵ ਕਰਕੇ ਜੋ ਆਦਮੀ ਸ਼ਿਵਜੀ ਨੂੰ ਧਿਆਉਂਦਾ ਹੈ, ਜੇ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਸ਼ਿਵਜੀ ਦਾ ਸਰੂਪ ਹੁੰਦਾ ਹੈ, ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਬਲਦ ਜਾ ਕੇ ਬਣਦਾ ਹੈ ਤਾਂ ਸ਼ਿਵਜੀ ਉਸ ਬਲਦ ਉੱਤੇ ਚੜ੍ਹਕੇ ਡੌਰੂ ਢਮਕਾਵੈ=ਵਜਾਉਂਦਾ ਹੈ॥ ੨ ॥

## ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥ ੩ ॥

ਜਿਹੜਾ ਆਦਮੀ ਮਹਾ ਮਾਈ=ਵੱਡੀ ਦੇਵੀ ਚੰਡੀ ਦੀ ਪੂਜਾ ਕਰਦਾ ਹੈ, ਜੇ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਉਹ ਨਰ ਸੈ=ਆਦਮੀ ਤੋਂ ਇਸਤ੍ਰੀ ਹੋ ਕੇ ਉਤਰਦਾ, ਭਾਵ ਜੰਮਦਾ ਹੈ ਅਰਥਾਤ ਦੇਵੀ ਦਾ ਰੂਪ ਹੁੰਦਾ ਹੈ ਤੇ ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਸ਼ੇਰ ਬਣਦਾ ਹੈ।

ਫਿਰ ਦੇਵੀ ਉਪਾਸ਼ਕ ਨੇ ਕਿਹਾ-"ਦੇਵੀ ਮੋਖ ਦੀ ਦਾਤੀ ਹੈ।"

ਨਾਮਦੇਵ ਜੀ ਨੇ ਕਿਹਾ-"ਦੇਵੀ ਭੋਗ ਦੀ ਦਾਤੀ ਤਾਂ ਹੈ, ਪਰ ਮੋਖ ਦੀ ਦਾਤੀ ਨਹੀਂ।"

ਇਸ ਉੱਤੇ ਹੁਣ ਪੀਪੇ ਰਾਜੇ ਦਾ ਦ੍ਰਿਸ਼ਟਾਂਤ ਦੇਂਦੇ ਹਨ-

ਰਾਜਾ ਪੀਪਾ ਦੇਵੀ ਦਾ ਉਪਾਸ਼ਕ ਸੀ। ਇਸ ਦੇ ਨਗਰ ਵਿਚ ਇਕ ਸੰਤ ਮੰਡਲੀ ਆਈ, ਉਨ੍ਹਾਂ ਨੂੰ ਅੱਧੀ ਰਸਦ ਭਿਜਵਾਈ ਤਾਂ ਮਹਾਤਮਾਂ ਨੇ ਉਹ ਰਸਦ ਅੰਗੀਕਾਰ ਨਾ ਕੀਤੀ। ਫਿਰ ਰਾਜੇ ਨੇ ਵਜ਼ੀਰਾਂ ਨੂੰ ਭੇਜਿਆ ਤਾਂ ਵੀ ਰਸਦ ਨਾ ਲੀਤੀ। ਫਿਰ ਆਪਣੇ ਪੁੱਤਰ ਨੂੰ ਭੇਜਿਆ ਤਾਂ ਭੀ ਸੰਤਾਂ ਨੇ ਨਾ ਲੀਤੀ।

ਫਿਰ ਰਾਜਾ ਆਪ ਸਾਰੀ ਰਸਦ ਲੈ ਕੇ ਆਇਆ।

ਸੰਤਾਂ ਨੇ ਪੁੱਛਿਆ-"ਕਿਸੇ ਦੀ ਉਪਾਸ਼ਨਾ ਵੀ ਕਰਦਾ ਹੈਂ ਕਿ ਨਹੀਂ?"

ਰਾਜੇ ਨੇ ਕਿਹਾ-"ਮੈਂ ਦੇਵੀ ਦੀ ਉਪਾਸ਼ਨਾ ਕਰਦਾ ਹਾਂ, ਦੇਵੀ ਮੈਨੂੰ ਰੋਜ਼ ਦਰਸ਼ਨ ਦੇਂਦੀ ਹੈ, ਦੇਵੀ ਤਾਂ ਭੋਗ ਮੋਖ ਦੀ ਦਾਤੀ ਹੈ।"

ਸੰਤਾਂ ਆਖਿਆ-"ਭੋਗ ਦੀ ਦਾਤੀ ਤਾਂ ਠੀਕ ਹੈ, ਪਰ ਮੋਖ ਦੀ ਦਾਤੀ ਨਹੀਂ। ਤੂੰ ਬੇ-ਸ਼ੱਕ ਦੇਵੀ ਪਾਸੋਂ ਸਵੇਰੇ ਪੁੱਛ ਲਈਂ ।"

ਰਾਜੇ ਪੀਪੇ ਨੂੰ ਸਵੇਰੇ ਉਪਾਸ਼ਨਾ ਵੇਲੇ ਜਦ ਦੇਵੀ ਪ੍ਰਗਟ ਹੋਈ ਤਾਂ ਰਾਜੇ ਨੇ ਕਿਹਾ-"ਹੇ ਮਾਤਾ ! ਮੈਨੂੰ ਮੁਕਤੀ ਦੇ।" ਇਹ ਗੱਲ ਸੁਣ ਕੇ ਦੇਵੀ ਛਿਪ ਗਈ। ਰਾਜੇ ਪੀਪੇ ਨੇ ਬਥੇਰਾ ਜ਼ੋਰ ਲਗਾਇਆ, ਪਰੰਤੂ ਪ੍ਰਗਟ ਨਾ ਹੋਈ।

ਜਦ ਦੂਜੇ ਦਿਨ ਰਾਜਾ ਇਸ਼ਨਾਨ ਵਗੈਰਾ ਕਰਕੇ ਰੋਜ਼ ਦੇ ਨਿਯਮ ਅਨੁਸਾਰ ਸਮਾਧੀ ਵਿਖੇ ਬੈਠਾ ਤਾਂ ਫਿਰ ਦੇਵੀ ਨੇ ਆ ਕੇ ਦਰਸ਼ਨ ਦਿੱਤਾ। ਉਸ ਵੇਲੇ ਰਾਜੇ ਪੀਪੇ ਨੇ ਕਿਹਾ-

**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥**

ਹੇ ਦੇਵੀ ! ਤੂੰ ਤਾਂ ਆਦਿ ਸ਼ਕਤੀ ਕਹਾਉਂਦੀ ਹੈਂ, ਪਰੰਤੂ ਮੁਕਤੀ ਦੇ ਵੇਲੇ ਕਿਥੇ ਛਿਪ ਗਈ ਸੀ? ਦੇਵੀ ਨੇ ਕਿਹਾ-"ਹੇ ਪੁੱਤਰ ! ਮੈਂ ਮੋਖ ਦੀ ਦਾਤੀ ਨਹੀਂ, ਮੈਂ ਤਾਂ ਵਰਾਂ ਦੀ ਦਾਤੀ ਹਾਂ। ਜੇ ਤੈਨੂੰ ਕਲਿਆਣ ਦੀ ਇੱਛਾ ਹੈ ਤਾਂ ਮੇਰਾ ਇਹ ਵਰ ਹੋਇਆ ਕਿ ਤੈਨੂੰ ਪੂਰਨ ਮਹਾਤਮਾਂ ਮੁਕਤੀ ਦਾਤੇ ਜ਼ਰੂਰ ਮਿਲ ਜਾਣਗੇ॥ ੪ ॥

**ਗੁਰਮਤਿ ਰਾਮ ਨਾਮ ਗਹੁ ਮੀਤਾ ॥**
**ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥ ੨ ॥ ੬ ॥**

ਹੇ ਮਿੱਤਰਾ ! ਗੁਰਾਂ ਦੀ ਸਿਖਿਆਂ ਦੁਆਰਾ ਰਾਮ ਨਾਮ ਨੂੰ ਗ੍ਰਹਿਣ ਕਰ। ਨਾਮਦੇਵ ਜੀ ਕਥਨ ਕਰਦੇ ਹਨ-

ਭਗਵਾਨ ਕ੍ਰਿਸ਼ਨ ਰਚਿਤ ਗੀਤਾ ਵੀ ਇਸ ਪ੍ਰਕਾਰ ਕਹਿ ਰਹੀ ਹੈ ਕਿ ਹੇ ਅਰਜਨ ! ਜੇ ਤੂੰ ਮੋਖ ਚਾਹੁੰਦਾ ਹੈਂ ਤਾਂ ਮੇਰਾ ਹੀ ਸਿਮਰਨ ਕਰ। ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਨਾ ਕਰ।

ਅਥਵਾ-ਉਹ ਦੇਵੀ ਆਖਦੀ ਹੈ- "ਹੇ ਰਾਜਨ ! ਲੋਕ-ਪ੍ਰਲੋਕ ਦਾ ਮਿੱਤਰ ਜੋ ਰਾਮ ਹੈ, ਉਸ ਦੇ ਨਾਮ ਨੂੰ ਗੁਰ ਸਿਖਿਆ ਦੁਆਰੇ ਗ੍ਰਹਿਣ ਕਰ।"

ਨਾਮਦੇਵ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਕਹਿ ਕੇ ਉਹ ਦੇਵੀ ਗੀ+ਤਾ=ਤਿਸ ਵੇਲੇ ਗੀ=ਚਲੀ ਗਈ॥ ੫ ॥ ੨ ॥ ੬ ॥

## ਬਿਲਾਵਲੁ ਗੋਂਡ ॥

ਦੋ ਰਾਗਾਂ ਵਿਖੇ ਮਿਲਾਕੇ ਏਸ ਸ਼ਬਦ ਨੂੰ ਕਥਨ ਕਰਦੇ ਹਨ।

**ਉਥਾਨਕਾ:**-ਇਕ ਪੰਡਿਤ ਨੇ ਕਿਹਾ-"ਪਰਮੇਸ਼ਰ ਦੇ ਨਾਮ ਨਾਲੋਂ ਸੂਰਜ ਦਾ ਗਾਇਤ੍ਰੀ ਮੰਤ੍ਰ ਸ੍ਰੇਸ਼ਟ ਹੈ। ਜਿਸ ਨੇ ਗਾਇਤ੍ਰੀ ਮੰਤ੍ਰ ਦਾ ਜਾਪ ਕੀਤਾ ਹੈ, ਉਸ ਨੂੰ ਹੋਰ ਕਿਸੇ ਨਾਮ ਸਿਮਰਨ ਦੀ ਲੋੜ ਨਹੀਂ।"

ਹੁਣ ਨਾਮਦੇਵ ਜੀ ਉਸ ਨੂੰ ਮੂਰਖ ਪਦ ਦੇ ਕੇ ਸਮਝਾਉਂਦੇ ਹਨ-

**ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥**
**ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥**
**ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥**

*-ਪਹਿਲਾ ਅਰਥ-*

ਨਾਮਦੇਵ ਜੀ ਕਥਨ ਕਰਦੇ ਹਨ-ਅੱਜ ਇਸ ਮਨੁੱਖਾ ਜਨਮ ਵਿਖੇ ਬੀਠਲੁ=ਪਰਮਾਤਮਾ ਨੂੰ ਦੇਖਿਆ ਹੈ, ਹੇ ਮੂਰਖ ਪੰਡਿਤ ! ਮੈਂ ਤੈਨੂੰ ਸਮਝਾਉਂਦਾ ਹਾਂ।

ਜਿਸ ਗਾਇਤ੍ਰੀ ਦਾ ਤੂੰ ਨਾਮ ਲੈਂਦਾ ਹੈਂ ਉਹ ਤੇਰੀ ਗਾਇਤ੍ਰੀ ਗਊ ਰੂਪ ਹੋ ਕੇ ਗੰਗਾ ਜੀ ਦੇ ਕਿਨਾਰੇ ਲੋਧੇ ਜ਼ਿਮੀਂਦਾਰ ਦਾ ਖੇਤ ਖਾਂਦੀ ਪਈ ਸੀ।

ਜਿਸ ਵੇਲੇ ਲੋਧੇ ਜ਼ਿਮੀਂਦਾਰ ਨੇ ਆ ਕੇ ਦੇਖਿਆ ਕਿ ਗਊ ਮੇਰੀ ਪੈਲੀ ਵਿਚ ਵੜ ਕੇ ਖੇਤ ਖਾ ਰਹੀ ਹੈ ਤਾਂ ਉਸ ਨੇ ਠੇਗਾ=ਸੋਟਾ ਲੈ ਕੇ ਗਊ ਦੀ ਟੰਗ ਤੋੜ ਦਿੱਤੀ। ਉਸ ਦਿਨ ਤੋਂ ਉਹ ਲੰਙੀ ਲੰਙੀ ਤੁਰੀ ਜਾਂਦੀ ਸੀ। ਉਹ ਗਾਇਤ੍ਰੀ ਤੂੰ ਲਈ ਫਿਰਦਾ ਹੈਂ ?

### ਸਾਖੀ-ਗਾਇਤ੍ਰੀ ਦੀ

ਬ੍ਰਹਮਾ ਜੀ ਦੀਆਂ ਤਿੰਨ ਇਸਤ੍ਰੀਆਂ ਸਨ-ਸੁਰੱਸਤੀ, ਸਵਿਤੀ, ਗਾਇਤ੍ਰੀ ।

ਇਕ ਦਿਨ ਕਿਸੇ ਕਾਰਨ ਸਵਿਤ੍ਰੀ ਤੇ ਗਾਇਤ੍ਰੀ ਦੋਵੇਂ ਸੌਂਕਣਾ ਆਪਸ ਵਿਚ ਝਗੜਦੀਆਂ ਝਗੜਦੀਆਂ ਲੜ ਪਈਆਂ ਤੇ ਬ੍ਰਹਮਾ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਦੋਹਾਂ ਦੀ ਗੱਲ ਸੁਣੀ ਤੇ ਗਾਇਤ੍ਰੀ ਦੀ ਵਧੀਕੀ ਸਮਝਕੇ ਉਸ ਨੂੰ ਸਰਾਪ ਦੇ ਦਿੱਤਾ ਕਿ ਤੂੰ ਇਥੇ ਰਹਿਣ ਦੇ ਯੋਗ ਨਹੀਂ ਹੈਂ, ਜਾਹ ਮਾਤਲੋਕ ਵਿਚ ਜਾ ਕੇ ਪਸ਼ੂ ਜੂਨ ਧਾਰਕੇ ਵਿਚਰਨਾ ਕਰ। ਉਹ ਫਿਰ ਗਊ ਰੂਪ ਹੋ ਕੇ ਗੰਗਾ ਜੀ ਦੇ ਕਿਨਾਰੇ ਲੋਧੇ ਜ਼ਿਮੀਂਦਾਰ ਦੇ ਖੇਤ ਵਿਚ ਚਰਨ ਲੱਗ ਪਈ।

*-ਦੂਜਾ ਅਰਥ-*

***ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥***

ਬੀਠਲੁ=ਉਤਪਤੀ, ਪਾਲਣਾ, ਲੈਤਾ ਕਰਨ ਵਾਲੇ ਪਰਮਾਤਮਾ ਨੂੰ ਅੱਜ ਮਨੁੱਖਾ ਦੇਹ ਵਿਖੇ ਮੈਂ ਨਾਮਦੇਵ ਨੇ ਵੇਖਣਾ ਕੀਤਾ, ਭਾਵ ਸਾਖਿਆਤਕਾਰ ਕੀਤਾ ਹੈ।

ਹੇ ਮੂਰਖ ਪੰਡਿਤ ! ਇਸ ਲਈ ਮੈਂ ਮੈਨੂੰ ਸਮਝਾਉਂਦਾ ਹਾਂ।

**ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤ ਖਾਤੀ ਥੀ॥**

**ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥ ੧॥**

ਹੇ ਪਾਂਡੇ ! ਤੇਰੀ ਗਾਇਤ੍ਰੀ ਪਹਿਲੇ ਲੋਧੇ=ਪਾਪਾਂ ਦਾ ਖੇਤ ਖਾਂਦੀ ਸੀ, ਅਰਥਾਤ ਜਿਸ ਪਾਸੋਂ ਬ੍ਰਹਮ ਹੱਤਿਆ ਹੋ ਜਾਂਦੀ ਸੀ, ਉਸ ਦੇ ਪਾਪਾਂ ਨੂੰ ਦੂਰ ਕਰਦੀ ਸੀ, ਪਰ ਵਸ਼ਿਸ਼ਟ ਮਹਾਰਾਜ ਜੀ ਨੇ ਤਪ ਰੂਪ ਸੋਟਾ ਲੈ ਕੇ ਗਾਇਤ੍ਰੀ ਦੀ ਟੰਗ ਤੋੜ ਦਿੱਤੀ, ਟੰਗ ਕਿਹੜੀ ਤੋੜੀ ਜਿਹੜੀ ਉਸ ਵਿਚੋਂ ਸ਼ਕਤੀ ਕੱਢ ਦਿੱਤੀ ਹੈ।

ਵਾ-ਬੱਤੀ ਅੱਖਰਾਂ 'ਚ ਅੱਠ ਅੱਖਰ ਕੱਢ ਦਿੱਤੇ ਇਹੀ ਟੰਗ ਤੋੜੀ ਹੈ। ਹੁਣ ਲੰਗੜੀ ਲੰਗੜੀ ਤੁਰੀ ਜਾਂਦੀ ਹੈ, ਭਾਵ ਉਹ ਹੁਣ ਚਵੀ ਅੱਖਰਾਂ ਵਾਲੀ ਗਾਇਤ੍ਰੀ ਬ੍ਰਹਮ ਹੱਤਿਆ ਰੂਪ ਪਾਪਾਂ ਦੇ ਦੂਰ ਕਰਨ ਨੂੰ ਸਮਰੱਥ ਨਹੀਂ ਰਹੀ।

ਲੰਗੜੀ ਲੰਗੜੀ ਤੁਰੀ ਜਾਂਦੀ ਜਿਨ੍ਹਾਂ ਨੇ ਵੇਖੀ ਹੈ, ਉਹਨਾਂ ਦੁਆਰੇ ਮੈਂ ਸੁਣੀ ਹੈ॥ ੧॥

## ਸਾਖੀ-ਵਸ਼ਿਸ਼ਟ ਜੀ ਦੀ

ਇਕ ਸਮੇਂ ਗਾਧ ਰਾਜੇ ਦਾ ਪੁੱਤਰ ਵਿਸ਼ਵਾਮਿੱਤ੍ਰ ਹਸੈਨਾ ਸਮੇਤ ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਜਾ ਰਿਹਾ ਸੀ। ਰਾਹ ਵਿਚ ਵਸ਼ਿਸ਼ਟ ਮਹਾਰਾਜ ਜੀ ਦੀ ਕੁਟੀਆ ਪਰ ਜਾ ਕੇ ਵਿਸ਼ਵਾਮਿੱਤ੍ਰ ਜੀ ਨੇ ਸਾਦਰ ਨਮਸ਼ਕਾਰ ਕੀਤੀ। ਉਸ ਵੇਲੇ ਵਸ਼ਿਸ਼ਟ ਮਹਾਰਾਜ ਜੀ ਨੇ ਕਿਹਾ-"ਹੇ ਰਾਜਨ ! ਅੱਜ ਤੂੰ ਭੋਜਨ ਇਥੇ ਹੀ ਛਕਣਾ ਹੋਵੇਗਾ।"

ਵਿਸ਼ਵਾਮਿੱਤ੍ਰ ਨੇ ਕਿਹਾ-"ਮੇਰੇ ਨਾਲ ਬਹੁਤ ਸਾਰੀ ਫ਼ੌਜ ਹੈ, ਆਪ ਵਿਰੱਕਤ ਸਾਧੂ ਜੰਗਲ ਵਿਚ ਰਹਿਣ ਵਾਲੇ ਹੋ, ਇਤਨਾ ਪ੍ਰਬੰਧ ਆਪ ਕਿਵੇਂ ਕਰ ਸਕੋਗੇ ?"

ਵਸ਼ਿਸ਼ਟ ਜੀ ਨੇ ਕਿਹਾ-"ਤੂੰ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰ ਪਰਮੇਸ਼ਰ ਦੀ ਕਿਰਪਾ ਨਾਲ ਸਾਰਾ ਪ੍ਰਬੰਧ ਆਪੇ ਠੀਕ ਹੋ ਜਾਵੇਗਾ।"

ਇੰਜ ਕਹਿ ਕੇ ਵਸ਼ਿਸ਼ਟ ਜੀ ਨੇ ਦੇਵ ਲੋਕ 'ਚੋਂ ਕਾਮਧੇਨ ਗਊ ਮੰਗਵਾ ਲਈ । ਛੋਟੀ ਜੇਹੀ ਕੁਟੀਆ ਵਿਚ ਖੜੀ ਕਰਕੇ ਉਸ ਤੋਂ ਮਨ ਭਾਉਂਦੇ ਪਕਵਾਨ ਪ੍ਰਾਪਤ ਕਰਕੇ ਸਾਰੀ ਸੈਨਾ ਸਮੇਤ ਰਾਜੇ ਵਿਸ਼ਵਾਮਿੱਤ੍ਰ ਨੂੰ ਤ੍ਰਿਪਤ ਕਰ ਦਿੱਤਾ।

ਬਾਅਦ ਵਿਚ ਰਾਜੇ ਨੇ ਸੋਚਿਆ ਕਿ ਥੋੜ੍ਹੇ ਸਮੇਂ ਵਿਚ ਇਤਨਾ ਪਕਵਾਨ ਇਨ੍ਹਾਂ ਨੇ ਕਿਵੇਂ ਤਿਆਰ ਕਰਕੇ ਸਾਨੂੰ ਸੰਤੁਸ਼ਟ ਕੀਤਾ ਹੈ। ਇੰਞ ਸੋਚਦਾ ਹੋਇਆ ਵਸ਼ਿਸ਼ਟ ਜੀ ਪਾਸ ਆ ਕੇ ਪੁੱਛਦਾ ਹੈ-

'ਮਹਾਰਾਜ ਜੀ ! ਅਸੀਂ ਰਾਜੇ ਮਹਾਰਾਜੇ ਬੜੇ ਬੜੇ ਸ਼ਹਿਰਾਂ ਦੇ ਵਸਨੀਕ ਭੀ ਇਤਨਾ ਭੋਜਨ ਇਤਨੀ ਜਲਦੀ ਨਾਲ ਤਿਆਰ ਨਹੀਂ ਕਰ ਸਕਦੇ, ਜਿਤਨੀ ਜਲਦੀ ਆਪ ਜੀ ਨੇ ਤਿਆਰ ਕਰਕੇ ਛਕਾਇਆ ਹੈ, ਇਸ ਦਾ ਕੀ ਕਾਰਨ ਹੈ ? ਆਪ ਜੀ ਨੇ ਕਿਵੇਂ ਜਲਦੀ ਤਿਆਰ ਕਰ ਲਿਆ ਹੈ?"

ਵਸ਼ਿਸ਼ਟ ਜੀ ਨੇ ਕਿਹਾ-"ਹੇ ਰਾਜਨ ! ਅਸਾਡੇ ਪਾਸ ਕਾਮਧੇਨ ਗਊ ਹੈ ਉਸ ਦੇ ਪ੍ਰਤਾਪ ਕਰਕੇ ਇਤਨੀ ਜਲਦੀ ਮਨ-ਭਾਉਂਦੇ ਪਦਾਰਥ ਤਿਆਰ ਹੋਏ ਮਿਲ ਗਏ ਹਨ।"

ਇਹ ਗੱਲ ਸੁਣਕੇ ਰਾਜੇ ਵਿਸ਼ਵਾ ਮਿੱਤ੍ਰ ਨੇ ਕਿਹਾ-"ਇਹ ਕਾਮਧੇਨ ਗਊ ਮੈਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਸਾਡੇ ਪਾਸ ਸੈਨਾ ਬੜੀ ਹੁੰਦੀ ਹੈ ਤੇ ਉਨ੍ਹਾਂ ਨੂੰ ਜਲਦੀ ਜਲਦੀ ਭੋਜਨ ਛਕਾ ਲਿਆ ਕਰਾਂਗੇ।"

ਵਸ਼ਿਸ਼ਟ ਜੀ ਨੇ ਕਿਹਾ-"ਹੇ ਰਾਜਨ ! ਇਹ ਬ੍ਰਹਮ ਰਿਖੀਆਂ ਦਾ ਧਨ ਹੈ, ਰਾਜਿਆਂ ਦਾ ਧਨ ਨਹੀਂ। ਜੇ ਤੈਨੂੰ ਇਸ ਦੀ ਲੋੜ ਹੈ ਤਾਂ ਪਹਿਲੇ ਤਪੱਸਿਆ ਕਰਕੇ ਤੂੰ ਬ੍ਰਹਮ ਰਿਖੀ ਬਣ।"

ਵਿਸ਼ਵਾ ਮਿੱਤਰ ਜੀ ਉਪਰਾਮਤਾ ਨਾਲ ਨਮਸ਼ਕਾਰ ਕਰਕੇ ਵਾਪਸ ਆਏ ਤੇ ਮਨ ਵਿਚ ਬ੍ਰਹਮ ਰਿਖੀ ਬਣਨ ਦਾ ਨਿਸਚੇ ਕਰਕੇ ਰਾਜ ਦਾ ਕੰਮ ਮੰਤਰੀਆਂ ਦੇ ਸਪੁੱਰਦ ਕਰਕੇ ਆਪ ਜੰਗਲ ਵਿਚ ਚਲੇ ਗਏ। ਜਾ ਕੇ ਬੜੀ

ਭਾਰੀ ਤਪੱਸਿਆ ਕੀਤੀ, ਤਦ ਬ੍ਰਹਮਾ ਜੀ ਸਨਮੁਖ ਆ ਕੇ ਕਹਿੰਦੇ ਹਨ-"ਹੇ ਰਾਜਨ ! ਮੈਂ ਤੇਰੀ ਤਪੱਸਿਆ ਤੇ ਬੜਾ ਪ੍ਰਸੰਨ ਹਾਂ ਤੂੰ ਵਰ ਮੰਗ ਕੀ ਚਾਹੁੰਦਾ ਹੈਂ ?"

ਵਿਸ਼ਵਾ ਮਿੱਤਰ ਨੇ ਕਿਹਾ-"ਮੈਨੂੰ ਬ੍ਰਹਮ ਰਿਖੀ ਹੋਣ ਦਾ ਵਰ ਦਿਓ।"

ਇਹ ਗੱਲ ਸੁਣ ਕੇ ਬ੍ਰਹਮਾ ਜੀ ਨੇ ਕਿਹਾ-"ਹੇ ਪ੍ਰਿਯ ਦਰਸੀ ! ਮੇਰੇ ਵੱਲੋਂ ਤਾਂ ਤੂੰ ਬ੍ਰਹਮ ਰਿਖੀ ਹੋ ਚੁਕਾ ਹੈਂ, ਪਰ ਮਾਤ ਲੋਕ ਦੀ ਮਰਯਾਦਾ ਬ੍ਰਹਮ ਰਿਖੀਆਂ ਦੇ ਸ਼੍ਰੋਮਣੀ ਵਸ਼ਿਸ਼ਟ ਮਹਾਰਾਜ ਜੀ ਪਾਸ ਹੈ ਜੇ ਉਹ ਤੈਨੂੰ ਬ੍ਰਹਮ ਰਿਖੀ ਕਹਿ ਦੇਣ ਤਾਂ ਤੂੰ ਬ੍ਰਹਮ ਰਿਖੀ ਹੋ ਜਾਏਂਗਾ।"

ਇਹ ਗੱਲ ਸੁਣਕੇ ਵਿਸ਼ਵਾ ਮਿੱਤਰ ਜੀ ਨੇ ਕਿਹਾ-"ਇਹ ਕੋਈ ਵੱਡੀ ਗੱਲ ਨਹੀਂ, ਉਹ ਤਾਂ ਮੇਰੇ ਪਰ ਮਿਹਰਬਾਨ ਹਨ। ਉਮੀਦ ਹੈ ਉਹ ਮੈਨੂੰ ਜ਼ਰੂਰ ਬ੍ਰਹਮ ਰਿਖੀ ਆਖ ਦੇਣਗੇ।"

ਇਹ ਗੱਲ ਸੁਣਕੇ ਬ੍ਰਹਮਾ ਜੀ ਅਲੋਪ ਹੋ ਗਏ ਤੇ ਵਿਸ਼ਵਾ ਮਿੱਤਰ ਆਪਣੇ ਰਾਜ-ਮੰਦਰਾਂ ਵਿਚ ਆ ਕੇ ਸੋਹਣੇ ਸੋਹਣੇ ਕਪੜੇ ਤੇ ਸ਼ਸਤ੍ਰ ਪਹਿਨ ਕੇ, ਅਰਥਾਤ ਰਾਜਸੀ ਬਿਲਾਸ ਦੇ ਸਹਿਤ ਹੋ ਕੇ ਵਸ਼ਿਸ਼ਟ ਮਹਾਰਾਜ ਜੀ ਪਾਸ ਪੁੱਜਾ।

ਵਸ਼ਿਸ਼ਟ ਜੀ ਨੇ ਆਉਂਦਿਆਂ ਵੇਖਕੇ ਕਿਹਾ-"ਆਓ ਰਾਜ ਰਿਖੀ ਜੀ !"

ਇਹ ਗੱਲ ਸੁਣਕੇ ਵਿਸ਼ਵਾ ਮਿੱਤਰ ਨੂੰ ਬੜਾ ਗੁੱਸਾ ਆਇਆ ਤੇ ਮਨ ਵਿਚ ਸੋਚਿਆ ਇਤਨੇ ਸਾਲਾਂ ਦੀ ਕਠਨ ਤਪੱਸਿਆ ਅਤੇ ਬ੍ਰਹਮਾ ਜੀ ਦਾ ਵਰ ਇਸ ਨੇ ਨਿਸਫਲ ਕਰ ਦਿੱਤਾ ਹੈ ਤੇ ਬੜੇ ਗੁੱਸੇ ਵਿਚ ਆ ਕੇ ਜਿਸ ਜਗ੍ਹਾ ਵਸ਼ਿਸ਼ਟ ਜੀ ਦੇ ਪੁੱਤਰ ਬੈਠੇ ਤਪੱਸਿਆ ਕਰ ਰਹੇ ਸਨ। ਉਹਨਾਂ ਵਿਚੋਂ ਇਕ ਦਾ ਸਿਰ ਕੱਟ ਕੇ ਵਾਪਸ ਆ ਗਿਆ ਤੇ ਘਰ ਆ ਕੇ ਗਾਇਤ੍ਰੀ ਮੰਤਰ ਦਾ ਪਾਠ ਵਿਧੀ ਪੂਰਬਕ ਕਰਕੇ ਬ੍ਰਹਮ ਹੱਤਿਆ ਦਾ ਦੋਸ਼ ਨਵਿਰਤ ਕਰ ਲੀਤਾ।

ਏਸੇ ਤਰ੍ਹਾਂ ਰਾਜਸੀ ਲਿਬਾਸ ਨਾਲ ਦੂਜੇ ਦਿਨ ਗਿਆ ਤਾਂ ਵਸ਼ਿਸ਼ਟ ਜੀ ਨੇ ਫਿਰ ਇਸ ਨੂੰ ਰਾਜ ਰਿਖੀ ਕਿਹਾ। ਇਸ ਨੇ ਫਿਰ ਕਰੋਧ ਵਿਚ ਆ ਕੇ ਓਸੇ ਤਰ੍ਹਾਂ ਦੂਜੇ ਪੁੱਤਰ ਦਾ ਸਿਰ ਕੱਟ ਕੇ ਤੇ ਗਾਇਤ੍ਰੀ ਮੰਤਰ ਦਾ ਪਾਠ ਕਰਕੇ ਬ੍ਰਹਮ ਹੱਤਿਆ ਦੂਰ ਕਰ ਲੀਤੀ। ਏਸੇ ਤਰ੍ਹਾਂ ਰੋਜ਼ਾਨਾ ਹੀ ਬਾਦਸ਼ਾਹੀ ਠਾਠ ਵਿਚ ਜਾਇਆ ਕਰੇ ਤੇ ਸਤਵਕਤਾ ਵਸ਼ਿਸ਼ਟ ਜੀ ਵੇਖਕੇ ਇਸ ਨੂੰ ਰਾਜ ਰਿਖੀ ਕਹਿ ਦਿੱਤਾ ਕਰਨ ਤੇ ਵਿਸ਼ਵਾ ਮਿੱਤ੍ਰ ਗੁੱਸੇ ਵਿਚ ਆ ਕੇ ਵਿਸ਼ਸ਼ਟ ਜੀ ਦੇ ਪੁੱਤਰ ਨੂੰ ਮਾਰ ਦਿਤਾ ਕਰੇ। ਇਉਂ ਇਸ ਨੇ ਸੌ ਦਾ ਸੌ ਹੀ ਪੁੱਤਰ ਮਾਰ ਦਿੱਤਾ ਅਤੇ ਰੋਜ਼ਾਨਾ ਗਾਇਤ੍ਰੀ ਮੰਤਰ ਦਾ ਪਾਠ ਕਰਕੇ ਬ੍ਰਹਮ ਹੱਤਿਆ ਉਤਾਰ ਲੀਤਾ ਕਰੇ।

ਇਕ ਦਿਨ ਵਿਸ਼ਵਾ ਮਿੱਤ੍ਰ ਜੀ ਦੇ ਮਨ ਵਿਚ ਵਿਚਾਰ ਆਈ ਕਿ ਮੈਂ ਵਸ਼ਿਸ਼ਟ ਜੀ ਦਾ ਸੌ ਪੁੱਤਰ ਅਕਾਰਨ ਹੀ ਮਾਰ ਦਿੱਤਾ ਹੈ, ਉਹਨਾਂ ਦਾ ਮਨ ਪੂਰਨ ਬ੍ਰਹਮ ਗਿਆਨੀਆਂ ਦੀ ਅਵਸਥਾ ਵਾਂਗ ਅਡੋਲ ਰਿਹਾ ਹੈ ਜਾਂ ਕਿਸੇ ਪ੍ਰਕਾਰ ਦੀ ਵਿਖੇਪਤਾ ਵਿਚ ਆਇਆ ਹੈ। ਇਸ ਗੱਲ ਦੇ ਜਾਨਣ ਵਾਸਤੇ ਪੂਰਨਮਾਸ਼ੀ ਦੀ ਰਾਤ ਨੂੰ ਸਾਦੇ ਲਿਬਾਸ ਵਿਚ ਜਾ ਕੇ ਉਸ ਦੀ ਕੁਟੀਆ ਦੇ ਪਿਛਲੇ ਪਾਸੇ ਜਾ ਬੈਠੇ, ਓਸੇ ਵੇਲੇ ਵਸ਼ਿਸ਼ਟ ਜੀ ਦੇ ਘਰ ਵਾਲੀ ਅਰੁੰਧਤੀ ਨੇ ਅਕਾਸ਼ ਵਿਚ ਚੰਦ੍ਰਮਾ ਨੂੰ ਪੂਰੇ ਜੋਬਨ ਵਿਚ ਤੱਕ ਕੇ ਆਪਣੇ ਪਤੀ ਵਸ਼ਿਸ਼ਟ ਦੇਵ ਜੀ ਦੇ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ-"ਸੁਆਮੀ ਜੀ ! ਜਿਵੇਂ ਚੰਦਰਮਾਂ ਦੀ ਸੀਤਲ ਚਾਂਦਨੀ ਪੂਰੇ ਜੋਬਨ ਵਿਚ ਡਲ੍ਹਕਾਂ ਮਾਰ ਰਹੀ ਹੈ, ਤਿਵੇਂ ਮਾਤ ਲੋਕ ਦੀ ਧਰਤੀ ਪਰ ਪੂਰਨ ਤੇਜਸ੍ਰੀ ਪ੍ਰਤਾਪੀ ਕੋਈ ਰਿਖੀ ਹੈ ਜਾਂ ਨਹੀਂ?"

ਇਹ ਗੱਲ ਸੁਣ ਕੇ ਵਸ਼ਿਸ਼ਟ ਜੀ ਨੇ ਕਿਹਾ-"ਮਾਤ ਲੋਕ ਦੀ ਧਰਤੀ ਪਰ ਪੂਰਨ ਤੇਜ ਪ੍ਰਤਾਪੀ ਇਸ ਵੇਲੇ ਵਿਸ਼ਵਾ ਮਿੱਤ੍ਰ ਜੀ ਹਨ, ਜੋ ਰੋਜ਼ਾਨਾ ਇਥੇ ਆਉਂਦੇ ਹਨ।

ਇਹ ਗੱਲ ਸੁਣਕੇ ਪਿੱਛੇ ਬੈਠੇ ਵਿਸ਼ਵਾ ਮਿੱਤ੍ਰ ਜੀ ਹੈਰਾਨ ਹੋਏ। ਚਿੱਤ ਵਿਚ ਵਿਚਾਰਦੇ ਹਨ ਕਿ ਮੈਂ ਇਨ੍ਹਾਂ

ਦਾ ਸੌ ਪੁੱਤਰ ਮਾਰ ਦਿੱਤਾ ਹੈ ਤੇ ਇਹ ਮੇਰਾ ਜਸ ਕਰ ਰਹੇ ਹਨ। ਇੰਵ ਚਿਤਵਦਾ ਹੋਇਆ ਜਦ ਵਸ਼ਿਸ਼ਟ ਜੀ ਦੇ ਸਾਹਮਣੇ ਆਇਆ ਤਾਂ ਇਸ ਨੂੰ ਸਾਦੇ ਲਿਬਾਸ ਵਿਚ ਵੇਖ ਕੇ ਵਸ਼ਿਸ਼ਟ ਜੀ ਨੇ ਕਿਹਾ-

"ਆਓ ਬ੍ਰਹਮ ਰਿਖੀ ਜੀ!" ਇੰਵ ਸੁਣਕੇ ਵਿਸ਼ਵਾ ਮਿੱਤ੍ਰ ਬੜਾ ਪ੍ਰਸੰਨ ਹੋਇਆ ਤੇ ਕਹਿਣ ਲੱਗਾ-

"ਮਹਾਰਾਜ ! ਸੌ ਪੁੱਤਰ ਮਰਵਾ ਕੇ ਬ੍ਰਹਮ ਰਿਖੀ ਕਿਹਾ ਹੈ, ਜੇ ਆਪ ਪਹਿਲੇ ਹੀ ਬ੍ਰਹਮ ਰਿਖੀ ਕਹਿ ਦੇਂਦੇ, ਆਪਣਾ ਸੌ ਪੁੱਤਰ ਤਾਂ ਨਾ ਮਰਵਾਉਂਦੇ?"

ਸਤਵਕਤਾ ਵੱਸ਼ਿਸ਼ਟ ਜੀ ਨੇ ਕਿਹਾ-"ਅਸੀਂ ਤੇਰੇ ਲਿਬਾਸ ਅਨੁਸਾਰ ਹੀ ਕਹਿੰਦੇ ਰਹੇ ਹਾਂ। ਤੂੰ ਰਾਜਿਆਂ ਵਾਲੇ ਕਪੜੇ ਪਹਿਨ ਕੇ ਆਉਂਦਾ ਰਿਹਾ ਹੈਂ, ਇਸ ਕਰਕੇ ਅਸੀਂ ਤੈਨੂੰ ਰਾਜ ਰਿਖੀ ਕਹਿੰਦੇ ਰਹੇ ਹਾਂ। ਅੱਜ ਤੂੰ ਸਾਦੇ ਲਿਬਾਸ ਵਿਚ ਆਇਆ ਹੈਂ ਇਸ ਤੇ ਤੈਨੂੰ ਬ੍ਰਹਮ ਰਿਖੀ ਕਿਹਾ ਹੈ, ਪਰ ਇਹ ਦਸ, ਤੂੰ

ਸੌ ਪੁੱਤਰ ਮਾਰ ਕੇ ਬ੍ਰਹਮ ਹੱਤਿਆ ਕਿਵੇਂ ਉਤਾਰੀ ਹੈ?"

ਵਿਸ਼ਵਾ ਮਿੱਤ੍ਰ ਨੇ ਕਿਹਾ-"ਗਾਇਤ੍ਰੀ ਮੰਤਰ ਦਾ ਪਾਠ ਕਰਕੇ ਮੈਂ ਬ੍ਰਹਮ ਹੱਤਿਆ ਦੂਰ ਕੀਤੀ ਹੈ।"

ਇਹ ਗੱਲ ਸੁਣਕੇ ਵੱਸ਼ਿਸ਼ਟ ਜੀ ਨੇ ਵਿਚਾਰਿਆ ਕਲਜੁਗੀ ਜੀਵ ਪਾਪ ਕਰਨ ਤੋਂ ਸੰਕੋਚ ਨਹੀਂ ਕੀਤਾ ਕਰਨਗੇ। ਬੜੇ ਬੜੇ ਬੱਜਰ ਪਾਪਾਂ ਨੂੰ ਕਰਕੇ ਗਾਇਤ੍ਰੀ ਮੰਤ੍ਰ ਦੁਆਰਾ ਦੂਰ ਕਰ ਲਿਆ ਕਰਨਗੇ ।

ਇਹ ਗੱਲ ਵਿਚਾਰਕੇ ਵਸ਼ਿਸ਼ਟ ਜੀ ਨੇ ਤਪ ਰੂਪ ਸੋਟਾ ਲੈ ਕੇ ਗਾਇਤ੍ਰੀ ਮੰਤ੍ਰ ਦੀ ਸ਼ਕਤੀ ਰੂਪ ਟੰਗ ਤੋੜ ਦਿੱਤੀ।

ਭਾਵ-ਅੱਜ ਤੋਂ ਲੈ ਕੇ ਇਹ ਗਾਇਤ੍ਰੀ ਮੰਤ੍ਰ ਬ੍ਰਹਮ ਹੱਤਿਆ ਦੇ ਦੋਸ਼ ਨੂੰ ਦੂਰ ਨਹੀਂ ਕਰੇਗਾ।

ਸਭਾ ਵਿਚ ਇਕ ਸ਼ਿਵ ਉਪਾਸ਼ਕ ਬੈਠਾ ਸੀ ਉਹ ਆਖਣ ਲੱਗਾ-"ਗਾਇਤ੍ਰੀ ਮੰਤ੍ਰ ਨਾਲੋਂ ਸ਼ਿਵਾਂ ਦੀ ਉਪਾਸ਼ਨਾ ਕਰਨੀ ਸ੍ਰੇਸ਼ਟ ਹੈ।" ਇਹ ਗੱਲ ਸੁਣ ਕੇ ਨਾਮਦੇਵ ਜੀ ਨੇ ਕਿਹਾ-

**ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥**
**ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥ ੨ ॥**

ਹੇ ਪਾਂਡੇ ! ਤੇਰਾ ਮਹਾਂ ਦੇਵ ਚਿੱਟੇ ਬੈਲ ਉੱਤੇ ਚੜ੍ਹਿਆ ਆਉਂਦਾ ਜਿਨ੍ਹਾਂ ਨੇ ਵੇਖਿਆ ਹੈ ਉਹਨਾਂ ਦੁਆਰੇ ਮੈਂ ਸੁਣਿਆਂ ਹੈ। ਮੋਦੀ=ਅਨੰਦ ਦਾਤੀ ਜੋ ਇਸਤ੍ਰੀ ਪਾਰਬਤੀ ਹੈ ਉਸ ਦੇ ਘਰ ਖਾਣਾ ਪੱਕਾ ਤੇ ਉਸ ਦੇ ਹੀ ਲੜਕੇ ਨੂੰ ਮਾਰ ਦਿੱਤਾ॥ ੨ ॥

## ਸਾਖੀ-ਪਾਰਬਤੀ ਦੀ

ਇਕ ਸਮੇਂ ਸ਼ਿਵਜੀ ਮਹਾਰਾਜ ਜੀ ਪਾਰਬਤੀ ਨੂੰ ਰੋਟੀ ਤਿਆਰ ਕਰਨ ਵਾਸਤੇ ਆਖਕੇ ਚਲੇ ਗਏ ਕਿ ਅਸੀਂ ਹੁਣੇ ਆਉਂਦੇ ਹਾਂ ਤੂੰ ਰੋਟੀ ਤਿਆਰ ਕਰ ਛੱਡੀਂ। ਪਿੱਛੋਂ ਪਾਰਬਤੀ ਨੇ ਆਪਣੇ ਸਰੀਰ ਤੇ ਵੱਟਣਾ ਮਲਕੇ ਇਕ ਸੁੰਦਰ ਲੜਕਾ ਪੈਦਾ ਕਰਕੇ ਉਸ ਨੂੰ ਸਮਝਾ ਕੇ ਬਾਹਰ ਬੂਹੇ ਤੇ ਖੜਾ ਕਰ ਦਿੱਤਾ ਤੇ ਕਿਹਾ ਕਿ ਮੈਂ ਇਸ਼ਨਾਨ ਕਰਨ ਲੱਗੀ ਹਾਂ ਅੰਦਰ ਕੋਈ ਨਾ ਆਵੇ। ਉਹ ਲੜਕਾ ਬਾਹਰ ਬੂਹੇ ਤੇ ਖਲੋਤਾ ਹੀ ਸੀ ਜੋ ਕੁਝਕੁ ਸਮੇਂ ਨੂੰ ਸ਼ਿਵਜੀ ਮਹਾਰਾਜ ਜੀ ਆ ਗਏ। ਅੰਦਰ ਜਾਂਦਿਆਂ ਨੂੰ ਲੜਕੇ ਨੇ ਰੋਕ ਦਿੱਤਾ ਤੇ ਕਿਹਾ-"ਮੇਰੀ ਮਾਂ ਅੰਦਰ ਇਸ਼ਨਾਨ ਕਰ ਰਹੀ ਹੈ ਆਪ ਜ਼ਰਾ ਠਹਿਰ ਜਾਈਏ।" ਸ਼ਿਵਾਂ ਨੂੰ ਬੜਾ ਗੁੱਸਾ ਆਇਆ ਤੇ ਆਖਦੇ ਹਨ-"ਤੂੰ ਕਿਹੜੀ ਮਾਂ ਵਾਲਾ ਆ ਗਿਆ ਹੈਂ ?" ਤ੍ਰਿਸੂਲ ਕੱਢ ਕੇ ਉਸ ਦਾ ਸਿਰ ਵੱਢ ਦਿੱਤਾ ਤੇ ਅੰਦਰ ਚਲੇ ਗਏ।

ਪ੍ਰਾਰਬਤੀ ਨੇ ਕਿਹਾ -"ਤੁਹਾਨੂੰ ਕਿਸੇ ਨੇ ਰੋਕਿਆ ਨਹੀਂ।"

ਸ਼ਿਵਜੀ ਨੇ ਕਿਹਾ-"ਇਕ ਲੜਕੇ ਨੇ ਰੋਕਿਆ ਤਾਂ ਸੀ, ਪਰ ਮੈਂ ਉਸ ਦਾ ਸਿਰ ਵੱਢ ਦਿੱਤਾ ਹੈ ਤੇ ਅੰਦਰ ਆ ਗਿਆ ਹਾਂ।"

ਇਹ ਗੱਲ ਸੁਣਕੇ ਪਾਰਬਤੀ ਰੋਣ ਲੱਗ ਪਈ ਅਤੇ ਆਖਣ ਲੱਗੀ, "ਪਹਿਲੇ ਮੇਰੇ ਲੜਕੇ ਨੂੰ ਜਿਵਾਉਗੇ ਤਾਂ ਹੋਰ ਕੁਝ ਕੰਮ ਕਰਾਂਗੀ।"

ਹੁਣ ਵੇਖੋ ! ਸ਼ਿਵਜੀ ਐਸਾ ਅਲਪਗ ਫੇਰ ਅਕਾਰਨ ਕ੍ਰੋਧੀ ਜਿਸ ਨੂੰ ਇਹ ਵੀ ਨਾ ਪਤਾ ਲੱਗਾ ਕਿ ਇਹ ਮੇਰਾ ਹੀ ਪੁੱਤਰ ਹੈ ਤੇ ਮੈਂ ਇਸ ਦਾ ਸਿਰ ਨਾ ਵੱਢਾਂ। ਨਾਮਦੇਵ ਜੀ ਆਖਦੇ ਹਨ-ਐਸੇ ਅਗਿਆਨੀ ਅਲਪਗ ਸ਼ਿਵਾਂ ਦੀ ਉਪਾਸ਼ਨਾ ਭਲਾ ਕੀ ਕਰਨੀ ਹੈ, ਦੂਜੀ ਸਾਖੀ ਹੋਰ ਵੀ ਲਾਉਂਦੇ ਹਨ-

ਮੋਦੀ ਨਾਮ ਕਰਕੇ ਇਕ ਜ਼ਿਮੀਂਦਾਰ ਸ਼ਿਵਜੀ ਦਾ ਸਿੱਖ ਸੀ, ਉਸ ਦੇ ਘਰ ਖਾਣਾ ਪੱਕਾ ਤਾਂ ਉਸ ਦਾ ਲੜਕਾ ਮਰਵਾ ਦਿੱਤਾ ਜਿਸ ਵੇਲੇ ਮੋਦੀ ਨੇ ਥਾਲ ਪਰੋਸਕੇ ਸ਼ਿਵਜੀ ਅੱਗੇ ਲਿਆ ਰੱਖਿਆ ਤਾਂ ਸ਼ਿਵਾਂ ਕਿਹਾ- "ਪਹਿਲੇ ਸਾਡੇ ਬਲਦ ਦਾ ਖਾਣਾ ਦੇਹ ਫੇਰ ਅਸੀਂ ਖਾਵਾਂਗੇ।" ਉਸ ਵੇਲੇ ਮੋਦੀ ਨੇ ਪੱਠੇ ਮੰਗਵਾ ਦਿੱਤੇ, ਸ਼ਿਵਾਂ ਨੇ ਕਿਹਾ-"ਇਹ ਬੈਲ ਪੱਠੇ ਨਹੀਂ ਖਾਂਦਾ ਇਹ ਤਾਂ ਤੇਰੇ ਪੁੱਤਰ ਦਾ ਮਾਸ ਖਾਏਗਾ।"

ਇਹ ਗੱਲ ਸੁਣਕੇ ਸ਼ਰਧਾਲੂ ਮੋਦੀ ਨੇ ਆਪਣਾ ਪੁੱਤਰ ਮਾਰ ਕੇ ਉਸ ਬਲਦ ਅੱਗੇ ਪਾ ਦਿੱਤਾ। ਨਾਮਦੇਵ ਜੀ ਕਹਿੰਦੇ ਹਨ-ਐਸੇ ਕਰੋਧੀ ਨਿਰਦਈ ਸ਼ਿਵਾ ਦੀ ਭਲਾ ਕੀ ਉਪਾਸ਼ਨਾ ਕਰਨੀ ਹੈ।

*ਯਥਾ-* "ਮਹਾਦੇਉ ਅਗਿਆਨੀ ਵਰਤੈ ਘਰਿ ਆਪਨੈ ਤਾਮਸੁ ਬਹੁਤੁ ਅਹੰਕਾਰਾ॥ ੨॥"

*(ਵਡਹੰਸੁ ਮਹਲਾ ੩, ਪੰਨਾ ੫੫੯)*

ਸਭਾ ਵਿਚ ਇਕ ਰਾਮਚੰਦ੍ਰ ਉਪਾਸ਼ਕ ਬੈਠਾ ਸੀ ਉਹ ਆਖਣ ਲੱਗਾ-"ਸਾਰਿਆਂ ਨਾਲੋਂ ਰਾਮਚੰਦਰ ਦੀ ਉਪਾਸ਼ਨਾ ਕਰਨੀ ਸ੍ਰੇਸ਼ਟ ਹੈ।" ਇਹ ਗੱਲ ਸੁਣਕੇ ਨਾਮਦੇਵ ਜੀ ਉਸ ਨੂੰ ਉੱਤਰ ਦੇਂਦੇ ਹਨ-

[ਪੰਨਾ ੮੭੫]

**ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥**
**ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ੩॥**

ਹੇ ਪਾਂਡੇ ! ਤੇਰਾ ਜਿਹੜਾ ਰਾਮਚੰਦਰ ਹੈ ਉਸ ਨੂੰ ਜਿਨ੍ਹਾਂ ਨੇ ਆਉਂਦਾ ਵੇਖਿਆ ਹੈ, ਉਹਨਾਂ ਦੁਆਰੇ ਮੈਂ ਵੀ ਸੁਣਿਆਂ ਹੈ, ਉਸਨੇ ਆਪਣੀ ਘਰ ਦੀ ਜੋਇ=ਇਸਤ੍ਰੀ ਹੀ ਗਵਾ ਲਈ ਸੀ।

*ਯਥਾ-* "ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥"

*(ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨ )*

ਜਿਸ ਕਰਕੇ ਰਾਵਣ ਦੇ ਨਾਲ ਉਸ ਦੀ ਸਰਬਰ=ਬਰਾਬਰੀ ਹੋਈ, ਭਾਵ ਆਹਮੋਂ ਸਾਹਮਣੇ ਲੜਾਈ ਮਚ ਗਈ।

## ਸਾਖੀ-ਸ੍ਰੀ ਰਾਮਚੰਦ੍ਰ ਜੀ ਦੀ

ਇਕ ਸਮੇਂ ਸ੍ਰੀ ਰਾਮਚੰਦਰ ਜੀ ਦੇ ਦਾਦਾ 'ਅਜ' ਆਪਣੇ ਸ਼ਾਹੀ ਮਹਿਲਾਂ ਵਿਖੇ ਸੁਨਹਿਰੀ ਪਲੰਘ ਪਰ ਬੈਠੇ ਸਨ। ਉਸ ਸਮੇਂ ਰਾਜ ਜੋਤਸ਼ੀ ਨੇ ਆ ਕੇ ਅਸ਼ੀਰਵਾਦ ਦਿੱਤੀ ਤੇ ਰਾਜਾ ਜੀ ਨੇ ਬੜੇ ਸਤਿਕਾਰ ਨਾਲ ਉਸ ਨੂੰ ਆਸਣ ਦੇ ਕੇ ਬਿਠਾਇਆ। ਉਸ ਵੇਲੇ ਜੋਤਸ਼ੀ ਨੇ ਕਿਹਾ-"ਹੇ ਰਾਜਨ! ਅੱਜ ਮੈਂ ਇਕ ਖੁਸ਼ੀ ਦੀ ਗੱਲ

ਸੁਣਾਉਂਦਾ ਹਾਂ ਜੋ ਅੱਜ ਅੰਮ੍ਰਿਤ ਵੇਲੇ ਮੇਰੇ ਦ੍ਰਿਸ਼ਟੀ ਗੋਚਰ ਆਈ ਹੈ।" ਇਹ ਗੱਲ ਸੁਣਕੇ ਰਾਜੇ ਨੇ ਬੜੇ ਉਤਸ਼ਾਹ ਨਾਲ ਕਿਹਾ:- ਪੰਡਿਤ ਜੀ ! ਖੁਸ਼ੀ ਵਾਲੀ ਗੱਲ ਜ਼ਰੂਰ ਸੁਣਾਓ?"

ਜੋਤਸ਼ੀ ਨੇ ਕਿਹਾ- "ਆਪ ਜੀ ਦਾ ਜੋ ਪੁੱਤਰ ਹੋਵੇਗਾ ਉਹ ਬੜੇ ਤੇਜ ਪ੍ਰਤਾਪ ਵਾਲਾ ਈਸ਼ਵਰ ਅਵਤਾਰ ਹੋਵੇਗਾ।"

ਇਹ ਗੱਲ ਸੁਣ ਕੇ 'ਅਜ' ਰਾਜਾ ਜੀ ਬੜੇ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਸ਼ੁਕਰ ਹੈ ਉਸ ਪਰਮਾਤਮਾ ਦਾ, ਜੋ ਸਾਡੀ ਕੁਲ ਵਿਚ ਅਵਤਾਰ ਧਾਰਕੇ ਅਸਾਂ ਦਾ ਉਧਾਰ ਕਰੇਗਾ।

ਰਾਜੇ ਦੀ ਬਹੁਤੀ ਖੁਸ਼ੀ ਵੇਖਕੇ ਜੋਤਸ਼ੀ ਨੇ ਕਿਹਾ-"ਹੇ ਰਾਜਨ ! ਇਕ ਗੱਲ ਹੋਰ ਭੀ ਹੈ ਕਿ ਉਹ ਆਪਣੀ ਇਸਤ੍ਰੀ ਨੂੰ ਗੁਆ ਬੈਠੇਗਾ ਤੇ ਉਸ ਦੇ ਵਿਯੋਗ ਵਿਚ ਜੰਗਲ ਵਿਚ ਝੁਰੇਗਾ।"

*ਯਥਾ-* "ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥"

*(ਰਾਮਕਲੀ ਵਾਰ, ਪੰਨਾ ੯੫੩)*

*ਤਥਾ-* "ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ॥" *(ਵਾਰਾਂ ਤੇ ਵਧੀਕ, ਪੰਨਾ ੧੪੧੨)*

ਇਹ ਗੱਲ ਸੁਣਕੇ 'ਅਜ' ਰਾਜਾ ਉਦਾਸ ਹੋ ਕੇ ਰੋਣ ਲਗ ਪਿਆ ਤੇ ਆਖਣ ਲੱਗਾ ਕਿ ਅਸਾਡੀ ਕੁਲ ਵਿਚ ਅਜੇਹਾ ਨਾਲਾਇਕ ਪੁੱਤਰ ਪੈਦਾ ਹੋਵੇਗਾ ਜੋ ਆਪਣੀ ਇਸਤ੍ਰੀ ਨੂੰ ਗੁਆ ਕੇ ਕੁਲ ਨੂੰ ਦਾਗ ਲਗਾਏਗਾ। ਅਜੇਹੇ ਰਾਮਚੰਦ੍ਰ ਦੀ ਉਪਾਸ਼ਨਾ ਕੀ ਕਰਨੀ ਹੈ। *(ਇਹ ਪ੍ਰਸੰਗ ਬਿਰਧ ਰਾਮਾਇਣ ਵਿਚ ਦੇਖੋ)*

## ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥

ਨਾ ਵਿਹਾਰਕ ਨਾ ਪਰਮਾਰਥ ਅੱਖ ਹੋਣ ਕਰਕੇ ਹਿੰਦੂ ਅੰਨ੍ਹਾ ਹੈ।

ਕਿਉਂਕਿ ਹਿੰਦੂ ਦਾ ਮਜ਼ਹਬ ਇਕ ਨਹੀਂ। ਘਰ ਦੇ ਪੰਜ ਜੀਅ ਹੋਣਗੇ ਤੇ ਪੰਜਾਂ ਦੇ ਵੱਖੋ ਵੱਖਰੇ ਹੀ ਖਿਆਲ ਹੋਣਗੇ। ਕੋਈ ਦੇਵੀ ਦੀ ਉਪਾਸ਼ਨਾ, ਕੋਈ ਸੂਰਜ ਦੀ ਉਪਾਸ਼ਨਾ, ਕੋਈ ਸ਼ਿਵਾਂ ਦੀ, ਕੋਈ ਗਣੇਸ਼ ਦੀ, ਕੋਈ ਸ੍ਰੀ ਰਾਮਚੰਦਰ ਜੀ ਦੀ ਉਪਾਸ਼ਨਾ ਕਰੇਗਾ।

ਮੁਸਲਮਾਨ ਕਾਣਾ ਹੈ, ਕਿਉਂਕਿ ਉਸ ਦੀ ਇਕ ਵਿਹਾਰਕ ਅੱਖ ਨਹੀਂ ਅਤੇ ਪਰਮਾਰਥ ਅੱਖ ਹੈ, ਭਾਵ ਉਹ ਇਕ ਆਪਣੇ ਦੀਨ ਤੇ ਪੱਕਾ ਰਹਿੰਦਾ ਹੈ। ਹਿੰਦੂਆਂ ਵਾਂਗ ਉਸ ਦੇ ਬਹੁਤੇ ਮਜ਼ਹਬ ਨਹੀਂ ਹਨ।

ਵਾ:-ਮੁਸਲਮਾਨ ਕਾ=ਕਿਆ ਅੰਨ੍ਹਾ ਣਾ=ਨਹੀਂ? ਭਾਵ ਉਹ ਵੀ ਅੰਨਾ ਹੈ ਭੇਦਵਾਦੀ ਹੋਣ ਕਰਕੇ ਪਰ ਇਹ ਅਰਥ ਗਉਣ ਹੈ। ਹਿੰਦੂ ਅਤੇ ਮੁਸਲਮਾਨ ਇਨ੍ਹਾਂ ਦੋਹਾਂ ਨਾਲੋਂ ਗਿਆਨੀ=ਗਿਆਨਵਾਨ ਪੁਰਸ਼ ਸਿਆਣਾ ਹੈ।

## ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥
## ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ ੪ ॥ ੩ ॥ ੭ ॥

ਹਿੰਦੂ ਲੋਕ ਦੇਹੁਰਿਆਂ ਨੂੰ ਪੂਜਦੇ ਹਨ ਅਤੇ ਮੁਸਲਮਾਨ ਮਸੀਤਾਂ ਨੂੰ ਮੰਨਦੇ ਹਨ। ਮੈਂ ਨਾਮਦੇਵ ਨੇ ਉਸ ਵਾਹਿਗੁਰੂ ਨੂੰ ਸੇਵਨਾ ਕੀਤਾ ਹੈ ਜਿਥੇ ਨਾ ਦੇਹੁਰਾ, ਨਾ ਮਸੀਤ ਪਣਾ ਹੈ॥ ੪ ॥ ੩ ॥ ੭ ॥

## ਬਾਣੀ ਰਵਿਦਾਸ ਜੀਉ ਕੀ ਘਰੁ ੨

## ਰਾਗੁ ਗੋਂਡ

## ੧ੴ ਸਤਿਗੁਰ ਪ੍ਰਸਾਦਿ॥

**ਉਥਾਨਕਾ:**-ਕਿਸ ਦਾ ਜਾਪ ਕਰਨ ਨਾਲ ਮੁਕਤੀ ਹੁੰਦੀ ਹੈ? ਉੱਤਰ-

## ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥

ਸੰਸਾਰੀ ਜੀਵੋ ! ਮੁਕੰਦ ਹੀ ਮੁਕੰਦ ਨਾਮ ਨੂੰ ਜਾਪਣਾ ਕਰੋ।

ਵਾ:-ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦਾ ਮੁਕੰਦ ਨਾਮ ਜਪਣਾ ਕਰੋ।

ਮੁਕੰਦ ਨਾਮ ਜਪੇ ਬਿਨਾਂ ਮਨੁੱਖਾ ਸਰੀਰ ਅਉ=ਬਹੁਤੇਂ ਹਾਰ ਜਾਂਦਾ ਹੈ।

ਵਾ:-ਅਉਹਾਰ=ਨਿਸਫਲ ਹੁੰਦਾ ਹੈ।

## ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥ ੧॥

ਉਹ ਮਕੰਦ ਹੀ ਜੀਵਾਂ ਨੂੰ ਮੋਖ ਦੇਣ ਵਾਲਾ ਹੈ।

ਉਹ ਮੁਕੰਦ ਹੀ ਮਾਤਾ ਪਿਤਾ ਵਾਂਗ ਸਾਡਾ ਰੱਖਿਅਕ ਹੈ॥ ੧॥

## ਜੀਵਤ ਮੁਕੰਦੇ ਮਰਦ ਮੁਕੰਦੇ॥
## ਤਾ ਕੇ ਸੇਵਕ ਕਉ ਸਦਾ ਅਨੰਦੇ॥ ੧॥ ਰਹਾਉ॥

ਜੀਉਂਦਿਆਂ ਸਮੇਂ ਮੁਕੰਦ ਨੂੰ ਅਤੇ ਮਰਨ ਵੇਲੇ ਵੀ ਮੁਕੰਦ ਨੂੰ ਜਪਣਾ ਕਰੋ।

ਵਾ:-ਮੁਕੰਦੇ=ਮੁਕਤੀ ਦਾਤੇ ਦੇ ਮੁਕੰਦ ਨਾਮ ਨੂੰ ਜੀਵਤ ਭਾ ਤੋਂ ਮਰ ਕੇ ਜਪਣਾ ਕਰੋ।

ਤਿਸ ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦੇ ਸੇਵਕ ਨੂੰ ਹਮੇਸ਼ਾਂ ਅਨੰਦ ਬਣਿਆ ਰਹਿੰਦਾ ਹੈ॥ ੧॥

## ਮੁਕੰਦ ਮੁਕੰਦ ਹਮਾਰੇ ਪ੍ਰਾਨੰ॥ ਜਪਿ ਮੁਕੰਦ ਮਸਤਕਿ ਨੀਸਾਨੰ॥

ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦਾ ਮੁਕੰਦ ਨਾਮ ਸਾਡੇ ਪ੍ਰਾਣ ਰੂਪ ਹੈ, ਭਾਵ ਪ੍ਰਾਣਾਂ ਵਾਂਗ ਪਿਆਰਾ ਹੈ। ਮੱਥੇ ਦੇ ਨੀਸਾਨੰ=ਲੇਖਾਂ ਅਨੁਸਾਰ ਮੁਕੰਦ ਨੂੰ ਜਪਦੇ ਹਾਂ।

## ਸੇਵ ਮੁਕੰਦ ਕਰੈ ਬੈਰਾਗੀ॥ ਸੋਈ ਮੁਕੰਦੁ ਦੁਰਬਲ ਧਨੁ ਲਾਧੀ॥ ੨॥

(ਅਤੇ-ਸੰਸਾਰ ਤੋਂ) ਵੈਰਾਗਵਾਨ ਹੋ ਕੇ,

ਵਾ:-ਬੈਰਾਗੀ=ਪ੍ਰੇਮੀ ਹੋ ਕੇ ਮੁਕੰਦ ਦੀ ਸੇਵਾ ਕਰਦੇ ਹਾਂ।

ਉਹ ਮੁਕੰਦ ਦਾ ਨਾਮ ਹੀ ਮੈਂ ਦੁਰਬਲ=ਨਿਮਾਣੇ ਗਰੀਬ ਨੂੰ ਧਨ ਦੀ ਖਾਨ ਲਾਧੀ=ਲੱਭੀ ਹੈ॥ ੨॥

## ਏਕੁ ਮੁਕੰਦੁ ਕਰੈ ਉਪਕਾਰੁ॥ ਹਮਰਾ ਕਹਾ ਕਰੈ ਸੰਸਾਰੁ॥

ਮੁਕਤੀ ਦਾਤਾ ਇਕ ਪਰਮਾਤਮਾ ਜੇਕਰ ਸਾਡੇ ਪਰ ਉਪਕਾਰੁ=ਸਹਾਇਤਾ ਕਰਨ ਵਾਲਾ ਹੈ ਤਾਂ-

ਸੰਸਾਰ ਵਿਚ ਨਿੰਦਕ ਜੀਵ ਸਾਡਾ ਕਹਾ=ਕੀ ਵਿਗਾੜ ਕਰ ਸਕਦਾ ਹੈ?

## ਮੇਟੀ ਜਾਤਿ ਹੂਏ ਦਰਬਾਰਿ॥

ਜਾਤੀ ਦੀ ਹੰਗਤਾ ਮੇਟੀ=ਦੂਰ ਕਰਕੇ ਦਰਬਾਰਿ=ਸਰੂਪ ਦੀ ਪ੍ਰਾਪਤੀ ਵਾਲੇ ਹੋ ਗਏ।

*ਪ੍ਰਸ਼ਨ*-ਸਰੂਪ ਸਹਿਤ ਕਦੋਂ ਹੋਏ ?

*ਉੱਤਰ*-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਇਹ ਨਿਸਚੇ ਕਰਵਾਇਆ-

## ਤੁਹੀ ਮੁਕੰਦ ਜੋਗ ਜੁਗ ਤਾਰਿ ॥ ੩ ॥

ਹੇ ਮੁਕੰਦ ! ਤੂੰ ਹੀਂ ਸਭ ਜੁਗਾਂ ਵਿਚ ਭਗਤੀ ਗਿਆਨ ਜੋਗ ਦੁਆਰਾ ਜੀਵਾਂ ਨੂੰ ਤਾਰਨ ਵਾਲਾ ਹੈਂ।

*ਅਥਵਾ*-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਐਸੇ ਮਹਾਂਵਾਕ ਦਾ ਉਪਦੇਸ਼ ਦਿੱਤਾ ਕਿ ਸਾਰਿਆਂ ਜੁਗਾਂ ਵਿਚ ਜੋ ਜੋਗ=ਜੁੜਿਆ ਹੋਇਆ ਹੈ, ਤਾਰਿ=ਇਕ-ਰਸ ਉਹ ਮੁਕੰਦ ਰੂਪ ਤੂੰਹੀਂ ਹੈਂ।

*ਯਥਾ*- "ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥" *(ਆਸਾ ਮ:੧, ਪੰਨਾ ੩੫੪)*

## ਉਪਜਿਓ ਗਿਆਨੁ ਹੂਆ ਪਰਗਾਸ ॥

ਜਿਸ ਦਾ ਸਾਰੇ ਪ੍ਰਕਾਸ਼ ਹੋ ਰਿਹਾ ਹੈ, ਉਸ ਦਾ ਬ੍ਰਹਮ ਗਿਆਨ ਜਿਸ ਵੇਲੇ ਉਤਪੰਨ ਹੋਇਆ।

ਵਾ-ਗਿਆਨ ਦੇ ਉਤਪੰਨ ਹੋਣੇ ਕਰਕੇ ਜਿਸ ਵੇਲੇ ਪਰਮਾਤਮਾ ਦਾ ਸਾਖਿਆਤ ਪ੍ਰਕਾਸ਼ ਹੋਇਆ । ਤਾਂ-

## ਕਰਿ ਕਿਰਪਾ ਲੀਨੇ ਕੀਟ ਦਾਸ ॥

ਕਿਰਪਾ ਕਰਕੇ ਮੈਂ ਕੀਟ=ਨੀਚ ਨੂੰ ਆਪਣਾ ਅਨਿੰਨ ਦਾਸ ਕਰ ਲੀਤਾ।

## ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੁਣ ਗੁਰਾਂ ਦੀ ਕਿਰਪਾ ਦੁਆਰੇ ਮਾਇਆ ਦੀ ਤ੍ਰਿਸ਼ਨਾ ਚੂਕੀ=ਦੂਰ ਹੋ ਗਈ ਹੈ।

## ਜਪਿ ਮੁਕੰਦ ਸੇਵਾ ਤਾਹੂ ਕੀ ॥ ੪ ॥ ੧ ॥

ਇਸ ਲਈ ਅਸੀਂ ਮਨ ਕਰਕੇ ਮੁਕੰਦ ਨੂੰ ਜਪਦੇ ਹਾਂ ਅਤੇ ਤਨ ਕਰਕੇ ਓਸੇ ਦੀ ਸੇਵਾ ਕਰਦੇ ਹਾਂ ॥ ੪ ॥ ੧ ॥

## ਗੋਂਡ ॥

**ਉਥਾਨਕਾ**:-ਸੰਤਾਂ ਦੀ ਨਿੰਦਿਆ ਕਰਨ ਵਾਲਾ ਪੁਰਸ਼ ਚਾਹੇ ਕਿਤਨੇ ਸਾਧਨ ਕਰ ਲਵੇ ਉਸ ਦੀ ਕਦੇ ਮੁਕਤੀ ਨਹੀਂ ਹੁੰਦੀ। ਇਹ ਨਿਯਮ ਇਸ ਸ਼ਬਦ ਦੁਆਰਾ ਰਵਿਦਾਸ ਜੀ ਕਥਨ ਕਰਦੇ ਹਨ-

***ਸਾਧ ਕਾ ਨਿੰਦਕੁ ਕੈਸੇ ਤਰੈ॥***

ਸੰਤਾਂ ਦਾ ਨਿੰਦਕ ਭਲਾ ਕਿਸ ਤਰ੍ਹਾਂ ਤਰ ਸਕਦਾ ਹੈ ? ਭਾਵ ਨਹੀਂ ਤਰ ਸਕਦਾ।

*ਯਥਾ*- "ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥" *(ਸੋਰਠਿ ਮ: ੩, ਪੰਨਾ ੬੦੧)*

***ਸਰਪਰ ਜਾਨਹੁ ਨਰਕ ਹੀ ਪਰੈ॥***

ਜਾਨਣਾ ਕਰੋ ਉਹ ਨਿੰਦਕ ਪੁਰਸ਼ ਸਰਪਰ=ਜ਼ਰੂਰ ਹੀ ਨਰਕਾਂ ਵਿਚ ਪਏਗਾ।

## ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥

ਜੇਕਰ ਉਹ ਅਠ-ਸਠਿ=ਅਠਾਹਠ ਤੀਰਥਾਂ ਪਰ ਜਾ ਕੇ ਨ੍ਹਾਵੈ=ਇਸ਼ਨਾਨ ਕਰ ਲਵੇ।

## ਜੇ ਓਹੁ ਦੁਆਦਸ ਸਿਲਾ ਪੂਜਾਵੈ ॥

ਜੇ ਉਹ ਦੁਆਦਸ=ਬਾਰਾਂ, ਸਿਲਾ=ਜੋਤੀਆਂ ਨੂੰ ਪੂਜ ਲਵੇ।

ਵਾ-ਦਸ ਪਾਰਖਦ, ਇਕ ਵਿਸ਼ਨੂੰ ਤੇ ਇਕ ਲਛਮੀ ਦੀ ਮੂਰਤੀ, ਏਹ ਬਾਰਾਂ ਸਿਲਾਂ ਨੂੰ ਪੂਜਨਾ ਕਰੇ।

## ਜੇ ਓਹੁ ਕੂਪ ਤਟਾ ਦੇਵਾਵੈ॥

ਜੇ ਉਹ ਜਲ ਦਾਨ ਕਰਨ ਵਾਸਤੇ ਚਾਹੇ ਕੂਪ=ਖੂਹ ਜਾਂ ਤਟਾ=ਤਲਾਬ ਦੇਵਾਵੈ=ਲਗਾ ਦੇਵੇ।

## ਕਰੈ ਨਿੰਦ ਸਭ ਬਿਰਥਾ ਜਾਵੈ॥੧॥

ਜੇ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਇਹ ਸਾਰੇ ਸਾਧਨ ਅਤੇ ਦਾਨ ਕੀਤੇ ਹੋਏ ਨਿਸਫਲ ਚਲੇ ਜਾਂਦੇ ਹਨ॥ ੧॥

## ਸਾਧ ਕਾ ਨਿੰਦਕੁ ਕੈਸੇ ਤਰੈ॥
## ਸਰਪਰ ਜਾਨਹੁ ਨਰਕ ਹੀ ਪਰੈ॥੧॥ ਰਹਾਉ॥

(ਇਨ੍ਹਾਂ ਤੁਕਾਂ ਦਾ ਅਰਥ ਹੋ ਚੁਕਾ ਹੈ।)

*ਮ: ੩॥*

*ਯਥਾ-* "ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥
ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥ ੨॥" *(ਸੋਰਠਿ ਵਾਰ, ਪੰਨਾ ੬੪੯)*

## ਜੇ ਓਹੁ ਗ੍ਰਹਨ ਕਰੈ ਕੁਲਖੇਤਿ॥

ਜੇ ਉਹ ਕੁਲਖੇਤਿ=ਕਰੁਛੇਤ੍ਰ ਜਾ ਕੇ ਸੂਰਜ ਗ੍ਰਹਿਣ ਵੇਲੇ ਇਸ਼ਨਾਨ ਆਦਿਕ ਕਰਕੇ-

## ਅਰਪੈ ਨਾਰਿ ਸੀਗਾਰ ਸਮੇਤਿ॥

ਸੋਨੇ ਦੇ ਭੂਸ਼ਨਾਂ ਸਹਿਤ ਆਪਣੀ ਇਸਤ੍ਰੀ ਅਰਪੈ=ਦਾਨ ਕਰ ਦੇਵੇ ।

## ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥

ਸਾਰੀਆਂ ਸਤਾਈ ਸਿੰਮ੍ਰਿਤੀਆਂ ਚਾਹੇ ਸ੍ਰਵਨੀ=ਕੰਨਾਂ ਨਾਲ ਸੁਨਣਾ ਕਰੇ।

## ਕਰੈ ਨਿੰਦ ਕਵਨੈ ਨਹੀ ਗੁਨੈ ॥੨॥

ਜੇਕਰ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਦਾਨ ਕੀਤਾ, ਸਿੰਮ੍ਰਿਤੀਆਂ ਦਾ ਪਾਠ ਸੁਣਿਆਂ, ਕਵਨੈ ਨਹੀ ਗੁਨੈ=ਕਿਸੀ ਲੇਖੇ ਵਿਚ ਨਹੀਂ, ਭਾਵ ਨਿਸਫਲ ਹੈ॥ ੨॥

## ਜੇ ਓਹੁ ਅਨਿਕ ਪ੍ਰਸਾਦ ਕਰਾਵੈ॥

ਜੇਕਰ ਉਹ ਬਹੁਤ ਤਰ੍ਹਾਂ ਦੇ ਪ੍ਰਸਾਦ=ਭੋਜਨ ਤਿਆਰ ਕਰਕੇ ਲੋਕਾਂ ਨੂੰ ਛਕਾਉਣਾ ਕਰੇ। ਅਤੇ-

## ਭੂਮਿ ਦਾਨ ਸੋਭਾ ਮੰਡਪਿ ਪਾਵੈ॥

ਪ੍ਰਿਥਵੀ ਦਾਨ ਕਰਕੇ ਮੰਡਪਿ=ਸੰਸਾਰ ਵਿਚ ਚਾਹੇ ਸੋਭਾ ਪਾਉਣਾ ਕਰੇ। ਵਾ-ਆਪਣੀ ਸੋਭਾ ਵਾਸਤੇ ਬੜੇ ਬੜੇ ਸੁੰਦਰ ਮੰਡਪਿ=ਮੰਦਰ ਪੁਆ ਦੇਵੇ ਪ੍ਰਦੇਸੀਆਂ ਦੇ ਅਰਾਮ ਲਈ।

## ਅਪਨਾ ਬਿਗਾਰਿ ਬਿਰਾਂਨਾ ਸਾਂਢੈ॥

ਆਪਣਾ ਕੰਮ ਵਿਗਾੜ ਕੇ ਚਾਹੇ ਬਿਰਾਂਨਾ=ਪਰਾਇਆ ਕੰਮ ਸਾਂਢੈ=ਸਵਾਰ ਦੇਵੇ।

## ਕਰੈ ਨਿੰਦ ਬਹੁ ਜੋਨੀ ਹਾਂਢੈ॥ ੩॥

ਪਰ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਬਹੁਤੀਆਂ ਜੂਨਾਂ ਵਿਚ ਹਾਂਢੈ=ਫਿਰਦਾ ਹੈ॥ ੩॥

## ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥

ਹੇ ਸੰਸਾਰੀ ਜੀਵੋ! ਤੁਸੀਂ ਸੰਤਾਂ ਦੀ ਨਿੰਦਿਆ ਕਹਾ=ਕਿਉਂ ਕਰਦੇ ਹੋ?

ਸੰਸਾਰ ਪਾਹਾਰਾ=ਪਸਾਰੇ ਵਿਚ ਨਿੰਦਕ ਦਾ ਅਪਜਸ ਹੀ ਸਾਰੇ ਪਰਗਟ ਹੈ।

## ਨਿੰਦਕੁ ਸੋਧਿ ਸਾਧਿ ਬੀਚਾਰਿਆ॥

## ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ ੪॥ ੨॥ ੨੦॥

ਉੱਤਮ ਪੁਰਸ਼ਾਂ ਨੇ ਨਿੰਦਕ ਪੁਰਸ਼ ਦੇ ਕਰਮਾਂ ਦਾ ਫਲ ਚੰਗੀ ਤਰ੍ਹਾਂ ਸੋਧਿ ਸਾਧਿ=ਨਿਰਣੇ ਕਰਕੇ ਵਿਚਾਰਨਾ ਕੀਤਾ ਹੈ। ਆਖਰ ਇਹ ਦੱਸਿਆ ਹੈ ਕਿ ਚਾਹੇ ਕਿਤਨੇ ਭੀ ਸਾਧਨ ਕਰ ਲਵੇ, ਪਰ ਨਿੰਦਕ ਪੁਰਸ਼ ਦੀ ਕਲਿਆਣ ਨਹੀਂ ਹੁੰਦੀ।

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਨਿੰਦਿਆ ਕਰਨ ਵਾਲਾ ਪਾਪੀ ਪੁਰਸ ਨਰਕਾਂ ਵਿਚ ਹੀ ਸਿਧਾਰਿਆ=ਜਾਂਦਾ ਹੈ।

*ਯਥਾ-* "ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥"

*(ਮਾਰੂ ਮ: ੧, ਪੰਨਾ ੧੦੧੩)*

ਨੋਟ-ਪੁਰਾਤਨ ਬੀੜਾਂ ਵਿਚ ਇਸ ਜਗ੍ਹਾ ਜੋੜ ਲਿਖਿਆ ਹੋਇਆ ਹੈ—

॥ ੪॥ ੨॥ ੧੧ ॥ ੭॥ ੨॥ ੪੯॥ ਜੋੜ

੪-ਉਪਰਲੇ ਸ਼ਬਦ ਦੇ ਚਾਰ ਪਾਦ ਹਨ।

੨-ਰਵਿਦਾਸ ਭਗਤ ਦੇ ਦੋ ਸ਼ਬਦ ਹਨ।

ਹੁਣ ਜੋੜ ਸਿਧਾਤ ਇੰਜ ਹੈ-

੧੧-ਸ਼ਬਦ ਭਗਤ ਕੁਬੀਰ ਜੀ ਦੇ ਹਨ।

੭-ਸ਼ਬਦ ਨਾਮਦੇਵ ਜੀ ਦੇ ਹਨ।

੨-ਸ਼ਬਦ ਰਵਿਦਾਸ ਜੀ ਦੇ ਹਨ।

੬-ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹਨ।

੨੩-ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਹਨ।

---

ਇਸ ਤਰ੍ਹਾਂ ਸਾਰੇ ੪੯ ਸ਼ਬਦ ਗੋਂਡ ਰਾਗ ਵਿਚ ਆਏ ਹਨ।

*"ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ॥*
*ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ॥ ੩॥"*

*(ਬਿਲਾਵਲੁ ਮ: ੫, ਪੰਨਾ ੮੧੫)*

## ⋆ਗੋਂਡ ਰਾਗੁ ਸਮਾਪੰਤ⋆